ਬਰਤਾਨਵੀ ਸਾਮਰਾਜ ਵਿਰੁੱਧ ਬਗ਼ਾਵਤ ਦੇ ਅਲੰਬਰਦਾਰ

# ਸਤਿਗੁਰੂ ਰਾਮ ਸਿੰਘ

ਅਤੇ

# ਕੂਕਾ ਸਿੱਖ

*ਅਨੁਵਾਦਕ ਦੀਆਂ ਹੋਰ ਰਚਨਾਵਾਂ*

- Understanding the Namdhari Movement : 1857-1959
- Namdhari Guru Ram Singh and His Movement
- Resurgence of the Namdhari Sikhs
- Satguru Ram Singh : The Epoch Reverser (Tr.)
- Sudiksha: A Tribute to Sri Guru Nanak Dev Ji (Ed.)
- ਸੁਤੰਤਰ ਭਾਰਤ ਵਿਚ ਨਾਮਧਾਰੀ ਸਿੱਖਾਂ ਦਾ ਸਾਰਥਕ ਯੋਗਦਾਨ
- ਨਾਮਧਾਰੀ ਲਹਿਰ ਦੇ ਪ੍ਰਮੁੱਖ ਸਰੋਕਾਰ
- ਵਰਿਆਮ (ਨਾਮਧਾਰੀ ਮਾਸਿਕ ਸਾਹਿਤਕ ਪੱਤ੍ਰਿਕਾ) ਵਿਸ਼ਾ-ਸੂਚੀ : 1975-2020
- ਸਤਿਯੁਗ (ਨਾਮਧਾਰੀ ਮਾਸਿਕ/ਸਪਤਾਹਿਕ ਸਾਹਿਤਕ ਪੱਤ੍ਰਿਕਾ) ਵਿਸ਼ਾ-ਸੂਚੀ
- ਵਰਤਮਾਨ ਹਿੰਦੁਸਤਾਨ (ਨਾਮਧਾਰੀ ਮਾਸਿਕ/ਸਪਤਾਹਿਕ ਪੱਤ੍ਰਿਕਾ) ਵਿਸ਼ਾ- ਸੂਚੀ
- ਕਾਇਨਾਤ ਦੇ ਬੋਲ (ਪੰਜਾਬੀ ਅਤੇ ਸ਼ਾਹਮੁਖੀ ਕਾਵਿ ਸੰਗ੍ਰਹਿ)
- ਸਤਿਗੁਰੂ ਜਗਜੀਤ ਸਿੰਘ ਉਸਤਤਿ-ਕਾਵਿ (ਕਵਿਤਾਵਾਂ)
- ਜੀਵਨ ਗਾਥਾ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ (ਅਨੁਵਾਦ)
- ਕੂਕਾ ਅੰਦੋਲਨ ਅਤੇ ਮੈਕਨਬ ਰਿਪੋਰਟ (ਅਨੁਵਾਦ)
- ਕੂਕਾ ਅੰਦੋਲਨ (ਅਨੁਵਾਦ)
- नामधारी अंदोलन: उद्भव और विकास
- ब्रिटिश दस्तावेजों में सतगुरु राम सिंह जी का अक्स

ਬਰਤਾਨਵੀ ਸਾਮਰਾਜ ਵਿਰੁੱਧ ਬਗ਼ਾਵਤ ਦੇ ਅਲੰਬਰਦਾਰ

# ਸਤਿਗੁਰੂ ਰਾਮ ਸਿੰਘ

## ਅਤੇ

# ਕੂਕਾ ਸਿੱਖ

**Rebels Against the British Rule**

(Guru Ram Singh and the Kuka Sikh)

*by*:

Bhai Nahar Singh, Bhai Kirpal Singh

ਅਨੁਵਾਦਕ

**ਪ੍ਰੋਫ਼ੈਸਰ (ਡਾ.) ਕੁਲਦੀਪ ਸਿੰਘ**

ਪੀਐੱਚ.ਡੀ

**ਬਾਬਾ ਸਤਿਗੁਰੂ ਰਾਮ ਸਿੰਘ ਚੇਅਰ**

**ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ**

**ਬਠਿੰਡਾ**

**Rebels Against the British Rule**
(Guru Ram Singh and the Kuka Sikh)
by : Bhai Nahar Singh, Bhai Kirpal Singh

**Bartanvi Samraj Virudh Bagavat de Alambardar : Satguru Ram Singh ate Kuka Sikh (Punjabi)**

*Translated by*
Prof. (Dr.) Kuldip Singh M.A., M.Phil., Ph.D.
Chairperson, Baba Satguru Ram Singh Chair,
Professor & Head Deptt. of History
Central University of Punjab, Bathinda (India)
E-mail: profkuldip@gmail.com, M. 94632-55697

© Publisher

ISBN 978-81-960-344-3-6

First Edition 2024

**Price: Rs. 1200/-**

**Disclaimer:** The views expressed in the book are that of the Translator/Author and not necessarily of the Publisher. Translator/Author are themselves responsible for any kind of plagiarism found in their book and any related issues.

**All rights reserved:** No part of this publication may be reproduced or stored in a retrieval system or transmitted by any means, electronic, mechanical, photocopying, recording without permission. Any person who does any unauthorised act in relation to this publication may be liable to criminal prosecution and civil claims for damages.

*Published by*
**Baba Satguru Ram Singh Chair**
Central University of Punjab, VPO Ghudda,
Bathinda-151401 (Punjab-India)

*Printers:*
Printwell, 146, Industrial Focal Point, Amritsar
www.printwell.org

# ਸਮਰਪਿਤ

ਨਾਮਧਾਰੀ ਸਿੱਖਾਂ ਦੇ ਰਹਿਨੁਮਾ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਨੂੰ

# ਤਤਕਰਾ


| | | |
|---|---|---|
| ਪ੍ਰਸਤਾਵਨਾ | | 35 |
| ਦੋ-ਸ਼ਬਦ | | 39 |
| ਭੂਮਿਕਾ | | 45 |

| ਦਸਤਾਵੇਜ਼ ਨੰ: | ਮਿਤੀ | ਵਿਸ਼ਾ | ਸਫਾ |
|---|---|---|---|
| 1. | 28 ਜੂਨ, 1863 | ਸਿੱਖਾਂ ਦੇ ਇੱਕ ਨਵੇਂ ਸੰਪਰਦਾਇ ''ਜਿਗਿਆਸੀਆਂ'' ਦੇ ''ਗੁਰੂ ਰਾਮ ਸਿੰਘ'' ਜੀ ਨਾਲ ਸੰਬੰਧਤ ਯਾਦ-ਪੱਤਰ, ਜੋ ਪੰਜਾਬ ਦੇ ਵੱਖੋ-ਵੱਖ ਅਧਿਕਾਰੀਆਂ ਦੀਆਂ ਗੁਪਤ ਚਿੱਠੀਆਂ ਤੋਂ ਲਿਆ ਹੈ। | 67 |
| 2. | ----------- | ਇੰਸਪੈਕਟਰ ਜਨਰਲ, ਪੁਲਿਸ ਦੇ ਯਾਦ-ਪੱਤਰ 'ਤੇ ਕਾਰਵਾਈ। | 77 |
| 3. | 3 ਜੁਲਾਈ, 1863 | ਵੱਲੋਂ : ਮੇਜਰ ਜੇ.ਡਬਲਿਊ. ਯੰਗ-ਹਸਬੈਂਡ, ਕਾਰਜਕਾਰੀ ਇੰਸਪੈਕਟਰ ਜਨਰਲ ਆੱਫ਼ ਪੁਲਿਸ, ਪੰਜਾਬ ਵੱਲ:- ਪੰਜਾਬ ਪੁਲਿਸ ਦੇ ਸਾਰੇ ਡਿਪਟੀ ਇੰਨਸਪੈਕਟਰਜ਼ ਜਨਰਲ। | 79 |
| 4. | 6 ਜੁਲਾਈ, 1863 | ਚਾਰਲਸ ਪੀ. ਈਲੀਅਟ, ਕਾਰਜਕਾਰੀ ਡਿਪਟੀ ਕਮਿਸ਼ਨਰ, ਲੁਧਿਆਣਾ ਤੋਂ ਪੰਜਾਬ ਸਰਕਾਰ, ਮਰੀ ਨੂੰ ਪ੍ਰਾਪਤ ਇੱਕ ਚਿੱਠੀ ਦੀ ਕਾਪੀ। | 79 |
| 5. | 23 ਜੁਲਾਈ, 1863 | ਗਵਰਨਰ ਜਨਰਲ ਨਾਲ ਸੰਬੰਧਤ ਭਾਰਤ ਸਰਕਾਰ ਦੇ ਅਧੀਨ ਸਕੱਤਰ, ਵਿਦੇਸ਼ ਵਿਭਾਗ ਵੱਲੋਂ, ਪੰਜਾਬ ਸਰਕਾਰ ਦੇ ਸਕੱਤਰ ਤੇ ਉਨ੍ਹਾਂ ਦੇ ਨਿਰਭਰ ਅਧਿਕਾਰੀਆਂ ਨੂੰ। | 82 |
| 6. | 11 ਸਤੰਬਰ, 1863 | ਕਰਨਲ ਆਰ.ਜੀ. ਟੇਅਲਰ, ਸੀ.ਬੀ., ਕਮਿਸ਼ਨਰ ਤੇ ਸੁਪਰਇੰਟੈਂਡੈਂਟ ਅੰਬਾਲਾ ਵੱਲੋਂ ਪੰਜਾਬ ਸਰਕਾਰ ਦੇ ਸਕੱਤਰ ਨੂੰ ਲਿਖੇ ਪੱਤਰ ਦੀ ਕਾਪੀ । | 82 |
| 7. | 18 ਸਤੰਬਰ, 1866 | ਪੰਜਾਬ ਸਰਕਾਰ ਦੇ ਸਕੱਤਰ ਟੀ.ਐਚ. ਥੌਰੰਟਨ, ਵੱਲੋਂ ਕਰਨਲ ਆਰ.ਜੀ. ਟੇਅਲਰ, ਸੀ.ਬੀ. ਕਮਿਸ਼ਨਰ ਅਤੇ ਅੰਬਾਲਾ ਦੇ ਸੁਪਰਇੰਟੈਂਡੈਂਟ ਨੂੰ ਜਵਾਬ। | 86 |
| 8. | 18 ਸਤੰਬਰ, 1866 | ਪੰਜਾਬ ਸਰਕਾਰ ਦੇ ਸਕੱਤਰ ਟੀ.ਐਚ. ਥੌਰੰਟਨ, ਵੱਲੋਂ ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਦੇ ਸਕੱਤਰ, ਗਵਰਨਰ ਜਨਰਲ, ਸ਼ਿਮਲਾ ਨਾਲ ਸੰਬੰਧਤ। | 87 |

| | | | |
|---|---|---|---|
| 9. | 27 ਸਤੰਬਰ, 1866. | ਗਵਰਨਰ ਜਨਰਲ ਨਾਲ ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਦੇ ਸਕੱਤਰ ਵੱਲੋਂ ਪੰਜਾਬ ਸਰਕਾਰ ਦੇ ਸਕੱਤਰ ਨੂੰ:- ਨੰ. 989, ਸ਼ਿਮਲਾ। | 88 |
| 10. | 8 ਅਕਤੂਬਰ, 1866 | ਵਿਸਕਾਊਂਟ ਕ੍ਰੈਨਬੌਰਨ ਭਾਰਤ ਸਰਕਾਰ ਲਈ ਮਾਣਯੋਗ ਮਹਾਰਾਣੀ ਦੇ ਸਕੱਤਰ: ਵਿਦੇਸ਼ ਵਿਭਾਗ ਰਾਜਨੀਤਕ। | 89 |
| 11. | 19 ਜਨਵਰੀ, 1867 | ਕੂਕਾ ਸੰਪਰਦਾਇ ਤੇ ਭੈਣੀ ਦੇ ਬਾਬਾ ਸਤਿਗੁਰੂ ਰਾਮ ਸਿੰਘ ਜੀ ਬਾਰੇ ਸੰਖੇਪ ਜਾਣਕਾਰੀ (ਨੰ. XII ਚੋਣਵੇਂ ਦਸਤਾਵੇਜ਼)। | 91 |
| 12. | 2 ਫਰਵਰੀ, 1867 | ਕੂਕਾ ਸੰਪਰਦਾਇ ਤੇ ਉਨ੍ਹਾਂ ਦੇ ਲੀਡਰਾਂ ਦੇ ਵੇਰਵੇ। | 97 |
| 13. | 6 ਫਰਵਰੀ, 1867 | ਪਿੰਡ ਭੈਣੀ, ਤਹਿਸੀਲ ਲੁਧਿਆਣਾ ਦੇ ਜ਼ਿਮੀਂਦਾਰਾਂ ਭਾਈ ਰਾਮ ਸਿੰਘ ਤੇ ਲੱਖਾ ਸਿੰਘ ਦੀ ਪਟੀਸ਼ਨ ਦਾ ਅਨੁਵਾਦ। | 115 |
| 14. | ------------ | ਡਿਪਟੀ ਕਮਿਸ਼ਨਰ ਵੱਲੋਂ ਯਾਦ-ਪੱਤਰ। | 115 |
| 15. | 13 ਫਰਵਰੀ, 1867 | ਸਤਲੁਜ ਦੇ ਨਾਲ ਲੱਗਦੀਆਂ ਰਿਆਸਤਾਂ ਲਈ ਲੈਫ਼ਟੀਨੈਂਟ ਗਵਰਨਰ ਦੇ ਏਜੰਟ ਕਰਨਲ ਆਰ.ਜੀ. ਟੇਅਲਰ, ਜੀ.ਬੀ., ਸੀਐੱਸਆਈ ਵੱਲੋਂ ਪੰਜਾਬ ਸਰਕਾਰ ਦੇ ਸਕੱਤਰ ਟੀ.ਐੱਚ. ਥੌਰੰਟਨ, ਨੂੰ ਲਿਖੀ ਚਿੱਠੀ ਦੀ ਕਾਪੀ। | 116 |
| 16. | 25 ਫਰਵਰੀ, 1867 | ਪੰਜਾਬ ਸਰਕਾਰ ਦੇ ਸਕੱਤਰ ਟੀ.ਐੱਚ. ਥੌਰੰਟਨ, ਵੱਲੋਂ ਸਤਲੁਜ ਦੇ ਨਾਲ ਲੱਗਦੀਆਂ ਰਿਆਸਤਾਂ ਲਈ ਲੈਫ਼ਟੀਨੈਂਟ ਗਵਰਨਰ ਦੇ ਏਜੰਟ ਕਰਨਲ ਆਰ.ਜੀ. ਟੇਅਲਰ, ਜੀ.ਬੀ., ਸੀਐੱਸਆਈ ਨੂੰ ਭੇਜੇ ਸਾਰ-ਅੰਸ਼ ਦੀ ਕਾਪੀ। | 117 |
| 17. | 21 ਮਾਰਚ, 1867 | ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਤੇ ਸੁਪਰਇੰਟੈਂਡੈਂਟ ਟੀ.ਡੀ. ਫ਼ੋਰਸਿਥ, ਸੀ.ਬੀ. ਵੱਲੋਂ: ਪੰਜਾਬ ਸਰਕਾਰ ਦੇ ਸਕੱਤਰ ਟੀ.ਐੱਚ. ਥੌਰੰਟਨ ਨੂੰ ਲਿਖੇ ਪੱਤਰ। | 117 |
| 18. | 27 ਮਾਰਚ, 1867 | ਪੰਜਾਬ ਸਰਕਾਰ ਦੇ ਸਕੱਤਰ ਟੀ.ਐੱਚ. ਥੌਰੰਟਨ, ਵੱਲੋਂ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਅਤੇ ਸੁਪਰਇੰਟੈਂਡੈਂਟ ਟੀ.ਡੀ. ਫ਼ੋਰਸਿਥ, ਸੀ.ਬੀ. ਨੂੰ ਲਿਖੇ ਪੱਤਰ। | 119 |
| 19. | 16 ਅਪ੍ਰੈਲ, 1867. | ਪੰਜਾਬ ਸਰਕਾਰ ਤੇ ਉਸ ਨਾਲ ਸੰਬੰਧਤ ਅਧਿਕਾਰੀਆਂ ਦੇ ਸਕੱਤਰ ਟੀਐੱਚ ਥੌਰੰਟਨ ਵੱਲੋਂ: ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਦੇ ਸਕੱਤਰ, ਕਲਕੱਤਾ ਨੂੰ ਕੂਕਿਆਂ ਦੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਗਤੀਵਿਧੀਆਂ, ਲਾਹੌਰ। | 129 |
| 20. | 31 ਮਈ, 1867 | ਵੱਲੋਂ: ਸਕੱਤਰ, ਭਾਰਤ ਸਰਕਾਰ।<br>ਵੱਲ: ਭਾਰਤ ਸਰਕਾਰ। | 130 |
| 21. | 20 ਮਈ, 1868 | ਵੱਲੋਂ: ਪੁਲਿਸ ਇੰਸਪੈਕਟਰ ਜਨਰਲ, ਪੰਜਾਬ।<br>ਵੱਲ: ਸਕੱਤਰ, ਪੰਜਾਬ ਸਰਕਾਰ। | 131 |
| 22. | ਉਹੀ | ਅੰਤਿਕਾ I ਤੱਤ ਸਾਰ. | 132 |
| 23. | ਉਹੀ | ਅੰਤਿਕਾ II ਕੂਕਾ ਸੂਬਿਆਂ ਦੇ ਵੇਰਵੇ। | 148 |

| | | | |
|---|---|---|---|
| 24. | 1 ਫਰਵਰੀ, 1868 | ਵੱਲੋਂ: ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ ਤੇ ਉਨ੍ਹਾਂ ਦੇ ਅਧੀਨ ਅਧਿਕਾਰੀ।<br>ਵੱਲ: ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ। | 150 |
| 25. | 7 ਅਪ੍ਰੈਲ, 1868 | ਵੱਲੋਂ: ਭਾਰਤ ਸਰਕਾਰ।<br>ਵੱਲ; ਭਾਰਤ ਦੇ ਵਿਦੇਸ਼ ਮੰਤਰੀ, ਲੰਡਨ। | 152 |
| 26. | 18 ਜੂਨ, 1868 | ਵੱਲੋਂ: ਭਾਰਤ ਦੇ ਵਿਦੇਸ਼ ਮੰਤਰੀ, ਲੰਡਨ।<br>ਵੱਲ: ਭਾਰਤ ਸਰਕਾਰ, ਕਲਕੱਤਾ। | 152 |
| 27. | 7 ਸਤੰਬਰ, 1868 | ਵੱਲੋਂ: ਜੇ. ਡੋਨੋਵੈਨ, ਦਿੱਲੀ ਰੇਲਵੇ, ਦੋਰਾਹਾ।<br>ਵੱਲ; ਮਹਾਮਹਿਮ ਵਾਇਸਰਾਏ ਤੇ ਗਵਰਨਰ ਜਨਰਲ ਆੱਫ਼ ਇੰਡੀਆ। | 153 |
| 28. | 12 ਸਤੰਬਰ, 1868 | ਗਵਰਨਰ ਜਨਰਲ ਵੱਲੋਂ ਸ੍ਰੀ ਡੋਨੋਵੈਨ ਦੀ ਚਿੱਠੀ ਉੱਤੇ ਕੌਂਸਲ ਮੈਂਬਰਾਂ ਨੂੰ ਟਿੱਪਣੀਆਂ। | 154 |
| 29. | 21 ਸਤੰਬਰ, 1868 | ਵੱਲੋਂ: ਡਬਲਿਊ.ਐੱਸ. ਸੀਟਨ ਕਾਰ, ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ, ਗਵਰਨਰ ਜਨਰਲ।<br>ਵੱਲ: ਟੀ.ਐੱਚ. ਥੌਰੰਟਨ, ਸਕੱਤਰ, ਪੰਜਾਬ ਸਰਕਾਰ | 154 |
| 30. | 21 ਸਤੰਬਰ, 1868 | ਵੱਲੋਂ: ਡਬਲਿਊ.ਐੱਸ. ਸੇਟਨ ਕਾਰ, ਸਕੱਤਰ, ਭਾਰਤ ਸਰਕਾਰ, ਗਵਰਨਰ ਜਨਰਲ ਨਾਲ ਵਿਦੇਸ਼ ਵਿਭਾਗ।<br>ਵੱਲ: ਜੇ. ਡੋਨੋਵੈਨ, ਦਿੱਲੀ ਰੇਲਵੇ, ਦੋਰਾਹਾ। | 155 |
| 31. | 1 ਅਕਤੂਬਰ, 1868 | ਵੱਲੋਂ: ਟੀ.ਐੱਚ. ਥੌਰੰਟਨ, ਸਕੱਤਰ, ਪੰਜਾਬ ਸਰਕਾਰ, ਤੇ ਇਸ ਦੇ ਸੰਬੰਧਤ ਅਧਿਕਾਰੀ।<br>ਵੱਲ: ਡਬਲਿਊ. ਐੱਸ. ਸੀਟਨ ਕਾਰ, ਸਕੱਤਰ, ਭਾਰਤ ਸਰਕਾਰ, ਗਵਰਨਰ ਜਨਰਲ ਨਾਲ ਵਿਦੇਸ਼ ਵਿਭਾਗ। | 156 |
| 32. | 30 ਸਤੰਬਰ, 1868 | ਵੱਲੋਂ: ਸ੍ਰੀ ਜੇ. ਡੋਨੋਵੈਨ, ਦਿੱਲੀ ਰੇਲਵੇ, ਦੋਰਾਹਾ, ਬਰਾਸਤਾ ਲੁਧਿਆਣਾ।<br>ਵੱਲ: ਮਹਾਮਹਿਮ ਸਰ ਜੌਨ ਲਾਰੈਂਸ, ਵਾਇਸਰਾਏ ਤੇ ਭਾਰਤ ਦੇ ਗਵਰਨਰ ਜਨਰਲ। | 157 |
| 33. | 19 ਜਨਵਰੀ, 1869 | ਵੱਲੋਂ: ਲੈਫ਼ਟੀਨੈਂਟ ਕਰਨਲ, ਜੀ. ਹਚਿਨਸਨ, ਇੰਸਪੈਕਟਰ ਜਨਰਲ ਆੱਫ਼ ਪੁਲਿਸ, ਪੰਜਾਬ।<br>ਵੱਲ: ਟੀ.ਐੱਚ. ਥੌਰੰਟਨ, ਸਕੱਤਰ, ਪੰਜਾਬ ਸਰਕਾਰ, ਸਿਵਲ ਵਿਭਾਗ। | 165 |
| 34. | 12 ਫਰਵਰੀ, 1869 | ਵੱਲੋਂ: ਟੀ.ਐੱਚ. ਥੌਰੰਟਨ, ਸਕੱਤਰ, ਸਰਕਾਰ, ਪੰਜਾਬ।<br>ਵੱਲ: ਲੈਫ਼ਟੀਨੈਂਟ ਕਰਨਲ ਟੀ.ਡਬਲਿਊ. ਯੰਗ-ਹਸਬੈਂਡ ਕਾਰਜਕਾਰੀ ਇੰਸਪੈਕਟਰ ਜਨਰਲ ਆੱਫ਼ ਪੁਲਿਸ, ਪੰਜਾਬ। | 170 |
| 35. | 12 ਫਰਵਰੀ, 1869 | 1868 ਦੀ ਰਿਪੋਰਟ 'ਤੇ ਗਵਰਨਰ ਜਨਰਲ ਕੌਂਸਲ ਦੇ ਮੈਂਬਰਾਂ ਦੀਆਂ ਟਿੱਪਣੀਆਂ ਨੰ. 194-40,<br>ਮਿਤੀ 12 ਫ਼ਰਵਰੀ, 1869 ਵੱਲੋਂ: ਪੰਜਾਬ ਸਰਕਾਰ। | 171 |
| 36. | 20 ਮਾਰਚ, 1869 | ਵੱਲੋਂ : ਚਾਰਲਸ ਗਰਡਲਸਟੋਨ, ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ ਵਿਦੇਸ਼ ਵਿਭਾਗ।ਵੱਲ: ਟੀ.ਐੱਚ. ਥੌਰੰਟਨ, ਸਕੱਤਰ, ਪੰਜਾਬ ਸਰਕਾਰ। | 172 |

| | | | |
|---|---|---|---|
| 37. | 14 ਅਪ੍ਰੈਲ, 1869 | ਵੱਲੋਂ: ਭਾਰਤ ਸਰਕਾਰ। ਵੱਲ: ਆਰਗਿਲ ਦੇ ਮਾਣਯੋਗ ਡਿਯੂਕ, ਕੇ.ਟੀ. ਸਕੱਤਰ, ਭਾਰਤ ਸਰਕਾਰ, ਲੰਦਨ। | 173 |
| 38. | 11 ਸਤੰਬਰ, 1869 | ਵੱਲੋਂ: ਆਰਗਿਲ ਦੇ ਮਾਣਯੋਗ ਡਿਯੂਕ, ਕੇ.ਟੀ., ਵਿਦੇਸ਼ ਮੰਤਰੀ, ਭਾਰਤ ਲਈ, ਲੰਦਨ। ਵੱਲ: : ਭਾਰਤ ਸਰਕਾਰ, ਕਲਕੱਤਾ। | 173 |
| 39. | 14 ਜਨਵਰੀ, 1871 | ਸਾਲ 1869 ਦੌਰਾਨ ਕੂਕਾ ਸੰਪਰਦਾਇ ਦੇ ਆਚਾਰ-ਵਿਹਾਰ ਬਾਰੇ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਦੀ ਰਿਪੋਰਟ। | 174 |
| 40. | 30 ਜਨਵਰੀ, 1871 | ਸਾਲ 1870 ਦੌਰਾਨ ਕੂਕਾ ਸੰਪਰਦਾਇ ਦੇ ਆਚਾਰ-ਵਿਹਾਰ ਬਾਰੇ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਦੀ ਰਿਪੋਰਟ। | 182 |
| 41. | 24 ਫਰਵਰੀ, 1871 | 1870 ਦੀ ਰਿਪੋਰਟ ਬਾਰੇ ਗਵਰਨਰ ਜਨਰਲ ਦਫ਼ਤਰ ਦੀਆਂ ਟਿੱਪਣੀਆਂ, ਵੱਲੋਂ: ਪੰਜਾਬ। | 186 |
| 42. | 31 ਮਾਰਚ, 1871 | ਵੱਲੋਂ: ਐੱਚ.ਐੱਲ. ਵਾਇਨੇ, ਅਧੀਨ ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ। ਵੱਲ: ਟੀ.ਐੱਚ. ਥੌਰੰਟਨ, ਡੀ.ਸੀ.ਐੱਲ., ਸਕੱਤਰ, ਪੰਜਾਬ ਸਰਕਾਰ। | 186 |
| 43. | 1 ਅਪ੍ਰੈਲ, 1871 | ਵੱਲੋਂ: ਭਾਰਤ ਸਰਕਾਰ ਵੱਲ : ਮਾਣਯੋਗ ਆਰਗਿਲ ਦੇ ਡਿਊਕ, ਕੇ.ਟੀ. ਵਿਦੇਸ਼ ਸਕੱਤਰ, ਭਾਰਤ, ਲੰਦਨ। | 187 |
| 44. | 15 ਅਗਸਤ, 1871 | ਵੱਲੋਂ: ਆਰਗਿਲ ਦੇ ਮਾਣਯੋਗ ਡਿਯੂਕ, ਕੇ.ਟੀ. ਸਕੱਤਰ, ਭਾਰਤ ਸਰਕਾਰ ਵੱਲ : ਭਾਰਤ ਸਰਕਾਰ। | 188 |
| 45. | 28 ਜੁਲਾਈ, 1871 | ਕੇਂਦਰੀ ਪੁਲਿਸ ਦਫ਼ਤਰ ਲਾਹੌਰ। ਵੱਲ : ਕਰਨਲ ਜੇ.ਸੀ.ਪੀ. ਬੈਲੀ, ਡਿਪਟੀ ਇੰਸਪੈਕਟਰ ਜਨਰਲ ਆੱਫ਼ ਪੁਲਿਸ, ਲਾਹੌਰ ਸਰਕਲ। | 188 |
| 46. | 9 ਸਤੰਬਰ, 1871 | ਵੱਲੋਂ : ਐੱਲ.ਐੱਚ. ਗ੍ਰਿੱਫਿਨ, ਕਾਰਜਕਾਰੀ ਸਕੱਤਰ ਪੰਜਾਬ ਸਰਕਾਰ। ਵੱਲ : ਈ.ਸੀ. ਬੇਲੇਅ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 190 |
| 47. | 28 ਸਤੰਬਰ, 1871 | ਵੱਲ: ਪੁਲਿਸ ਦੇ ਸਾਰੇ ਡਿਪਟੀ ਇਨਸਪੈਕਟਰਜ਼ ਜਨਰਲ। | 196 |
| 48. | 30 ਸਤੰਬਰ, 1871 | ਕਸ਼ਮੀਰ 'ਚ ਕੂਕਾ ਰੈਜਿਮੈਂਟ ਜਿਹਲਮ ਜ਼ਿਲ੍ਹੇ ਦੀ ਪੁਲਿਸ ਰਿਪੋਰਟ। | 196 |
| 49. | 22 ਨਵੰਬਰ, 1871 | ਵੱਲੋਂ : ਕਰਨਲ ਆਰ.ਸੀ. ਲਾਰੈਂਸ, ਸੀ.ਬੀ., ਰੈਜ਼ੀਡੈਂਟ, ਨੇਪਾਲ। ਵੱਲ : ਸੀ.ਯੂ. ਐਚੀਸਨ , ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ। | 207 |
| 50. | 4 ਨਵੰਬਰ, 1871 | ਬਾਬਾ ਰਾਮ ਸਿੰਘ ਜੀ ਤੇ ਕੂਕਿਆਂ ਬਾਰੇ ਯਾਦ-ਪੱਤਰ, ਵੱਲੋਂ ਜੇ.ਡਬਲਿਊ. ਮੈਕਨੈਬ, ਕਮਿਸ਼ਨਰ, ਅੰਬਾਲਾ ਡਿਵੀਜ਼ਨ, ਆਫ਼ੀਸ਼ੀਏਟਿੰਗ ਕਮਿਸ਼ਨਰ, ਅੰਬਾਲਾ ਡਿਵੀਜ਼ਨ। | 211 |

| | | | |
|---|---|---|---|
| 51. | 20 ਨਵੰਬਰ, 1871 | ਅੰਬਾਲਾ ਸਰਕਲ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਲੈਫ਼ਟੀਨੈਂਟ ਕਰਨਲ ਜੀ. ਮੈਕਐਂਡ੍ਰਿਯੂ ਵੱਲੋਂ ਯਾਦ-ਪੱਤਰ। | 221 |
| 52. | 27 ਨਵੰਬਰ, 1871 | ਅੰਤਿਕਾ ਬੀ. ਨੰ. 4 ਕੂਕਾ ਸੰਪਰਦਾਇ ਦੇ ਮੁਖੀ (ਸ੍ਰੀ ਓ. ਕੌਨਰ ਵੱਲੋਂ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਨੂੰ ਲਿਖੇ ਗੁਪਤ ਪੱਤਰ ਦੇ ਹਵਾਲੇ ਨਾਲ)। | 225 |
| 53. | 30 ਦਸੰਬਰ, 1871 | ਵੱਲੋਂ : ਅਧੀਨ ਸਕੱਤਰ, ਪੰਜਾਬ ਸਰਕਾਰ, ਪੁਲਿਸ ਵਿਭਾਗ।<br>ਵੱਲ : ਸਮੂਹ ਕਮਿਸ਼ਨਰ ਅਤੇ ਪੁਲਿਸ ਦੇ ਡਿਪਟੀ ਇੰਸਪੈਕਟਰਜ਼ ਜਨਰਲ। | 231 |
| 54. | 3 ਜਨਵਰੀ, 1872 | ਵੱਲ : ਪੁਲਿਸ ਦੇ ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ। | 231 |
| 55. | 30 ਦਸੰਬਰ, 1871 | ਵੱਲੋਂ : ਅਧੀਨ ਸਕੱਤਰ, ਪੰਜਾਬ ਸਰਕਾਰ, ਪੁਲਿਸ ਵਿਭਾਗ।<br>ਵੱਲ : ਸਮੂਹ ਕਮਿਸ਼ਨਰਜ਼ ਤੇ ਪੁਲਿਸ ਦੇ ਡਿਪਟੀ ਇੰਨਸਪੈਕਟਰਜ਼ ਜਨਰਲ। | 232 |
| 56. | 3 ਜਨਵਰੀ, 1872 | ਵੱਲ : ਪੁਲਿਸ ਦੇ ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ। | 232 |
| 57. | 15 ਜਨਵਰੀ, 1872 | ਵੱਲੋਂ : ਡਿਪਟੀ ਕਮਿਸ਼ਨਰ, ਲੁਧਿਆਣਾ।<br>ਵੱਲ : ਸਕੱਤਰ, ਪੰਜਾਬ ਸਰਕਾਰ, ਦਿੱਲੀ। | 233 |
| 58. | 15 ਜਨਵਰੀ, 1872 | ਵੱਲੋਂ : ਸਕੱਤਰ, ਪੰਜਾਬ ਸਰਕਾਰ, ਦਿੱਲੀ।<br>ਵੱਲ : ਗ੍ਰਹਿ ਸਕੱਤਰ, ਕਲਕੱਤਾ | 233 |
| 59. | 16 ਜਨਵਰੀ, 1872 | ਵੱਲੋਂ : ਡਿਪਟੀ ਕਮਿਸ਼ਨਰ, ਲੁਧਿਆਣਾ<br>ਵੱਲ : ਕਮਿਸ਼ਨਰ, ਅੰਬਾਲਾ (ਦਿੱਲੀ)। | 234 |
| 60. | 15 ਜਨਵਰੀ, 1872 | ਵੱਲੋਂ : ਐੱਲ. ਕਾਵਨ, ਡਿਪਟੀ ਕਮਿਸ਼ਨਰ, ਲੁਧਿਆਣਾ। ਵੱਲ: ਕਮਿਸ਼ਨਰ, ਅੰਬਾਲਾ ਡਿਵੀਜ਼ਨ। | 234 |
| 61. | 15 ਜਨਵਰੀ, 1872 | ਲੁਧਿਆਣਾ ਦੇ ਨਾਇਬ ਤਹਿਸੀਲਦਾਰ ਵੱਲੋਂ : 15 ਜਨਵਰੀ, 1872 ਨੂੰ ਲਿਖੀ ਚਿੱਠੀ ਦੀ ਕਾਪੀ। | 236 |
| 62. | 16 ਜਨਵਰੀ, 1872 | ਵੱਲੋਂ : ਵਾਇਸਰਾਏ।<br>ਵੱਲ : ਲੈਫ਼ਟੀਨੈਂਟ ਗਵਰਨਰ, ਪੰਜਾਬ। | 236 |
| 63. | 16 ਜਨਵਰੀ, 1872 | ਵੱਲੋਂ : ਸਹਾਇਕ ਪੁਲਿਸ ਇੰਸਪੈਕਟਰ ਜਨਰਲ, ਲਾਹੌਰ। ਵੱਲ : ਇੰਸਪੈਕਟਰ ਜਨਰਲ, ਦਿੱਲੀ। | 237 |
| 64. | 16 ਜਨਵਰੀ, 1872 | ਵੱਲੋਂ : ਡਿਪਟੀ ਕਮਿਸ਼ਨਰ, (ਮਾਲੇਰਕੋਟਲਾ) ਲੁਧਿਆਣਾ।<br>ਵੱਲ : ਸਕੱਤਰ, ਪੰਜਾਬ ਸਰਕਾਰ, ਦਿੱਲੀ। | 237 |
| 65. | 16 ਜਨਵਰੀ, 1872 | ਵੱਲੋਂ : ਲੈਫ਼ਟੀਨੈਂਟ ਗਵਰਨਰ, ਪੰਜਾਬ, ਦਿੱਲੀ।<br>ਵੱਲ : ਵਾਇਸਰਾਏ। | 237 |
| 66. | 16 ਜਨਵਰੀ, 1872 | ਵੱਲੋਂ : ਵਾਇਸਰਾਏ।<br>ਵੱਲ : ਲੈਫ਼ਟੀਨੈਂਟ ਗਵਰਨਰ, ਪੰਜਾਬ, ਦਿੱਲੀ। | 238 |
| 67. | 17 ਜਨਵਰੀ, 1872 | ਵੱਲੋਂ : ਸਕੱਤਰ, ਪੰਜਾਬ ਸਰਕਾਰ, ਦਿੱਲੀ।<br>ਵੱਲ : ਗ੍ਰਹਿ ਸਕੱਤਰ, ਕਲਕੱਤਾ। | 239 |
| 68. | 16 ਜਨਵਰੀ, 1872 | ਵੱਲੋਂ : ਡਿਪਟੀ ਕਮਿਸ਼ਨਰ, ਲੁਧਿਆਣਾ (ਮਲੌਦ)<br>ਵੱਲ : ਸਕੱਤਰ, ਪੰਜਾਬ ਸਰਕਾਰ, ਦਿੱਲੀ। | 239 |

69. 16 ਜਨਵਰੀ, 1872 ਵੱਲੋਂ : ਡਿਪਟੀ ਕਮਿਸ਼ਨਰ, ਲੁਧਿਆਣਾ। 239
ਵੱਲ : ਸਕੱਤਰ, ਪੰਜਾਬ ਸਰਕਾਰ, ਦਿੱਲੀ।
70. 16 ਜਨਵਰੀ, 1872 ਵੱਲੋਂ : ਡਿਪਟੀ ਕਮਿਸ਼ਨਰ, (ਮਲੌਦ) ਲੁਧਿਆਣਾ। 240
ਵੱਲ : ਸਕੱਤਰ, ਪੰਜਾਬ ਸਰਕਾਰ, ਦਿੱਲੀ।
71. 16 ਜਨਵਰੀ, 1872 ਵੱਲੋਂ : ਸਕੱਤਰ, ਪੰਜਾਬ ਸਰਕਾਰ, ਦਿੱਲੀ। 240
ਵੱਲ : ਗ੍ਰਹਿ ਸਕੱਤਰ, ਕਲਕੱਤਾ।
72. 16 ਜਨਵਰੀ, 1872 ਵੱਲੋਂ : ਸਕੱਤਰ, ਪੰਜਾਬ ਸਰਕਾਰ, ਦਿੱਲੀ। 240
ਵੱਲ : ਗ੍ਰਹਿ ਸਕੱਤਰ, ਕਲਕੱਤਾ।
73. 17 ਜਨਵਰੀ, 1872 ਵੱਲੋਂ : ਕਾਵਨ (ਡਿਪਟੀ ਕਮਿਸ਼ਨਰ), ਕੋਟਲਾ। 241
ਵੱਲ : ਗ੍ਰਹਿ ਸਕੱਤਰ, ਪੰਜਾਬ, ਦਿੱਲੀ।
74. 16 ਜਨਵਰੀ, 1872 ਵੱਲੋਂ : ਐੱਲ. ਕਾਵਨ, ਡਿਪਟੀ ਕਮਿਸ਼ਨਰ, ਲੁਧਿਆਣਾ। 241
ਵੱਲ: ਟੀ.ਡੀ. ਫੋਰਸਿਥ, ਸੀਬੀ., ਕਮਿਸ਼ਨਰ ਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ।
75. 16 ਜਨਵਰੀ, 1872 ਵੱਲੋਂ : ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। 242
ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ।
76. 17 ਜਨਵਰੀ, 1872 ਵੱਲੋਂ : ਕਮਿਸ਼ਨਰ, ਲੁਧਿਆਣਾ। 245
ਵੱਲ : ਸਕੱਤਰ, ਪੰਜਾਬ, ਦਿੱਲੀ।
77. 17 ਜਨਵਰੀ, 1872 ਵੱਲੋਂ : ਸਕੱਤਰ, ਪੰਜਾਬ ਸਰਕਾਰ, ਦਿੱਲੀ। 245
ਵੱਲ : ਕਮਿਸ਼ਨਰ, ਲੁਧਿਆਣਾ।
78. 17 ਜਨਵਰੀ, 1872 ਸ੍ਰੀ ਫਾਰਸਿਥ ਵੱਲੋਂ ਸ੍ਰੀ ਕਾਵਨ ਨੂੰ ਮਿਤੀ 17 ਜਨਵਰੀ, 1872 ਦਾ ਨੀਮ ਅਧਿਕਾਰਤ ਨਿਰਦੇਸ਼-ਪੱਤਰ। 245
79. 17 ਜਨਵਰੀ, 1872 ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। 246
ਵੱਲ : ਈਸੀ ਬੇਲੀ, ਸੀਐੱਸਆਈ, ਸਕੱਤਰ, ਭਾਰਤ ਸਰਕਾਰ।
80. 17 ਜਨਵਰੀ, 1872 ਵੱਲੋਂ : ਸਕੱਤਰ, ਪੰਜਾਬ ਸਰਕਾਰ। 246
ਵੱਲ: ਗ੍ਰਹਿ ਸਕੱਤਰ, ਕਲਕੱਤਾ।
81. 17 ਜਨਵਰੀ, 1872 ਵੱਲੋਂ : ਐੱਲ.ਐੱਚ. ਗ੍ਰਿਫਿਨ , ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। 247
ਵੱਲ : ਈ.ਸੀ. ਬੇਲੀ ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ।
82. 17 ਜਨਵਰੀ, 1872 ਵੱਲੋਂ : ਟੀ.ਡੀ. ਫਾਰਸਿਥ ਸੀਬੀ, ਕਮਿਸ਼ਨਰ ਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ। 247
ਵੱਲ : ਐੱਲ. ਕਾਵਨ, ਡਿਪਟੀ ਕਮਿਸ਼ਨਰ, ਲੁਧਿਆਣਾ।
83. 17 ਜਨਵਰੀ, 1872 ਵੱਲੋਂ : ਡਿਪਟੀ ਕਮਿਸ਼ਨਰ, ਲੁਧਿਆਣਾ। 248
ਵੱਲ : ਕਮਿਸ਼ਨਰ, ਅੰਬਾਲਾ ਡਿਵੀਜ਼ਨ।
84. 17 ਜਨਵਰੀ, 1872 ਵੱਲੋਂ : ਟੀ.ਡੀ. ਫ਼ੋਰਸਿਥ ਸੀਬੀ, ਕਾਰਜਕਾਰੀ ਕਮਿਸ਼ਨਰ, ਅੰਬਾਲਾ ਡਿਵੀਜ਼ਨ। 253

| | | | |
|---|---|---|---|
| | | ਵੱਲ : ਲੈਫ਼ਟੀਨੈਂਟ ਕਰਨਲ ਜੇ.ਸੀ.ਪੀ. ਬੇਲੀ, ਕਾਰਜਕਾਰੀ ਡਿਪਟੀ ਇੰਸਪੈਕਟਰ ਜਨਰਲ ਆੱਫ਼ ਪੁਲਿਸ, ਲੁਧਿਆਣਾ ਸਰਕਲ। | |
| 85. | 17 ਜਨਵਰੀ, 1872 | ਵੱਲੋਂ : ਟੀ.ਡੀ. ਫਾਰਸਿਥ ਸੀਬੀ, ਕਮਿਸ਼ਨਰ ਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ।<br>ਵੱਲ : ਸਕੱਤਰ, ਪੰਜਾਬ ਸਰਕਾਰ, ਦਿੱਲੀ। | 253 |
| 86. | 18 ਜਨਵਰੀ, 1872 | ਵੱਲੋਂ : ਸਕੱਤਰ, ਪੰਜਾਬ ਸਰਕਾਰ।<br>ਵੱਲ : ਗ੍ਰਿਹ ਸਕੱਤਰ, ਕਲਕੱਤਾ। | 255 |
| 87. | 18 ਜਨਵਰੀ, 1872 | ਵੱਲੋਂ : ਜੇ. ਇਨਸੇ, ਐੱਮ.ਡੀ., ਸਿਵਲ ਸਰਜਨ, ਲੁਧਿਆਣਾ।<br>ਵੱਲ : ਡਿਪਟੀ ਕਮਿਸ਼ਨਰ, ਲੁਧਿਆਣਾ। | 255 |
| 88. | 17 ਜਨਵਰੀ, 1872 | ਵੱਲੋਂ : ਐੱਲ. ਕਾਵਨ, ਕਾਰਜਕਾਰੀ ਡਿਪਟੀ ਕਮਿਸ਼ਨਰ, ਲੁਧਿਆਣਾ।<br>ਵੱਲ : ਕਮਿਸ਼ਨਰ, ਅੰਬਾਲਾ ਡਿਵੀਜ਼ਨ। | 261 |
| 89. | 18 ਜਨਵਰੀ, 1872 | ਵੱਲ : ਸਕੱਤਰ, ਪੰਜਾਬ – ਦਿੱਲੀ। | 263 |
| 90. | 18 ਜਨਵਰੀ, 1872 | ਵੱਲੋਂ : ਸਕੱਤਰ, ਪੰਜਾਬ ਸਰਕਾਰ।<br>ਵੱਲ : ਗ੍ਰਿਹ ਸਕੱਤਰ, ਕਲਕੱਤਾ। | 263 |
| 91. | 18 ਜਨਵਰੀ, 1872 | ਵੱਲੋਂ : ਟੀ.ਡੀ. ਫਾਰਸਿਥ ਸੀ.ਬੀ. ਕਮਿਸ਼ਨਰ ਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ।<br>ਵੱਲ : ਸਕੱਤਰ, ਪੰਜਾਬ ਸਰਕਾਰ, ਦਿੱਲੀ। | 264 |
| 92. | 18 ਜਨਵਰੀ, 1872 | ਵੱਲੋਂ : ਸਕੱਤਰ, ਪੰਜਾਬ ਸਰਕਾਰ।<br>ਵੱਲ : (1) ਗ੍ਰਿਹ ਸਕੱਤਰ, ਕਲਕੱਤਾ; (2) ਮੈਜਿਸਟ੍ਰੇਟ, ਅਲਾਹਾਬਾਦ; ਅਤੇ (3) ਸਕੱਤਰ, ਉੱਤਰ-ਪੱਛਮੀ ਰਾਜਾਂ ਦੀ ਸਰਕਾਰ। | 265 |
| 93. | 18 ਜਨਵਰੀ, 1872 | ਵੱਲੋਂ : ਕੈਪਟਨ ਮੈਂਜ਼ੀਸ। | 266 |
| 94. | 18 ਜਨਵਰੀ, 1872 | 18 ਜਨਵਰੀ, 1872 ਨੂੰ ਮਾਲੇਰਕੋਟਲਾ 'ਚ 16 ਵਿਅਕਤੀਆਂ ਦੇ ਮਾਮਲੇ ਦੀ ਸੁਣਵਾਈ ਦੀ ਕਾਰਵਾਈ। | 267 |
| 95. | 18 ਜਨਵਰੀ, 1872 | ਵੱਲੋਂ : ਸਕੱਤਰ, ਪੰਜਾਬ ਸਰਕਾਰ, ਦਿੱਲੀ।<br>ਵੱਲ : ਗ੍ਰਿਹ ਸਕੱਤਰ, ਕਲਕੱਤਾ। | 272 |
| 96. | 19 ਜਨਵਰੀ, 1872 | ਵੱਲੋਂ : ਵਾਇਸਰਾਏ, ਕਲਕੱਤਾ।<br>ਵੱਲ : ਦੇਸ਼ ਦੇ ਸਕੱਤਰ, ਲੰਦਨ। | 273 |
| 97. | 19 ਜਨਵਰੀ, 1872 | ਵੱਲੋਂ : ਭਾਰਤ ਸਰਕਾਰ।<br>ਵੱਲ : ਭਾਰਤ ਲਈ ਮਹਾਰਾਣੀ ਦੇ ਵਿਦੇਸ਼ ਮੰਤਰੀ। | 273 |
| 98. | 19 ਜਨਵਰੀ, 1872 | ਵੱਲੋਂ : ਸਕੱਤਰ, ਪੰਜਾਬ ਸਰਕਾਰ, ਦਿੱਲੀ।<br>ਵੱਲ : ਗ੍ਰਿਹ ਸਕੱਤਰ, ਕਲਕੱਤਾ। | 274 |
| 99. | 19 ਜਨਵਰੀ, 1872 | ਵੱਲੋਂ : ਵਾਇਸਰਾਏ ਵੱਲੋਂ ਲੈਫ਼ਟੀਨੈਂਟ ਗਵਰਨਰ ਨੂੰ। | 275 |
| 100. | 19 ਜਨਵਰੀ, 1872 | ਵੱਲੋਂ : ਲੈਫ਼ਟੀਨੈਂਟ ਗਵਰਨਰ, ਪੰਜਾਬ, ਦਿੱਲੀ।<br>ਵੱਲ : ਵਾਇਸਰਾਏ, ਕਲਕੱਤਾ। | 275 |
| 101. | 19 ਜਨਵਰੀ, 1872 | ਵੱਲੋਂ : ਟੀ.ਡੀ. ਫੋਰਸਿਥ ਸੀਬੀ, ਕਮਿਸ਼ਨਰ, ਅੰਬਾਲਾ। ਵੱਲ : ਸਕੱਤਰ, ਪੰਜਾਬ ਸਰਕਾਰ | 275 |
| 102. | 19 ਜਨਵਰੀ, 1872 | ਵੱਲੋਂ : ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 279 |

| | | |
|---|---|---|
| | ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | |
| 103. 19 ਜਨਵਰੀ, 1872 | 11 ਤੋਂ 18 ਜਨਵਰੀ, 1872 ਤੱਕ ਦੀਆਂ ਘਟਨਾਵਾਂ ਦਾ ਖ਼ੁਲਾਸਾ, ਜੋ ਉਪਲਬਧ ਚਿੱਠੀ-ਪੱਤਰੀ ਦੇ ਆਧਾਰ 'ਤੇ ਨਿਆਂਇਕ ਸ਼ਾਖ਼ਾ ਵੱਲੋਂ ਤਿਆਰ ਕੀਤਾ ਗਿਆ ਸੀ – (ਕੰਪਾਈਲਰ)। | 282 |
| 104. 6 ਫਰਵਰੀ, 1872 | ਵੱਲੋਂ : ਲੈਫ਼ਟੀਨੈਂਟ ਕਰਨਲ ਪੀ.ਐੱਨ. ਪਰਕਿਨਜ਼, ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਲੁਧਿਆਣਾ। ਵੱਲ : ਮੇਜਰ ਏ.ਐੱਚ ਬਾਮਫ਼ੀਲਡ, ਡਿਪਟੀ ਇੰਸਪੈਕਟਰ ਜਨਰਲ ਆੱਫ਼ ਪੁਲਿਸ, ਅੰਬਾਲਾ ਸਰਕਲ। | 301 |
| 105. 7 ਫਰਵਰੀ, 1872 | ਵੱਲੋਂ : ਭਾਰਤ ਸਰਕਾਰ। ਵੱਲ : ਸਕੱਤਰ, ਭਾਰਤ ਸਰਕਾਰ, ਲੰਦਨ। | 306 |
| 106. 19 ਜਨਵਰੀ, 1872 | ਪਟਿਆਲਾ ਦੇ ਮਹਾਰਾਜਾ ਦੇ ਮੈਮੋਰੈਂਡਮ ਦਾ ਅਨੁਵਾਦ। | 307 |
| 107. 19 ਜਨਵਰੀ, 1872 | ਵੱਲ : ਮਿਹਰਬਾਨ ਮਾਣਯੋਗ ਆਰਗਿਲ ਦੇ ਡਿਊਕ, ਕੇ.ਟੀ., ਭਾਰਤ ਸਰਕਾਰ ਲਈ ਮਹਾਰਾਣੀ ਦੇ ਸਕੱਤਰ, ਲੰਦਨ। | 308 |
| 108. 19 ਜਨਵਰੀ, 1872 | ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ। | 310 |
| 109. 19 ਜਨਵਰੀ, 1872 | 1872 ਦੇ ਜਨਵਰੀ ਮਹੀਨੇ ਲਈ ਸੈਸ਼ਨਜ਼ ਦਾ ਨੰ. 1. | 311 |
| 110. 20 ਜਨਵਰੀ, 1872 | ਵੱਲੋਂ : ਟੀ.ਡੀ. ਫੋਰਸਿਥ, ਸੀ.ਬੀ. ਕਮਿਸ਼ਨਰ, ਅੰਬਾਲਾ। ਵੱਲ : ਸਕੱਤਰ, ਪੰਜਾਬ ਸਰਕਾਰ। | 321 |
| 111. 20 ਜਨਵਰੀ, 1872 | ਵੱਲੋਂ : ਲੈਫ਼ਟੀਨੈਂਟ ਕਰਨਲ ਜੇ.ਸੀ.ਪੀ. ਬੇਲੀ, ਡਿਪਟੀ ਇੰਸਪੈਕਟਰ ਜਨਰਲ, ਲਾਹੌਰ ਸਰਕਲ। ਵੱਲ : ਟੀ.ਡੀ. ਫੋਰਸਿਥ, ਸੀ.ਬੀ., ਕਮਿਸ਼ਨਰ, ਅੰਬਾਲਾ ਡਿਵੀਜ਼ਨ। | 326 |
| 112. 21 ਜਨਵਰੀ, 1872 | ਵੱਲੋਂ : ਐੱਲ. ਕਾਵਨ, ਕਾਰਜਕਾਰੀ ਡਿਪਟੀ ਕਮਿਸ਼ਨਰ, ਲੁਧਿਆਣਾ। ਵੱਲ : ਟੀ.ਡੀ. ਫੋਰਸਿਥ, ਸੀ.ਬੀ., ਕਮਿਸ਼ਨਰ, ਅੰਬਾਲਾ ਡਿਵੀਜ਼ਨ। | 332 |
| 113. 21 ਜਨਵਰੀ, 1872 | ਵੱਲੋਂ : ਸਕੱਤਰ, ਪੰਜਾਬ ਸਰਕਾਰ, ਦਿੱਲੀ। ਵੱਲ : ਗ੍ਰਹਿ ਸਕੱਤਰ, ਕਲਕੱਤਾ। | 334 |
| 114. 22 ਜਨਵਰੀ, 1872 | ਵੱਲੋਂ : ਗ੍ਰਹਿ ਸਕੱਤਰ, ਕਲਕੱਤਾ। ਵੱਲ : ਲੈਫ਼ਟੀਨੈਂਟ ਗਵਰਨਰ, ਪੰਜਾਬ, ਦਿੱਲੀ। | 334 |
| 115. 22 ਜਨਵਰੀ, 1872 | ਵੱਲੋਂ: ਈਸੀ ਬੇਲੀ, ਸੀਐੱਸਆਈ, ਸਕੱਤਰ, ਭਾਰਤ ਸਰਕਾਰ। ਵੱਲ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 334 |
| 116. 22 ਜਨਵਰੀ, 1872 | ਵੱਲੋਂ : ਡਬਲਿਊ.ਐੱਮ. ਸੂਟਰ, ਐੱਮ.ਏ., ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ। ਵੱਲ : ਮੈਜਿਸਟ੍ਰੇਟ, ਅਲਾਹਾਬਾਦ। | 335 |

117. 22 ਜਨਵਰੀ, 1872 ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। 335
ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ।
118. 22 ਜਨਵਰੀ, 1872 1818 ਦਾ ਬੰਗਾਲ ਰੈਗੂਲੇਸ਼ਨ III 338
119. 22 ਜਨਵਰੀ, 1872 ਵੱਲੋਂ : ਸਕੱਤਰ, ਪੰਜਾਬ ਸਰਕਾਰ, ਦਿੱਲੀ। 343
ਵੱਲ : ਗ੍ਰਹਿ ਸਕੱਤਰ, ਕਲਕੱਤਾ।
120. 22 ਜਨਵਰੀ, 1872 ਵੱਲੋਂ : ਟੀ.ਡੀ. ਫੋਰਸਿਥ, ਸੀ.ਬੀ., ਕਮਿਸ਼ਨਰ, ਅੰਬਾਲਾ ਡਿਵੀਜ਼ਨ। 344
ਵੱਲ : ਸਕੱਤਰ, ਪੰਜਾਬ ਸਰਕਾਰ।
121. 23 ਜਨਵਰੀ, 1872 ਵੱਲੋਂ : ਸਕੱਤਰ, ਪੰਜਾਬ ਸਰਕਾਰ, ਦਿੱਲੀ। 347
ਵੱਲ: ਗ੍ਰਹਿ ਸਕੱਤਰ, ਕਲਕੱਤਾ।
122. 23 ਜਨਵਰੀ, 1872 ਵੱਲੋਂ : ਅਧੀਨ ਸਕੱਤਰ, ਪੰਜਾਬ ਸਰਕਾਰ, ਪੁਲਿਸ ਵਿਭਾਗ। 347
ਵੱਲ : ਸਮੂਹ ਕਮਿਸ਼ਨਰ ਅਤੇ ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ।
123. 24 ਜਨਵਰੀ, 1872 ਵੱਲੋਂ : ਈ.ਸੀ. ਬੇਲੀ, ਸੀ.ਐੱਸ.ਆਈ., ਕਾਰਜਕਾਰੀ ਸਕੱਤਰ, ਭਾਰਤ ਸਰਕਾਰ। 348
ਵੱਲ : ਸਕੱਤਰ, ਪੰਜਾਬ ਸਰਕਾਰ।
124. 24 ਜਨਵਰੀ, 1872 ਵੱਲੋਂ : ਟੀ.ਬੀ. ਫੋਰਸਿਥ, ਸੀ.ਬੀ., ਕਮਿਸ਼ਨਰ, ਅੰਬਾਲਾ ਡਿਵੀਜ਼ਨ। 349
ਵੱਲ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।
125. 26 ਜਨਵਰੀ, 1872 ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। 350
ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ
126. 25 ਜਨਵਰੀ, 1872 ਵੱਲੋਂ : ਆਰ. ਜੇਮਸਨ, ਸੁਪਰਇੰਟੈਂਡੈਂਟ, ਕੇਂਦਰੀ ਜੇਲ੍ਹ ਵੱਲ : ਜੇ.ਸੀ. ਰਾਬਰਟਸਨ, ਮੈਜਿਸਟ੍ਰੇਟ, ਅਲਾਹਾਬਾਦ। 352
127. 26 ਜਨਵਰੀ, 1872 ਵੱਲੋਂ : ਜੇ.ਸੀ. ਰਾਬਰਟਸਨ, ਮੈਜਿਸਟ੍ਰੇਟ, ਅਲਾਹਾਬਾਦ। 353
ਵੱਲ : ਈ.ਸੀ. ਬੇਲੇ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ।
128. 17 ਜਨਵਰੀ, 1872 ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ। 354
129. 17 ਜਨਵਰੀ, 1872 ਮਾਲ ਬੋਰਡ ਐੱਨ.ਡਬਲਿਊ.ਪੀ., ਇਲਾਹਾਬਾਦ। 354
130. 17 ਜਨਵਰੀ, 1872 (ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ)। 355
131. 30 ਜਨਵਰੀ, 1872 ਫ਼ੌਜੀ ਵਿਭਾਗ, ਭਾਰਤ ਸਰਕਾਰ, 30 ਜਨਵਰੀ, 1872 356
132. 26 ਜਨਵਰੀ, 1872 ਵੱਲੋਂ : ਐੱਲ. ਕਾਵਨ, ਕਾਰਜਕਾਰੀ ਡਿਪਟੀ ਕਮਿਸ਼ਨਰ, ਲੁਧਿਆਣਾ। 356

| | | | |
|---|---|---|---|
| | | ਵੱਲ : ਟੀ.ਡੀ. ਫੋਰਸਿਥ, ਸੀ.ਬੀ., ਕਮਿਸ਼ਨਰ, ਅੰਬਾਲਾ ਡਿਵੀਜ਼ਨ। | |
| 133. | 30 ਜਨਵਰੀ, 1872 | ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। ਵੱਲ : ਟੀ.ਡੀ. ਫੋਰਸਿਥ, ਸੀ.ਬੀ., ਕਮਿਸ਼ਨਰ ਅਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ। | 358 |
| 134. | 27 ਜਨਵਰੀ, 1872 | ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 358 |
| 135. | 28 ਜਨਵਰੀ, 1872 | ਲੁਧਿਆਣਾ ਦੇ ਤਹਿਸੀਲਦਾਰ ਲਹਿਣਾ ਸਿੰਘ ਦਾ ਬਿਆਨ। | 359 |
| 136. | 29 ਜਨਵਰੀ, 1872 | ਵੱਲੋਂ : ਸਕੱਤਰ, ਪੰਜਾਬ ਸਰਕਾਰ, ਕੈਂਪ ਦਿੱਲੀ। ਵੱਲ : ਗ੍ਰਿਹ ਸਕੱਤਰ, ਕਲਕੱਤਾ। | 360 |
| 137. | 4 ਫਰਵਰੀ, 1872 | ਵੱਲੋਂ : ਗ੍ਰਿਹ ਸਕੱਤਰ, ਕਲਕੱਤਾ। ਵੱਲ : ਸਕੱਤਰ, ਪੰਜਾਬ ਸਰਕਾਰ, ਕੈਂਪ ਬਰਾਸਤਾ ਅੰਬਾਲਾ। | 361 |
| 138. | 29 ਜਨਵਰੀ, 1872 | ਵੱਲੋਂ : ਮੇਜਰ ਈ.ਐੱਚ. ਪਾਸਕੇ, ਕਾਰਜਕਾਰੀ ਕਮਿਸ਼ਨਰ ਅਤੇ ਸੁਪਰਇੰਟੈਂਡੈਂਟ, ਜਲੰਧਰ ਡਿਵੀਜ਼ਨ। ਵੱਲ : ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 361 |
| 139. | 31 ਜਨਵਰੀ, 1872 | ਲੁਧਿਆਣਾ ਦੇ ਡਿਪਟੀ ਕਮਿਸ਼ਨਰ ਐੱਲ. ਕਾਵਨ, ਵੱਲੋਂ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਨੂੰ ਨੀਮ ਅਧਿਕਾਰਤ ਪੱਤਰ। | 362 |
| 140. | 1 ਫਰਵਰੀ, 1872 | ਕੰਪਾਈਲਰ ਦਾ ਨੋਟ—ਕੂਕਾ ਸੰਪਰਦਾਇ ਅਤੇ ਉਸ ਦੇ ਆਗੂ ਸਤਿਗੁਰੂ ਰਾਮ ਸਿੰਘ ਜੀ ਦੀਆਂ ਯੋਜਨਾਵਾਂ ਨਾਲ ਸੰਬੰਧਤ ਅਸਲ ਫ਼ਾਈਲ ਬਹੁਤ ਵੱਡੀ ਹੈ, ਜੋ ਨੈਸ਼ਨਲ ਆਰਕਾਈਵ ਦਿੱਲੀ ਵਿਚ ਮੌਜੂਦ ਹੈ। | 364 |
| 141. | 2 ਫਰਵਰੀ, 1872 | ਵੱਲੋਂ : ਭਾਰਤ ਸਰਕਾਰ। ਵੱਲ : ਮਹਾਰਾਣੀ ਦੇ ਸਕੱਤਰ, ਭਾਰਤ ਸਰਕਾਰ, ਲੰਦਨ। | 370 |
| 142. | 2 ਫਰਵਰੀ, 1872 | ਵੱਲੋਂ : ਭਾਰਤ ਸਰਕਾਰ। ਵੱਲ : ਮਹਾਰਾਣੀ ਦੇ ਸਕੱਤਰ, ਭਾਰਤ ਸਰਕਾਰ। | 371 |
| 143. | 2 ਫਰਵਰੀ, 1872 | ਵੱਲੋਂ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। ਵੱਲ : ਕਾਰਜਕਾਰੀ ਸਕੱਤਰ, ਉੱਤਰ-ਪੱਛਮੀ ਰਾਜਾਂ ਦੀ ਸਰਕਾਰ। | 371 |
| 144. | 7 ਫਰਵਰੀ, 1872 | ਵੱਲੋਂ : ਭਾਰਤ ਸਰਕਾਰ। ਵੱਲ : ਸਕੱਤਰ, ਭਾਰਤ ਸਰਕਾਰ। | 372 |
| 145. | 7 ਫਰਵਰੀ, 1872 | ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। ਵੱਲ : ਈ.ਸੀ. ਬੇਲੀ, ਸੀ.ਐੱਸ.ਆਈ.; ਸਕੱਤਰ, ਭਾਰਤ ਸਰਕਾਰ। | 372 |
| 146. | 8 ਫਰਵਰੀ, 1872 | ਵੱਲੋਂ : ਈ.ਸੀ. ਬੇਲੀ, ਸੀ.ਐੱਸ.ਆਈ.; ਸਕੱਤਰ, ਭਾਰਤ ਸਰਕਾਰ। | 375 |

| | | | |
|---|---|---|---|
| | | ਵੱਲ : ਸਕੱਤਰ, ਪੰਜਾਬ ਸਰਕਾਰ। | |
| 147. | 9 ਫਰਵਰੀ, 1872 | ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਕਾਰਜਕਾਰੀ ਸਕੱਤਰ, ਭਾਰਤ ਸਰਕਾਰ। | 379 |
| 148. | 7 ਫਰਵਰੀ, 1872 | ਵੱਲ : ਕਮਿਸ਼ਨਰ, ਅੰਬਾਲਾ ਡਿਵੀਜ਼ਨ। | 380 |
| 149. | 10 ਫਰਵਰੀ, 1872 | ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਕਾਰਜਕਾਰੀ ਸਕੱਤਰ, ਭਾਰਤ ਸਰਕਾਰ। | 381 |
| 150. | 12 ਫਰਵਰੀ, 1872 | ਵੱਲੋਂ : ਮਾਣਯੋਗ, ਪਟਿਆਲਾ ਦੇ ਮਹਾਰਾਜਾ।<br>ਵੱਲ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 383 |
| 151. | 16 ਫਰਵਰੀ, 1872 | ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 385 |
| 152. | 12 ਫਰਵਰੀ, 1872 | ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 385 |
| 153. | 12 ਫਰਵਰੀ, 1872 | ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 389 |
| 154. | 9 ਫਰਵਰੀ, 1872 | ਵੱਲੋਂ : ਐੱਲ. ਕਾਵਨ, ਕਾਰਜਕਾਰੀ ਡਿਪਟੀ ਕਮਿਸ਼ਨਰ, ਲੁਧਿਆਣਾ।<br>ਵੱਲ : ਟੀ.ਡੀ. ਫੋਰਸਿਥ, ਸੀ.ਬੀ., ਕਮਿਸ਼ਨਰ ਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ। | 389 |
| 155. | 13 ਫਰਵਰੀ, 1872 | ਵੱਲ : ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ। | 390 |
| 156. | 13 ਫਰਵਰੀ, 1872 | ਵੱਲ : ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ। | 391 |
| 157. | 15 ਫਰਵਰੀ, 1872 | ਵੱਲ : ਸਮੂਹ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟਸ | 391 |
| 158. | 15 ਫਰਵਰੀ, 1872 | ਵੱਲ : ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ। | 393 |
| 159. | 16 ਫਰਵਰੀ, 1872 | ਵੱਲੋਂ : ਭਾਰਤ ਸਰਕਾਰ।<br>ਵੱਲ: ਮਹਾਰਾਣੀ ਦਾ ਸਕੱਤਰ, ਭਾਰਤ ਸਰਕਾਰ। | 395 |
| 160. | 17 ਫਰਵਰੀ, 1872 | ਵੱਲੋਂ : ਐੱਲ. ਕਾਵਨ, ਕਾਰਜਕਾਰੀ ਡਿਪਟੀ ਕਮਿਸ਼ਨਰ, ਲੁਧਿਆਣਾ।<br>ਵੱਲ : ਟੀ.ਡੀ. ਫੋਰਸਿਥ, ਸੀ.ਬੀ., ਕਮਿਸ਼ਨਰ ਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ। | 395 |

| | | | |
|---|---|---|---|
| 161. | 20 ਫਰਵਰੀ, 1872 | ਵੱਲੋਂ : ਐੱਲ.ਐੱਚ. ਗ੍ਰਿਫਿਨ, ਸਕੱਤਰ, ਪੰਜਾਬ ਸਰਕਾਰ। ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 400 |
| 162. | 22 ਫਰਵਰੀ, 1872 | ਵੱਲੋਂ : ਐੱਲ. ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 410 |
| 163. | 24 ਫਰਵਰੀ, 1872 | ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 413 |
| 164. | 26 ਫਰਵਰੀ, 1872 | ਕਾਰਵਾਈ ਵੱਲੋਂ, ਮਾਣਯੋਗ ਲੈਫ਼ਟੀਨੈਂਟ ਗਵਰਨਰ, ਪੰਜਾਬ। | 414 |
| 165. | 26 ਫਰਵਰੀ, 1872 | ਵੱਲੋਂ : ਅਧੀਨ ਸਕੱਤਰ, ਪੰਜਾਬ ਸਰਕਾਰ, ਪੁਲਿਸ ਵਿਭਾਗ। ਵੱਲ : ਸਮੂਹ ਕਮਿਸ਼ਨਰਜ਼ ਅਤੇ ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ। | 419 |
| 166. | 28 ਫਰਵਰੀ, 1872 | ਵੱਲੋਂ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 419 |
| 167. | 29 ਫਰਵਰੀ, 1872 | ਵੱਲੋਂ : ਭਾਰਤੀ ਮਾਮਲਿਆਂ ਲਈ ਮਹਾਰਾਣੀ ਦੇ ਸਕੱਤਰ। ਵੱਲ : ਭਾਰਤ ਸਰਕਾਰ। | 420 |
| 168. | 7 ਮਾਰਚ, 1872 | ਵੱਲੋਂ : ਕਰਨਲ ਐੱਚ.ਕੇ. ਬਰਨੇ, ਸਕੱਤਰ, ਭਾਰਤ ਸਰਕਾਰ, ਫ਼ੌਜ ਵਿਭਾਗ। ਵੱਲ : ਐਡਜੂਟੈਂਟ ਜਨਰਲ। | 420 |
| 169. | 7 ਮਾਰਚ, 1872 | ਵੱਲੋਂ : ਈ.ਸੀ. ਬੇਲੀ, ਸੀਐੱਸਆਈ, ਸਕੱਤਰ, ਭਾਰਤ ਸਰਕਾਰ। ਵੱਲ : ਸਕੱਤਰ, ਪੰਜਾਬ ਸਰਕਾਰ। | 421 |
| 170. | 8 ਮਾਰਚ, 1872 | ਵੱਲੋਂ : ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ, | 422 |
| 171. | 13 ਮਾਰਚ, 1872 | ਵੱਲੋਂ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। ਵੱਲ : ਐੱਲ.ਐੱਚ. ਗ੍ਰਿਫਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 422 |
| 171ਏ. | 9 ਮਾਰਚ, 1872 | ਭਾਰਤ ਸਰਕਾਰ ਵੱਲ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 424 |
| 172. | 10 ਮਾਰਚ, 1872 | ਵੱਲੋਂ : ਮਹਾਮਹਿਮ ਬੇਲੀ, ਸੀਐੱਸਆਈ, ਸਕੱਤਰ, ਭਾਰਤ ਸਰਕਾਰ। ਵੱਲ : ਜੇ.ਟੀ. ਵ੍ਹੀਲਰ, ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ। | 424 |

| | | |
|---|---|---|
| 173. 10 ਮਾਰਚ, 1872 | ਵੱਲੋਂ : ਲੈਫ਼ਟੀਨੈਂਟ ਗਵਰਨਰ, ਉੱਤਰ-ਪੱਛਮੀ ਸੂਬੇ। ਵੱਲ : ਵਾਇਸਰਾਏ, ਕਲਕੱਤਾ। | 426 |
| 174. 2 ਮਾਰਚ, 1872 | ਵੱਲੋਂ : ਅਲਾਹਾਬਾਦ। ਵੱਲ : ਨਿਜੀ ਸਕੱਤਰ। | 426 |
| 175. 11 ਮਾਰਚ, 1872 | ਸਤਿਗੁਰੂ ਰਾਮ ਸਿੰਘ ਨੂੰ ਸ਼ਾਮੀਂ 7 ਵਜੇ ਸਹੀ-ਸਲਾਮਤ ਰੰਗੂਨ ਭੇਜਿਆ ਗਿਆ। | 426 |
| 176. 12 ਮਾਰਚ, 1872 | ਸਰਕਾਰੀ ਟੈਲੀਗ੍ਰਾਫ਼ ਵਿਭਾਗ। | 427 |
| 177. 12 ਮਾਰਚ, 1872 | ਸਰਕਾਰੀ ਟੈਲੀਗ੍ਰਾਫ਼ ਵਿਭਾਗ। | 427 |
| 178. 16 ਮਾਰਚ, 1872 | ਵੱਲੋਂ : ਸੀਬੀ ਕੁੱਕੇ, ਕਾਰਜਕਾਰੀ ਸਹਾਇਕ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।<br>ਵੱਲ : ਈ.ਸੀ. ਬੇਲੀ, ਸੀਐੱਸਆਈ, ਸਕੱਤਰ, ਭਾਰਤ ਸਰਕਾਰ। | 428 |
| 179. 5 ਅਪ੍ਰੈਲ, 1872 | ਵੱਲੋਂ : ਡਬਲਿਊ.ਪੀ. ਕੈਲੀ, ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ।<br>ਵੱਲ : ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 429 |
| 180. 13 ਅਪ੍ਰੈਲ, 1872 | ਵੱਲੋਂ : ਆਈ. ਟਾਲਬੁਆਇਜ਼ ਵ੍ਹੀਲਰ, ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।<br>ਵੱਲ : ਈ.ਸੀ. ਬੇਲੀ, ਸੀਐੱਸਆਈ, ਸਕੱਤਰ, ਭਾਰਤ ਸਰਕਾਰ। | 430 |
| 181. 6 ਅਪ੍ਰੈਲ, 1872 | ਆਫ਼ਿਸ ਮੀਮੋ ਨੰ. 764 ਵਿੱਤ ਵਿਭਾਗ। | 436 |
| 182. 11 ਅਪ੍ਰੈਲ, 1872 | ਆਫ਼ਿਸ ਮੀਮੋ ਨੰ. 2672 ਵਿੱਤ ਵਿਭਾਗ। | 437 |
| 183. 16 ਅਪ੍ਰੈਲ, 1872 | ਵੱਲੋਂ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ।<br>ਵੱਲ : ਸਕੱਤਰ, ਪੰਜਾਬ ਸਰਕਾਰ। | 437 |
| 184. 30 ਅਪ੍ਰੈਲ, 1872 | ਵੱਲੋਂ : ਲੈਫ਼ਟੀਨੈਂਟ ਕਰਨਲ ਜੀ. ਹਚਿਨਸਨ, ਸੀ.ਐੱਸ.ਆਈ., ਅਧੀਨ ਸਕੱਤਰ, ਪੰਜਾਬ ਸਰਕਾਰ।<br>ਵੱਲ : ਈ.ਸੀ. ਬੇਲੀ, ਸੀਐੱਸਆਈ, ਸਕੱਤਰ, ਭਾਰਤ ਸਰਕਾਰ। | 437 |
| 185. 16 ਮਾਰਚ, 1872 | ਵੱਲੋਂ : ਐੱਲ.ਐੱਚ. ਗ੍ਰਿਫਿਨ, ਸਕੱਤਰ, ਪੰਜਾਬ ਸਰਕਾਰ।<br>ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 438 |
| 186. 22 ਮਾਰਚ, 1872 | ਵੱਲੋਂ : ਪੰਜਾਬ ਸਰਕਾਰ, ਅੰਮ੍ਰਿਤਸਰ।<br>ਵੱਲ : ਗ੍ਰਿਹ ਸਕੱਤਰ, ਕਲਕੱਤਾ। | 439 |
| 187. 22 ਮਾਰਚ, 1872 | ਅੰਮ੍ਰਿਤਸਰ 'ਚ ਸਿੱਖ ਸਰਦਾਰਾਂ ਦਾ ਭਾਸ਼ਣ। | 439 |
| 188. 26 ਮਾਰਚ, 1872 | ਵੱਲੋਂ : ਭਾਰਤ ਲਈ ਮਹਾਰਾਣੀ ਦੇ ਵਿਦੇਸ਼ ਮੰਤਰੀ।<br>ਵੱਲ : ਭਾਰਤ ਸਰਕਾਰ। | 441 |
| 189. 2 ਅਪ੍ਰੈਲ, 1872 | ਵੱਲੋਂ : ਲੈਪਲ ਐੱਚ. ਗ੍ਰਿਫਿਨ ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਸੀ.ਯੂ. ਐਚਿਸਨ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ। | 490 |
| 190. 2 ਅਪ੍ਰੈਲ, 1872 | ਗਵਰਨਰ ਜਨਰਲ ਦੇ ਦਫ਼ਤਰ 'ਚ ਟਿੱਪਣੀਆਂ<br>ਵੱਲੋਂ : ਪੰਜਾਬ ਸਰਕਾਰ। | 492 |

| | | | |
|---|---|---|---|
| 191. | 4 ਅਪ੍ਰੈਲ, 1872 | ਵੱਲੋਂ : ਭਾਰਤ ਸਰਕਾਰ ਲਈ ਮਹਾਰਾਣੀ ਦਾ ਵਿਦੇਸ਼ ਮੰਤਰੀ। ਵੱਲ : ਭਾਰਤ ਸਰਕਾਰ। | 494 |
| 192. | 5 ਅਪ੍ਰੈਲ, 1872 | ਵੱਲੋਂ : ਡਬਲਿਯੂ.ਪੀ. ਕੈਲੀ, ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ।<br>ਵੱਲ : ਸਕੱਤਰ, ਚੀਫ਼ ਕਮਾਂਡਰ, ਬ੍ਰਿਟਿਸ਼ ਬਰਮਾ। | 494 |
| 193. | 5 ਅਪ੍ਰੈਲ, 1872 | ਵੱਲੋਂ : ਜੇ ਟਾਲਬੁਆਏਜ਼ ਵ੍ਹੀਲਰ, ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।<br>ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 496 |
| 194. | 13 ਅਪ੍ਰੈਲ, 1872 | ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ | 497 |
| 195. | 3 ਮਈ, 1872 | ਗ੍ਰਹਿ ਵਿਭਾਗ ਵੱਲੋਂ ਪ੍ਰਵਾਨਿਤ। | 499 |
| 196. | 10 ਅਪ੍ਰੈਲ, 1872 | ਵੱਲੋਂ : ਲੈਫ਼ਟੀਨੈਂਟ ਕਰਨਲ ਬੇਲੀ, ਕਾਰਜਕਾਰੀ ਡਿਪਟੀ ਇੰਸਪੈਕਟਰ ਜਨਰਲ, ਪੁਲਿਸ, ਲਾਹੌਰ ਸਰਕਲ।<br>ਵੱਲ : ਲੈਫ਼ਟੀਨੈਂਟ ਕਰਨਲ ਜੀ. ਹਚਿਨਸਨ, ਇੰਸਪੈਕਟਰ ਜਨਰਲ, ਪੁਲਿਸ, ਪੰਜਾਬ। | 499 |
| 197. | 13 ਅਪ੍ਰੈਲ, 1872 | ਵੱਲੋਂ : ਜੇ. ਟਾਲਬੁਆਏਜ਼ ਵ੍ਹੀਲਰ, ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।<br>ਵੱਲ : ਸੀ.ਯੂ. ਐਚਿਸਨ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ। | 500 |
| 198. | 19 ਅਪ੍ਰੈਲ, 1872 | ਵੱਲੋਂ : ਸੀ.ਐੱਮ. ਰਿਵਾਜ਼, ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ।<br>ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਪੰਜਾਬ ਸਰਕਾਰ। | 501 |
| 199. | 6 ਅਪ੍ਰੈਲ, 1872 | ਵੱਲੋਂ : ਲੈਫ਼ਟੀਨੈਂਟ ਕਰਨਲ ਜੇ. ਫ਼ੈਂਡਾਲ, ਡਿਪਟੀ ਕਮਿਸ਼ਨਰ, ਗੁਰਦਾਸਪੁਰ।<br>ਵੱਲ : ਲੈਫ਼ਟੀਨੈਂਟ ਕਰਨਲ, ਸੀ.ਐੱਚ. ਹਾੱਲ, ਕਮਾਂਡਰ ਅਤੇ ਸੁਪਰਇੰਟੈਂਡੈਂਟ, ਅੰਮ੍ਰਿਤਸਰ ਡਿਵੀਜ਼ਨ। | 501 |
| 200. | 25 ਅਪ੍ਰੈਲ, 1872 | ਵੱਲੋਂ : ਮਹਰਾਣੀ ਦੇ ਸਕੱਤਰ, ਭਾਰਤ ਸਰਕਾਰ।<br>ਵੱਲ : ਭਾਰਤ ਸਰਕਾਰ। | 504 |
| 201. | 29 ਅਪ੍ਰੈਲ, 1872 | ਵੱਲ : ਸਮੂਹ ਕਮਿਸ਼ਨਰ ਤੇ ਸੁਪਰਇੰਟੈਂਡੈਂਟਸ। | 504 |
| 202. | 30 ਅਪ੍ਰੈਲ, 1872 | ਵੱਲੋਂ : ਲੈਫ਼ਟੀਨੈਂਟ ਕਰਨਲ ਜੀ. ਹਚਿਨਸਨ, ਸੀ.ਐੱਸ.ਆਈ., ਅਧੀਨ ਸਕੱਤਰ, ਪੰਜਾਬ ਸਰਕਾਰ।<br>ਵੱਲ : ਈਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 504 |
| 203. | 30 ਅਪ੍ਰੈਲ, 1872 | ਵੱਲੋਂ : ਈ.ਸੀ. ਬੇਲੀ, , ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ।<br>ਵੱਲ : ਸਕੱਤਰ, ਪੰਜਾਬ ਸਰਕਾਰ। | 505 |

| | | |
|---|---|---|
| 204. 1 ਮਈ, 1872 | ਵੱਲੋਂ : ਵਾਇਸਰਾਏ।<br>ਵੱਲ : ਲੈਫ਼ਟੀਨੈਂਟ ਗਵਰਨਰ, ਲਾਹੌਰ। | 516 |
| 205. 2 ਮਈ, 1872 | ਵੱਲੋਂ : ਭਾਰਤ ਸਰਕਾਰ।<br>ਵੱਲ : ਮਹਾਰਾਣੀ ਦੇ ਸਕੱਤਰ, ਭਾਰਤ ਸਰਕਾਰ। | 517 |
| 206. 29 ਮਾਰਚ, 1872 | ਵੱਲੋਂ : ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਗੁਜਰਾਂਵਾਲਾ।<br>ਵੱਲ : ਪੁਲਿਸ ਇੰਸਪੈਕਟਰ ਜਨਰਲ, ਪੰਜਾਬ। | 519 |
| 207. 30 ਮਾਰਚ, 1872 | ਪੁਲਿਸ ਵਿਭਾਗ, ਜ਼ਿਲ੍ਹਾ ਫ਼ਿਰੋਜ਼ਪੁਰ ਕੂਕਾ ਸੂਬਿਆਂ ਦੇ ਵੇਰਵੇ, ਜਿਨ੍ਹਾਂ ਨੂੰ ਅਲਾਹਾਬਾਦ ਡੀਪੋਰਟ ਕੀਤਾ ਗਿਆ | 537 |
| 208. 20 ਮਾਰਚ, 1872 | ਵੱਲੋਂ : ਮੇਜਰ ਐੱਚ.ਆਰ. ਵਾੱਲ, ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਫ਼ਿਰੋਜ਼ਪੁਰ।<br>ਵੱਲ : ਕਰਨਲ ਹਚਿਨਸਨ, ਸੀਐੱਸਆਈ, ਇੰਸਪੈਕਟਰ ਜਨਰਲ ਆੱਫ਼ ਪੁਲਿਸ, ਪੰਜਾਬ। | 540 |
| 209. ਮਾਰਚ, 1872 | ਨਾਨੂੰ ਸਿੰਘ ਦਾ ਇਕਰਾਰਨਾਮਾ। | 554 |
| 210. 15 ਅਪ੍ਰੈਲ, 1872 | ਵੱਲੋਂ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 554 |
| 210ਏ.11 ਮਈ, 1872 | ਵੱਲੋਂ : ਕ੍ਰਾੱਅਫ਼ੋਰਡ, ਬੀ. ਕੂਕੇ; ਕਾਰਜਕਾਰੀ ਸਹਾਇਕ ਸਕੱਤਰ, ਮੁੱਖ ਕਮਿਸ਼ਨਰ।<br>ਵੱਲ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 555 |
| 211. 17 ਜੂਨ, 1872 | ਵੱਲ : ਸਕੱਤਰ, ਪੰਜਾਬ ਸਰਕਾਰ। | 556 |
| 212. 28 ਜੂਨ, 1872 | ਵੱਲੋਂ : ਸੀ.ਯੂ. ਰਿਵਾਜ਼, ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ।<br>ਵੱਲ : ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 556 |
| 213. 13 ਜਲਾਈ, 1872 | ਵੱਲ : ਸਕੱਤਰ, ਪੰਜਾਬ ਸਰਕਾਰ। | 557 |
| 214. 21 ਮਈ, 1872 | ਵੱਲੋਂ : ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ: ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ। | 558 |
| 215. 6 ਜੂਨ, 1872 | ਵੱਲੋਂ : ਵਾਇਸਰਾਏ, ਸ਼ਿਮਲਾ।<br>ਵੱਲ : ਵਿਦੇਸ਼ ਮੰਤਰੀ, ਲੰਦਨ। | 558 |
| 216. 10 ਜੂਨ, 1872 | ਵੱਲੋਂ : ਭਾਰਤ ਸਰਕਾਰ।<br>ਵੱਲ : ਮਹਾਰਾਣੀ ਦੇ ਸਕੱਤਰ, ਭਾਰਤ ਸਰਕਾਰ। | 558 |
| 217. 10 ਜੂਨ, 1872 | ਵੱਲੋਂ : ਈ.ਸੀ. ਬੇਲੀ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ।<br>ਵੱਲ : ਸਕੱਤਰ, ਪੰਜਾਬ ਸਰਕਾਰ। | 559 |
| 218. 17 ਜੂਨ, 1872 | ਵੱਲੋਂ : ਟੀ.ਡੀ. ਫੋਰਸਿਥ, ਸੀਬੀ, ਕਮਿਸ਼ਨਰ ਅਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ।<br>ਵੱਲ : ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 562 |
| 219. 29 ਜੂਨ, 1872 | ਵੱਲੋਂ : ਲੇਪਲ ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 564 |

| | | |
|---|---|---|
| 220. 4 ਜੁਲਾਈ, 1872 | ਗਵਰਨਰ ਜਨਰਲ ਦੇ ਦਫ਼ਤਰ ਦੁਆਰਾ ਫ਼ਾਈਲ 'ਤੇ ਕੀਤੀਆਂ ਟਿੱਪਣੀਆਂ। | 565 |
| 221. 8 ਜੁਲਾਈ, 1872 | ਵੱਲੋਂ : ਭਾਰਤ ਸਰਕਾਰ।<br>ਵੱਲ : ਮਹਾਰਾਣੀ ਦੇ ਸਕੱਤਰ, ਭਾਰਤ ਸਰਕਾਰ। | 567 |
| 222. 13 ਜੂਨ, 1872 | ਵੱਲੋਂ : ਐੱਚ.ਡਬਲਿਊ. ਵੈਲਜ਼ਲੀ, ਅਧੀਨ ਸਕੱਤਰ, ਭਾਰਤ ਸਰਕਾਰ।<br>ਵੱਲ : ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 567 |
| 223. 13 ਜੂਨ, 1872 | ਵੱਲੋਂ : ਜੇ.ਡਬਲਿਊ. ਮੈਕਨੈਬ, ਡਿਪਟੀ ਕਮਿਸ਼ਨਰ, ਅੰਬਾਲਾ ਜ਼ਿਲ੍ਹਾ।<br>ਵੱਲ : ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 568 |
| 224. 28 ਜੂਨ, 1872 | ਵੱਲੋਂ : ਲੇਪਲ ਐੱਚ. ਗ੍ਰਿਫ਼ਿਨ,ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 571 |
| 225. 25 ਅਪ੍ਰੈਲ, 1872 | ਨੋਟ: ਰਿਪੋਰਟ ਸੰਬੰਧੀ ਕੰਪਾਈਲਰ ਦਾ ਨੋਟ। | 572 |
| 226. 19 ਜੁਲਾਈ, 1872 | ਜਨਰਲ ਦੇ ਦਫ਼ਤਰ 'ਚ ਰਿਪੋਰਟ 'ਤੇ ਨੋਟ ਤੇ ਟਿੱਪਣੀਆਂ। | 580 |
| 227 25 ਜੁਲਾਈ, 1872 | ਕੂਕਾ ਕੈਦੀਆਂ ਦਾ ਕੇਸ। | 592 |
| 228. 7 ਅਗਸਤ, 1872 | ਵੱਲੋਂ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ।<br>ਵੱਲ : ਸਕੱਤਰ, ਪੰਜਾਬ ਸਰਕਾਰ। | 598 |
| 229. 18 ਅਗਸਤ, 1872 | ਵੱਲੋਂ : ਭਾਰਤ ਸਰਕਾਰ।<br>ਵੱਲ : ਮਹਾਰਾਣੀ ਦੇ ਸਕੱਤਰ, ਭਾਰਤ ਸਰਕਾਰ। | 599 |
| 230. 30 ਸਤੰਬਰ, 1872 | ਵੱਲੋਂ : ਐੱਲ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ। | 600 |
| 231. 23 ਸਤੰਬਰ, 1872 | ਵੱਲੋਂ : ਆਰ. ਡਬਲਿਊ. ਟ੍ਰੈਫ਼ੋਰਡ, ਕਾਰਜਕਾਰੀ ਡਿਪਟੀ ਕਮਿਸ਼ਨਰ, ਸਿਆਲਕੋਟ।<br>ਵੱਲ : ਸੀ.ਐੱਮ. ਰਿਵਾਜ਼, ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ। | 602 |
| 232. 23 ਸਤੰਬਰ, 1872 | ਵੱਲੋਂ: ਆਰ.ਟੀ. ਬਰਨੀ, ਕਾਰਜਕਾਰੀ ਡਿਪਟੀ ਕਮਿਸ਼ਨਰ, ਫ਼ਿਰੋਜ਼ਪੁਰ।<br>ਵੱਲ : ਸੀ.ਐੱਮ. ਰਿਵਾਜ਼, ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ। | 603 |
| 233. 23 ਸਤੰਬਰ, 1872 | ਵੱਲੋਂ : ਮੇਜਰ ਐੱਫ਼.ਜੇ. ਮਿੱਲਰ, ਡਿਪਟੀ ਕਮਿਸ਼ਨਰ, ਗੁਜਰਾਂਵਾਲਾ।<br>ਵੱਲ : ਸੀ.ਐੱਮ. ਰਿਵਾਜ਼, ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ। | 604 |
| 234. 22 ਸਤੰਬਰ, 1872 | ਵੱਲੋਂ : ਕੈਪਟਨ ਸੀ. ਬੀਡਨ, ਕਾਰਜਕਾਰੀ ਡਿਪਟੀ ਕਮਿਸ਼ਨਰ, ਲੁਧਿਆਣਾ।<br>ਵੱਲ : ਸੀ. ਐਨ ਰੀਵਾਜ਼, ਅੰਡਰ ਸੈਕਟਰੀ, ਪੰਜਾਬ ਸਰਕਾਰ। | |

235. 12 ਜੂਨ, 1872 ਵੱਲੋਂ: ਈ.ਸੀ. ਬੇਲੀ, ਸੀਐੱਸਆਈ, ਸਕੱਤਰ, ਭਾਰਤ ਸਰਕਾਰ। 605
ਵੱਲ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

236. 12 ਜੁਲਾਈ, 1872 ਵੱਲੋਂ : ਜੇ.ਐੱਸ. ਵ੍ਹੀਲਰ, ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ। 606
ਵੱਲ : ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ।

237. 16 ਜੁਲਾਈ, 1872 ਵੱਲੋਂ : ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ। 606
ਵੱਲ : ਜੇ.ਐੱਸ. ਵ੍ਹੀਲਰ, ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ।

238. 17 ਜੁਲਾਈ, 1872 ਵੱਲੋਂ : ਜੇ.ਟੀ. ਵ੍ਹੀਲਰ, ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ। 607
ਵੱਲ : ਚੀਫ਼ ਇੰਸਪੈਕਟਰ, ਡਾਕਘਰ, ਬ੍ਰਿਟਿਸ਼ ਬਰਮਾ।

239. 17 ਜੁਲਾਈ, 1872 ਵੱਲੋਂ : ਜੇ.ਟੀ. ਵ੍ਹੀਲਰ, ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ। 607
ਵੱਲ : ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ।

240. 26 ਜੁਲਾਈ, 1872 ਵੱਲੋਂ : ਜੇ.ਟੀ. ਵ੍ਹੀਲਰ, ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ। 608
ਵੱਲ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

241. 17 ਜੂਨ, 1872 ਵੱਲ : ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ। 609

242. 24 ਜੂਨ, 1872 ਸਤਿਗੁਰੂ ਰਾਮ ਸਿੰਘ ਜੀ ਦਾ ਭਾਈ ਗੋਪਾਲ ਸਿੰਘ ਅਤੇ ਬੁਧ ਸਿੰਘ ਨੂੰ ਪੱਤਰ। 609

243. 15 ਜੁਲਾਈ, 1872 ਵੱਲੋਂ : ਜੇ.ਟੀ. ਵ੍ਹੀਲਰ, ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ। 611
ਵੱਲ : ਸੀ.ਯੂ. ਐਚਿਸਨ, ਸੀਐੱਸਆਈ, ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ।

244. 29 ਅਗਸਤ, 1872 ਵੱਲੋਂ: ਐੱਚ.ਡਬਲਿਊ. ਵੈਲਜ਼ਲੀ, ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ। 611
ਵੱਲ : ਸਕੱਤਰ, ਪੰਜਾਬ ਸਰਕਾਰ।

245. 4 ਸਤੰਬਰ, 1872 ਵੱਲੋਂ: ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। 612
ਵੱਲ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

246. 17 ਸਤੰਬਰ, 1872 ਵੱਲੋਂ : ਐੱਚ.ਡਬਲਿਊ. ਵੈਲਜ਼ਲੀ, ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ। 612
ਵੱਲ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

247. 13 ਅਗਸਤ, 1872 ਸਤਿਗੁਰੂ ਰਾਮ ਸਿੰਘ ਦੇ ਪੱਤਰ ਦਾ ਅਨੁਵਾਦ, ਸ਼ਿਮਲਾ 613

248. 2 ਜੁਲਾਈ, 1872 ਵੱਲੋਂ : ਐੱਲ.ਐੱਚ. ਡੈਂਪੀਅਰ, ਸੀ.ਐੱਸ.ਆਈ., ਕਾਰਜਕਾਰੀ ਸਕੱਤਰ, ਭਾਰਤ ਸਰਕਾਰ। 613
ਵੱਲ : ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

| | | | |
|---|---|---|---|
| 249. | 9 ਜੁਲਾਈ, 1872 | ਵੱਲੋਂ: ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। ਵੱਲ: ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ। | 614 |
| 250. | 27 ਜੂਨ, 1872 | ਵੱਲੋਂ : ਪੀ. ਸਕੌਟ, ਸੰਪਾਦਕ, ਇੰਡੀਅਨ ਪਬਲਿਕ ਓਪੀਨੀਅਨ। ਵੱਲ : ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 614 |
| 251. | 6 ਸਤੰਬਰ, 1872 | ਵੱਲੋਂ : ਐੱਚ. ਵੈਲਜ਼ਲੀ, ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ। ਵੱਲ : ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 616 |
| 252. | 14 ਸਤੰਬਰ, 1872 | ਵੱਲੋਂ : ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। ਵੱਲ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ। | 616 |
| 253. | 18 ਜੁਲਾਈ, 1872 | ਵੱਲੋਂ : ਮਹਾਰਾਣੀ ਦਾ ਸਕੱਤਰ, ਭਾਰਤ ਸਰਕਾਰ। ਵੱਲ : ਭਾਰਤ ਸਰਕਾਰ। | 617 |
| 254. | 27 ਜੁਲਾਈ, 1872 | ਵੱਲੋਂ : ਟੀ.ਡਬਲਿਊ. ਸਮਿੱਥ, ਕਾਰਜਕਾਰੀ ਡਿਪਟੀ ਕਮਿਸ਼ਨਰ, ਅੰਮ੍ਰਿਤਸਰ। ਵੱਲ : ਕਮਿਸ਼ਨਰ ਅਤੇ ਸੁਪਰਇੰਟੈਂਡੈਂਟ, ਅੰਮ੍ਰਿਤਸਰ ਡਿਵੀਜ਼ਨ। | 617 |
| 255. | 5 ਅਗਸਤ, 1872 | ਵੱਲੋਂ : ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। ਵੱਲ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ। | 618 |
| 256. | 1 ਅਗਸਤ, 1872 | ਵੱਲੋਂ : ਚੀਫ਼ ਕਮਿਸ਼ਨਰ, ਰੰਗੂਨ। ਵੱਲ : ਭਾਰਤ ਸਰਕਾਰ, ਸ਼ਿਮਲਾ। | 619 |
| 257. | 8 ਅਗਸਤ, 1872 | ਵੱਲੋਂ : ਐੱਚ.ਡਬਲਿਊ. ਵੈਲਜ਼ਲੀ, ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ। ਵੱਲ : ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ। | 620 |
| 258. | 2 ਸਤੰਬਰ, 1872 | ਵੱਲੋਂ : ਐੱਚ.ਡਬਲਿਊ. ਵੈਲਜ਼ਲੀ, ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ। ਵੱਲ : ਸਕੱਤਰ, ਪੰਜਾਬ ਸਰਕਾਰ। | 620 |
| 259. | 6 ਸਤੰਬਰ, 1872 | ਕੂਕਾ ਲੀਡਰ ਦੀ ਜਾਇਦਾਦ ਸਬੰਧੀ ਮੈਮੋਰੈਂਡਮ | 621 |
| 260. | 17 ਅਕਤੂਬਰ,1872 | ਵੱਲੋਂ : ਕਮਿਸ਼ਨਰ ਅਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ। | 621 |
| 261. | 18 ਸਤੰਬਰ, 1872 | ਵੱਲੋਂ : ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। ਵੱਲ : ਐੱਚ.ਐੱਲ., ਡੈਂਪੀਅਰ, ਸਕੱਤਰ, ਭਾਰਤ ਸਰਕਾਰ। | 621 |

| | | |
|---|---|---|
| 262. 15 ਨਵੰਬਰ, 1872 | ਵੱਲੋਂ : ਜੇ.ਟੀ. ਵ੍ਹੀਲਰ, ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।<br>ਵੱਲ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ। | 622 |
| 263. 28 ਅਗਸਤ, 1872 | ਵੱਲੋਂ : ਸਕੱਤਰ, ਪੰਜਾਬ ਸਰਕਾਰ।<br>ਵੱਲ : ਇੰਸਪੈਕਟਰ ਜਨਰਲ ਆੱਫ਼ ਪੁਲਿਸ, ਪੰਜਾਬ। | 623 |
| 264. 26 ਅਗਸਤ, 1872 | ਵੱਲੋਂ : ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ। | 624 |
| 265. 15 ਅਕਤੂਬਰ,1872 | ਵੱਲੋਂ : ਗ੍ਰਹਿ ਸਕੱਤਰ।<br>ਵੱਲ : ਮੁੱਖ ਸਕੱਤਰ, ਬੰਬਈ ਸਰਕਾਰ। | 625 |
| 266. 18 ਅਕਤੂਬਰ,1872 | ਵੱਲੋਂ : ਸਿਆਸੀ ਸਕੱਤਰ, ਬੰਬਈ।<br>ਵੱਲ : ਗ੍ਰਹਿ ਸਕੱਤਰ। | 625 |
| 267. 19 ਅਕਤੂਬਰ,1872 | ਵੱਲੋਂ : ਗ੍ਰਹਿ ਸਕੱਤਰ, ਸ਼ਿਮਲਾ।<br>ਵੱਲ : ਚੀਫ਼ ਕਮਿਸ਼ਨਰ, ਰੰਗੂਨ। | 625 |
| 268. 21 ਅਕਤੂਬਰ,1872 | ਵੱਲੋਂ : ਮੁੱਖ ਕਮਿਸ਼ਨਰ। ਵੱਲ : ਗ੍ਰਹਿ ਸਕੱਤਰ। | 626 |
| 269. 17 ਅਕਤੂਬਰ,1872 | ਵੱਲੋਂ : ਕਰਨਲ ਜੇ.ਓ. ਮਿਊਟਰ, ਕਮਾਂਡੈਂਟ, ਅਸੀਰਗੜ੍ਹ।<br>ਵੱਲ : ਸਕੱਤਰ, ਬੰਬਈ ਸਰਕਾਰ, ਸਿਆਸੀ ਵਿਭਾਗ। | 626 |
| 270. 17 ਅਕਤੂਬਰ,1872 | ਵੱਲੋਂ : ਆਰ.ਜੇ.ਬੀ. ਥਾਮਸਨ, ਸੀ.ਈ. ਅਸਿਸਟੈਂਟ ਇੰਜੀਨੀਅਰ।<br>ਵੱਲ : ਐਜੂਟੈਂਟ, ਅਸੀਰਗੜ੍ਹ ਕਿਲ੍ਹਾ। | 627 |
| 271. 17 ਅਕਤੂਬਰ,1872 | ਰਾਜ ਕੈਦੀਆਂ ਸਬੰਧੀ ਰਿਪੋਰਟ। | 628 |
| 272. 18 ਅਕਤੂਬਰ,1872 | ਵੱਲੋਂ : ਪੁਲਿਟੀਕਲ ਰੈਜ਼ੀਡੈਂਟ, ਅਦਨ।<br>ਵੱਲ : ਸਕੱਤਰ, ਬੰਬਈ ਸਰਕਾਰ। | 628 |
| 273. 1 ਜੂਨ, 1872 | ਵੱਲ : ਸਕੱਤਰ, ਬੰਬਈ ਸਰਕਾਰ। | 629 |
| 274. 31 ਅਕਤੂਬਰ,1872 | ਵੱਲੋਂ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ।<br>ਵੱਲ : ਮੁੱਖ ਸਕੱਤਰ, ਬੰਬਈ ਸਰਕਾਰ। ਗ੍ਰਹਿ ਵਿਭਾਗ, ਨਿਆਂਇਕ। | 629 |
| 275. 31 ਅਕਤੂਬਰ,1872 | ਵੱਲ : ਆਫ਼ੀਸਰ ਇੰਚਾਰਜ, ਅਸੀਰਗੜ੍ਹ। | 631 |
| 276. 31 ਅਕਤੂਬਰ,1872 | ਵੱਲ : ਆਫ਼ੀਸਰ-ਇਨ-ਚਾਰਜ, ਅਸੀਰਗੜ੍ਹ। | 631 |
| 277. 2 ਸਤੰਬਰ, 1872 | ਵੱਲ : ਆਫ਼ੀਸਰ-ਇਨ-ਚਾਰਜ, ਅਸੀਰਗੜ੍ਹ। | 632 |
| 278. 31 ਅਕਤੂਬਰ,1872 | ਵੱਲੋਂ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ।<br>ਵੱਲ : ਸਕੱਤਰ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ। ਗ੍ਰਹਿ ਵਿਭਾਗ। | 632 |
| 279. 31 ਅਕਤੂਬਰ,1872 | ਵੱਲ : ਆਫ਼ੀਸਰ-ਇਨ-ਚਾਰਜ, ਚੁਨਾਰ ਕਿਲ੍ਹਾ। | 634 |
| 280. 31 ਅਕਤੂਬਰ,1872 | ਵੱਲੋਂ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ।<br>ਵੱਲ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 635 |

| | | |
|---|---|---|
| 281. 31 ਅਕਤੂਬਰ,1872 | ਵੱਲ : ਆਫ਼ੀਸਰ-ਇਨ-ਚਾਰਜ, ਮੌਲਮੀਨ ਜੇਲ੍ਹ। | 636 |
| 282. 31 ਅਕਤੂਬਰ,1872 | ਵੱਲ : ਆਫ਼ੀਸਰ-ਇਨ-ਚਾਰਜ, ਮੌਲਮੀਨ ਜੇਲ੍ਹ। | 637 |
| 283. 31 ਅਕਤੂਬਰ,1872 | ਵੱਲ : ਆਫ਼ੀਸਰ-ਇਨ-ਚਾਰਜ, ਮੌਲਮੀਨ ਜੇਲ੍ਹ। | 637 |
| 284. 22 ਅਕਤੂਬਰ,1872 | ਵੱਲੋਂ : ਐੱਲ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ। | 638 |
| 285. 28 ਅਗਸਤ,1872 | ਵੱਲੋਂ : ਪਾਦਰੀ ਬੀ. ਗੋਲਕਨਾਥ।<br>ਵੱਲ : ਐੱਲ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 639 |
| 286. 23 ਅਕਤੂਬਰ,1872 | ਵੱਲੋਂ: ਪੰਜਾਬ ਸਰਕਾਰ, ਨੰ. 3422. ਈ.ਡੀ. ਫੋਰਸਿਥ ਨੂੰ ਹਟਾਉਣ ਲਈ ਹੁਕਮ ਜਾਰੀ। | 656 |
| 287. 6 ਜਨਵਰੀ, 1873 | ਵੱਲੋਂ : ਐੱਚ. ਵੈਲਜ਼ਲੀ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ।<br>ਵੱਲ : ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 658 |
| 288. 10 ਜਨਵਰੀ, 1873 | ਵੱਲੋਂ : ਭਾਰਤ ਸਰਕਾਰ।<br>ਵੱਲ : ਭਾਰਤ ਲਈ ਮਹਾਰਾਣੀ ਦੇ ਵਿਦੇਸ਼ ਮੰਤਰੀ। | 658 |
| 289. 26 ਮਈ, 1872 | ਤੁਹਾਡੇ ਗੁਪਤ ਪੱਤਰ ਨੰ. 227, ਮਿਤੀ ਬੀਤੀ 27 ਮਈ ਦੇ ਜਵਾਬ। | 659 |
| 290. 2 ਅਕਤੂਬਰ, 1872 | ਵੱਲੋਂ : ਲੈਫ਼ਟੀਨੈਂਟ ਕਰਨਲ ਸੀ. ਹਚਿਨਸਨ, ਸੀਐੱਸਆਈ, ਇੰਸਪੈਕਟਰ ਜਨਰਲ ਆੱਫ਼ ਪੁਲਿਸ, ਪੰਜਾਬ।<br>ਵੱਲ : ਲੀਪਲ ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 659 |
| 291. 30 ਅਕਤੂਬਰ,1872 | ਵੱਲੋਂ : ਸੀ.ਯੂ. ਰਿਵਾਜ਼, ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ।<br>ਵੱਲ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ। | 660 |
| 292. 27 ਦਸੰਬਰ, 1872 | ਵੱਲ : ਆਦਰਯੋਗ ਮਿਹਰਬਾਨ ਮਾਣਯੋਗ ਡਿਊਕ, ਆਰਗਾਈਲ, ਕੇ.ਟੀ., ਭਾਰਤ ਲਈ ਮਹਾਰਾਣੀ ਵਿਦੇਸ਼ ਮੰਤਰੀ। | 661 |
| 293. 24 ਜਨਵਰੀ, 1873 | ਵੱਲੋਂ : ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਸਮੂਹ ਕਮਿਸ਼ਨਰ, ਡਿਪਟੀ ਕਮਿਸ਼ਨਰ ਤੇ ਪੁਲਿਸ ਦੇ ਇੰਸਪੈਕਟਰ ਜਨਰਲ। | 726 |
| 294. 18 ਫਰਵਰੀ, 1873 | ਵੱਲ : ਪੁਲਿਸ ਦੇ ਸਮੂਹ ਡਿਪਟੀ ਇੰਸਪੈਕਟਰ ਜਨਰਲ। | 727 |
| 295. 20 ਫਰਵਰੀ, 1873 | ਵੱਲੋਂ : ਮਹਾਰਾਣੀ ਦੇ ਭਾਰਤ ਲਈ ਵਿਦੇਸ਼ ਮੰਤਰੀ।<br>ਵੱਲ : ਭਾਰਤ ਸਰਕਾਰ। | 727 |
| 296. 9 ਅਕਤੂਬਰ, 1872 | ਗੁਰੂ ਰਾਮ ਸਿੰਘ ਜੀ ਦੀ ਜਾਇਦਾਦ ਗੁਰੂ ਬੁੱਧ ਸਿੰਘ ਜੀ (ਉਰਫ਼ ਗੁਰੂ ਹਰੀ ਸਿੰਘ – ਸੰਕਲਨਕਰਤਾ) ਨੂੰ ਟ੍ਰਾਂਸਫ਼ਰ ਕਰਨ ਸਬੰਧੀ। | 728 |

| | | | |
|---|---|---|---|
| 297. | 27 ਨਵੰਬਰ, 1872 | ਵੱਲੋਂ: ਟੀਐੱਚ. ਡੌਬਸਨ, ਸੁਪਰਇੰਟੈਂਡੈਂਟ, ਕੇਂਦਰੀ ਜੇਲ੍ਹ, ਰੰਗੂਨ।<br>ਵੱਲ : ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ, ਰੰਗੂਨ। | 729 |
| 298. | 28 ਨਵੰਬਰ, 1872 | ਦਫ਼ਤਰ: ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ – ਰੰਗੂਨ। | 729 |
| 299. | 11 ਜਨਵਰੀ, 1873 | ਵੱਲ : ਐੱਚ.ਐੱਲ. ਡੈਂਪੀਅਰ ਕਾਰਜਕਾਰੀ ਸਕੱਤਰ, ਗ੍ਰਹਿ ਵਿਭਾਗ, ਭਾਰਤ ਸਰਕਾਰ। | 730 |
| 300. | 27 ਜਨਵਰੀ, 1873 | ਗਵਰਨਰ ਜਨਰਲ ਵੱਲੋਂ ਫ਼ਾਈਲ 'ਤੇ ਟਿੱਪਣੀਆਂ। | 730 |
| 301. | 17 ਫਰਵਰੀ, 1873 | ਵੱਲ : ਸਕੱਤਰ, ਪੰਜਾਬ ਸਰਕਾਰ। | 731 |
| 302. | 19 ਫਰਵਰੀ, 1873 | ਵੱਲੋਂ : ਲਾਰਡ ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਐੱਚ.ਐੱਲ. ਡੈਂਪੀਅਰ, ਐਸਕੁਆਇਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ, ਕਲਕੱਤਾ। | 731 |
| 303. | 28 ਫਰਵਰੀ, 1873 | ਪੰਜਾਬ ਨੰ. 635, ਜਾਇਦਾਦ ਤਬਦੀਲ ਕਰਨ ਸਬੰਧੀ। | 732 |
| 304. | 17 ਮਾਰਚ, 1873 | ਵੱਲ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 732 |
| 305. | 25 ਜੂਨ, 1873 | ਵੱਲੋਂ : ਸਹਾਇਕ ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ | 733 |
| 306. | 24 ਜੁਲਾਈ, 1873 | ਵੱਲ : ਸਕੱਤਰ, ਪੰਜਾਬ ਸਰਕਾਰ। | 733 |
| 307. | 16 ਮਈ, 1874 | ਵੱਲੋਂ : ਲਿਊਇਸ ਮੈਕਾਇਵਰ, ਕਾਰਜਕਾਰੀ ਸਹਾਇਕ ਸਕੱਤਰ, ਚੀਫ਼ ਕਮਿਸ਼ਨਰ।<br>ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 734 |
| 308. | 17 ਜੂਨ, 1874 | ਵੱਲ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 735 |
| 309. | 17 ਜੂਨ, 1874 | ਰਜਿਸਟ੍ਰੇਸ਼ਨ ਨੰ. 6323 | 735 |
| 310. | 2 ਜਨਵਰੀ, 1873 | ਵੱਲੋਂ : ਜੇ.ਟੀ. ਵ੍ਹੀਲਰ, ਸਕੱਤਰ, ਚੀਫ਼ ਕਮਿਸ਼ਨਰ – ਬ੍ਰਿਟਿਸ਼ ਬਰਮਾ।<br>ਵੱਲ : ਐੱਚਐੱਲ ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ। | 736 |
| 311. | 19 ਅਗਸਤ, 1872 | ਵੱਲੋਂ : ਡਬਲਿਊ.ਪੀ. ਕੈਲੀ, ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ।<br>ਵੱਲ :ਜੇ.ਟੀ. ਵ੍ਹੀਲਰ, ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 736 |
| 312. | 21 ਦਸੰਬਰ, 1872 | ਵੱਲੋਂ : ਐੱਚ. ਵੈਲਜ਼ਲੀ, ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ।<br>ਵੱਲ : ਮਾਣਯੋਗ ਏ. ਈਡਨ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 737 |
| 313. | 9 ਦਸੰਬਰ, 1872 | ਗ੍ਰਹਿ ਵਿਭਾਗ ਭਾਰਤ। | 738 |
| 314. | 10 ਦਸੰਬਰ, 1872 | ਸੇਵਾ ਗ੍ਰਾਂਟ ਸਬੰਧੀ। | 738 |
| 315. | 9 ਨਵੰਬਰ, 1872 | ਵੱਲੋਂ: ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 739 |
| 316. | 14 ਫਰਵਰੀ, 1872 | ਵੱਲੋਂ : ਡਬਲਿਊ.ਪੀ. ਕੈਲੀ, ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ। | 739 |

| | | | |
|---|---|---|---|
| | | ਵੱਲ : ਜੇ.ਟੀ. ਵ੍ਹੀਲਰ, ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | |
| 317. | 20 ਸਤੰਬਰ, 1873 | ਗ੍ਰਹਿ ਵਿਭਾਗ ਦੀਆਂ ਕਾਰਵਾਈਆਂ। | 741 |
| 318. | 31 ਦਸੰਬਰ, 1873 | 15 ਮਾਰਚ ਤੋਂ ਲੈ ਕੇ 31 ਦਸੰਬਰ ਤੱਕ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਖਰਚਿਆਂ ਦਾ ਵੇਰਵਾ। | 742 |
| 319. | 27 ਅਗਸਤ, 1873 | ਵੱਲੋਂ : ਸੀ.ਬੀ. ਕੁੱਕ, ਸਹਾਇਕ ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।<br>ਵੱਲ : ਏ.ਸੀ. ਲਾਇਲ, ਸਕੱਤਰ, ਭਾਰਤ ਸਰਕਾਰ। | 743 |
| 320. | 27 ਅਗਸਤ,1873 | ਵੱਲੋਂ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 744 |
| 321. | 30 ਸਤੰਬਰ, 1873 | ਵਿੱਤ ਵਿਭਾਗ 'ਚ ਭਾਰਤ ਸਰਕਾਰ ਦੀਆਂ ਕਾਰਵਾਈਆਂ ਦੇ ਅੰਸ਼। | 744 |
| 322. | 23 ਦਸੰਬਰ, 1873 | ਵੱਲ : ਇੰਸਪੈਕਟਰ ਜਨਰਲ, ਜੇਲ੍ਹਾਂ, ਹੇਠਲੇ ਸੂਬੇ, ਅਲੀਪੁਰ, ਕਲਕੱਤਾ। | 746 |
| 323. | 31 ਦਸੰਬਰ, 1873 | ਦਸਤਾਵੇਜ਼ ਨੰ. 11222 ਬੰਗਾਲ ਸਰਕਾਰ ਨੂੰ ਭੇਜਿਆ ਗਿਆ ਪੱਤਰ। | 747 |
| 324. | 11 ਜਨਵਰੀ, 1873 | ਵੱਲੋਂ : ਅਧੀਨ ਸਕੱਤਰ, ਬੰਗਾਲ ਸਰਕਾਰ, ਨਿਆਇਕ ਵਿਭਾਗ।<br>ਵੱਲ : ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 747 |
| 325. | 17 ਜਨਵਰੀ, 1873 | ਵੱਲੋਂ : ਟੀ. ਵਾਂਚੋਪ , ਸੀ.ਬੀ., ਪੁਲਿਸ ਕਮਿਸ਼ਨਰ, ਕਲਕੱਤਾ।<br>ਵੱਲ : ਸਕੱਤਰ, ਬੰਗਾਲ ਸਰਕਾਰ, ਨਿਆਂਇਕ ਵਿਭਾਗ, ਫ਼ੋਰਟ ਵਿਲੀਅਮ। | 748 |
| 326. | 10 ਮਈ, 1873 | ਵੱਲੋਂ : ਕ੍ਰੱਅਫ਼ੋਰਡ ਬੀ. ਕੁੱਕੇ, ਸਹਾਇਕ ਸਕੱਤਰ, ਚੀਫ਼ ਕਮਿਸ਼ਨਰ।<br>ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 749 |
| 327. | 5 ਫਰਵਰੀ 1873 | ਕੂਕਾ ਕੈਦੀਆਂ ਦੇ ਪਰਚੇ ਸੰਬੰਧੀ | 749 |
| 328. | 18 ਫਰਵਰੀ, 1874 | ਵੱਲੋਂ : ਕ੍ਰੱਅਫ਼ੋਰਡ ਬੀ. ਕੁੱਕੇ, ਕਾਰਜਕਾਰੀ ਸਹਾਇਕ ਸਕੱਤਰ, ਚੀਫ਼ ਕਮਿਸ਼ਨਰ।<br>ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 750 |
| 329. | 21 ਜਨਵਰੀ, 1874 | ਵੱਲੋਂ : ਕਰਨਲ ਡੀ. ਬਰਾਊਨ, ਕਮਿਸ਼ਨਰ, ਤਿਨਾਸੇਰਿਮ ਡਿਵੀਜ਼ਨ।<br>ਵੱਲ : ਲੈਫ਼ਟੀਨੈਂਟ ਕਰਨਲ ਐੱਚ.ਐੱਲ. ਡੰਕਨ, ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ, ਰੰਗੂਨ। | 751 |
| 330. | 19 ਜਨਵਰੀ, 1874 | ਵੱਲ : ਕਮਿਸ਼ਨਰ, ਤਿਨਾਸੇਰਿਮ ਡਿਵੀਜ਼ਨ, ਮੌਲਮੀਨ। | 752 |
| 331. | 13 ਜੂਨ, 1873 | ਭਾਰਤ ਸਰਕਾਰ, ਵਿੱਤ ਵਿਭਾਗ। | 754 |
| 332. | 3 ਜਨਵਰੀ, 1874 | ਕੂਕਾ ਕੈਦੀਆਂ ਜਵਾਹਰ ਸਿੰਘ, ਲੱਖਾ ਸਿੰਘ ਅਤੇ ਬ੍ਰਹਮਾ ਸਿੰਘ ਨਾਲ ਖਰਚੇ ਸਬੰਧੀ। | 754 |
| 333. | 5 ਜਨਵਰੀ, 1874 | ਕੂਕਾ ਕੈਦੀਆਂ ਜਵਾਹਰ ਸਿੰਘ, ਲੱਖਾ ਸਿੰਘ ਅਤੇ ਬ੍ਰਹਮਾ ਸਿੰਘ ਨਾਲ ਸਬੰਧਤ ਖਰਚੇ ਬਾਰੇ। | 755 |

| | | |
|---|---|---|
| 334. 8 ਜਨਵਰੀ, 1874 | ਕੂਕਾ ਕੈਦੀਆਂ ਜਵਾਹਰ ਸਿੰਘ, ਲੱਖਾ ਸਿੰਘ ਅਤੇ ਬ੍ਰਹਮਾ ਸਿੰਘ ਨਾਲ ਸੰਬੰਧਤ ਖਰਚੇ ਦਾ ਵੇਰਵਾ। | 756 |
| 335 14 ਮਾਰਚ, 1874 | ਵੱਲ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 756 |
| 336. 11 ਜਨਵਰੀ, 1873 | ਵੱਲੋਂ : ਸਿਆਸੀ ਰੈਜ਼ੀਡੈਂਟ, ਅਦਨ।<br>ਵੱਲ : ਸਕੱਤਰ, ਬੌਂਬੇ ਸਰਕਾਰ। | 757 |
| 337. 28 ਜਨਵਰੀ, 1873 | ਵੱਲੋਂ : ਸੀ. ਗੌਨੇ, ਸਕੱਤਰ, ਬੌਂਬੇ ਸਰਕਾਰ।<br>ਵੱਲ : ਐੱਚ.ਐੱਲ. ਡੈਂਪੀਅਰ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ, ਕਲਕੱਤਾ। | 758 |
| 338. 12 ਫਰਵਰੀ, 1873 | ਵੱਲ : ਸਕੱਤਰ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ। | 758 |
| 339. 12 ਫਰਵਰੀ, 1873 | ਵੱਲ : ਜੇਲ੍ਹ ਸੁਪਰਇੰਟੈਂਡੈਂਟ, ਅਦਨ। | 759 |
| 340. 12 ਫਰਵਰੀ, 1873 | ਵੱਲ : ਸੁਪਰਇੰਟੈਂਡੈਂਟ ਜੇਲ੍ਹ, ਅਦਨ। | 759 |
| 341. 25 ਮਾਰਚ, 1873 | ਵੱਲੋਂ : ਸਿਆਸੀ ਰੈਜ਼ੀਡੈਂਟ, ਅਦਨ। ਵੱਲ : ਸਕੱਤਰ, ਬੌਂਬੇ ਸਰਕਾਰ। | 760 |
| 342. 14 ਅਪ੍ਰੈਲ, 1873 | ਵੱਲੋਂ : ਸਰਜਨ-ਮੇਜਰ ਆਰ.ਡਬਲਿਊ. ਜੇਮਸ, ਐੱਮ.ਡੀ., ਜੇਲ੍ਹ ਸੁਪਰਇੰਟੈਂਡੈਂਟ, ਅਦਨ।<br>ਵੱਲ : ਸਿਆਸੀ ਰੈਜ਼ੀਡੈਂਟ, ਅਦਨ। | 760 |
| 343. 17 ਅਪ੍ਰੈਲ, 1873 | ਵੱਲੋਂ : ਬ੍ਰਿਗੇਡੀਅਰ ਜਨਰਲ ਜੇ.ਡਬਲਿਊ. ਸ਼ਨੀਡਰ, ਸਿਆਸੀ ਰੈਜ਼ੀਡੈਂਟ, ਅਦਨ।<br>ਵੱਲ : ਸਕੱਤਰ, ਭਾਰਤ ਸਰਕਾਰ, ਬੌਂਬੇ, ਸਿਆਸੀ ਵਿਭਾਗ। | 761 |
| 344. 2 ਜਨਵਰੀ, 1873 | ਵੱਲੋਂ : ਸੀ. ਗੌਨੇ, ਸਕੱਤਰ, ਬੌਂਬੇ ਸਰਕਾਰ।<br>ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 762 |
| 345. 10 ਸਤੰਬਰ, 1873 | ਵੱਲੋਂ : ਵਿਦੇਸ਼ ਵਿਭਾਗ। | 763 |
| 346. 10 ਸਤੰਬਰ, 1873 | ਕੈਦੀਆਂ ਨੂੰ ਵੱਖੋ-ਵੱਖਰੀਆਂ ਜੇਲ੍ਹਾਂ 'ਚ ਭੇਜਣ ਸਮੇਂ ਸਥਾਨਕ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ। | 763 |
| 347. 16 ਸਤੰਬਰ, 1873 | ਦਫ਼ਤਰੀ ਮੈਮੋਰੈਂਡਮ, ਵਿਦੇਸ਼ ਵਿਭਾਗ, ਸਿਆਸੀ। | 764 |
| 348. 30 ਅਕਤੂਬਰ, 1873 | ਵੱਲੋਂ : ਸਿਆਸੀ ਰੈਜ਼ੀਡੈਂਟ, ਅਦਨ।<br>ਵੱਲ : ਸਕੱਤਰ, ਬੌਂਬੇ ਸਰਕਾਰ। | 764 |
| 349. 26 ਦਸੰਬਰ, 1873 | ਵੱਲੋਂ : ਸਿਆਸੀ ਰੈਜ਼ੀਡੈਂਟ, ਅਦਨ।<br>ਵੱਲ : ਸਕੱਤਰ, ਬੌਂਬੇ ਸਰਕਾਰ। | 765 |
| 350. 29 ਨਵੰਬਰ, 1873 | ਵੱਲੋਂ : ਸੀ. ਗੌਨੇ, ਸਕੱਤਰ, ਬੌਂਬੇ ਸਰਕਾਰ।<br>ਵੱਲ : ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ। | 766 |
| 351. 29 ਨਵੰਬਰ, 1873 | ਅਦਨ 'ਚ ਕੂਕਾ ਕੈਦੀਆਂ ਵੱਲੋਂ : ਬੌਂਬੇ ਸਰਕਾਰ। | 767 |
| 352. 23 ਦਸੰਬਰ, 1872 | ਵੱਲੋਂ : ਕੁਆਰਟਰ ਮਾਸਟਰ ਜਨਰਲ, ਥਲ ਸੈਨਾ।<br>ਵੱਲ : ਸਕੱਤਰ, ਸਰਕਾਰ, ਫ਼ੌਜੀ ਵਿਭਾਗ, ਬੌਂਬੇ। | 768 |
| 353. 23 ਦਸੰਬਰ, 1872 | ਕੈਦੀਆਂ ਨਾਲ ਸੰਬੰਧਤ ਖਰਚੇ ਦਾ ਵੇਰਵਾ। | 768 |
| 354. 31 ਅਕਤੂਬਰ, 1872 | ਬੌਂਬੇ ਪ੍ਰੈਜ਼ੀਡੈਂਸੀ 'ਚ 31 ਅਕਤੂਬਰ, 1872 ਨੂੰ ਖ਼ਤਮ ਹੋਈ ਛਮਾਹੀ ਅਤੇ ਬੰਗਾਲ ਰੈਗੂਲੇਸ਼ਨ III of 1818. | 770 |
| 355. 28 ਫਰਵਰੀ, 1873 | ਵੱਲੋਂ : ਕਰਨਲ ਸੇਂਟ ਜੌਨ ਓ'ਐੱਨ, ਮੇਟਰ, ਕਮਾਂਡੈਂਟ।<br>ਵੱਲ : ਸੀ. ਗੌਨੇ, ਸਕੱਤਰ, ਬੌਂਬੇ ਸਰਕਾਰ, ਸਿਆਸੀ ਵਿਭਾਗ। | 771 |

| | | |
|---|---|---|
| 356. 28 ਫਰਵਰੀ, 1873 | ਵੱਲੋਂ : ਸੀ. ਗੌਨੇ, ਸਕੱਤਰ, ਬੌਂਬੇ ਸਰਕਾਰ, ਸਿਆਸੀ ਵਿਭਾਗ।<br>ਵੱਲ : ਸੀ.ਯੂ. ਐਚੀਸਨ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ। | 771 |
| 357. 14 ਮਾਰਚ, 1873 | ਵੱਲੋਂ : ਕਮਾਂਡੈਂਟ, ਅਸੀਰਗੜ੍ਹ। ਵੱਲ : ਸਕੱਤਰ, ਬੌਂਬੇ ਸਰਕਾਰ, ਸਿਆਸੀ ਵਿਭਾਗ। | 772 |
| 358. 28 ਮਾਰਚ, 1873 | ਵੱਲੋਂ : ਕੁਆਰਟਰ ਮਾਸਟਰ ਜਨਰਲ, ਥਲ ਸੈਨਾ।<br>ਵੱਲ : ਸਕੱਤਰ, ਸਰਕਾਰ, ਫ਼ੌਜੀ ਵਿਭਾਗ, ਬੰਬਈ। | 772 |
| 359. 10 ਅਪ੍ਰੈਲ, 1873 | ਵੱਲੋਂ : ਕਮਾਂਡੈਂਟ, ਅਸੀਰਗੜ੍ਹ।ਵੱਲ : ਸਕੱਤਰ, ਸਰਕਾਰ, ਸਿਆਸੀ ਵਿਭਾਗ, ਬੰਬਈ। | 774 |
| 360. 28 ਮਾਰਚ, 1873 | ਵੱਲ : ਮੁੱਖ ਸਕੱਤਰ, ਬੌਂਬੇ ਸਰਕਾਰ। | 774 |
| 361. 27 ਮਈ, 1873 | ਭਾਰਤ ਸਰਕਾਰ ਦੇ ਵਿੱਤ ਵਿਭਾਗ 'ਚ ਨੰ. 1959, ਮਿਤੀ ਫ਼ੋਰਟ ਵਿਲੀਅਮ ਦੀਆਂ ਕਾਰਵਾਈਆਂ। | 775 |
| 362. 30 ਨਵੰਬਰ, 1872 | ਵੱਲੋਂ : ਮੇਜਰ ਡਬਲਿਊ.ਐੱਸ. ਯੰਗ, ਕਮਾਂਡੈਂਟ, ਚੁਨਾਰ ਅਤੇ ਸਿਆਸੀ ਕੈਦੀਆਂ ਦੇ ਇੰਚਾਰਜ।<br>ਵੱਲ : ਏ. ਸ਼ੇਕਸਪੀਅਰ, ਬਨਾਰਸ ਡਿਵੀਜ਼ਨਾਂ ਦੇ ਕਮਿਸ਼ਨਰ। | 777 |
| 363. 3 ਦਸੰਬਰ, 1872 | ਵੱਲੋਂ : ਮੇਜਰ ਵਾਇ.ਐੱਸ. ਯੰਗ, ਕਮਾਂਡੈਂਟ, ਚੁਨਾਰ ਅਤੇ ਸਿਆਸੀ ਕੈਦੀਆ ਦਾ ਇੰਚਾਰਜ।<br>ਵੱਲ : ਏ. ਸ਼ੇਕਸਪੀਅਰ, ਕਮਿਸ਼ਨਰ ਬਨਾਰਸ ਡਿਵੀਜ਼ਨ। | 778 |
| 364. 9 ਦਸੰਬਰ, 1872 | ਵੱਲੋਂ : ਏ. ਸ਼ੇਕਸਪੀਅਰ, ਕਮਿਸ਼ਨਰ, ਬਨਾਰਸ ਡਿਵੀਜ਼ਨ।<br>ਵੱਲ : ਸੀ.ਏ. ਈਲੀਅਟ, ਸਕੱਤਰ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ। | 781 |
| 365. 26 ਜਨਵਰੀ, 1873 | ਵੱਲ : ਸਕੱਤਰ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ। | 784 |
| 366. 1 ਜਨਵਰੀ, 1874 | ਗਵਰਨਰ ਜਨਰਲ ਦੀ ਦਫ਼ਤਰੀ ਫ਼ਾਈਲ। | 784 |
| 367. 23 ਜਨਵਰੀ, 1874 | ਵੱਲ : ਸਕੱਤਰ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ। | 785 |
| 368. 15 ਸਤੰਬਰ, 1873 | ਵੱਲ : ਪੁਲਿਸ ਦੇ ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ। | 786 |
| 369. 18 ਨਵੰਬਰ, 1873 | ਵੱਲ : ਪੁਲਿਸ ਦੇ ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ। | 786 |
| 370. 8 ਨਵੰਬਰ, 1873 | ਵੱਲੋਂ : ਸਕੱਤਰ, ਪੰਜਾਬ ਸਰਕਾਰ।<br>ਵੱਲ : ਪੰਜਾਬ ਦੇ ਸਾਰੇ ਕਮਿਸ਼ਨਰ। | 787 |
| 371. 31 ਦਸੰਬਰ, 1873 | ਬੌਂਬੇ ਪ੍ਰੈਜ਼ੀਡੈਂਸੀ 'ਚ ਰਹਿ ਰਹੇ, ਸਰਕਾਰੀ ਕੈਦੀਆਂ ਦੀ ਵਾਪਸੀ। | 788 |
| 372. 26 ਜਨਵਰੀ, 1875 | ਵੱਲੋਂ : ਟੀ.ਐੱਚ. ਥੌਰੰਟਨ, ਡੀ.ਸੀ., ਸਕੱਤਰ, ਪੰਜਾਬ ਸਰਕਾਰ।<br>ਵੱਲ : ਏ.ਪੀ. ਹੌਵੇਲ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ, ਕਲਕੱਤਾ। | 789 |

| | | | |
|---|---|---|---|
| 373. | 13 ਫਰਵਰੀ, 1875 | ਵੱਲੋਂ : ਗ੍ਰਹਿ ਵਿਭਾਗ, (ਨਿਆਂਇਕ), ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 790 |
| 374. | 13 ਜਨਵਰੀ, 1875 | ਵੱਲੋਂ : ਗ੍ਰਹਿ ਵਿਭਾਗ, ਨਿਆਂਇਕ। ਵੱਲ : ਸਕੱਤਰ, ਪੰਜਾਬ ਸਰਕਾਰ। | 790 |
| 375. | 2 ਜਨਵਰੀ, 1875 | ਵੱਲੋਂ : ਜੇਲ੍ਹ ਸੁਪਰਇੰਟੈਂਡੈਂਟ, ਅਦਨ। ਵੱਲ : ਪਹਿਲੇ ਸਹਾਇਕ ਸਿਆਸੀ ਰੈਜ਼ੀਡੈਂਟ, ਅਦਨ। | 791 |
| 376. | 9 ਜਨਵਰੀ, 1875 | ਵੱਲੋਂ : ਸਿਆਸੀ ਰੈਜ਼ੀਡੈਂਟ, ਅਦਨ। ਵੱਲ : ਸਕੱਤਰ, ਬੌਂਬੇ ਸਰਕਾਰ, ਸਿਆਸੀ ਵਿਭਾਗ। | 791 |
| 377. | 6 ਫਰਵਰੀ, 1875 | ਵੱਲੋਂ : ਸੀ. ਗੌਨੀ, ਸਕੱਤਰ, ਬੌਂਬੇ ਸਰਕਾਰ। ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 792 |
| 378. | 19 ਫਰਵਰੀ, 1875 | ਵੱਲ : ਸਕੱਤਰ, ਪੰਜਾਬ ਸਰਕਾਰ। | 793 |
| 379. | 1 ਮਾਰਚ, 1875 | ਵੱਲੋਂ : ਟੀ.ਐੱਚ. ਥੌਰੰਟਨ, ਡੀ.ਸੀ.ਆਈ, ਸਕੱਤਰ, ਪੰਜਾਬ ਸਰਕਾਰ। ਵੱਲ : ਏ.ਪੀ. ਹਾਵੇਲ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 793 |
| 380. | 1 ਮਾਰਚ, 1875 | (ਗਵਰਨਰ ਜਨਰਲ ਦਾ ਦਫ਼ਤਰੀ ਨੋਟ) ਪੰਜਾਬ ਸਰਕਾਰ | 794 |
| 381. | 15 ਮਾਰਚ, 1875 | ਵੱਲੋਂ : ਸਕੱਤਰ, ਬੰਗਾਲ ਸਰਕਾਰ, ਨਿਆਂਇਕ ਵਿਭਾਗ। ਵੱਲ : ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 794 |
| 382. | 22 ਮਾਰਚ, 1875 | ਵੱਲ : ਦਿ ਸੌਲੀਸਿਟਰ, ਸਰਕਾਰ। | 795 |
| 383. | 20 ਮਾਰਚ, 1875 | ਵੱਲ : ਸਕੱਤਰ, ਬੌਂਬੇ ਸਰਕਾਰ। | 796 |
| 384 | 23 ਮਾਰਚ, 1875 | ਵੱਲੋਂ : ਚਾਰਲਸ ਸੈਂਡਰਸਨ, ਸਰਕਾਰੀ ਵਕੀਲ। ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 796 |
| 385. | 1 ਅਪ੍ਰੈਲ, 1875 | ਵੱਲੋਂ : ਚਾਰਲਸ ਸੈਂਡਰਸਨ, ਸਰਕਾਰੀ ਵਕੀਲ। ਵੱਲ : ਕਰਨਲ ਬੀ.ਈ. ਬੈਕਨ, ਇੰਚਾਰਜ, ਗ੍ਰਹਿ ਵਿਭਾਗ। | 797 |
| 386. | 24 ਅਪ੍ਰੈਲ, 1875 | ਵੱਲੋਂ : ਪੁਲਿਸ ਕਮਿਸ਼ਨਰ, ਬੰਬਈ। ਵੱਲ : ਸੀ. ਗੌਨੇ, ਸਕੱਤਰ, ਸਿਆਸੀ ਵਿਭਾਗ, ਬੰਬਈ ਸਰਕਾਰ। | 798 |
| 387. | 21 ਮਈ, 1875 | ਵੱਲ : ਜੇਲ੍ਹ ਸੁਪਰਇੰਟੈਂਡੈਂਟ, ਹਜ਼ਾਰੀ ਬਾਗ਼। | 799 |
| 388. | 23 ਅਪ੍ਰੈਲ, 1875 | ਵੱਲੋਂ : ਲੈਫ਼ਟੀਨੈਂਟ ਕਰਨਲ ਐੱਚ.ਟੀ. ਡੰਕਨ, ਕਾਰਜਕਾਰੀ ਸਕੱਤਰ, ਚੀਫ਼ ਕਮਿਸ਼ਨਰ। ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ, ਸ਼ਿਮਲਾ। | 800 |
| 389. | 24 ਅਪ੍ਰੈਲ, 1875 | ਪੁਲਿਸ ਇੰਸਪੈਕਟਰ, ਕਲਕੱਤਾ। | 801 |
| 390. | 30 ਅਪ੍ਰੈਲ, 1875 | ਵਿਦੇਸ਼ ਸਕੱਤਰ, ਸ਼ਿਮਲਾ ਨੂੰ ਸੰਬੋਧਤ ਤਾਰ ਦੀ ਕਾਪੀ। | 803 |
| 391. | 1 ਮਈ, 1875 | ਹਰਨਾਮ ਸਿੰਘ ਦਾ ਬਿਆਨ | 803 |
| 392. | 15 ਮਈ, 1875 | ਵੱਲੋਂ : ਜੇ.ਐੱਚ. ਥੌਰੰਟਨ, ਸਕੱਤਰ, ਪੰਜਾਬ ਸਰਕਾਰ। ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 804 |

| | | |
|---|---|---|
| 393. 2 ਜੁਲਾਈ, 1875 | ਵੱਲੋਂ : ਟੀ.ਐੱਨ. ਥੌਰੰਟਨ, ਡੀ.ਸੀ.ਐੱਲ., ਸਕੱਤਰ, ਪੰਜਾਬ ਸਰਕਾਰ।<br>ਵੱਲ : ਏ.ਪੀ. ਹਾਵੇਲ, ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 805 |
| 394. 19 ਜੁਲਾਈ, 1875 | ਵੱਲ : ਕਾਰਜਕਾਰੀ ਕਮਾਂਡੈਂਟ, ਚੁਨਾਰ। | 805 |
| 395. 9 ਅਕਤੂਬਰ, 1877 | ਵੱਲੋਂ : ਲੀਪਲ ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਏ.ਪੀ. ਹਾਵੇਲ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ। | 806 |
| 396. 23 ਅਕਤੂਬਰ,1877 | ਵੱਲ : ਸਕੱਤਰ, ਬੰਗਾਲ ਸਰਕਾਰ ਸਕੱਤਰ, ਅਵਧ ਸਰਕਾਰ ਚੀਫ਼ ਕਮਿਸ਼ਨਰ, ਸਕੱਤਰ ਪ੍ਰਾਂਤ ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 807 |
| 397. 3 ਮਾਰਚ, 1876 | ਗ੍ਰਹਿ ਵਿਭਾਗ, ਭਾਰਤ। | 807 |
| 398. 8 ਮਾਰਚ, 1876 | ਵੱਲ : ਸਕੱਤਰ, ਪੰਜਾਬ ਸਰਕਾਰ। | 809 |
| 399. 27 ਜੂਨ, 1876 | ਵੱਲੋਂ : ਲੀਪਲ ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਟੀ.ਐੱਚ. ਥੌਰੰਟਨ, ਡੀ.ਸੀ.ਐੱਲ., ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ। | 810 |
| 400. 14 ਜੁਲਾਈ, 1876 | ਵੱਲ : ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ। | 811 |
| 401. 21 ਮਈ, 1875 | ਵੱਲ : ਸੁਪਰਇੰਟੈਂਡੈਂਟ, ਜੇਲ੍ਹਾਂ, ਹਜ਼ਾਰੀ ਬਾਗ਼। | 811 |
| 402. 22 ਜੁਲਾਈ, 1875 | ਵੱਲੋਂ : ਸੁਪਰਇੰਟੈਂਡੈਂਟ, ਯੂਰੋਪੀਅਨ ਸੁਧਾਰ-ਘਰ, ਹਜ਼ਾਰੀ ਬਾਗ਼।<br>ਵੱਲ : ਇੰਸਪੈਕਟਰ ਜਨਰਲ, ਜੇਲ੍ਹਾਂ, ਐੱਲ.ਪੀ., ਅਲੀਪੁਰ। | 812 |
| 403. 4 ਦਸੰਬਰ, 1876 | ਵੱਲੋਂ : ਕਾਰਜਕਾਰੀ ਸਕੱਤਰ, ਬੰਗਾਲ ਸਰਕਾਰ, ਸਿਆਸੀ ਵਿਭਾਗ।<br>ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 813 |
| 404. 5 ਮਈ, 1878 | ਵੱਲੋਂ : ਸਕੱਤਰ, ਬੰਗਾਲ ਸਰਕਾਰ, ਨਿਆਂਇਕ, ਰਾਜਨੀਤਕ ਤੇ ਨਿਯੁਕਤੀ ਵਿਭਾਗ।<br>ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 813 |
| 405. 25 ਜੁਲਾਈ, 1878 | ਵੱਲੋਂ : ਜੇ.ਜੀ. ਕੌਰਡਰੀ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਸੀ. ਬਰਨਾਰਡ, ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 815 |
| 406. 5 ਮਈ, 1878 | ਵੱਲੋ : ਬੰਗਾਲ ਸਰਕਾਰ। | 815 |
| 407. 17 ਜਨਵਰੀ, 1880 | ਵੱਲੋਂ : ਹੋਰੇਸ ਏ. ਕੌਕੇਰੈੱਲ, ਸਕੱਤਰ, ਬੰਗਾਲ ਸਰਕਾਰ, ਨਿਆਂਇਕ, ਰਾਜਨੀਤਕ ਅਤੇ ਨਿਯੁਕਤੀ ਵਿਭਾਗ।<br>ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ, ਮਾਲ ਅਤੇ ਖੇਤੀਬਾੜੀ ਵਿਭਾਗ। | 821 |

| | | |
|---|---|---|
| 408. 20 ਅਗਸਤ, 1879 | ਵੱਲੋਂ : ਇੰਸਪੈਕਟਰ ਜਨਰਲ – ਜੇਲ੍ਹਾਂ, ਬੰਗਾਲ।<br>ਵੱਲ : ਬੰਗਾਲ ਸਰਕਾਰ, ਨਿਆਂ ਵਿਭਾਗ।। | 823 |
| 409. 25 ਮਈ, 1880 | ਵੱਲੋਂ : ਇੰਸਪੈਕਟਰ ਜਨਰਲ, ਜੇਲ੍ਹਾਂ, ਬੰਗਾਲ।<br>ਵੱਲ : ਸਕੱਤਰ, ਬੰਗਾਲ ਸਰਕਾਰ, ਨਿਆਂ ਵਿਭਾਗ। | 824 |
| 410. 12 ਨਵੰਬਰ, 1877 | ਵੱਲੋਂ : ਐੱਲ.ਐੱਚ. ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 825 |
| 411. 2 ਨਵੰਬਰ, 1877 | ਵੱਲ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 826 |
| 412. 28 ਦਸੰਬਰ, 1877 | ਵੱਲੋਂ : ਮੇਜਰ ਸੀ.ਡਬਲਿਊ. ਸਟ੍ਰੀਟ, ਐੱਮਐੱਸਸੀ, ਸਕੱਤਰ, ਮੁੱਖ ਕਮਿਸ਼ਨਰ।<br>ਵੱਲ : ਸਕੱਤਰ, ਭਾਰਤ ਸਰਕਾਰ, ਕਲਕੱਤਾ। | 827 |
| 413. 16 ਜਨਵਰੀ, 1878 | ਗ੍ਰਹਿ ਵਿਭਾਗ (ਨਿਆਂਇਕ)।<br>ਵੱਲ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 828 |
| 414. 2 ਮਾਰਚ, 1878 | ਵੱਲੋਂ : ਆਰ. ਹੋਪ ਪਿਲਸ਼ਰ, ਬੀ.ਸੀ.ਐੱਸ. ਕਾਰਜਕਾਰੀ ਜੂਨੀਅਰ ਸਕੱਤਰ, ਚੀਫ਼ ਕਮਿਸ਼ਨਰ।<br>ਵੱਲ : ਕਮਿਸ਼ਨਰ, ਟੇਨੈਸੇਨਿਨ ਡਿਵੀਜ਼ਨ, ਮੌਲਮੀਨ। | 829 |
| 415. 27 ਮਾਰਚ, 1878 | ਵੱਲੋਂ : ਕਰਨਲ ਆਰ.ਡੀ. ਆਦਰਸ਼, ਕਮਿਸ਼ਨਰ, ਟੇਨੈਸੇਨਿਨ ਡਿਵੀਜ਼ਨ।<br>ਵੱਲ : ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 830 |
| 416. 11 ਅਪ੍ਰੈਲ, 1878 | ਵੱਲ : ਕਮਿਸ਼ਨਰ, ਟੇਨੈਸ. ਡਿਵੀਜ਼ਨ, ਮੌਲਮੀਨ। | 830 |
| 417. 29 ਮਈ, 1878 | ਵੱਲੋਂ : ਆਰ. ਹੋਪ ਪਿਲਸ਼ਰ,ਬੀ.ਸੀ.ਐੱਸ., ਕਾਰਜਕਾਰੀ ਜੂਨੀਅਰ ਸਕੱਤਰ, ਚੀਫ਼ ਕਮਿਸ਼ਨਰ।<br>ਵੱਲ : ਕਮਿਸ਼ਨ, ਟੇਨੈੱਸੇਨਿਨ ਡਿਵੀਜ਼ਨ, ਮੌਲਮੀਨ। | 832 |
| 418. 29 ਮਈ, 1878 | ਵੱਲੋਂ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 833 |
| 419. 6 ਸਤੰਬਰ, 1878 | ਵੱਲੋਂ : ਲੀਪਲ ਗ੍ਰਿਫ਼ਿਨ, ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।<br>ਵੱਲ : ਸੀ.ਬਰਨਾਰਡ, ਸੀ.ਐੱਸ.ਆਈ., ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ। | 836 |
| 420. 29 ਅਕਤੂਬਰ,1878 | ਜੁਡੀਸ਼ੀਅਲ ਬੀ. ਪ੍ਰੋਗਸ. ਅਕਤੂਬਰ 1878 ਨੰ. 386 ਟੈਲੀਗ੍ਰਾਮ ਨੰ. 1471 ਗ੍ਰਹਿ ਵਿਭਾਗ ਨਿਆਇਕ | 837 |
| 421. 31 ਅਕਤੂਬਰ, 1878 | ਨਿਆਂਇਕ ਬੀ ਪ੍ਰੋਗਸ. ਅਕਤੂਬਰ 78 ਨੰ. 318 ਟ੍ਰੈਫ਼ਿਕ ਕੋਡ ਫ਼ਾਰਮ ਸੀ.ਆਈ. | 838 |
| 422. 16 ਜਨਵਰੀ, 1880 | ਵੱਲੋਂ : ਜੀ.ਡੀ. ਹਰਗੈੱਸ, ਸੀ.ਐੱਸ., ਕਾਰਜਕਾਰੀ ਸਕੱਤਰ, ਚੀਫ਼ ਕਮਿਸ਼ਨਰ।<br>ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ, ਮਾਲ ਤੇ ਖੇਤੀਬਾੜੀ ਵਿਭਾਗ। | 839 |
| 423. 29 ਜਨਵਰੀ, 1880 | ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ। | 840 |
| 424. 9 ਫਰਵਰੀ, 1880 | (ਐੱਸ) ਨਿਆਇਕ ਬੀ. ਫ਼ਰਵਰੀ, 1880 ਨੰ. 54 ਨੰ. 140 ਗ੍ਰਹਿ, ਮਾਲ ਤੇ ਖੇਤੀਬਾੜੀ ਵਿਭਾਗ (ਨਿਆਂਇਕ) | 843 |

| | | |
|---|---|---|
| 425. 25 ਫਰਵਰੀ, 1880 | ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ ਵੱਲੋਂ : ਪੰਜਾਬ। | 846 |
| 426. 10 ਮਾਰਚ, 1880 | ਵੱਲ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 848 |
| 427. 8 ਅਕਤੂਬਰ, 1880 | ਵੱਲੋਂ : ਈ.ਐੱਸ. ਸਾਇਮਸ, ਸੀਐੱਸ, ਕਾਰਜਕਾਰੀ ਜੂਨੀਅਰ ਸਕੱਤਰ, ਚੀਫ਼ ਕਮਿਸ਼ਨਰ। ਵੱਲ : ਸਕੱਤਰ, ਭਾਰਤ ਸਰਕਾਰ, ਗ੍ਰਹਿ, ਮਾਲ ਅਤੇ ਖੇਤੀਬਾੜੀ ਵਿਭਾਗ। | 849 |
| 428. 27 ਅਕਤੂਬਰ,1880 | ਵੱਲ : ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ। | 849 |
| 429. 20 ਮਾਰਚ, 1881 | ਮੀਮੋ | 851 |
| 430. 4 ਅਪ੍ਰੈਲ, 1881 | ਵੱਲੋਂ : ਡਬਲਿਉ.ਐੱਮ. ਯੰਗ, ਸਕੱਤਰ, ਪੰਜਾਬ ਸਰਕਾਰ। ਵੱਲ : ਮਾਣਯੋਗ ਸੀ. ਗ੍ਰਾਂਟ ਸੀ.ਐੱਸ., ਸਕੱਤਰ, ਭਾਰਤ ਸਰਕਾਰ, ਗ੍ਰਹਿ, ਮਾਲ ਅਤੇ ਖੇਤੀਬਾੜੀ ਵਿਭਾਗ। | 856 |
| 431. 20 ਮਾਰਚ, 1881 | 1872 ਦੀ ਅਪਰਾਧਕ ਦੰਡ ਸੰਘਤਾ ਕਾਨੂੰਨ ਦੀਆਂ ਧਾਰਾਵਾਂ 504 ਅਤੇ 505 ਅਧੀਨ ਗ੍ਰਿਫ਼ਤਾਰ ਕੀਤੇ ਕੂਕਿਆਂ ਦੀ ਸੂਚੀ। | 857 |
| ਭਾਗ (ਅ) – | ਸਤਿਗੁਰ ਰਾਮ ਸਿੰਘ ਜੀ ਦਾ ਸਿਆਸੀ ਜੀਵਨ। | 861 |
| ਭਾਗ (ੲ) – | ਅੰਤਿਕਾਵਾਂ। | 895 |
| | (i) ਭੈਣੀ ਸਾਹਿਬ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ। | 897 |
| | (ii) ਪੰਜਾਬ ਦਾ ਇਤਿਹਾਸ: ਲੇਖਕ-ਮੁਹੰਮਦ ਲਤੀਫ, ਪੰਨੇ 594-595। | 899 |
| | (iii) ਅਖਬਾਰ- ਏਸ਼ੀਆਨਟਿਕ ਸੁਸਾਇਟੀ ਆਫ ਬੰਗਾਲ, ਭਾਗ 1, ਨੰਬਰ i ਤੋਂ iv | 900 |

# ਪ੍ਰਸਤਾਵਨਾ

ਕੂਕਿਆਂ ਬਾਰੇ ਸਮੱਗਰੀ ਦੇ ਪ੍ਰਕਾਸ਼ਨ ਦਾ ਜ਼ਰੂਰ ਹੀ ਤੀਹਰਾ ਸੁਆਗਤ ਹੋਣਾ ਚਾਹੀਦਾ ਹੈ ਕਿਉਂਕਿ ਕੂਕਾ ਅੰਦੋਲਨ 'ਚ ਨਾ ਸਿਰਫ਼ ਧਾਰਮਿਕ ਇਤਿਹਾਸ ਦੇ ਵਿਦਿਆਰਥੀਆਂ ਦੀ ਵਰਨਣਯੋਗ ਦਿਲਚਸਪੀ ਹੈ – ਸਿੱਖ ਧਰਮ ਦਾ ਕੋਈ ਵੀ ਇਤਿਹਾਸ ਜਾਂ ਵਰਨਣ ਨਾਮਧਾਰੀ ਸੰਪਰਦਾਇ ਦੇ ਯੋਗਦਾਨ ਦਾ ਵਾਜਬ ਮੁਲੰਕਣ ਕਰਨ ਤੋਂ ਬਗ਼ੈਰ ਮੁਕੰਮਲ ਨਹੀਂ ਹੋ ਸਕਦਾ – ਸਗੋਂ ਪੰਜਾਬ ਅਤੇ ਭਾਰਤ 'ਚ ਬ੍ਰਿਟਿਸ਼ ਹਕੂਮਤ ਵਿਰੁੱਧ ਵਿੱਢੇ ਗਏ ਆਜ਼ਾਦੀ ਦੇ ਅੰਦੋਲਨ ਦਾ ਇਤਿਹਾਸ ਪੜ੍ਹਨ ਵਾਲਿਆਂ ਦੀ ਵੀ ਇਸ 'ਚ ਓਨੀ ਹੀ ਦਿਲਚਸਪੀ ਹੁੰਦੀ ਹੈ। ਕੂਕੇ ਜਾਂ ਨਾਮਧਾਰੀ ਇੱਕ ਨਿੱਕਾ ਜਿਹਾ ਸੰਪਰਦਾਇ ਹੈ ਪਰ ਉਨ੍ਹਾਂ ਦਾ ਯੋਗਦਾਨ ਉਨ੍ਹਾਂ ਦੀ ਗਿਣਤੀ ਤੋਂ ਕਿਤੇ ਜ਼ਿਆਦਾ ਮੰਨਿਆ ਜਾਣਾ ਚਾਹੀਦਾ ਹੈ। ਇਹ ਤਰਸਯੋਗ ਹਾਲਤ ਹੀ ਹੈ ਕਿ ਉਨ੍ਹਾਂ ਦੇ ਆਗੂਆਂ ਨੇ ਉਹ ਯੋਗਦਾਨ ਹੋਰਨਾਂ ਲੋਕਾਂ ਸਾਹਮਣੇ ਤੱਥਾਂ ਸਮੇਤ ਪੇਸ਼ ਕਰਨ ਲਈ ਬਹੁਤ ਘੱਟ ਉੱਦਮ ਕੀਤੇ ਹਨ ਅਤੇ ਇਹ ਇੱਕ ਨਿੰਦਾਯੋਗ ਤੇ ਦੁਖਾਂਤਕ ਤੱਥ ਵੀ ਹੈ ਕਿ ਕੂਕਿਆਂ ਦੇ ਯੋਗਦਾਨ ਨੂੰ ਬ੍ਰਿਟਿਸ਼ ਭਾਰਤੀ ਇਤਿਹਾਸ ਦੇ ਲੇਖਕਾਂ ਨੇ ਅੱਖੋਂ ਪ੍ਰੋਖੇ ਕੀਤਾ ਹੈ। ਪਿਛਲੇ ਕੁਝ ਸਮੇਂ ਤੱਕ ਵੀ ਉਸ ਕਾਲ ਦਾ ਇਤਿਹਾਸ ਲਿਖਣ 'ਤੇ ਜ਼ਿਆਦਾਤਰ ਜਾਂ ਤਾਂ ਬ੍ਰਿਟਿਸ਼ ਇਤਿਹਾਸਕਾਰਾਂ ਦਾ ਹੀ ਕਬਜ਼ਾ ਰਿਹਾ ਹੈ ਤੇ ਜਾਂ ਇਸ ਨੂੰ ਉਨ੍ਹਾਂ ਦੇ ਇਸ਼ਾਰਿਆਂ 'ਤੇ ਹੀ ਲਿਖਿਆ ਜਾਂਦਾ ਰਿਹਾ ਹੈ – ਅਜਿਹਾ ਕਰਨ ਪਿੱਛੇ ਉਨ੍ਹਾਂ ਦੇ ਆਪਣੇ ਕਾਰਣ ਸਨ। ਪਰ ਜਿਵੇਂ ਕਿ ਪਹਿਲਾਂ ਵੀ ਆਖਿਆ ਜਾ ਚੁੱਕਾ ਹੈ ਕਿ ਅਜਿਹੇ ਦੋਸ਼ ਦੀ ਕੁਝ ਜ਼ਿੰਮੇਵਾਰੀ ਨਾਮਧਾਰੀਆਂ ਨੂੰ ਆਪਣੇ ਖ਼ੁਦ 'ਤੇ ਵੀ ਲੈਣੀ ਹੋਵੇਗੀ। ਮੈਂ ਅਕਸਰ ਉਨ੍ਹਾਂ ਨੂੰ ਇਹ ਸ਼ਿਕਾਇਤ ਕਰਦਿਆਂ ਸੁਣਿਆ ਹੈ ਕਿ ਇਤਿਹਾਸਕਾਰਾਂ ਨੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਹੈ ਪਰ ਕਦੇ ਉਹ ਇਹ ਵੀ ਆਖਦੇ ਹਨ – ''ਭਾਈ ਪਰਮਾਨੰਦ ਪਹਿਲੇ ਤੇ ਇਕਲੌਤੇ ਅਜਿਹੇ ਲੇਖਕ ਸਨ, ਜਿਨ੍ਹਾਂ ਨੇ ਅਜਿਹਾ ਨਹੀਂ ਕੀਤਾ ਸੀ।'' ਇਸ ਸਭ ਦਾ ਸਿਹਰਾ ਭਾਈ ਪਰਮਾਨੰਦ ਅਤੇ ਉਨ੍ਹਾਂ ਹੋਰਨਾਂ ਸਿਰ ਬੱਝਦਾ ਹੈ, ਜਿਨ੍ਹਾਂ ਨੇ ਸੱਚ ਆਖਣ ਦੀ ਹਿੰਮਤ ਕੀਤੀ – ਪਰ ਸਾਨੂੰ ਇੰਝ ਵੀ ਜਾਪਦਾ ਹੈ ਕਿ ਨਾਮਧਾਰੀ ਦੋਸਤਾਂ ਨੂੰ ਇਤਿਹਾਸ ਲੇਖਣੀ ਪ੍ਰਤੀ ਗਿਲਾ ਪ੍ਰਗਟਾਉਣ ਦੇ ਨਾਲ-ਨਾਲ ਇਸ ਦਿਸ਼ਾ 'ਚ ਆਪ ਵੀ ਉੱਦਮ ਕਰਨੇ ਚਾਹੀਦੇ ਸਨ।

ਇਸ ਦੇਸ਼ ਦੀ ਇਨਕਲਾਬੀ ਲਹਿਰ ਦੇ *ਆਦਰਸ਼ ਪਰਵਾਨੇ* ਭਗਤ ਸਿੰਘ ਨੇ ਨਿਸ਼ਚਿਤ ਤੌਰ 'ਤੇ ਕੂਕਿਆਂ ਨਾਲ ਸੰਬੰਧਤ ਘਟਨਾਵਾਂ ਦਾ ਮਹੱਤਵ ਵਰਨਣਯੋਗ ਹੱਦ

ਤੱਕ ਵਧਾਇਆ—ਸੰਭਵ ਹੈ ਕਿ ਉਨ੍ਹਾਂ ਨੂੰ ਇਨ੍ਹਾਂ ਘਟਨਾਵਾਂ ਬਾਰੇ ਜਾਣਕਾਰੀ ਆਪਣੇ ਦਾਦਾ ਤੇ ਆਪਣੇ ਭਰਾਵਾਂ ਅਰਜਨ ਸਿੰਘ ਅਤੇ ਸੁਰਜਨ ਸਿੰਘ ਤੋਂ ਮਿਲੀ ਹੋਵੇ। ਖ਼ੈਰ, ਉਨ੍ਹਾਂ ਨੂੰ ਇਤਿਹਾਸ ਦੇ ਨਜ਼ਰਅੰਦਾਜ਼ ਕੀਤੇ ਇਸ ਅਧਿਆਇ ਬਾਰੇ ਜਾਣਕਾਰੀ ਭਾਵੇਂ ਕਿਤੋਂ ਵੀ ਮਿਲੀ ਹੋਵੇ, ਇਸ ਮਾਮਲੇ ਦਾ ਅਹਿਮ ਪੱਖ ਇਹ ਹੈ ਕਿ ਭਗਤ ਸਿੰਘ ਨੂੰ ਉਨ੍ਹਾਂ 'ਚੋਂ ਪ੍ਰੇਰਣਾ ਸਰੋਤ ਮਿਲਿਆ, ਇਸੇ ਲਈ ਉਨ੍ਹਾਂ ਨੇ ਖ਼ੁਦ ਮਲੇਰਕੋਟਲਾ ਦੀ ਪਰੇਡ ਗ੍ਰਾਊਂਡ 'ਚ ਲੋਕਾਂ ਦੇ ਵੱਡੇ ਇਕੱਠ ਸਾਹਮਣੇ 50 ਕੂਕਿਆਂ ਨੂੰ ਤੋਪਾਂ ਦੇ ਮੂੰਹ ਅੱਗੇ ਖੜ੍ਹੇ ਕਰ ਕੇ ਉਡਾ ਦੇਣ ਦੀ ਵਹਿਸ਼ੀਆਨਾ ਘਟਨਾ ਬਾਰੇ ਲਿਖਿਆ। 17 ਜਨਵਰੀ, 1872 ਨੂੰ ਪਰੇਡ ਗ੍ਰਾਊਂਡ 'ਚ ਵਾਪਰੀ ਵੱਡੀ ਅੰਤਿਮ ਘਟਨਾ ਉਸ ਵੇਲੇ ਵਾਪਰੀ ਸੀ, ਜਦੋਂ ਕੁਝ ਕੂਕਿਆਂ ਦੀ ਆਖ਼ਰੀ ਟੁਕੜੀ ਤੋਪਾਂ ਨਾਲ ਉਡਾਉਣ ਤੋਂ ਰਹਿੰਦੀ ਸੀ; ਉਨ੍ਹਾਂ ਵਿੱਚੋਂ ਇੱਕ ਕੂਕਾ ਕੈਦੀ ਨੇ ਅੰਗਰੇਜ਼ ਅਧਿਕਾਰੀ ਕਾਵਨ ਉਤੇ ਹਮਲਾ ਕਰ ਦਿੱਤਾ ਸੀ ਤੇ ਉਸ ਦੀ ਦਾੜ੍ਹੀ ਬਹੁਤ ਬੁਰੀ ਤਰ੍ਹਾਂ ਖਿੱਚ ਦਿੱਤੀ ਸੀ। ਤਦ ਬਹੁਤ ਸਾਰੇ ਲੋਕ ਉਸ ਹਮਲਾਵਰ 'ਤੇ ਟੁੱਟ ਪਏ ਸਨ ਤੇ ਮੌਕੇ 'ਤੇ ਹੀ ਉਸ ਦੇ ਟੋਟੇ-ਟੋਟੇ ਕਰ ਦਿੱਤੇ ਸਨ। ਕਾਵਨ ਉਹੀ ਅਧਿਕਾਰੀ ਸੀ, ਜਿਸ ਨੇ ਉਥੇ ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਦਿੱਤਾ ਸੀ। ਉਸ ਉਤੇ ਹਮਲਾ ਸਿੱਧੇ ਤੌਰ 'ਤੇ ਬ੍ਰਿਟਿਸ਼ ਅਥਾਰਟੀ ਦੀ ਉਲੰਘਣਾ ਸੀ ਤੇ ਹਾਕਮਾਂ ਨੇ ਅਜਿਹੀਆਂ ਵਾਰਦਾਤਾਂ ਖ਼ਿਲਾਫ਼ ਕਾਰਵਾਈ ਕਰਨੀ ਹੀ ਸੀ।

ਠੰਢਾ ਮੁਲੰਕਣ ਕਰਨ ਵਾਲਾ ਇਤਿਹਾਸਕਾਰ ਸ਼ਾਇਦ ਭਗਤ ਸਿੰਘ ਦੇ ਪੱਖ ਜਾਂ ਉਨ੍ਹਾਂ ਦੇ ਫ਼ੈਸਲੇ ਨੂੰ ਪ੍ਰਵਾਨ ਨਾ ਕਰੇ ਪਰ ਇਹ ਉਨ੍ਹਾਂ ਨੂੰ ਬਹੁਤ ਰੋਮਾਂਟਿਕ ਵਿਖਾਈ ਦੇ ਸਕਦੇ ਹਨ। ਉਨ੍ਹਾਂ ਦੇ ਪੱਧਰ ਦਾ ਕੋਈ ਵੀ ਇਤਿਹਾਸਕਾਰ ਕੂਕਿਆਂ ਨਾਲ ਸੰਬੰਧਤ ਗਤੀਸ਼ੀਲ ਸੰਭਾਵਨਾਵਾਂ ਵਾਲੀਆਂ ਘਟਨਾਵਾਂ ਨੂੰ ਕਦੇ ਅੱਖੋਂ ਪ੍ਰੋਖੇ ਨਹੀਂ ਕਰ ਸਕਦਾ ਸੀ ਅਤੇ ਇਨ੍ਹਾਂ ਕਰਕੇ ਹੀ ਇਸ ਮਹਾਨ ਇਨਕਲਾਬੀ ਸ਼ਖ਼ਸੀਅਤ ਲਈ ਪ੍ਰੇਰਨਾ ਸਰੋਤ ਬਣੀਆਂ – ਉਂਝ ਵੀ ਇਨ੍ਹਾਂ ਦਾ ਨੋਟਿਸ ਲੈਣ ਪਿੱਛੇ ਵੱਡਾ ਤੇ ਵਾਜਬ ਕਾਰਣ ਸੀ।

ਭਾਵੇਂ ਮੌਜੂਦਾ ਸੰਸਕਰਣ ਦੇ ਦਸਤਾਵੇਜ਼ਾਂ ਵਿੱਚ ਮੁੱਖ ਘਟਨਾਵਾਂ ਨੂੰ ਕਵਰ ਕਰ ਲਿਆ ਗਿਆ ਸੀ, ਫਿਰ ਵੀ ਮੈਂ ਘਟਨਾਵਾਂ ਦੇ ਮੌਜੂਦਾ ਸੰਗ੍ਰਹਿ ਨੂੰ ਉਨ੍ਹਾਂ ਦੇ ਕਾਲ-ਕ੍ਰਮ ਅਨੁਸਾਰ ਪੜ੍ਹਨਾ ਬਿਹਤਰ ਸਮਝਿਆ ਕਿਉਂਕਿ ਇੰਝ ਬ੍ਰਿਟਿਸ਼ ਹਾਕਮਾਂ ਦੇ ਸਤਿਗੁਰੂ ਰਾਮ ਸਿੰਘ ਜੀ ਅਤੇ ਕੂਕਿਆਂ ਪ੍ਰਤੀ ਰਵੱਈਏ ਦੇ ਉਤਾਰ-ਚੜ੍ਹਾਅ ਅਤੇ ਵੱਖੋ-ਵੱਖਰੇ ਪੜਾਅ ਜਾਹਿਰ ਹੋਏ। ਇਹ ਹਾਕਮ ਪਹਿਲਾਂ-ਪਹਿਲ ਤਾਂ ਭੰਬਲ਼ਭੂਸੇ 'ਚ ਹੀ ਪਏ ਰਹੇ ਤੇ ਉਨ੍ਹਾਂ ਨੂੰ ਇਹ ਪਤਾ ਹੀ ਨਾ ਲੱਗ ਸਕਿਆ ਕਿ ਕੀ ਬਾਬਾ ਜੀ ਸ਼ੁੱਧ ਧਾਰਮਿਕ ਸੁਧਾਰਕ ਹਨ ਕਿ ਜਾਂ ਉਨ੍ਹਾਂ ਦੀ ਕੋਈ ਸਿਆਸੀ ਸਰਪ੍ਰਸਤੀ ਅਤੇ ਕੋਈ ਸਿਆਸੀ ਮੰਤਵ ਹਨ। ਇਹ ਏਜੰਟਾਂ, ਜਾਸੂਸਾਂ ਅਤੇ ਹੋਰ ਫੁਟਕਲ ਸਰੋਤਾਂ ਦੀਆਂ ਗੁਪਤ ਪੁਲਿਸ ਰਿਪੋਰਟਾਂ ਤੇ ਹੋਰ ਵਿਸਤ੍ਰਿਤ ਰਿਪੋਰਟਾਂ ਹਨ। ਪੰਜਾਬ ਦੇ ਅਧਿਕਾਰੀਆਂ ਨੇ ਆਪਣੇ ਸੀਨੀਅਰ ਅਧਿਕਾਰੀਆਂ ਦੀ ਸਲਾਹ ਨਾਲ ਇਹੋ ਫ਼ੈਸਲਾ ਲਿਆ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਲੈਫ਼ਟੀਨੈਂਟਾਂ 'ਤੇ ਨੇੜਿਓਂ ਨਜ਼ਰ

ਰੱਖੀ ਜਾਵੇ ਤੇ ਉਨ੍ਹਾਂ ਵਿਰੁੱਧ ਕੋਈ ਸਖ਼ਤ ਕਾਰਵਾਈ ਨਾ ਕੀਤੀ ਜਾਵੇ। ਫਿਰ ਉਨ੍ਹਾਂ ਨੇ ਗੁਰੂ ਜੀ ਨੂੰ ਕੁਝ ਸਮਾਂ ਘਰ ਅੰਦਰ ਹੀ ਨਜ਼ਰਬੰਦ ਰੱਖਣ ਦਾ ਫ਼ੈਸਲਾ ਲਿਆ – ਤੇ ਫਿਰ ਉਸ ਸਖ਼ਤੀ 'ਚ ਢਿੱਲ ਵੀ ਦੇ ਦਿੱਤੀ – ਉਸ ਤੋਂ ਬਾਅਦ ਇੱਕ ਵਾਰ ਫਿਰ ਪਹਿਲਾਂ ਨਾਲੋਂ ਵੀ ਜ਼ਿਆਦਾ ਸਖ਼ਤ ਪਾਬੰਦੀਆਂ ਲਾਗੂ ਕਰ ਦਿੱਤੀਆਂ। ਇਸ ਮਾਮਲੇ ਦਾ ਇੱਕ ਬੇਹੱਦ ਦਿਲਚਸਪ ਪੱਖ ਇਹ ਵੀ ਹੈ ਕਿ ਉੱਚ ਅਧਿਕਾਰੀਆਂ ਵੱਲੋਂ ਹਰ ਤਰ੍ਹਾਂ ਦੀ ਜਾਂਚ ਕਰ ਲਏ ਜਾਣ ਤੇ ਉਨ੍ਹਾਂ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਵੀ ਜਦੋਂ ਇੱਕ ਆਮ ਰੇਲਵੇ ਕਰਮਚਾਰੀ ਜਦੋਂ ਕਿਸੇ ਸੁਣੀ-ਸੁਣਾਈ ਗੱਲ ਦੇ ਆਧਾਰ 'ਤੇ ਕੋਈ ਚਿੱਠੀ ਭੇਜ ਦਿੰਦਾ ਹੈ, ਤਾਂ ਉਸ ਦਾ ਖ਼ਾਸ ਨੋਟਿਸ ਗਵਰਨਰ-ਜਨਰਲ ਵੱਲੋਂ ਖ਼ੁਦ ਤੇ ਹੋਰਨਾਂ ਅਧਿਕਾਰੀਆਂ ਤੱਕ ਵੱਲੋਂ ਲਿਆ ਜਾਂਦਾ ਹੈ (ਦਸਤਾਵੇਜ਼ ਨੰ. XXIV ਤੇ XXVIII)। (ਰੇਲ ਕਰਮਚਾਰੀ ਦੀ ਰਿਪੋਰਟ ਇੱਕ ਅਜਿਹਾ ਦਸਤਾਵੇਜ਼ ਹੈ, ਜਿਸ ਨੂੰ ਮੈਂ ਪਹਿਲਾਂ ਕਦੇ ਨਹੀਂ ਵੇਖਿਆ ਸੀ)। ਸਤਿਗੁਰੂ ਰਾਮ ਸਿੰਘ ਜੀ ਦੇ ਘਟਦੇ ਪ੍ਰਭਾਵ ਦੀਆਂ ਰਿਪੋਰਟਾਂ ਤੋਂ ਕੁਝ ਰਾਹਤ ਮਹਿਸੂਸ ਕੀਤੀ ਜਾਂਦੀ ਹੈ; ਇੰਝ ਹਰ ਸਮੇਂ ਬਹੁਤ ਬਾਰੀਕੀ ਨਾਲ ਨੇੜਿਓਂ ਨਜ਼ਰ ਰੱਖੀ ਜਾਂਦੀ ਹੈ। ਫਿਰ ਕਸ਼ਮੀਰ 'ਚ ਇੱਕ ਕੂਕਾ ਰੈਜਿਮੈਂਟ ਅਤੇ ਕਾਠਮੰਡੂ 'ਚ ਕੂਕਾ ਗਤੀਵਿਧੀ ਦੀਆਂ ਰਿਪੋਰਟਾਂ ਆਉਂਦੀਆਂ ਹਨ। ਇਨ੍ਹਾਂ ਤੋਂ ਕੂਕਾ ਗੁਰੂ ਜੀ ਦੇ ਸਿਆਸੀ ਮੰਤਵ ਹੋਣ ਦੇ ਸਪੱਸ਼ਟ ਸੰਕੇਤ ਮਿਲ ਗਏ ਸਨ ਪਰ ਫਿਰ ਵੀ ਇਹ ਵੱਡਾ ਸੁਆਲ ਖੜ੍ਹਾ ਹੋ ਗਿਆ ਸੀ ਕਿ ਕੀ ਕਸ਼ਮੀਰ ਤੇ ਨੇਪਾਲ ਦੇ ਹਾਕਮ ਜਾਣ-ਬੁੱਝ ਕੇ ਬ੍ਰਿਟਿਸ਼-ਵਿਰੋਧੀ ਤੱਤਾਂ ਦੀ ਮਦਦ ਕਰ ਰਹੇ ਸਨ। ਬੁੱਚੜਖਾਨੇ ਵਿਰੁੱਧ ਰੋਸ ਮੁਜ਼ਾਹਰਿਆਂ ਕਾਰਣ ਅਸਲ ਨਿਸ਼ਾਨੇ – ਕਸਾਈਆਂ ਦੇ ਕਤਲ ਹੋਏ ਸਨ; ਇਸ ਦੇ ਬਾਵਜੂਦ ਹਾਕਮਾਂ ਨੇ ਕਸਾਈਆਂ ਵਿਰੁੱਧ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਨਹੀਂ ਕੀਤੀ, ਸਗੋਂ ਹੋਰ ਬੁੱਚੜਖਾਨਿਆਂ ਨੂੰ ਵੱਡੇ ਪੱਧਰ ਉਤੇ ਉਭਾਰਿਆ ਗਿਆ ਅਤੇ ਕਸਾਈਆਂ ਦੇ ਕਤਲ ਸਿੱਧੇ ਤੌਰ ਉਤੇ ਹਾਕਮਾਂ ਨੂੰ ਚੁਣੌਤੀ ਸਮਝੇ ਗਏ।

ਭਾਗ I ਦੇ ਦਸਤਾਵੇਜ਼ ਸਾਨੂੰ 1871 ਦੇ ਆਖ਼ਰੀ ਮਹੀਨਿਆਂ ਦੀਆਂ ਘਟਨਾਵਾਂ ਦੀ ਦਾਸਤਾਨ ਬਿਆਨ ਕਰਦੇ ਹਨ। ਅਗਲੇ ਸਾਲ ਦੇ ਅਰੰਭ 'ਚ ਟਕਰਾਅ ਹੋਰ ਵੀ ਖੁੱਲ੍ਹ ਕੇ ਸਾਹਮਣੇ ਆਉਣ ਲੱਗੇ, ਜੋ ਵਧੇਰੇ ਹਿੰਸਕ ਵੀ ਹੋ ਗਏ – ਉਨ੍ਹਾਂ ਕਰਕੇ ਹੀ ਮਲੇਰਕੋਟਲਾ 'ਚ ਵੱਡੇ ਪੱਧਰ 'ਤੇ ਕੂਕਿਆਂ ਦਾ 'ਸਰਕਾਰੀ' ਕਤਲੇਆਮ ਹੋਇਆ, ਗੁਰੂ ਜੀ ਨੂੰ ਦੇਸ਼-ਨਿਕਾਲ਼ਾ ਦੇ ਕੇ ਰੰਗੂਨ ਤੇ ਹੋਰਨਾਂ ਪ੍ਰਮੁੱਖ ਕੂਕਾ ਆਗੂਆਂ ਨੂੰ ਮੌਲਮੀਨ ਜਾਂ ਅਦਨ ਭੇਜ ਦਿੱਤਾ ਗਿਆ।

ਹੁਣ ਤੱਕ ਜਿਹੜੇ ਵੀ ਕੂਕਾ ਦਸਤਾਵੇਜ਼ ਅਸੀਂ ਵੇਖੇ ਹਨ, ਉਹ ਪੰਜਾਬ ਸਰਕਾਰ ਨੇ 'ਚੋਣਵੇਂ ਦਸਤਾਵੇਜ਼' ਦੇ ਨਾਂਅ ਹੇਠ ਜਾਰੀ ਕੀਤੇ ਸਨ ਤੇ ਜਾਂ ਉਹ ਦਸਤਾਵੇਜ਼ ਹਨ, ਜਿਹੜੇ ਮਲੇਰਕੋਟਲਾ ਦੇ ਸਰਕਾਰੀ ਕਤਲੇਆਮ ਪਿੱਛੋਂ ਲੰਦਨ ਸਥਿਤ ਇੰਗਲੈਂਡ ਦੀ ਸੰਸਦ ਵੱਲੋਂ ਜਾਰੀ ਕੀਤੇ ਗਏ ਸਨ। ਇਸ ਹਥਲੇ ਸੰਸਕਰਣ ਵਿੱਚ ਬਹੁਤ ਸਾਰੇ ਅਜਿਹੇ ਅਹਿਮ ਦਸਤਾਵੇਜ਼ ਮੌਜੂਦ ਹਨ, ਜਿਹੜੇ ਉਨ੍ਹਾਂ ਸੰਸਕਰਣਾਂ 'ਚ ਮੌਜੂਦ ਨਹੀਂ ਸਨ। ਇੱਥੋਂ ਤੱਕ ਕਿ ਕਈ ਪ੍ਰਸਿੱਧ ਮੁੱਖ ਘਟਨਾਵਾਂ ਨਾਲ ਸੰਬੰਧਤ ਵੀ ਅਜਿਹੇ

ਦਸਤਾਵੇਜ਼ ਹਨ, ਜਿਨ੍ਹਾਂ ਤੋਂ ਕਈ ਤਰ੍ਹਾਂ ਦੀ ਦਿਲਚਸਪ ਜਾਣਕਾਰੀ ਮਿਲਦੀ ਹੈ।

ਇਸ ਦੇ ਜ਼ਿਆਦਾਤਰ ਦਸਤਾਵੇਜ਼ ਭਾਰਤ ਦੇ ਰਾਸ਼ਟਰੀ ਆਰਕਾਈਵਜ਼ ਤੋਂ ਹੀ ਲਏ ਗਏ ਹਨ ਪਰ ਮੈਂ ਸਮਝਦਾ ਹਾਂ ਕਿ ਇੱਥੇ ਪਹਿਲਾਂ ਪੇਸ਼ ਕੀਤੇ ਗਏ ਕੁਝ ਦਸਤਾਵੇਜ਼ ਹੁਣ ਭਾਰਤੀ ਆਰਕਾਈਵਜ਼ 'ਚ ਮੌਜੂਦ ਨਹੀਂ ਹਨ – ਜਿਵੇਂ ਕਿ ਲਾਹੌਰ ਸਥਿਤ ਅਨਾਰਕਲੀ ਮਕਬਰੇ ਨਾਲ ਸੰਬੰਧਤ ਕਾਗਜ਼ਾਤ।

ਦਸਤਾਵੇਜ਼ਾਂ ਦਾ ਇਹ ਮੌਜੂਦਾ ਸੰਗ੍ਰਹਿ ਨਿਸ਼ਚਿਤ ਤੌਰ 'ਤੇ ਉਤਸੁਕ ਖੋਜੀ ਪਾਠਕਾਂ ਨੂੰ ਹੋਰ ਵਧੇਰੇ ਜਾਣਕਾਰੀ ਦੇਵੇਗਾ।

ਸ. ਨਾਹਰ ਸਿੰਘ ਮੇਰੇ ਪੁਰਾਣੇ ਦੋਸਤ ਹਨ। ਮੈਂ ਜਦੋਂ ਵੀ ਕਦੇ ਉਨ੍ਹਾਂ ਬਾਰੇ ਸੋਚਦਾ ਹਾਂ, ਤਾਂ ਮੈਨੂੰ ਸਹਿਜੇ ਹੀ 'ਨੈਸ਼ਨਲ ਆਰਕਾਈਵਜ਼' ਵੀ ਚੇਤੇ ਆ ਜਾਂਦਾ ਹੈ ਕਿਉਂਕਿ ਮੈਨੂੰ ਪਤਾ ਹੈ ਕਿ ਉਹ ਆਪਣਾ ਜ਼ਿਆਦਾਤਰ ਸਮਾਂ ਉਥੇ ਹੀ ਬਿਤਾਉਂਦੇ ਰਹੇ ਹਨ – ਉਹ ਅਜਿਹਾ ਆਪਣੀ ਕਿਸੇ ਨੌਕਰੀ ਕਰਨ ਲਈ ਕਿਸੇ ਵੱਲੋਂ ਦਿੱਤੇ ਕੰਮ ਜਾਂ ਪੀ-ਐੱਚ.ਡੀ. ਦੇ ਥੀਸਿਸ ਲਈ ਨਹੀਂ ਕਰਦੇ ਸਨ, ਸਗੋਂ ਉਨ੍ਹਾਂ ਨੂੰ ਉਥੇ ਜਾ ਕੇ ਜਾਣਕਾਰੀ ਇਕੱਤਰ ਕਰਨਾ ਚੰਗਾ ਲੱਗਦਾ ਸੀ ਤੇ ਖ਼ੁਸ਼ੀ ਮਹਿਸੂਸ ਹੁੰਦੀ ਸੀ। ਜਦੋਂ ਵੀ ਕਦੇ ਅਸੀਂ ਮਿਲਣਾ, ਤਾਂ ਉਨ੍ਹਾਂ ਨੇ ਮੈਨੂੰ ਆਰਕਾਈਵਜ਼ ਤੋਂ ਮਿਲੀ ਕੋਈ ਨਵੀਂ ਦਿਲਚਸਪ ਜਾਣਕਾਰੀ ਸਾਂਝੀ ਕਰਨੀ। ਆਜ਼ਾਦੀ ਅੰਦੋਲਨ ਨਾਲ ਸੰਬੰਧਤ ਸਮੱਗਰੀਆਂ ਬਾਰੇ ਬਣੀ ਇੱਕ ਕਮੇਟੀ 'ਚ ਅਸੀਂ ਇੱਕ-ਦੂਜੇ ਦੇ ਸਹਿਯੋਗੀ ਵੀ ਰਹੇ ਹਾਂ ਤੇ ਉਨ੍ਹਾਂ ਨੇ ਉਸ ਵਿਸ਼ੇ 'ਚ ਆਪਣੀ ਦਿਲਚਸਪੀ ਕਾਇਮ ਕਰ ਕੇ ਰੱਖੀ।

**ਫ਼ਿਰੋਜ਼ ਚੰਦ**

**ਨੋਟ:** ਇਸ ਹਥਲੇ ਸੰਸਕਰਣ 'ਚ 1881 ਤੱਕ ਦੇ ਬ੍ਰਿਟਿਸ਼ ਹਕੂਮਤ ਵਿਰੋਧੀ ਕੂਕਾ ਅੰਦੋਲਨ ਦੇ ਦਸਤਾਵੇਜ਼ ਤੇ ਹੋਰ ਲਿਖਤਾਂ ਮੌਜੂਦ ਹਨ।

**ਨਾਹਰ ਸਿੰਘ**

# ਦੋ ਸ਼ਬਦ

ਭਾਰਤ ਦੀ ਆਜ਼ਾਦੀ ਲਈ ਅੰਗਰੇਜ਼ ਹਾਕਮਾਂ ਵਿਰੁੱਧ ਪੰਜਾਬ 'ਚ 19ਵੀਂ ਸਦੀ ਦੇ ਲਗਭਗ ਅੱਧ ਦੌਰਾਨ ਸਭ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਸੰਘਰਸ਼ ਵਿੱਢਿਆ ਸੀ। ਹਜਰੋਂ ਦੇ ਗੁਰੂ ਬਾਲਕ ਸਿੰਘ ਜੀ ਵੱਲੋਂ ਵਿੱਢੀ ਮੁਹਿੰਮ ਨੂੰ ਇੱਕ ਵਿਸ਼ਾਲ ਕੂਕਾ ਅੰਦੋਲਨ 'ਚ ਤਬਦੀਲ ਕਰਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਹੀ ਸਨ। ਇਸ ਸਭ ਦੇ ਬਾਵਜੂਦ ਸਮੁੱਚੀ ਕੂਕਾ ਭਾਵ ਨਾਮਧਾਰੀ ਲਹਿਰ ਨੂੰ ਹੁਣ ਤੱਕ ਕਈ ਸਿਆਸੀ ਤੇ ਹੋਰ ਅਨੇਕ ਧਾਰਮਿਕ ਤੇ ਸਭਿਆਚਾਰਕ ਕਾਰਨਾਂ ਕਰਕੇ ਉਸ ਹੱਦ ਤੱਕ ਉਭਾਰਿਆ ਨਹੀਂ ਗਿਆ, ਜਿੰਨਾ ਇਸ ਦਾ ਯੋਗਦਾਨ ਹੈ। ਅਜਿਹਾ ਜਾਣ-ਬੁੱਝ ਕੇ ਕੀਤਾ ਗਿਆ ਕਿ ਜਾਂ ਸੁਤੇ-ਸਿੱਧ ਹੋ ਗਿਆ, ਇਹ ਵੱਖਰੀ ਜਾਂਚ ਦਾ ਵਿਸ਼ਾ ਹੈ। ਫਿਰ ਵੀ ਖੋਜੀ ਰੁਚੀ ਵਾਲੇ ਵਿਦਿਆਰਥੀਆਂ, ਲੇਖਕਾਂ, ਪੱਤਰਕਾਰਾਂ, ਬੁਧੀਜੀਵੀਆਂ, ਪਾਠਕਾਂ ਤੇ ਆਮ ਲੋਕਾਂ 'ਚ ਸਦਾ 1857 ਦੇ ਗ਼ਦਰ ਅਤੇ ਉਸ ਤੋਂ ਬਾਅਦ ਦੇ ਪੰਜਾਬ ਦੇ ਹਾਲਾਤ ਇੰਨ-ਬਿੰਨ ਜਾਣਨ ਦੀ ਉਤਸੁਕਤਾ ਸਦਾ ਬਣੀ ਰਹੀ ਹੈ। ਸਤਿਗੁਰੂ ਰਾਮ ਸਿੰਘ ਜੀ ਉਨ੍ਹਾਂ ਹੀ ਸਮਿਆਂ 'ਚ ਸਰਗਰਮ ਰਹੇ ਸਨ। ਉਨ੍ਹਾਂ ਕਦੇ ਵੀ ਸਿੱਧੇ ਤੌਰ 'ਤੇ ਆਪਣੇ ਪੈਰੋਕਾਰਾਂ ਨੂੰ ਹਿੰਸਕ ਗਤੀਵਿਧੀਆਂ 'ਚ ਸ਼ਾਮਲ ਹੋਣ ਲਈ ਪ੍ਰੇਰਿਤ ਨਹੀਂ ਕੀਤਾ। ਉਨ੍ਹਾਂ ਦੀ ਭਾਸ਼ਣ ਕਲਾ ਤੇ ਸ਼ੈਲੀ ਦਰਸ਼ਕਾਂ ਨੂੰ ਟੁੰਬ ਲੈਂਦੀ ਸੀ ਤੇ ਸਭ ਨੂੰ ਦੇਸ਼ ਲਈ ਕੁਝ ਹਟ ਕੇ ਸੋਚਣ ਲਈ ਮਜਬੂਰ ਕਰਦੀ ਸੀ। ਮਹਾਰਾਜਾ ਰਣਜੀਤ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖ ਕੌਮ ਦੇ ਪ੍ਰਮੁੱਖ ਆਗੂਆਂ ਵਿੱਚ ਵੱਡਾ ਨਿਘਾਰ ਵੇਖਿਆ। ਇਸੇ ਲਈ ਉਨ੍ਹਾਂ ਜਿੱਥੇ ਆਪਣੀ ਕੌਮ 'ਚ ਸੁਧਾਰ ਲਿਆਉਣ ਦਾ ਸੰਕਲਪ ਲਿਆ, ਉੱਥੇ ਉਨ੍ਹਾਂ ਉਦੋਂ ਦੇ ਵਿਸ਼ਾਲ ਪੰਜਾਬ ਦੇ ਵੱਖੋ-ਵੱਖਰੇ ਇਲਾਕਿਆਂ 'ਚ ਤਾਇਨਾਤ ਆਪਣੇ ਸੂਬਿਆਂ ਦੀ ਮਦਦ ਨਾਲ ਸਿੱਧੇ ਤੇ ਅਸਿੱਧੇ ਤੌਰ 'ਤੇ ਦੇਸ਼ ਸੇਵਾ ਦਾ ਕਾਰਜ ਵੀ ਵਿੱਢਿਆ ਸੀ।

ਇਸ ਪੁਸਤਕ 'ਚ ਉਸ ਵੇਲੇ ਦੀ ਬ੍ਰਿਟਿਸ਼ ਸਰਕਾਰ ਦੇ ਉਹ ਸਾਰੇ ਅਹਿਮ ਦਸਤਾਵੇਜ਼ ਮੌਜੂਦ ਹਨ, ਜੋ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਕੂਕਾ ਅੰਦੋਲਨ ਨੇ ਗੋਰਿਆਂ ਦੇ ਨੱਕ 'ਚ ਦਮ ਕਰ ਕੇ ਰੱਖਿਆ ਹੋਇਆ ਸੀ। ਉਨ੍ਹਾਂ ਨੂੰ ਵਾਰ-ਵਾਰ ਚਿੱਠੀਆਂ ਲਿਖ ਕੇ ਪ੍ਰਸ਼ਾਸਨ ਨੂੰ ਕੂਕਿਆਂ ਦੀਆਂ ਗਤੀਵਿਧੀਆਂ 'ਤੇ ਚੌਕਸ ਨਜ਼ਰ ਰੱਖਣ ਲਈ ਨਿੱਤ ਨਵੀਂਆਂ ਹਦਾਇਤਾਂ ਜਾਰੀ ਕਰਨੀਆਂ ਪੈਂਦੀਆਂ ਸਨ। ਉਦੋਂ ਦੇ ਪੁਲਿਸ ਅਧਿਕਾਰੀਆਂ, ਡਿਪਟੀ ਕਮਿਸ਼ਨਰਾਂ, ਕਮਿਸ਼ਨਰਾਂ, ਬ੍ਰਿਟਿਸ਼ ਬਰਮਾ ਦੇ

ਚੀਫ਼ ਕਮਿਸ਼ਨਰ ਤੋਂ ਲੈ ਕੇ ਗਵਰਨਰ ਜਨਰਲ ਤੇ ਵਾਇਸਰਾਏ ਤੱਕ ਦੇ ਪੱਤਰ, ਕੂਕਾ ਲਹਿਰ ਦੇ ਹੱਕ 'ਚ ਤੇ ਉਸ ਦੇ ਖ਼ਿਲਾਫ਼ ਗਵਾਹੀਆਂ ਨਾਲ ਸੰਬੰਧਤ ਸਾਰੇ ਦਸਤਾਵੇਜ਼ ਇਸ ਪੁਸਤਕ ਦਾ ਸ਼ਿੰਗਾਰ ਬਣੇ ਹਨ। ਇਸ ਪੁਸਤਕ 'ਚ ਸੰਕਲਨਕਰਤਾਵਾਂ ਤੇ ਲੇਖਕਾਂ ਭਾਈ ਨਾਹਰ ਸਿੰਘ ਅਤੇ ਭਾਈ ਕ੍ਰਿਪਾਲ ਸਿੰਘ ਨੇ ਆਪਣੇ ਵੱਲੋਂ ਬਹੁਤ ਘੱਟ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਨੇ ਸਾਰੇ ਦਸਤਾਵੇਜ਼ ਪੇਸ਼ ਕਰਦਿਆਂ ਬਹੁਤਾ ਫ਼ੈਸਲਾ ਪਾਠਕਾਂ 'ਤੇ ਹੀ ਛੱਡਿਆ ਹੈ ਕਿਉਂਕਿ ਉਹ ਕਾਗਜ਼ਾਤ ਆਪਣੀ ਕਹਾਣੀ ਆਪੇ ਬਿਆਨ ਕਰਦੇ ਹਨ। ਸਤਿਗੁਰੂ ਰਾਮ ਸਿੰਘ ਜੀ, ਉਨ੍ਹਾਂ ਦੇ ਸੂਬਾ ਪ੍ਰਸ਼ਾਸਨ ਦੀ ਜੀਵਨ-ਕਹਾਣੀ ਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਮਨੋਦਸ਼ਾ ਇਨ੍ਹਾਂ ਸਰਕਾਰੀ ਦਸਤਾਵੇਜ਼ਾਂ ਦੇ ਸਹਾਰੇ ਹੀ ਅੱਗੇ ਵਧਦੀ ਚਲੀ ਜਾਂਦੀ ਹੈ। ਇੱਕ ਦਸਤਾਵੇਜ਼ ਪੜ੍ਹਨ ਤੋਂ ਬਾਅਦ ਪਾਠਕ 'ਚ ਆਪਣੇ-ਆਪ ਅਗਲੀ ਹਦਾਇਤ ਜਾਂ ਪੱਤਰ ਨੂੰ ਪੜ੍ਹਨ ਦੀ ਤਾਂਘ ਉਪਜਦੀ ਹੈ।

ਇਹ ਪੁਸਤਕ ਬਹੁਤ ਦਿਲਚਸਪ ਢੰਗ ਨਾਲ ਉਸ ਸਮੇਂ ਦੇ ਭਾਰਤੀਆਂ, ਖ਼ਾਸ ਕਰਕੇ ਪੰਜਾਬੀਆਂ ਨੂੰ ਦਰਪੇਸ਼ ਔਕੜਾਂ ਤੇ ਅਨੇਕ ਹੋਰ ਦੁਸ਼ਵਾਰੀਆਂ ਦਾ ਵਰਨਣ ਪੂਰੀ ਸ਼ਿੱਦਤ ਨਾਲ ਕਰਦੀ ਹੈ। ਇੰਝ ਇਹ 1857 ਦੇ ਗ਼ਦਰ ਤੋਂ ਲੈ ਕੇ 1881 ਤੱਕ ਦਾ ਬਹੁਤ ਹੀ ਪੁਖ਼ਤਾ ਵਰਨਣ ਹੈ। ਨਾਮਧਾਰੀ ਲਹਿਰ ਨਾਲ ਸੰਬੰਧਤ ਇਤਿਹਾਸਕ ਤੱਤਾਂ ਨਾਲ ਭਰਪੂਰ ਅਜਿਹੀ ਹੋਰ ਕੋਈ ਵੀ ਕਿਤਾਬ ਹਾਲੇ ਤੱਕ ਪੰਜਾਬੀ ਭਾਸ਼ਾ 'ਚ ਮੌਜੂਦ ਨਹੀਂ, ਜੋ ਉਸ ਵੇਲੇ ਦੇ ਹਾਲਾਤ ਦਾ ਇੰਨੀ ਸ਼ਿੱਦਤ ਨਾਲ ਬਿਆਨ ਕਰਦੀ ਹੋਵੇ। ਇੰਝ ਇਹ ਪੁਸਤਕ ਸਮੁੱਚੇ ਪੰਜਾਬ ਲਈ ਇੱਕ ਇਤਿਹਾਸਕ ਦਸਤਾਵੇਜ਼ ਵਜੋਂ ਸਥਾਪਤ ਹੋਣ ਦਾ ਦਮ ਰੱਖਦੀ ਹੈ। ਇਸ ਲਹਿਰ ਨਾਲ ਸੰਬੰਧਤ ਖੋਜੀ ਵਿਦਵਾਨਾਂ ਨੂੰ ਅਜਿਹੀ ਪੁਸਤਕ ਦੀ ਡਾਢੀ ਲੋੜ ਸੀ।

ਉਸ ਵੇਲੇ ਦੇ ਪ੍ਰਸ਼ਾਸਨਿਕ ਕਾਇਦੇ-ਕਾਨੂੰਨਾਂ ਤੋਂ ਵੀ ਇਹ ਦਸਤਾਵੇਜ਼ੀ ਸੰਕਲਨ ਪੂਰੀ ਤਰ੍ਹਾਂ ਜਾਣੂ ਕਰਵਾਉਂਦਾ ਹੈ। ਇਹ ਪੁਸਤਕ ਇਹ ਵੀ ਦਰਸਾਉਂਦੀ ਹੈ ਕਿ ਤਦ ਸਿਵਲ ਤੇ ਪੁਲਿਸ ਦੇ ਪ੍ਰਸ਼ਾਸਨਿਕ ਅਧਿਕਾਰੀ ਆਪਣੇ ਉੱਚ ਅਧਿਕਾਰੀਆਂ ਤੇ ਸਰਕਾਰ ਤੱਕ ਪੂਰੀ ਈਮਾਨਦਾਰੀ ਨਾਲ ਵਿਸਥਾਰਪੂਰਵਕ ਰਿਪੋਰਟਿੰਗ ਕਰਦੇ ਸਨ। ਅੱਜ-ਕੱਲ੍ਹ ਵਾਂਗ ਝੂਠੀਆਂ, ਇੱਕ-ਪਾਸੜ ਤੇ ਪੱਖਪਾਤੀ ਰਿਪੋਰਟਾਂ ਨਾਲ ਉਦੋਂ ਬੁੱਤਾ ਨਹੀਂ ਸਾਰਿਆ ਜਾਂਦਾ ਸੀ। ਕੂਕਿਆਂ ਦੀਆਂ ਸਾਰੀਆਂ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਹੀ ਉੱਚ ਅਧਿਕਾਰੀ ਕੋਈ ਬਣਦਾ ਯੋਗ ਫ਼ੈਸਲਾ ਲੈਂਦੇ ਸਨ।

ਕੂਕਾ ਲਹਿਰ ਦਾ ਸਭ ਤੋਂ ਦੁਖਦਾਈ, ਜਜ਼ਬਾਤੀ ਅਤੇ ਬਹੁ-ਚਰਚਿਤ ਕਾਂਡ ਮਲੇਰਕੋਟਲਾ ਦਾ ਸਾਕਾ ਹੈ, ਜਿੱਥੇ 17 ਜਨਵਰੀ, 1872 ਨੂੰ ਮਲੇਰਕੋਟਲਾ 'ਚ 49 ਅਤੇ ਉਸ ਤੋਂ ਅਗਲੇ ਦਿਨ 16 ਹੋਰ ਕੂਕਿਆਂ (ਕੁੱਲ 65 ਨਾਮਧਾਰੀਆਂ) ਨੂੰ ਤੋਪਾਂ ਸਾਹਮਣੇ ਖੜਾ ਕਰਕੇ ਸ਼ਹੀਦ ਕਰ ਦਿੱਤਾ ਗਿਆ ਸੀ। ਰੋਹ 'ਚ ਆਏ ਇੱਕ ਹੋਰ ਕੂਕੇ ਨੇ ਜਦੋਂ ਅਚਾਨਕ ਕਾਵਨ 'ਤੇ ਹਮਲਾ ਕਰ ਦਿੱਤਾ ਸੀ, ਉਸ ਨੂੰ ਮਲੇਰਕੋਟਲਾ

ਰਿਆਸਤ ਦੇ ਫ਼ੌਜੀ ਜਵਾਨਾਂ ਨੇ ਆਪਣੀਆਂ ਤਲਵਾਰਾਂ ਨਾਲ ਟੋਟੇ-ਟੋਟੇ ਕਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ; ਉਹ ਰੜ੍ਹ ਦਾ ਬਹਾਦਰ ਬੀਰ ਬੱਚਾ ਬਿਸ਼ਨ ਸਿੰਘ ਸੀ। ਇਸ ਮਾਮਲੇ ਦਾ ਇੱਕ ਸੰਗੀਨ ਪੱਖ ਇਹ ਸੀ ਕਿ ਇਨ੍ਹਾਂ ਨਾਮਧਾਰੀਆਂ ਦੀ ਕੋਈ ਸੁਣਵਾਈ ਨਹੀਂ ਕੀਤੀ ਗਈ ਸੀ।

ਇਨ੍ਹਾਂ ਸ਼ਹਾਦਤਾਂ ਦਾ ਜਿੰਨਾ ਤੱਥਾਤਮਕ, ਗੁਣਾਤਮਕ ਤੇ ਸਬੂਤਾਂ 'ਤੇ ਆਧਾਰਤ ਬਿਆਨ ਇਸ ਪੁਸਤਕ 'ਚ ਕੀਤਾ ਗਿਆ ਹੈ, ਓਨਾ ਹੋਰ ਕਿਤੇ ਵੀ ਨਹੀਂ ਮਿਲਦਾ। ਦਰਅਸਲ, ਇਹ ਵਰਨਣ ਲੁਧਿਆਣਾ ਦੇ ਤਤਕਾਲੀਨ ਡਿਪਟੀ ਕਮਿਸ਼ਨਰ ਕਾਵਨ ਤੇ ਅੰਬਾਲਾ ਡਿਵੀਜ਼ਨ ਦੇ ਉਦੋਂ ਦੇ ਕਮਿਸ਼ਨਰ ਟੀ.ਡੀ. ਫਾਰਸਿਥ ਦੀਆਂ ਲੰਮੇਰੀਆਂ ਚਿੱਠੀਆਂ-ਪੱਤਰੀਆਂ ਉੱਤੇ ਆਧਾਰਤ ਹੈ। ਇਨ੍ਹਾਂ ਚਿੱਠੀਆਂ ਤੋਂ ਗੋਰੇ ਅਧਿਕਾਰੀਆਂ ਦੀਆਂ ਚਾਲਾਂ ਸਪੱਸ਼ਟ ਸਮਝ ਆਉਂਦੀਆਂ ਹਨ ਕਿ ਉਹ ਕਿਵੇਂ ਇਨ੍ਹਾਂ ਦੋਵੇਂ ਸਾਥੀ ਬ੍ਰਿਟਿਸ਼ ਅਫ਼ਸਰਾਂ ਨੂੰ ਬੇਹੱਦ ਸਫ਼ਾਈ ਨਾਲ ਬਚਾਉਂਦੇ ਹਨ। ਉਂਝ ਭਾਵੇਂ ਬਾਅਦ 'ਚ ਕਾਵਨ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ ਕਿਉਂਕਿ ਇੰਗਲੈਂਡ ਦੀ ਸੰਸਦ 'ਚ ਵਿਰੋਧੀ ਧਿਰ ਦੇ ਮੈਂਬਰ ਪਾਰਲੀਮੈਂਟ ਨੇ ਇਹ ਮੁੱਦਾ ਡਾਢਾ ਉਛਾਲ਼ ਦਿੱਤਾ ਸੀ ਪਰ ਉਸ ਦੀ 300 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਵੀ ਲਾ ਦਿੱਤੀ ਸੀ, ਜੋ ਕਿ ਉਸ ਵੇਲੇ ਮੁਤਾਬਕ ਇੱਕ ਵੱਡੀ ਰਕਮ ਸੀ ਤੇ ਉਸ ਨਾਲ ਕੋਈ ਵੀ ਮੱਧ ਵਰਗ ਤੋਂ ਕਿਤੇ ਜ਼ਿਆਦਾ ਵਧੀਆ ਤਰੀਕੇ ਨਾਲ ਆਪਣਾ ਜੀਵਨ ਬਤੀਤ ਕਰ ਸਕਦਾ ਸੀ। ਫਾਰਸਿਥ ਦਾ ਤਬਾਦਲਾ ਪੰਜਾਬ ਤੋਂ ਅਵਧ ਦੇ ਕਿਸੇ ਸਟੇਸ਼ਨ 'ਤੇ ਕਰ ਦਿੱਤਾ ਗਿਆ ਸੀ ਤੇ ਨਾਲ ਹੀ ਉਸ ਨੂੰ ਭਵਿੱਖ 'ਚ ਕੋਈ ਕਾਨੂੰਨੀ ਜਨ-ਸੁਣਵਾਈ ਕਰਨ ਤੋਂ ਪੂਰੀ ਤਰ੍ਹਾਂ ਵਰਜ ਦਿੱਤਾ ਗਿਆ ਸੀ। ਕਾਵਨ ਨੇ ਆਪਣੀ ਸਜ਼ਾ-ਮੁਆਫ਼ੀ ਲਈ ਵੀ ਅਪੀਲ ਕੀਤੀ ਸੀ ਤੇ ਉਸ ਵਿੱਚ ਇਹ ਦਲੀਲ ਦਿੱਤੀ ਸੀ ਕਿ ਬਾਗ਼ੀਆਂ ਨੂੰ ਮੌਤ ਦੇ ਘਾਟ ਉਤਾਰਨਾ ਇਕ ਮਾਣਮੱਤਾ ਕਦਮ ਸੀ ਤੇ ਉਸ ਨੇ ਅਜਿਹਾ ਜਾਣਬੁੱਝ ਕੇ ਕੀਤਾ ਸੀ। ਇਸ ਦੇ ਬਾਵਜੂਦ ਬ੍ਰਿਟਿਸ਼ ਸਰਕਾਰ ਵੱਲੋਂ ਉਸ ਵਿਰੁੱਧ ਕੋਈ ਵੀ ਸਖ਼ਤ ਦੰਡਾਤਮਕ ਕਾਰਵਾਈ ਨਹੀਂ ਕੀਤੀ ਗਈ ਸੀ।

ਇਸ ਪੁਸਤਕ 'ਚ ਮੌਜੂਦ ਸਰਕਾਰੀ ਰਿਕਾਰਡ ਉਸ ਵੇਲੇ ਦੇ ਪੰਜਾਬ ਦੇ ਸਮਾਜਕ, ਸਿਆਸੀ, ਸਭਿਆਚਾਰਕ, ਧਾਰਮਿਕ ਹਾਲਾਤ ਨੂੰ ਬਾਖ਼ੂਬੀ ਬਿਆਨ ਕਰਦੇ ਹਨ। ਇਨ੍ਹਾਂ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ 19ਵੀਂ ਸਦੀ ਦੌਰਾਨ ਪੰਜਾਬ 'ਚ ਅੰਗਰੇਜ਼ ਹਾਕਮਾਂ ਵਿਰੁੱਧ ਕਦੇ ਕੋਈ ਇੱਕਜੁਟ ਮੋਰਚਾ ਲੱਗ ਹੀ ਨਾ ਸਕਿਆ। ਪੰਜਾਬ 'ਚ ਨਾਮਧਾਰੀ ਸਿੱਖਾਂ ਦਾ ਸਾਥ ਮੁੱਖ-ਧਾਰਾ ਦੇ ਬਾਕੀ ਸਿੱਖਾਂ ਨੇ ਕਦੇ ਨਾ ਦਿੱਤਾ। ਇਸੇ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਅਣਥੱਕ ਜਤਨਾਂ ਨੂੰ ਵੀ ਲੋੜੀਂਦਾ ਬੂਰ ਨਾ ਪੈ ਸਕਿਆ। ਜੇ ਕਿਤੇ ਉਦੋਂ 1942 ਦੇ 'ਭਾਰਤ ਛੱਡੋ ਅੰਦੋਲਨ' ਵਾਂਗ ਸੰਗਠਨਾਤਮਕ ਤੇ ਭਾਈਚਾਰਕ ਏਕਤਾ ਹੋਈ ਹੁੰਦੀ, ਤਾਂ ਸਾਡਾ ਦੇਸ਼ ਸ਼ਾਇਦ 70-80 ਵਰ੍ਹੇ ਪਹਿਲਾਂ ਹੀ ਆਜ਼ਾਦ ਹੋ ਜਾਣਾ ਸੀ। ਇਹ ਸਾਰੇ ਤੱਥ ਗੋਰੇ ਤੇ ਭਾਰਤੀ ਅਫ਼ਸਰ ਆਪਣੇ ਉੱਚ ਅਧਿਕਾਰੀਆਂ ਨਾਲ ਲਿਖਤੀ ਤੌਰ 'ਤੇ ਅਕਸਰ ਸਾਂਝੇ ਕਰਦੇ

ਰਹਿੰਦੇ ਸਨ। ਫਿਰ ਇਨ੍ਹਾਂ ਤੱਥਾਂ ਦੇ ਆਧਾਰ 'ਤੇ ਹੀ ਪੰਜਾਬ ਲਈ ਉੱਚ-ਪੱਧਰੀ ਨੀਤੀਆਂ ਦੇਸ਼-ਵਿਦੇਸ਼ 'ਚ ਉਲੀਕੀਆਂ ਜਾਂਦੀਆਂ ਸਨ।

ਇਹ ਪੁਸਤਕ ਉਸ ਜੜ੍ਹ ਕਾਰਣ ਨੂੰ ਵੀ ਬਿਆਨ ਕਰਦੀ ਹੈ, ਜਿਸ ਕਰਕੇ ਮਲੇਰਕੋਟਲਾ ਦਾ ਦੁਖਦਾਈ ਕੂਕਾ ਸਾਕਾ ਵਾਪਰਿਆ ਸੀ। ਦਰਅਸਲ, ਗੋਰੇ ਹਾਕਮਾਂ ਨੇ ਅੰਮ੍ਰਿਤਸਰ ਸਮੇਤ ਸਮੁੱਚੇ ਪੰਜਾਬ ਦੇ ਬੁੱਚੜਖਾਨਿਆਂ 'ਚ ਗਊ-ਮਾਸ ਦੀ ਖੁੱਲ੍ਹੀ ਵਿਕਰੀ ਦੀ ਪ੍ਰਵਾਨਗੀ ਦਿੱਤੀ ਸੀ। ਨਾਮਧਾਰੀ ਪੈਰੋਕਾਰ ਗਊ-ਹੱਤਿਆ ਦਾ ਬਹੁਤ ਬੁਰਾ ਮਨਾਉਂਦੇ ਹਨ। ਉਸ ਨਾਲ ਭੜਕਾਹਟ ਪੈਦਾ ਹੋਣੀ ਸ਼ੁਰੂ ਹੋਈ। ਸਾਲ 1871 'ਚ ਪਹਿਲਾਂ ਅੰਮ੍ਰਿਤਸਰ ਤੇ ਉਸ ਤੋਂ ਬਾਅਦ ਰਾਏਕੋਟ 'ਚ ਕੁਝ ਕਸਾਈਆਂ ਦੇ ਕਤਲ ਹੋਏ; ਜਿਸ ਲਈ ਜ਼ਿੰਮੇਵਾਰ ਕੂਕਿਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਉਨ੍ਹਾਂ ਫਾਂਸੀਆਂ ਤੋਂ ਰੋਹ 'ਚ ਆਏ ਕੁਝ ਕੂਕਿਆਂ ਨੇ ਬਗ਼ਾਵਤ ਕਰ ਕੇ ਪਹਿਲਾਂ ਮਲੌਦ ਤੇ ਫਿਰ ਮਲੇਰਕੋਟਲਾ 'ਚ ਕੁਝ ਲੋਕਾਂ ਦਾ ਕਤਲ ਕਰ ਦਿੱਤਾ ਪਰ ਬਾਗ਼ੀ ਨਾਮਧਾਰੀਆਂ ਦੇ ਉਸ ਟੋਲੇ ਨੂੰ ਆਪਣੀ ਇੱਛਾ ਮੁਤਾਬਕ ਸਫ਼ਲਤਾ ਨਾ ਮਿਲ ਸਕੀ। ਉਸ ਤੋਂ ਬਾਅਦ ਦੇ ਇਤਿਹਾਸ ਤੋਂ ਅੱਜ ਬੱਚਾ-ਬੱਚਾ ਜਾਣੂ ਹੈ।

ਨਾਮਧਾਰੀ ਸੰਪਰਦਾਇ ਦੇ ਰਹਿਨੁਮਾ – ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਵੇਰਵੇ ਵੀ ਉਦੋਂ ਦੇ ਸਰਕਾਰੀ ਰਿਕਾਰਡਾਂ 'ਚ ਭਰਪੂਰ ਮਾਤਰਾ ਵਿੱਚ ਮਿਲਦੇ ਹਨ; ਉਹ ਸਭ ਵੀ ਇੰਨ-ਬਿੰਨ ਇਸ ਪੁਸਤਕ 'ਚ ਦਿੱਤੇ ਗਏ ਹਨ। ਇਹ ਪੁਸਤਕ ਪੁਖ਼ਤਾ ਸਰਕਾਰੀ ਰਿਕਾਰਡਾਂ ਦੇ ਆਧਾਰ 'ਤੇ ਦੱਸਦੀ ਹੈ ਕਿ ਭਾਵੇਂ ਅੰਗਰੇਜ਼ ਹਕੂਮਤ ਕੋਲ ਗੁਰੂ ਜੀ ਖ਼ਿਲਾਫ਼ ਕੋਈ ਵੀ ਠੋਸ ਸਬੂਤ ਮੌਜੂਦ ਨਹੀਂ ਸੀ, ਫਿਰ ਵੀ ਉਨ੍ਹਾਂ ਨੂੰ ਪੰਜਾਬ ਤੋਂ ਪਹਿਲਾਂ ਅਲਾਹਾਬਾਦ ਤੇ ਫਿਰ ਬ੍ਰਿਟਿਸ਼ ਬਰਮਾ 'ਚ ਦੇਸ਼ ਨਿਕਾਲਾ ਦੇ ਕੇ ਭੇਜ ਦਿੱਤਾ ਗਿਆ। ਇਹ ਦਸਤਾਵੇਜ਼ ਸਪੱਸ਼ਟ ਕਰਦੇ ਹਨ ਕਿ ਉਸ ਵੇਲੇ ਦੇ ਹਾਕਮ ਤਦ ਕਿਵੇਂ ਦੋਚਿੱਤੀ 'ਚ ਫਸ ਗਏ ਸਨ ਕਿ ਕੀ ਸਤਿਗੁਰੂ ਰਾਮ ਸਿੰਘ ਜੀ ਖ਼ਿਲਾਫ਼ ਅਦਾਲਤ 'ਚ ਕੋਈ ਸੁਣਵਾਈ ਕੀਤੀ ਜਾਵੇ ਕਿ ਨਾ ਅਤੇ ਜਾਂ ਉਨ੍ਹਾਂ ਨੂੰ ਸਿਆਸੀ ਕੈਦੀ ਬਣਾ ਕੇ ਲੰਮਾ ਸਮਾਂ ਹਿਰਾਸਤ 'ਚ ਹੀ ਰੱਖਿਆ ਜਾਵੇ। ਇਸ ਵਿਸ਼ੇ 'ਤੇ ਅਧਿਕਾਰੀਆਂ ਵਿਚਾਲੇ ਚਿੱਠੀ-ਪੱਤਰੀਆਂ ਰਾਹੀਂ ਹੀ ਲੰਮੇਰੇ ਵਿਚਾਰ-ਵਟਾਂਦਰੇ ਮਿਲਦੇ ਹਨ।

ਇਹ ਪੁਸਤਕ ਦੱਸਦੀ ਹੈ ਕਿ ਗੁਰੂ ਜੀ 20 ਸਾਲ ਦੀ ਉਮਰ 'ਚ ਹੀ ਸਿੱਖ ਰੈਜਿਮੈਂਟ 'ਚ ਭਰਤੀ ਹੋ ਗਏ ਸਨ ਪਰ ਇਹ ਨੌਕਰੀ ਉਨ੍ਹਾਂ ਨੂੰ ਬਹੁਤਾ ਚਿਰ ਬੰਨ੍ਹ ਕੇ ਨਾ ਰੱਖ ਸਕੀ ਕਿਉਂਕਿ ਕੁਦਰਤ ਨੇ ਤਾਂ ਉਨ੍ਹਾਂ ਜ਼ਿੰਮੇ ਕੁਝ ਵੱਡਾ ਕਾਰਜ ਲਾਇਆ ਹੋਇਆ ਸੀ। ਉਸ ਵੇਲੇ ਗੋਰਿਆਂ ਦੀ ਹਕੂਮਤ ਨੇ ਹਥਿਆਰ, ਖ਼ਾਸ ਕਰਕੇ ਕਿਰਪਾਨ ਆਪਣੇ ਨਾਲ ਲੈ ਕੇ ਚੱਲਣ ਦੀ ਪਾਬੰਦੀ ਲਾਈ ਹੋਈ ਸੀ, ਇਸੇ ਲਈ ਗੁਰੂ ਜੀ ਨੇ ਆਪਣੇ ਪੈਰੋਕਾਰਾਂ ਨੂੰ ਸਦਾ ਮਜ਼ਬੂਤ ਡਾਂਗਾਂ ਅਤੇ ਟਕੂਏ (ਕੁਹਾੜੀ) ਨਾਲ ਲੈਸ ਹੋ ਕੇ ਰਹਿਣ ਲਈ ਕਿਹਾ। ਉਨ੍ਹਾਂ ਆਪਣੇ ਸਾਰੇ ਪੈਰੋਕਾਰਾਂ ਨੂੰ ਰਾਤ ਸਮੇਂ ਫ਼ੌਜੀ ਤਕਨੀਕ ਵੀ ਸਿਖਾਈ ਤੇ ਅਨੇਕ ਜੰਗਜੂ ਦਾਅ-ਪੇਚ ਵੀ ਦੱਸੇ

। ਇਸ ਦੇ ਨਾਲ ਹੀ ਉਨ੍ਹਾਂ ਲਈ ਨਾਮ-ਸਿਮਰਨ ਅਤੇ ਗੁਰਬਾਣੀ ਪਾਠ ਕਰਨਾ ਵੀ ਲਾਜ਼ਮੀ ਬਣਾਇਆ।

ਇਹ ਦਸਤਾਵੇਜ਼ ਕਿਉਂਕਿ ਜ਼ਿਆਦਾਤਰ ਉਸ ਵੇਲੇ ਦੀ ਬ੍ਰਿਟਿਸ਼ ਸਰਕਾਰ ਦੇ ਗੋਰੇ ਅਤੇ ਹੋਰ ਭਾਰਤੀ ਅਧਿਕਾਰੀਆਂ ਦੀਆਂ ਚਿੱਠੀਆਂ-ਪੱਤਰੀਆਂ ਉੱਤੇ ਹੀ ਆਧਾਰਤ ਹਨ, ਇਸੇ ਲਈ ਇਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਧਾਰਮਿਕ ਜੀਵਨ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੇ ਵਿਸਤ੍ਰਿਤ ਝਲਕਾਰੇ ਬਹੁਤਾਤ ਵਿਚ ਨਹੀਂ ਮਿਲਦੇ। ਜੋ ਕੁਝ ਵੀ ਇਸ ਪੁਸਤਕ 'ਚ ਦਰਜ ਹੈ, ਉਹ ਤਤਕਾਲੀਨ ਸਰਕਾਰੀ ਦ੍ਰਿਸ਼ਟੀਕੋਣ 'ਤੇ ਆਧਾਰਤ ਹੈ। ਇਸ ਦੇ ਬਾਵਜੂਦ ਖੋਜੀ ਵਿਦਵਾਨਾਂ ਨੂੰ ਅਗਲੇਰੇ ਪੱਧਰ ਦੀਆਂ ਖੋਜਾਂ ਲਈ ਇਸ ਪੁਸਤਕ 'ਚੋਂ ਯਕੀਨੀ ਤੌਰ 'ਤੇ ਭਰਪੂਰ ਮਦਦ ਮਿਲੇਗੀ। ਜੇ ਭਵਿੱਖ 'ਚ ਕਦੇ ਕੋਈ ਨਾਮਧਾਰੀ ਯੂਨੀਵਰਸਿਟੀ ਜਾਂ ਖੋਜ ਕੇਂਦਰ ਕਾਇਮ ਹੋਇਆ, ਤਾਂ ਇਹ ਪੁਸਤਕ ਉੱਥੇ ਹੋਣ ਵਾਲੀਆਂ ਅਥਾਹ ਖੋਜਾਂ ਲਈ ਮੁੱਖ ਅਤੇ ਬੁਨਿਆਦੀ ਹਵਾਲਾ ਸਰੋਤ ਗ੍ਰੰਥ ਸਿੱਧ ਹੋਵੇਗੀ।

ਇੰਝ ਜਿਹੜੇ ਸਰਕਾਰੀ ਤੱਥਾਤਮਕ ਰਿਕਾਰਡ ਇਸ ਪੁਸਤਕ 'ਚ ਪੇਸ਼ ਕੀਤੇ ਗਏ ਹਨ; ਉਹ ਪੰਜਾਬੀ ਭਾਸ਼ਾ ਦੀ ਪੁਸਤਕ ਰੂਪ 'ਚ ਹੋਰ ਕਿਤੇ ਉਪਲਬਧ ਨਹੀਂ ਹਨ। ਇਸ ਲਈ ਇਹ ਪੁਸਤਕ ਨਿਸ਼ਚਿਤ ਤੌਰ 'ਤੇ ਪੰਜਾਬ ਦੇ ਸਿਆਸੀ ਮੰਚਾਂ ਲਈ ਹੀ ਨਹੀਂ, ਸਗੋਂ ਧਾਰਮਿਕ, ਸਭਿਆਚਾਰਕ ਤੇ ਸਮਾਜਕ ਖੇਤਰਾਂ ਦੇ ਨਾਲ-ਨਾਲ ਪੰਜਾਬੀ ਸਾਹਿਤ ਲਈ ਵੀ ਗਿਣਾਤਮਕ ਅਤੇ ਗੁਣਾਤਮਕ ਵਾਧਾ ਹੋਵੇ ਗੀ। ਇੱਥੇ ਇਹ ਕਹਿਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਇਸ ਵਡਮੁੱਲੀ ਪੁਸਤਕ ਦਾ ਪੰਜਾਬੀ ਤਰਜਮਾ ਬਹੁਤ ਪਹਿਲਾਂ ਹੋ ਜਾਣਾ ਚਾਹੀਦਾ ਸੀ ਪਰ ਜਿਵੇਂ ਅਸੀਂ ਅਰੰਭ 'ਚ ਹੀ ਆਖਿਆ ਹੈ ਕਿ ਕੁਝ ਕਾਰਣਾਂ ਕਰਕੇ ਕੂਕਾ ਲਹਿਰ ਨੂੰ ਪੰਜਾਬ 'ਚ ਉਹ ਇਤਿਹਾਸਕ ਮਾਣ-ਤਾਣ ਨਹੀਂ ਮਿਲਿਆ, ਜਿਸ ਦੇ ਇਸ ਅੰਦੋਲਨ ਦੇ ਸਮੂਹ ਸ਼ਹੀਦ ਹੱਕਦਾਰ ਸਨ।

ਇਸ ਪੁਸਤਕ ਦਾ ਪੰਜਾਬੀ ਤਰਜਮਾ ਕਰਨ ਵਿਚ ਸ੍ਰੀ ਮਹਿਤਾਬ-ਉਦ-ਦੀਨ ਜੀ, ਅਸਿਸਟੈਂਟ ਐਡੀਟਰ, ਪੰਜਾਬੀ ਜਾਗਰਣ, ਜਲੰਧਰ ਦੇ ਵਡਮੁੱਲੇ ਯੋਗਦਾਨ ਲਈ ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ। ਸੰਤ ਸੁਰਿੰਦਰ ਸਿੰਘ ਜੀ ਨਾਮਧਾਰੀ, ਪ੍ਰਧਾਨ ਵਿਸ਼ਵ ਨਾਮਧਾਰੀ ਸੰਗਤ ਅਤੇ ਚੇਅਰਮੈਨ, ਕੂਕਾ ਸ਼ਹੀਦ ਯਾਦਗਾਰੀ ਟ੍ਰੱਸਟ ਮੇਰੇ ਲਈ ਹਮੇਸ਼ਾ ਹੀ ਪ੍ਰੇਰਣਾ ਦਾ ਸਰੋਤ ਰਹੇ ਹਨ। ਮੈਂ ਹਮੇਸ਼ਾ ਉਨ੍ਹਾਂ ਦਾ ਰਿਣੀ ਰਹਾਂਗਾ। ਸ. ਅਜੀਤ ਸਿੰਘ ਜੀ ਨਾਮਧਾਰੀ, ਟਰੱਸਟੀ ਕੂਕਾ ਸ਼ਹੀਦ ਯਾਦਗਾਰੀ ਟ੍ਰਸਟ ਲੁਧਿਆਣਾ ਨੇ ਆਪਣਾ ਕੀਮਤੀ ਸਮਾਂ ਦੇ ਕੇ ਇਸ ਤਰਜਮੇ ਦੀ ਬੇਹਤਰੀ ਲਈ ਕਈ ਰਚਨਾਤਮਿਕ ਸੁਝਾਅ ਦਿੱਤੇ, ਮੈਂ ਸਦੀਵ ਉਨ੍ਹਾਂ ਦਾ ਤਹਿ ਦਿਲੋਂ ਮਸ਼ਕੂਰ ਹਾਂ।

ਮੇਰੀ ਜੀਵਨ ਸਾਥਣ ਪ੍ਰੋਫ਼ੈਸਰ ਪਰਬਜੀਤ ਕੌਰ ਵਲੋਂ ਮਿਲੇ ਸਾਥ ਨੇ ਵੀ ਮੇਰੀ ਰਚਨਾਤਮਿਕ ਊਰਜਾ ਨੂੰ ਨਿਰੰਤਰ ਬਣਦੀ ਰੱਖਣ ਵਿਚ ਅਹਿਮ ਭੂਮਿਕਾ ਨਿਭਾਈ ਹੈ।

ਮੈਂ ਕੇਂਦਰੀ ਯੂਨੀਵਰਸਿਟੀ, ਬਠਿੰਡਾ ਦੇ ਵਾਈਸ ਚਾਂਸਲਰ ਪ੍ਰੋਫ਼ੈਸਰ ਆਰ ਪੀ. ਤਿਵਾੜੀ ਜੀ ਵਲੋਂ ਦਿੱਤੀ ਗਈ ਹੌਸਲਾ ਅਫ਼ਜ਼ਾਈ ਅਤੇ ਇਸ ਪ੍ਰੋਜੈਕਟ ਵਿਚ ਦਿਲਚਸਪੀ ਲਈ ਉਨ੍ਹਾਂ ਦਾ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ।

ਮਾਰਚ, 2024

**ਪ੍ਰੋਫ਼ੈਸਰ (ਡਾ.) ਕੁਲਦੀਪ ਸਿੰਘ**
ਚੇਅਰ ਪ੍ਰੋਫ਼ੈਸਰ,
ਬਾਬਾ ਸਤਿਗੁਰੂ ਰਾਮ ਸਿੰਘ ਚੇਅਰ,
ਮੁਖੀ ਇਤਿਹਾਸ ਵਿਭਾਗ,
ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ

# ਭੂਮਿਕਾ

ਹਥਲੇ ਸੰਸਕਰਣ 'ਚ ਗੁਰੂ ਰਾਮ ਸਿੰਘ ਤੇ ਕੂਕਾ ਸਿੱਖਾਂ ਬਾਰੇ 1863 ਤੋਂ ਲੈ ਕੇ 1880 ਤੱਕ ਦੇ ਦਸਤਾਵੇਜ਼ ਮੌਜੂਦ ਹਨ। ਇਸ ਤੋਂ ਇਲਾਵਾ ਇਸ ਵਿੱਚ ਵਿਸ਼ੇ ਨਾਲ ਸੰਬੰਧਤ ਹੇਠ ਲਿਖੇ ਖੋਜ-ਨਿਬੰਧ ਮੌਜੂਦ ਹਨ:

1. ਏ ਬਾਇਓਗ੍ਰਾਫ਼ੀਕਲ ਸਕੈੱਚ ਆੱਫ਼ ਸਤਿਗੁਰੂ ਰਾਮ ਸਿੰਘ, ਡਾ. ਮੋਤੀ ਲਾਲ ਭਾਰਗਵ, ਸੀਨੀਅਰ ਰਿਸਰਚ ਫ਼ੈਲੋ, ਭਾਰਤੀ ਇਤਿਹਾਸਕ ਖੋਜ ਪ੍ਰੀਸ਼ਦ, ਨਵੀਂ ਦਿੱਲੀ।
2. ਭਾਰਤ ਸਰਕਾਰ ਦੇ ਸਾਬਕਾ ਕੈਬਿਨੇਟ ਮੰਤਰੀ, ਉੱਤਰ ਪ੍ਰਦੇਸ਼ ਤੇ ਬੰਬਈ ਪ੍ਰਾਂਤ ਦੇ ਸਾਬਕਾ ਗਵਰਨਰ ਸ੍ਰੀ ਕੇ.ਐੱਮ. ਮੁਨਸ਼ੀ ਵੱਲੋਂ ਲਿਖੇ ਇੱਕ ਲੇਖ ਦੇ ਅੰਸ਼, ਜੋ 4 ਦਸੰਬਰ, 1941 ਨੂੰ 'ਸੋਸ਼ਲ ਵੈਲਫ਼ੇਅਰ' 'ਚ ਪ੍ਰਕਾਸ਼ਿਤ ਹੋਇਆ ਸੀ।
3. 'ਹਿਸਟਰੀ ਆੱਫ਼ ਦਿ ਪੰਜਾਬ', ਮੁਹੰਮਦ ਲਤੀਫ਼, ਪੰਨੇ 594-595, 1891 'ਚ ਪ੍ਰਕਾਸ਼ਿਤ।
4. ਜਰਨਲ ਆੱਫ਼ ਦਿ ਏਸ਼ੀਆਟਿਕ ਸੋਸਾਇਟੀ ਆੱਫ਼ ਬੰਗਾਲ, ਭਾਗ 1, ਨੰਬਰ 1 ਤੋਂ 4, 1869.
5. ਭਾਰਤ ਦੀ ਮਰਦਮਸ਼ੁਮਾਰੀ 1891, ਸੰਸਕਰਣ XIX. ਪੰਜਾਬ ਤੇ ਇਸ ਦੀਆਂ ਜਗੀਰਦਾਰੀਆਂ। ਮਰਦਮਸ਼ੁਮਾਰੀ 'ਤੇ ਰਿਪੋਰਟ, ਵੱਲੋਂ ਈ.ਡੀ. ਮੈਕਲਾਗਨ, ਪੰਨਾ 163-171.
6. ਰਣਜੀਤ ਸਿੰਘ, ਵੱਲੋਂ ਸਰ ਲੇਪਲ ਗ੍ਰਿਫ਼ਿਨ, ਕੇ.ਸੀ.ਐੱਸ.ਆਈ., ਕਲੇਅਰਨਡਨ ਪ੍ਰੈੱਸ 'ਚ ਪ੍ਰਕਾਸ਼ਿਤ, 1892.

## ਇਤਿਹਾਸਕ

I

### ਦਾਸਤਾਨ

ਨਾਮਧਾਰੀ ਲਹਿਰ ਦੇ ਮੁੱਖ ਯੋਜਨਾਕਾਰ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ 1816 ਦੀ ਬਸੰਤ ਪੰਚਮੀ ਨੂੰ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਇੱਕ ਨਿੱਕੇ ਜਿਹੇ ਪਿੰਡ

ਭੈਣੀ ਵਿਖੇ ਹੋਇਆ ਸੀ। ਉਨ੍ਹਾਂ ਦਾ ਪਰਿਵਾਰ ਈਮਾਨਦਾਰ, ਸਖ਼ਤ ਮਿਹਨਤਕਸ਼ ਤੇ ਈਸ਼ਵਰ ਨੂੰ ਪਿਆਰ ਕਰਨ ਵਾਲੇ ਤਰਖਾਣ ਦੇ ਕਾਰੋਬਾਰ ਤੇ ਕਿਰਸਾਨੀ ਨਾਲ ਸੰਬੰਧਤ ਸੀ। ਉਨ੍ਹਾਂ ਦੇ ਪਿਤਾ ਜੱਸਾ ਸਿੰਘ ਹੁਰਾਂ ਦੀ ਤਰਖਾਣੇ ਦੀ ਵਰਕਸ਼ਾਪ ਸੀ, ਜਿੱਥੇ ਪਿੰਡ ਦੇ ਕਿਸਾਨ ਆਪਣੇ ਖੇਤੀਬਾੜੀ ਨਾਲ ਸੰਬੰਧਤ ਸੰਦ ਤਿਆਰ ਕਰਵਾਉਂਦੇ ਸਨ ਤੇ ਪੁਰਾਣੇ ਔਜ਼ਾਰਾਂ ਦੀ ਮੁਰੰਮਤ ਕਰਵਾਉਂਦੇ ਸਨ।

ਨਿੱਕੇ ਹੁੰਦਿਆਂ ਉਹ ਅਕਸਰ ਪਿੰਡ ਦੇ ਹੋਰ ਮੁੰਡਿਆਂ ਨਾਲ ਗਊਆਂ-ਮੱਝਾਂ ਚਰਾਉਂਦੇ ਸਨ। ਉਨ੍ਹਾਂ ਦੇ ਮਨ 'ਚ ਅਰੰਭ ਤੋਂ ਹੀ ਆਪਣੇ ਪਸ਼ੂਆਂ ਤੇ ਆਪਣੇ ਸਾਥੀਆਂ ਨਾਲ ਡਾਢਾ ਪਿਆਰ ਸੀ। ਉਨ੍ਹਾਂ ਦੇ ਮਾਤਾ ਸਦਾ ਕੌਰ ਬੇਹੱਦ ਧਾਰਮਿਕ ਬਿਰਤੀ ਵਾਲੇ ਸਨ ਤੇ ਉਹ ਉਨ੍ਹਾਂ ਨੂੰ ਸਿੱਖ ਧਰਮ ਦਾ ਨਿੱਤਨੇਮ ਨਾਮ-ਸਿਮਰਨ ਸਿਖਾਉਂਦੇ ਸਨ। ਇਸੇ ਲਈ ਉਨ੍ਹਾਂ 10 ਸਾਲ ਦੀ ਉਮਰ ਤੋਂ ਪਹਿਲਾਂ ਹੀ ਰੋਜ਼ਾਨਾ ਆਪਣਾ ਨਾਮ-ਸਿਮਰਨ ਕਰਨਾ ਅਰੰਭ ਕਰ ਦਿੱਤਾ ਸੀ। 12 ਸਾਲ ਦੀ ਉਮਰ 'ਚ ਉਨ੍ਹਾਂ ਖੇਤਾਂ 'ਚ ਆਪਣੇ ਪਿਤਾ ਨਾਲ ਹੱਥ ਵੰਡਾਉਣਾ ਸ਼ੁਰੂ ਕਰ ਦਿੱਤਾ ਸੀ, ਜਿੱਥੇ ਉਹ ਹਲ਼ ਵਾਹੁੰਦੇ ਸਨ ਤੇ ਹੱਥੀਂ ਕਿਰਤ ਕਰਦੇ ਸਨ। 1836 'ਚ ਉਹ ਲਾਹੌਰ ਦਰਬਾਰ ਦੀ ਫ਼ੌਜ ਦੇ ਤੋਪਖਾਨਾ ਵਿਭਾਗ 'ਚ ਭਰਤੀ ਹੋ ਗਏ ਸਨ।

ਸਾਲ 1839 'ਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ-ਚਲਾਣੇ ਤੋਂ ਬਾਅਦ ਦਰਬਾਰ 'ਚ ਅਰਾਜਕਤਾ ਫੈਲ ਗਈ। ਪੰਜ ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਦੌਰਾਨ ਹੀ ਦੋ ਹਾਕਮਾਂ ਤੇ ਤਿੰਨ ਮੰਤਰੀਆਂ ਦਾ ਕਤਲ ਹੋ ਗਿਆ ਤੇ ਕਈ ਉੱਘੇ ਦਰਬਾਰੀਆਂ ਨੂੰ ਵੀ ਆਪਣੀਆਂ ਜਾਨਾਂ ਤੋਂ ਹੱਥ ਧੋਣੇ ਪਏ। ਫ਼ੌਜ ਹੀ ਤਾਨਾਸ਼ਾਹ ਬਣ ਬੈਠੀ। ਦਰਬਾਰ 'ਤੇ ਕਾਬਜ਼ ਅਧਿਕਾਰੀਆਂ ਨੇ ਤਨਖ਼ਾਹਾਂ ਵਧਾਉਣ ਤੇ ਇਨਾਮ ਦੇਣ ਦੇ ਵਾਅਦੇ ਕਰ-ਕਰ ਕੇ ਹੀ ਸਿਆਸੀ ਤਬਾਹੀ ਲੈ ਆਂਦੀ ਤੇ ਨੈਤਿਕਤਾ ਦਾ ਘਾਣ ਹੋ ਗਿਆ।

ਤਦ ਲਗਭਗ ਹਰੇਕ ਅਮੀਰ, ਤਾਕਤਵਰ ਤੇ ਅਸਰ-ਰਸੂਖ਼ ਵਾਲੇ ਵਿਅਕਤੀ ਨੇ ਸਿਰਫ਼ ਤੇ ਸਿਰਫ਼ ਆਪਣੇ-ਆਪ ਬਾਰੇ ਸੋਚਿਆ ਤੇ ਰਾਜ ਦੀ ਕਿਸੇ ਨੂੰ ਕੋਈ ਫ਼ਿਕਰ ਹੀ ਨਾ ਰਹੀ। ਗੁਰੂ ਰਾਮ ਸਿੰਘ ਜੀ ਨੂੰ ਇਹ ਸਭ ਕਿਵੇਂ ਚੰਗਾ ਲੱਗ ਸਕਦਾ ਸੀ ਤੇ ਉਨ੍ਹਾਂ ਆਪਣੀ ਦੂਰ-ਦ੍ਰਿਸ਼ਟੀ ਸਦਕਾ ਅਗਾਊਂ ਹੀ ਖ਼ਾਲਸਾ ਰਾਜ ਦੀ ਬਰਬਾਦੀ ਦਾ ਅਨੁਮਾਨ ਲਾ ਲਿਆ। ਉਨ੍ਹਾਂ ਨੇ ਸਿਆਸੀ ਆਗੂਆਂ ਦੇ ਨਾਲ-ਨਾਲ ਫ਼ੌਜੀ ਅਧਿਕਾਰੀਆਂ ਦੀਆਂ ਆਤਮਘਾਤੀ ਗਤੀਵਿਧੀਆਂ ਨੂੰ ਖੁੱਲ੍ਹ ਕੇ ਨਿੰਦਿਆ। ਉਨ੍ਹਾਂ ਸਭਨਾਂ ਦੇ ਕਾਰੇ ਵੇਖ ਕੇ ਉਨ੍ਹਾਂ ਨੇ ਹੋਣ ਵਾਲੀ ਬਰਬਾਦੀ ਤੇ ਤਬਾਹੀ ਦੀ ਭਵਿੱਖਬਾਣੀ ਕਰ ਦਿੱਤੀ ਸੀ। ਸੱਤਾ 'ਤੇ ਕਾਬਜ਼ ਲੋਕਾਂ ਤੇ ਸੀਨੀਅਰ ਅਧਿਕਾਰੀਆਂ ਨੇ ਉਨ੍ਹਾਂ ਵੱਲੋਂ ਕੀਤੀ ਜਾਣ ਵਾਲੀ ਸ਼ਰੇਆਮ ਨਿੰਦਾ ਕਾਰਣ ਉਨ੍ਹਾਂ ਨੂੰ ਕਈ ਵਾਰ ਸਜ਼ਾ ਵੀ ਦਿੱਤੀ ਸੀ। ਦਸੰਬਰ 1845 'ਚ ਜਦੋਂ ਅੰਗਰੇਜ਼ਾਂ ਤੇ ਸਿੱਖਾਂ ਵਿਚਾਲੇ ਪਹਿਲੀ ਜੰਗ ਹੋਣ ਵਾਲੀ ਸੀ, ਤਦ ਉਨ੍ਹਾਂ ਨੇ ਖੁੱਲ੍ਹ ਕੇ ਐਲਾਨ ਕਰ ਦਿੱਤਾ ਸੀ ਕਿ ਸਤਲੁਜ ਦਰਿਆ ਦੇ ਕੰਢਿਆਂ 'ਤੇ ਲਾਹੌਰ ਦੀ ਫ਼ੌਜ ਨੂੰ ਬਰਬਾਦੀ ਤੋਂ ਇਲਾਵਾ ਹੋਰ ਕੁਝ ਨਹੀਂ ਮਿਲੇਗਾ। ਪਰ ਉਨ੍ਹਾਂ ਵੱਲੋਂ ਚੁੱਕੀ ਗਈ ਇਕੱਲੀ-ਕਾਰੀ ਆਵਾਜ਼ 'ਤੇ ਕਿਸੇ ਨੇ ਕੋਈ ਗ਼ੌਰ ਹੀ ਨਾ ਕੀਤਾ। ਅੰਤਾਂ

ਦੇ ਅਸੰਤੋਖ ਅਤੇ ਨਿਰਾਸ਼ਾ ਕਾਰਣ ਮੁਦਕੀ ਦੀ ਜੰਗ ਤੋਂ ਇੱਕ ਰਾਤ ਪਹਿਲਾਂ ਹੀ ਉਹ ਆਪਣੇ ਘਰ ਵੱਲ ਰਵਾਨਗੀ ਪਾ ਗਏ। ਮੈਦਾਨ-ਏ-ਜੰਗ ਵਿੱਚ ਅੰਗਰੇਜ਼ਾਂ ਦੀ ਜਿੱਤ ਹੋਈ; ਅਜਿਹਾ ਉਨ੍ਹਾਂ ਦੀ ਕਿਸੇ ਬਹਾਦਰੀ ਜਾਂ ਜੰਗੀ ਦਾਅ-ਪੇਚਾਂ ਕਰਕੇ ਨਹੀਂ, ਸਗੋਂ ਵਿਸ਼ਵਾਸਘਾਤ ਤੇ ਕੂਟਨੀਤੀ ਸਦਕਾ ਸੰਭਵ ਹੋਇਆ ਸੀ। ਪੰਜਾਬ ਨੂੰ ਵਿਦੇਸ਼ੀਆਂ ਦੇ ਪੈਰਾਂ 'ਤੇ ਝੁਕਣਾ ਪਿਆ।

ਉਸ ਜੰਗ ਦੇ ਨਤੀਜੇ ਵਜੋਂ, ਅੰਗਰੇਜ਼ਾਂ ਨੇ ਕਸ਼ਮੀਰ ਨੂੰ ਮਹਾਰਾਜਾ ਗੁਲਾਬ ਸਿੰਘ ਕੋਲ ਵੇਚ ਦਿੱਤਾ ਤੇ ਬਦਲੇ 'ਚ ਉਸ ਨੂੰ ਜੰਗ ਦੇ ਖ਼ਤਰੇ ਤੋਂ ਬਖ਼ਸ਼ ਦਿੱਤਾ। ਇੰਝ ਕਸ਼ਮੀਰ ਰਾਜ ਨਾਲ ਭਾਰਤ ਦੇ ਬ੍ਰਿਟਿਸ਼ ਗਵਰਨਰ-ਜਨਰਲ ਨਾਲ ਸਿੱਧੇ ਸਿਆਸੀ ਸਬੰਧ ਸਥਾਪਤ ਹੋ ਗਏ। ਉੱਧਰ ਰੂਸ ਕਿਉਂਕਿ ਤੁਰਕਿਸਤਾਨ ਵੱਲ ਵਧਦਾ ਜਾ ਰਿਹਾ ਸੀ, ਇਸੇ ਲਈ ਭਾਰਤ ਦੇ ਕੁਦਰਤੀ ਨਾਕਿਆਂ ਦੀਆਂ ਉੱਤਰੀ ਢਲਾਣਾਂ ਭਾਵ ਕਸ਼ਮੀਰ ਦੇ ਪਰਬਤਾਂ ਉੱਤੇ ਨਜ਼ਰ ਰੱਖਣੀ ਵੀ ਜ਼ਰੂਰੀ ਸੀ।

1849 'ਚ ਅੰਗਰੇਜ਼ਾਂ ਤੇ ਸਿੱਖਾਂ ਵਿਚਾਲੇ ਦੂਜੀ ਜੰਗ ਲਈ ਭੜਕਾਹਟ ਬ੍ਰਿਟਿਸ਼ ਸਾਮਰਾਜਵਾਦੀਆਂ ਨੇ ਪੈਦਾ ਕੀਤੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਨਿੱਕੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਗੱਦੀਓਂ ਲਾਂਭੇ ਕਰ ਕੇ ਇੱਕ ਸਿਆਸੀ ਪੈਨਸ਼ਨਰ ਵਜੋਂ ਇੰਗਲੈਂਡ ਭੇਜ ਦਿੱਤਾ ਗਿਆ ਸੀ। ਪੰਜਾਬ ਤਦ ਭਾਰਤ 'ਚ ਬ੍ਰਿਟਿਸ਼ ਸਾਮਰਾਜ ਦਾ ਹਿੱਸਾ ਬਣ ਗਿਆ ਸੀ। ਇੰਝ ਚਾਰ ਵਰ੍ਹੇ ਪਹਿਲਾਂ ਗੁਰੂ ਰਾਮ ਸਿੰਘ ਜੀ ਨੇ ਜਿਹੜੀ ਭਵਿੱਖਬਾਣੀ ਕੀਤੀ ਸੀ, ਉਹ ਪੂਰੀ ਹੋ ਗਈ ਸੀ।

ਗੁਰੂ ਰਾਮ ਸਿੰਘ ਜੀ ਫ਼ੌਜ ਦੀ ਨੌਕਰੀ ਤੋਂ ਪਰਤ ਕੇ ਖ਼ੁਦ ਨੂੰ ਖੇਤੀਬਾੜੀ ਦੇ ਕੰਮਾਂ ਵਿੱਚ ਰੁਝਾ ਲਿਆ ਸੀ। ਆਲੇ-ਦੁਆਲੇ ਦੇ ਇਲਾਕੇ ਦੇ ਪਿੰਡਾਂ ਦੇ ਵਾਸੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਉਨ੍ਹਾਂ ਪਿੰਡ ਵਿੱਚ ਇੱਕ ਦੁਕਾਨ ਖੋਲ੍ਹ ਲਈ ਸੀ। ਉਥੇ ਅਨਾਜ, ਪਸ਼ੂਆਂ ਅਤੇ ਘੋੜਿਆਂ ਦੇ ਸੌਦੇ ਵੀ ਕੀਤੇ ਜਾਂਦੇ ਸਨ। ਫ਼ੌਜੀ ਸੇਵਾ ਵੇਲੇ ਦੇ ਉਨ੍ਹਾਂ ਦੇ ਕੁਝ ਸੁਹਿਰਦ ਪ੍ਰਸ਼ੰਸਕ ਤੇ ਪੁਰਾਣੇ ਸਾਥੀ ਉਨ੍ਹਾਂ ਦੁਆਲੇ ਇਕੱਠੇ ਹੋਣ ਲੱਗੇ ਅਤੇ ਤਦ ਆਪਣੀ ਮਾਤਭੂਮੀ ਦੀ ਸਿਆਸੀ ਗ਼ੁਲਾਮੀ ਤੋਂ ਦੁਖੀ ਹੋ ਕੇ ਉਨ੍ਹਾਂ ਦੇ ਅੱਥਰੂ ਵਹਿ ਤੁਰਦੇ ਸਨ। ਬਹੁਤ ਧਿਆਨਪੂਰਬਕ ਸੋਚ-ਵਿਚਾਰ ਤੋਂ ਬਾਅਦ ਗੁਰੂ ਰਾਮ ਸਿੰਘ ਜੀ ਨੇ ਇੱਕ ਵਿਆਪਕ ਪ੍ਰੋਗਰਾਮ ਉਲੀਕਿਆ। ਇਸ ਦਾ ਬਾਕਾਇਦਾ ਐਲਾਨ ਕਰਨ ਦੇ ਮੰਤਵ ਲਈ 13 ਤੇ 14 ਅਪ੍ਰੈਲ (12 ਅਪ੍ਰੈਲ) 1857 ਨੂੰ ਇੱਕ ਇਕੱਠ ਸੱਦਿਆ ਗਿਆ ਸੀ।

ਆਜ਼ਾਦ ਹਿੰਦੁਸਤਾਨ ਦੇ ਪਹਿਲੇ ਰਾਸ਼ਟਰਪਤੀ ਸ੍ਰੀ ਡਾ. ਰਾਜਿੰਦਰ ਪ੍ਰਸਾਦ ਜੀ ਦੇ ਸ਼ਬਦਾਂ 'ਚ ਇਸ ਅੰਦੋਲਨ ਦੇ ਮੁੱਖ ਸਿਧਾਂਤ ਇਸ ਪ੍ਰਕਾਰ ਸਨ, ਜੋ ਮਾਰਚ 1953 ਦੇ 'ਸਤਿਯੁਗ' 'ਚ ਪ੍ਰਕਾਸ਼ਿਤ ਕੀਤੇ ਗਏ ਸਨ:

''ਗੁਰੂ ਰਾਮ ਸਿੰਘ ਜੀ ਦਾ ਮੰਨਣਾ ਸੀ ਕਿ ਸਿਆਸੀ ਆਜ਼ਾਦੀ ਧਰਮ ਦਾ ਇੱਕ ਹਿੱਸਾ ਹੈ। ਨਾਮਧਾਰੀਆਂ ਦਾ ਇਹ ਸੰਗਠਨ ਵਰਨਣਯੋਗ ਹੱਦ ਤੱਕ ਮਜ਼ਬੂਤ ਹੋ ਗਿਆ ਸੀ। ਮੋਹਨਦਾਸ ਕਰਮਚੰਦ ਗਾਂਧੀ ਨੇ ਬਾਈਕਾਟ ਤੇ ਨਾਮਿਲਵਰਤਣ ਦੇ ਜਿਹੜੇ ਅੰਦੋਲਨ ਸਾਡੇ ਸਮਿਆਂ ਵੇਲੇ ਪੂਰੇ ਜ਼ੋਰ-ਸ਼ੋਰ ਨਾਲ ਚਲਾਏ ਸਨ, ਉਨ੍ਹਾਂ ਦਾ

ਪ੍ਰਚਾਰ ਗੁਰੂ ਰਾਮ ਸਿੰਘ ਜੀ ਨੇ ਨਾਮਧਾਰੀਆਂ ਲਈ ਇੱਕ ਸੰਪਰਦਾਇ ਵਜੋਂ ਪੰਜਾਹ ਵਰ੍ਹੇ ਪਹਿਲਾਂ ਕੀਤਾ ਸੀ।''

''ਗੁਰੂ ਰਾਮ ਸਿੰਘ ਜੀ ਦੇ ਨਾਮਿਲਵਰਤਣ ਅੰਦੋਲਨ 'ਚ ਇਹ ਪੰਜ ਜ਼ਰੂਰੀ ਗੱਲਾਂ ਸ਼ਾਮਲ ਸਨ:

1. ਸਰਕਾਰੀ ਸੇਵਾਵਾਂ ਦਾ ਬਾਈਕਾਟ।
2. ਅੰਗਰੇਜ਼ਾਂ ਵੱਲੋਂ ਖੋਲ੍ਹੇ ਗਏ ਵਿਦਿਅਕ ਸੰਸਥਾਨਾਂ ਦਾ ਬਾਈਕਾਟ।
3. ਅੰਗਰੇਜ਼ਾਂ ਵੱਲੋਂ ਖੋਲ੍ਹੀਆਂ ਗਈਆਂ ਕਾਨੂੰਨੀ ਅਦਾਲਤਾਂ ਦਾ ਬਾਈਕਾਟ।
4. ਵਿਦੇਸ਼ੀ ਵਸਤਾਂ ਦਾ ਬਾਈਕਾਟ।
5. ਉਨ੍ਹਾਂ ਕਾਨੂੰਨਾਂ ਤੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਤੇ ਵਿਰੋਧ ਕਰਨਾ, ਜਿਨ੍ਹਾਂ ਨੂੰ ਕਿਸੇ ਦੀ ਜ਼ਮੀਰ ਨਫ਼ਰਤ ਕਰਦੀ ਹੋਵੇ।''

ਛੇ ਵਰ੍ਹਿਆਂ ਬਾਅਦ ਕਿਤੇ ਜਾ ਕੇ ਬ੍ਰਿਟਿਸ਼ ਅਫ਼ਸਰਾਂ ਨੂੰ ਇਸ ਅੰਦੋਲਨ ਦੀ ਹੋਂਦ ਬਾਰੇ ਜਾਣਕਾਰੀ ਮਿਲੀ। ਤਦ ਤੱਕ ਨਾਮਧਾਰੀਆਂ ਦੀ ਗਿਣਤੀ ਸਮੁੱਚੇ ਪੰਜਾਬ, ਪੰਜਾਬ ਦੀਆਂ ਸਾਰੀਆਂ ਰਿਆਸਤਾਂ ਤੇ ਭਾਰਤ ਦੇ ਹੋਰਨਾਂ ਸਥਾਨਾਂ 'ਤੇ ਵਰਨਣਯੋਗ ਹੱਦ ਤੱਕ ਵਧ ਚੁੱਕੀ ਸੀ।

ਅਪ੍ਰੈਲ 1863 'ਚ ਅੰਮ੍ਰਿਤਸਰ ਵਿਖੇ ਨਾਮਧਾਰੀਆਂ ਦੇ ਇਕੱਠ ਦੌਰਾਨ ਹਿੰਦੂਆਂ ਤੇ ਸਿੱਖਾਂ ਦੇ ਵਿਆਹਾਂ ਵੇਲੇ ਪ੍ਰਚਲਿਤ ਗੁੰਝਲਦਾਰ ਤੇ ਮਹਿੰਗੇ ਰੀਤੀ-ਰਿਵਾਜਾਂ ਨੂੰ ਸਰਲ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਵੱਖੋ-ਵੱਖਰੀਆਂ ਜਾਤਾਂ ਵਿਚਾਲੇ ਵਿਆਹ ਤੇ ਵਿਧਵਾਵਾਂ ਦੇ ਮੁੜ-ਵਿਆਹ ਰਚਾਉਣ ਦਾ ਫ਼ੈਸਲਾ ਵੀ ਕੀਤਾ ਗਿਆ। ਚਾਰ (ਤਿੰਨ) ਜੂਨ, 1863 ਨੂੰ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਖੋਟੇ 'ਚ ਇੱਕ ਰਸੂਖ਼ਦਾਰ ਕਾਸ਼ਤਕਾਰ ਸਮੁੰਦ ਸਿੰਘ ਦੇ ਘਰ 'ਚ ਇੱਕ ਵੱਡਾ ਇਕੱਠ ਕੀਤਾ ਗਿਆ ਅਤੇ ਉਸ ਮੌਕੇ ਅਨੰਦ ਕਾਰਜ ਦੀ ਰਸਮ ਦੁਆਰਾ ਸਿੱਖ ਧਰਮ ਵਿਚ ਵਿਆਹ ਰਚਾਏ ਗਏ।

ਤਦ ਤੱਕ ਪੰਜਾਬ ਸਰਕਾਰ ਅਤੇ ਲੈਫ਼ਟੀਨੈਂਟ ਗਵਰਨਰ ਇਸ ਤੱਥ ਨੂੰ ਜਾਣ ਕੇ ਚਿੰਤਤ ਹੋ ਗਏ ਸਨ ਕਿ ਗੁਰੂ ਰਾਮ ਸਿੰਘ ਜੀ ਸਿਆਸੀ ਮੰਤਵ ਲਈ ਧਾਰਮਿਕ ਪ੍ਰਚਾਰ ਦੇ ਪਰਦੇ ਹੇਠ ਕਿਸਾਨਾਂ ਤੇ ਪਿੰਡਾਂ ਦੇ ਵਾਸੀਆਂ ਨਾਲ ਮੀਟਿੰਗਾਂ ਕਰ ਰਹੇ ਸਨ। ਖੋਟੇ ਦੇ ਇਕੱਠ ਬਾਰੇ ਰਿਪੋਰਟ ਮਿਲਣ 'ਤੇ ਲੈਫ਼ਟੀਨੈਂਟ ਗਵਰਨਰ ਨੇ ਡਿਪਟੀ ਕਮਿਸ਼ਨਰ ਨੂੰ ਤੁਰੰਤ ਪਿੰਡ ਖੋਟੇ ਪੁੱਜ ਕੇ ਗੁਰੂ ਰਾਮ ਸਿੰਘ ਜੀ ਨੂੰ 'ਦੇਸ਼-ਧਰੋਹ' ਦਾ ਪ੍ਰਚਾਰ ਕਰਨ ਤੋਂ ਰੋਕਣ ਦੇ ਹੁਕਮ ਜਾਰੀ ਕੀਤੇ ਅਤੇ ਨਾਲ ਹੀ ਇਹ ਵੀ ਆਖਿਆ ਕਿ ਜੇ ਲੋੜ ਸਮਝੀ ਜਾਵੇ ਤਾਂ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। ਡਿਪਟੀ ਕਮਿਸ਼ਨਰ ਮੌਕੇ 'ਤੇ ਪੁੱਜੇ ਤੇ ਐਲਾਨ ਕੀਤਾ ਕਿ ''ਨਾਮਧਾਰੀ ਫ਼ਿਰੋਜ਼ਪੁਰ ਜ਼ਿਲ੍ਹੇ 'ਚ ਕੋਈ ਇਕੱਠ ਜਾਂ ਬੈਠਕਾਂ ਨਹੀਂ ਕਰ ਸਕਣਗੇ।'' ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਪੁਲਿਸ ਸੁਰੱਖਿਆ ਅਧੀਨ ਭੈਣੀ ਸਾਹਿਬ ਲਿਜਾਂਦਾ ਗਿਆ। ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ 2 ਜੁਲਾਈ ਵਾਲੇ ਦਿਨ ਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਸਰਕਾਰ ਦਾ ਹੁਕਮ ਸੁਣਾਇਆ ਕਿ ਉਨ੍ਹਾਂ ਨੂੰ ਅਣਮਿੱਥੇ ਸਮੇਂ ਲਈ ਉਨ੍ਹਾਂ ਦੇ ਪਿੰਡ

ਵਿੱਚ ਹੀ ਨਜ਼ਰਬੰਦ ਕੀਤਾ ਜਾ ਰਿਹਾ ਹੈ। ਨਾਮਧਾਰੀਆਂ ਦੇ ਇਕੱਠਾਂ ਤੇ ਮੀਟਿੰਗਾਂ ਉੱਤੇ ਸਮੁੱਚੇ ਪੰਜਾਬ 'ਚ ਹੀ ਪਾਬੰਦੀ ਲਾ ਦਿੱਤੀ ਗਈ ਸੀ। ਪੁਲਿਸ ਅਧਿਕਾਰੀਆਂ ਨੂੰ ਹੁਕਮ ਦਿੱਤੇ ਗਏ ਸਨ ਕਿ ਇਸ ਸੰਪਰਦਾਇ ਦੇ ਮੈਂਬਰਾਂ ਦੀਆਂ ਗਤੀਵਿਧੀਆਂ ਉੱਤੇ ਚੌਕਸ ਨਜ਼ਰ ਰੱਖੀ ਜਾਵੇ।

ਉੱਧਰ ਨਾਮਧਾਰੀ ਵੀ ਕਿਹੜਾ ਆਮ ਮਿੱਟੀ ਦੇ ਬਣੇ ਹੋਏ ਸਨ। ਉਨ੍ਹਾਂ ਦੀਆਂ ਆਤਮਾਵਾਂ 'ਚ ਜਿਵੇਂ ਇਸਪਾਤ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਉਨ੍ਹਾਂ ਨੇ 'ਕਰੋ ਤੇ ਮਰੋ' ਦਾ ਸੰਕਲਪ ਲਿਆ ਹੋਇਆ ਸੀ। ਉਨ੍ਹਾਂ ਨੇ ਕੇਂਦਰੀ ਮੁੱਖ ਦਫ਼ਤਰ ਤੋਂ ਸੁਨੇਹੇ, ਚਿੱਠੀਆਂ ਤੇ ਹੁਕਮ ਲਿਜਾਣ ਜਾਂ ਉੱਥੇ ਪਹੁੰਚਾਉਣ ਦੀ ਆਪਣੀ ਖ਼ੁਦ ਦੀ ਇੱਕ ਮੁਕੰਮਲ ਪ੍ਰਣਾਲੀ ਦੀ ਖੋਜ ਕੀਤੀ ਹੋਈ ਸੀ। ਇੱਕ ਤੋਂ ਦੂਜੀ ਥਾਂ ਤੱਕ ਚਿੱਠੀਆਂ ਤੇ ਹੋਰ ਸੁਨੇਹੇ ਲਿਆਉਣ ਤੇ ਲਿਜਾਣ ਲਈ ਰਸਤੇ ਵੀ ਉਨ੍ਹਾਂ ਆਪਣੇ ਤਿਆਰ ਕੀਤੇ ਹੋਏ ਸਨ। ਉਨ੍ਹਾਂ ਨੇ ਦੂਰ-ਦੁਰਾਡੇ ਤੱਕ ਸੰਪਰਕ ਬਣਾ ਲਏ ਸਨ। 1871 ਤੱਕ ਨਾਮਧਾਰੀਆਂ ਨੇ ਗਵਾਲੀਅਰ, ਬਨਾਰਸ, ਲਖਨਊ, ਹੈਦਰਾਬਾਦ, ਹਰੀਪੁਰ ਹਜ਼ਾਰਾ, ਪੇਸ਼ਾਵਰ, ਕਾਬੁਲ, ਨੇਪਾਲ, ਭੂਟਾਨ ਤੇ ਕਸ਼ਮੀਰ ਤੱਕ ਆਪਣੇ ਗਤੀਵਿਧੀ ਕੇਂਦਰ ਸਥਾਪਤ ਕਰ ਲਏ ਸਨ। ਉਨ੍ਹਾਂ ਨੇ ਨੇਪਾਲ ਦੇ ਮਹਾਰਾਜਾ, ਕਸ਼ਮੀਰ ਦੇ ਮਹਾਰਾਜਾ ਤੇ ਭੂਟਾਨ ਦੇ ਦੇਵ ਰਾਜਾ ਨਾਲ ਵੀ ਸੰਪਰਕ ਅਤੇ ਦੋਸਤੀਆਂ ਕਾਇਮ ਕਰ ਲਈਆਂ ਸੀ। ਨੇਪਾਲ 'ਚ, ਨਾਮਧਾਰੀ ਨੁਮਾਇੰਦਿਆਂ ਨੇ ਪੰਜਾਬੀ ਰਾਜਪੂਤ ਨੰਦ ਰਾਮ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਨੇ 1857 ਦੇ ਗ਼ਦਰ ਦੌਰਾਨ ਬਹੁਤ ਸਪੱਸ਼ਟ ਭੂਮਿਕਾ ਨਿਭਾਈ ਸੀ, ਇਸੇ ਲਈ ਉਨ੍ਹਾਂ ਦੇ ਸਾਥੀਆਂ ਨੇ ਉਨ੍ਹਾਂ ਦਾ ਨਾਮ 'ਜਰਨੈਲ' ਰੱਖਿਆ ਸੀ। ਸਾਲ 1871 'ਚ ਬ੍ਰਿਟਿਸ਼ ਸਰਕਾਰ ਨੇ ਆਪਣਾ ਇੱਕ ਏਜੰਟ ਰਾਜਾ ਸ਼ਿਵਰਾਜ ਸਿੰਘ ਇਹ ਜਾਣਨ ਲਈ ਨੇਪਾਲ ਭੇਜਿਆ ਕਿ ਆਖ਼ਰ ਭਾਰਤੀ ਬਾਗ਼ੀ ਉੱਥੇ ਕਿੱਥੇ ਰਹਿ ਰਹੇ ਸਨ। ਭਾਰਤ ਪਰਤ ਕੇ ਰਾਜਾ ਸਾਹਿਬ ਨੇ ਰਿਪੋਰਟ ਦਿੱਤੀ ਕਿ ਉਸ ਨੇ ਕ੍ਰਿਪਾਲ ਸਿੰਘ ਕੂਕਾ ਨਾਲ ਮੁਲਾਕਾਤ ਵੀ ਕੀਤੀ ਸੀ ਤੇ ਗੱਲਬਾਤ ਵੀ ਅਤੇ ਤਾਂਤਿਆ ਟੋਪੇ ਦੇ ਛੋਟੇ ਭਰਾ ਨੂੰ ਵੀ ਮਿਲਿਆ ਸੀ ਪਰ ਉਹ ਨਾਨਾ ਸਾਹਿਬ ਤੇ ਕ੍ਰਿਸ਼ਨ ਸਿੰਘ ਕੂਕਾ ਦਾ ਕੋਈ ਖੁਰਾ-ਖੋਜ ਨਹੀਂ ਲੱਭ ਸਕਿਆ ਸੀ। ਸਾਲ 1872 ਤੱਕ ਸੂਬਾ ਗੁਰਚਰਨ ਸਿੰਘ ਦੇ ਉੱਦਮਾਂ ਸਦਕਾ ਗੁਪਤ ਸੈੱਲਾਂ ਤੇ ਗਤੀਵਿਧੀ ਕੇਂਦਰਾਂ ਨਾਲ ਲੈਸ ਇੱਕ ਬਹੁਤ ਹੀ ਵਿਵਸਥਤ ਸੰਗਠਨ ਕਾਬੁਲ, ਪੇਸ਼ਾਵਰ, ਹਰੀਪੁਰ ਹਜ਼ਾਰਾ ਤੇ ਰੂਸੀ ਤੁਰਕਿਸਤਾਨ ਤੱਕ ਪੂਰੀ ਤਰ੍ਹਾਂ ਸਰਗਰਮ ਹੋ ਚੁੱਕਾ ਸੀ।

## II

## ਪੰਜਾਬ 'ਚ ਗਊ-ਹੱਤਿਆ ਤੇ ਨਾਮਧਾਰੀ

ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਜੰਗ ਤੋਂ ਬਾਅਦ, ਕੱਟ ਕੇ ਛੋਟੇ ਕੀਤੇ ਪੰਜਾਬ ਦਾ ਪ੍ਰਸ਼ਾਸਨ ਮਹਾਰਾਜਾ ਰਣਜੀਤ ਸਿੰਘ ਜੀ ਦੇ ਨਾਬਾਲਗ਼ ਸਪੁੱਤਰ ਮਹਾਰਾਜਾ ਦਲੀਪ ਸਿੰਘ ਅਧੀਨ ਚਲਾਉਣ ਵਿੱਚ ਮਦਦ ਲਈ ਇੱਕ ਬ੍ਰਿਟਿਸ਼ ਨਾਗਰਿਕ ਦੀ ਨਿਯੁਕਤੀ ਕਰ ਦਿੱਤੀ ਗਈ ਸੀ। ਥੋੜ੍ਹੇ ਹੀ ਸਮੇਂ ਦੌਰਾਨ ਉਹ ਨਾਗਰਿਕ ਹੀ ਅਸਲ

ਹਾਕਮ ਬਣ ਕੇ ਵਿਚਰਨ ਲੱਗ ਪਿਆ ਸੀ। ਬ੍ਰਿਟਿਸ਼ ਕੂਟਨੀਤੀ ਇੱਕ ਬਹੁਤ ਹੀ ਭੈੜੇ ਚੱਕਰ 'ਚ ਕੰਮ ਕਰਦੀ ਸੀ। ਉੱਥੇ ਦਰਬਾਰੀਆਂ ਵਿਚਾਲੇ ਬੁਰੀ ਤਰ੍ਹਾਂ ਕੜਵਾਹਟ ਪੱਸਰ ਗਈ ਸੀ। ਦਰਬਾਰੀਆਂ ਵਿਚਾਲੇ ਆਪਸੀ ਵਿਰੋਧ ਇੰਨਾ ਜ਼ਿਆਦਾ ਵਧ ਗਿਆ ਸੀ ਕਿ ਉਹ ਆਪਸੀ ਧੜੇਬਾਜ਼ੀਆਂ ਤੇ ਗੁੱਟਬੰਦੀਆਂ 'ਚ ਵੰਡੇ ਗਏ ਸਨ। ਅੰਗਰੇਜ਼ ਫ਼ੌਜੀ ਵੀ ਇੰਨੇ ਬਦਤਮੀਜ਼ ਸਨ ਕਿ ਉਹ ਸਿੱਖਾਂ ਦੀਆਂ ਭਾਵਨਾਵਾਂ ਦੀ ਕਦੇ ਕਦਰ ਕਰ ਹੀ ਨਹੀਂ ਸਕਦੇ ਸਨ, ਕਿਉਂਕਿ ਤਦ ਤੱਕ ਉਹ ਉਨ੍ਹਾਂ ਨੂੰ ਆਪਣੇ ਗ਼ੁਲਾਮ ਸਮਝਣ ਲੱਗ ਪਏ ਸਨ। ਆਮ ਸਿੱਖਾਂ ਨੂੰ ਅੰਗਰੇਜ਼ ਫ਼ੌਜੀਆਂ ਦਾ ਆਪਣੇ ਪ੍ਰਤੀ ਅਜਿਹਾ ਵਤੀਰਾ ਭੈੜਾ ਲੱਗਦਾ ਸੀ ਤੇ ਉਨ੍ਹਾਂ 'ਚ ਰੋਸ ਪੈਦਾ ਹੋਣ ਲੱਗ ਪਿਆ ਸੀ। ਅੰਗਰੇਜ਼ ਹਾਕਮਾਂ ਵਿਰੁੱਧ ਫੈਲਦੇ ਜਾ ਰਹੇ ਮਾੜੇ ਵਿਚਾਰਾਂ ਨੂੰ ਸ਼ਾਂਤ ਕਰਨ ਲਈ ਪ੍ਰਮੁੱਖ ਸਿੱਖ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਮੁੱਖ ਗੇਟ 'ਤੇ ਰੈਜ਼ੀਡੈਂਟ, ਹੈਨਰੀ ਐੱਮ. ਲਾਰੈਂਸ ਦੇ ਹਸਤਾਖਰਾਂ ਵਾਲੇ ਨਿਮਨਲਿਖਤ ਹੁਕਮਾਂ ਨਾਲ ਉੱਕਰੀ ਤਾਂਬੇ ਦੀ ਇੱਕ ਪਲੇਟ ਲਾਈ ਗਈ ਸੀ:

''ਅੰਮ੍ਰਿਤਸਰ ਦੇ ਗ੍ਰੰਥੀਆਂ ਨੇ ਪਰੇਸ਼ਾਨੀ ਹੋਣ ਦੀ ਸ਼ਿਕਾਇਤ ਕੀਤੀ ਹੈ, ਇਸ ਲਈ ਸਾਰੇ ਸੰਬੰਧਤ ਵਿਅਕਤੀਆਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਗਵਰਨਰ-ਜਨਰਲ ਦੇ ਹੁਕਮਾਂ ਅਨੁਸਾਰ ਬ੍ਰਿਟਿਸ਼ ਨਾਗਰਿਕ (ਅੰਗਰੇਜ਼) ਅੰਮ੍ਰਿਤਸਰ 'ਚ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ), ਜਾਂ ਉਸ ਦੀ ਸੀਮਾ ਅੰਦਰ ਜਾਣ ਜਾਂ ਕਿਸੇ ਵੀ ਗੁਰਦੁਆਰੇ ਦੇ ਅੰਦਰ ਜੁੱਤੀਆਂ ਪਹਿਨ ਕੇ ਨਹੀਂ ਜਾਣਗੇ।''

ਅੰਮ੍ਰਿਤਸਰ ਵਿਖੇ ਗਊਆਂ ਦੀ ਹੱਤਿਆ ਨਹੀਂ ਹੋਵੇਗੀ, ਨਾ ਹੀ ਸਿੱਖਾਂ ਨਾਲ ਕਿਸੇ ਤਰ੍ਹਾਂ ਦੀ ਛੇੜਖਾਨੀ ਕੀਤੀ ਜਾਵੇਗੀ ਜਾਂ ਉਨ੍ਹਾਂ ਦੇ ਕਿਸੇ ਵੀ ਧਾਰਮਿਕ ਮਰਯਾਦਾ ਮਾਮਲੇ ਵਿੱਚ ਕਿਸੇ ਕਿਸਮ ਦੀ ਦਖ਼ਲਅੰਦਾਜ਼ੀ ਨਹੀਂ ਕੀਤੀ ਜਾਵੇਗੀ।

ਜੁੱਤੀਆਂ ਸਰੋਵਰ ਦੇ ਕੋਨੇ 'ਤੇ ਬੁੰਗਿਆਂ ਲਾਗੇ ਲਾਹੁਣੀਆਂ ਹੋਣਗੀਆਂ। ਕਿਸੇ ਵੀ ਵਿਅਕਤੀ ਨੂੰ ਜੁੱਤੀਆਂ ਸਮੇਤ ਸਰੋਵਰ ਦੀ ਪਰਿਕਰਮਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।

ਲਾਹੌਰ, (ਹਸਤਾਖਰ) ਹੈਨਰੀ ਐੱਮ. ਲਾਰੈਂਸ,
24 ਮਾਰਚ, 1847 ਰੈਜ਼ੀਡੈਂਟ

ਇਸ ਹੁਕਮ ਦੀ ਬਣਤਰ ਵੇਖ ਕੇ ਹੀ ਇਹ ਸਪੱਸ਼ਟ ਹੁੰਦਾ ਹੈ ਕਿ ਬ੍ਰਿਟਿਸ਼ ਨਾਗਰਿਕ, ਜਿਨ੍ਹਾਂ ਨੂੰ ਆਮ ਤੌਰ 'ਤੇ ਗੋਰੇ ਜਾਂ ਫ਼ਿਰੰਗੀ ਆਖਿਆ ਜਾਂਦਾ ਸੀ, ਤਦ ਅਕਸਰ ਸ੍ਰੀ ਹਰਿਮੰਦਰ ਸਾਹਿਬ ਤੇ ਉਸ ਦੀਆਂ ਸੀਮਾਵਾਂ ਅੰਦਰ ਆਪਣੀਆਂ ਜੁੱਤੀਆਂ ਸਮੇਤ ਦਾਖ਼ਲ ਹੋ ਜਾਇਆ ਕਰਦੇ ਸਨ। ਅੰਮ੍ਰਿਤਸਰ 'ਚ ਬ੍ਰਿਟਿਸ਼ ਫ਼ੌਜੀਆਂ ਦੇ ਖਾਣ ਲਈ ਗਊ-ਹੱਤਿਆਵਾਂ ਕੀਤੀਆਂ ਜਾਂਦੀਆਂ ਸਨ। ਇਹ ਹੁਕਮ ਤਦ ਜਾਰੀ ਕੀਤਾ ਗਿਆ ਸੀ, ਜਦੋਂ ਮਹਾਰਾਜਾ ਦਲੀਪ ਸਿੰਘ ਹਾਲੇ ਲਾਹੌਰ ਦਰਬਾਰ ਦੀ ਰਾਜਗੱਦੀ 'ਤੇ ਬਿਰਾਜਮਾਨ ਸਨ।

ਅੰਗਰੇਜ਼ਾਂ ਤੇ ਸਿੱਖਾਂ ਵਿਚਾਲੇ ਜੰਗ ਅੰਗਰੇਜ਼ ਰਾਜਨੇਤਾਵਾਂ ਵੱਲੋਂ ਜਾਣਬੁੱਝ ਕੇ

ਜ਼ਬਰਦਸਤੀ ਲਾਹੌਰ ਦਰਬਾਰ ਲਈ ਹੀ ਅਰੰਭੀ ਗਈ ਸੀ ਕਿ ਤਾਂ ਜੁ ਉਹ ਆਪਣੀ ਨੀਤੀ ਅਨੁਸਾਰ ਕੇਂਦਰੀ ਏਸ਼ੀਆ 'ਚ ਰੂਸੀਆਂ ਦੀ ਸਰਹੱਦ ਦੇ ਹੋਰ ਨੇੜੇ ਪੁੱਜ ਸਕਣ। ਸਿੱਖ ਕਈ ਜੰਗਾਂ ਹਾਰ ਚੁੱਕੇ ਸਨ। ਮਹਾਰਾਜਾ ਦਲੀਪ ਸਿੰਘ ਨੂੰ ਰਾਜਗੱਦੀ ਤੋਂ ਲਾਂਭੇ ਕਰ ਦਿੱਤਾ ਗਿਆ ਸੀ। ਪੰਜਾਬ ਨੂੰ 29 ਮਾਰਚ, 1849 ਨੂੰ ਬ੍ਰਿਟਿਸ਼ ਭਾਰਤੀ ਸਾਮਰਾਜ ਨਾਲ ਮਿਲਾ ਦਿੱਤਾ ਗਿਆ ਸੀ। ਪ੍ਰਸ਼ਾਸਨਿਕ ਬੋਰਡ ਦੇ ਗਸ਼ਤੀ-ਪੱਤਰ ਨੰ. 3, ਮਿਤੀ 5 ਮਈ, 1849 ਅਨੁਸਾਰ ਗਊ-ਹੱਤਿਆ 'ਤੇ ਲੱਗੀ ਪਾਬੰਦੀ ਹਟਾ ਦਿੱਤੀ ਗਈ ਸੀ। ਕੁਝ ਡਿਪਟੀ ਕਮਿਸ਼ਨਰਾਂ ਨੇ ਇਨ੍ਹਾਂ ਹਦਾਇਤਾਂ 'ਤੇ ਹੋਰ ਸਪੱਸ਼ਟੀਕਰਣ ਮੰਗੇ ਸਨ, ਸ਼ਰੇਆਮ ਹੀ ਗਊ-ਹੱਤਿਆਵਾਂ ਕੀਤੇ ਜਾਣ ਅਤੇ ਮੁਸਲਮਾਨਾਂ ਵੱਲੋਂ ਗਊ-ਮਾਸ ਵੇਚਣ ਦੀ ਕਵਾਇਦ 'ਤੇ ਇਤਰਾਜ਼ ਕੀਤਾ ਸੀ। ਉਨ੍ਹਾਂ 'ਚੋਂ ਇੱਕ ਡੀਸੀ ਨੇ ਤਾਂ ਇਹ ਦਲੀਲ ਵੀ ਦਿੱਤੀ ਸੀ ਕਿ ਇਸ ਛੋਟ ਦੀ ਦੁਰਵਰਤੋਂ ਮੁਸਲਮਾਨਾਂ ਵੱਲੋਂ ਯਕੀਨੀ ਤੌਰ 'ਤੇ ਆਪਣੇ ਹਿੰਦੂ ਤੇ ਸਿੱਖ ਗੁਆਂਢੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਤੇ ਉਨ੍ਹਾਂ ਨੂੰ ਨਾਰਾਜ਼ ਕਰਨ ਲਈ ਕੀਤੀ ਜਾਇਆ ਕਰੇਗੀ।

ਅੰਗਰੇਜ਼ ਹਾਕਮ ਪੰਜਾਬ 'ਚ ਆਪਣੀ ਤਾਕਤ ਹੋਰ ਮਜ਼ਬੂਤ ਕਰਨੀ ਚਾਹੁੰਦੇ ਸਨ। ਉਨ੍ਹਾਂ ਆਮ ਜਨਤਾ ਨੂੰ ਧਾਰਮਿਕ ਤੇ ਫਿਰਕੂ ਆਧਾਰ 'ਤੇ ਵੰਡਣ ਦੀ ਨੀਤੀ ਅਪਣਾਈ। ਉਹ ਮੁਸਲਿਮ ਜਨਤਾ ਨੂੰ ਆਪਣੇ ਨੇੜੇ ਲਿਆਉਣਾ ਚਾਹੁੰਦੇ ਸਨ। ਇਸੇ ਨੀਤੀ 'ਤੇ ਚੱਲਦਿਆਂ ਹਿੰਦੂਆਂ ਤੇ ਸਿੱਖਾਂ ਦੀਆਂ ਪੁਰਾਤਨ ਰਹੁਰੀਤਾਂ ਅਤੇ ਭਾਵਨਾਵਾਂ ਦਾ ਖ਼ਿਆਲ ਰੱਖਦਿਆਂ ਬਿਨਾ ਗਵਰਨਰ-ਜਨਰਲ ਵੱਲੋਂ 20 ਮਈ, 1849 ਨੂੰ ਇੱਕ ਹੋਰ ਹੁਕਮ ਜਾਰੀ ਕਰ ਦਿੱਤਾ ਗਿਆ, ਜਿਸ ਦੀ ਸ਼ਬਦਾਵਲੀ ਕੁਝ ਇਸ ਪ੍ਰਕਾਰ ਸੀ:

''ਕਿਸੇ ਨੂੰ ਵੀ ਆਪਣੇ ਗੁਆਂਢੀ ਦੇ ਕਿਸੇ ਵੀ ਮਰਯਾਦਾ ਅਤੇ ਧਾਰਮਿਕ ਰਹੁ-ਰੀਤਾਂ, ਰਿਵਾਜਾਂ ਤੇ ਅਭਿਆਸਾਂ 'ਚ ਦਖ਼ਲ ਦੇਣ ਦੀ ਇਜਾਜ਼ਤ ਨਹੀਂ ਹੋਵੇਗੀ।''

ਇਸ ਹੁਕਮ ਨੇ ਸਪੱਸ਼ਟ ਤੌਰ 'ਤੇ ਮੁਸਲਮਾਨਾਂ ਨੂੰ ਗਊ-ਹੱਤਿਆ ਜਾਰੀ ਰੱਖਣ ਦੀ ਹੱਲਾਸ਼ੇਰੀ ਦਿੱਤੀ ਤੇ ਸਮੁੱਚੇ ਪੰਜਾਬ 'ਚ ਉਨ੍ਹਾਂ ਨੂੰ ਕਾਨੂੰਨੀ ਪਨਾਹ ਦੇ ਦਿੱਤੀ। ਪ੍ਰਸ਼ਾਸਨਿਕ ਬੋਰਡ ਨੇ ਗਊ-ਹੱਤਿਆਵਾਂ ਨਾਲ ਸੰਬੰਧਤ ਹੇਠ ਲਿਖੇ ਉੱਪ-ਨੇਮ ਜਾਰੀ ਕੀਤੇ ਗਏ:

1. ਗਊਆਂ ਨੂੰ ਸ਼ਹਿਰ ਤੋਂ ਬਾਹਰ ਕਿਸੇ ਖ਼ਾਸ ਨਿਸ਼ਚਿਤ ਥਾਂ 'ਤੇ ਜ਼ਿਬ੍ਹਾ ਕੀਤਾ ਜਾਇਆ ਕਰੇਗਾ।
2. ਸ਼ਹਿਰ ਵਿੱਚ ਗਊ-ਮਾਸ ਦੀ ਖੁੱਲ੍ਹੀ ਵਿਕਰੀ ਲਈ ਕੋਈ ਦੁਕਾਨ ਨਹੀਂ ਖੁੱਲ੍ਹੇਗੀ।

## III

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਰਾਇ ਤਖ਼ਤ ਮੱਲ ਤੇ ਹੋਰ ਹਿੰਦੂ ਪੰਚਾਂ (ਪ੍ਰਤੀਨਿਧਾਂ) ਦੀ ਸਲਾਹ ਨਾਲ ਸ਼ਹਿਰ ਦੇ ਬਾਹਰਵਾਰ ਇੱਕ ਬੁੱਚੜਖਾਨਾ ਖੋਲ੍ਹਿਆ।

ਕਸਾਈਆਂ ਨੂੰ ਨਿਮਨਲਿਖਤ ਹਦਾਇਤਾਂ ਦੀ ਪਾਲਣਾ ਕਰਨ ਲਈ ਆਖਿਆ ਗਿਆ ਸੀ: ''ਗਊਆਂ ਨੂੰ ਕਿਸੇ ਖ਼ਾਸ ਥਾਂ 'ਤੇ ਓਹਲੇ 'ਚ ਵਿਕਰੀ ਦੇ ਉਦੇਸ਼ ਲਈ ਜ਼ਿਬ੍ਹਾ ਕੀਤਾ ਜਾਵੇਗਾ। ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦਿੱਤੀ ਜਾਵੇ ਗੀ।''

ਅੰਮ੍ਰਿਤਸਰ 'ਚ ਗਊਆਂ ਲਈ ਬੁੱਚੜਖਾਨਾ ਖੋਲ੍ਹਣ ਨਾਲ ਸਮੁੱਚੇ ਪੰਜਾਬ ਦੇ ਵੱਖੋ-ਵੱਖਰੇ ਸ਼ਹਿਰਾਂ ਵਿੱਚ ਹੋਰ ਵਧੇਰੇ ਬੁੱਚੜਖਾਨੇ ਖੋਲ੍ਹਣ ਦਾ ਸੰਕੇਤ ਸੀ। ਕਸਾਈਆਂ ਨੇ ਛੋਟੇ ਸ਼ਹਿਰਾਂ ਤੇ ਕਸਬਿਆਂ 'ਚ ਵੀ ਗਊ-ਹੱਤਿਆਵਾਂ ਸ਼ੁਰੂ ਕਰ ਦਿੱਤੀਆਂ। ਭਾਵੇਂ ਪੰਜਾਬ ਦੇ ਮੁਸਲਮਾਨਾਂ ਨੂੰ ਗਊ-ਮਾਸ ਖਾਣ ਦੀ ਆਦਤ ਨਹੀਂ ਵੀ ਸੀ ਪਰ ਅੰਗਰੇਜ਼ ਅਧਿਕਾਰੀਆਂ ਨੇ ਵਾਰ-ਵਾਰ ਉਨ੍ਹਾਂ ਦੇ ਮਨਾਂ ਨੂੰ ਇਹ ਗੱਲ ਜਚਾਈ ਕਿ ਉਨ੍ਹਾਂ ਦਾ ਧਰਮ ਗਊ-ਹੱਤਿਆ ਦਾ ਅਧਿਕਾਰ ਦਿੰਦਾ ਹੈ। ਇਸ ਦਾ ਮੁੱਖ ਮੰਤਵ ਪੰਜਾਬੀਆਂ 'ਚ ਧਰਮਾਂ ਦੇ ਆਧਾਰ 'ਤੇ ਵੰਡੀਆਂ ਪਾਉਣਾ ਤੇ ਉਨ੍ਹਾਂ ਵਿਚਲੀ ਏਕਤਾ ਨੂੰ ਖ਼ਤਮ ਕਰਨਾ ਸੀ।

ਸ਼ੁਰੂ ਤੋਂ ਹੀ ਅੰਮ੍ਰਿਤਸਰ 'ਚ ਬੁੱਚੜਖਾਨਾ ਖੋਲ੍ਹਣ ਨਾਲ ਸ਼ਹਿਰ ਦੇ ਹਿੰਦੂਆਂ ਤੇ ਮੁਸਲਮਾਨਾਂ ਵਿਚਲੇ ਆਪਸੀ ਸਬੰਧਾਂ 'ਚ ਤਣਾਅ ਪੈਦਾ ਹੋਣ ਲੱਗ ਪਿਆ। ਮੁਸਲਿਮ ਕਸਾਈਆਂ ਨੇ ਅੰਮ੍ਰਿਤਸਰ ਦੀਆਂ ਸੜਕਾਂ 'ਤੇ ਸ਼ਰੇਆਮ ਗਊ-ਮਾਸ ਦੀ ਵਿਕਰੀ ਸ਼ੁਰੂ ਕਰ ਦਿੱਤੀ। 7 ਮਈ, 1856 ਨੂੰ ਅਜਿਹੇ ਇੱਕ ਜੁਰਮ ਦਾ ਅਪਰਾਧੀ ਸ੍ਰੀ ਐੱਫ਼. ਕੂਪਰ ਸਾਹਵੇਂ ਪੇਸ਼ ਕੀਤਾ ਗਿਆ ਸੀ। ਮਈ 1863 'ਚ ਸੜਕ 'ਤੇ ਗਊ-ਮਾਸ ਵੇ ਚ ਰਹੇ ਇੱਕ ਮੁਸਲਮਾਨ ਨੂੰ ਹਿੰਦੂਆਂ ਦੀ ਇੱਕ ਭੀੜ ਨੇ ਰੰਗੇ ਹੱਥੀਂ ਫੜ ਲਿਆ ਸੀ। ਉਸ ਮਾਮਲੇ ਦੀ ਸੁਣਵਾਈ ਦੋ ਮੈਜਿਸਟ੍ਰੇਟਸ ਨੇ ਕੀਤੀ, ਉਨ੍ਹਾਂ 'ਚੋਂ ਇੱਕ ਹਿੰਦੂ ਸੀ ਤੇ ਦੂਜਾ ਮੁਸਲਮਾਨ। ਉਸ ਮੁਜਰਿਮ ਨੂੰ ਤਿੰਨ ਮਹੀਨੇ ਕੈਦ ਤੇ 50 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ। ਇਸ ਮਾਮਲੇ 'ਚ ਕੀਤੀ ਗਈ ਅਪੀਲ 'ਤੇ ਜੁਡੀਸ਼ੀਅਲ ਕਮਿਸ਼ਨਰ ਨੇ ਆਪਣਾ ਫ਼ੈਸਲਾ ਸੁਣਾਉਂਦਿਆਂ ਮੁਲਜ਼ਮ ਨੂੰ ਰਿਹਾਅ ਕਰ ਦਿੱਤਾ ਸੀ ਤੇ ਨਾਲ ਹੀ ਇਹ ਵੀ ਆਖਿਆ ਸੀ ਕਿ ਅਜਿਹਾ ਕੋਈ ਹੁਕਮ ਸਰਕਾਰੀ ਰਿਕਾਰਡਾਂ ਵਿੱਚ ਮੌਜੂਦ ਹੀ ਨਹੀਂ ਹੈ।

ਹਰ ਸਾਲ ਅਜਿਹੇ ਮਾਮਲੇ ਸਾਹਮਣੇ ਆਉਂਦੇ ਰਹੇ ਅਤੇ ਮੁਲਜ਼ਮਾਂ ਨੂੰ ਜਾਂ ਤਾਂ ਰਿਹਾਅ ਕਰ ਦਿੱਤਾ ਜਾਂਦਾ ਸੀ ਤੇ ਜਾਂ ਮਾਮੂਲੀ ਜੁਰਮਾਨੇ ਕੀਤੇ ਜਾਂਦੇ ਸਨ। ਸਾਲ 1871 ਤੱਕ ਹਿੰਦੂਆਂ ਤੇ ਸਿੱਖਾਂ ਦੇ ਮਨਾਂ ਵਿਚਲੀ ਕੜਵਾਹਟ ਵਧ ਕੇ ਹੰਗਾਮਿਆਂ, ਲੜਾਈ-ਝਗੜਿਆਂ, ਖੁੱਲ੍ਹੀਆਂ ਲੜਾਈਆਂ ਤੇ ਦੰਗਿਆਂ ਵਿੱਚ ਤਬਦੀਲ ਹੋ ਗਈ। ਮਈ 1871 'ਚ ਇਹ ਤਣਾਅ ਸਿਖ਼ਰ 'ਤੇ ਪੁੱਜ ਚੁੱਕਾ ਸੀ। ਡਿਵੀਜ਼ਨ ਦੇ ਕਮਿਸ਼ਨਰ ਅੰਮ੍ਰਿਤਸਰ ਪੁੱਜੇ। ਉਨ੍ਹਾਂ ਸਥਾਨਕ ਨਾਗਰਿਕਾਂ ਦੇ ਦੋਵੇਂ ਵਰਗਾਂ ਦੇ ਨੁਮਾਇੰਦਿਆਂ ਦੀ ਇੱਕ ਮੀਟਿੰਗ ਸੱਦੀ ਤੇ ਗਊ-ਹੱਤਿਆ ਬਾਰੇ ਸਰਕਾਰ ਦੀ ਨੀਤੀ ਬਾਰੇ ਦੱਸਿਆ। ਸ਼ਹਿਰ ਤੇ ਹਿੰਦੂ ਤੇ ਸਿੱਖ ਇਸ ਮੁੱਦੇ 'ਤੇ ਨਾਰਾਜ਼ ਹੋ ਗਏ। ਉੱਧਰ ਮੁਸਲਮਾਨਾਂ ਨੂੰ ਹੱਲਾਸ਼ੇਰੀ ਮਿਲ ਗਈ ਤੇ ਉਨ੍ਹਾਂ ਅਜਿਹੀ ਅਫ਼ਵਾਹ ਫੈਲਾ ਦਿੱਤੀ ਕਿ ਗਊ-ਮਾਸ ਦੀ ਵਿਕਰੀ ਲਈ ਚਾਰ ਹੋਰ ਦੁਕਾਨਾਂ ਖੋਲ੍ਹੀਆਂ ਜਾ

ਰਹੀਆਂ ਹਨ। ਨਾਲ ਹੀ ਇਹ ਵੀ ਆਖ ਦਿੱਤਾ ਗਿਆ ਕਿ ਇਹ ਨਵੀਂਆਂ ਦੁਕਾਨਾਂ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦੇ ਬਿਲਕੁਲ ਲਾਗੇ ਹੋਣਗੀਆਂ। ਸ਼ਹਿਰ 'ਚ ਰਹਿੰਦੇ ਮੁਸਲਮਾਨ ਵੱਡੀ ਮਾਤਰਾ 'ਚ ਗਊ-ਮਾਸ ਖਾਂਦੇ ਸਨ। ਖੁੱਲ੍ਹੇ ਵਿੱਚ ਖਾ ਕੇ ਸੁੱਟੀਆਂ ਨਿੱਕੀਆਂ ਹੱਡੀਆਂ ਨੂੰ ਇੱਲ੍ਹਾਂ ਤੇ ਕਾਂ ਲੈ ਜਾਂਦੇ ਸਨ ਤੇ ਉਹ ਪਵਿੱਤਰ ਸਰੋਵਰ ਲਾਗਲੀਆਂ ਕੰਧਾਂ 'ਤੇ ਬਹਿ ਕੇ ਉਨ੍ਹਾਂ ਨੂੰ ਚੱਟ-ਚੂਸ ਕੇ ਉੱਥੇ ਹੀ ਛੱਡ ਜਾਂਦੇ ਸਨ। ਅਜਿਹੀ ਇੱਕ ਹੱਡੀ ਭਾਈ ਦੇਵਾ ਸਿੰਘ ਨੇ ਪਵਿੱਤਰ ਸਰੋਵਰ ਲਾਗਿਓਂ ਚੁੱਕ ਕੇ 24 ਅਪ੍ਰੈਲ, 1871 ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਵਿੱਤਰ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੇ ਬਿਲਕੁਲ ਸਾਹਮਣੇ ਰੱਖ ਦਿੱਤੀ। ਉਸ ਕਾਰਨ ਵੱਡੇ ਪੱਧਰ 'ਤੇ ਰੋਸ ਫੈਲ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਕਸਟੋਡੀਅਨ ਮੈਨੇਜਰ ਸਰਦਾਰ ਬਹਾਦਰ ਮੰਗਲ ਸਿੰਘ ਰਾਮਗੜ੍ਹੀਆ ਨੇ ਭਾਈ ਦੇਵਾ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਉਸ ਨੂੰ ਤਿੰਨ ਵਰ੍ਹੇ ਕੈਦ ਬਾਮੁਸ਼ੱਕਤ ਤੇ ਇੱਕ ਮਹੀਨੇ ਕਾਲ-ਕੋਠੜੀ 'ਚ ਰੱਖਣ ਦੀ ਸਜ਼ਾ ਸੁਣਾਈ ਗਈ ਸੀ। ਸ਼ਹਿਰ ਦੇ ਗ਼ੈਰ-ਮੁਸਲਿਮਾਂ ਨੂੰ ਵੱਡੀ ਚਿੰਤਾ ਲੱਗ ਗਈ ਸੀ ਪਰ ਉਹ ਮਜਬੂਰ ਸਨ।

ਸ਼ਹਿਰ 'ਚ ਰਹਿੰਦੇ ਕੁਝ ਨਾਮਧਾਰੀਆਂ ਨੇ ਇੱਕ ਮੀਟਿੰਗ ਦੌਰਾਨ ਇਸ ਪਵਿੱਤਰ ਨਗਰੀ 'ਚ ਗਊ-ਹੱਤਿਆਵਾਂ ਰੋਕਣ ਦੇ ਮੰਤਵ ਨਾਲ ਖ਼ੁਦ ਕੁਰਬਾਨੀਆਂ ਦੇਣ ਦਾ ਫ਼ੈਸਲਾ ਕੀਤਾ। 14 ਜੂਨ ਦੀ ਰਾਤ ਨੂੰ 8 ਨਾਮਧਾਰੀਆਂ ਨੇ ਇੱਕ ਬੁੱਚੜਖਾਨੇ 'ਚ ਕਸਾਈਆਂ ਉੱਤੇ ਹਮਲਾ ਕਰ ਦਿੱਤਾ। ਉੱਥੇ ਤਿੰਨ ਕਸਾਈ ਮੌਕੇ 'ਤੇ ਮਾਰੇ ਗਏ ਅਤੇ ਤਿੰਨ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਇਨ੍ਹਾਂ ਤਿੰਨ ਕਤਲਾਂ ਲਈ ਇੱਕ ਵਿਸ਼ੇਸ਼ ਜਾਂਚ ਅਧਿਕਾਰੀ ਸ੍ਰੀ ਕ੍ਰਿਸਟੀ ਨੇ 25 ਜੁਲਾਈ ਨੂੰ 12 ਹਿੰਦੂਆਂ ਤੇ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਦੇ ਚਲਾਨ ਕੱਟ ਦਿੱਤੇ ਸਨ। ਨਿਰਦੋਸ਼ ਪੀੜਤਾਂ 'ਤੇ ਅਥਾਹ ਤਸ਼ੱਦਦ ਢਾਹੇ ਗਏ ਤੇ ਪੁਲਿਸ ਨੇ ਉਨ੍ਹਾਂ 'ਤੇ ਤੀਜੇ ਦਰਜੇ ਦੇ ਸਾਰੇ ਤਰੀਕੇ ਵਰਤੇ ਅਤੇ ਉਨ੍ਹਾਂ ਨੂੰ ਝੂਠੇ ਬਿਆਨ ਦੇਣ ਤੇ ਕਤਲ ਕੀਤੇ ਹੋਣ ਦਾ ਐਵੇਂ ਝੂਠਾ ਇਕਬਾਲ ਕਰਨ ਲਈ ਮਜਬੂਰ ਕੀਤਾ ਗਿਆ। 26 ਜੁਲਾਈ ਨੂੰ ਡਿਪਟੀ ਕਮਿਸ਼ਨਰ ਨੇ ਸਾਰੇ ਮੁਲਜ਼ਮਾਂ ਨੂੰ ਸੈਸ਼ਨਜ਼ ਅਦਾਲਤ 'ਚ ਪੇਸ਼ ਕੀਤਾ। ਡਿਪਟੀ ਕਮਿਸ਼ਨਰਾਂ ਦੇ ਅਜਿਹੇ ਆਦੇਸ਼ਾਂ ਦੀ ਖ਼ਬਰ ਭੈਣੀ ਵਿਖੇ ਗੁਰੂ ਰਾਮ ਸਿੰਘ ਜੀ ਤੱਕ ਵੀ ਪੁੱਜੀ। ਅਸਲੀਅਤ ਜਾਣ ਕੇ ਉਨ੍ਹਾਂ ਅਸਲ ਦੋਸ਼ੀਆਂ ਨੂੰ ਹੁਕਮ ਜਾਰੀ ਕੀਤੇ ਕਿ ਉਹ ਖ਼ੁਦ ਮੈਜਿਸਟ੍ਰੇਟ ਸਾਹਵੇਂ ਪੇਸ਼ ਹੋ ਕੇ ਆਪਣੇ ਗੁਨਾਹ ਦਾ ਇਕਬਾਲ ਕਰਨ। ਫਿਰ 15 ਸਤੰਬਰ, 1871 ਨੂੰ ਉਨ੍ਹਾਂ ਦੇ ਆਪਣੇ ਇਕਬਾਲੀਆ ਬਿਆਨਾਂ ਦੇ ਆਧਾਰ 'ਤੇ ਹੀ ਚਾਰ ਨਾਮਧਾਰੀਆਂ ਨੂੰ ਫਾਂਸੀ ਦੇ ਦਿੱਤੀ ਗਈ। ਨਾਮਧਾਰੀਆਂ ਵੱਲੋਂ ਕਸਾਈਆਂ ਦੇ ਬਿਲਕੁਲ ਇਸੇ ਤਰ੍ਹਾਂ ਦੇ ਕਤਲ 15 ਜੁਲਾਈ, 1871 ਨੂੰ ਲੁਧਿਆਣਾ ਜ਼ਿਲ੍ਹੇ ਦੇ ਰਾਏ ਕੋਟ 'ਚ ਵੀ ਕੀਤੇ ਗਏ ਸਨ। ਉੱਥੇ ਚਾਰ ਕਸਾਈ ਮੌਕੇ 'ਤੇ ਹੀ ਮਾਰੇ ਗਏ ਸਨ ਤੇ 7 ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਸਨ। ਇਸ ਮਾਮਲੇ 'ਚ ਪਟਿਆਲਾ ਤੇ ਨਾਭਾ ਦੇ ਮਹਾਰਾਜਿਆਂ ਦੀ ਮਦਦ ਨਾਲ ਸੱਤ ਮੁਲਜ਼ਮਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ ਸਨ, ਜਿਨ੍ਹਾਂ ਵਿੱਚੋਂ ਪੰਜ ਨਾਭਾ ਰਿਆਸਤ ਤੇ ਦੋ ਪਟਿਆਲਾ ਰਿਆਸਤ ਦੇ ਸਨ। ਉਨ੍ਹਾਂ ਨੂੰ

ਪਿੰਡ ਬੱਸੀਆਂ ਦੇ ਮੈਜਿਸਟ੍ਰੇਟ ਸਾਹਮਣੇ ਪੇਸ਼ ਕੀਤਾ ਗਿਆ ਸੀ। ਪੁਲਿਸ ਨੇ ਗੁਰੂ ਰਾਮ ਸਿੰਘ ਜੀ ਨੂੰ ਵੀ 'ਮੁਲਜ਼ਮਾਂ ਨੂੰ ਭੜਕਾਉਣ ਤੇ ਉਕਸਾਉਣ ਵਾਲੇ' ਵਜੋਂ ਫਸਾਉਣ ਅਤੇ ਉਲਝਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੂੰ ਬੱਸੀਆਂ ਦੇ ਮੈਜਿਸਟ੍ਰੇਟ ਸਾਹਵੇਂ ਪੇਸ਼ ਹੋਣ ਲਈ ਸੰਮਨ ਭੇਜੇ ਗਏ ਸਨ ਤੇ ਗੁਰੂ ਜੀ ਨੇ ਉਨ੍ਹਾਂ ਸੰਮਨਾਂ ਦੀ ਤਾਮੀਲ ਵੀ ਕੀਤੀ ਸੀ। 5 ਅਗਸਤ, 1871 ਨੂੰ ਇੱਕ ਵੱਡੇ ਇਕੱਠ ਸਾਹਮਣੇ ਤਿੰਨ ਮੁਲਜ਼ਮਾਂ ਨੂੰ ਰਾਏਕੋਟ 'ਚ ਫਾਂਸੀ ਦੇ ਦਿੱਤੀ ਗਈ ਸੀ। ਬਾਕੀ ਦੇ ਦੋ ਮੁਲਜ਼ਮਾਂ ਗਿਆਨੀ ਰਤਨ ਸਿੰਘ ਤੇ ਨਾਈਵਾਲਾ ਦੇ ਰਤਨ ਸਿੰਘ ਨੂੰ 26 ਨਵੰਬਰ, 1871 ਨੂੰ ਲੁਧਿਆਣਾ ਦੀ ਜੇਲ੍ਹ ਦੇ ਬਾਹਰਵਾਰ ਫਾਂਸੀ 'ਤੇ ਲਟਕਾ ਦਿੱਤਾ ਗਿਆ ਸੀ।

ਇਸੇ ਦੌਰਾਨ ਸਰਕਾਰ ਨੂੰ ਨਾਮਧਾਰੀਆਂ ਦੀਆਂ ਗੁਪਤ ਗਤੀਵਿਧੀਆਂ ਤੋਂ ਖ਼ਤਰਾ ਮਹਿਸੂਸ ਹੋਇਆ। ਪੰਜਾਬ ਸਰਕਾਰ ਦੇ ਦੋ ਸਭ ਤੋਂ ਵੱਧ ਸੀਨੀਅਰ ਅਧਿਕਾਰੀਆਂ ਨੂੰ ਨਾਮਧਾਰੀ ਸੰਗਠਨ, ਉਸ ਦੇ ਮੰਤਵਾਂ ਅਤੇ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਰਿਪੋਰਟਾਂ ਤਿਆਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ। ਸ੍ਰੀ ਜੇ.ਡਬਲਿਊ. ਮੈਕਨੈਬ ਨੇ 4 ਨਵੰਬਰ, 1871 ਦੀ ਆਪਣੀ ਇੱਕ ਲੰਮੀ ਰਿਪੋਰਟ 'ਚ ਇਹ ਸਿੱਟੇ ਕੱਢੇ:

''ਸ਼ੁਰੂਆਤ 'ਚ ਭਾਵੇਂ ਇਸ ਸੰਪਰਦਾਇ ਦੇ ਆਗੂਆਂ ਦੇ ਇਰਾਦੇ ਕੁਝ ਵੀ ਹੋਣ, ਇਸ ਦਾ ਰੁਝਾਨ ਖ਼ਾਸ ਤੌਰ 'ਤੇ ਸਿਆਸੀ ਹੀ ਹੈ... ਵੱਡੇ-ਵੱਡੇ ਅਹੁਦਿਆਂ ਵਾਲੇ ਬਹੁਤ ਸਾਰੇ ਲੋਕ ਇਸ ਸੰਪਰਦਾਇ ਨਾਲ ਜੁੜਦੇ ਜਾ ਰਹੇ ਹਨ... ਇੰਝ ਇਸ ਦੇਸ਼ ਦੀ ਅੰਦਰੂਨੀ ਸੁਰੱਖਿਆ ਤੇ ਸ਼ਾਂਤੀ ਲਈ ਇਹ ਜ਼ਰੂਰੀ ਜਾਪਦਾ ਹੈ ਕਿ ਬਾਬਾ ਰਾਮ ਸਿੰਘ ਜੀ ਨੂੰ ਕਿਸੇ ਹੋਰ ਥਾਂ 'ਤੇ ਭੇਜ ਦਿੱਤਾ ਜਾਵੇ, ਜਿੱਥੇ ਉਨ੍ਹਾਂ ਦੇ ਸ਼ਰਧਾਲੂ ਉਨ੍ਹਾਂ ਨੂੰ ਮਿਲ ਨਾ ਸਕਣ... ਮੇਰਾ ਇਹ ਦ੍ਰਿੜ੍ਹ ਵਿਚਾਰ ਹੈ ਕਿ (ਗੁਰੂ) ਰਾਮ ਸਿੰਘ ਜੀ ਨੂੰ ਅੰਡੇਮਾਨ ਭੇਜਣਾ ਸੁਰੱਖਿਅਤ ਰਹੇਗਾ... ਜੇ ਸਰਕਾਰ 1818 ਦੇ ਕਾਨੂੰਨ III ਅਧੀਨ ਉਨ੍ਹਾਂ ਵਿਰੁੱਧ ਸਿੱਧੀ ਕਾਰਵਾਈ ਕਰਨਾ ਚਾਹੁੰਦੀ ਹੈ, ਤਾਂ ਇਹ ਤੁਰੰਤ ਕਰ ਦੇਣੀ ਚਾਹੀਦੀ ਹੈ।''

ਲੈਫ਼ਨੀਨੈਂਟ ਕਰਨਲ ਜੀ. ਮੈਕਐਂਡ੍ਰਿਯੂ ਨੇ ਆਪਣੇ ਮਿਤੀ 20 ਨਵੰਬਰ, 1871 ਦੇ ਯਾਦ-ਪੱਤਰ 'ਚ ਲਿਖਿਆ ਸੀ – ''ਮੈਨੂੰ ਇਹ ਮਾਮਲਾ ਕੁਝ ਅਜਿਹਾ ਲਗਦਾ ਹੈ, ਜਿਸ ਵਿੱਚ ਸਰਕਾਰ ਬਿਨਾਂ ਕਿਸੇ ਲੰਮੇਰੀ ਕਾਨੂੰਨੀ ਕਾਰਵਾਈ ਦੇ ਹੀ ਆਮ ਤਰੀਕੇ ਹੀ ਤੁਰੰਤ ਨਿਆਂ ਕਰ ਸਕਦੀ ਹੈ ਤੇ ਖ਼ੁਦ ਨੂੰ ਚੰਗਾ ਵੀ ਸਿੱਧ ਕਰ ਸਕਦੀ ਹੈ। ਉਨ੍ਹਾਂ ਤੇ ਉਨ੍ਹਾਂ ਦੇ ਸ਼ਰਧਾਲੂਆਂ ਨੇ ਹੁਣ ਬਿਨਾ ਸ਼ੱਕ ਅਜਿਹੇ ਸਾਰੇ ਸੰਕੇਤ ਤਾਂ ਦੇ ਹੀ ਦਿੱਤੇ ਹਨ ਕਿ ਉਹ ਕਾਨੂੰਨ ਤੇ ਵਿਵਸਥਾ ਦੀਆਂ ਧੱਜੀਆਂ ਉਡਾਉਣ ਲਈ ਪੂਰੀ ਤਰ੍ਹਾਂ ਤਿਆਰ ਹਨ।।''

ਸਰਕਾਰ ਦੇ ਜ਼ਿੰਮੇਵਾਰ ਅਧਿਕਾਰੀਆਂ ਦੀਆਂ ਰਿਪੋਰਟਾਂ ਨੇ ਬ੍ਰਿਟਿਸ਼ ਅਧਿਕਾਰੀਆਂ ਦੇ ਮਨਾਂ 'ਚ ਕੂਕਿਆਂ ਦੇ ਡਰ ਤੇ ਗੁੱਸੇ ਦੀ ਇੱਕ ਲਹਿਰ ਪੈਦਾ ਕਰ ਦਿੱਤੀ। ਉਨ੍ਹਾਂ ਨੇ ਦੇਸ਼ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਉਨ੍ਹਾਂ ਦੇ ਨਾਮਧਾਰੀ ਪੈਰੋਕਾਰਾਂ ਵੱਲੋਂ ਇੱਕ ਆਮ ਲੋਕਾਂ 'ਚ ਬਗ਼ਾਵਤ ਪੈਦਾ ਕਰ ਸਕਣ ਦੇ

ਚਿੰਨ੍ਹਾਂ ਦਾ ਅਨੁਮਾਨ ਲਾ ਲਿਆ ਸੀ। ਉਨ੍ਹਾਂ 'ਚੋਂ ਕੁਝ ਨੂੰ ਇਸ ਸੰਪਰਦਾਇ ਦੇ ਪ੍ਰੋਗਰਾਮ ਤੇ ਉਨ੍ਹਾਂ ਦੀਆਂ ਗਤੀਵਿਧੀਆਂ 'ਚੋਂ 1857 ਦੀ ਬਗ਼ਾਵਤ ਦੇ ਪਰਛਾਵਿਆਂ ਦਾ ਖ਼ਦਸ਼ਾ ਵੀ ਜਾਪਣ ਲੱਗ ਪਿਆ ਸੀ। ਇਸੇ ਲਈ ਉਨ੍ਹਾਂ ਸਭਨਾਂ 'ਤੇ ਪੂਰੀ ਨਜ਼ਰ ਰੱਖਦਿਆਂ ਕੋਈ ਅਜਿਹਾ ਮੌਕਾ ਲੱਭਿਆ ਜਾ ਰਿਹਾ ਸੀ ਕਿ ਜਦੋਂ ਉਨ੍ਹਾਂ ਦੇ ਅੰਦੋਲਨ ਨੂੰ ਬਰਬਾਦ ਕਰ ਕੇ ਪੂਰੀ ਤਰ੍ਹਾਂ ਕੁਚਲਿਆ ਜਾ ਸਕੇ।

ਬ੍ਰਿਟਿਸ਼ ਹਾਕਮਾਂ ਵੱਲੋਂ ਪੰਜਾਬ 'ਚ ਮੁਸਲਮਾਨਾਂ ਨੂੰ ਗਊ-ਹੱਤਿਆ ਦੀ ਖੁੱਲ੍ਹੀ ਇਜਾਜ਼ਤ ਦੇਣ ਕਾਰਨ ਗ਼ੈਰ-ਮੁਸਲਿਮ ਆਬਾਦੀ ਦੇ ਸਾਰੇ ਵਰਗਾਂ 'ਚ ਡਾਢਾ ਰੋਹ ਪਾਇਆ ਜਾ ਰਿਹਾ ਸੀ। ਦੂਜੇ ਪਾਸੇ ਮੁਸਲਮਾਨ ਹਰ ਥਾਂ 'ਤੇ ਪੂਰੇ ਜੋਸ਼ ਨਾਲ ਭਰੇ ਹੋਏ ਸਨ ਅਤੇ ਜਾਣ-ਬੁੱਝ ਕੇ ਆਪਣੇ ਹਿੰਦੂ ਤੇ ਸਿੱਖ ਗੁਆਂਢੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲੱਗ ਪਏ ਸਨ। ਮਲੇਰਕੋਟਲਾ 'ਚ ਅਜਿਹੀ ਨਿੱਕੀ ਜਿਹੀ ਇੱਕ ਘਟਨਾ ਵਾਪਰੀ ਸੀ, ਜਿਸ ਵਿੱਚ ਇੱਕ ਨਾਮਧਾਰੀ ਨੇ ਇੱਕ ਸਬਜ਼ੀ ਵਿਕਰੇਤਾ ਨੂੰ ਇੱਕ ਬਲ਼ਦ ਦੀ ਪਿੱਠ ਤੋਂ ਹੇਠਾਂ ਉੱਤਰਨ ਲਈ ਆਖਿਆ ਸੀ ਤੇ ਇਸੇ ਗੱਲ ਨੂੰ ਲੈ ਕੇ ਗੁਰਮੁਖ ਸਿੰਘ ਨਾਮਧਾਰੀ ਤੇ ਇੱਕ ਮੁਸਲਿਮ ਵਿਚਾਲੇ ਝਗੜਾ ਹੋ ਗਿਆ ਸੀ। ਉਹ ਮਾਮਲਾ ਅਦਾਲਤ ਤੱਕ ਵੀ ਗਿਆ ਸੀ ਤੇ ਅੱਗਿਓਂ ਮੁਸਲਿਮ ਜੱਜ ਨੇ ਭੜਕੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਦੀ ਥਾਂ 'ਤੇ ਫ਼ੈਸਲਾ ਸੁਣਾ ਦਿੱਤਾ ਸੀ ਕਿ ਉਸ ਬਲ਼ਦ ਨੂੰ ਗੁਰਮੁਖ ਸਿੰਘ ਦੀਆਂ ਅੱਖਾਂ ਸਾਹਮਣੇ ਮਾਰ ਦਿੱਤਾ ਜਾਵੇ। ਉਸ ਹੁਕਮ 'ਤੇ ਤੁਰੰਤ ਅਮਲ ਵੀ ਹੋਇਆ ਸੀ। ਅਗਲੇ ਦਿਨ ਗੁਰਮੁਖ ਸਿੰਘ ਭੈਣੀ ਸਾਹਿਬ ਦੇ ਇਕੱਠ 'ਚ ਸ਼ਾਮਲ ਹੋਏ ਤੇ ਆਪਣੀ ਹੱਡ-ਬੀਤੀ ਬਿਆਨ ਕੀਤੀ।

13 ਜਨਵਰੀ, 1871 ਨੂੰ ਦੋ ਸਰਦਾਰਾਂ ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਅਗਵਾਈ ਹੇਠ 200 ਨਾਮਧਾਰੀਆਂ ਦਾ ਇੱਕ ਜੱਥਾ ਆਪਣੇ ਸਾਥੀ ਨਾਲ ਮੁਸਲਿਮ ਜੱਜ ਹੱਥੋਂ ਹੋਏ ਭੈੜੇ ਵਤੀਰੇ ਦਾ ਬਦਲਾ ਲੈਣ ਲਈ ਕੋਟਲਾ ਵੱਲ ਰਵਾਨਗੀ ਪਾ ਗਿਆ। ਰਾਹ 'ਚ ਮਲੌਂਟ ਦੇ ਇੱਕ ਸਿੱਖ ਜਗੀਰਦਾਰ ਮੁਖੀ ਦੇ ਵਿਅਕਤੀਆਂ ਨਾਲ ਗਹਿਗੱਚ ਜੰਗ ਛਿੜ ਗਈ, ਜਿਸ ਵਿੱਚ ਦੋ ਨਾਮਧਾਰੀ ਸ਼ਹਾਦਤ ਪਾ ਗਏ ਤੇ ਦੋ ਜਣੇ ਹੀ ਮਲੋਟ ਦੇ ਸਰਦਾਰ ਦੇ ਵੀ ਮਾਰੇ ਗਏ। 15 ਤਰੀਕ ਦੀ ਸਵੇਰ ਨੂੰ ਨਾਮਧਾਰੀਆਂ ਤੇ ਮਲੇਰਕੋਟਲਾ ਰਿਆਸਤ ਦੇ ਅਧਿਕਾਰੀਆਂ ਵਿਚਾਲੇ ਦੰਗੇ ਭੜਕ ਗਏ। ਉੱਥੇ ਕੋਟਲਾ ਦੇ ਅੱਠ ਵਿਅਕਤੀ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ। ਨਾਮਧਾਰੀਆਂ ਵਾਲੇ ਪਾਸੇ ਵੀ ਸੱਤ ਜਣੇ ਮੌਕੇ 'ਤੇ ਹੀ ਮਾਰੇ ਗਏ ਸਨ ਤੇ ਦੋ ਜ਼ਖ਼ਮੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਜਿਨ੍ਹਾਂ 'ਚੋਂ ਇੱਕ ਦੀ ਬਾਅਦ 'ਚ ਮੌਤ ਹੋ ਗਈ ਸੀ। ਇਸ ਤੋਂ ਇਲਾਵਾ 29 ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਸਨ, ਜੋ ਮਲੇਰਕੋਟਲਾ ਸ਼ਹਿਰ ਦੀ ਹੱਦ ਤੋਂ ਬਾਹਰ ਚਲੇ ਗਏ ਸਨ।

ਨਾਮਧਾਰੀ ਉੱਥੋਂ ਰਵਾਨਗੀ ਪਾ ਕੇ ਪਟਿਆਲਾ ਰਿਆਸਤ ਦੀ ਸ਼ੇਰਪੁਰ ਪੁਲਿਸ ਚੌਕੀ ਪੁੱਜੇ ਤੇ ਖ਼ੁਦ ਨੂੰ ਆਪਣੀ ਮਰਜ਼ੀ ਨਾਲ ਪੁਲਿਸ ਅਧਿਕਾਰੀਆਂ ਹਵਾਲੇ ਕਰ ਦਿੱਤਾ। ਇਸੇ ਦੌਰਾਨ ਲੁਧਿਆਣਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ

ਮਲੇਰਕੋਟਲਾ ਪੁੱਜ ਗਏ ਸਨ। ਤਦ ਉਸ ਰਿਆਸਤ ਦਾ ਹਾਕਮ (ਨਵਾਬ) ਇੱਕ ਨਾਬਾਲਗ਼ ਸੀ ਤੇ ਸ੍ਰੀ ਕਾਵਨ ਉੱਥੋਂ ਦੀ ਪ੍ਰਸ਼ਾਸਕੀ ਕੌਂਸਲ ਦੇ ਸੁਪਰਇੰਟੈਂਡੈਂਟ ਵੀ ਸਨ। ਉਨ੍ਹਾਂ ਨਾਮਧਾਰੀਆਂ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ। 17 ਜਨਵਰੀ ਨੂੰ ਉਨ੍ਹਾਂ 'ਚੋਂ 49 ਨੂੰ ਬਿਨਾਂ ਕਿਸੇ ਸੁਣਵਾਈ ਦੇ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ ਅਤੇ ਪੰਜਾਹਵੇਂ ਨੂੰ ਤਲਵਾਰਾਂ ਨਾਲ ਟੋਟੇ-ਟੋਟੇ ਕਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। 18 ਤਰੀਕ ਨੂੰ ਬਾਕੀ ਦੇ 16 ਨਾਮਧਾਰੀਆਂ ਨੂੰ ਵੀ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਸ੍ਰੀ ਫ਼ਾਰਸਿਥ ਦੇ ਹੁਕਮਾਂ 'ਤੇ ਉਸੇ ਬੇਰਹਿਮ ਢੰਗ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ।

"ਮਲੇਰਕੋਟਲਾ 'ਚ ਕੂਕਿਆਂ ਦਾ ਕਤਲੇਆਮ"। 1872 ਦੀਆਂ ਮੇਰੀਆਂ ਮਹੱਤਵਪੂਰਨ ਯਾਦਾਂ ਨੂੰ 'ਮਲੇਰਕੋਟਲਾ ਦਾ ਨਰ ਸੰਘਾਰ' ਕਹਿਣਾ ਦਰੁਸਤ ਹੈ, ਦਾ ਜ਼ਿਕਰ ਕੀਤੇ ਬਿਨਾਂ ਅਧੂਰੀਆਂ ਰਹਿਣਗੀਆਂ। ਭਾਰਤ 'ਚ ਮੇਰੀ ਸੇਵਾ ਦੌਰਾਨ ਇਸ ਬਗ਼ਾਵਤ ਤੇ ਮੌਤ ਦੀਆਂ ਇਨ੍ਹਾਂ ਦੁਖਦਾਈ ਸਜ਼ਾਵਾਂ ਤੋਂ ਇਲਾਵਾ ਯਾਦ ਰੱਖਣ ਯੋਗ ਹੋਰ ਕੁਝ ਵੀ ਨਹੀਂ ਹੈ ਅਤੇ ਮੇਰੇ ਵਾਂਗ ਹੋਰ ਵੀ ਬਹੁਤ ਸਾਰੇ ਹਾਲੇ ਵੀ ਇਹੋ ਸੋਚਦੇ ਹਨ ਕਿ ਭਾਰਤ ਸਰਕਾਰ ਦੇ ਅੰਤਿਮ ਹੁਕਮ ਅਫ਼ਸੋਸਨਾਕ ਢੰਗ ਨਾਲ ਅਣਉਚਿਤ ਸਨ।" (ਸਰ ਹੈਨਰੀ ਕੌਟਨ ਦੀਆਂ ਭਾਰਤ ਦੀਆਂ ਤੇ ਘਰੇਲੂ ਯਾਦਾਂ (ਇੰਡੀਅਨ ਐਂਡ ਹੋਮ ਮੈਮੋਰੀਜ਼), ਪੰਨਾ 110-113)

ਨਾਮਧਾਰੀ ਅੰਦੋਲਨ ਨੂੰ ਕੁਚਲਣ ਲਈ ਸਰਕਾਰ ਨੂੰ ਇਹੋ ਮੌਕਾ ਬਿਲਕੁਲ ਦਰੁਸਤ ਲੱਗਾ। ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਤਿੰਨ ਸੂਬੇ ਜਵਾਹਰ ਸਿੰਘ, ਸਾਹਿਬ ਸਿੰਘ ਤੇ ਲੱਖਾ ਸਿੰਘ ਅਤੇ ਉਨ੍ਹਾਂ ਦੇ ਨਿਜੀ ਸਹਾਇਕ ਨਾਨੂੰ ਸਿੰਘ ਨੂੰ 17 ਦੀ ਰਾਤ ਨੂੰ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਨ੍ਹਾਂ ਨੂੰ ਅਲਾਹਾਬਾਦ ਲਿਜਾਂਦਾ ਗਿਆ। ਉਸ ਦੇ ਤੁਰੰਤ ਬਾਅਦ ਸਾਹਿਬ (ਪਹਾੜਾ) ਸਿੰਘ, ਰੂੜ ਸਿੰਘ, ਕਾਹਨ ਸਿੰਘ, ਬ੍ਰਹਮਾ ਸਿੰਘ, ਮਲੂਕ ਸਿੰਘ, ਮਾਨ ਸਿੰਘ ਤੇ ਹੁਕਮਾ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਕੇ ਅਲਾਹਾਬਾਦ ਭੇਜ ਦਿੱਤਾ ਗਿਆ। ਉਨ੍ਹਾਂ ਸਭਨਾਂ ਨੂੰ 1818 ਦੇ ਬੰਗਾਲ ਰੈਗੂਲੇਸ਼ਨ III ਅਧੀਨ ਹਿਰਾਸਤ 'ਚ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਸਨ। ਅੰਤ 'ਚ ਮਾਰਚ 1872 'ਚ ਗੁਰੂ ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਨਿਜੀ ਸਹਾਇਕ ਨਾਨੂ ਸਿੰਘ ਨਾਲ ਰੰਗੂਨ ਲਿਜਾਂਦਾ ਗਿਆ ਤੇ ਸੂਬਿਆਂ ਨੂੰ ਵੱਖੋ-ਵੱਖ ਜੇਲ੍ਹਾਂ 'ਚ ਰੱਖਿਆ ਗਿਆ।

ਨਾਮਧਾਰੀਆਂ ਵਿਰੁੱਧ ਜਬਰ ਦਾ ਇਹ ਚੱਕਰ ਪੰਜਾਬ ਸਮੇਤ ਸਿੱਖ ਰਿਆਸਤਾਂ 'ਚ ਵੀ ਜਾਰੀ ਰਿਹਾ। ਉਨ੍ਹਾਂ ਦੇ ਮੁੱਖ ਕੇਂਦਰ ਭੈਣੀ 'ਤੇ ਵੀ ਛਾਪਾ ਮਾਰਿਆ ਗਿਆ। ਉੱਥੇ ਮੌਜੂਦ 200 ਦੇ ਲਗਭਗ ਵਿਅਕਤੀਆਂ ਨੂੰ ਲੁਧਿਆਣਾ ਲਿਜਾਂਦਾ ਗਿਆ ਤੇ ਉੱਥੋਂ ਉਨ੍ਹਾਂ ਨੂੰ ਉਨ੍ਹਾਂ ਦੇ ਸੰਬੰਧਤ ਜ਼ਿਲ੍ਹਿਆਂ 'ਚ ਭੇਜ ਦਿੱਤਾ ਗਿਆ। ਗੁਰੂ ਰਾਮ ਸਿੰਘ ਜੀ ਦੀ ਰਿਹਾਇਸ਼ ਦੇ ਮੁੱਖ ਗੇਟ ਅੱਗੇ ਇੱਕ ਮਜ਼ਬੂਤ ਪੁਲਿਸ ਚੌਕੀ ਤਾਇਨਾਤ ਕਰ ਦਿੱਤੀ ਗਈ। ਨਾਮਧਾਰੀਆਂ ਨੂੰ ਇੱਕ ਰਾਜ-ਧਰੋਹੀ ਸੰਗਠਨ ਦੇ ਮੈਂਬਰ ਕਰਾਰ ਦਿੱਤਾ ਗਿਆ। ਉਨ੍ਹਾਂ ਨੂੰ ਇੱਕ ਹੁਕਮ ਜਾਰੀ ਕਰ ਕੇ ਮੀਟਿੰਗਾਂ

ਕਰਨ ਤੋਂ ਵਰਜ ਦਿੱਤਾ ਗਿਆ। ਪੰਜ ਤੋਂ ਵੱਧ ਨਾਮਧਾਰੀ ਇੱਕ ਜਗ੍ਹਾ 'ਤੇ ਇਕੱਠੇ ਵੀ ਨਹੀਂ ਸੀ ਹੋ ਸਕਦੇ। ਪੁਲਿਸ ਅਧਿਕਾਰੀਆਂ ਤੇ ਪਿੰਡਾਂ ਦੇ ਨੰਬਰਦਾਰਾਂ ਨੂੰ ਆਪੋ-ਆਪਣੇ ਇਲਾਕਿਆਂ 'ਚ ਨਾਮਧਾਰੀਆਂ ਦੀ ਹਰੇਕ ਗਤੀਵਿਧੀ 'ਤੇ ਸਖ਼ਤ ਚੌਕਸ ਨਜ਼ਰ ਰੱਖਣ ਦੇ ਹੁਕਮ ਜਾਰੀ ਕਰ ਦਿੱਤੇ ਗਏ। ਜਦੋਂ ਵੀ ਕਦੇ ਕਿਸੇ ਨਾਮਧਾਰੀ ਨੇ ਆਪਣੇ ਕਿਸੇ ਰਿਸ਼ਤੇਦਾਰਾਂ ਨੂੰ ਮਿਲਣ ਜਾਂ ਕਿਸੇ ਜ਼ਰੂਰੀ ਕੰਮ ਵਾਸਤੇ ਪਿੰਡ ਤੋਂ ਬਾਹਰ ਜਾਣਾ ਹੁੰਦਾ, ਤਾਂ ਉਸ ਨੂੰ ਇਸ ਬਾਰੇ ਆਪਣੇ ਪਿੰਡ ਦੇ ਨੰਬਰਦਾਰ ਨੂੰ ਦੱਸਣਾ ਪੈਂਦਾ ਸੀ ਤੇ ਜਿਹੜੇ ਪਿੰਡ ਜਾਂ ਸ਼ਹਿਰ ਉਸ ਨੇ ਜਾਣਾ ਹੁੰਦਾ ਸੀ, ਉੱਥੇ ਪੁੱਜ ਕੇ ਉੱਥੋਂ ਦੇ ਨੰਬਰਦਾਰ ਜਾਂ ਸੰਬੰਧਤ ਅਧਿਕਾਰੀ ਨੂੰ ਵੀ ਸੂਚਿਤ ਕਰਨਾ ਪੈਂਦਾ ਸੀ। ਵਿਆਹ ਸਮਾਰੋਹ ਕਰਨ ਸਮੇਂ ਵੀ ਨਾਮਧਾਰੀਆਂ ਨੂੰ ਅਧਿਕਾਰੀਆਂ ਤੋਂ ਪ੍ਰਵਾਨਗੀਆਂ ਲੈਣੀਆਂ ਪੈਂਦੀਆਂ ਸਨ। ਅੱਧੀ ਸਦੀ ਤੱਕ ਨਾਮਧਾਰੀਆਂ ਨੇ ਇਹ ਸਾਰੀਆਂ ਔਕੜਾਂ ਤੇ ਅਪਮਾਨ ਮੁਸਕਰਾ ਕੇ ਸਹੇ। ਉਹ ਆਪਣੇ 'ਤੇ ਜ਼ੁਲਮ ਕਰਨ ਵਾਲਿਆਂ 'ਤੇ ਹੱਸਿਆ ਕਰਦੇ ਸਨ ਕਿਉਂਕਿ ਕੂਕੇ ਸਦਾ ਇੰਝ ਹੀ ਕਰਦੇ ਹਨ। ਬੇਹੱਦ ਤਾਕਤਵਰ ਸਰਕਾਰ ਨਾਮਧਾਰੀਆਂ ਦਾ ਨਾ ਤਾਂ ਕਦੇ ਮਨੋਬਲ ਡੇਗ ਸਕੀ ਤੇ ਨਾ ਹੀ ਉਨ੍ਹਾਂ ਦੇ ਬਹੁਤ ਮਜ਼ਬੂਤ ਜੱਥੇਬੰਦਕ ਤਾਣੇ-ਬਾਣੇ ਨੂੰ ਹੀ ਕੋਈ ਢਾਹ ਲਾ ਸਕੀ। ਬੇਸ਼ੱਕ ਸਾਲ-ਦਰ-ਸਾਲ ਉਨ੍ਹਾਂ ਦੀ ਗਿਣਤੀ ਘਟਦੀ ਚਲੀ ਗਈ। ਪਟਿਆਲਾ ਦੇ ਮਹਾਰਾਜੇ ਨੇ 19 ਜਨਵਰੀ, 1872 ਨੂੰ ਨਾਮਧਾਰੀਆਂ ਵਿਰੁੱਧ ਇੱਕ ਫ਼ਰਮਾਨ ਜਾਰੀ ਕੀਤਾ।

ਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇਣ ਪਿੱਛੋਂ 1872 'ਚ ਉਨ੍ਹਾਂ ਦੇ ਛੋਟੇ ਭਰਾ ਗੁਰੂ ਹਰੀ ਸਿੰਘ ਨੇ ਕੂਕਾ ਸੰਪਰਦਾਇ ਦੀ ਵਾਗਡੋਰ ਸੰਭਾਲੀ। ਉਨ੍ਹਾਂ ਨੂੰ ਪਿੰਡ ਭੈਣੀ ਤੋਂ ਬਾਹਰ ਕਿਤੇ ਜਾਣ ਦੀ ਇਜਾਜ਼ਤ ਨਹੀਂ ਸੀ। ਉਹ ਬਹੁਤ ਹੀ ਨੇਕ ਇਨਸਾਨ ਸਨ ਤੇ ਉਹਨਾਂ ਨੇ ਸਦਾਬਰਤ ਲੰਗਰ ਲਾਈ ਰਖਿਆ ਅਤੇ ਲੋੜਵੰਦਾਂ ਦੀ ਖੁੱਲ੍ਹਦਿਲੀ ਨਾਲ ਮਦਦ ਕਰਦੇ ਰਹੇ। ਇਸ ਲਈ ਜਦੋਂ ਉਹ ਜੰਗਲ ਪਾਣੀ ਲਈ ਘਰੋਂ ਬਾਹਰ ਆਉਂਦੇ ਤਾਂ ਨਾਮਧਾਰੀ ਸਿੱਖ ਉਹਨਾਂ ਦੇ ਲੁਕ ਛਿਪ ਕੇ ਦਰਸ਼ਨ ਕਰ ਲੈਂਦੇ ਸਨ ਕਿਉਂਕਿ ਘਰ ਦੇ ਬਾਹਰ ਤਾਂ ਸਖ਼ਤ ਪਹਿਰਾ ਲੱਗਾ ਰਹਿੰਦਾ ਸੀ। ਉਨ੍ਹਾਂ ਨੇ ਉਹ ਸਾਰੇ ਔਖੇ ਕਾਰਜ ਕੀਤੇ ਤੇ ਸਭ ਜ਼ਿੰਮੇਵਾਰੀਆਂ ਨਿਭਾਈਆਂ, ਜੋ ਗੁਰੂ ਰਾਮ ਸਿੰਘ ਜੀ ਉਨ੍ਹਾਂ ਨੂੰ ਸੌਂਪ ਕੇ ਗਏ ਸਨ। ਉਹ ਇਹ ਸਭ ਉਦੋਂ ਕਰਦੇ ਰਹੇ, ਜਦੋਂ ਪੁਲਿਸ ਤੇ ਸਰਕਾਰ ਦੇ ਨਾਲ-ਨਾਲ ਉਨ੍ਹਾਂ ਦੇ ਡੇਰੇ 'ਚ ਕੂਕਿਆਂ ਦੇ ਭੇਸ ਵਟਾ ਕੇ ਰਹਿੰਦੇ ਜਾਸੂਸਾਂ ਦੀ ਪੂਰੀ ਚੌਕਸ ਨਜ਼ਰ ਰਹਿੰਦੀ ਸੀ।

ਉਨ੍ਹਾਂ ਰੂਸੀ ਤੁਰਕਿਸਤਾਨ 'ਚ ਰੂਸ ਦੇ ਅਧਿਕਾਰੀਆਂ ਨਾਲ ਸੰਪਰਕ ਕਾਇਮ ਕੀਤਾ। ਬਾਬਾ ਗੁਰਚਰਨ ਸਿੰਘ - ਪਸ਼ਤੋ ਤੇ ਫ਼ਾਰਸੀ ਭਾਸ਼ਾਵਾਂ ਦੇ ਚੰਗੇ ਜਾਣਕਾਰ ਸਨ, ਦੇ ਨਾਲ-ਨਾਲ ਸ਼ੰਕਰ ਰਾਇ, ਮਾਇਆ ਤੇ ਓਰੇਨਬਰਗ ਦੇ ਬੁੱਧ ਸਿੰਘ ਜਿਹੇ ਨਾਮਧਾਰੀ ਦੂਤ ਹੀ ਰੰਗੂਨ ਦੀ ਜੇਲ੍ਹ 'ਚ ਕੈਦ ਗੁਰੂ ਰਾਮ ਸਿੰਘ ਜੀ ਤੇ ਰੂਸੀਆਂ ਦੀਆਂ ਚਿੱਠੀਆਂ ਇੱਧਰ-ਉੱਧਰ ਪਹੁੰਚਾਇਆ ਕਰਦੇ ਸਨ। ਜਦੋਂ ਰੂਸੀਆਂ ਤੇ ਕੂਕਿਆਂ ਵਿਚਾਲੇ ਚਿੱਠੀਆਂ ਦੇ ਅਜਿਹੇ ਆਦਾਨ-ਪ੍ਰਦਾਨ ਦਾ ਬ੍ਰਿਟਿਸ਼ ਅਧਿਕਾਰੀਆਂ ਨੂੰ ਪਤਾ

ਲੱਗਾ, ਤਾਂ ਉਹ ਇਸ ਗੱਲ ਤੋਂ ਡਾਢੇ ਪਰੇਸ਼ਾਨ ਹੋਏ। ਕਰਨਲ ਕੇਂਵਗਰੀ ਨੇ ਆਪਣਾ ਗੁਪਤ ਏਜੰਟ ਇਸ ਸਾਰੇ ਮਾਮਲੇ ਦੀ ਜਾਣਕਾਰੀ ਲੈਣ ਲਈ ਕੇਂਦਰੀ ਏਸ਼ੀਆ 'ਚ ਭੇਜਿਆ। ਤਦ 1880 'ਚ ਗੁਰਚਰਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਨ੍ਹਾਂ ਨੂੰ 1881 ਦੇ ਬੰਗਾਲ ਰੈਗੂਲੇਸ਼ਨ III ਅਧੀਨ ਮੁਲਤਾਨ ਜੇਲ੍ਹ 'ਚ ਕੈਦ ਕਰ ਦਿੱਤਾ ਗਿਆ। ਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਤੋਂ ਮਰਗੋਈ ਤਬਦੀਲ ਕਰ ਦਿੱਤਾ ਗਿਆ, ਜਿੱਥੇ ਉਨ੍ਹਾਂ ਤੇ ਸਖਤਾਈ ਹੋਰ ਵੀ ਵਧਾ ਦਿੱਤੀ ਗਈ।

1881-82 ਦੀ ਔੜ ਦੌਰਾਨ ਗੁਰੂ ਹਰੀ ਸਿੰਘ ਜੀ ਨੇ ਭੁੱਖ ਨਾਲ ਤੜਪ ਰਹੇ ਲੋਕਾਂ ਨੂੰ ਲੰਗਰ ਛਕਾਇਆ, ਜੋ ਹਜ਼ਾਰਾਂ ਦੀ ਗਿਣਤੀ 'ਚ ਭੈਣੀ ਵਿਖੇ ਇਕੱਠੇ ਹੋ ਗਏ ਸਨ। ਬ੍ਰਿਟਿਸ਼ ਅਧਿਕਾਰੀਆਂ ਨੇ ਤਦ ਨਾਮਧਾਰੀਆਂ ਤੇ ਉਨ੍ਹਾਂ ਦੇ ਗੁਰੂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਦੇ ਲੰਗਰ ਲਈ 2,500 ਏਕੜ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ। ਗੁਰੂ ਹਰੀ ਸਿੰਘ ਜੀ ਨੇ ਇਹ ਆਖਦਿਆਂ ਉਹ ਪੇਸ਼ਕਸ਼ ਠੁਕਰਾ ਦਿੱਤੀ,''ਜਦੋਂ ਤੱਕ ਅਕਾਲ ਪੁਰਖ ਮੈਨੂੰ ਅਨਾਜ ਭੇਜ ਰਹੇ ਹਨ, ਮੈਂ ਲੋੜਵੰਦਾਂ ਨੂੰ ਮੁਫ਼ਤ ਵੰਡਦਾ ਰਹਾਂਗਾ ਅਤੇ ਜਦੋਂ ਮੇਰੇ ਕੋਲ ਕੋਈ ਅਨਾਜ ਨਾ ਬਚਿਆ, ਤਾਂ ਮੈਂ ਵੀ ਉਨ੍ਹਾਂ ਲੋੜਵੰਦਾਂ ਨਾਲ ਮਿਲ ਕੇ ਇੱਧਰ-ਉੱਧਰ ਤੁਰ-ਫਿਰ ਕੇ ਉਨ੍ਹਾਂ ਲਈ ਭੋਜਨ ਇਕੱਠਾ ਕਰਾਂਗਾ।''

ਗੁਰੂ ਹਰੀ ਸਿੰਘ ਜੀ ਨੂੰ 21 ਵਰ੍ਹਿਆਂ ਤੱਕ ਸਰਕਾਰ ਦੀ ਅਗਾਊਂ ਪ੍ਰਵਾਨਗੀ ਤੋਂ ਬਗ਼ੈਰ ਆਪਣੇ ਕੇਂਦਰ ਤੋਂ ਕਿਤੇ ਹੋਰ ਨਾ ਜਾਣ ਦਿੱਤਾ ਗਿਆ। ਪ੍ਰਵਾਨਗੀ ਵੀ ਕਦੀ-ਕਦਾਈਂ ਹੀ ਕਿਸੇ ਖ਼ਾਸ ਮੌਕੇ 'ਤੇ ਹੀ ਦਿੱਤੀ ਜਾਂਦੀ ਸੀ।

ਗੁਰੂ ਹਰੀ ਸਿੰਘ ਜੀ 1906 'ਚ ਜੋਤਿ-ਜੋਤ ਸਮਾ ਗਏ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਉਹਨਾਂ ਦੇ ਉਤਰਾਧਿਕਾਰੀ ਬਣੇ। ਸਾਲ 1914 ਦੇ ਪਹਿਲੇ ਵਿਸ਼ਵ ਯੁੱਧ ਦੌਰਾਨ ਬ੍ਰਿਟਿਸ਼ ਸਰਕਾਰ ਨੇ ਇੱਕ ਵਾਰ ਫਿਰ ਗੁਰੂ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਬਹੁਤ ਸਾਰੀਆਂ ਜ਼ਮੀਨਾਂ ਦੇ ਕੇ ਨਾਮਧਾਰੀਆਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ; ਕਿ ਉਹ ਨਾਮਧਾਰੀ ਸਿੱਖਾਂ ਨੂੰ ਅੰਗਰੇਜ਼ ਫ਼ੌਜ ਵਿਚ ਭਰਤੀ ਹੋਣ ਦਾ ਹੁਕਮ ਜਾਰੀ ਕਰ ਦੇਣ। ਸਰਕਾਰ ਨੇ ਉਨ੍ਹਾਂ ਤੇ ਨਾਮਧਾਰੀਆਂ ਤੋਂ ਸਾਰੀਆਂ ਪਾਬੰਦੀਆਂ ਹਟਾਉਣ ਦੀ ਵੀ ਪੇਸ਼ਕਸ਼ ਕੀਤੀ। ਪਰ ਅਜਿਹੀਆਂ ਸਾਰੀਆਂ ਪੇਸ਼ਕਸ਼ ਮੁੱਢੋਂ ਰੱਦ ਕੀਤੀਆਂ ਜਾਂਦੀਆਂ ਰਹੀਆਂ।

ਮੋਹਨਦਾਸ ਕਰਮਚੰਦ ਗਾਂਧੀ ਦੀ ਅਗਵਾਈ ਹੇਠ ਜਦੋਂ 'ਇੰਡੀਅਨ ਨੈਸ਼ਨਲ ਕਾਂਗਰਸ' ਨੇ ਸਵਦੇਸ਼ੀ, ਨਾਮਿਲਵਰਤਣ ਤੇ ਬਾਈਕਾਟ ਜਿਹੀਆਂ ਲਹਿਰਾਂ ਚਲਾਈਆਂ, ਤਾਂ ਨਾਮਧਾਰੀ ਉਨ੍ਹਾਂ ਮੁਹਿੰਮਾਂ 'ਚ ਵਧ-ਚੜ੍ਹ ਕੇ ਸ਼ਾਮਲ ਹੋ ਗਏ। ਨਾਮਧਾਰੀ ਆਪ ਵੀ ਤਾਂ 1857 ਤੋਂ ਅਜਿਹੀਆਂ ਮੁਹਿੰਮਾਂ ਚਲਾਉਂਦੇ ਆ ਰਹੇ ਸਨ। ਇਨ੍ਹਾਂ ਸਾਲਾਂ ਦੌਰਾਨ ਉਹ ਕਾਂਗਰਸ ਪਾਰਟੀ ਨਾਲ ਮਜ਼ਬੂਤੀ ਨਾਲ ਜੁੜੇ ਰਹੇ ਤੇ ਹਰ ਦੁੱਖ, ਮੁਸੀਬਤ ਤੇ ਔਕੜ ਵੇਲੇ ਨਾਲ ਡਟਦੇ ਰਹੇ ਪਰ ਕਦੇ ਆਪਣਾ ਕੋਈ ਲਾਹਾ ਨਾ ਲਿਆ।

ਨਾਮਧਾਰੀ ਪੂਰੀ ਤਰ੍ਹਾਂ ਸ਼ਾਕਾਹਾਰੀ ਹਨ ਤੇ ਇਸ ਨਿਯਮ ਦੀ ਉਹ ਸਖ਼ਤੀ ਨਾਲ

ਪਾਲਣਾ ਵੀ ਕਰਦੇ ਹਨ। ਉਨ੍ਹਾਂ ਦੀਆਂ ਔਰਤਾਂ ਨੂੰ ਬਿਲਕੁਲ ਬਰਾਬਰ ਦੇ ਅਧਿਕਾਰ ਹਨ। ਉਹ 'ਸਵਦੇਸ਼ੀ' ਦੇ ਸਦਾ ਹੱਕ 'ਚ ਖੜ੍ਹਦੇ ਰਹੇ ਹਨ। ਉਨ੍ਹਾਂ 'ਤੇ ਸ਼ਾਹੀ ਤੇ ਐਸ਼-ਪ੍ਰਸਤੀ ਵਾਲਾ ਜੀਵਨ ਬਤੀਤ ਕਰਨ ਦੀ ਸਖ਼ਤ ਪਾਬੰਦੀ ਹੈ। ਵਿਆਹਾਂ ਜਾਂ ਪਰਿਵਾਰਕ ਖ਼ੁਸ਼ੀਆਂ ਦੇ ਕਿਸੇ ਹੋਰ ਮੌਕੇ 'ਤੇ ਉਨ੍ਹਾਂ ਨੂੰ 13 ਰੁਪਏ ਤੋਂ ਵੱਧ ਖ਼ਰਚ ਕਰਨ ਦੀ ਇਜਾਜ਼ਤ ਨਹੀਂ ਹੈ। ਵਿਆਹ ਕਰਨ ਸਮੇਂ ਉਹ ਜਾਤ-ਪਾਤ ਦੀਆਂ ਪਾਬੰਦੀਆਂ ਦਾ ਕੋਈ ਵਿਚਾਰ ਨਹੀਂ ਕਰਦੇ। ਸਾਰੇ ਧਰਮਾਂ ਦੇ ਲੋਕਾਂ ਨੂੰ ਨਾਮਧਾਰੀ ਸੰਪਰਦਾਇ 'ਚ ਸ਼ਾਮਲ ਹੋਣ ਦੀ ਇਜਾਜ਼ਤ ਹੈ। ਸਦਾ ਸੱਚ 'ਤੇ ਚੱਲਣਾ, ਵਿਚਾਰਾਂ ਤੇ ਕਾਰਜਾਂ 'ਚ ਪੂਰੀ ਸਾਦਗੀ, ਈਮਾਨਦਾਰੀ, ਧਾਰਮਿਕ ਨੈਤਿਕਤਾ, ਉਪਜੀਵਕਾ ਕਮਾਉਣ ਦੇ ਸਿਰਫ਼ ਨਿਆਂਪੂਰਨ ਤੇ ਈਮਾਨਦਾਰ ਢੰਗ ਅਪਨਾਉਣਾ, ਗ਼ਰੀਬਾਂ ਤੇ ਲੋੜਵੰਦਾਂ ਦੀ ਮਦਦ, ਕਿਸੇ ਔਕੜ 'ਚ ਫਸੇ ਵਿਅਕਤੀ ਦੀ ਸੇਵਾ ਅਤੇ ਮਾਤ-ਭੂਮੀ ਲਈ ਕੁਰਬਾਨ ਹੋਣ ਦੀ ਤਾਂਘ ਨਾਮਧਾਰੀ ਸੰਪਰਦਾਇ ਦੇ ਕੁਝ ਪ੍ਰਮੁੱਖ ਸਿਧਾਂਤ ਹਨ।

ਸਿਆਸੀ ਇਤਿਹਾਸ 'ਚ ਕੂਕਿਆਂ ਦੇ ਨਾਂਅ ਨਾਲ ਜਾਣੇ ਜਾਂਦੇ ਨਾਮਧਾਰੀ ਸਿੱਖਾਂ ਨੂੰ 'ਭਾਰਤੀ ਆਜ਼ਾਦੀ ਸੰਘਰਸ਼ ਦੇ ਮਸ਼ਾਲਚੀ' ਵੀ ਆਖਿਆ ਜਾਂਦਾ ਹੈ, ਜੋ ਬਿਲਕੁਲ ਦਰੁਸਤ ਹੈ। ਭਾਰਤ ਦੇ ਸਾਮਰਾਜੀ ਅੰਗਰੇਜ਼ ਹਾਕਮਾਂ ਦੀ ਗੁਲਾਮੀ ਤੋਂ ਸਿਆਸੀ ਆਜ਼ਾਦੀ ਹਾਸਲ ਕਰਨ ਦੀ ਤਾਂਘ ਉਨ੍ਹਾਂ 'ਚ ਸਦਾ ਹੀ ਤੀਬਰ ਰਹੀ, ਬ੍ਰਿਟਿਸ਼ ਸਰਕਾਰ ਦਾ ਵਿਰੋਧ ਕਰਨ ਵਿੱਚ ਇਤਿਹਾਸ ਵਿਚ ਉਹਨਾਂ ਦਾ ਵਿਸ਼ੇਸ਼ ਸਥਾਨ ਹੈ। ਇਸ ਸੰਪਰਦਾਇ 'ਚ ਸ਼ਾਮਲ ਹੋਣ ਵਾਲੇ ਮੈਂਬਰ ਨੂੰ ਪਹਿਲੇ ਹੀ ਦਿਨ ਤੋਂ ਇਹ ਸੰਕਲਪ ਲਿਆ ਜਾਂਦਾ ਸੀ ਕਿ ਉਹ ਦੇ ਨੇਤਿਕ ਉੱਚਤਾ ਤੇ ਸੁੱਚਤਾ, ਸਮਾਜਕ ਛੁਟਕਾਰੇ ਤੇ ਭੌਤਿਕ ਪੁਨਰ-ਸੁਰਜੀਤੀ ਦੇ ਨਾਲ-ਨਾਲ ਸਿਆਸੀ ਆਜ਼ਾਦੀ, 'ਆਪਣਾ ਰਾਜ' ਤੇ 'ਪੰਚਾਇਤੀ ਰਾਜ' ਦੇ ਘੋਲ਼ਾਂ ਵਿੱਚ ਜ਼ਰੂਰ ਸ਼ਾਮਲ ਹੋਵੇਗਾ। ਇਸ ਉਪਯੋਗੀ ਧਾਰਮਿਕ ਤੇ ਸਿਆਸੀ ਸੰਗਠਨ ਦੇ ਇਸ ਸਾਦੇ ਤੇ ਸ਼ੁੱਧ ਤਾਣੇ-ਬਾਣੇ ਦਾ ਮੰਤਵ ਉੱਚ ਨੈਤਿਕ ਚਰਿੱਤਰ ਵਾਲੇ ਅਜਿਹੇ ਵਿਅਕਤੀ ਤਿਆਰ ਕਰਨਾ ਸੀ, ਜੋ ਸਿਰਫ਼ ਸੱਚਾਈ, ਧਾਰਮਿਕ ਨਿਸ਼ਠਾ ਤੇ ਮਾਤ-ਭੂਮੀ ਲਈ ਆਪਣਾ ਸਭ ਕੁਝ ਵਾਰਨ ਲਈ ਤਿਆਰ ਹੋ ਸਕਣ।

ਬਾਨੀ ਗੁਰੂ ਰਾਮ ਸਿੰਘ ਜੀ ਨੇ ਪ੍ਰਭੂਸੱਤਾ ਸੰਪੰਨ ਦੇਸ਼ ਪੰਜਾਬ ਦੀ ਬਰਬਾਦੀ ਆਪਣੀਆਂ ਅੱਖਾਂ ਨਾਲ ਤੱਕੀ ਸੀ। ਉਨ੍ਹਾਂ ਨੇ ਸਾਰੇ ਹਾਲਾਤ ਦਾ ਬਹੁਤ ਨੇੜਿਓਂ ਮੌਕੇ 'ਤੇ ਜਾਇਜ਼ਾ ਲਿਆ ਸੀ ਤੇ ਉਹ ਇਸ ਰਾਜ ਦੇ ਪਤਨ ਦੇ ਸਾਰੇ ਕਾਰਨਾਂ ਤੋਂ ਵੀ ਪੂਰੀ ਤਰ੍ਹਾਂ ਜਾਣੂ ਸਨ। ਇਸੇ ਲਈ ਉਹ ਇਸ ਨਤੀਜੇ 'ਤੇ ਅੱਪੜੇ ਸਨ ਕਿ ਸਿਰਫ਼ ਉੱਚ ਨੈਤਿਕ ਚਰਿੱਤਰ ਵਾਲੇ ਲੋਕ ਹੀ ਬ੍ਰਿਟਿਸ਼ ਹਾਕਮਾਂ ਤੋਂ ਆਜ਼ਾਦੀ ਵਾਪਸ ਲੈ ਸਕਦੇ ਹਨ।

ਇਸੇ ਲਈ ਭਾਰਤ ਦੀ ਆਜ਼ਾਦੀ ਲਈ ਵਿੱਢੀ ਪਹਿਲੀ ਬਗ਼ਾਵਤ ਦੀ ਸ਼ੁਰੂਆਤ ਤੋਂ ਵੀ ਇੱਕ ਮਹੀਨਾ ਪਹਿਲਾਂ ਅਪ੍ਰੈਲ 1857 'ਚ ਗੁਰੂ ਰਾਮ ਸਿੰਘ ਜੀ ਨੇ ਲੁਧਿਆਣਾ ਜ਼ਿਲ੍ਹੇ 'ਚ ਸਥਿਤ ਆਪਣੇ ਜੱਦੀ ਪਿੰਡ ਭੈਣੀ ਸਾਹਿਬ ਵਿਖੇ ਭਾਰਤੀ ਆਜ਼ਾਦੀ ਦਾ ਤਿਕੋਨਾ ਚਿੱਟਾ ਝੰਡਾ ਲਹਿਰਾ ਦਿੱਤਾ ਸੀ। ਉੱਥੇ ਇੱਕ ਖ਼ਾਸ ਮੰਤਵ ਤੇ

ਉਦੇਸ਼ ਲਈ ਵੱਡਾ ਇਕੱਠ ਕੀਤਾ ਗਿਆ ਸੀ। ਉੱਥੇ ਆਲੇ-ਦੁਆਲੇ ਦੇ ਆਮ ਪਿੰਡ ਨਿਵਾਸੀ, ਮਿਹਨਤਕਸ਼ ਕਿਸਾਨ, ਖੇਤ ਮਜ਼ਦੂਰ, ਦਰਜ਼ੀ, ਤਰਖਾਣ, ਚਮੜੇ ਦਾ ਕੰਮ ਕਰਨ ਵਾਲੇ ਅਤੇ ਕਥਿਤ 'ਅਛੂਤ' ਜਾਂ 'ਦਲਿਤ' ਸ਼ਾਮਲ ਹੋਏ ਸਨ - ਅਤੇ ਇਹੋ ਭਾਰਤ ਦੀ ਕੁੱਲ ਆਬਾਦੀ ਦੀ ਰੀੜ੍ਹ ਮੰਨੇ ਜਾਂਦੇ ਸਨ। ਉਨ੍ਹਾਂ 'ਚੋਂ ਕੋਈ ਵੀ ਅਮੀਰ ਨਹੀਂ ਸੀ। ਉਹ ਸਾਰੇ ਪਿੰਡਾਂ ਦੇ ਆਮ ਈਮਾਨਦਾਰ, ਸਖ਼ਤ ਮਿਹਨਤੀ ਲੋਕ ਸਨ। ਉੱਥੇ ਗੁਰੂ ਜੀ ਨੇ ਆਪਣੇ ਧਾਰਮਿਕ ਤੇ ਨੈਤਿਕ ਸਿੱਖਿਆਵਾਂ ਦੇ ਉਪਦੇਸ਼ ਤੋਂ ਇਲਾਵਾ ਸਵਦੇਸ਼ੀ, ਵਿਦੇਸ਼ੀ ਹਾਕਮਾਂ ਨਾਲ ਮੁਕੰਮਲ ਨਾਮਿਲਵਰਤਣ ਤੇ ਵਿਦੇਸ਼ 'ਚ ਬਣੀਆਂ ਵਸਤਾਂ ਦਾ ਬਾਈਕਾਟ ਦੇ ਆਪਣੇ ਸਿਆਸੀ ਪ੍ਰੋਗਰਾਮ ਨੂੰ ਵੀ ਸਭ ਦੇ ਸਾਹਮਣੇ ਰੱਖਿਆ ਸੀ। ਉਨ੍ਹਾਂ ਨੇ ਇਕੱਠ ਨੂੰ ਇਨ੍ਹਾਂ ਹਦਾਇਤਾਂ ਦੇ ਨਾਲ-ਨਾਲ ਇਸ ਪ੍ਰੋਗਰਾਮ ਦੀ ਵੀ ਪਾਲਣਾ ਕਰਨ ਲਈ ਆਖਿਆ ਸੀ, ਜਿਸ ਦਾ ਮੰਤਵ ਸਿਰਫ਼ ਤੇ ਸਿਰਫ਼ ਆਜ਼ਾਦੀ ਹਾਸਲ ਕਰਨਾ ਤੇ ਪੰਚਾਇਤੀ ਰਾਜ ਦੀ ਸਥਾਪਨਾ ਕਰਨਾ ਸੀ।

ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਨਾਮਧਾਰੀਆਂ ਦੀਆਂ ਕੁਰਬਾਨੀਆਂ ਦਾ ਇੱਕ ਵਿਲੱਖਣ ਅਤੇ ਵਿਸ਼ੇਸ਼ ਸਥਾਨ ਹੈ। 14 ਅਪ੍ਰੈਲ, 1857 ਤੋਂ ਲੈ ਕੇ 14 ਅਗਸਤ, 1947 ਤੱਕ ਉਨ੍ਹਾਂ ਸਵਦੇਸ਼ੀ, ਨਾਮਿਲਵਰਤਣ ਤੇ ਬਾਈਕਾਟ ਦੇ ਸਾਰੇ ਸਿਧਾਂਤਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ। ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ 11 ਮੁੱਖ ਸਥਾਨਕ ਜਰਨੈਲਾਂ, ਜਿਨ੍ਹਾਂ ਨੂੰ ਸੂਬੇ ਕਿਹਾ ਜਾਂਦਾ ਸੀ, ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਨ੍ਹਾਂ ਨੂੰ ਜਨਵਰੀ 1872 'ਚ ਬੰਗਾਲ ਰੈਗੂਲੇਸ਼ਨ III ਅਧੀਨ ਗ੍ਰਿਫ਼ਤਾਰ ਕਰ ਕੇ ਹਿਰਾਸਤ 'ਚ ਰੱਖਿਆ ਗਿਆ ਸੀ। ਉਨ੍ਹਾਂ ਨੂੰ ਬਰਮਾ, ਅਰਬ ਸਾਗਰ ਤੋਂ ਵੀ ਪਾਰ ਅਰਬੀ ਪ੍ਰਾਇਦੀਪ 'ਚ ਬ੍ਰਿਟਿਸ਼ ਕਬਜ਼ੇ ਹੇਠਲੀ ਅਦਨ ਬੰਦਰਗਾਹ 'ਚ ਅਣਮਿੱਥੇ ਸਮੇਂ ਲਈ ਰੰਗੂਨ, ਮੌਲਮੀਨ ਤੇ ਮਰਗੋਈ ਦੀਆਂ ਵੱਖੋ-ਵੱਖਰੀਆਂ ਜੇਲ੍ਹਾਂ ਅਤੇ ਹਜ਼ਾਰੀ ਬਾਗ ਜੇਲ੍ਹ, ਚੁਨਾਰ ਤੇ ਅਸੀਰਗੜ੍ਹ ਦੇ ਕਿਲ੍ਹਿਆਂ 'ਚ ਰੱਖਿਆ ਗਿਆ। ਬਾਅਦ 'ਚ ਬਾਬਾ ਗੁਰਚਰਨ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਨ੍ਹਾਂ ਨੂੰ ਸਭ ਤੋਂ ਵੱਧ ਖ਼ਤਰਨਾਕ ਨਾਮਧਾਰੀ ਕਰਾਰ ਦੇ ਕੇ ਮੁਲਤਾਨ ਦੀ ਜੇਲ੍ਹ 'ਚ ਕੈਦ ਕਰ ਕੇ ਰੱਖਿਆ ਗਿਆ ਸੀ ਕਿਉਂਕਿ ਬ੍ਰਿਟਿਸ਼ ਹਾਕਮਾਂ ਵਿਰੁੱਧ ਰੂਸੀਆਂ ਤੇ ਨਾਮਧਾਰੀਆਂ ਵਿਚਾਲੇ ਚਿੱਠੀ-ਪੱਤਰੀ ਤੇ ਗੱਲਬਾਤ ਉਨ੍ਹਾਂ ਜ਼ਰੀਏ ਹੀ ਹੁੰਦੀ ਸੀ। ਸਾਲ 1881 'ਚ ਸਰਕਾਰ ਵੱਲੋਂ 1818 ਦੇ ਬੰਗਾਲ ਰੈਗੂਲੇਸ਼ਨ III ਅਧੀਨ ਗ੍ਰਿਫ਼ਤਾਰ ਕੀਤੇ ਗਏ ਸਮੁੱਚੇ ਬ੍ਰਿਟਿਸ਼ ਭਾਰਤ 'ਚ 80 ਭਾਰਤੀਆਂ ਵਿਚੋਂ 14 ਨਾਮਧਾਰੀਆਂ ਸਨ। ਉਨ੍ਹਾਂ 'ਚੋਂ ਕੁਝ ਜੇਲ੍ਹਾਂ 'ਚ ਮਾਰੇ ਗਏ ਸਨ। ਜਦੋਂ ਉਨ੍ਹਾਂ 'ਚੋਂ ਕਾਲ-ਕੋਠੜੀਆਂ 'ਚ ਰੱਖੇ ਕੁਝ ਕੈਦੀ ਬਹੁਤ ਜ਼ਿਆਦਾ ਕਮਜ਼ੋਰ ਹੋ ਗਏ ਸਨ, ਤਾਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਨਾਮਧਾਰੀਆਂ ਦੇ ਮਨਾਂ 'ਚ ਦੇਸ਼-ਭਗਤੀ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ ਕਿ ਉਹਨਾਂ ਵਿਚ ਕਿਸੇ ਨੇ ਵੀ ਬਦੇਸ਼ੀ ਹਾਕਮਾਂ ਤੋਂ ਇਨਸਾਫ਼ ਨਹੀਂ ਮੰਗਿਆ। ਇਸੇ ਲਈ ਨਾ ਤਾਂ ਉਨ੍ਹਾਂ 'ਚੋਂ ਕਿਸੇ ਨੇ ਤਰਸ ਦੀ ਅਪੀਲ ਹੀ ਕੀਤੀ ਤੇ ਨਾ ਹੀ ਉਨ੍ਹਾਂ 'ਤੇ ਕੋਈ ਤਰਸ ਕੀਤਾ ਗਿਆ। ਜਿਵੇਂ ਕਦੇ ਖ਼ੂਨ ਦੇ ਪਿਆਸੇ ਸ਼ਿਕਾਰੀ ਜ਼ਖ਼ਮੀ ਹਿਰਨ ਦਾ ਪਿੱਛਾ ਕਰਦੇ

ਭਟਕ ਜਾਂਦੇ ਹਨ, ਤਿਵੇਂ ਹੀ ਨਾਮਧਾਰੀ ਸਿੱਖਾਂ ਨੇ ਅੰਗਰੇਜ਼ਾਂ ਦੀ ਸਿੱਧੀ ਨਜ਼ਰ ਤੋਂ ਬਚਦੇ ਹੋਏ ਆਪਣੀ ਜੰਗ ਜਾਰੀ ਰੱਖੀ। ਬ੍ਰਿਟਿਸ਼ ਅਧਿਕਾਰੀਆਂ, ਉਨ੍ਹਾਂ ਦੇ ਭਾਰਤੀ ਚਮਚਿਆਂ, ਰਾਜਕੁਮਾਰਾਂ ਤੇ ਤਲਵੇ-ਚੱਟ ਲੋਕ ਕੂਕਿਆਂ ਨੂੰ ਬਾਗੀ ਕਹਿਣ ਵਿਚ ਫੱਖਰ ਮਹਿਸੂਸ ਕਰਦੇ ਕਹਿੰਦੇ ਕਿ ਕੂਕਿਆਂ ਨੂੰ ਤਾਂ ਵੇਖਦੇ ਹੀ ਸੂਲੀ ਟੰਗ ਦੇਣਾ ਚਾਹੀਦਾ ਹੈ। ਨਾਮਧਾਰੀ ਅਜਿਹੇ ਜ਼ੁਲਮ ਚੁੱਪਚਾਪ ਝੱਲਦੇ ਰਹੇ। ਉਨ੍ਹਾਂ ਕਦੇ ਨਿਰਾਸ਼ਾ ਜਾਂ ਦਰਦ ਨਾਲ ਚੀਕਾਂ ਨਹੀਂ ਮਾਰੀਆਂ ਜਾਂ ਰੋਣਾ-ਧੋਣਾ ਨਹੀਂ ਕੀਤਾ। ਉਹ ਆਪਣੀ ਪਿੱਠ 'ਤੇ ਕੋਹੜੇ ਦੀ ਮਾਰ ਤੇ ਗਰਦਨ 'ਤੇ ਤੇਜ਼ਧਾਰ ਹਥਿਆਰ ਦਾ ਵਾਰ ਝੱਲਣ ਲਈ ਸਦਾ ਤਿਆਰ ਰਹਿੰਦੇ ਸਨ।

ਨਾਮਧਾਰੀਆਂ ਦੇ ਮੁਖ ਕੇਂਦਰ (ਹੈੱਡਕੁਆਰਟਰਜ਼), ਗੁਰੂ ਰਾਮ ਸਿੰਘ ਜੀ ਤੋਂ ਬਾਅਦ ਗੁਰੂ ਬਣੇ ਹਰੀ ਸਿੰਘ ਜੀ, ਉਨ੍ਹਾਂ ਦੀ ਪਤਨੀ ਤੇ ਉਨ੍ਹਾਂ ਦੇ ਪੁੱਤਰਾਂ ਉੱਤੇ ਸਦਾ ਪੁਲਿਸ ਦਾ ਸਖ਼ਤ ਪਹਿਰਾ ਰਹਿੰਦਾ ਸੀ ਕਿਉਂਕਿ ਸਰਕਾਰੀ ਚੌਕੀ ਉਨ੍ਹਾਂ ਦੀ ਰਿਹਾਇਸ਼ ਦੇ ਐਨ ਸਾਹਮਣੇ ਕਾਇਮ ਕੀਤੀ ਗਈ ਸੀ। ਜਦੋਂ ਵੀ ਕਦੇ ਘਰ 'ਚੋਂ ਬਾਹਰ ਜਾਂਦਾ ਜਾਂ ਅੰਦਰ ਆਉਂਦਾ, ਤਦ ਹਰ ਵਾਰ ਉਸ ਦੀ ਤਲਾਸ਼ੀ ਲਈ ਜਾਂਦੀ ਸੀ। ਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਤੇ ਉਨ੍ਹਾਂ ਦੇ ਛੋਟੇ ਭਰਾਵਾਂ ਦਾ ਜਨਮ ਅਜਿਹੀ ਨੀਮ-ਹਿਰਾਸਤੀ ਜੇਲ੍ਹ 'ਚ ਹੀ ਹੋਇਆ ਸੀ। ਉੱਥੋਂ ਪੁਲਿਸ ਚੌਕੀ ਪੂਰੇ 50 ਵਰ੍ਹਿਆਂ ਬਾਅਦ 1922 'ਚ ਹਟਾਈ ਗਈ ਸੀ।

ਸਾਲ 1920 'ਚ, ਸਾਰੇ ਨਾਮਧਾਰੀ; ਐੱਮ.ਕੇ. ਗਾਂਧੀ ਵੱਲੋਂ ਅਪਣਾਈਆਂ ਸਵਦੇਸ਼ੀ, ਨਾਮਿਲਵਰਤਣ ਤੇ ਬਾਈਕਾਟ ਅੰਦੋਲਨ 'ਚ ਸ਼ਾਮਲ ਹੋ ਗਏ ਸਨ। ਉਹ ਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਅਨੁਸਾਰ ਕਾਂਗਰਸ ਪਾਰਟੀ 'ਚ ਸ਼ਾਮਲ ਹੋਏ ਸਨ।

ਸਾਲ 1929 ਦੇ ਲਾਹੌਰ ਵਿਖੇ ਹੋਏ ਇੰਡੀਅਨ ਨੈਸ਼ਨਲ ਕਾਂਗਰਸ ਦੇ ਇਤਿਹਾਸਕ ਸੈਸ਼ਨ ਵੇਲੇ ਨਾਮਧਾਰੀਆਂ ਨੇ ਦੇਸ਼ ਦੇ ਰਾਸ਼ਟਰੀ ਅੰਦੋਲਨ 'ਚ ਖੁੱਲ੍ਹ ਕੇ ਭਾਗ ਲਿਆ ਸੀ ਤੇ ਸੰਮੇਲਨ ਵਿਚ ਹੋਏ ਫ਼ੈਸਲੇ ਤੇਜ਼ੀ ਨਾਲ ਲਾਗੂ ਵੀ ਕਰਵਾਏ ਸਨ।

20ਵਿਆਂ ਦੌਰਾਨ ਭਾਰਤ 'ਚ ਪੂਰੀ ਸਿਆਸੀ ਜਾਗਰੂਕਤਾ ਹੋਣ ਕਾਰਨ ਰਾਸ਼ਟਰੀ ਅੰਦੋਲਨ ਦੇ ਆਗੂ ਨਾਮਧਾਰੀ ਸਿਆਸੀ ਵਿਚਾਰਧਾਰਾ ਵੱਲ ਖਿੱਚੇ ਚਲੇ ਗਏ। ਕਿਉਂਕਿ ਨਾਮਧਾਰੀ ਪੰਥਦੇ ਬੁਨਿਆਦੀ ਸਿਧਾਂਤ ਬੜੇ ਪੁਖਤਾ ਤੇ ਪ੍ਰਭਾਵਸ਼ਾਲੀ ਸਨ।

20ਵਿਆਂ ਦੌਰਾਨ ਡਾ. ਸ੍ਰੀ ਰਾਜਿੰਦਰ ਪ੍ਰਸਾਦ ਜੀ ਭੈਣੀ ਸਾਹਿਬ ਪੁੱਜੇ ਸਨ। ਸ੍ਰੀ ਜਵਾਹਰ ਲਾਲ ਨਹਿਰੂ ਦੋ ਵਾਰ, ਇੱਕ ਵਾਰ 1935 'ਚ ਤੇ ਦੂਜੀ ਵਾਰ 1953 'ਚ ਪ੍ਰਧਾਨ ਮੰਤਰੀ ਦੀ ਹੈਸੀਅਤ ਨਾਲ ਭੈਣੀ ਸਾਹਿਬ ਆਏ ਸਨ। 1919 ਤੋਂ ਬਾਅਦ ਸ਼ਬਦ 'ਨਾਮਧਾਰੀ' ਤੇ 'ਕਾਂਗਰਸ' ਇੱਕ-ਦੂਜੇ ਦੇ ਸਮਾਨਅਰਥੀ ਹੀ ਜਾਪਣ ਲੱਗ ਪਏ ਸਨ। 1919 ਤੋਂ ਬਾਅਦ ਜਿਹੜੀਆਂ ਵੀ ਸਿਆਸੀ ਚੋਣਾਂ 'ਚ ਕਾਂਗਰਸ ਭਾਗ ਲੈਂਦੀ ਸੀ, ਨਾਮਧਾਰੀ ਉਸ ਦੇ ਉਮੀਦਵਾਰਾਂ ਦੀ ਹਮਾਇਤ ਕਰਦੇ ਸਨ।

ਸਾਲ 1847 'ਚ ਦੇਸ਼ ਦੀ ਵੰਡ ਪਿੱਛੋਂ ਪੰਜਾਬ ਦੇ ਇਤਿਹਾਸ ਨੂੰ ਜਿਹੜੇ ਸਭ

ਤੋਂ ਕਾਲ਼ੇ ਦਿਨ ਵੇਖਣੇ ਪਏ ਸਨ, ਤਦ ਨਾਮਧਾਰੀਆਂ ਦੀ ਭੂਮਿਕਾ ਬਹੁਤ ਸ਼ਾਨਦਾਰ ਤੇ ਵਿਲੱਖਣ ਰਹੀ ਸੀ; ਜਦ ਕਿ ਤਦ ਇੰਨਾ ਕੁਝ ਗ਼ਲਤ ਹੋਇਆ ਸੀ ਤੇ ਬਹੁਤ ਮਾੜੇ ਹਾਲਾਤ ਬਣੇ ਹੋਏ ਸਨ ਅਤੇ ਚੁਫੇਰੇ ਹਿੰਸਾ ਦਾ ਤਾਂਡਵ ਸੀ। ਪਰ ਤਦ ਕਿਸੇ ਵੀ ਨਾਮਧਾਰੀ ਨੇ ਮੁਸਲਮਾਨਾਂ ਦੇ ਕਤਲ ਕਰਨ, ਉਨ੍ਹਾਂ ਨੂੰ ਲੁੱਟਣ, ਉਨ੍ਹਾਂ ਦੀਆਂ ਸੁੰਨੀਆਂ ਪਈਆਂ ਸੰਪਤੀਆਂ ਨੂੰ ਨਸ਼ਟ ਕਰਨ ਤੇ ਮੁਸਲਿਮ ਔਰਤਾਂ ਨੂੰ ਅਗ਼ਵਾ ਕਰਨ ਜਿਹੇ ਮਾੜੇ ਕਾਰਿਆਂ ਨਾਲ ਆਪਣੇ ਸੰਪਰਦਾਇ ਦਾ ਨਾਂਅ ਬਦਨਾਮ ਨਹੀਂ ਕੀਤਾ ਸੀ। ਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਬਹੁਤ ਸਪੱਸ਼ਟ ਤਰੀਕੇ ਨਾਮਧਾਰੀਆਂ ਨੂੰ ਹੁਕਮ ਦਿੱਤੇ ਸਨ ਕਿ ਉਹ ਅਜਿਹੇ ਮਾੜੇ ਕਾਰਿਆਂ ਤੋਂ ਗੁਰੇਜ਼ ਕਰਨ ਕਿਉਂਕਿ ਅਜਿਹਾ ਕਰਨ ਵਾਲਿਆਂ 'ਤੇ ਰੱਬੀ ਕਹਿਰ ਤਾਂ ਵਰਤੇਗਾ ਹੀ, ਉੱਪਰੋਂ ਅਜਿਹੇ ਵਿਅਕਤੀਆਂ ਨੂੰ ਨਾਮਧਾਰੀ ਸੰਪਰਦਾਇ 'ਚੋਂ ਕੱਢ ਦਿੱਤਾ ਜਾਵੇਗਾ। ਭਾਰਤ ਜਾਂ ਪਾਕਿਸਤਾਨ 'ਚ ਹੋਰ ਕੋਈ ਵੀ ਜੱਥੇਬੰਦੀ ਜਾਂ ਸੰਪਰਦਾਇ ਇਹ ਦਾਅਵਾ ਨਹੀਂ ਕਰ ਸਕਦੀ ਜਾਂ ਅਜਿਹੀ ਸ਼ੇਖ਼ੀ ਨਹੀਂ ਮਾਰ ਸਕਦੀ ਕਿ ਉਸ ਨੇ ਆਪਣੇ ਮੈਂਬਰਾਂ ਨੂੰ ਇੰਨੇ ਸਖ਼ਤ ਕੰਟਰੋਲ ਅਧੀਨ ਰੱਖਿਆ ਸੀ।

''ਨਾਮਧਾਰੀਆਂ ਦੇ ਵਿਸ਼ਵਾਸ ਅਨੁਸਾਰ – ਤਾਕਤ ਦਾ ਤਬਾਦਲਾ ਹੋ ਜਾਣ ਨਾਲ ਆਜ਼ਾਦੀ ਦੀ ਜੰਗ ਖ਼ਤਮ ਨਹੀਂ ਹੋਈ। ਬਾਹਰੀ ਜ਼ਖ਼ਮ ਤਾਂ ਭਾਵੇਂ ਠੀਕ ਹੋ ਗਏ ਹਨ ਜਾਂ ਸਿਆਸੀ ਗ਼ੁਲਾਮੀ ਚਾਹੇ ਚਲੀ ਗਈ ਹੈ ਪਰ ਉਨ੍ਹਾਂ ਦੇ ਭੈੜੇ ਦਾਗ਼ ਪਿੱਛੇ ਰਹਿ ਗਏ ਹਨ। ਅੰਦਰੂਨੀ ਕੈਂਸਰ ਜ਼ਹਿਰੀਲਾ ਵਾਇਰਸ ਫਿਲਾਅ ਰਹੇ ਹਨ ਤੇ ਆਰਥਿਕ, ਸਮਾਜਕ ਤੇ ਸਿਆਸੀ ਜੀਵਨ ਦੇ ਸੰਤੁਲਿਤ ਸਿਹਤਮੰਦ ਵਿਕਾਸ ਦੇ ਰਾਹ ਵਿੱਚ ਅੜਿੱਕਾ ਬਣ ਰਹੇ ਹਨ। ਆਜ਼ਾਦੀ ਦੇ ਪਿਛਲੇ ਨੌਂ ਵਰ੍ਹਿਆਂ ਦੌਰਾਨ ਨਾਮਧਾਰੀ, ਬ੍ਰਿਟਿਸ਼ ਹਾਕਮਾਂ ਦੇ ਬੇਰਹਿਮ ਜਬਰ ਕਾਰਨ ਹੋਈ ਥਕਾਵਟ ਦੂਰ ਕਰ ਕੇ ਆਪਣੇ -ਆਪ ਨੂੰ ਸਿਹਤਯਾਬ ਕਰ ਰਹੇ ਹਨ। ਇੱਕ ਵਰਗ ਵਜੋਂ ਉਨ੍ਹਾਂ ਮਾਤ-ਭੂਮੀ – ਹਿੰਦੁਸਤਾਨ ਦੀ ਨਿਸ਼ਕਾਮ ਸੇਵਾ ਲਈ ਇੱਕ ਵਾਰ ਫਿਰ ਆਪਣੀ ਕਮਰ ਕੱਸ ਲਈ ਹੈ।''

1947 'ਚ ਪੰਜਾਬ ਦੀ ਵੰਡ ਤੋਂ ਬਾਅਦ ਪੱਛਮੀ ਪਾਕਿਸਤਾਨ ਦੇ ਸਾਰੇ ਨਾਮਧਾਰੀ ਹਿੰਦੁਸਤਾਨ ਆ ਗਏ ਸਨ। ਗੁਰੂ ਜੀ ਨੇ 1946 'ਚ ਹੀ ਨਿਸ਼ਚਿਤ ਤੌਰ 'ਤੇ ਆਪਣੇ ਪੈਰੋਕਾਰਾਂ ਨੂੰ ਆਖ ਦਿੱਤਾ ਸੀ ਕਿ ਉਹ ਸਿਆਸੀ ਆਗੂਆਂ ਦੇ ਬਿਆਨ ਕਿਸੇ ਧਰਮ-ਗ੍ਰੰਥ ਦੇ ਵਾਕ ਨਾ ਸਮਝ ਲੈਣ ਕਿਉਂਕਿ ਪੰਜਾਬ ਤਾਂ ਇੱਕ ਦਿਨ ਹਰ ਹਾਲਤ 'ਚ ਦੋ ਭਾਗਾਂ 'ਚ ਵੰਡਿਆ ਹੀ ਜਾਣਾ ਹੈ। ਇਸੇ ਲਈ ਨਾਮਧਾਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਲੰਧਰ ਤੇ ਅੰਬਾਲਾ ਡਿਵੀਜ਼ਨਾਂ ਅੰਮ੍ਰਿਤਸਰ, ਗੁਰਦਾਸਪੁਰ ਜ਼ਿਲ੍ਹਿਆਂ 'ਚ ਤਬਦੀਲ ਹੋ ਜਾਣ। ਵੰਡ ਤੋਂ ਬਾਅਦ ਗ਼ੈਰ-ਮੁਸਲਮਾਨਾਂ ਤੇ ਮੁਸਲਮਾਨਾਂ ਦੀ ਆਬਾਦੀ ਨੂੰ ਭਾਰਤੀ ਪੰਜਾਬ ਤੇ ਪਾਕਿਸਤਾਨੀ ਪੰਜਾਬ 'ਚੋਂ ਜਬਰੀ ਬਾਹਰ ਕੱਢਣ ਨਾਲ ਪੈਦਾ ਹੋਣ ਵਾਲੇ ਲੋਕਾਂ ਦੇ ਟਕਰਾਅ ਸਦਕਾ ਤਬਾਹੀ ਦੀ ਸੰਭਾਵਨਾ ਬਾਰੇ ਸੋਚ ਕੇ ਹੀ ਗੁਰੂ ਜੀ ਨੇ 1946 'ਚ ਐਂਗਲੋ-ਇੰਡੀਅਨ ਫ਼ਿਰੰਗੀਆਂ ਤੋਂ ਸਿਰਸਾ ਤਹਿਸੀਲ 'ਚ ਜ਼ਮੀਨ ਦਾ ਇੱਕ ਵੱਡਾ ਟੁਕੜਾ ਖ਼ਰੀਦ ਲਿਆ ਸੀ ਕਿ

ਜਿੱਥੇ ਨਾਮਧਾਰੀਆਂ ਨੂੰ ਮੁੜ ਵਸਾਇਆ ਜਾ ਸਕੇ। ਇਸ ਨਵੇਂ ਇਲਾਕੇ ਦਾ ਕੇਂਦਰ ਜੀਵਨ ਨਗਰ ਨੂੰ ਬਣਾਇਆ ਗਿਆ ਸੀ।''

ਬਾਬਾ ਬੀਰ ਸਿੰਘ ਜੀ ਮਹਾਰਾਜ ਤੋਂ ਮਿਲਦੀ ਰਹੀ ਨੈਤਿਕ ਸਹਾਇਤਾ ਤੇ ਵਿੱਤੀ ਇਮਦਾਦ ਲਈ ਮੈਂ ਧੰਨਵਾਦੀ ਹਾਂ।

ਨਵੀਂ ਦਿੱਲੀ ਦੇ ਜਨਪਥ ਸਥਿਤ ਨੈਸ਼ਨਲ ਆਰਕਾਈਵਜ਼ ਆੱਫ਼ ਇੰਡੀਆ ਦੇ ਅਧਿਕਾਰੀਆਂ ਤੇ ਸਟਾਫ਼ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਬੀਤੇ ਕਈ ਵਰ੍ਹਿਆਂ ਦੌਰਾਨ ਮੇਰੀ ਮਦਦ ਕੀਤੀ ਹੈ।

ਮੈਂ ਉੱਘੇ ਇਤਿਹਾਸਕਾਰ ਡਾ. ਐੱਮ.ਐੱਲ. ਭਾਰਗਵ ਦਾ ਸ਼ੁਕਰਗੁਜ਼ਾਰ ਤੇ ਰਿਣੀ ਹਾਂ, ਜਿਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਉਨ੍ਹਾਂ ਦੀਆਂ ਸਿਆਸੀ ਗਤੀਵਿਧੀਆਂ 'ਤੇ ਚਾਨਣਾ ਪਾਉਣ ਵਾਲਾ ਲੇਖ ਛਾਪਣ ਦੀ ਮੈਨੂੰ ਇਜਾਜ਼ਤ ਦਿੱਤੀ।

ਐਟਲਾਂਟਿਕ ਪਬਲਿਸ਼ਰਜ਼ ਤੇ ਡਿਸਟ੍ਰੀਬਿਊਟਰਜ਼ ਦਾ ਮੇਰੇ ਵੱਲੋਂ ਖ਼ਾਸ ਧੰਨਵਾਦ, ਜਿਨ੍ਹਾਂ ਨੇ ਇਹ ਸੰਸਕਰਣ ਛਾਪਣ ਲਈ ਬਿਨਾਂ ਕਿਸੇ ਝਿਜਕ ਦੇ ਧਨ ਖ਼ਰਚਣ ਦਾ ਫ਼ੈਸਲਾ ਕੀਤਾ।

**ਭਾਈ ਨਾਹਰ ਸਿੰਘ**

# ਭਾਗ ੳ

# 1

## ਸਿੱਖਾਂ ਦੇ ਇੱਕ ਨਵੇਂ ਸੰਪਰਦਾਇ "ਜਿਗਿਆਸੀਆਂ" ਦੇ "ਗੁਰੂ ਰਾਮ ਸਿੰਘ" ਜੀ ਨਾਲ ਸੰਬੰਧਤ ਯਾਦ-ਪੱਤਰ, ਜੋ ਪੰਜਾਬ ਦੇ ਵੱਖੋ-ਵੱਖ ਅਧਿਕਾਰੀਆਂ ਦੀਆਂ ਗੁਪਤ ਚਿੱਠੀਆਂ ਤੋਂ ਲਿਆ ਹੈ

*12 ਜੂਨ, ਸ੍ਰੀ ਗ੍ਰੀਨ, ਅਸਿਸਟੈਂਟ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਅਟਕ।*

ਲਗਭਗ 16 ਵਰ੍ਹੇ ਪਹਿਲਾਂ ਬਾਲਕ ਸਿੰਘ ਜਾਤੀ ਅਰੋੜਾ ਨਾਂਅ ਦੇ ਇੱਕ ਸਿੱਖ ਨੇ ਰਾਵਲਪਿੰਡੀ ਜ਼ਿਲ੍ਹੇ 'ਚ ਹਜ਼ਰੋ ਵਿਖੇ ਇੱਕ ਨਵੇਂ ਸੰਪਰਦਾਇ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਨੂੰ 'ਜਿਗਿਆਸੀਆਂ' (ਜਾਂ ਅਭਿਆਸੀਆਂ) ਦਾ ਨਾਂਅ ਦਿੱਤਾ ਗਿਆ ਸੀ ਤੇ ਇਸ ਬਾਨੀ ਦੇ ਜੀਵਨ-ਕਾਲ ਦੌਰਾਨ ਆਂਢ-ਗੁਆਂਢ 'ਚ ਹੀ ਵੱਡੀ ਗਿਣਤੀ 'ਚ ਲੋਕ ਇਸ ਸੰਪਰਦਾਇ 'ਚ ਸ਼ਾਮਲ ਹੋਏ ਸਨ।

ਉਨ੍ਹਾਂ ਦੇ ਤਿੰਨ ਵਧੇਰੇ ਮਨਪਸੰਦ ਚੇਲੇ ਸਨ:

(1) ਕਾਹਨ ਸਿੰਘ, ਜੋ ਹੁਣ ਹਜ਼ਰੋ 'ਚ ਸੰਪਰਦਾਇ ਦੇ ਮੁਖੀ ਹਨ;

(2) ਲਾਲ ਸਿੰਘ, ਹਾਲ ਨਿਵਾਸੀ ਅੰਮ੍ਰਿਤਸਰ।

(3) ਰਾਮ ਸਿੰਘ, ਪਿਛਲੇ ਕੁਝ ਸਾਲਾਂ ਤੋਂ ਨਿਵਾਸੀ ਪਿੰਡ ਭੈਣੀ, ਲੁਧਿਆਣਾ ਅਤੇ ਇਨ੍ਹਾਂ ਨੋਟਾਂ ਦਾ ਵਿਸ਼ਾ। ਛੇ ਮਹੀਨੇ ਪਹਿਲਾਂ ਬਾਨੀ ਦੇ ਦਿਹਾਂਤ 'ਤੇ ਸੰਪਰਦਾਇ ਦੇ ਮੈਂਬਰਾਂ ਨੇ ਸਰਬਸੰਮਤੀ ਨਾਲ ਰਾਮ ਸਿੰਘ ਜੀ ਨੂੰ ਉਨ੍ਹਾਂ ਦਾ ਜਾਨਸ਼ੀਨ ਚੁਣ ਲਿਆ ਸੀ। ਭਾਵੇਂ ਬਾਲਕ ਸਿੰਘ ਜੀ ਦੇ ਦਿਹਾਂਤ ਤੋਂ ਬਾਅਦ ਹਜ਼ਰੋ ਦੇ ਆਲੇ-ਦੁਆਲੇ ਦੇ ਇਲਾਕਿਆਂ 'ਚ ਇਹ ਸੰਪਰਦਾਇ ਕਮਜ਼ੋਰ ਜਾਪਦਾ ਹੈ ਪਰ ਜਿਸ ਜ਼ਿਲ੍ਹੇ 'ਚ ਉਨ੍ਹਾਂ ਦੇ ਵਧੇਰੇ ਊਰਜਾਵਾਨ ਜਾਨਸ਼ੀਨ ਦੀ ਰਿਹਾਇਸ਼ ਹੈ, ਉੱਥੇ ਹੁਣ ਇਹ ਬਹੁਤ ਵਰਨਣਯੋਗ ਹੱਦ ਤੱਕ ਪ੍ਰਫੁੱਲਤ ਹੋ ਰਿਹਾ ਹੈ।

*15 ਅਪ੍ਰੈਲ। ਸ੍ਰੀ ਮੈਕਨੈਬ, ਡਿਪਟੀ ਕਮਿਸ਼ਨਰ, ਸਿਆਲਕੋਟ*

ਸਿਆਲਕੋਟ ਦੇ ਡਿਪਟੀ ਕਮਿਸ਼ਨਰ ਤੋਂ ਇੱਕ ਵਿਲੱਖਣ ਕਿਸਮ ਦੀ ਪਹਿਲੀ ਖ਼ੁਫ਼ੀਆ ਰਿਪੋਰਟ ਉਨ੍ਹਾਂ ਬਾਰੇ ਪੁਲਿਸ ਵਿਭਾਗ ਨੂੰ ਮਿਲੀ ਹੈ। ਉਸ ਜ਼ਿਲ੍ਹੇ 'ਚ ਅਜਿਹੀ ਇੱਕ ਅਫ਼ਵਾਹ ਫੈਲੀ ਹੋਈ ਸੀ ਕਿ ਲੁਧਿਆਣਾ ਦਾ ਇੱਕ ਬਜ਼ੁਰਗ ਸਿੱਖ, ਜੋ ਖ਼ੁਦ ਨੂੰ "ਭਾਈ" ਅਖਵਾਉਂਦਾ ਹੈ, ਆਪਣੇ 200 ਵਿਅਕਤੀਆਂ ਨਾਲ ਇੱਧਰ- ਉੱਧਰ ਘੁੰਮ ਰਿਹਾ ਹੈ, ਜਿਸ ਨੇ ਰਾਤ ਸਮੇਂ ਬੰਦੂਕਾਂ ਦੀ ਥਾਂ ਤੇ ਸੋਟੀਆਂ ਨਾਲ ਅਭਿਆਸ ਕੀਤਾ ਹੈ: ਉਹ ਇਹ ਸ਼ੇਖ਼ੀ ਮਾਰਦਾ ਹੈ ਕਿ ਉਸ ਦੇ 5,000 ਪੈਰੋਕਾਰ ਹਨ ਤੇ ਕਿਸੇ ਹਾਕਮ ਦਾ ਹੁਕਮ ਨਹੀਂ ਮੰਨਦਾ। ਉਨ੍ਹਾਂ ਦੀ ਟੋਲੀ ਵਿੱਚ ਬਹੁਤ ਸਾਰੀਆਂ ਔਰਤਾਂ ਵੀ ਹਨ ਤੇ ਉਹ ਅੰਮ੍ਰਿਤਸਰ ਦੇ ਵਿਸਾਖੀ ਮੇਲੇ ਲਈ ਜਾ ਰਹੇ ਸਨ।

---

1. ਗੁਰੂ ਰਾਮ ਸਿੰਘ।
2. ਜਿਗਿਆਸੀ (ਅਭਿਆਸੀ)।

*6 ਜੂਨ। ਲੈਫ਼ਟੀਨੈਂਟ ਹੈਮਿਲਟਨ, ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਫ਼ਿਰੋਜ਼ਪੁਰ।*

ਕੁਝ ਸਮੇਂ ਬਾਅਦ ਜੱਥਾ (11 ਅਪ੍ਰੈਲ, 1861 ਨੂੰ) ਅੰਮ੍ਰਿਤਸਰ ਪੁੱਜ ਗਿਆ ਤੇ ਤਦ ਇਹ ਪਾਇਆ ਗਿਆ ਕਿ ਉਨ੍ਹਾਂ ਦੇ ਲੀਡਰ ਤਾਂ ਬਾਬਾ (ਸਤਿਗੁਰੂ) ਰਾਮ ਸਿੰਘ ਜੀ ਸਨ। ਉਹ ਵਿਲੱਖਣ ਕਿਸਮ ਦੇ ਵਿਅਕਤੀ ਸਨ, ਕੱਦ 5 ਫੁੱਟ 10 ਇੰਚ; ਰੰਗ ਸਾਫ਼, ਚੇਚਕ ਦੇ ਦਾਗ਼, ਅੱਖਾਂ ਹਲਕੀਆਂ ਭੂਰੀਆਂ; ਨੱਕ ਤੇ ਚਿਹਰਾ ਲੰਮਾ; ਕਰੜ-ਬਰੜੀ ਦਾੜ੍ਹੀ ਤੇ ਮੁੱਛਾਂ, ਜਾਤੀ ਤਰਖਾਣ ਸਿੱਖ; ਗੁਰਮੁਖੀ ਪੜ੍ਹਦੇ ਤੇ ਲਿਖਦੇ ਹਨ ਅਤੇ ਕਦੀ-ਕਦਾਈਂ ਰਾਜਗਿਰੀ ਦਾ ਕੰਮ ਕਰ ਲੈਂਦੇ ਹਨ।

ਉਨ੍ਹਾਂ ਦੀ ਅੰਮ੍ਰਿਤਸਰ ਆਮਦ ਬਾਰੇ ਰਿਪੋਰਟ ਮਾਣਯੋਗ ਲੈਫ਼ਟੀਨੈਂਟ-ਗਵਰਨਰ ਮੇਜਰ ਮੈਕਐਂਡ੍ਰਿਯੂ, ਲਾਹੌਰ ਪੁਲਿਸ ਦੇ ਡਿਪਟੀ ਇੰਸਪੈਕਟਰ-ਜਨਰਲ ਨੂੰ ਦੇ ਦਿੱਤੀ ਗਈ ਸੀ, ਜਿਨ੍ਹਾਂ ਅੱਗਿਓਂ ਸ਼ਹਿਰ ਜਾ ਕੇ ਡਿਪਟੀ ਕਮਿਸ਼ਨਰ ਮੇਜਰ ਮਰਸਰ ਨਾਲ ਸੰਪਰਕ ਕਰਨ 'ਤੇ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੀ ਅਸਲ ਮਨਸ਼ਾ ਦੀ ਪੂਰੀ ਜਾਂਚ ਕਰਨ ਲਈ ਆਖਿਆ ਸੀ।

*11 ਅਪ੍ਰੈਲ, ਮੇਜਰ ਮਰਸਰ, ਡਿਪਟੀ ਕਮਿਸ਼ਨਰ, ਅੰਮ੍ਰਿਤਸਰ*

ਅੰਮ੍ਰਿਤਸਰ 'ਚ ਉਨ੍ਹਾਂ ਦੇ ਸਾਰੇ ਪੈਰੋਕਾਰ ਸਖ਼ਤ ਜੁੱਸਿਆਂ ਵਾਲੇ ਵਿਅਕਤੀ ਹਨ ਤੇ ਹਰੇਕ ਕੋਲ ਇੱਕ ਮਜ਼ਬੂਤ ਡਾਂਗ ਹੁੰਦੀ ਹੈ। ਮੇਲਾ ਸ਼ੁਰੂ ਹੋਣ ਪਿੱਛੋਂ ਉਨ੍ਹਾਂ ਆਪਣੇ ਘਰ ਜਾਣ ਦੀ ਇੱਛਾ ਪ੍ਰਗਟਾਈ ਹੈ ਅਤੇ ਕਿਸੇ ਤਰ੍ਹਾਂ ਦੀ ਰਾਜ-ਧਰੋਹੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਗਈ ਸੀ ਅਤੇ ਉਹ ਕਾਫ਼ੀ ਸ਼ਾਂਤ-ਚਿੱਤ ਵਿਖਾਈ ਦੇ ਰਹੇ ਸਨ, ਤਦ ਮੇਲਾ ਸਿਖ਼ਰ 'ਤੇ ਹੋਣ ਕਾਰਨ ਉਨ੍ਹਾਂ ਦੇ ਕਿਸੇ ਮਾਮਲੇ 'ਚ ਦਖ਼ਲ ਦੇਣਾ ਵਾਜਬ ਨਹੀਂ ਸਮਝਿਆ ਗਿਆ ਸੀ। ਪੁਲਿਸ ਸੁਪਰਇੰਟੈਂਡੈਂਟ ਦੇ ਨਾਲ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਤੇ ਡਿਪਟੀ ਕਮਿਸ਼ਨਰ ਉਨ੍ਹਾਂ ਨੂੰ ਮਿਲੇ ਸਨ ਅਤੇ ਤਦ ਉਹ ਇਸ ਸਲਾਹ ਨਾਲ ਪੂਰੀ ਤਰ੍ਹਾਂ ਸਹਿਮਤ ਹੋ ਗਏ ਜਾਪਦੇ ਸਨ ਕਿ ਉਨ੍ਹਾਂ ਦੇ ਜ਼ਿਆਦਾਤਰ ਪੈਰੋਕਾਰਾਂ ਨੂੰ ਉੱਥੋਂ ਚਲੇ ਜਾਣਾ ਚਾਹੀਦਾ ਹੈ, ਇਸੇ ਲਈ ਬਾਬਾ ਜੀ (ਸਤਿਗੁਰੂ) ਨੂੰ ਵਾਪਸ ਜਾਣ ਦਿੱਤਾ ਗਿਆ ਸੀ।

*16 ਮਈ, ਲੈਫ਼ਟੀਨੈਂਟ ਰਾਮਵੇਅ, ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਜਲੰਧਰ*

ਉਹ ਕਪੂਰਥਲਾ ਖੇਤਰ ਦੇ ਜਲੰਧਰ ਵਿੱਚੋਂ ਦੀ ਹੁੰਦਿਆਂ ਅੱਗੇ ਵਧਦੇ ਹੋਏ ਫ਼ਿਰੋਜ਼ਪੁਰ ਦੇ ਹਰੀਕੀ ਘਾਟ 'ਤੋਂ ਗਏ ਸਨ।

*7 ਜੂਨ, ਲੈਫ਼ਟੀਨੈਂਟ ਹੈਮਿਲਟਨ, ਪੁਲਿਸ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ, ਫ਼ਿਰੋਜ਼ਪੁਰ।*

4 ਜੂਨ ਨੂੰ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਖੋਟਾ ਦੇ ਚੌਕੀਦਾਰ ਨੇ ਬਾਘਾ ਪੁਰਾਣਾ ਪੁਲਿਸ ਥਾਣੇ ਨੂੰ ਸੂਚਿਤ ਕੀਤਾ ਕਿ ਬਾਬਾ ਰਾਮ ਸਿੰਘ ਨੇ ਦੋ-ਤਿੰਨ ਦਿਨਾਂ ਤੋਂ ਆਪਣੇ 400 ਤੋਂ 500 ਪੈਰੋਕਾਰਾਂ ਨਾਲ ਉਸ ਦੇ ਪਿੰਡ 'ਚ ਠਾਹਰ ਕੀਤੀ ਹੋਈ ਹੈ ਅਤੇ ਬਹੁਤ ਅਸਾਧਾਰਣ ਢੰਗ ਦਾ ਵਿਵਹਾਰ ਕਰ ਰਹੇ ਹਨ। ਉਹ ਰਾਜ-ਧਰੋਹੀ ਗੱਲਾਂ ਕਰਦੇ ਰਹੇ ਸਨ, ਉਨ੍ਹਾਂ ਕਿਹਾ ਸੀ ਕਿ ਛੇਤੀ ਹੀ ਇਹ ਦੇਸ਼ ਉਨ੍ਹਾਂ ਦਾ ਹੋਵੇਗਾ ਤੇ ਉਨ੍ਹਾਂ ਦੀ

ਮਦਦ ਲਈ ਛੇਤੀ ਹੀ 1,25,000 ਹਥਿਆਰਬੰਦ ਲੋਕ ਹੋਣਗੇ ਅਤੇ ਉਹ ਕਾਸ਼ਤਕਾਰਾਂ ਦੀ ਪੈਦਾ ਹੋਣ ਵਾਲੀ ਫ਼ਸਲ ਦਾ ਸਿਰਫ਼ 5ਵਾਂ ਹਿੱਸਾ ਲਿਆ ਕਰਨਗੇ ਅਤੇ ਉਹ ਸਾਰੇ ਮਿਲ ਕੇ ਅਜੀਬ ਗਤੀਵਿਧੀਆਂ ਕਰ ਰਹੇ ਹਨ।

ਪੁਲਿਸ ਦੇ ਇੱਕ ਸਾਰਜੈਂਟ ਨੇ ਤੁਰੰਤ ਦੱਸੀ ਥਾਂ ਦਾ ਦੌਰਾ ਕਰ ਕੇ ਪਾਇਆ ਕਿ ਚੌਕੀਦਾਰ ਦਾ ਬਿਆਨ ਬਿਲਕੁਲ ਦਰੁਸਤ ਸੀ। ਉਨ੍ਹਾਂ ਨਾਲ ਬਹੁਤ ਸਾਰੀਆਂ ਔਰਤਾਂ ਵੀ ਸਨ ਤੇ ਉਨ੍ਹਾਂ ਵੀ ਸਾਰੀਆਂ ਗਤੀਵਿਧੀਆਂ 'ਚ ਭਾਗ ਲਿਆ। ਉਨ੍ਹਾਂ ਦੀ ਆਮਦ ਦੇ ਛੇਤੀ ਪਿੱਛੋਂ ਮੀਟਿੰਗ ਹੌਲੀ-ਹੌਲੀ ਖ਼ਤਮ ਹੋ ਗਈ। ਬਾਅਦ 'ਚ 6 ਜੂਨ ਨੂੰ ਪੁਲਿਸ ਦੇ ਅਸਿਸਟੈਂਟ ਸੁਪਰਇੰਟੈਂਡੈਂਟ ਨੂੰ ਖੋਟਾ ਪਿੰਡ 'ਚ ਜਾ ਕੇ ਨੰਬਰਦਾਰਾਂ ਤੇ ਲਾਗਲੇ ਪਿੰਡਾਂ ਦੇ ਵਾਸੀਆਂ ਤੋਂ ਪੁੱਛਗਿੱਛ ਦੌਰਾਨ ਇਹੋ ਪਤਾ ਲੱਗਾ ਕਿ ਬਾਬਾ ਰਾਮ ਸਿੰਘ ਜੀ ਰਾਜ-ਧਰੋਹ ਦੀਆਂ ਗੱਲਾਂ ਕਰ ਰਹੇ ਸਨ।

ਫ਼ਿਰੋਜ਼ਪੁਰ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ ਨੇ ਹਦਾਇਤ ਜਾਰੀ ਕੀਤੀ ਸੀ ਕਿ ਅੱਗੇ ਤੋਂ ਅਜਿਹੇ ਹੋਰ ਇਕੱਠ ਨਹੀਂ ਕੀਤੇ ਜਾ ਸਕਣਗੇ ਤੇ ਰਾਹ 'ਚ ਪੈਂਦੇ ਹਰ ਪੁਲਿਸ ਥਾਣੇ ਦੇ ਅਧਿਕਾਰੀ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਚੇਲਿਆਂ ਨੂੰ ਉਨ੍ਹਾਂ 'ਤੇ ਨਜ਼ਰ ਰੱਖਦੇ ਹੋਏ ਉਨ੍ਹਾਂ ਨੂੰ ਲੁਧਿਆਣਾ ਦੇ ਪਿੰਡ ਭੈਣੀ ਸਥਿਤ ਉਨ੍ਹਾਂ ਦੇ ਘਰ ਤੱਕ ਛੱਡ ਕੇ ਆਉਣਗੇ। ਇਸ ਹੁਕਮ ਦੀ ਪਾਲਣਾ ਹੋ ਰਹੀ ਹੈ ਤੇ ਹੁਣ ਉਨ੍ਹਾਂ ਨੂੰ ਪੁਲਿਸ ਦੀ ਸਖ਼ਤ ਨਿਗਰਾਨੀ ਅਧੀਨ ਉਨ੍ਹਾਂ ਦੀ ਰਿਹਾਇਸ਼ਗਾਹ ਤੱਕ ਪਹੁੰਚਾਇਆ ਜਾ ਰਿਹਾ ਹੈ।

*9 ਜੂਨ, ਮੇਜਰ ਮੈਕਐਂਡ੍ਰਿਯੂ, ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ, ਲਾਹੌਰ।*

ਲੈਫ਼ਟੀਨੈਂਟ ਹੈਮਿਲਟਨ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਮਹਾਮਹਿਮ ਨੇ ਸਰਕਾਰ ਦੇ ਸਕੱਤਰ ਨੂੰ ਹਦਾਇਤ ਜਾਰੀ ਕੀਤੀ ਸੀ ਕਿ ਉਹ ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਸ੍ਰੀ ਥਾਮਸ ਨੂੰ ਤੁਰੰਤ ਪਿੰਡ ਖੋਟਾ ਜਾਣ ਲਈ ਕਹਿਣ 'ਤੇ ਉੱਥੋਂ ਦੇ ਨੰਬਰਦਾਰਾਂ ਦੀਆਂ ਗਵਾਹੀਆਂ ਦਰਜ ਕਰ ਕੇ ਸਿੱਧੀਆਂ ਸਰਕਾਰ ਦੇ ਸਕੱਤਰ ਨੂੰ ਭੇਜਣ 'ਤੇ ਜੇ ਲੋੜ ਮਹਿਸੂਸ ਹੋਵੇ ਤਾਂ ਬਾਬਾ ਰਾਮ ਸਿੰਘ ਜੀ ਨੂੰ ਤੁਰੰਤ ਗ੍ਰਿਫ਼ਤਾਰ ਕਰ ਲੈਣ। ਬਾਬਾ ਰਾਮ ਸਿੰਘ ਜੀ ਦਾ ਪ੍ਰਚਾਰ ਪੰਜਾਬ 'ਚ ਹੁਣ ਡਾਢੀ ਸਨਸਨੀ ਪੈਦਾ ਕਰ ਰਿਹਾ ਹੈ ਪਰ ਉਨ੍ਹਾਂ ਬਾਰੇ ਕੁਝ ਆਪਾ-ਵਿਰੋਧੀ ਵਿਚਾਰ ਵੀ ਮਿਲ ਰਹੇ ਹਨ। ਉਦਾਹਰਣ ਵਜੋਂ, ਬਟਾਲਾ ਦੇ ਸਥਾਨਕ ਵਧੀਕ ਸਹਾਇਕ ਕਮਿਸ਼ਨਰ ਕਾਇਮ ਅਲੀ ਦਾ ਮੰਨਣਾ ਹੈ ਕਿ ਬਾਬਾ ਜੀ ਖ਼ਤਰਨਾਕ ਹਨ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲੈਣਾ ਚਾਹੀਦਾ ਹੈ; ਜਦ ਕਿ ਇਸੇ ਜਗ੍ਹਾ ਦੇ ਨਾਇਬ ਤਹਿਸੀਲਦਾਰ ਭਾਈ ਲਹਿਣਾ ਸਿੰਘ (ਅੰਮ੍ਰਿਤਸਰ ਸਥਿਤ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਪਰਦੁਮਨ ਸਿੰਘ ਦੇ ਭਰਾ) ਉਨ੍ਹਾਂ ਨੂੰ ਸਿਰਫ਼ ਕੁਝ ਖ਼ਤਰਨਾਕ ਕਿਸਮ ਦੇ ਧਰਮ-ਵਿਰੋਧੀ ਮੰਨਦੇ ਹਨ। ਉਨ੍ਹਾਂ ਦੀ ਤਕੜੀ ਪ੍ਰੇਰਨਾ ਸਦਕਾ ਕੁਝ ਲੋਕ ਇਹੋ ਸਮਝਦੇ ਹਨ ਕਿ 'ਕਦੇ-ਕਦੇ ਉਹ ਵਾਜਬ ਭਵਿੱਖਬਾਣੀਆਂ ਕਰਦੇ ਹਨ।'

*9 ਜੂਨ, ਮੇਜਰ ਮੈਕਐਂਡ੍ਰਿਯੂਜ਼, ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ, ਲਾਹੌਰ।*

*7 ਜੂਨ, ਕੈਪਟਨ ਮੈਂਜ਼ੀਸ, ਪੁਲਿਸ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ, ਅੰਮ੍ਰਿਤਸਰ।*

*8 ਜੂਨ, ਕੈਪਟਨ ਐਲੀਫ਼ਿਨਸਟੋਨ, ਡਿਪਟੀ ਕਮਿਸ਼ਨਰ, ਜਲੰਧਰ।*

ਬਾਬਾ (ਸਤਿਗੁਰੂ) ਰਾਮ ਸਿੰਘ ਜੀ ਜਿਹੜੇ ਸਿਧਾਂਤ ਦਾ ਪ੍ਰਚਾਰ ਕਰਦੇ ਹਨ, ਉਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨਿਮਨਲਿਖਤ ਅਨੁਸਾਰ ਹਨ:

''ਇਹ ਸਿਧਾਂਤ ਸਿੱਖਾਂ 'ਚ ਪਾਏ ਜਾਣ ਵਾਲੇ ਜਾਤੀ ਆਧਾਰਤ ਸਾਰੇ ਭੇਦਭਾਵ ਖ਼ਤਮ ਕਰਦਾ ਹੈ; ਬਿਨਾਂ ਕਿਸੇ ਭੇਦਭਾਵ ਦੇ ਸਾਰੇ ਵਰਗਾਂ ਵਿਚਾਲੇ ਵਿਆਹਾਂ ਦੇ ਰਿਸ਼ਤੇ ਕਾਇਮ ਕਰਨ ਦੀ ਵਕਾਲਤ ਕਰਦਾ ਹੈ; ਵਿਧਵਾਵਾਂ ਦੇ ਵਿਆਹਾਂ ਦੀ ਹਮਾਇਤ ਕਰਦਾ ਹੈ ਤੇ ਅਜਿਹੇ ਸਾਰੇ ਵਿਆਹ ਬਾਬਾ ਰਾਮ ਸਿੰਘ ਜੀ ਆਪ ਹੀ ਸੰਪੰਨ ਕਰਵਾਉਂਦੇ ਹਨ; ਉਹ ਖ਼ੁਦ ਕਦੇ ਭੀਖ ਨਹੀਂ ਲੈਂਦੇ ਅਤੇ ਆਪਣੇ ਪੈਰੋਕਾਰਾਂ ਨੂੰ ਵੀ ਅਜਿਹਾ ਕਰਨ ਤੋਂ ਵਰਜਦੇ ਹਨ; ਸ਼ਰਾਬ ਤੇ ਹੋਰ ਨਸ਼ਿਆਂ ਤੋਂ ਸਦਾ ਦੂਰ ਰਹਿਣ ਲਈ ਆਖਦੇ ਹਨ ਅਤੇ ਮਰਦਾਂ-ਔਰਤਾਂ ਵਿਚਾਲੇ ਬਰਾਬਰਤਾ ਅਤੇ ਵਿਚਾਰ ਵਟਾਂਦਰੇ ਦਾ ਸਮਰਥਨ ਕਰਦੇ ਹਨ; ਜਦੋਂ ਵੀ ਪੈਰੋਕਾਰਾਂ ਦਾ ਇਕੱਠ ਹੁੰਦਾ ਹੈ, ਤਾਂ ਸਾਰੇ ਹੀ ਮਰਦ ਤੇ ਔਰਤਾਂ ਕਾਫ਼ੀ ਹੰਗਾਮਾ ਕਰਦੇ ਹਨ ਅਤੇ ਹੁਣ ਤੱਕ ਹਜ਼ਾਰਾਂ ਔਰਤਾਂ ਤੇ ਮੁਟਿਆਰਾਂ ਉਨ੍ਹਾਂ ਦੇ ਸੰਪਰਦਾਇ ਨਾਲ ਜੁੜ ਚੁੱਕੀਆਂ ਹਨ; ਉਹ ਆਪਣੇ ਚੇਲਿਆਂ ਨੂੰ ਸਦਾ ਬੇਦਾਗ਼ ਤੇ ਸੱਚ 'ਤੇ ਡਟਣ ਦੀ ਨਸੀਹਤ ਕਰਦੇ ਹਨ। ਉਨ੍ਹਾਂ ਬਾਰੇ ਇਹ ਗੱਲ ਮਸ਼ਹੂਰ ਹੈ ਕਿ ''ਇਹ ਠੀਕ ਰਹੇਗਾ ਕਿ ਹਰੇਕ ਕੂਕਾ ਆਪਣੀ ਡਾਂਗ ਆਪਣੇ ਕੋਲ ਰੱਖੇ ਤੇ ਉਹ ਸਭ ਇੰਝ ਹੀ ਕਰਦੇ ਹਨ।''

*13 ਜੂਨ, ਲੈਫ਼ਟੀਨੈਂਟ ਮੈਕਨੀਲ, ਪੁਲਿਸ ਦੇ ਡਿਪਟੀ ਸੁਪਰਇੰਟੈਂਡੈਂਟ, ਸਿਆਲਕੋਟ।*

*8 ਜੂਨ, ਕੈਪਟਨ ਐਲਫ਼ਿਨਸਟੋਨ, ਡਿਪਟੀ ਕਮਿਸ਼ਨਰ, ਜਲੰਧਰ।*

*2 ਜੂਨ, ਕੈਪਟਨ ਹਾੱਲ, ਡਿਪਟੀ ਕਮਿਸ਼ਨਰ, ਲਾਹੌਰ।*

''ਉਹ ਕੇਵਲ ਪਵਿੱਤਰ (ਆਦਿ ਸ੍ਰੀ ਗੁਰੂ) ਗ੍ਰੰਥ ਸਾਹਿਬ ਤੋਂ ਹੀ ਪ੍ਰੇਰਨਾ ਲੈਂਦੇ ਹਨ। ਇਹ ਭਾਈਚਾਰਾ ਆਪਣੀ ਪਗੜੀਆਂ ਬੰਨ੍ਹਣ ਦੇ ਤਰੀਕੇ ਤੋਂ ਜਾਣਿਆ ਜਾ ਸਕਦਾ ਹੈ ਜਿਸ ਨੂੰ 'ਸਿੱਧੀ ਪੱਗ' ਕਿਹਾ ਜਾਂਦਾ ਹੈ ਅਤੇ ਚਿੱਟੀ ਉੱਨ ਦੇ ਗੰਢਦਾਰ ਧਾਗੇ ਦੀ ਮਾਲਾ ਧਾਰਨ ਕਰਦੇ ਹਨ ਤੇ ਇਹ ਗੰਢਾਂ ਮਾਲਾ ਦੇ ਮਣਕਿਆਂ ਨੂੰ ਦਰਸਾਉਂਦੀਆਂ ਹਨ।''

*8 ਜੂਨ, ਲੈਫ਼ਟੀਨੈਂਟ ਰਾਮਸੇ, ਪੁਲਿਸ ਦੇ ਡਿਪਟੀ ਸੁਪਰਇੰਟੈਂਡੈਂਟ, ਜਲੰਧਰ।*

ਜਿੱਥੋਂ ਤੱਕ ਰਾਤ ਨੂੰ ਉਨ੍ਹਾਂ ਵੱਲੋਂ ਕੀਤੇ ਜਾਂਦੇ ਅਭਿਆਸ ਦਾ ਸੁਆਲ ਹੈ, ਉਹ ਚਾਹੇ ਰਾਤ ਸਮੇਂ ਹੀ ਕੀਤਾ ਜਾਂਦਾ ਹੈ ਪਰ ਫਿਰ ਵੀ ਉਸ ਬਾਰੇ ਸਭ ਨੂੰ ਹੀ ਜਾਣਕਾਰੀ ਹੁੰਦੀ ਹੈ। ਨੰਬਰਦਾਰ ਦਿਆਲ ਸਿੰਘ ਤੇ ਜਲੰਧਰ ਦੇ ਪਿੰਡ ਮੁਠੱਡਾ (ਜਿੱਥੋਂ ਦੇ ਸਾਰੇ ਨਿਵਾਸੀ ਬਾਬਾ ਰਾਮ ਸਿੰਘ ਜੀ ਨੇ ਕੂਕੇ ਬਣਾ ਦਿੱਤੇ ਹਨ) ਦੇ ਸਵਰਗੀ ਚੌਕੀਦਾਰ ਵਜ਼ੀਰਾ ਅਨੁਸਾਰ ਇਹ ਅਭਿਆਸ ਅਕਸਰ ਪਿੰਡ ਤੋਂ ਥੋੜ੍ਹੀ ਦੂਰੀ 'ਤੇ ਕੀਤਾ ਜਾਂਦਾ ਹੈ ਅਤੇ ਇਸ ਅਭਿਆਸ ਦੀ ਅਗਵਾਈ ਹੁਸ਼ਿਆਰਪੁਰ ਪੁਲਿਸ ਦਾ ਸਾਰਜੈਂਟ

ਬਹਿਲ ਸਿੰਘ ਤੇ ਇੱਕ ਜਾਂ ਦੋ ਸੇਵਾ-ਮੁਕਤ ਸਿਪਾਹੀ ਕਰਦੇ ਹਨ। ਬਹਿਲ ਸਿੰਘ ਇਹ ਸਭ ਸ਼ਰੇਆਮ ਕਬੂਲ ਕਰਦੇ ਹਨ:

*(1) ਮੇਜਰ ਮੈਕਐਂਡ੍ਰਿਯੂ, ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ, ਲਾਹੌਰ।*

''(ਗੁਰੂ) ਰਾਮ ਸਿੰਘ ਜੀ ਬਹੁਤ ਸਾਲਾਂ ਤੋਂ ਉਸ ਦੇ ਗੁਰੂ ਹਨ ਤੇ ਛੁੱਟੀ ਵਾਲੇ ਦਿਨ ਉਹ ਉਨ੍ਹਾਂ ਨੂੰ ਮਿਲਣ ਲਈ ਜਾਂਦਾ ਹੈ, ਉਨ੍ਹਾਂ ਦੀਆਂ ਰਸਮਾਂ 'ਚ ਸ਼ਾਮਲ ਹੁੰਦਾ ਹੈ, ਇੱਕ ਰਸਮ ਸਾਰੇ ਸ਼ਰਧਾਲੂਆਂ ਦੇ ਰਾਤ ਲਈ ਵੱਖ ਹੋਣ ਤੋਂ ਪਹਿਲਾਂ ਕਤਾਰ 'ਚ ਖਲੋਣ ਤੇ ਕੁਝ ਸ਼ਲੋਕ ਉੱਚੀ-ਉੱਚੀ ਦੁਹਰਾਉਣ ਦੀ ਹੁੰਦੀ ਹੈ ਅਤੇ ਸ਼ਾਇਦ ਗੈਰ ਕੂਕੇ ਇਸ ਅਭਿਆਸ ਨੂੰ ਫੌਜੀ ਸਿਖਲਾਈ ਸਮਝ ਰਹੇ ਹਨ।

ਲੈਫ਼ਟੀਨੈਂਟ ਗਵਰਨਰ ਦੀਆਂ ਹਦਾਇਤਾਂ ਅਨੁਸਾਰ ਮੇਜਰ ਮੈਕਐਂਡ੍ਰਿਯੂ ਨੂੰ ਹਦਾਇਤ ਜਾਰੀ ਕੀਤੀ ਗਈ ਸੀ ਕਿ ਉਹ ਜਾਣਕਾਰੀ ਇਕੱਠੀ ਕਰਨ ਲਈ ਵੱਖੋ-ਵੱਖਰੇ ਜ਼ਿਲ੍ਹਿਆਂ 'ਚ ਭਰੋਸੇਯੋਗ ਆਦਮੀ ਭੇਜਣ। ਅਟਕ ਪੁਲਿਸ ਦੇ ਸਹਾਇਕ ਸੁਪਰਇੰਟੈਂਡੈਂਟ ਨੂੰ ਸੱਦ ਕੇ ਬਾਬਾ ਰਾਮ ਸਿੰਘ ਜੀ ਦੇ ਸੰਪਰਦਾਇ ਦੇ ਹੈੱਡਕੁਆਰਟਰਜ਼ ਹਜ਼ਰੋ 'ਤੇ ਪੂਰੀ ਸਖ਼ਤ ਤੇ ਧਿਆਨਪੂਰਬਕ ਨਿਗਰਾਨੀ ਰੱਖਣ ਦੀ ਹਦਾਇਤ ਜਾਰੀ ਕੀਤੀ ਗਈ ਸੀ, ਇਸ ਦੇ ਨਾਲ ਹੀ ਕਿਸੇ ਵੀ ਤਰ੍ਹਾਂ ਦੀ ਚਿੱਠੀ-ਪੱਤਰੀ ਜਾਂ ਹੋਰ ਪ੍ਰਕਾਰ ਦੇ ਸੁਨੇਹਿਆਂ ਦੇ ਆਦਾਨ-ਪ੍ਰਦਾਨ ਉੱਤੇ ਡਾਢਾ ਧਿਆਨ ਰੱਖਣ ਲਈ ਆਖਿਆ ਗਿਆ ਸੀ।

*8 ਜੂਨ, ਕੈਪਟਨ ਐਲਫ਼ਿਨਸਟੋਨ, ਡਿਪਟੀ ਕਮਿਸ਼ਨਰ, ਜਲੰਧਰ।*

ਜਲੰਧਰ ਦੇ ਇੱਕ ਬ੍ਰਾਹਮਣ ਮਣੀ ਰਾਮ, ਜੋ ਬਾਬਾ (ਗੁਰੂ) ਰਾਮ ਸਿੰਘ ਜੀ ਦੇ ਪ੍ਰਭਾਵ ਹੇਠ ਕੂਕਾ ਬਣ ਗਿਆ ਸੀ ਪਰ ਹੁਣ ਉਹ ਇਸ ਸੰਪਰਦਾਇ ਦਾ ਤਿਆਗ ਕਰਨ ਲਈ ਤਿਆਰ ਸੀ, ਦਾ ਕਹਿਣਾ ਹੈ ਕਿ ਆਪਣੀ ਮਾਨਸਿਕਤਾ ਕਾਰਨ ਉਹ ਬਾਬਾ ਜੀ ਦੀਆਂ ਕਈ ਬੈਠਕਾਂ 'ਚ ਸ਼ਾਮਲ ਹੋਇਆ ਹੈ ਪਰ ਕਦੇ ਕੋਈ ਅਭਿਆਸ ਨਹੀਂ ਵੇਖਿਆ। ਹਾਂ ਉਸ ਨੇ ਰਾਤ ਨੂੰ ਵਿੱਛੜਨ ਸਮੇਂ ਉਨ੍ਹਾਂ ਨੂੰ ਕਤਾਰ 'ਚ ਖਲੋ ਕੇ ਕੁਝ ਰੀਤਾਂ ਕਰਦਿਆਂ ਤੱਕਿਆ ਸੀ ਤੇ ਬਾਅਦ 'ਚ ਉਸ ਨੂੰ ਪਤਾ ਲੱਗਾ ਸੀ ਕਿ ਇਹੋ ਅਭਿਆਸ ਹੈ। ਉਨ੍ਹਾਂ ਦ੍ਰਿੜ੍ਹਤਾਪੂਰਵਕ ਦੱਸਿਆ ਕਿ ਬਾਬਾ ਰਾਮ ਸਿੰਘ ਜੀ ਕੋਲ ਨਿਸ਼ਚਿਤ ਤੌਰ 'ਤੇ ਜਾਦੂ ਵਰਗੀ ਸ਼ਕਤੀ ਹੈ ਤੇ ਲੋਕਾਂ 'ਤੇ ਉਹ ਛਾ ਜਾਂਦੇ ਹਨ; ਉਸ ਨੇ ਇਹ ਵੀ ਕਿਹਾ ਕਿ ਹਜ਼ਾਰਾਂ ਲੋਕ ਇਸੇ ਤਰੀਕੇ ਪ੍ਰਭਾਵਿਤ ਹੋਏ ਹਨ। ਬੇ ਸ਼ੱਕ ਹੋਰਨਾਂ ਸਾਰੇ ਸਿੱਖਾਂ ਵਾਂਗ (ਗੁਰੂ) ਰਾਮ ਸਿੰਘ ਜੀ ਦੀ ਵੀ ਇਹੋ ਕਾਮਨਾ ਹੈ ਕਿ ਉਨ੍ਹਾਂ ਦਾ ਰਾਜ ਦੋਬਾਰਾ ਪਰਤੇ ਪਰ ਉਹ ਇਸ ਗੱਲ ਦਾ ਪ੍ਰਚਾਰ ਨਹੀਂ ਕਰਦੇ। ਉਹ ਬਿਨਾਂ ਕਿਸੇ ਸ਼ੱਕ ਦੇ ਉਨ੍ਹਾਂ ਨੂੰ ਇੱਕ ਪੈਗ਼ੰਬਰ ਸਮਝਦਾ ਹੈ ਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਧਾਰਮਿਕ ਬਿਰਤੀ ਵਾਲੇ ਮੰਨਦਾ ਹੈ।

*11 ਜੂਨ, ਕੈਪਟਨ ਮਿੱਲਰ, ਛਾਉਣੀ ਮੈਜਿਸਟ੍ਰੇਟ, ਜਲੰਧਰ*

ਜਲੰਧਰ ਛਾਉਣੀ ਦੇ ਮੈਜਿਸਟ੍ਰੇਟ ਨੇ ਦੋਬਾਰਾ ਇੱਕ ਸਿੱਖ ਮੁਖ਼ਬਰ ਗੈਂਦਾ ਸਿੰਘ ਨੂੰ (ਗੁਰੂ) ਰਾਮ ਸਿੰਘ ਜੀ ਦੇ ਪਿੰਡ 'ਚ ਭੇਜਿਆ।

ਗੁਰੂ ਜੀ ਆਪ ਤਾਂ ਨਹੀਂ ਸਨ ਪਰ ਉਨ੍ਹਾਂ ਦੇ ਲੈਫ਼ਟੀਨੈਂਟ ਸਾਹਿਬ ਸਿੰਘ ਉੱਥੇ ਮੌਜੂਦ ਸਨ। ਗੈਂਦਾ ਸਿੰਘ ਨੇ ਕੂਕਾ ਬਣਨ ਦੀ ਇੱਛਾ ਪ੍ਰਗਟਾਈ ਤੇ ਇੰਝ ਰਾਤ ਨੂੰ ਉੱਥੇ ਮੌਜੂਦ 50 ਵਿਅਕਤੀਆਂ ਦੇ ਗੁੱਟ 'ਚ ਸ਼ਾਮਲ ਹੋ ਗਿਆ। ਢੋਲ ਵੱਜ ਰਿਹਾ ਸੀ ਤੇ ਸਾਹਿਬ ਸਿੰਘ ਹੁਰਾਂ ਨੇ ਹਰੇਕ ਵਿਅਕਤੀ ਨੂੰ ਇੱਕ ਸੋਟੀ ਦਿੱਤੀ ਤੇ ਫਿਰ ਉਨ੍ਹਾਂ ਨੇ ਦੋ ਘੰਟਿਆਂ ਤੱਕ ਅਭਿਆਸ ਦੀ ਅਗਵਾਈ ਕੀਤੀ ਤੇ ਇਸ ਦੌਰਾਨ ਸਾਰੀ ਸੰਗਤ ਉੱਚੀ-ਉੱਚੀ 'ਅਕਾਲ-ਅਕਾਲ' ਪੁਕਾਰਦੀ ਰਹੀ; ਉਥੇ ਤਦ ਗੈਂਦਾ ਸਿੰਘ ਨੇ ਗੁਰੂ ਜੀ ਨੂੰ ਵੇਖਣ ਦੀ ਇੱਛਾ ਪ੍ਰਗਟਾਈ ਤੇ ਇੱਕ ਚੇਲੇ ਨੇ ਉਸ ਨੂੰ ਦੱਸਿਆ ਕਿ ਉਹ ਗੁਰੂ ਜੀ ਨੂੰ ਕਿੱਥੇ ਮਿਲ ਸਕਦਾ ਹੈ ਤੇ (ਗੁਰੂ) ਰਾਮ ਸਿੰਘ ਜੀ ਲਈ ਉਸ ਨੂੰ ਦੋ ਦਸਤਾਵੇਜ਼ ਦਿੱਤੇ। ਉਹ ਦਸਤਾਵੇਜ਼ ਗੈਂਦਾ ਸਿੰਘ ਨੇ ਅੱਗੇ ਦੇਣ ਦੀ ਥਾਂ ਆਪਣੇ ਕੋਲ ਲੁਕਾ ਕੇ ਰੱਖ ਲਏ ਤੇ ਉਨ੍ਹਾਂ ਸਾਹਮਣੇ ਇਹੋ ਆਖਿਆ ਕਿ ਉਸ ਤੋਂ ਉਹ ਕਾਗਜ਼ ਗੁਆਚ ਗਏ ਹਨ ਅਤੇ ਜਲੰਧਰ ਵਾਪਸੀ 'ਤੇ ਉਹ ਛਾਉਣੀ ਮੈਜਿਸਟ੍ਰੇਟ ਨੂੰ ਸੌਂਪ ਦਿੱਤੇ। ਉਨ੍ਹਾਂ ਦਸਤਾਵੇਜ਼ਾਂ ਵਿੱਚ ਇਹ ਲਿਖਿਆ ਸੀ:

ਨੰ. 1. ਸਤਿ ਸ੍ਰੀ ਅਕਾਲ ਜੀ। *'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਖੀ'*। ਮੈਂ ਗੁਰੂ ਗੋਬਿੰਦ ਸਿੰਘ ਇੱਕ ਤਰਖਾਣ ਦੀ ਦੁਕਾਨ (ਘਰ) 'ਚ ਪੈਦਾ ਹੋਵਾਂਗਾ ਅਤੇ ਰਾਮ ਸਿੰਘ ਅਖਵਾਵਾਂਗਾ। ਮੇਰਾ ਘਰ ਜਮਨਾ ਤੇ ਸਤਲੁਜ ਦਰਿਆਵਾਂ ਵਿਚਾਲੇ ਹੋਵੇਗਾ। ਮੈਂ ਆਪਣੇ ਧਰਮ ਦਾ ਐਲਾਨ ਕਰਾਂਗਾ। ਮੈਂ ਫ਼ਿਰੰਗੀਆਂ ਨੂੰ ਹਰਾਵਾਂਗਾ ਤੇ ਤਾਜ ਆਪਣੇ ਸਿਰ 'ਤੇ ਰੱਖਾਂਗਾ ਤੇ ਸੰਖ ਵਜਾ ਕੇ ਸਿੰਘਾਸਨ 'ਤੇ ਬੈਠਾਂਗਾ। ਜਦੋਂ ਮੇਰੇ ਨਾਲ ਸਵਾ ਲੱਖ ਸਿੱਖ ਹੋ ਜਾਣਗੇ, ਤਾਂ ਮੈਂ ਫ਼ਿਰੰਗੀਆਂ ਦੇ ਸਿਰ ਕਲਮ ਕਰਾਂਗਾ। ਮੈਨੂੰ ਜੰਗ 'ਚ ਕੋਈ ਜਿੱਤ ਨਹੀਂ ਸਕੇਗਾ ਤੇ ਉੱਚੀ-ਉੱਚੀ 'ਅਕਾਲ-ਅਕਾਲ' ਪੁਕਾਰਾਂਗਾ। ਜਦੋਂ ਈਸਾਈ ਸਵਾ ਲੱਖ ਖ਼ਾਲਸਿਆਂ ਦੇ ਜੈਕਾਰੇ ਸੁਣਨਗੇ, ਤਾਂ ਉਹ ਆਪਣੀਆਂ ਪਤਨੀਆਂ ਤਿਆਗ ਦੇਣਗੇ ਤੇ ਦੇਸ਼ 'ਚੋਂ ਉਡਾਰੀਆਂ ਮਾਰ ਜਾਣਗੇ। ਜਮਨਾ ਨਦੀ ਦੇ ਕੰਢਿਆਂ 'ਤੇ ਇੱਕ ਵੱਡੀ ਜੰਗ ਹੋਵੇਗੀ ਅਤੇ ਖ਼ੂਨ ਉੱਥੇ ਰਾਵੀ ਦਰਿਆ ਦੇ ਪਾਣੀ ਵਾਂਗ ਵਹੇਗਾ ਅਤੇ ਕੋਈ ਵੀ ਫ਼ਿਰੰਗੀ ਜਿਊਂਦਾ ਨਹੀਂ ਬਚੇਗਾ। ਦੇਸ਼ 'ਚ 1922 (1865) 'ਚ ਬਗ਼ਾਵਤ ਹੋਵੇਗੀ। ਖ਼ਾਲਸਾ ਰਾਜ ਕਰੇਗਾ ਅਤੇ ਰਾਜਾ ਤੇ ਪਰਜਾ ਸੁੱਖ ਤੇ ਸ਼ਾਂਤੀ ਨਾਲ ਵੱਸਣਗੇ ਅਤੇ ਕੋਈ ਕਿਸੇ ਹੋਰ ਨੂੰ ਤੰਗ ਨਹੀਂ ਕਰੇਗਾ।''

''(ਗੁਰੂ) ਰਾਮ ਸਿੰਘ ਜੀ ਦਾ ਰਾਜ ਦਿਨ-ਬ-ਦਿਨ ਪ੍ਰਫੁੱਲਤ ਹੁੰਦਾ ਜਾਵੇਗਾ। ਅਕਾਲ ਪੁਰਖ ਨੇ ਇਹ ਲਿਖਿਆ ਹੈ। ਮੇਰੇ ਭਰਾਵੋ! ਇਹ ਝੂਠ ਨਹੀਂ ਹੈ। ਸਾਲ 1865 'ਚ ਸਮੁੱਚੇ ਦੇਸ਼ ਅੰਦਰ ਗੁਰੂ ਰਾਮ ਸਿੰਘ ਜੀ ਦਾ ਰਾਜ ਹੋਵੇਗਾ। ਮੇਰੇ ਪੈਰੋਕਾਰ ਵਾਹਿਗੁਰੂ ਜੀ ਦਾ ਜਾਪ ਕਰਨਗੇ। ਅਕਾਲ ਪੁਰਖ ਆਖਦੇ ਹਨ ਕਿ ਇਹ ਸਭ ਕੁਝ ਵਾਪਰੇਗਾ।''

ਨੰ. 2. ''ਸਤਿ ਸ੍ਰੀ ਅਕਾਲ ਜੀ। ਨਾਲ ਨੱਥੀ ਦਸਤਾਵੇਜ਼ (ਭਾਵ ਉਪਰੋਕਤ) ਸਾਰੇ ਸਿੱਖਾਂ ਨੂੰ ਪੜ੍ਹ ਕੇ ਸੁਣਾਓ। ਇਹ ਇੱਥੇ (ਭੈਣੀ ਸਾਹਿਬ ਰਹਿੰਦੇ) ਸਿੱਖਾਂ ਦੀ ਬੇਨਤੀ ਹੈ। ਆਪੋ-ਆਪਣੇ ਟਿਕਾਣਿਆਂ ਦੀ ਖ਼ਬਰ ਭੇਜੋ। ਅਸੀਂ ਤੁਹਾਨੂੰ ਇੱਥੇ

ਵੇਖਣ ਦੇ ਚਾਹਵਾਨ ਹਾਂ। ਤੁਸੀਂ ਪਿਛਲੇ ਲੰਮੇ ਸਮੇਂ ਤੋਂ ਇੱਥੇ ਨਹੀਂ ਆਏ। ਤੁਸੀਂ ਤੁਰੰਤ ਇਸ ਦਿਸ਼ਾ (ਭੈਣੀ ਸਾਹਿਬ) ਵੱਲ ਆਓ। ਅਸੀਂ ਇੰਨਾ ਲੰਮਾ ਸਮਾਂ ਵੱਖ ਨਹੀਂ ਰਹਿ ਸਕਦੇ।''

*8 ਜੂਨ, ਕੈਪਟਨ ਐਲਫ਼ਿਨਸਟੋਨ, ਡਿਪਟੀ ਕਮਿਸ਼ਨਰ, ਜਲੰਧਰ।*

*8 ਜੂਨ, ਲੈਫ਼ਟੀਨੈਂਟ ਰਾਮਸੇ, ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਜਲੰਧਰ।*

*18 ਜੂਨ, ਕੈਪਟਨ ਮਿੱਲਰ, ਛਾਉਣੀ ਮੈਜਿਸਟ੍ਰੇਟ, ਜਲੰਧਰ।*

ਤਦ ਹੇਠ ਲਿਖੇ ਵਿਅਕਤੀਆਂ ਨੂੰ ਭੇਸ ਵਟਾ ਕੇ ਮੁਖ਼ਬਰ ਦੀ ਇਸ ਕਹਾਣੀ ਦੀ ਸੱਚਾਈ ਜਾਣਨ ਲਈ ਭੇਜਿਆ ਗਿਆ ਸੀ:

1 ..............
2 .............. } ਇਹ ਚੋਖੇ ਅਸਰ-ਰਸੂਖ਼ ਤੇ ਆਦਰ-ਮਾਣ ਵਾਲੇ ਵਿਅਕਤੀ ਹਨ,
3 .............. } ਜਿਨ੍ਹਾਂ ਦੇ ਨਾਂਅ ਸਪੱਸ਼ਟ ਕਾਰਨਾਂ ਕਰਕੇ ਇੱਥੇ ਨਹੀਂ ਦਿੱਤੇ ਜਾ ਰਹੇ।
4 .............. ਮੁਖ਼ਬਰ।

ਲੁਧਿਆਣਾ ਪੁੱਜ ਕੇ ਪਹਿਲਾਂ ਨਿਰਖ-ਪਰਖ ਕੇ ਇਹ ਨਤੀਜਾ ਕੱਢਿਆ ਗਿਆ ਕਿ ਸਿਰਫ਼ 1 ਨੰਬਰ ਵਾਲਾ ਵਿਅਕਤੀ ਤੇ ਮੁਖ਼ਬਰ ਹੀ ਭੇਸ ਵਟਾ ਕੇ ਅਸਲੀ ਜਾਪਦੇ ਹਨ। ਇਸੇ ਲਈ ਉਹ ਦੋਵੇਂ ਹੀ ਮਿੱਥੇ ਪ੍ਰੋਗਰਾਮ ਅਨੁਸਾਰ (ਗੁਰੂ) ਰਾਮ ਸਿੰਘ ਜੀ ਨੂੰ ਮਿਲੇ ਤੇ ਭਾਵੇਂ ਉਹਨਾਂ ਨੂੰ (ਗੁਰੂ ਰਾਮ ਸਿੰਘ) ਨੂੰ ਕਾਫ਼ੀ ਸ਼ੱਕ ਪੈ ਗਿਆ ਜਾਪਦਾ ਸੀ ਕਿਉਂਕਿ ਉਹ ਪੁਲਿਸ ਦੀ ਨਿਗਰਾਨੀ ਹੇਠ ਸਨ, ਫਿਰ ਵੀ ਉਨ੍ਹਾਂ ਨੇ ਉਨ੍ਹਾਂ ਦੋਵਾਂ ਪ੍ਰਤੀ ਕਿਸੇ ਤਰ੍ਹਾਂ ਦੀ ਬੇਭਰੋਸਗੀ ਨਹੀਂ ਪ੍ਰਗਟਾਈ ਕਿਉਂਕਿ ਉਹ ਮੁਖ਼ਬਰ ਨੂੰ ਪਹਿਲਾਂ ਮਿਲੇ ਹੋਏ ਸਨ ਅਤੇ ਨੰ. 1 ਨੂੰ ਉਸ ਨੇ ਆਪਣਾ ਭਰਾ ਦੱਸ ਕੇ ਉਨ੍ਹਾਂ ਨੂੰ ਮਿਲਵਾਇਆ ਸੀ। ਉਹ ਬਾਬਾ ਜੀ ਨਾਲ ਦੋ ਦਿਨ ਰਹੇ ਤੇ ਉਨ੍ਹਾਂ ਨਾਲ ਉੱਥੇ ਬਹੁਤ ਦਿਆਲਤਾਪੂਰਵਕ ਵਿਵਹਾਰ ਹੋਇਆ। ਪਹਿਲੀ ਰਾਤ ਗੁਰੂ ਜੀ ਨੇ ਉਨ੍ਹਾਂ ਨੂੰ ਕੂਕੇ ਬਣਾਇਆ ਤੇ ਉਨ੍ਹਾਂ ਨੂੰ ਉੱਨ ਦੀ ਬਣੀ ਇੱਕ ਮਾਲਾ ਦਿੱਤੀ। ਤਦ ਗੁਰੂ ਜੀ ਕੋਲ ਸਿਰਫ਼ ਇੱਕੋ ਹੀ ਮਾਲਾ ਬਚੀ ਸੀ ਪਰ ਉਨ੍ਹਾਂ ਇਹ ਵੀ ਦੱਸਿਆ ਕਿ ਬਹੁਤ ਸਾਰੀਆਂ ਮਾਲਾਵਾਂ ਆਉਣ ਵਾਲੀਆਂ ਹਨ। ਗੁਰੂ ਜੀ ਨੇ ਉਨ੍ਹਾਂ ਨੂੰ ਜਿਹੜਾ ਗੁਰ-ਮੰਤਰ ਭਾਵ 'ਰਹੱਸਵਾਦੀ ਸ਼ਬਦ' ਦਿੱਤਾ, ਉਹ ਸਿਰਫ਼ 'ਵਾਹਿਗੁਰੂ' ਸੀ, ਜੋ ਉਨ੍ਹਾਂ ਨੇ ਲਗਾਤਾਰ ਤੇ ਵਾਰ-ਵਾਰ ਆਪਣੇ ਦੰਦ ਭਿੱਚ ਕੇ ਆਪਣੇ ਬੁੱਲ੍ਹਾਂ ਨਾਲ ਉਚਾਰਨਾ ਸੀ। ਫਿਰ ਉਨ੍ਹਾਂ ਨੇ ਉਨ੍ਹਾਂ ਨੂੰ ਜੀਵਨ ਜਿਊਣ ਦੇ ਤਰੀਕੇ ਦੀ ਸਿੱਖਿਆ ਦਿੱਤੀ। ਹੁਣ ਤੱਕ ਸਭ ਕੁਝ ਬਿਲਕੁਲ ਠੀਕ-ਠਾਕ ਤੇ ਸ਼ਾਂਤੀ ਨਾਲ ਚੱਲ ਰਿਹਾ ਸੀ। ਤਦ ਇੱਕ ਰਾਤ ਨੂੰ ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ, ਫ਼ਿਰੋਜ਼ਪੁਰ ਤੇ ਕੁਝ ਹੋਰ ਸਥਾਨਾਂ 'ਤੇ ਉਨ੍ਹਾਂ ਦੇ ਚੇਲਿਆਂ ਨਾਲ ਮਾੜਾ ਵਿਵਹਾਰ ਹੋਇਆ ਹੈ ਪਰ ਉਨ੍ਹਾਂ ਦਾ ਇੱਕ-ਇੱਕ ਪੈਰੋਕਾਰ (ਰੂਹਾਨੀ ਸੁਰੱਖਿਆ ਕਰਕੇ) 100 ਜਣਿਆਂ ਦੇ ਬਰਾਬਰ ਹੈ; ਯੂਰੋਪੀਅਨ ਫ਼ੌਜੀ ਵੀ ਸ਼ਾਮਲ ਸਨ; ਕਿ ਇੱਕ ਵਾਰ ਤਿੰਨ ਯੂਰੋਪੀਅਨ ਉਨ੍ਹਾਂ ਦੇ ਘਰ ਆਏ ਜਾਂ ਅੰਮ੍ਰਿਤਸਰ ਵਿਖੇ ਭੇਜੇ ਗਏ

ਸਨ ਤੇ ਜੇ ਉਹ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਗੱਲਾਂ ਕਰਦੇ, ਤਾਂ ਉਨ੍ਹਾਂ ਦੇ ਪੈਰੋਕਾਰਾਂ ਨੇ ਉਨ੍ਹਾਂ ਨੂੰ ਤੁਰੰਤ ਮਾਰ ਮੁਕਾਉਣਾ ਸੀ। ਅੰਮ੍ਰਿਤਸਰ ਪੁਲਿਸ 'ਚ ਵੀ ਉਨ੍ਹਾਂ ਦੇ ਬਹੁਤ ਸਾਰੇ ਚੇਲੇ ਸਨ, ਇਸੇ ਲਈ ਜੇ ਉਹ ਚਾਹੁੰਦੇ, ਤਾਂ ਅੱਧੇ ਘੰਟੇ ਅੰਦਰ ਸਾਰੇ ਯੂਰੋਪੀਅਨਾਂ ਤੋਂ ਖਹਿੜਾ ਛੁੱਟ ਜਾਣਾ ਸੀ ਪਰ ਹਾਲੇ ਵਕਤ ਨਹੀਂ ਆਇਆ ਸੀ। ਉਨ੍ਹਾਂ ਮੁਖ਼ਬਰਾਂ ਦੀ ਮੌਜੂਦਗੀ 'ਚ ਕੋਈ ਅਭਿਆਸ ਨਾ ਹੋਇਆ ਪਰ ਉੱਥੇ ਮੌਜੂਦ ਹੋਰ ਸ਼ਰਧਾਲੂਆਂ ਤੋਂ ਉਨ੍ਹਾਂ ਸੁਣਿਆ ਕਿ ਇਹ ਅਭਿਆਸ ਉੱਥੇ ਗੁਰੂ ਜੀ ਦੇ ਲੈਫ਼ਟੀਨੈਂਟ ਸਾਹਿਬ ਸਿੰਘ ਦੀ ਅਗਵਾਈ ਹੇਠ ਲਗਾਤਾਰ ਹੁੰਦਾ ਸੀ ਪਰ ਤਦ ਸਾਹਿਬ ਸਿੰਘ ਲੁਧਿਆਣਾ 'ਚ ਮੌਜੂਦ ਨਹੀਂ ਸਨ।

ਇੱਕ ਹੋਰ ਮੌਕੇ 'ਤੇ ਗੁਰੂ ਜੀ ਨੇ ਉਨ੍ਹਾਂ ਨੂੰ ਦੱਸਿਆ ਕਿ ਅੰਗਰੇਜ਼ਾਂ ਦਾ ਰਾਜ ਛੇਤੀ ਖ਼ਤਮ ਹੋਣ ਵਾਲਾ ਹੈ ਕਿਉਂਕਿ ''ਉਸ ਦੀਆਂ ਜੜ੍ਹਾਂ ਹਾਲੇ ਬਹੁਤੀਆਂ ਡੂੰਘੀਆਂ ਨਹੀਂ ਹੋਈਆਂ।''

(ਗੁਰੂ ਜੀ) ਦੇ ਸ਼ਰਧਾਲੂ ਦਰਅਸਲ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਹੀ ਸਮਝਦੇ ਸਨ, ਜਿਨ੍ਹਾਂ ਨੇ ਦੋਬਾਰਾ ਅਵਤਾਰ ਲਿਆ ਹੈ ਅਤੇ ਉਨ੍ਹਾਂ ਨੂੰ ਹਰ ਗੱਲ ਅਗਾਊਂ ਹੀ ਪਤਾ ਲੱਗ ਜਾਂਦੀ ਸੀ ਤੇ ਉਹ ਭਵਿੱਖਬਾਣੀਆਂ ਵੀ ਕਰ ਸਕਦੇ ਹਨ ਅਤੇ ਉਹ ਪਹਿਲਾਂ ਹੀ ਸਿੱਖ ਰਾਜ ਦੇ ਪਤਨ ਦੀ ਭਵਿੱਖਬਾਣੀ ਕਰ ਚੁੱਕੇ ਹਨ। ਇੱਕ ਦਿਨ ਗੁਰੂ ਜੀ ਨੇ ਉਨ੍ਹਾਂ ਨੂੰ ਦੱਸਿਆ ਕਿ ਨਾਰੋਵਾਲ (ਲਾਹੌਰ ਜਾਂ ਸਿਆਲਕੋਟ) ਦੇ ਇੱਕ ਮਹੰਤ ਨੇ ਉਨ੍ਹਾਂ ਨੂੰ ਇਹ ਪੱਕੀ ਜਾਣਕਾਰੀ ਦਿੱਤੀ ਹੈ ਕਿ ਜਿਵੇਂ 1857 'ਚ ਹੋਇਆ ਸੀ, ਬਿਲਕੁਲ ਉਵੇਂ ਹੀ ਕਾਰਤੂਸ ਤਿਆਰ ਕੀਤੇ ਗਏ ਹਨ, ਜੋ ਦੋਬਾਰਾ ਵੰਡੇ ਜਾਣਗੇ ਅਤੇ ਉਨ੍ਹਾਂ 'ਚ ਉਹੀ ਇਤਰਾਜ਼ਯੋਗ ਸਮੱਗਰੀ ਭਰੀ ਗਈ ਹੈ। (ਗੁਰੂ) ਰਾਮ ਸਿੰਘ ਜੀ ਕੋਲ ਘਰ 'ਚ ਉਨ੍ਹਾਂ ਦੇ ਦੋ ਲੈਫ਼ਟੀਨੈਂਟ ਸਾਹਿਬ ਸਿੰਘ ਤੇ ਜਵਾਹਰ ਸਿੰਘ ਸਨ। ਸਾਹਿਬ ਸਿੰਘ ਕਾਫ਼ੀ ਤੇਜ਼ ਤੇ ਚੁਸਤ ਵਿਅਕਤੀ ਹਨ ਤੇ ਪਿੰਡ ਦੇ ਲਾਗੇ ਉਨ੍ਹਾਂ ਦੀ ਹੀ ਅਗਵਾਈ ਹੇਠ ਅਭਿਆਸ ਹੁੰਦਾ ਹੈ ਅਤੇ ਜਵਾਹਰ ਸਿੰਘ ਇੱਕ ਸਨਕੀ ਕੱਟੜ ਵਿਅਕਤੀ ਹਨ। (ਗੁਰੂ) ਰਾਮ ਸਿੰਘ ਜੀ ਸਦਾ ਆਪਣੇ ਕੋਲ ਇੱਕ ਸਫ਼ਾ ਜੰਗ (ਕੁਹਾੜੀ) ਰਖਦੇ ਹਨ ਤੇ ਬਾਕੀਆਂ ਕੋਲ ਡਾਂਗਾਂ ਹੁੰਦੀਆਂ ਹਨ। ਮੁਖ਼ਬਰ ਨੰ. 1 ਨੇ ਉਹ ਸਭ ਕੁਝ ਦੱਸਿਆ, ਜੋ ਕੁਝ ਵੀ ਉਸ ਨੇ ਉੱਥੇ ਆਪਣੇ ਸਾਥੀ ਮੁਖ਼ਬਰ ਤੇ ਗੁਰੂ ਰਾਮ ਸਿੰਘ ਜੀ ਵਿਚਾਲੇ ਹੁੰਦਾ ਵੇਖਿਆ, ਉਸ ਨੂੰ ਇਸ ਗੱਲ 'ਤੇ ਪੂਰਾ ਯਕੀਨ ਹੋ ਗਿਆ ਸੀ ਕਿ ਸਾਹਿਬ ਸਿੰਘ ਨੇ ਸੱਚਮੁਚ ਉਸ ਨੂੰ ਗੁਰੂ ਰਾਮ ਸਿੰਘ ਜੀ ਲਈ ਚਿੱਠੀਆਂ ਦਿੱਤੀਆਂ ਹੋਣਗੀਆਂ, ਜਿਨ੍ਹਾਂ ਦਾ ਜ਼ਿਕਰ ਇੱਥੇ ਉੱਪਰ ਕੀਤਾ ਗਿਆ ਹੈ ਤੇ ਸੱਚਮੁਚ ਜਦੋਂ ਉਹ ਘਰ ਪਰਤਦੇ ਸਮੇਂ ਸਾਹਿਬ ਸਿੰਘ ਨੂੰ ਮਿਲੇ ਸਨ, ਤਾਂ ਉਨ੍ਹਾਂ ਨੇ ਉਸ ਦੇ ਸਾਥੀ ਮੁਖ਼ਬਰ ਨਾਲ ਅਜਿਹੀ ਗੱਲਬਾਤ ਕੀਤੀ ਸੀ। ਇਸ ਬਾਰੇ ਹਾਲੇ ਪੱਕਾ ਕੁਝ ਨਹੀਂ ਆਖਿਆ ਜਾ ਸਕਦਾ ਕਿ ਹਥਿਆਰ ਆਉਣਗੇ ਜਾਂ ਨਹੀਂ। ਉਨ੍ਹਾਂ ਇਹ ਜ਼ਰੂਰ ਯਕੀਨ ਨਾਲ ਦੱਸਿਆ ਕਿ ਗੁਰੂ ਜੀ ਦੀਵਾਲੀ ਮੌਕੇ ਅੰਮ੍ਰਿਤਸਰ ਜਾਣ ਦੇ ਚਾਹਵਾਨ ਹਨ ਅਤੇ ਉਨ੍ਹਾਂ ਦੇ ਚੇਲੇ ਵੀ ਉੱਥੇ ਵੱਡੀ ਗਿਣਤੀ 'ਚ ਇਕੱਠੇ ਹੋਣਗੇ। ਸਪੱਸ਼ਟ ਤੌਰ 'ਤੇ ਉਨ੍ਹਾਂ ਦਾ ਆਪਣੇ ਰਹਿਨੁਮਾ 'ਚ ਡਾਢਾ ਭਰੋਸਾ ਹੈ ਤੇ ਉਹ ਪੂਰੇ

ਆਗਿਆਕਾਰ ਹਨ ਅਤੇ ਉਹ ਉਨ੍ਹਾਂ ਲਈ ਆਪਣੀਆਂ ਜਾਨਾਂ ਵਾਰਨ ਲਈ ਪੂਰੀ ਤਰ੍ਹਾਂ ਤਿਆਰ ਹਨ।

*31 ਮਈ, ਕੈਪਟਨ ਮੈਂਜ਼ੀਸ, ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਅੰਮ੍ਰਿਤਸਰ।*

ਸਵਰਗੀ ਬਾਲਕ ਸਿੰਘ ਦੇ ਚੁਣੇ ਤੀਜੇ ਸ਼ਿਸ਼ ਲਾਲ ਸਿੰਘ ਅਤੇ ਜੋ ਹੁਣ ਅੰਮ੍ਰਿਤਸਰ 'ਚ ਸੰਪਰਦਾਇ ਦੇ ਮੁਖੀ ਹਨ, ਨੇ ਦਸਿਆ ਕਿ ਉਹ (ਗੁਰੂ ਰਾਮ ਸਿੰਘ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਤੀਜੇ 'ਅਵਤਾਰ' ਹਨ, 1847 'ਚ ਦੂਜੇ ਨੰਬਰ 'ਤੇ ਮਹਾਰਾਜ ਸਿੰਘ ਸਨ। ਅੰਮ੍ਰਿਤਸਰ ਸ਼ਹਿਰੀ ਪੁਲਿਸ ਦੇ ਇੱਕ ਮੁਲਾਜ਼ਮ, ਜੋ ਗੁਰੂ ਰਾਮ ਸਿੰਘ ਜੀ ਦੇ ਸਿੱਖ ਹਨ, ਨੇ ਲਾਹੌਰ ਪੁਲਿਸ ਦੇ ਇੰਸਪੈਕਟਰ ਨਾਰਾਇਣ ਸਿੰਘ ਸਾਹਵੇਂ ਇੱਕ ਗੱਲਬਾਤ ਦੌਰਾਨ ਕਬੂਲ ਕੀਤਾ ਸੀ ਕਿ ਇਸ ਵਰ੍ਹੇ ਦੀਵਾਲੀ ਦੇ ਤਿਉਹਾਰ ਤੋਂ ਪਹਿਲਾਂ (ਗੁਰੂ) ਰਾਮ ਸਿੰਘ ਜੀ ਦੀਆਂ ਸਾਰੀਆਂ ਯੋਜਨਾਵਾਂ ਨੇਪਰੇ ਚੜ੍ਹ ਜਾਣਗੀਆਂ ਤੇ ਸ਼ਹਿਰ 'ਚ ਬਗ਼ਾਵਤ ਫੈਲ ਜਾਵੇਗੀ; ਪੰਜਾਬ 'ਚ ਉਨ੍ਹਾਂ ਦੇ ਮਜ਼ਬੂਤ ਜੁੱਸੇ ਵਾਲੇ 40,000 ਪੈਰੋਕਾਰ ਹਨ, ਜੋ ਵਿਦ੍ਰੋਹ ਲਈ ਪੂਰੀ ਤਰ੍ਹਾਂ ਤਿਆਰ ਹਨ ਅਤੇ ਗੁਰੂ ਜੀ ਨੇ ਸਮਾਂ ਆਉਣ 'ਤੇ ਅਸਲਾ ਤੇ ਬੰਦੂਕਾਂ ਤੱਕ ਹਾਸਲ ਕਰਨ ਦੀ ਆਪਣੀ ਸਮਰੱਥਾ ਦਾ ਐਲਾਨ ਕੀਤਾ ਹੋਇਆ ਹੈ। ਉਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਗੁਰੂ ਰਾਮ ਸਿੰਘ ਜੀ ਆਪਣੇ ਪੈਰੋਕਾਰਾਂ ਦਾ ਅਭਿਆਸ ਕਰਵਾਉਂਦੇ ਹਨ ਪਰ ਉਹ ਅੰਮ੍ਰਿਤਸਰ 'ਚ ਅਜਿਹਾ ਨਹੀਂ ਕਰਦੇ ਕਿਉਂਕਿ ਉੱਥੇ ਇਸ ਬਾਰੇ ਸਭ ਨੂੰ ਪਤਾ ਲੱਗ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਦਾ ਸਮੁੱਚੇ ਪੰਜਾਬ ਦੇ ਇੱਕ-ਇੱਕ ਪਿੰਡ ਤੱਕ ਆਪਣਾ ਇੱਕ ਨਿਯਮਤ ਡਾਕ ਪ੍ਰਬੰਧ ਹੈ ਤੇ ਉਨ੍ਹਾਂ ਨੇ ਕਦੇ ਸਰਕਾਰੀ ਡਾਕ-ਘਰ ਦੀਆਂ ਸੇਵਾਵਾਂ ਨਹੀਂ ਵਰਤੀਆਂ।

*31 ਮਈ, ਮੇਜਰ ਫ਼ੈਰਿੰਗਟਨ, ਕਮਿਸ਼ਨਰ, ਅੰਮ੍ਰਿਤਸਰ ਡਿਵੀਜ਼ਨ।*

*18 ਜੂਨ, ਕੈਪਟਨ ਐਲਫ਼ਿਨਸਟੋਨ, ਡਿਪਟੀ ਕਮਿਸ਼ਨਰ, ਜਲੰਧਰ।*

*31 ਮਈ, ਕੈਪਟਨ ਮੈਂਜ਼ੀਸ, ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਅੰਮ੍ਰਿਤਸਰ।*

*8 ਜੂਨ, ਲੈਫ਼ਟੀਨੈਂਟ ਰਾਮਸੇ, ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਜਲੰਧਰ।*

*8 ਜੂਨ, ਕੈਪਟਨ ਐਲਫ਼ਿਨਸਟੋਨ, ਡਿਪਟੀ ਕਮਿਸ਼ਨਰ, ਜਲੰਧਰ।*

ਬਾਹਰ ਸਾਰੇ ਇੱਕ ਅਜਿਹਾ ਆਮ ਵਿਚਾਰ ਪਾਇਆ ਜਾ ਰਿਹਾ ਜਾਪਦਾ ਹੈ ਕਿ ਇਸ ਵਰ੍ਹੇ ਦੀਵਾਲੀ ਮੌਕੇ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸ਼ਰਧਾਲੂ ਅੰਮ੍ਰਿਤਸਰ 'ਚ ਕੋਈ ਨਾ ਕੋਈ ਪ੍ਰਦਰਸ਼ਨ ਜ਼ਰੂਰ ਕਰਨਗੇ। ਸਿੱਖ ਸਰਕਾਰ ਵੇਲੇ ਉਹ ਨੌਨਿਹਾਲ ਸਿੰਘ ਦੀ ਰੈਜਿਮੈਂਟ 'ਚ ਇੱਕ ਸਵਾਰ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ, ਉਨ੍ਹਾਂ ਵੱਲੋਂ ਕੋਈ ਨਾ ਕੋਈ ਹੰਗਾਮਾ ਖੜ੍ਹਾ ਕੀਤੇ ਜਾਣ ਦੀ ਸੰਭਾਵਨਾ ਹੈ ਤੇ ਉਹ ਕਿਉਂਕਿ ਆਰਥਿਕ ਤੰਗੀ ਕਾਰਨ ਕੋਈ ਨਾ ਕੋਈ ਅਜਿਹੀ ਗੜਬੜੀ ਕਰ ਸਕਦੇ ਹਨ ਕਿ ਉਹ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਨਾ ਹੋਣ।

*7 ਜੂਨ, ਕੈਪਟਨ ਮੈਂਜ਼ੀਸ, ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਅੰਮ੍ਰਿਤਸਰ।*

*22 ਜੂਨ, ਕੈਪਟਨ ਮੈਂਜ਼ੀਸ, ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਅੰਮ੍ਰਿਤਸਰ।*

ਅੰਮ੍ਰਿਤਸਰ ਜ਼ਿਲ੍ਹੇ 'ਚ ਹੁਣ ਗੁਰੂ ਰਾਮ ਸਿੰਘ ਜੀ ਵੱਲੋਂ ਆਪਣੇ ਚੇਲਿਆਂ ਲਈ ਜਾਰੀ ਕੀਤਾ ਗਿਆ ਇੱਕ ਗਸ਼ਤੀ-ਪੱਤਰ ਲੋਕਾਂ 'ਚ ਪ੍ਰਸਾਰਿਤ ਕੀਤਾ ਜਾ ਰਿਹਾ ਹੈ, ਇਹ ਪੱਤਰ ਅੰਮ੍ਰਿਤਸਰ 'ਚ ਨਾਰਾਇਣ ਸਿੰਘ ਨਾਂਅ ਦੇ ਇੱਕ ਮਹੰਤ ਨੂੰ ਮਿਲਿਆ ਸੀ।

ਉਸ ਗਸ਼ਤੀ-ਪੱਤਰ ਦਾ ਮੂਲ-ਪਾਠ ਕੁਝ ਇਸ ਪ੍ਰਕਾਰ ਹੈ:

ਉਨ੍ਹਾਂ ਸਭ ਸਿੱਖਾਂ, ਸਮੂਹ ਪਿੰਡ ਵਾਸੀਆਂ, ਸਾਰੀਆਂ ਮਹਿਲਾਵਾਂ ਤੇ ਬੱਚਿਆਂ ਨੂੰ ''ਸ੍ਰੀ ਵਾਹਿਗੁਰੂ ਜੀ ਦਾ ਖ਼ਾਲਸਾ; ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ'', ਜੋ ਦੀਵਾਨ ਦਰਬਾਰ 'ਚ ਭਾਗ ਲੈਂਦੇ ਹਨ, ਮੇਰੀਆਂ ਸਾਰੀਆਂ ਸਿੱਖਿਆਵਾਂ ਦਾ ਧਿਆਨ ਕਰਦੇ ਹਨ। ਉਸ ਦੇ ਮੂੰਹ ਦੋਵੇਂ ਜਹਾਨਾਂ 'ਚ ਕਾਲ਼ੇ ਹੋਣਗੇ ਜੋ ਵਿਭਚਾਰ, ਚੋਰੀ ਆਦਿ ਕਰਦਾ ਹੈ, ਉਸ ਨੂੰ ਸੰਗਤ 'ਚ ਹਰਗਿਜ਼ ਨਾ ਆਉਣ ਦੇਵੋ ਅਤੇ ਜੇ ਉਹ ਜ਼ਬਰਦਸਤੀ ਅਜਿਹਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਗੁਰੂ ਜੀ ਨੂੰ ਅਰਦਾਸ ਕਰੋ ਕਿ ਉਹ ਉਸ ਨੂੰ ਰੋਕਣ। ਮਿਲ ਕੇ ਗੁਰਬਾਣੀ ਕੀਰਤਨ ਕਰੋ ਤੇ ਅਕਾਲ ਪੁਰਖ ਦੀ ਉਸਤਤਿ ਕਰੋ; ਕਿਸੇ ਤੋਂ ਨਾ ਡਰੋ; ਕਿਸੇ ਨੂੰ ਬੁਰਾ ਨਾ ਕਹੋ। ਤੁਹਾਡੇ ਗੁਰੂ ਜੀ ਦੀ ਆਪਣੇ ਪੈਰੋਕਾਰਾਂ 'ਤੇ ਪੂਰੀ ਨਜ਼ਰ ਹੈ, ਉਹ ਉਨ੍ਹਾਂ ਦੀ ਮਦਦ ਕਰਨਗੇ। ਮੈਂ ਤੁਹਾਨੂੰ ਸਾਰਿਆਂ ਦੇ ਨਾਂਅ ਭੇਜੇ ਹਨ, ਜਿਨ੍ਹਾਂ ਨੇ ਮੇਰੇ ਹੁਕਮਾਂ ਦੀ ਉਲੰਘਣਾ ਕੀਤੀ ਹੈ ਤੇ ਉਨ੍ਹਾਂ ਨੂੰ ਆਪਣੇ ਘਰਾਂ ਅੰਦਰ ਨਾ ਵੜਨ ਦੇਵੋ।

''ਜੋ ਕੋਈ ਵੀ ਆਪਣੀ ਧੀ ਦੇ ਵਿਆਹ ਤੋਂ ਧਨ ਕਮਾਉਂਦਾ ਹੈ, ਉਹ ਬਦਮਾਸ਼ ਹੈ। ਜੋ ਕੋਈ ਆਪਣੀ ਬੱਚੀ ਦੀ ਹੱਤਿਆ ਕਰਦਾ ਹੈ ਜਾਂ ਆਪਣੀ ਧੀ ਦਾ ਆਦਾਨ-ਪ੍ਰਦਾਨ ਕਰਦਾ ਹੈ, ਤਾਂ ਉਹ ਵੀ ਬਦਮਾਸ਼ ਹੀ ਹੈ। ਤੁਹਾਡੇ ਬੱਚੇ ਗੁਰਬਾਣੀ ਪੜਨੀ ਸਿੱਖਣ।''

''ਦੀਵਾਲੀ ਮੌਕੇ ਜ਼ਰੂਰ ਆਵੋ।''

*25 ਜੂਨ, ਮੇਜਰ ਮੈਕਐਂਡ੍ਰਿਯੂ, ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ, ਲਾਹੌਰ।*

*18 ਜੂਨ, ਸ੍ਰੀ ਈਗਰਟਨ, ਕਮਿਸ਼ਨਰ, ਲਾਹੌਰ ਡਿਵੀਜ਼ਨ।*

(ਗੁਰੂ) ਰਾਮ ਸਿੰਘ ਜੀ ਦੇ ਉਪਰੋਕਤ ਗਸ਼ਤੀ-ਪੱਤਰ ਦੀ ਇੱਕ ਕਾਪੀ ਇੱਕ ਹੋਰ ਸਰੋਤ ਤੋਂ ਪ੍ਰਾਪਤ ਹੋਈ ਹੈ। ਸਮੁੰਦ ਸਿੰਘ (ਗੁਰੂ) ਰਾਮ ਸਿੰਘ ਜੀ ਦੇ ਸਭ ਤੋਂ ਵੱਧ ਗੜਬੜੀ ਪੈਦਾ ਕਰਨ ਵਾਲੇ ਪੈਰੋਕਾਰ ਜਾਪਦੇ ਹਨ। ਉਨ੍ਹਾਂ ਨੂੰ ਜਨੂੰਨੀ ਤੱਕ ਆਖਿਆ ਜਾਂਦਾ ਹੈ; ਉਨ੍ਹਾਂ ਨੂੰ ਮਾਨਸਿਕ ਰੋਗਾਂ ਦੇ ਹਸਪਤਾਲ 'ਚ ਭੇਜਿਆ ਜਾ ਸਕਦਾ ਹੈ। ਗੁਰੂ ਰਾਮ ਸਿੰਘ ਖ਼ੁਦ ਤਾਂ ਕੁਝ ਕਹਿੰਦੇ ਨਹੀਂ ਜਾਪਦੇ ਪਰ ਉਨ੍ਹਾਂ ਦੇ ਨਾਲ ਰਹਿਣ ਵਾਲੇ ਪੈਰੋਕਾਰ ਰਾਜ-ਧਰੋਹ ਦੀਆਂ ਗੱਲਾਂ ਕਰਦੇ ਹਨ, ਸਪੱਸ਼ਟ ਹੈ ਕਿ ਉਹ ਇਹ ਸਭ ਉਨ੍ਹਾਂ ਦੀ ਪ੍ਰਵਾਨਗੀ ਨਾਲ ਕਰਦੇ ਹਨ ਤੇ ਸੰਭਵ ਹੈ ਕਿ ਉਨ੍ਹਾਂ ਦੇ ਹੁਕਮਾਂ ਨਾਲ ਹੀ ਕਰਦੇ ਹੋਣ।

(ਗੁਰੂ) ਰਾਮ ਸਿੰਘ ਜੀ ਬਾਰੇ ਜਾਣਕਾਰੀ ਮੁਕੰਮਲ ਹੈ ਤੇ ਕਈ ਸਰੋਤਾਂ ਤੋਂ ਇਕੱਠੀ ਕੀਤੀ ਗਈ ਹੈ ਅਤੇ ਇਹ ਅੰਦੋਲਨ ਕੁਝ ਅਹਿਮੀਅਤ ਵਾਲਾ ਬਣ ਗਿਆ ਹੈ। ਉਪਰੋਕਤ ਖ਼ੁਫ਼ੀਆ ਜਾਣਕਾਰੀ ਤੇ ਗਤੀਵਿਧੀਆਂ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੇ ਆਦੇਸ਼ ਅਨੁਸਾਰ ਤਿਆਰ ਕੀਤੀਆਂ ਗਈਆਂ ਹਨ।

*ਕਾਰਜਕਾਰੀ ਇੰਸਪੈਕਟਰ*
*ਜਨਰਲ ਆੱਫ਼ ਪੁਲਿਸ,*
*ਮਰੀ, 28 ਜੂਨ, 1863*

ਜੇ.ਡਬਲਿਊ. ਯੰਗ-ਹਸਬੈਂਡ,
ਮੇਜਰ, ਕਾਰਜਕਾਰੀ,
ਇੰਸਪੈਕਟਰ ਜਨਰਲ ਆੱਫ਼ ਪੁਲਿਸ।

## 2

### ਇੰਸਪੈਕਟਰ ਜਨਰਲ, ਪੁਲਿਸ ਦੇ ਯਾਦ-ਪੱਤਰ 'ਤੇ ਕਾਰਵਾਈ

(ਗੁਰੂ) ਰਾਮ ਸਿੰਘ ਜੀ ਦੀਆਂ ਗਤੀਵਿਧੀਆਂ ਬਾਰੇ ਖ਼ੁਫ਼ੀਆ ਜਾਣਕਾਰੀ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਅਪ੍ਰੈਲ ਦੇ ਅਰੰਭ 'ਚ ਦੇ ਦਿੱਤੀ ਗਈ ਸੀ, ਤਦ ਤੋਂ ਹੀ ਉਹਨਾਂ (ਗੁਰੂ ਜੀ) ਦੇ ਕਿਸੇ ਮਾਮਲੇ 'ਚ ਦਖ਼ਲ ਦਿੱਤੇ ਬਗ਼ੈਰ ਉਨ੍ਹਾਂ 'ਤੇ ਸਖ਼ਤ ਅਤੇ ਚੌਕਸ ਨਜ਼ਰ ਰੱਖੀ ਜਾ ਰਹੀ ਹੈ ਕਿ ਤਾਂ ਜੋ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਗਤੀਵਿਧੀਆਂ ਦੀ ਕਿਸਮ ਬਾਰੇ ਪਤਾ ਲਾਇਆ ਜਾ ਸਕੇ।

2. ਬਹੁਤ ਸਾਰੇ ਅਧਿਕਾਰੀਆਂ ਵੱਲੋਂ ਸੌਂਪੀਆਂ ਰਿਪੋਰਟਾਂ ਤੋਂ ਜਾਪਦਾ ਹੈ ਕਿ (ਗੁਰੂ) ਰਾਮ ਸਿੰਘ ਸਿੱਖ ਧਰਮ 'ਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਨ੍ਹਾਂ ਦੇ ਕੁਝ ਸਿਧਾਂਤਾਂ ਤੇ ਉਪਦੇਸ਼ਾਂ ਦਾ ਕੋਈ ਨੁਕਸਾਨ ਨਹੀਂ ਹੈ, ਸਗੋਂ ਉਨ੍ਹਾਂ ਦਾ ਫ਼ਾਇਦਾ ਹੈ।

3. ਉਨ੍ਹਾਂ ਵੱਲੋਂ ਤਿਆਰ ਕੀਤੇ ਗਏ ਕੂਕਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਪਰ ਉਹ ਜ਼ਿਆਦਾਤਰ ਹੇਠਲੇ ਵਰਗਾਂ ਤੱਕ ਹੀ ਸੀਮਤ ਹਨ। ਉਨ੍ਹਾਂ 'ਚੋਂ ਕੁਝ ਪੁਲਿਸ 'ਚ ਹਨ।

4. (ਗੁਰੂ) ਰਾਮ ਸਿੰਘ ਜੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਦੁਨਿਆਵੀ ਰਾਜ ਦੀ ਜ਼ਰੂਰਤ ਨਹੀਂ ਹੈ ਤੇ ਉਨ੍ਹਾਂ ਦਾ ਪ੍ਰਚਾਰ ਨਿਸ਼ਚਿਤ ਤੌਰ 'ਤੇ ਰਾਜ-ਧ੍ਰੋਹੀ ਪ੍ਰਕਿਰਤੀ ਵਾਲਾ ਨਹੀਂ ਹੈ।

5. ਪਰ ਉਨ੍ਹਾਂ ਦੇ ਗਸ਼ਤੀ-ਪੱਤਰ ਕੱਢਣ ਦਾ ਲਾਹਾ ਲਿਆ ਜਾ ਰਿਹਾ ਹੈ, ਚਾਹੇ ਉਹ ਸੱਚ ਹੈ ਜਾਂ ਝੂਠ ਪਰ ਇਹ ਉਨ੍ਹਾਂ ਦੇ ਨਾਂਅ ਹੇਠ ਕੱਢਿਆ ਗਿਆ ਹੈ, ਜਿਸ ਵਿੱਚ ਜਨਤਕ ਭਲਾਈ ਲਈ ਖ਼ਤਰਨਾਕ ਕਿਸਮ ਦੀ ਸਮੱਗਰੀ ਹੈ। (ਗੁਰੂ) ਰਾਮ ਸਿੰਘ ਜੀ ਦੇ ਕੁਝ ਪੈਰੋਕਾਰ ਰਾਜ-ਧ੍ਰੋਹੀ ਭਾਸ਼ਾ ਬੋਲ ਰਹੇ ਹਨ ਅਤੇ ਬਿਨਾਂ ਕੋਈ ਸ਼ੱਕ ਜਨਤਾ ਵਿਚ ਕੁਝ ਅਜਿਹਾ ਪ੍ਰਭਾਵ ਸਿਰਜਿਆ ਗਿਆ ਹੈ ਕਿ ਉਹ ਖ਼ੁਦ ਨੂੰ ਭਵਿੱਖ ਦੇ ਇੱਕ ਅਜਿਹੇ ਰਾਜੇ ਵਾਂਗ ਸਥਾਪਤ ਕਰ ਰਹੇ ਹਨ, ਜੋ ਪੰਜਾਬ 'ਚੋਂ ਬ੍ਰਿਟਿਸ਼ ਰਾਜ ਦਾ ਖ਼ਾਤਮਾ ਕਰ ਕੇ ਰੱਖ ਦੇਵੇਗਾ।

6. ਇਸ ਸਭ ਦੀ ਮਨਸ਼ਾ ਭਾਵੇਂ ਕੁਝ ਵੀ ਹੋਵੇ, ਉਨ੍ਹਾਂ ਦੀਆਂ ਮੀਟਿੰਗਾਂ ਤੇ ਨਸੀਹਤਾਂ ਕਾਰਣ ਆਮ ਲੋਕਾਂ ਦੇ ਦਿਮਾਗ਼ ਖ਼ਰਾਬ ਹੋ ਰਹੇ ਹਨ ਅਤੇ ਪਹਿਲਾਂ ਹੀ ਪੁਰਾਣਿਆਂ ਤੇ ਨਵੇਂ ਸੰਪਰਦਾਇ ਦੇ ਲੋਕਾਂ ਵਿਚਾਲੇ ਹਲਕੀ ਜਿਹੀ ਗੜਬੜੀ ਦੀ ਖ਼ਬਰ ਆ ਚੁੱਕੀ ਹੈ ਤੇ ਆਮ ਤੌਰ 'ਤੇ ਇਹ ਮੰਨਿਆ ਜਾ ਰਿਹਾ ਹੈ ਕਿ ਅੰਮ੍ਰਿਤਸਰ 'ਚ ਦੀਵਾਲੀ ਮੇਲੇ ਮੌਕੇ ਨਵੇਂ ਸੰਪਰਦਾਇ ਦੀ ਇੱਕ ਵਿਸ਼ਾਲ ਮੀਟਿੰਗ ਹੋਵੇਗੀ ਤੇ ਉੱਥੇ ਕੁਝ ਗੜਬੜੀ ਹੋਣ ਦਾ ਖ਼ਦਸ਼ਾ ਹੈ।

7. ''ਕੋਈ ਇਕੱਠ ਗ਼ੈਰ-ਕਾਨੂੰਨੀ ਨਹੀਂ ਹੁੰਦਾ ਪਰ ਜਦੋਂ ਉਹ ਇਕੱਠ ਹੋ ਜਾਂਦਾ ਹੈ, ਤਾਂ ਬਾਅਦ ਇੱਕ ਗ਼ੈਰ-ਕਾਨੂੰਨੀ ਇਕੱਠ ਬਣ ਜਾਂਦਾ ਹੈ।''

ਹੁਣ ਪੂਰਵ-ਅਨੁਮਾਨਾਂ ਤੋਂ ਇਹੋ ਜਾਪਦਾ ਹੈ ਕਿ ਗੁਰੂ ਰਾਮ ਸਿੰਘ ਜੀ ਦੇ ਇਕੱਠ ਗ਼ੈਰ-ਕਾਨੂੰਨੀ ਵਰਗ ਦੇ ਅਧੀਨ ਹੀ ਆਉਂਦੇ ਹਨ ਤੇ ਜੋ ਦੰਡ ਸੰਘਤਾ ਦੇ ਸੈਕਸ਼ਨ 141 ਅਧੀਨ ਜੁਰਮ ਬਣਦਾ ਹੈ – ਜਿਸ ਦੀ ਵਿਆਖਿਆ ਸਮਝੀ ਜਾ ਸਕਦੀ ਹੈ।

8. ਇਹ ਮੰਨਣ ਦਾ ਕਾਫ਼ੀ ਆਧਾਰ ਹੈ ਕਿ ਅੰਮ੍ਰਿਤਸਰ 'ਚ ਦੀਵਾਲੀ ਮੌਕੇ ਜਿਹੜਾ ਇਕੱਠ ਕਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ, ਉੱਥੇ ਹੋਣ ਵਾਲੀਆਂ ਗਤੀਵਿਧੀਆਂ ਰਾਹੀਂ ਉਹ ਗ਼ੈਰ-ਕਾਨੂੰਨੀ ਕਾਰਵਾਈ ਹੀ ਸਿੱਧ ਹੋਵੇਗਾ।

9. ਭਾਵੇਂ ਸਰਕਾਰ ਦੀ ਮਹਿਜ਼ ਧਰਮ ਦੇ ਸੁਆਲ 'ਤੇ ਜਾਂ ਕਿਸੇ ਖ਼ਾਸ ਧਰਮ 'ਚ ਸੁਧਾਰ ਲਿਆਉਣ ਲਈ ਕੀਤੇ ਜਾਣ ਵਾਲੇ ਇਕੱਠਾਂ ਵਿੱਚ ਦਖ਼ਲ ਦੇਣ ਦੀ ਕੋਈ ਇੱਛਾ ਨਹੀਂ ਹੈ, ਫਿਰ ਵੀ ਜੇ ਪ੍ਰਸਤਾਵਿਤ ਕਦਮਾਂ 'ਚ ਜਾਂ ਧਾਰਮਿਕ ਲੋਕਾਂ ਦੇ ਆਚਾਰ-ਵਿਵਹਾਰ ਰਾਹੀਂ ਸ਼ਾਂਤੀ ਭੰਗ ਹੋਣ ਦਾ ਖ਼ਦਸ਼ਾ ਹੋਵੇ, ਤਾਂ ਅਜਿਹੇ ਇਕੱਠਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣ ਬਾਰੇ ਜ਼ਰੂਰ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਦੇ ਆਗੂਆਂ ਨੂੰ ਬਣਦੀ ਕਾਨੂੰਨੀ ਸਜ਼ਾ ਮਿਲਣੀ ਚਾਹੀਦੀ ਹੈ।

10. ਮੌਜੂਦਾ ਹਾਲਾਤਾਂ 'ਚ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸ਼ਰਧਾਲੂਆਂ ਨੂੰ ਸਾਹਮਣੇ ਆ ਸਕਣ ਵਾਲੇ ਨਤੀਜਿਆਂ ਬਾਰੇ ਚੇਤਾਵਨੀ ਦੇਣੀ ਹੋਵੇਗੀ ਤੇ ਉਹ ਅੰਮ੍ਰਿਤਸਰ 'ਚ ਕੋਈ ਇਕੱਠ ਨਹੀਂ ਕਰ ਸਕਣਗੇ। ਉਨ੍ਹਾਂ ਨੂੰ ਇਹ ਸਮਝਾਉਣਾ ਹੋਵੇਗਾ ਕਿ ਉਨ੍ਹਾਂ ਦੀਆਂ ਬੈਠਕਾਂ ਦਾ ਭਾਵੇਂ ਆਪਣੇ-ਆਪ 'ਚ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਰ ਫਿਰ ਵੀ ਅਜਿਹਾ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਤੋਂ ਆਮ ਸ਼ਾਂਤੀ ਤੇ ਸੁਰੱਖਿਆ ਨੂੰ ਕੁਝ ਖ਼ਤਰਾ ਹੋ ਸਕਦਾ ਹੈ ਤੇ ਅਜਿਹੀਆਂ ਰਿਪੋਰਟਾਂ ਚਾਹੇ ਸੱਚੀਆਂ ਹੋਣ ਜਾਂ ਝੂਠੀਆਂ ਪਰ ਉਨ੍ਹਾਂ ਨਾਲ ਲੋਕਾਂ ਦੇ ਮਨ ਬੈਚੇਨ ਹੋ ਸਕਦੇ ਹਨ।

11. ਇਸ ਚੇਤਾਵਨੀ ਤੋਂ ਬਾਅਦ ਵੀ ਜੇ ਇਕੱਠ ਕਰਨੇ ਜਾਰੀ ਰੱਖੇ ਜਾਂਦੇ ਹਨ ਤੇ ਕੋਈ ਗੜਬੜੀ ਹੁੰਦੀ ਹੈ, ਤਾਂ ਉਸ ਲਈ ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸਿੱਖਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ ਤੇ ਉਨ੍ਹਾਂ ਵਿਰੁੱਧ ਜਨਤਕ ਸ਼ਾਂਤੀ ਭੰਗ ਕਰਨ ਦੇ ਜੁਰਮਾਂ ਨਾਲ ਸਿੱਝਣ ਵਾਲੇ ਕਾਨੂੰਨ ਅਧੀਨ ਕਾਰਵਾਈ ਕੀਤੀ ਜਾਵੇਗੀ।

12. (ਗੁਰੂ) ਰਾਮ ਸਿੰਘ ਜੀ ਨੂੰ ਆਪਣੇ ਪਿੰਡ 'ਚ ਹੀ ਰਹਿਣ ਦੀ ਹਦਾਇਤ

ਜਾਰੀ ਕੀਤੀ ਜਾਵੇ ਤੇ ਉਨ੍ਹਾਂ ਦੀ ਹਰੇਕ ਗਤੀਵਿਧੀ 'ਤੇ ਪੁਲਿਸ ਪੂਰੀ ਜਾਣਕਾਰੀ ਰੱਖੇਗੀ ਤੇ ਸਿੱਧੀ ਰਿਪੋਰਟ ਭੇਜੇਗੀ।

ਟੀ.ਡੀ. ਫ਼ਾਰਸਿਥ
*ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ*

## 3

### 1. ਕੇਂਦਰੀ ਪੁਲਿਸ ਦਫ਼ਤਰ। 1. ਸਰਕੁਲਰ ਨੰਬਰ 1863 ਦਾ 1 ਮਿਤੀ ਲਾਹੌਰ, 3 ਜੁਲਾਈ, 1863

### ਵੱਲੋਂ - ਮੇਜਰ ਜੇ.ਡਬਲਿਊ. ਯੰਗ-ਹਸਬੈਂਡ, ਕਾਰਜਕਾਰੀ ਇੰਸਪੈਕਟਰ ਜਨਰਲ ਆੱਫ਼ ਪੁਲਿਸ, ਪੰਜਾਬ

ਵੱਲ:- ਪੰਜਾਬ ਪੁਲਿਸ ਦੇ ਸਾਰੇ ਡਿਪਟੀ ਇੰਸਪੈਕਟਰਜ਼ ਜਨਰਲ।

ਯਾਦ-ਪੱਤਰ ਦੀ ਕਾਪੀ ਜਾਣਕਾਰੀ ਤੇ ਨਿਰਦੇਸ਼ਾਂ ਲਈ ਅੱਗੇ ਭੇਜੀ ਜਾਂਦੀ ਹੈ।

| | |
|---|---|
| ਪੁਲਿਸ<br>(ਗੁਪਤ)<br>(ਜਿਗਿਆਸੀ ਸੰਪਰਦਾਇ ਦੇ ਇੱਕ ਸਿੱਖ (ਗੁਰੂ) ਰਾਮ ਸਿੰਘ ਜੀ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣੀ ਹੋਵੇਗੀ) | ਖ਼ੁਦ ਨੂੰ ਜਿਗਿਆਸੀ ਅਖਵਾਉਣ ਵਾਲੇ ਸਿੱਖ ਸੰਪਰਦਾਇ ਦੇ ਬਾਬਾ ਰਾਮ ਸਿੰਘ ਜੀ ਬਾਰੇ। ਯਾਦ-ਪੱਤਰ 'ਤੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੀ ਇੱਕ ਕਾਰਵਾਈ ਵੀ। |

2. ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟਸ ਨੂੰ ਗੁਰੂ ਰਾਮ ਸਿੰਘ ਜੀ ਬਾਰੇ ਪ੍ਰਾਪਤ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੀਆਂ ਰਿਪੋਰਟਾਂ ਭੇਜਣੀਆਂ ਹੋਣਗੀਆਂ। ਡਿਪਟੀ ਇੰਸਪੈਕਟਰਜ਼ ਜਨਰਲ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਦੋਂ ਵੀ ਕਦੇ ਉਨ੍ਹਾਂ ਨੂੰ ਗੁਰੂ ਰਾਮ ਸਿੰਘ ਜੀ ਬਾਰੇ ਕੋਈ ਵੀ ਜਾਣਕਾਰੀ ਮਿਲੇ, ਤਾਂ ਉਹ ਸਿੱਧੀ ਇੰਸਪੈਕਟਰ ਜਨਰਲ ਤੇ ਸਰਕਾਰ ਦੇ ਸਕੱਤਰ ਨੂੰ ਭੇਜੀ ਜਾਵੇ ਤੇ ਵੱਖੋ-ਵੱਖਰੇ ਚੈਨਲਾਂ (ਸਰੋਤਾਂ) ਤੋਂ ਅਜਿਹੀ ਸਾਰੀ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਦੇ ਸਮੇਂ ਕਿਸੇ ਤਰ੍ਹਾਂ ਦੀ ਕੋਈ ਭੜਕਾਹਟ ਪੈਦਾ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੂੰ ਜੋ ਵੀ ਖ਼ੁਫ਼ੀਆ ਜਾਣਕਾਰੀ ਜਾਂ ਹੁਕਮ ਹਾਸਲ ਹੋਣ, ਉਨ੍ਹਾਂ ਬਾਰੇ ਬਾਹਰ ਕਿਸੇ ਨੂੰ ਨਾ ਦੱਸਿਆ ਜਾਵੇ।

## 4

ਚਾਰਲਸ ਪੀ. ਈਲੀਅਟ, ਕਾਰਜਕਾਰੀ ਡਿਪਟੀ ਕਮਿਸ਼ਨਰ, ਲੁਧਿਆਣਾ ਤੋਂ ਪੰਜਾਬ ਸਰਕਾਰ, ਮਰੀ ਨੂੰ ਪ੍ਰਾਪਤ ਇੱਕ ਚਿੱਠੀ (ਨੰ. 343-79, ਮਿਤੀ 6 ਜੁਲਾਈ, 1863) ਦੀ ਕਾਪੀ।

ਮੈਨੂੰ ਪਿਛਲੇ ਮਹੀਨੇ ਦੀ 30 ਤਰੀਕ ਨੂੰ ਲਿਖਿਆ ਤੁਹਾਡਾ ਪੱਤਰ ਨੰਬਰ 484 ਇਸ ਮਹੀਨੇ ਦੀ 4 ਤਰੀਕ ਨੂੰ ਸਵੇਰੇ ਮਿਲਿਆ ਤੇ ਫਿਰ ਤੁਰੰਤ ਹੀ ਗੁਰੂ ਰਾਮ ਸਿੰਘ

ਜੀ ਕੋਲ ਇੱਕ ਹਰਕਾਰਾ ਭੇਜ ਕੇ ਬੇਨਤੀ ਕੀਤੀ ਕਿ ਉਹ ਮੇਰੇ ਘਰ ਆ ਕੇ ਆਪਣੀ ਹਾਜ਼ਰੀ ਲਵਾਉਣ। ਮੈਨੂੰ ਉਨ੍ਹਾਂ ਵੱਲੋਂ ਕਿਸੇ ਤਰ੍ਹਾਂ ਦਾ ਇਨਕਾਰ ਕਰਨ ਦੀ ਕੋਈ ਆਸ ਨਹੀਂ ਸੀ ਕਿਉਂਕਿ ਮੈਂ ਪਹਿਲਾਂ ਜਦੋਂ ਵੀ ਕਦੇ ਉਨ੍ਹਾਂ ਨੂੰ ਲਾਹੌਰ ਦੇ ਕਮਿਸ਼ਨਰ ਤੇ ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਸੱਦਿਆ, ਤਾਂ ਉਹ ਆਪਣੀ ਮਰਜ਼ੀ ਨਾਲ ਆਉਂਦੇ ਰਹੇ ਸਨ।

ਜਿਹੜੇ ਪਿੰਡ ਭੈਣੀ 'ਚ (ਗੁਰੂ) ਰਾਮ ਸਿੰਘ ਜੀ ਰਹਿੰਦੇ ਹਨ, ਉਹ ਲੁਧਿਆਣਾ ਤੋਂ ਲਗਭਗ 12 ਮੀਲ ਦੀ ਦੂਰੀ 'ਤੇ ਹੈ ਤੇ ਮੈਨੂੰ ਆਸ ਸੀ ਕਿ ਉਹ ਉਸੇ ਸ਼ਾਮ ਨੂੰ ਆ ਜਾਣਗੇ। ਇਸੇ ਮਹੀਨੇ ਦੀ 5 ਤਰੀਕ ਭਾਵ ਐਤਵਾਰ ਨੂੰ ਮੈਨੂੰ ਤੁਹਾਡੀ ਨੀਮ ਅਧਿਕਾਰਤ ਚਿੱਠੀ ਮਿਲੀ, ਜਿਸ ਵਿੱਚ ਤੁਸੀਂ ਲਿਖਿਆ ਸੀ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੇ ਸੁਣਿਆ ਸੀ ਕਿ ਗੁਰੂ ਰਾਮ ਸਿੰਘ ਜੀ ਅੰਗਰੇਜ਼ ਅਧਿਕਾਰੀਆਂ ਕੋਲ ਹਾਜ਼ਰੀ ਲਗਵਾਉਣ ਤੋਂ ਇਨਕਾਰ ਕਰਨ ਦਾ ਐਲਾਨ ਕਰ ਚੁੱਕੇ ਸਨ। ਮੈਨੂੰ ਇਸ ਰਿਪੋਰਟ 'ਤੇ ਬਹੁਤਾ ਯਕੀਨ ਨਹੀਂ ਆਇਆ ਸੀ ਕਿਉਂਕਿ ਉਹ ਤਾਂ 15 ਕੁ ਦਿਨ ਪਹਿਲਾਂ ਮੇਰੇ ਸੱਦਾ ਭੇਜਣ 'ਤੇ ਉਹ ਆ ਗਏ ਸਨ। ਪਰ ਸ਼ਾਮੀਂ ਚਾਰ ਵਜੇ ਤੱਕ ਉਨ੍ਹਾਂ ਦੀ ਕੋਈ ਖ਼ਬਰਸਾਰ ਨਾ ਮਿਲੀ ਤੇ ਹਰਕਾਰਾ ਵੀ ਨਹੀਂ ਪਰਤਿਆ ਸੀ। ਮੈਨੂੰ ਕੁਝ ਚਿੰਤਾ ਹੋਈ ਤੇ ਤਦ ਮੈਂ ਪੁਲਿਸ ਦੇ ਅਸਿਸਟੈਂਟ ਸੁਪਰਇੰਟੈਂਡੈਂਟ ਸ੍ਰੀ ਸਮਿੱਥ ਨੂੰ ਸਵਾਰਾਂ ਦੀ ਇੱਕ ਨਿੱਕੀ ਟੋਲੀ ਨਾਲ ਗੁਰੂ ਰਾਮ ਸਿੰਘ ਜੀ ਦੇ ਪਿੰਡ ਵੱਲ ਭੇਜਿਆ ਤੇ ਉਨ੍ਹਾਂ ਨੂੰ ਹਦਾਇਤ ਕੀਤੀ ਕਿ ਉਹ ਜੇ ਸੰਭਵ ਹੋਵੇ, ਤਾਂ ਉਨ੍ਹਾਂ ਨੂੰ ਚੁੱਪਚਾਪ ਲਿਆਂਦਾ ਜਾਵੇ ਪਰ ਜੇ ਲੋੜ ਪਵੇ ਤਾਂ ਤਾਕਤ ਦੀ ਵਰਤੋਂ ਵੀ ਕਰ ਲਈ ਜਾਵੇ; ਲੈਫ਼ਟੀਨੈਂਟ ਕਿਰਕੇ ਜ਼ਿਲ੍ਹੇ ਵਿਚ ਦੂਰ-ਦੁਰਾਡੇ ਦੇ ਹਿੱਸੇ ਵਿੱਚ ਡਿਊਟੀ 'ਤੇ ਹਾਜ਼ਰ ਨਹੀਂ ਸੀ। ਹਰ ਤਰ੍ਹਾਂ ਦੇ ਸੰਭਾਵੀ ਹਾਲਾਤ ਦੇ ਟਾਕਰੇ ਲਈ ਮੈਂ ਸ੍ਰੀ ਸਮਿੱਥ ਨੂੰ ਲਿਖਤੀ ਹਦਾਇਤਾਂ ਵੀ ਦਿੱਤੀਆਂ ਕਿ ਜੇ ਕਿਤੇ ਗੁਰੂ ਰਾਮ ਸਿੰਘ ਜੀ ਹਥਿਆਰਬੰਦ ਭੀੜ ਨਾਲ ਘਿਰੇ ਹੋਣ, ਤਾਂ ਉਹ ਉਨ੍ਹਾਂ ਤੱਕ ਕਿਵੇਂ ਪੁੱਜੇਗਾ। ਮੈਂ ਉਸ ਨੂੰ ਇਹ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਗੁਰੂ ਜੀ ਭੀੜ 'ਤੇ ਕਾਬੂ ਪਾਉਣ ਦੇ ਯੋਗ ਹੋਣ, ਤਦ ਤੱਕ ਤਾਕਤ ਦੀ ਵਰਤੋਂ ਨਾ ਕੀਤੀ ਜਾਵੇ, ਸਗੋਂ ਤੇਜ਼ੀ ਨਾਲ ਲੁਧਿਆਣਾ ਪਰਤ ਕੇ ਪੁਲਿਸ ਦੀ ਵੱਡੀ ਤੇ ਮਜ਼ਬੂਤ ਟੋਲੀ ਨਾਲ ਲਿਜਾਂਦੀ ਜਾਵੇ। ਤਦ ਤੱਕ ਸ਼ਾਮ ਨੂੰ ਕਾਫ਼ੀ ਦੇਰੀ ਹੋ ਚੁੱਕੀ ਸੀ, ਜਦੋਂ ਉਸ ਨੇ ਪੈਦਲ ਜਵਾਨਾਂ ਨੂੰ ਤਿਆਰ ਕਰਨਾ ਸ਼ੁਰੂ ਕੀਤਾ ਸੀ ਤੇ ਉੱਥੇ ਕੇਵਲ ਤਿੰਨ ਜਾਂ ਚਾਰ ਸਵਾਰ ਹੀ ਉਪਲਬਧ ਸਨ। ਕਿਸੇ ਤਰ੍ਹਾਂ ਦੇ ਹੰਗਾਮੀ ਹਾਲਾਤ ਹੋਣ 'ਤੇ ਮੈਂ ਲੁਧਿਆਣਾ ਸਥਿਤ ਡੀਟੈਚਮੈਂਟ ਆੱਫ਼ ਨੇਟਿਵ ਇਨਫ਼ੈਂਟਰੀ ਦੇ ਆਫ਼ੀਸਰ ਕਮਾਂਡਿੰਗ ਦੀ ਮਦਦ ਲੈਣ ਲਈ ਤਿਆਰ ਸਾਂ ਤੇ ਮੈਂ ਉਨ੍ਹਾਂ ਨੂੰ (ਗੁਪਤ ਤੌਰ 'ਤੇ) ਸੂਚਿਤ ਕੀਤਾ ਕਿ ਅਜਿਹਾ ਸੰਭਵ ਹੈ, ਭਾਵੇਂ ਇਸ ਦੀ ਸੰਭਾਵਨਾ ਬਹੁਤ ਘੱਟ ਹੈ, ਕਿ ਉਨ੍ਹਾਂ ਨੂੰ ਮਦਦ ਲਈ ਸੱਦਣਾ ਪੈ ਜਾਵੇ, ਇੰਝ ਮੈਂ ਮਾੜੀ ਤੋਂ ਮਾੜੀ ਹਾਲਤ ਦਾ ਟਾਕਰਾ ਕਰਨ ਲਈ ਤਿਆਰ ਸਾਂ।

ਮੈਨੂੰ ਇਹ ਦੱਸਦਿਆਂ ਬੇਹੱਦ ਖ਼ੁਸ਼ੀ ਹੁੰਦੀ ਹੈ ਕਿ ਇਹ ਸਾਰੀਆਂ ਸਾਵਧਾਨੀਆਂ ਬੇਲੋੜੀਆਂ ਸਨ। ਸ੍ਰੀ ਸਮਿੱਥ ਸ਼ਾਮ ਦੇ ਘੁਸਮੁਸੇ ਵੇਲੇ ਪਿੰਡ ਭੈਣੀ ਪੁੱਜੇ ਸਨ; ਉਨ੍ਹਾਂ

ਉੱਥੇ ਪੂਰੀ ਤਰ੍ਹਾਂ ਸ਼ਾਂਤੀ ਵਾਲਾ ਮਾਹੌਲ ਪਾਇਆ ਤੇ ਪੁੱਛੇ ਜਾਣ 'ਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਗੁਰੂ ਜੀ ਤਾਂ ਇੱਕ-ਦੋ ਘੰਟੇ ਪਹਿਲਾਂ ਹੀ ਲੁਧਿਆਣਾ ਰਵਾਨਗੀ ਪਾ ਚੁੱਕੇ ਸਨ ਪਰ ਉਹ ਉਸ ਸੜਕ ਰਸਤੇ ਤੋਂ ਨਹੀਂ ਗਏ ਸਨ, ਜਿਸ ਤੋਂ ਸ੍ਰੀ ਸਮਿੱਥ ਪਿੰਡ ਭੈਣੀ ਪੁੱਜੇ ਸਨ, ਸਗੋਂ ਉਨ੍ਹਾਂ ਵੱਖਰਾ ਰੂਟ ਅਖ਼ਤਿਆਰ ਕੀਤਾ ਸੀ ਤੇ ਪਿੰਡ ਤੋਂ ਕੁਝ ਦੇਰੀ ਨਾਲ ਰਵਾਨਾ ਹੋਣ ਦਾ ਕਾਰਣ ਸਿਰਫ਼ ਇੰਨਾ ਕੁ ਸੀ ਕਿ ਉਨ੍ਹਾਂ ਦੀ ਤਬੀਅਤ ਥੋੜ੍ਹੀ ਨਾਸਾਜ਼ ਸੀ।

(ਗੁਰੂ) ਰਾਮ ਸਿੰਘ ਜੀ ਰਾਤ ਸਮੇਂ ਲੁਧਿਆਣਾ ਪੁੱਜੇ ਸਨ ਤੇ ਇਸ ਸਵੇਰ ਤੱਕ ਮੇਰੀ ਉਡੀਕ ਕਰਦੇ ਰਹੇ। ਉਹ ਬਹੁਤ ਹੀ ਨਰਮ ਦਿਸਣ ਵਾਲੇ ਵਿਅਕਤੀ ਹਨ ਤੇ ਉਨ੍ਹਾਂ ਦਾ ਰਵੱਈਆ ਸਦਾ ਹੀ ਆਦਰਯੋਗ ਹੁੰਦਾ ਹੈ, ਚਾਪਲੂਸੀ ਵਾਲਾ ਨਹੀਂ। ਉਨ੍ਹਾਂ ਬੇਸ਼ੱਕ ਪੂਰੀ ਦ੍ਰਿੜ੍ਹਤਾਪੂਰਵਕ ਇਹੋ ਆਖਿਆ ਕਿ ਉਨ੍ਹਾਂ ਦੇ ਸਿਧਾਂਤ ਤੇ ਸਿੱਖਿਆਵਾਂ ਪੂਰੀ ਤਰ੍ਹਾਂ ਧਾਰਮਿਕ ਤੇ ਨੈਤਿਕ ਹਨ ਤੇ ਉਨ੍ਹਾਂ ਦਾ ਕੋਈ ਸਿਆਸੀ ਚਰਿੱਤਰ ਨਹੀਂ ਹੈ, ਉਨ੍ਹਾਂ ਪੰਜਾਬ 'ਚ ਆਪਣੇ ਕੁਝ ਸੌ ਤੋਂ ਵੱਧ ਪੈਰੋਕਾਰ ਹੋਣ ਤੋਂ ਇਨਕਾਰ ਕੀਤਾ; ਉਨ੍ਹਾਂ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਉਹ ਦੀਵਾਲੀ ਮੌਕੇ ਅੰਮ੍ਰਿਤਸਰ ਵਿਖੇ ਕੋਈ ਵੱਡੀ ਮੀਟਿੰਗ ਕਰਨ ਜਾ ਰਹੇ ਹਨ। ਮੈਂ ਉਨ੍ਹਾਂ ਨੂੰ ਮਹਾਮਹਿਮ ਦੇ ਉਨ੍ਹਾਂ ਆਦੇਸ਼ਾਂ ਬਾਰੇ ਜਾਣਕਾਰੀ ਦਿੱਤੀ, ਜੋ ਤੁਹਾਡੀ ਜਵਾਬ-ਅਧੀਨ ਚਿੱਠੀ 'ਚ ਮੌਜੂਦ ਕਾਰਵਾਈ ਵਿੱਚ ਦਰਜ ਸਨ। ਮੈਂ ਖ਼ਾਸ ਤੌਰ 'ਤੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਕਿ ਉਨ੍ਹਾਂ ਦੇ ਚੇਲੇ ਅੰਮ੍ਰਿਤਸਰ 'ਚ ਜਾਂ ਕਿਤੇ ਹੋਰ ਇਕੱਠੇ ਨਾ ਹੋਣ ਤੇ ਇਹ ਇੱਛਾ ਪ੍ਰਗਟਾਈ ਕਿ ਉਹ ਉਨ੍ਹਾਂ ਨੂੰ ਆਪਣੇ ਪ੍ਰਭਾਵ ਨਾਲ ਅਜਿਹੀ ਕੋਈ ਵੀ ਬੈਠਕ ਕਰਨ ਤੋਂ ਵਰਜਣ, ਜਿਸ ਬਾਰੇ ਅਸੀਂ ਸੁਣਿਆ ਹੈ ਕਿ ਅਜਿਹੀ ਕੋਈ ਮੀਟਿੰਗ ਕਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ ਅਤੇ ਮੈਂ ਉਨ੍ਹਾਂ ਨੂੰ ਪਿੰਡ ਤੋਂ ਬਿਨਾਂ ਕਿਸੇ ਅਗਾਊਂ ਪ੍ਰਵਾਨਗੀ ਦੇ ਕਿਤੇ ਹੋਰ ਜਾਣ ਤੋਂ ਮਨ੍ਹਾ ਕੀਤਾ; ਮੈਂ ਜੋ ਕੁਝ ਵੀ ਆਖਿਆ, ਉਨ੍ਹਾਂ ਇਸ ਸਭ 'ਤੇ ਸਹਿਮਤੀ ਪ੍ਰਗਟਾਈ ਤੇ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਨ ਦਾ ਵਾਅਦਾ ਕੀਤਾ; ਤੇ ਆਖਿਆ ਕਿ ਉਹ ਇਸੇ ਬਾਅਦ ਦੁਪਹਿਰ ਆਪਣੇ ਘਰ ਪਰਤ ਜਾਣਗੇ।

ਤੁਹਾਡੀ ਚਿੱਠੀ ਦੇ ਤੀਜੇ ਪੈਰ੍ਹੇ ਵਿੱਚ ਦਰਜ ਇੱਛਾ ਅਨੁਸਾਰ ਮੈਂ ਭੈਣੀ ਤੇ ਲਾਗਲੇ ਹੋਰ ਪਿੰਡਾਂ ਦੇ ਨੰਬਰਦਾਰਾਂ ਨੂੰ ਬੁਲਾ ਭੇਜਿਆ ਹੈ ਤੇ ਮੈਂ ਉਨ੍ਹਾਂ ਨੂੰ ਵਿਸਥਾਰਪੂਰਵਕ ਹਿਦਾਇਤਾਂ ਦੇਵਾਂਗਾ ਕਿ ਜੇ ਕਿਤੇ ਉਨ੍ਹਾਂ ਦੇ ਨੇੜੇ-ਤੇੜੇ ਕੋਈ ਵੱਡਾ ਇਕੱਠ ਹੋਇਆ, ਤਾਂ ਇਸ ਲਈ ਉਹੀ ਜ਼ਿੰਮੇਵਾਰ ਕਰਾਰ ਦਿੱਤੇ ਜਾਣਗੇ।

ਮੈਂ ਪੁਲਿਸ ਨੂੰ ਬੇਨਤੀ ਕਰ ਦਿੱਤੀ ਹੈ ਕਿ ਉਹ (ਗੁਰੂ) ਰਾਮ ਸਿੰਘ ਜੀ ਦੀਆਂ ਗਤੀਵਿਧੀਆਂ ਬਾਰੇ ਪੂਰੀ ਤਰ੍ਹਾਂ ਚੌਕਸ ਰਹਿਣ ਤੇ ਮੈਨੂੰ ਰੋਜ਼ਾਨਾ ਆਪਣੀ ਕਾਰਵਾਈ ਦੀ ਰਿਪੋਰਟ ਭੇਜਣ।

(ਸਹੀ ਕਾਪੀ) ਹਸਤਾਖਰ/- ਡਬਲਿਊ. ਕਿਰਕੀ

ਸਹਾਇਕ ਸਕੱਤਰ, ਪੰਜਾਬ ਸਰਕਾਰ

## 5

## ਗਵਰਨਰ ਜਨਰਲ ਨਾਲ ਭਾਰਤ ਸਰਕਾਰ ਦੇ ਅਧੀਨ ਸਕੱਤਰ, ਵਿਦੇਸ਼ ਵਿਭਾਗ ਵੱਲੋਂ, ਪੰਜਾਬ ਸਰਕਾਰ ਦੇ ਸਕੱਤਰ ਤੇ ਉਨ੍ਹਾਂ ਦੇ ਨਿਰਭਰ ਅਧਿਕਾਰੀਆਂ ਨੂੰ, ਨੰ. 449, ਮਿਤੀ ਸ਼ਿਮਲਾ, 23 ਜੁਲਾਈ, 1863.

ਹਾਸ਼ੀਏ 'ਤੇ ਲਿਖਿਆ ਤੁਹਾਡੇ ਨੋਟ ਦੇ ਹਵਾਲੇ ਨਾਲ, ਮੈਨੂੰ ਮਹਾਮਹਿਮ ਵਾਇਸਰਾਏ ਤੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਵੱਲੋਂ ਗੁਰੂ ਰਾਮ ਸਿੰਘ ਜੀ ਬਾਰੇ ਕੀਤੀ ਗਈ ਕਾਰਵਾਈ ਨੂੰ ਗਵਰਨਰ ਜਨਰਲ ਦੀ ਪ੍ਰਵਾਨਗੀ ਸਬੰਧੀ ਜਾਣਕਾਰੀ ਦੇਣ ਅਤੇ ਇਸ ਵਿਅਕਤੀ ਦੀਆਂ ਗਤੀਵਿਧੀਆਂ ਉੱਤੇ ਨਿਰੰਤਰ ਚੌਕਸੀ ਰੱਖਣ ਦੀ ਲੋੜ ਬਾਰੇ ਹਦਾਇਤ ਹੋਈ ਹੈ।

(ਸਹੀ ਕਾਪੀ) (ਹਸਤਾਖਰ) ਸੀ.ਯੂ. ਐਚਿਸਨ,<br>ਅਧੀਨ ਸਕੱਤਰ,<br>ਗਵਰਨਰ ਜਨਰਲ ਭਾਰਤ ਸਰਕਾਰ

## 6

## ਕਰਨਲ ਆਰ.ਜੀ. ਟੇਅਲਰ, ਸੀ.ਬੀ., ਕਮਿਸ਼ਨਰ ਤੇ ਸੁਪਰਇੰਟੈਂਡੈਂਟ ਅੰਬਾਲਾ ਵੱਲੋਂ (ਪੰਜਾਬ ਸਰਕਾਰ ਦੇ) ਸਕੱਤਰ ਨੂੰ ਲਿਖੇ ਪੱਤਰ ਦੀ ਕਾਪੀ

**ਨੰ............. ਮਿਤੀ 11 ਸਤੰਬਰ, 1866**

ਤੁਹਾਨੂੰ ਯਾਦ ਹੋਵੇਗਾ ਕਿ ਬੀਤੇ ਜੂਨ ਮਹੀਨੇ ਮੈਂ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੀ ਸੂਚਨਾ ਹਿਤ ਅਰਧ-ਅਧਿਕਾਰਤ ਤੌਰ 'ਤੇ ਰਿਪੋਰਟ ਦਿੱਤੀ ਸੀ ਕਿ ਭੈਣੀ ਵਾਲੇ (ਗੁਰੂ) ਰਾਮ ਸਿੰਘ ਆਪਣੇ ਪੈਰੋਕਾਰਾਂ ਨਾਲ ਕੁਝ ਇਸ ਤਰੀਕੇ ਵਿਚਰ ਰਹੇ ਹਨ ਕਿ ਮੈਂ ਸੋਚਿਆ ਸੀ ਕਿ ਉਨ੍ਹਾਂ ਦੀ ਆਜ਼ਾਦੀ 'ਤੇ ਇੱਕ ਵਾਰ ਫਿਰ ਪਾਬੰਦੀ ਲਾਉਣੀ ਦਰੁਸਤ ਰਹੇਗੀ, ਜਿਹੜੀ ਪਾਬੰਦੀ ਤੁਹਾਡੇ ਪੱਤਰ ਨੰ. 356 ਮਿਤੀ 18 ਮਾਰਚ, 1866 ਦੇ ਆਧਾਰ 'ਤੇ ਅੰਸ਼ਕ ਤੌਰ 'ਤੇ ਢਿਲੀ ਕਰ ਦਿੱਤੀ ਗਈ ਸੀ। ਤੁਸੀਂ ਆਪਣੇ 16 ਜੂਨ ਵਾਲੇ ਅਰਧ-ਅਧਿਕਾਰਤ ਜਵਾਬ ਵਿੱਚ ਮਹਾਮਹਿਮ ਵੱਲੋਂ ਮੇਰੀ ਕੀਤੀ ਵਿਵਸਥਾ ਨੂੰ ਦਿੱਤੀ ਪ੍ਰਵਾਨਗੀ ਬਾਰੇ ਜਾਣਕਾਰੀ ਦਿੱਤੀ ਸੀ। ਮੈਂ ਹੁਣ ਇਹ ਰਿਪੋਰਟ ਦੇਣੀ ਹੈ ਕਿ ਮੈਂ ਤਦ ਤੋਂ ਹੀ ਇਸ ਸੰਪਰਦਾਇ ਦੀਆਂ ਗਤੀਵਿਧੀਆਂ 'ਤੇ ਬਹੁਤ ਨੇੜਿਓਂ ਨਜ਼ਰ ਰੱਖਦਾ ਆ ਰਿਹਾ ਹਾਂ ਤੇ ਮੈਂ ਉਨ੍ਹਾਂ ਬਾਰੇ ਹਰ ਪਾਸਿਓਂ ਜਾਣਕਾਰੀ ਇਕੱਠੀ ਕੀਤੀ ਹੈ।

2. ਨਤੀਜਾ ਹਰ ਪਾਸਿਓਂ ਉਹੀ ਨਿਕਲਿਆ ਹੈ ਕਿ ਸਭ ਦਾ ਇੱਕੋ ਵਿਚਾਰ ਹੈ ਕਿ ਇਹ ਸੰਪਰਦਾਇ ਦੇ ਮਨਸੂਬੇ ਨੇਕ ਨਹੀਂ ਹਨ ਅਤੇ ਇਸ ਦੀ ਹੋਂਦ ਤੇ ਖ਼ਾਸ ਤੌਰ 'ਤੇ ਇਸ ਦੀ ਗਿਣਤੀ 'ਚ ਤੇਜ਼ੀ ਨਾਲ ਹੋ ਰਹੇ ਵਾਧੇ ਨਾਲ ਹੁਣ ਜਾਂ ਕਦੇ ਬਾਅਦ 'ਚ ਗੜਬੜੀ ਫੈਲਣ ਦਾ ਖ਼ਤਰਾ ਹੈ।

3. ਪਿਛਲੇ ਦੋ ਦਿਨਾਂ ਦੌਰਾਨ ਮੈਨੂੰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਈਲੀਅਟ ਦੇ ਦੋ ਪੱਤਰ ਮਿਲੇ ਹਨ, ਜਿਨ੍ਹਾਂ ਦੀਆਂ ਕਾਪੀਆਂ ਇੱਥੇ ਨੱਥੀ ਹਨ। ਮੈਂ ਇਸ ਮਾਮਲੇ 'ਚ ਕਿਸੇ ਅਣਪਛਾਤੇ ਵਿਅਕਤੀ ਦੀ ਅਰਜ਼ੀ ਦੇ ਅਨੁਵਾਦ ਦੇ ਨਾਲ-ਨਾਲ ਮੇਰੇ ਕਹਿਣ 'ਤੇ ਸੂਝਵਾਨ ਪੁਲਿਸ ਇੰਸਪੈਕਟਰ ਇਮਦਾਦ ਅਲੀ (ਜੋ ਡਕੈਤੀ ਦੇ ਮਾਮਲਿਆਂ 'ਚ ਕੀਤੀ ਸਖ਼ਤ ਮਿਹਨਤ ਲਈ ਪ੍ਰਸਿੱਧ ਹਨ) ਵੱਲੋਂ ਤਿਆਰ ਕੀਤਾ ਮੰਗ-ਪੱਤਰ ਵੀ ਭੇਜ ਰਿਹਾ ਹਾਂ। ਇਹਨਾਂ ਕਾਗਜ਼ਾਂ ਤੋਂ ਵੀ ਉਹੀ ਵਿਚਾਰ ਬਣਦਾ ਹੈ ਜੋ ਮੈਂ ਬਹੁਤ ਸਾਰੇ ਲੋਕਾਂ ਤੋਂ (ਗੁਰੂ ਰਾਮ ਸਿੰਘ ਸਬੰਧੀ) ਪੁਛ ਗਿਛ ਕਰਨ ਸਬੰਧੀ ਬਣਾਇਆ ਹੈ।

4. ਮੈਨੂੰ ਪਟਿਆਲਾ ਦੇ ਇੱਕ ਮੰਤਰੀ ਅਬਦੁਲ ਨਬੀ ਖ਼ਾਨ ਅਤੇ ਇਸ ਪੂਰੇ ਇਲਾਕੇ ਦੇ ਬਹੁਤ ਹੀ ਸਿਆਣੇ ਵਿਅਕਤੀ ਮੌਲਵੀ ਰਜਬ ਅਲੀ ਜਿਹੇ ਸੂਝਵਾਨ ਚਿੰਤਕਾਂ ਦੀਆਂ ਜ਼ੁਬਾਨੀ ਚਿਤਾਵਨੀਆਂ ਮਿਲੀਆਂ ਹਨ। ਮੌਲਵੀ ਸਾਹਿਬ ਨੇ ਤਾਂ ਇਸ ਮਾਮਲੇ ਨੂੰ ਕਾਫ਼ੀ ਖ਼ਤਰਨਾਕ ਦੱਸਿਆ ਹੈ ਤੇ ਇਸ ਸੰਪਰਦਾਇ ਦੇ ਆਗੂ ਕਿਸੇ ਵੀ ਸਮੇਂ ਕਿਸੇ ਨਾ ਕਿਸੇ ਮਾੜੇ ਕਾਰੇ ਨੂੰ ਅੰਜਾਮ ਦੇ ਸਕਦੇ ਹਨ।

5. ਮਹਾਮਹਿਮ ਇਸ ਕਿਸਮ ਦੇ ਸੁਮੇਲ ਦੇ ਖ਼ਤਰਨਾਕ ਰੁਝਾਨ ਬਾਰੇ ਮੇਰੇ ਵਿਚਾਰਾਂ ਤੋਂ ਭਲੀਭਾਂਤ ਜਾਣੂ ਹਨ ਅਤੇ ਉਨ੍ਹਾਂ ਨੂੰ ਪਤਾ ਹੈ ਕਿ ਮੈਂ ਅਜਿਹਾ ਵਿਚਾਰ ਕੋਈ ਜਲਦਬਾਜ਼ੀ ਵਿੱਚ ਨਹੀਂ ਬਣਾ ਲਿਆ। ਮੇਰਾ ਇਹ ਦ੍ਰਿੜ੍ਹ ਵਿਚਾਰ ਹੈ ਕਿ ਇਸ ਬਾਗ਼ੀ (ਕਿਉਂਕਿ ਉਨ੍ਹਾਂ ਦਾ ਅਸਲ ਕਿਰਦਾਰ ਇਹੋ ਹੈ ਤੇ ਉਹੀ ਮੁੱਖ ਕੇਂਦਰ ਵੀ ਹਨ) ਤੇ ਉਨ੍ਹਾਂ ਦੇ ਸੰਪਰਦਾਇ ਦੀਆਂ ਗਤੀਵਿਧੀਆਂ ਦਾ ਗੰਭੀਰ ਨੋਟਿਸ ਲੈਣ ਦਾ ਵੇਲਾ ਹੁਣ ਆ ਗਿਆ ਹੈ।

6. ਇਸੇ ਲਈ ਮੇਰਾ ਵਿਚਾਰ ਹੈ ਕਿ ਤੁਰੰਤ ਹੀ ਹੇਠ ਲਿਖੇ ਕਦਮ ਚੁੱਕੇ ਜਾਣੇ ਚਾਹੀਦੇ ਹਨ:

ਪਹਿਲਾ – (ਗੁਰੂ) ਬਾਬਾ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਉਨ੍ਹਾਂ ਦੀ ਮੌਜੂਦਾ ਵਿਵਸਥਾ ਤੋਂ ਬਹੁਤ ਦੂਰ ਭੇਜ ਦੇਣਾ ਚਾਹੀਦਾ ਹੈ। ਉਹ ਜਗ੍ਹਾ ਲਾਹੌਰ ਤੇ ਮੁਲਤਾਨ ਰਸਤੇ ਬੰਬਈ ਹੋਣੀ ਚਾਹੀਦੀ ਹੈ ਜਾਂ ਦਿੱਲੀ ਰਸਤੇ ਕਲਕੱਤਾ ਭੇਜ ਦੇਣਾ ਚਾਹੀਦਾ ਹੈ ਪਰ ਬੰਬਈ ਭੇਜਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਹੀ ਉਸ ਦੇ ਲੈਫ਼ਟੀਨੈਂਟ (ਸੂਬੇ) ਨੂੰ ਕੈਦ ਕਰ ਕੇ ਦੂਰ ਭੇਜ ਦੇਣਾ ਚਾਹੀਦਾ ਹੈ।

ਦੂਜਾ – ਮੈਂ ਪੁਲਿਸ ਤੇ ਫ਼ੌਜ ਵਿੱਚ ਕੂਕਿਆਂ ਦੀ ਭਰਤੀ ਨੂੰ ਰੋਕਾਂਗਾ। ਇਹ ਵਿਸ਼ਾ ਵਿਚਾਰ ਅਧੀਨ ਰਹੇਗਾ ਕਿ ਇਨ੍ਹਾਂ ਸੰਗਠਨਾਂ 'ਚ ਜਿਹੜੇ ਪਹਿਲਾਂ ਹੀ ਕੂਕੇ ਭਰਤੀ ਹੋ ਚੁੱਕੇ ਹਨ, ਉਨ੍ਹਾਂ ਤੋਂ ਕਿਸ ਦਰ ਦੇ ਹਿਸਾਬ ਨਾਲ ਛੁਟਕਾਰਾ ਪਾਉਣਾ ਹੈ, ਤੇ ਮੈਂ ਕਿਸੇ ਹਾਲਤ ਵਿਚ ਵੀ ਇਨ੍ਹਾਂ ਦੀ ਹੋਰ ਨਵੀਂ ਭਰਤੀ ਨਹੀਂ ਕਰਾਂਗਾ। ਇਹ ਇੱਕ ਗੁਪਤ ਸੁਮੇਲ ਹੈ ਕਿਉਂਕਿ ਇਸ ਮਾਮਲੇ 'ਤੇ ਨਿਗਰਾਨੀ ਰੱਖਣ ਦਾ ਭੇਤ ਜੱਗ ਜ਼ਾਹਿਰ ਨਹੀਂ ਕੀਤਾ ਜਾ ਸਕਦਾ ਅਤੇ ਅਜਿਹਾ ਕਰਨਾ ਸਰਕਾਰੀ ਨੌਕਰਾਂ ਨੂੰ ਗ਼ੈਰ-ਵਾਜਬ ਜਾਪੇਗਾ।

7. ਕੂਕਾ ਬਣਦੇ ਸਮੇਂ ਵਿਅਕਤੀ ਨੂੰ ਕਈ ਨਿਯਮਾਂ ਦੀ ਪਾਲਣਾ ਕਰਨ ਲਈ ਆਖਿਆ ਜਾਂਦਾ ਹੈ, ਜੋ ਕਾਫ਼ੀ ਪ੍ਰਚਲਿਤ ਹਨ। ਫਿਰ ਇੱਕ 'ਮੰਤਰ' ਉਸ ਦੇ ਕੰਨ ਵਿੱਚ ਫੂਕਿਆ ਜਾਂਦਾ ਹੈ, ਇੰਝ ਉਹ ਕੂਕਾ ਬਣ ਜਾਂਦਾ ਹੈ। ਉਹ ਕੂਕ ਦਾ ਅਲਾਰਮ ਵੱਜਣ 'ਤੇ ਇਕੱਠੇ ਹੋਣ ਲਈ ਜ਼ਰੂਰ ਜੁੜੇਗਾ। ਅਜਿਹੀ ਵਿਆਖਿਆ ਰੱਜਬ ਅਲੀ ਵੱਲੋਂ ਦਿੱਤੀ ਗਈ ਹੈ ਤੇ ਕਾਫ਼ੀ ਹੱਦ ਤੱਕ ਇਹ ਦਰੁਸਤ ਹੈ।

8. ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸਮੁੱਚੇ ਸੰਪਰਦਾਇ ਬਾਰੇ ਪਹਿਲਾਂ ਤੋਂ ਹੀ ਫ਼ੈਸਲਾਕੁੰਨ ਮਾੜੇ ਵਿਚਾਰਾਂ ਦੀ ਰੌਸ਼ਨੀ 'ਚ ਮੈਨੂੰ ਜਾਪਦਾ ਹੈ ਕਿ ਨਵਾਂ ਕੂਕਾ ਬਣਨ ਵਾਲੇ ਵਿਅਕਤੀ ਨੂੰ ਅਸੁਵਿਧਾਜਨਕ ਸਖ਼ਤ ਮੁਢਲੇ ਸਿਧਾਂਤਾਂ ਦੀ ਸਹੁੰ ਚੁਕਾਉਂਦੇ ਸਮੇਂ ਹਲਕਾ ਜਿਹਾ ਸੁਧਾਰ ਕੀਤਾ ਜਾਂਦਾ ਹੋਵੇਗਾ ਕਿ "ਖੁੱਲ੍ਹ ਦਿਲੀ" ਨਾਲ ਸਭ ਕੁਝ "ਵਾਜਬ" ਹੈ। ਬੇਸ਼ਕ ਇਹੋ ਇੱਕੋ-ਇੱਕ ਬੁਝਾਰਤ ਹੈ। ਕੂਕਿਆਂ ਦੀ ਮਨਪਸੰਦ ਕੂਕ "ਅਕਾਲ" ਜਿਹੇ ਕਿਸੇ ਵੀ ਸ਼ਬਦ ਦਾ ਅਰਥ ਇੱਕ ਸਿੱਖ ਲਈ ਇਹੋ ਹੁੰਦਾ ਹੋਵੇਗਾ। ਮੇਰਾ ਇਹ ਪੱਕਾ ਮੰਨਣਾ ਹੈ ਕਿ ਇਹ ਸਾਰੇ ਲੋਕ ਕਿਸੇ ਵੀ ਸਮੇਂ ਜੰਗ ਲੜਨ ਲਈ ਤਿਆਰ ਹਨ ਤੇ ਆਪਣੀ ਸਰਕਾਰ ਨੂੰ ਮੇਰੀ ਦ੍ਰਿੜ੍ਹ ਸਿਫ਼ਾਰਸ਼ ਹੈ ਕਿ ਉਨ੍ਹਾਂ ਨਾਲ ਸਿੱਝਣ ਦੀ ਤਿਆਰੀ ਪਹਿਲਾਂ ਤੋਂ ਹੀ ਰੱਖੀ ਜਾਵੇ।

9. ਮੈਂ ਸਮਝਦਾ ਹਾਂ ਕਿ ਇਹ ਪੂਰੀ ਤਰ੍ਹਾਂ ਸੰਭਵ ਹੈ ਕਿ (ਗੁਰੂ) ਰਾਮ ਸਿੰਘ ਜੀ ਦੀ ਗ੍ਰਿਫ਼ਤਾਰੀ ਨਾਲ ਗੜਬੜ ਫੈਲ ਸਕਦੀ ਹੈ ਪਰ ਹੁਣ ਤਾਂ ਕਰਨਾ ਆਸਾਨ ਹੈ ਪਰ ਚਾਰ ਜਾਂ ਪੰਜ ਮਹੀਨਿਆਂ ਪਿੱਛੋਂ ਜਦੋਂ ਗਰਮੀ ਦਾ ਮੌਸਮ ਸ਼ੁਰੂ ਹੋ ਜਾਵੇਗਾ, ਤਦ ਅਜਿਹਾ ਕਰਨਾ ਅਤੇ ਇਸ ਨੂੰ ਦਬਾਉਣਾ ਇੰਨਾ ਸੌਖਾ ਨਹੀਂ ਹੋਵੇਗਾ।

10. ਮੈਨੂੰ ਲੱਗਦਾ ਹੈ ਕਿ ਇਸ ਲਹਿਰ ਨੂੰ ਹੁਣੇ ਦਬਾਉਣਾ ਸਰਕਾਰ ਲਈ ਜ਼ਿਆਦਾ ਠੀਕ ਰਹੇਗਾ। ਇਸ ਵੇਲੇ ਤਾਂ ਬਹੁਤ ਜ਼ਿਆਦਾ ਸਤਿਕਾਰਯੋਗ ਤੇ ਰਸੂਖ਼ਦਾਰ ਲੋਕ ਇਸ ਅੰਦੋਲਨ ਦੇ ਖ਼ਿਲਾਫ਼ ਹਨ। ਮੈਂ ਅੱਜ ਹੀ ਇਸ ਬਾਰੇ ਪਟਿਆਲਾ ਦੇ ਦੋ ਮੰਤਰੀਆਂ ਨਾਲ ਗੱਲ ਕਰ ਚੁੱਕਿਆ ਹਾਂ ਤੇ ਉਨ੍ਹਾਂ 'ਚੋਂ ਇੱਕ ਦਾ ਤਾਂ ਬਹੁਤ ਸਹੀ ਤੇ ਈਮਾਨਦਾਰਾਨਾ ਵਿਚਾਰ ਇਹੋ ਸੀ ਕਿ "ਕਾਸ਼! ਕਿੰਨਾ ਚੰਗਾ ਹੁੰਦਾ ਜੇ ਇਹ ਸੰਪਰਦਾਇ ਬਣਿਆ ਹੀ ਨਾ ਹੁੰਦਾ", ਜਿਸ ਦਾ ਮਤਲਬ ਹੈ ਕਿ ਇਸ ਦਾ ਖ਼ਾਤਮਾ ਕਰਨਾ ਹੀ ਬਿਹਤਰ ਰਹੇਗਾ।

ਪਟਿਆਲਾ ਤੇ ਨਾਭਾ 'ਚ ਕੂਕਿਆਂ ਦੀ ਕਾਫ਼ੀ ਗਿਣਤੀ ਹੈ ਭਾਵੇਂ ਮੈਨੂੰ ਇਹ ਵੀ ਯਕੀਨ ਹੈ ਕਿ ਪਟਿਆਲਾ ਦੇ ਹਾਕਮ ਉਨ੍ਹਾਂ ਨੂੰ ਪਸੰਦ ਨਹੀਂ ਕਰਦੇ। ਜੀਂਦ 'ਚ ਉਨ੍ਹਾਂ ਨੂੰ ਸਖ਼ਤੀ ਨਾਲ ਤੇ ਗਿਣ-ਮਿੱਥ ਕੇ ਨਿਰਉਤਸ਼ਾਹਿਤ ਕੀਤਾ ਜਾਂਦਾ ਹੈ।

11. ਮੇਰੀ ਸਿਫ਼ਾਰਸ਼ ਹੈ ਕਿ ਇਸ ਵੇਲੇ ਲੁਧਿਆਣਾ ਦੇ ਕਿਲ੍ਹੇ 'ਚ ਸੁਰੱਖਿਆ ਬਲਾਂ ਦੀ ਵਾਜਬ ਗਿਣਤੀ ਲੋੜੀਂਦੀ ਹੈ; ਇਹ ਇੱਕ ਅਹਿਮ ਨਿੱਕਾ ਕਿਲ੍ਹਾ ਹੈ ਅਤੇ ਇੱਥੇ ਹੀ ਕੂਕਿਆਂ ਦਾ ਮੁਖ ਕੇਂਦਰ ਇਸ ਤਰ੍ਹਾਂ ਇਸ ਵਡਮੁੱਲੇ ਨਗਰ ਦੀ ਸੁਰੱਖਿਆ ਹੋ ਸਕੇਗੀ। ਇਸ ਵੇਲੇ ਹਾਲਾਤ ਬਿਲਕੁਲ ਸਹੀ ਹਨ ਤੇ ਇਸ ਮੌਸਮ 'ਚ ਯੂਰੋਪੀਅਨਾਂ ਦੀ ਦੇਖਭਾਲ ਲਈ ਕਈ ਇਮਾਰਤਾਂ ਹਨ ਤੇ ਨਾਲ ਕੁਝ ਤੰਬੂ ਲੱਗ ਜਾਣ ਨਾਲ ਮਦਦ ਹੋ ਜਾਵੇਗੀ।

12. ਇਹ ਦਰਸਾਉਣਾ ਮੇਰਾ ਉਦੇਸ਼ ਹੈ ਕਿ ਅਸੀਂ ਇਸ ਅੰਦੋਲਨ ਨੂੰ ਪ੍ਰਵਾਨ ਨਹੀਂ ਕਰਦੇ; ਸਾਡੇ ਇੰਝ ਕਰਨ ਨਾਲ ਬਹੁਤ ਸਾਰੇ ਗ਼ੈਰ-ਪਰਪੱਕ ਨਵੇਂ ਕੂਕਿਆਂ ਦਾ ਉਤਸ਼ਾਹ ਟੁੱਟੇਗਾ, ਇਸ ਦੇ ਨਾਲ ਹੀ ਮੈਨੂੰ ਪਤਾ ਹੈ ਕਿ ਸਾਡੇ ਸ਼ੁਭਚਿੰਤਕਾਂ ਦੇ ਮਨਾਂ ਨੂੰ ਰਾਹਤ ਮਿਲੇਗੀ ਤੇ ਉਨ੍ਹਾਂ ਨੂੰ ਇਹ ਜਾਪੇਗਾ ਕਿ ਇਹ ਸਾਰਾ ਮਾਮਲਾ ਸਾਡੇ ਧਿਆਨ ਗੋਚਰੇ ਹੈ ਅਤੇ ਸਾਡੀ ਇੱਛਾ ਕੋਈ ਚਾਲਾਂ ਚੱਲਣ ਦੀ ਨਹੀਂ ਹੈ।

13. ਜੇ (ਗੁਰੂ) ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ, ਤਾਂ ਮੈਂ ਖ਼ੁਦ ਲੁਧਿਆਣਾ ਜਾਵਾਂਗਾ ਤੇ ਇਸ ਮਾਮਲੇ 'ਤੇ ਨਜ਼ਰ ਰੱਖਾਂਗਾ। ਜਲੰਧਰ ਤੋਂ ਸੁਰੱਖਿਆ ਬਲ ਦਰਿਆ ਦੇ ਸੱਜੇ ਕੰਢੇ ਭੇਜਣੇ ਚਾਹੀਦੇ ਹਨ, ਤਾਂ ਜੋ (ਗੁਰੂ) ਰਾਮ ਜੀ ਨੂੰ ਆਪਣੀ ਹਿਰਾਸਤ ਵਿਚ ਲੈਣਗੇ। ਭੈਣੀ (ਸਾਹਿਬ) ਜਾਣ ਸਮੇਂ ਅੰਬਾਲਾ ਤੋਂ 11ਵੇਂ ਬੰਗਾਲ ਘੁੜਸਵਾਰ ਬਲਾਂ ਦੀ ਇੱਕ ਟੀਮ ਨਾਲ ਹੋਣੀ ਚਾਹੀਦੀ ਹੈ, ਲੁਧਿਆਣਾ 'ਚ ਜਿੱਥੇ ਜੱਟਾਂ ਦੀ ਆਬਾਦੀ ਵਧੇਰੇ ਹੈ, ਉਥੇ ਰਹਿੰਦੇ ਸਮੇਂ ਸੁਰੱਖਿਆ ਜ਼ਰੂਰੀ ਹੈ ਤੇ ਇਸ ਵੇਲੇ ਇਨ੍ਹਾਂ ਜੱਟਾਂ ਦੇ ਦਿਮਾਗ਼ਾਂ 'ਤੇ ਕੂਕਿਆਂ ਦੀ ਹਵਾ ਬਹੁਤ ਜ਼ਿਆਦਾ ਅਸਰ ਕਰ ਰਹੀ ਹੈ।

14. ਇਹ ਮੇਰਾ ਆਪਣਾ ਵਿਚਾਰ ਹੈ ਕਿ ਜੇ ਕੂਕੇ ਇਸ ਵੇਲੇ ਬਗ਼ਾਵਤ ਕਰਨ ਬਾਰੇ ਸੋਚਣਗੇ ਤਾਂ ਇਹ ਉਨ੍ਹਾਂ ਲਈ ਦਰੁਸਤ ਨਹੀਂ ਰਹੇਗਾ ਕਿਉਂਕਿ ਹੁਣ ਠੰਢ ਦਾ ਮੌਸਮ ਸ਼ੁਰੂ ਹੋ ਗਿਆ ਹੈ, ਇੰਝ ਉਹ ਹਾਲੇ ਪੰਜ-ਛੇ ਮਹੀਨੇ ਤਿਆਰੀ ਕਰਨਗੇ। ਇਸ ਦੇ ਨਾਲ ਹੀ ਅਧੂਰੀ ਤਿਆਰੀ ਨਾਲ ਬਗ਼ਾਵਤ ਨਾਲ ਹਾਦਸਾ ਵਾਪਰ ਸਕਦਾ ਹੈ ਤੇ ਲੁਧਿਆਣਾ ਦੀ ਸਥਿਤੀ ਬਹੁਤ ਮਾੜੀ ਸਿੱਧ ਹੋਵੇਗੀ।

15. ਇਸ ਗੁਪਤ ਚਿੱਠੀ ਵਿੱਚ ਮੈਂ ਜੀਂਦ ਤੋਂ ਆਉਣ ਵਾਲੇ ਹਥਿਆਰਾਂ ਦੇ ਮਾਮਲੇ ਬਾਰੇ ਜ਼ਿਕਰ ਕਰਨ ਤੋਂ ਬਿਨਾਂ ਨਹੀਂ ਰਹਿ ਸਕਦਾ। ਹੁਣੇ ਮਿਲੇ ਇੱਕ ਸਰਕਾਰੀ ਹੁਕਮ 'ਚ ਉਨ੍ਹਾਂ 600 ਰਾਈਫ਼ਲਾਂ ਨੂੰ ਸਟੋਰ 'ਚ ਰੱਖਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ, ਜਿਨ੍ਹਾਂ ਤੋਂ ਖਹਿੜਾ ਛੁਡਾਉਣ ਲਈ ਰਾਜਾ ਫ਼ਿਕਰਮੰਦ ਸੀ। ਕੂਕਾ ਆਗੂ ਮਹਿੰਗੀ ਕੀਮਤ 'ਤੇ ਇਹ ਹਥਿਆਰ ਖ਼ਰੀਦੇਗਾ, ਉਨ੍ਹਾਂ ਕੋਲ ਧਨ ਦੀ ਘਾਟ ਨਹੀਂ ਹੈ। ਜੀਂਦ ਦਾ ਰਾਜਾ ਸਾਡਾ ਵਫ਼ਾਦਾਰ ਸ਼ੁਭਚਿੰਤਕ ਹੈ, ਉਸ ਨੇ ਕੂਕਿਆਂ ਨੂੰ ਨਿਰਉਤਸ਼ਾਹਿਤ ਕੀਤਾ ਹੈ, ਉਸ ਦੀਆਂ ਫ਼ੌਜਾਂ ਤਿਆਰ-ਬਰ-ਤਿਆਰ ਹਨ ਅਤੇ ਉਹ ਕਿਸੇ ਸੁਰੱਖਿਅਤ ਬ੍ਰਿਟਿਸ਼ ਅਧਿਕਾਰੀ ਨੂੰ ਨਿਯੁਕਤ ਕਰ ਕੇ ਆਪਣੀਆਂ ਫ਼ੌਜਾਂ ਨੂੰ ਅਭਿਆਸ ਕਰਵਾਉਣ ਬਾਰੇ ਵਿਚਾਰ ਕਰ ਰਿਹਾ ਹੈ; ਇਸ ਤਰ੍ਹਾਂ ਕਿਸੇ ਵੀ ਤਰ੍ਹਾਂ ਦੀ ਬਗ਼ਾਵਤ ਦੀ ਹਾਲਤ 'ਚ ਉਸ ਦੇ ਇਹ ਬਲ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਪਟਿਆਲਾ ਤੇ ਨਾਭਾ 'ਚ ਇਸ ਵੇਲੇ ਕੁਝ ਨਾਰਾਜ਼ਗੀ ਚੱਲ ਰਹੀ ਹੈ ਤੇ ਉੱਥੇ ਕੂਕਿਆਂ ਦੀ ਮੌਜੂਦਗੀ ਹੈ, ਮੈਨੂੰ ਖ਼ੁਸ਼ੀ ਹੋਵੇਗੀ ਜੇ ਬੰਦੂਕਾਂ ਤੇ ਅਸਲੇ ਦੇ ਮਾਮਲੇ ਵਿਚ ਮਹਾਰਾਜਾ ਜੀਂਦ ਨਾਲ ਦਿਆਲਤਾ ਪੂਰਵਕ ਅਤੇ ਖੁਲ੍ਹਦਿਲੀ ਨਾਲ ਵਿਵਹਾਰ ਕੀਤਾ ਜਾਵੇ।

16. ਜਿੰਨੀ ਕੁ ਜਾਣਕਾਰੀ ਅਸੀਂ ਹਾਸਲ ਕਰ ਸਕੇ ਹਾਂ, ਉਸ ਮੁਤਾਬਕ ਕੂਕਿਆਂ ਕੋਲ ਇਸ ਵੇਲੇ ਕੋਈ ਹਥਿਆਰ ਨਹੀਂ ਹਨ, ਫਿਰ ਵੀ ਉਹ ਰੋਹ 'ਚ ਆਏ

ਕੱਟੜਪੰਥੀ ਲੋਕਾਂ ਦਾ ਵੱਡਾ ਸਮੂਹ ਹੈ ਤੇ ਉਹ (ਗੁਰੂ) ਰਾਮ ਸਿੰਘ ਜੀ ਪ੍ਰਤੀ ਵੀ ਕੱਟੜਪੁਣੇ ਦੀ ਹੱਦ ਤੱਕ ਸਮਰਪਿਤ ਹਨ। ਜੇ ਇਹ ਉਹ ਹਥਿਆਰ ਲੈ ਵੀ ਲੈਂਦੇ ਹਨ ਭਾਵੇਂ ਇਹ ਹਥਿਆਰ ਘਟੀਆ ਹੀ ਹੋਣਗੇ, ਪਰ ਨੁਕਸਾਨ ਪੁਚਾ ਸਕਦੇ ਹਨ।

17. ਮੈਂ ਹੋਰ ਬਹੁਤਾ ਕੁਝ ਨਹੀਂ ਆਖਣਾ, ਬੱਸ ਇਸ ਵਿਸ਼ੇ 'ਤੇ ਫ਼ਾਰਸੀ ਦੇ ਇੱਕ ਸ਼ਾਇਰ ਦਾ ਹਵਾਲਾ ਦੇਣਾ ਹੀ ਕਾਫ਼ੀ ਰਹੇਗਾ, ਜਿਸ ਨੇ ਫ਼ਰਮਾਇਆ ਹੈ ਕਿ – ਤੁਸੀਂ ਇੱਕ ਫੁਟਦੇ ਸੋਮੇ ਨੂੰ ਤਾਂ ਸਿਰਫ਼ ਇੱਕ ਸੂਈ ਦੇ ਨਕੇ ਨਾਲ ਵੀ ਬੰਦ ਕਰ ਸਕਦੇ ਹੋ ਪਰ ਜਦੋਂ ਕਦੇ ਉਸ ਦਾ ਪਾਣੀ ਦਰਿਆ ਬਣ ਜਾਂਦਾ ਹੈ ਤਾਂ ਤੁਸੀਂ ਉਸ ਨੂੰ ਹਾਥੀ 'ਤੇ ਚੜ੍ਹ ਕੇ ਵੀ ਪਾਰ ਨਹੀਂ ਕਰ ਸਕਦੇ। ਮੈਂ ਇੱਕ ਮਿਸ਼ਨਰੀ ਪਾਦਰੀ ਜੌਨ ਨਿਊਟਨ ਦੀ ਚਿੱਠੀ ਦੇ ਇੱਕ ਪੈਰੇ ਦਾ ਜ਼ਿਕਰ ਵੀ ਕਰਨਾ ਚਾਹਾਂਗਾ, ਜਿਨ੍ਹਾਂ ਨੇ ਅਗਸਤ 1863 'ਚ ਇਸੇ ਸੰਪਰਦਾਇ ਬਾਰੇ ਜਾਣਨ ਲਈ ਮੇਰੇ ਨਾਲ ਸ੍ਰੀ ਈਲੀਅਟ ਦੇ ਹਵਾਲੇ ਨਾਲ ਪਹੁੰਚ ਕੀਤੀ ਸੀ, ਜਦੋਂ ਇਹ ਸੰਪਰਦਾਇ ਹਾਲੇ ਇੰਨਾ ਫੈਲਿਆ ਨਹੀਂ ਸੀ। ਉਹ ਲਿਖਦੇ ਹਨ,''ਮੈਂ (ਬਾਬਾ) ਰਾਮ ਸਿੰਘ ਜੀ ਬਾਰੇ ਦਸਤਾਵੇਜ਼ ਵਾਪਸ ਭੇਜ ਰਿਹਾ ਹਾਂ। ਮੈਂ ਜਲੰਧਰ ਦੋਆਬ 'ਚ ਰਹਿੰਦੇ ਆਪਣੇ ਪੰਡਿਤ ਨਾਲ ਗੱਲ ਕੀਤੀ ਸੀ, ਉਸ ਨੂੰ ਨਿਜੀ ਤੌਰ 'ਤੇ ਕੋਈ ਜਾਣਕਾਰੀ ਨਹੀਂ ਹੈ ਪਰ ਉਸ ਨੇ ਮੈਨੂੰ ਦੱਸਿਆ ਹੈ ਕਿ ਦਰਿਆ ਦੇ ਇਸ ਕੰਢੇ 'ਤੇ ਦੂਜੇ ਪਾਸੇ ਆਮ ਲੋਕਾਂ ਵਿੱਚ ਕੀ ਧਾਰਨਾ ਪਾਈ ਜਾਂਦੀ ਹੈ। ਉਸ ਦੇ ਬਿਆਨ ਇਨ੍ਹਾਂ ਦਸਤਾਵੇਜ਼ਾਂ ਵਿੱਚ ਉਨ੍ਹਾਂ ਹੀ ਮੁੱਖ ਨੁਕਤਿਆਂ ਦੀ ਪੁਸ਼ਟੀ ਕਰਦੇ ਜਾਪਦੇ ਹਨ, ਜਿਹੋ ਜਿਹਾ ਪ੍ਰਭਾਵ ਮੈਂ ਵੀ ਇਸ ਸਭ ਤੋਂ ਲਿਆ ਹੈ ਕਿ ਇਸ ਨਵੇਂ ਗੁਰੂ ਦੀਆਂ ਕੋਈ ਵੀ ਧਾਰਮਿਕ ਭਾਵਨਾਵਾਂ ਨਹੀਂ ਹਨ। ਸਪੱਸ਼ਟ ਤੌਰ 'ਤੇ ਸੁਧਾਰ ਦੀ ਇਹ ਸਮੁੱਚੀ ਲਹਿਰ ਸਿਰਫ਼ ਸਿਆਸੀ ਮੰਤਵਾਂ ਨਾਲ ਸਿੱਖਾਂ ਨੂੰ ਮੁੜ ਸੱਤਾ 'ਚ ਲਿਆਉਣ ਲਈ ਸੇਧਤ ਹੈ।'' ਮੈਨੂੰ ਲੱਗਦਾ ਹੈ ਕਿ ਇਹ ਸੰਭਵ ਹੈ ਕਿ ਇਹ ਅਸਲ ਮਨਸ਼ਾ ਨਾ ਵੀ ਹੋਵੇ ਪਰ ਮੇਰਾ ਇਹ ਪੱਕਾ ਮੰਨਣਾ ਹੈ ਕਿ ਇਹ ਨਤੀਜਾ ਹੈ ਤੇ ਮੇਰਾ ਇਹ ਵੀ ਵਿਚਾਰ ਹੈ ਕਿ ਜਦੋਂ ਵੀ ਆਪਣੀ ਪਿਆਰੀ ਧਰਤੀ ਨੂੰ ਮੁੜ ਹਾਸਲ ਕਰਨ ਲਈ ਕੋਈ ਸੰਪਰਦਾਇ ਆਪਣੀ ਪੁਰਾਣੀ ਸ਼ਾਨ ਦੀ ਬਹਾਲੀ ਵਾਸਤੇ ਟਿੱਲ ਲਾਉਂਦਾ ਹੈ ਤਾਂ ਅਜਿਹੀ ਜੁਝਾਰੂ ਨਸਲ ਦੀ ਧਾਰਮਿਕ ਪੁਨਰ-ਸੁਰਜੀਤੀ ਦਾ ਇਹੋ ਸੁਭਾਵਕ ਨਤੀਜਾ ਨਿਕਲਦਾ ਹੈ। (ਗੁਰੂ) ਰਾਮ ਸਿੰਘ ਜੀ ਨੇ ਵੀ (ਸ੍ਰੀ ਗੁਰੂ) ਨਾਨਕ (ਦੇਵ ਜੀ) ਵਾਂਗ ਇੱਕ ਆਮ ਧਾਰਮਿਕ ਸੁਧਾਰਕ ਵਜੋਂ ਹੀ ਸ਼ੁਰੂਆਤ ਕੀਤੀ ਹੋਵੇਗੀ ਪਰ ਉਨ੍ਹਾਂ ਦੇ ਸੰਘਰਸ਼ਸ਼ੀਲ ਤੇ ਉਤੇਜਕ ਲੈਫ਼ਟੀਨੈਂਟ ਬਾਬਾ ਜੀ ਉਤੇ (ਸ੍ਰੀ) ਗੁਰੂ ਗੋਬਿੰਦ (ਸਿੰਘ ਜੀ) ਵਾਂਗ ਛੇਤੀ ਜੰਗ ਵਿੱਢਣ ਦਾ ਜ਼ੋਰ ਪਾ ਰਹੇ ਹਨ।

## 7

### ਪੰਜਾਬ ਸਰਕਾਰ ਦੇ ਸਕੱਤਰ ਟੀ.ਐਚ. ਥੌਰੰਟਨ, ਵੱਲੋਂ ਕਰਨਲ ਆਰ.ਜੀ. ਟੇਅਲਰ, ਸੀ.ਬੀ. ਕਮਿਸ਼ਨਰ ਅਤੇ ਅੰਬਾਲਾ ਦੇ ਸੁਪਰਇੰਟੈਂਡੈਂਟ ਨੂੰ ਜਵਾਬ, ..... ਨੰ. ..... ਮਿਤੀ 18 ਸਤੰਬਰ, 1866

ਮੈਂ ਤੁਹਾਡਾ ਪੱਤਰ ਨੰ. ਮਿਤੀ 11 ਸਤੰਬਰ ਤੇ ਉਸ ਨਾਲ ਨੱਥੀ ਸਾਰੇ ਕਾਗਜ਼ਾਤ

ਮਾਣਯੋਗ ਲੈਫ਼ਟੀਨੈਂਟ-ਗਵਰਨਰ ਸਾਹਮਣੇ ਰੱਖੇ ਹਨ ਤੇ ਉਸ ਦੇ ਜਵਾਬ 'ਚ ਮੈਂ ਨਿਮਨਲਿਖਤ ਅਨੁਸਾਰ ਬਿਆਨ ਕਰਨਾ ਚਾਹੁੰਦਾ ਹਾਂ:

ਜਿਹੜੇ ਇਲਾਕਿਆਂ 'ਚ ਕੂਕੇ ਵੱਡੀ ਗਿਣਤੀ 'ਚ ਹਨ, ਉਥੋਂ ਦੇ ਜਿਹੜੇ ਵੀ ਅਧਿਕਾਰੀ, ਭਰੋਸੇਯੋਗ ਤੇ ਚੇਤੰਨ ਨਾਗਰਿਕ ਸਾਨੂੰ ਉਨ੍ਹਾਂ ਬਾਰੇ ਕੋਈ ਠੋਸ ਜਾਣਕਾਰੀ ਦੇਣ ਦੇ ਯੋਗ ਹਨ, ਉਨ੍ਹਾਂ ਸਭਨਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਮਾਣਯੋਗ ਸਾਹਿਬ ਦਾ ਵਿਚਾਰ ਹੈ ਕਿ ਤੁਹਾਡੇ ਵੱਲੋਂ ਭੇਜੀ ਗਈ ਸਾਰੀ ਜਾਣਕਾਰੀ ਅਨੁਸਾਰ ਹਾਲੇ (ਗੁਰੂ) ਰਾਮ ਸਿੰਘ ਜੀ ਦੀ ਗ੍ਰਿਫ਼ਤਾਰੀ ਲਈ ਕੋਈ ਵਾਜਬ ਆਧਾਰ ਨਹੀਂ ਬਣਦਾ।

2. ਮੁਨਸ਼ੀ ਅਬਦੁਲ ਨਬੀ ਖ਼ਾਨ, ਮੌਲਵੀ ਰੱਜਬ ਅਲੀ ਤੇ ਇੰਸਪੈਕਟਰ ਇਮਦਾਦ ਅਲੀ ਜਿਹੇ ਵਿਅਕਤੀਆਂ ਦੀਆਂ ਗਵਾਹੀਆਂ ਦੇ ਆਧਾਰ 'ਤੇ ਮਹਾਮਹਿਮ ਦਾ ਇਹ ਮੰਨਣਾ ਹੈ ਕਿ ਪਾਦਰੀ ਸ੍ਰੀ ਨਿਊਟਨ ਦੇ ਵਿਚਾਰ ਪੁਖ਼ਤਾ ਹਨ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵੱਡੇ ਪੱਧਰ 'ਤੇ ਫੈਲਿਆ ਤੇ ਹੋਰ ਤੇਜ਼ੀ ਨਾਲ ਪ੍ਰਫੁੱਲਤ ਹੁੰਦੇ ਜਾ ਰਹੇ, ਗੁਪਤ ਚਰਿੱਤਰ ਵਾਲੇ, ਸਪੱਸ਼ਟ ਤੌਰ 'ਤੇ ਵਧੀਆ ਤਰੀਕੇ ਸੰਗਠਤ ਤੇ ਸਮਰਪਣ ਦੀ ਭਾਵਨਾ ਨਾਲ ਆਪਣੇ ਮੁਖੀ ਨਾਲ ਜੁੜੇ ਇਸ ਭਾਈਚਾਰੇ 'ਚ ਮਾੜੇ ਤੱਤ ਜ਼ਰੂਰ ਹੋਣਗੇ। ਪਰ ਦੂਜੇ ਪਾਸੇ ਹਾਲੇ ਤੱਕ ਇਨ੍ਹਾਂ ਦੇ ਕਿਸੇ ਤਰ੍ਹਾਂ ਦੀ ਬੇਵਫ਼ਾਈ ਦੇ ਕਿਰਦਾਰ ਵਾਲੇ ਕੋਈ ਕਾਰਜ ਸਾਹਮਣੇ ਨਹੀਂ ਆਏ, ਬਹੁਤ ਘੱਟ ਸਿੱਧ ਹੋ ਸਕਿਆ ਹੈ, ਕੁਝ ਖ਼ਾਸ ਮੌਕਿਆਂ 'ਤੇ ਜਦੋਂ ਵੀ ਕਦੇ ਪੁਲਿਸ ਉਨ੍ਹਾਂ ਦੇ ਸੰਪਰਕ 'ਚ ਆਈ, ਤਾਂ ਉਹ ਆਪਣੇ ਵਿਰੋਧੀਆਂ ਤੋਂ ਕਿਤੇ ਵੱਧ ਵਿਵਸਥਾਤਮਕ ਜਾਪੇ ਹਨ।

## 8

## ਪੰਜਾਬ ਸਰਕਾਰ ਦੇ ਸਕੱਤਰ ਟੀ.ਐਚ. ਥੌਰੰਟਨ, ਵੱਲੋਂ ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਦੇ ਸਕੱਤਰ, ਗਵਰਨਰ ਜਨਰਲ, ਸ਼ਿਮਲਾ ਨਾਲ, ..... ਨੰ. ..... ਮਿਤੀ ਮਰੀ, 18 ਸਤੰਬਰ, 1866

| |
|---|
| ਅੰਬਾਲਾ ਦੇ ਸੀ.ਬੀ. ਕਮਿਸ਼ਨਰ ਅਤੇ ਸੁਪਰਇੰਟੈਂਡੈਂਟ ਕਰਨਲ ਟੇਅਲਰ ਵੱਲੋਂ ਪੰਜਾਬ ਸਰਕਾਰ ਦੇ ਸਕੱਤਰ ਨੂੰ, ਨੰ.... ਮਿਤੀ 11 ਸਤੰਬਰ, 1866, ਬਿਨਾਂ ਨੱਥੀ ਦਸਤਾਵੇਜ਼ਾਂ ਦੇ |
| ਉਪਰੋਕਤ ਦਾ ਜਵਾਬ, ਨੰ.... ਮਿਤੀ 18 ਸਤੰਬਰ, 1866 |

ਮੈਨੂੰ, ਮਾਣਯੋਗ ਗਵਰਨਰ-ਜਨਰਲ-ਇਨ-ਕੌਂਸਲ ਦੀ ਜਾਣਕਾਰੀ ਲਈ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੀਆਂ ਹਦਾਇਤਾਂ ਪ੍ਰਸਾਰਿਤ ਕਰਨ ਦਾ ਮਾਣ ਹਾਸਲ ਹੋਇਆ ਹੈ, ਚਿੱਠੀ-ਪੱਤਰੀ ਦੀਆਂ ਕਾਪੀਆਂ ਤੇ ਹੋਰ ਸਭ ਕਾਰਵਾਈਆਂ 'ਕੂਕਾ' ਸੰਪਰਦਾਇ ਜਾਂ ਭੈਣੀ (ਸਾਹਿਬ) ਦੇ (ਗੁਰੂ) ਰਾਮ ਸਿੰਘ ਜੀ ਦੇ ਹਵਾਲੇ ਨਾਲ ਹਾਸ਼ੀਏ 'ਤੇ ਨੋਟ ਕੀਤੀਆਂ ਗਈਆਂ ਹਨ।

2. ਮੇਰਾ ਸੁਝਾਅ ਹੈ ਕਿ, ਜੇ ਮੰਨਣਯੋਗ ਹੋਵੇ, ਤਾਂ ਸਥਾਨਕ ਫ਼ੌਜਾਂ ਦੀ ਕਮਾਂਡ

ਸੰਭਾਲਣ ਵਾਲੇ ਅਧਿਕਾਰੀਆਂ ਨੂੰ ਗੁਪਤ ਤੌਰ 'ਤੇ ਹੁਕਮ ਦੇਣ ਦੇ ਉਪਾਅ ਕੀਤੇ ਜਾਣ, ਜਿੱਥੋਂ ਤੱਕ ਸੰਭਵ ਹੋ ਸਕੇ, ਕਿ ਉਨ੍ਹਾਂ ਦੇ ਜਵਾਨ ਇਸ ਸੰਪਰਦਾਇ ਬਾਰੇ ਕੀ ਸੋਚਦੇ ਹਨ ਤੇ ਸ਼ਾਇਦ, ਰਾਹਤ ਦੌਰਾਨ, ਜਿੱਥੋਂ ਤੱਕ ਜਨਤਕ ਸੇਵਾ ਦੇ ਹਿਤਾਂ ਨਾਲ ਮੇਲ ਖਾਂਦਾ ਹੋਵੇ, ਸਰਹਿੰਦ ਤੇ ਲਾਹੌਰ ਡਿਵੀਜ਼ਨਾਂ ਦੇ ਸਥਾਨਾਂ ਦੀ ਚੋਣ ਕੀਤੀ ਜਾਵੇ ਪਰ ਜੇ ਸਰਹਿੰਦ ਹੋਵੇ ਤਾਂ ਜ਼ਿਆਦਾ ਵਧੀਆ ਹੈ, ਉਹ ਰੈਜਿਮੈਂਟਾਂ ਹੋਣ ਜਿਨ੍ਹਾਂ 'ਚ ਮੁਸਲਮਾਨਾਂ ਤੋਂ ਇਲਾਵਾ ਪੰਜਾਬੀਆਂ ਦੀ ਗਿਣਤੀ ਘੱਟ ਤੋਂ ਘੱਟ ਹੋਵੇ।

3. ਮੈਂ ਲੁਧਿਆਣਾ 'ਚ ਰੀਪੀਟਿੰਗ ਟੈਲੀਗ੍ਰਾਫ਼ ਸਟੇਸ਼ਨ ਦੀ ਮੌਜੂਦਗੀ ਲਈ ਸਥਾਪਨਾ ਦੀ ਪ੍ਰਵਾਨਗੀ ਮੰਗਦਾ ਹਾਂ।

## 9

## ਗਵਰਨਰ ਜਨਰਲ ਨਾਲ ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਦੇ ਸਕੱਤਰ ਵੱਲੋਂ ਪੰਜਾਬ ਸਰਕਾਰ ਦੇ ਸਕੱਤਰ ਨੂੰ:– ਨੰ. 989, ਮਿਤੀ ਸ਼ਿਮਲਾ, 27 ਸਤੰਬਰ, 1866.

ਮੈਨੂੰ ਤੁਹਾਡੀ ਇਸੇ ਮਹੀਨੇ ਦੀ 18 ਤਰੀਕ ਨੂੰ ਲਿਖੀ ਚਿੱਠੀ ਨੰਬਰ ਐਕਸ ਮਿਲੀ ਹੈ, ਜਿਸ ਨੂੰ ਕੌਂਸਲ 'ਚ ਗਵਰਨਰ ਜਨਰਲ ਸਾਹਮਣੇ ਰੱਖਿਆ ਗਿਆ ਹੈ, ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਤੇ ਸੁਪਰਇੰਟੈਂਡੈਂਟ ਨੂੰ ਲਿਖੀ ਚਿੱਠੀ ਦੀ ਕਾਪੀ ਵੀ ਭੇਜੀ ਗਈ ਹੈ, ਜੋ 'ਕੂਕਾ' ਨਾਂਅ ਦੇ ਇੱਕ ਗੁਪਤ ਸੰਪਰਦਾਇ ਜਾਂ ਭੈਣੀ (ਸਾਹਿਬ) ਦੇ (ਗੁਰੂ) ਰਾਮ ਸਿੰਘ ਜੀ ਦੇ ਪੈਰੋਕਾਰਾਂ ਦਾ ਖ਼ਾਤਮਾ ਕਰਨ ਲਈ ਅਪਣਾਏ ਜਾਣ ਵਾਲੇ ਕਦਮਾਂ ਨਾਲ ਸੰਬੰਧਤ ਹੈ।

2. ਜਵਾਬ 'ਚ, ਇਹ ਬਿਆਨ ਕਰਨ ਦੀ ਹਦਾਇਤ ਹੋਈ ਹੈ ਕਿ ਲੈਫ਼ਟੀਨੈਂਟ ਗਵਰਨਰ ਦੇ ਵਿਚਾਰਾਂ ਨਾਲ ਭਾਰਤ ਸਰਕਾਰ ਪੂਰੀ ਤਰ੍ਹਾਂ ਸਹਿਮਤ ਹੈ। ਇਸ ਸੰਪਰਦਾਇ ਨੇ ਜੇ ਬੇਵਫ਼ਾਈ ਦਾ ਕੋਈ ਕਾਰਜ ਨਹੀਂ ਕੀਤਾ ਹੈ, ਤਾਂ ਉਨ੍ਹਾਂ ਦੇ ਆਗੂ ਬਾਬਾ (ਗੁਰੂ) ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਨ ਦੀ ਕੋਈ ਕਾਹਲ਼ੀ ਨਹੀਂ ਹੋਵੇਗੀ ਪਰ ਨਾਲ ਹੀ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਧਿਆਨਪੂਰਵਕ ਨਜ਼ਰ ਰੱਖੀ ਜਾਣੀ ਚਾਹੀਦੀ ਹੈ ਤੇ ਉਸ ਦੀ ਰਿਪੋਰਟ ਨਾਲੋ-ਨਾਲ ਭੇਜੀ ਜਾਵੇ। ਖ਼ਾਸ ਕਰਕੇ ਇਹ ਜ਼ਰੂਰੀ ਹੈ ਕਿ ਇਹ ਪਤਾ ਕਰਨ ਦੀ ਹਰ ਕੋਸ਼ਿਸ਼ ਕੀਤੀ ਜਾਵੇ ਕਿ ਕੀ ਉਨ੍ਹਾਂ ਨੇ ਹਥਿਆਰ ਤਾਂ ਇਕੱਠੇ ਨਹੀਂ ਕੀਤੇ ਹੋਏ ਜਾਂ ਕੀ ਉਹ ਕੋਈ ਹਥਿਆਰ ਤਾਂ ਇਕੱਠੇ ਨਹੀਂ ਕਰ ਰਹੇ। ਇਸ ਵਿਸ਼ੇ 'ਤੇ ਕੋਈ ਸਿੱਖ ਮੁਖੀ ਜਾਂ ਬਹੁਤ ਹੀ ਵਫ਼ਾਦਾਰ ਵਿਅਕਤੀਆਂ ਨੂੰ ਹੀ ਅਜਿਹੀ ਨਿਜੀ ਜਾਂਚ-ਪੜਤਾਲ ਲਈ ਲਾਇਆ ਜਾਵੇ।

3. ਸਾਵਧਾਨੀ ਵਜੋਂ ਮਹਾਮਹਿਮ ਕਮਾਂਡਰ-ਇਨ-ਚੀਫ਼ ਠੰਢ ਦੇ ਮੌਸਮ ਦੌਰਾਨ ਲੁਧਿਆਣਾ ਦੇ ਕਿਲ੍ਹੇ ਲਈ ਗੋਰਖਾ ਰੈਜਿਮੈਂਟ ਦੀਆਂ ਦੋ ਕੰਪਨੀਆਂ ਤਾਇਨਾਤ ਕਰਨਗੇ, ਗਰਮੀਆਂ ਦੇ ਮੌਸਮ 'ਚ ਉਨ੍ਹਾਂ ਦੀ ਥਾਂ ਅੰਬਾਲਾ ਜਾਂ ਕਿਸੇ ਹੋਰ ਥਾਂ ਦੇ ਦੋ ਸਥਾਨਕ ਘੁੜਸਵਾਰ ਦਸਤੇ ਲੈ ਲਿਆ ਕਰਨਗੇ।

4. ਕਮਾਂਡਰ-ਇਨ-ਚੀਫ਼ ਦਾ ਧਿਆਨ ਤੁਹਾਡੇ ਪੱਤਰ ਦੇ ਪੈਰਾ ਨੰਬਰ 2 ਵਿੱਚ ਦਰਜ ਸੁਝਾਵਾਂ ਵੱਲ ਵੀ ਦਿਵਾਇਆ ਜਾਵੇਗਾ ਅਤੇ ਗ੍ਰਹਿ ਵਿਭਾਗ ਨੂੰ ਇਸ ਬਾਰੇ ਵਿਚਾਰ ਕਰਨ ਦੀ ਬੇਨਤੀ ਕੀਤੀ ਜਾਵੇਗੀ ਕਿ ਲੁਧਿਆਣਾ ਨੂੰ ਹੁਣ ਕਿਤੇ ਦੋਬਾਰਾ ਅਸਥਾਈ ਵਿਵਸਥਾ ਨਾ ਬਣਾਇਆ ਜਾਵੇ।

5. ਜਿੱਥੋਂ ਤੱਕ ਕਮਿਸ਼ਨਰ ਵੱਲੋਂ ਜੀਂਦ ਦੇ ਰਾਜਾ ਲਈ ਹਥਿਆਰਾਂ ਦਾ ਆਦਰ ਕਰਨ ਬਾਰੇ ਕੀਤੀਆਂ ਟਿੱਪਣੀਆਂ ਦਾ ਸੁਆਲ ਹੈ।

ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕੌਂਸਲ ਦੇ ਮਹਾਮਹਿਮ ਨੂੰ ਇਹ ਸਮਝ ਨਹੀਂ ਲੱਗੀ ਕਿ ਅਜਿਹੇ ਮਾਮਲੇ ਨੂੰ ਮੌਜੂਦਾ ਕੇਸ ਨਾਲ ਰਲ਼-ਗੱਡ ਕਿਉਂ ਕੀਤਾ ਜਾਣਾ ਚਾਹੀਦਾ ਹੈ। ਬਗ਼ਾਵਤ ਤੋਂ ਬਾਅਦ ਕਿਸੇ ਵੀ ਮੁਖੀ ਨਾਲ ਇੰਨੇ ਸ਼ਾਨਦਾਰ ਢੰਗ ਨਾਲ ਤੇ ਦਿਆਲਤਾਪੂਰਵਕ ਵਿਵਹਾਰ ਨਹੀਂ ਕੀਤਾ ਗਿਆ, ਜਿੰਨਾ ਕਿ ਇਸ ਰਾਜੇ ਨਾਲ ਕੀਤਾ ਗਿਆ ਹੈ। ਉਸ ਨੂੰ ਵੀ ਪਿੱਛੇ ਜਿਹੇ ਸਰਕਾਰ ਤੋਂ ਕੁਝ ਨਿਸ਼ਚਿਤ ਮਾਤਰਾ 'ਚ ਹਥਿਆਰ ਖ਼ਰੀਦਣ ਦੀ ਇਜਾਜ਼ਤ ਦਿੱਤੇ ਜਾਣ ਦੀ ਗੱਲ ਕੀਤੀ ਗਈ ਹੈ। ਇਹ ਪ੍ਰਵਾਨਗੀ ਵੀ ਕੁਝ ਖ਼ਾਸ ਸ਼ਰਤਾਂ ਅਧੀਨ ਦਿੱਤੀ ਗਈ ਸੀ ਪਰ ਫਿਰ ਇਨ੍ਹਾਂ ਸ਼ਰਤਾਂ ਨੂੰ ਜਾਣਬੁੱਝ ਕੇ ਮੰਨਿਆ ਨਹੀਂ ਗਿਆ ਸੀ ਤੇ ਹੋਰਨਾਂ ਗੱਲਾਂ ਤੋਂ ਇਲਾਵਾ ਇਹ ਪ੍ਰਸਤਾਵ ਰੱਖ ਦਿੱਤਾ ਗਿਆ ਸੀ ਕਿ ਸਰਕਾਰ ਇਸ ਰਾਜੇ ਤੋਂ ਪੁਰਾਣੇ ਤੇ ਬੇਕਾਰ ਪੈ ਚੁੱਕੇ ਹਥਿਆਰ ਕੁਝ ਸਸਤੀ ਕੀਮਤ 'ਤੇ ਖ਼ਰੀਦ ਲਵੇ ਤੇ ਉਸ ਨੂੰ ਨਵੇਂ ਹਥਿਆਰ ਜਾਰੀ ਕਰ ਦਿੱਤੇ ਜਾਣ। ਅਜਿਹੀ ਬੇਨਤੀ ਸਰਾਸਰ ਭਾਰਤ ਸਰਕਾਰ ਲਈ ਅਪਮਾਨਜਨਕ ਸੀ। ਉਹ ਹਥਿਆਰ ਜਿਹੜੇ ਬ੍ਰਿਟਿਸ਼ ਸਰਕਾਰ ਲਈ ਕਿਸੇ ਕੰਮ ਦੇ ਨਹੀਂ ਹਨ। ਇਸ ਤੋਂ ਇਲਾਵਾ ਰਾਜਾ ਇੰਨਾ ਗ਼ਰੀਬ ਵੀ ਨਹੀਂ ਹੈ ਕਿ ਉਸ ਕੋਲ ਖ਼ਰੀਦਣ ਦੀ ਸਮਰੱਥਾ ਨਹੀਂ ਹੈ ਤੇ ਉਸ ਨੂੰ ਇਸ ਖ਼ਰੀਦ 'ਚ ਕੁਝ ਰਿਆਇਤਾਂ ਦਿੱਤੀਆਂ ਜਾਣ। ਕੌਂਸਲ 'ਚ ਮਹਾਮਹਿਮ ਨੂੰ ਅਜਿਹਾ ਕਰਨਾ ਦਰੁਸਤ ਨਹੀਂ ਜਾਪਦਾ ਕਿ ਸਰਕਾਰ ਸਿਰਫ਼ ਇਸੇ ਮੁਖੀ ਨੂੰ ਸਸਤੀ ਕੀਮਤ 'ਤੇ ਹਥਿਆਰ ਸਪਲਾਈ ਕਰ ਦੇਵੇ ਤੇ ਹੋਰਨਾਂ ਮੁਖੀਆਂ ਨੂੰ ਨਹੀਂ।

## 10

ਮਾਣਯੋਗ ਸ੍ਰੀਮਾਨ ਜੀ,
ਵਿਸਕਾਊਂਟ ਕ੍ਰੈਨਬੌਰਨ
ਭਾਰਤ ਸਰਕਾਰ ਲਈ ਮਾਣਯੋਗ ਮਹਾਰਾਣੀ ਦੇ ਸਕੱਤਰ
ਵਿਦੇਸ਼ ਵਿਭਾਗ
ਰਾਜਨੀਤਕ

ਸ਼ਿਮਲਾ, 8 ਅਕਤੂਬਰ, 1866

ਮੇਰੇ ਮਾਲਿਕ,

ਸਾਨੂੰ ਮਾਣਯੋਗ ਮਹਾਰਾਣੀ ਦੀ ਸਰਕਾਰ ਨੂੰ ਇਹ ਜਾਣਕਾਰੀ ਦੇਣ ਦਾ ਮਾਣ

ਹਾਸਲ ਹੋਇਆ ਹੈ, ਜਿਸ ਸਬੰਧੀ ਪੰਜਾਬ ਸਰਕਾਰ ਦੀ ਇੱਕ ਚਿੱਠੀ ਤੇ ਉਸ ਨਾਲ ਮੌਜੂਦ ਸਾਰੇ ਦਸਤਾਵੇਜ਼ਾਂ ਦੀ ਕਾਪੀ ਨਾਲ ਨੱਥੀ ਹੈ, ਜਿਨ੍ਹਾਂ ਵਿੱਚ ਸਿੱਖਾਂ ਦਰਮਿਆਨ ਲੁਧਿਆਣਾ ਲਾਗਲੇ ਭੈਣੀ (ਸਾਹਿਬ) ਦੇ (ਗੁਰੂ) ਰਾਮ ਸਿੰਘ ਜੀ ਦੀ ਅਗਵਾਈ ਹੇਠ 'ਕੂਕੇ' ਨਾਂਅ ਦੇ ਇੱਕ ਵਾਜਬ ਧਾਰਮਿਕ ਸੰਪਰਦਾਇ ਦੀ ਹੋਂਦ ਤੇ ਗੰਭੀਰਤਾ ਦੀ ਹੱਦ ਤੱਕ ਉਸ ਦੇ ਪ੍ਰਫੁੱਲਤ ਹੋਣ ਦੀ ਰਿਪੋਰਟ ਹੈ।

2. ਜਿਵੇਂ ਕਿ ਪੰਜਾਬ ਸਰਕਾਰ ਸਮਝਦੀ ਹੈ,''ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇੱਕ ਅਜਿਹਾ ਭਾਈਚਾਰਾ ਜੋ ਵੱਡੇ ਪੱਧਰ 'ਤੇ ਫੈਲ ਚੁੱਕਾ ਹੈ ਅਤੇ ਉਸ ਦੀ ਗਿਣਤੀ ਲਗਾਤਾਰ ਤੇਜ਼ੀ ਨਾਲ ਵਧਦੀ ਜਾ ਰਹੀ ਹੈ, ਜਿਸ ਦਾ ਕਿਰਦਾਰ ਵੱਧ ਜਾਂ ਘੱਟ ਭੇਤ ਭਰਿਆ ਹੋਵੇ, ਸਪੱਸ਼ਟ ਤੌਰ 'ਤੇ ਪੂਰੀ ਤਰ੍ਹਾਂ ਜੱਥੇਬੰਦਕ ਹੋਵੇ ਤੇ ਉਸ ਦੇ ਸਾਰੇ ਲੋਕ ਆਪਣੇ ਮੁਖੀ ਨਾਲ ਸਮਰਪਣ ਦੀ ਭਾਵਨਾ ਨਾਲ ਜੁੜੇ ਹੋਣ, ਤਾਂ ਇਹ ਜ਼ਰੂਰ ਨਹੀਂ ਕਿ ਕੋਈ ਨਾ ਕੋਈ ''ਸਿਆਸੀ ਗ਼ਲਤੀ'' ਕਰਨ ਜਾ ਰਹੇ ਹਨ।'' ਪਰ ਸਾਡਾ ਮੰਨਣਾ ਹੈ ਕਿ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਵੱਲੋਂ ਪੇਸ਼ ਕੀਤੀ ਰਿਪੋਰਟ ਮੁਤਾਬਕ ਜਦੋਂ ਕਿਤੇ ਖੁੱਲ੍ਹ ਕੇ ਗ਼ੱਦਾਰੀ ਨਹੀਂ ਦਿਸ ਰਹੀ, ਇਸੇ ਲਈ ਲੈਫ਼ਟੀਨੈਂਟ ਗਵਰਨਰ ਨੇ (ਗੁਰੂ) ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਭੇਜਣੋਂ ਇਨਕਾਰ ਕਰਨ ਦਾ ਸੂਝਵਾਨ ਫ਼ੈਸਲਾ ਲਿਆ ਹੈ।

3. ਅਸੀਂ ਪੰਜਾਬ ਸਰਕਾਰ ਨੂੰ ਹਦਾਇਤ ਜਾਰੀ ਕੀਤੀ ਹੈ ਕਿ ਇਸ ਸੰਪਰਦਾਇ ਦੀਆਂ ਗਤੀਵਿਧੀਆਂ 'ਤੇ ਚੌਕਸ ਨਜ਼ਰ ਰੱਖੀ ਜਾਣੀ ਚਾਹੀਦੀ ਹੈ ਤੇ ਸਾਵਧਾਨੀ ਵਜੋਂ ਅਸੀਂ ਲੁਧਿਆਣਾ ਦੇ ਕਿਲੇ 'ਚ ਗੋਰਖਾ ਰੈਜਿਮੈਂਟ ਦੀਆਂ ਦੋ ਕੰਪਨੀਆਂ ਤਾਇਨਾਤ ਕਰ ਰਹੇ ਹਾਂ। ਇਸ ਵਿਸ਼ੇ 'ਤੇ ਵਿਸਥਾਰਪੂਰਬਕ ਜਾਣਕਾਰੀ ਹਾਸਲ ਕਰਨ ਲਈ ਸਾਡੀ ਆਪ ਮਾਣਯੋਗ ਜੀ ਨੂੰ ਬੇਨਤੀ ਹੈ ਕਿ ਸਾਡੇ ਸਕੱਤਰ ਵੱਲੋਂ ਇਸੇ ਮਹੀਨੇ ਦੀ 27 ਤਰੀਕ ਨੂੰ ਪੰਜਾਬ ਸਰਕਾਰ ਨੂੰ ਲਿਖੀ ਚਿੱਠੀ ਨੰ. 989 ਨੂੰ ਪੜ੍ਹ ਲਿਆ ਜਾਵੇ, ਜਿਸ ਦੀ ਕਾਪੀ ਇਸੇ ਡਿਸਪੈਚ ਨਾਲ ਨੱਥੀ ਕੀਤੀ ਗਈ ਹੈ। ਅਤੇ ਉਸ ਚਿੱਠੀ ਵਿੱਚ ਜੀਂਦ ਦੇ ਰਾਜੇ ਨੂੰ ਹਥਿਆਰ ਪ੍ਰਵਾਨ ਕਰਨ ਨਾਲ ਸਬੰਧਤ ਸਾਰੇ ਹਾਲਾਤ ਦੀ ਵਿਆਖਿਆ ਦਾ ਵਰਨਣ ਕੀਤਾ ਗਿਆ ਹੈ, ਅਸੀਂ ਪਿਛਲੇ ਮਹੀਨੇ ਦੀ 17 ਅਗਸਤ ਨੂੰ ਲੈਫ਼ਟੀਨੈਂਟ ਗਵਰਨਰ ਨੂੰ ਜਾਰੀ ਕੀਤੇ ਆਪਣੇ ਹੁਕਮ ਨੰ. 849 ਦੀ ਕਾਪੀ ਵੀ ਭੇਜ ਰਹੇ ਹਾਂ।

ਸਾਨੂੰ ਮਾਣ ਹੈ ਕਿ ਤੁਸੀਂ ਸਾਡੇ ਮਾਲਕ ਹੋ
ਤੁਹਾਡੇ ਬੇਹੱਦ ਆਗਿਆਕਾਰੀ, ਸਨਿਮਰ ਸੇਵਕ

(ਹਸਤਾਖਰ) ਜੌਨ ਲਾਰੈਂਸ
'' ਡਬਲਿਊ. ਮੈਨਸਫ਼ੀਲਡ
'' ਐਚ.ਐਸ. ਮਾਇਨੇ
'' ਡਬਲਿਊ ਗ੍ਰੇਅ
'' ਜੀ.ਐਨ. ਟੇਅਲਰ
'' ਡਬਲਿਊ.ਐਨ. ਮੈੱਸੀ
'' ਐਚ.ਐਮ. ਡਿਊਰੰਡ

# 11

## *ਕੂਕਾ ਸੰਪਰਦਾਇ ਤੇ ਭੈਣੀ ਦੇ ਬਾਬਾ (ਗੁਰੂ) ਰਾਮ ਸਿੰਘ ਜੀ ਬਾਰੇ ਸੰਖੇਪ ਜਾਣਕਾਰੀ (ਨੰ. XII ਚੋਣਵੇਂ ਦਸਤਾਵੇਜ਼)*

### ਯਾਦ-ਪੱਤਰ

ਰਾਵਲਪਿੰਡੀ ਜ਼ਿਲ੍ਹੇ ਦੇ ਹਜ਼ਰੋ ਦੇ ਬਾਲਕ ਸਿੰਘ ਵੱਲੋਂ ਅਰੰਭੇ ਕੂਕਾ ਸੰਪਰਦਾਇ (ਭਾਵ ਕੂਕਾਂ ਮਾਰਨ ਵਾਲੇ) ਬਾਰੇ ਇੱਥੇ ਦਿੱਤੀ ਗਈ ਜਾਣਕਾਰੀ ਪਿਛਲੇ ਚਾਰ ਵਰ੍ਹਿਆਂ ਦੌਰਾਨ ਇੰਸਪੈਕਟਰ ਜਨਰਲ ਤੱਕ ਪੁੱਜੀਆਂ ਰਿਪੋਰਟਾਂ ਦੇ ਆਧਾਰ 'ਤੇ ਦਿੱਤੀ ਗਈ ਹੈ ਤੇ ਇਸ ਨੂੰ ਪੁਲਿਸ ਅਧਿਕਾਰੀਆਂ ਦੀ ਜਾਣਕਾਰੀ ਲਈ ਉਨ੍ਹਾਂ ਤੱਕ ਗੁਪਤ ਤਰੀਕੇ ਨਾਲ ਪਹੁੰਚਾਇਆ ਜਾਂਦਾ ਹੈ।

ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੈਂਫਲੈਟ ਨੂੰ ਹੋਰ ਗੁਪਤ ਰਿਕਾਰਡਾਂ ਨਾਲ ਸੰਭਾਲਿਆ ਜਾ ਸਕਦਾ ਹੈ ਤੇ ਜ਼ਿਲ੍ਹਾ ਸੁਪਰਇੰਟੈਂਡੈਂਟਸ ਦੇ ਦਫ਼ਤਰਾਂ ਨੂੰ ਨਾ ਭੇਜਿਆ ਜਾਵੇ।

ਇੰਸਪੈਕਟਰ ਜਨਰਲ ਚਾਹੁੰਦੇ ਹਨ ਕਿ ਜ਼ਿਲ੍ਹਾ ਸੁਪਰਇੰਟੈਂਡੈਂਟਸ ਲਗਾਤਾਰ ਧਿਆਨਪੂਰਵਕ ਨਜ਼ਰ ਰੱਖਣ ਪਰ ਇਹ ਸਭ ਸਹਿਜ ਰੂਪ 'ਚ ਹੀ ਕੀਤਾ ਜਾਵੇ, ਕਿਸੇ ਵੀ ਤਰ੍ਹਾਂ ਦੀ ਵਰਨਣਯੋਗ ਤੇ ਦੱਸਣਯੋਗ ਗਤੀਵਿਧੀ ਬਾਰੇ ਉਨ੍ਹਾਂ ਨੂੰ ਬਾਕਾਇਦਾ ਦੱਸਿਆ ਜਾਵੇ।

ਕੇਂਦਰੀ ਪੁਲਿਸ ਦਫ਼ਤਰ,
*ਲਾਹੌਰ,*
*19 ਜਨਵਰੀ, 1867*

*ਨੋਟ:* ਇਨ੍ਹਾਂ ਵੇਰਵਿਆਂ 'ਚੋਂ ਮਿਤੀ 28 ਜੂਨ, 1863 ਵਾਲੇ ਪਹਿਲੇ ਯਾਦ-ਪੱਤਰ 'ਚ ਦਰਜ ਕਥਨ ਹਟਾ ਦਿੱਤੇ ਗਏ ਹਨ।

*(ਸੰਕਲਕ)*

ਜੂਨ 1863 'ਚ, ਸ੍ਰੀ ਕਿੰਚੈਂਟ ਨੇ ਕੂਕਾ ਸੰਪਰਦਾਇ ਵੱਲੋਂ ਮੰਨੀ ਜਾਂਦੀ ਮਰਿਆਦਾ ਦਾ ਜ਼ਿਕਰ ਕੀਤਾ ਗਿਆ ਸੀ; ਕਿ (ਸ੍ਰੀ) ਗੁਰੂ ਗੋਬਿੰਦ ਸਿੰਘ (ਜੀ) ਦਾ ਗ੍ਰੰਥ (ਸ੍ਰੀ ਦਸਮ ਗ੍ਰੰਥ ਸਾਹਿਬ) ਦੀ ਇਕਲੌਤਾ ਸਤਿ ਹੈ, ਜਿਸ ਨੂੰ ਪ੍ਰੇਰਨਾ ਰਾਹੀਂ ਲਿਖਿਆ ਗਿਆ ਹੈ ਤੇ ਇਹ ਸਿਰਫ਼ ਇੱਕ ਪਵਿੱਤਰ ਲਿਖਤ ਹੈ। (ਸ੍ਰੀ ਗੁਰੂ) ਗੋਬਿੰਦ ਸਿੰਘ ਜੀ ਇੱਕੋ-ਇੱਕ ਗੁਰੂ ਹਨ। ਕਿਸੇ ਵੀ ਜਾਤੀ ਜਾਂ ਧਰਮ ਦੇ ਵਿਅਕਤੀ ਨੂੰ ਕੂਕਾ ਬਣਾਇਆ ਜਾ ਸਕਦਾ ਹੈ। ਸੋਢੀ, ਬੇਦੀ, ਮਹੰਤ, ਬ੍ਰਾਹਮਣ ਤੇ ਅਜਿਹੇ ਹੋਰ ਲੋਕ ਢੋਂਗੀ ਹਨ ਤੇ (ਸ੍ਰੀ ਗੁਰੂ) ਗੋਬਿੰਦ ਸਿੰਘ ਜੀ ਤੋਂ ਇਲਾਵਾ ਹੋਰ ਕੋਈ ਵੀ ਗੁਰੂ ਨਹੀਂ ਹੈ। ਦੇਵੀਦੁਆਰਾ, ਸ਼ਿਵਦੁਆਰਾ ਅਤੇ ਮੰਦਰ ਕੇਵਲ ਆਮਦਨ ਦੇ ਸਾਧਨ ਹਨ, ਅਪਮਾਨਜਨਕ ਹਨ, ਇੱਥੇ ਕਦੇ ਨਹੀਂ ਜਾਣਾ। ਮੂਰਤੀਆਂ ਤੇ ਮੂਰਤੀਆਂ ਦੀ ਪੂਜਾ ਅਕਾਲ ਪੁਰਖ ਦਾ ਅਪਮਾਨ ਹੈ ਤੇ ਇਸ ਨੂੰ ਮੁਆਫ਼ ਨਹੀਂ ਕੀਤਾ ਜਾਣਾ

ਚਾਹੀਦਾ। ਪਰਿਵਰਤਿਤ ਹੋਏ ਕੂਕਿਆਂ ਨੂੰ (ਸ੍ਰੀ ਗੁਰੂ) ਗੋਬਿੰਦ ਸਿੰਘ ਜੀ ਦਾ (ਸ੍ਰੀ ਦਸਮ) ਗ੍ਰੰਥ ਪੜ੍ਹਨ ਦੀ ਇਜਾਜ਼ਤ ਹੈ ਅਤੇ ਕੋਈ ਵੀ ਹੋਰ ਗ੍ਰੰਥ ਨਹੀਂ। ਮਰਦ ਤੇ ਔਰਤਾਂ ਸਿਰ ਢੱਕ ਕੇ ਦੀਵਾਨ ਵਿਚ ਸ਼ਾਮਲ ਹੁੰਦੇ ਹਨ ਅਤੇ ਗੁਰਬਾਣੀ ਕੀਰਤਨ ਕਰਦੇ ਮਸਤਾਨੇ ਹੋ ਜਾਂਦੇ ਹਨ।

"ਇਸ ਦੇ ਨਾਲ ਹੀ ਇੱਕ ਛਪੇ ਹੋਏ ਯਾਦ-ਪੱਤਰ 'ਤੇ ਇਹ ਦਰਜ ਹੈ ਕਿ ਮਨੀ ਰਾਮ ਨਾਂਅ ਦਾ ਇੱਕ ਬ੍ਰਾਹਮਣ ਅਨੈਤਿਕਤਾ ਕਾਰਨ ਇਸ ਸੰਪਦ੍ਰਾਇ ਨੂੰ ਅਪ੍ਰਵਾਨ ਕਰਨਾ ਚਾਹੁੰਦਾ ਸੀ ਪਰ ਸਾਰੇ ਪਾਸੇ ਇਹੋ ਦ੍ਰਿੜ੍ਹਤਾਪੂਰਵਕ ਆਖਿਆ ਜਾਂਦਾ ਹੈ ਕਿ ਕੂਕਾ ਸਿਧਾਂਤਾਂ ਦੀ ਸਖ਼ਤ ਨੈਤਿਕਤਾ ਹੀ ਇੱਕ ਵਿਲੱਖਣ ਖ਼ਾਸੀਅਤ ਹੈ।" ਜ਼ਿਲ੍ਹਾ ਸੁਪਰਇੰਟੈਂਡੈਂਟ ਕੈਪਟਨ ਵਾਲ ਨੇ 1866 'ਚ ਆਖਿਆ ਸੀ ਕਿ ਕੂਕਾ ਭਾਈਚਾਰੇ ਦਾ ਗੁਪਤ ਸੰਕੇਤ ਇਹੋ ਹੈ ਕਿ ਉਹ "ਸਤਿ ਸ੍ਰੀ ਅਕਾਲ" ਦਾ ਜਵਾਬ ਜ਼ਰੂਰ ਹੀ "ਸਤਿ ਅਕਾਲ ਪੁਰਖ" ਵਜੋਂ ਦਿੰਦੇ ਹਨ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਸੁਪਰਇੰਟੈਂਡੈਂਟ ਕੈਪਟਨ ਮੈਂਜ਼ੀਸ ਅਨੁਸਾਰ ਇਸ ਜ਼ਿਲ੍ਹੇ ਦੇ ਪੁਰਾਣੇ ਸਿੱਖ ਇਸ ਸੰਪਰਦਾਇ ਦੀ ਤੁਲਨਾ ਯੂਰੋਪ ਦੇ ਫਰੀਮੈਸ਼ਨ (ਭਾਵ ਜੋ ਲੋਕ ਮਿਲ ਜੁਲ ਕੇ ਲੋੜਵੰਦਾਂ ਦੀ ਮਦਦ ਕਰਕੇ ਸਾਂਝੇ ਭਾਵੀਚਾਰੀ ਦੀ ਰਚਨਾ ਵਿਚ ਵਿਸ਼ਵਾਸ ਰੱਖਦੇ ਹਨ) ਨਾਲ ਕਰਦੇ ਹਨ। ਸ੍ਰੀ ਕਿੰਚੈਂਟ ਦੇ ਦੱਸੇ ਮੁਤਾਬਕ ਨਵਾਂ ਕੂਕਾ ਬਣਾਉਂਦੇ ਸਮੇਂ ਇਹ ਸ਼ਲੋਕ ਪੜ੍ਹਿਆ ਜਾਂਦਾ ਹੈ-

"ਪਹਿਲਾ ਮਰਣੁ ਕਬੂਲਿ
ਜੀਵਨ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ
ਤਉ ਆਉ ਹਮਾਰੈ ਪਾਸਿ॥

ਮੇਜਰ ਪਰਕਿਨਜ਼ ਨੇ 1866 'ਚ ਲਿਖਿਆ ਕਿ ਨਵਾਂ ਕੂਕਾ ਬਣਾਉਂਦੇ ਵੇਲੇ ਪਹਿਲਾਂ ਇਹ ਸਹੁੰ ਚੁਕਾਈ ਜਾਂਦੀ ਹੈ ਕਿ ਝੂਠ ਬੋਲਣ, ਚੋਰੀ ਕਰਨ, ਸ਼ਰਾਬ ਪੀਣ, ਵਿਭਚਾਰ ਕਰਨ ਆਦਿ ਜਿਹੀਆਂ ਸਾਰੀਆਂ ਬੁਰਾਈਆਂ ਤੋਂ ਸਖ਼ਤੀ ਨਾਲ ਦੂਰ ਰਿਹਾ ਜਾਵੇਗਾ। ਕੋਈ ਉਲੰਘਣਾ ਕਰਨ ਵਾਲੇ ਕੂਕਿਆਂ ਨੂੰ ਪੰਚਾਇਤ ਸਜ਼ਾ ਦਿੰਦੀ ਹੈ। ਪਹਿਲਾਂ-ਪਹਿਲ ਸਿਰਫ਼ ਬਾਬਾ ਰਾਮ ਸਿੰਘ ਜੀ ਕੋਲ ਹੀ ਨਵੇਂ ਕੂਕੇ ਬਣਾਉਣ ਦੀ ਤਾਕਤ ਸੀ; ਪਰ ਪਿਛਲੇ ਦੋ ਸਾਲਾਂ ਤੋਂ ਇਹ ਕਾਰਜ ਸੂਬਿਆਂ ਜਾਂ ਲੈਫ਼ਟੀਨੈਂਟਾਂ ਨੇ ਸੰਭਾਲਿਆ ਹੋਇਆ ਹੈ। ਇਨ੍ਹਾਂ ਦਾ ਜ਼ਿਕਰ ਬਾਅਦ 'ਚ ਕੀਤਾ ਜਾਵੇਗਾ। ਨਵੇਂ ਬਣਨ ਵਾਲੇ ਕੂਕੇ ਦੇ ਕੰਨ ਵਿੱਚ ਇੱਕ ਵਾਕ ਬੋਲਿਆ ਜਾਂਦਾ ਹੈ (ਭਜਨ ਦੇਣਾ), ਅਤੇ ਉਸ ਨੂੰ ਲਗਾਤਾਰ ਦੁਹਰਾਉਣ ਲਈ ਆਖਿਆ ਜਾਂਦਾ ਹੈ ਅਤੇ ਇਸ ਦੇ ਨਾਲ ਉਸ ਨੂੰ ਫੇਰਨ ਲਈ ਇੱਕ ਮਾਲਾ ਦਿੱਤੀ ਜਾਂਦੀ ਹੈ। ਕੂਕਿਆਂ ਨੂੰ ਹਰੇਕ ਸਵੇਰ ਨੂੰ ਤੜਕੇ ਤਿੰਨ ਵਜੇ ਆਪਣਾ ਸਕੇਸ਼ ਇਸ਼ਨਾਨ ਕਰਨ ਦਾ ਹੁਕਮ ਹੈ; ਇਸ਼ਨਾਨ ਕਰਨ ਤੋਂ ਬਾਅਦ ਉਨ੍ਹਾਂ ਅਰਦਾਸ ਕਰਨੀ ਹੁੰਦੀ ਹੈ, ਉਨ੍ਹਾਂ ਨੂੰ (ਸ੍ਰੀ ਗੁਰੂ) ਗ੍ਰੰਥ (ਸਾਹਿਬ) ਦਾ ਸ਼ਲੋਕ ਜਾਂ ਚੁਣੇ ਹੋਏ ਸ਼ਲੋਕ ਦਾ ਉੱਚੀ-ਉੱਚੀ ਪਾਠ ਕਰਨ ਤੇ ਚੋਣਵੇਂ ਸ਼ਲੋਕਾਂ ਨੂੰ (ਆਸਾ ਦੀ ਵਾਰ ਦਾ ਕੀਰਤਨ) ਦੁਹਰਾਉਣ ਲਈ ਆਖਿਆ ਜਾਂਦਾ ਹੈ।

ਇੱਥੇ ਹੇਠਾਂ ਦਿੱਤੇ ਸਰਕੂਲਰ ਬਾਬਾ ਰਾਮ ਸਿੰਘ ਜੀ ਵੱਲੋਂ ਜੂਨ 1863 'ਚ ਜਾਰੀ ਕੀਤੇ ਗਏ ਸਨ, ਜਿਹੜੇ ਇੱਕ ਮਹੰਤ ਨੇ ਕੈਪਟਨ ਮੈਂਜ਼ੀਸ ਨੂੰ ਲਿਆ ਕੇ ਦਿੱਤੇ ਸਨ, ਉਨ੍ਹਾਂ ਤੋਂ ਇਸ ਸੰਪਰਦਾਇ ਬਾਰੇ ਹੋਰ ਜਾਣਕਾਰੀ ਮਿਲਦੀ ਹੈ।

"ਆਪਣੇ ਪ੍ਰਮੁੱਖ ਪੈਰੋਕਾਰਾਂ ਸਮੇਤ (ਗੁਰੂ) ਰਾਮ ਸਿੰਘ ਜੀ ਸਮੂਹ ਖ਼ਾਲਸਾ ਨੂੰ। ਇਸ ਦੀਵਾਨ ਦਰਬਾਰ 'ਚ ਮੌਜੂਦ ਸਮੂਹ ਸਿੱਖਾਂ, ਸਾਰੇ ਪਿੰਡ ਵਾਸੀਆਂ, ਸਮੂਹ ਬੀਬੀਆਂ, ਬੱਚਿਆਂ ਨੂੰ ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ; ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ; ਸਾਰੇ ਮੇਰੇ ਸਿਖਿਆ ਤੇ ਅਮਲ ਕਰਨ ਨਹੀਂ ਤਾਂ ਦੋਵੇਂ ਜਹਾਨਾਂ 'ਚ ਤੁਹਾਡੇ ਚਿਹਰੇ ਕਾਲ਼ੇ ਹੋ ਜਾਣਗੇ। ਜੋ ਕੋਈ ਵੀ ਚੋਰੀ ਕਰਦਾ ਹੈ, ਵਿਭਚਾਰ ਆਦਿ ਕਰਦਾ ਹੈ, ਅਜਿਹਾ ਵਿਅਕਤੀ ਦਰਬਾਰ 'ਚ ਨਾ ਆਵੇ; ਅਤੇ ਜੇ ਉਹ ਜ਼ਬਰਦਸਤੀ ਆਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਨੂੰ ਰੋਕਣ ਲਈ ਗੁਰੂ ਅੱਗੇ ਅਰਦਾਸ ਕਰੋ। ਗੁਰਬਾਣੀ ਦਾ ਕੀਰਤਨ ਮਿਲ ਕੇ ਕਰੋ ਤੇ ਈਸ਼ਵਰ ਦੇ ਗੁਣ ਗਾਓ; ਕਿਸੇ ਤੋਂ ਡਰੋ ਨਾ; ਕਿਸੇ ਨੂੰ ਬੁਰਾ ਨਾ ਕਹੋ। ਤੁਹਾਡਾ ਗੁਰੂ ਆਪਣੇ ਪੈਰੋਕਾਰਾਂ 'ਤੇ ਪੂਰੀ ਨਜ਼ਰ ਰੱਖਦਾ ਹੈ ਤੇ ਉਹ ਉਨ੍ਹਾਂ ਦੀ ਮਦਦ ਕਰਦਾ ਹੈ। ਤੁਹਾਡਾ ਗੁਰੂ ਆਪਣੇ ਪੈਰੋਕਾਰਾਂ 'ਤੇ ਨਜ਼ਰ ਰੱਖਦਾ ਹੈ ਤੇ ਉਨ੍ਹਾਂ ਦੀ ਮਦਦ ਕਰੇਗਾ। ਮੈਂ ਤੁਹਾਨੂੰ ਉਨ੍ਹਾਂ ਦੇ ਨਾਂਅ ਭੇ ਜਦਾ ਹਾਂ, ਜਿਨ੍ਹਾਂ ਨੇ ਮੇਰੀ ਉਲੰਘਣਾ ਕੀਤੀ ਹੈ, ਉਨ੍ਹਾਂ ਨੂੰ ਆਪਣੇ ਘਰਾਂ ਅੰਦਰ ਦਾਖ਼ਲ ਨਾ ਹੋਣ ਦੇਵੋ। ਜੋ ਕੋਈ ਵੀ ਆਪਣੀ ਧੀ ਦੇ ਵਿਆਹ ਤੋਂ ਧਨ ਕਮਾਉਂਦਾ ਹੈ, ਉਹ ਕਮੀਨਾ ਹੈ। ਜਿਹੜਾ ਵਿਅਕਤੀ ਭਰੂਣ ਹੱਤਿਆ ਕਰਦਾ ਹੈ ਜਾਂ ਆਪਣੀ ਧੀ ਦਾ ਵੱਟਾ ਕਰਦਾ ਹੈ, ਉਹ ਵੀ ਉਸੇ ਵਰਗ 'ਚ ਆਉਂਦਾ ਹੈ। ਤੁਹਾਡੇ ਬੱਚਿਆਂ ਦੀ ਪੜ੍ਹਾਈ-ਲਿਖਾਈ ਤੇ ਪਰਵਰਿਸ਼ (ਆਦਿ ਸ੍ਰੀ ਗੁਰੂ) ਗ੍ਰੰਥ (ਸਾਹਿਬ) (ਗੁਰੂ ਮੱਤ) ਦੇ ਸਿਧਾਂਤਾਂ ਅਨੁਸਾਰ ਹੀ ਹੋਣੀ ਚਾਹੀਦੀ ਹੈ। ਦੀਵਾਲੀ ਮੌਕੇ ਹਰ ਹਾਲਤ 'ਚ ਪੁੱਜੋ।"

ਪ੍ਰਾਪਤ ਰਿਪੋਰਟਾਂ ਤੋਂ ਇੰਝ ਜਾਪਦਾ ਹੈ ਕਿ 1866 'ਚ ਬਾਬਾ ਰਾਮ ਸਿੰਘ ਜੀ ਨੇ ਪਹਿਲਾਂ ਤਾਂ ਹੁਕਮ ਦੇ ਦਿੱਤਾ ਪਰ ਬਾਅਦ ਵਿੱਚ ਅੰਮ੍ਰਿਤਸਰ ਵਿਖੇ ਦੀਵਾਲੀ ਮੌਕੇ ਆਪਣੇ ਪੈਰੋਕਾਰਾਂ ਦਾ ਆਮ ਇਜਲਾਸ ਰੱਦ ਕਰ ਦਿੱਤਾ।

ਇੱਥੇ ਹੇਠਾਂ ਅੰਮ੍ਰਿਤਸਰ ਦੇ ਸਹਾਇਕ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਸ੍ਰੀ ਕ੍ਰਿਸਟੀ ਵੱਲੋਂ (ਗੁਰੂ) ਰਾਮ ਸਿੰਘ ਜੀ ਵੱਲੋਂ ਆਪਣੇ ਪੈਰੋਕਾਰਾਂ ਨੂੰ ਜਾਰੀ ਕੀਤੇ ਗਸ਼ਤੀ-ਪੱਤਰ ਦਾ ਅਨੁਵਾਦ ਦਿੱਤਾ ਜਾ ਰਿਹਾ ਹੈ:-

ਲਿਖਤੁਮ ਰਾਮ ਸਿੰਘ, ਹੋਰ ਸੰਬੂਹ ਖਾਲਸਾ ਜੀ ਭੈਣੀ ਦਾ, ਸੰਬੂਹ ਖਾਲਸੇ ਜੀ ਕੋ ਸਿਰੀ ਵਾਹਿਗੁਰੂ ਜੀ ਕਾ ਖਾਲਸਾ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ। ਹੋਰੁ ਰਹਿਤਨਾਮਾ ਸੰਬੂਹ ਸੰਗਤ ਦੇ ਵਾਸਤੇ ਲਿਖਿਆ ਭੈਣੀ ਤੇ। ਪਿਛਲੀ ਰਾਤ ਉਠਕੇ ਗੜਵਾ ਲਜਾਇ ਕਰ ਮਦਾਨੇ ਹੋਇ ਔਣਾ। ਦੋ ਵਾਰੀ ਗੜਵਾ ਮਾਜਨਾ। ਮਦਾਨ ਬਸਤ੍ਰ ਲਾਹਿ ਕੇ ਜਾਨਾ, ਦਾਤਣ ਕਰਨੀ। ਫੇਰ ਇਸਨਾਨੁ ਕਰਨਾ,

* ਭਾਵ ਸੂਰਜ ਚੜ੍ਹਨ ਤੋਂ 3 ਘੰਟੇ ਪਹਿਲਾਂ

ਬਾਣੀ ਪੜਨੀ। ਜੇ ਕੰਠ ਨਾ ਹੋਵੇ ਤਾਂ ਕੰਠ ਕਰ ਲੈਣੀ ਸਰਬ ਮਾਈ ਬੀਬੀ ਸਰਬੁ ਬੁਢੇ ਬਾਲੇ ਨੇ। ਜਪੁ ਜਾਪੁ ਦੁਹਾ ਦੇ ਹਜਾਰੇ ਕੰਠ ਕਰਨੇ। ਰਹਿਰਾਸ, ਆਰਤੀ ਸੋਹਿਲਾ ਏਤਨੀ ਤਾ ਜ਼ਰੂਰ ਕੰਠ ਕਰਨੀ, ਤੇ ਸੀਲ ਸੰਤੋਖੁ ਸਭ ਨੇ ਰਖਣਾ। ਭਜਨੁ ਅਠੇ ਪਹਰ ਕਰਨਾ ਗੁਰੂ ਸਚੇ ਦਾ। ਹੋਰੁ ਪਰਾਈ ਧੀ ਭੈਣ ਆਪਣੀ ਜਾਨਣੀ। ਪਰਾਇਆ ਹਕੁ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।' ਜੋ ਕੋਈ ਭਜਨੁ ਪੁਛਕੇ ਨਾ ਕਰੂਗਾ ਉਸ ਦਾ ਮੂਹ ਦੁਹੀ ਜਹਾਨੀ ਕਾਲਾ ਹੋਊਗਾ। ਹੋਰੁ ਜੀ ਕਿਸੇ ਨੇ ਮੰਦਾ ਫਿਕਾ ਨਹੀ ਬੋਲਣਾ, ਖਿਮਾ ਕਰਨੀ। ਬੋਲੁ ਕੁਬੋਲੁ ਸਹਿ ਜਾਣਾ ਸਭ ਦਾ। ਜੋ ਕੋਈ ਮਾਰੇ ਕੁਛੁ, ਤਾ ਭੀ ਖਿਮਾ ਕਰਨੀ, ਤੁਸਾ ਦਾ ਰਛਕ ਗੁਰੂ ਹੈ। ਹਰਿ ਬਖਤ ਤੁਸੀ ਬਹੁਤ ਆਪਣੀ ਭਲਾਈ ਛਪਾਉਣ ਦੀ ਕਰਨੀ। ਹਰਿ ਬਖਤ ਦੁਵਾਨੁ ਲਾਉਣਾ, ਹਰਿ ਦਿਨ ਸਬਦੁ ਕੀਰਤਨੁ ਕਰਨਾ। ਜੇਕਰ ਜਗ ਕਰਨਾ ਹੋਵੇ ਤਾ ਚੌਕਾ ਦੇਣਾ। ਭਾਡੇ ਕੋਰੇ ਲਿਆਉਣੇ। ਚੌਕੇ ਵਿਚ ਚਰਨ ਧੋਇਕੇ ਬੜਨਾ। ਅਰ ਹੋਮ ਬੀ ਕਰਨਾ। ਪਹਿਲੇ ਚੌਕਾ ਦੇਣਾ ਹੋਮ ਦੀ ਜਗਾ, ਲਕੜੀ ਹੋਮ ਵਿਚ ਪਲਹ ਦੀ ਪਾਉਣੀ ਜਾ ਬੇਰੀ ਦੀ ਪਾਉਣੀ। ਫੂਕ ਨਹੀ ਮਾਰਨੀ ਹੋਮ ਵਿਚ। ਹੋਮ ਦੀ ਅਗ ਨੂੰ ਪਖੀ ਨਾਲ ਝਲਣਾ। ਪੰਜ ਆਦਮੀ ਹੋਮ ਵਿਚ ਪੋਥੀਆ ਉਤੋ ਬਾਣੀ ਪੜਨੀ। ਚਉਪਈ, ਜਪੁ, ਜਾਪੁ, ਚੰਡੀ ਚਰਿਤ੍ਰ, ਅਕਾਲ ਉਸਤਤ, ਛੇਵਾ ਆਦਮੀ ਅਹੂਤੀਆ ਪਾਵੇ। ਸਤਵਾ ਮਗਰੋ ਨਾਲ ਹੀ ਜਲ ਦਾ ਛਿਟਾ ਦੇਵੇ ਥੋੜਾ ਥੋੜਾ। ਜੇ ਕੋਈ ਮੰਦਾ ਕਰਮੁ ਕਰੇ ਜਾਰੀ ਚੋਰੀ ਤਾ ਕਿਸੇ ਹੀ ਥਾ ਦੁਵਾਨੁ ਬਿਚ ਨਹੀ ਵੜਨ ਦੇਣਾ। ਜੇਕਰ ਜੋਰਾਬਰ ਹੋਵੇ ਤਾ ਸਭਨਾ ਨੇ ਇਹੁ ਅਰਦਾਸ ਕਰਨੀ ਜੀ ਏਹੁ ਆਦਮੀ ਏਥੇ ਆਉਣ ਜੋਗਾ ਹੀ ਨਾ ਰਹੇ। ਹੋਰੁ ਜੀ ਸਭਨੇ ਹਥ ਜੋੜਨੇ ਪਰਮੇਸਰ ਅਗੇ ਜੋ ਹੇ ਮਹਾਰਾਜ ਸਾਡਾ ਧਰਮੁ ਬਣਿਆ ਰਹੇ ਜੀ। ਹੋਰੁ ਕਛਾ ਰਖਣੀਆ, ਪਉਚਾ ਪਾ ਕੇ ਪਉਚਾ ਲਾਹੁਣਾ। ਹੋਰੁ ਜੀ ਕਿਸੇ ਦਾ ਮੰਦਾ ਕਰਮ ਛਪਾਉਣਾ ਨਹੀ ਕਿਸੇ ਨੇ। ਹੋਰੁ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀ ਲੈਣਾ, ਬਟਾ ਨਹੀ ਕਰਨਾ। ਸਦਾ ਗੁਰੂ ਗੁਰੂ ਜਪਦੇ ਰਹਿਣਾ। ਦਾਰੂ ਮਾਸ ਨਹੀ ਖਾਣਾ ਪੀਣਾ। ਖੌਫ ਰਖਣਾ ਗੁਰੂ ਦਾ ਹਰਿ ਦਮ।

ਮੇਜਰ ਪਰਕਿਨਜ਼ ਦੱਸਦੇ ਹਨ ਕਿ ਇੱਕ ਕੂਕਾ ਕਦੇ ਕਿਸੇ ਬਾਹਰੀ ਵਿਅਕਤੀ ਵੱਲੋਂ ਤਿਆਰ ਕੀਤਾ ਖਾਣਾ ਨਹੀਂ ਖਾਂਦਾ ਅਤੇ ਇਸ ਗੱਲ ਦੀ ਗਵਾਹੀ ਇਸ ਘਟਨਾ ਤੋਂ ਮਿਲਦੀ ਹੈ ਕਿ ਫ਼ਿਰੋਜ਼ਪੁਰ ਜੇਲ੍ਹ ਅੰਦਰ ਕੁਝ ਕੂਕਿਆਂ ਨੇ ਜੇਲ੍ਹ ਦਾ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ ਸੀ।

ਉਨ੍ਹਾਂ ਦੀਆਂ ਰਸਮਾਂ 'ਚੋਂ ਇੱਕ ਵਿੱਚ ਇਕੱਠੇ ਹੋਏ ਸਾਰੇ ਕੂਕਿਆਂ ਨੇ ਕਤਾਰ ਵਿੱਚ ਖਲੋਣਾ ਹੁੰਦਾ ਹੈ ਤੇ ਰਾਤ ਨੂੰ ਵੱਖ ਹੋਣ ਤੋਂ ਪਹਿਲਾਂ ਬਹੁਤ ਉੱਚੀ-ਉੱਚੀ ਕੁਝ ਸ਼ਲੋਕ ਦੁਹਰਾਉਣੇ ਹੁੰਦੇ ਹਨ ਅਤੇ ਅਜਿਹਾ ਸ਼ਾਇਦ ਗ਼ੈਰ-ਕੂਕਿਆਂ ਵਲੋਂ ਫੌਜੀ ਅਭਿਆਸ ਸਮਝਿਆ ਜਾਂਦਾ ਹੈ।

ਕੂਕਿਆਂ ਦੇ ਅਜਿਹੇ ਅਭਿਆਸ ਲਈ ਇਕੱਠੇ ਹੋਣ ਦੀਆਂ ਕੋਈ ਨਵੀਆਂ ਰਿਪੋਰਟਾਂ ਨਹੀਂ ਮਿਲੀਆਂ।

ਇਸ ਪੰਥ ਦੀਆਂ ਗਤੀਵਿਧੀਆਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਉਹ ਸਿੱਖਾਂ ਵਿਚ ਧਾਰਮਿਕ ਸੁਧਾਰ ਲਿਆ ਰਿਹਾ ਹੈ। ਨਿਰੰਤਰ ਪ੍ਰਾਪਤ ਹੋਣ ਵਾਲੇ ਸਬੂਤ ਦਰਸਾਉਂਦੇ ਹਨ ਕਿ ਕੂਕੇ ਆਪ ਖ਼ੁਦ ਹੀ ਬਹੁਤੇ ਚਰਚਿਤ ਨਹੀਂ ਹੋਣਾ ਚਾਹੁੰਦੇ, ਬਿਲਕੁਲ ਮੁਸਲਮਾਨਾਂ ਤੇ ਹਿੰਦੂਆਂ ਵਾਂਗ। ਉਂਝ ਨਿਮਨਲਿਖਤ ਨੋਟ ਬਾਬਾ ਰਾਮ ਸਿੰਘ ਜੀ ਦੇ ਕੁਝ ਲੁਕਵੇਂ ਮੰਤਵਾਂ ਦਾ ਇੱਕ ਵਧੇਰੇ ਗੰਭੀਰ ਨਜ਼ਰੀਆ ਪੇਸ਼ ਕਰਦੇ ਹਨ। ਇਹ ਸਾਰੀ ਜਾਣਕਾਰੀ ਗੇਂਦਾ ਸਿੰਘ ਨਾਂਅ ਦੇ ਵਿਅਕਤੀ ਵੱਲੋਂ ਇਕੱਠੀ ਕੀਤੀ ਜਾਣਕਾਰੀ 'ਤੇ ਆਧਾਰਤ ਹੈ, ਜੋ ਕੂਕਾ ਸੰਪਰਦਾਇ ਦੇ ਸਿਆਸੀ ਪੱਖ ਤੋਂ ਡਾਢਾ ਪ੍ਰਭਾਵਿਤ ਹੈ।

ਅਗਲੇ ਪੈਰ੍ਹਿਆਂ 'ਚ ਗੈਂਦਾ ਸਿੰਘ ਨੇ ਜੋ ਵੀ ਦੱਸਿਆ ਹੈ, ਉਹ 1863 'ਚ ਇਕੱਠਾ ਕੀਤਾ ਗਿਆ ਸੀ; ਉਹ ਹਾਲੇ ਵੀ ਆਪਣੇ ਉਸੇ ਵਿਚਾਰ 'ਤੇ ਕਾਇਮ ਹੈ, ਜਿਸ ਨੂੰ ਪੜ੍ਹਦੇ ਸਮੇਂ ਉਸ ਜਾਣਕਾਰੀ ਨਾਲ ਜੋੜਿਆ ਸਮਝਿਆ ਜਾਵੇਗਾ ਜੋ ਸਤੰਬਰ 1866 'ਚ ਹਾਸਲ ਕੀਤੀ ਗਈ ਸੀ। ''ਭੈਣੀ ਪੁੱਜ ਕੇ ਮੈਂ ਹੋਰਨਾਂ ਤੋਂ ਇਲਾਵਾ ਲੁਧਿਆਣਾ ਦੇ ਭਗਤ ਸਿੰਘ ਨੂੰ ਮਿਲਿਆ ਜੋ (ਗੁਰੂ) ਰਾਮ ਸਿੰਘ ਜੀ ਦਾ ਖ਼ਬਰ-ਹਰਕਾਰਾ ਸੀ। (ਗੁਰੂ) ਰਾਮ ਸਿੰਘ ਜੀ ਰਾਤ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਗੱਲਬਾਤ ਕਰਦੇ ਹਨ।'' ਹਰੇਕ ਕੂਕੇ ਲਈ ਹੁਕਮ ਹੈ ਕਿ ਉਹ ਆਪਣੇ ਕੋਲ ਇੱਕ ਵਧੀਆ ਮਜ਼ਬੂਤ ਕੁਹਾੜਾ ਰੱਖੇ। ਉਹ ਕਿਸੇ ਗੜਬੜੀ ਲਈ ਤਿਆਰ ਹਨ ਤੇ ਉਨ੍ਹਾਂ (ਗੁਰੂ) ਰਾਮ ਸਿੰਘ ਜੀ ਨੂੰ ਇਸ ਬਾਰੇ ਹੁਕਮ ਜਾਰੀ ਕਰਨ ਲਈ ਅਰਜ਼ੀ ਵੀ ਭੇਜੀ ਹੈ, ਤੇ (ਗੁਰੂ ਜੀ) ਨੇ ਜਵਾਬ ਦਿੱਤਾ ਕਿ ਉਹ ਦੀਵਾਲੀ ਤੋਂ ਪਹਿਲਾਂ ਹੁਕਮ ਜਾਰੀ ਕਰਨਗੇ। (ਗੁਰੂ) ਰਾਮ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਾਹਿਬ ਸਿੰਘ (ਇੱਕ ਸੂਬਾ ਜਾਂ ਲੈਫ਼ਟੀਨੈਂਟ) ਉਨ੍ਹਾਂ ਦੇ ਜਾਨਸ਼ੀਨ ਹੋਣਗੇ। ਲੁਧਿਆਣਾ ਦੇ ਕੁਝ ਰਾਮਦਾਸੀਆਂ, ਜਿਨ੍ਹਾਂ ਦੇ ਪੁਰਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੀਵਾਨਾਂ ਵਿਚ ਨਗਾਰੇ ਵਜਾਉਂਦੇ ਰਹੇ ਸਨ, ਨੇ ਕੂਕਿਆਂ ਦੇ ਦੀਵਾਨਾਂ ਵਿਚ ਵੀ ਏਹੋ ਸੇਵਾ (ਨਗਾਰਾ ਵਜਾਉਣ ਕੀ) ਦੀ ਮੰਗ ਕੀਤੀ ਹੈ। (ਗੁਰੂ) ਰਾਮ ਸਿੰਘ ਜੀ ਦੇ ਜਵਾਈ ਮਹਿਤਾਬ ਸਿੰਘ ਨੇ ਜਲੰਧਰ ਦੋਆਬ ਦੇ ਸੂਬਾ (ਕਾਹਨ ਸਿੰਘ), ਰਾਏਪੁਰ (ਲੁਧਿਆਣਾ) ਦੇ ਜਗੀਰਦਾਰ ਮੰਗਲ ਸਿੰਘ ਨਾਲ ਕਈ ਮੁਲਾਕਾਤਾਂ ਕੀਤੀਆਂ ਸਨ, ਇਨ੍ਹਾਂ ਦੋਵਾਂ ਨੇ ਕਿਸੇ ਵੀ ਤਰ੍ਹਾਂ ਦੀ ਬਗ਼ਾਵਤ ਦੀ ਹਾਲਤ 'ਚ ਮਦਦ ਦੇਣ ਦਾ ਵਾਅਦਾ ਕੀਤਾ ਸੀ। (ਗੁਰੂ) ਰਾਮ ਸਿੰਘ ਜੀ ਬ੍ਰਿਟਿਸ਼ ਸੇਵਾਵਾਂ 'ਚ ਕੰਮ ਕਰਦੇ ਸਾਰੇ ਹੀ ਸਿੱਖਾਂ ਦੇ ਹਥਿਆਰਾਂ ਨੂੰ ਆਪਣੇ ਹੀ ਮੰਨਦੇ ਹਨ ਤੇ ਉਹ ਇਹ ਗੱਲ ਨਿਸ਼ਚਿਤ ਸਮਝਦੇ ਸਨ। ਕੂਕੇ ਬੇਹੱਦ ਉਤਸ਼ਾਹੀ ਹਨ ਤੇ ਉਹ ਬਿਨਾਂ ਸ਼ਰਤ ਬਾਬਾ ਰਾਮ ਸਿੰਘ ਜੀ ਦੇ ਹੁਕਮਾਂ ਦੀ ਪਾਲਣਾ ਕਰਨੀ ਚਾਹੁੰਦੇ ਹਨ।

ਕੂਕਿਆਂ ਜਾਂ ਕਈ ਵਾਰ ਉਨ੍ਹਾਂ ਨੂੰ 'ਸੰਤ ਖ਼ਾਲਸਾ' ਵੀ ਕਿਹਾ ਜਾਂਦਾ ਹੈ, ਦਾ

* ਕੈਪਟਨ ਮੈਂਜ਼ੀਸ ਤੇ ਲੈਫ਼ਟੀਨੈਂਟ ਰਾਮਸੇ ਨੇ ਇਸ ਵਿਅਕਤੀ ਦਾ ਜ਼ਿਕਰ ਕੀਤਾ ਸੀ। ਜਦੋਂ ਕੈਪਟਨ ਨੇ ਲਿਖਿਆ ਸੀ ਕਿ ਉਹ ਜਲੰਧਰ ਦੇ ਕਰਤਾਰਪੁਰ ਵਿਖੇ ਸੀ ਅਤੇ ਜਦੋਂ ਲੈਫ਼ਟੀਨੈਂਟ ਨੇ ਆਪਣੀ ਰਿਪੋਰਟ 'ਚ ਲਿਖਿਆ ਸੀ, ਤਦ ਉਹ ਜ਼ਿਲ੍ਹੇ ਦੇ ਰਾਹੋਂ ਥਾਣਾ ਅਧੀਨ ਪੈਂਦੇ ਦੁਰਗਾਪੁਰ 'ਚ ਸੀ।

ਆਪਣੇ ਖ਼ੁਦ ਦਾ ਨਿਜੀ ਡਾਕ ਪ੍ਰਬੰਧ ਹੈ, ਜੋ ਬਹੁਤ ਹੀ ਸ਼ਲਾਘਾਯੋਗ ਹੱਦ ਤੱਕ ਸੰਗਠਨਾਤਮਕ ਹੈ। ਗੁਪਤ ਹੁਕਮ ਸਕਾਟਲੈਂਡ ਦੇ ਪੁਰਾਣੇ ਵੇਲਿਆਂ ਵਾਂਗ ਜਾਰੀ ਕੀਤੇ ਜਾਂਦੇ ਹਨ। ਜਦੋਂ ਵੀ ਕੋਈ ਕੂਕੇ ਦਾ ਕੋਈ ਚਿੱਠੀ ਪੱਤਰ/ਹੁਕਮ ਕਿਤੇ ਅੱਗੇ ਪਹੁੰਚਾਉਣ ਲਈ ਕਿਸੇ ਕੂਕੇ ਦੇ ਪਿੰਡ ਪੁੱਜਦਾ ਹੈ, ਤਾਂ ਉਹ ਤੁਰੰਤ ਉਸ ਪੱਤਰ/ਹੁਕਮ ਨੂੰ ਸਹੀ ਟਿਕਾਣੇ 'ਤੇ ਪਹੁੰਚਾਉਣ ਲਈ ਉਥੋਂ ਰਵਾਨਗੀ ਪਾ ਦਿੰਦਾ ਹੈ, ਉਸ ਵੇਲੇ ਉਹ ਭਾਵੇਂ ਜੋ ਮਰਜ਼ੀ ਕੰਮ ਕਰ ਰਿਹਾ ਹੋਵੇ; ਜੇ ਕਿਤੇ ਉਹ ਖਾਣਾ ਖਾ ਰਿਹਾ ਹੋਵੇ ਤਾਂ ਉਹ ਆਪਣੀ ਰੋਟੀ ਅਧਵਾਟੇ ਛੱਡ ਦੇਵੇਗਾ ਤੇ ਅਗਲੀ ਬੁਰਕੀ ਮੂੰਹ 'ਚ ਨਹੀਂ ਪਾਵੇਗਾ ਤੇ ਕੋਈ ਸੁਆਲ ਵੀ ਨਹੀਂ ਪੁੱਛੇਗਾ, ਸਗੋਂ ਸੁਨੇਹਾ, ਸਾਮਾਨ ਜਾਂ ਚਿੱਠੀ ਅੱਗੇ ਟਿਕਾਣੇ 'ਤੇ ਪਹੁੰਚਾਉਣ ਲਈ ਤੁਰੰਤ ਦੌੜ ਕੇ ਰਵਾਨਾ ਹੋ ਜਾਵੇਗਾ। ਅਹਿਮ ਸੁਨੇਹੇ ਲਿਖਤੀ ਤੌਰ 'ਤੇ ਨਹੀਂ, ਸਗੋਂ ਜ਼ੁਬਾਨੀ ਭੇਜੇ ਜਾਂਦੇ ਹਨ। ਮੇਜਰ ਪਰਕਿਨਜ਼ ਅਨੁਸਾਰ ਕੂਕੇ ਆਪਣੇ ਸੁਨੇਹੇ ਲਿਜਾਂਦੇ ਸਮੇਂ ਸਿੱਧੇ ਰਸਤੇ ਇਸਤੇਮਾਲ ਨਹੀਂ ਕਰਦੇ, ਉਹ ਜਰਨੈਲੀ ਸੜਕਾਂ 'ਤੋਂ ਕਦੇ ਨਹੀਂ ਜਾਂਦੇ। ਇਸ ਮਾਮਲੇ 'ਚ ਥੋੜ੍ਹਾ ਸ਼ੱਕ ਪੈਦਾ ਹੋ ਸਕਦਾ ਹੈ ਕਿ ਭਾਵੇਂ ਇਹ ਮਸ਼ੀਨਰੀ ਇੱਕ ਧਾਰਮਿਕ ਸੁਧਾਰ ਦੇ ਮੰਤਵ ਲਈ ਸੇਧਤ ਹੈ, ਫਿਰ ਵੀ ਗ਼ੈਰ-ਨੈਤਿਕ ਕਿਸਮ ਦੇ ਲੋਕ ਇਸ ਤੋਂ ਸਿਆਸੀ ਖ਼ਤਰੇ ਦਾ ਇਸ਼ਾਰਾ ਆਸਾਨੀ ਨਾਲ ਦੇ ਹੀ ਦਿੰਦੇ ਹਨ। ਮੇਜਰ ਪਰਕਿਨਜ਼ ਤੱਕ ਅਜਿਹੀਆਂ ਰਿਪੋਰਟਾਂ ਵੀ ਪੁੱਜੀਆਂ ਹਨ ਕਿ ਕੂਕੇ ਇਸ ਵੇਲੇ ਸ਼ਰੇਆਮ ਦੇਸ਼ ਦੇ ਮਾਲਕ ਬਣਨ ਦੀਆਂ ਗੱਲਾਂ ਕਰਦੇ ਹਨ, ਜਦੋਂ ਉਹ ਇਸ ਨਵੇਂ ਸੰਪਰਦਾਇ ਨੂੰ ਇਸ ਪੂਰੇ ਦੇਸ਼ ਵਿੱਚ ਫੈਲਾ ਦੇਣਗੇ। ਗੁਰੂ ਹੁਕਮ ਨੂੰ ਮੰਨਣ ਵਾਲੇ ਲੋਕ ਉਤਸ਼ਾਹੀ ਹੁੰਦੇ ਹਨ ਅਤੇ ਬਾਬਾ (ਗੁਰੂ) ਰਾਮ ਸਿੰਘ ਜੀ ਦੇ ਪੈਰੋਕਾਰਾਂ ਨੇ ਖ਼ੁਦ ਨੂੰ ਬਹੁਤ ਹੀ ਵਿਵਸਥਾਤਮਕ ਢੰਗ ਨਾਲ ਰੱਖਿਆ ਹੋਇਆ ਹੈ ਅਤੇ ਕਿਸੇ ਤਰ੍ਹਾਂ ਦੀ ਭੜਕਾਹਟ ਸਮੇਂ ਵੀ ਉਨ੍ਹਾਂ ਸਬਰ ਵਿਖਾਇਆ ਹੈ, ਕਿਸੇ ਸੰਪਰਦਾਇਆ 'ਚ ਕੁਝ ਵਧੇਰੇ ਕੱਟੜ ਲੋਕਾਂ ਬਾਰੇ ਫੈਲੀਆਂ ਗੱਲਾਂ ਨੂੰ ਬਹੁ-ਗਿਣਤੀ ਦੇ ਮਨਾਂ 'ਚ ਪਾਈ ਜਾਣ ਧਾਰਨਾ ਦਾ ਸਹੀ ਸੂਚਕ-ਅੰਕ ਨਹੀਂ ਮੰਨਿਆ ਜਾ ਸਕਦਾ।

ਕੂਕਿਆਂ ਦੇ ਮਨਾਂ 'ਚ ਮਕਬਰਿਆਂ, ਮੰਦਰਾਂ ਜਾਂ ਧਾਰਮਿਕ ਅਸਥਾਨਾਂ ਲਈ ਕੋਈ ਕਦਰ ਨਹੀਂ ਹੈ, ਉਹ ਪੂਜਨੀਕ ਮੂਰਤੀਆਂ ਵੀ ਤੋੜ ਦਿੰਦੇ ਹਨ। ਸ਼ਾਇਦ ਇਸ ਨਗਰੀ ਦੇ ਸਿੱਖ ਧਰਮ ਦੀ ਰਾਜਧਾਨੀ ਤੇ ਕੇਂਦਰ ਹੋਣ ਕਾਰਨ ਅੰਮ੍ਰਿਤਸਰ 'ਚ ਸ੍ਰੀ ਹਰਿਮੰਦਰ ਸਾਹਿਬ ਦਾ ਬੇਹੱਦ ਸਤਿਕਾਰ ਹੁੰਦਾ ਹੈ। ਪੁਜਾਰੀ, ਬ੍ਰਾਹਮਣ ਤੇ ਹੋਰ ਅਧਿਆਤਮਕ ਵਿਅਕਤੀ ਜੋ ਕੱਟੜ ਹਿੰਦੂਆਂ ਵੱਲੋਂ ਮੰਨਤ ਬਦਲੇ ਭੇਟ ਕੀਤੀਆਂ ਜਾਣ ਵਾਲੇ ਧਨ ਜਾਂ ਹੋਰ ਵਸਤਾਂ ਦੇ ਸਹਾਰੇ ਆਪਣਾ ਡੰਗ ਟਪਾਉਂਦੇ ਹਨ, ਉਹੀ ਇਸ ਨਵੇਂ ਸੰਪਰਦਾਇ ਦੇ ਕੱਟੜ ਦੁਸ਼ਮਣ ਹਨ ਕਿਉਂਕਿ ਇਸ ਦੇ ਸਿਧਾਂਤ ਫੈਲਣ ਦੀ ਹਾਲਤ ਵਿੱਚ ਉਨ੍ਹਾਂ ਨੂੰ ਵਿਆਹਾਂ ਮੌਕੇ ਮਿਲਣ ਵਾਲੇ ਪੈਸੇ ਅਤੇ ਹੋਰ ਫ਼ਾਇਦੇ ਮਿਲਣੇ ਬੰਦ ਹੋ ਜਾਣਗੇ।''

---

*ਨੋਟ:-* ਪਹਿਲੇ ਯਾਦ-ਪੱਤਰ ਤੇ ਦੂਜੇ ਵਰਨਣ 'ਚ ਦਰਜ ਬਿਆਨ ਇਸ ਖਾਤੇ 'ਚੋਂ ਹਟਾ ਦਿੱਤੇ ਗਏ ਹਨ। (ਸੰਕਲਨ ਕਰਤਾ)

# 12

## ਕੂਕਾ ਸੰਪਰਦਾਇ ਤੇ ਉਨ੍ਹਾਂ ਦੇ ਲੀਡਰਾਂ ਦੇ ਵੇਰਵੇ।

ਪੰਜਾਬ ਸਰਕਾਰ ਦੇ ਸਕੱਤਰ ਟੀ.ਐੱਚ. ਥੌਰੰਟਨ, ਵੱਲੋਂ ਭਾਰਤ ਸਰਕਾਰ ’ਚ ਵਿਦੇਸ਼ ਵਿਭਾਗ ਦੇ ਕਾਰਜਕਾਰੀ ਸੈਕਰੈਟਰੀ ਜੇ.ਡਬਲਿਊ.ਐੱਸ. ਵਿਲੀ, ਨੂੰ, ਨੰ. 157-54 ਮਿਤੀ 2 ਫ਼ਰਵਰੀ, 1867.

ਕੂਕਿਆਂ ਤੇ ਉਨ੍ਹਾਂ ਦੇ ਭੈਣੀ ਸਥਿਤ ਆਗੂ ਬਾਬਾ ਰਾਮ ਸਿੰਘ ਬਾਰੇ ਪ੍ਰਾਪਤ ਰਿਪੋਰਟਾਂ ਤੋਂ ਪੁਲਿਸ ਦੇ ਇੰਸਪੈਕਟਰ ਜਨਰਲ ਦਫ਼ਤਰ ’ਚ ਇਕੱਠੇ ਕੀਤੇ ਤੱਤ-ਸਾਰ ਦੀਆਂ ਦੋ ਕਾਪੀਆਂ ਭੇਜਣ ਦੀ ਹਦਾਇਤ ਮੈਨੂੰ ਜਾਰੀ ਕੀਤੀ ਗਈ ਹੈ।

ਜਿਗਿਆਸੀਆਂ ਜਾਂ ਅਭਿਆਸੀਆਂ ਦੇ ਕੂਕਾ ਸੰਪਰਦਾਇ ਦੀ ਸ਼ੁਰੂਆਤ ਸਾਲ 1847 ’ਚ ਰਾਵਲਪਿੰਡੀ ਜ਼ਿਲ੍ਹੇ ’ਚ ਰਹਿੰਦੇ ਅਰੋੜਾ ਜਾਤੀ ਦੇ ਬਾਲਕ ਸਿੰਘ ਜੀ ਨਾਂਅ ਦੇ ਇੱਕ ਸਿੱਖ ਨੇ ਕੀਤੀ ਸੀ। ਬਾਲਕ ਸਿੰਘ ਜੀ ਹਜ਼ਰੋ ਵਿਖੇ ਰਹਿੰਦੇ ਸਨ ਤੇ ਉਨ੍ਹਾਂ ਜਨਵਰੀ 1863 ’ਚ ਆਪਣੇ ਦੇਹਾਂਤ ਤੱਕ ਵੱਡੀ ਗਿਣਤੀ ’ਚ ਲੋਕ ਕੂਕੇ ਬਣਾ ਦਿੱਤੇ ਸਨ। ਉਨ੍ਹਾਂ ਦੇ ਵਧੇਰੇ ਨੇੜੇ ਤਿੰਨ ਸ਼ਿਸ਼ ਸਮਝੇ ਜਾਂਦੇ ਸਨ - ਕਾਹਨ ਸਿੰਘ, ਜੋ ਹੁਣ ਹਜ਼ਰੋ ’ਚ ਸੰਪਰਦਾਇ ਦੇ ਮੁਖੀ ਹਨ; ਅੰਮ੍ਰਿਤਸਰ ਦੇ ਲਾਲ ਸਿੰਘ ਅਤੇ ਲੁਧਿਆਣਾ ਜ਼ਿਲ੍ਹੇ ’ਚ ਭੈਣੀ ਸਾਹਿਬ ਦੇ ਨਿਵਾਸੀ (ਗੁਰੂ) ਰਾਮ ਸਿੰਘ। ਬਾਲਕ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਇਸ ਆਖ਼ਰੀ ਸ਼ਿਸ਼ ਨੂੰ ਹੀ ਸੰਪਰਦਾਇ ਦਾ ਮੁਖੀ - ਗੁਰੂ - ਥਾਪਿਆ ਗਿਆ ਸੀ।

2. (ਗੁਰੂ) ਰਾਮ ਸਿੰਘ ਪਿੰਡ ਭੈਣੀ ਦੇ ਇੱਕ ਗ਼ਰੀਬ ਤਰਖਾਣ ਜੱਸਾ ਸਿੰਘ ਦੇ ਪੁੱਤਰ ਹਨ। ਜੱਸਾ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਭੈਣੀ ਵਿਖੇ ਹੀ ਤਰਖਾਣ ਵਜੋਂ ਕੰਮ ਕਰਦਿਆਂ ਬਿਤਾਇਆ ਤੇ ਹੁਣ ਵੀ ਉਹ ਇਸੇ ਪਿੰਡ ’ਚ ਰਹਿ ਰਹੇ ਹਨ। ਬਚਪਨ ਤੋਂ ਜਵਾਨੀ ਤੱਕ ਰਾਮ ਸਿੰਘ ਜੀ ਨੇ ਆਪਣੇ ਪਿਤਾ ਦੇ ਕੰਮ-ਕਾਜ ’ਚ ਹੱਥ ਵਟਾਇਆ ਪਰ ਸਾਲ 1844* ’ਚ ਉਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ’ਚ ਨੌਨਿਹਾਲ ਸਿੰਘ ਦੀ ਰੈਜਿਮੈਂਟ ਦੇ ਇੱਕ ਸਵਾਰ ਵਜੋਂ ਭਰਤੀ ਹੋ ਗਏ ਸਨ। 1846 ’ਚ ਲਾਹੌਰ ’ਤੇ ਜਿੱਤ ਹਾਸਲ ਕਰਦੇ ਸਮੇਂ ਬਾਬਾ ਰਾਮ ਸਿੰਘ ਜੀ ਨੇ ਮਹਾਰਾਜੇ ਦੀ ਫ਼ੌਜ ਦੀ ਨੌਕਰੀ ਛੱਡ ਦਿੱਤੀ ਸੀ ਤੇ ਭੈਣੀ ਪਰਤ ਆਏ ਸਨ, ਜਿੱਥੇ ਉਨ੍ਹਾਂ ਇੱਕ ਤਰਖਾਣ ਵਜੋਂ ਵਿਚਰਨਾ ਸ਼ੁਰੂ ਕਰ ਦਿੱਤਾ ਸੀ। ਪਿਛਲੇ 10 ਸਾਲਾਂ ਤੋਂ ਉਹ ਇੱਕ ਬਾਣੀਏ ਵਰਗੀ ਦੁਕਾਨ ਚਲਾ ਰਹੇ ਹਨ, ਜਿੱਥੇ ਫੁਟਕਲ ਵਸਤਾਂ ਦੇ ਨਾਲ-ਨਾਲ ਲੋਹਾ ਤੱਕ ਵੇਚਿਆ ਜਾਂਦਾ ਹੈ। ‘‘ਇਹ ਕਿਹਾ ਕੀਤਾ ਜਾਂਦਾ ਹੈ ਕਿ ਸਾਲ 1850 ’ਚ ਲੁਧਿਆਣੇ ਰਾਮ ਸਿੰਘ ਆਪਣੇ ਮਾਲਕ ਦੀ ਵੱਡੀ ਰਕਮ ਲੈ ਕੇ ਫ਼ਰਾਰ ਹੋ ਗਏ ਸਨ ਤੇ ਉਸੇ ਰਕਮ ਨਾਲ ਉਨ੍ਹਾਂ ਭੈਣੀ ਵਿਖੇ ਇੱਕ ਭਾਈਵਾਲ ਨਾਲ ਮਿਲ ਕੇ ਆਪਣੀ ਦੁਕਾਨ ਖੋਲ੍ਹ ਲਈ ਸੀ। ਉਹੀ ਭਾਈਵਾਲ ਬਾਅਦ ’ਚ ਬਿਲਕੁਲ ਉਸੇ ਚਾਲ

* (1844 ਨਹੀਂ ਸਗੋਂ 1836-37)

ਨਾਲ ਸਾਰੀ ਨਕਦੀ ਲੈ ਕੇ ਭੱਜ ਗਿਆ, ਜਿਸ ਤਰ੍ਹਾਂ ਬਾਬਾ ਰਾਮ ਸਿੰਘ ਜੀ ਨੇ ਆਪਣੇ ਪਹਿਲੇ ਮਾਲਕ ਨਾਲ ਕੀਤਾ ਸੀ। (ਇਹ ਘਟਨਾ ਗਲਤ ਤੇ ਬੇ-ਬੁਨਿਆਦੀ ਹੈ) ਇਸ ਅਣਸੁਖਾਵੀਂ ਘਟਨਾ ਤੋਂ ਬਾਅਦ ਰਾਮ ਸਿੰਘ ਜੀ ਰਾਵਲਪਿੰਡੀ ਜ਼ਿਲ੍ਹੇ 'ਚ ਗਏ, ਜਿੱਥੇ ਉਹ ਉਦਾਸੀ ਫ਼ਕੀਰ ਹਜ਼ਰੋ ਦੇ ਬਾਲਕ ਸਿੰਘ ਜੀ ਨੂੰ ਮਿਲੇ ਅਤੇ ਫਿਰ ਉਨ੍ਹਾਂ ਦੇ ਅਧਿਆਤਮਕ ਉਪਦੇਸ਼ਾਂ ਮੁਤਾਬਕ ਹੀ ਅੱਗੇ ਵਧਣ ਲੱਗੇ। ਬਾਲਕ ਸਿੰਘ ਜੀ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਇਸ ਸੰਪਰਦਾਇ ਦੇ ਸਿਧਾਂਤਾਂ ਦੇ ਅਨੁਕੂਲ ਬਣਾ ਦਿੱਤਾ ਤੇ ਫਿਰ ਉਨ੍ਹਾਂ ਨੂੰ ਪ੍ਰਚਾਰ ਕਰਨ ਲਈ ਆਖਿਆ। ਉਨ੍ਹਾਂ 1858 'ਚ ਲੁਧਿਆਣਾ ਜ਼ਿਲ੍ਹੇ 'ਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ 1860 'ਚ ਉਹ ਇਸ ਸੰਪਰਦਾਇ ਦੇ ਮੁਖੀ ਬਣ ਗਏ ਤੇ ਉਨ੍ਹਾਂ ਦੇ ਨਾਂਅ ਨਾਲ 'ਭਾਈ' ਦਾ ਖ਼ਿਤਾਬ ਲੱਗ ਗਿਆ।''

3. ਹਿੰਦੂ ਤੇ ਮੁਸਲਮਾਨ ਸਮੇਤ ਸਾਰੀਆਂ ਜਾਤਾਂ ਦੇ ਲੋਕ ਕੂਕੇ ਬਣ ਸਕਦੇ ਹਨ। ਲੁਧਿਆਣਾ ਦੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਮੇਜਰ ਪਰਕਿਨਜ਼ ਲਿਖਦੇ ਹਨ ਕਿ ਜ਼ਿਆਦਾਤਰ ਜੱਟਾਂ, ਤਰਖਾਣਾਂ, ਚਮਾਰਾਂ ਤੇ ਮਜ਼ਹਬੀਆਂ 'ਚੋਂ ਨਵੇਂ ਕੂਕੇ ਬਣੇ ਹਨ ਅਤੇ ਖੱਤਰੀਆਂ, ਬ੍ਰਾਹਮਣਾਂ, ਬਾਣੀਆਂ 'ਚੋਂ ਬਹੁਤ ਘੱਟ ਨੇ ਇਸ ਸੰਪਰਦਾਇ ਨੂੰ ਅਪਣਾਇਆ ਹੈ ਅਤੇ ਉਹ ਸਿਰਫ਼ ਦੋ ਮੁਸਲਮਾਨਾਂ ਨੂੰ ਜਾਣਦੇ ਹਨ, ਜਿਹੜੇ ਕੂਕੇ ਬਣੇ ਹਨ। ਜੂਨ 1863 'ਚ ਗੁਰਦਾਸਪੁਰ ਜ਼ਿਲ੍ਹੇ 'ਚ ਰਹਿੰਦੇ ਸਮੇਂ ਸ੍ਰੀ ਕਿੰਚੈਂਟ ਨੇ ਪਾਇਆ ਸੀ ਕਿ ਨਿਮਨਲਿਖਤ ਵਰਗਾਂ ਨੇ ਸਭ ਤੋਂ ਵੱਧ ਕੂਕਾ ਸੰਪਰਦਾਇ ਨੂੰ ਅਪਣਾਇਆ ਸੀ - ਤਰਖਾਣ, ਲੁਹਾਰ, ਲਿਬਾਣੀ, ਸੈਣੀ, ਭੱਟੀ, ਖੁਲਾਲ, ਝਿਊਰ ਤੇ ਜੱਟਾਂ ਦੇ ਕੁਝ ਹੇਠਲੇ ਵਰਗ। ਅੰਮ੍ਰਿਤਸਰ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਕੈਪਟਨ ਮੈਂਜ਼ੀਸ ਨੇ ਆਪਣੀ ਮਿਤੀ 22 ਸਤੰਬਰ, 1866 ਦੀ ਇੱਕ ਰਿਪੋਰਟ 'ਚ ਦੱਸਿਆ ਹੈ ਕਿ ਤਰਖਾਣ, ਅਰੋੜੇ ਤੇ ਝੁਤਰਾਸ ਜਿਹੀਆਂ ਜਾਤੀਆਂ ਨਾਲ ਸੰਬੰਧਤ ਲੋਕਾਂ 'ਚ ਇਹ ਸੰਪਰਦਾਇ ਵਿਚ ਸ਼ਾਮਲ ਹੋ ਰਹੇ ਹਨ। ਅੰਬਾਲਾ ਦੇ ਉਦੋਂ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਕੈਪਟਨ ਪਾਰਸਨਜ਼ ਨੇ ਵੀ ਇਹੋ ਗੱਲ ਨੋਟ ਕੀਤੀ ਹੈ ਕਿ ਸਿਰਫ਼ ਗ਼ਰੀਬ ਵਰਗਾਂ ਦੇ ਲੋਕ ਹੀ ਨਵੇਂ ਕੂਕੇ ਬਣ ਰਹੇ ਹਨ।

4. (ਗੁਰੂ) ਰਾਮ ਸਿੰਘ ਜੀ ਦੇ ਪੈਰੋਕਾਰਾਂ ਦੇ ਸਿਧਾਂਤਾਂ ਨਾਲ ਸੰਬੰਧਤ ਹਾਸਲ ਸਾਰੀ ਜਾਣਕਾਰੀ ਮੇਲ ਨਹੀਂ ਖਾਂਦੀ, ਇਸੇ ਲਈ ਇਹ ਦਰੁਸਤ ਰਹੇਗਾ ਕਿ ਇਸ ਵਿਸ਼ੇ 'ਤੇ ਮੌਜੂਦ ਸਾਰੀ ਜਾਣਕਾਰੀ ਇੱਥੇ ਇਕੱਠੀ ਕਰ ਲਈ ਜਾਵੇ।

5. ਇੰਝ ਜਾਪਦਾ ਹੈ ਕਿ ਇਸ ਸੰਪਰਦਾਇ ਦੀ ਇੱਕ ਗੁਪਤ ਡਿਵੀਜ਼ਨ ਹੈ, ਜਿਸ ਨੂੰ ਸਿਰਫ਼ ਪ੍ਰਚਾਰ ਕਰਨ ਦਾ ਹੀ ਕੰਮ ਸੌਂਪਿਆ ਗਿਆ ਹੈ; ਅਤੇ ਸਿਆਲਕੋਟ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਕੈਪਟਨ ਟੱਲੋਚ ਦੀ ਇੱਕ ਰਿਪੋਰਟ (ਮਿਤੀ 10 ਨਵੰਬਰ, 1866) ਮੁਤਾਬਕ ਇੰਝ ਜਾਪਦਾ ਹੈ ਕਿ ਹਰੇਕ ਨਵੇਂ ਕੂਕੇ ਨੂੰ ਹਰ ਹਾਲਤ 'ਚ ਭੈਣੀ ਵਿਖੇ ਜਾਣਾ ਹੀ ਪੈਂਦਾ ਹੈ, ਜਿੱਥੇ ਉਸ ਨੂੰ ਗੰਢਾਂ (ਮਣਕਿਆਂ) ਵਾਲੀ ਉੱਨ ਦੀ ਮਾਲਾ ਹਾਸਲ ਹੁੰਦੀ ਹੈ, ਜੋ ਉਸ ਦੇ ਮੱਤ ਜਾਂ ਧਰਮ ਨੂੰ ਦਰਸਾਉਂਦੀ ਹੈ।

6. ਕੂਕਿਆਂ 'ਚ ਇੱਕ ਥਾਂ 'ਤੇ ਇਕੱਠੇ ਹੋਣ ਦੀ ਰੀਤ ਹੈ, ਜਿੱਥੇ ਉਹ (ਸ੍ਰੀ ਗੁਰੂ) ਗ੍ਰੰਥ (ਸਾਹਿਬ) ਅਤੇ 'ਚੰਡੀ ਪਾਠ'* ਦਾ ਪਾਠ ਕਰਦੇ ਹਨ ਅਤੇ ਇਹ

ਇਜਲਾਸ ਆਮ ਤੌਰ 'ਤੇ ਦੋ ਜਾਂ ਤਿੰਨ ਦਿਨਾਂ ਤੱਕ ਚੱਲਦਾ ਹੈ ਅਤੇ ਇਸ ਦੌਰਾਨ ਨਿਮਨਲਿਖਤ ਰਸਮਾਂ ਕੀਤੀਆਂ ਜਾਂਦੀਆਂ ਹਨ - ਪਹਿਲੀ, ਦੋ ਜਾਂ ਤਿੰਨ ਮਣ ਲੱਕੜਾਂ ਇਕੱਠੀਆਂ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਅੱਗ ਲਾ ਦਿੱਤੀ ਜਾਂਦੀ ਹੈ, ਫਿਰ ਘਿਓ, ਹਲਵਾ, ਫਲ ਆਦਿ ਉਸ 'ਤੇ ਸੁੱਟੇ ਜਾਂਦੇ ਹਨ, ਜਿਸ ਨਾਲ ਅੱਗ ਮੱਠੀ-ਮੱਠੀ ਮੱਚਦੀ ਰਹਿੰਦੀ ਹੈ, ਉਸ ਦੁਆਲੇ ਇਕੱਠੇ ਹੋਏ ਕੂਕੇ (ਸ੍ਰੀ ਗੁਰੂ) ਗ੍ਰੰਥ ਸਾਹਿਬ (ਗੁਰਬਾਣੀ) ਦਾ ਪਾਠ ਕਰਦੇ ਹਨ ਅਤੇ ਹੋਰ ਸ਼ਲੋਕ ਨੂੰ ਦੁਹਰਾਉਂਦੇ ਹਨ। (ਹਵਨ ਕਰਦੇ ਹਨ) ਇਸ ਤੋਂ ਬਾਅਦ ਅਜਿਹਾ ਕੁਝ ਚਿਰ ਚੱਲਣ ਤੋਂ ਬਾਅਦ ਕੁਝ ਕੂਕੇ ਇੰਨੇ ਜ਼ਿਆਦਾ ਉਤਸ਼ਾਹਿਤ ਹੋ ਜਾਂਦੇ ਹਨ ਕਿ ਉਹ ਖ਼ੁਦ ਨੂੰ ਉਸ ਅੱਗ ਵਿੱਚ ਸੁੱਟ ਦਿੰਦੇ ਹਨ। ਉਂਝ ਕੁਝ ਖ਼ਾਸ ਕੂਕਿਆਂ ਨੂੰ ਪਹਿਲਾਂ ਹੀ ਬਹੁਤ ਸਪੱਸ਼ਟ ਤੌਰ 'ਤੇ ਸਾਵਧਾਨ ਕਰ ਦਿੱਤਾ ਜਾਂਦਾ ਹੈ ਕਿ ਉਹ ਵਧੇਰੇ ਉਤਸ਼ਾਹਿਤ ਤੇ ਉਤੇਜਿਤ ਹੋ ਕੇ ਆਪਣੇ-ਆਪ ਨੂੰ ਨੁਕਸਾਨ ਨਾ ਪਹੁੰਚਾਉਣ।

7. ਇੱਥੇ ਹੇਠਾਂ ਕੁਝ ਵਧੇਰੇ ਪ੍ਰਚਲਿਤ ਸ਼ਲੋਕ ਦਿੱਤੇ ਜਾਂਦੇ ਹਨ:-

| | | |
|---|---|---|
| (i) | *ਮੜ੍ਹੀ ਮਸੀਤਾਂ ਢਾਹ ਕੇ*<br>*ਕਰ ਦੇਵੋ ਮੈਦਾਨਾ* | ਮਕਬਰੇ ਤੇ ਮਸਜਿਦਾਂ ਢਾਹ ਦੇਵੋ |
| (ii) | *ਪਹਿਲਾਂ ਮਾਰੋ ਪੀਰ ਬਣੋਈ,*<br>*ਫਿਰ ਮਾਰੋ ਸੁਲਤਾਨਾ* | ਪਹਿਲਾਂ ਬਰਬਾਦ ਕਰ ਦੇਵੋ<br>(ਜਾਂ ਢਾਅ ਦੇਵੋ) ਪੀਰ ਬਣੋਈ<br>ਤੇ ਸੁਲਤਾਨਾ ਲਈ ਵੀ ਇੰਝ ਕਰੋ |
| (iii) | *(ੳ) ਉੱਮਤ ਸਭੀ ਮੁਹੰਮਦੀ*<br>*ਖਪ ਜਾਏ ਮੈਦਾਨਾ* | ਮੁਹੰਮਦ ਦੇ ਸਾਰੇ ਪੈਰੋਕਾਰ<br>ਤੁਰੰਤ ਗ਼ਾਇਬ ਹੋ ਜਾਣਗੇ |
| (iv) | (ਅ) ਸੁੰਨਤ ਕੋਈ ਨਾ ਕਰ ਸਕੇ<br>ਕੰਬਣ ਤੁਰਕਾਨਾ | ਕੰਬਦੇ ਤੁਰਕ ਭਵਿੱਖ 'ਚ ਸੁੰਨਤ<br>ਕਰਵਾਉਣ ਦੇ ਯੋਗ ਨਹੀਂ ਰਹਿਣੇ |
| (v) | ਭੈਣੀ, ਸਤਿਗੁਰੂ ਜਗੇਸਾ<br>ਔਰ ਝੂਠ ਜਹਾਨਾ। | ਸੱਚਾ ਗੁਰੂ ਭੈਣੀ 'ਚ ਪ੍ਰਗਟ ਹੋ ਚੁੱਕਾ<br>ਹੈ; ਬਾਕੀ ਸਭ ਝੂਠ ਹੈ |

(ਅੰਤ 'ਚ ਨੋਟ ਵੇਖੋ)

(ਪੀਰ ਬੰਨੋਈ (ਪਟਿਆਲਾ) ਤੇ ਸੁਲਤਾਨਾ (ਮੁਲਤਾਨ ਵੱਲ) ਦੋ ਤੀਰਥ-ਅਸਥਾਨ ਹਨ।)

---

* 'ਚੰਡੀ ਪਾਠ' ਬਹੁਤ ਸਾਰੇ ਹਿੰਦੂ ਧਾਰਮਿਕ ਗ੍ਰੰਥਾਂ 'ਚੋਂ ਇੱਕ ਹੈ, ਜੋ ਚੰਡੀ ਦੇਵੀ ਦੀ ਤਾਰੀਫ਼ 'ਚ ਲਿਖਿਆ ਗਿਆ ਹੈ। ਹਿੰਦੂ ਇਸ 'ਚ ਆਪਣੇ ਸ਼ਲੋਕ (ਪੰਜਾਬੀ ਅਲੋਚਕ ਦਾ ਜਵਾਬ ਦਿੰਦਿਆਂ) ਚੁਣ ਲੈਂਦੇ ਹਨ ਪਰ ਇਹ ਗੱਲ ਅਜੀਬ ਜਾਪਦੀ ਹੈ ਕਿ ਇਹ ਗ੍ਰੰਥ ਮੂਰਤੀ-ਪੂਜਾ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਆਮ ਤੌਰ 'ਤੇ ਇਸ ਦਾ ਪਾਠ ਕਰਨ ਵਾਲੇ ਦੇ ਹੱਥ ਵਿੱਚ ਫੁੱਲ ਫੜੇ ਹੁੰਦੇ ਹਨ, ਜਿਨ੍ਹਾਂ ਨੂੰ ਹਰੇਕ ਸ਼ਲੋਕ ਤੋਂ ਬਾਅਦ ਮੂਰਤੀ 'ਤੇ ਰੱਖਿਆ ਜਾਂਦਾ ਹੈ, ਕੂਕਿਆਂ ਨੇ ਇਹ ਸਭ ਬਹੁਤ ਸਤਿਕਾਰ ਨਾਲ ਕਰਨਾ ਹੁੰਦਾ ਹੈ। ਉਂਝ, ਇਹ ਮੰਨਿਆ ਜਾਂਦਾ ਹੈ ਕਿ ਚੰਡੀ ਪਾਠ ਦਾ ਨਿਰੰਤਰ ਪਾਠ ਕਰਦੇ ਰਹਿਣ ਨਾਲ ਸਰੀਰਕ ਤਾਕਤ ਵਿੱਚ ਵਾਧਾ ਹੁੰਦਾ ਹੈ, ਇਸੇ ਲਈ ਅਜਿਹਾ ਕਰਨ ਦੀ ਸਿਫ਼ਾਰਸ਼ ਕੂਕਿਆਂ ਨੂੰ ਕੀਤੀ ਗਈ ਹੈ।

* ਅਸਲ ਸ਼ਬਦ 'ਮਸਾਣੀਆਂ' ਹੈ, ਜਿਸ ਦਾ ਅਰਥ ਹੈ ਸ਼ਮਸ਼ਾਨਘਾਟ ਵਿੱਚ ਮੌਜੂਦ ਮਕਬਰੇ।

8. ਫ਼ਿਰੋਜ਼ਪੁਰ ਜ਼ਿਲ੍ਹੇ 'ਚ ਮਕਬਰੇ ਢਾਹੁਣ ਦੇ ਇੱਕ ਹਾਲੀਆ ਮਾਮਲੇ 'ਚ ਇੱਕ ਮੁਦਾਇਲਾ ਜਦੋਂ ਆਪਣੇ 'ਤੇ ਲੱਗੇ ਦੋਸ਼ ਤੋਂ ਇਨਕਾਰ ਕਰ ਰਿਹਾ ਸੀ, ਤਦ ਉਸ ਨੇ ਆਪਣੇ ਵਿਸ਼ਵਾਸ ਦਾ ਤੱਤ-ਸਾਰ ਕੁਝ ਨਿਮਨਲਿਖਤ ਅਨੁਸਾਰ ਬਿਆਨਿਆ ਸੀ ਤੇ ਨਾਲ ਹੀ ਉਸ ਨੇ ਇਹ ਟਿੱਪਣੀ ਵੀ ਕੀਤੀ ਸੀ ਕਿ ਉਹ ਅਜਿਹੇ ਸਿਧਾਂਤ ਨੂੰ ਮੰਨਦਿਆਂ ਕੋਈ ਗ਼ੈਰ-ਕਾਨੂੰਨੀ ਕੰਮ ਕਿਵੇਂ ਕਰ ਸਕਦਾ ਹੈ। ''ਸਾਡਾ ਧਰਮ ਮਾਸ ਤੇ ਨਸ਼ੀਲੇ ਪਦਾਰਥਾਂ ਤੋਂ ਪਰਹੇਜ਼ ਰੱਖਣ ਲਈ ਪ੍ਰੇਰਦਾ ਹੈ ਪਰ ਪਰ ਅਸੀਂ ਕਿਸੇ ਦਵਾਈ ਦੇ ਤੌਰ 'ਤੇ ਨਸ਼ਾ ਲੈ ਸਕਦੇ ਹਾਂ; ਅਸੀਂ ਲੜਦੇ-ਝਗੜਦੇ ਨਹੀਂ, ਚੋਰੀ ਨਹੀਂ ਕਰਦੇ, ਝੂਠ ਨਹੀਂ ਬੋਲਦੇ, ਪਰਾਈ ਇਸਤ੍ਰੀ ਨਾਲ ਹਮ-ਬਿਸਤਰ ਨਹੀਂ ਹੁੰਦੇ ਜਾਂ ਵਿਸਾਹਘਾਤ ਨਹੀਂ ਕਰਦੇ। ਅਸੀਂ ਸਾਧਾਰਣ ਲੋਕਾਂ ਦੀਆਂ ਨਹੀਂ, ਸਗੋਂ ਕੁਝ ਪ੍ਰਸਿੱਧ ਵਿਅਕਤੀਆਂ ਦੀਆਂ ਦਰਗਾਹਾਂ ਜਾਂ ਮਕਬਰਿਆਂ ਦਾ ਸਤਿਕਾਰ ਕਰਦੇ ਹਾਂ। ਸਾਨੂੰ ਅਕਾਲ ਪੁਰਖ ਅੱਗੇ ਅਰਦਾਸ ਕਰਨ ਦੀ ਹਦਾਇਤ ਹੈ ਅਤੇ ਸਰਕਾਰ ਜਿਸ ਨੂੰ ਅਸੀਂ ਮਾਲੀਆ ਅਦਾ ਕਰਦੇ ਹਾਂ।''

1863 'ਚ ਸਥਾਨਕ ਨਿਵਾਸੀਆਂ 'ਚ ਫੈਲੀ ਉਸ ਅਫ਼ਵਾਹ ਦਾ ਸੱਚ ਜਾਣਨ ਲਈ ਜਾਂਚ ਕੀਤੀ ਗਈ ਸੀ ਕਿ ਕੀ ਕੂਕਿਆਂ 'ਚ ਇਕੱਠੇ ਹੋ ਕੇ ਫੌਜੀ ਅਭਿਆਸ ਕਰਨ ਦੀ ਰੀਤ ਹੈ। ਉਸ ਵੇਲੇ ਇਕੱਠੇ ਕੀਤੇ ਗਏ ਦਸਤਾਵੇਜ਼ਾਂ 'ਚੋਂ ਕੁਝ ਅੰਸ਼ ਇੱਥੇ ਦਿੱਤੇ ਜਾਂਦੇ ਹਨ: ... ''ਰਾਤ ਸਮੇਂ ਉਨ੍ਹਾਂ ਵੱਲੋਂ ਅਭਿਆਸ ਕੀਤੇ ਜਾਣ ਬਾਰੇ ਕਈ ਵਾਰ ਰਿਪੋਰਟ ਮਿਲੀ ਪਰ ਉਹ ਅਜਿਹਾ ਕੁਝ ਕਰਦੇ ਹਨ ਜਾਂ ਨਹੀਂ, ਇਹ ਹਾਲੇ ਵੀ ਵੱਡਾ ਸੁਆਲ ਹੈ। ਦਿਆਲ ਸਿੰਘ ਨੰਬਰਦਾਰ ਤੇ ਵਜ਼ੀਰ, ਜਲੰਧਰ ਦੇ ਪਿੰਡ ਮੁਠੱਡਾ (ਇਹ ਸਮੁੱਚਾ ਪਿੰਡ (ਗੁਰੂ) ਰਾਮ ਸਿੰਘ ਜੀ ਨੇ ਕੂਕਾ ਬਣਾਇਆ ਸੀ) ਦੇ ਪੁਰਾਣੇ ਚੌਕੀਦਾਰ ਦਾ ਕਹਿਣਾ ਹੈ ਕਿ ਅਭਿਆਸ ਅਕਸਰ ਪਿੰਡ ਤੋਂ ਥੋੜ੍ਹੀ ਦੂਰੀ 'ਤੇ ਹੁੰਦਾ ਹੈ; ਅਤੇ ਹੁਸ਼ਿਆਰਪੁਰ ਦਾ ਸਾਰਜੈਂਟ ਬੁਹਾਲ ਸਿੰਘ ਤੇ ਨੌਕਰੀਓਂ ਕੱਢੇ ਇੱਕ ਜਾਂ ਦੋ ਸਿਪਾਹੀ ਉਨ੍ਹਾਂ ਦੀ ਅਗਵਾਈ ਕਰਦੇ ਹਨ। ਬੁਹਾਲ ਸਿੰਘ ਤਾਂ ਸਭ ਦੇ ਸਾਹਮਣੇ ਇਹ ਮੰਨਦਾ ਹੈ ਕਿ (ਗੁਰੂ) ਰਾਮ ਸਿੰਘ ਕਈ ਸਾਲਾਂ ਤੋਂ ਉਸ ਦੇ ਗੁਰੂ ਹਨ ਤੇ ਉਹ ਛੁੱਟੀ ਸਮੇਂ ਉਨ੍ਹਾਂ ਨੂੰ ਮਿਲਣ ਲਈ ਜਾਂਦਾ ਹੈ, ਉਨ੍ਹਾਂ ਦੀਆਂ ਰਸਮਾਂ 'ਚ ਸ਼ਾਮਲ ਹੁੰਦਾ ਹੈ, ਜਿਨ੍ਹਾਂ 'ਚੋਂ ਇੱਕ ਰਸਮ ਰਾਤ ਸਮੇਂ ਅਲੱਗ ਹੋਣ ਤੋਂ ਪਹਿਲਾਂ ਸਭ ਦੇ ਮਿਲ ਕੇ ਕਤਾਰ 'ਚ ਖਲੋਣ ਤੇ ਉੱਚੀ-ਉੱਚੀ ਕੁਝ ਸ਼ਲੋਕ ਦੁਹਰਾਉਣ ਦੀ ਹੈ ਅਤੇ ਸ਼ਾਇਦ ਇਸ ਪ੍ਰਕਿਰਿਆ ਨੂੰ ਆਮ ਲੋਕ ਫੌਜੀ ਅਭਿਆਸ ਸਮਝਦੇ ਹਨ।''

ਤਦ ਤੋਂ ਕੂਕਿਆਂ ਦੇ ਅਜਿਹੇ ਕਿਸੇ ਅਭਿਆਸ ਲਈ ਇਕੱਠੇ ਹੋਣ ਦੀ ਕੋਈ ਵੀ ਤਾਜ਼ਾ ਰਿਪੋਰਟ ਨਹੀਂ ਮਿਲੀ।

ਕੂਕਾ ਧਰਮ ਦੇ ਪ੍ਰਮੁੱਖ ਮੈਂਬਰਾਂ ਦੇ ਨਾਮ ਦੇਣ ਤੋਂ ਪਹਿਲਾਂ, ਇਹ ਦਰੁਸਤ ਜਾਪਦਾ ਹੈ ਕਿ ਨਵੰਬਰ 1866 'ਚ ਪਿਛਲੀ ਦੀਵਾਲੀ ਮੌਕੇ ਉਨ੍ਹਾਂ ਦੇ ਵਿਵਹਾਰ ਬਾਰੇ ਪ੍ਰਾਪਤ ਰਿਪੋਰਟਾਂ ਪੇਸ਼ ਕੀਤੀਆਂ ਜਾਣ। ਕੈਪਟਨ ਮੈਂਜ਼ੀਸ ਦਾ ਕਹਿਣਾ ਹੈ ਕਿ ਕੂਕਾ ਲੋਕ ਆਗਿਆਕਾਰੀ ਹੁੰਦੇ ਹਨ, ਹੁਕਮਾਂ ਦੀ ਪਾਲਣਾ ਕਰਦੇ ਹਨ, ਫ਼ਜ਼ੂਲ-ਖ਼ਰਚੀ ਨਹੀਂ ਕਰਦੇ ਅਤੇ ਆਪਣੇ ਸੰਪਰਦਾਇ ਦੇ ਵਿਸ਼ਵਾਸੀ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਮੰਨਦੇ

ਹਨ। ਇਸੇ ਲਈ ਅੰਮ੍ਰਿਤਸਰ 'ਚ ਬਿਨਾਂ ਕੋਈ ਗੜਬੜੀ ਕੀਤਿਆਂ ਦੀਵਾਲੀ ਮੌਕੇ ਮੌਜੂਦ ਉੱਘੇ ਕੂਕਾ ਨੇਤਾ ਰੂੜ ਸਿੰਘ ਨੇ ਕੈਪਟਨ ਮੈਂਜ਼ੀਸ ਦੀ ਉਡੀਕ ਕੀਤੀ ਤੇ ਫਿਰ ਆਪਣੇ ਸ਼ਰਧਾਲੂਆਂ ਲਈ ਦਿਸ਼ਾ-ਨਿਰਦੇਸ਼ ਪੁੱਛੇ, ਉਹ ਮਿਲੇ ਹੁਕਮਾਂ ਦੀ ਹੀ ਪਾਲਣਾ ਕਰ ਰਹੇ ਸਨ ਤੇ ਉਨ੍ਹਾਂ ਦਾ ਵਿਵਹਾਰ ਬਹੁਤ ਵਿਵਸਥਾਤਮਕ ਸੀ, ਭਾਵੇਂ ਸ਼ਾਇਦ ਉਨ੍ਹਾਂ ਕੋਲ ਸ਼ਿਕਾਇਤ ਦਾ ਕਾਰਨ ਵੀ ਸੀ ਕਿਉਂਕਿ ਉਨ੍ਹਾਂ ਦੀ ਭੇਟਾ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਤਾਂ ਪ੍ਰਵਾਨ ਕਰ ਲਿਆ ਗਿਆ ਸੀ ਪਰ ਬਾਬਾ ਅਟੱਲ ਸਾਹਿਬ ਵਿਖੇ ਲੈਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ।

ਇਹ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਕੂਕਾ ਸੰਪਰਦਾਇ ਹਰਮਨਪਿਆਰਾ ਨਹੀਂ ਹੈ। ਸਾਲ 1863 'ਚ ਗੁਰਦਾਸਪੁਰ ਜ਼ਿਲ੍ਹੇ ਦੇ ਮਾਹਲਪੁਰ ਵਿਖੇ ਕੂਕਿਆਂ ਦਾ ਇੱਕ ਇਕੱਠ ਹੋਇਆ ਸੀ। ਬਾਬਾ (ਗੁਰੂ) ਰਾਮ ਸਿੰਘ ਜੀ ਉੱਥੇ ਨਹੀਂ ਪੁੱਜੇ ਸਨ ਤੇ ਉਨ੍ਹਾਂ ਦੀ ਨੁਮਾਇੰਦਗੀ ਦੋ ਗੁਰਭਾਈਆਂ - ਭੈਣੀ, ਲੁਧਿਆਣਾ ਦੇ ਸੁਧ ਸਿੰਘ ਤੇ ਗੁਰਦਾਸਪੁਰ ਜ਼ਿਲ੍ਹੇ 'ਚ ਮਲੋਟ ਦੇ ਕਾਹਨ ਸਿੰਘ ਨੇ ਕੀਤੀ ਸੀ। ਮਾਹਲਪੁਰ ਦੇ ਗੁਨੂਰ ਸਿੰਘ, ਭਗਵਾਨ ਸਿੰਘ ਤੇ ਹੀਰਾ ਸਿੰਘ ਨੇ ਲਗਭਗ 80 ਸ਼ਰਧਾਲੂਆਂ ਨੂੰ ਲੰਗਰ ਛਕਾਉਣਾ ਸੀ ਪਰ ਪਿੰਡ ਵਾਸੀਆਂ ਨੇ ਉੱਥੇ ਇਕੱਤਰਤਾ ਹੋਣ ਨਹੀਂ ਸੀ ਦਿੱਤੀ; ਤਦ ਤਾਂ ਉਨ੍ਹਾਂ ਨੂੰ ਪਿੰਡ ਦੇ ਖੂਹਾਂ ਤੋਂ ਪਾਣੀ ਤੱਕ ਵੀ ਨਹੀਂ ਲੈਣ ਦਿੱਤਾ ਗਿਆ ਸੀ।

ਸਾਰੇ ਸਰੋਤਾਂ ਤੋਂ ਪ੍ਰਾਪਤ ਰਿਪੋਰਟਾਂ ਇਸ ਮੁੱਦੇ 'ਤੇ ਸਹਿਮਤ ਹਨ ਕਿ ਕੂਕਿਆਂ ਨੇ ਇੱਕ ਮਾਲਾ ਧਾਰਨ ਕੀਤੀ ਹੁੰਦੀ ਹੈ, ਕਛਹਿਰਾ ਪਹਿਨਿਆ ਹੁੰਦਾ ਹੈ, ਇੱਕ ਬਿਨਾਂ ਵਲ਼ੇਵਿਆਂ ਵਾਲੀ ਸਿੱਧੀ ਪਗੜੀ ਸਜਾਈ ਹੁੰਦੀ ਹੈ, ਉਨ੍ਹਾਂ ਕੋਲ ਇੱਕ ਡਾਂਗ ਜ਼ਰੂਰ ਹੁੰਦੀ ਹੈ, ਕਈ ਅਧਿਕਾਰੀਆਂ (ਲੈਫ਼ਟੀਨੈਂਟ ਮੈਕਨੀਲ, ਸਿਆਲਕੋਟ - ਕੈਪਟਨ ਬਾਊਂਡਜ਼, ਜਿਹਲਮ, ਮੇਜਰ ਪਰਕਿਨਜ਼ ਲੁਧਿਆਣਾ) ਨੇ ਆਪਣੀਆਂ ਰਿਪੋਰਟਾਂ 'ਚ ਇਹ ਵੀ ਦੱਸਿਆ ਹੈ ਕਿ ਹਰੇਕ ਕੂਕੇ ਨੂੰ ਆਪਣੀ ਪਗੜੀ 'ਚ ਇੱਕ ਨਿੱਕਾ ਚਾਕੂ (ਖੰਡਾ) ਰੱਖਣ ਦਾ ਹੁਕਮ ਵੀ ਹੁੰਦਾ ਹੈ। ਮੇਜਰ ਪਰਕਿਨਜ਼ ਨੇ ਇਹ ਵੀ ਨੋਟ ਕੀਤਾ ਕਿ ਉਹ ਚਾਕੂ ਬਿਲਕੁਲ ਖੁੰਢੇ ਤੇ ਬੇਕਾਰ ਹੁੰਦੇ ਹਨ, ਜਦ ਕਿ ਕੈਪਟਨ ਬਾਊਂਡਜ਼ ਨੂੰ ਇੱਕ ਮੁਖ਼ਬਰ ਨੇ ਦੱਸਿਆ ਕਿ ਉਹ ਚਾਕੂ ਦਰਅਸਲ 'ਕਰਦ' ਹੁੰਦੀ ਹੈ ਜਾਂ ਕਦੇ ਬਰਛੇ ਦੀ ਨੋਕ (ਖੰਡਾ) ਹੁੰਦੀ ਹੈ। ਅੰਮ੍ਰਿਤਸਰ ਦੇ ਕੈਪਟਨ ਮੈਂਜ਼ੀਸ ਇਸ ਦੇ ਉਲਟ ਬਿਆਨ ਕਰਦੇ ਹੋਏ ਦੱਸਦੇ ਹਨ ਕਿ ਉਨ੍ਹਾਂ ਕੋਲ ਕੋਈ ਵੀ ਤਿੱਖਾ ਚਾਕੂ ਨਹੀਂ ਹੁੰਦਾ। ਮੇਜਰ ਪਰਕਿਨਜ਼ ਤੇ ਕੈਪਟਨ ਵਾਲ ਨੇ ਇਸ ਹੁਕਮ ਬਾਰੇ ਸੁਣਿਆ ਸੀ ਕਿ ਹਰੇਕ ਕੂਕੇ ਨੂੰ ਇੱਕ ਕੁਹਾੜਾ ਰੱਖਣ ਦੀ ਹਦਾਇਤ ਹੈ ਪਰ ਇਹ ਪੱਕਾ ਨਹੀਂ ਕਿ ਅਜਿਹਾ ਸਾਰੇ ਕੂਕੇ ਕਰਦੇ ਹਨ ਜਾਂ ਨਹੀਂ।

ਕੂਕਿਆਂ ਦੇ ਅਭਿਆਸ ਬਾਰੇ ਗੰਡਾ ਸਿੰਘ ਦੀ ਰਿਪੋਰਟ 'ਚ ਕੋਈ ਪੁਸ਼ਟੀ ਨਹੀਂ ਕੀਤੀ ਗਈ ਹੈ।

ਇਹ ਗੱਲ ਸ਼ਾਇਦ ਵਰਨਣਯੋਗ ਹੈ ਕਿ ਸਾਰੇ ਹੀ ਕੱਟੜ ਸਿੱਖ ਇੱਕ ਕਛਹਿਰਾ ਜਾਂ ਛੋਟੀ ਨਿੱਕਰ ਜ਼ਰੂਰ ਪਹਿਨਦੇ ਹਨ, ਜਿਸ ਨੂੰ ਹਿੰਦੁਸਤਾਨੀ ਭਾਸ਼ਾ ਵਿੱਚ ਜਾਂਘੀਆ ਵੀ ਆਖਿਆ ਜਾਂਦਾ ਹੈ। ਸਿੱਖ ਆਮ ਤੌਰ 'ਤੇ ਛੋਟੀਆਂ ਕੁਹਾੜੀਆਂ ਲੈ ਕੇ ਚੱਲਦੇ

ਹਨ, ਜਿਨ੍ਹਾਂ ਨਾਲ ਉਹ ਅੱਗ ਬਾਲਣ ਵਾਲੀ ਲੱਕੜ ਕੱਟਦੇ ਹਨ ਤੇ ਕੋਈ ਸਿੱਖ ਸਿਪਾਹੀ ਤਾਂ ਕਦੇ ਵੀ ਆਪਣੀ ਰੈਜਿਮੈਂਟ 'ਚੋਂ ਛੁੱਟੀ 'ਤੇ ਜਾਣ ਸਮੇਂ ਇਸ ਦੇ ਬਿਨਾਂ ਨਿਕਲਦਾ ਹੀ ਨਹੀਂ। ਇਸ ਨਵੇਂ ਸੰਪਰਦਾਇ ਦੇ ਸ਼ਰਧਾਲੂ ਸਿੱਖਾਂ ਵਾਂਗ ਹੱਥ 'ਚ ਕੜਾ ਪਹਿਨਣ ਦੀ ਥਾਂ ਚਾਕੂ (ਕ੍ਰਿਪਾਨ) ਰੱਖਣ ਨੂੰ ਵੱਧ ਤਰਜੀਹ ਦਿੰਦੇ ਹਨ।

ਇਹ ਵਰਨਣ ਕੀਤਾ ਗਿਆ ਹੈ ਕਿ ਬਾਬਾ ਰਾਮ ਸਿੰਘ ਦੇ ਪੈਰੋਕਾਰਾਂ ਦਾ ਵਿਵਹਾਰ ਕੁੱਲ ਮਿਲਾ ਕੇ ਪੂਰੀ ਤਰ੍ਹਾਂ ਵਿਵਸਥਾ 'ਚ ਹੁੰਦਾ ਹੈ, ਇਸ ਕੂਕਾ ਸੰਪਰਦਾਇ ਦਾ ਕੇਵਲ ਇਹੋ ਅਪਰਾਧ ਰਿਹਾ ਹੈ ਕਿ ਉਹ ਮਕਬਰੇ ਢਾਹ ਦਿੰਦੇ ਹਨ ਤੇ ਮੂਰਤੀਆਂ ਤੋੜ ਦਿੰਦੇ ਹਨ। ਇੱਥੇ ਹੇਠਾਂ ਉਨ੍ਹਾਂ ਮਾਮਲਿਆਂ ਦੀ ਸੂਚੀ ਦਿੱਤੀ ਜਾਂਦੀ ਹੈ, ਜੋ ਇਸ ਵੇਲੇ ਦਰਜ ਹੋ ਚੁੱਕੇ ਹਨ (ਜਨਵਰੀ 1867)।

ਫ਼ਿਰੋਜ਼ਪੁਰ – ਵਰਿਆਮ ਸਿੰਘ, ਫ਼ਤੇਹ ਸਿੰਘ ਤੇ ਜੈਮਲ ਸਿੰਘ ਨਾਂਅ ਦੇ ਕੂਕਿਆਂ ਨੇ 1 ਸਤੰਬਰ, 1866 ਨੂੰ ਚੂਹੜ ਭੈਣੀ ਤੇ ਛੋਟੇ ਬੋੜਸ਼ੂ ਪਿੰਡਾਂ ਦੇ ਬਾਹਰਵਾਰ ਬਣੀਆਂ ਕੁਝ ਸਮਾਧਾਂ ਢਾਹ ਦਿੱਤੀਆਂ ਸਨ। ਉਨ੍ਹਾਂ 'ਚੋਂ ਇੱਕ ਸਮਾਧ ਸੰਗੂਰ ਸਿੰਘ ਦੀ ਯਾਦ ਵਿੱਚ ਬਣਾਈ ਗਈ ਸੀ, ਜਿਸ ਦੀ ਲਾਗਲੇ ਪਿੰਡਾਂ 'ਚ ਡਾਢਾ ਆਦਰ-ਮਾਣ ਸੀ। ਮੈਜਿਸਟ੍ਰੇਟ ਨੇ ਤਿੰਨ ਕੂਕਿਆਂ ਨੂੰ ਦੋਸ਼ੀ ਪਾਇਆ ਸੀ ਤੇ ਹਰ ਦੋਸ਼ੀ ਨੂੰ 20-20 ਰੁਪਏ ਜੁਰਮਾਨਾ ਤੇ ਤਿੰਨ ਮਹੀਨੇ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਜੁਰਮਾਨੇ ਦੀ ਰਕਮ ਅਦਾ ਨਾ ਕਰਨ ਦੀ ਹਾਲਤ 'ਚ ਛੇ ਮਹੀਨੇ ਦੀ ਕੈਦ ਹੋਰ ਕੱਟਣੀ ਪੈਣੀ ਸੀ। ਇੱਥੇ ਇਹ ਵੀ ਵਰਨਣਯੋਗ ਹੈ ਕਿ ਮੁੱਦਈਆਂ ਨੇ ਇਸ ਮਾਮਲੇ 'ਚ ਸਮਝੌਤਾ ਕਰਨ ਦੀ ਇੱਛਾ ਪ੍ਰਗਟਾਈ ਸੀ।

ਸਿਰਸਾ ਪੁਲਿਸ ਦੇ ਸਹਾਇਕ ਜ਼ਿਲ੍ਹਾ ਸੁਪਰਇੰਟੈਂਡੈਂਟ ਸ੍ਰੀ ਹੈਜ਼ਲੈੱਟ ਨੂੰ ਨੰਬਰਦਾਰ ਸੋਭਾ ਸਿੰਘ ਨੇ ਜਾਣਕਾਰੀ ਦਿੱਤੀ ਸੀ ਕਿ 20 ਅਕਤੂਬਰ, 1866 ਨੂੰ ਮਲੂਕ ਸਿੰਘ ਨਾਂਅ ਦੇ ਇੱਕ ਕੂਕਾ ਗੁਰੂ ਨੂੰ ਫ਼ਿਰੋਜ਼ਪੁਰ 'ਚ ਸਮਾਧਾਂ ਢਾਹੁਣ ਦੇ ਦੋਸ਼ ਅਧੀਨ ਹਿਰਾਸਤ 'ਚ ਲਿਆ ਗਿਆ ਸੀ। ਉਸ ਨੇ ਇਹ ਵੀ ਦੱਸਿਆ ਸੀ ਕਿ ਇਸ ਸੰਪਰਦਾਇ ਨੇ ਪਟਿਆਲਾ ਦੇ ਬਠਿੰਡਾ 'ਚ ਰੁੱਠੋਂ ਬਾਬਾ ਦਾ ਮਕਬਰਾ ਢਾਹੁਣ ਦੀ ਨਾਕਾਮ ਕੋਸ਼ਿਸ਼ ਵੀ ਕੀਤੀ ਸੀ। ਸੋਭਾ ਸਿੰਘ ਦਾ ਮੰਨਣਾ ਸੀ ਕਿ ਤਲਵੰਡੀ, ਮੁਕਤਸਰ ਜਾਂ ਅੰਮ੍ਰਿਤਸਰ ਵਿਖੇ ਗੜਬੜੀ ਹੋਣੀ ਤੈਅ ਹੈ। ਸੋਭਾ ਸਿੰਘ ਦੇ ਦੱਸੇ ਅਨੁਸਾਰ ਕਿਤੇ ਵੀ ਸਮਾਧ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ ਸੀ ਅਤੇ ਨਾ ਹੀ ਮਲੂਕ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ ਇਸ ਕਿਸਮ ਦੀ ਰਿਪੋਰਟ ਮੁਕਤਸਰ ਸਬ-ਡਿਵੀਜ਼ਨ ਤੋਂ ਆਈ ਸੀ। ਨਿਜੀ ਸਥਾਨਕ ਜਾਂਚ ਤੋਂ ਬਾਅਦ ਜ਼ਿਲ੍ਹਾ ਸੁਪਰਇੰਟੈਂਡੈਂਟ (ਜਿਵੇਂ ਕਿ ਡਿਪਟੀ ਇੰਸਪੈਕਟਰ ਜਨਰਲ, ਲਾਹੌਰ ਨੂੰ ਭੇਜੀ ਰਿਪੋਰਟ ਨੰ. 620, ਮਿਤੀ 19 ਦਸੰਬਰ 1866 'ਚ ਦੱਸਿਆ ਗਿਆ ਸੀ) ਦਾ ਵਿਚਾਰ ਸੀ ਕਿ ਸਮਾਧ ਨੂੰ ਬਹੁਤ ਮਾਮੂਲੀ ਜਿਹਾ ਨੁਕਸਾਨ ਪੁੱਜਾ ਸੀ ਕਿ ਇਹ ਅਨੁਮਾਨ ਲਾਉਣਾ ਵੀ ਔਖਾ ਸੀ ਕਿ ਇਹ ਕਿਸੇ ਬੰਦਿਆਂ ਨੇ ਕੀਤਾ ਹੋਵੇਗਾ ਜਾਂ ਕਿਸੇ ਜਾਨਵਰ ਨੇ। ਇਸ ਦੀ ਕੋਈ ਸ਼ਿਕਾਇਤ ਵੀ ਨਹੀਂ ਕੀਤੀ ਗਈ ਸੀ ਕਿਉਂਕਿ ਨੁਕਸਾਨ ਬਹੁਤ ਘੱਟ ਹੋਇਆ ਸੀ, ਇਸ ਲਈ ਮੁਕੱਦਮਾ ਚਲਾਉਣ ਦੀ ਇੱਛਾ ਜ਼ਾਹਿਰ ਨਹੀਂ ਕੀਤੀ

ਗਈ ਸੀ। ਇਹ ਸਮਾਧ ਮਨੁੱਖੀ ਆਬਾਦੀ ਤੋਂ ਕਾਫ਼ੀ ਦੂਰ ਸੀ, ਇਸੇ ਲਈ ਅਜਿਹੀ ਕਿਸੇ ਸ਼ਰਾਰਤ ਦਾ ਕੋਈ ਗਵਾਹ ਵੀ ਨਹੀਂ ਸੀ।

ਲੁਧਿਆਣਾ 'ਚ ਸਮਾਧਾਂ ਨੂੰ ਪਹੁੰਚਾਏ ਗਏ ਨੁਕਸਾਨ ਇਸੇ ਕਿਸਮ ਦੇ ਹੀ ਸਨ। ਕੂਕਿਆਂ ਨੇ ਕਦੇ ਕਿਸੇ ਵੱਡੇ ਕਬਰਿਸਤਾਨ ਨਾਲ ਕਦੇ ਕੋਈ ਛੇੜਖਾਨੀ ਨਹੀਂ ਕੀਤੀ ਸੀ, ਉਨ੍ਹਾਂ ਬੱਸ ਪਿੰਡਾਂ ਦੇ ਬਾਹਰਵਾਰ ਬਣੀਆਂ ਛੋਟੀਆਂ ਕਬਰਾਂ ਨੂੰ ਹੀ ਨੁਕਸਾਨ ਪਹੁੰਚਾਇਆ ਸੀ। ਦੋ ਮਾਮਲਿਆਂ 'ਚ ਪੂਰਾ ਮੁਕੱਦਮਾ ਚੱਲਿਆ ਸੀ; ਜਿਨ੍ਹਾਂ 'ਚੋਂ ਇੱਕ ਪਿਛਲੀ 7 ਜੁਲਾਈ ਨੂੰ ਗੁਜਰਾਂਵਾਲਾ ਵਿਖੇ ਵਾਪਰੀ ਘਟਨਾ ਨਾਲ ਸੰਬੰਧਤ ਸੀ। ਮੁਦਾਇਲਿਆਂ ਉੱਤਰ ਸਿੰਘ, ਚੜ੍ਹਤ ਸਿੰਘ, ਸੁਹੇਲ ਸਿੰਘ, ਲਾਲ ਸਿੰਘ ਤੇ ਸੇਵਾ ਸਿੰਘ ਨੂੰ ਤਿੰਨ-ਤਿੰਨ ਮਹੀਨੇ ਕੈਦ ਤੇ ਪੰਜ-ਪੰਜ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ। ਦੂਜੀ ਵਾਰਦਾਤ 12 ਦਸੰਬਰ, 1866 ਨੂੰ ਰੁੜਕਾ 'ਚ ਵਾਪਰੀ ਸੀ, ਜਿੱਥੇ ਬਬੀਰ ਸਿੰਘ, ਚੜ੍ਹਤ ਸਿੰਘ, ਉੱਤਮ ਸਿੰਘ ਤੇ ਜੀਵਾ ਦੋਸ਼ੀ ਠਹਿਰਾਏ ਗਏ ਸਨ ਤੇ ਹਰੇਕ ਨੂੰ 15-15 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ। ਫਸੇ ਮੁਲਜ਼ਮਾਂ ਵਿਰੁੱਧ ਦੋਸ਼ ਤੈਅ ਕਰਨਾ ਬਹੁਤ ਔਖਾ ਹੁੰਦਾ ਹੈ ਕਿਉਂਕਿ ਵਾਰਦਾਤ ਨੂੰ ਆਮ ਤੌਰ 'ਤੇ ਰਾਮ ਸਮੇਂ ਹੀ ਅੰਜਾਮ ਦਿੱਤਾ ਜਾਂਦਾ ਹੈ ਤੇ ਜ਼ਿਆਦਾਤਰ ਪਿੰਡ ਸ਼ਾਹੀ ਪੁਲਿਸ ਥਾਣਿਆਂ ਤੋਂ ਕਈ-ਕਈ ਕਿਲੋਮੀਟਰ ਸਥਿਤ ਹਨ।

ਸਿਆਲਕੋਟ ਦੇ ਪਿੰਡ ਸੁਭਾਣਾ 'ਚ ਕੁਝ ਸਮਾਧਾਂ ਨੂੰ ਨੁਕਸਾਨ ਪਹੁੰਚਾਉਣ ਦੀ ਰਿਪੋਰਟ ਮਿਲੀ ਸੀ। ਉਸ ਮਾਮਲੇ 'ਚ ਇੰਨੇ ਸਬੂਤ ਨਹੀਂ ਸਨ ਕਿ ਕੂਕਿਆਂ ਦੀ ਇੱਕ ਧਿਰ ਨੂੰ ਦੋਸ਼ੀ ਕਰਾਰ ਦਿੱਤਾ ਜਾ ਸਕਦਾ, ਜਦ ਕਿ ਬਹੁਤਾ ਸ਼ੱਕ ਉਨ੍ਹਾਂ 'ਤੇ ਹੀ ਸੀ। ਡਿਪਟੀ ਕਮਿਸ਼ਨਰ ਨੇ ਚੇਤਾਵਨੀ ਦੇ ਉਨ੍ਹਾਂ ਨੂੰ ਛੱਡ ਦਿੱਤਾ ਸੀ। ਪੰਜ ਜਨਵਰੀ ਨੂੰ ਤਿੰਨ ਕੂਕਿਆਂ ਨੂੰ ਹਿਰਾਸਤ 'ਚ ਲਿਆ ਗਿਆ ਸੀ। ਉਨ੍ਹਾਂ 'ਤੇ ਚਵਿੰਡਾ 'ਚ ਕੁਝ ਕਬਰਾਂ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਸੀ; ਉਸ ਮਾਮਲੇ 'ਚ ਮੁਕੱਦਮੇ ਦਾ ਹਾਲੇ ਕੋਈ ਨਤੀਜਾ ਸਾਹਮਣੇ ਨਹੀਂ ਆ ਸਕਿਆ।

ਗੁਜਰਾਂਵਾਲਾ ਜ਼ਿਲ੍ਹੇ 'ਚ ਭਾਵੇਂ ਅਜਿਹੀਆਂ ਕਈ ਵਾਰਦਾਤਾਂ ਵਾਪਰਨ ਦੀਆਂ ਰਿਪੋਰਟਾਂ ਦਰਜ ਹੋਈਆਂ ਸਨ ਪਰ ਪੁਖ਼ਤਾ ਸਬੂਤ ਕੇਵਲ ਉਸ ਇੱਕ ਮਾਮਲੇ 'ਚ ਹੀ ਮਿਲ ਸਕੇ ਸਨ, ਜੋ ਘਟਨਾ ਦਸੰਬਰ 'ਚ ਬੱਦੋਕੇ ਪਿੰਡ 'ਚ ਵਾਪਰੀ ਸੀ। ਭੂਕਾ ਚੀਮਾ ਪਿੰਡ ਦੇ ਚਾਰ ਜਣਿਆਂ 'ਤੇ ਸ਼ੱਕ ਸੀ, ਜਿਨ੍ਹਾਂ ਵਿੱਚੋਂ ਦੋ ਦੀ ਪਛਾਣ ਹੋ ਗਈ ਸੀ ਤੇ ਉਨ੍ਹਾਂ ਵਿਰੁੱਧ ਸੁਣਵਾਈ ਚੱਲੀ ਸੀ। ਹੁਸ਼ਿਆਰਪੁਰ ਦੀ ਰਿਪੋਰਟ ਮੁਤਾਬਕ ਸੁਧ ਸਿੰਘ ਦੀ ਅਗਵਾਈ ਹੇਠ 13 ਕੂਕਿਆਂ ਦੀ ਇੱਕ ਟੀਮ ਜ਼ਿਲ੍ਹੇ 'ਚ ਦਾਖ਼ਲ ਹੋਈ ਸੀ ਤੇ ਗੁਨਹਰੀ ਦੇ ਮੰਦਰ 'ਚ ਹਿੰਦੂ ਦੇਵੀ-ਦੇਵਤਿਆਂ ਦੀਆਂ ਕੁਝ ਮੂਰਤੀਆਂ ਦੀ ਭੰਨ-ਤੋੜ ਕਰ ਦਿੱਤੀ ਗਈ ਸੀ। ਨੂਰ ਜਮਾਲ 'ਚ ਇੱਕ ਮੁਸਲਿਮ ਮਕਬਰੇ ਨੂੰ ਢਾਹ ਦਿੱਤਾ ਗਿਆ ਸੀ ਤੇ ਦੋਸ਼ੀਆਂ 'ਚੋਂ ਕੁਝ ਨੂੰ ਹਿੰਦੂ ਮੰਦਰ ਦੇ ਸਾਹਮਣੇ ਬਣੀ ਗਊ ਦੀ ਮੂਰਤੀ ਉੱਤੇ ਬੈਠੇ ਵੇਖਿਆ ਗਿਆ ਸੀ। ਉਸ ਉੱਤੇ ਚੜ੍ਹ ਕੇ ਦੋਸ਼ੀ ਗਊ ਦੀ ਮੂਰਤੀ ਨੂੰ ਸੰਬੋਧਨ ਕਰਦਿਆਂ ਆਖ ਰਹੇ ਸਨ ਕਿ ਤੂੰ ਚੱਲ ਕੇ ਵਿਖਾ ਜੇ ਤੂੰ ਕੋਈ ਰੱਬ ਹੈਂ। ਇਨ੍ਹਾਂ ਸਾਰੇ ਦੋਸ਼ੀਆਂ ਵਿਰੁੱਧ ਅਦਾਲਤੀ ਸੁਣਵਾਈ ਹੋਈ ਸੀ ਤੇ

ਅਸਿਸਟੈਂਟ ਕਮਿਸ਼ਨਰ ਨੇ ਉਨ੍ਹਾਂ ਨੂੰ ਅਵਾਰਾਗਰਦ ਕਰਾਰ ਦਿੰਦਿਆਂ ਦੋਸ਼ੀ ਕਰਾਰ ਦਿੱਤਾ ਸੀ।

ਵੱਖੋ-ਵੱਖਰੇ ਜ਼ਿਲ੍ਹਿਆਂ 'ਚ ਨਵੇਂ ਕੂਕੇ ਬਣਨ ਵਾਲਿਆਂ ਦੀ ਗਿਣਤੀ ਬਾਰੇ ਨਿਮਨਲਿਖਤ ਨੋਟ ਅਸੀਂ ਆਪਣੇ ਰਿਕਾਰਡਾਂ 'ਚੋਂ ਲਏ ਹਨ: ਜੂਨ 1863 'ਚ (ਗੁਰੂ) ਰਾਮ ਸਿੰਘ ਜੀ ਨੇ ਫ਼ਿਰੋਜ਼ਪੁਰ ਜ਼ਿਲ੍ਹੇ 'ਚ ਮੀਟਿੰਗਾਂ ਕੀਤੀਆਂ ਸਨ ਜਦੋਂ ਉਨ੍ਹਾਂ ਭਵਿੱਖਬਾਣੀ ਕੀਤੀ ਸੀ ਕਿ ਬਹੁਤ ਤੇਜ਼ੀ ਨਾਲ ਉਨ੍ਹਾਂ ਦੇ ਹਥਿਆਰਬੰਦ ਪੈਰੋਕਾਰਾਂ ਦੀ ਗਿਣਤੀ ਸਵਾ ਲੱਖ ਹੋ ਜਾਵੇਗੀ।

ਕੈਪਟਨ ਮੈਂਜ਼ੀਸ ਵੱਲੋਂ 31 ਮਈ, 1863 ਨੂੰ ਲਿਖੀ ਰਿਪੋਰਟ ਅਨੁਸਾਰ ਇੰਸਪੈਕਟਰ ਨਾਰਾਇਣ ਸਿੰਘ ਵੱਲੋਂ (ਗੁਰੂ) ਰਾਮ ਸਿੰਘ ਜੀ ਦੇ ਚੁਣੇ ਗਏ ਤੀਜੇ ਸ਼ਿਸ਼ ਲਾਲ ਸਿੰਘ ਨਾਲ ਗੱਲਬਾਤ ਦੌਰਾਨ ਇਹ ਤੱਥ ਸਾਹਮਣੇ ਆਇਆ ਸੀ ਕਿ ਤਾਕਤਵਰ ਕੂਕਿਆਂ ਦੀ ਗਿਣਤੀ 40,000 ਹੋ ਗਈ ਹੈ। ਲੈਫ਼ਟੀਨੈਂਟ ਕਰਨਲ ਥਾਮਸਨ ਨੇ ਆਪਣੀ 29 ਨਵੰਬਰ, 1866 ਦੀ ਰਿਪੋਰਟ 'ਚ ਦੱਸਿਆ ਸੀ ਕਿ ਉਨ੍ਹਾਂ ਦੇ ਸਰਕਲਾਂ ਦੇ ਜ਼ਿਲ੍ਹਿਆਂ (ਮੁਲਤਾਨ, ਮੁਜ਼ੱਫ਼ਰਗੜ੍ਹ, ਮਿੰਟਗੁਮਰੀ ਤੇ ਝੰਗ) 'ਚ ਕੂਕਿਆਂ ਦੀ ਗਿਣਤੀ ਬਹੁਤ ਘੱਟ ਹੈ। ਮਿੰਟਗੁਮਰੀ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਨੂੰ ਲੱਗਦਾ ਸੀ ਕਿ ਅਟਾਰੀ ਵਾਲੇ ਪਾਸੇ ਨਾਲ ਲੱਗਦੇ ਜ਼ਿਲ੍ਹੇ ਫ਼ਿਰੋਜ਼ਪੁਰ ਦੇ ਹਿੱਸਿਆਂ ਵਿੱਚ ਇਸ ਸੰਪਰਦਾਇ ਦੇ ਕੁਝ ਮੈਂਬਰਾਂ ਦੇ ਹੋਣ ਦੀ ਸੰਭਾਵਨਾ ਹੈ। ਸ੍ਰੀ ਕਿੰਚੈਂਟ ਨੇ ਆਪਣੇ 4 ਅਕਤੂਬਰ, 1866 ਦੇ ਇੱਕ ਦਸਤਾਵੇਜ਼ ਵਿੱਚ ਦੱਸਿਆ ਹੈ ਕਿ ਗੁਰਦਾਸਪੁਰ 'ਚ ਕੂਕਿਆਂ ਦੀ ਗਿਣਤੀ 100 ਹੈ। ਲੈਫ਼ਟੀਨੈਂਟ ਵਿੰਬਰਲੇ ਦੇ 27 ਅਕਤੂਬਰ, 1866 ਨੂੰ ਕੀਤੇ ਪ੍ਰਗਟਾਵੇ ਅਨੁਸਾਰ ਫ਼ਿਰੋਜ਼ਪੁਰ 'ਚ ਕੂਕਿਆਂ ਦੀ ਗਿਣਤੀ 1,000 ਹੋਣ ਦਾ ਅਨੁਮਾਨ ਹੈ।

ਕੈਪਟਨ ਦਲੋਚ ਵੱਲੋਂ 27 ਅਕਤੂਬਰ, 1866 ਨੂੰ ਭੇਜੀ ਗਈ ਰਿਪੋਰਟ ਅਨੁਸਾਰ ਉਨ੍ਹਾਂ ਦੇ ਸਿਆਲਕੋਟ ਜ਼ਿਲ੍ਹੇ 'ਚ ਇਸ ਸੰਪਰਦਾਇ ਦੇ ਪੈਰੋਕਾਰਾਂ ਦੀ ਗਿਣਤੀ 200 ਤੋਂ ਵੱਧ ਨਹੀਂ ਹੈ ਪਰ (ਗੁਰੂ) ਰਾਮ ਸਿੰਘ ਜੀ ਨੇ 80,000 ਦੇ ਲਗਭਗ ਲੋਕਾਂ ਨੂੰ ਆਪਣੇ ਪੈਰੋਕਾਰ ਬਣਾਇਆ ਹੈ ਤੇ ਉਹ ਉਨ੍ਹਾਂ ਨੂੰ ਇੰਨੀਆਂ ਹੀ ਮਾਲਾਵਾਂ ਦੇ ਚੁੱਕੇ ਹਨ। ਸਾਲ 1863 'ਚ ਸਥਾਨਕ ਇੰਸਪੈਕਟਰ ਦਾ ਮੰਨਣਾ ਸੀ ਕਿ ਇੱਥੇ ਕੂਕਾ ਪੈਰੋਕਾਰਾਂ ਦੀ ਗਿਣਤੀ 300 ਸੀ, ਜਦ ਕਿ ਲੈਫ਼ਟੀਨੈਂਟ ਮੈਕਨੀਲ ਅਨੁਸਾਰ 3,000 ਦੇ ਕਰੀਬ ਹੈ।

ਕੈਪਟਨ ਵਾਲ ਨੇ 22 ਸਤੰਬਰ, 1866 ਨੂੰ ਲਿਖਤੀ ਤੌਰ 'ਤੇ ਦੱਸਿਆ ਕਿ ਗੁਜਰਾਂਵਾਲਾ 'ਚ ਕੂਕਿਆਂ ਦੀ ਗਿਣਤੀ 2,000 ਹੋ ਸਕਦੀ ਹੈ।

ਮੇਜਰ ਪਰਕਿਨਜ਼ ਨੇ 20 ਸਤੰਬਰ ਨੂੰ ਲਿਖਿਆ ਕਿ ਬਾਹਰੋਂ ਲਾਏ ਗਏ ਅਨੁਮਾਨ ਅਨੁਸਾਰ ਨਵੇਂ ਬਣੇ ਕੂਕਿਆਂ ਦੀ ਕੁੱਲ ਗਿਣਤੀ 60,000 ਹੈ, ਜਿਨ੍ਹਾਂ 'ਚੋਂ ਲਗਭਗ 2,000 ਲੁਧਿਆਣਾ 'ਚ ਰਹਿ ਰਹੇ ਹਨ।

(ਗੁਰੂ) ਰਾਮ ਸਿੰਘ ਜੀ ਦੇ ਪੈਰੋਕਾਰਾਂ ਦੀ ਸਹੀ ਗਿਣਤੀ ਦਾ ਪਤਾ ਲਾਉਣ ਲਈ ਸਮੱਗਰੀ ਦੀ ਡਾਢੀ ਜ਼ਰੂਰਤ ਹੈ ਤੇ ਇਕੱਠੇ ਕੀਤੇ ਗਏ ਅੰਕੜਿਆਂ 'ਤੇ ਭਰੋਸਾ ਨਹੀਂ

ਕੀਤਾ ਜਾ ਸਕਦਾ। ਸਾਡੇ ਕੋਲ ਪੰਜਾਬ ਦੀ ਆਬਾਦੀ ਦੀ ਮਰਦਮਸ਼ੁਮਾਰੀ ਦੇ ਸਹੀ ਅੰਕੜੇ ਹੀ ਨਹੀਂ ਹਨ, ਪਰ ਫਿਰ ਵੀ ਅਸੀਂ ਜ਼ੋਰ-ਸ਼ੋਰ ਨਾਲ ਕੋਸ਼ਿਸ਼ ਕਰ ਰਹੇ ਹਾਂ ਤਾਂ ਜੋ ਇਸ ਨਵੇਂ ਧਾਰਮਿਕ ਸੰਪਰਦਾਇ ਦੇ ਸ਼ਰਧਾਲੂਆਂ ਦੀ ਅਸਲ ਕੁੱਲ ਗਿਣਤੀ ਦਾ ਸਹੀ-ਸਹੀ ਪਤਾ ਲਾਇਆ ਜਾ ਸਕੇ।

(ਗੁਰੂ) ਰਾਮ ਸਿੰਘ ਜੀ ਦਾ ਜ਼ਿਆਦਾਤਰ ਪ੍ਰਚਾਰ ਗ਼ਰੀਬ ਵਰਗਾਂ ਨੇ ਪ੍ਰਵਾਨ ਕੀਤਾ ਹੈ ਪਰ ਕੁਝ ਕੁ ਸਰਦਾਰਾਂ ਦੇ ਚੰਗੇ ਅਸਰ-ਰਸੂਖ਼ ਵਾਲੇ ਵੀ ਇਸ ਸੰਪਰਦਾਇ ਨਾਲ ਜੁੜੇ ਹਨ। ਸਥਾਨਕ ਪੱਧਰ ’ਤੇ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਇਸ ਦਫ਼ਤਰ ਤੱਕ ਪੁੱਜਦੀਆਂ ਰਹੀਆਂ ਹਨ; ਜਿਵੇਂ ਕਿ ਪਟਿਆਲਾ ਦੇ ਮਹਾਰਾਜਾ ਨੇ ਵੀ ਹੁਣ ਕੂਕਾ ਧਰਮ ਅਪਣਾ ਲਿਆ ਹੈ ਪਰ ਇਸ ਦੇ ਸੱਚ-ਝੂਠ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਹਾਰਾਜਾ ਦੇ ਚਾਚਾ ਤੇ ਬਿਸ਼ਨਪੁਰਾ ਦੇ ਸਰਦਾਰ ਮੰਗਲ ਸਿੰਘ ਉਨ੍ਹਾਂ ਦੇ ਲੀਡਰਾਂ ’ਚੋਂ ਇੱਕ ਹਨ ਤੇ ਉਨ੍ਹਾਂ ਦੇ ਸਿਆਸੀ ਨੇਤਾ ਵੀ ਹਨ। ਸਰਦਾਰ ਮੰਗਲ ਸਿੰਘ ਦੇ ਧੌਲਪੁਰ ਤੇ ਭਰਤਪੁਰ ਦੇ ਰਾਜਿਆਂ ਨਾਲ ਵੀ ਸਬੰਧ ਹਨ ਅਤੇ ਉਹ ਭਾਈਚਾਰੇ ਵਿਚ ਜਰਨੈਲ ਵਜੋਂ ਜਾਣੇ ਜਾਂਦੇ ਹਨ।ਪਟਿਆਲਾ ਦੇ ਭਰਮਪੁਰ ਦੇ ਜਗੀਰਦਾਰ ਲੱਖਾ ਸਿੰਘ ਇੱਕ ਹੋਰ ਪ੍ਰਮੁੱਖ ਕੂਕਾ ਸ਼ਿਸ਼ ਹਨ। (ਗੁਰੂ) ਰਾਮ ਸਿੰਘ ਜੀ ਦੇ ਪ੍ਰਮੁੱਖ ਪੈਰੋਕਾਰਾਂ ਦੇ ਨਾਂਅ ਦੇਣ ਤੋਂ ਪਹਿਲਾਂ ਇਹ ਵਰਨਣ ਕਰਨਾ ਸੁਵਿਧਾਜਨਕ ਹੋ ਸਕਦਾ ਹੈ ਕਿ 1863 ’ਚ ਇਹ ਵਿਚਾਰ ਆਮ ਤੌਰ ’ਤੇ ਪ੍ਰਚਲਿਤ ਸੀ ਕਿ (ਗੁਰੂ) ਰਾਮ ਸਿੰਘ ਜੀ ਨੇ ਆਪਣੀ ਤਾਕਤ, ਕਾਮਯਾਬੀ ਤੇ ਰੂਹਾਨੀ ਅਧਿਕਾਰ (ਆਪਣੇ ਪੈਰੋਕਾਰਾਂ ਲਈ, ਜੋ ਉਨ੍ਹਾਂ ਦੀ ਅਸਿੱਧੇ ਤੌਰ ’ਤੇ ਪਾਲਣਾ ਕਰਦੇ ਹਨ ਤੇ ਉਨ੍ਹਾਂ ’ਤੇ ਭਰੋਸਾ ਕਰਦੇ ਹਨ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗ੍ਰੰਥ (ਸੌ ਸਾਖੀ) ਤੋਂ ਲਏ ਹਨ, ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਉਸ ਵਿੱਚ ਇੱਕ ਭਵਿੱਖਬਾਣੀ ਦਰਜ ਹੈ ਕਿ ਭਵਿੱਖ ਵਿੱਚ ਤਰਖਾਣ ਵਰਗ ’ਚੋਂ ਰਾਮ ਸਿੰਘ ਨਾਂਅ ਦਾ ਇੱਕ ਮਹਾਨ ਸਿੱਖ ਸੁਧਾਰਕ ਪ੍ਰਗਟ ਹੋਵੇਗਾ। ਇੱਕ ਕਹਾਣੀ ਇਹ ਵੀ ਹੈ ਕਿ ਬਾਬਾ (ਗੁਰੂ) ਰਾਮ ਸਿੰਘ ਜੀ ਨੇ ਇਹ ਗ੍ਰੰਥ (ਸੌ ਸਾਖੀ) ਨੂੰ ਆਪਣੇ ਬਜ਼ੁਰਗ ਗੁਰੂ ਬਾਲਕ ਸਿੰਘ ਜੀ ਤੋਂ ਚੋਰੀ ਕੀਤਾ ਸੀ। ਇੱਕ ਹੋਰ ਕਹਾਣੀ ਮੁਤਾਬਕ ਇਹ ਗ੍ਰੰਥ ਪਟਿਆਲਾ ਦੇ ਮਹਾਰਾਜਾ ਨੇ ਖ਼ਰੀਦਿਆ ਸੀ ਤੇ (ਗੁਰੂ) ਰਾਮ ਸਿੰਘ ਜੀ ਨੇ ਉੱਥੋਂ ਇਹ ਹਾਸਲ ਕੀਤਾ ਹੈ ਪਰ ਇਹ ਆਖ਼ਰੀ ਕਹਾਣੀ ਅਸੰਭਵ ਜਿਹੀ ਜਾਪਦੀ ਹੈ ਤੇ ਇਸ ਲਈ ਹੋਰ ਸਬੂਤਾਂ ਦੀ ਲੋੜ ਹੈ।

ਇੱਥੇ ਹੇਠਾਂ (ਗੁਰੂ) ਰਾਮ ਸਿੰਘ ਜੀ ਦੇ ਕੁਝ ਪ੍ਰਮੁੱਖ ਚੇਲਿਆਂ ਦੇ ਨਾਂਅ ਦਿੱਤੇ ਜਾਂਦੇ ਹਨ; ਉਨ੍ਹਾਂ ਨੂੰ ਤੁਰਤ-ਫੁਰਤ ਹਵਾਲੇ ਲਈ ਜ਼ਿਲ੍ਹਾਵਾਰ ਕ੍ਰਮ ਅਨੁਸਾਰ ਤਿਆਰ ਕੀਤਾ ਗਿਆ ਹੈ:

**ਲੁਧਿਆਣਾ**

1. ਬਾਬਾ ਰਾਮ ਸਿੰਘ ਜੀ, ਪਿੰਡ ਭੈਣੀ, ਸੰਪਰਦਾਇ ਦੇ ਮੁਖੀ।
2. ਜੱਸਾ ਸਿੰਘ, ਭੈਣੀ, ਬਾਬਾ ਰਾਮ ਸਿੰਘ ਜੀ ਦੇ ਪਿਤਾ।
3. ਸੁਧ ਸਿੰਘ, ਭੈਣੀ, ਇੱਕ ਅਧਿਕਾਰਤ ਪ੍ਰਚਾਰਕ (ਸ੍ਰੀ ਕਿੰਚੈਂਟ)

4. ਸਾਹਿਬ ਸਿੰਘ, ਰਾਮ ਸਿੰਘ ਜੀ ਨਾਲ ਇੱਕ ਅਧਿਕਾਰਤ ਪ੍ਰਚਾਰਕ। ਬਾਬਾ ਰਾਮ ਸਿੰਘ ਜੀ ਦੇ ਵਾਰਸ ਬਣਨਾ ਸੀ। (ਕੈਪਟ ਮੈਂਜ਼ੀਸ ਤੇ ਲੈਫ਼. ਰਾਮਸੇ)।
5. ਭਗਤ ਸਿੰਘ, ਲੁਧਿਆਣਾ, ਪੱਤਰ-ਵਾਹਕ (ਲੈਫ਼ਟੀਨੈਂਟ ਰਾਮਸੇ)।

**ਅੰਬਾਲਾ**

6. ਕਾਹਨ ਸਿੰਘ, ਅੰਬਾਲਾ।
7. ਭਗਵਾਨ ਸਿੰਘ, ਅੰਬਾਲਾ।
8. ਗੁਰਦੱਤ ਸਿੰਘ, ਬੰਨੂੜ।
9. ਬਿਕਰਮ, ਅਨੰਦਪੁਰ
10. ਜੱਟ ਸਿੰਘ ]
11. ਸ਼ੇਰੇ ਸਿੰਘ ] ਡੇਰਾ ਬੱਸੀ
12. ਨਿਹਾਲ ਸਿੰਘ ]
13. ਸ਼ੰਮਨੂ ਸਿੰਘ ]
14. ਉੱਤਮ ਸਿੰਘ, ਚੁਨਰ ਮਾਜਰਾ
15. ਕਾਹਨ ਸਿੰਘ ]
16. ਮਹਿਤਾਬ ਸਿੰਘ ]
17. ਜੱਟ ਸਿੰਘ, ਬਨੂੜ

**ਅੰਮ੍ਰਿਤਸਰ**

18. ਨਾਰਾਇਣ ਸਿੰਘ ਨੂੰ ਕੈਪਟਨ ਮਿੱਲੇਟ ਵੱਲੋਂ ਮਾਲਵਾ ਦਾ ਸੂਬਾ ਤੇ ਕੈਪਟਨ ਮੈਂਜ਼ੀਸ ਵੱਲੋਂ ਇਸੇ ਖ਼ਿੱਤੇ ਲਈ ਪ੍ਰਚਾਰਕ ਦੱਸਿਆ ਗਿਆ ਸੀ।
19. ਕੈਪਟਨ ਮਿੱਲੇਟ ਨੇ ਸਾਹਿਬ ਸਿੰਘ ਨੂੰ ਮਾਲਵਾ ਦਾ ਸੂਬਾ ਦੱਸਿਆ ਸੀ ਅਤੇ ਉੱਧਰ ਮੇਜਰ ਮੈਕਐਂਡ੍ਰਿਯੂ ਅਨੁਸਾਰ ਉਹ ਪਿੱਛੇ ਜਿਹੇ ਬਾਬਾ ਰਾਮ ਸਿੰਘ ਜੀ ਨੂੰ ਆ ਕੇ ਮਿਲੇ ਸਨ ਤੇ ਉਨ੍ਹਾਂ ਨੂੰ ਕੂਕਾ ਲੈਫ਼ਟੀਨੈਂਟਾਂ 'ਚੋਂ ਇੱਕ ਦੱਸਿਆ ਸੀ।
20. ਜਵਾਹਰ ਸਿੰਘ, ਮਾਲਵਾ ਦੇ ਪ੍ਰਚਾਰਕ (ਕੈਪਟਨ ਮੈਂਜ਼ੀਸ)।
21. ਲੂਹਣਾ ਸਿੰਘ, ਅੰਮ੍ਰਿਤਸਰ।
22. ਚੰਦਾ ਸਿੰਘ, ਫ਼ਤਹਿਵਾਲ।
23. ਲਾਲ ਸਿੰਘ ਤੇ ] ਵਾਸੀ ਬੁਰਜ
24. ਕਾਲਾ ਸਿੰਘ ]
25. ਬੱਲੂ ਸਿੰਘ, ਉਰਚਕ
26. ਸੁੱਖਾ ਸਿੰਘ, ਚੱਕ
27. ਚੰਦਾ ਸਿੰਘ, ਚੌਗਾਵਾਂ
28. ਗੋਪਾਲ ਸਿੰਘ ]
29. ਨਿਹਾਲ ਸਿੰਘ ] ਵਾਸੀ ਲਾ ਮੇਹਰਾ
30. ਨਾਰਾਇਣ ਸਿੰਘ ]

(ਉਪਰੋਕਤ ਨੋਟ ਵੇਖੋ)

31. ਉੱਤਮ ਸਿੰਘ
32. ਰੂੜ ਸਿੰਘ, ਇੱਕ ਉੱਘੇ ਸ਼ਿਸ਼, ਜੋ 1866 'ਚ ਦੀਵਾਲੀ ਦੇ ਇੰਤਜ਼ਾਮਾਂ ਲਈ ਆਦੇਸ਼ ਲੈਣ ਵਾਸਤੇ ਕੈਪਟਨ ਮੈਂਜ਼ੀਸ ਨੂੰ ਮਿਲੇ ਸਨ।
33. ਅਕਾਲੀ ਸਿੰਘ ਉਰਫ਼ ਹਰਸਾ ਸਿੰਘ, ਜੋ ਬਾਅਦ 'ਚ ਗੁਰੂ ਰਾਮਦਾਸ ਜੀ ਦੇ ਸ਼ਿਸ਼ ਬਣੇ (ਇਸ ਵਿਅਕਤੀ ਦਾ ਜ਼ਿਕਰ ਕੈਪਟਨ ਮੋਜ਼ਲੇ ਨੇ ਕੂਕਾ ਵਜੋਂ ਕੀਤਾ ਹੈ ਪਰ ਸਬੂਤ ਫ਼ੈਸਲਾਕੁੰਨ ਨਹੀਂ ਹੈ)।
34. ਬਸਾਵਾ ਸਿੰਘ
    ਰਾਮ ਦਾਸ ਬਖ਼ਸ਼ — ਵਾਸੀ ਅੰਮ੍ਰਿਤਸਰ
35. ਦਿਆਲ ਸਿੰਘ
36. ਦਸੌਂਦਰ ਸਿੰਘ
37. ਸੁਚੇਤ ਸਿੰਘ
38. ਨੱਥਾ ਸਿੰਘ
39. ਨਿਹਾਲ ਸਿੰਘ, ਵਾਸੀ ਉੱਗੀਕੇ
40. ਸੋਹਾਬ ਸਿੰਘ
41. ਗੋਪਾਲ ਸਿੰਘ — ਵਾਸੀ ਗੁਰਨਾਮਗੜ੍ਹ ਗ੍ਰੰਥਗੜ੍ਹ
42. ਕ੍ਰਿਪਾਲ ਸਿੰਘ
43. ਦੇਵਾ ਸਿੰਘ
44. ਗ਼ਰੀਬ ਸਿੰਘ — ਵਾਸੀ ਅੰਮ੍ਰਿਤਸਰ
45. ਚੰਦਾ ਸਿੰਘ
46. ਜੰਦਰ ਸਿੰਘ
47. ਬਸਾਵਾ ਸਿੰਘ, ਅੰਮ੍ਰਿਤਸਰ
48. ਲਾਲ ਸਿੰਘ, ਬੈਂਸੋਵਾਲ
49. ਖ਼ਜ਼ਾਨ ਸਿੰਘ, ਅੰਮ੍ਰਿਤਸਰ
50. ਜੈਮਲ ਸਿੰਘ, ਮੁੱਲੋਵਾਲ
51. ਜਵਾਹਰ ਸਿੰਘ (ਉਪਰੋਕਤ ਨੋਟ ਵੇਖੋ)
52. ਮੂਲਾ ਸਿੰਘ, ਸ਼ਹੂਰਾ
53. ਸਾਹਿਬ ਸਿੰਘ, ਵਾਸੀ ਅੰਮ੍ਰਿਤਸਰ (ਉਪਰੋਕਤ ਨੋਟ ਵੇਖੋ)
54. ਖ਼ੁਸ਼ਹਾਲ ਸਿੰਘ, ਨੰਗਲ
55. ਫ਼ਤਹਿ ਸਿੰਘ, ਗੁੱਲੋਲਾ
56. ਭੂਪ ਸਿੰਘ, ਕਾਨਾਹ ਕੱਚਾ
57. ਬੁੱਧ ਸਿੰਘ
58. ਨਿਹਾਲ ਸਿੰਘ — ਵਾਸੀ ਰਾਵੀ
59. ਲਾਲ ਸਿੰਘ
60. ਜਵਾਹਰ ਸਿੰਘ, ਦੜਿਆਨਾ

61. ਨਿਹਾਲ ਸਿੰਘ, ਕੋਟ
62. ਗੁਲਾਬ ਸਿੰਘ, ਬਿਆਹ
63. ਗੁਲਾਬ ਸਿੰਘ, ਅੰਮ੍ਰਿਤਸਰ
64. ਸ਼ਾਮ ਸਿੰਘ, ਬਰਮਾ ਸਿੰਘ
65. ਜੀਵਨ ਸਿੰਘ, ਹਰੇਲ ਸਿੰਘ ਮੀਨੇਵਾਲ
66. ਸੁਧ ਸਿੰਘ
67. ਸ਼ਾਮ ਸਿੰਘ
68. ਜੀਵਨ ਸਿੰਘ
69. ਹਰੇਲ ਸਿੰਘ ਵਾਸੀ ਮੀਨੇਵਾਲ
70. ਸੁਧ ਸਿੰਘ
71. ਬਰੇਮ ਸਿੰਘ

## ਫ਼ਿਰੋਜ਼ਪੁਰ

72. ਨਾਰਾਇਣ ਸਿੰਘ, ਵਾਸੀ ਮੁਕਤਸਰ, ਪ੍ਰਮੁੱਖ ਸ਼ਿਸ਼ਾਂ 'ਚੋਂ ਇੱਕ (ਕੈਪ. ਮੈਂਜ਼ੀਸ)
73. ਸੋਭਾ ਸਿੰਘ, ਮਾਝਾ ਖੇਤਰ ਲਈ ਪ੍ਰਚਾਰਕ (ਕੈਪਟਨ ਮੈਂਜ਼ੀਸ)
74. ਵਰਿਆਮ ਸਿੰਘ
75. ਫ਼ਤਹਿ ਸਿੰਘ ਅਤੇ
76. ਜੈਮਲ ਸਿੰਘ ਕੂਕੇ

ਸਮਾਧਾਂ ਤੋੜਨ ਬਦਲੇ ਦੋਸ਼ੀ ਠਹਿਰਾਏ ਗਏ (ਲੈਫ਼ਟੀਨੈਂਟ ਵਿੰਬਰਲੇ)

77. ਮਲੂਕ ਸਿੰਘ, ਇੱਕ ਪ੍ਰਮੁੱਖ ਵਿਅਕਤੀ (ਮੇਜਰ ਪਰਕਿਨਜ਼ ਤੇ ਸ੍ਰੀ ਹੈਜ਼ਲੈੱਟ ਵੱਲੋਂ ਨੋਟ ਕੀਤੇ ਗਏ), ਫ਼ੋਲੇਜ਼ਵਾਲਾ ਦੇ ਨੰਬਰਦਾਰ (ਲੈਫ਼ਟੀਨੈਂਟ ਵਿੰਬਰਲੇ)
78. ਪੋਤਮ ਸਿੰਘ, ਤਖਤੂਪੁਰ
79. ਸਾਹਿਬ ਸਿੰਘ, ਮਾਣੂਕੇ
80. ਜੈ ਸਿੰਘ, ਕੂਕਿਆ
81. ਧਿਆਲ ਸਿੰਘ, ਤਖ਼ਤੂਪੁਰ
82. ਮੁਸੱਦਰ ਸਿੰਘ, ਤਖ਼ਤੂਪੁਰਾ
83. ਨੰਦ ਸਿੰਘ, ਤਖ਼ਤੂਪੁਰ
84. ਹੀਰਾ ਸਿੰਘ
85. ਉੱਤਰ ਸਿੰਘ
86. ਨਾਰਾਇਣ ਸਿੰਘ, ਸਿੱਕੇਵਾਲ
87. ਜੀਵਨ ਸਿੰਘ, ਮੁਕਤਸਰ
88. ਸਮੁੰਦ ਸਿੰਘ
89. ਉੱਤਰ ਸਿੰਘ
90. ਕਿਸ਼ਨ ਸਿੰਘ

ਵਾਸੀ ਘੁਲੀਆ

91. ਸੁਹੇਲ ਸਿੰਘ, ਸੈਦੋਕੇ
92. ਜੋਧ ਸਿੰਘ ] ਵਾਸੀ ਫ਼ਿਰੋਜ਼ਪੁਰ
93. ਨਿਹਾਲ ਸਿੰਘ
94. ਜੋਧ ਸਿੰਘ, ਮੋਹਾਰਜ
95. ਕਰਮ ਸਿੰਘ, ਸੈਦੋਕੇ
96. ਦੂਨਾ ਸਿੰਘ
97. ਮੋਤੀ ਰਾਮ, ਰਾਮਪੁਰ
98. ਹੀਰਾ ਸਿੰਘ, ਪੱਤੋਕੇ
99. ਬੇਲਾ ਸਿੰਘ, ਤਖ਼ਤੂਪੁਰ
100. ਜੀਤਾ ਸਿੰਘ
101. ਗੁਰਮੁਖ ਸਿੰਘ ਵਾਸੀ ਬਿਲਾਸਪੁਰ
102. ਮਲੂਕ ਸਿੰਘ, ਨੱਥਾ ਸਿੰਘ
103. ਬੂਟਾ ਸਿੰਘ
ਬਹਿਲ ਸਿੰਘ
ਸਮੁੰਦ ਸਿੰਘ
ਰੱਤੋਂ ਸਿੰਘ
ਸਮੁੰਦ ਸਿੰਘ
104. ਸੇਵਾ ਸਿੰਘ

**ਗੁਰਦਾਸਪੁਰ**

105. ਬੱਲ ਸਿੰਘ, ਪੁਲਿਸ ਸਾਰਜੈਂਟ
106. ਖ਼ਾਨ ਸਿੰਘ, ਮਲੋਟ
107. ਪ੍ਰੇਮ ਸਿੰਘ ਵਾਸੀ ਅੰਬੋਟਾ, ਅਸਲ ਬਾਨੀ ਬਾਲਕ ਸਿੰਘ ਜੀ ਦੇ ਭਰਾ (ਅੰਬੋਟਾ ਸਥਾਨ ਬਾਰੇ ਪੱਕਾ ਨਹੀਂ) ਸ੍ਰੀ ਕਿੰਚੈਂਟ ਨੇ ਉਪਰੋਕਤ ਤਿੰਨ ਸ਼ਖ਼ਸਾਂ ਦਾ ਜ਼ਿਕਰ ਪ੍ਰਚਾਰਕਾਂ ਵਜੋਂ ਕੀਤਾ ਹੈ।
108. ਸੁਦੂਰ ਸਿੰਘ, ਮਾਹਲਪੁਰ (ਸ੍ਰੀ ਕਿੰਚੈਂਟ)
109. ਭਗਵਾਨ ਸਿੰਘ
110. ਹੀਰਾ ਸਿੰਘ ] ਵਾਸੀ ਮਾਹਲਪੁਰ
111. ਨਿਹੰਗ ਸਿੰਘ, ਇੱਕ ਪ੍ਰਮੁੱਖ ਸ਼ਖ਼ਸ (ਕੈਪਟਨ ਮੈਂਜ਼ੀਸ)

**ਜਲੰਧਰ**

112. ਕਾਹਨ ਸਿੰਘ, ਇੱਕ ਪ੍ਰਮੁੱਖ ਪ੍ਰਚਾਰਕ। ਕੈਪਟਨ ਮੈਂਜ਼ੀਸ ਨੇ ਉਨ੍ਹਾਂ ਬਾਰੇ ਸੁਣਿਆ ਕਿ ਉਹ ਕਰਤਾਰਪੁਰ 'ਚ ਰਹਿੰਦੇ ਹਨ, ਮੇਜਰ ਪਰਕਿਨਜ਼ ਤੇ ਲੈਫ਼. ਰਾਮਸੇ ਅਨੁਸਾਰ ਉਹ ਦੁਰਗਾਪੁਰ, ਥਾਣਾ ਰਾਹੋਂ 'ਚ ਰਹਿੰਦੇ ਹਨ।

113. ਰੂੜ ਸਿੰਘ, ਕੈਪਟਨ ਮਿੱਲੇਟ ਅਨੁਸਾਰ ਜਲੰਧਰ ਦੋਆਬ ਲਈ ਸੂਬਾ
114. ਧਿਆਨ ਸਿੰਘ
115. ਸੁਧ ਸਿੰਘ, ਬਿੱਲੇਹ
116. ਖ਼ਜ਼ਾਨ ਸਿੰਘ
117. ਲੱਖਾ ਸਿੰਘ
118. ਦਿਆ ਸਿੰਘ ] ਵਾਸੀ, ਮੁਠੱਡੇ
119. ਵਜ਼ੀਰ ਸਿੰਘ
120. ਸੁਹੇਲ ਸਿੰਘ
121. ਸ਼ੇਰੇ ਸਿੰਘ
122. ਹਰਦੱਤ ਸਿੰਘ
123. ਬਸਾਵਾ ਸਿੰਘ
124. ਫ਼ਕੀਰੀਆ
125. ਮੁਨਕਿਲ ਸਿੰਘ ] ਵਾਸੀ ਢਿਲੋਨੇ
126. ਮਸੂਦ ਸਿੰਘ
127. ਮੱਝਾ ਸਿੰਘ
128. ਜੀਵਾ ਸਿੰਘ
129. ਮਹਿਤਾਬ ਸਿੰਘ
130. ਪੰਜਾਬ ਸਿੰਘ, ਬਿਲਾਸਪੁਰ
131. ਨੱਥਾ ਸਿੰਘ, ਧੋਨੀ
132. ਨਿਹਾਲ ਸਿੰਘ, ਦੁਰਗਾਪੁਰ
133. ਹੀਰਾ ਸਿੰਘ
134. ਸ਼ੇਰ ਸਿੰਘ
135. ਸ਼ੇਰੇ ਸਿੰਘ
136. ਹੀਰਾ ਸਿੰਘ
137. ਜਵਾਹਰ ਸਿੰਘ, ਦੁਰਗਾਪੁਰ
138. ਕਰਣ ] ਵਾਸੀ ਜਲੰਧਰ
139. ਪ੍ਰੇਮ ਸਿੰਘ
140. ਉੱਤਰ ਸਿੰਘ ਫ਼ਤਹਿ
141. ਨਿਹਾਲ ਸਿੰਘ
142. ਬੀਰ ਸਿੰਘ
143. ਬੁੱਧ ਸਿੰਘ ] ਵਾਸੀ ਦੁਰਗਾਪੁਰ, ਸ੍ਰੀ ਈਲੀਅਟ ਦਾ ਨਿਰੀਖਣ
144. ਜੈਮਲ ਸਿੰਘ
145. ਕਾਹਨ ਸਿੰਘ
146. ਨਿਹਾਲ ਸਿੰਘ, ਮੁਠੱਡੇ

147. ਕਾਲਾ ਸਿੰਘ, ਖੂਰ
148. ਉੱਤਮ ਸਿੰਘ, ਤਖ਼ਤੂਪੁਰ
149. ਸੂਬਾ ਸਿੰਘ, ਸਾਹਿਬ ਸਿੰਘ, ਕਾਹਨ ਸਿੰਘ ਵਾਸੀ ਦੁਰਗਾਪੁਰ
150. ਸ਼ਾਮ ਸਿੰਘ, ਭੋਲਾ ਸਿੰਘ, ਆਲਾ ਸਿੰਘ ਵਾਸੀ ਫ਼ਿਲੌਰ
151. ਜੀਵਨ ਸਿੰਘ, ਫ਼ਿਲੌਰ
152. ਫ਼ਤਹਿ ਸਿੰਘ ] ਵਾਸੀ ਮੁਠੱਡੇ
153. ਗੰਡਾ ਸਿੰਘ
154. ਭਗਵਾਨ ਸਿੰਘ ਵਾਸੀ ਨਵਾਂਸ਼ਹਿਰ
155. ਦੇਵਾ ਸਿੰਘ
156. ਦਸੌਂਧਾ ਸਿੰਘ
157. ਪ੍ਰੇਮ ਸਿੰਘ
158. ਰਾਮ ਸਿੰਘ ] ਵਾਸੀ ਫੁਲਵਾੜੀਆਂ
159. ਦਸੌਂਧਾ ਸਿੰਘ, ਮੁਠੱਡੇ

**ਹੁਸ਼ਿਆਰਪੁਰ**

160. ਸੁਧ ਸਿੰਘ, ਜ਼ਿਲ੍ਹੇ 'ਚ ਸੰਪਰਦਾਇ ਦੇ ਮੁਖੀ, ਜਿਨ੍ਹਾਂ ਨੂੰ ਲੈਫ਼ਟੀਨੈਂਟ ਸਕੌਟ ਨੇ ਮੂਰਤੀਆਂ ਤੋੜਨ ਬਦਲੇ ਦੋਸ਼ੀ ਠਹਿਰਾਇਆ ਸੀ।
161. ਸਰਦਾਰ ਭਾਗ ਸਿੰਘ, ਵਾਸੀ ਪੂਸੀ ਜਿਨ੍ਹਾਂ ਦੇ ਕੂਕਾ ਹੋਣ ਦਾ ਸ਼ੱਕ ਹੈ; ਉਂਝ ਉਹ ਆਪ ਇਨਕਾਰ ਕਰਦੇ ਹਨ; ਸੁਧ ਸਿੰਘ ਤੇ ਉਨ੍ਹਾਂ ਦੇ ਦਲ ਦੀ ਜ਼ਮਾਨਤ ਦੇਣ ਲਈ ਗਏ ਸਨ।

**ਸਿਆਲਕੋਟ**

162. ਜਮੀਅਤ ਸਿੰਘ, ਗਿੱਲ ਦੇ ਨੰਬਰਦਾਰ, ਜਿਨ੍ਹਾਂ ਦਾ ਜ਼ਿਕਰ ਲੈਫ਼ਟੀਨੈਂਟ ਮੈਕਨੀਲ ਨੇ ਇੱਕ ਪ੍ਰਮੁੱਖ ਕੂਕਾ ਵਜੋਂ ਤੇ ਦੋਬਾਰਾ ਪਿੱਛੇ ਜਿਹੇ ਕੈਪਟਨ ਵਾਲ ਨੇ ਇੱਕ ਪ੍ਰਚਾਰਕ ਵਜੋਂ ਕੀਤਾ ਸੀ।
163. ਜੀਵਨ ਸਿੰਘ, ਵਾਸੀ ਕਿਲਾ ਸੋਭਾ ਸਿੰਘ, ਇੱਕ ਪ੍ਰਚਾਰਕ (ਕੈਪਟਨ ਟਲੋਚ)
164. ਨਿਹਾਲ ਸਿੰਘ ਵਾਸੀ ਲੁਧਿਆਣਾ
165. ਹੁਕਮਾ ਸਿੰਘ
166. ਗੰਗਾ ਸਿੰਘ ਵਾਸੀ ਗਿੱਲ
167. ਦਸੌਧਰ ਸਿੰਘ
168. ਸੋਖਾ ਸਿੰਘ, ਲੰਘਰ
169. ਗੰਗਾ ਸਿੰਘ, ਦੇਹਰਾ
170. ਮੂਲਾ ਸਿੰਘ ਵਾਸੀ ਮਕੂਕੇਮਲ
171. ਜਵਾਲਾ ਸਿੰਘ
172. ਬਸਾਵਾ ਸਿੰਘ ਵਾਸੀ ਕਿਲ੍ਹਾ ਸੋਭਾ ਸਿੰਘ

173. ਕਾਹਨ ਸਿੰਘ

## ਰਾਵਲਪਿੰਡੀ

174. ਕਾਹਨਾ ਸਿੰਘ ਤੇ ਸੋਭਾ ਹਜ਼ਰੋ ਵਿਖੇ ਰਹਿ ਰਹੇ ਹਨ, ਜਿਨ੍ਹਾਂ ਦਾ ਜ਼ਿਕਰ 1863 'ਚ ਕੈਪਟਨ ਮਿੱਲੇਟ ਨੇ ਕੀਤਾ ਸੀ।

ਕੈਪਟਨ ਮੈਂਜ਼ੀਸ ਅਨੁਸਾਰ ਹਜ਼ਰੋ ਦੇ ਕਾਹਨ ਸਿੰਘ ਪ੍ਰਮੁੱਖ ਪ੍ਰਚਾਰਕ ਹਨ। ਕੈਪਟਨ ਮਿੱਲੇਟ ਦਾ ਕਹਿਣਾ ਹੈ ਕਿ ਕਾਹਨਾ ਨੂੰ ਦੋ ਹੋਰ ਨਾਵਾਂ ਕਾਹਨ ਸਿੰਘ ਤੇ ਬਾਬਾ ਚੁੱਗ ਨਾਲ ਵੀ ਜਾਣਿਆ ਜਾਂਦਾ ਸੀ।

175. ਰਾਮ ਕਿਸ਼ਨ
176. ਹਰੀ ਸਿੰਘ, ਹਜ਼ਰੋ

## ਗੁਜਰਾਂਵਾਲਾ

177. ਜੋਤਾ ਜਾਂ ਝੋਟਾ ਸਿੰਘ, ਜਿਨ੍ਹਾਂ ਦਾ ਜ਼ਿਕਰ ਕੈਪਟਨ ਵਾਲ ਤੇ ਸ੍ਰੀ ਬਰੂਰੇ ਨੇ ਇੱਕ ਮੁੱਖ ਸ਼ਿਸ਼ ਵਜੋਂ ਕੀਤਾ ਸੀ, ਕੈਪਟਨ ਮੈਂਜ਼ੀਸ ਨੇ ਉਨ੍ਹਾਂ ਨੂੰ ਰਾਵੀ ਪਾਰ ਦੇ ਜ਼ਿਲ੍ਹਿਆਂ ਲਈ ਪ੍ਰਚਾਰਕ ਦੱਸਿਆ ਹੈ। ਉਨ੍ਹਾਂ ਦਾ ਘਰ ਤੁਪਾਇਆ, ਪਸਰੂਰ 'ਚ ਹੈ।
178. ਬ੍ਰਹਮਾ ਸਿੰਘ, ਰਾਵੀ ਪਾਰ ਲਈ ਪ੍ਰਚਾਰਕ (ਕੈਪਟਨ ਮੈਂਜ਼ੀਸ)।

## ਗੁਜਰਾਂਵਾਲਾ ਸ਼ਹਿਰ

179. ਜਵਾਹਰ ਸਿੰਘ, ਸ਼ਾਹੂਕਾਰ
180. ਮਹਿਤਾਬ ਸਿੰਘ, ਸ਼ਾਹੂਕਾਰ
181. ਉੱਤਰ ਸਿੰਘ
182. ਕਰਮ ਸਿੰਘ, ਦੁਕਾਨਦਾਰ
183. ਸੰਤ ਸਿੰਘ, ”
184. ਗੰਡਾ ਸਿੰਘ ”
185. ਤਾਰਾ ਸਿੰਘ ”
186. ਅਮਰੀਕ ਸਿੰਘ ”
187. ਖੇਵਾਨ ਸਿੰਘ ”
188. ਸੁਚੇਤ ਸਿੰਘ ”
189. ਚੰਦਾ ਸਿੰਘ ਝਬਰਾਂ ”
190. ਕਾਹਨ ਸਿੰਘ ”
191. ਰਾਮ ਸਿੰਘ ”
192. ਗੰਡਾ ਸਿੰਘ ”
193. ਰੂਪਾ ਸਿੰਘ, ਪਿੰਡ ਝਬਰਾਂ
194. ਨਿਹਾਲ ਸਿੰਘ, ਪਿੰਡ ਮਲਕਾ

195. ਗੁਰਮੁਖ ਸਿੰਘ (ਉਪਰੋਕਤ ਵਿਅਕਤੀ ਸਥਾਨਕ ਹਨ – ਕੈਪਟਨ ਵਾਲ)
196. ਦੂਲਾ ਸਿੰਘ
197. ਦਲ ਸਿੰਘ ਵਾਸੀ ਮਲਕਾ
198. ਜੀਵਨ ਸਿੰਘ
199. ਹਰਸਾ ਸਿੰਘ
200. ਫੂਲਾ ਸਿੰਘ ਰੁਟਾਲਾ
201. ਗੰਡਾ ਸਿੰਘ
202. ਹੀਰਾ ਸਿੰਘ
203. ਦਲ ਸਿੰਘ ਰੁਟਾਲਾ
204. ਮੂਲ ਸਿੰਘ
205. ਬਾਗ਼ ਸਿੰਘ
206. ਲਾਲ ਸਿੰਘ, ਭੂਕਾ ਚੀਨਾ
207. ਠਾਕੁਰ ਸਿੰਘ
208. ਕਿਸ਼ਨ ਸਿੰਘ ਆਪਣੇ ਜ਼ਿਲ੍ਹਿਆਂ ਲਈ ਕੇਂਦਰਾਂ ਦੇ ਆਗੂ
209. ਗੁਰਮੁਖ ਸਿੰਘ ਅਤੇ ਹਰੇਕ ਦੇ 10 ਤੋਂ 20 ਪੈਰੋਕਾਰ ਹਨ।
210. ਮੈਂਗਲ ਸਿੰਘ
211. ਹੀਰਾ ਸਿੰਘ

## ਮਲੇਰਕੋਟਲਾ

212. ਧੁੰਮਾ ਸਿੰਘ
213. ਉੱਤਰ ਸਿੰਘ

## ਜੀਂਦ

214. ਜੈ ਸਿੰਘ, ਪੱਦੀ

## ਪਟਿਆਲਾ

215. ਭਗਵਾਨ ਸਿੰਘ, ਬੀਹਲੇ
216. ਜੋਧ ਸਿੰਘ, ਬੀਹਲੇ
217. ਉੱਤਰ ਸਿੰਘ, ਨੰਗਲ
218. ਨਿਰੰਜਣ ਸਿੰਘ, ''
219. ਨਰਤਨ ਸਿੰਘ, ''
220. ਰਾਮ ਸਿੰਘ, ''
221. ਬੁੱਧ ਸਿੰਘ, ''
222. ਲੱਖਾ ਸਿੰਘ, ਸੁੱਖੇਪੁਰਾ

223. ਦਿਆਲ ਸਿੰਘ, ਕਾਨਪੁਰ
224. ਦਿਆਲ ਸਿੰਘ, ਭਾਗੀ
225. ਧਰਮ ਸਿੰਘ, ਭਾਗੀ
226. ਗਿਆਨ ਸਿੰਘ, ''
227. ਮਹਾਂ ਸਿੰਘ, ''
228. ਸਰੂਪ ਸਿੰਘ, ''
229. ਹਰਨਾਮ ਸਿੰਘ, ਰਸੂਲਪੁਰ
230. ਹਰਨਾਮ ਸਿੰਘ, ਪਟਿਆਲਾ
231. ਹਰਨਾਮ ਸਿੰਘ, ਮੂਲਾਪੁਰ ਖੁਰਾਲ
232. ਪ੍ਰੇਮ ਸਿੰਘ, ਫ਼ਤਹਿਗੜ੍ਹ
233. ਹਰੀ ਸਿੰਘ, ਮੁਕਤਸਰ
234. ਭਗਵਾਨ ਸਿੰਘ, ਬਮਤੂਰ
235. ਜਵਾਹਰ ਸਿੰਘ, ਭੋਟੇਨੀ
236. ਦਿਆਲ ਸਿੰਘ, ਬਠਿੰਡਾ
237. ਨੱਥਾ ਸਿੰਘ ਭਾਗੀ
238. ਸੁਧ ਸਿੰਘ, ''
239. ਧਿਆਨ ਸਿੰਘ, ''
240. ਦਿਆ ਸਿੰਘ, ਛੀਂਟੇਵਾਲਾ
241. ਸੰਗਤ ਸਿੰਘ, ਪੱਤੋਕੇ
242. ਤੇਜਾ ਸਿੰਘ, ਰਾਮਪੁਰ
243. ਹਰਨਾਮ ਸਿੰਘ, ''
244. ਮਹਿਤਾਬ ਸਿੰਘ, ਮਾਨ
245. ਚੰਦਾ ਸਿੰਘ, ਭਦੌੜ
246. ਉੱਤਮ ਸਿੰਘ, ਮਾਨੇਵਾਲਾ
247. ਦੇਵਾ ਸਿੰਘ, ਨਾਰੂ

**ਨਾਭਾ**

248. ਡੱਲਾ ਸਿੰਘ, ਪੱਤੋਕੇ
249. ਕਾਹਨ ਸਿੰਘ, ''
250. ਮਹਾਂ ਸਿੰਘ, ''
251. ਤਿਰੀਅਮ ਸਿੰਘ,''

**ਕਪੂਰਥਲਾ**

252. ਖਾਨ ਸਿੰਘ, ਨਗ

## 13

ਪਿੰਡ ਭੈਣੀ, ਤਹਿਸੀਲ ਲੁਧਿਆਣਾ ਦੇ ਜ਼ਿਮੀਂਦਾਰਾਂ ਭਾਈ ਰਾਮ ਸਿੰਘ ਤੇ ਲੱਖਾ ਸਿੰਘ ਦੀ ਪਟੀਸ਼ਨ ਦਾ ਅਨੁਵਾਦ; ਜਿਸ ਵਿੱਚ ਇਹ ਆਖਦਿਆਂ ਅਨੰਦਪੁਰ ਸਾਹਿਬ, ਜ਼ਿਲ੍ਹਾ ਹੁਸ਼ਿਆਰਪੁਰ ਜਾਣ ਦੀ ਇਜਾਜ਼ਤ ਮੰਗੀ ਗਈ ਹੈ ਕਿ ਲੋਕ ਉਨ੍ਹਾਂ (ਗੁਰੂ ਰਾਮ ਸਿੰਘ ਜੀ) ਦੇ ਦਰਸ਼ਨ ਕਰਨ ਲਈ ਆਉਣਗੇ, ਇਸ ਲਈ ਇਸ ਉੱਤੇ ਰੋਕ ਨਾ ਲਾਈ ਜਾਵੇ, ਜੇ ਉਨ੍ਹਾਂ ਨੂੰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਤਾਂ ਲੋਕ ਇਸ ਸਥਾਨ (ਭੈਣੀ) 'ਤੇ ਉਨ੍ਹਾਂ ਦੇ ਦਰਸ਼ਨਾਂ ਲਈ ਆਉਣਗੇ। ਉਨ੍ਹਾਂ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਰੋਕਿਆ ਨਾ ਜਾਵੇ।

ਪਟੀਸ਼ਨ: ਉਹ ਇੱਕ ਚੰਗੇ ਚਰਿੱਤਰ ਵਾਲੇ ਸ਼ਖ਼ਸ ਹਨ ਤੇ ਸਰਕਾਰ ਦੇ ਸ਼ੁਭਚਿੰਤਕ ਹਨ ਤੇ ਉਨ੍ਹਾਂ ਨੂੰ ਕਦੇ ਵੀ ਕਿਸੇ ਗ਼ਲਤੀ ਲਈ ਦੋਸ਼ੀ ਨਹੀਂ ਪਾਇਆ ਗਿਆ। ਉਹ ਹੁਣ ਹੁਸ਼ਿਆਰਪੁਰ ਜ਼ਿਲ੍ਹੇ ਦੇ ਅਨੰਦਪੁਰ ਸਾਹਿਬ ਜਾਣਾ ਚਾਹੁੰਦੇ ਹਨ ਅਤੇ ਇਹ ਸੰਭਾਵਨਾ ਹੈ ਕਿ ਬਹੁਤ ਸਾਰੇ ਲੋਕ ਉਨ੍ਹਾਂ ਦੇ ਦਰਸ਼ਨ ਕਰਨ ਲਈ ਆਉਣਗੇ। ਉਹ ਉੱਥੇ ਇੱਕ ਦਿਨ ਰਹਿ ਕੇ ਪਰਤ ਆਉਣਗੇ। ਉਹ ਸਰਕਾਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਗੇ ਤੇ ਕੁਝ ਵੀ ਹੋਵੇ, ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਇਸ ਲਈ ਉਹ ਅਨੰਦਪੁਰ ਸਾਹਿਬ ਜਾਣ ਦੀ ਇਜਾਜ਼ਤ ਦੇਣ ਦੀ ਬੇਨਤੀ ਕਰਦੇ ਹਨ, ਇਹ ਵੀ ਕਿਹਾ ਹੈ ਕਿ ਉਨ੍ਹਾਂ ਨੂੰ ਨਮਨ ਕਰਨ ਵਾਸਤੇ ਆਉਣ ਵਾਲੇ ਸ਼ਰਧਾਲੂਆਂ ਦੇ ਰਾਹ 'ਚ ਕੋਈ ਅੜਿੱਕਾ ਨਾ ਡਾਹਿਆ ਜਾਵੇ ਅਤੇ ਇਹ ਵੀ ਧਿਆਨ ਗੋਚਰੇ ਲਿਆਂਦਾ ਗਿਆ ਹੈ ਕਿ ਜੇ ਉਨ੍ਹਾਂ ਨੂੰ ਉਸ ਸਥਾਨ 'ਤੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਤਾਂ ਸ਼ਰਧਾਲੂ ਉਨ੍ਹਾਂ ਦੇ ਪਿੰਡ (ਭੈਣੀ) ਆਉਣਗੇ ਅਤੇ ਉਸ ਹਾਲਤ 'ਚ ਬੇਨਤੀ ਹੈ ਕਿ ਉਨ੍ਹਾਂ ਨੂੰ ਸ਼ਾਇਦ ਰੋਕਿਆ ਨਾ ਜਾ ਸਕੇ।

(ਹਸਤਾਖਰ) ਭਾਈ ਰਾਮ ਸਿੰਘ, ਲੱਖਾ ਸਿੰਘ
ਭੈਣੀ ਦੇ ਜ਼ਿਮੀਂਦਾਰ, ਤਹਿਸੀਲ ਲੁਧਿਆਣਾ

ਮਿਤੀ 6 ਫ਼ਰਵਰੀ, 1867

## 14

*ਡਿਪਟੀ ਕਮਿਸ਼ਨਰ ਵੱਲੋਂ ਯਾਦ-ਪੱਤਰ*

ਮੈਂ, ਇਸ ਦਿਨ ਕਮਿਸ਼ਨਰ ਕਰਨਲ ਟੇਅਲਰ ਤੇ ਪੁਲਿਸ ਦੇ ਸਹਾਇਕ ਜ਼ਿਲ੍ਹਾ ਸੁਪਰਇੰਟੈਂਡੈਂਟ ਨਾਲ ਭੈਣੀ ਗਿਆ ਸਾਂ ਅਤੇ ਇਹ ਪਟੀਸ਼ਨ ਕਮਿਸ਼ਨਰ ਦੇ ਹੁਕਮਾਂ ਅਧੀਨ ਪੇਸ਼ ਕੀਤੀ ਗਈ ਸੀ, ਜਿਨ੍ਹਾਂ ਨੇ ਪਹਿਲਾਂ (ਗੁਰੂ) ਰਾਮ ਸਿੰਘ ਜੀ ਨਾਲ ਮੁਲਾਕਾਤ ਕੀਤੀ ਸੀ। ਬਾਬਾ ਜੀ ਆਨੰਦਪੁਰ ਸਾਹਿਬ ਮੇਲੇ 'ਚ (ਲਗਭਗ 20 ਮਾਰਚ) ਜਾਣ ਦੀ ਪ੍ਰਵਾਨਗੀ ਚਾਹੁੰਦੇ ਹਨ, ਜੇ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਉਹ ਉੱਥੇ ਆਪਣੇ ਸ਼ਰਧਾਲੂਆਂ ਨੂੰ ਮਿਲਣਗੇ ਅਤੇ ਇੰਝ ਉਨ੍ਹਾਂ ਪੈਰੋਕਾਰਾਂ ਨੂੰ ਭੈਣੀ ਆ

ਕੇ ਉਨ੍ਹਾਂ ਦੇ ਦਰਸ਼ਨ ਕਰਨ ਦੀ ਜ਼ਰੂਰਤ ਨਹੀਂ ਰਹੇਗੀ ਪਰ ਜੇ ਉਹਨਾਂ ਨੂੰ ਨਹੀਂ ਜਾਣ ਦਿੱਤਾ ਜਾਂਦਾ (ਅਨੰਦਪੁਰ) ਤਾਂ ਉਹਨਾਂ ਦੇ ਸਾਰੇ ਸਿੱਖ ਉਹਨਾਂ ਦੇ ਦਰਸ਼ਨ ਕਰਨ (ਭੈਣੀ) ਜ਼ਰੂਰ ਆਉਣਗੇ।

ਮੈਂ ਤਾਂ ਸਗੋਂ ਇਸ ਹੱਕ ਵਿਚ ਹਾਂ ਕਿ ਇਹ ਬੇਨਤੀ ਹੇਠ ਲਿਖੇ ਕਾਰਨਾਂ ਕਰਕੇ ਪ੍ਰਵਾਨ ਕਰ ਲਈ ਜਾਵੇ:

ਪਹਿਲਾ:- (ਗੁਰੂ) ਰਾਮ ਸਿੰਘ ਤੇ ਉਨ੍ਹਾਂ ਦੇ ਦੋ ਪ੍ਰਮੁੱਖ ਸਹਾਇਕ ਲੱਖਾ ਸਿੰਘ ਤੇ ਸਾਹਿਬ ਸਿੰਘ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ ਕਿ ਅਨੰਦਪੁਰ ਸਾਹਿਬ ਵਿਖੇ ਕੋਈ ਵਿਵਾਦ ਨਾ ਖੜ੍ਹਾ ਹੋਵੇ। (ਉਹ ਇਹ ਜ਼ਿੰਮੇਵਾਰੀ ਲੈਣ ਲਈ ਤਿਆਰ ਹਨ ਤੇ ਇਸ ਸ਼ਰਤ 'ਤੇ ਪ੍ਰਵਾਨਗੀ ਦੇ ਦਿੱਤੀ ਜਾਣੀ ਚਾਹੀਦੀ ਹੈ)।

ਦੂਜਾ:- ਉਨ੍ਹਾਂ ਨੂੰ ਅਨੰਦਪੁਰ ਸਾਹਿਬ ਜਾਣ ਦੀ ਇਜਾਜ਼ਤ ਦੇਣ ਨਾਲ ਸਾਡੇ ਕੋਲ ਸਿਰਫ਼ ਇੱਕੋ ਇਕੱਠ ਰਹਿ ਜਾਵੇਗਾ (ਇਹ ਸ਼ਰਤ ਵੀ ਲਾ ਦਿੱਤੀ ਜਾਣੀ ਚਾਹੀਦੀ ਹੈ)।

ਤੀਜਾ:- ਅਨੰਦਪੁਰ ਸਾਹਿਬ ਵਿਖੇ ਹਰ ਹਾਲਤ 'ਚ ਵੱਡੀ ਗਿਣਤੀ 'ਚ ਪੁਲਿਸ ਬਲ ਤਾਇਨਾਤ ਕੀਤੇ ਜਾਣਗੇ, ਜੋ ਸ਼ਾਂਤੀ ਕਾਇਮ ਰੱਖਣ ਦੇ ਯੋਗ ਹੋਣਗੇ ਅਤੇ ਕਿਸੇ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਵਾਪਰਨ ਤੋਂ ਵੀ ਰੋਕ ਸਕਣਗੇ।

ਚੌਥਾ:- ਜੇ ਕੋਈ ਹੰਗਾਮਾ ਹੁੰਦਾ ਹੈ, ਤਾਂ ਇਸ ਲਈ (ਗੁਰੂ) ਰਾਮ ਸਿੰਘ ਜੀ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਜਾਵੇਗਾ ਅਤੇ ਇੰਝ ਉਨ੍ਹਾਂ ਵਿਰੁੱਧ ਕਾਰਵਾਈ ਦਾ ਆਧਾਰ ਕਾਇਮ ਹੋ ਜਾਵੇਗਾ, ਤੇ ਅਜਿਹਾ ਕਰਨਾ ਦਰੁਸਤ ਹੋਏਗਾ।

(ਹਸਤਾਖਰ) ਸੀ.ਪੀ. ਈਲੀਅਟ,
ਡਿਪਟੀ ਕਮਿਸ਼ਨਰ

## 15

*ਨੰ. 21. ਸਤਲੁਜ ਦੇ ਨਾਲ ਲੱਗਦੀਆਂ ਰਿਆਸਤਾਂ ਲਈ ਲੈਫ਼ਟੀਨੈਂਟ ਗਵਰਨਰ ਦੇ ਏਜੰਟ ਕਰਨਲ ਆਰ.ਜੀ. ਟੇਅਲਰ, ਜੀ.ਬੀ., ਸੀਐੱਸਆਈ ਵੱਲੋਂ ਪੰਜਾਬ ਸਰਕਾਰ ਦੇ ਸਕੱਤਰ ਟੀ.ਐੱਚ. ਥੌਰੰਟਨ, ਨੂੰ ਲਿਖੀ ਚਿੱਠੀ ਨੰ. 47-366 ਮਿਤੀ 13 ਫ਼ਰਵਰੀ, 1867 ਦੀ ਕਾਪੀ।*

ਮੈਂ ਮਹਾਮਹਿਮ ਲੈਫ਼ਟੀਨੈਂਟ ਗਵਰਨਰ ਦੇ ਹੁਕਮਾਂ ਲਈ ਭੈਣੀ, ਤਹਿਸੀਲ ਲੁਧਿਆਣਾ ਦੇ ਭਾਈ ਰਾਮ ਸਿੰਘ ਤੇ ਲੱਖਾ ਸਿੰਘ ਦੀ ਇੱਕ ਪਟੀਸ਼ਨ ਦੇ ਅਨੁਵਾਦ ਦੀ ਇੱਕ ਕਾਪੀ ਪੇਸ਼ ਕਰਨ ਦੀ ਇਜਾਜ਼ਤ ਚਾਹੁੰਦਾ ਹਾਂ, ਜਿਸ ਨਾਲ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦੇ ਵਿਚਾਰ ਵੀ ਨੱਥੀ ਕੀਤੇ ਗਏ ਹਨ ਅਤੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਲੁਧਿਆਣਾ 'ਚ ਹਾਲਾਤ ਆਮ ਤੌਰ 'ਤੇ ਕਾਬੂ ਹੇਠ ਹਨ ਤੇ ਜੇ ਮਹਾਮਹਿਮ ਅਜਿਹੀ ਪ੍ਰਵਾਨਗੀ ਦੇਣੀ ਵਾਜਬ ਸਮਝਦੇ ਹਨ ਤਾਂ ਮੇਰਾ ਉਸ ਪ੍ਰਵਾਨਗੀ 'ਤੇ ਕੋਈ ਇਤਰਾਜ਼ ਨਹੀਂ ਹੋਵੇਗਾ। ਇਸ ਦੇ ਨਾਲ ਹੀ ਮੈਨੂੰ ਇਸ ਬਾਰੇ ਪੂਰੀ

ਜਾਣਕਾਰੀ ਨਹੀਂ ਹੈ ਕਿ ਅਨੰਦਪੁਰ ਸਾਹਿਬ ਵਿਖੇ ਕੋਈ ਗੜਬੜੀ ਪੈਦਾ ਕਰਨ ਵਾਲੇ ਕਿੰਨੇ ਕੁ ਅਨਸਰ ਆ ਸਕਦੇ ਹਨ ਤੇ ਨਾ ਹੀ ਮੈਂ ਅਜਿਹਾ ਕੋਈ ਅਨੁਮਾਨ ਲਾ ਸਕਦਾ ਹਾਂ ਕਿ ਜੇ ਕੋਈ ਗੜਬੜੀ ਹੁੰਦੀ ਹੈ, ਤਾਂ ਉਹ ਕਿਸ ਹੱਦ ਤੱਕ ਵਧ ਸਕਦੀ ਹੈ; ਇਸ ਮਾਮਲੇ 'ਚ ਜਲੰਧਰ ਦੇ ਕਮਿਸ਼ਨਰ ਬਿਹਤਰ ਅੰਦਾਜ਼ਾ ਲਾ ਸਕਦੇ ਹਨ।

2. ਮੈਨੂੰ ਅਜਿਹੀ ਕੋਈ ਸੰਭਾਵਨਾ ਨਹੀਂ ਜਾਪਦੀ ਕਿ ਅਨੰਦਪੁਰ ਸਾਹਿਬ ਦੇ ਮੇਲੇ 'ਚ ਸ਼ਾਮਲ ਹੋਣ ਵਾਲੇ ਸਾਰੇ ਸ਼ਰਧਾਲੂ ਸਿਰਫ਼ (ਗੁਰੂ) ਰਾਮ ਸਿੰਘ ਜੀ ਨੂੰ ਨਮਨ ਕਰਨ ਲਈ ਭੈਣੀ ਜਾਣਗੇ, ਇਸ ਮਾਮਲੇ 'ਚ ਇਹ ਅਸੁਵਿਧਾ ਤਾਂ ਹੈ ਕਿ ਇੰਨੇ ਵੱਡੇ ਇਕੱਠ 'ਚ ਜਾਣ ਦੀ ਇਜਾਜ਼ਤ ਅਸੀਂ (ਗੁਰੂ) ਜੀ ਨੂੰ ਦੇ ਰਹੇ ਹਾਂ, ਜਿੱਥੇ ਉਹ ਵੱਡੀ ਗਿਣਤੀ 'ਚ ਸ਼ਰਧਾਲੂਆਂ ਨਾਲ ਨਿਜੀ ਗੱਲਬਾਤ ਕਰ ਸਕਦੇ ਹਨ; ਨਹੀਂ ਤਾਂ ਇੰਨੇ ਜ਼ਿਆਦਾ ਪੈਰੋਕਾਰ ਉਨ੍ਹਾਂ ਕੋਲ ਕਦੇ ਵੀ ਨਹੀਂ ਜਾਣਗੇ; ਇਸ ਮਾਮਲੇ 'ਚ ਇਹ ਦਲੀਲ ਹੈ ਕਿ ਉਨ੍ਹਾਂ ਨੂੰ ਕਈ ਸਖ਼ਤ ਸ਼ਰਤਾਂ ਨਾਲ ਜਾਣ ਲਈ ਕਿਹਾ ਜਾਵੇ ਕਿ ਜੇ ਉਨ੍ਹਾਂ ਦੀ ਉਲੰਘਣਾ ਕੀਤੀ ਗਈ, ਤਾਂ ਉਹ ਤੇ ਉਨ੍ਹਾਂ ਦੇ ਲੈਫ਼ਟੀਨੈਂਟ ਸਜ਼ਾ ਦੇ ਹੱਕਦਾਰ ਹੋਣਗੇ।

## 16

*ਪੰਜਾਬ ਸਰਕਾਰ ਦੇ ਸਕੱਤਰ ਟੀ.ਐੱਚ. ਥੌਰੰਟਨ, ਵੱਲੋਂ ਸਤਲੁਜ ਦੇ ਨਾਲ ਲੱਗਦੀਆਂ ਰਿਆਸਤਾਂ ਲਈ ਲੈਫ਼ਟੀਨੈਂਟ ਗਵਰਨਰ ਦੇ ਏਜੰਟ ਕਰਨਲ ਆਰ.ਜੀ. ਟੇਅਲਰ, ਜੀ.ਬੀ., ਸੀਐੱਸਆਈ ਨੂੰ ਭੇਜੇ ਸਾਰ-ਅੰਸ਼ ਦੀ ਕਾਪੀ ਨੰ. 148, ਮਿਤੀ 25 ਫ਼ਰਵਰੀ, 1867.*

ਇਸੇ ਮਹੀਨੇ ਦੀ 13 ਤਰੀਕ ਦੇ ਪੱਤਰ ਨੰ. 47 ਦੇ ਜਵਾਬ 'ਚ ਇਹ ਦੱਸਿਆ ਜਾਂਦਾ ਹੈ ਕਿ ਭਾਈ ਰਾਮ ਸਿੰਘ ਜੀ ਤੇ ਲੱਖਾ ਸਿੰਘ ਨੂੰ ਅਨੰਦਪੁਰ ਸਾਹਿਬ ਮੇਲੇ 'ਚ ਜਾਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਇਸ ਸਬੰਧੀ ਜਲੰਧਰ ਦੇ ਕਮਿਸ਼ਨਰ ਨੂੰ ਸੂਚਿਤ ਕੀਤਾ ਜਾ ਰਿਹਾ ਹੈ।

## 17

*ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਤੇ ਸੁਪਰਇੰਟੈਂਡੈਂਟ ਟੀ.ਡੀ. ਫ਼ੌਰਸਿਥ, ਸੀ.ਬੀ. ਵੱਲੋਂ ਪੰਜਾਬ ਸਰਕਾਰ ਦੇ ਸਕੱਤਰ ਟੀ.ਐੱਚ. ਥੌਰੰਟਨ ਨੂੰ ਲਿਖੇ ਪੱਤਰ ਨੰ. 108 ਮਿਤੀ 21 ਮਾਰਚ, 1867 ਦੀ ਕਾਪੀ।*

ਮੈਨੂੰ ਤੁਹਾਡਾ ਇਸੇ ਮਹੀਨੇ ਦੀ 13 ਤਰੀਕ ਨੂੰ ਲਿਖਿਆ ਪੱਤਰ ਨੰ. 219 ਮਿਤੀ 16 ਨੂੰ ਅਤੇ ਤੁਹਾਡਾ ਇਸੇ ਮਹੀਨੇ ਦੀ 15 ਤਰੀਕ ਵਾਲਾ ਪੱਤਰ ਨੰ. 239 ਮਿਤੀ 19 ਨੂੰ ਪ੍ਰਾਪਤ ਕਰਨ ਦਾ ਮਾਣ ਹਾਸਲ ਹੋਇਆ ਤੇ ਇਹ ਸੰਤੋਖਜਨਕ ਰਿਪੋਰਟ ਹੈ ਕਿ ਅਨੰਦਪੁਰ ਮਖੋਵਾਲ ਦੇ ਮੇਲੇ 'ਚ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸ਼ਰਧਾਲੂ ਪੁੱਜੇ ਸਨ, ਉਨ੍ਹਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਸੀ

ਤੇ ਉਨ੍ਹਾਂ ਧਾਰਮਿਕ ਰੀਤਾਂ ਨੂੰ ਸੰਪੰਨ ਕੀਤਾ ਸੀ, ਜਿਸ ਦੌਰਾਨ ਕਿਤੇ ਵੀ ਕਿਸੇ ਕਿਸਮ ਦੀ ਕੋਈ ਥੋੜ੍ਹੀ ਜਿੰਨੀ ਵੀ ਗੜਬੜੀ ਨਹੀਂ ਹੋਈ।

2. ਕਰਨਲ ਮੈਕਐਂਡ੍ਰਿਯੂ, ਸ੍ਰੀ ਪਰਕਿਨਜ਼, ਡਿਪਟੀ ਕਮਿਸ਼ਨਰ ਅਤੇ ਸ੍ਰੀ ਹੈਚੱਲ, ਸਹਾਇਕ ਜ਼ਿਲ੍ਹਾ ਸੁਪਰਇੰਟੈਂਡੈਂਟ 17 ਤਰੀਕ ਨੂੰ ਅਨੰਦਪੁਰ ਸਾਹਿਬ ਪੁੱਜੇ ਸਨ ਤੇ ਸ਼ਾਂਤੀ ਕਾਇਮ ਰੱਖਣ ਦਾ ਹਰੇਕ ਇੰਤਜ਼ਾਮ ਕੀਤਾ ਸੀ। ਮਹੰਤ ਤਾਂ ਬਿਲਕੁਲ ਵੀ ਨਹੀਂ ਚਾਹੁੰਦੇ ਸਨ ਕਿ (ਗੁਰੂ) ਰਾਮ ਸਿੰਘ ਜੀ ਨੂੰ ਪਵਿੱਤਰ ਧਾਰਮਿਕ ਅਸਥਾਨ ’ਚ ਦਾਖ਼ਲ ਹੋਣ ਦਿੱਤਾ ਜਾਵੇ ਤੇ 300 ਨਿਹੰਗਾਂ ਦੀ ਟੋਲੀ ਨੇ ਤਾਂ ਦ੍ਰਿੜ੍ਹ ਇਰਾਦਾ ਕੀਤਾ ਹੋਇਆ ਸੀ ਕਿ (ਗੁਰੂ) ਰਾਮ ਸਿੰਘ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਉੱਥੇ ਨਾ ਜਾਣ ਦਿੱਤਾ ਜਾਵੇ।

3. ਮੈਂ 19 ਤਰੀਕ ਦੀ ਸ਼ਾਮ ਨੂੰ ਅਨੰਦਪੁਰ ਸਾਹਿਬ ਪੁੱਜਿਆ ਸਾਂ ਤੇ (ਗੁਰੂ) ਰਾਮ ਸਿੰਘ ਜੀ, ਸਾਹਿਬ ਸਿੰਘ ਤੇ ਲੱਖਾ ਸਿੰਘ ਨਾਲ ਮੀਟਿੰਗ ਕੀਤੀ ਸੀ। ਉਨ੍ਹਾਂ ਸਰਕਾਰ ਦੀ ਮਰਜ਼ੀ ਦੀ ਪੂਰੀ ਪਾਲਣਾ ਕਰਨ ਦਾ ਵਚਨ ਦਿੱਤਾ ਸੀ ਤੇ ਇੱਥੋਂ ਤੱਕ ਵੀ ਆਖਿਆ ਸੀ ਕਿ ਜੇ ਅਸੀਂ ਵਾਜਬ ਸਮਝਦੇ ਹੋਈਏ, ਤਾਂ ਉਹ ਗੁਰਦੁਆਰਾ ਸਾਹਿਬ ਵੀ ਨਹੀਂ ਜਾਣਗੇ। ਬਾਬਾ (ਗੁਰੂ) ਜੀ ਗੁਰਦੁਆਰਾ (ਤਖ਼ਤ ਸ੍ਰੀ) ਕੇਸਗੜ੍ਹ ਸਾਹਿਬ ’ਚੋਂ ਲੰਘਦੇ ਸਮੇਂ ਆਪਣੇ ਸਾਰੇ ਪੈਰੋਕਾਰਾਂ ਨੂੰ ਬਿਲਕੁਲ ਚੁੱਪ ਤੇ ਸ਼ਾਂਤ ਰਹਿਣ ਲਈ ਹੁਕਮ ਦੇਣਗੇ; ਇਸ ਦੌਰਾਨ ਨਿਹੰਗ ਕਿਉਂਕਿ ਅਨੰਦਪੁਰ ਸਾਹਿਬ ਦੇ ਗੁਰਦੁਆਰਾ ਸਾਹਿਬ ’ਚ ਉਨ੍ਹਾਂ ਰੋਕ ਕੇ ਗੜਬੜੀ ਪੈਦਾ ਕਰਨ ਦੀਆਂ ਧਮਕੀਆਂ ਦੇ ਰਹੇ ਸਨ, ਇਸੇ ਕਾਰਨ ਉਹ ਗੁਰੂਘਰ ਦੇ ਅੰਦਰ ਨਾ ਜਾਣ ਲਈ ਵੀ ਤਿਆਰ ਸਨ।

(ਗੁਰੂ) ਰਾਮ ਸਿੰਘ ਜੀ ਨੇ ਆਪਣੇ ਸਾਰੇ ਵਾਅਦੇ ਬਿਲਕੁਲ ਵਫ਼ਾਦਾਰੀ ਨਾਲ ਪੂਰੇ ਕੀਤੇ। ਉਨ੍ਹਾਂ ਦਾ ਖ਼ੁਦ ਦਾ ਤੇ ਹੋਰਨਾਂ ਦਾ ਵਿਚਾਰ ਸੀ ਕਿ ਉਨ੍ਹਾਂ ਦੇ 10,000 ਦੇ ਲਗਭਗ ਸ਼ਰਧਾਲੂ ਉੱਥੇ ਪੁੱਜੇ ਹਨ। ਭਾਵੇਂ ਮੈਨੂੰ ਉਨ੍ਹਾਂ ਦੀ ਗਿਣਤੀ ਇੰਨੀ ਨਹੀਂ ਜਾਪੀ ਤੇ ਨਾ ਹੀ ਕਿਸੇ ਤਰ੍ਹਾਂ ਦੀ ਕੋਈ ਗੜਬੜੀ ਮੇਰੇ ਧਿਆਨ ਗੋਚਰੇ ਆਈ।

4. ਮੈਂ ਇਹ ਗੱਲ ਪ੍ਰਮੁੱਖਤਾ ਨਾਲ ਰੱਖਣੀ ਚਾਹੁੰਦਾ ਹਾਂ ਕਿ ਜੇ ਕੋਈ ਗੜਬੜੀ ਨਹੀਂ ਹੋਈ, ਤਾਂ ਅਜਿਹਾ ਸਿਰਫ਼ ਕਰਨਲ ਮੈਕਐਂਡ੍ਰਿਯੂ ਦੇ ਸ਼ਲਾਘਾਯੋਗ ਪ੍ਰਬੰਧਾਂ ਸਦਕਾ ਸੀ। ਸ੍ਰੀ ਪਰਕਿਨਜ਼ ਵੀ ਵੱਡੇ ਸਿਹਰੇ ਦੇ ਹੱਕਦਾਰ ਹਨ ਕਿਉਂਕਿ ਉਨ੍ਹਾਂ ਨੇ ਸਾਰਾ ਡਰ ਤੇ ਪੱਖਪਾਤ ਦੂਰ ਕਰਨ ਲਈ ਸੋਢੀਆਂ ਤੇ ਮਹੰਤਾਂ ਨਾਲ ਆਪਣੇ ਅਸਰ-ਰਸੂਖ਼ ਨੂੰ ਵਰਤਿਆ ਪਰ ਇਹ ਸਾਰਾ ਨੈਤਿਕ ਪ੍ਰਭਾਵ ਇੱਕ ਛਿਣ ਲਈ ਤਾਂ ਉਦੋਂ ਅਚਾਨਕ ਹੀ ਖ਼ਤਮ ਹੁੰਦਾ ਜਾਪਿਆ ਸੀ, ਜਦੋਂ ਖ਼ਤਰਨਾਕ ਡਾਂਗਾਂ ਤੇ ਹੋਰ ਹਥਿਆਰਾਂ ਨਾਲ ਲੈਸ 30 ਨਿਹੰਗਾਂ ਦਾ ਜੱਥਾ ਅਚਾਨਕ ਆ ਪੁੱਜਾ ਸੀ, ਜਿੱਥੋਂ (ਗੁਰੂ) ਰਾਮ ਸਿੰਘ ਜੀ ਨੇ ਗੁਰਦੁਆਰੇ ਅੰਦਰ ਦਾਖ਼ਲ ਹੋਣਾ ਸੀ।

ਕਰਨਲ ਮੈਕਐਂਡ੍ਰਿਯੂ ਨੇ ਤੁਰੰਤ ਬੇਹੱਦ ਦ੍ਰਿੜ੍ਹਤਾ ਨਾਲ ਨਿਹੰਗਾਂ ’ਤੇ ਆਪਣੀਆਂ ਡਾਂਗਾਂ ਤੇ ਕੁਹਾੜੇ ਲਾਂਭੇ ਰੱਖਣ ਲਈ ਜ਼ੋਰ ਪਾਇਆ ਅਤੇ ਕੁਝ ਮਿੰਟਾਂ ਲਈ ਤਾਂ ਉਨ੍ਹਾਂ ਅਜਿਹਾ ਕਰਨ ਲਈ ਥੋੜ੍ਹੀ ਝਿਜਕ ਵਿਖਾਈ ਤੇ ਥੋੜ੍ਹਾ ਵਿਰੋਧ ਵੀ ਕੀਤਾ। ਪਰ ਪੁਲਿਸ ਨੇ ਮੁਸਤੈਦੀ ਵਿਖਾਈ ਤੇ ਤਦ ਨਿਹੰਗਾਂ ਨੇ ਵੇਖਿਆ ਕਿ ਉਹ ਮੌਕਾ ਗੁਆਚ

ਚੁੱਕੇ ਹਨ ਤੇ ਉਹ ਥੋੜ੍ਹੀ ਨਾਰਾਜ਼ਗੀ ਲੈ ਕੇ ਆਪਣੇ ਗੁਰਦੁਆਰਾ ਸਾਹਿਬ 'ਚ ਚਲੇ ਗਏ ਅਤੇ ਉਸ ਤੋਂ ਬਾਅਦ ਕਿਸੇ ਤਰ੍ਹਾਂ ਦੀ ਗੜਬੜੀ ਦੀ ਕੋਈ ਕੋਸ਼ਿਸ਼ ਨਹੀਂ ਹੋਈ।

5. ਦੱਸਿਆ ਜਾਂਦਾ ਹੈ ਕਿ ਇਸ ਮੇਲੇ ਦੌਰਾਨ (ਗੁਰੂ) ਰਾਮ ਸਿੰਘ ਜੀ ਨੇ ਕਈ ਸੈਂਕੜੇ ਨਵੇਂ ਕੂਕੇ ਬਣਾਏ ਤੇ ਉਨ੍ਹਾਂ 'ਚੋਂ ਕੁਝ ਨਿਹੰਗ ਵੀ ਸਨ। ਉਨ੍ਹਾਂ ਦਾ ਮੰਨਣਾ ਹੈ ਤੇ ਉਨ੍ਹਾਂ ਨੂੰ ਪੂਰੀ ਆਸ ਵੀ ਹੈ ਕਿ ਉਹ ਸਾਰੇ ਹੀ ਸਿੱਖਾਂ ਨੂੰ ਕੂਕਾ ਬਣਾ ਦੇਣਗੇ ਤੇ ਜਿੰਨੀ ਤੇਜ਼ੀ ਨਾਲ ਉਨ੍ਹਾਂ ਨੇ ਵੱਡੀ ਗਿਣਤੀ 'ਚ ਲੋਕਾਂ 'ਤੇ ਆਪਣਾ ਪ੍ਰਭਾਵ ਸਿਰਜਿਆ ਹੈ, ਉਸ ਤੋਂ ਵੱਡਾ ਤੇ ਗੰਭੀਰ ਅਸਰ ਪੈਣ ਦੀ ਆਸ ਬੱਝਦੀ ਹੈ।

ਮੇਰੇ ਅਧਿਕਾਰਤ ਗਿਆਨ ਅਨੁਸਾਰ ਹਾਲੇ ਤੱਕ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਅਜਿਹਾ ਕੋਈ ਗੁਨਾਹ ਨਹੀਂ ਕਿ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਕੀਤੀ ਜਾਵੇ।

6. ਅਨੰਦਪੁਰ ਸਾਹਿਬ ਦੇ ਮੇਲੇ 'ਚ ਸ਼ਾਂਤੀ ਕਾਇਮ ਰੱਖਣਾ ਸਮੁੱਚੇ ਪੰਜਾਬ ਲਈ ਕੋਈ ਛੋਟੀ ਗੱਲ ਨਹੀਂ ਸੀ ਤੇ ਮੈਨੂੰ ਯਕੀਨ ਹੈ ਕਿ ਸਰਕਾਰ ਜ਼ਰੂਰ ਹੀ ਡਿਪਟੀ ਇੰਸਪੈਕਟਰ ਜਨਰਲ ਕਰਨਲ ਮੈਕਐਂਡ੍ਰਿਯੂ ਅਤੇ ਡਿਪਟੀ ਕਮਿਸ਼ਨਰ ਸ੍ਰੀ ਪਰਕਿਨਜ਼ ਵੱਲੋਂ ਕੀਤੇ ਗਏ ਸ਼ਾਨਦਾਰ ਪ੍ਰਬੰਧਾਂ ਲਈ ਉਨ੍ਹਾਂ ਦਾ ਮਾਣ-ਤਾਣ ਕਰੇਗੀ। ਕਰਨਲ ਮੈਕਐਂਡ੍ਰਿਯੂ ਵਿਭਾਗੀ ਉੱਚ ਅਧਿਕਾਰੀਆਂ ਦੇ ਧਿਆਨ ਗੋਚਰੇ ਇਸ ਤੱਥ ਨੂੰ ਲੈ ਕੇ ਆਉਣਗੇ ਕਿ ਇਸ ਮੌਕੇ 'ਤੇ ਯੂਰੋਪੀਅਨ ਤੇ ਸਥਾਨਕ ਅਧਿਕਾਰੀਆਂ ਨੇ ਬਹੁਤ ਵਧੀਆ ਸੇਵਾਵਾਂ ਪ੍ਰਦਾਨ ਕੀਤੀਆਂ ਸਨ। ਫਿਰ ਵੀ, ਮੈਂ ਇਹ ਕਹਿਣਾ ਚਾਹਾਂਗਾ ਕਿ ਕਮਾਂਡੈਂਟ ਅਤਰ ਸਿੰਘ, ਜੋ ਹੁਣ ਪੈਨਸ਼ਨ ਲੈਣ ਵਾਲੇ ਅਧਿਕਾਰੀ ਹਨ ਤੇ ਉਹ ਕਰਨਲ ਮੈਕਐਂਡ੍ਰਿਯੂ ਦੇ ਕਹਿਣ 'ਤੇ ਪੁੱਜੇ ਸਨ ਤੇ ਉਨ੍ਹਾਂ ਦੀ ਆਪਣੀ ਰੈਜਿਮੈਂਟ 'ਚ ਪਹਿਲਾਂ ਇੱਕ ਫ਼ੌਜੀ ਜਵਾਨ ਰਹੇ ਕੂਕਾ ਲੱਖਾ ਸਿੰਘ 'ਤੇ ਜਿਹੋ ਜਿਹਾ ਪ੍ਰਭਾਵ ਪਾਇਆ, ਉਸ ਨੇ ਪੁਲਿਸ ਵੱਲੋਂ ਕੀਤੇ ਇੰਤਜ਼ਾਮਾਂ ਦੀ ਕਾਮਯਾਬੀ 'ਚ ਯੋਗਦਾਨ ਪਾਇਆ।

## 18

*ਪੰਜਾਬ ਸਰਕਾਰ ਦੇ ਸਕੱਤਰ ਟੀ.ਐੱਚ. ਥੌਰੰਟਨ, ਵੱਲੋਂ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਅਤੇ ਸੁਪਰਇੰਟੈਂਡੈਂਟ ਟੀ.ਡੀ. ਫ਼ਾਰਸਿਦ, ਐਸਸਕ., ਸੀਬੀ. ਨੂੰ ਲਿਖੇ ਪੱਤਰ... ਨੰ. 279, ਮਿਤੀ 27 ਮਾਰਚ 1867 ਦੀ ਕਾਪੀ।*

ਮੈਨੂੰ ਤੁਹਾਡੇ ਇਸੇ ਮਹੀਨੇ ਦੀ 21 ਤਰੀਕ ਨੂੰ ਅਨੰਦਪੁਰ ਸਾਹਿਬ ਮੇਲੇ 'ਚ ਕੂਕਾ ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀਆਂ ਗਤੀਵਿਧੀਆਂ ਬਾਰੇ ਲਿਖੇ ਪੱਤਰ ਨੰਬਰ 108 ਦਾ ਜਵਾਬ ਦੇਣ ਦੀ ਹਦਾਇਤ ਜਾਰੀ ਹੋਈ ਹੈ, ਅਤੇ ਜਵਾਬ 'ਚ ਇਹ ਦੱਸਣਾ ਹੈ ਕਿ ਸਭ ਕੁਝ ਸੁੱਖੀ-ਸਾਂਦੀ ਲੰਘ ਗਿਆ, ਇਸ ਤੋਂ ਮਾਣਯੋਗ ਲੈਫ਼ਟੀਨੈਂਟ-ਗਵਰਨਰ ਪੂਰੀ ਤਰ੍ਹਾਂ ਸੰਤੁਸ਼ਟ ਹਨ।

2. ਮਹਾਮਹਿਮ ਦੀ ਇੱਛਾ ਹੈ ਕਿ ਕਰਨਲ ਮੈਕਐਂਡ੍ਰਿਯੂ ਨੇ ਤੁਰਤ-ਫੁਰਤ ਤੇ

ਨਿਆਂਪੂਰਨ ਕਾਰਵਾਈ ਕੀਤੀ, ਇਸ ਲਈ ਉਨ੍ਹਾਂ ਦਾ ਤੇ ਸ੍ਰੀ ਪਰਕਿਨਜ਼ ਅਤੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਵੱਲੋਂ ਕੀਤੇ ਆਮ ਇੰਤਜ਼ਾਮਾਂ ਲਈ ਧੰਨਵਾਦ ਕੀਤਾ ਜਾਵੇ।

3. (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਦੇ ਸ਼ਾਂਤੀਪੂਰਨ ਵਿਵਹਾਰ ਦੀ ਸ਼ਲਾਘਾ ਕਰਨੀ ਹੋਵੇਗੀ ਪਰ ਫਿਰ ਵੀ ਮਾਣਯੋਗ ਮਹਾਮਹਿਮ ਨੇ ਆਪਣੀ ਟਿੱਪਣੀ 'ਚ ਕਿਹਾ ਹੈ ਕਿ ਇਹ ਇੱਕ ਅਜਿਹੀ ਲਹਿਰ ਹੈ ਕਿ ਜਿਸ 'ਤੇ ਧਿਆਨ ਨਾਲ ਨਜ਼ਰ ਰੱਖਣ ਦੀ ਜ਼ਰੂਰਤ ਰਹੇਗੀ।

4. ਜਿਹੜੇ ਹਾਲਾਤ ਅਧੀਨ ਕੂਕੇ ਕੇਸਗੜ੍ਹ ਦਰਬਾਰ 'ਚ ਗਏ ਸਨ, ਉਸ ਬਾਰੇ ਤੁਹਾਡੀ ਰਿਪੋਰਟ ਤੋਂ ਕੁਝ ਖ਼ਾਸ ਪਤਾ ਨਹੀਂ ਚੱਲਦਾ ਪਰ ਮਹਾਮਹਿਮ ਨੂੰ ਆਸ ਹੈ ਕਿ ਉਹ (ਗੁਰਦੁਆਰੇ) ਪੁਜਾਰੀਆਂ-ਮਹੰਤਾਂ ਦੀਆਂ ਇੱਛਾਵਾਂ ਵਿਰੁੱਧ ਕੁਝ ਨਹੀਂ ਕਰਨਗੇ।

ਪਿਛਲੇ ਮਾਰਚ ਮਹੀਨੇ ਦੌਰਾਨ ਅਨੰਦਪੁਰ ਸਾਹਿਬ ਦੇ ਵਿਸ਼ਾਲ ਮੇਲੇ 'ਚ ਬਾਬਾ ਰਾਮ ਸਿੰਘ ਜੀ ਦੇ ਦੌਰੇ ਬਾਰੇ ਲਾਹੌਰ ਸਰਕਲ ਦੇ ਡਿਪਟੀ ਇੰਸਪੈਕਟਰ ਜਨਰਲ ਆੱਫ਼ ਪੁਲਿਸ ਦੇ ਵਿਚਾਰ ਨਿਮਨਲਿਖਤ ਅਨੁਸਾਰ ਹਨ: ''ਮੈਂ ਮੇਲੇ ਦੌਰਾਨ ਪੁਲਿਸ ਦੇ ਇੰਤਜ਼ਾਮਾਂ 'ਤੇ ਨਿਗਰਾਨੀ ਲਈ ਅਨੰਦਪੁਰ ਸਾਹਿਬ ਗਿਆ ਸਾਂ। ਮਹੀਨੇ ਦੀ 10 ਤਰੀਕ ਨੂੰ ਲਾਹੌਰ ਤੋਂ ਰਵਾਨਾ ਹੋਣ ਤੋਂ ਪਹਿਲਾਂ ਮੈਨੂੰ ਸਰਕਾਰ ਦੇ ਸਕੱਤਰ ਨੇ ਸੂਚਿਤ ਕੀਤਾ ਸੀ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੇ ਕੂਕਾ ਪੰਥ ਦੇ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਨੂੰ ਅਨੰਦਪੁਰ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਮੈਂ ਇਸ ਬਾਰੇ ਜਲੰਧਰ ਦੇ ਕਮਿਸ਼ਨਰ ਨੂੰ ਸੂਚਿਤ ਕੀਤਾ ਅਤੇ 12 ਤਰੀਕ ਨੂੰ ਉਸ ਸਟੇਸ਼ਨ 'ਤੇ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕੀਤਾ। ਮੈਂ ਹਰ ਸੰਭਵ ਹੱਦ ਤੱਕ ਵੱਧ ਤੋਂ ਵੱਧ ਪੁਲਿਸ ਬਲ ਹਾਸਲ ਕਰਨ ਲਈ ਉਹ ਹੁਕਮ ਹੁਸ਼ਿਆਰਪੁਰ 'ਚ ਵੀ ਭੇਜ ਦਿੱਤੇ, ਜਿੰਨੇ ਵੀ ਉਹ ਡਿਊਟੀ ਤੋਂ ਫ਼ਾਰਗ ਕਰ ਕੇ ਭੇਜ ਸਕਦੇ ਸਨ। 13 ਤਰੀਕ ਨੂੰ ਮੈਂ ਹੁਸ਼ਿਆਰਪੁਰ ਪੁੱਜ ਗਿਆ ਤੇ ਡਿਪਟੀ ਕਮਿਸ਼ਨਰ ਸ੍ਰੀ ਪਰਕਿਨਜ਼ ਨਾਲ ਕੀਤੇ ਜਾਣ ਵਾਲੇ ਪ੍ਰਬੰਧਾਂ ਬਾਰੇ ਸਲਾਹ ਕੀਤੀ, ਮੈਂ ਆਪਣੇ ਨਾਲ ਇੰਸਪੈਕਟਰ, ਡਿਪਟੀ ਇੰਸਪੈਕਟਰ ਤੇ ਹੁਸ਼ਿਆਰਪੁਰ ਤੋਂ ਪੁਲਿਸ ਦੇ 50 ਜਵਾਨ ਅਤੇ ਜਲੰਧਰ ਤੋਂ 10 ਜਣੇ ਲੈ ਕੇ ਗਿਆ। ਇਹ ਸਭ ਚੋਣਵੇਂ ਵਿਅਕਤੀ, ਪੁਰਾਣੇ ਫ਼ੌਜੀ, ਮੁਸਲਿਮ ਤੇ ਰਾਜਪੂਤ ਸਨ। ਸ਼ੇਰਦਿਲ ਰੈਜਿਮੈਂਟ ਦੇ ਸੇਵਾ ਮੁਕਤ ਕਮਾਂਡੈਂਟ ਅੱਤਰ ਸਿੰਘ ਤੇ ਫ਼ਿਰੋਜ਼ਪੁਰ ਪੁਲਿਸ ਦੇ ਇੰਸਪੈਕਟਰ ਕੁਤਬ ਸ਼ਾਹ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਇੰਸਪੈਕਟਰ ਫ਼ਤਿਹਦੀਨ ਖ਼ਾਨ ਵੀ ਮੇਰੇ ਨਾਲ ਸਨ।

ਹੁਸ਼ਿਆਰਪੁਰ ਦੇ ਅਸਿਸਟੈਂਟ ਸੁਪਰਇੰਟੈਂਡੈਂਟ ਸ੍ਰੀ ਹੈਚੈੱਲ ਦੀ ਨਿਗਰਾਨੀ ਹੇਠ ਮੈਂ 17 ਤਰੀਕ ਦੀ ਸਵੇਰ ਨੂੰ ਅਨੰਦਪੁਰ ਸਾਹਿਬ ਪੁੱਜਾ ਤੇ ਇੱਕ ਸੁਵਿਧਾਜਨਕ ਥਾਂ 'ਤੇ ਕੈਂਪ ਲਾ ਦਿੱਤਾ, ਜਿੱਥੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਕੇਸਗੜ੍ਹ ਸਾਹਿਬ ਗੁਰਦੁਆਰਾ ਸਾਹਿਬ ਥੋੜ੍ਹੀ ਦੂਰੀ 'ਤੇ ਹੀ ਸੀ। ਮੈਂ ਹਰ ਸੰਭਵ ਹੱਦ ਤੱਕ ਪੁਲਿਸ ਦੇ ਜਵਾਨਾਂ ਨੂੰ ਆਮ ਜਨਤਾ ਦੀਆਂ ਨਜ਼ਰਾਂ ਤੋਂ ਕੁਝ ਓਹਲੇ ਹੀ ਰੱਖਿਆ ਅਤੇ ਉਨ੍ਹਾਂ ਪ੍ਰਭਾਵਸ਼ਾਲੀ ਤੇ ਭਰੋਸੇਯੋਗ ਅਧਿਕਾਰੀਆਂ ਦੀ ਮਦਦ ਨਾਲ ਹੀ ਸਾਰੇ ਇੰਤਜ਼ਾਮ

ਕੀਤੇ, ਜਿਨ੍ਹਾਂ ਨੂੰ ਮੈਂ ਨਾਲ ਲੈ ਕੇ ਗਿਆ ਸਾਂ। 18 ਤਰੀਕ ਨੂੰ ਡਿਪਟੀ ਕਮਿਸ਼ਨਰ ਸ੍ਰੀ ਪਰਕਿਨਜ਼ ਪੁੱਜ ਗਏ ਤੇ ਅਸੀਂ ਬਾਬਾ ਰਾਮ ਸਿੰਘ ਜੀ ਦੇ ਦੌਰੇ ਦੇ ਵਿਸ਼ੇ 'ਤੇ ਸਾਰੀਆਂ ਧਿਰਾਂ ਦੀਆਂ ਭਾਵਨਾਵਾਂ ਜਾਣਨ ਗਏ। ਕੇਸਗੜ੍ਹ ਸਾਹਿਬ ਦੇ ਮੁੱਖ ਮਹੰਤ ਹਰੀ ਸਿੰਘ ਪਹਿਲਾਂ ਤਾਂ ਕੂਕਿਆਂ ਦੇ ਉੱਥੇ ਦਾਖ਼ਲ ਹੋਣ ਦੀ ਗੱਲ 'ਤੇ ਸਖ਼ਤ ਇਤਰਾਜ਼ ਕਰਦੇ ਜਾਪੇ ਤੇ ਆਖਿਆ ਕਿ ਸਰਕਾਰ ਨੂੰ ਦਖ਼ਲ ਦੇ ਕੇ ਸਗੋਂ ਉਨ੍ਹਾਂ ਨੂੰ ਉੱਥੇ ਪੁੱਜਣ ਤੋਂ ਵਰਜਣਾ ਚਾਹੀਦਾ ਹੈ। ਅਸੀਂ ਉਸ ਨੂੰ ਪੂਰੇ ਵਿਸਥਾਰ ਨਾਲ ਸਮਝਾਇਆ ਕਿ ਇਹ ਗੁਰੂਘਰ ਤਾਂ ਸਿੱਖਾਂ ਤੇ ਹਿੰਦੂਆਂ ਦੇ ਹਰੇਕ ਵਰਗ ਲਈ ਖੁੱਲ੍ਹਾ ਹੈ ਤੇ ਸਰਕਾਰ ਨੂੰ ਅਜਿਹਾ ਕੁਝ ਵੀ ਬਾਦਲੀਲ ਨਹੀਂ ਜਾਪਦਾ ਕਿ ਕੂਕਿਆਂ ਨੂੰ ਇੱਥੇ ਆਉਣ ਤੋਂ ਰੋਕਿਆ ਜਾਵੇ। ਕਾਫ਼ੀ ਦੇਰ ਤੱਕ ਚੱਲੀ ਗੱਲਬਾਤ ਤੋਂ ਬਾਅਦ ਮਹੰਤ ਦਾ ਸਿਰਫ਼ ਇੱਕ ਇਤਰਾਜ਼ ਰਹਿ ਗਿਆ ਕਿ ਕੂਕੇ ਆਪਣੇ ਸਿਰ ਢਕ ਕੇ ਰੱਖਣਗੇ, ਉਹ ਇਸ ਧਾਰਮਿਕ ਅਸਥਾਨ ਦੀ ਰਹਿਤ ਮਰਿਆਦਾ ਦੇ ਉਲਟ ਕੁਝ ਨਹੀਂ ਕਰਨਗੇ, ਕੂਕਾਂ ਨਹੀਂ ਮਾਰਨਗੇ ਅਤੇ ਜੇ ਉਹ ਇੱਥੇ ਆ ਕੇ ਹੋਰਨਾਂ ਸਿੱਖਾਂ ਵਾਂਗ ਵਿਚਰਦੇ ਹਨ, ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਅਸੀਂ ਉਸ ਨੂੰ ਦੱਸਿਆ ਕਿ ਅਜਿਹਾ ਹੀ ਹੋਵੇਗਾ ਤੇ ਉਹ ਚਲਾ ਗਿਆ, ਮੈਨੂੰ ਲੱਗਦਾ ਹੈ ਕਿ ਤਦ ਵੀ ਉਹ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਜਾਪਦਾ ਸੀ। ਫਿਰ ਸ਼ਾਮੀਂ ਮੈਂ ਸਰਦਾਰ ਅੱਤਰ ਸਿੰਘ ਨੂੰ ਉਸ ਕੋਲ ਭੇਜ ਕੇ ਉਸ ਨੂੰ ਦੱਸਿਆ ਕਿ ਸਾਡੀ ਇਸ ਗੱਲ 'ਤੇ ਸਹਿਮਤੀ ਬਣੀ ਹੈ ਕਿ ਜੇ ਗੁਰੂਘਰ ਅੰਦਰ ਕੋਈ ਵੀ ਗੜਬੜ ਹੋਈ, ਤਾਂ ਉਸ ਲਈ (ਗੁਰੂ) ਰਾਮ ਸਿੰਘ ਜੀ ਨੂੰ ਹੀ ਜ਼ਿੰਮੇਵਾਰ ਕਰਾਰ ਦਿੱਤਾ ਜਾਵੇਗਾ। ਮਹੰਤ ਨੇ ਕਿਉਂਕਿ ਬੇਨਤੀ ਕਰ ਕੇ ਨਿਹੰਗਾਂ ਵੱਲੋਂ ਕੋਈ ਗੜਬੜੀ ਫੈਲਾਉਣ ਦਾ ਖ਼ਦਸ਼ਾ ਪ੍ਰਗਟਾਇਆ ਸੀ ਕਿਉਂਕਿ ਨਿਹੰਗ ਅਨੰਦਪੁਰ ਸਾਹਿਬ ਵਿਖੇ ਸਥਿਤ ਆਪਣੇ ਖ਼ੁਦ ਦੇ ਗੁਰਦੁਆਰਾ ਸਾਹਿਬ 'ਚ ਹੀ ਵੱਡੀ ਗਿਣਤੀ (ਲਗਭਗ 200) 'ਚ ਪੁੱਜ ਚੁੱਕੇ ਸਨ। ਮੈਂ ਉਸ ਅਸਥਾਨ ਦੇ ਮਹੰਤ ਨੂੰ ਸੱਦ ਲਿਆ ਤੇ ਸ੍ਰੀ ਪਰਕਿਨਜ਼ ਨੇ ਉਸ ਨੂੰ ਸਮਝਾਇਆ ਕਿ ਨਿਹੰਗ ਹਰ ਹਾਲਤ 'ਚ ਸ਼ਾਂਤ ਰਹਿਣੇ ਚਾਹੀਦੇ ਹਨ ਤੇ ਉਨ੍ਹਾਂ ਵੱਲੋਂ ਕੀਤੀ ਕਿਸੇ ਵੀ ਕਿਸਮ ਦੀ ਗੜਬੜੀ ਉਸ ਲਈ ਜਾਂ ਨਿਹੰਗਾਂ ਲਈ ਠੀਕ ਨਹੀਂ ਰਹੇਗੀ; ਅਤੇ ਇੰਝ ਸਭ ਕੁਝ ਤਸੱਲੀਬਖ਼ਸ਼ ਜਾਪ ਰਿਹਾ ਸੀ।

19 ਤਰੀਕ ਦੀ ਸਵੇਰ ਨੂੰ (ਗੁਰੂ) ਰਾਮ ਸਿੰਘ ਜੀ ਉੱਥੇ ਪੁੱਜ ਗਏ, ਉਨ੍ਹਾਂ ਦੇ ਨਾਲ 20 ਕੁ ਜਣੇ ਘੋੜਿਆਂ 'ਤੇ ਸਵਾਰ ਸਨ ਤੇ 2,500 ਦੇ ਲਗਭਗ ਸ਼ਰਧਾਲੂ ਪੈਦਲ ਸਨ। ਜਦੋਂ ਉਹ ਸਾਡੇ ਕੈਂਪ ਦੇ ਸਾਹਮਣਿਓਂ ਦੀ ਲੰਘੇ, ਤਾਂ ਮੈਂ ਬਾਹਰ ਆਇਆ ਅਤੇ ਮੈਂ ਉਨ੍ਹਾਂ ਦੀ ਅਗਵਾਈ ਕਰਨ ਵਾਲੇ ਇੱਕ ਘੁੜਸਵਾਰ ਮੁੱਖ ਮਹੰਤ ਸੁਧ ਸਿੰਘ ਨੂੰ ਹੇਠਾਂ ਉੱਤਰਨ ਤੇ ਡਿਪਟੀ ਕਮਿਸ਼ਨਰ ਸ੍ਰੀ ਪਰਕਿਨਜ਼ ਨੂੰ ਸਲਾਮ ਕਰਨ ਦੀ ਹਦਾਇਤ ਕੀਤੀ। ਇਸ 'ਤੇ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸਾਰੇ ਹੀ ਪ੍ਰਮੁੱਖ ਵਿਅਕਤੀ ਤੁਰੰਤ ਘੋੜਿਆਂ ਤੋਂ ਉੱਤਰ ਗਏ ਤੇ ਉਨ੍ਹਾਂ ਦੀ ਜਾਣ-ਪਛਾਣ ਸ੍ਰੀ ਪਰਕਿਨਜ਼ ਨਾਲ ਕਰਵਾਈ, ਜੋ ਉਨ੍ਹਾਂ ਨੂੰ ਉਨ੍ਹਾਂ ਦੇ ਤੰਬੂ ਵਿੱਚ ਲੈ ਗਏ, ਜਿੱਥੇ ਅਧਿਕਾਰੀ ਨੇ ਉਨ੍ਹਾਂ ਨਾਲ ਲੰਮੇਰੀ ਗੱਲਬਾਤ ਕੀਤੀ, ਜਿਸ ਦੌਰਾਨ ਸ਼ਰਧਾਲੂ ਬਾਹਰ

ਹੀ ਖੜ੍ਹੇ ਰਹੇ। (ਗੁਰੂ) ਰਾਮ ਸਿੰਘ ਜੀ ਨੇ ਦੱਸਿਆ ਕਿ ਉਨ੍ਹਾਂ ਦਾ ਮੰਤਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨਾ ਹੈ; ਪਰ ਨਾਲ ਹੀ ਉਹ ਸਾਡੇ ਹੁਕਮ ਅਨੁਸਾਰ ਕੁਝ ਵੀ ਕਰਨ ਲਈ ਤਿਆਰ ਸਨ, ਉਨ੍ਹਾਂ ਇਹ ਵੀ ਕਿਹਾ ਕਿ ਜੇ ਅਸੀਂ ਇਤਰਾਜ਼ ਕਰਾਂਗੇ ਤਾਂ ਉਹ ਵਾਪਸ ਪਰਤ ਜਾਣਗੇ ਕਿਉਂਕਿ ਅਸੀਂ (ਅਧਿਕਾਰੀ) ਪੁੱਜੇ ਹੋਏ ਹਾਂ। ਅਸੀਂ ਉਨ੍ਹਾਂ ਨੂੰ ਕਿਹਾ ਕਿ ਉਹ ਇਹ ਸਾਰੇ ਇਤਰਾਜ਼ ਆਪਣੇ ਸ਼ਰਧਾਲੂਆਂ ਨੂੰ ਦੱਸ ਦੇਣ ਕਿ ਉਹ ਨਾ ਤਾਂ ਆਪਣੇ ਸਿਰ ਅਣਢਕੇ ਰੱਖਣ ਤੇ ਨਾ ਹੀ ਕੂਕਾਂ ਮਾਰਨ; ਇਸ 'ਤੇ ਉਹ ਨਾ ਮੰਨੇ ਤੇ ਕਿਹਾ ਕਿ ਜੇ ਉਨ੍ਹਾਂ ਦੇ ਸ਼ਰਧਾਲੂਆਂ ਨੇ ਸ਼ਬਦ ਗਾਇਨ ਕਰਨਾ ਸ਼ੁਰੂ ਕਰ ਦਿੱਤਾ, ਤਾਂ ਉਹ ਉਨ੍ਹਾਂ ਨੂੰ ਕੁਝ ਨਹੀਂ ਆਖ ਸਕਣਗੇ ਕਿਉਂਕਿ ਤਦ ਉਹ ਮਸਤਾਨੇ ਹੋ ਜਾਂਦੇ ਹਨ। ਅਸੀਂ ਉਨ੍ਹਾਂ ਨੂੰ ਕਿਹਾ ਕਿ ਅਜਿਹੇ ਹਾਲਾਤ 'ਚ ਅਸੀਂ ਅਜਿਹੀ ਕੋਈ ਇਜਾਜ਼ਤ ਨਹੀਂ ਦੇ ਸਕਦੇ, ਅਜਿਹਾ ਕਰਨਾ ਅਪਰਾਧ ਹੋਵੇਗਾ, ਇਹ ਸਿੱਖ ਰਹਿਤ ਮਰਿਆਦਾ ਮੁਤਾਬਕ ਨਹੀਂ ਹੋਵੇਗਾ ਤੇ ਇੰਝ ਗੜਬੜੀ ਹੋ ਜਾਵੇਗੀ, ਇਸ ਲਈ ਸਰਕਾਰ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਹੀ ਜ਼ਿੰਮੇਵਾਰ ਠਹਿਰਾਏਗੀ। ਇੰਝ ਲੱਗਿਆ ਕਿ ਜਿਵੇਂ ਉਨ੍ਹਾਂ ਨੂੰ ਇਹ ਦਲੀਲ ਵਧੀਆ ਨਾ ਜਾਪੀ ਹੋਵੇ ਪਰ ਉਨ੍ਹਾਂ ਸਹਿਮਤੀ ਪ੍ਰਗਟਾਈ ਕਿ ਸ਼ਬਦ ਗਾਇਨ ਨਹੀਂ ਹੋਣਾ ਚਾਹੀਦਾ ਤੇ ਉਹ ਆਪਣੇ ਨਾਲ 100 ਤੋਂ ਵੱਧ ਸ਼ਰਧਾਲੂ ਨਹੀਂ ਲਿਜਾਣਗੇ ; ਉਨ੍ਹਾਂ ਖ਼ੁਦ ਅਗਲੀ ਸਵੇਰੇ ਵੱਡੇ ਤੜਕੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਜਾਣਗੇ, ਇਹ ਸਮਾਂ ਪ੍ਰਸ਼ਾਸਨ ਨੇ ਹੀ ਤੈਅ ਕੀਤਾ ਸੀ। ਫਿਰ ਉਹ ਆਪਣੇ ਸ਼ਰਧਾਲੂਆਂ ਨਾਲ ਉੱਥੋਂ ਚਲੇ ਗਏ। ਸ਼ਾਮ ਨੂੰ ਮੈਂ ਇਕੱਲਾ ਉਨ੍ਹਾਂ ਦੇ ਕੈਂਪ ਗਿਆ, ਮੇਰੇ ਨਾਲ ਸਰਦਾਰ ਅੱਤਰ ਸਿੰਘ ਤੋਂ ਇਲਾਵਾ ਹੋਰ ਕੋਈ ਨਹੀਂ ਸੀ। ਉਹ, (ਗੁਰੂ) ਰਾਮ ਸਿੰਘ ਜੀ ਸ਼ਾਮਿਆਨੇ ਦੇ ਹੇਠਾਂ ਬੈਠੇ ਸਨ ਤੇ ਆਲੇ-ਦੁਆਲੇ 5,000 ਦੇ ਲਗਭਗ ਸ਼ਰਧਾਲੂ ਉੱਥੇ ਮੌਜੂਦ ਸਨ ਤੇ ਉਹ ਸਮਾਜ ਦੇ ਸਾਰੇ ਹੀ ਵਰਗਾਂ ਤੋਂ ਬਹੁਤ ਹੀ ਸਜ-ਬਣ ਕੇ ਪੁੱਜੇ ਮਰਦ ਤੇ ਔਰਤਾਂ ਸਨ; ਉਹ ਬਿਲਕੁਲ ਚੁੱਪਚਾਪ ਪੂਰੇ ਅਨੁਸ਼ਾਸਨ ਨਾਲ ਬੈਠੇ ਸਨ। ਮੈਨੂੰ ਉੱਥੇ ਕੋਈ ਵੀ ਸ਼ਰਧਾਲੂ ਬਹੁਤ ਉਤੇਜਿਤ ਜਾਂ ਸੰਵੇਦਨਹੀਣ ਵਿਖਾਈ ਨਹੀਂ ਦਿੱਤਾ। (ਗੁਰੂ) ਰਾਮ ਸਿੰਘ ਜੀ ਮੈਨੂੰ ਵੇਖਦਿਆਂ ਹੀ ਆਪਣੀ ਗੱਦੀ ਤੋਂ ਉੱਠ ਖਲੋਏ ਤੇ ਅੱਗੇ ਵਧ ਕੇ ਮੈਨੂੰ ਆਦਰ ਦਿੱਤਾ, ਜਦ ਕਿ ਗੁਰੂ ਅਤੇ ਹੋਰ ਵੱਡੇ ਧਾਰਮਿਕ ਰਹਿਨੁਮਾ ਹਮੇਸ਼ਾ ਕਦੇ ਇੰਝ ਨਹੀਂ ਕਰਦੇ ਵੇਖੇ ਗਏ। ਮੈਂ ਉਨ੍ਹਾਂ ਨੂੰ ਸਲਾਮ ਕੀਤਾ ਅਤੇ ਕੈਂਪ ਵਾਪਸ ਚਲਾ ਗਿਆ।

19 ਤਰੀਕ ਦੀ ਸ਼ਾਮ ਨੂੰ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਸ੍ਰੀ ਫ਼ਾਰਸਿਥ ਕੈਂਪ ਪੁੱਜੇ ਤੇ ਸਾਰੇ ਇੰਤਜ਼ਾਮਾਂ ਨੂੰ ਸਹੀ ਕਰਾਰ ਦਿੱਤਾ। ਕਮਿਸ਼ਨਰ ਦੀ ਮੌਜੂਦਗੀ ਨੇ ਹਰ ਸੰਭਵ ਹੱਦ ਤੱਕ ਵਧੀਆ ਪ੍ਰਭਾਵ ਪਾਇਆ; ਉਸ ਸਥਾਨ ਦੇ ਸੋਢੀਆਂ, ਮਹੰਤਾਂ ਤੇ ਹੋਰ ਮੁਖੀਆਂ ਨੇ ਆਪਣੇ-ਆਪ ਨੂੰ ਪੇਸ਼ ਕੀਤਾ ਤੇ ਸ਼ਰਾਰਤੀ ਅਨਸਰ ਇਹ ਸਭ ਵੇਖ ਕੇ ਦੜ ਵੱਟੀ ਬੈਠੇ ਰਹੇ ਕਿਉਂਕਿ ਉਨ੍ਹਾਂ ਨੂੰ ਜਾਪਿਆ ਕਿ ਇੱਥੇ ਕੋਈ ਵੀ ਗੜਬੜੀ ਕਰਨੀ ਦਰੁਸਤ ਨਹੀਂ ਹੋਵੇਗੀ।

ਸਵੇਰੇ ਲਗਭਗ ਸੱਤ ਕੁ ਵਜੇ (ਗੁਰੂ) ਰਾਮ ਸਿੰਘ 100 ਕੁ ਸ਼ਰਧਾਲੂਆਂ ਨਾਲ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪੁੱਜੇ। ਮੈਂ ਗੁਰਦੁਆਰਾ ਸਾਹਿਬ 'ਚ ਕੋਈ ਵੀ ਪੁਲਿਸ ਮੁਲਾਜ਼ਮ ਤਾਇਨਾਤ ਕਰਨਾ ਵਾਜਬ ਨਹੀਂ ਸਮਝਿਆ ਅਤੇ ਕਮਿਸ਼ਨਰ ਦੀ ਸਹਿਮਤੀ ਨਾਲ ਸਾਰੇ ਜਵਾਨਾਂ ਨੂੰ ਆਮ ਜਨਤਾ ਦੀਆਂ ਨਜ਼ਰਾਂ ਤੋਂ ਓਹਲੇ ਹੀ ਰੱਖਿਆ ਗਿਆ ਪਰ ਉਹ ਸਭ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਵੀ ਰਹੇ। ਮੈਂ ਇੰਸਪੈਕਟਰਾਂ ਫ਼ਜ਼ਲ ਹੁਸੈਨ, ਕੁਤਬ ਸ਼ਾਹ ਅਤੇ ਸਰਦਾਰ ਅੱਤਰ ਸਿੰਘ ਨੂੰ ਗੁਰੂਘਰ ਜਾ ਕੇ ਸਭ ਕੁਝ ਵੇਖਣ ਤੇ ਉੱਥੋਂ ਜਿੰਨੀ ਵੀ ਛੇਤੀ ਹੋ ਸਕੇ, ਉਥੋਂ ਆਮ ਸ਼ਰਧਾਲੂਆਂ ਨੂੰ ਬਾਹਰ ਵਾਪਸ ਭੇਜਣ ਲਈ ਕਿਹਾ। ਜਿਵੇਂ ਹੀ (ਗੁਰੂ) ਰਾਮ ਸਿੰਘ ਜੀ ਗੁਰਦੁਆਰਾ ਸਾਹਿਬ ਵੱਲ ਵਧ ਰਹੇ ਸਨ, ਤਿਵੇਂ ਹੀ ਮੈਨੂੰ ਨਿਹੰਗ ਸਿੰਘਾਂ ਦੀ ਇੱਕ ਟੋਲੀ ਵੀ ਅੱਗੇ ਵਧਦੀ ਦਿਸੀ; ਉਹ ਚੀਕ ਰਹੇ ਸਨ ਅਤੇ ਸਾਰੇ ਭਾਰੀ ਡਾਂਗਾਂ ਤੇ ਨਿੱਕੀਆਂ ਕੁਹਾੜੀਆਂ ਨਾਲ ਲੈਸ ਸਨ। ਜਦੋਂ ਉਹ ਕੈਂਪ ਕੋਲੋਂ ਦੀ ਲੰਘਣ ਲੱਗੇ, ਤਾਂ ਮੈਂ ਉਨ੍ਹਾਂ ਨੂੰ ਰੁਕ ਕੇ ਆਪਣੀਆਂ ਡਾਂਗਾਂ ਇੱਥੇ ਹੀ ਰੱਖਣ ਲਈ ਆਖਿਆ। ਉਨ੍ਹਾਂ ਸਿਰਫ਼ ਡਿਪਟੀ ਇੰਸਪੈਕਟਰ ਸ੍ਰੀ ਹੈਚੈੱਲ ਅਤੇ ਮੈਨੂੰ ਵੇਖ ਕੇ ਇੰਝ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਤੇ ਇੰਝ ਹੀ ਉਤੇਜਨਾ ਭਰਪੂਰ ਰੌਂਅ ਵਿੱਚ ਹੀ ਅੱਗੇ ਵਧਣ ਦੀ ਗੱਲ ਆਖੀ ਤੇ ਇੰਝ ਵੇਖਿਆ ਕਿ ਜਿਵੇਂ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਉਨ੍ਹਾਂ ਨੂੰ ਕਿਉਂ ਰੋਕਿਆ ਜਾ ਰਿਹਾ ਹੈ। ਇਹ ਵੇਖ ਕੇ ਮੈਂ ਤੰਬੂਆਂ ਅੰਦਰ ਡਿਊਟੀ ਦੇਣ ਲਈ ਪੂਰੀ ਤਰ੍ਹਾਂ ਤਿਆਰ ਜਵਾਨਾਂ ਨੂੰ ਬਾਹਰ ਸੱਦ ਲਿਆ ਤੇ ਨਿਹੰਗਾਂ ਨੇ ਵੇਖਿਆ ਕਿ ਉਨ੍ਹਾਂ ਨੂੰ 30 ਕ੍ਰਿਪਾਨਧਾਰੀਆਂ ਨੇ ਘੇਰਾ ਪਾ ਲਿਆ ਸੀ ਅਤੇ ਫਿਰ ਬਹੁਤ ਛੇਤੀ ਹੀ ਉਨ੍ਹਾਂ ਤੋਂ ਡਾਂਗਾਂ ਲੈ ਲਈਆਂ ਗਈਆਂ। ਉਹ ਬਹੁਤ ਵਹਿਸ਼ੀ ਤੇ ਘਿਨਾਉਣੇ ਵਿਖਾਈ ਦੇ ਰਹੇ ਸਨ ਅਤੇ ਉਨ੍ਹਾਂ ਆਪਣੀਆਂ ਡਾਂਗਾਂ ਤੋਂ ਬਗ਼ੈਰ ਅੱਗੇ ਵਧਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਬੁੰਗੇ ਵੱਲ ਪਰਤ ਗਏ, ਜਿੱਥੇ ਉਨ੍ਹਾਂ ਦੇ 200 ਦੇ ਲਗਭਗ ਹੋਰ ਨਿਹੰਗ ਭਰਾ ਮੌਜੂਦ ਸਨ। ਉੱਥੇ ਲਗਭਗ 50 ਨਿਹੰਗਾਂ ਤੋਂ ਹਥਿਆਰ ਲਏ ਗਏ ਸਨ ਤੇ 30 ਮੋਟੀਆਂ ਡਾਂਗਾਂ ਤੇ ਕੁਹਾੜੀਆਂ ਬਰਾਮਦ ਕੀਤੀਆਂ ਗਈਆਂ ਸਨ। ਮੈਂ ਬਾਅਦ 'ਚ ਸੁਣਿਆ ਕਿ ਨਿਹੰਗਾਂ ਨੇ ਗੁਰੂਘਰ ਦੇ ਦਰਸ਼ਨਾਂ ਲਈ ਪੁੱਜੇ (ਗੁਰੂ) ਰਾਮ ਸਿੰਘ ਜੀ ਤੇ ਕੂਕਿਆਂ ਬਾਰੇ ਪੁੱਛਗਿੱਛ ਕੀਤੀ ਸੀ ਤੇ ਇਸ ਟੋਲੀ ਤੋਂ ਬਗ਼ੈਰ ਉਹ ਇਸ ਗੱਲ ਲਈ ਸਹਿਮਤ ਹੋਏ ਕਿ ਉਹ ਕੋਈ ਰੁਕਾਵਟ ਖੜ੍ਹੀ ਨਹੀਂ ਕਰਨਗੇ, ਸਗੋਂ ਇਸ ਟੋਲੀ ਨੇ ਗੁਰੂਘਰ ਦੀ ਸੁਰੱਖਿਆ ਉੱਤੇ ਜ਼ੋਰ ਦਿੱਤਾ।

20 ਤਰੀਕ ਦੀ ਸ਼ਾਮ ਨੂੰ ਕਮਿਸ਼ਨਰ ਨੂਰਪੁਰ ਤੇ ਸ੍ਰੀ ਪਰਕਿਨਜ਼ ਹੁਸ਼ਿਆਰਪੁਰ ਪਰਤ ਗਏ ਅਤੇ ਮੈਂ ਜਦੋਂ ਇਸ ਸਵੇਰ ਅਨੰਦਪੁਰ ਸਾਹਿਬ ਤੋਂ ਵਾਪਸੀ ਲਈ ਰਵਾਨਾ ਹੋਇਆ, ਤਾਂ ਵੱਡੀ ਗਿਣਤੀ 'ਚ ਲੋਕ ਅਨੰਦਪੁਰ ਸਾਹਿਬ ਤੋਂ ਜਾ ਚੁੱਕੇ ਸਨ; ਤੇ ਮੇਲਾ ਖ਼ਤਮ ਹੋ ਗਿਆ ਸੀ। ਪੁਲਿਸ ਦੇ ਜਵਾਨ ਅਗਲੇ ਦਿਨ ਹੁਸ਼ਿਆਰਪੁਰ ਤੇ ਜਲੰਧਰ ਪਰਤ ਗਏ।

ਅਨੰਦਪੁਰ ਸਾਹਿਬ ਮੇਲੇ 'ਚ ਤਾਇਨਾਤ ਰਹੇ ਇੰਸਪੈਕਟਰ ਫ਼ਜ਼ਲ ਹੁਸੈਨ ਦੀ ਰਿਪੋਰਟ ਇੱਥੇ ਇੱਕ ਅੰਤਿਕਾ ਦੇ ਰੂਪ ਵਿੱਚ ਨੱਥੀ ਕੀਤੀ ਜਾਂਦੀ ਹੈ, ਜਿਸ ਵਿੱਚ ਕੁਝ ਦਿਲਚਸਪ ਤੱਥ ਮੌਜੂਦ ਹਨ।

# ਅੰਤਿਕਾ

ਹੁਸ਼ਿਆਰਪੁਰ ਜ਼ਿਲ੍ਹੇ ਦੇ ਪੁਲਿਸ ਇੰਸਪੈਕਟਰ ਫ਼ਜ਼ਲ ਹੁਸੈਨ, ਜਿਨ੍ਹਾਂ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਹੀ ਅਨੰਦਪੁਰ ਸਾਹਿਬ ਮੇਲੇ 'ਚ ਕਾਨੂੰਨ ਤੇ ਵਿਵਸਥਾ ਕਾਇਮ ਰੱਖਣ ਲਈ ਤਾਇਨਾਤ ਕੀਤਾ ਗਿਆ ਸੀ, ਦੀ 20 ਮਾਰਚ, 1867 ਨੂੰ ਲਿਖੀ ਰਿਪੋਰਟ ਦਾ ਅਨੁਵਾਦ।

ਲੁਧਿਆਣਾ ਜ਼ਿਲ੍ਹੇ ਦੇ ਪਿੰਡ ਭੈਣੀ ਦੇ (ਗੁਰੂ) ਰਾਮ ਸਿੰਘ ਜੀ ਵੱਲੋਂ ਸਥਾਪਤ ਕੂਕਾ ਪੰਥ ਦੇ ਸ਼ਰਧਾਲੂ ਪੂਰੀ ਤਰ੍ਹਾਂ ਅਨੁਸ਼ਾਸਿਤ ਸਨ, ਮੈਂ ਇਸ ਪੰਥ ਦੀ ਸਥਾਪਨਾ ਪਿਛੇ (ਗੁਰੂ) ਰਾਮ ਸਿੰਘ ਜੀ ਦੇ ਉਦੇਸ਼ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ।

ਮੈਂ ਪਾਇਆ ਕਿ ਸਿੱਖ ਧਰਮ ਤੇ ਕੂਕੇ ਇੱਕੋ ਹੀ ਹਨ। ਦੋਵੇਂ ਬਾਬਾ ਨਾਨਕ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗ੍ਰੰਥ ਦਾ ਹੀ ਪਾਠ ਕਰਦੇ ਹਨ। ਪਰ ਉਨ੍ਹਾਂ ਵਿਚਾਲੇ ਵੱਡਾ ਵੈਰ-ਵਿਰੋਧ ਹੈ।

ਇਸ ਵਰ੍ਹੇ ਅਨੰਦਪੁਰ ਸਾਹਿਬ ਦੇ ਹੋਲੇ ਮੇਲੇ, ਜਿੱਥੇ (ਗੁਰੂ) ਰਾਮ ਸਿੰਘ ਜੀ ਨੂੰ ਸਰਕਾਰ ਨੇ ਜਾਣ ਦੀ ਇਜਾਜ਼ਤ ਦਿੱਤੀ ਸੀ, ਉਨ੍ਹਾਂ ਨਾਲ ਲਗਭਗ (8000) ਅੱਠ ਹਜ਼ਾਰ ਕੂਕੇ ਪੁੱਜੇ ਸਨ। ਉਹ 19 ਮਾਰਚ, 1867 ਨੂੰ ਆਪਣੇ ਸ਼ਰਧਾਲੂਆਂ ਨਾਲ ਅੱਪੜੇ ਸਨ।

ਮੈਂ ਵੇਖਿਆ ਕਿ ਨਿਹੰਗ, ਅਕਾਲੀ, ਬੇਦੀ ਤੇ ਸੋਢੀ ਸਭ (ਗੁਰੂ) ਰਾਮ ਸਿੰਘ ਜੀ ਦੇ ਅਨੰਦਪੁਰ ਸਾਹਿਬ ਗੁਰਦੁਆਰਾ ਸਾਹਿਬ ਆ ਕੇ ਦਰਸ਼ਨ ਕਰਨ ਤੋਂ ਖ਼ੁਸ਼ ਨਹੀਂ ਸਨ। ਉਨ੍ਹਾਂ ਦੀ ਸਦਾ ਇਹ ਆਦਤ ਰਹੀ ਸੀ ਕਿ ਉਹ ਕੂਕਿਆਂ ਨੂੰ ਉੱਥੇ ਦਾਖ਼ਲ ਨਹੀਂ ਹੋਣ ਦਿੰਦੇ ਸਨ ਤੇ ਇਸ ਵਾਰ ਵੀ ਉਨ੍ਹਾਂ ਦੀ ਇਹੋ ਇੱਛਾ ਸੀ ਕਿ ਉਨ੍ਹਾਂ ਨੂੰ ਉੱਥੇ ਨਾ ਜਾਣ ਦਿੱਤਾ ਜਾਵੇ। ਫਿਰ ਵੀ ਉਹ ਹੇਠ ਲਿਖੀਆਂ ਸ਼ਰਤਾਂ 'ਤੇ ਮੰਨ ਗਏ ਜੋ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਸਾਰੀਆਂ ਸ਼ਰਤਾਂ ਮੰਨ ਲਈਆਂ:-

ਪਹਿਲੀ ਸਿਰਾਂ ਤੋਂ ਦਸਤਾਰਾਂ ਲੱਥਣੀਆਂ ਨਹੀਂ ਚਾਹੀਦੀਆਂ।
ਦੂਜੀ ਵਾਲ ਖੁਲ੍ਹੇ ਨਹੀਂ ਹੋਣਗੇ।
ਤੀਜੀ ਕੂਕਾਂ ਮਾਰਨ 'ਤੇ ਪਾਬੰਦੀ ਰਹੇਗੀ।

(ਗੁਰੂ) ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨਾਲ ਇਨ੍ਹਾਂ ਹੀ ਸ਼ਰਤਾਂ ਅਨੁਸਾਰ 20 ਮਾਰਚ, 1867 ਨੂੰ (ਤਖਤ) ਸ੍ਰੀ ਕੇਸਗੜ੍ਹ ਸਾਹਿਬ* ਤੇ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਤੇ ਉੱਥੇ ਅਰਦਾਸ ਕੀਤੀ। ਉਨ੍ਹਾਂ ਹਰੇਕ ਅਸਥਾਨ 'ਤੇ ਪੰਝੀ (25) ਰੁਪਏ ਭੇਟਾ ਵਜੋਂ ਦਿੱਤੇ। ਪਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪੁਜਾਰੀਆਂ ਨੇ ਬਣਦੀ ਰੀਤ ਅਨੁਸਾਰ (ਗੁਰੂ) ਰਾਮ ਸਿੰਘ ਜੀ ਲਈ ਅਰਦਾਸ** ਨਹੀਂ ਕੀਤੀ ਤੇ ਇਸ ਨੂੰ (ਗੁਰੂ) ਰਾਮ ਸਿੰਘ ਜੀ ਨੇ ਠੀਕ ਨਹੀਂ

* ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਹਿੰਦੂਆਂ (ਸਿੱਖਾਂ) ਦੇ ਦੋ ਧਾਰਮਿਕ ਅਸਥਾਨ ਹਨ। (ਸੀ.ਪੀ.ਓ.)

** ਆਮ ਤੌਰ 'ਤੇ ਪੁਜਾਰੀ ਹਰੇਕ ਦਾਨੀ ਨੂੰ ਲੰਮੇਰਾ ਜੀਵਨ ਜਿਊਣ, ਧਨ-ਦੌਲਤ ਤੇ ਹਰ ਤਰ੍ਹਾਂ ਦੀਆਂ ਖ਼ੁਸ਼ੀਆਂ ਨਾਲ ਭਰਪੂਰ ਰਹਿਣ ਦੀ ਪ੍ਰਾਰਥਨਾ ਕਰਦੇ ਹਨ। ਇਸ ਨੂੰ 'ਅਰਦਾਸ' ਆਖਿਆ ਜਾਂਦਾ ਹੈ। (ਸੀ.ਪੀ.ਓ.)

ਸਮਝਿਆ। ਉਂਝ ਬਾਬਾ (ਗੁਰੂ) ਰਾਮ ਸਿੰਘ ਜੀ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਦੇ ਪੁਜਾਰੀਆਂ ਦੇ ਵਿਵਹਾਰ ਤੋਂ ਪ੍ਰਸੰਨ ਸਨ (ਜਿਨ੍ਹਾਂ ਨੇ ਉਨ੍ਹਾਂ ਲਈ ਅਰਦਾਸ ਕੀਤੀ), ਉਨ੍ਹਾਂ ਨੇ ਭੇਟਾ ਵਜੋਂ ਉਨ੍ਹਾਂ ਨੂੰ ਇੱਕ ਹੋਰ ਰੁਪਿਆ ਦਿੱਤਾ।

ਉਸੇ ਦਿਨ (20 ਮਾਰਚ, 1867 ਨੂੰ) (ਗੁਰੂ) ਰਾਮ ਸਿੰਘ ਜੀ ਨੇ ਸ੍ਰੀ ਕੇਸਗੜ੍ਹ ਸਾਹਿਬ ਦੇ ਪੁਜਾਰੀਆਂ ਨੂੰ ਗੁਰਮੁਖੀ ਭਾਸ਼ਾ 'ਚ ਇੱਕ ਚਿੱਠੀ ਲਿਖ ਕੇ ਉਨ੍ਹਾਂ ਨੂੰ ਇਹ ਸੁਆਲ ਕੀਤਾ ਕਿ ਕੀ ਉਨ੍ਹਾਂ ਇਸ ਲਈ ਅਰਦਾਸ ਨਹੀਂ ਕੀਤੀ ਕਿ ਉਹ ਉਨ੍ਹਾਂ ਨੂੰ ਗੁਰੂ ਦਾ ਸਿੱਖ ਨਹੀਂ ਮੰਨਦੇ; ਨਾਲ ਹੀ ਉਨ੍ਹਾਂ ਇਹ ਵੀ ਲਿਖਿਆ ਕਿ ਉਨ੍ਹਾਂ ਨੂੰ ਉਨ੍ਹਾਂ ਦੀਆਂ ਅਰਦਾਸਾਂ ਦੀ ਕੋਈ ਪਰਵਾਹ ਨਹੀਂ ਹੈ; ਗੁਰੂ ਦਾ ਸੱਚਾ ਸਿੱਖ ਉਹ ਹੁੰਦਾ ਹੈ, ਜਿਸ ਨੂੰ ਘਮੰਡ ਨਹੀਂ ਹੁੰਦਾ।

(ਗੁਰੂ) ਰਾਮ ਸਿੰਘ ਦੀ ਇਸ ਚਿੱਠੀ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ ਪਰ ਉਨ੍ਹਾਂ ਤੱਕ ਮੂੰਹ-ਜ਼ੁਬਾਨੀ ਉਨ੍ਹਾਂ ਦੇ ਸੰਪਰਦਾਇ ਵਿਚਲੇ ਫ਼ਰਕਾਂ ਬਾਰੇ ਜਾਣਕਾਰੀ ਪਹੁੰਚਾ ਦਿੱਤੀ ਗਈ ਸੀ ਤੇ ਪੁਜਾਰੀਆਂ ਨੇ ਇਨ੍ਹਾਂ ਫ਼ਰਕਾਂ ਨੂੰ ਹੀ ਅਰਦਾਸ ਨਾ ਕਰਨ ਦਾ ਕਾਰਨ ਦੱਸਿਆ ਸੀ।

ਪਹਿਲਾ – (ਗੁਰੂ) ਰਾਮ ਸਿੰਘ ਜੀ ਖ਼ੁਦ ਨੂੰ ਗੁਰੂ ਵਜੋਂ ਪੇਸ਼ ਕਰਦੇ ਹਨ।

ਦੂਜਾ – ਇੱਕ ਨਵਾਂ ਕੂਕਾ ਬਣਾਉਂਦੇ ਸਮੇਂ, ਉਹ ਉਸ ਨੂੰ ਰਹਿਤ ਮਰਿਆਦਾ ਅਨੁਸਾਰ ਅੰਮ੍ਰਿਤ*** ਨਹੀਂ ਛਕਾਉਂਦੇ, ਬੱਸ ਉਸ ਦੇ ਕੰਨ 'ਚ ਇੱਕ 'ਮੰਤਰ'**** ਫੂਕਦੇ ਹਨ।

ਤੀਜਾ – ਜਦੋਂ ਉਹ ਕੋਈ ਨਵਾਂ ਕੂਕਾ ਬਣਾਉਂਦੇ ਹਨ, ਤਾਂ ਉਹ ਉਨ੍ਹਾਂ ਨੂੰ ਆਖਦੇ ਹਨ ''ਜਨਮ ਗੁਰੂ ਹਜ਼ਰੋ, ਅਰ ਵਸੇ ਗੁਰੂ ਭੈਣੀ''***** ਜਦ ਕਿ ਸਿੱਖ ਆਖਦੇ ਹਨ,'ਜਨਮ ਗੁਰੂ ਪਟਨਾ, ਅਰ ਵਸੇ ਗੁਰੂ ਅਨੰਦਪੁਰ ਸਾਹਿਬ*'।

ਚੌਥਾ – ਕਿਸੇ ਵੀ ਗੁਰਦੁਆਰਾ ਅੰਦਰ ਦਾਖ਼ਲ ਹੋਣ ਸਮੇਂ ਸਿੱਖ ਆਪਣੇ ਕੇਸ ਨਹੀਂ ਖੋਲ੍ਹਦੇ ਜਾਂ ਆਪਣੀਆਂ ਦਸਤਾਰਾਂ ਨਹੀਂ ਉਤਾਰਦੇ ਪਰ ਕੂਕੇ ਕਰਦੇ ਹਨ।

ਪੰਜਵਾਂ – ਕੂਕੇ ਇੰਨੇ ਜ਼ਿਆਦਾ ਉਤੇਜਿਤ ਹੋ ਜਾਂਦੇ ਹਨ ਕਿ ਆਪਣੀ ਸੁਰਤ ਗੁਆ ਬੈਠਦੇ ਹਨ, ਬਿਲਕੁਲ ਮੁਸਲਿਮ ਫ਼ਕੀਰਾਂ ਵਾਂਗ ਕਰਦੇ ਹਨ ਤੇ ਗੁਰੂ ਦੇ ਸਿੱਖ ਨਹੀਂ ਹੋ ਸਕਦੇ।

ਇਸ 'ਤੇ (ਗੁਰੂ) ਰਾਮ ਸਿੰਘ ਜੀ ਨੇ ਜਵਾਬ ਦਿੱਤਾ ਕਿ ਜੇ ਉਹ ਸੱਚਮੁਚ ਸਿੱਖ ਧਰਮ ਅਨੁਸਾਰ ਵਿਚਰਦੇ ਹਨ, ਤਾਂ ਉਨ੍ਹਾਂ ਨੂੰ ਸਗੋਂ ਉਨ੍ਹਾਂ ਦੇ ਸਿਧਾਂਤ ਦੀ ਸ਼ਲਾਘਾ

---

***'ਅੰਮ੍ਰਿਤ' ਉਹ ਪਵਿੱਤਰ ਜਲ ਹੁੰਦਾ ਹੈ, ਜੋ ਸਿੱਖ ਬਣਨ ਵੇਲੇ ਛਕਾਇਆ ਜਾਂਦਾ ਹੈ। ਇਹ ਖੰਡ ਤੇ ਪਾਣੀ ਦੇ ਮਿਸ਼ਰਣ ਵਾਲਾ ਸਾਦਾ ਸ਼ਰਬਤ ਹੁੰਦਾ ਹੈ।

**** 'ਮੰਤਰ' ਸੰਮੋਹਕ ਵਾਕ, ਗੁਪਤ ਵਿਚਾਰ-ਵਟਾਂਦਰਾ ਤੇ ਗੁਪਤ ਮਸ਼ਵਰਾ ਹੁੰਦਾ ਹੈ।

***** ਭਾਵ – 'ਸਤਿਗੁਰੂ ਦਾ ਜਨਮ ਹਜਰੋ ਵਿਖੇ ਹੋਇਆ ਸੀ ਪਰ ਰਹਿੰਦੇ ਭੈਣੀ 'ਚ ਹਨ।'

****** ਭਾਵ ਸਤਿਗੁਰੂ ਦਾ ਜਨਮ ਪਟਨਾ ਵਿਖੇ ਹੋਇਆ ਸੀ ਪਰ ਰਹਿੰਦੇ ਅਨੰਦਪੁਰ ਸਾਹਿਬ ਹਨ।

ਕਰਨੀ ਚਾਹੀਦੀ ਹੈ। ਉਹ ਤਾਂ (ਪੁਜਾਰੀ/ਮਹੰਤ) ਮਾਸ, ਸ਼ਰਾਬ ਦਾ ਸੇਵਨ ਕਰ ਕੇ , ਝੂਠ ਬੋਲ ਕੇ, ਵਿਭਚਾਰ, ਕੰਨਿਆ ਭਰੂਣ ਹੱਤਿਆ ਕਰਦੇ ਹਨ, '(ਸ੍ਰੀ ਗੁਰੂ) ਗ੍ਰੰਥ (ਸਾਹਿਬ)'* ਦੇ ਬਿਲਕੁਲ ਉਲਟ ਚੱਲਦੇ ਹਨ; ਇਸੇ ਲਈ ਕੂਕੇ ਵੀ ਉਨ੍ਹਾਂ ਨੂੰ ਸਿੱਖ ਨਹੀਂ ਮੰਨਦੇ। ਬਾਬਾ ਰਾਮ ਸਿੰਘ ਜੀ ਨੇ ਅੰਤ 'ਚ ਇਹ ਟਿੱਪਣੀ ਕੀਤੀ ਕਿ ਅਕਾਲ ਪੁਰਖ ਅੱਗੇ ਧਿਆਨ ਲਾਉਣ ਸਮੇਂ ਕੂਕੇ ਇੰਨੇ ਜ਼ਿਆਦਾ ਲੀਨ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਆਪਣੇ ਕੇਸਾਂ ਤੇ ਦਸਤਾਰਾਂ ਦਾ ਖ਼ਿਆਲ ਹੀ ਨਹੀਂ ਰਹਿੰਦਾ, ਜਿਵੇਂ ਕਿ ਸਿੱਖ ਕਰਦੇ ਹਨ।

ਨਿਹੰਗਾਂ ਤੇ ਕੂਕਿਆਂ ਵਿਚਾਲੇ ਡਾਢੀ ਦੁਸ਼ਮਣੀ ਸੀ ਤੇ ਪੰਜਾਹ (50) ਤਾਕਤਵਰ ਨਿਹੰਗਾਂ ਦੀ ਇੱਕ ਟੋਲੀ ਦੀ ਮਨਸ਼ਾ ਕੂਕਿਆਂ 'ਤੇ ਡਾਂਗਾਂ ਨਾਲ ਹਮਲਾ ਕਰਨ ਦੀ ਸੀ, ਜਦੋਂ ਉਹ ਤਖ਼ਤ ਸ੍ਰੀ ਕੇਸਗੜ੍ਹ ਗੁਰਦੁਆਰਾ ਦੇ ਦਰਸ਼ਨਾਂ ਲਈ ਪੁੱਜੇ ਸਨ। ਪਰ ਪੁਲਿਸ ਨੇ ਨਿਹੰਗਾਂ ਦੀ ਇਹ ਯੋਜਨਾ ਉਨ੍ਹਾਂ ਤੋਂ ਹਥਿਆਰ ਲੈ ਕੇ ਨਾਕਾਮ ਕਰ ਦਿੱਤੀ ਸੀ ਤੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਵੱਲ ਅੱਗੇ ਜਾਣ ਤੋਂ ਰੋਕ ਦਿੱਤਾ ਗਿਆ ਸੀ।

ਮੇਲੇ 'ਚ ਘੱਟੋ-ਘੱਟ ਅੱਠ ਹਜ਼ਾਰ (8,000) ਕੂਕੇ ਮੌਜੂਦ ਸਨ, ਜਿਨ੍ਹਾਂ 'ਚੋਂ ਦੋ-ਤਿਹਾਈ ਬਾਲਗ਼ ਮਰਦ ਤੇ ਇੱਕ-ਤਿਹਾਈ ਔਰਤਾਂ ਤੇ ਬੱਚੇ ਸਨ।

ਇੱਥੇ ਹੇਠਾਂ ਉਨ੍ਹਾਂ ਵਿਅਕਤੀਆਂ ਦੀ ਸੂਚੀ ਦਿੱਤੀ ਗਈ ਹੈ, ਜਿਨ੍ਹਾਂ ਨੂੰ (ਗੁਰੂ) ਰਾਮ ਸਿੰਘ ਜੀ ਨੇ ਸੂਬਾ ਜਾਂ ਲੈਫ਼ਟੀਨੈਂਟ ਨਿਯੁਕਤ ਕੀਤਾ ਸੀ ਤੇ ਜੋਤਾ ਸਿੰਘ (ਨੰ. 12) ਨੂੰ ਛੱਡ ਕੇ ਉਹ ਸਾਰੇ ਹੀ ਮੇਲੇ 'ਚ ਮੌਜੂਦ ਸਨ:-

1. ਮੰਗਲ ਸਿੰਘ, ਨਿਵਾਸੀ ਬਿਸ਼ਨਪੁਰਾ, ਪਟਿਆਲਾ ਦੇ ਰਾਜੇ ਦੇ ਰਿਸ਼ਤੇਦਾਰ
2. ਸੁਧ ਸਿੰਘ
3. ਸਾਹਿਬ ਸਿੰਘ
4. ਕਾਹਨ ਸਿੰਘ
5. ਜਵਾਹਰ ਸਿੰਘ
6. ਹੁਕਮਾ ਸਿੰਘ
7. ਹਰਦਿੱਤ ਸਿੰਘ
8. ਮਲੂਕ ਸਿੰਘ
9. ਦੀਦਾਰ ਸਿੰਘ
10. ਰਤਨ ਸਿੰਘ
11. ਸਰਮੁਖ ਸਿੰਘ
12. ਜੋਤਾ ਸਿੰਘ
13. ਲੱਖਾ ਸਿੰਘ
14. ਬੁੱਧ ਸਿੰਘ
15. ਨਾਰਾਇਣ ਸਿੰਘ
16. ਖ਼ਜ਼ਾਨ ਸਿੰਘ
17. ਹਰਨਾਮ ਸਿੰਘ
18. ਸਾਧੂ ਸਿੰਘ
19. ਸਮੁੰਦ ਸਿੰਘ
20. ਗੋਪਾਲ ਸਿੰਘ
21. ਬ੍ਰਹਮਾ ਸਿੰਘ
22. ਲਭਾ ਸਿੰਘ (ਲੱਖਾ ਸਿੰਘ)

ਮੈਂ ਇਨ੍ਹਾਂ ਵਿਅਕਤੀਆਂ ਤੋਂ ਉਨ੍ਹਾਂ ਦੀ ਪਰਿਵਾਰਕ ਰਿਹਾਇਸ਼ ਬਾਰੇ ਜਾਣਕਾਰੀ ਹਾਸਲ ਕਰਨ ਦੀਆਂ ਕਈ ਨਾਕਾਮ ਕੋਸ਼ਿਸ਼ਾਂ ਕੀਤੀਆਂ। ਮੈਨੂੰ ਬੱਸ ਇੰਨਾ ਹੀ ਪਤਾ

* '(ਸ੍ਰੀ ਗੁਰੂ) ਗ੍ਰੰਥ (ਸਾਹਿਬ)'।

ਲੱਗਾ ਕਿ ਜਦ ਤੋਂ ਉਨ੍ਹਾਂ ਕੂਕਾਵਾਦ ਨੂੰ ਅਪਣਾਇਆ ਹੈ, ਤਦ ਤੋਂ ਉਹ ਆਪਣੇ ਘਰਾਂ ਨੂੰ ਭੁੱਲ ਗਏ ਹਨ ਤੇ ਸਿਰਫ਼ ਭੈਣੀ ਨੂੰ ਹੀ ਆਪਣਾ ਗ੍ਰਹਿ ਮੰਨਦੇ ਹਨ ਤੇ ਰਾਮ ਸਿੰਘ ਜੀ ਨੂੰ ਆਪਣਾ ਗੁਰੂ।

ਮੈਨੂੰ ਇੰਝ ਜਾਪਦਾ ਹੈ ਕਿ ਕੂਕਿਆਂ ਦੀ ਆਬਾਦੀ ਅੰਬਾਲਾ, ਲੁਧਿਆਣਾ, ਫ਼ਿਰੋਜ਼ਪੁਰ ਜ਼ਿਲ੍ਹਿਆਂ, ਪਟਿਆਲਾ ਅਤੇ ਨਾਭਾ ਰਿਆਸਤਾਂ 'ਚ ਵਧੇਰੇ ਹੈ। ਉਹ ਜਲੰਧਰ, ਹੁਸ਼ਿਆਰਪੁਰ, ਅੰਮ੍ਰਿਤਸਰ, ਲਾਹੌਰ, ਸਿਆਲਕੋਟ ਤੇ ਗੁਰਦਾਸਪੁਰ 'ਚ ਵੀ ਰਹਿੰਦੇ ਹਨ ਪਰ ਉੱਥੇ ਉਨ੍ਹਾਂ ਦੀ ਗਿਣਤੀ ਜ਼ਿਆਦਾ ਨਹੀਂ ਹੈ।

(ਗੁਰੂ) ਰਾਮ ਸਿੰਘ ਜੀ ਕੋਲ ਆਪਣੇ ਤੇ ਆਪਣੇ ਸੂਬਿਆਂ ਦੇ ਇਸਤੇਮਾਲ ਲਈ ਚਾਲ਼ੀ (40) ਘੋੜੇ ਹਨ। ਉਨ੍ਹਾਂ ਦੀਆਂ ਸਾਰੀਆਂ ਸ਼ੋਭਾ ਯਾਤਰਾਵਾਂ 'ਚ ਗੁਲਾਲ ਉਡਾਇਆ ਤੇ ਢੋਲ (ਹੋਲੇ ਮਹੱਲੇ ਸਮੇਂ ਜਲੂਸ ਵੇਲੇ) ਵਜਾਏ ਜਾਂਦੇ ਹਨ।

(ਗੁਰੂ) ਰਾਮ ਸਿੰਘ ਜੀ ਨਾਲ ਨਿਜੀ ਗੱਲਬਾਤ ਤੋਂ ਬਾਅਦ ਮੇਰਾ ਵਿਚਾਰ ਇਹੋ ਬਣਿਆ ਹੈ ਕਿ ਉਹ ਬ੍ਰਿਟਿਸ਼ ਸਰਕਾਰ ਦੇ ਵਿਰੁੱਧ ਨਹੀਂ ਹਨ ਤੇ ਉਹ ਕਿਸੇ ਵੀ ਤਰ੍ਹਾਂ ਬ੍ਰਿਟਿਸ਼ ਸਰਕਾਰ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਦੇ। ਪਰ ਉਨ੍ਹਾਂ ਦੇ ਕੁਝ ਸੂਬੇ (ਲੈਫ਼ਟੀਨੈਂਟ) ਖ਼ਰਾਬ ਹਨ, ਜੋ ਉਨ੍ਹਾਂ ਦੀ ਸਾਖ਼ ਨੂੰ ਦਾਗ਼ਦਾਰ ਕਰਦੇ ਹਨ।

(ਗੁਰੂ) ਰਾਮ ਸਿੰਘ ਜੀ ਨੇ ਸੂਬਿਆਂ (ਲੈਫ਼ਟੀਨੈਂਟਾਂ) ਨੂੰ ਨਵੇਂ ਕੂਕੇ ਬਣਨ ਦੇ ਚਾਹਵਾਨ ਸ਼ਰਧਾਲੂਆਂ ਨੂੰ ਮੰਤਰ ਦੇਣ ਦਾ ਅਧਿਕਾਰ ਦਿੱਤਾ ਹੈ। ਨਵਾਂ ਕੂਕਾ ਬਣਨ ਵਾਲੇ ਵਿਅਕਤੀ ਤੋਂ ਕੁਝ ਨਹੀਂ ਲਿਆ ਜਾਂਦਾ, ਬਿਲਕੁਲ ਉਵੇਂ ਜਿਵੇਂ ਕਿ ਇੱਕ ਵਿਅਕਤੀ ਸਿੱਖ ਬਣਦਾ ਹੈ; ਪਰ ਜੇ ਪਰਿਵਰਤਿਤ ਹੋਣ ਤੋਂ ਬਾਅਦ ਕੋਈ ਕੂਕਾ (ਗੁਰੂ) ਰਾਮ ਸਿੰਘ ਜੀ ਨੂੰ ਕੋਈ ਭੇਟਾ ਦਿੰਦਾ ਹੈ, ਤਾਂ ਉਹ ਲੈ ਲੈਂਦਾ ਹੈ।

(ਗੁਰੂ) ਰਾਮ ਸਿੰਘ ਜੀ ਆਪਣੇ ਘਰ ਤੋਂ ਸਦਾ ਗ਼ਰੀਬਾਂ ਨੂੰ ਲੰਗਰ ਛਕਾਉਂਦੇ ਹਨ ਤੇ ਕੱਪੜੇ ਦਿੰਦੇ ਹਨ ਅਤੇ ਵੱਖੋ-ਵੱਖਰੇ ਧਰਮਾਂ ਤੋਂ ਆ ਕੇ ਕੂਕੇ ਬਣਨ ਵਾਲੇ ਸ਼ਰਧਾਲੂਆਂ ਨੂੰ ਚੰਗੀਆਂ ਸਿੱਖਿਆਵਾਂ ਦਿੰਦੇ ਹਨ। ਅਨੰਦਪੁਰ ਸਾਹਿਬ ਦੇ ਮੇਲੇ 'ਚ ਦੋ ਦਿਨਾਂ ਦੌਰਾਨ ਘੱਟੋ-ਘੱਟ ਪੰਜਾਹ ਸ਼ਰਧਾਲੂ ਨਵੇਂ ਕੂਕੇ ਬਣੇ ਸਨ। ਸੋਢੀਆਂ 'ਚੋਂ ਪ੍ਰਤਾਪ ਸਿੰਘ ਰਸੂਲੀਵਾਲਾ ਆਪਣੇ ਪੁੱਤਰ ਦੇਵਾ ਸਿੰਘ ਨਾਲ ਕੂਕੇ ਬਣ ਗਏ ਹਨ। ਸੋਢੀ ਨਰਿੰਦਰ ਸਿੰਘ ਕਿਰਾਲੀਵਾਲਾ ਤੇ ਸੋਢੀ ਹੀਰਾ ਸਿੰਘ ਦੋਵੇਂ ਕੂਕੇ ਬਣਨ ਲਈ ਤਿਆਰ ਹਨ।

ਮੈਂ ਵੇਖ ਰਿਹਾ ਹਾਂ ਕਿ ਹਰੇਕ ਚੀਜ਼ ਤੋਂ ਇਹੋ ਤੱਥ ਸਾਹਮਣੇ ਆਉਂਦਾ ਹੈ ਕਿ ਕੂਕਾ ਸੰਪਰਦਾਇ ਨਿੱਤ ਵਧਦਾ ਜਾ ਰਿਹਾ ਹੈ, ਜਦ ਕਿ ਸਿੱਖਾਂ ਦੀ ਗਿਣਤੀ ਘਟਦੀ ਜਾ ਰਹੀ ਹੈ, ਜਿਸ ਦਾ ਵੱਡਾ ਕਾਰਨ ਇਹ ਹੈ ਕਿ ਨਵੇਂ ਕੂਕੇ ਬਣਨ ਵਾਲਿਆਂ ਦਾ ਕੋਈ ਖ਼ਰਚਾ ਨਹੀਂ ਹੁੰਦਾ, ਜਦ ਕਿ ਨਵੇਂ ਸਿੱਖ ਬਣਨ ਵਾਲਿਆਂ ਦੇ ਖ਼ਰਚੇ ਹੁੰਦੇ ਹਨ। ਮੇਲੇ ਦੌਰਾਨ 50 ਨਵੇਂ ਕੂਕੇ ਬਣਨ ਵਾਲੇ ਲੋਕ ਜੇ ਸਿੱਖ ਬਣੇ ਹੁੰਦੇ, ਤਾਂ ਨਿਹੰਗਾਂ ਨੂੰ ਘੱਟੋ-ਘੱਟ 50 ਰੁਪਏ ਦਾ ਫ਼ਾਇਦਾ ਹੋਣਾ ਸੀ; ਜਦ ਕਿ ਕੂਕੇ ਬਣਨ ਵਾਲੇ ਫ਼ਾਇਦੇ 'ਚ ਰਹਿੰਦੇ ਹਨ ਤੇ ਸਿੱਖ ਦੀ ਥਾਂ ਕੂਕੇ ਬਣਨ ਵਾਲਿਆਂ ਕਾਰਨ ਨਿਹੰਗ ਘਾਟੇ 'ਚ ਰਹਿੰਦੇ ਹਨ। ਇਹੋ ਨਿਹੰਗਾਂ ਦੀ ਦੁਸ਼ਮਣੀ ਦਾ ਅਸਲ ਕਾਰਨ ਹੈ।

ਅਜਿਹੀ ਰਿਪੋਰਟ 'ਚ ਕੋਈ ਦਮ ਨਹੀਂ ਕਿ (ਗੁਰੂ) ਰਾਮ ਸਿੰਘ ਜੀ ਇੱਕ ਜਾਦੂਈ ਮੰਤਰ ਨਵਾਂ ਕੂਕਾ ਬਣਨ ਵਾਲੇ ਸ਼ਰਧਾਲੂ ਦੇ ਕੰਨ 'ਚ ਫੂਕਦੇ ਹਨ, ਜਿਸ ਬਾਰੇ ਕਦੇ ਕਿਸੇ ਨੂੰ ਦੱਸਿਆ ਨਹੀਂ ਜਾਂਦਾ ਤੇ ਇਸ ਨਾਲ ਕੂਕਾ ਬਣਨ ਵਾਲੇ ਸਾਰੇ ਹੀ ਸ਼ਰਧਾਲੂ ਸੰਵੇਦਨਸ਼ੀਲਤਾ ਗੁਆ ਬੈਠਦੇ ਹਨ। ਮੈਂ ਉਸ ਮੰਤਰ ਦਾ ਪਤਾ ਕੀਤਾ ਹੈ, ਜੋ ਇਸ ਪ੍ਰਕਾਰ ਹੈ:

''ਸਤਿਗੁਰ ਅਜ਼ੀਜ਼ ਨਵਾਜ਼, ਤਿਲਕਾਕਾ ਜਾਰੰਗ, ਅਕਲਾ ਨਾ-ਅਨੰਤੀ ਸਬਵਾਸ ਨੇਯੁੰਗ ਭੂ-ਪੁਥਾ ਬੀਰ।''

ਹਰੇਕ ਨਵੇਂ ਕੂਕੇ ਨੇ ਇਸ ਮੰਤਰ ਦਾ ਜਾਪ ਨੌਂ ਐਤਵਾਰਾਂ ਦੇ ਅੰਦਰ ਇੱਕ ਲੱਖ ਵਾਰ ਜ਼ਰੂਰ ਕਰਨਾ ਹੁੰਦਾ ਹੈ; ਉਸ ਤੋਂ ਬਾਅਦ ਹੀ ਉਹ ਸੰਪੂਰਨ ਕੂਕਾ ਬਣਦਾ ਹੈ। ਇੱਕ ਨਵੇਂ ਕੂਕੇ ਨੇ ਇਸ ਮੰਤਰ ਦਾ ਵਾਰ-ਵਾਰ ਜਾਪ ਕਰਨ ਤੋਂ ਬਗ਼ੈਰ ਹੋਰ ਕੁਝ ਨਹੀਂ ਕਰਨਾ ਹੁੰਦਾ। ਉਸ ਦਾ ਕੋਈ ਖ਼ਰਚਾ ਵੀ ਨਹੀਂ ਹੋ ਰਿਹਾ ਹੁੰਦਾ, ਸਗੋਂ ਉਸ ਨੂੰ ਬਾਬਾ ਰਾਮ ਸਿੰਘ ਜੀ ਬਿਨਾਂ ਕੁਝ ਲਏ ਲੰਗਰ ਛਕਾਉਂਦੇ ਹਨ।

ਨਿਹੰਗ ਜਦੋਂ ਕਿਸੇ ਨਵੇਂ ਵਿਅਕਤੀ ਨੂੰ ਸਿੱਖ ਧਰਮ 'ਚ ਸ਼ਾਮਲ ਕਰਦੇ ਹਨ, ਤਾਂ ਉਹ ਉਨ੍ਹਾਂ ਲੰਮੇ-ਲੰਮੇ ਮੰਤਰ ਯਾਦ ਕਰਨ ਲਈ ਦੇ ਦਿੰਦੇ ਹਨ, ਜਿਸ ਨੂੰ ਲੋਕ ਹੁਣ ਪਸੰਦ ਨਹੀਂ ਕਰਦੇ। ਇਹ ਵੀ ਸੱਚਾਈ ਹੈ ਕਿ ਕੂਕਾ ਬਣਨ 'ਤੇ ਖ਼ਰਚਾ ਕੋਈ ਨਹੀਂ ਹੋਣਾ ਹੁੰਦਾ, ਜਦ ਕਿ ਸਿੱਖ ਬਣਨ 'ਤੇ ਹੁੰਦਾ ਹੈ; ਮੈਨੂੰ ਲੱਗਦਾ ਹੈ ਕਿ ਇਸੇ ਅਸਲ ਕਾਰਣ ਕਰਕੇ (ਗੁਰੂ) ਰਾਮ ਸਿੰਘ ਜੀ ਦੀ ਅਗਵਾਈ ਹੇਠ ਵਧੇਰੇ ਲੋਕ ਹੁਣ ਕੂਕੇ ਬਣਦੇ ਜਾ ਰਹੇ ਹਨ।

(ਗੁਰੂ) ਰਾਮ ਸਿੰਘ ਜੀ ਦਿਨ 'ਚ ਤਿੰਨ ਵਾਰ ਨਹਾਉਂਦੇ ਹਨ ਤੇ ਵੱਡੇ ਤੜਕੇ ਦੋ ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲੱਗ ਜਾਂਦੇ ਹਨ, ਜਿਸ ਨੂੰ ਉਹ ਪੂਰੀ ਤਰ੍ਹਾਂ ਸਮਝਦੇ ਹਨ। ਉਹ ਹਰੇਕ ਮਾੜੀ ਚੀਜ਼ ਜਾਂ ਗੱਲ ਤੋਂ ਨਫ਼ਰਤ ਕਰਦੇ ਹਨ। ਇਸੇ ਲਈ ਕੂਕੇ ਉਨ੍ਹਾਂ ਬਾਰੇ ਬਹੁਤ ਜ਼ਿਆਦਾ ਸੋਚਦੇ ਹਨ ਤੇ ਉਨ੍ਹਾਂ ਨੂੰ ਓਨਾ ਹੀ ਮਾਣ-ਤਾਣ ਦਿੰਦੇ ਹਨ।

ਉਹ (ਗੁਰੂ) ਰਾਮ ਸਿੰਘ ਜੀ ਨੂੰ ਅਜਿਹਾ ਨਬੀ ਮੰਨਦੇ ਹਨ, ਜਿਨ੍ਹਾਂ ਨੂੰ ਅਕਾਲ ਪੁਰਖ ਨੇ ਕੂਕਾ ਪੰਥ ਸਥਾਪਤ ਕਰਨ ਲਈ ਭੇਜਿਆ ਹੈ, ਜੋ ਸਿੱਖ ਧਰਮ ਵਿਚ ਆਈਆਂ ਗਿਰਾਵਟਾਂ ਦੂਰ ਕਰੇਗਾ, ਤੇ ਉਹ ਇਹੋ ਮੰਨਦੇ ਹਨ ਕਿ ਸਿੱਖ ਧਰਮ ਹੁਣ ਨੀਵਾਣਾਂ ਵੱਲ ਨੂੰ ਜਾ ਰਿਹਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ (ਗੁਰੂ) ਰਾਮ ਸਿੰਘ ਜੀ ਸਾਰੇ ਹਿੰਦੂਆਂ ਬਾਰੇ ਮਾੜਾ ਸੋਚਦੇ ਹਨ ਕਿਉਂਕਿ ਉਹ ਸਿਰਫ਼ ਇੱਕੋ ਪਰਮੇਸ਼ਵਰ ਅੱਗੇ ਅਰਦਾਸ ਕਰਦੇ ਹਨ, ਜਦ ਕਿ ਹਿੰਦੂ ਕਈ ਦੇਵੀ-ਦੇਵਤਿਆਂ ਨੂੰ ਪੂਜਦੇ ਹਨ।

## 19

*ਪੰਜਾਬ ਸਰਕਾਰ ਤੇ ਉਸ ਨਾਲ ਸੰਬੰਧਤ ਅਧਿਕਾਰੀਆਂ ਦੇ ਸਕੱਤਰ ਟੀਐੱਚ ਥੌਰੰਟਨ ਵੱਲੋਂ ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਦੇ ਸਕੱਤਰ, ਕਲਕੱਤਾ ਨੂੰ*

*ਕੂਕਿਆਂ ਦੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਗਤੀਵਿਧੀਆਂ, ਨੰ. 20, ਨੰ. 160-335, ਮਿਤੀ ਲਾਹੌਰ, 16 ਅਪ੍ਰੈਲ, 1867.*

ਅੰਬਾਲਾ ਦੇ ਕਮਿਸ਼ਨਰ ਤੋਂ ਨੰ. 47 ਮਿਤੀ 13 ਫ਼ਰਵਰੀ, 1867 ਅਤੇ ਜਲੰਧਰ ਦੇ ਕਮਿਸ਼ਨਰ ਦਾ ਜਵਾਬ ਨੰ. 108, ਮਿਤੀ 21 ਮਾਰਚ, 1867 ਅਤੇ ਜਵਾਬ।

ਤੁਹਾਡੇ ਵੱਲੋਂ ਇਸੇ ਮਹੀਨੇ ਦੀ 6 ਤਰੀਕ ਨੂੰ ਲਿਖੇ ਪੱਤਰ ਨੰ. 335 ਦੇ ਜਵਾਬ 'ਚ ਮੈਂ ਉਪਰੋਕਤ ਸਰਕਲ (ਗਰੁਪ) ਵਿੱਚ ਵਰਣਿਤ ਦਸਤਾਵੇਜ਼ਾਂ ਦੀਆਂ ਕਾਪੀਆਂ ਪੇਸ਼ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਤੋਂ ਮਹਾਮਹਿਮ ਵਾਇਸਰਾਏ ਨੂੰ ਲੋੜੀਂਦੀ ਜਾਣਕਾਰੀ ਮਿਲੇਗੀ।

2. ਮੈਂ ਇਹ ਗੱਲ ਜੋੜਨੀ ਚਾਹੁੰਦਾ ਹਾਂ ਕਿ ਮਹਾਮਹਿਮ (ਗੁਰੂ) ਰਾਮ ਸਿੰਘ ਜੀ 'ਤੇ ਰੱਖੀ ਸਖ਼ਤ ਚੌਕਸੀ ਨੂੰ ਹਟਾਉਣ ਅਤੇ ਨਿਮਨਲਿਖਤ ਕਾਰਨਾਂ ਦੇ ਆਧਾਰ 'ਤੇ ਅਨੰਦਪੁਰ ਸਾਹਿਬ ਜਾਣ ਦੀ ਖੁੱਲ੍ਹ ਦੇਣ ਦੇ ਇੱਛੁਕ ਹਨ:

ਪਹਿਲਾ ਕਾਰਣ:- (ਗੁਰੂ) ਰਾਮ ਸਿੰਘ ਜੀ ਦੇ ਆਚਾਰ-ਵਿਵਹਾਰ ਜਾਂ ਉਨ੍ਹਾਂ ਵੱਲੋਂ ਪ੍ਰਸਾਰਿਤ ਕੀਤੇ ਜਾ ਰਹੇ ਸਿਧਾਂਤਾਂ ਵਿੱਚ ਅਜਿਹਾ ਕੁਝ ਵੀ ਨਹੀਂ ਹੈ ਕਿ ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਇੱਕ ਕੈਦੀ ਵਜੋਂ ਹੋਰ ਹਿਰਾਸਤ 'ਚ ਰੱਖਿਆ ਜਾਵੇ।

ਦੂਜਾ:- ਉਨ੍ਹਾਂ ਨੂੰ ਇਸ ਲਈ ਹਿਰਾਸਤ 'ਚ ਰੱਖਿਆ ਗਿਆ ਸੀ ਕਿ ਉਨ੍ਹਾਂ ਦਾ ਸਿਧਾਂਤ ਹੋਰ ਪ੍ਰਫੁੱਲਤ ਨਾ ਹੋਵੇ ਪਰ ਇਸ ਨਾਲ ਤਾਂ ਸਗੋਂ ਅਜਿਹਾ ਪ੍ਰਭਾਵ ਤੇ ਮਹੱਤਵ ਸਿਰਜਿਆ ਜਾ ਰਿਹਾ ਹੈ ਕਿ ਜਿਵੇਂ ਸਰਕਾਰੀ ਤਸ਼ੱਦਦ ਨਾਲ ਸ਼ਹਾਦਤ ਪਾਉਣ ਵਾਲੇ ਨੂੰ ਮਿਲਦਾ ਹੈ ਅਤੇ ਇੰਝ ਉਨ੍ਹਾਂ ਦੇ ਸ਼ਰਧਾਲੂਆਂ ਦੇ ਮਨਾਂ 'ਚ ਬ੍ਰਿਟਿਸ਼ ਸਰਕਾਰ ਵਿਰੁੱਧ ਨਫ਼ਰਤ ਦੀ ਭਾਵਨਾ ਉਪਜਦੀ ਹੈ ਤੇ ਉਸ ਦੇ ਧਾਰਮਿਕ ਸਹਿਣਸ਼ੀਲਤਾ ਦੇ ਸਿਧਾਂਤਾਂ ਪ੍ਰਤੀ ਸ਼ੱਕ ਪੈਦਾ ਹੁੰਦਾ ਹੈ।

ਤੀਜਾ:- ਅਨੰਦਪੁਰ ਸਾਹਿਬ ਦੇ ਵੱਡੇ ਇਕੱਠ ਦੌਰਾਨ, ਉਨ੍ਹਾਂ ਦੇ ਸ਼ਾਂਤਪੂਰਨ ਆਚਾਰ-ਵਿਹਾਰ ਦਾ ਤਕੜਾ ਇਮਤਿਹਾਨ ਵੀ ਹੋ ਜਾਵੇਗਾ ਕਿਉਂਕਿ ਸਰਕਾਰ ਕਿਸੇ ਵੀ ਤਰ੍ਹਾਂ ਦੀ ਗੜਬੜੀ ਦੀ ਹਾਲਤ ਵਿੱਚ ਨਾਲੋ-ਨਾਲ ਨਿਪਟਣ ਦੀ ਸਥਿਤੀ 'ਚ ਹੈ।

ਕੁਝ ਮੁਸਲਿਮ ਵੀ (ਗੁਰੂ) ਰਾਮ ਸਿੰਘ ਜੀ ਦੀ ਅਗਵਾਈ ਹੇਠ ਕੂਕੇ ਬਣੇ ਹਨ। ਉਹ ਸਾਰੇ ਅਨਪੜ੍ਹ, ਨੀਵੀਂਆਂ ਜਾਤਾਂ ਵਾਲੇ ਵਿਅਕਤੀ ਹਨ, (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਨੇ ਉਨ੍ਹਾਂ ਨੂੰ ਇਹੋ ਦੱਸਿਆ ਹੈ ਕਿ ਮੁਸਲਿਮ ਤੇ ਕੂਕਾ ਧਰਮ ਇੱਕੋ ਹਨ। ਉਂਝ ਕੁਝ ਮੁਸਲਿਮ ਕੂਕਾ ਧਰਮ ਬਾਰੇ ਚੰਗਾ ਬੋਲਦੇ ਹਨ।

ਮੈਨੂੰ ਕੂਕਾ ਸੰਪਰਦਾਇ ਜਾਂ ਬਾਬਾ ਰਾਮ ਸਿੰਘ ਜੀ ਬਾਰੇ ਇਸ ਤੋਂ ਵੱਧ ਹੋਰ ਕੋਈ ਜਾਣਕਾਰੀ ਨਹੀਂ ਹੈ ਕਿ ਉਹ ਇੱਕ ਗ੍ਰੰਥ ਤਿਆਰ ਕਰ ਰਹੇ ਹਨ, ਜਿਸ ਨੂੰ ਉਹ 'ਗ੍ਰੰਥ ਅੱਖਰੀ' ਆਖਦੇ ਹਨ। ਕੂਕਿਆਂ ਦੇ ਮਾਰਗ-ਦਰਸ਼ਨ ਲਈ ਇਸ ਗ੍ਰੰਥ ਵਿੱਚ ਦਰਜ ਨਿਯਮਾਂ ਤੇ ਹਦਾਇਤਾਂ ਬਾਰੇ ਹਾਲੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਹੈ। ਹਾਲੇ ਇਸ ਗ੍ਰੰਥ ਨੂੰ ਜੱਗ ਜ਼ਾਹਿਰ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ। ਪਰ ਮੈਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜਦੋਂ ਵੀ ਇਹ ਆਮ ਜਨਤਾ ਸਾਹਮਣੇ ਲਿਆਂਦਾ ਗਿਆ, ਤਾਂ ਇਸ ਵਿੱਚ .....? ਅਜਿਹੀਆਂ ਭਵਿੱਖਬਾਣੀਆਂ ਹੋਣਗੀਆਂ,

ਜੋ ਅਗਲੇ 50 ਜਾਂ 100 ਸਾਲਾਂ ਵਿੱਚ ਪੂਰੀਆਂ ਹੋਣੀਆਂ ਹੋਣਗੀਆਂ, ਜਦੋਂ ਬਾਬਾ ਰਾਮ ਸਿੰਘ ਜੀ ਵੀ ਮੌਜੂਦ ਨਹੀਂ ਹੋਣਗੇ।

## 20

*ਨੰ. 97, ਮਿਤੀ 31 ਮਈ, 1867*

ਵੱਲੋਂ,

ਭਾਰਤ ਸਰਕਾਰ, ਸਕੱਤਰ

ਵੱਲ

ਭਾਰਤ ਸਰਕਾਰ,

ਮੈਂ ਕੂਕਿਆਂ ਦੇ ਨਵੇਂ ਸਿੱਖ ਸੰਪਰਦਾਇ ਬਾਰੇ ਰਿਪੋਰਟ ਨੂੰ ਬਹੁਤ ਦਿਲਚਸਪੀ ਤੇ ਧਿਆਨ ਨਾਲ ਪੜ੍ਹਿਆ ਹੈ, ਜੋ ਕੌਂਸਲ 'ਚ ਮੇਰੇ ਸਾਹਮਣੇ ਰੱਖੀ ਗਈ ਹੈ, ਜਿਸ ਵਿੱਚ ਆਪ ਮਾਣਯੋਗ ਜੀ ਦਾ ਪੱਤਰ, ਵਿਦੇਸ਼ ਵਿਭਾਗ ਵਿੱਚ ਨੰ. 49 ਮਿਤੀ ਪਿਛਲੇ ਮਹੀਨੇ ਦੀ 4 ਨੱਥੀ ਕੀਤਾ ਗਿਆ ਹੈ।

(2) ਇਹ ਰਿਪੋਰਟ ਜੋ ਤੁਸੀਂ ਬਿਨਾਂ ਕਿਸੇ ਟਿੱਪਣੀ ਦੇ ਭੇਜੀ ਹੈ, ਉਸ ਤੋਂ ਇੰਝ ਜਾਪਦਾ ਹੈ ਕਿ ਕੂਕਿਆਂ ਦੇ ਖ਼ਤਰਨਾਕ ਕਿਸਮ ਦੇ ਕੁਝ ਗੁਪਤ ਸਿਆਸੀ ਮੰਤਵ ਹਨ ਤੇ ਫਿਰ ਵੀ ਮੈਨੂੰ ਹਾਲ ਦੀ ਘੜੀ ਤੁਹਾਡੀ ਸਰਕਾਰ ਨੂੰ ਕੋਈ ਅਜਿਹੀ ਬੇਨਤੀ ਕਰਨ ਦਾ ਕੋਈ ਕਾਰਣ ਵਿਖਾਈ ਨਹੀਂ ਦਿੰਦਾ ਕਿ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਗਤੀਵਿਧੀਆਂ 'ਚ ਦਖ਼ਲ ਦਿੱਤਾ ਜਾਵੇ। ਮੈਂ ਮਹਾਮਹਿਮ ਮਹਾਰਾਣੀ ਦੀ ਸਰਕਾਰ ਦੀ ਇਹ ਆਸ ਜ਼ਰੂਰ ਪ੍ਰਗਟ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਲੋਕਾਂ 'ਤੇ ਚੁੱਪਚਾਪ ਪਰ ਬਹੁਤ ਨੇੜਿਓਂ ਨਜ਼ਰ ਰੱਖੀ ਜਾਵੇ।

### 1866–1868 ਸਾਲਾਂ ਦੇ ਖੇਤਰੀ ਭਾਸ਼ਾਵਾਂ ਦੇ ਅਖ਼ਬਾਰਾਂ 'ਚੋਂ ਲਏ ਅੰਸ਼

*ਸਥਾਨਕ ਅਖ਼ਬਾਰਾਂ ਤੋਂ ਕੀਤੀ ਗਈ ਚੋਣ*

*ਉਸ਼ਰਫ਼-ਉਲ-ਅਖ਼ਬਾਰ -- ਦਿੱਲੀ*

*(ਉਰਦੂ ਹਫ਼ਤਾਵਾਰੀ ਅਖ਼ਬਾਰ)* *19 ਦਸੰਬਰ, 1866, ਪੰਨਾ 20*

ਪੰਜਾਬ ਦੇ ਲੁਧਿਆਣਾ ਜ਼ਿਲ੍ਹੇ 'ਚ ਰਾਮ ਸਿੰਘ ਨਾਂਅ ਦੇ ਇੱਕ ਸਿੱਖ, ਜਿਨ੍ਹਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਖ਼ੁਦ ਇੱਕ ਨਬੀ ਹੋਣ ਦਾ ਮਾਣ ਹਾਸਲ ਕਰ ਲਿਆ ਹੈ ਤੇ 60 ਹਜ਼ਾਰ ਵਿਅਕਤੀਆਂ ਨੂੰ ਆਪਣੇ ਸਿਧਾਂਤ ਵਿੱਚ ਸ਼ਾਮਲ ਕਰ ਲਿਆ ਹੈ। ਉਨ੍ਹਾਂ ਦੇ ਸਾਥੀ ਸਹਿਯੋਗੀ ਬਹੁਤ ਸਾਰੀਆਂ ਥਾਵਾਂ 'ਤੇ ਜਾਂਦੇ ਹਨ ਜਾਂ ਨਵੇਂ ਕੂਕੇ ਬਣਾਉਂਦੇ ਹਨ। ਪੁਲਿਸ ਉਹਨਾਂ ਦੇ ਵਧਦੀ ਗਿਣਤੀ ਬਾਰੇ ਹੈਰਾਨ ਪ੍ਰੇਸ਼ਾਨ ਹੈ।

*ਨਜੂਮ-ਉਲ-ਅਖ਼ਬਾਰ, ਮੇਰਠ (ਉਰਦੂ)*

*2 ਜੁਲਾਈ, 1867, ਪੰਨਾ 47*

ਲੁਧਿਆਣਾ ਦੇ ਉਸ ਤਰਖਾਣ ਦੀ ਕਹਾਣੀ ਦਿੱਤੀ ਜਾਂਦੀ ਹੈ, ਜਿਸ ਨੇ ਆਪਣਾ ਖ਼ੁਦ ਦਾ ਇੱਕ ਪੰਥ ਚਲਾਇਆ ਹੈ ਤੇ ਆਪਣੇ ਤੀਹ ਹਜ਼ਾਰ ਪੈਰੋਕਾਰ ਬਣਾ ਲਏ ਹਨ। ਇਹ ਵੀ ਦੱਸਿਆ ਜਾਂਦਾ ਹੈ ਕਿ ਕਿਲ੍ਹੇ 'ਚ ਤਾਇਨਾਤ ਸਿੱਖ ਸਿਪਾਹੀ ਵੀ ਉਸ ਕੋਲ ਚਲੇ ਗਏ ਹਨ ਤੇ ਸਰਕਾਰ ਨੇ ਹੁਣ ਕਿਲ੍ਹੇ 'ਚ ਗੋਰਖੇ ਭੇਜਣਾ ਜ਼ਰੂਰੀ ਸਮਝਿਆ ਹੈ।

*ਰਹਿਨੁਮਾ-ਏ-ਪੰਜਾਬ -- ਸਿਆਲਕੋਟ*

*18 ਫ਼ਰਵਰੀ, 1867, ਪੰਨਾ 92*

ਇਹ ਹੈਰਾਨੀ ਤੇ ਅਫ਼ਸੋਸ ਵਾਲੀ ਗੱਲ ਹੈ ਕਿ ਪੰਜਾਬੀ (ਕੂਕੇ) ਹੁਣ ਦੋਬਾਰਾ ਪੁਰਾਣੀ ਸਲਤਨਤ ਲਿਆਉਣ ਬਾਰੇ ਸੋਚ ਰਹੇ ਹਨ ਤੇ ਸਰਕਾਰ ਰਾਜ (ਵਿਦੇਸ਼ੀ ਰਾਜ) ਦਾ ਵਿਰੋਧ ਕਰ ਰਹੇ ਹਨ।

*ਕੋਹਿਨੂਰ -- ਲਾਹੌਰ - ਉਰਦੂ*

*28 ਸਤੰਬਰ, 1867*

ਕੂਕਾਕੁਨੀ (ਕੂਕਾ ਪੰਥੀ) ਅੱਜ-ਕੱਲ੍ਹ ਚੁੱਪਚਾਪ ਤੇ ਸ਼ਾਂਤ ਹਨ ਤੇ ਗੁਰੂ ਰਾਮ ਸਿੰਘ ਜੀ ਦੇ ਘਰ 'ਚ ਦਾਨ-ਪੁੰਨ ਵੱਡੇ ਪੱਧਰ 'ਤੇ ਚੱਲ ਰਿਹਾ ਹੈ। ਭਾਈ ਜੀ ਆਪਣੀ ਰੋਟੀ ਘਰੋਂ ਖਾਂਦੇ ਹਨ। ਸਵੇਰ ਤੋਂ ਦੁਪਹਿਰ ਤੱਕ ਉਹ ਇੱਕ ਖੂਹ 'ਤੇ ਬਹਿ ਕੇ ਅਕਾਲ ਪੁਰਖ ਦੀ ਅਰਾਧਨਾ ਕਰਦੇ ਹਨ।

ਬਾਅਦ ਦੁਪਹਿਰ ਉਹ ਆਪਣੇ ਦੀਵਾਨ ਖਾਨੇ 'ਚ ਆ ਜਾਂਦੇ ਹਨ ਤੇ ਉੱਥੇ ਇਜਲਾਸ ਸਜਦਾ ਹੈ ਤੇ ਕੂਕਿਆਂ ਦੇ ਮਸਲੇ ਵਿਚਾਰੇ ਜਾਂਦੇ ਹਨ। ਇਨ੍ਹਾਂ ਲੋਕਾਂ ਦੇ ਮਾਮਲੇ ਕਦੇ ਵੀ ਅਦਾਲਤਾਂ 'ਚ ਨਹੀਂ ਲਿਜਾਏ ਜਾਂਦੇ ਪਰ ਜੇ ਕੋਈ ਮਾਮਲਾ ਸਰਕਾਰੀ ਅਦਾਲਤ 'ਚ ਚਲਾ ਜਾਂਦਾ ਹੈ ਤਾਂ (ਗੁਰੂ) ਬਹੁਤ ਨਾਖ਼ੁਸ਼ ਹੁੰਦੇ ਹਨ।

## 21

*ਨੰ. 11-188, ਮਿਤੀ 20 ਮਈ, 1868*

*ਵੱਲੋਂ*

ਪੁਲਿਸ ਇੰਸਪੈਕਟਰ ਜਨਰਲ, ਪੰਜਾਬ,

*ਵੱਲ*

ਸਕੱਤਰ, ਪੰਜਾਬ ਸਰਕਾਰ,

ਸ੍ਰੀਮਾਨ ਜੀ,

ਮੈਨੂੰ ਉਸ ਚਿੱਠੀ-ਪੱਤਰੀ ਦੇ ਸੰਖੇਪ ਦੀਆਂ 30 ਕਾਪੀਆਂ ਸਰਕਾਰ ਦੀ ਜਾਣਕਾਰੀ ਹਿਤ ਭੇਜਣ ਦਾ ਮਾਣ ਹਾਸਲ ਹੋਇਆ ਹੈ, ਜੋ ਕੂਕਾ ਸੰਪਰਦਾਇ ਸਬੰਧੀ ਸਾਲ 1867 ਦੌਰਾਨ ਮੇਰੇ ਦਫ਼ਤਰ 'ਚ ਪ੍ਰਾਪਤ ਹੋਇਆ ਸੀ।

(2) ਭਾਵੇਂ ਮੇਰਾ ਵਿਚਾਰ ਹੈ ਕਿ (ਗੁਰੂ) ਰਾਮ ਸਿੰਘ ਜੀ ਦੀਆਂ ਗਤੀਵਿਧੀਆਂ 'ਤੇ ਹਾਲੇ ਕੋਈ ਰੋਕ ਲਾਉਣ ਦੀ ਜ਼ਰੂਰਤ ਨਹੀਂ ਹੈ; ਫਿਰ ਵੀ ਮੇਰਾ ਮੰਨਣਾ ਹੈ ਕਿ

ਉਨ੍ਹਾਂ ਤੇ ਉਨ੍ਹਾਂ ਦੇ ਲੈਫ਼ਟੀਨੈਂਟਾਂ ਦੀਆਂ ਗਤੀਵਿਧੀਆਂ 'ਤੇ ਬਹੁਤ ਨੇੜਿਓਂ ਲਗਾਤਾਰ ਨਜ਼ਰ ਰੱਖਣ ਦੀ ਜ਼ਰੂਰਤ ਹੈ।

(3) ਇਸ ਸੰਪਰਦਾਇ 'ਤੇ ਨਜ਼ਰ ਜ਼ਰੂਰ ਰੱਖਣੀ ਚਾਹੀਦੀ ਹੈ ਕਿਉਂਕਿ ਇਸ ਦੇ ਕਿਸੇ ਵੀ ਸਮੇਂ ਵੱਡਾ ਖ਼ਤਰਾ ਬਣਨ ਦੀ ਸੰਭਾਵਨਾ ਹੈ, ਭਾਵੇਂ ਇਸ ਵੇਲੇ ਇਸ ਦੇ ਆਗੂਆਂ ਦੀਆਂ ਖ਼ਾਹਿਸ਼ਾਂ ਤੇ ਉਦੇਸ਼ ਸ਼ਾਂਤੀਪੂਰਨ ਹੀ ਜਾਪਦੇ ਹਨ; ਇਹ ਧਾਰਮਿਕ ਸੰਘ ਹਾਲੇ ਆਪਣੇ ਮੁੱਢ ਵਰੇਸ ਦੇ ਉਤਸ਼ਾਹ 'ਚ ਹੈ ਤੇ ਕਿਸੇ ਪੁਰਾਣੇ ਧਰਮ ਤੇ ਘੱਟ ਜੁੜਨ ਵਾਲੇ ਤੇ ਇੰਨੀ ਹੀ ਉਤਸ਼ਾਹ ਪੂਰਨ ਊਰਜਾ ਤੇ ਜੀਵਨ ਵਾਲੇ ਧਾਰਮਿਕ ਸਮਾਜਾਂ ਦੇ ਮੁਕਾਬਲੇ ਇਸ ਨਿਵੇਕਲੇ ਧਰਮ ਨੂੰ ਬਹੁਤ ਆਸਾਨੀ ਨਾਲ ਸਾਡੇ ਰਾਜ ਦੇ ਵਿਰੋਧੀ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ।

(4) ਕੂਕਾ ਭਾਈਚਾਰੇ ਦੀ ਮੌਜੂਦਾ ਗਿਣਤੀ ਦਾ ਸਹੀ ਅਨੁਮਾਨ ਲਾਉਣਾ ਸੰਭਵ ਨਹੀਂ ਹੈ। ਹਵਾਲੇ ਦੀ ਸਹੂਲਤ ਲਈ, ਸਾਲ ਦੌਰਾਨ ਕੂਕਾ ਸੰਪਰਦਾਇ ਬਾਰੇ ਇਸ ਦਫ਼ਤਰ 'ਚ ਪ੍ਰਾਪਤ ਹੋਈਆਂ ਵੱਖੋ-ਵੱਖਰੀਆਂ ਰਿਪੋਰਟਾਂ ਦਾ ਸੰਖੇਪ ਸਾਰ ਤਿਆਰ ਕੀਤਾ ਗਿਆ ਹੈ ਤੇ ਗੁਪਤ ਸਰਕੂਲਰ ਲਈ ਨਿਮਨਲਿਖਤ ਪੰਨਿਆਂ 'ਤੇ ਉਨ੍ਹਾਂ ਨੂੰ ਦੋਬਾਰਾ ਛਾਪਿਆ ਜਾ ਰਿਹਾ ਹੈ। ਇਹ ਬੇਨਤੀ ਕੀਤੀ ਜਾਂਦੀ ਹੈ ਕਿ (ਗੁਰੂ) ਰਾਮ ਸਿੰਘ ਜੀ ਦੀਆਂ ਗਤੀਵਿਧੀਆਂ ਬਾਰੇ ਕਿਸੇ ਵੀ ਤਰ੍ਹਾਂ ਦੀ ਵਰਣਨਯੋਗ ਜਾਣਕਾਰੀ ਕੇਂਦਰੀ ਪੁਲਿਸ ਨੂੰ (ਹਫ਼ਤਾਵਾਰੀ ਫ਼ਾਰਮ ਨੰ. III ਵਿੱਚ) ਰਿਪੋਰਟ ਕੀਤੀ ਜਾ ਸਕਦੀ ਹੈ।

# 22
# ਤੱਤ-ਸਾਰ

"ਬੀਤੇ ਜਨਵਰੀ ਮਹੀਨੇ ਕੂਕਾ ਸੰਪਰਦਾਇ ਬਾਰੇ ਕੀਤੇ ਸਾਰੇ ਵੇਰਵਿਆਂ ਦੇ ਸੰਕਲਨ, ਤਦ ਇਸ ਦਫ਼ਤਰ 'ਚ ਉਪਲਬਧ ਸੀ, ਨੂੰ ਤਿਆਰ ਕਰ ਕੇ ਸਰਕੂਲੇਟ ਕੀਤਾ ਗਿਆ ਸੀ:

1. ਤਦ ਤੋਂ ਪ੍ਰਾਪਤ ਰਿਪੋਰਟਾਂ ਦਾ ਸੰਖੇਪ ਨਿਮਨਲਿਖਤ ਅਨੁਸਾਰ ਹੈ।

ਸੁਵਿਧਾਜਨਕ ਹਵਾਲੇ, ਪਿਛਲੇ ਸਾਲ ਦੌਰਾਨ ਇਸ ਸੰਪਰਦਾਇ ਦੇ ਇਤਿਹਾਸ, ਨੂੰ ਨਿਮਨਲਿਖਤ ਆਮ ਸਿਰਲੇਖਾਂ ਅਧੀਨ ਵਰਗੀਕ੍ਰਿਤ ਕੀਤਾ ਗਿਆ ਹੈ:-

I - ਧਰਮ ਪ੍ਰਚਾਰ ਜਾਂ ਧਰਮ ਪਰਿਵਰਤਨ 'ਚ ਇਸ ਸੰਪਰਦਾਇ ਦੀ ਪ੍ਰਗਤੀ।
II- ਕੂਕਿਆਂ ਵੱਲੋਂ ਧਾਰਮਿਕ ਉਤਸ਼ਾਹ ਨਾਲ ਕੀਤੀਆਂ ਕਾਨੂੰਨੀ ਉਲੰਘਣਾਵਾਂ।
III-ਕੂਕਿਆਂ ਦੀਆਂ ਮੀਟਿੰਗਾਂ ਤੇ ਵੱਡੇ ਇਜਲਾਸ, ਕੁਝ ਮੁੱਖ ਦੇ ਸੰਖੇਪ ਵੇਰਵੇ ਨਾਲ।

### I - ਧਰਮ ਪ੍ਰਚਾਰ ਜਾਂ ਧਰਮ ਪਰਿਵਰਤਨ 'ਚ ਇਸ ਸੰਪਰਦਾਇ ਦੀ ਪ੍ਰਗਤੀ

ਚੁਪਾਸਿਓਂ ਪ੍ਰਾਪਤ ਰਿਪੋਰਟਾਂ ਤੋਂ ਪ੍ਰਤੱਖ ਹੁੰਦਾ ਹੈ ਕਿ (ਗੁਰੂ) ਰਾਮ ਸਿੰਘ ਜੀ ਦੇ ਪੈਰੋਕਾਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਅੰਬਾਲਾ 'ਚ ਪੁਲਿਸ ਦੇ ਜ਼ਿਲ੍ਹਾ

ਸੁਪਰਇੰਟੈਂਡੈਂਟ ਕੈਪਟਨ ਹੈਰਿਸ ਨੇ ਇਹ ਗੱਲ ਨੋਟ ਕੀਤੀ ਹੈ ਕਿ 1866 ਤੋਂ ਪਹਿਲਾਂ ਜ਼ਿਲ੍ਹੇ 'ਚ ਬਹੁਤ ਘੱਟ ਕੂਕੇ ਸਨ ਪਰ ਇਸ ਨਵੇਂ ਸੰਪਰਦਾਇ ਦੇ ਸਿਧਾਂਤਾਂ 'ਤੇ ਅੰਬਾਲਾ ਤੇ ਲਾਡਵਾ ਪਰਗਨਿਆਂ ਦੇ ਲੋਕ ਬਹੁਤ ਭਰੋਸਾ ਕਰ ਰਹੇ ਹਨ; ਜਿੱਥੇ ਇਸ ਵੇਲੇ ਘੱਟੋ-ਘੱਟ 15 ਪਿੰਡ ਬਾਬਾ ਰਾਮ ਸਿੰਘ ਜੀ ਦੇ ਪੈਰੋਕਾਰ ਬਣ ਚੁੱਕੇ ਹਨ। ਇਨ੍ਹਾਂ ਪਿੰਡਾਂ ਦੀ ਆਬਾਦੀ 4,000 ਦੇ ਲਗਭਗ ਹੋਵੇਗੀ ਅਤੇ ਉਨ੍ਹਾਂ 'ਚ ਵਧੇਰੇ ਆਬਾਦੀ ਰਾਮਦਾਸੀਆਂ, ਤਰਖਾਣਾਂ, ਲੁਹਾਰਾਂ ਤੇ ਜੱਟਾਂ ਦੀ ਹੈ। ਸੁਧ ਸਿੰਘ ਤੇ ਕਾਹਨ ਸਿੰਘ ਆਮ ਤੌਰ 'ਤੇ ਅੰਬਾਲਾ ਲਈ ਸੂਬਾ ਨਿਯੁਕਤ ਕੀਤੇ ਜਾਪਦੇ ਹਨ ਪਰ ਕੈਪਟਨ ਹੈਰਿਸ ਨੇ ਲਿਖਿਆ ਸੀ ਕਿ (ਗੁਰੂ) ਰਾਮ ਸਿੰਘ ਜੀ ਨੇ ਇਸ ਸਥਾਨ ਲਈ ਕੋਈ ਵੀ ਪੱਕਾ ਲੈਫ਼ਟੀਨੈਂਟ ਨਿਯੁਕਤ ਨਹੀਂ ਕੀਤਾ ਸੀ। ਜ਼ਿਲ੍ਹੇ ਦੀਆਂ ਮੀਟਿੰਗਾਂ ਛੋਟੀਆਂ ਸਨ ਅਤੇ ਸ਼ਰਧਾਲੂਆਂ ਦੇ ਵਿਸ਼ਵਾਸੀ ਉਤਸ਼ਾਹ ਨੂੰ ਇਸ ਸੰਪਰਦਾਇ ਨਾਲ ਜੁੜੇ ਕੁਝ ਬੇਘਰੇ ਪੈਰੋਕਾਰਾਂ ਨੇ ਕਾਇਮ ਕਰ ਕੇ ਰੱਖਿਆ ਹੋਇਆ ਸੀ। ਪੁਲਿਸ 'ਚ ਵੀ ਸੱਤ ਕੂਕੇ ਸਨ। ਇਸ ਜ਼ਿਲ੍ਹੇ ਦੇ ਪ੍ਰਭਾਵਸ਼ਾਲੀ ਤੇ ਅਸਰ-ਰਸੂਖ਼ ਵਾਲੇ ਜਿਹੜੇ ਵਿਅਕਤੀਆਂ ਦੇ ਵਿਚਾਰ ਕੂਕਾ ਲਹਿਰ ਬਾਰੇ ਆਮ ਤੌਰ 'ਤੇ ਲਏ ਜਾਂਦੇ ਰਹੇ ਸਨ, ਉਨ੍ਹਾਂ ਦਾ ਇਹੋ ਵਿਚਾਰ ਸੀ ਕਿ ਇਸ ਸੰਪਰਦਾਇ ਦੇ ਉਦੇਸ਼ ਪੂਰੀ ਤਰ੍ਹਾਂ ਧਾਰਿਮਕ ਹਨ।

ਜਨਵਰੀ 1867 'ਚ ਕੈਪਟਨ ਵਾਲ ਨੇ ਆਪਣੀ ਰਿਪੋਰਟ 'ਚ ਲਿਖਿਆ ਕਿ ਉਨ੍ਹਾਂ ਕੋਲ ਅੰਮ੍ਰਿਤਸਰ ਜ਼ਿਲ੍ਹੇ ਦੇ ਰਾਜਾਸਾਂਸੀ ਦੇ ਵਾਸੀ ਤੇ ਕਿਸੇ ਵੇਲੇ ਬੇਹੱਦ ਤਾਕਤਵਰ ਰਹੇ ਸਿੰਧੀਆਵਾਲਾ ਪਰਿਵਾਰ ਦੇ ਮੁਖੀ ਸਰਦਾਰ ਸ਼ਮਸ਼ੇਰ ਸਿੰਘ ਦੀ ਇੱਕ ਗੱਲਬਾਤ ਦੀ ਅਫ਼ਵਾਹ ਪੁੱਜੀ ਹੈ। ਜਾਂਚ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਇਸ ਕਹਾਣੀ ਦਾ ਕੋਈ ਆਧਾਰ ਨਹੀਂ ਸੀ, ਭਾਵੇਂ ਅਜਿਹੀ ਸੰਭਾਵਨਾ ਹੈ ਕਿ (ਗੁਰੂ) ਰਾਮ ਸਿੰਘ ਜੀ ਨੇ ਇਸ ਸਰਦਾਰ ਨੂੰ ਆਪਣੇ ਸੰਪਰਦਾਇ 'ਚ ਮਿਲਾਉਣ ਦਾ ਪੂਰਾ ਜ਼ੋਰ ਲਾਇਆ ਪਰ ਉਸ ਨੇ ਇਹ ਆਖ ਕੇ ਸਾਫ਼ ਇਨਕਾਰ ਕਰ ਦਿੱਤਾ ਕਿ ਉਹ ਅਜਿਹੇ ਕਿਸੇ ਧਾਰਮਿਕ ਸਿਧਾਂਤ ਨਾਲ ਨਹੀਂ ਜੁੜ ਸਕਦੇ, ਜਿਸ ਵਿੱਚ ਮਾਸ ਤੇ ਸ਼ਰਾਬ ਦਾ ਤਿਆਗ ਕਰਨਾ ਹੋਵੇ।

ਇਸੇ ਤਰਾਂ ਹੀ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮੇਜਰ ਮਰਸਰ ਦੀ ਚਿੱਠੀ ਮਿਲੀ ਸੀ, ਜਿਸ ਵਿੱਚ ਉਨ੍ਹਾਂ ਆਪਣੀ ਜਾਂਚ ਦੇ ਨਤੀਜੇ ਦਿੰਦਿਆਂ ਆਪਣਾ ਵਿਚਾਰ ਪ੍ਰਗਟ ਕੀਤਾ ਸੀ ਕਿ ਕੂਕਾ ਅੰਦੋਲਨ ਪੂਰੀ ਤਰ੍ਹਾਂ ਧਾਰਮਿਕ ਸੀ।

ਫ਼ਰਵਰੀ 'ਚ ਕੈਪਟਨ ਬੈਲੀ ਨੇ ਇਹ ਤੱਥ ਧਿਆਨ ਗੋਚਰੇ ਲਿਆਂਦਾ ਕਿ ਉਨ੍ਹਾਂ ਨੂੰ ਪੱਕੀ ਜਾਣਕਾਰੀ ਮਿਲੀ ਹੈ ਕਿ ਕਾਬੁਲ ਦੇ ਅਬਦੁਲ ਰਜ਼ਾਕ ਨਾਂਅ ਦੇ ਇੱਕ ਬਹੁਤ ਮਹੱਤਵਪੂਰਨ ਵਿਅਕਤੀ ਨੇ ਆਪਣੇ ਦੋ ਪੁੱਤਰ ਇਸ ਮਿਸ਼ਨ ਲਈ ਭੈਣੀ ਵਿਖੇ ਭੇਜੇ ਹਨ, ਤੇ ਇਹ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੂੰ (ਗੁਰੂ) ਰਾਮ ਸਿੰਘ ਜੀ ਦੇ ਸਿਧਾਂਤ ਸਿੱਖਣ ਲਈ ਭੇਜਿਆ ਗਿਆ ਹੈ। ਉਨ੍ਹਾਂ ਦੀ ਇਸ ਯਾਤਰਾ ਦੇ ਸਪੱਸ਼ਟ ਵੇਰਵੇ ਨਹੀਂ ਮਿਲ ਸਕੇ ਪਰ ਇਹ ਜਾਣਕਾਰੀ ਆਪਣੇ-ਆਪ 'ਚ ਹੀ ਬਹੁਤ ਦਿਲਚਸਪ ਹੈ ਕਿ ਇੱਕ ਪਿੰਡ ਦੇ ਤਰਖਾਣ ਦੀ ਪ੍ਰਸਿੱਧੀ ਇੰਨੀ ਦੂਰ ਤੱਕ ਜਾ ਪੁੱਜੀ ਹੈ।

ਇਸ ਸਿਰਲੇਖ ਹੇਠ ਸ਼ਾਇਦ ਇਹ ਗੱਲ ਨੋਟ ਕੀਤੀ ਜਾ ਸਕਦੀ ਹੈ ਕਿ ਕੂਕੇ

ਆਮ ਹਿੰਦੂ ਤਿਉਹਾਰਾਂ ਦਾ ਆਦਰ ਕਰਦੇ ਜਾਪਦੇ ਹਨ। ਮਿਸਾਲ ਦੇ ਤੌਰ 'ਤੇ ਲਾਹੌਰ ਜ਼ਿਲ੍ਹੇ 'ਚ ਸ਼ੇਖਵਾਂ ਦੇ ਕੂਕਿਆਂ ਨੇ ਬਸੰਤ ਪੰਚਮੀ* ਮੌਕੇ ਹਿੰਦੂਆਂ ਦੇ ਇਕੱਠ ਵਿੱਚ ਜਸ਼ਨ ਮਨਾਏ ਸਨ।

ਇਸ ਸੰਪਰਦਾਇ ਦੇ ਸਿਧਾਂਤਾਂ ਬਾਰੇ ਪਿਛਲੇ ਪੈਂਫ਼ਲਿਟ 'ਚ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਸੀ ਪਰ ਸਾਡੀਆਂ ਸਰਹੱਦੀ ਰੈਜਿਮੈਂਟਸ ਦੇ ਇੱਕ ਸਥਾਨਕ ਅਧਿਕਾਰੀ ਤੋਂ ਲਏ ਨਿਮਨਲਿਖਤ ਵਿਚਾਰ ਇਸ ਸੰਪਰਦਾਇ ਬਾਰੇ ਕੋਈ ਅਨੁਮਾਨ ਲਾਉਣ ਦੇ ਮਾਮਲੇ 'ਚ ਲਾਹੇਵੰਦ ਹੋ ਸਕਦੇ ਹਨ।

ਉਹ ਸਾਰੇ ਹੀ ਇਸ ਸੰਪਰਦਾਇ ਦੇ ਸਿਧਾਂਤਾਂ ਦਾ ਡਾਢਾ ਆਦਰ ਕਰਦੇ ਹਨ ਤੇ ਸਹਿਮਤ ਹਨ ਕਿ ਇਹ ਸਿੱਖ ਧਰਮ ਦੀ ਅਸਲ ਸ਼ੁੱਧਤਾ ਬਹਾਲ ਕਰਨ ਤੇ ਬਾਅਦ 'ਚ ਜੁੜੀਆਂ ਕੁਰਹਿਤਾਂ ਨੂੰ ਲਾਂਭੇ ਕਰਨ ਦੀ ਇੱਕ ਕੋਸ਼ਿਸ਼ ਹੈ; ਜਿਵੇਂ ਕਿ ਵਿਆਹ ਦਾ ਸ਼ੁਭ ਮਹੂਰਤ ਕਢਵਾਉਣ ਲਈ ਪੰਡਿਤ ਦੀ ਸਲਾਹ ਲੈਣ ਆਦਿ ਦਾ ਵਿਰੋਧ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਈਸ਼ਵਰ ਇੱਕ ਹੈ ਤੇ ਉਸ ਨੂੰ ਕਿਸੇ ਨੇ ਬਣਾਇਆ ਨਹੀਂ ਤੇ ਨਾ ਹੀ ਉਹ ਪੈਦਾ ਹੋਇਆ ਹੈ, ਸਗੋਂ ਉਸ ਦੀ ਆਪਣੀ ਖ਼ੁਦ ਦੀ ਹੋਂਦ ਹੈ ਤੇ ਇਹ ਸਭ ਕਰੋੜਾਂ ਦੇਵੀ-ਦੇਵਤਿਆਂ ਦੀ ਹਿੰਦੂ ਧਾਰਨਾ ਦੇ ਉਲਟ ਹੈ। ਉਹ ਨੈਤਿਕਤਾ ਦੇ ਮਾਮਲੇ 'ਚ ਬੜੇ ਪੱਕੇ ਹਨ ਅਤੇ ਉਹ ਝੂਠ ਬੋਲਣ, ਚੋਰੀ ਕਰਨ ਤੇ ਵਿਭਚਾਰ ਦੀ ਸਖ਼ਤ ਨਿਖੇਧੀ ਕਰਦੇ ਹਨ ਅਤੇ ਸਿੱਖ ਧਰਮ ਨੂੰ ਉਸ ਦੇ ਅਸਲ ਤੇ ਸ਼ੁੱਧ ਰੂਪ ਵਿੱਚ ਲਾਗੂ ਕਰਨ ਅਤੇ ਇਸ ਨੂੰ ਅਪਵਿੱਤਰ ਬਣਾਉਣ ਵਾਲੀਆਂ ਸਮੇਂ-ਸਮੇਂ 'ਤੇ ਦਾਖ਼ਲ ਹੋ ਚੁੱਕੀਆਂ ਗ਼ਲਤ ਰਿਵਾਇਤਾਂ ਦਾ ਮੁਕੰਮਲ ਖ਼ਾਤਮਾ ਕਰਨ ਨੂੰ ਲੈ ਕੇ ਫ਼ਿਕਰਮੰਦ ਹਨ। ਮੈਂ ਕੂਕਾ ਲਹਿਰ ਦੇ ਸਿਆਸੀ ਮਹੱਤਵ ਬਾਰੇ ਜਿਨ੍ਹਾਂ ਨਾਲ ਵੀ ਗੱਲ ਕੀਤੀ, ਉਹ ਸਾਰੇ ਇਸ ਗੱਲ 'ਤੇ ਹੱਸੇ ਹਨ ਕਿ ਇਸ ਲਹਿਰ ਦਾ ਕੋਈ ਸਿਆਸੀ ਮਹੱਤਵ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੂਕਿਆਂ ਸਮੇਤ ਸਾਰੇ ਹੀ ਸਿੱਖ ਇਸ ਗੱਲ 'ਤੇ ਖ਼ੁਸ਼ ਹੋਣਗੇ, ਜਦੋਂ ਉਨ੍ਹਾਂ ਦਾ ਆਪਣਾ ਖ਼ੁਦ ਦਾ ਰਾਜ ਸਥਾਪਤ ਹੋਵੇਗਾ ਪਰ ਮੈਨੂੰ ਨਹੀਂ ਲੱਗਦਾ ਕਿ ਇਸ ਸੰਪਰਦਾਇ ਦੇ ਪਾਸਾਰ ਤੋਂ ਕਿਸੇ ਖ਼ਤਰੇ ਦਾ ਖ਼ਦਸ਼ਾ ਰੱਖਣਾ ਚਾਹੀਦਾ ਹੈ, ਇਸ ਤੱਥ ਤੋਂ ਤਾਂ ਸਾਰੇ ਹੀ ਵਾਕਫ਼ ਹਨ ਕਿ ਕਿਸੇ ਵੀ ਧਰਮ ਦਾ ਬਹੁਤ ਜ਼ਿਆਦਾ ਧਾਰਮਿਕ ਜਾਂ ਕੱਟੜ ਵਿਅਕਤੀ ਕਦੇ ਵੀ ਕੋਈ ਨਾ ਕੋਈ ਗੜਬੜ ਕਰ ਸਕਦਾ ਹੈ ਅਤੇ ਧਾਰਮਿਕ ਮਾਮਲੇ 'ਚ ਕੁਝ ਲਾਪਰਵਾਹ ਲੋਕਾਂ ਦੇ ਮੁਕਾਬਲੇ ਅਜਿਹੇ ਲੋਕ ਇਸ ਮਾਮਲੇ 'ਚ ਕਾਫ਼ੀ ਅਗਾਂਹ ਹੁੰਦੇ ਹਨ। ਇਸ ਦੇ ਸਬੂਤ ਵਜੋਂ ਮੈਂ ਇਸ ਸੰਪਰਦਾਇ ਦੇ ਪੈਰੋਕਾਰਾਂ ਦੇ ਜਨੂੰਨ ਦਾ ਵਰਨਣ ਕਰ ਸਕਦਾ ਹਾਂ ਅਤੇ ਮੈਂ ਜਿੰਨੇ ਵੀ ਸਿੱਖਾਂ ਨਾਲ ਇਸ ਵਿਸ਼ੇ 'ਤੇ ਗੱਲ ਕੀਤੀ, ਉਨ੍ਹਾਂ ਸਾਰਿਆਂ ਨੇ ਹੀ ਬਹੁਤ ਜ਼ਿਆਦਾ ਮਾਨਸਿਕ ਉਤੇਜਨਾ ਵਿਖਾਈ। ਮੇਰਾ ਮੰਨਣਾ ਹੈ ਕਿ ਇਹ ਸੰਪਰਦਾਇ ਆਪਣੀਆਂ ਹੱਦਾਂ-ਬੰਨੇ ਬੜੀ ਤੇਜ਼ੀ ਨਾਲ ਵਧਾਉਂਦਾ ਜਾ ਰਿਹਾ ਹੈ; ਪਰ ਹਾਲੇ ਤੱਕ ਸਤਲੁਜ ਪਾਰ

---

* ਬਸੰਤ ਪੰਚਮੀ ਦਾ ਮੇਲਾ ਫ਼ਰਵਰੀ ਮਹੀਨੇ 'ਚ ਮੌਸਮ ਦੀ ਤਬਦੀਲੀ ਦਾ ਜਸ਼ਨ ਮਨਾਉਣ ਲਈ ਲੱਗਦਾ ਹੈ ਅਤੇ ਇਸ ਗੱਲ ਦੀ ਖ਼ੁਸ਼ੀ ਮਨਾਈ ਜਾਂਦੀ ਹੈ ਕਿ ਹੁਣ ਘਰੋਂ ਬਾਹਰ ਜਾ ਕੇ ਆਨੰਦ ਮਨਾਉਣ ਦਾ ਵੇਲਾ ਆ ਗਿਆ ਹੈ। (ਸੀ.ਪੀ.ਓ.)

ਦੇ ਰਾਜਾਂ 'ਚ ਇਸ ਦਾ ਕੋਈ ਵੱਡਾ ਆਗੂ ਸਾਹਮਣੇ ਨਹੀਂ ਆਇਆ। ਮੈਨੂੰ ਆਮ ਲੋਕਾਂ 'ਚ ਵਿਚਰਦੇ ਸਮੇਂ ਇਸ ਗੱਲ ਵਿੱਚ ਸੱਚਾਈ ਲੱਗਦੀ ਹੈ ਕਿ ਉਨ੍ਹਾਂ ਸੂਬਿਆਂ ਦੇ 220 ਸਿੱਖਾਂ ਵਿੱਚੋਂ ਮਸਾਂ ਕਿਤੇ ਕੋਈ ਇੱਕ ਕੂਕਾ ਮਿਲਦਾ ਹੈ। ਅਜਿਹਾ ਇਸ ਕਰਕੇ ਹੋ ਸਕਦਾ ਹੈ ਕਿਉਂਕਿ ਇਸ ਸੰਪਰਦਾਇ 'ਚ ਬਹੁ-ਗਿਣਤੀ ਨੀਵੀਂਆਂ ਜਾਤਾਂ* ਦੇ ਲੋਕਾਂ ਦੀ ਸ਼ਾਮਲ ਹੋਈ ਹੈ, ਖ਼ਾਸ ਕਰਕੇ ਉਹ ਜਾਤਾਂ ਜਿਨ੍ਹਾਂ 'ਚੋਂ ਅਸੀਂ ਸਰਕਾਰੀ ਭਰਤੀ ਵੀ ਨਹੀਂ ਕਰਦੇ; ਪਰ ਫਿਰ ਵੀ ਮੈਨੂੰ ਲੱਗਦਾ ਹੈ ਕਿ ਇਸ ਤੋਂ ਇਹ ਗੱਲ ਤਾਂ ਸਿੱਧ ਹੋ ਹੀ ਜਾਂਦੀ ਹੈ ਕਿ ਇਹ ਕੋਈ ਹਰਮਨਪਿਆਰੀ ਲਹਿਰ ਨਹੀਂ ਹੈ ਪਰ ਸਾਡੇ ਸਾਰੇ ਹੀ ਸਿੱਖ ਇਸ ਗੱਲ 'ਤੇ ਵੀ ਸਹਿਮਤ ਹਨ ਕਿ ਇਸ ਅੰਦੋਲਨ ਦੇ ਸਿਧਾਂਤ ਸ਼ਾਨਦਾਰ ਹਨ ਤੇ ਸਿੱਖ ਧਰਮ ਦੀ ਪੂਰਨ ਰਹਿਤ-ਮਰਿਆਦਾ ਅਨੁਸਾਰ ਹਨ। ਮੈਂ ਅਕਸਰ ਸਿੱਖਾਂ ਨੂੰ ਪੁੱਛਿਆ ਹੈ ਕਿ ਇਹ ਕਿਵੇਂ ਸੰਭਵ ਹੈ ਕਿ ਉਹ ਤਾਂ ਸਿਰਫ਼ ਇੱਕੋ ਈਸ਼ਵਰ 'ਚ ਵਿਸ਼ਵਾਸ ਰੱਖਦੇ ਹਨ ਪਰ ਫਿਰ ਵੀ ਉਹ ਉਨ੍ਹਾਂ ਬ੍ਰਾਹਮਣਾਂ ਦੀ ਗੱਲ ਵੀ ਸੁਣ ਲੈਂਦੇ ਹਨ ਜੋ ਬਹੁਤ ਸਾਰੇ ਦੇਵੀ-ਦੇਵਤਿਆਂ ਨੂੰ ਮੰਨਦੇ ਹਨ; ਤਾਂ ਉਨ੍ਹਾਂ 'ਚੋਂ ਹਰੇਕ ਜਾਤੀ ਨਾਲ ਸੰਬੰਧਤ ਸਿੱਖ ਦਾ ਇਹੋ ਜਵਾਬ ਹੁੰਦਾ ਹੈ ਕਿ- ''ਉਹ ਉਨ੍ਹਾਂ 'ਚ ਕੋਈ ਵਿਸ਼ਵਾਸ ਨਹੀਂ ਕਰਦੇ ਪਰ ਉਨ੍ਹਾਂ ਦੀਆਂ ਔਰਤਾਂ ਕਰਦੀਆਂ ਹਨ ਤੇ ਉਹ ਸਿਰਫ਼ ਉਨ੍ਹਾਂ ਨੂੰ ਖ਼ੁਸ਼ ਕਰਨ ਲਈ ਬ੍ਰਾਹਮਣਾਂ ਦੀ ਗੱਲ ਸੁਣ ਲੈਂਦੇ ਹਨ।''

ਗੁਜਰਾਂਵਾਲਾ, ਸਿਆਲਕੋਟ ਤੇ ਲਾਹੌਰ ਤੋਂ ਅਜਿਹੀਆਂ ਕਈ ਰਿਪੋਰਟਾਂ ਮਿਲੀਆਂ ਹਨ ਕਿ ਬਾਬਾ ਰਾਮ ਸਿੰਘ ਜੀ ਦੇ ਸਿਧਾਂਤ ਫੈਲਦੇ ਜਾ ਰਹੇ ਹਨ।

ਅੰਬਾਲਾ ਸਰਕਲ ਪੁਲਿਸ ਦੇ ਇੰਸਪੈਕਟਰ ਜਨਰਲ ਮੇਜਰ ਬਾਮਫ਼ੀਲਡ ਨੇ ਨੋਟ ਕੀਤਾ ਹੈ ਕਿ ਇਸ ਸੰਪਰਦਾਇ ਦੇ ਸ਼ੁਰੂਆਤ ਦੇ ਵਰ੍ਹਿਆਂ ਦੌਰਾਨ ਬਾਬਾ ਰਾਮ ਸਿੰਘ ਜੀ ਦੇ ਪੈਰੋਕਾਰਾਂ 'ਚ ਨੈਤਿਕਤਾ ਦੀ ਸਖ਼ਤੀ ਨਾਲ ਪਾਲਣਾ ਲਈ ਜਿੰਨਾ ਉਤਸ਼ਾਹ ਪਾਇਆ ਜਾਂਦਾ ਸੀ, ਹੁਣ ਉਸ ਵਿੱਚ ਹੌਲੀ-ਹੌਲੀ ਕਮੀ ਆਉਂਦੀ ਜਾ ਰਹੀ ਹੈ। ਉਨ੍ਹਾਂ ਵੇਖਿਆ ਹੈ ਕਿ ਨਵੇਂ ਕੂਕੇ ਬਣਨ ਵਾਲੇ ਚੋਰੀਆਂ ਵੀ ਕਰਦੇ ਹਨ ਤੇ ਉਨ੍ਹਾਂ 'ਚ ਹੋਰ ਵੀ ਕਈ ਖੋਟ ਹੁੰਦੇ ਹਨ ਪਰ ਉਨ੍ਹਾਂ ਨੂੰ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ ਤੇ ਉਨ੍ਹਾਂ ਨੂੰ ਉਸ ਤਰ੍ਹਾਂ ਸੰਪਰਦਾਇ 'ਚੋਂ ਛੇਕਿਆ ਵੀ ਨਹੀਂ ਜਾਂਦਾ ਜਿਵੇਂ ਕਿ ਕੁਝ ਸਮਾਂ ਪਹਿਲਾ ਕੀਤਾ ਜਾਂਦਾ ਸੀ। ਇਸੇ ਗੱਲ ਤੋਂ ਉਨ੍ਹਾਂ ਦਾ ਮੰਨਣਾ ਹੈ ਕਿ ਬਾਬਾ ਰਾਮ ਸਿੰਘ ਜੀ ਹੁਣ ਆਪਣੇ ਪੈਰੋਕਾਰਾਂ ਦੀ ਗਿਣਤੀ ਵਧਾਉਣ ਬਾਰੇ ਹੀ ਸੋਚਦੇ ਹਨ ਤੇ ਉਨ੍ਹਾਂ 'ਚ ਕੋਈ ਸੁਧਾਰ ਦੀ ਗੱਲ ਪਿੱਛੇ ਪੈ ਗਈ ਹੈ। ਇਹ ਦੱਸਿਆ ਜਾਂਦਾ ਹੈ ਕਿ ਦਰਅਸਲ ਇਸ ਸੰਪਰਦਾਇ ਦੀ ਜਿਹੜੀ ਗੱਲ ਆਮ ਲੋਕਾਂ ਨੂੰ ਵੱਧ ਖਿੱਚਦੀ ਹੈ, ਉਹ ਇਹੋ ਹੈ ਕਿ ਵਿਆਹਾਂ ਮੌਕੇ ਖ਼ਰਚੇ ਘੱਟ ਹੁੰਦੇ ਹਨ ਤੇ ਬ੍ਰਾਹਮਣਾਂ ਦੀਆਂ ਮਨਮਰਜ਼ੀਆਂ ਤੇ ਤਕਾਜ਼ਿਆਂ ਤੋਂ ਬਚਾਅ ਰਹਿੰਦਾ ਹੈ।

ਮੇਜਰ ਬਾਮਫ਼ੀਲਡ ਦੀ ਵਿਸਤ੍ਰਿਤ ਰਿਪੋਰਟ 'ਚੋਂ ਸਿਰਫ਼ ਸੰਖੇਪ ਕਰ ਕੇ

---

* ਹਰ ਸੰਭਵ ਹੱਦ ਤੱਕ ਇਹੋ ਸਹੀ ਕਾਰਣ ਹੈ ਕਿਉਂਕਿ ਜਲੰਧਰ ਤੇ ਹੁਸ਼ਿਆਰਪੁਰ ਕੂਕਿਆਂ ਨਾਲ ਭਰੇ ਹੋਏ ਹਨ। ਧਾਰਮਿਕ ਸੁਧਾਰ ਆਮ ਤੌਰ 'ਤੇ ਗ਼ਰੀਬਾਂ 'ਚ ਹੀ ਸ਼ੁਰੂ ਹੁੰਦੇ ਹਨ (ਸੀਪੀਓ)

ਉਪਰੋਕਤ ਪੈਰਾ ਹੀ ਸਰਕਾਰ ਸਾਹਵੇਂ ਪੇਸ਼ ਕੀਤਾ ਗਿਆ ਸੀ। ਇਹ ਸਮਝਿਆ ਗਿਆ ਸੀ ਕਿ (ਗੁਰੂ) ਰਾਮ ਸਿੰਘ ਜੀ ਦੀਆਂ ਗਤੀਵਿਧੀਆਂ 'ਚ ਦਖ਼ਲ ਦੇਣ ਦਾ ਕੋਈ ਕਾਰਣ ਵਿਖਾਈ ਨਹੀਂ ਦਿੰਦਾ ਤੇ ਜੇ ਕੋਈ ਨੌਜਵਾਨ ਨਵੇਂ ਕੂਕੇ ਬਣ ਕੇ ਕੋਈ ਗ਼ਲਤੀਆਂ ਕਰਦੇ ਹਨ, ਤਾਂ ਇਸ ਲਈ ਉਨ੍ਹਾਂ ਦੇ ਮੁਖੀ ਨੂੰ ਗ਼ਲਤ ਨਹੀਂ ਠਹਿਰਾਇਆ ਜਾ ਸਕਦਾ।

ਕੂਕਿਆਂ ਨੇ ਹਾਲੇ ਪਿੱਛੇ ਜਿਹੇ ਹੀ ਲਾਹੌਰ ਦੇ ਸਿਵਲ ਸਟੇਸ਼ਨ 'ਚ ਮਿਲਣ ਤੇ ਅਰਦਾਸ ਕਰਨ ਲਈ ਇੱਕ ਜਗ੍ਹਾ ਤੈਅ ਕੀਤੀ ਹੈ।

ਪਿਛਲੇ ਸਾਲਾਂ ਦੌਰਾਨ (ਗੁਰੂ) ਰਾਮ ਸਿੰਘ ਜੀ ਦੀਆਂ ਗਤੀਵਿਧੀਆਂ 'ਤੇ ਲਾਈਆਂ ਪਾਬੰਦੀਆਂ ਵਾਪਸ ਲੈ ਲਈਆਂ ਗਈਆਂ ਹਨ ਤੇ ਹੁਣ ਉਹ ਆਪਣੀ ਮਰਜ਼ੀ ਨਾਲ ਜਿੱਥੇ ਮਰਜ਼ੀ ਆ ਤੇ ਜਾ ਸਕਦੇ ਹਨ। ਮੀਟਿੰਗਾਂ ਦੇ ਸਿਰਲੇਖ ਅਧੀਨ ਇਹੋ ਦਰਸਾਇਆ ਜਾਵੇਗਾ ਕਿ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਦਾ ਆਚਾਰ-ਵਿਹਾਰ ਪੂਰੀ ਤਰ੍ਹਾਂ ਠੀਕ ਰਿਹਾ ਹੈ ਤੇ (ਗੁਰੂ) ਜੀ ਦੀਆਂ ਸਰਗਰਮੀਆਂ ਨੇ ਉਨ੍ਹਾਂ ਦੀ ਉੱਚਤਾ ਤੇ ਸੁੱਚਤਾ ਨੂੰ ਸਿੱਧ ਕੀਤਾ ਹੈ। ਇਸ ਸੁਆਲ ਦੇ ਜੁਆਬ 'ਚ ਹਾਲੇ ਸ਼ੰਕੇ ਹੀ ਹਨ ਕਿ (ਗੁਰੂ) ਰਾਮ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਕੀ ਇਹ ਸੰਪਰਦਾਇ ਆਪਣੇ ਮੌਜੂਦਾ ਧਾਰਮਿਕ ਚਰਿੱਤਰ ਨੂੰ ਕਾਇਮ ਰੱਖ ਸਕੇਗਾ ਜਾਂ ਨਹੀਂ।

ਗੁਜਰਾਂਵਾਲਾ ਜ਼ਿਲ੍ਹੇ ਦੇ ਇੰਸਪੈਕਟਰ ਫ਼ਜ਼ਲ ਕਾਦਿਰ ਦੀ ਰਿਪੋਰਟ ਅਨੁਸਾਰ ਬਹੁਤ ਸਾਰੇ ਕੂਕਿਆਂ ਕੋਲ ਹਥਿਆਰ ਹਨ ਤੇ ਉਹ ਸਰਕਾਰ ਵਿਰੁੱਧ ਬਗ਼ਾਵਤ ਲਈ ਤਿਆਰ ਹਨ ਪਰ ਉਸ ਦਾ ਇਹ ਦੋਸ਼ ਸਿੱਧ ਨਹੀਂ ਹੋ ਸਕਿਆ। ਲਾਹੌਰ ਤੋਂ ਪ੍ਰਕਾਸ਼ਿਤ ਹੋਣ ਵਾਲੇ ਇੱਕ ਸਥਾਨਕ ਅਖ਼ਬਾਰ 'ਕੋਹਿਨੂਰ' ਦੀ ਇੱਕ ਖ਼ਬਰ ਵਿੱਚ ਵੀ ਇਹੋ ਕੁਝ ਦਰਸਾਇਆ ਗਿਆ ਸੀ ਪਰ ਇਸ ਦੇ ਨਾਲ ਹੀ ਉਸੇ ਰਿਪੋਰਟ 'ਚ ਇਸ ਸੰਪਰਦਾਇ ਦੀ ਨਿਸ਼ਕਾਮਤਾ ਤੇ ਪ੍ਰਾਹੁਣਚਾਰਤਾ ਦੀ ਸ਼ਲਾਘਾ ਵੀ ਕੀਤੀ ਗਈ ਸੀ।

ਅਕਤੂਬਰ 'ਚ, ਦੀਵਾਲੀ ਮੇਲੇ ਤੋਂ ਥੋੜ੍ਹਾ ਪਹਿਲਾਂ ਅੰਮ੍ਰਿਤਸਰ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਕੈਪਟਨ ਮੈਂਜ਼ੀਸ ਨੇ ਇੱਕ ਸਿਪਾਹੀ ਨੂੰ ਅੰਮ੍ਰਿਤਸਰ ਆਉਣ ਵਾਲੇ ਕੂਕਿਆਂ ਦੀ ਸਹੀ ਗਿਣਤੀ ਦਾ ਪਤਾ ਲਾਉਣ ਲਈ ਭੈਣੀ (ਸਾਹਿਬ) ਭੇਜਿਆ ਸੀ ਤੇ ਨਾਲ ਹੀ ਉਸ ਨੂੰ ਕੂਕਿਆਂ ਦੀਆਂ ਸੰਭਾਵੀ ਗਤੀਵਿਧੀਆਂ ਨਾਲ ਸੰਬੰਧਤ ਜਾਣਕਾਰੀ ਦਾ ਪਤਾ ਲਾਉਣ ਵਾਸਤੇ ਵੀ ਕਿਹਾ ਗਿਆ ਸੀ। ਇਸ ਵਿਸ਼ੇ ਦੀ ਇਸ ਵੰਡ ਅਧੀਨ ਮੁੱਖ ਬਿਆਨ ਨੂੰ ਆਸਾਨੀ ਨਾਲ ਲਿਆ ਜਾ ਸਕਦਾ ਹੈ। ਦੁਸਹਿਰਾ ਮੌਕੇ ਭੈਣੀ ਵਿਖੇ ਬਾਬਾ ਰਾਮ ਸਿੰਘ ਜੀ ਦੇ 3,000 ਦੇ ਲਗਭਗ ਸ਼ਰਧਾਲੂ ਇਕੱਠੇ ਹੋਏ ਸਨ; ਜਿਨ੍ਹਾਂ 'ਚ ਹੇਠ ਲਿਖੇ ਸੂਬੇ ਸ਼ਾਮਲ ਸਨ:-

ਕਾਹਨ ਸਿੰਘ ਵਾਸੀ ਹੁਸ਼ਿਆਰਪੁਰ; ਲੱਖਾ ਸਿੰਘ, ਸੱਦਾ ਸਿੰਘ, ਨੱਥਾ ਸਿੰਘ, ਸਾਹਿਬ ਸਿੰਘ, ਜਵਾਹਰ ਸਿੰਘ, ਖ਼ਜ਼ਾਨ ਸਿੰਘ, ਵਜ਼ੀਰ ਸਿੰਘ ਤੇ ਨਾਰਾਇਣ ਸਿੰਘ ਵਾਸੀ ਅੰਮ੍ਰਿਤਸਰ। ਜਦੋਂ ਮੈਂ ਭੈਣੀ ਪੁੱਜਾ ਤਾਂ ਪਾਇਆ ਕਿ ਪਟਿਆਲਾ ਦੇ ਸਰਦਾਰ

ਮੰਗਲ ਸਿੰਘ (ਪੰਜ ਘੁੜਸਵਾਰਾਂ ਨਾਲ) ਵੀ (ਗੁਰੂ) ਰਾਮ ਸਿੰਘ ਜੀ ਨੂੰ ਨਮਨ ਕਰਨ ਲਈ ਪੁੱਜੇ ਹੋਏ ਸਨ। ਸਰਦਾਰ ਨੇ (ਗੁਰੂ) ਰਾਮ ਸਿੰਘ ਜੀ ਨੂੰ ਦੱਸਿਆ ਕਿ ਉਨ੍ਹਾਂ ਦਾ ਤਬਾਦਲਾ ਧੌਲਪੁਰ ਦਾ ਹੋ ਗਿਆ ਹੈ ਤੇ ਉਹ ਉਨ੍ਹਾਂ ਨੂੰ ਪ੍ਰਤੀ ਮਹੀਨਾ 200 ਰੁਪਏ ਭੇਜਿਆ ਕਰਨਗੇ।

(ਗੁਰੂ) ਰਾਮ ਸਿੰਘ ਜੀ ਨੇ ਕਿਹਾ ਕਿ ਉਨ੍ਹਾਂ ਅਨੰਦਪੁਰ ਸਾਹਿਬ ਦੇ ਪੁਜਾਰੀਆਂ ਨੂੰ ਇੱਕ ਚਿੱਠੀ ਲਿਖ ਕੇ ਡਾਢਾ ਇਤਰਾਜ਼ ਪ੍ਰਗਟਾਇਆ ਸੀ ਕਿਉਂਕਿ ਉਨ੍ਹਾਂ ਨੇ ਗੁਰੂ ਜੀ ਨੂੰ ਗੁਰੂਘਰ ਦੇ ਦਰਸ਼ਨ ਕਰਨ ਤੋਂ ਰੋਕਿਆ ਸੀ, ਜਦੋਂ ਉਹ ਉੱਥੇ ਗਏ ਸਨ; ਜਦ ਕਿ ਮਾਸ ਤੇ ਸ਼ਰਾਬ ਦਾ ਸੇਵਨ ਕਰਨ ਵਾਲਿਆਂ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ ਤੇ ਉਨ੍ਹਾਂ ਨੂੰ ਸਜ਼ਾ ਦੇਣ ਦੀ ਧਮਕੀ ਦਿੱਤੀ ਸੀ ਕਿਉਂਕਿ ਉਨ੍ਹਾਂ ਗੁਰੂ ਜੀ ਨੂੰ ਲਿਖੀ ਚਿੱਠੀ ਵਿੱਚ ਜਿਨ੍ਹਾਂ ਦਾ ਨਾਮ ਸੂਚੀ ਵਿੱਚ ਸ਼ਾਮਲ ਕੀਤਾ ਸੀ। ਪੁਜਾਰੀਆਂ ਨੂੰ ਭੇਜਿਆ ਇਹ ਸੰਦੇਸ਼ ਅਧਿਕਾਰੀਆਂ ਨੇ ਰਾਹ 'ਚ ਹੀ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ। ਇਹ ਸੁਣ ਕੇ ਸਰਦਾਰ ਨੇ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਸਰਕਾਰ (ਗੁਰੂ) ਰਾਮ ਸਿੰਘ ਜੀ 'ਤੇ ਕੋਈ ਦਬਾਅ ਨਹੀਂ ਪਾਵੇਗੀ। (ਗੁਰੂ) ਰਾਮ ਸਿੰਘ ਜੀ ਨੇ ਜਵਾਬ ਦਿੱਤਾ ਕਿ ਸਤੰਬਰ 1919 (1863 ਈ.) 'ਚ ਉਨ੍ਹਾਂ ਵਿਰੁੱਧ ਜ਼ਬਰਦਸਤੀ ਤਾਕਤ ਦੀ ਵਰਤੋਂ ਕੀਤੀ ਗਈ ਸੀ ਪਰ ਬਦਲੇ 'ਚ ਉਨ੍ਹਾਂ ਨੇ ਉਨ੍ਹਾਂ ਦੇ ਸਮੁੰਦਰੀ ਬੇੜੇ ਚੱਕਰਵਾਤੀ ਤੂਫ਼ਾਨ 'ਚ ਡੋਬ ਦਿੱਤੇ ਸਨ ਤੇ ਉਨ੍ਹਾਂ ਦੇ ਗਵਰਨਰ-ਜਨਰਲ ਦੀ ਮੌਤ ਹੋ ਗਈ ਸੀ। ਉਨ੍ਹਾਂ ਇਹ ਵੀ ਕਿਹਾ ਕਿ 'ਜੇ ਉਹ ਹੁਣ ਉਨ੍ਹਾਂ ਨੂੰ ਤੰਗ ਕਰਨਗੇ, ਤਾਂ ਉਨ੍ਹਾਂ ਦੇ ਸਾਰੇ ਘਰ ਸਾੜ ਕੇ ਸੁਆਹ ਕਰ ਦਿੱਤੇ ਜਾਣਗੇ। ਸਤਿਗੁਰੂ ਰੂਸੀਆਂ (ਰੂਸ) ਨੂੰ ਇਸ ਪਾਸੇ ਲਿਆ ਰਹੇ ਹਨ। ਰੂਸੀ ਆਪਣੀ ਮਰਜ਼ੀ ਨਾਲ ਨਹੀਂ ਆ ਰਹੇ।' ਅੰਬਾਲਾ ਪੁਲਿਸ ਦਾ ਇੱਕ ਕਾਂਸਟੇਬਲ ਕਾਹਨ ਸਿੰਘ ਤਦ ਆਇਆ ਤੇ (ਗੁਰੂ) ਰਾਮ ਸਿੰਘ ਜੀ ਨੂੰ ਦੱਸਿਆ ਕਿ ਇੱਕ ਕੂਕਾ ਹਰਨਾਮ ਸਿੰਘ ਤੇ ਪਰਾਗਦਾਸ ਨਾਂਅ ਦਾ ਇੱਕ ਵਿਅਕਤੀ ਕਿਤੇ ਭੱਜੇ ਨਹੀਂ ਸਨ, ਸਗੋਂ ਅੰਬਾਲਾ 'ਚ ਦੋਸ਼ੀ ਠਹਿਰਾਏ ਗਏ ਸਨ ਤੇ ਉਨ੍ਹਾਂ ਨੂੰ ਦੇਸ਼-ਨਿਕਾਲੇ ਦੀ ਸਜ਼ਾ ਦਿੱਤੀ ਗਈ ਹੈ। ਉਹ ਲੁਧਿਆਣਾ 'ਚ ਹੋਰ ਕੈਦੀਆਂ ਨਾਲ ਗਏ ਸਨ ਤੇ ਉਨ੍ਹਾਂ ਦੇ ਦੁੱਖ ਘਟਾਉਣ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਕੁਝ ਹੋਰਨਾਂ ਲੋਕਾਂ ਨੇ ਉਨ੍ਹਾਂ ਨੂੰ ਤੰਗ ਕੀਤਾ ਸੀ। ਕਾਹਨ ਸਿੰਘ ਨੇ ਇਹ ਵੀ ਦੱਸਿਆ ਕਿ ਉਸ ਨੂੰ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਕੋਲੋਂ ਇੱਕ ਤਮਗ਼ਾ ਮਿਲਿਆ ਸੀ, ਜਿਸ ਬਾਰੇ ਉਸ ਨੂੰ ਹੁਕਮ ਦਿੱਤਾ ਸੀ ਕਿ ਉਹ ਇਸ ਨੂੰ ਆਪਣੇ ਗਲ਼ੇ 'ਚ ਲਟਕਾ ਕੇ ਘੁੰਮੇ ਪਰ ਉਹ ਅਜਿਹਾ ਨਹੀਂ ਕਰਨਾ ਚਾਹੁੰਦਾ ਸੀ। (ਗੁਰੂ) ਰਾਮ ਸਿੰਘ ਜੀ ਨੇ ਜਵਾਬ ਦਿੱਤਾ,'ਜਦੋਂ ਉਹ ਇੱਥੇ ਹੋਣ, ਤਾਂ ਇਹ ਤਮਗ਼ਾ ਪਹਿਨ ਲਿਆ ਕਰ ਤੇ ਜਦੋਂ ਉਹ ਚਲੇ ਜਾਣ ਤਾਂ ਉਤਾਰ ਦਿਆ ਕਰ। ਭਾਵੇ ਂ ਕਿ ਅਸੀਂ ਤਰਖਾਣ ਅਖਵਾਉਂਦੇ ਹਾਂ ਪਰ ਅਸੀਂ ਹੀ ਸਭ ਤੋਂ ਉੱਤੇ ਹੋਵਾਂਗੇ।' ਕਾਹਨ ਸਿੰਘ ਨੇ ਸਦਾ (ਗੁਰੂ) ਰਾਮ ਸਿੰਘ ਜੀ ਦੇ ਨਾਲ ਰਹਿਣ ਦੀ ਇੱਛਾ ਪ੍ਰਗਟਾਈ ਸੀ, ਤਦ (ਗੁਰੂ) ਜੀ ਨੇ ਉਸ ਨੂੰ ਆਖਿਆ ਸੀ ਕਿ ਜਾਹ ਪਹਿਲਾਂ ਨੌਕਰੀ ਤੋਂ ਅਸਤੀਫ਼ਾ ਦੇ ਕੇ ਆ। (ਗੁਰੂ) ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਦੀਵਾਲੀ

ਮੌਕੇ ਅੰਮ੍ਰਿਤਸਰ 'ਚ ਇਕੱਠੇ ਹੋਣ ਦਾ ਹੁਕਮ ਦਿੱਤਾ ਸੀ ਤੇ ਉੱਥੇ 15,000 ਦੇ ਲਗਭਗ ਸ਼ਰਧਾਲੂਆਂ ਦੇ ਪੁੱਜਣ ਦੀ ਆਸ ਸੀ।

ਹੁਣ ਇੱਕ ਅਜਿਹੀ ਰਿਪੋਰਟ ਆ ਰਹੀ ਹੈ ਕਿ (ਗੁਰੂ) ਰਾਮ ਸਿੰਘ ਜੀ ਖ਼ੁਦ ਨੂੰ ਉਹ ਨਵਾਂ ਅਵਤਾਰ ਦੱਸ ਰਹੇ ਹਨ, ਜਿਵੇਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਵਿਚ ਭਵਿੱਖਬਾਣੀ ਕੀਤੀ ਸੀ ਕਿ 1878 'ਚ ਇੱਕ ਨਵਾਂ ਵਿਅਕਤੀ ਉਨ੍ਹਾਂ ਦਾ ਗੁਰੂ ਬਣੇਗਾ; ਹੁਣ (ਸੰਮਤ) 1924 ਹੈ, ਇਸੇ ਲਈ (ਗੁਰੂ) ਰਾਮ ਸਿੰਘ ਜੀ ਹੁਣ ਇਹ ਗੱਲ ਆਖ ਰਹੇ ਹਨ ਕਿਉਂਕਿ ਉਨ੍ਹਾਂ ਦਾ ਜਨਮ 1878 'ਚ ਹੋਇਆ ਸੀ ਤੇ ਉਹ 1897 'ਚ ਹਜ਼ਰੋ ਜਾ ਕੇ ਕੂਕਾ ਬਣੇ ਸਨ।

ਇਹ ਗ੍ਰੰਥ 'ਚ ਦਰਜ ਜਿਸ ਉਪਰੋਕਤ ਕਥਨ ਦਾ ਜ਼ਿਕਰ ਹੈ, ਉਸ ਦਾ ਅਨੁਵਾਦ ਪੁਲਿਸ ਦੇ ਅਸਿਸਟੈਂਟ ਸੁਪਰਇੰਟੈਂਡੈਂਟ ਸ੍ਰੀ ਕ੍ਰਿਸਟਿਕ ਨੇ ਨਿਮਨਲਿਖਤ ਅਨੁਸਾਰ ਕੀਤਾ ਹੈ:-

ਧੰਨ ਵਾਹਿਗੁਰੂ, ਮੈਂ ਨਾਨਕ ਇੱਕ ਵਿਅਕਤੀ ਵਜੋਂ ਇਹ ਉਚਾਰਦਾ ਹਾਂ ਕਿ ਜਿਸ ਨੇ ਇਹ ਕੁਦਰਤ ਤੇ ਉਸ ਦੀ ਸਭ ਉਤੇ ਮੇਹਰ ਹੈ ਸਿਰਜੀ ਹੈ ਸੱਚਾ ਨਿਆਂਕਾਰ ਸਤਿਗੁਰੂ ਮੇਰੀ ਲਿਖਤ ਨਾਲ ਨਿਆਂ ਕਰਨਗੇ ਜਦੋਂ ਇਹ ਸਰੀਰ ਟੁਕੜੇ-ਟੁਕੜੇ ਹੋ ਜਾਵੇਗਾ, ਤਦ ਹਿੰਦੁਸਤਾਨ ਇਸ ਕਥਨ 'ਤੇ ਯਕੀਨ ਕਰੇਗਾ। ਸਾਲ 78 'ਚ ਆਵੇਗਾ ਤੇ 97 'ਚ ਇੱਕ ਹੋਰ ਵਿਅਕਤੀ 'ਚ ਚਲਾ ਜਾਵੇਗਾ। ਨਾਨਕ ਨੇ ਇਹ ਸੱਚਾਈ ਸਤਿ (ਸਰਘੀ) ਸਮੇਂ ਆਖੀ ਹੈ।*

## II- ਕੂਕਿਆਂ ਵੱਲੋਂ ਧਾਰਮਿਕ ਉਤਸ਼ਾਹ ਨਾਲ ਕੀਤੀਆਂ ਕਾਨੂੰਨੀ ਉਲੰਘਣਾਵਾਂ

ਹੇਠਾਂ ਪਿਛਲੇ ਵਰ੍ਹੇ ਹੋਏ ਜੁਰਮਾਂ ਦਾ ਸੰਖੇਪ ਖੁਲਾਸਾ ਦਿੱਤਾ ਜਾਂਦਾ ਹੈ, ਇਹ ਸਾਰੇ ਵੇਰਵੇ ਉਨ੍ਹਾਂ ਜ਼ਿਲ੍ਹਿਆਂ ਦੇ ਹਿਸਾਬ ਨਾਲ ਦਿੱਤੇ ਗਏ ਹਨ, ਜਿੱਥੇ-ਜਿੱਥੇ ਇਹ ਸਭ ਕੁਝ ਵਾਪਰਿਆ ਸੀ।

**ਲਾਹੌਰ:-** 24 ਦਸੰਬਰ ਨੂੰ ਸ਼ੇਖਵਾਂ ਦੇ ਇੱਕ ਬ੍ਰਾਹਮਣ ਰਤਨ ਸਿੰਘ ਨੇ ਮੁਰੀਦਕੇ ਪੁਲਿਸ ਥਾਣੇ 'ਚ ਰਿਪੋਰਟ ਦਰਜ ਕਰਵਾਈ ਕਿ ਕੂਕਾ ਨਾਂਅ ਦੇ ਨਵੇਂ ਪੰਥ ਦੇ ਕੁਝ ਲੋਕਾਂ ਨੇ ਪਿੰਡ 'ਚ ਹਨੂਮਾਨ ਜੀ ਤੇ ਲਛਮਣ ਜੀ ਨਾਲ ਸੰਬੰਧਤ ਦੋ ਪਵਿੱਤਰ ਅਸਥਾਨਾਂ ਨੂੰ ਕਹੀਆਂ ਨਾਲ ਪੁੱਟ ਸੁੱਟਿਆ ਸੀ, ਜਿੱਥੇ ਹਿੰਦੂ ਲੋਕ ਪੂਜਾ ਕਰਦੇ ਸਨ।

ਲੂਣਾ ਤੇ ਨਿਹਾਲਾ ਨੇ ਪੇਸ਼ ਹੋ ਕੇ ਇਹ ਜਾਣਕਾਰੀ ਦਿੱਤੀ ਸੀ ਕਿ ਉਨ੍ਹਾਂ ਨੂੰ ਅੱਧੀ ਰਾਤ ਨੂੰ ਕਮਰ ਨਾਂਅ ਦੇ ਇੱਕ ਚੂਹੜੇ ਨੇ ਆ ਕੇ ਇਹ ਦੱਸਿਆ ਸੀ ਕਿ ਉਸ ਨੇ ਹਿੰਦੂ ਧਾਰਮਿਕ ਅਸਥਾਨ 'ਤੇ ਕੁਝ ਪੁੱਟੇ ਜਾਣ ਦੀਆਂ ਆਵਾਜ਼ਾਂ ਸੁਣੀਆਂ ਸਨ। ਉਨ੍ਹਾਂ ਉੱਥੇ ਜਾ ਕੇ ਵੇਖਿਆ, ਤਾਂ ਦੋ ਵਿਅਕਤੀ ਹਨੂਮਾਨ ਜੀ ਤੇ ਲਛਮਣ ਜੀ ਦੀਆਂ ਮੂਰਤੀਆਂ ਨਸ਼ਟ ਕਰ ਰਹੇ ਸਨ; ਉਨ੍ਹਾਂ ਜਦੋਂ ਲੋਕਾਂ ਨੂੰ ਆਉਂਦਿਆਂ ਤੱਕਿਆ, ਤਾਂ

---

* ਇਹ ਭਵਿੱਖਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ, ਜਦੋਂ ਐਮਨਾਬਾਦ ਦੇ ਹਾਕਮ ਨੇ ਉਨ੍ਹਾਂ ਨੂੰ ਕੈਦ ਕੀਤਾ ਸੀ ਤੇ ਇਹ ਸਪੱਸ਼ਟ ਤੌਰ 'ਤੇ ਦਿੱਲੀ ਦੇ ਮਹਾਰਾਜੇ (ਬਾਬਰ) ਵੱਲ ਇਸ਼ਾਰਾ ਹੈ, ਜੋ ਅਸਲ 'ਚ 1578 (ਸੰਨ 1521 ਈਸਵੀ) 'ਚ ਆਇਆ ਸੀ (ਸੀਪੀਓ)

ਉਹ ਅਣਜਾਣ ਵਿਅਕਤੀ ਉੱਥੋਂ ਨੱਸ ਗਏ। ਉਨ੍ਹਾਂ ਨੇ ਉਨ੍ਹਾਂ ਸ਼ਰਾਰਤੀਆਂ ਦਾ ਪਿੱਛਾ ਕਰ ਕੇ ਦੇਵਾ ਸਿੰਘ ਨਾਂਅ ਦੇ ਇੱਕ ਵਿਅਕਤੀ ਨੂੰ ਫੜਨ 'ਚ ਸਫ਼ਲਤਾ ਹਾਸਲ ਕਰ ਲਈ। ਉਸ ਨੇ ਬੇਨਤੀ ਕੀਤੀ ਕਿ ਉਸ ਨੂੰ ਜਾਣ ਦਿੱਤਾ ਜਾਵੇ ਤੇ ਉਸ ਨੇ ਦੱਸਿਆ ਕਿ ਉਸ ਨਾਲ ਅਰਜੁਨ ਸਿੰਘ ਸੀ; ਫਿਰ ਉਸ ਨੂੰ (ਅਰਜਨ ਸਿੰਘ) ਸੱਦਿਆ ਗਿਆ ਪਰ ਕਿਸੇ ਨੇ ਉਸ ਨੂੰ ਨਾ ਪਛਾਣਿਆ ਤੇ ਤਦ ਉਸ ਨੂੰ ਛੱਡ ਦਿੱਤਾ ਗਿਆ।

ਦੇਵਾ ਸਿੰਘ ਖ਼ਿਲਾਫ਼ ਲੱਗੇ ਦੋਸ਼ ਸਿੱਧ ਹੋ ਗਏ ਤੇ ਉਸ ਨੂੰ ਦੋ ਸਾਲ ਕੈਦ ਬਾਮੁਸ਼ੱਕਤ ਦੀ ਸਜ਼ਾ ਦਿੱਤੀ ਗਈ, ਜਿਨ੍ਹਾਂ 'ਚੋਂ ਉਸ ਨੇ ਦੋ ਮਹੀਨੇ ਇਕੱਲਿਆਂ ਕਾਲ਼-ਕੋਠੜੀ 'ਚ ਵੀ ਬਿਤਾਉਣੇ ਹਨ। ਨਾਲ ਹੀ ਉਸ ਨੂੰ 25 ਰੁਪਏ ਜੁਰਮਾਨਾ ਵੀ ਕੀਤਾ ਗਿਆ ਤੇ ਇਹ ਰਕਮ ਨਾ ਦੇਣ ਦੀ ਹਾਲਤ ਵਿੱਚ ਉਸ ਨੂੰ ਛੇ ਮਹੀਨੇ ਹੋਰ ਜੇਲ੍ਹ 'ਚ ਬਿਤਾਉਣੇ ਪੈਣਗੇ। ਉਸ ਸਜ਼ਾ ਦਾ ਬਹੁਤ ਜ਼ਿਆਦਾ ਅਸਰ ਪਿਆ ਕਿਉਂਕਿ ਤਦ ਉਸ ਤੋਂ ਬਾਅਦ ਲਾਹੌਰ ਜ਼ਿਲ੍ਹੇ 'ਚ ਅਜਿਹਾ ਕੋਈ ਅਪਰਾਧ ਨਹੀਂ ਹੋਇਆ।

**ਲੁਧਿਆਣਾ:-** ਮੇਜਰ ਪਰਕਿਨਜ਼ ਨੇ ਆਪਣੀ ਡਾਇਰੀ (ਜਨਵਰੀ) 'ਚ ਦਰਜ ਕੀਤਾ ਕਿ ਡੇਹਲੋਂ ਪੁਲਿਸ ਥਾਣੇ ਅਧੀਨ ਪੈਂਦੇ ਪਿੰਡ ਛਪਾਰ 'ਚ 22 ਕੂਕਿਆਂ ਦੇ ਇੱਕ ਗੁੱਟ ਨੇ ਇੱਕ ਧਾਰਮਿਕ ਅਸਥਾਨ ਦੀ ਬੇਹੁਰਮਤੀ ਕੀਤੀ। ਮੰਦਰ ਦੀ ਸਾਂਭ-ਸੰਭਾਲ ਕਰਨ ਵਾਲੇ ਦੋ ਸੇਵਾਦਾਰਾਂ ਨੇ ਦੱਸਿਆ ਕਿ ਮੰਦਰ ਨੂੰ ਤੋੜਨ ਲਗੇ। ਉਨ੍ਹਾਂ ਦੀਆਂ ਬਾਹਵਾਂ ਬੰਨ੍ਹ ਦਿੱਤੀਆਂ ਸਨ। ਜ਼ਿਲ੍ਹਾ ਸੁਪਰਇੰਟੈਂਡੈਂਟ ਨੇ ਡੇਹਲੋਂ ਜਾ ਕੇ ਖ਼ੁਦ ਮਾਮਲੇ ਦੀ ਜਾਂਚ ਕੀਤੀ। ਉੱਥੇ ਲਗਭਗ 100 ਕੁ ਰੁਪਏ ਦਾ ਨੁਕਸਾਨ ਹੋਇਆ ਸੀ ਤੇ ਮੇਜਰ ਪਰਕਿਨਜ਼ ਨੇ ਸੋਚਿਆ ਕਿ ਜੇ ਮੁਲਜ਼ਮਾਂ ਨੂੰ ਸਖ਼ਤ ਮਿਸਾਲੀ ਸਜ਼ਾ ਦਿੱਤੀ ਜਾਵੇ, ਤਾਂ ਹੋਰ ਲੋਕਾਂ ਨੂੰ ਵੀ ਕੰਨ ਰਹਿਣਗੇ। ਪਰ ਇਸ ਮਾਮਲੇ 'ਚ ਸਬੂਤ ਤੇ ਗਵਾਹ ਨਾਕਾਫ਼ੀ ਸਨ ਤੇ ਇਸੇ ਲਈ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਸੀ।

ਇਸ ਵਾਰਦਾਤ ਦੇ ਕੁਝ ਹਫ਼ਤਿਆਂ ਪਿੱਛੋਂ ਡੇਹਲੋਂ ਦੇ ਡਿਪਟੀ ਪੁਲਿਸ ਇੰਸਪੈਕਟਰ ਨੂੰ ਰਿਪੋਰਟ ਮਿਲੀ ਕਿ ਪਿੰਡ ਖੱਤਰੀ ਕੋਸੇਹ 'ਚ 27 ਕਬਰਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ; ਉਸ ਮਾਮਲੇ 'ਚ ਸ਼ੱਕੀ ਮੁਲਜ਼ਮ ਚਾਰ ਮਜ਼ਹਬੀ ਕੂਕੇ (ਖ਼ਜ਼ਾਨਾ, ਕਾਣਾ, ਬਸਾਵਾ ਸਿੰਘ ਤੇ ਬਹਾਦਰ ਸਿੰਘ) ਸਨ। ਕਬਰਾਂ ਜਾਂ ਮੜ੍ਹੀਆਂ ਉਹ ਸਥਾਨ ਹੁੰਦੇ ਹਨ, ਜਿੱਥੇ ਮ੍ਰਿਤਕ ਦੇਹਾਂ ਦਾ ਅੰਤਿਮ ਸਸਕਾਰ ਹੁੰਦਾ ਹੈ। ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਕਰਨ ਤੋਂ ਬਾਅਦ ਅਸਥੀਆਂ ਨੂੰ ਇਕੱਠਾ ਕਰ ਲਿਆ ਜਾਂਦਾ ਹੈ ਤੇ ਫਿਰ ਉਸ ਥਾਂ 'ਤੇ ਥੋੜ੍ਹਾ ਉੱਚਾ ਢੇਰ ਜਾਂ ਟੀਲੇ ਵਰਗਾ ਸਥਾਨ ਬਣਾ ਦਿੱਤਾ ਜਾਂਦਾ ਹੈ ਅਤੇ ਫਿਰ ਉਸ ਦੀ ਗਾਰੇ ਨਾਲ ਲਿਪਾਈ ਕਰ ਦਿੱਤੀ ਜਾਂਦੀ ਹੈ; ਅਜਿਹੀਆਂ ਮੜ੍ਹੀਆਂ ਹਰੇਕ ਹਿੰਦੂ ਪਿੰਡ ਦੇ ਬਾਹਰਵਾਰ ਵੇਖਣ ਨੂੰ ਮਿਲ ਜਾਂਦੀਆਂ ਹਨ। ਇਸ ਮਾਮਲੇ 'ਚ ਜਿਹੜੇ ਚਾਰ ਜਣੇ ਜ਼ਖ਼ਮੀ ਹੋਏ ਸਨ, ਉਹ ਉਨ੍ਹਾਂ ਦੇ ਆਪਣੇ ਦੋਸਤ ਤੇ ਰਿਸ਼ਤੇਦਾਰ ਸਨ। ਇਹ ਵਾਰਦਾਤ ਕਿਉਂਕਿ ਦਿਨ-ਦਿਹਾੜੇ ਅੰਜਾਮ ਦਿੱਤੀ ਗਈ ਸੀ, ਇਸ ਲਈ ਇਸ ਦੇ ਸਬੂਤ ਇਕੱਠੇ ਕਰਨੇ ਕੋਈ ਔਖੇ ਨਹੀਂ ਸਨ। ਮੁਲਜ਼ਮਾਂ ਦੀ ਸੁਣਵਾਈ ਹੋਈ, ਉਨ੍ਹਾਂ ਨੂੰ ਦੋਸ਼ੀ ਠਹਿਰਾ ਕੇ ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਹਰੇਕ ਨੂੰ 10-10 ਰੁਪਏ ਜੁਰਮਾਨਾ ਵੀ ਕੀਤਾ ਗਿਆ ਤੇ ਇਹ ਜੁਰਮਾਨਾ ਅਦਾ ਨਾ ਕਰਨ ਦੀ ਹਾਲਤ

'ਚ ਉਨ੍ਹਾਂ ਨੂੰ ਇੱਕ-ਇੱਕ ਮਹੀਨਾ ਹੋਰ ਕੈਦ 'ਚ ਬਿਤਾਉਣਾ ਹੋਵੇਗਾ।

ਇਸ ਵਾਰਦਾਤ ਦੇ ਇੱਕ ਮਹੀਨੇ ਬਾਅਦ ਖੰਨਾ ਸਟੇਸ਼ਨ ਲਾਗਲੇ ਪਿੰਡ ਪਨੱਡੀ ਦੇ ਇੱਕ ਨਿਵਾਸੀ ਮੇਘ ਸਿੰਘ ਦੇ ਘਰ ਕੂਕਿਆਂ ਨੇ ਇੱਕ ਛੋਟੀ ਮੀਟਿੰਗ ਰੱਖੀ। ਉੱਥੇ ਮਹਿਮਾਨ ਅੱਧੀ ਰਾਤ ਤੱਕ ਦੀਵਾਨ ਸ਼ਰਵਣ ਕਰਦੇ ਰਹੇ। ਉਸ ਤੋਂ ਬਾਅਦ ਉਨ੍ਹਾਂ 'ਚੋਂ ਮੇਘ ਸਿੰਘ, ਸ਼ੇਰ ਸਿੰਘ, ਜੋਤਾ ਸਿੰਘ ਤੇ ਗੁਲਾਬਾ (ਮਜ਼ਹਬੀ) ਪਿੰਡ ਦੇ ਬਾਹਰਵਾਰ ਗਏ ਤੇ ਇੱਕ ਮੜ੍ਹੀ, ਇੱਕ ਪੀਰਖਾਨਾ (ਮੁਸਲਿਮ ਧਾਰਮਿਕ ਅਸਥਾਨ) ਅਤੇ ਚਾਰ ਕਬਰਾਂ ਨੂੰ ਨਸ਼ਟ ਕਰ ਦਿੱਤਾ। ਪੁਲਿਸ ਦੇ ਡਿਪਟੀ ਇੰਸਪੈਕਟਰ ਨੇ ਇਸ ਮਾਮਲੇ ਦੀ ਸੁਣਵਾਈ ਕੀਤੀ ਤੇ ਸਾਰਾ ਸ਼ੱਕ ਕੂਕਿਆਂ 'ਤੇ ਹੀ ਗਿਆ ਤੇ ਉਨ੍ਹਾਂ ਆਪਣੇ ਜੁਰਮ ਦਾ ਇਕਬਾਲ ਵੀ ਕਰ ਲਿਆ। ਉਨ੍ਹਾਂ ਦੀ ਸੁਣਵਾਈ ਹੋਈ, ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਤੇ ਛੇ ਮਹੀਨੇ ਕੈਦ ਤੇ 10-10 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ; ਇਹ ਜੁਰਮਾਨਾ ਅਦਾ ਨਾ ਕਰਨ 'ਤੇ ਉਨ੍ਹਾਂ ਨੂੰ ਇੱਕ-ਇੱਕ ਮਹੀਨਾ ਹੋਰ ਕੈਦ 'ਚ ਬਿਤਾਉਣਾ ਹੋਵੇਗਾ।

**ਅੰਮ੍ਰਿਤਸਰ:-** ਫ਼ਰਵਰੀ ਮਹੀਨੇ ਦੇ ਅੰਤ 'ਚ ਜ਼ਿਲ੍ਹਾ ਸੁਪਰਇੰਟੈਂਡੈਂਟ ਕੈਪਟਨ ਮੈਂਜ਼ੀਸ ਨੇ ਰਿਪੋਰਟ ਕੀਤਾ ਸੀ ਕਿ ਸੂਬਾ ਬ੍ਰਹਮਾ ਸਿੰਘ ਤੇ ਜੋਤਾ ਸਿੰਘ ਦੀ ਅਗਵਾਈ ਹੇਠ ਕੂਕੇ ਕਈ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਇਹ ਜਾਣਕਾਰੀ ਵੀ ਮਿਲੀ ਹੈ ਕਿ ਉਨ੍ਹਾਂ ਨੇ ਜੰਡਿਆਲਾ ਤੇ ਲੋਪੋਕੇ ਪੁਲਿਸ ਥਾਣਿਆਂ ਅਧੀਨ ਪੈਂਦੇ ਇਲਾਕਿਆਂ 'ਚ ਮਸਜਿਦਾਂ, ਠਾਕੁਰਦੁਆਰਿਆਂ, ਕਬਰਾਂ ਨੂੰ ਨਸ਼ਟ ਕੀਤਾ ਹੈ। ਜੰਡਿਆਲਾ 'ਚ ਸ਼ੇਖ਼ ਤ੍ਰਿਤਾ ਦੀ ਇੱਕ ਖ਼ਾਨਗਾਹ ਨੂੰ ਲੋਪੋਕੇ ਵਿਚ ਕੁਹਲਾ ਵਿਚ ਇਕ ਖ਼ਾਨਗਾਹ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ; ਚਵਿੰਡਾ 'ਚ ਇੱਕ ਹਿੰਦੂ ਦੇਵਲ ਨੂੰ ਤੋੜਿਆ ਗਿਆ ਸੀ, ਕਕੜ ਪਿੰਡ ਵਿਚ ਕੁਝ ਪੱਕੀਆਂ ਕਬਰਾਂ ਨੂੰ ਨਸ਼ਟ ਕਰ ਦਿੱਤਾ ਗਿਆ ਸੀ ਤੇ ਮਿੱਟੀ ਦੀਆਂ ਕਬਰਾਂ ਨੂੰ ਲਾਂਬੂ ਲਾ ਦਿੱਤੇ ਗਏ ਸਨ। ਸ਼ਿਕਾਇਤਕਰਤਾ ਕੋਈ ਸਬੂਤ ਪੇਸ਼ ਨਾ ਕਰ ਸਕੇ ਪਰ ਬੇਸ਼ੱਕ ਇਹ ਨੁਕਸਾਨ ਕੂਕਿਆਂ ਨੇ ਹੀ ਕੀਤੇ ਸਨ। ਇਸ ਤੋਂ ਇਲਾਵਾ ਸ਼ਿਕਾਇਤਕਰਤਾ ਕਿਸੇ ਕਾਨੂੰਨੀ ਕਾਰਵਾਈ ਦੇ ਚਾਹਵਾਨ ਵੀ ਨਹੀਂ ਸਨ ਪਰ ਉਨ੍ਹਾਂ ਇਹ ਮਾਮਲੇ ਧਿਆਨ ਗੋਚਰੇ ਲਿਆਂਦੇ। ਤਦ ਜ਼ੈਲਦਾਰਾਂ ਨੂੰ ਸਰਗਰਮ ਹੋ ਕੇ ਅੱਗੇ ਤੋਂ ਅਜਿਹੀਆਂ ਵਾਰਦਾਤਾਂ ਰੋਕਣ ਲਈ ਕਿਹਾ ਗਿਆ।

ਇਨ੍ਹਾਂ ਹੁਕਮਾਂ ਦੇ ਤਿੰਨ ਹਫ਼ਤਿਆਂ ਬਾਅਦ ਰਈਆ ਪੁਲਿਸ ਥਾਣੇ ਦੇ ਪਿੰਡ ਮੂਲੋਕੇ ਦੇ ਚੌਕੀਦਾਰਾਂ ਨੇ ਵਿਸਾਕਾ ਸਿੰਘ ਨਾਂਅ ਦੇ ਵਿਅਕਤੀ ਨੂੰ ਪੁਲਿਸ ਚੌਕੀ 'ਚ ਲਿਆਂਦਾ। ਵਿਸਾਕਾ ਸਿੰਘ ਪਿੰਡ ਧਾਰੀਵਾਲ (ਪੁਲਿਸ ਥਾਣਾ ਨਾਰੋਵਾਲ) ਦਾ ਵਸਨੀਕ ਸੀ ਤੇ ਮੂਲੋਕੇ 'ਚ ਤਿੰਨ ਵਿਅਕਤੀਆਂ ਵੱਲੋਂ ਇੱਕ ਮੁਸਲਿਮ ਕਬਰ ਨਸ਼ਟ ਕਰਨ ਦੇ ਦੋਸ਼ ਅਧੀਨ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪਿੰਡ 'ਚ ਕੂਕਿਆਂ ਦਾ ਇੱਕ ਇਕੱਠ ਹੋਇਆ ਸੀ ਤੇ ਮੁਸਲਮਾਨਾਂ ਨੇ ਸੂਝ-ਬੂਝ ਨਾਲ ਇਨ੍ਹਾਂ ਵਿਅਕਤੀਆਂ ਨੂੰ ਆਪਣੇ ਕਬਰਿਸਤਾਨ ਦੀ ਰਾਖੀ ਲਈ ਰੱਖਿਆ ਸੀ। ਇਸ ਵਿਅਕਤੀ ਦੀ ਸੁਣਵਾਈ ਕੀਤੀ ਗਈ ਸੀ।

ਇਹ ਰਿਪੋਰਟ ਮਿਲੀ ਸੀ ਕਿ ਕੂਕਿਆਂ ਨੇ ਕੱਕੜ ਪਿੰਡ ਨੂੰ 'ਜ਼ਿਲ੍ਹਾ' ਅਤੇ ਫ਼ਤੇਵਾਲ ਨੂੰ 'ਥਾਣਾ' ਦਾ ਨਾਂਅ ਦੇ ਦਿੱਤਾ ਸੀ। ਇਹ ਦੋਵੇਂ ਸਥਾਨ ਅਜਨਾਲਾ ਤਹਿਸੀਲ 'ਚ ਹਨ। ਫਿਰ ਕੁਝ ਹੀ ਦਿਨਾਂ ਪਿੱਛੋਂ ਅਜਨਾਲਾ ਤਹਿਸੀਲ 'ਚ ਅਜਿਹੀਆਂ ਦੋ ਹੋਰ ਘਟਨਾਵਾਂ ਵਾਪਰ ਗਈਆਂ ਤੇ ਉਨ੍ਹਾਂ ਦੀ ਸੁਣਵਾਈ ਹੋਈ। ਪਹਿਲੀ ਵਾਰਦਾਤ 'ਚ ਕੱਕੜ ਪਿੰਡ ਦੇ ਪ੍ਰਤਾਪ ਸਿੰਘ, ਲਹਿਣਾ ਸਿੰਘ, ਲੱਖਾ ਸਿੰਘ, ਪਿਆਰਾ ਸਿੰਘ, ਨਿਹਾਲ ਸਿੰਘ ਤੇ ਕੇਸਰ ਸਿੰਘ 'ਤੇ ਮਕਬਰੇ ਨਸ਼ਟ ਕਰਨ ਦੇ ਦੋਸ਼ ਲੱਗੇ ਤੇ ਉਨ੍ਹਾਂ ਆਪਣੇ ਪਿੰਡ ਦੀ ਮਸਜਿਦ ਨੂੰ ਅੱਗ ਲਾ ਦਿੱਤੀ। ਦੂਜੀ ਘਟਨਾ 'ਚ ਕੱਕੜ ਪਿੰਡ ਦੇ ਬਧਾਵਾ ਸਿੰਘ ਤੇ ਭੂਪ ਸਿੰਘ 'ਤੇ ਆਪਣੇ ਪੁਰਖਿਆਂ ਦੀ ਸਮਾਧ ਦੋ ਵਾਰ ਨਸ਼ਟ ਕਰਨ ਦੇ ਦੋਸ਼ ਲੱਗੇ। ਇੰਝ ਜਾਪਦਾ ਸੀ ਕਿ ਸ਼ਿਕਾਇਤਕਰਤਾਵਾਂ ਨੇ ਉਨ੍ਹਾਂ ਨੂੰ ਮਾਫ਼ ਕਰ ਦਿੱਤਾ ਸੀ ਤੇ ਮਕਬਰੇ ਦੀ ਮੁੜ-ਉਸਾਰੀ ਕਰ ਦਿੱਤੀ ਗਈ ਸੀ। ਅਜਿਹੀਆਂ ਕਾਰਵਾਈਆਂ ਤੋਂ ਪਤਾ ਲੱਗਦਾ ਹੈ ਕਿ ਪਿੰਡ ਕੱਕੜ ਦੇ ਨਿਵਾਸੀ, ਮੁਸਲਿਮ ਤੇ ਹੋਰ ਲੋਕ ਕੂਕਾ ਸੰਪਰਦਾਇ ਵਿਰੁੱਧ ਤੇਜ਼ੀ ਨਾਲ ਸ਼ਿਕਾਇਤਾਂ ਕਰ ਰਹੇ ਹਨ ਅਤੇ ਉਨ੍ਹਾਂ ਵਿਰੁੱਧ ਨਾ ਕੇਵਲ ਉਹ ਆਪਣੇ ਰਿਸ਼ਤੇਦਾਰਾਂ ਦੀਆ ਕਬਰਾਂ ਨੂੰ ਨਸ਼ਟ ਕਰਨ ਦੇ ਦੋਸ਼ ਲਾ ਰਹੇ ਸਨ, ਸਗੋਂ ਪਿੰਡ ਲਾਗੇ ਉੱਗੀਆਂ ਤਮਾਕੂ ਦੀਆਂ ਫ਼ਸਲਾਂ ਵੀ ਵੱਢ ਸੁੱਟਣ ਦੀਆਂ ਸ਼ਿਕਾਇਤਾਂ ਵੀ ਕਰ ਰਹੇ ਸਨ।

ਲਾਹੌਰ ਸਰਕਲ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਨੂੰ ਹੁਸ਼ਿਆਰਪੁਰ ਜ਼ਿਲ੍ਹੇ 'ਚ ਅਨੰਦਪੁਰ ਸਾਹਿਬ ਵਿਖੇ ਜਾ ਕੇ (ਗੁਰੂ) ਰਾਮ ਸਿੰਘ ਜੀ ਕੋਲ ਇਸ ਗੱਲ ਦੀ ਸ਼ਿਕਾਇਤ ਕਰਨ ਦਾ ਮੌਕਾ ਮਿਲਿਆ ਸੀ ਕਿ ਉਨ੍ਹਾਂ ਦੇ ਸੰਪਰਦਾਇ ਦੀ ਇੰਝ ਕਿਵੇਂ ਬਦਨਾਮੀ ਹੋ ਰਹੀ ਸੀ; ਤਦ (ਗੁਰੂ) ਜੀ ਨੇ ਦ੍ਰਿੜ੍ਹਤਾਪੂਰਵਕ ਦਸਿਆ ਸੀ ਕਿ ਉਨ੍ਹਾਂ ਆਪਣੇ ਸ਼ਰਧਾਲੂਆਂ ਨੂੰ ਸਖ਼ਤ ਹੁਕਮ ਜਾਰੀ ਕਰ ਦਿੱਤੇ ਹਨ ਕਿ ਉਹ ਧਾਰਮਿਕ ਅਸਥਾਨਾਂ ਤੇ ਮਕਬਰਿਆਂ ਨੂੰ ਕੋਈ ਨੁਕਸਾਨ ਨਾ ਪਹੁੰਚਾਉਣ ਤੇ ਇਹ ਆਸ ਪ੍ਰਗਟਾਈ ਸੀ ਕਿ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ।

ਉਪਰੋਕਤ ਵਰਣਿਤ ਮਾਮਲਿਆਂ 'ਚ ਮੁਲਜ਼ਮਾਂ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਚੇਤਾਵਨੀ ਦੇ ਕੇ ਬਰੀ ਕਰ ਦਿੱਤਾ ਸੀ।

**ਜਲੰਧਰ:–** ਜ਼ਿਲ੍ਹਾ ਸੁਪਰਇੰਟੈਂਡੈਂਟ ਕੈਪਟਨ ਰਾਮਸੇ ਨੇ ਇੱਕ ਅਫ਼ਵਾਹ ਫੈਲੇ ਹੋਣ ਬਾਰੇ ਰਿਪੋਰਟ ਕੀਤੀ ਕਿ ਕੂਕੇ ਇੱਕ ਧਾਰਮਿਕ ਅਸਥਾਨ ਨਿਗਾਹਾ ਵਿਚ ਬਰਬਾਦ ਕਰਨਾ ਚਾਹੁੰਦੇ ਹਨ ਪਰ ਬਾਅਦ 'ਚ ਇਹ ਸਭ ਬੇਬੁਨਿਆਦ ਸਿੱਧ ਹੋਇਆ ਸੀ।

**ਗੁਰਦਾਸਪੁਰ:–** ਮਾਰਚ ਮਹੀਨੇ ਜ਼ਿਲ੍ਹਾ ਸੁਪਰਇੰਟੈਂਡੈਂਟ ਸ੍ਰੀ ਕਿੰਚੈਂਟ ਨੇ ਰਿਪੋਰਟ ਦਿੱਤੀ ਕਿ ਇੱਕ ਠਾਕੁਰਦੁਆਰੇ 'ਚੋਂ ਇੱਕ ਮੂਰਤੀ (ਸ਼ਿਵ ਜੀ ਦੀ) ਬਾਹਰ ਕੱਢ ਦਿੱਤੀ ਗਈ ਸੀ ਤੇ ਇਸ ਮਾਮਲੇ 'ਚ ਕੂਕੇ ਸ਼ੱਕੀ ਸਨ। ਡੇਰਾ ਨਾਨਕ ਪੁਲਿਸ ਥਾਣੇ ਦੇ ਖੇਤਰ ਵਿੱਚ ਕੁਝ ਕੂਕਿਆਂ ਨੇ ਤੇਤਰਕੇ ਪਿੰਡ 'ਚ ਇੱਕ ਕੰਧ ਢਾਹ ਦਿੱਤੀ ਸੀ।

**ਗੁਜਰਾਂਵਾਲਾ:–** ਜ਼ਿਲ੍ਹਾ ਸੁਪਰਇੰਟੈਂਡੈਂਟ ਕੈਪਟਨ ਵਾਲ ਨੇ ਰਿਪੋਰਟ ਕੀਤਾ ਕਿ ਜ਼ਿਲ੍ਹੇ 'ਚ ਕਈ ਧਾਰਮਿਕ ਅਸਥਾਨਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ ਤੇ ਵੱਡਾ

ਸ਼ੱਕ ਕੂਕਾ ਸੰਪਰਦਾਇ ਦੇ ਮੈਂਬਰਾਂ 'ਤੇ ਹੀ ਸੀ ਪਰ ਇਹ ਵਾਰਦਾਤਾਂ ਕਿਉਂਕਿ ਜ਼ਿਆਦਾਤਰ ਰਾਤ ਨੂੰ ਹੀ ਵਾਪਰੀਆਂ ਸਨ, ਜਦੋਂ ਪਿੰਡਾਂ ਦੇ ਬਾਹਰਵਾਰ ਕੋਈ ਵੀ ਮੌਜੂਦ ਨਹੀਂ ਹੁੰਦਾ; ਇਸੇ ਲਈ ਕੋਈ ਸਬੂਤ ਲੱਭਣਾ ਅਸੰਭਵ ਸੀ। ਗੁਜਰਾਂਵਾਲਾ ਸ਼ਹਿਰ ਦੇ ਬਾਹਰ ਸਥਿਤ ਹੁਸੈਨ ਸ਼ਾਹ ਦੀ ਖ਼ਾਨਗਾਹ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ, ਪੀਰ ਗੋਦੜੀ ਦੇ ਮਕਬਰੇ 'ਤੇ ਗੰਦਗੀ ਸੁੱਟੀ ਗਈ ਸੀ; ਦਿਆ ਰਾਮ ਤੇ ਹੁਕਮਾ ਸਿੰਘ ਦੇ ਤਾਲਾਬ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ ਸੀ। ਬੱਦੋਕੀ 'ਚ ਧਾਰਮਿਕ ਅਸਥਾਨ ਦੇ ਅੰਦਰ ਗਊ ਦਾ ਮਾਸ ਤੇ ਹੱਡੀਆਂ ਸੁੱਟੀਆਂ ਗਈਆਂ ਸਨ ਤੇ ਇਮਾਰਤ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ।

**ਸਿਆਲਕੋਟ:–** ਸੁਖਾਣਾ ਪਿੰਡ 'ਚ ਕੁਝ ਮਕਬਰੇ ਨਸ਼ਟ ਕੀਤੇ ਗਏ ਸਨ ਪਰ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਸੀ ਕਿ ਇਨ੍ਹਾਂ ਘਟਨਾਵਾਂ ਪਿੱਛੇ ਕੂਕੇ ਸਨ। ਇਸ ਦੇ ਉਲਟ ਇੰਝ ਜਾਪਦਾ ਹੈ ਕਿ ਅਜਿਹੀਆਂ ਕੁਝ ਵਾਰਦਾਤਾਂ ਕਿਸੇ ਨੇ ਪਿੰਡ ਵਾਸੀਆਂ 'ਚ ਫੁੱਟ ਪਾਉਣ ਲਈ ਕੀਤੀਆਂ ਸਨ।

## III– ਕੂਕਿਆਂ ਦੀਆਂ ਮੀਟਿੰਗਾਂ ਤੇ ਵੱਡੇ ਇਜਲਾਸ, ਕੁਝ ਮੁੱਖ ਦੇ ਸੰਖੇਪ ਵੇਰਵੇ ਨਾਲ

ਕੂਕਿਆਂ ਦੇ ਛੋਟੇ ਇਕੱਠ ਤਾਂ ਅਣਗਿਣਤ ਹੁੰਦੇ ਰਹਿੰਦੇ ਹਨ ਤੇ ਹਰੇਕ ਮੀਟਿੰਗ ਦੀ ਤਰੀਕ ਤੇ ਸਥਾਨ ਦੇ ਵੇਰਵੇ ਦੇਣੇ ਅਸੰਭਵ ਹੋਣਗੇ, ਭਾਵੇਂ ਸਾਰੀ ਜਾਣਕਾਰੀ ਵੀ ਕਿਉਂ ਨਾ ਉਪਲਬਧ ਹੋਵੇ। ਜਿਹੜੇ ਜ਼ਿਲ੍ਹਿਆਂ 'ਚ ਮੀਟਿੰਗਾਂ ਰੱਖੀਆਂ ਗਈਆਂ ਸਨ, ਉਨ੍ਹਾਂ ਦੇ ਵੇਰਵੇ ਉਸੇ ਹਿਸਾਬ ਨਾਲ ਦਿੱਤੇ ਜਾਣਗੇ ਪਰ ਇਸ ਸਿਰਲੇਖ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਇਨ੍ਹਾਂ ਇਕੱਠਾਂ ਦੇ ਸਬੰਧ ਵਿੱਚ ਲਾਹੌਰ ਤੇ ਸਿਆਲਕੋਟ ਜ਼ਿਲ੍ਹਿਆਂ ਦੀ ਪੁਲਿਸ ਨੂੰ ਇਨ੍ਹਾਂ ਨਾਲ ਨਿਪਟਣ ਲਈ ਜਾਰੀ ਹਦਾਇਤਾਂ ਦੇ ਵੇਰਵੇ ਦੇਣਾ ਠੀਕ ਰਹੇਗਾ। ਪੁਲਿਸ ਨੂੰ ਹੁਕਮ ਜਾਰੀ ਕੀਤੇ ਗਏ ਸਨ ਕਿ ਕੂਕਾ ਭਾਈਚਾਰੇ ਦੀਆਂ ਮੀਟਿੰਗਾਂ 'ਤੇ ਪੂਰੀ ਨਜ਼ਰ ਰੱਖੀ ਜਾਵੇ ਅਤੇ ਜਦੋਂ ਅਜਿਹੇ ਵੱਡੇ ਇਕੱਠ ਰਾਤ ਵੇਲੇ ਹੋਣੇ ਹੁੰਦੇ ਸਨ, ਤਾਂ ਅਜਿਹੀ ਸੰਭਾਵਨਾ ਰਹਿੰਦੀ ਸੀ ਕਿ ਕਿਸੇ ਮੀਟਿੰਗ ਦੀ ਸਮਾਪਤੀ 'ਤੇ ਕਿਤੇ ਸ਼ਾਂਤੀ ਨਾ ਭੰਗ ਹੋ ਜਾਵੇ ਤਾਂ ਆਮ ਤੌਰ ਉੱਤੇ ਅਜਿਹਾ ਕੁਝ ਹੋਣ ਤੋਂ ਰੋਕਣ ਲਈ ਕਦਮ ਚੁੱਕੇ ਜਾਂਦੇ ਸਨ।

ਸਿਰਸਾ ਤੋਂ ਰਿਪੋਰਟ ਮਿਲੀ ਸੀ ਕਿ ਮਲੋਟ ਦੇ ਕੂਕੇ ਭੜਕ ਗਏ ਸਨ ਕਿਉਂਕਿ (ਗੁਰੂ) ਰਾਮ ਸਿੰਘ ਜੀ ਨੂੰ (ਸ੍ਰੀ) ਮੁਕਤਸਰ (ਸਾਹਿਬ) ਦੇ ਮੇਲੇ 'ਚ ਜਾਣ ਤੋਂ ਵਰਜ ਦਿੱਤਾ ਗਿਆ ਸੀ ਤੇ ਇਸੇ ਲਈ ਉਹ ਭੈਣੀ ਵਿਖੇ ਆਪਣਾ ਮੇਲਾ ਲਾ ਰਹੇ ਸਨ।

ਕੂਕੇ ਤੇ ਕੱਟੜ ਸਿੱਖ ਤਮਾਕੂਨੋਸ਼ੀ ਨਹੀਂ ਕਰਦੇ।

ਇਸ ਤੋਂ ਬਾਅਦ ਜ਼ਿਲ੍ਹਾ ਸੁਪਰਇੰਟੈਂਡੈਂਟ ਨੇ ਰਿਪੋਰਟ ਭੇਜੀ ਕਿ ਬਾਬਾ ਰਾਮ ਸਿੰਘ ਜੀ ਕਿਉਂਕਿ ਭੈਣੀ ਛੱਡ ਕੇ ਜਾ ਨਹੀਂ ਸਕਦੇ ਸਨ, ਇਸੇ ਲਈ ਉਨ੍ਹਾਂ ਆਪਣੇ ਪੈਰੋਕਾਰਾਂ ਨੂੰ ਹੋਲੇ ਮੌਕੇ ਉਨ੍ਹਾਂ ਕੋਲ ਇਕੱਠੇ ਹੋਣ ਦਾ ਆਮ ਸੱਦਾ ਦੇ ਦਿੱਤਾ ਸੀ। ਲੁਧਿਆਣਾ ਪੁਲਿਸ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਮੇਜਰ ਪਰਕਿਨਜ਼ ਦਾ ਵਿਚਾਰ ਸੀ ਕਿ

ਇਸ ਮੀਟਿੰਗ 'ਚ ਕੋਈ ਦਖ਼ਲ ਨਾ ਦਿੱਤਾ ਜਾਵੇ ਤੇ ਇੰਸਪੈਕਟਰ ਜਨਰਲ ਚਾਹੁੰਦੇ ਸਨ ਕਿ ਇਹ ਇਕੱਠ ਹੋਵੇ ਪਰ ਸ਼ਰਧਾਲੂਆਂ ਦੀ ਗਿਣਤੀ ਬਹੁਤੀ ਜ਼ਿਆਦਾ ਨਾ ਹੋਵੇ। ਇਹ ਇਕੱਠ ਸੁੱਖੀਂ-ਸਾਂਦੀ ਹੋ ਗਿਆ।

ਫ਼ਰਵਰੀ 'ਚ ਲੁਧਿਆਣਾ-ਮਾਛੀਵਾੜਾ ਸੜਕ 'ਤੇ ਕੂਮ ਵਿਖੇ ਲਗਭਗ 80 ਕੂਕਿਆਂ ਨੇ ਛੋਟੀ ਮੀਟਿੰਗ ਕੀਤੀ ਸੀ। (ਗੁਰੂ) ਰਾਮ ਸਿੰਘ ਜੀ ਨੇ ਇਹ ਇਕੱਠ ਕਰਨ ਦੀ ਇਜਾਜ਼ਤ ਨਹੀਂ ਲਈ ਸੀ।

ਉਸ ਤੋਂ 10 ਦਿਨਾਂ ਬਾਅਦ ਕੂਕਿਆਂ ਦੀ ਇੱਕ ਮੀਟਿੰਗ ਪਨੱਡੀ 'ਚ ਮੇਘ ਸਿੰਘ ਦੇ ਘਰ ਹੋਈ ਸੀ। ਇਸ ਪੱਤਰ ਦੇ ਦੂਜੇ ਸੈਕਸ਼ਨ ਅਧੀਨ ਮੇਘ ਸਿੰਘ ਨੇ ਖ਼ੁਦ ਤੇ ਉਸ ਦੇ ਮਹਿਮਾਨਾਂ ਨੇ ਕਬਰਾਂ ਨੂੰ ਨੁਕਸਾਨ ਪਹੁੰਚਾਇਆ ਸੀ।

ਮਾਰਚ 'ਚ ਕੋਟਲੇਹ ਦੱਖ 'ਚ ਇੱਕ ਮੀਟਿੰਗ ਰੱਖੀ ਗਈ ਸੀ, ਜਿੱਥੇ 150 ਵਿਅਕਤੀਆਂ ਨੂੰ ਕੂਕੇ ਬਣਾਇਆ ਗਿਆ ਸੀ।

ਲਾਹੌਰ ਜ਼ਿਲ੍ਹੇ 'ਚ ਛੋਟੇ ਇਕੱਠ ਸ਼ੇਖਵਾਂ ਤੇ ਬਸੀਰੀ 'ਚ ਹੋਏ ਸਨ।

ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮੇਜਰ ਮਰਸਰ ਨੇ ਹਦਾਇਤ ਜਾਰੀ ਕਰ ਦਿੱਤੀ ਸੀ ਕਿ ਕੂਕੇ ਕੋਈ ਵੀ ਇਕੱਠ ਉਨ੍ਹਾਂ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਨਾ ਕਰਨ। ਇਸ ਜ਼ਿਲ੍ਹੇ 'ਚ ਸੂਬਾ ਜਮੀਅਤ ਸਿੰਘ ਇਸ ਸੰਪਰਦਾਇ ਦੇ ਮੁਖੀ ਹਨ। ਸਤੰਬਰ 'ਚ ਕਿਲ੍ਹਾ ਸੋਭਾ ਸਿੰਘ ਵਿਖੇ ਬਿਨਾਂ ਇਜਾਜ਼ਤ ਇੱਕ ਮੀਟਿੰਗ ਕੀਤੀ ਗਈ ਸੀ। ਉੱਥੇ ਲੁਧਿਆਣਾ ਤੋਂ ਸੱਤ ਕੂਕੇ ਪੁੱਜੇ ਸਨ ਅਤੇ ਸ਼ਰਧਾਲੂਆਂ ਨੇ ਦੱਸਿਆ ਸੀ ਕਿ ਉਹ ਹੈਜ਼ਾ ਰੋਗ ਦੇ ਖ਼ਾਤਮੇ ਦੀ ਅਰਦਾਸ ਕਰਨ ਲਈ ਇਕੱਠੇ ਹੋਏ ਸਨ।

ਅੰਮ੍ਰਿਤਸਰ 'ਚ ਸੂਬਾ ਬ੍ਰਹਮਾ ਸਿੰਘ ਅਤੇ ਜੋਤਾ ਸਿੰਘ ਦੀ ਨਿਗਰਾਨੀ ਹੇਠ ਅਣਗਿਣਤ ਛੋਟੀਆਂ ਮੀਟਿੰਗਾਂ ਹੋਈਆਂ ਸਨ। ਇੱਥੇ ਵੀ ਡਿਪਟੀ ਕਮਿਸ਼ਨਰ ਨੇ ਇਸ ਸੰਪਰਦਾਇ ਨੂੰ ਬਿਨਾਂ ਵਿਸ਼ੇਸ਼ ਅਗਾਊਂ ਪ੍ਰਵਾਨਗੀ ਦੇ ਕੋਈ ਵੀ ਇਕੱਠ ਕਰਨ ਤੋਂ ਵਰਜ ਦਿੱਤਾ ਸੀ।

ਇਸ ਸੰਪਰਦਾਇ ਲਈ ਸਭ ਤੋਂ ਵੱਡਾ ਇਕੱਠ ਪਿਛਲੇ ਅਕਤੂਬਰ ਮਹੀਨੇ ਅੰਮ੍ਰਿਤਸਰ ਦੇ ਪਵਿੱਤਰ ਗੁਰੂਦੁਆਰੇ (ਸ੍ਰੀ ਹਰਿਮੰਦਰ ਸਾਹਿਬ) ਦੇ ਦਰਸ਼ਨ ਕਰਨ ਲਈ ਬਾਬਾ ਰਾਮ ਸਿੰਘ ਜੀ ਦੇ ਪੁੱਜਣ ਮੌਕੇ ਹੋਇਆ ਸੀ। ਇਸ ਵਿਸ਼ੇ 'ਤੇ ਕੈਪਟਨ ਮੈਂਜ਼ੀਸ ਦੀ ਰਿਪੋਰਟ ਨੱਥੀ ਕੀਤੀ ਜਾਂਦੀ ਹੈ। ਇੰਞ ਜਾਪਦਾ ਹੈ ਕਿ (ਗੁਰੂ) ਰਾਮ ਸਿੰਘ ਜੀ ਆਪਣੀ ਪਤਨੀ ਤੇ ਧੀ ਨਾਲ ਅੰਮ੍ਰਿਤਸਰ ਪੁੱਜੇ ਸਨ। ਅੰਮ੍ਰਿਤਸਰ ਦੇ ਸਥਾਨਕ ਚੰਗੇ ਅਸਰ ਰਸੂਖ਼ਦਾਰ ਲੋਕ ਤੇ ਵਪਾਰੀ ਬਾਬਾ ਰਾਮ ਸਿੰਘ ਜੀ ਨੂੰ ਮਿਲੇ ਸਨ ਤੇ ਉਨ੍ਹਾਂ ਨੂੰ 700 ਰੁਪਏ ਕੀਮਤ ਦੀਆਂ ਭੇਟਾਂ ਦਿੱਤੀਆਂ ਸਨ; ਉਨ੍ਹਾਂ ਨੂੰ ਸੋਹਣੇ ਕੱਪੜੇ ਦੇ 12 ਥਾਨ ਵੀ ਭੇਟ ਕੀਤੇ ਗਏ ਸਨ। ਉਨ੍ਹਾਂ ਆਪਣੇ ਪੈਰੋਕਾਰਾਂ ਨੂੰ 350 ਰੁ: ਦੇ ਕੰਬਲ ਵੰਡੇ ਸਨ। 20 ਸਾਲਾਂ ਦੀ ਇੱਕ ਮੁਟਿਆਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੀ ਮਹਿਲਾ ਸੂਬਾ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦਾ ਨਾਂਅ ਹੁਕਮੀ ਹੈ; ਉਹ ਅੰਮ੍ਰਿਤਸਰ ਜ਼ਿਲ੍ਹੇ 'ਚ ਸਰਹਾਲੀ ਥਾਣੇ ਅਧੀਨ ਪੈਂਦੇ ਪਿੰਡ ਵਰਿਆਂਹ ਦੇ ਜ਼ਿਮੀਂਦਾਰ ਰਤਨ ਸਿੰਘ ਦੀ ਧੀ ਹਨ; ਉਨ੍ਹਾਂ ਦੀ ਡਿਊਟੀ ਮਹਿਲਾਵਾਂ ਨੂੰ ਕੂਕਾ ਸੰਪਰਦਾਇ 'ਚ ਲੈ ਕੇ ਆਉਣ ਦੀ ਹੈ।

ਜਦੋਂ (ਗੁਰੂ) ਰਾਮ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ ਤਾਂ ਉਨ੍ਹਾਂ ਕੁਝ ਭੇਟਾ ਦਿੱਤੀ ਤੇ ਉਨ੍ਹਾਂ ਨੂੰ ਧਾਰਮਿਕ ਚਰਿੱਤਰ ਵਾਲੀਆਂ ਹੇਠਾਂ ਲਿਖੀਆਂ ਵਸਤਾਂ ਸ੍ਰੀ ਦਰਬਾਰ ਸਾਹਿਬ ਦੇ ਮਹੰਤਾਂ* ਨੇ ਦਿੱਤੀਆਂ:- ਝੰਡਾ ਬੁੰਗਾ ਤੋਂ ਇੱਕ ਦੁਸ਼ਾਲਾ ਤੇ ਇੱਕ ਪਗੜੀ, ਇੱਕ ਦੁਪੱਟਾ ਤੇ ਪਗੜੀ। ਇੰਸਪੈਕਟਰ (ਨਾਰਾਇਣ ਸ਼ਾਹ) ਨੇ ਦੱਸਿਆ ਕਿ ਬਾਬਾ ਰਾਮ ਸਿੰਘ ਜੀ ਨੇ ਅਕਾਲ ਬੁੰਗਾ ਵਿਖੇ ਦੋ ਰੁਪਏ ਚੜ੍ਹਾਏ, ਜੋ ਪ੍ਰਵਾਨ ਕਰ ਲਏ ਗਏ ਪਰ ਉਨ੍ਹਾਂ ਨੇ ਬਾਬਾ ਜੀ ਦੀ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ। ਸ੍ਰੀ ਦਰਬਾਰ ਸਾਹਿਬ ਤੋਂ ਉਨ੍ਹਾਂ ਦੀ ਵਾਪਸੀ ਮੌਕੇ ਅਕਾਲ ਬੁੰਗਾ ਦੇ ਮਹੰਤਾਂ ਨੇ ਬਾਬਾ ਜੀ ਸਾਹਵੇਂ ਇਹ ਸ਼ਰਤ ਰੱਖਦਿਆਂ ਕਿ ਜੇ ਉਹ ਆਪਣੇ ਸੰਪਰਦਾਇ 'ਚ ਸ਼ੁਰੂ ਕੀਤੀਆਂ ਨਵੀਆਂ ਰੀਤਾਂ ਤਿਆਗ ਦੇਣ, ਤਾਂ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ ਜਾ ਸਕਦਾ ਹੈ; ਪਰ ਉਨ੍ਹਾਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ ਕੈਪਟਨ ਮੈਂਜ਼ੀਸ ਥੋੜ੍ਹੀ ਗ਼ਲਤੀ ਕਰ ਗਏ। ਉਨ੍ਹਾਂ ਦੀ ਰਿਪੋਰਟ ਨਿਮਨਲਿਖਤ ਅਨੁਸਾਰ ਹੈ:

ਜੇ ਅਪਰਾਧਕ ਵਾਰਦਾਤਾਂ ਤੇ ਪੁਲਿਸ ਬੰਦੋਬਸਤਾਂ ਦੇ ਨਜ਼ਰੀਏ ਤੋਂ ਵੇਖੀਏ, ਤਾਂ ਦੀਵਾਲੀ ਮੇਲਾ ਸਫ਼ਲਤਾਪੂਰਵਕ ਨਿੱਬੜ ਗਿਆ, ਭਾਵੇਂ ਮੈਂਬਰ ਬਹੁਤ ਘੱਟ ਸਨ। (ਗੁਰੂ) ਰਾਮ ਸਿੰਘ ਜੀ 25 ਤਰੀਕ ਨੂੰ ਪੁੱਜੇ ਸਨ ਤੇ ਤਰਨਤਾਰਨ ਸੜਕ 'ਤੇ ਸ਼ਹਿਰ ਤੋਂ ਇੱਕ ਮੀਲ ਦੀ ਦੂਰੀ 'ਤੇ ਇੱਕ ਖ਼ੂਹ ਉੱਤੇ ਉਨ੍ਹਾਂ ਡੇਰਾ ਲਾਇਆ ਸੀ। ਉਨ੍ਹਾਂ ਨਾਲ 12 ਤੋਂ 14 ਵਿਅਕਤੀ ਸਨ। ਉਨ੍ਹਾਂ ਦੀ ਆਮਦ ਤੋਂ ਪਹਿਲਾਂ ਹੀ ਕੂਕਾ ਸੰਪਰਦਾਇ ਦੇ 800 ਦੇ ਲਗਭਗ ਸ਼ਰਧਾਲੂ ਇਕੱਠੇ ਹੋ ਚੁੱਕੇ ਸਨ। ਇਹ ਗਿਣਤੀ 26 ਤੇ 27 ਤਰੀਕ ਨੂੰ ਵਧ ਕੇ 12,000 ਦੇ ਕਰੀਬ ਹੋ ਗਈ ਸੀ। ਇਨ੍ਹਾਂ ਤੋਂ ਇਲਾਵਾ ਬੁੰਗਿਆਂ 'ਚ ਸਥਿਤ ਨਗਰ ਵਿੱਚ ਲਗਭਗ 3,000 ਤੋਂ 3,500 ਦੇ ਲਗਭਗ ਕੂਕੇ ਰਹਿੰਦੇ ਹੀ ਸਨ। (ਗੁਰੂ) ਰਾਮ ਸਿੰਘ ਜੀ ਨੂੰ ਦੱਸਿਆ ਗਿਆ ਕਿ ਉਹ ਕਮਿਸ਼ਨਰ ਨੂੰ ਜ਼ਰੂਰ ਮਿਲਣ ਅਤੇ ਇੰਸਪੈਕਟਰ ਨਾਰਾਇਣ ਸਿੰਘ ਨੂੰ ਉਨ੍ਹਾਂ ਦੇ ਕੈਂਪ ਦੀ ਨਿਗਰਾਨੀ ਤੇ (ਗੁਰੂ) ਜੀ ਦੇ ਨਾਲ ਰਹਿਣ ਲਈ ਤਾਇਨਾਤ ਕਰ ਦਿੱਤਾ ਗਿਆ ਸੀ। (ਗੁਰੂ) ਰਾਮ ਸਿੰਘ ਜੀ ਨੂੰ ਕਿਹਾ ਗਿਆ ਸੀ ਕਿ ਉਹ ਕਿਸੇ ਵੀ ਸਮੇਂ ਜਿੱਥੇ ਮਰਜ਼ੀ ਆ ਅਤੇ ਜਾ ਸਕਦੇ ਹਨ ਪਰ ਜੇ ਉਨਾਂ ਜਦੋਂ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨੇ ਹੋਣਗੇ, ਤਾਂ ਉਹ ਸਮਾਂ 27 ਤਰੀਕ ਨੂੰ ਸਵੇਰੇ ਸਾਢੇ ਪੰਜ ਵਜੇ ਦਾ ਹੀ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਨਾਲ ਕਿਸੇ ਵੀ ਹਾਲਤ 'ਚ 50 ਤੋਂ ਵੱਧ ਸ਼ਰਧਾਲੂ ਨਾ ਹੋਣ। ਇਸ ਸਬੰਧੀ ਹਫ਼ਤਾਵਾਰੀ ਨੰ. 11 'ਚ ਇੰਤਜ਼ਾਮਾਂ ਬਾਰੇ ਨੋਟਿਸ ਦੇ ਦਿੱਤਾ ਗਿਆ ਸੀ, ਤਾਂ ਜੋ ਹੁਕਮਾਂ ਦੀ ਇੰਨ-ਬਿੰਨ ਪਾਲਣਾ ਹੋ ਸਕੇ ਅਤੇ ਐਤਵਾਰ, 27 ਤਰੀਕ ਨੂੰ (ਗੁਰੂ) ਰਾਮ ਸਿੰਘ ਜੀ ਲਗਭਗ 50 ਸ਼ਰਧਾਲੂਆਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ ਸਨ ਪਰ ਅੰਦਰ ਇਹ ਗਿਣਤੀ ਵਧ ਕੇ ਦੋ ਤੋਂ ਤਿੰਨ ਸੌ ਤੱਕ ਹੋ ਗਈ ਸੀ ਕਿਉਂਕਿ ਪਵਿੱਤਰ ਅਸਥਾਨ ਅੰਦਰ ਪਹਿਲਾਂ ਤੋਂ ਹੀ ਮੌਜੂਦ ਕੂਕੇ ਵੀ

* ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਚ ਪਵਿੱਤਰ ਧਾਰਮਿਕ ਅਸਥਾਨ ਹੈ।

ਉਨ੍ਹਾਂ ਨਾਲ ਆ ਰਲੇ ਸਨ। ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਅਤੇ ਸਰੋਵਰ ਦੁਆਲੇ ਸਥਿਤ ਹੋਰ ਧਾਰਮਿਕ ਅਸਥਾਨਾਂ 'ਚ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ ਪਰ ਉਨ੍ਹਾਂ ਨੂੰ ਅਕਾਲ ਬੁੰਗਾ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ, ਜਿੱਥੇ ਨਿਹੰਗ ਬੈਠਦੇ ਹਨ ਤੇ ਜਿੱਥੇ ਨਵੇਂ ਸਿੰਘ ਸਜਦੇ ਹਨ। ਇੱਥੇ ਜਦੋਂ ਬਾਬਾ ਜੀ ਨੇ ਆਪਣੀਆਂ ਭੇਟਾਂ ਦਿੱਤੀਆਂ, ਤਾਂ ਉਨ੍ਹਾਂ ਨੇ ਉਹ ਸਭ ਉਦੋਂ ਤੱਕ ਲੈਣ ਤੋਂ ਇਨਕਾਰ ਕਰ ਦਿੱਤਾ, ਜਦੋਂ ਤੱਕ ਕਿ ਉਹ ਸਿੱਖ-ਕੂਕਿਆਂ ਲਈ ਲਾਗੂ ਕੀਤੀਆਂ ਕੁਝ ਨਵੀਆਂ ਰਹਿਤ ਮਰਿਆਦਾਵਾਂ ਬਦਲੇ ਉਨ੍ਹਾਂ ਨੂੰ ਕੀਤਾ ਗਿਆ ਜੁਰਮਾਨਾ ਅਦਾ ਕਰਨ ਲਈ ਸਹਿਮਤ ਨਹੀਂ ਹੋ ਜਾਂਦੇ। ਬਾਬਾ ਜੀ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਤੇ ਅੱਗੇ ਵਧ ਗਏ। ਉਨ੍ਹਾਂ 26 ਤਰੀਕ ਦੀ ਸਵੇਰ ਨੂੰ ਕਮਿਸ਼ਨਰ ਨਾਲ ਮੁਲਾਕਾਤ ਕੀਤੀ ਸੀ। ਉਹ 28 ਤਰੀਕ ਨੂੰ ਦੋਬਾਰਾ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਗਏ ਤੇ ਆਪਣੇ ਬੁੰਗੇ (ਡੇਰੇ) 'ਚ ਕੁਝ ਸਮੇਂ ਲਈ ਰੁਕੇ, ਜਿੱਥੇ ਰਾਜਾ-ਸਾਂਸੀ ਦੇ ਸਰਦਾਰ ਸ਼ਮਸ਼ੇਰ ਸਿੰਘ ਤੇ ਉਨ੍ਹਾਂ ਦੇ ਭਰਾ ਠਾਕੁਰ ਸਿੰਘ ਉਨ੍ਹਾਂ ਨੂੰ ਮਿਲੇ ਸਨ ਤੇ ਉਨ੍ਹਾਂ ਨੂੰ ਕੁਝ ਭੇਟਾਂ ਦਿੱਤੀਆਂ ਸਨ। ਕੈਂਪ 'ਚ ਵੀ ਉਨ੍ਹਾਂ ਨੂੰ ਸ਼ਹਿਰ ਦੇ ਮੁਸਲਿਮ, ਹਿੰਦੂ ਤੇ ਸਿੱਖਾਂ ਦੇ ਨਾਲ-ਨਾਲ ਪਾਦਰੀ ਸ੍ਰੀ ਕਲਾਰਕ, ਸ੍ਰੀ ਸਟੌਰਕਸ ਤੇ ਪੁਲਿਸ ਦੇ ਅਸਿਸਟੈਂਟ ਸੁਪਰਇੰਟੈਂਡੈਂਟ ਸ੍ਰੀ ਕ੍ਰਿਸਟੀ ਜਿਹੇ ਕਈ ਸੱਜਣ ਪੁਰਖ ਮਿਲਣ ਲਈ ਗਏ ਸਨ। ਆਪਣੇ ਇਸ ਦੌਰੇ ਦੌਰਾਨ ਉਨ੍ਹਾਂ 2,000 ਦੇ ਲਗਭਗ ਨਵੇਂ ਕੂਕੇ ਬਣਾਏ ਸਨ, ਜਿਨ੍ਹਾਂ 'ਚ ਮਰਦ ਤੇ ਔਰਤਾਂ ਦੇ ਨਾਲ-ਨਾਲ ਦੋ ਨਿੱਕੇ ਬੱਚੇ (ਜਿਨ੍ਹਾਂ 'ਚੋਂ ਇੱਕ ਦੀ ਉਮਰ ਤਾਂ ਸਿਰਫ਼ ਤਿੰਨ ਦਿਨ ਸੀ) ਵੀ ਸ਼ਾਮਲ ਸਨ; ਇਨ੍ਹਾਂ ਸਭ ਨੂੰ ਕੂਕਾ ਸੰਪਰਦਾਇ 'ਚ ਸ਼ਾਮਲ ਕੀਤਾ ਗਿਆ ਸੀ ਕਿ ਤਾਂ ਜੋ ਉਹ ਸਭ ਇੱਕ ਪਰਿਵਾਰ ਵਜੋਂ ਮਿਲ ਕੇ ਖਾਣਾ ਖਾ ਸਕਣ। ਨਵੇਂ ਕੂਕੇ ਬਣਨ ਵਾਲਿਆਂ ਦੀ ਗਿਣਤੀ ਇੱਥੇ ਕਿਉਂਕਿ ਕਾਫ਼ੀ ਜ਼ਿਆਦਾ ਸੀ, ਇਸੇ ਲਈ ਉਨ੍ਹਾਂ ਹਰੇਕ ਨਵੇਂ ਪੈਰੋਕਾਰ ਦੇ ਕੰਨ 'ਚ ਕੁਝ ਦੱਸਣ ਦੀ ਰਸਮ ਨਹੀਂ ਕੀਤੀ ਸੀ ਤੇ ਉਨ੍ਹਾਂ ਨੂੰ ਇੱਕ ਕਤਾਰ 'ਚ ਖੜ੍ਹਾ ਕੇ ਸਿਰਫ਼ ਉੱਚੀ-ਉੱਚੀ 'ਵਾਹਿਗੁਰੂ ਜੀ ਕਾ ਖ਼ਾਲਸਾ' ਵਾਰ-ਵਾਰ ਬੋਲਣ ਲਈ ਆਖਿਆ ਗਿਆ ਸੀ। ਉਨ੍ਹਾਂ ਨਾਲ ਧੌਲਪੁਰ, ਪਟਿਆਲਾ ਦੇ ਸਰਦਾਰ ਮੰਗਲ ਸਿੰਘ ਤੇ ਨਿਮਨਲਿਖਤ ਸੂਬੇ ਜਾਂ ਪ੍ਰਮੁੱਖ ਵਿਅਕਤੀ ਵੀ ਮੌਜੂਦ ਰਹੇ ਸਨ:

ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪਿਤਾ ਸ. ਜੱਸਾ ਸਿੰਘ ਜੀ।

1. ਸੁਧ ਸਿੰਘ।
2. ਸਾਹਿਬ ਸਿੰਘ।
3. ਨਾਰਾਇਣ ਸਿੰਘ, ਵਾਸੀ ਮੁਕਤਸਰ।
4. ਮਲੂਕ ਸਿੰਘ, ਵਾਸੀ ਫੋਲੀਆਵਾਲਾ।
5. ਸਮੁੰਦ ਸਿੰਘ, ਵਾਸੀ ਕੂਲੀਆ।
6. ਨਿਹੰਗ ਸਿੰਘ (ਅਸਲ ਨਾਂਅ ਕਾਹਨ ਸਿੰਘ ਨਿਹੰਗ), ਵਾਸੀ ਗੁਰਦਾਸਪੁਰ।
7. ਖ਼ਜ਼ਾਨ ਸਿੰਘ।
8. ਲੱਖਾ ਸਿੰਘ।

9. ਜਮੀਅਤ ਸਿੰਘ, ਵਾਸੀ ਕਿਲ੍ਹਾ ਸੂਬਾ ਸਿੰਘ।
10. ਜੋਤਾ ਸਿੰਘ, ਵਾਸੀ ਗੁਜਰਾਂਵਾਲਾ।
11. ਬ੍ਰਹਮਾ ਸਿੰਘ (ਉਪਰੋਕਤ ਸਭ ਦੇ ਨਾਂਅ ਪੈਂਫ਼ਲਿਟ 'ਚ ਹਨ)।

ਨਿਮਨਲਿਖਤ ਨਵੇਂ ਸੂਬੇ ਵੀ ਮੌਜੂਦ ਸਨ:

1. ਰਾਮਜਸ, ਬ੍ਰਾਹਮਣ ਵਾਸੀ ਜਗਰਾਓਂ, ਲੁਧਿਆਣਾ।
2. ਲਾਲ ਸਿੰਘ (ਕੋਈ ਨਿਵਾਸ ਸਥਾਨ ਨਹੀਂ)।
3. ਬਸਾਵਾ ਸਿੰਘ, ਵਾਸੀ ਗੁਲਚੇਤਾ।
4. ਬਾਬਾ ਜਵਾਹਰ ਸਿੰਘ, ਵਾਸੀ ਤਖ਼ਤੂਪੁਰ, ਫ਼ਿਰੋਜ਼ਪੁਰ।
5. ਹਰਨਾਮ ਸਿੰਘ, ਵਾਸੀ ਜੀਂਦ।
6. ਪਹਾੜਾ ਸਿੰਘ, ਵਾਸੀ ਲੁਧਿਆਣਾ।
7. ਹੁਕਮਾ ਸਿੰਘ, ਵਾਸੀ ਅੰਮ੍ਰਿਤਸਰ।
8. ਸਾਧੂ ਸਿੰਘ, ਵਾਸੀ ਲੁਧਿਆਣਾ।
9. ਸਰਮੁਖ ਸਿੰਘ, ਵਾਸੀ ਪਟਿਆਲਾ।
10. ਗੋਪਾਲ ਸਿੰਘ (ਕੋਈ ਖ਼ਾਸ ਨਿਵਾਸ ਨਹੀਂ)।
11. ਮੁਸੰਮਤ ਹੁਕਮੀ, ਵਾਸੀ ਵਰਿਆਂਹ, ਅੰਮ੍ਰਿਤਸਰ।

ਅੰਮ੍ਰਿਤਸਰ ਦੇ ਨਿਮਨਲਿਖਤ ਨਿਵਾਸੀ ਵੀ ਮੌਜੂਦ ਸਨ:

1. ਨਾਰਾਇਣ ਸਿੰਘ।
2. ਜਵਾਹਰ ਸਿੰਘ।
3. ਰੂੜ ਸਿੰਘ।

ਉਪਰੋਕਤ ਪਹਿਲੀ ਸੂਚੀ ਵਿੱਚੋਂ ਨੰ. 2 ਸਾਹਿਬ ਸਿੰਘ ਨੂੰ ਬਾਬਾ ਜੀ ਦੇ ਇੱਛਤ ਵਾਰਸ ਵਜੋਂ ਮਾਨਤਾ ਹਾਸਲ ਹੈ ਤੇ ਉਨ੍ਹਾਂ ਦੀ ਬਾਬਾ ਰਾਮ ਸਿੰਘ ਜੀ ਨਾਲੋਂ ਵੀ ਵੱਧ ਸੁਣਵਾਈ ਹੁੰਦੀ ਹੈ। ਉਹ, ਸੁਧ ਸਿੰਘ, ਨਿਹੰਗ ਸਿੰਘ, ਬ੍ਰਹਮਾ ਸਿੰਘ ਤੇ ਲੱਖਾ ਸਿੰਘ ਵਧੇਰੇ ਹੰਗਾਮਾ ਖੜ੍ਹਾ ਕਰਦੇ ਹਨ ਤੇ ਸਥਾਪਤ ਅਧਿਕਾਰੀਆਂ ਦੇ ਹੁਕਮ ਛੇਤੀ ਕਿਤੇ ਨਹੀਂ ਮੰਨਦੇ। ਮੇਲੇ ਦੌਰਾਨ ਮਾੜਾ ਵਿਵਹਾਰ ਕਰਨ ਵਾਲੇ ਸਿਰਫ਼ ਲੱਖਾ ਸਿੰਘ ਸਨ। ਉਨ੍ਹਾਂ ਨੇ ਉਸ ਪੁਲਿਸ ਸਾਰਜੈਂਟ ਨਾਲ ਮਾੜਾ ਵਿਵਹਾਰ ਕੀਤਾ ਸੀ, ਜਿਸ ਨੇ 28 ਤਰੀਕ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਦਰ 50 ਤੋਂ ਵੱਧ ਸ਼ਰਧਾਲੂਆਂ ਨੂੰ ਜਾਣ ਤੋਂ ਰੋਕਿਆ ਸੀ। ਇੰਸਪੈਕਟਰ ਇਬਰਾਹਿਮ ਖ਼ਾਨ ਨੇ ਭਾਵੇਂ ਉਨ੍ਹਾਂ ਨੂੰ ਤੁਰੰਤ ਸਿੱਧਾ ਕਰ ਦਿੱਤਾ ਸੀ ਤੇ ਬਾਬਾ ਰਾਮ ਸਿੰਘ ਜੀ ਨੇ ਸਾਰਜੈਂਟ ਤੋਂ ਗਲਤੀ ਮੰਨ ਲਈ ਸੀ। ਮੇਲੇ ਦੌਰਾਨ ਸਿਰਫ਼ ਇੱਕ ਨਿਹੰਗ ਤੋਂ ਇੱਕ ਡਾਂਗ ਲੈ ਕੇ ਰਖਵਾਈ ਗਈ ਸੀ ਤੇ ਇੱਕ ਹੋਰ ਸੋਟੀ ਵੇਖੀ ਗਈ ਸੀ ਜੋ ਚੀਚੀ ਉਂਗਲੀ ਤੋਂ ਥੋੜ੍ਹੀ ਮੋਟੀ ਸੀ। ਮੈਂ ਇਸ ਤੋਂ ਪਹਿਲਾਂ ਕਿਸੇ ਮੇਲੇ ਦੌਰਾਨ ਇੰਨੀ ਜ਼ਿਆਦਾ ਵਿਵਸਥਿਤ ਤੇ ਆਗਿਆਕਾਰੀ ਭੀੜ ਨਹੀਂ ਵੇਖੀ ਸੀ ਤੇ ਅਪਰਾਧ ਵੀ ਨਾਮਾਤਰ ਹੀ ਰਹੀ ਸੀ। ਜਿਸ ਥਾਂ ਕੈਂਪ ਲੱਗਾ ਸੀ, (ਗੁਰੂ) ਰਾਮ ਸਿੰਘ ਜੀ ਉਸ ਥਾਂ ਤੋਂ ਅਤੇ ਉੱਥੇ ਉਨ੍ਹਾਂ ਤੇ ਉਨ੍ਹਾਂ ਦੇ ਸ਼ਰਧਾਲੂਆਂ ਲਈ ਕੀਤੇ

ਪਾਣੀ ਦੇ ਭਰੇ ਤਾਲਾਬ ਨੂੰ ਵੇਖ ਕੇ ਖ਼ੁਸ਼ ਹੋਏ ਸਨ। ਸਿਰਫ਼ ਅਕਾਲ ਬੁੰਗਾ ਨੂੰ ਛੱਡ ਕੇ ਉਨ੍ਹਾਂ ਨੂੰ ਹਰ ਥਾਂ 'ਤੇ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ ਤੇ ਦੀਵਾਲੀ ਦੀ ਰਾਤ ਨੂੰ ਉਹ ਭੀੜ 'ਚ ਸ਼ਾਮਲ ਹੋਏ ਸਨ ਤੇ ਸਭ ਕੁਝ ਸੁਖਾਵਾਂ ਰਿਹਾ ਸੀ। ਕਿਤੇ ਕੋਈ ਹੁੱਕਾ ਨਹੀਂ ਤੋੜਿਆ ਗਿਆ ਸੀ ਤੇ ਨਾ ਹੀ ਕਿਸੇ ਗ਼ੈਰ-ਕੂਕੇ ਦੇ ਸਿਰ ਤੋਂ ਕੋਈ ਪੱਗ ਲਾਹੀ ਗਈ ਸੀ ਅਤੇ ਨਾ ਹੀ ਉਨ੍ਹਾਂ ਹੋਰ ਫ਼ਿਰਕਿਆਂ ਦੇ ਲੋਕਾਂ ਨਾਲ ਕੋਈ ਮਾੜਾ ਵਿਵਹਾਰ ਕੀਤਾ ਸੀ। (ਗੁਰੂ) ਰਾਮ ਸਿੰਘ ਜੀ ਹੀ ਕੁਝ ਅਸਵੱਸਥ ਵਿਖਾਈ ਦਿੱਤੇ ਸਨ ਕਿਉਂਕਿ ਉਹ *'ਵੈਨਰੀਅਲ'* (ਜਿਨਸੀ) ਰੋਗ ਤੋਂ ਪੀੜਤ ਦੱਸੇ ਜਾਂਦੇ ਹਨ।

ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪ੍ਰਮੁੱਖ ਵਿਅਕਤੀ ਅਗਲੇ ਮਹੀਨੇ ਤੱਕ ਇੱਥੇ ਰਹਿਣਗੇ; ਉਨ੍ਹਾਂ ਦੇ ਜ਼ਿਆਦਾਤਰ ਸ਼ਰਧਾਲੂ ਇੱਥੋਂ ਜਾ ਚੁੱਕੇ ਹਨ।

## ਕਰਨਲ ਮੈਕਐਂਡ੍ਰਿਊ ਦਾ ਮੀਮੋ

ਦੀਵਾਲੀ ਮੌਕੇ ਮੈਂ ਅੰਮ੍ਰਿਤਸਰ 'ਚ ਸਾਂ। ਕੈਪਟਨ ਮੈਂਜ਼ੀਸ ਵੱਲੋਂ ਕੀਤੇ ਪੁਲਿਸ ਇੰਤਜ਼ਾਮ ਹਮੇਸ਼ਾ ਵਾਂਗ ਆਲ੍ਹਾ ਦਰਜੇ ਦੇ ਅਤੇ ਬੇਹੱਦ ਸੂਝ-ਬੂਝ ਨਾਲ ਕੀਤੇ ਗਏ ਸਨ; ਜਿਨ੍ਹਾਂ ਸਦਕਾ ਅਪਰਾਧ ਤੋਂ ਬਚਾਅ ਹੀ ਰਿਹਾ ਤੇ ਕਾਨੂੰਨ ਅਤੇ ਵਿਵਸਥਾ ਕਾਇਮ ਰਹੇ। ਇਕੱਠੇ ਹੋਏ ਲੋਕਾਂ ਦੀ ਗਿਣਤੀ ਆਮ ਨਾਲੋਂ ਬਹੁਤ ਘੱਟ ਸੀ; ਇਸ ਦਾ ਕਾਰਣ ਇਹੋ ਦੱਸਿਆ ਗਿਆ ਸੀ ਕਿ ਬਹੁਤੇ ਲੋਕ ਮੌਸਮੀ ਬੀਮਾਰੀਆਂ, ਖ਼ਾਸ ਕਰਕੇ ਬੁਖ਼ਾਰ ਕਾਰਨ ਆ ਨਹੀਂ ਸਕੇ ਸਨ। ਪਸ਼ੂ ਮੇਲਾ ਵੀ ਇੰਝ ਔਸਤ ਤੋਂ ਕਿਤੇ ਘੱਟ ਬੇਰੌਣਕਾ ਹੀ ਰਿਹਾ ਸੀ ਅਤੇ ਉੱਥੇ ਪੁੱਜੇ ਘੋੜਿਆਂ ਦੀ ਗਿਣਤੀ ਵੀ ਮੰਗ ਦੇ ਮੁਕਾਬਲੇ ਨਹੀਂ ਸੀ; ਉੱਥੇ ਅਨਿਯਮਤ ਘੁੜਸਵਾਰ ਕੋਰ ਦੇ ਅਧਿਕਾਰੀ ਉੱਥੇ ਖ਼ਰੀਦਦਾਰੀ ਲਈ ਪੁੱਜੇ ਹੋਏ ਸਨ ਪਰ ਵਧੀਆ ਨਸਲ ਦੇ ਨਵੇਂ ਘੋੜੇ ਉੱਥੇ ਬਹੁਤ ਘੱਟ ਸਨ। ਮੈਂ (ਗੁਰੂ) ਰਾਮ ਸਿੰਘ ਜੀ ਨੂੰ ਮਿਲਿਆ ਸਾਂ, ਜਿਨ੍ਹਾਂ ਆਪਣੇ 'ਤੇ ਲੱਗੀਆਂ ਪਾਬੰਦੀਆਂ ਹਟਾਉਣ ਲਈ ਸਰਕਾਰ ਦਾ ਸ਼ੁਕਰੀਆ ਅਦਾ ਕੀਤਾ ਸੀ; (ਗੁਰੂ) ਰਾਮ ਸਿੰਘ ਜੀ ਦੇ ਕੈਂਪ ਵੱਲ ਉਨ੍ਹਾਂ ਨੂੰ ਮਿਲਣ ਲਈ ਸ਼ਹਿਰ ਦੇ ਬਹੁਤ ਸਾਰੇ ਲੋਕ ਜਾ ਰਹੇ ਸਨ ਪਰ ਉਹ ਥੋੜ੍ਹੇ ਫ਼ਿਕਰਮੰਦ ਜਿਹੇ ਵੀ ਸਨ। ਮੈਂ ਸਰਦਾਰ ਮੰਗਲ ਸਿੰਘ (ਰਾਮਗੜ੍ਹੀਆ), ਮਾਣਯੋਗ ਮੈਜਿਸਟ੍ਰੇਟ ਅਤੇ ਗੁਰਦੁਆਰਾ ਸਾਹਿਬ ਦੇ ਨਿਗਰਾਨ ਅਤੇ ਹੋਰ ਬਹੁਤ ਸਾਰੇ ਸਿੱਖ ਸੱਜਣ-ਪੁਰਖਾਂ ਤੋਂ ਪੁੱਛਿਆ ਕਿ ਉਹ ਬਾਬਾ ਰਾਮ ਸਿੰਘ ਜੀ ਬਾਰੇ ਕੀ ਸੋਚਦੇ ਹਨ; ਤਾਂ ਉਨ੍ਹਾਂ ਸਭ ਦਾ ਇਹੋ ਜਵਾਬ ਸੀ ਕਿ ਉਨ੍ਹਾਂ ਨੂੰ ਉਹ ਬਹੁਤ ਹਾਂ-ਪੱਖੀ ਤੇ ਦੋਸਤਾਨਾ ਸੁਭਾਅ ਦੇ ਮਾਲਕ ਹਨ ਤੇ ਉਨ੍ਹਾਂ ਤੋਂ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋ ਸਕਦਾ, ਉਹ ਜੋ ਵੀ ਸਿਖਾਉਂਦੇ ਹਨ, ਉਸ 'ਚ ਵਿਸ਼ਵਾਸ ਰੱਖਦੇ ਹਨ; ਪਰ ਉਨ੍ਹਾਂ ਦੇ ਕੁਝ ਮਹੰਤਾਂ ਜਾਂ ਸੂਬਿਆਂ ਬਾਰੇ ਉਨ੍ਹਾਂ ਦੇ ਵਿਚਾਰ ਕੁਝ ਹੱਕ 'ਚ ਨਹੀਂ ਸਨ, ਖ਼ਾਸ ਕਰਕੇ ਸਾਹਿਬ ਸਿੰਘ ਬਾਰੇ, ਜਿਸ ਦੇ ਬਾਬਾ ਰਾਮ ਸਿੰਘ ਜੀ ਤੋਂ ਬਾਅਦ ਗੁਰੂ ਵਜੋਂ ਵਾਰਸ ਬਣਨ ਦੀ ਸੰਭਾਵਨਾ ਹੈ। ਕੈਪਟਨ ਮੈਂਜ਼ੀਸ ਨੇ ਲੱਖਾ ਸਿੰਘ ਨੂੰ ਬਾਬਾ ਰਾਮ ਸਿੰਘ ਜੀ ਦਾ ਏ.ਡੀ.ਸੀ. ਦੱਸਿਆ ਹੈ ਤੇ ਉਹ ਸਦਾ ਉਨ੍ਹਾਂ ਦੇ ਨਾਲ ਹੀ ਰਹਿੰਦਾ ਹੈ; ਉਹ ਪਹਿਲਾਂ ਸ਼ੇਰ-ਦਿਲ ਰੈਜਿਮੈਂਟ ਵਿੱਚ ਇੱਕ ਸਿਪਾਹੀ ਸੀ।

# 23
# ਅੰਤਿਕਾ II

*ਸੂਚੀ – ਜੋ ਬਾਬਾ ਰਾਮ ਸਿੰਘ ਜੀ ਕੂਕਾ ਦੇ ਲੈਫ਼ਟੀਨੈਂਟਾਂ ਤੇ ਉਨ੍ਹਾਂ ਦੇ ਮਾਪਿਆਂ ਦੇ ਨਾਂਅ ਤੇ ਹੋਰ ਵੇਰਵੇ ਦਰਸਾਉਂਦੀ ਹੈ ਤੇ ਜੋ ਅੰਮ੍ਰਿਤਸਰ ਦੇ ਦੀਵਾਲੇ ਮੌਕੇ ਉਨ੍ਹਾਂ ਨਾਲ ਸਨ;*

ਪਹਿਲਾ:– ਲਾਭ ਸਿੰਘ ਪੁੱਤਰ ਜੀਤਾ ਸਿੰਘ, ਕਾਸ਼ਤਕਾਰ (ਵੜਿੰਗ), ਵਾਸੀ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ਜੋ ਪੂਰੀ ਤਰ੍ਹਾਂ ਨੇਤਰਹੀਣ ਹਨ, ਉਮਰ 40 ਵਰ੍ਹੇ। ਇਹ ਵਿਅਕਤੀ ਜਲੰਧਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ’ਚ ਪ੍ਰਚਾਰ ਕਰਦਾ ਹੈ।

ਦੂਜਾ:– ਲੱਖਾ ਸਿੰਘ ਪੁੱਤਰ ਰਾਮ ਸਿੰਘ, ਕਾਸ਼ਤਕਾਰ (ਸੁਰਈ), ਵਾਸੀ ਮਲੌਦ ਜ਼ਿਲ੍ਹਾ ਲੁਧਿਆਣਾ; ਪਰ ਇਸ ਵੇਲੇ ਭੈਣੀ ’ਚ ਰਹਿ ਰਿਹਾ ਹੈ, ਉਮਰ 28 ਵਰ੍ਹੇ। ਇਹ ਵਿਅਕਤੀ ਹੁਸ਼ਿਆਰਪੁਰ ਤੇ ਜਲੰਧਰ ਜ਼ਿਲ੍ਹਿਆਂ ’ਚ ਨਵੇਂ ਕੂਕੇ ਬਣਾਉਣ ਲਈ ਪ੍ਰਚਾਰ ਕਰਦਾ ਹੈ।

ਤੀਜਾ:– ਰਾਮਜੱਸ ਪੁੱਤਰ ਨਾਨਕ ਚੰਦ, ਜਾਤੀ ਬ੍ਰਾਹਮਣ, ਨਿਵਾਸੀ ਜਗਰਾਓਂ, ਜ਼ਿਲ੍ਹਾ ਲੁਧਿਆਣਾ, 70 ਵਰ੍ਹੇ, ਲੁਧਿਆਣਾ ਜ਼ਿਲ੍ਹੇ ’ਚ ਪ੍ਰਚਾਰ ਕਰਦਾ ਹੈ।

ਚੌਥਾ:– ਸਾਹਿਬ ਸਿੰਘ ਪੁੱਤਰ ਦਿਆਲ ਸਿੰਘ, ਜਾਤੀ ਤਰਖਾਣ, ਨਿਵਾਸੀ ਬੈਵਾਲੀਪੁਰ, ਜ਼ਿਲ੍ਹਾ ਅੰਮ੍ਰਿਤਸਰ, ਉਮਰ 34 ਵਰ੍ਹੇ। ਇਹ ਵਿਅਕਤੀ ਸਦਾ ਬਾਬਾ ਰਾਮ ਸਿੰਘ ਜੀ ਦੇ ਨਾਲ ਰਹਿੰਦਾ ਹੈ ਤੇ ਚੀਫ਼ ਲੈਫ਼ਟੀਨੈਂਟ ਹੈ ਤੇ ਗੁਰੂ ਜੀ ਦਾ ਪ੍ਰਸਿੱਧ ਵਾਰਸ ਹੈ।

ਪੰਜਵਾਂ:– ਕਾਹਨ ਸਿੰਘ ਪੁੱਤਰ ਨੱਥਾ ਸਿੰਘ, ਜਾਤੀ ਕਾਸ਼ਤਕਾਰ (ਬੋਪਾਰਾਏ), ਵਾਸੀ ਮਲੇਰਕੋਟਲਾ ਖੇਤਰ ਦਾ ਚੱਕ, ਉਮਰ 60 ਵਰ੍ਹੇ, ਇਸ ਵੇਲੇ ਬਿਲੋਲ, ਜ਼ਿਲ੍ਹਾ ਹੁਸ਼ਿਆਰਪੁਰ ’ਚ ਰਹਿ ਰਿਹਾ ਹੈ। ਇਹ ਵਿਅਕਤੀ ਇੱਕ ਬਹੁਤ ਵੱਡਾ ਨਿਹੰਗ ਹੈ, ਭਾਵੇਂ ਇੱਕ ਕੂਕਾ ਵੀ ਹੈ ਤੇ ਹੁਸ਼ਿਆਰਪੁਰ, ਅੰਬਾਲਾ, ਮਾਲਵਾ ਤੇ ਕੋਹਿਸਤਾਨ ’ਚ ਪ੍ਰਚਾਰ ਕਰਦਾ ਹੈ।

6ਵਾਂ:– ਨਾਰਾਇਣ ਸਿੰਘ ਪੁੱਤਰ ਸੰਤ ਸਿੰਘ, ਜਾਤੀ ਤਰਖਾਣ, ਨਿਵਾਸੀ ਖੇੜੀ, ਜ਼ਿਲ੍ਹਾ ਲੁਧਿਆਣਾ, ਉਮਰ 32 ਵਰ੍ਹੇ, ਮੁਕਤਸਰ ਤੇ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਹੋਰ ਸਥਾਨਾਂ ’ਤੇ ਪ੍ਰਚਾਰ ਕਰਦਾ ਹੈ।

7ਵਾਂ:– ਹੁਕਮ ਸਿੰਘ ਪੁੱਤਰ ਮੋਹਰ ਸਿੰਘ, ਜਾਤੀ ਕਾਸ਼ਤਕਾਰ (ਮਾਨ), ਨਾਭਾ ਖੇਤਰ ਦੇ ਪੁਨੂੰ ਦਾ ਨਿਵਾਸੀ, ਉਮਰ 25 ਵਰ੍ਹੇ, ਲੁਧਿਆਣਾ ਤੇ ਮਾਝਾ ’ਚ ਪ੍ਰਚਾਰ ਕਰਦਾ ਹੈ।

8ਵਾਂ:– ਪਾਹੜਾ ਸਿੰਘ ਪੁੱਤਰ ਹੀਮਾ, ਜਾਤੀ ਕਾਸ਼ਤਕਾਰ (ਬੁੰਧੇਰ), ਨਿਵਾਸੀ ਮਲੌਦ, ਜ਼ਿਲ੍ਹਾ ਲੁਧਿਆਣਾ, ਉਮਰ 37 ਵਰ੍ਹੇ, ਲੁਧਿਆਣਾ, ਗੁਜਰਾਂਵਾਲਾ ’ਚ ਪ੍ਰਚਾਰ ਕਰਦਾ ਹੈ।

9ਵਾਂ:- ਜਵਾਹਰ ਸਿੰਘ ਪੁੱਤਰ ਢੱਲ ਸਿੰਘ, ਜਾਤੀ ਕਾਸ਼ਤਕਾਰ (ਸੋਹਨ), ਨਿਵਾਸੀ ਭੋਲੇਕੇ, ਹਾਲ-ਆਬਾਦ ਤਖ਼ਤੂਪੁਰਾ, ਜ਼ਿਲ੍ਹਾ ਫ਼ਿਰੋਜ਼ਪੁਰ, ਉਮਰ 46 ਸਾਲ, ਫ਼ਿਰੋਜ਼ਪੁਰ ਤੇ ਲਾਗਲੇ ਇਲਾਕਿਆਂ 'ਚ ਪ੍ਰਚਾਰ ਕਰਦਾ ਹੈ।

10ਵਾਂ:- ਸਮੁੰਦ ਸਿੰਘ ਪੁੱਤਰ ਵਸਾਵਾ ਸਿੰਘ, ਜਾਤੀ ਕਾਸ਼ਤਕਾਰ (ਸਿੱਧੂ), ਵਾਸੀ ਖੋਟੀ, ਜ਼ਿਲ੍ਹਾ ਫ਼ਿਰੋਜ਼ਪੁਰ, ਉਮਰ 40 ਸਾਲ, ਫ਼ਿਰੋਜ਼ਪੁਰ ਜ਼ਿਲ੍ਹੇ 'ਚ ਪ੍ਰਚਾਰ ਕਰਦਾ ਹੈ।

11ਵਾਂ:- ਅਰੂੜ ਸਿੰਘ ਪੁੱਤਰ ਦਿਆਲ ਸਿੰਘ, ਜਾਤੀ ਤਰਖਾਣ, ਨਿਵਾਸੀ ਬੈਵਾਲੀਪੁਰ, ਜ਼ਿਲ੍ਹਾ ਅੰਮ੍ਰਿਤਸਰ, ਉਮਰ 40 ਵਰ੍ਹੇ, ਅੰਮ੍ਰਿਤਸਰ ਜ਼ਿਲ੍ਹੇ 'ਚ ਪ੍ਰਚਾਰ ਕਰਦਾ ਹੈ।

12ਵਾਂ:- ਵਸਾਵਾ ਸਿੰਘ ਪੁੱਤਰ ਖੜਕ ਸਿੰਘ, ਜਾਤੀ ਕਾਸ਼ਤਕਾਰ (ਥੋਂਗ), ਵਾਸੀ ਅਨੂਲ, ਜ਼ਿਲ੍ਹਾ ਕਰਨਾਲ, ਉਮਰ 50 ਵਰ੍ਹੇ, ਕਰਨਾਲ ਤੇ ਅੰਬਾਲਾ ਜ਼ਿਲ੍ਹਿਆਂ 'ਚ ਪ੍ਰਚਾਰ ਕਰਦਾ ਹੈ।

13ਵਾਂ- ਮੁਸੰਮਤ ਹੁਕਮੀ, ਸਪੁੱਤਰੀ ਰਤਨ ਸਿੰਘ, ਕਾਸ਼ਤਕਾਰ, ਵਾਸੀ ਵਰਿਆ, ਜ਼ਿਲ੍ਹਾ ਅੰਮ੍ਰਿਤਸਰ, ਉਮਰ 20 ਵਰ੍ਹੇ, ਇਹ ਮੁਟਿਆਰ ਕਾਹਨ ਸਿੰਘ ਨਿਹੰਗ, ਨੰ. 5 ਹੁਸ਼ਿਆਰਪੁਰ, ਅੰਮ੍ਰਿਤਸਰ ਤੇ ਹੋਰਨਾਂ ਜ਼ਿਲ੍ਹਿਆਂ 'ਚ ਬਹੁਤ ਸਫ਼ਲਤਾਪੂਰਵਕ ਪ੍ਰਚਾਰ ਕਰਦੀ ਹੈ।

14ਵਾਂ:- ਜੋਤਾ ਸਿੰਘ ਪੁੱਤਰ ਰਤਨਾ ਸਿੰਘ, ਜਾਤੀ ਘੁਮਿਆਰ, ਵਾਸੀ ਦੇਬ, ਜ਼ਿਲ੍ਹਾ ਸਿਆਲਕੋਟ, ਉਮਰ 35 ਵਰ੍ਹੇ, ਸਿਆਲਕੋਟ ਤੇ ਲਾਹੌਰ ਜ਼ਿਲ੍ਹਿਆਂ 'ਚ ਪ੍ਰਚਾਰ ਕਰਦਾ ਹੈ।

15ਵਾਂ:- ਗੋਪਾਲ ਸਿੰਘ ਪੁੱਤਰ ਸਾਹਿਬ ਸਿੰਘ, ਜਾਤੀ ਕਾਸ਼ਤਕਾਰ (ਧਾਰੀਵਾਲ), ਵਾਸੀ ਪਟਿਆਲਾ ਖੇਤਰ 'ਚ ਮੁਧਾਰ, ਉਮਰ 35 ਸਾਲ, ਲੁਧਿਆਣਾ 'ਚ ਪ੍ਰਚਾਰ ਕਰਦਾ ਹੈ ਤੇ ਰਾਮ ਸਿੰਘ ਮਹੰਤ ਦੇ ਘਰ 'ਚ ਭੈਣੀ ਵਿਖੇ ਇੱਕ ਦੁਕਾਨ ਹੈ।

16ਵਾਂ:- ਬ੍ਰਹਮਾ ਸਿੰਘ ਪੁੱਤਰ ਗੁਲਾਬ ਸਿੰਘ, ਜਾਤੀ ਕਾਸ਼ਤਕਾਰ, ਵਾਸੀ ਕੁਲਾਣਾ, ਜ਼ਿਲ੍ਹਾ ਅੰਬਾਲਾ, ਉਮਰ 45 ਵਰ੍ਹੇ, ਜਲੰਧਰ, ਗੁਜਰਾਂਵਾਲਾ, ਲਾਹੌਰ ਤੇ ਸਿਆਲਕੋਟ ਜ਼ਿਲ੍ਹਿਆਂ 'ਚ ਪ੍ਰਚਾਰ ਕਰਦਾ ਹੈ।

17ਵਾਂ:- ਖ਼ਜ਼ਾਨ ਸਿੰਘ ਪੁੱਤਰ ਮਨੀ, ਜਾਤੀ ਤਰਖਾਣ, ਵਾਸੀ ਲਧਾਣਾ, ਜ਼ਿਲ੍ਹਾ ਜਲੰਧਰ, ਉਮਰ 35 ਵਰ੍ਹੇ, ਲਾਹੌਰ, ਅੰਮ੍ਰਿਤਸਰ 'ਚ ਪ੍ਰਚਾਰ ਕਰਦਾ ਹੈ।

18ਵਾਂ:- ਸਰਮੁਖ ਸਿੰਘ ਪੁੱਤਰ ਵਸਾਵਾ ਸਿੰਘ, ਜਾਤੀ ਤਰਖਾਣ, ਵਾਸੀ ਪਟਿਆਲਾ ਜ਼ਿਲ੍ਹੇ 'ਚ ਡੇਹਲੋਂ, ਉਮਰ 30 ਵਰ੍ਹੇ, ਪਟਿਆਲਾ ਖੇਤਰ 'ਚ ਤੇ ਆਲੇ-ਦੁਆਲੇ ਦੇ ਖੇਤਰਾਂ 'ਚ ਪ੍ਰਚਾਰ ਕਰਦਾ ਹੈ।

19ਵਾਂ:- ਹਰਨਾਮ ਸਿੰਘ ਪੁੱਤਰ ਆਸਾ ਸਿੰਘ, ਜਾਤੀ ਕਾਸ਼ਤਕਾਰ, ਵਾਸੀ ਜੀਂਦ ਖੇਤਰ 'ਚ ਮੰਡੀ, ਉਮਰ 28 ਵਰ੍ਹੇ, ਜੀਂਦ ਤੇ ਪਟਿਆਲਾ ਰਿਆਸਤਾਂ 'ਚ ਪ੍ਰਚਾਰ ਕਰਦਾ ਹੈ।

20ਵਾਂ:- ਜਮੀਅਤ ਸਿੰਘ ਪੁੱਤਰ ਚੰਦਾ ਸਿੰਘ, ਜਾਤੀ ਕਾਸ਼ਤਕਾਰ, ਵਾਸੀ ਪਿੰਡ ਗਿੱਲ, ਜ਼ਿਲ੍ਹਾ ਸਿਆਲਕੋਟ, ਉਮਰ 50 ਵਰ੍ਹੇ, ਸਿਆਲਕੋਟ ਤੇ ਲਾਗਲੇ ਜ਼ਿਲ੍ਹਿਆਂ 'ਚ ਪ੍ਰਚਾਰ ਕਰਦਾ ਹੈ।

21ਵਾਂ:- ਮਲੂਕ ਸਿੰਘ, ਕਾਸ਼ਤਕਾਰ, ਵਾਸੀ ਬੋਲੇਵਾਲ, ਜ਼ਿਲ੍ਹਾ ਫ਼ਿਰੋਜ਼ਪੁਰ, ਉਮਰ 35 ਵਰ੍ਹੇ, ਫ਼ਿਰੋਜ਼ਪੁਰ 'ਚ ਤੇ ਆਲੇ-ਦੁਆਲੇ ਪ੍ਰਚਾਰ ਕਰਦਾ ਹੈ।

22ਵਾਂ:- ਸਾਧੂ ਸਿੰਘ ਵਾਸੀ ਘੰਗੂਰ, ਜ਼ਿਲ੍ਹਾ ਲੁਧਿਆਣਾ, ਜਾਤੀ ਉਦਾਸੀ ਸਾਧ, ਉਮਰ 32 ਵਰ੍ਹੇ; ਲੁਧਿਆਣਾ ਜ਼ਿਲ੍ਹੇ ਤੇ ਆਲੇ-ਦੁਆਲੇ ਪ੍ਰਚਾਰ ਕਰਦਾ ਹੈ।

ਹਰੇਕ ਵਿਅਕਤੀ ਨਾਲ ਲਿਖੇ ਜ਼ਿਲ੍ਹਿਆਂ 'ਚ ਪ੍ਰਚਾਰ ਕਰਨ ਤੋਂ ਇਲਾਵਾ ਇਨ੍ਹਾਂ ਲੈਫ਼ਟੀਨੈਂਟਾਂ ਨੂੰ (ਗੁਰੂ) ਰਾਮ ਸਿੰਘ ਜੀ ਦੀ ਇਜਾਜ਼ਤ ਨਾਲ ਹੋਰ ਵੀ ਬਹੁਤ ਥਾਵਾਂ 'ਤੇ ਪ੍ਰਚਾਰ ਕਰਨ ਦੀ ਇਜਾਜ਼ਤ ਹੈ।

## 24

*ਨੰ. 50-117* *ਮਿਤੀ 1 ਫ਼ਰਵਰੀ, 1868*

ਵੱਲੋਂ

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ
ਤੇ ਉਨ੍ਹਾਂ ਦੇ ਅਧੀਨ ਅਧਿਕਾਰੀ।

ਵੱਲ

ਸਕੱਤਰ, ਭਾਰਤ ਸਰਕਾਰ,
ਵਿਦੇਸ਼ ਵਿਭਾਗ।

ਤੁਹਾਡੇ ਪੱਤਰ ਨੰ. 662, ਮਿਤੀ 6 ਜੁਲਾਈ, 1867 ਦੇ ਹਵਾਲੇ ਨਾਲ, ਮਾਣਯੋਗ ਲੈਫ਼ਟੀਨੈਂਟ ਗਵਰਨਰ ਵੱਲੋਂ ਮੈਨੂੰ ਕੂਕਾ ਸੰਪਰਦਾਇ ਬਾਰੇ ਹੋਰ ਰਿਪੋਰਟਾਂ ਦੇ ਤੱਤ-ਸਾਰ ਦੀਆਂ ਦੋ ਕਾਪੀਆਂ ਭੇਜਣ ਦੀ ਹਦਾਇਤ ਜਾਰੀ ਹੋਈ ਹੈ।

2. ਦਿੱਤੇ ਗਏ ਵੇਰਵਿਆਂ ਤੋਂ ਇਹ ਵੇਖਿਆ ਜਾਵੇਗਾ ਕਿ ਭਾਵੇਂ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਉਦੋਂ ਤੱਕ ਰੋਕਣ ਕੋਈ ਕੋਸ਼ਿਸ਼ ਨਹੀਂ ਕੀਤੀ ਜਾਵੇ ਗੀ ਹੈ, ਜਦੋਂ ਤੱਕ ਉਨ੍ਹਾਂ ਦੀਆਂ ਗਤੀਵਿਧੀਆਂ ਸ਼ਾਂਤੀਪੂਰਨ ਹਨ ਤੇ ਜਿਨ੍ਹਾਂ ਨਾਲ ਕੋਈ ਗੜਬੜੀ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ, ਇਸ ਸੰਪਰਦਾਇ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ।

3. ਇਸ ਸੰਪਰਦਾਇ ਦੇ ਮੈਂਬਰਾਂ ਦੀ ਗਿਣਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ ਅਤੇ ਇਸ ਦੇ ਕੁਝ ਪੈਰੋਕਾਰਾਂ ਵੱਲੋਂ ਮਕਬਰਿਆਂ, ਮੰਦਰਾਂ ਦੀ ਤੋੜ-ਭੰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਹੁਣ ਸਖ਼ਤੀ ਵਿੱਚ ਕੁਝ ਢਿੱਲ ਆਉਣ ਦਾ ਰੁਝਾਨ ਜਾਪਦਾ ਹੈ। ਇੱਥੇ ਇਹ ਤੱਥ ਬਿਆਨ ਕਰਨਾ ਬਣਦਾ ਹੈ ਕਿ ਬਾਬਾ ਰਾਮ ਸਿੰਘ ਜੀ ਖ਼ੁਦ ਸੈਂਸੁਐਲਿਟੀ ਰੋਗ ਤੋਂ ਪੀੜਤ ਹਨ, ਜੇ ਇਹ ਸੱਚ ਹੈ ਤਾਂ ਇਹ ਸਿੱਟਾ ਨਿਕਲਿਆ

ਹੈ ਤੇ ਇੱਕ ਮੁਟਿਆਰ ਨੂੰ ਅੰਮ੍ਰਿਤਸਰ 'ਚ ਸੂਬਾ ਨਿਯੁਕਤ ਕੀਤਾ ਗਿਆ ਹੈ, ਉਸ ਤੋਂ ਔਰਤਾਂ ਨੂੰ ਕੂਕੇ ਬਣਨ ਲਈ ਪ੍ਰੇਰਿਤ ਕਰਨ ਹਿਤ ਸੰਕਲਪ ਲਿਆ ਗਿਆ ਹੈ ਪਰ ਇਸ ਦਾ ਮਤਲਬ ਵਿਅਰਥ ਨਹੀਂ ਉੱਧਰ ਪਿੱਛੇ ਜਿਹੇ ਇੱਕ ਕੂਕਾ ਡਕੈਤ ਕਾਬੂ ਕੀਤਾ ਗਿਆ ਹੈ, ਭਾਵੇਂ ਮੰਦੇਭਾਗੀਂ ਉਹ ਕਪੂਰਥਲਾ ਮੁਖੀ ਦੇ ਇੱਕ ਗਾਰਡ ਦੀ ਹਿਰਾਸਤ 'ਚੋਂ ਨੱਸ ਗਿਆ ਹੈ, ਜਦੋਂ ਉਸ ਨੂੰ ਸੁਣਵਾਈ ਲਈ ਸਦਰ ਸਟੇਸ਼ਨ ਲਿਜਾਂਦਾ ਜਾ ਰਿਹਾ ਸੀ।

4. ਕਈ ਮੁਸਲਮਾਨਾਂ ਦੇ ਕੂਕਾ ਬਣਨ ਤੇ ਅਬਦੁਲ ਰਜ਼ਾਕ ਤੇ ਉਨ੍ਹਾਂ ਦੇ ਦੋ ਪੁੱਤਰਾਂ ਦੀ ਭੈਣੀ ਵੱਲ ਜਾਣ ਦੇ ਮਿਸ਼ਨ ਜਿਹੀਆਂ ਵੀ ਕੁਝ ਘਟਨਾਵਾਂ ਤੇ ਹਾਲਾਤ ਹਨ, ਜਿਨ੍ਹਾਂ ਦਾ ਨੋਟਿਸ ਲੈਣਾ ਬਣਦਾ ਹੈ; ਇਹ ਸਾਰੀਆਂ ਕੋਸ਼ਿਸ਼ਾਂ ਇਹੋ ਦਰਸਾਉਂਦੀਆਂ ਹਨ ਕਿ ਸਾਰੇ ਵਰਗਾਂ ਦੇ ਲੋਕਾਂ ਨੂੰ ਹੀ ਕੂਕਾ ਬਣਾਇਆ ਜਾ ਰਿਹਾ ਹੈ।

5. ਅਨੰਦਪੁਰ ਸਾਹਿਬ ਤੇ ਅੰਮ੍ਰਿਤਸਰ ਸਥਿਤ ਦੋ ਪ੍ਰਮੁੱਖ ਧਾਰਮਿਕ ਅਸਥਾਨਾਂ 'ਤੇ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਲਈ ਹਾਲਾਤ ਕੋਈ ਬਹੁਤੇ ਸਾਜ਼ਗਾਰ ਨਹੀਂ ਜਾਪੇ – ਭਾਵੇਂ (ਗੁਰੂ) ਰਾਮ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ ਤੇ ਬੁੰਗਿਆਂ ਜਾਂ ਪੁਜਾਰੀ ਸੰਸਥਾਨਾਂ 'ਤੇ ਉਨ੍ਹਾਂ ਵੱਲੋਂ ਦਿੱਤੀਆਂ ਭੇਟਾਂ ਵੀ ਪ੍ਰਵਾਨ ਕਰ ਲਈਆਂ ਗਈਆਂ ਸਨ। ਉਂਝ, ਫ਼ਿਰੋਜ਼ਪੁਰ ਜ਼ਿਲ੍ਹੇ 'ਚ (ਗੁਰੂ) ਰਾਮ ਸਿੰਘ ਜੀ ਵੱਲੋਂ ਅਹਿਮ ਛੋਟਾਂ ਦਿੱਤੇ ਜਾਣ ਤੋਂ ਬਾਅਦ ਮੁਕਤਸਰ ਦੇ ਮਹਾਨ ਦਰਬਾਰ 'ਤੇ ਉਹ ਭੇਟਾਂ ਸੁਖਾਵੇਂ ਢੰਗ ਨਾਲ ਪ੍ਰਵਾਨ ਕਰ ਲਈਆਂ ਗਈਆਂ ਸਨ, ਜਿਸ ਤੋਂ ਇਹੋ ਪਤਾ ਲੱਗਦਾ ਹੈ ਕਿ ਹੋਰਨਾਂ ਇਲਾਕਿਆਂ ਦੇ ਮੁਕਾਬਲੇ ਸਤਲੁਜ ਦਰਿਆ ਦੇ ਦੱਖਣੀ ਖ਼ਿੱਤੇ 'ਚ ਇਸ ਸੰਪਰਦਾਇ ਦੀ ਤਾਕਤ ਵਧੇਰੇ ਹੈ ਕਿਉਂਕਿ ਇੱਥੇ ਸਿੱਖ ਕੌਮ ਦੇ ਮੁਖੀਆਂ ਤੋਂ ਇਸ ਨੂੰ ਵਧੇਰੇ ਸਹਿਯੋਗ ਮਿਲ ਰਿਹਾ ਹੈ।

6. ਬਿਨਾ ਸ਼ੱਕ ਇਹ ਲਹਿਰ ਧਾਰਮਿਕ ਸੁਧਾਰ ਨਾਲ ਸੰਬੰਧਤ ਹੈ ਤੇ ਇਸ ਦੇ ਪੈਰੋਕਾਰ ਇੱਕ ਧਾਰਮਿਕ ਜਨੂੰਨ ਦੀ ਹਾਲਤ ਵਿੱਚ ਬਿਲਕੁਲ ਉਵੇਂ ਕੰਮ ਕਰਦੇ ਹਨ, ਜਿਵੇਂ ਕਿ ਇਸਲਾਮ ਤੇ ਹੋਰਨਾਂ ਧਾਰਮਿਕ ਸੰਪਰਦਾਵਾਂ 'ਚ ਕੀਤਾ ਜਾਂਦਾ ਹੈ। ਪਰ ਜਿਹੜੀ (ਗੁਰੂ) ਰਾਮ ਸਿੰਘ ਜੀ ਦੀ ਪੰਨਾ 171 'ਤੇ ਵਿਖਾਈ ਗਈ ਹੈ, ਜੇ ਉਹ ਸੱਚਮੁਚ ਉਨ੍ਹਾਂ ਦੀ ਹੈ ਅਤੇ ਉਹ ਰੂਸ ਵਲ ਸੰਕੇਤਕ ਹਨ ਤਾਂ ਉਸ ਤੋਂ ਤਾਂ ਇਹੋ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਨੂੰ ਸਿਆਸੀ ਅੰਦੋਲਨਾਂ 'ਚ ਸ਼ਾਮਲ ਹੋਣ ਤੋਂ ਕੋਈ ਝਿਜਕ ਨਹੀਂ ਹੈ; ਭਾਵੇਂ ਅਸਲ 'ਚ ਕਿਹਾ ਇਹੋ ਜਾਂਦਾ ਹੈ ਕਿ ਉਹ ਤਾਂ 'ਅੱਖਰੀ ਗ੍ਰੰਥ' ਦਾ 'ਮੂਲ ਪਾਠ' ਤਿਆਰ ਕਰਨ ਲੱਗੇ ਹੋਏ ਹਨ – ਬੇਸ਼ੱਕ ਉਹ ਸ੍ਰੀ ਗੁਰੂ ਗੋਬਿੰਦ (ਸਿੰਘ ਜੀ) ਵਾਂਗ ਮਨੁੱਖਤਾ, ਖ਼ਾਸ ਕਰਕੇ ਸਿੱਖਾਂ 'ਚ ਸੁਧਾਰ ਲਿਆਉਣ ਦੇ ਆਪਣੇ ਕਥਿਤ ਮਿਸ਼ਨ 'ਚ ਹੀ ਸਾਰੀ ਤਾਕਤ ਲਾਉਣਗੇ।

7. ਇਹ ਅੰਦੋਲਨ ਬੇਹੱਦ ਵਰਣਨਯੋਗ ਤੇ ਅਹਿਮ ਹੈ ਤੇ ਕਿਸੇ ਵੀ ਸਮੇਂ ਖ਼ਤਰੇ ਦਾ ਕਾਰਣ ਬਣ ਸਕਦਾ ਹੈ – ਖ਼ਾਸ ਕਰਕੇ ਅਜਿਹਾ ਖ਼ਦਸ਼ਾ ਉਸ ਵੇਲੇ ਹੋ ਸਕਦਾ ਹੈ ਜਦੋਂ ਸ਼ਾਂਤੀਪੂਰਨ (ਗੁਰੂ) ਰਾਮ ਸਿੰਘ ਜੀ ਦੀ ਥਾਂ ਉਨ੍ਹਾਂ ਦਾ ਕੋਈ ਹੰਗਾਮਾਖ਼ੇਜ਼

ਪੈਰੋਕਾਰ ਵਾਰਸ ਬਣ ਗਿਆ। ਬੇਨਿਯਮੀਆਂ ਨਾਲ ਭਰਪੂਰ ਇਹ ਅੰਦੋਲਨ ਅਣਜਾਣਪੁਣੇ 'ਚ ਹੀ ਆਮ ਜਨਤਾ ਵਿੱਚ ਹਾਂ-ਪੱਖੀ ਢੰਗ ਨਾਲ ਫੈਲ ਸਕਦਾ ਹੈ।

## 25

*ਨੰ. 54* *ਮਿਤੀ 7 ਅਪ੍ਰੈਲ, 1868*

*ਵੱਲੋਂ*

ਭਾਰਤ ਸਰਕਾਰ

*ਵੱਲ*

ਸਕੱਤਰ ਭਾਰਤ ਦੇਸ਼ ਵਾਸਤੇ,

ਤੁਹਾਡੇ ਡਿਸਪੈਚ ਨੰਬਰ 97, ਮਿਤੀ 31 ਮਈ, 1867 ਦੇ ਹਵਾਲੇ ਨਾਲ ਸਾਨੂੰ ਪੰਜਾਬ ਸਰਕਾਰ ਵੱਲੋਂ ਪਿਛਲੇ ਮਹੀਨੇ ਦੀ ਪਹਿਲੀ ਤਰੀਕ ਨੂੰ ਲਿਖੇ ਪੱਤਰ ਨੰ. 50-177 ਦੀ ਕਾਪੀ ਤੇ ਇਸ ਦੇ ਨਾਲ ਨੱਥੀ ਦਸਤਾਵੇਜ਼ ਭੇਜਣ ਦਾ ਮਾਣ ਹਾਸਲ ਹੋਇਆ ਹੈ, ਜਿਨ੍ਹਾਂ 'ਚ ਕੂਕਾ ਸੰਪਰਦਾਇ ਬਾਰੇ ਹੋਰ ਰਿਪੋਰਟਾਂ ਦਾ ਤੱਤ-ਸਾਰ ਹੈ।

2. ਇਹ ਵੇਖਿਆ ਜਾਵੇਗਾ ਕਿ ਉਪਰੋਕਤ ਹਵਾਲੇ ਨਾਲ ਤੁਹਾਡੇ ਡਿਸਪੈਚ 'ਚ ਦਰਜ ਹੁਕਮ ਅਨੁਸਾਰ ਇਸ ਸੰਪਰਦਾਇ ਦੀਆਂ ਗਤੀਵਿਧੀਆਂ 'ਤੇ ਬਹੁਤ ਨੇੜਿਓਂ ਨਜ਼ਰ ਰੱਖੀ ਗਈ ਸੀ ਪਰ ਇਸ ਵੇਲੇ ਉਨ੍ਹਾਂ 'ਚ ਅਜਿਹਾ ਕੁਝ ਵੀ ਨਹੀਂ ਹੈ ਕਿ ਉਨ੍ਹਾਂ 'ਚ ਕੋਈ ਸਿੱਧਾ ਜਾਂ ਖੁੱਲ੍ਹਾ ਦਖ਼ਲ ਦਿੱਤਾ ਜਾਵੇ।

## 26

*ਨੰ. 101* *ਮਿਤੀ 18 ਜੂਨ, 1868*

*ਵੱਲੋਂ*

ਸਕੱਤਰ ਭਾਰਤ ਦੇਸ਼ ਲਈ।

*ਵੱਲ*

ਭਾਰਤ ਸਰਕਾਰ, ਕਲਕੱਤਾ।

ਮੈਂ ਵਿਦੇਸ਼ ਵਿਭਾਗ (ਰਾਜਨੀਤਕ) 'ਚ ਤੁਹਾਡੇ ਮਹਾਮਹਿਮ ਦੀ ਸਰਕਾਰ ਦਾ ਪੱਤਰ ਬਹੁਤ ਧਿਆਨ ਨਾਲ ਪੜ੍ਹਿਆ ਹੈ, ਜੋ ਪੰਜਾਬ ਦੇ ਕੂਕਾ ਸੰਪਰਦਾਇ ਨਾਲ ਸਬੰਧਤ ਹੈ।

2. ਜਿਵੇਂ ਕਿ ਤੁਹਾਡੇ ਮਹਾਮਹਿਮ ਦਾ ਕਹਿਣਾ ਹੈ ਕਿ ਇਨ੍ਹਾਂ ਲੋਕਾਂ 'ਤੇ ਬਹੁਤ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ। ਮੈਂ ਇਸ ਵਿਸ਼ੇ 'ਤੇ ਕੋਈ ਹੋਰ ਹਦਾਇਤਾਂ ਨਹੀਂ ਦੇਣੀਆਂ ਹਨ।

# 27

ਵੱਲੋਂ

ਜੇ. ਡੋਨੋਵੈਨ,
ਦਿੱਲੀ ਰੇਲਵੇ, ਦੋਰਾਹਾ

ਵੱਲ

ਮਹਾਮਹਿਮ ਵਾਇਸਰਾਏ ਤੇ
ਗਵਰਨਰ ਜਨਰਲ ਆੱਫ਼ ਇੰਡੀਆ

*ਮਿਤੀ 7 ਸਤੰਬਰ, 1868*

ਮੈਂ ਆਪ ਜੀ ਦੇ ਸਾਹਮਣੇ ਇਹ ਕੁਝ ਗੱਲਾਂ ਰੱਖਣਾ ਚਾਹੁੰਦਾ ਹਾਂ, ਇੱਕ ਬ੍ਰਿਟਿਸ਼ ਨਾਗਰਿਕ ਹੋਣ ਦੇ ਨਾਤੇ ਮੈਂ ਇਹ ਆਪਣਾ ਫ਼ਰਜ਼ ਸਮਝਿਆ ਹੈ।

ਇਸ ਦੇਸ਼ (ਪੰਜਾਬ) ਦਾ ਇੱਕ ਨਾਗਰਿਕ, ਜੋ ਇੱਥੇ ਮੇਰੇ ਨਾਲ ਕੰਮ ਕਰ ਰਿਹਾ ਹੈ, ਨੇ ਹੁਣੇ ਮੈਨੂੰ ਦੱਸਿਆ ਹੈ ਕਿ ਦੇਸ਼ ਵਿੱਚ ਕਿੰਨੀ ਭਿਆਨਕ ਗੱਲ ਹੁਣ ਹੋ ਰਹੀ ਹੈ।

ਜਿਸ ਵਿਅਕਤੀ ਦੀ ਮੈਂ ਗੱਲ ਕਰ ਰਿਹਾ ਹਾਂ, ਉਹ ਬਹੁਤ ਹੀ ਸਤਿਕਾਰਯੋਗ ਸ਼ਖ਼ਸੀਅਤ ਹੈ ਤੇ ਉਹ ਨਿਮਨਲਿਖਤ ਗੱਲਾਂ ਅਚਾਨਕ ਹੀ ਮੈਨੂੰ ਦੱਸ ਬੈਠਾ, ਜਦ ਕਿ ਇਸ ਤੋਂ ਪਹਿਲਾਂ ਅਸੀਂ ਸਿਰਫ਼ ਕੰਮ ਨਾਲ ਸੰਬੰਧਤ ਮਾਮਲਿਆਂ 'ਤੇ ਹੀ ਗੱਲਾਂ ਕਰਦੇ ਰਹੇ ਸਾਂ; ਉਸ ਨੇ ਮੈਨੂੰ ਦੱਸਿਆ ਕਿ ਤੁਸੀਂ ਸਿਰਫ਼ ਦੂਜੇ ਵਿਅਕਤੀ ਹੋ, ਜਿਸ ਨੂੰ ਮੈਂ ਅਜਿਹੇ ਹਾਲਾਤ ਬਾਰੇ ਦੱਸ ਰਿਹਾ ਹਾਂ ਅਤੇ ਉਸ ਨੇ ਮੈਨੂੰ ਇਹ ਗੱਲ ਅੱਗੇ ਕਿਸੇ ਨੂੰ ਨਾ ਦੱਸਣ ਲਈ ਵੀ ਆਖਿਆ ਹੈ। ਇਹ ਹਨ ਉਹ ਗੱਲਾਂ: ''ਉਸ ਦਾ ਕਹਿਣਾ ਹੈ ਕਿ ਇੱਥੇ ਇੱਕ ਬਹੁਤ ਹੀ ਵੱਡਾ ਤੇ ਮਜ਼ਬੂਤ ਸੰਗਠਨ ਪਿੱਛੇ ਜਿਹੇ ਕਾਇਮ ਕੀਤਾ ਗਿਆ ਹੈ, ਜਿਸ ਦੇ ਮੈਂਬਰਾਂ ਨੂੰ ਕੂਕੇ ਕਿਹਾ ਜਾਂਦਾ ਹੈ; ਇਨ੍ਹਾਂ ਮੈਂਬਰਾਂ ਦਾ ਇੱਕ ਮੁਖੀ ਹੈ, ਜੋ ਪੰਜਾਬ ਵਿੱਚ ਬਹੁਤ ਜ਼ਿਆਦਾ ਪ੍ਰਸਿੱਧ ਹੈ: ਉਸ ਦਾ ਨਾਮ ਰਾਮ ਸਿੰਘ ਹੈ; ਇਹ ਵਿਅਕਤੀ ਹੁਣ ਮਾਲਵਾ ਦੇਸ਼ 'ਚ ਹੈ, ਜਿਸ ਦੇ ਬਹੁਤ ਜ਼ਿਆਦਾ ਪੈਰੋਕਾਰ ਬਣਦੇ ਜਾ ਰਹੇ ਹਨ; ਹੁਣ ਤੱਕ ਉਹ ਦੋ ਲੱਖ ਵਿਅਕਤੀ ਇਕੱਠੇ ਕਰ ਚੁੱਕਾ ਹੈ, ਜੋ ਅਸਲ ਵਿੱਚ ਸਾਡੇ ਵਿਰੁੱਧ ਬਾਗ਼ੀ ਹਨ ਤੇ ਉਨ੍ਹਾਂ ਦਾ ਉਦੇਸ਼ ਸਾਨੂੰ ਪੰਜਾਬ ਤੋਂ ਬਾਹਰ ਕੱਢਣਾ ਹੈ। ਇਸ ਤੋਂ ਇਲਾਵਾ ਰਾਮ ਸਿੰਘ ਨੇ ਕੁਝ ਅਜਿਹੇ ਇੰਤਜ਼ਾਮ ਕੀਤੇ ਹਨ ਕਿ ਪਟਿਆਲਾ ਦਾ ਰਾਜਾ ਵੀ ਉਸ ਦੀ ਮਦਦ ਕਰੇਗਾ; ਯੋਜਨਾ ਇਹੋ ਹੈ ਕਿ ਇਹ ਦੋ ਤਾਕਤਾਂ ਮਿਲ ਕੇ ਇੱਕਜੁਟਤਾ ਨਾਲ ਪੰਜਾਬ 'ਚ ਸਾਡੇ ਤੋਂ ਰਾਜ ਖੋਹਣਗੀਆਂ, ਇੰਝ ਇੱਕ ਵਾਰ ਫਿਰ ਸਿੱਖ ਤਾਕਤ ਨੂੰ ਸਥਾਪਤ ਕੀਤਾ ਜਾਵੇਗਾ ਅਤੇ ਉਸ ਨੂੰ ਕੂਕਿਆਂ ਦਾ ਰਾਜਾ ਬਣਾਇਆ ਜਾਵੇਗਾ। ਬਗ਼ਾਵਤ ਅਗਲੇ ਵਰ੍ਹੇ ਦੇ ਅਰੰਭ 'ਚ ਕਿਸੇ ਵੀ ਵੇਲੇ ਹੋ ਸਕਦੀ ਹੈ।

ਕੂਕਿਆਂ ਦੀ ਆਪਣੀ ਨਿਜੀ ਡਾਕ ਪ੍ਰਣਾਲੀ ਹੈ, ਜਿਸ ਰਾਹੀਂ ਚਿੱਠੀਆਂ ਤੇ ਸੁਨੇਹੇ ਭੇਜੇ ਜਾ ਰਹੇ ਹਨ। ਡਾਕ-ਵਾਲ਼ਾ ਚਿੱਠੀਆਂ ਜਾਂ ਜ਼ੁਬਾਨੀ ਸੁਨੇਹੇ ਪਹੁੰਚਾਉਂਦਾ

ਹੈ; ਉਹ ਨਿਸ਼ਚਿਤ ਟਿਕਾਣੇ 'ਤੇ ਬਹੁਤ ਤੇਜ਼ੀ ਨਾਲ ਜਾਂਦਾ ਹੈ, ਫਿਰ ਅੱਗੇ ਦੂਜਾ ਵਿਅਕਤੀ ਉਸ ਤੋਂ ਅਗਲੇ ਟਿਕਾਣੇ ਤੱਕ ਉਹ ਪੱਤਰ ਜਾਂ ਸੰਦੇਸ਼ ਪਹੁੰਚਾਉਂਦਾ ਹੈ; ਉਨ੍ਹਾਂ ਨੂੰ ਸਖ਼ਤ ਹਦਾਇਤ ਹੁੰਦੀ ਹੈ ਕਿ ਉਹ ਕੋਈ ਚਿੱਠੀ ਜਾਂ ਸੁਨੇਹਾ ਜਾਂ ਖ਼ਬਰ ਅੱਗੇ ਕਿਸੇ ਵੀ ਹੋਰ ਵਿਅਕਤੀ ਨਾਲ ਸਾਂਝਾ ਨਾ ਕਰਨ। ਇਸ ਲਈ ਸਾਨੂੰ ਅੱਜ-ਕੱਲ੍ਹ ਬਹੁਤ ਧਿਆਨ ਨਾਲ ਰਹਿਣ ਦੀ ਜ਼ਰੂਰਤ ਹੈ।

ਇਸ ਚਿੱਠੀ 'ਚ ਮੈਂ ਸਮੁੱਚੇ ਹਾਲਾਤ ਬਿਆਨ ਵੀ ਨਹੀਂ ਕਰ ਸਕਦਾ ਪਰ ਇਹ ਸਭ ਤੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਜਿਸ ਵਿਅਕਤੀ ਨੂੰ ਪਤਾ ਹਨ, ਉਹ ਇੱਥੇ ਮੇਰੇ ਨਾਲ ਹੈ ਅਤੇ ਜੇ ਸਰਕਾਰ ਉਸ ਨੂੰ ਸ਼ਿਮਲਾ ਆਉਣ ਤੇ ਫਿਰ ਵਾਪਸ ਆਉਣ ਦਾ ਖ਼ਰਚਾ ਦੇਵੇ ਤਾਂ ਉਹ ਇਹ ਸਭ ਕੁਝ ਹੋਰ ਵੀ ਬਿਹਤਰ ਢੰਗ ਨਾਲ ਦੱਸ ਸਕੇਗਾ।''

## 28

### ਗਵਰਨਰ ਜਨਰਲ ਵੱਲੋਂ ਸ੍ਰੀ ਡੋਨੋਵੈਨ ਦੀ ਚਿੱਠੀ ਉੱਤੇ ਕੌਂਸਲ ਮੈਂਬਰਾਂ ਨੂੰ ਟਿੱਪਣੀਆਂ

ਹੋ ਸਕਦਾ ਹੈ ਕਿ ਰੇਲਵੇ ਦੇ ਇਸ ਸੱਜਣ-ਪੁਰਖ ਨੇ ਕੂਕਿਆਂ ਬਾਰੇ ਗੱਲਾਂ ਕੁਝ ਵਧਾ-ਚੜ੍ਹਾ ਕੇ ਦੱਸੀਆਂ ਹੋਣ।

ਪਰ ਕਿਸੇ ਅਫ਼ਵਾਹ 'ਤੇ ਨਜ਼ਰ ਰੱਖਣਾ ਵੀ ਸਦਾ ਸਿਆਣਪ ਹੁੰਦੀ ਹੈ, ਨਵੀਂਆਂ ਸੰਪਰਦਾਵਾਂ ਬਾਰੇ ਇਹ ਗੱਲ ਭਾਵੇਂ ਕਿਤੋਂ ਵੀ ਚੱਲੀ ਹੋਵੇ।

ਇਸ ਖ਼ਬਰ ਦਾ ਜਵਾਬ ਦਿੱਤਾ ਜਾ ਸਕਦਾ ਹੈ ਤੇ ਮੁਖ਼ਬਰ ਨੂੰ ਇਹ ਦੱਸਿਆ ਜਾ ਸਕਦਾ ਹੈ ਕਿ ਇਸ ਸੰਪਰਦਾਇ ਬਾਰੇ ਸਾਨੂੰ ਪਹਿਲਾਂ ਤੋਂ ਹੀ ਜਾਣਕਾਰੀ ਹੈ ਤੇ ਇਸ 'ਤੇ ਨਜ਼ਰ ਵੀ ਰੱਖੀ ਜਾ ਰਹੀ ਹੈ।

ਅਤੇ ਇਹ ਚਿੱਠੀ ਜਾਣਕਾਰੀ ਹਿਤ ਪੰਜਾਬ ਸਰਕਾਰ ਨੂੰ ਭੇਜੀ ਜਾ ਸਕਦੀ ਹੈ।

ਪਟਿਆਲਾ ਵਾਲੀ ਗੱਲ ਬਹੁਤ ਅਸੰਭਵ ਹੈ ਭਾਵੇਂ ਸੰਪਰਦਾਇ ਦਾ ਲੀਡਰ ਤਾਂ ਸ਼ਾਇਦ ਮਾਲਵਾ 'ਚ ਹੈ।

**12-9-68** **(ਹਸਤਾਖਰ) ਡਬਲਿਊ.ਐੱਸ.ਐੱਸ. ਕੇ.**

**ਹਾਂ**

**14-9-68** **(ਹਸਤਾਖਰ) (ਜੇ.ਐੱਲ.)**

## 29

*ਨੰ. 1074* *ਮਿਤੀ 21 ਸਤੰਬਰ, 1868*

*ਵੱਲੋਂ*

ਡਬਲਿਊ.ਐੱਸ. ਸੀਟਨ ਕਾਰ, ਐਸਕ.,

ਸਕੱਤਰ, ਭਾਰਤ ਸਰਕਾਰ,
ਵਿਦੇਸ਼ ਵਿਭਾਗ, ਗਵਰਨਰ ਜਨਰਲ।

*ਵੱਲ*

ਟੀ.ਐੱਚ. ਥੌਰੰਟਨ,
ਸਕੱਤਰ, ਪੰਜਾਬ ਸਰਕਾਰ

ਮੈਨੂੰ ਕੂਕਾ ਸੰਪਰਦਾਇ ਦੀ ਹੋਂਦ, ਉਸ ਦੇ ਮੈਂਬਰਾਂ ਦੀਆਂ ਗਤੀਵਿਧੀਆਂ ਅਤੇ ਉਨ੍ਹਾਂ ਦੇ ਨੇਤਾਵਾਂ ਦੇ ਉਦੇਸ਼ਾਂ ਬਾਰੇ ਦਿੱਲੀ ਰੇਲਵੇ ਦੇ ਇੱਕ ਸੱਜਣ ਮੁਲਾਜ਼ਮ ਦੇ ਇੱਕ ਪੱਤਰ ਦੀ ਕਾਪੀ ਅੱਗੇ ਭੇਜਣ ਦੀ ਹਦਾਇਤ ਹੋਈ ਹੈ।

2. ਕੌਂਸਲ 'ਚ ਮਹਾਮਹਿਮ ਨੂੰ ਚੰਗੀ ਤਰ੍ਹਾਂ ਜਾਣਕਾਰੀ ਹੈ ਕਿ ਪਿਛਲੇ ਕੁਝ ਵਕਤ ਤੋਂ ਇਸ ਨਵੇਂ ਸੰਪਰਦਾਇ ਦੀਆਂ ਗਤੀਵਿਧੀਆਂ ਚੱਲ ਰਹੀਆਂ ਹਨ ਤੇ ਉਨ੍ਹਾਂ 'ਤੇ ਲਗਾਤਾਰ ਨਜ਼ਰ ਵੀ ਰੱਖੀ ਜਾ ਰਹੀ ਹੈ ਅਤੇ ਪੰਜਾਬ ਦੇ ਅਧਿਕਾਰੀਆਂ ਤੋਂ ਇਸ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ। ਭਾਵੇਂ ਪਟਿਆਲਾ ਦੇ ਰਾਜੇ ਦੇ ਉਨ੍ਹਾਂ ਨਾਲ ਵਧਦੇ ਸਬੰਧਾਂ ਬਾਰੇ ਆ ਰਹੇ ਬਿਆਨਾਂ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਜਾ ਰਿਹਾ, ਫਿਰ ਵੀ ਮਹਾਮਹਿਮ ਇਸ ਵਿਸ਼ੇ ਬਾਰੇ ਕਿਸੇ ਵੀ ਜਾਣਕਾਰੀ ਨੂੰ ਅੱਖੋਂ ਪ੍ਰੋਖੇ ਕਰਨਾ ਠੀਕ ਨਹੀਂ ਸਮਝਦੇ। ਲੈਫ਼ਟੀਨੈਂਟ ਗਵਰਨਰ ਆਪਣੀਆਂ ਪਹਿਲੀਆਂ ਕਾਰਵਾਈਆਂ ਵਾਂਗ ਇਸ ਸੰਪਰਦਾਇ ਦੇ ਮਾਲਵਾ 'ਚ ਸਰਗਰਮ ਆਗੂ ਦੀਆਂ ਮੌਜੂਦਾ ਗਤੀਵਿਧੀਆਂ ਦੇ ਮਾਮਲੇ 'ਚ ਜੋ ਵੀ ਸਹੀ ਲੱਗੇ ਕੋਈ ਵੀ ਕਦਮ ਚੁੱਕ ਸਕਦੇ ਹਨ।

## 30

*ਨੰ. 1075* *ਮਿਤੀ 21 ਸਤੰਬਰ, 1868*

*ਵੱਲੋਂ*

ਡਬਲਿਊ. ਐੱਸ. ਸੇਟਨ ਕਾਰ,
ਸਕੱਤਰ, ਭਾਰਤ ਸਰਕਾਰ,
ਗਵਰਨਰ ਜਨਰਲ ਨਾਲ ਵਿਦੇਸ਼ ਵਿਭਾਗ।

*ਵੱਲ*

ਜੇ. ਡੋਨੋਵੈਨ, ਦਿੱਲੀ ਰੇਲਵੇ,
ਦੋਰਾਹਾ।

ਮੈਨੂੰ ਤੁਹਾਡੇ ਇਸੇ ਮਹੀਨੇ ਦੀ 7 ਤਰੀਕ ਵਾਲੇ ਪੱਤਰ ਦਾ ਜਵਾਬ ਦੇਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਕੂਕਿਆਂ ਦੇ ਸੰਪਰਦਾਇ ਦੀ ਹੋਂਦ ਵੱਲ ਧਿਆਨ ਦਿਵਾਇਆ ਗਿਆ ਹੈ, ਜਿਨ੍ਹਾਂ ਦੀ ਮਨਸ਼ਾ ਪੰਜਾਬ ਵਿੱਚ ਬ੍ਰਿਟਿਸ਼ ਹਕੂਮਤ ਦੇ ਖ਼ਿਲਾਫ਼ ਹੈ।

2. ਜਵਾਬ 'ਚ, ਮੈਂ ਇਸ ਚਿੱਠੀ ਲਈ ਤੁਹਾਡਾ ਧੰਨਵਾਦ ਕਰਦਿਆਂ ਤੁਹਾਨੂੰ ਇਹ ਜਾਣਕਾਰੀ ਦੇਣੀ ਚਾਹੁੰਦਾ ਹਾਂ ਕਿ ਜਿਹੜੇ ਹਾਲਾਤ ਵੱਲ ਤੁਸੀਂ ਧਿਆਨ

ਦਿਵਾਇਆ ਹੈ, ਸਰਕਾਰ ਪਹਿਲਾਂ ਤੋਂ ਹੀ ਉਨ੍ਹਾਂ ਤੋਂ ਜਾਣੂ ਹੈ ਅਤੇ ਇਸ ਭਾਈਚਾਰੇ ਦੀਆਂ ਗਤੀਵਿਧੀਆਂ 'ਤੇ ਪੂਰੀ ਤਰ੍ਹਾਂ ਨਜ਼ਰ ਰੱਖੀ ਜਾ ਰਹੀ ਹੈ।

3. ਇਹ ਜਵਾਬ ਦਿੰਦਿਆਂ ਤੁਹਾਡੇ ਪੱਤਰ ਦੀ ਇੱਕ ਕਾਪੀ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਗਈ ਹੈ।

## 31

*ਨੰ. 849* *ਮਿਤੀ 1 ਅਕਤੂਬਰ, 1868*

*ਵੱਲੋਂ*

ਟੀ.ਐੱਚ. ਥੌਰੰਟਨ, ,
ਸਕੱਤਰ, ਪੰਜਾਬ ਸਰਕਾਰ,
ਤੇ ਇਸ ਦੇ ਸੰਬੰਧਤ ਅਧਿਕਾਰੀ।

*ਵੱਲ*

ਡਬਲਿਊ. ਐੱਸ. ਸੇਟਨ ਕਾਰ,
ਸਕੱਤਰ, ਭਾਰਤ ਸਰਕਾਰ,
ਗਵਰਨਰ ਜਨਰਲ ਨਾਲ ਵਿਦੇਸ਼ ਵਿਭਾਗ।

ਪਿਛਲੇ ਮਹੀਨੇ ਦੀ 21 ਤਰੀਕ ਨੂੰ ਲਿਖੇ ਤੁਹਾਡੇ ਪੱਤਰ ਨੰ. 1074 ਦੇ ਜਵਾਬ 'ਚ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਕੂਕਿਆਂ 'ਤੇ ਹਰ ਥਾਂ ਉੱਤੇ ਬਹੁਤ ਹੀ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ ਤੇ ਉਨ੍ਹਾਂ ਦੀ ਕੋਈ ਵੀ ਗਤੀਵਿਧੀ ਅੱਖੋਂ ਓਹਲੇ ਨਹੀਂ ਰਹਿ ਰਹੀ।

2. (ਗੁਰੂ) ਰਾਮ ਸਿੰਘ ਜੀ ਪਿਛਲੀ ਵਾਰ ਫ਼ਰੀਦਕੋਟ ਵਾਲੇ ਪਾਸੇ ਗਏ ਦੱਸੇ ਗਏ ਸਨ ਅਤੇ ਲਗਭਗ ਹਰੇਕ ਪਾਸਿਓਂ ਆਉਣ ਵਾਲੀਆਂ ਰਿਪੋਰਟਾਂ ਤੇ ਘਟਨਾਵਾਂ ਤੋਂ ਇਹੋ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਪ੍ਰਭਾਵ ਤੇ ਹਰਮਨਪਿਆਰਤਾ ਪਿਛਲੇ ਕੁਝ ਸਮੇਂ ਤੋਂ ਨਿਸ਼ਚਿਤ ਤੌਰ 'ਤੇ ਘਟਦੇ ਜਾ ਰਹੇ ਹਨ, ਬਾਬਾ ਰਾਮ ਸਿੰਘ ਜੀ ਦੀ ਆਪਣੀ ਇੱਕ ਮਹਿਲਾ ਰਿਸ਼ਤੇਦਾਰ ਦਾ ਕਤਲ ਹੋ ਗਿਆ ਹੈ, ਜਿਸ ਨਾਲ ਇਸ ਸੰਪਰਦਾਇ ਦੇ ਪੈਰੋਕਾਰਾਂ 'ਚ ਵੱਡਾ ਝਗੜਾ ਖੜ੍ਹਾ ਹੋ ਗਿਆ ਹੈ, ਹਾਲੇ ਕੁਝ ਸਮਾਂ ਪਹਿਲਾਂ ਹੀ ਇੱਕ ਔਰਤ ਨੂੰ ਸੂਬੇਦਾਰ ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ, ਜਿਸ ਨਾਲ ਬਹੁਤ ਚੰਗਾ ਨਹੀਂ ਸਮਝਿਆ ਗਿਆ ਅਤੇ ਇਸ ਨਾਲ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸ਼ਰਧਾਲੂਆਂ ਦੀ ਸਾਖ਼ ਉਨ੍ਹਾਂ ਦੇ ਮੰਤਵਾਂ ਤੇ ਸਿਧਾਂਤਾਂ ਦੇ ਮਾਮਲੇ ਵਿੱਚ ਆਮ ਤੌਰ 'ਤੇ ਡਿੱਗਦੀ ਜਾਪ ਰਹੀ ਹੈ।

3. ਪਟਿਆਲਾ ਦੇ ਮਹਾਰਾਜਾ ਦਾ ਇੱਕ ਰਿਸ਼ਤੇਦਾਰ ਕੂਕਾ ਹੈ ਤੇ ਪਟਿਆਲਾ 'ਚ ਬਹੁਤ ਸਾਰੇ ਕੂਕੇ ਹਨ ਪਰ ਕੁਝ ਵੀ ਨਹੀਂ ਵਾਪਰਿਆ ਤੇ ਨਾ ਹੀ ਸ੍ਰੀ ਡੋਨੋਵੈਨ ਦੇ ਬਿਆਨ ਵਿੱਚ ਹੀ ਕੁਝ ਦਰਜ ਹੈ, ਜਿਸ ਤੋਂ ਇਹ ਪਤਾ ਲੱਗਦਾ ਹੋਵੇ ਕਿ ਇਸ ਸੰਪਰਦਾਇ ਦੀਆਂ ਗਤੀਵਿਧੀਆਂ ਨੂੰ ਰੋਕਣ ਲਈ ਕੁਝ ਕੀਤਾ ਗਿਆ ਹੈ। ਜਦੋਂ ਵੀ

ਕਦੇ ਉਹ ਧਾਰਮਿਕ ਅਸਥਾਨਾਂ 'ਤੇ ਗਏ ਹਨ ਤਾਂ ਉੱਥੋਂ ਦੇ ਨਿਹੰਗਾਂ ਤੇ ਹੋਰਨਾਂ ਨੇ ਕਈ ਵਾਰ ਉਨ੍ਹਾਂ ਦਾ ਵਿਰੋਧ ਕੀਤਾ ਹੈ ਤੇ ਹਰ ਵਾਰ ਕੂਕਿਆਂ ਨੇ ਸ਼ਾਂਤੀ ਤੇ ਸਬਰ ਦਾ ਹੀ ਮੁਜ਼ਾਹਰਾ ਕੀਤਾ ਹੈ, ਹਾਂ ਕੁਝ ਬਹੁਤ ਸਾਰੇ ਜੋਸ਼ੀਲੇ ਪੈਰੋਕਾਰਾਂ ਨੇ ਜਵਾਬੀ ਕਾਰਵਾਈ ਕੀਤੀ ਸੀ, ਉਨ੍ਹਾਂ ਨਾਲ ਕਾਨੂੰਨ ਮੁਤਾਬਕ ਨਿਪਟਿਆ ਜਾ ਰਿਹਾ ਹੈ।

## 32

*ਨੰ. 197* *ਮਿਤੀ 30 ਸਤੰਬਰ, 1868*

ਵੱਲੋਂ

ਸ੍ਰੀ ਜੇ. ਡੋਨੋਵੈਨ, ਦਿੱਲੀ ਰੇਲਵੇ,
ਦੋਰਾਹਾ, ਬਰਾਸਤਾ ਲੁਧਿਆਣਾ।

ਵੱਲ

ਮਹਾਮਹਿਮ ਸਰ ਜੌਨ ਲਾਰੈਂਸ,
ਵਾਇਸਰਾਏ ਤੇ ਭਾਰਤ ਦੇ ਗਵਰਨਰ ਜਨਰਲ।

ਇਹ ਪੱਤਰ ਮੇਰੀ ਪਿਛਲੀ ਚਿੱਠੀ ਦੀ ਨਿਰੰਤਰਤਾ 'ਚ ਹੈ ਤੇ ਇਸ ਵਿੱਚ ਪਿਛਲੇ ਕੁਝ ਵਿਸ਼ਿਆਂ ਬਾਰੇ ਗੱਲ ਕੀਤੀ ਗਈ ਹੈ। ਹੋਰ ਕੋਈ ਗੱਲ ਕਰਨ ਤੋਂ ਪਹਿਲਾਂ ਮੈਂ ਆਪ ਜੀ ਸਤਿਕਾਰਯੋਗ ਨੂੰ ਇਹ ਜਾਣਕਾਰੀ ਦੇਣੀ ਚਾਹਾਂਗਾ ਕਿ ਜੋ ਵੀ ਖ਼ਬਰ ਮੈਂ ਭੇਜਦਾ ਹਾਂ, ਉਹ ਪੂਰੀ ਤਰ੍ਹਾਂ ਦਰੁਸਤ ਹੁੰਦੀ ਹੈ, ਕਿਉਂਕਿ ਜਿਹੜਾ ਵਿਅਕਤੀ ਮੈਨੂੰ ਜਾਣਕਾਰੀ ਦਿੰਦਾ ਹੈ, ਉਹ ਖ਼ੁਦ ਕੂਕਾ ਹੀ ਹੈ ਤੇ ਬਾਬਾ ਰਾਮ ਸਿੰਘ ਜੀ ਦਾ ਸੂਬਾ, ਪੈਰੋਕਾਰ ਜਾਂ ਸਿੱਖ ਹੈ। ਉਸ ਦਾ ਮੁੱਖ ਮੰਤਵ ਖ਼ਬਰਾਂ ਭੇਜ ਕੇ ਸਰਕਾਰ ਦੀ ਸੇਵਾ ਕਰਨਾ ਹੈ, ਇਸੇ ਲਈ ਜੋ ਕੁਝ ਵੀ ਕੀਤਾ ਜਾਂ ਆਖਿਆ ਜਾਂਦਾ ਹੈ, ਉਹ ਉਸ ਦਾ ਗਵਾਹ ਹੁੰਦਾ ਹੈ। ਜੇ ਸਰਕਾਰ ਸਿਰਫ਼ ਉਸ ਨੂੰ ਸ਼ਿਮਲਾ ਆਉਣ-ਜਾਣ ਦਾ ਖ਼ਰਚਾ ਦੇ ਦੇਵੇ, ਤਾਂ ਉਹ ਸਰਕਾਰ ਨੂੰ (ਸਾਫ਼ ਨਹੀਂ ਲਿਖਿਆ ਗਿਆ) ਸਕਦਾ ਹੈ। ਜੇ ਇਹ ਸਾਰਾ ਕੁਝ ਲਿਖਣਾ ਹੋਵੇ ਤਾਂ ਅਸਲ ਵਿੱਚ ਕਿੰਨੇ ਜ਼ਿਆਦਾ ਕਾਗਜ਼ਾਂ ਦੇ ਦਸਤੇ ਲੱਗ ਜਾਣਗੇ।

ਕੂਕਾ ਭਾਈਚਾਰੇ ਵੱਲੋਂ ਕੀਤੀ ਗਈ ਪਿਛਲੀ ਮੀਟਿੰਗ ਦੌਰਾਨ (ਗੁਰੂ) ਰਾਮ ਸਿੰਘ ਜੀ ਨੇ ਨਿਮਨਲਿਖਤ ਭਾਸ਼ਣ ਦਿੱਤਾ ਸੀ, ਜੋ ਇੱਥੇ ਹਰਫ਼-ਬ-ਹਰਫ਼ ਦਿੱਤਾ ਗਿਆ ਹੈ। ਇਹ ਇਸ ਤਰ੍ਹਾਂ ਸੀ (ਉਹ ਸਭ ਦਰਜ ਹੈ, ਜਿਹੜੇ ਵੀ ਵਿਸ਼ਿਆਂ 'ਤੇ ਉਹ ਬੋਲੇ ਸਨ): "ਭਰਾਵੋ, ਤੁਸੀਂ ਸਾਰੇ ਜਾਣਦੇ ਹੋ ਕਿ ਸਾਡੇ ਅਕਾਲ ਪੁਰਖ ਦੇ ਸ਼ਬਦ ਦੁਆਰਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਅਨੁਸਾਰ ਅਸੀਂ ਇਸ ਵੇਲੇ ਇਸ ਦੇਸ਼ ਭਾਰਤ (ਜੋ ਹਿੰਦੂਆਂ ਦੀ ਧਰਤੀ ਹੈ) ਦੇ ਕੋਣੇ-ਕੋਣੇ 'ਚੋਂ ਸਾਰੇ ਈਸਾਈਆਂ ਨੂੰ ਬਾਹਰ ਕੱਢਣ ਤੇ ਉਨ੍ਹਾਂ 'ਤੇ ਤਸ਼ੱਦਦ ਢਾਹੁਣ ਸਬੰਧੀ ਵਿਚਾਰ-ਵਟਾਂਦਰਾ ਕਰਨ ਲਈ ਇਕੱਠੇ ਹੋਏ ਹਾਂ। ਤੁਸੀਂ ਇਹ ਵੀ ਜਾਣਦੇ ਹੋ ਕਿ ਉਨ੍ਹਾਂ ਦੀ ਗਿਣਤੀ ਘੱਟ ਹੈ, ਜੋ ਹੋਰ ਜਾਤੀ ਤੇ ਨਸਲ ਦੇ ਨੀਚ ਵਿਦੇਸ਼ੀ ਹਨ ਤੇ ਉਨ੍ਹਾਂ ਪਿਛਲੇ ਕਈ ਸਾਲਾਂ

ਤੋਂ ਸਾਡੇ 'ਤੇ ਰਾਜ ਕੀਤਾ ਹੈ ਅਤੇ ਹੁਣ ਅਸੀਂ ਦ੍ਰਿੜ੍ਹ ਇਰਾਦਾ ਕਰ ਲਿਆ ਹੈ ਕਿ ਸਾਰੇ ਉੱਚੇ ਤੇ ਨੀਵੇਂ, ਅਮੀਰ ਤੇ ਗ਼ਰੀਬ ਇੱਕਜੁਟ ਹੋ ਜਾਈਏ ਤੇ ਮਿਲ ਕੇ ਉਨ੍ਹਾਂ ਨੂੰ ਇਸ ਧਰਤੀ ਤੋਂ ਦਫ਼ਾ ਕਰੀਏ ਤੇ ਉਨ੍ਹਾਂ 'ਤੇ ਤਸ਼ੱਦਦ ਢਾਹੀਏ ਤੇ ਸਾਡੇ ਸਿੰਘਾਸਨ 'ਤੇ ਆਪਣੇ ਪੁੱਤਰਾਂ ਨੂੰ ਸਥਾਪਤ ਕਰੀਏ।

ਇਨ੍ਹਾਂ ਈਸਾਈਆਂ ਨੇ ਸਾਡੀ ਧਰਤੀ 'ਤੇ ਆਣ ਕੇ ਇਸ ਨੂੰ ਭ੍ਰਿਸ਼ਟ ਕਰ ਦਿੱਤਾ ਹੈ ਤੇ ਹੁਣ ਸਾਡੇ ਸਭ ਤੋਂ ਵੱਧ ਮੁਬਾਰਕ, ਸੂਝਵਾਨ ਤੇ ਪਵਿੱਤਰ ਹਾਕਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖਤਾਂ ਸਾਕਾਰ ਕਰਨ ਦਾ ਵੇਲਾ ਆ ਗਿਆ ਹੈ। ਭਰਾਵੋ, ਚੇਤੇ ਰੱਖੋ ਕਿ ਮੁਗ਼ਲ ਸ਼ਹਿਜ਼ਾਦਿਆਂ ਦੇ ਕਾਰਜਕਾਲ ਦੌਰਾਨ ਸਾਡੇ ਅਕਾਲ ਪੁਰਖ ਤੇ ਗੁਰੂ ਨੇ ਸਾਨੂੰ ਮੁਗ਼ਲਾਂ 'ਤੇ ਜਿੱਤ ਹਾਸਲ ਕਰਵਾਈ ਸੀ, ਜਿਨ੍ਹਾਂ ਨੂੰ ਅਸੀਂ ਆਪਣੀ ਧਰਤੀ ਤੋਂ ਬਾਹਰ ਧੱਕ ਛੱਡਿਆ ਸੀ ਤੇ ਪੂਰੀ ਇੱਕ ਸਦੀ ਅਮਨ-ਚੈਨ ਨਾਲ ਲੰਘ ਗਈ ਸੀ; ਹੁਣ ਸਾਡੇ ਮੁਬਾਰਕ ਗੁਰੂ ਤਾਂ ਸਾਡੇ ਤੋਂ ਪਹਿਲਾਂ ਚਲੇ ਗਏ ਹਨ ਪਰ ਸਾਨੂੰ ਕਮਜ਼ੋਰ ਨਹੀਂ ਛੱਡ ਕੇ ਗਏ, ਅਸੀਂ ਹਮੇਸ਼ਾ ਉਤਸ਼ਾਹ ਨਾਲ ਭਰਪੂਰ ਕਰਦੇ ਰਹੇ ਹਨ ਤੇ ਸਾਨੂੰ ਪੂਰੀ ਤਰ੍ਹਾਂ ਚੁਸਤ ਤੇ ਮਜ਼ਬੂਤ ਬਣਾਇਆ ਹੈ, ਇਸੇ ਲਈ ਹੁਣ ਸਮਾਂ ਹੈ ਕਿ ਮੈਂ, ਰਾਮ ਸਿੰਘ ਉਨ੍ਹਾਂ ਵੱਲੋਂ ਈਸਾਈਆਂ ਨੂੰ ਕੱਢਣ ਦੀ ਜ਼ਿੰਮੇਵਾਰੀ ਸਾਡੇ ਕਬੀਲੇ (ਸਿੱਖਾਂ) ਦੇ ਹੱਥਾਂ 'ਚ ਸੌਂਪਣ ਲਈ ਭੇਜਿਆ ਗਿਆ ਹਾਂ ਅਤੇ ਜਿਹੜਾ ਕੁਹਾੜਾ ਤੁਸੀਂ ਮੇਰੇ ਲੱਕ ਨਾਲ ਬੱਝਾ ਹੋਇਆ ਵੇਖ ਰਹੇ ਹੋ, ਇਹ ਉਨ੍ਹਾਂ (ਗੁਰੂ ਗੋਬਿੰਦ ਸਿੰਘ ਜੀ) ਵੱਲੋਂ ਦਿੱਤਾ ਗਿਆ ਹੈ, ਜੋ ਇਸ ਤੱਥ ਦਾ ਸੰਕੇਤ ਹੈ ਕਿ ਮੈਂ ਅਸਲ 'ਚ ਉੱਪਰੋਂ ਭੇਜਿਆ ਗਿਆ ਹਾਂ, ਇਹ ਸੰਕੇਤ ਦੁਨੀਆ ਨੂੰ ਇਹ ਵਿਖਾਉਣ ਲਈ ਹੈ ਕਿ ਤਾਂ ਜੋ ਕਿਤੇ ਉਹ ਇਸ ਗੱਲ 'ਤੇ ਵਿਸ਼ਵਾਸ ਨਾ ਕਰਨ; ਮੈਂ ਹੁਣ ਇਸ ਕੁਹਾੜੇ ਨਾਲ ਉੱਤਰਿਆ ਹਾਂ, ਬੇਸ਼ੱਕ ਇਹ ਹਥਿਆਰ ਈਸਾਈਆਂ ਦੀ ਪੂਰੀ ਨਸਲ ਬਰਬਾਦ ਕਰ ਕੇ ਰੱਖ ਦੇਵੇਗਾ। ਸੋਚੋ ਕਿ ਉਹ ਕੌਣ ਹਨ ਤੇ ਕਿੱਥੋਂ ਆਏ ਹਨ, ਉਨ੍ਹਾਂ ਦੀ ਨਸਲ, ਆਦਤਾਂ ਆਦਿ ਬਾਰੇ ਵਿਚਾਰ ਕਰੋ। ਕੀ ਤੁਹਾਨੂੰ ਇਹ ਪਤਾ ਨਹੀਂ ਲੱਗਦਾ ਕਿ ਉਹ ਸਾਡੀ ਜਾਤੀ ਦੇ; ਸ਼ਤਰੀ ਨਹੀਂ ਹਨ। ਸਾਡੀ ਉੱਚ ਜਾਤੀ ਹੈ, ਜੋ ਬੇਹੱਦ ਮਜ਼ਬੂਤ ਈਸਾਈ ਸ਼ਾਖਾ 'ਤੇ ਹਮਲਾ ਕਰੇਗੀ; ਇਹ ਗੋਰੇ ਜੋ ਅਸਲ 'ਚ ਗਊਆਂ ਨੂੰ ਮਾਰ ਕੇ ਖਾ ਰਹੇ ਹਨ, ਤੁਸੀਂ ਸ਼ਤਰੀ ਜਾਂ ਖੱਤਰੀ ਭਰਾ ਇਸ ਧਰਤੀ 'ਤੇ ਇਹ ਸਭ ਕਿਵੇਂ ਹੋਣ ਦੇ ਰਹੇ ਹੋ ਜਦ ਕਿ ਅਜਿਹੇ ਪਸ਼ੂਆਂ ਨੂੰ ਸਾਡੇ ਪੁਰਖਿਆਂ ਨੇ ਸਦਾ ਬਹੁਤ ਜ਼ਿਆਦਾ ਸਤਿਕਾਰ ਨਾਲ ਰੱਖਿਆ ਹੈ।''

ਭਾਸ਼ਣ ਇੱਥੇ ਰੁਕ ਜਾਂਦਾ ਹੈ ਤੇ ਹੁਣ ਇੱਥੇ ਹੇਠਾਂ ਭਰਾਵਾਂ ਵਿਚਾਲੇ ਹੋ ਰਹੀ ਆਮ ਗੱਲਬਾਤ ਦੇ ਅੰਸ਼ ਦਿੱਤੇ ਗਏ ਹਨ:- ਸੂਬਾ ਭਰਾਵੋ, ਤੁਹਾਨੂੰ ਹੁਣ ਪਤਾ ਹੈ ਕਿ ਮੇਰੇ ਅਕਾਲ ਪੁਰਖ ਦੀਆਂ ਸਾਰੀਆਂ ਸ਼ਕਤੀਆ ਹਨ ਤੇ ਮੇਰੇ ਲਈ ਕੁਝ ਵੀ ਅਸੰਭਵ ਨਹੀਂ ਹੈ, ਇਸੇ ਲਈ ਉਸੇ ਤਾਕਤ ਨਾਲ ਮੈਂ ਆਪਣੇ ਪਿਆਰੇ ਦੋਸਤ ਤੇ ਸਾਥੀ ਮੰਗਲ ਸਿੰਘ ਨਾਲ ਲੰਡਨ ਗਿਆ ਸੀ, ਇੰਗਲੈਂਡ ਦੀ ਜਾਂ ਆਖ ਲਵੋ ਕਿ ਈਸਾਈਆਂ ਦੀ ਮਹਾਰਾਣੀ ਨੂੰ ਮਿਲ ਕੇ ਆਇਆ ਹਾਂ। ਮੈਂ ਉਸ ਨਾਲ ਗੱਲਬਾਤ ਕੀਤੀ ਸੀ ਤੇ ਉਸ ਨੂੰ ਦੱਸਿਆ ਕਿ ਭਾਰਤ 'ਚ ਜਿੱਥੇ ਉਸ ਦਾ ਰਾਜ ਹੈ, ਉਹ ਅਸਲ ਵਿੱਚ ਹਿੰਦੂਆਂ ਦਾ

ਹੈ ਤੇ ਈਸਾਈਆਂ ਨੇ ਪਹਿਲਾਂ ਹੀ ਉਸ ਧਰਤੀ ਦੇ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ ਤੇ ਹਿੰਦੂ ਹੁਣ ਉਨ੍ਹਾਂ ਨੂੰ ਪੂਰੀ ਤਰ੍ਹਾਂ ਆਪਣੀ ਧਰਤੀ ਤੋਂ ਚੱਲਦਾ ਕਰਨ ਲਈ ਦ੍ਰਿੜ੍ਹ ਸੰਕਲਪ ਹਨ। ਮਹਾਰਾਣੀ ਨਾਲ ਸਾਡੀ ਇੰਨੀ ਵਧੀਆ ਗੱਲਬਾਤ ਹੋਈ ਕਿ ਉਹ ਉਨ੍ਹਾਂ ਦੇ ਗੋਡਿਆਂ 'ਤੇ ਡਿੱਗ ਪਈ ਤੇ ਆਪਣੇ ਹੱਥ ਜੋੜ ਕੇ ਆਖਣ ਲੱਗੀ,''ਰਾਮ ਸਿੰਘ, ਮੇਰੀ ਤੇਰੇ ਅੱਗੇ ਬੇਨਤੀ ਹੈ ਕਿ ਮੈਨੂੰ ਰੇਲਵੇ ਦੀਆਂ ਪਟੜੀਆਂ ਵਿਛਾ ਲੈਣ ਦੇ, ਤਾਂ ਜੋ ਪੂਰੀ ਰਫ਼ਤਾਰ ਨਾਲ ਆਪਣੇ ਫ਼ੌਜੀਆਂ, ਖ਼ਜ਼ਾਨੇ ਆਦਿ ਨੂੰ ਸਭ ਕੁਝ ਕੱਢ ਸਕਾਂ, ਕਿਉਂਕਿ ਭਾਰਤ 'ਚ ਮੇਰਾ ਕਾਫ਼ੀ ਕਾਰੋਬਾਰ ਹੈ।'' (ਗੁਰੂ) ਰਾਮ ਸਿੰਘ ਜੀ ਨੇ ਮਹਾਰਾਣੀ ਨੂੰ ਕੁਝ ਦਿਨਾਂ ਦੀ ਛੋਟ ਦੇ ਦਿੱਤੀ।

ਮੇਰੇ ਲਈ (ਗੁਰੂ) ਰਾਮ ਸਿੰਘ ਜੀ ਦੀਆਂ ਸਾਰੀਆਂ ਸਿੱਖਿਆਵਾਂ, ਉਨ੍ਹਾਂ ਦੇ ਤਮਾਕੂਨੋਸ਼ੀ ਨਾ ਕਰਨ, ਝੂਠ ਨਾ ਬੋਲਣ, ਸ਼ਰਾਬ ਤੇ ਅੱਤਿਆਚਾਰ ਢਾਹੁਣ ਤੋਂ ਬਚਣ ਬਾਰੇ ਨਵੇਂ ਸਿਧਾਂਤ ਅਤੇ ਉਨ੍ਹਾਂ ਦੇ ਪ੍ਰਚਾਰ ਦੀਆਂ ਅਜਿਹੀਆਂ ਹੋਰ ਗੱਲਾਂ ਸਿਰਫ਼ ਅੰਨ੍ਹਾਪਣ ਹੀ ਹੈ। ਹੁਣ ਇਸ ਦੇਸ਼ ਵਿੱਚ ਬਹੁਤ ਜ਼ਿਆਦਾ ਖ਼ਤਰਾ ਹੈ ਅਤੇ (ਗੁਰੂ) ਰਾਮ ਸਿੰਘ ਜੀ ਸਮੇਤ ਸਾਰੇ ਕੂਕਿਆਂ ਨੂੰ ਇੱਕੋ ਵਾਰੀ 'ਚ ਫਾਂਸੀ ਦੇ ਦੇਣਾ ਬਿਹਤਰ ਰਹੇਗਾ। ਮੇਰੇ ਮਾਲਕ, ਮੈਂ ਤੁਹਾਨੂੰ ਯਕੀਨ ਦਿਵਾ ਸਕਦਾ ਹਾਂ ਕਿ ਮੈਂ ਜੋ ਵੀ ਖ਼ਬਰ ਭੇਜਦਾ ਹਾਂ, ਉਹ ਪੂਰੀ ਤਰ੍ਹਾਂ ਸੱਚੀ ਹੁੰਦੀ ਹੈ ਕਿਉਂਕਿ ਜਿਹੜਾ ਵਿਅਕਤੀ ਮੈਨੂੰ ਖ਼ਬਰਾਂ ਦਿੰਦਾ ਹੈ, ਉਹ ਇੱਕ ਕੂਕਾ ਮੈਂਬਰ ਹੈ, ਜੋ ਜਾਸੂਸ ਵਜੋਂ ਵਿਚਰ ਰਿਹਾ ਹੈ, ਇਸ ਬਾਰੇ (ਗੁਰੂ) ਰਾਮ ਸਿੰਘ ਜੀ ਦੇ ਸ਼ਰਧਾਲੂਆਂ ਨੂੰ ਕੋਈ ਜਾਣਕਾਰੀ ਨਹੀਂ ਹੈ ਤੇ ਮੈਨੂੰ ਲੱਗਦਾ ਹੈ ਕਿ ਮੈਂ ਇੰਝ ਹੀ ਹਰਫ਼-ਬ-ਹਰਫ਼ ਸਾਰੀ ਜਾਣਕਾਰੀ ਦਿੰਦਾ ਰਹਿ ਸਕਦਾ ਹਾਂ। ਬੰਦੇ ਪੰਜਾਬ, ਆਮ ਤੌਰ 'ਤੇ ਭਾਰਤ ਦੇ ਵੱਖੋ-ਵੱਖਰੇ ਫ਼ੌਜੀ ਸਟੇਸ਼ਨਾਂ ਤੋਂ ਪਰਤ ਆਏ ਹਨ (ਉਹ ਬੰਬਈ ਤੱਕ ਦੀਆਂ ਰੈਜਿਮੈਂਟਾਂ ਤੱਕ ਰਹੇ ਹਨ)। ਹੁਣ ਸਾਰੇ ਰਾਜਾਂ ਦੀ ਸਮੁੱਚੀ ਸਥਾਨਕ ਫ਼ੌਜ ਬ੍ਰਿਟਿਸ਼ ਸਰਕਾਰ ਕੋਲ ਹੈ ਤੇ ਉਸ ਨੇ ਸਹੁੰ ਚੁੱਕ ਲਈ ਹੈ (ਮੈਂ ਸਦਾ ਸੱਚ ਹੀ ਆਖਦਾ ਹਾਂ) ਕਿ ਉਹ ਸਾਰੇ ਸਾਡੇ ਨਾਲ ਹੀ ਰਹਿਣਗੇ। ਪਟਿਆਲਾ, ਨਾਭਾ, ਜੀਂਦ ਤੇ ਹੋਰ ਰਿਆਸਤਾਂ ਦੇ ਰਾਜੇ ਬਹੁਤ ਡਰਾਉਣੇ ਢੰਗ ਨਾਲ ਸਾਡੇ ਵਿਰੁੱਧ ਹਨ; ਉਂਝ ਉਨ੍ਹਾਂ ਸਭਨਾਂ ਨੇ ਵਾਅਦਾ ਕੀਤਾ ਹੈ ਕਿ ਜਦੋਂ ਵੀ ਕਦੇ ਬਗ਼ਾਵਤ ਹੋਈ ਤਾਂ ਉਹ ਹਥਿਆਰ, ਧਨ, ਵੱਧ ਤੋਂ ਵੱਧ ਜਵਾਨ ਤੇ ਗੋਲ਼ੀ-ਸਿੱਕਾ ਦੇਣਗੇ। ਸਾਡੇ ਸਹਿਯੋਗੀ ਭਾਈਵਾਲਾਂ ਸਮੇਤ ਉਹ ਸਾਰੇ ਇਸ ਵੇਲੇ ਬ੍ਰਿਟਿਸ਼ ਸਰਕਾਰ ਤੋਂ ਡਰਦੇ ਹਨ; ਅਜਿਹਾ ਪਹਿਲਾਂ ਕਦੇ ਨਹੀਂ ਹੋਇਆ। ਪਹਿਲਾਂ ਮੈਂ ਇਹ ਦੱਸਣ ਲਈ ਲਿਖਿਆ ਸੀ ਕਿ ਪਟਿਆਲਾ ਦੇ ਰਾਜੇ ਨੇ ਕੂਕਾ ਬਣਨ ਤੋਂ ਸਾਫ਼ ਨਾਂਹ ਕਰ ਦਿੱਤੀ ਸੀ ਪਰ ਹੁਣ ਮੇਰੇ ਕੋਲ ਸਹੀ ਜਾਣਕਾਰੀ ਹੈ (ਉਹ ਚੁੱਪ-ਚੁਪੀਤੇ ਕੂਕਾ ਬਣਿਆ ਹੋਇਆ ਹੈ)। ਮੇਰੇ ਮਾਲਕ, ਮੇਰੀ ਆਪ ਜੀ ਨੂੰ ਬੇਨਤੀ ਹੈ ਕਿ ਭਾਰਤ ਦੇ ਹਰੇਕ ਕੋਣੇ ਦੀ ਰਾਖੀ ਲਈ ਹੋਰ ਯੂਰੋਪੀਅਨ ਫ਼ੌਜਾਂ ਸੱਦ ਲਵੋ, ਇਹ ਸਾਡੀ ਆਪਣੀ ਸੁਰੱਖਿਆ ਲਈ ਠੀਕ ਰਹੇਗਾ ਤੇ ਦੇਸ਼ ਦੇ ਹਿਤ 'ਚ ਵੀ ਹੋਵੇਗਾ ਅਤੇ ਹੁਣ ਸਾਰੇ ਬਦਮਾਸ਼ਾਂ ਨੂੰ ਫੜ ਲਿਆ ਜਾਵੇ ਜਾਂ ਉਨ੍ਹਾਂ ਨੂੰ ਦੇਸ਼-ਨਿਕਾਲ਼ੇ ਦੇ ਦਿੱਤੇ ਜਾਣ ਤੇ ਜਾਂ ਉਨ੍ਹਾਂ ਨੂੰ ਉਡਾ ਦਿੱਤਾ ਜਾਵੇ। ਇਸ ਚਿੱਠੀ 'ਚ ਮੈਂ (ਗੁਰੂ) ਰਾਮ ਸਿੰਘ ਜੀ ਤੇ ਹੋਰਨਾਂ ਦੇ

ਜੋ ਵੀ ਨਾਮ ਦੇ ਰਿਹਾ ਹਾਂ, ਖ਼ਾਸ ਤੌਰ 'ਤੇ (ਗੁਰੂ) ਰਾਮ ਸਿੰਘ ਜੀ ਤੇ ਮੰਗਲ ਸਿੰਘ ਦਾ ਪਟਿਆਲਾ ਦੇ ਮਹਾਰਾਜਾ ਨਾਲ ਕੋਈ ਨਾ ਕੋਈ ਸਬੰਧ ਹੈ; ਇਹ ਦੋਵੇਂ ਭੜਕਾਊ ਹਨ; ਹੁਣ ਉਨ੍ਹਾਂ ਨੂੰ ਭੜਕਾਇਆ ਜਾ ਰਿਹਾ ਹੈ; ਉਨ੍ਹਾਂ ਦਾ ਮਚਾਇਆ ਭਾਂਬੜ ਛੇਤੀ ਕਿਤੇ ਬੁਝਣਾ ਵੀ ਨਹੀਂ ਤੇ ਬਹੁਤ ਜ਼ਿਆਦਾ ਨੁਕਸਾਨ ਹੋ ਜਾਵੇਗਾ।

ਜੇ ਇੱਥੇ ਫ਼ਰੈਂਚ ਸਰਕਾਰ ਹੁੰਦੀ, ਤਾਂ ਮੈਨੂੰ ਪੱਕਾ ਯਕੀਨ ਹੈ ਕਿ ਇਨ੍ਹਾਂ ਸਾਰੇ ਸਥਾਨਕ ਵਾਸੀਆਂ ਨੇ ਆਪਣੇ ਹਾਕਮਾਂ ਦੀਆਂ ਜੁੱਤੀਆਂ ਦੀ ਧੂੜ ਚੱਟਦੇ ਹੋਣਾ ਸੀ। ਹੁਣ ਸਾਨੂੰ ਡੰਡੇ ਨਾਲ ਰਾਜ ਕਰਨਾ ਚਾਹੀਦਾ ਹੈ, ਸਾਨੂੰ ਇਹ ਵੀ ਪਤਾ ਹੈ ਕਿ ਇਹ ਮੂਰਤੀ-ਪੂਜਕ ਹਨ ਤੇ ਇੱਕ ਪਰਮੇਸ਼ਵਰ 'ਚ ਵਿਸ਼ਵਾਸ ਨਹੀਂ ਕਰਦੇ ਤੇ ਉਨ੍ਹਾਂ ਕਦੇ ਵੀ ਇੱਥੇ ਸ਼ਾਂਤੀ ਤੇ ਇੱਕਜੁਟਤਾ ਨਾਲ ਨਹੀਂ ਰਹਿਣਾ। ਤਦ ਇੰਗਲੈਂਡ ਦੇ ਹਰੇਕ ਨਿਵਾਸੀ ਦਾ ਦਿਲ ਸੜਦਾ ਹੈ ਜਦੋਂ ਅਸੀਂ ਆਪਣੇ ਨਰਮ ਤੇ ਦਿਆਲੂ ਕਾਨੂੰਨਾਂ ਸਦਕਾ ਇਨ੍ਹਾਂ ਕਾਲਿਆਂ ਦਾ ਨਾ-ਸ਼ੁਕਰਾਪਣ ਵੇਖਦੇ ਹਾਂ (ਉਹ ਤਾਂ ਈਸ਼ਵਰ ਹਰੇਕ ਦੁੱਖ-ਮੁਸੀਬਤ 'ਚ ਸਾਡੀ ਮਦਦ ਕਰਦੇ ਹਨ) ਤੇ ਇਹ ਸਾਨੂੰ ਕੁਝ ਨਹੀਂ ਸਮਝਦੇ ਤੇ ਅਸੀਂ ਉਨ੍ਹਾਂ ਦੀਆਂ ਅੱਖਾਂ 'ਚ ਰੜਕਦੇ ਹਾਂ ਤੇ ਇਹ ਜੋ ਮਰਜ਼ੀ ਕਰੀ ਜਾ ਰਹੇ ਹਨ, ਹਰ ਸਮੇਂ ਕਾਨੂੰਨ ਦੀ ਉਲੰਘਣਾ ਕਰਦੇ ਹਨ, ਹੁਣ ਸਾਨੂੰ ਇਹ ਕਦੇ ਵੀ ਨਹੀਂ ਸੋਚਣਾ ਚਾਹੀਦਾ ਕਿ ਭੈਣੀ ਵਾਲੇ (ਗੁਰੂ) ਰਾਮ ਸਿੰਘ ਜੀ ਤਾਂ ਗ਼ਰੀਬ ਨਾਗਰਿਕ ਹਨ ਤੇ ਉਨ੍ਹਾਂ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਣਾ। ਹੁਣ ਆਪਾਂ ਨੂੰ ਪੂਰੀ ਤਿਆਰੀ ਕਰ ਕੇ ਇਹ ਦਰਸਾਉਣਾ ਚਾਹੀਦਾ ਹੈ ਕਿ ਅਸੀਂ ਵੀ ਕੁਝ ਕਰ ਸਕਦੇ ਹਾਂ ਤੇ ਅਸੀਂ ਉਨ੍ਹਾਂ ਕਾਲ਼ਿਆਂ ਦੇ ਦਾਸ ਬਣਨ ਨਾਲੋਂ ਆਪਣੀਆਂ ਜਾਨਾਂ ਕੁਰਬਾਨ ਕਰ ਸਕਦੇ ਹਾਂ ਜਿਹੜੇ ਹੁਣ ਇਹ ਸੋਚਣ ਲੱਗ ਪਏ ਹਨ ਕਿ ਈਸਾਈ ਲੋਕ ਇੱਕ ਨਾ ਇੱਕ ਦਿਨ ਉਨ੍ਹਾਂ ਅੱਗੇ ਨੱਚਣ ਲੱਗ ਪੈਣਗੇ। (ਇਹ ਮਾਮਲਾ ਹਾਲੇ ਬਹੁਤਾ ਭਖਿਆ ਨਹੀਂ ਹੈ ਪਰ ਕਿਸੇ ਵੀ ਸਮੇਂ ਕੁਝ ਹੋ ਸਕਦਾ ਹੈ, ਫਿਰ ਇਸ ਤੋਂ ਬਾਅਦ ਕੁਝ ਨਹੀਂ ਹੋਵੇਗਾ)। ਇਸ ਸਾਰੇ ਕਾਰੇ ਤੇ ਸਕੈਂਡਲ ਦੀ ਜੜ੍ਹ ਕਿੱਥੇ ਹੈ, ਇਹ ਕਦੇ ਵੀ ਕਿਸੇ ਨੂੰ ਉਦੋਂ ਤੱਕ ਪਤਾ ਨਹੀਂ ਲੱਗੇਗਾ, ਜਦੋਂ ਤੱਕ ਕਿ ਹਰੇਕ ਕੂਕੇ ਨੂੰ ਗੋਲ਼ੀ ਨਹੀਂ ਮਾਰ ਦਿੱਤੀ ਜਾਂਦੀ ਜਾਂ ਤਸ਼ੱਦਦ ਨਹੀਂ ਢਾਹਿਆ ਜਾਂਦਾ, ਇਸ ਮਾਮਲੇ 'ਚ ਇਹ ਕੋਈ ਜ਼ੁਲਮ ਨਹੀਂ ਹੋਵੇਗਾ, ਸਗੋਂ ਸਰਕਾਰ ਦੀ ਅਨੰਤ ਸੇਵਾ ਹੋਵੇਗੀ (ਇਸ ਮਾਮਲੇ 'ਚ ਤਾਂ ਆਇਰਲੈਂਡ ਦੀ 19ਵੀਂ ਸਦੀ ਵਾਲੀ ਬਗ਼ਾਵਤ ਨਾਲੋਂ ਵੀ ਦੁੱਗਣੀ ਵੱਧ ਸਖ਼ਤੀ ਕੀਤੀ ਜਾਣੀ ਚਾਹੀਦੀ ਹੈ)। ਇਸ ਵਿੱਚ ਇੱਕ ਡੂੰਘੇਰੀ ਬੁਰਾਈ ਵੀ ਹੈ ਤੇ ਮੈਨੂੰ ਲੱਗਦਾ ਹੈ ਕਿ ਸਰਕਾਰ ਉਸ ਵਿਅਕਤੀ ਨੂੰ ਭੇਜ ਕੇ ਸਿਆਣਾ ਕਦਮ ਚੁੱਕੇਗੀ, ਜੋ ਮੇਰੇ ਕੋਲ ਇਹ ਸਾਰੀਆਂ ਖ਼ਬਰਾਂ ਲੈ ਕੇ ਆਉਂਦਾ ਹੈ। ਉਹ ਹਾਲੇ ਥੋੜ੍ਹਾ ਪਰੇਸ਼ਾਨ ਹੈ ਕਿਉਂਕਿ ਉਹ ਜਾਣਾ ਤਾਂ ਚਾਹੁੰਦਾ ਹੈ ਪਰ ਉਸ ਕੋਲ ਪੈਸੇ ਨਹੀਂ ਹਨ; ਉਸ ਕੋਲ ਜੋ ਵੀ ਥੋੜ੍ਹਾ ਬਹੁਤ ਸੀ, ਉਹ ਸਭ ਖ਼ਰਚ ਕਰ ਬੈਠਾ ਹੈ ਕਿਉਂਕਿ ਕੂਕਿਆਂ ਦੀਆਂ ਗਤੀਵਿਧੀਆਂ ਸ਼ੁਰੂ ਹੋਇਆਂ ਨੂੰ ਵੀ ਤਿੰਨ ਸਾਲ ਬੀਤ ਚੁੱਕੇ ਹਨ ਤੇ ਉਸ ਵਿਅਕਤੀ ਨੇ ਬਾਬਾ ਰਾਮ ਸਿੰਘ ਜੀ ਦਾ ਚੇਲਾ ਬਣਨ ਲਈ ਵੀ ਉਨ੍ਹਾਂ ਨੂੰ ਕੁਝ ਰਕਮ ਅਦਾ ਕੀਤੀ ਸੀ ਕਿ ਤਾਂ ਜੋ ਉਸ 'ਤੇ ਕੁਝ ਵਿਸ਼ਵਾਸ ਬਣ ਸਕੇ ਅਤੇ ਉਹੀ ਸਭ ਤੋਂ ਵਧੀਆ ਜ਼ਰੀਆ ਹੈ, ਜਿੱਥੋਂ ਕੋਈ

ਖ਼ਬਰਸਾਰ ਮਿਲ ਸਕਦੀ ਹੈ (ਦਰਅਸਲ, ਇੰਝ ਅੰਦੋਲਨ ਦਾ ਭਰੋਸਾ ਜਿੱਤਿਆ ਜਾ ਸਕਦਾ ਹੈ ਕਿਉਂਕਿ ਉਹ ਉਸ ਸੰਪਰਦਾਇ ਦਾ ਮੈਂਬਰ ਵੀ ਹੈ, ਭਾਵੇਂ ਉਹ ਕਿਸੇ ਹੋਰ ਵਰਗ ਨਾਲ ਸੰਬੰਧਤ ਹੈ)। ਬੇਸ਼ੱਕ ਉਹ ਵੀ ਬਹੁਤ ਸਬਰ ਨਾਲ ਇਹ ਸਭ ਵੇਖ ਰਿਹਾ ਹੈ। ਜੇ ਬ੍ਰਿਟਿਸ਼ ਸਰਕਾਰ ਉਸ ਦੀਆਂ ਸੇਵਾਵਾਂ ਨੂੰ ਮਾਨਤਾ ਦੇ ਦੇਵੇ, ਤਾਂ ਕੁਝ ਸਮੇਂ ਬਾਅਦ ਜਾਣਕਾਰੀ ਦਾ ਇਸ ਤੋਂ ਵੱਡਾ ਸਰੋਤ ਦਾ ਖ਼ਜ਼ਾਨਾ ਬ੍ਰਿਟਿਸ਼ ਸਰਕਾਰ ਕੋਲ ਪੂਰੀ ਦੁਨੀਆ 'ਚ ਹੋਰ ਕਿਤੇ ਨਹੀਂ ਹੋਵੇਗਾ ਅਤੇ ਮੈਨੂੰ ਲੱਗਦਾ ਹੈ ਕਿ ਅਜਿਹੇ ਵਿਅਕਤੀ ਨੂੰ ਤਾਂ ਸਗੋਂ ਮਿਲ ਕੇ ਇਨਾਮ ਦੇਣਾ ਚਾਹੀਦਾ ਹੈ। ਉਹ ਸੰਭਾਵੀ ਬਗ਼ਾਵਤ ਦੇ ਆਖ਼ਰੀ ਦਿਨ ਤੱਕ ਵੀ ਖ਼ਬਰਾਂ ਭੇਜਣ ਦਾ ਕੰਮ ਕਰਨਾ ਚਾਹੁੰਦਾ ਹੈ ਜੇ ਉਸ ਨੂੰ ਸਰਕਾਰ ਦੀ ਇਜਾਜ਼ਤ ਤੇ ਹੱਲਾਸ਼ੇਰੀ ਮਿਲੇ। ਕਦੋਂ ਹਥਿਆਰ ਇਕੱਠੇ ਕੀਤੇ ਜਾਂਦੇ ਹਨ ਤੇ ਹਰੇਕ ਤਿਆਰੀ ਹੋ ਜਾਂਦੀ ਹੈ ਤਾਂ ਇਹ ਵਿਅਕਤੀ ਮੇਰੇ ਲਈ ਖ਼ਬਰਾਂ ਲੈ ਕੇ ਆਉਂਦਾ ਰਹੇਗਾ ਤੇ ਅੰਦਰਲੇ ਸਾਰੇ ਹਾਲਾਤ ਦੀ ਜਾਣਕਾਰੀ ਬ੍ਰਿਟਿਸ਼ ਸਰਕਾਰ ਨੂੰ ਮਿਲਦੀ ਰਹੇਗੀ ਪਰ ਉਸ ਨੂੰ ਸਰਕਾਰ ਵੱਲੋਂ ਉਸ ਦੀ ਪਿਛਲੀ ਤਿੰਨ ਵਰ੍ਹਿਆਂ ਦੀ ਸੇਵਾ ਲਈ ਕੁਝ ਉਤਸ਼ਾਹ ਜ਼ਰੂਰ ਮਿਲਣਾ ਚਾਹੀਦਾ ਹੈ ਕਿਉਂਕਿ ਉਹ ਇਸ ਮਾਮਲੇ 'ਚ ਇੰਨਾ ਅੰਦਰ ਤੱਕ ਚਲਾ ਗਿਆ ਕਿ ਬਾਬਾ ਰਾਮ ਸਿੰਘ ਜੀ ਦਾ ਸ਼ਰਧਾਲੂ ਤੱਕ ਬਣ ਗਿਆ ਕਿ ਤਾਂ ਜੋ ਕੰਬਖ਼ਤਾਂ ਨੂੰ ਸਜ਼ਾ ਦਿਵਾ ਸਕੇ (ਸਰਕਾਰ ਨੂੰ ਇਸ ਮਾਮਲੇ 'ਚ ਕਿਸੇ ਨੂੰ ਵੀ ਮੁਆਫ਼ ਨਹੀਂ ਕਰਨਾ ਚਾਹੀਦਾ)। ਇਸ ਵੇਲੇ ਸਮੁੱਚੇ ਭਾਰਤ 'ਚ ਹੀ ਅੰਦਰਖਾਤੇ ਬਹੁਤ ਜ਼ਿਆਦਾ ਰੋਹ ਤੇ ਰੋਸ ਹੈ; ਇੱਕ ਪਾਸੇ ਰੂਸੀ ਹਨ ਤੇ ਦੂਜੇ ਪਾਸੇ ਕਾਬੁਲ ਤੇ ਅਫ਼ਗ਼ਾਨਿਸਤਾਨ ਦੇ ਅਖੁੰਡ ਕਬੀਲੇ ਹਨ ਤੇ ਉੱਧਰ ਟੌਂਕ ਦਾ ਹੰਗਾਮਾ ਵੱਖਰਾ ਹੈ, ਸਭ 'ਤੇ ਬਹੁਤ ਧਿਆਨ ਨਾਲ ਨਜ਼ਰ ਰੱਖਣੀ ਹੋਵੇਗੀ। ਜਦੋਂ ਅਸੀਂ ਵੱਡੀ ਗਿਣਤੀ 'ਚ ਅੱਗੇ ਵਧਾਂਗੇ ਤਾਂ ਸਾਡੇ ਖ਼ਿਲਾਫ਼ ਕੋਈ ਖੁੱਲ੍ਹੀ ਬਗ਼ਾਵਤ ਨਹੀਂ ਹੋਣੀ ਚਾਹੀਦੀ ਕਿਉਂਕਿ ਹੁਣ ਦੇਵੀ-ਦੇਵਤਿਆਂ ਅੱਗੇ ਉੱਚੀ-ਉੱਚੀ ਇਹ ਅਰਦਾਸਾਂ ਕੀਤੀਆਂ ਜਾਂਦੀਆਂ ਹਨ ਕਿ ਇੱਕ ਦਿਨ ਅਜਿਹਾ ਆਵੇ, ਜਦੋਂ ਤਲਵਾਰ ਨਾਲ ਈਸਾਈ ਲੋਕਾਂ ਦਾ ਖ਼ਾਤਮਾ ਕਰ ਦਿੱਤਾ ਜਾਵੇ ਤੇ ਉਹ ਆਪਣੇ ਹੱਥ ਉਨ੍ਹਾਂ ਦੇ ਖ਼ੂਨ ਨਾਲ ਧੋਣਗੇ। ਇਹ ਉਸ ਕਿਸਮ ਦਾ ਅੰਦੋਲਨ ਹੈ, ਜਿਹੋ ਜਿਹਾ ਭਾਰਤ 'ਚ ਪਹਿਲਾਂ ਮੁਗ਼ਲ ਸ਼ਹਿਜ਼ਾਦਿਆਂ ਦੇ ਕਾਰਜਕਾਲ ਦੌਰਾਨ ਵੀ ਹੋ ਚੁੱਕਿਆ ਹੈ, ਜਦੋਂ ਮੁਸਲਿਮ ਲੋਕ ਹਿੰਦੂਆਂ ਵਿਰੁੱਧ ਲੜੇ ਸਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਲੋਕਾਂ ਤੇ ਧਨ ਨੂੰ ਇਕੱਠਾ ਕੀਤਾ ਸੀ, ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿ ਹੁਣ ਹੋ ਰਿਹਾ ਹੈ, ਭਾਵੇਂ ਸਰਕਾਰ ਨੂੰ ਉਨ੍ਹਾਂ ਦੀਆਂ ਸਰਗਰਮੀਆਂ ਦੀ ਅੱਧੀ ਜਾਣਕਾਰੀ ਵੀ ਨਹੀਂ ਹੈ।''

(ਗੁਰੂ) ਰਾਮ ਸਿੰਘ ਜੀ ਦਾ ਅੱਧਾ ਕੁ ਭਾਸ਼ਣ ਇਸ ਪ੍ਰਕਾਰ ਹੈ: ''ਹਾਜ਼ਰੀਨ ਸਤਿਕਾਰਯੋਗ ਸਿੱਖੋ! ਸੁਣੋ ਕਿ ਮੈਂ ਤੁਹਾਨੂੰ ਉਨ੍ਹਾਂ ਈਸਾਈਆਂ ਦੀ ਗੁਲਾਮੀ ਤੋਂ ਮੁਕਤ ਕਰਨ ਆਇਆ ਹਾਂ, ਜਿਨ੍ਹਾਂ ਦੀ ਅਸੀਂ ਸੇਵਾ ਕੀਤੀ ਹੈ ਤੇ ਅਸੀਂ ਆਜ਼ਾਦੀ ਲਈ ਲੜਾਂਗੇ ਅਤੇ ਮੈਂ ਸਿੱਖਾਂ ਨੂੰ ਇਹ ਦੇਸ਼ ਦੇਵਾਂਗਾ, ਜੋ ਅੰਤ 'ਚ ਰਾਜੇ ਬਣ ਕੇ ਰਾਜ ਕਰਨਗੇ ਅਤੇ ਇਸ ਤੋਂ ਇਲਾਵਾ ਮੇਰੇ ਅਕਾਲ ਪੁਰਖ ਨੇ ਮੈਨੂੰ ਦੱਸਿਆ ਹੈ ਕਿ ਇਹ ਵਤਨ ਹਿੰਦੂਆਂ ਦਾ ਹੈ ਅਤੇ ਈਸਾਈ ਲੋਕ ਇਸ 'ਤੇ ਹੁਣ ਰਾਜ ਨਹੀਂ ਕਰਨਗੇ

ਕਿਉਂਕਿ ਉਹ ਗਊਆਂ ਮਾਰ ਕੇ ਖਾ ਜਾਂਦੇ ਹਨ, ਇਸ ਲਈ ਉਨ੍ਹਾਂ ਵਿਰੁੱਧ ਬਗ਼ਾਵਤ ਕਰਨੀ ਜਾਇਜ਼ ਹੈ।'' ਫਿਰ ਉਹ ਇਹ ਆਖਦੇ ਹਨ ਕਿ ''ਮੈਨੂੰ ਤੁਹਾਡਾ ਮੁਕਤੀਦਾਤਾ ਬਣਾ ਕੇ ਭੇਜਿਆ ਗਿਆ ਹੈ ਅਤੇ ਮੈਂ ਸਿੱਖਾਂ ਦੇ (ਸ੍ਰੀ ਗੁਰੂ) ਗ੍ਰੰਥ (ਸਾਹਿਬ) ਜਾਂ ਬਾਈਬਲ ਅਨੁਸਾਰ ਖੱਤਰੀਆਂ, ਸੋਢੀਆਂ ਤੇ ਬੇਦੀ ਕਬੀਲਿਆਂ ਤੇ ਜਾਤੀਆਂ ਨੂੰ ਮਸੀਹੀ ਸਰਕਾਰ ਦੇ ਵਿਰੁੱਧ ਬਗ਼ਾਵਤ ਕਰਨ ਲਈ ਤਿਆਰ ਕਰਨ ਵਾਸਤੇ ਵਚਨਬੱਧ ਹਾਂ ਅਤੇ ਮੁਸਲਮਾਨ ਵੀ ਮੇਰੇ ਨਾਲ ਆ ਰਲਣਗੇ ਅਤੇ ਮੈਂ ਰਾਮ ਸਿੰਘ ਬਗ਼ਾਵਤ ਲਈ ਜੋ ਕੁਝ ਵੀ ਜ਼ਰੂਰੀ ਹੋਵੇਗਾ, ਉਹ ਸਭ ਕਰਾਂਗਾ, ਇਸ ਲਈ ਖ਼ੁਸ਼ ਹੋਵੋ ਤੇ ਹੌਸਲਾ ਨਾ ਛੱਡੋ, ਚੇਤੇ ਰੱਖੋ ਕਿ ਤੁਸੀਂ ਬਹੁਤ ਬਹਾਦਰ ਹੋ।''

ਕੁਝ ਸਮਾਂ ਪਹਿਲਾਂ ਉਨ੍ਹਾਂ ਨੂੰ ਇੱਕ ਸੁਆਲ ਕੀਤਾ ਗਿਆ ਸੀ, ਜਦੋਂ ਵੱਡੀ ਗਿਣਤੀ 'ਚ ਸਿੱਖ (ਕੂਕੇ) ਇਕੱਠੇ ਹੋਏ ਸਨ; ਉਹ ਸੁਆਲ ਇਸ ਪ੍ਰਕਾਰ ਸੀ: ''(ਗੁਰੂ) ਰਾਮ ਸਿੰਘ ਸਾਹਿਬ, ਇਹ ਗੱਲ ਸਮਝ ਨਹੀਂ ਪਈ ਕਿ ਕੁਝ ਸਮਾਂ ਜਿਹੜੇ ਈਸਾਈ ਕੁੱਤੇ ਤੁਹਾਡੇ ਨਾਲ ਮਾੜਾ ਵਿਵਹਾਰ ਕਰ ਰਹੇ ਸਨ, ਉਹ ਹੁਣ ਤੁਹਾਡੇ ਪੱਖ ਦੀ ਗੱਲ ਕਰ ਰਹੇ ਹਨ।'' ਤਾਂ ਉਨ੍ਹਾਂ ਜਵਾਬ ਦਿੱਤਾ ਸੀ,''ਕਿਉਂਕਿ ਮੈਂ ਇੰਗਲੈਂਡ ਦੀ ਮਹਾਰਾਣੀ ਨੂੰ ਆਪਣੇ ਪੈਰਾਂ 'ਤੇ ਡਿੱਗਣ ਲਈ ਮਜਬੂਰ ਕਰ ਦਿੱਤਾ ਸੀ ਅਤੇ ਹਿੰਦੂਆਂ ਦੇ ਦੇਸ਼ ਉੱਤੇ ਕਬਜ਼ਾ ਕਰਨ ਬਦਲੇ ਮੁਆਫ਼ੀ ਮੰਗਣ ਲਈ ਕਿਹਾ ਸੀ ਅਤੇ ਮੈਂ ਉਸ ਨੂੰ ਆਪਣੀਆਂ ਸ਼ਰਤਾਂ ਮੰਨਣ ਲਈ ਆਖਿਆ ਸੀ ਕਿ ਉਹ ਸਾਰੇ ਇੱਕ ਨਿਸ਼ਚਿਤ ਸਮੇਂ ਅੰਦਰ ਸਾਡਾ ਦੇਸ਼ ਛੱਡ ਕੇ ਚਲੇ ਜਾਣਗੇ; ਇੰਝ ਈਸਾਈ ਮਹਾਰਾਣੀ ਹਿੰਦੂਆਂ ਤੋਂ ਡਰ ਗਈ ਸੀ।'' ''ਉਨ੍ਹਾਂ ਕੂਕਿਆਂ ਦੇ ਇਕੱਠ ਨੂੰ ਇਹ ਵੀ ਕਿਹਾ ਕਿ ਉਨ੍ਹਾਂ ਮਹਾਰਾਣੀ ਨੂੰ ਕਿਹਾ ਕਿ ਈਸਾਈਆਂ ਦੇ ਪਰਮੇਸ਼ਵਰ ਨੇ ਯਿਸੂ ਮਸੀਹ ਨੂੰ ਭੇਜਿਆ, ਇਸੇ ਲਈ ਹੁਣ ਉਨ੍ਹਾਂ ਦੇ ਰੱਬ ਨੇ ਉਨ੍ਹਾਂ (ਗੁਰੂ ਜੀ) ਨੂੰ ਮੁਕਤੀਦਾਤਾ ਬਣਾ ਕੇ ਭੇਜਿਆ ਹੈ ਅਤੇ ਉਨ੍ਹਾਂ ਮਹਾਰਾਣੀ ਨੂੰ ਕਮਿਸ਼ਨਰਾਂ ਤੇ ਹੋਰ ਸਭ ਅਧਿਕਾਰੀਆਂ ਨੂੰ ਲਿਖਣ ਲਈ ਕਿਹਾ ਹੈ ਕਿ ਉਹ ਉਨ੍ਹਾਂ ਨੂੰ ਪਰੇਸ਼ਾਨ ਨਾ ਕਰਨ ਤੇ ਜੇ ਉਨ੍ਹਾਂ ਇੰਝ ਕਰਨਾ ਜਾਰੀ ਰੱਖਿਆ, ਤਾਂ ਫਿਰ ਉਹ ਕਸਾਈ ਬਣ ਜਾਣਗੇ ਤੇ ਜੋ ਵੀ ਸਾਹਮਣੇ ਆਵੇਗਾ, ਉਸ ਨੂੰ ਬਾਰੂਦ ਅਤੇ ਕ੍ਰਿਪਾਨ ਨਾਲ ਬਰਬਾਦ ਕਰ ਕੇ ਰੱਖ ਦੇਣਗੇ।''

ਉਨ੍ਹਾਂ ਤੋਂ ਇੱਕ ਹੋਰ ਸੁਆਲ ਪੁੱਛਿਆ ਗਿਆ ਸੀ, ਜੋ ਹਰਫ਼-ਬ-ਹਰਫ਼ ਇੰਝ ਹੈ:- ''ਭਾਈ (ਗੁਰੂ) ਰਾਮ ਸਿੰਘ ਜੀ ਤੁਸੀਂ ਕੁਝ ਸਮਾਂ ਪਹਿਲਾਂ ਸਾਨੂੰ ਦੱਸਿਆ ਸੀ ਕਿ ਈਸਾਈ ਭਾਰਤ ਨੂੰ ਛੱਡ ਜਾਣਗੇ ਪਰ ਤੁਸੀਂ ਵੇਖੋ ਕਿ ਉਹ ਇੱਥੇ ਰੇਲਵੇ ਤੇ ਸੜਕਾਂ ਦੀ ਉਸਾਰੀ ਕਰ ਰਹੇ ਹਨ। ਇਸ ਸਭ ਦਾ ਕੀ ਅਰਥ ਹੈ।'' ਉਨ੍ਹਾਂ ਭਰੋਸਾ ਦਿਵਾਉਂਦਿਆਂ ਕਿਹਾ ਸੀ:- ''ਤੁਸੀਂ ਸਿੱਖ ਲੋਕ ਸੁਣੋ, ਮੈਂ ਆਪਣੇ ਨਾਲ ਬਿਸ਼ਨਪੁਰ ਦੇ ਮੰਗਲ ਸਿੰਘ ਨੂੰ ਵੀ ਆਪਣੇ ਨਾਲ ਲੈ ਕੇ ਗਿਆ ਸਾਂ ਤੇ ਉਹ ਤੁਹਾਨੂੰ ਸਭ ਨੂੰ ਇਸ ਗੱਲ ਦੀ ਤਸਦੀਕ ਕਰ ਸਕਦੇ ਹਨ ਕਿ ਮਹਾਰਾਣੀ ਨੇ ਕੀ ਆਖਿਆ ਸੀ, ਥੋੜ੍ਹੀ ਉਡੀਕ ਕਰੋ, ਉਸ ਨੇ ਕਿਹਾ ਸੀ ਕਿ ਭਾਰਤ 'ਚ ਮੇਰੀ ਬਹੁਤ ਜ਼ਿਆਦਾ ਜਾਇਦਾਦ ਤੇ ਖ਼ਜ਼ਾਨਾ ਪਿਆ ਹੈ, ਇਸ ਲਈ ਮੈਨੂੰ ਸਾਰੇ ਪਾਸੇ ਸੰਦੇਸ਼ ਪਹੁੰਚਾਉਣ ਦੇਵੋ ਤੇ ਫਿਰ ਮੈਂ ਆਪੇ ਹੀ ਦੇਸ਼ ਛੱਡ ਜਾਵਾਂਗੀ।''

ਪਟਿਆਲਾ ਖੇਤਰ ਦੇ ਪਿੰਡ ਬਿਸ਼ਨਪੁਰ ਦੇ ਸਰਦਾਰ ਸੰਗਲ ਸਿੰਘ ਕੂਕਾ ਰਾਜਿਆਂ 'ਚੋਂ ਇੱਕ ਹਨ ਤੇ ਉਨ੍ਹਾਂ ਬਗ਼ਾਵਤ 'ਚ ਮਦਦ ਲਈ 4 ਲੱਖ ਰੁਪਏ ਦਿੱਤੇ ਹਨ; ਉਹ ਪਟਿਆਲਾ ਦੇ ਰਾਜੇ ਦੇ ਰਿਸ਼ਤੇਦਾਰ ਹਨ, ਜੇ ਭਾਰਤ 'ਚ ਬ੍ਰਿਟਿਸ਼ ਹਕੂਮਤ ਨੂੰ ਬਚਾਉਣਾ ਹੈ ਤਾਂ ਉਸ ਨੂੰ ਬਿਨਾਂ ਕਿਸੇ ਦੇਰੀ ਦੇ ਕਾਬੂ ਕਰ ਲਿਆ ਜਾਣਾ ਚਾਹੀਦਾ ਹੈ। ਕੂਕੇ ਅਨੇਕ ਲੋਕਾਂ ਦੀ ਜਾਨ ਦੇ ਪਿਆਸੇ ਹਨ। ਕੂਕਿਆਂ ਦੀ ਗਿਣਤੀ ਰੋਜ਼ਾਨਾ ਵਧਣ ਦੀ ਸੰਭਾਵਨਾ ਹੈ ਤੇ ਸਾਰੇ ਸਥਾਨਕ ਮੁਖੀਆਂ ਨੂੰ ਉਨ੍ਹਾਂ 'ਚ ਆ ਕੇ ਸ਼ਾਮਲ ਹੋਣ ਦੀ ਸਹੁੰ ਚੁਕਾਈ ਗਈ ਹੈ। ਕੂਕਾ ਭਾਈਚਾਰੇ ਦੇ ਜਿਹੜੇ ਲੋਕ ਦੇਸ਼ ਦੇ ਲੋਕਾਂ ਨੂੰ ਬਗ਼ਾਵਤ ਲਈ ਤਿਆਰ ਕਰ ਰਹੇ ਹਨ, ਜਿਨ੍ਹਾਂ ਨੂੰ ਸੂਬੇ ਕਿਹਾ ਜਾਂਦਾ ਹੈ; ਉਨ੍ਹਾਂ ਦੀ ਗਿਣਤੀ 22 ਹੈ (ਬਿਲਕੁਲ ਉਵੇਂ, ਜਿੰਨੀ ਗਿਣਤੀ ਮੁਗ਼ਲ ਹਾਕਮਾਂ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਹੁੰਦੀ ਸੀ)। ਇੱਥੇ ਹੇਠਾਂ ਕੁਝ ਨਾਮ ਉਨ੍ਹਾਂ ਦੇ ਹੋਰ ਵੇਰਵਿਆਂ ਨਾਲ ਦਿੱਤੇ ਜਾ ਰਹੇ ਹਨ:

ਪਟਿਆਲਾ ਖੇਤਰ ਦੇ ਇੱਕ ਪਿੰਡ ਬਿਸ਼ਨਪੁਰਾ ਦੇ ਸਰਦਾਰ ਮੰਗਲ ਸਿੰਘ, ਬਾਬਾ ਰਾਮ ਸਿੰਘ ਜੀ ਦਾ ਸੱਜਾ ਹੱਥ, ਕੂਕਾ ਰਾਜਿਆਂ 'ਚੋਂ ਇੱਕ ਅਤੇ ਪਟਿਆਲਾ ਦੇ ਰਾਜੇ ਦੇ ਰਿਸ਼ਤੇਦਾਰ ਹਨ।

ਸਾਹਿਬ ਸਿੰਘ, ਵਾਸੀ ਪਿੰਡ ਭੈਣੀ।  
ਦੁਖਾ ਸਿੰਘ, ''  
ਦਰਬਾਰਾ ਸਿੰਘ, '' ਰਾਏਪੁਰ।  
ਕਰਮ ਸਿੰਘ, ਨਿਵਾਸੀ ਮਾਲਵਾ, ਦੇਸ਼ 'ਚ ਘੁੰਮਦਾ ਫਿਰ ਰਿਹਾ।  
ਹੀਰਾ ਸਿੰਘ, '' '' '' ''  
ਭਗਵਾਨ ਸਿੰਘ, ਨਿਵਾਸੀ ਮਾਝਾ।  
ਦਸੌਂਧੀ ਸਿੰਘ, ਨਿਵਾਸੀ ਰਾਏਪੁਰ।  
ਬੁੱਧ ਸਿੰਘ, ਨਿਵਾਸੀ ਦੋਆਬਾ (ਸੂਬਾ ਮੁਖੀਆਂ 'ਚੋਂ ਇੱਕ)  
ਜੋਧ ਸਿੰਘ, ''-ਉਹੀ- ''  
ਨੱਥਾ ਸਿੰਘ, ਨਿਵਾਸੀ ਮਾਝਾ।  
ਹੱਸਾ ਸਿੰਘ, ਨਿਵਾਸੀ ਖਟੜਾ ਨੇੜੇ ਲੁਧਿਆਣਾ।

(ਗੁਰੂ) ਰਾਮ ਸਿੰਘ ਜੀ ਨੇ ਕੂਕਾ ਸੂਬਿਆਂ ਜਾਂ ਮੁਖੀਆਂ ਲਈ ਦੇਸ਼ ਨੂੰ ਪਹਿਲਾਂ ਹੀ ਹਿੱਸਿਆਂ 'ਚ ਵੰਡਿਆ ਹੋਇਆ ਹੈ। ਉਹ ਉਨ੍ਹਾਂ ਨੂੰ ਪੁੱਛਦੇ ਹਨ ਕਿ ਤੁਸੀਂ ਵਤਨ ਦੇ ਕਿਸ ਹਿੱਸੇ 'ਚ ਜਾਣਾ ਪਸੰਦ ਕਰੋਗੇ। ਸੰਬੰਧਤ ਵਿਅਕਤੀ ਕੁਝ ਖ਼ਾਸ ਸਥਾਨਾਂ ਦੇ ਨਾਂਅ ਲੈਂਦਾ ਹੈ ਤੇ (ਗੁਰੂ) ਰਾਮ ਸਿੰਘ ਜੀ ਉਹ ਸਾਰੇ ਨਾਂਅ ਆਪਣੀ ਕਾਪੀ 'ਤੇ ਨੋਟ ਕਰ ਲੈਂਦੇ ਹਨ ਅਤੇ ਆਖਦੇ ਹਨ ਕਿ ਠੀਕ ਹੈ ਕਿ ਇਹ ਇਲਾਕਾ ਤੇਰੇ ਹਿੱਸੇ 'ਚ ਰਹੇਗਾ।

ਪਟਿਆਲਾ ਦੇ ਰਾਜੇ ਨੂੰ ਆਖਣਾ ਚਾਹੀਦਾ ਹੈ ਕਿ ਉਹ ਆਪਣੇ ਇਲਾਕੇ ਦੇ ਸਾਰੇ ਕੂਕਿਆਂ ਨੂੰ ਜੰਗੀ ਬੰਧਕ ਬਣਾ ਕੇ ਬ੍ਰਿਟਿਸ਼ ਸਰਕਾਰ ਨੂੰ ਸੌਂਪ ਦੇਵੇ। ਸਾਨੂੰ ਹੁਣ

ਬਹੁਤ ਸਖ਼ਤ ਹੋਣਾ ਹੋਵੇਗਾ ਅਤੇ ਪੂਰਾ ਧਿਆਨ ਰੱਖਦਿਆਂ ਕਿਸੇ 'ਤੇ ਵੀ ਤਰਸ ਨਹੀਂ ਕਰਨਾ ਹੋਵੇਗਾ। ਉਸ ਦੀ ਸਾਜ਼ਿਸ਼ ਵਿੱਚ ਫੜੇ ਗਏ ਸਾਰੇ ਵਿਅਕਤੀਆਂ ਨੂੰ ਜਾਂ ਤਾਂ ਜੀਵਨ ਭਰ ਲਈ ਦੇਸ਼-ਨਿਕਾਲੇ ਦੇ ਦੇਣੇ ਜਾਣੇ ਚਾਹੀਦੇ ਹਨ ਜਾਂ ਉਨ੍ਹਾਂ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਜੇ ਹੁਣ ਦਿਆਲਤਾ ਪ੍ਰਗਟਾਈ ਗਈ, ਤਾਂ ਫਿਰ ਉਨ੍ਹਾਂ ਸਭਨਾਂ 'ਤੇ ਹਰ ਥਾਂ ਉੱਤੇ ਨਜ਼ਰ ਰੱਖਣੀ ਪਵੇਗੀ ਤੇ ਦੇਸ਼ ਕਦੇ ਵੀ ਸੁਰੱਖਿਅਤ ਨਹੀਂ ਰਹੇਗਾ। ਜੇ ਅਸੀਂ ਕਾਲ਼ਿਆਂ ਨੂੰ ਠੀਕ ਕਰਨਾ ਹੈ, ਤਾਂ ਸਾਨੂੰ ਉਨ੍ਹਾਂ ਜਾਂ ਉਨ੍ਹਾਂ ਦੇ ਦੇਸ਼ 'ਤੇ ਅਜਿਹਾ ਪ੍ਰਭਾਵ ਛੱਡਣਾ ਹੋਵੇਗਾ ਕਿ ਉਹ ਬਾਅਦ 'ਚ ਇਸ ਨੂੰ ਕਦੇ ਵੀ ਨਾ ਭੁੱਲਣ।

ਇੱਕ ਵਾਰ ਹੋਰ, ਮੈਂ ਆਖਦਾ ਹਾਂ ਕਿ ਸਾਨੂੰ ਸਖ਼ਤ ਤੇ ਪੂਰੀ ਤਰ੍ਹਾਂ ਚੌਕਸ ਬਨਣਾ ਚਾਹੀਦਾ ਹੈ।

ਪੂਰੇ ਦੇਸ਼ 'ਚ ਹਰੇਕ ਨਾਗਰਿਕ ਨੂੰ ਨਿੱਕੀਆਂ ਕੁਹਾੜੀਆਂ ਵੰਡੀਆਂ ਜਾ ਰਹੀਆਂ ਹਨ; ਰਾਜੇ ਦੇ ਖੇਤਰਾਂ 'ਚ ਬਹੁਤ ਵੱਡੀਆਂ-ਵੱਡੀਆਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਲੋਕ ਦੇਸ਼ 'ਚ ਬਗ਼ਾਵਤ ਲਈ ਭੜਕਾਉਂਦੇ ਫਿਰ ਰਹੇ ਹਨ। ਬੱਸ ਹੁਣ ਸਿਰਫ਼ ਬਾਬਾ ਰਾਮ ਸਿੰਘ ਜੀ ਨੇ ਇਹੋ ਆਖਣਾ ਹੈ 'ਸ਼ੁਰੂ ਕਰੋ' ਤੇ ਫਿਰ ਅਸੀਂ ਸਾਰੇ ਖ਼ਤਮ, ਪੁਰਾਣੇ ਇੰਗਲੈਂਡ ਦਾ ਮਾਣ-ਤਾਣ ਮਧੋਲ ਕੇ ਰੱਖ ਦਿੱਤੇ ਜਾਣ ਦੇ ਪੂਰੇ ਆਸਾਰ ਹਨ। ਰੱਬ ਸਾਨੂੰ ਸਾਡੇ ਦੁਸ਼ਮਣਾਂ ਦੇ ਹੱਥਾਂ 'ਚ ਪੈਣ ਤੋਂ ਬਚਾਵੇ ਤੇ ਇਸ ਧਰਤੀ 'ਤੇ ਸ਼ੈਤਾਨੀ ਤਾਕਤਾਂ ਦੇ ਮਨਸੂਬੇ ਕਾਮਯਾਬ ਨਾ ਹੋਣ। ਬਗ਼ਾਵਤ ਦੀ ਚੀਕ-ਪੁਕਾਰ ਸਮੁੱਚੇ ਭਾਰਤ ਤੱਕ ਪੁੱਜ ਚੁੱਕੀ ਹੈ; ਇਸ ਲਈ ਸਾਨੂੰ ਢਿੱਲ ਨਹੀਂ ਵਰਤਣੀ ਚਾਹੀਦੀ; ਹੁਣ ਸਾਨੂੰ ਫਾਂਸੀਆਂ ਦੇਣ, ਜਾਇਦਾਦ ਜ਼ਬਤ ਕਰਨ, ਬਾਹਾਂ ਵੱਢਣ, ਨਕਾਰਾ ਕਰਨ ਜਾਂ ਦੇਸ਼-ਨਿਕਾਲੇ ਦੇਣ ਦਾ ਸਿਲਸਿਲਾ ਸ਼ੁਰੂ ਕਰਨਾ ਚਾਹੀਦਾ ਹੈ। ਜਦੋਂ ਤੱਕ ਸਖ਼ਤੀ ਨਹੀਂ ਕੀਤੀ ਜਾਂਦੀ, ਤਦ ਤੱਕ ਇੱਥੇ ਕੋਈ ਨਹੀਂ ਸੁਣਦਾ ਤੇ ਭਲਾਈ ਦਾ ਕੋਈ ਸਮਾਂ ਨਹੀਂ ਰਿਹਾ।

ਮਾਲਵਾ ਦੇਸ਼ ਤੇ ਰਾਜਪੂਤਾਨਾ ਰਿਆਸਤਾਂ 'ਚ ਬਗ਼ਾਵਤ ਭੜਕੀ ਹੋਈ ਹੈ ਤੇ ਸਭ ਲੋਕ ਹੁਣ ਈਸਾਈਆਂ ਦੇ ਖ਼ੂਨ ਦੇ ਪਿਆਸੇ ਹੋਏ ਪਏ ਹਨ। ਅਸਲੀਅਤ ਤਾਂ ਇਹੋ ਹੈ ਕਿ ਬੱਸ ਬਹੁਤ ਮਾੜਾ ਹੁਣ ਵਾਪਰਨ ਵਾਲਾ ਹੈ ਤੇ ਅਸੀਂ ਇਸ ਬਾਰੇ ਕੁਝ ਵੀ ਨਹੀਂ ਸੋਚ ਰਹੇ; ਚੇਤੇ ਰੱਖੋ ਕਿ ਜੇ ਕਿਤੇ ਪਾਸਾ ਪਲਟਣ ਤੋਂ ਬਾਅਦ ਉਹ ਸਾਡੇ ਤੋਂ ਉੱਤੇ ਹੋ ਗਏ, ਤਾਂ ਉਨ੍ਹਾਂ ਸਾਡੇ 'ਤੇ ਕੋਈ ਤਰਸ ਨਹੀਂ ਕਰਨਾ। ਇਸ ਸਾਰੇ ਮਾਮਲੇ 'ਤੇ ਬਹੁਤ ਹੀ ਚੌਕਸੀ ਨਾਲ ਨਜ਼ਰ ਵੀ ਰੱਖਣੀ ਹੋਵੇਗੀ ਤੇ ਜਾਂਚ ਵੀ ਕਰਨੀ ਹੋਵੇਗੀ ਅਤੇ ਅਜਿਹਾ ਨਹੀਂ ਕਹਿਣਾ ਹੋਵੇਗਾ ਕਿ ਅਜਿਹਾ ਵਿਅਕਤੀ ਗੁਨਾਹਗਾਰ ਨਹੀਂ ਪਾਇਆ ਜਾਂਦਾ ਤੇ ਉਸ ਨੂੰ ਮੁਆਫ਼ ਕਰਨਾ ਹੀ ਹੋਵੇਗਾ; ਨਹੀਂ! ਹਰੇਕ ਸ਼ੱਕੀ ਪਾਏ ਵਿਅਕਤੀ ਨਾਲ ਵੀ ਸਖ਼ਤੀ ਵਰਤਣੀ ਚਾਹੀਦੀ ਹੈ ਤੇ ਬਿਹਤਰ ਸਮਾਂ ਆਉਣ ਤੱਕ ਸੁਰੱਖਿਅਤ ਰਹਿਣਾ ਹੋਵੇਗਾ।

## 33

*ਨੰ. 10* *ਮਿਤੀ 19 ਜਨਵਰੀ, 1869*

*ਵੱਲੋਂ*

ਲੈਫ਼ਟੀਨੈਂਟ ਕਰਨਲ,
ਜੀ. ਹਚਿਨਸਨ,
ਇੰਸਪੈਕਟਰ ਜਨਰਲ ਆੱਫ਼ ਪੁਲਿਸ, ਪੰਜਾਬ।

*ਵੱਲ*

ਟੀ.ਐੱਚ. ਥੌਰੰਟਨ,
ਸਕੱਤਰ, ਪੰਜਾਬ ਸਰਕਾਰ,
ਸਿਵਲ ਵਿਭਾਗ।

*1. ਸਾਲ 1868 ਲਈ ਕੂਕਾ ਸੰਪਰਦਾਇ ਦੀ ਰਿਪੋਰਟ।*

ਮੈਨੂੰ ਸਰਕਾਰ ਦੀ ਸੂਚਨਾ, ਸਾਲ 1868 ਦੌਰਾਨ ਕੂਕਾ ਸੰਪਰਦਾਇ ਬਾਰੇ ਪੁਲਿਸ ਦੇ ਵਿਚਾਰਾਂ ਬਾਰੇ ਇੱਕ ਰਿਪੋਰਟ ਭੇਜਣ ਦਾ ਮਾਣ ਹਾਸਲ ਹੋਇਆ ਹੈ।

*2. ਕੂਕਾਵਾਦ ਦਾ ਪਤਨ।*

ਗੁਜਰਾਂਵਾਲਾ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਦੇ ਬਿਆਨ ਨੂੰ ਛੱਡ ਕੇ ਇਸ ਦਸਤਾਵੇਜ਼ 'ਚ ਮੈਨੂੰ ਇਹੋ ਰਿਪੋਰਟ ਮਿਲੀ ਹੈ ਕਿ ਕੂਕਾਵਾਦ ਦਾ ਘਟਣਾ ਸ਼ੁਰੂ ਹੋ ਚੁੱਕਾ ਹੈ।

*3. ਇਸ ਵਰ੍ਹੇ ਮੜ੍ਹੀਆਂ ਨਸ਼ਟ ਕਰਨ ਦੀ ਕੋਈ ਰਿਪੋਰਟ ਨਹੀਂ ਮਿਲੀ।*

ਬੀਤੇ ਵਰ੍ਹੇ ਦੌਰਾਨ ਮੜ੍ਹੀਆਂ ਨਸ਼ਟ ਕਰਨ ਦੀ ਕੋਈ ਘਟਨਾ ਮੇਰੇ ਧਿਆਨ 'ਚ ਨਹੀਂ ਆਈ; ਤੇ ਮੇਰੇ ਕੋਲ ਇਸ ਯਕੀਨ ਦੇ ਕਾਰਣ ਹਨ ਕਿ ਸਾਲ 1867 'ਚ ਇਨ੍ਹਾਂ ਅਪਰਾਧਾਂ ਦੀ ਬਾਰੰਬਾਰਤਾ ਤੇ ਅਜਿਹੇ ਜੁਰਮਾਂ ਲਈ ਕੂਕਿਆਂ ਨੂੰ ਮਿਲੀਆਂ ਸਜ਼ਾਵਾਂ ਨੇ (ਗੁਰੂ) ਰਾਮ ਸਿੰਘ ਜੀ ਦੇ ਸਿਧਾਂਤਾਂ ਦੀ ਹਰਮਨਪਿਆਰਤਾ ਘੱਟ ਕਰਨ ਵਿੱਚ ਕੋਈ ਘੱਟ ਯੋਗਦਾਨ ਨਹੀਂ ਪਾਇਆ। ਮੈਨੂੰ ਇੱਕ ਸੂਝਵਾਨ ਭੱਦਰ-ਪੁਰਖ ਨੇ ਦੱਸਿਆ ਹੈ ਕਿ ਹੁਣ ਲੋਕਾਂ ਦੇ ਮਨਾਂ 'ਚ ਅਜਿਹਾ ਪ੍ਰਭਾਵ ਸਿਰਜਿਆ ਗਿਆ ਹੈ ਕਿ ਕੂਕਾ ਸੰਪਰਦਾਇ ਦੀਆਂ ਸਿੱਖਿਆਵਾਂ ਸੱਚਮੁਚ ਬਹੁਤ ਮਾੜੀਆਂ ਹਨ ਤੇ ਇਨ੍ਹਾਂ ਦੇ ਭੈੜੇ ਨਤੀਜੇ ਹੀ ਨਿਕਲਦੇ ਹਨ ਅਤੇ ਇੰਝ ਵੱਡੇ ਪੱਧਰ 'ਤੇ ਉਨ੍ਹਾਂ ਦੇ ਸਿਧਾਂਤਾਂ ਦੇ ਵਿਰੋਧ 'ਚ ਵਿਚਾਰ ਪੈਦਾ ਹੋਣ ਲੱਗੇ ਹਨ।

*4. 1866 'ਚ ਬਾਬਾ ਰਾਮ ਸਿੰਘ ਜੀ 'ਤੇ ਨਿਗਰਾਨੀ ਬੰਦ ਕਰ ਦਿੱਤੀ ਗਈ।*

ਬਾਬਾ ਰਾਮ ਸਿੰਘ ਜੀ 'ਤੇ ਰੱਖੀ ਜਾਂਦੀ ਸਖ਼ਤ ਚੌਕਸ ਨਿਗਰਾਨੀ ਵਿੱਚ 1866 ਦੌਰਾਨ ਢਿੱਲ ਦੇ ਦਿੱਤੀ ਗਈ ਸੀ ਤੇ ਸਰਕਾਰ ਨੇ ਉਨ੍ਹਾਂ ਨੂੰ ਆਪਣੀ ਮਰਜ਼ੀ ਮੁਤਾਬਕ

ਕਿਤੇ ਵੀ ਜਾਣ ਦੀ ਇਜਾਜ਼ਤ ਦੇ ਦਿੱਤੀ ਸੀ। ਸਾਡਾ ਦਖ਼ਲ ਖ਼ਤਮ ਹੋਣ ਨਾਲ (ਗੁਰੂ) ਰਾਮ ਸਿੰਘ ਜੀ ਨੂੰ ਮਿਲਣ ਵਾਲੀ ਅਹਿਮੀਅਤ ਵੀ ਖ਼ਤਮ ਹੋ ਗਈ ਸੀ। ਲੋਕ ਇਹ ਦਲੀਲ ਦੇਣ ਲੱਗ ਪਏ ਸਨ ਕਿ ਕੂਕਿਆਂ ਦੇ ਮਤ ਵਿੱਚ ਜ਼ਰੂਰ ਕੁਝ ਨਾ ਕੁਝ ਸੱਚ ਹੋਵੇਗਾ ਕਿ ਇੱਕ ਤਾਕਤਵਰ ਬ੍ਰਿਟਿਸ਼ ਸਰਕਾਰ ਨੂੰ ਵੀ ਉਸ ਵਿਰੁੱਧ ਸਖ਼ਤੀ ਕਰਨੀ ਪੈ ਗਈ ਤੇ ਅਜਿਹੇ ਵੇਲੇ ਜਦੋਂ ਹੁਣ ਉਨ੍ਹਾਂ ਦੇ ਅੰਦੋਲਨ ਦਾ ਨਵਾਂਪਣ ਫਿੱਕਾ ਪੈਂਦਾ ਜਾ ਰਿਹਾ ਹੈ ਤੇ ਲੋਕਾਂ ਦੀ ਦਿਲਚਸਪੀ ਘਟਦੀ ਜਾ ਰਹੀ ਹੈ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦੇਣ ਨਾਲ ਉਨ੍ਹਾਂ ਦਾ ਪ੍ਰਭਾਵ ਹੋਰ ਵੀ ਘਟ ਗਿਆ ਹੈ।

*5. ਬਾਬਾ ਰਾਮ ਸਿੰਘ ਜੀ ਨੇ ਲੋਕਾਂ ਨਾਲ ਰਲ਼ ਕੇ ਸਾਖ਼ ਗੁਆ ਲਈ।*

ਬਾਬਾ ਰਾਮ ਸਿੰਘ ਜੀ ਜਦੋਂ ਭੈਣੀ ਵਿਖੇ ਨੀਮ-ਹਿਰਾਸਤ 'ਚ ਸਨ, ਤਾਂ ਉਨ੍ਹਾਂ ਬਾਰੇ ਇੱਕ ਬੜਾ ਲੁਭਾਉਣਾ ਜਿਹਾ ਭੇਤ ਉੱਸਰ ਗਿਆ ਸੀ ਤੇ ਉੱਪਰੋਂ ਸਾਡੇ ਜਾਸੂਸਾਂ ਨੇ ਦਿਲਚਸਪੀ ਦਾ ਹੋਰ ਮਸਾਲਾ ਜੋੜ ਦਿਤਾ। ਇਸ ਸਭ ਤੋਂ ਭੋਲੇ-ਭਾਲੇ ਲੋਕ ਖਿੱਚੇ ਚਲੇ ਗਏ ਸਨ। ਉਨ੍ਹਾਂ ਦੇ ਸੂਬਿਆਂ ਨੇ ਆਪਣੇ ਗੁਰੂ ਬਾਰੇ ਅਜਿਹਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਕੋਈ ਆਮ ਵਿਅਕਤੀ ਨਹੀਂ, ਸਗੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੀ ਅਵਤਾਰ ਹਨ ਤੇ ਇਨ੍ਹਾਂ ਗੁਰੂ ਸਾਹਿਬਾਨ ਬਾਰੇ ਹਰੇਕ ਸਿੱਖ ਦੇ ਮਨ 'ਚ ਡਾਢਾ ਆਦਰ-ਮਾਣ ਹੈ।

ਉਹ ਬਾਬਾ ਜੀ ਬਾਰੇ ਨਿਮਨਲਿਖਤ ਸਤਰਾਂ ਦੁਹਰਾਉਂਦੇ ਸਨ, ਜਿਨ੍ਹਾਂ ਦਾ ਸਿੱਧਾ ਜਿਹਾ ਅਨੁਵਾਦ ਕੁਝ ਇੰਝ ਹੈ – "ਪਰਮੇਸ਼ਵਰ, ਜਿਸ ਦੀ ਸ਼ਲਾਘਾ ਪੁਰਾਣੇ ਸ਼ਾਇਰ (ਗੁਰੂ ਪੀਰ) ਕਰ ਕੇ ਗਏ ਹਨ, ਅਜਿਹੀ ਚੰਗਿਆਈ ਬਾਬਾ ਰਾਮ ਸਿੰਘ ਜੀ ਵਿੱਚ ਝਲਕਦੀ ਹੈ।"

ਪਰ ਮੀਰ ਫ਼ਜ਼ਲ ਹੁਸੈਨ (ਪੁਲਿਸ ਇੰਸਪੈਕਟਰ, ਹੁਸ਼ਿਆਰਪੁਰ) ਨੇ ਲਿਖਿਆ ਹੈ:– "ਪੀਰਾਂ ਪਾ ਮੁਰੀਦਾਂ ਮੇ ਪਰਮਾਨੰਦ", ਜਿਸ ਦਾ ਅਨੁਵਾਦ ਕੁਝ ਇੰਝ ਹੈ:

"ਪੀਰ (ਪਵਿੱਤਰ ਵਿਅਕਤੀ) ਪੂਜਣਯੋਗ ਨਹੀਂ ਹੁੰਦੇ ਪਰ ਉਨ੍ਹਾਂ ਦੇ ਸ਼ਿਸ਼ ਉਨ੍ਹਾਂ ਦੀ ਪੂਜਾ ਕਰਨ ਲੱਗ ਪੈਂਦੇ ਹਨ।"

*6. (ਗੁਰੂ) ਰਾਮ ਸਿੰਘ ਜੀ ਦੇ ਦੈਵੀ ਸ਼ਕਤੀਆਂ 'ਚ ਵਿਸ਼ਵਾਸ ਨੂੰ ਇੱਕ ਨਵੇਂ ਕੂਕੇ ਨੇ ਹਿਲਾ ਕੇ ਰੱਖ ਦਿੱਤਾ*

ਜਿਸ ਗੁਰੂ ਦੀ ਡਾਢੀ ਪ੍ਰਸ਼ੰਸਾ ਕੀਤੀ ਜਾਂਦੀ ਹੈ, ਉਨ੍ਹਾਂ ਦੇ ਹੀ ਇੱਕ ਨੇੜਲੇ ਸਾਥੀ ਨੇ ਉਨ੍ਹਾਂ ਦੀਆਂ ਦੈਵੀ ਸ਼ਕਤੀਆਂ ਦਾ ਭਰਮ ਤੋੜ ਕੇ ਰੱਖ ਦਿੱਤਾ। ਫ਼ਿਰੋਜ਼ਪੁਰ ਦੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ (ਸ੍ਰੀ ਟਰਟਨ ਸਮਿੱਥ) ਨੇ ਇੱਕ ਦਿਲਚਸਪ ਘਟਨਾ ਬਿਆਨ ਕੀਤੀ, ਜਿਸ ਰਾਹੀਂ ਬਾਬਾ ਰਾਮ ਸਿੰਘ ਜੀ ਦਾ ਸਰਬ-ਗਿਆਨੀ ਹੋਣ ਦਾ ਭਰਮ ਬੁਰੀ ਤਰ੍ਹਾਂ ਟੁੱਟ ਜਾਂਦਾ ਹੈ। ਇੱਕ ਨਵਾਂ ਕੂਕਾ, ਜੋ ਆਪਣੇ ਨਵੇਂ ਧਰਮ ਤੇ ਉਸ ਦੇ ਰੂਹਾਨੀ ਗੁਰੂ ਬਾਰੇ ਹੋਰ ਵਧੇਰੇ ਜਾਣਨਾ ਚਾਹੁੰਦਾ ਸੀ, ਨੇ ਚੋਰੀ ਛਿਪੇ (ਗੁਰੂ) ਰਾਮ ਸਿੰਘ ਜੀ ਦੇ ਕੁਝ ਕੱਪੜੇ ਚੋਰੀ ਕਰ ਕੇ ਲੁਕਾ ਦਿੱਤੇ। ਤਿੰਨ ਦਿਨਾਂ ਤੱਕ (ਗੁਰੂ) ਰਾਮ

ਸਿੰਘ ਜੀ ਆਪਣੇ ਕੱਪੜੇ ਲੱਭਦੇ ਰਹੇ ਪਰ ਉਨ੍ਹਾਂ ਨੂੰ ਕਿਤੇ ਨਾ ਮਿਲੇ। ਉਨ੍ਹਾਂ ਦੇ ਚੇਲੇ ਦੀਆਂ ਅੱਖਾਂ ਖੁੱਲ੍ਹ ਗਈਆਂ; ਉਸ ਨੇ ਅਜਿਹੇ ਢੋਂਗੀ ਪ੍ਰਤੀ ਅਪਣਾਈ ਸ਼ਰਧਾ ਨੂੰ ਪੂਰੀ ਨਫ਼ਰਤ ਨਾਲ ਤਿਆਗ ਦਿੱਤਾ; ਇਹ ਗੱਲ ਜੰਗਲ਼ ਦੀ ਅੱਗ ਵਾਂਗ ਫੈਲ ਗਈ ਤੇ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਬਹੁਤ ਸਾਰੇ ਕੂਕਿਆਂ ਦੇ ਵਿਸ਼ਵਾਸ ਨੂੰ ਠੇਸ ਪੁੱਜੀ।

### *7. ਹੁਸ਼ਿਆਰਪੁਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਪਵਿੱਤਰ ਧਾਰਮਿਕ ਅਸਥਾਨਾਂ 'ਤੇ ਜਾਣ ਸਮੇਂ ਲੱਗੇ ਇਤਰਾਜ਼*

(ਗੁਰੂ) ਰਾਮ ਸਿੰਘ ਜੀ ਦੀ ਇੱਛਾ ਸੀ ਕਿ ਉਹ ਅਨੰਦਪੁਰ ਸਾਹਿਬ, ਮੁਕਤਸਰ ਤੇ ਅੰਮ੍ਰਿਤਸਰ ਦੇ ਪਵਿੱਤਰ ਗੁਰੂਘਰਾਂ ਦੇ ਦਰਸ਼ਨ ਕਰਨ, ਜਿੱਥੇ ਉਨ੍ਹਾਂ ਨੂੰ ਆਸ ਸੀ ਕਿ ਉਨ੍ਹਾਂ ਗੁਰਦੁਆਰਾ ਸਾਹਿਬਾਨ ਦੇ ਨਿਗਰਾਨ ਮਹੰਤ ਤੇ ਸਿੱਖ ਸਮਰਥਕ ਜਨਤਕ ਤੌਰ 'ਤੇ ਉਨ੍ਹਾਂ ਨੂੰ ਇੱਕ ਗੁਰੂ ਵਜੋਂ ਮਾਨਤਾ ਦੇ ਦੇਣਗੇ ਅਤੇ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਜਿੰਨਾ ਹੀ ਮਾਣ-ਤਾਣ ਦੇਣਗੇ। ਪਰ ਇਨ੍ਹਾਂ ਤੀਰਥ-ਅਸਥਾਨਾਂ ਦੀ ਯਾਤਰਾ ਨੇ ਉਨ੍ਹਾਂ ਨੂੰ ਅਸਲ 'ਚ ਬਹੁਤ ਨਿਰਾਸ਼ ਕੀਤਾ ਸੀ। ਮੈਨੂੰ ਦੱਸਿਆ ਗਿਆ ਸੀ ਕਿ ਤਦ ਉਨ੍ਹਾਂ ਬਹੁਤ ਸੋਚ-ਸਮਝ ਕੇ ਖ਼ੁਦ ਨੂੰ ਭੈਣੀ ਤੱਕ ਮਹਿਦੂਦ ਕਰ ਲਿਆ ਸੀ ਕਿਉਂਕਿ ਭਵਿੱਖ 'ਚ ਉਹ ਉੱਥੇ ਹੀ ਰਹਿਣਾ ਪਸੰਦ ਕਰਦੇ ਸਨ। ਰੱਬ ਦੇ ਬਰਾਬਰ ਦੀਆਂ ਸ਼ਕਤੀਆਂ ਤੇ ਆਦਰ-ਮਾਣ ਦੇ ਇੱਛੁਕ ਇਸ ਗੁਰੂ ਨੂੰ ਆਮ ਸਿੱਖਾਂ ਕੋਲ ਜਾਣਾ ਰਾਸ ਨਹੀਂ ਆਇਆ ਸੀ। ਅਨਪੜ੍ਹ ਲੋਕ ਉਨ੍ਹਾਂ ਦੀ ਸ਼ਲਾਘਾ ਨਾ ਕਰ ਸਕੇ। ਹਰ ਥਾਂ 'ਤੇ ਪੁਰਾਣੇ ਸਿੱਖ ਗ੍ਰੰਥੀਆਂ ਨੇ ਉਨ੍ਹਾਂ ਦੇ ਨਵੇਂ ਵਿਚਾਰਾਂ ਤੋਂ ਕੋਈ ਲੈਣਾ-ਦੇਣਾ ਨਹੀਂ ਸੀ, ਇਸੇ ਲਈ ਉਨ੍ਹਾਂ ਨੇ ਗੁਰੂ ਜੀ ਨੂੰ ਆਪਣਾ ਆਸ਼ੀਰਵਾਦ ਦੇਣ ਤੋਂ ਇਨਕਾਰ ਕਰ ਦਿੱਤਾ, ਜਦ ਕਿ ਉਹ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੀ ਪੈਰੋਕਾਰ ਸਨ; ਉਨ੍ਹਾਂ ਧਾਰਮਿਕ ਸ਼ਖ਼ਸੀਅਤਾਂ ਦਾ ਇਹੋ ਕਹਿਣਾ ਸੀ ਕਿ (ਗੁਰੂ) ਜੀ ਨਿਮਰਤਾ ਨਾਲ ਆਪਣੀਆਂ ਨਵੀਆਂ ਕੱਢੀਆਂ ਗੱਲਾਂ ਨੂੰ ਰੱਦ ਕਰਨ, ਜਦ ਕਿ ਉਹੀ ਚੀਜ਼ਾਂ ਤਾਂ ਉਨ੍ਹਾਂ ਦੀ ਪਛਾਣ ਸਨ। ਬੇਸ਼ਕ ਅਜਿਹੇ ਹਾਲਾਤ ਵਿੱਚ ਉਹ ਇਹ ਸਭ ਪ੍ਰਵਾਨ ਨਾ ਕਰ ਸਕੇ ਤੇ ਉਨ੍ਹਾਂ ਨੂੰ ਉੱਥੋਂ ਬਿਨਾਂ ਆਸ਼ੀਰਵਾਦ ਦੇ ਹੀ ਰਵਾਨਗੀ ਪਾਉਣੀ ਪਈ ਤੇ ਇੰਝ ਉੱਥੇ ਖੜ੍ਹੇ ਲੋਕਾਂ 'ਚ ਉਨ੍ਹਾਂ ਦਾ ਅਪਮਾਨ ਹੋਇਆ। ਬਾਬਾ ਜੀ ਨੇ ਪੁਰਾਣੇ ਸਿੱਖ ਸਿਧਾਂਤਾਂ 'ਚ ਦਖ਼ਲ ਦੇਣ ਦੀ ਨਾਕਾਮ ਕੋਸ਼ਿਸ਼ ਕੀਤੀ ਸੀ; ਗ੍ਰੰਥੀਆਂ ਨੇ ਸੁਭਾਵਕ ਤੌਰ 'ਤੇ ਉਨ੍ਹਾਂ ਦਾ ਜ਼ੋਰਦਾਰ ਵਿਰੋਧ ਹੀ ਕਰਨਾ ਸੀ, ਇੰਝ (ਗੁਰੂ) ਰਾਮ ਸਿੰਘ ਜੀ ਦੇ ਸਿਧਾਂਤਾਂ ਨੂੰ ਥੋੜ੍ਹਾ-ਬਹੁਤ ਹੀ ਹੁੰਗਾਰਾ ਮਿਲਣਾ ਸੀ; ਜੇ ਉਹ ਮਾਨਤਾ ਦੇ ਦਿੰਦੇ, ਤਾਂ ਉਨ੍ਹਾਂ ਦੀ ਅਥਾਰਟੀ ਖੋਹੀ ਜਾਣੀ ਸੀ ਤੇ ਕੂਕਾ ਰਹਿਨੁਮਾ ਕੋਲ ਹੀ ਸਿੱਖ ਧਰਮ ਦੇ ਧਾਰਮਿਕ ਮੁਖੀ ਦੀ ਪਵਿੱਤਰਤਾ ਤੇ ਸਾਰੀਆਂ ਸ਼ਕਤੀਆਂ ਚਲੀਆਂ ਜਾਣੀਆਂ ਸਨ। ਅਜਿਹੀਆਂ ਵਿਚਾਰ-ਚਰਚਾਵਾਂ ਕਾਰਨ (ਗੁਰੂ) ਰਾਮ ਸਿੰਘ ਜੀ ਦਾ ਪ੍ਰਭਾਵ ਘਟਦਾ ਚਲਾ ਗਿਆ। ਗ਼ੈਰ-ਵਿਸ਼ਵਾਸੀਆਂ ਵੱਲੋਂ (ਗੁਰੂ) ਰਾਮ ਸਿੰਘ ਜੀ ਦੇ ਅਡੰਬਰਾਂ ਦਾ ਖ਼ੂਬ ਪ੍ਰਚਾਰ ਕੀਤਾ, ਸਖ਼ਤ ਭੰਡੀ ਹੋਣੀ ਸ਼ੁਰੂ ਹੋ ਗਈ, ਬਾਬਾ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਦਾ ਮਜ਼ਾਕ ਉੱਡਣਾ ਸ਼ੁਰੂ ਹੋ ਗਿਆ, ਜਿਸ

ਨਾਲ ਕੂਕਿਆਂ ਤੇ ਉਨ੍ਹਾਂ ਦੇ ਨਵੇਂ ਧਰਮ ਦੀ ਇਜ਼ਤ ਮਿੱਟੀ 'ਚ ਰੁਲ਼ਦੀ ਚਲੀ ਗਈ। ਇਹ ਉਹੀ ਪੁਰਾਣੀ ਕਹਾਣੀ ਸੀ; ਇਹ ਲਹਿਰ ਇਕੱਲੀ-ਕਾਰੀ ਕਰ ਦੇਵੋ ਤੇ ਉਹ ਆਪੇ ਹੀ ਤੁੱਛ ਹੋ ਕੇ ਰਹਿ ਜਾਵੇਗੀ।

*8. ਕੂਕਾਵਾਦ ਦੇ ਪਤਨ ਦੇ ਕਾਰਣ।*

ਅਜਿਹੇ ਕਾਰਣਾਂ ਕਰਕੇ ਕੂਕਿਆਂ ਦੀ ਇੱਕ ਸੰਪਰਦਾਇ ਵਜੋਂ ਤਾਕਤ ਘਟ ਗਈ, ਮੈਂ ਇੱਥੇ ਸੁਭਾਵਕ ਕਾਰਣ 'ਸਮੇਂ ਦੀ ਕਾਰਵਾਈ' ਜੋੜਨੀ ਚਾਹਾਂਗਾ। ਵਿਚਾਰ ਬੇਹਾ (ਬਾਸੀ) ਹੋ ਚੁੱਕਾ ਸੀ, ਉਤਸ਼ਾਹ ਦੀ ਅੱਗ ਮੱਠੀ ਪੈਂਦੀ ਜਾ ਰਹੀ ਸੀ ਤੇ ਪ੍ਰਚਾਰਕਾਂ ਦਾ ਉਤਸ਼ਾਹ ਵੱਡੇ ਪੱਧਰ 'ਤੇ ਘਟ ਗਿਆ ਸੀ।

ਉਂਝ ਪਿਛਲੇ ਸਾਲਾਂ ਦੌਰਾਨ ਇਸ ਨਵੇਂ ਸੰਪਰਦਾਇ ਪ੍ਰਤੀ ਕੱਟੜ ਸਿੱਖਾਂ ਦੀ ਨਾਪਸੰਦਗੀ ਹੋਰ ਤੀਖਣ ਹੁੰਦੀ ਜਾ ਰਹੀ ਸੀ, ਉਹ ਉਨ੍ਹਾਂ ਪ੍ਰਤੀ ਨਫ਼ਰਤ ਦੀ ਉਂਗਲ਼ ਉਠਾ ਕੇ ਤੇ ਆਪਣੇ ਭਾਈਚਾਰੇ ਦੇ ਨੈਤਿਕ ਸਿਧਾਂਤਾਂ 'ਤੇ ਕੂਕਾ ਜੀਵਨ ਸਿਧਾਂਤਾਂ ਦੇ ਮਾੜੇ ਪ੍ਰਭਾਵਾਂ ਬਾਰੇ ਦੱਸ ਕੇ ਇਸ ਨੂੰ ਬਦਨਾਮ ਕਰਨ ਦੇ ਅਯੋਗ ਸਨ। ਸਾਲ 1868 'ਚ ਇਹ ਸਭ ਬਦਲ ਗਿਆ ਸੀ। ਵਿਸ਼ਵਾਸੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਗਈ ਹੈ, ਜੋ ਅਨੁਸ਼ਾਸਨਹੀਣ ਤੇ ਅਨੈਤਿਕ ਹੈ; ਪਵਿੱਤਰਤਾ ਦੀ ਖ਼ੁਸ਼ਬੋਈ ਤੇ ਸਖ਼ਤ ਨੈਤਿਕ ਜ਼ਾਬਤਾ ਹੁਣ ਗ਼ਾਇਬ ਹੈ, ਜਿਸ ਕਰਕੇ ਸ਼ਲਾਘਾ ਨਹੀਂ ਹੁੰਦੀ, ਸਗੋਂ ਲੋਕ ਇਸ ਸੰਪਰਦਾਇ ਦੀ ਆਲੋਚਨਾ ਕਰਦੇ ਹਨ; ਅਤੇ ਘਿਨਾਉਣੇ ਕਿਸਮ ਦੇ ਜੁਰਮ ਹੋ ਰਹੇ ਹਨ। (ਗੁਰੂ) ਰਾਮ ਸਿੰਘ ਜੀ ਦੀ ਧੀ ਰਾਮ ਦੇਵੀ, ਜਿਨ੍ਹਾਂ ਦੀ ਕੂਕਾ ਪੈਰੋਕਾਰ ਡਾਢੀ ਇੱਜ਼ਤ ਕਰਦੇ ਸਨ, ਨੇ ਵਿਭਚਾਰ ਕੀਤਾ ਸੀ ਤੇ ਇਸੇ ਮਾੜੇ ਕਰਮ ਕਾਰਣ ਉਨ੍ਹਾਂ ਦੇ ਪਤੀ ਨੇ ਹੀ ਉਨ੍ਹਾਂ ਦਾ ਕਤਲ ਕਰ ਦਿੱਤਾ ਸੀ।* ਰੋਹ 'ਚ ਆਏ ਪਤੀ ਨੇ ਹੁਸ਼ਿਆਰਪੁਰ ਦੇ ਸੂਬਾ ਕਾਹਨ ਸਿੰਘ ਨੂੰ ਜ਼ਖ਼ਮੀ ਕਰ ਦਿੱਤਾ ਸੀ ਤੇ ਜੇ ਉਸ ਦਾ ਵੱਸ ਚੱਲਦਾ ਤਾਂ ਉਸ ਨੇ ਬਾਬਾ ਰਾਮ ਸਿੰਘ ਜੀ ਦਾ ਵੀ ਕਤਲ ਕਰ ਦੇਣਾ ਸੀ ਕਿਉਂਕਿ ਉਸ ਨੂੰ ਇਹੋ ਜਾਪਦਾ ਸੀ ਕਿ ਉਸ ਦੇ ਸਾਰੇ ਦੁੱਖਾਂ ਲਈ ਉਸ ਸੰਪਰਦਾਇ ਦਾ ਮੁਖੀ ਹੀ ਜ਼ਿੰਮੇਵਾਰ ਸੀ, ਜਿਸ ਨਾਲ ਉਸ ਦੀ ਪਤਨੀ ਜੁੜੀ ਹੋਈ ਸੀ ਤੇ ਕੂਕਾ ਸਿੱਖਿਆਵਾਂ ਸਦਕਾ ਹੀ ਉਨ੍ਹਾਂ ਦਾ ਆਚਾਰ-ਵਿਹਾਰ ਅਜਿਹਾ ਹੋਇਆ। ਆਪਣੀ ਪਤਨੀ ਦੇ ਕਤਲ ਲਈ ਉਸ ਨੂੰ ਜੁਲਾਈ 1868 ਦੌਰਾਨ ਫਾਂਸੀ ਦੇ ਦਿੱਤੀ ਗਈ ਸੀ। ਕੂਕਾਵਾਦ ਦੀ ਇੱਕ ਮਹਿਲਾ ਸ਼ਿਸ਼ ਚੰਦੋ, ਜਿਸ ਨੇ ਅੰਮ੍ਰਿਤਸਰ ਜ਼ਿਲ੍ਹੇ 'ਚ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਸੀ, 1867 ਦੇ ਦੀਵਾਲੀ ਮੇਲੇ 'ਚ ਸ਼ਾਮਲ ਹੋਈ ਸੀ ਤੇ ਉਸ ਤੋਂ ਬਾਅਦ ਉਹ ਗੰਡਾ ਸਿੰਘ ਨਾਂਅ ਦੇ ਇੱਕ ਤਰਖਾਣ ਨਾਲ ਨੱਠ ਗਈ ਸੀ। ਇਸ ਅਨੈਤਿਕਤਾ ਲਈ ਜਵਾਹਰ ਸਿੰਘ ਤੇ ਗੰਡਾ ਸਿੰਘ ਨੇ ਉਸ ਦਾ ਕਤਲ ਕਰ ਦਿੱਤਾ ਸੀ। ਜਵਾਹਰ ਸਿੰਘ

---

* ਸੰਪਾਦਕੀ ਨੋਟ : ਸਤਿਗੁਰੂ ਜੀ ਦੀ ਪੁਤਰੀ ਨੇ ਪਤੀ ਨੂੰ ਨਾਮਧਾਰੀ ਮਰਿਆਦਾ ਅਨੁਸਾਰ ਸੱਚਾ ਸੁੱਚਾ ਜੀਵਨ ਬਿਤਾਉਣ ਲਈ ਕਿਹਾ। ਉਹ ਨਾ ਮੰਨਿਆਂ, ਬੀਬੀ ਜੀ ਭੈਣੀ ਸਾਹਿਬ ਆ ਗਏ। ਗੁੱਸੇ ਵਿਚ ਆ ਕੇ ਉਸ ਦੇ ਪਤੀ ਨੇ ਮੌਕਾ ਵੇਖ ਕੇ ਕਤਲ ਕਰ ਦਿੱਤਾ। ਉਸ ਨੇ ਅਦਾਲਤ ਵਿਚ ਉਪਰੋਕਤ ਝੂਠੇ ਬਿਆਨ ਦਿੱਤੇ। ਪਰ ਝੂਠ ਝੂਠ ਹੀ ਰਹਿੰਦਾ ਹੈ। ਆਖਰ ਉਸ ਨੂੰ ਫਾਂਸੀ ਦੀ ਸਜ਼ਾ ਹੋਈ ।

ਨੂੰ ਤਾਂ ਫਾਂਸੀ ਦੀ ਸਜ਼ਾ ਮਿਲ ਗਈ ਸੀ ਪਰ ਗੰਡਾ ਸਿੰਘ ਹਾਲੇ ਵੀ ਫ਼ਰਾਰ ਹੈ। ਇਨ੍ਹਾਂ ਦੋ ਮਾਮਲਿਆਂ ਕਾਰਣ ਲੋਕ ਹੁਣ ਇਹੋ ਸੋਚਦੇ ਹਨ ਕਿ ਕੂਕਾ ਲੋਕ ਨੈਤਿਕ ਅਭਿਆਸ ਦੀ ਕੋਈ ਪਰਵਾਹ ਨਹੀਂ ਕਰਦੇ, ਭਾਵੇਂ ਉਨ੍ਹਾਂ ਦੇ ਸਿਧਾਂਤ ਕਿੰਨੇ ਵੀ ਸ਼ੁੱਧ ਕਿਉਂ ਨਾ ਹੋਣ। ਭਾਗ ਸਿੰਘ ਦੀ ਮੌਤ ਤੋਂ ਬਾਅਦ ਵਹਿਮ-ਭਰਮ ਸ਼ਾਇਦ ਬਹੁਤ ਜ਼ਿਆਦਾ ਵਧ ਗਏ ਹਨ। ਭਾਗ ਸਿੰਘ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪੂਰਕਾ ਦੇ ਇੱਕ ਜਗੀਰਦਾਰ ਸਨ, ਜਿਨ੍ਹਾਂ ਨੂੰ (ਗੁਰੂ) ਰਾਮ ਸਿੰਘ ਜੀ ਨੇ ਸੂਬਾ ਅਹੁਦਾ ਦਿੱਤਾ ਸੀ ਪਰ ਉਨ੍ਹਾਂ ਦਾ ਦੇਹਾਂਤ ਨਫ਼ਰਤ ਕੀਤੇ ਜਾਣ ਯੋਗ ਤੇ ਢੀਠ ਬੀਮਾਰੀ ਕਾਰਣ ਹੋ ਗਿਆ ਸੀ। ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਕਿਸੇ ਨੇ ਵੀ ਕੂਕਿਆਂ ਦਾ ਕੋਈ ਅਹੁਦਾ ਹਾਸਲ ਕਰਨ ਦਾ ਕੋਈ ਰੁਝਾਨ ਨਹੀਂ ਵਿਖਾਇਆ ਸੀ। ਮੈਨੂੰ ਵੀ ਇਹੋ ਦੱਸਿਆ ਗਿਆ ਸੀ ਕਿ ਕੂਕਾ ਮਰਦਾਂ ਤੇ ਔਰਤਾਂ ਦੋਵਾਂ ਦਾ ਨੱਚਣਾ ਪਵਿੱਤਰ ਉਤਸ਼ਾਹ ਦਾ ਇੱਕ ਦੌਰ ਹੁੰਦਾ ਹੈ ਤੇ ਉਹ ਫਟ ਗਿਆ ਹੈ। ਇੱਕ ਪੜ੍ਹੇ-ਲਿਖੇ ਸਥਾਨਕ ਵਿਅਕਤੀ ਨੇ ਇਹ ਸਾਰਾ ਮਾਮਲਾ ਕੁਝ ਇਉਂ ਬਿਆਨ ਕੀਤਾ:- "ਘੁੰਡ ਹਟਾ ਦਿੱਤਾ ਗਿਆ ਹੈ, ਜੋ ਇਸ ਨਾਚ ਦੇ ਉਦੇਸ਼ ਨੂੰ ਲੁਕਾ ਲੈਂਦਾ ਹੈ" ਤੇ ਉਹ ਅੱਗੇ ਬਿਆਨ ਕਰਦਾ ਹੈ ਕਿ ਮਰਦ ਤੇ ਔਰਤ ਦੋਵੇਂ ਉਤੇਜਨਾ ਦੀ ਅਵਸਥਾ 'ਚ ਆਪੋ-ਆਪਣੇ ਕੱਪੜੇ ਉਤਾਰ ਦਿੰਦੇ ਹਨ ਤੇ ਫਿਰ ਬਹੁਤ ਮਾੜੇ ਤਰੀਕੇ ਵਿਵਹਾਰ ਕਰਦੇ ਹਨ।* ਇਸ ਬੇਲੋੜੀ ਸਮਾਨਤਾ ਦਾ ਨਤੀਜਾ ਇਸ ਦੇ ਅਨੁਮਾਨ ਮੁਤਾਬਕ ਨਿੱਕਲਦਾ ਹੈ।

*9. ਆਪਣੇ ਸੰਪਰਦਾਇ ਲਈ ਲੋਕਾਂ ਦੇ ਮਨਾਂ 'ਚੋਂ ਥਾਂ ਗੁਆ ਚੁੱਕੇ ਬਾਬਾ ਰਾਮ ਸਿੰਘ ਮੁੜ ਉੱਠਣ ਦੀ ਕਰ ਰਹੇ ਹਨ ਕੋਸ਼ਿਸ਼।*

ਇਸ 'ਚ ਕੋਈ ਹੈਰਾਨੀ ਨਹੀਂ, ਆਖ਼ਰ ਮੈਂ ਦੋਬਾਰਾ ਵੀ ਗ਼ੌਰ ਕੀਤਾ ਹੈ ਕਿ ਆਦਰਯੋਗ ਲੋਕਾਂ ਨੂੰ ਕੂਕਿਆਂ ਨੂੰ ਮਾੜੇ ਤਰੀਕੇ ਹੀ ਵੇਖਣਾ ਚਾਹੀਦਾ ਹੈ। (ਗੁਰੂ) ਰਾਮ ਸਿੰਘ ਜੀ ਦੇ ਦੌਰਿਆਂ ਨੂੰ ਜ਼ਰੂਰ ਸਤਿਕਾਰਤ ਸਮਝਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਨਾਲ ਕਈ ਸ਼ਰਧਾਲੂ ਹੁੰਦੇ ਹਨ, 20 ਘੁੜਸਵਾਰ ਹੁੰਦੇ ਹਨ, ਜਿੱਥੇ ਵੀ (ਗੁਰੂ) ਜੀ ਠਹਿਰਦੇ ਹਨ, ਕੂਕੇ ਉਨ੍ਹਾਂ ਨੂੰ ਲੰਗਰ ਛਕਾਉਂਦੇ ਹਨ। ਵਸਤਾਂ ਦੀ ਮੌਜੂਦਾ ਘਾਟ ਤੇ ਵਧੇਰੇ ਮਹਿੰਗਾਈ ਨੇ ਹੁਣ ਲੁਕਵੀਂ ਪ੍ਰਾਹੁਣਚਾਰੀ ਨੂੰ ਖ਼ਤਮ ਕਰ ਕੇ ਰੱਖ ਦਿੱਤਾ ਹੈ, ਜੋ ਥੋੜ੍ਹੀ-ਬਹੁਤ ਸ਼ਰਧਾਲੂਆਂ 'ਚ ਸੀ। ਇਨ੍ਹਾਂ ਸਾਰੀਆਂ ਗੱਲਾਂ ਨੇ ਮਿਲਾ ਕੇ 1868 ਨੂੰ ਬਾਬਾ ਰਾਮ ਸਿੰਘ ਜੀ ਲਈ ਇੱਕ ਮੰਦਭਾਗਾ ਵਰ੍ਹਾ ਬਣਾ ਦਿੱਤਾ ਹੈ। ਪਰ ਮੈਨੂੰ ਨਹੀਂ ਲੱਗਦਾ ਕਿ ਉਹ ਆਪਣੀ ਹਰਮਨਪਿਆਰਤਾ ਨੂੰ ਇੰਝ ਅਜਾਈਂ ਜਾਣ

---

* ਸ੍ਰੀ ਸਤਿਗੁਰੂ ਜੀ ਨੇ ਔਰਤਾਂ ਨੂੰ ਬਰਾਬਰਤਾ ਬਖ਼ਸ਼ੀ। ਮਰਦਾਂ ਵਾਂਗ ਬੋਲਣ-ਚਾਲਣ ਤੇ ਸਮਾਜ ਵਿਚ ਵਿਚਰਣ ਦਾ ਹੱਕ ਦਿੱਤਾ। ਘੁੰਡ ਕਰਨ ਦੀ ਮਨਾਹੀ ਕਰ ਦਿੱਤੀ। ਰੂੜ੍ਹੀਵਾਦੀ ਮਰਦਾਂ ਨੇ ਇਸ ਨੂੰ ਆਪਣੀ ਹੇਠੀ ਸਮਝਿਆ ਤੇ ਨਾਮਧਾਰੀਆਂ ਵਿਰੁੱਧ ਪ੍ਰਚਾਰ ਕੀਤੇ। ਨਾਮ ਦੇ ਰਸ ਵਿਚ ਕੀਰਤਨ ਵਿਚ ਮੰਤਰ ਮੁਗਧ ਹੋ ਕੇ ਕੂਕੇ ਮਸਤਾਨੇ ਹੋ ਜਾਂਦੇ ਸਨ ਤੇ ਨ੍ਰਿਤ ਕਰਦੇ ਸਨ। ਪਰ ਰੂੜ੍ਹੀਵਾਦੀ ਮਨਮੁਖ ਉਸ ਨੂੰ ਮਾੜਾ ਕਹਿੰਦੇ ਸਨ ।

ਅਜਿਹੀਆਂ ਕਈ ਝੂਠੀਆਂ ਕਹਾਣੀਆਂ ਨੂੰ ਅੰਗਰੇਜ਼ਾਂ ਨੇ ਆਪਣੇ ਝੋਲੀ ਚੁੱਕਾਂ ਰਾਹੀਂ ਸਮਾਜ ਵਿਚ ਪ੍ਰਸਾਰਿਆ ਤਾਂ ਜੁ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਘਟ ਸਕੇ। ਪੁਜਾਰੀਆਂ ਦੇ ਆਚਰਣ ਹੀਨਤਾ ਵੇਖ ਕੇ ਬਾਅਦ ਵਿਚ ਆਮ ਸਿੱਖ ਜਾਗ ਉੱਠੇ ਤੇ ਉਹਨਾਂ ਗੁਰਧਾਮ ਮੁਕਤ ਕਰਵਾਏ ਸਨ।

ਦੇਣਗੇ, ਸਗੋਂ ਉਹ ਗ਼ਰੀਬ ਵਰਗਾਂ ਦੇ ਮਨਾਂ 'ਚ ਆਪਣੀ ਪੁਰਾਣੀ ਇੱਜ਼ਤ ਦੋਬਾਰਾ ਹਾਸਲ ਕਰਨ ਦੀ ਕੋਸ਼ਿਸ਼ ਜ਼ਰੂਰ ਕਰਨਗੇ; ਇਸ ਦੇ ਉਲਟ ਮੈਂ ਸਮਝਦਾ ਹਾਂ ਕਿ ਸਾਨੂੰ ਨਜ਼ਰ ਰੱਖਣ ਦਾ ਆਪਣਾ ਸਿਲਸਿਲਾ ਜਾਰੀ ਰੱਖਣਾ ਚਾਹੀਦਾ ਹੈ, ਭਾਵੇਂ ਕੁਝ ਘੱਟ ਤਿੱਖੇ ਰੂਪ 'ਚ ਹੀ ਰਹੇ ਕਿਉਂਕਿ ਕੂਕਾ ਕੱਟੜਵਾਦ ਦੀ ਲਾਟ ਪੂਰੀ ਤਰ੍ਹਾਂ ਬੁਝਣ ਤੋਂ ਪਹਿਲਾਂ ਇੱਕ ਵਾਰ ਫਿਰ ਦੋਬਾਰਾ ਵੀ ਉੱਠ ਸਕਦੀ ਹੈ। ਅਸੀਂ 1869 ਦੌਰਾਨ ਬਹੁਤ ਵਿਸ਼ਵਾਸ ਨਾਲ ਵੇਖ ਸਕਦੇ ਹਾਂ ਕਿ ਨਵੇਂ ਕੂਕਿਆਂ ਦਾ ਜੋਸ਼ ਬਹਾਲ ਕਰਨ ਲਈ ਨਵੇਂ ਕਦਮ ਚੁੱਕੇ ਜਾ ਰਹੇ ਹਨ, ਜੇ (ਗੁਰੂ) ਰਾਮ ਸਿੰਘ ਜੀ ਉਨ੍ਹਾਂ ਦਾ ਜੋਸ਼ ਕਿਤੇ ਮੁੜ ਜਗਾ ਸਕਣ ਅਤੇ ਅਜਿਹਾ ਤਾਂ ਹੀ ਹੋਵੇਗਾ ਜੇ ਇਸ ਬਜ਼ੁਰਗ ਵਿਅਕਤੀ 'ਚ ਆਪਣੇ ਸਿਰਜੇ ਸਮਾਜ ਵਿੱਚ ਚਿਣਗ ਜਗਾਉਣ ਦੀ ਤਾਕਤ ਹੋਈ। ਜਿੱਥੋਂ ਤੱਕ ਮੈਨੂੰ ਲੱਗਦਾ ਹੈ ਕਿ ਮੈਨੂੰ ਇਹ ਕਲਪਨਾ ਕਰਨੀ ਚਾਹੀਦੀ ਹੈ ਕਿ ਜੇ ਕਿਤੇ (ਗੁਰੂ) ਰਾਮ ਸਿੰਘ ਜੀ ਹੁਣ ਅਕਾਲ ਚਲਾਣਾ ਕਰ ਜਾਣ, ਤਾਂ ਉਨ੍ਹਾਂ ਦਾ ਸੰਪਰਦਾਇ ਬੇਹੋਸ਼ੀ ਦੀ ਹਾਲਤ 'ਚ ਚਲਾ ਜਾਵੇਗਾ ਅਤੇ ਸਾਹਿਬ ਸਿੰਘ (ਜਿਨ੍ਹਾਂ ਨੂੰ ਬਾਬਾ ਜੀ ਦਾ ਵਾਰਸ ਸਮਝਿਆ ਜਾਂਦਾ ਹੈ) ਦਾ ਜੋਸ਼ ਉਸ ਦੀ ਏਕਤਾ ਤੇ ਉਤਸ਼ਾਹ ਨੂੰ ਬਹਾਲ ਨਹੀਂ ਕਰ ਸਕੇਗਾ, ਜੇ ਕੂਕਿਆਂ ਨੇ ਸੁਧਾਰ ਲਿਆਉਣ ਤੇ ਆਪਣੇ ਆਗੂ ਦੇ ਅਕਾਲ ਚਲਾਣੇ ਤੋਂ ਪਹਿਲਾਂ ਆਪਣੇ ਗੁਆਂਢੀ ਦੇ ਮਨਾਂ 'ਚ ਆਪਣੇ ਲਈ ਕੋਈ ਚੰਗਾ ਵਿਚਾਰ ਬਣਾਉਣ ਦੀ ਕੋਸ਼ਿਸ਼ ਨਾ ਕੀਤੀ, ਤਾਂ ਨਤੀਜਾ ਉਲਟ ਹੀ ਨਿਕਲੇਗਾ।

## 34

*ਨੰ. 193* *ਮਿਤੀ 12 ਫ਼ਰਵਰੀ, 1869*

*ਵੱਲੋਂ*

ਟੀ.ਐੱਚ. ਥੌਰੰਟਨ,
ਸਕੱਤਰ, ਸਰਕਾਰ, ਪੰਜਾਬ।

*ਵੱਲ*

ਲੈਫ਼ਟੀਨੈਂਟ ਕਰਨਲ ਟੀ.ਡਬਲਿਊ. ਯੰਗ-ਹਸਬੈਂਡ
ਕਾਰਜਕਾਰੀ ਇੰਸਪੈਕਟਰ ਜਨਰਲ ਆੱਫ਼ ਪੁਲਿਸ, ਪੰਜਾਬ।

ਮਾਣਯੋਗ ਲੈਫ਼ਟੀਨੈਂਟ ਗਵਰਨਰ ਚਾਹੁੰਦੇ ਹਨ ਕਿ ਮੈਂ ਤੁਹਾਡੇ ਪੱਤਰ ਨੰ. 10 ਮਿਤੀ 19 ਜਨਵਰੀ ਦਾ ਜਵਾਬ ਦੇ ਕੇ ਧੰਨਵਾਦ ਕਰਾਂ ਅਤੇ ਸਾਲ 1868 ਦੌਰਾਨ ਕੂਕਾ ਸੰਪਰਦਾਇ ਦੀ ਪੁਲਿਸ ਨਿਗਰਾਨੀ ਦੀ ਨਤੀਜਾ-ਰਿਪੋਰਟ ਭੇਜਾਂ।

ਮੈਂ ਇਹ ਬੇਨਤੀ ਕਰਨੀ ਹੈ ਕਿ ਪੁਲਿਸ ਨੂੰ ਹਦਾਇਤ ਦਿੱਤੀ ਜਾ ਸਕਦੀ ਹੈ ਕਿ ਨੇੜਿਓਂ ਨਜ਼ਰ ਰੱਖੀ ਜਾਂਦੀ ਰਹੇ ਪਰ ਚੁੱਪ-ਕੀਤਿਆਂ ਹੀ ਇਸ ਸੰਪਰਦਾਇ ਦੀਆਂ ਗਤੀਵਿਧੀਆਂ 'ਤੇ ਨਜ਼ਰ ਜਾਰੀ ਰੱਖੀ ਜਾਵੇ।

# 35

## 1868 ਦੀ ਰਿਪੋਰਟ 'ਤੇ ਗਵਰਨਰ ਜਨਰਲ ਕੌਂਸਲ ਦੇ ਮੈਂਬਰਾਂ ਦੀਆਂ ਟਿੱਪਣੀਆਂ

*ਨੰ. 194-40,* *ਮਿਤੀ 12 ਫ਼ਰਵਰੀ, 1869*

ਵੱਲੋਂ

ਪੰਜਾਬ ਸਰਕਾਰ

ਕੂਕਾ ਸੰਪਰਦਾਇ ਦੀ ਸ਼ੁਰੂਆਤ ਸਾਲ 1847 'ਚ ਰਾਵਲਪਿੰਡੀ ਜ਼ਿਲ੍ਹੇ ਵਿਖੇ ਅਰੋੜਾ ਜਾਤੀ ਦੇ ਇੱਕ ਸਿੱਖ ਬਾਲਕ ਸਿੰਘ ਵੱਲੋਂ ਕੀਤੀ ਗਈ ਸੀ। ਇਸ ਵਿਅਕਤੀ ਨੇ ਬਹੁਤ ਸਾਰੇ ਲੋਕਾਂ ਨੂੰ ਆਪਣੇ ਸੰਪਰਦਾਇ 'ਚ ਸ਼ਾਮਲ ਕੀਤਾ ਸੀ; ਉਨ੍ਹਾਂ ਦਾ ਦੇਹਾਂਤ ਜਨਵਰੀ 1863 'ਚ ਹੋ ਗਿਆ ਸੀ ਤੇ ਉਹ ਆਪਣੇ ਪਿੱਛੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਭੈਣੀ ਨਿਵਾਸੀ ਰਾਮ ਸਿੰਘ ਜੀ, ਜੋ ਉਨ੍ਹਾਂ ਦੇ ਸਭ ਤੋਂ ਵੱਧ ਮਨਪਸੰਦ ਸ਼ਿਸ਼ਾਂ ਵਿੱਚੋਂ ਇੱਕ ਸਨ, ਨੂੰ ਆਪਣੀ ਸੰਪਰਦਾਇ ਦੇ ਗੁਰੂ ਤੇ ਮੁਖੀ ਵਜੋਂ ਮਾਨਤਾ ਦੇ ਕੇ ਗਏ ਸਨ।

ਇਸ ਸੰਗਠਨ ਦੇ ਪ੍ਰਾਪਤ ਵੇਰਵੇ ਤਾਂ ਇਹੋ ਦਰਸਾਉਂਦੇ ਹਨ ਕਿ ਇਹ ਸਿੱਖਾਂ ਦੀ ਇੱਕ ਧਾਰਮਿਕ ਸੁਧਾਰ ਦੀ ਲਹਿਰ ਸੀ ਪਰ ਕਿਉਂਕਿ ਇਹ ਇੱਕ ਗੁਪਤ ਸੰਪਰਦਾਇ ਵਜੋਂ ਵਿਚਰਦੀ ਹੈ, ਇਸ ਲਈ ਸੁਭਾਵਕ ਤੌਰ 'ਤੇ ਇਸ ਉੱਤੇ ਥੋੜ੍ਹਾ ਸ਼ੱਕ ਜਾਂਦਾ ਹੈ।

1866 ਦੌਰਾਨ ਇਸ ਸੰਪਰਦਾਇ ਦੀ ਗਿਣਤੀ ਵਰਨਣਯੋਗ ਹੱਦ ਤੱਕ ਵਧੀ ਸੀ ਅਤੇ ਛੇਤੀ ਹੀ (ਗੁਰੂ) ਰਾਮ ਸਿੰਘ ਜੀ ਦੀਆਂ ਗਤੀਵਿਧੀਆਂ ਨੇ ਚਿੰਤਾ ਵਧਾਉਣੀ ਸ਼ੁਰੂ ਕਰ ਦਿੱਤੀ ਸੀ। ਸੱਚਮੁਚ ਇੱਕ ਵਾਰ ਤਾਂ ਅਜਿਹਾ ਸੁਝਾਅ ਵੀ ਦਿੱਤਾ ਗਿਆ ਸੀ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲੈਣਾ ਚਾਹੀਦਾ ਹੈ ਪਰ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਪੈਰੋਕਾਰਾਂ 'ਤੇ ਬਗ਼ਾਵਤ ਨਾਲ ਸੰਬੰਧਤ ਕਿਸੇ ਸਿੱਧੀ ਗਤੀਵਿਧੀ ਦਾ ਕੋਈ ਸਬੂਤ ਨਹੀਂ ਮਿਲਿਆ, ਇਸੇ ਲਈ ਪੰਜਾਬ ਸਰਕਾਰ ਨੇ ਗ੍ਰਿਫ਼ਤਾਰੀ ਦੀ ਤਜਵੀਜ਼ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ਉਂਝ ਇਸ ਸੰਗਠਨ 'ਤੇ ਬਹੁਤ ਚੌਕਸ ਨਜ਼ਰ ਰੱਖਣ ਦੀ ਹਦਾਇਤ ਜਾਰੀ ਕਰ ਦਿੱਤੀ ਸੀ ਅਤੇ ਕਿਸੇ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਟਾਲਣ ਸਾਵਧਾਨੀ ਵਜੋਂ ਕੁਝ ਕਦਮ ਚੁੱਕੇ ਗਏ ਸਨ।

1866 ਤੋਂ ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਸ਼ਰਧਾਲੂਆਂ ਦੀਆਂ ਗਤੀਵਿਧੀਆਂ ਬਾਰੇ ਵੇਰਵੇ ਸਮੇਂ-ਸਮੇਂ 'ਤੇ ਮਿਲਦੇ ਰਹੇ ਹਨ ਅਤੇ ਪੰਜਾਬ ਸਰਕਾਰ ਦੀ ਮੌਜੂਦਾ ਚਿੱਠੀ ਵਿੱਚ ਪੁਲਿਸ ਵਿਭਾਗ ਦੀ ਉਹ ਰਿਪੋਰਟ ਦਰਜ ਹੈ, ਜੋ ਪਿਛਲੇ ਵਰ੍ਹੇ ਦੌਰਾਨ ਇਸ ਸੰਪਰਦਾਇ 'ਤੇ ਨਜ਼ਰ ਰੱਖਣ ਵੇਲੇ ਸਾਹਮਣੇ ਆਏ ਤੱਥਾਂ 'ਤੇ ਆਧਾਰਤ ਹੈ।

ਇਹ ਰਿਪੋਰਟ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਕੂਕਾਵਾਦ ਘਟਣਾ ਸ਼ੁਰੂ ਹੋ ਰਿਹਾ ਹੈ। ਇਸ ਸੰਪਰਦਾਇ ਨੂੰ ਮੰਨਣ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ

ਹੋ ਚੁੱਕੀ ਹੈ ਪਰ ਉਹ ਅਨੁਸ਼ਾਸਨਹੀਣ ਤੇ ਅਨੈਤਿਕ ਹਨ ਤੇ ਉਨ੍ਹਾਂ ਨੇ ਬਹੁਤ ਥਾਵਾਂ ’ਤੇ ਬਦਲਾ-ਲਊ ਕਿਸਮ ਦੇ ਅਪਰਾਧ ਸਾਹਮਣੇ ਆਏ ਹਨ ਅਤੇ ਇੰਝ ਕੂਕਿਆਂ ਦੇ ਨੈਤਿਕ ਅਭਿਆਸਾਂ ’ਤੇ ਕਈ ਤਰ੍ਹਾਂ ਦੇ ਸੁਆਲ ਖੜ੍ਹੇ ਹੋ ਗਏ ਹਨ।

ਉਂਝ (ਗੁਰੂ) ਰਾਮ ਸਿੰਘ ਜੀ ਮੌਜੂਦਾ ਸਾਲ ਦੌਰਾਨ ਆਪਣੀ ਗੁਆਚੀ ਸਾਖ਼ ਮੁੜ ਹਾਸਲ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ, ਇੰਝ ਇਹ ਸਲਾਹ ਦੇਣੀ ਉਚਿਤ ਸਮਝਦੀ ਜਾਂਦੀ ਹੈ ਕਿ ਨਿਗਰਾਨੀ ਜਾਰੀ ਰੱਖੀ ਜਾਵੇ ਪਰ ਉਸ ਦੀ ਤੀਬਰਤਾ ਘਟਾ ਦਿੱਤੀ ਜਾਵੇ।

9-3-69 (ਹਸਤਾਖਰ) ਸੀ.ਜੀ.

ਇਹ ਰਿਪੋਰਟ ਤਸੱਲੀਬਖ਼ਸ਼ ਜਾਪਦੀ ਹੈ ਅਤੇ ਪੰਜਾਬ ਸਰਕਾਰ ਨੇ ਇਸ ਸੰਪਰਦਾਇ ’ਤੇ ਲਗਾਤਾਰ ਨਜ਼ਰ ਰੱਖਣ ਦੇ ਹੁਕਮ ਸਭ ਪਾਸੇ ਭੇਜ ਦਿੱਤੇ ਹਨ ਤੇ ਇਹੋ ਇਸ ਨਾਲ ਸਿੱਝਣ ਦਾ ਸਭ ਤੋਂ ਵਧੀਆ ਢੰਗ ਜਾਪਦਾ ਹੈ।

10-3-69 (ਹਸਤਾਖਰ) ਡਬਲਿਊ.ਐੱਸ.ਐੱਸ.ਕੇ.

ਹਾਂ

13-3-69 (ਹਸਤਾਖਰ) ਐੱਮ.

## 36

*ਨੰ. 375* *ਮਿਤੀ 20 ਮਾਰਚ, 1869*

*ਵੱਲੋਂ*

ਚਾਰਲਸ ਗਰਡਲਸਟੋਨ, ,
ਕਾਰਜਕਾਰੀ ਅਧੀਨ ਸਕੱਤਰ,
ਭਾਰਤ ਸਰਕਾਰ
ਵਿਦੇਸ਼ ਵਿਭਾਗ।

*ਵੱਲ*

ਟੀ.ਐੱਚ. ਥੌਰੰਟਨ,
ਸਕੱਤਰ,
ਪੰਜਾਬ ਸਰਕਾਰ।

ਮੈਨੂੰ ਤੁਹਾਡੇ ਵੱਲੋਂ ਪਿਛਲੇ ਮਹੀਨੇ ਦੀ 12 ਤਰੀਕ ਦੇ ਲਿਖੇ ਤੁਹਾਡੇ ਪੱਤਰ ਨੰ. 194-140 ਦੀ ਪ੍ਰਾਪਤ ਦਾ ਜਵਾਬ ਦੇਣ ਦਾ ਮਾਣ ਹਾਸਲ ਹੋਇਆ ਹੈ, ਜਿਸ ਵਿੱਚ ਸਾਲ 1868 ਲਈ ਕੂਕਾ ਸੰਪਰਦਾਇ ਬਾਰੇ ਰਿਪੋਰਟ ਕਵਰ ਕੀਤੀ ਗਈ ਹੈ।

ਜਵਾਬ ’ਚ ਮੈਨੂੰ ਇਹ ਦੱਸਣ ਦੀ ਹਦਾਇਤ ਜਾਰੀ ਹੋਈ ਹੈ ਕਿ ਵਾਇਸਰਾਏ ਤੇ ਗਵਰਨਰ-ਜਨਰਲ-ਇਨ-ਕੌਂਸਲ ਨੇ ਬੜੀ ਦਿਲਚਸਪੀ ਨਾਲ ਇਸ ਧਾਰਮਿਕ ਸੰਗਠਨ ਬਾਰੇ ਪੁਲਿਸ ਇੰਸਪੈਕਟਰ ਜਨਰਲ ਵੱਲੋਂ ਦਰਜ ਇਨ੍ਹਾਂ ਵੇਰਵਿਆਂ ਨੂੰ

ਘੋਖਿਆ ਹੈ ਅਤੇ ਹੁਣ ਤੱਕ ਇਸ ਸੰਪਰਦਾਇ ਨਾਲ ਜਿਵੇਂ ਵੀ ਸਿੱਝਿਆ ਜਾਂਦਾ ਰਿਹਾ ਹੈ, ਤਿਵੇਂ ਹੀ ਪੰਜਾਬ ਸਰਕਾਰ ਵੱਲੋਂ ਇਸ 'ਤੇ ਲਗਾਤਾਰ ਚੁੱਪਚਾਪ ਨਜ਼ਰ ਰੱਖਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

## 37

*ਨੰ. 113* *ਮਿਤੀ 14 ਅਪ੍ਰੈਲ, 1869*

*ਵੱਲੋਂ*

ਭਾਰਤ ਸਰਕਾਰ।

*ਵੱਲ*

ਆਰਗਿਲ ਦੇ ਮਾਣਯੋਗ ਡਿਯੂਕ, ਕੇ.ਟੀ.

ਸਕੱਤਰ, ਭਾਰਤ ਸਰਕਾਰ, ਲੰਦਨ।

ਕੂਕਾ ਸੰਪਰਦਾਇ ਬਾਰੇ ਤੁਹਾਡੇ ਡਿਸਪੈਚ ਨੰ. 54, ਮਿਤੀ ਅਪ੍ਰੈਲ 1868 ਦੀ ਨਿਰੰਤਰਤਾ 'ਚ ਸਾਨੂੰ ਮਹਾਰਾਣੀ ਦੀ ਸਰਕਾਰ ਨੂੰ ਸੂਚਨਾ ਲਈ ਅੱਗੇ ਵਰਣਿਤ ਦਸਤਾਵੇਜ਼ਾਂ ਦੀ ਇੱਕ ਕਾਪੀ, ਵਿਸ਼ਿਆਂ ਦਾ ਤੱਤ-ਸਾਰ, ਜਿਸ ਵਿੱਚ ਸਾਲ 1868 ਲਈ ਇਸ ਸੰਗਠਨ ਬਾਰੇ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਦੇ ਦਿਲਚਸਪ ਵੇਰਵੇ ਦਰਜ ਹਨ, ਭੇਜਣ ਦਾ ਮਾਣ ਹਾਸਲ ਹੋਇਆ ਹੈ।

2. ਤੁਸੀਂ ਮਾਣਯੋਗ ਇਹ ਵੇਖ ਹੀ ਲਵੋਗੇ ਕਿ ਇਹ ਸੰਪਰਦਾਇ ਹੇਠਾਂ ਵੱਲ ਨੂੰ ਜਾ ਰਿਹਾ ਹੈ ਭਾਵੇਂ ਅਜਿਹੀ ਆਸ ਵੀ ਕੀਤੀ ਜਾ ਰਹੀ ਹੈ ਕਿ ਇਸ ਸੰਪਰਦਾਇ ਦੇ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਆਪਣੀ ਗੁਆਚੀ ਸਾਖ਼ ਨੂੰ ਬਹਾਲ ਕਰਨ ਲਈ ਮੌਜੂਦਾ ਸਾਲ ਦੌਰਾਨ ਕੋਈ ਕੋਸ਼ਿਸ਼ ਕਰ ਸਕਦੇ ਹਨ।

3. ਅਸੀਂ ਇਹੋ ਪ੍ਰਵਾਨਗੀ ਦਿੱਤੀ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ 'ਤੇ ਲਗਾਤਾਰ ਚੁੱਪਚਾਪ ਨਜ਼ਰ ਰੱਖਣਾ ਹੀ ਇਸ ਸੰਪਰਦਾਇ ਨਾਲ ਨਿਪਟਣ ਦੀ ਸਹੀ ਵਿਧੀ ਹੈ।

## 38

*ਨੰ. 191* *ਮਿਤੀ 11 ਸਤੰਬਰ, 1869*

*ਵੱਲੋਂ*

ਆਰਗਿਲ ਦੇ ਮਾਣਯੋਗ ਡਿਯੂਕ, ਕੇ.ਟੀ.,

ਵਿਦੇਸ਼ ਮੰਤਰੀ, ਭਾਰਤ ਲਈ, ਲੰਦਨ।

*ਵੱਲ*

ਭਾਰਤ ਸਰਕਾਰ, ਕਲਕੱਤਾ।

ਤੁਹਾਡੇ ਮਾਣਯੋਗ ਦੀ ਸਰਕਾਰ ਦੇ ਵਿਦੇਸ਼ੀ ਪੱਤਰ ਨੰ. 113 ਮਿਤੀ 14 ਅਪ੍ਰੈਲ,

1869 ਵਿੱਚ ਕੂਕਾ ਸੰਪਰਦਾਇ ਬਾਰੇ ਬਹੁਤ ਦਿਲਚਸਪ ਚਿੱਠੀ-ਪੱਤਰੀ ਮੌਜੂਦ ਹੈ, ਨੂੰ ਕੌਂਸਲ 'ਚ ਮੇਰੇ ਸਾਹਵੇਂ ਰੱਖਿਆ ਗਿਆ ਹੈ।

2. ਜਿਵੇਂ ਕਿ ਤੁਹਾਨੂੰ ਪਤਾ ਹੈ ਕਿ ਮਹਾਰਾਣੀ ਦੀ ਸਰਕਾਰ ਨੇ ਤੁਹਾਡੇ ਮਾਣਯੋਗ ਨਾਲ ਸਾਰਾ ਵਿਚਾਰ-ਵਟਾਂਦਰਾ ਕੀਤਾ ਹੈ ਕਿ ਪੰਜਾਬ 'ਚ ਸਥਾਨਕ ਅਧਿਕਾਰੀਆਂ ਵੱਲੋਂ ਕੂਕਾ ਸੰਪਰਦਾਇ 'ਤੇ ਬਹੁਤ ਧਿਆਨ ਨਾਲ ਬਹੁਤ ਚੁੱਪ-ਚੁਪੀਤੇ ਨਜ਼ਰ ਰੱਖਣ ਤੱਕ ਸੀਮਤ ਰਹਿਣੇ ਚਾਹੀਦੇ ਹਨ; ਅਤੇ ਉਨ੍ਹਾਂ ਨੂੰ ਤਸੱਲੀ ਹੈ ਕਿ ਇਸ ਸੰਪਰਦਾਇ ਦੀ ਸਾਖ਼ ਹੁਣ ਸਰਕਾਰੀ ਦਖ਼ਲ ਤੋਂ ਬਗ਼ੈਰ ਹੀ ਡਿੱਗੀ ਜਾਪਦੀ ਹੈ, ਜਿਸ ਦੇ ਸੱਚਮੁਚ ਸੰਭਾਵੀ ਸਿੱਧੇ ਤੇ ਉਲਟ ਨਤੀਜੇ ਨਿਕਲਣਗੇ।

# 39

## ਸਾਲ 1869 ਦੌਰਾਨ ਕੂਕਾ ਸੰਪਰਦਾਇ ਦੇ ਆਚਾਰ-ਵਿਹਾਰ ਬਾਰੇ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਦੀ ਰਿਪੋਰਟ (ਚੋਣਵੇਂ ਦਸਤਾਵੇਜ਼ ਨੰ. 22)

### ਯਾਦ-ਪੱਤਰ

*ਕੇਂਦਰੀ ਪੁਲਿਸ, ਦਫ਼ਤਰ, ਲਾਹੌਰ, 14 ਜਨਵਰੀ, 1871*

ਇੰਸਪੈਕਟਰ ਜਨਰਲ; ਪੁਲਿਸ ਅਧਿਕਾਰੀਆਂ ਦੀ ਜਾਣਕਾਰੀ ਲਈ ਸਾਲ 1869 ਦੌਰਾਨ ਕੂਕਾ ਸੰਪਰਦਾਇ ਦੇ ਆਚਾਰ-ਵਿਹਾਰ ਬਾਰੇ ਰਿਪੋਰਟਿੰਗ ਪੰਜਾਬ ਸਰਕਾਰ ਦੇ ਸਕੱਤਰ ਨੂੰ ਲਿਖੀ ਚਿੱਠੀ ਦੀ ਨੱਥੀ ਕਾਪੀ ਪ੍ਰਕਾਸ਼ਿਤ ਕਰਦਾ ਹੈ।

*ਨੰ. 7-201* *ਮਿਤੀ 14 ਜਨਵਰੀ, 1871*

*ਵੱਲੋਂ*

ਲੈਫ਼ਟੀਨੈਂਟ ਕਰਨਲ ਜੀ. ਹਚਿਨਸਨ,
ਸੀ.ਐੱਸ.ਆਈ., ਪੁਲਿਸ ਇੰਸਪੈਕਟਰ ਜਨਰਲ, ਪੰਜਾਬ।

*ਵੱਲ*

ਸਕੱਤਰ, ਪੰਜਾਬ ਸਰਕਾਰ, ਸਿਵਲ ਵਿਭਾਗ।

ਮੈਨੂੰ ਸਰਕਾਰ ਦੀ ਜਾਣਕਾਰੀ ਹਿਤ ਸਾਲ 1869 ਦੌਰਾਨ ਕੂਕਾ ਸੰਪਰਦਾਇ ਦੀ ਪੁਲਿਸ ਨਿਗਰਾਨੀ ਰਿਪੋਰਟ ਭੇਜਣ ਦਾ ਮਾਣ ਹਾਸਲ ਹੋਇਆ ਹੈ।

*2. ਫ਼ਿਰੋਜ਼ਪੁਰ ਜ਼ਿਲ੍ਹੇ 'ਚ ਕੂਕਾ ਦੰਗਾ।*

ਸਭ ਤੋਂ ਵੱਡੀ ਘਟਨਾ, ਜੋ ਸੰਬੰਧਤ ਹੋ ਸਕਦੀ ਹੈ, ਫ਼ਿਰੋਜ਼ਪੁਰ ਜ਼ਿਲ੍ਹੇ 'ਚ ਵਾਪਰਿਆ ਕਥਿਤ ਦੰਗਾ ਹੈ। ਇਸ ਤੋਂ ਕੂਕਾਵਾਦ ਦੇ ਖ਼ਤਰਿਆਂ ਦੀ ਝਲਕ ਮਿਲਦੀ ਹੈ, ਜਦੋਂ ਨੇਤਾ ਹੀ ਅਨੈਤਿਕ ਤੇ ਬੁਝਾਰਤ ਬਣ ਚੁੱਕਾ ਹੋਵੇ। ਮੈਂ ਘਟਨਾ ਦਾ ਮੁਕੰਮਲ ਵੇਰਵਾ ਦਿੰਦਾ ਹਾਂ, ਜਿਸ ਦਾ ਅੰਸ਼ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਦੇ ਨੋਟਸ ਤੋਂ ਲਿਆ ਗਿਆ ਹੈ ਤੇ ਕੁਝ ਸੁਣਵਾਈ ਦੇ ਨਿਆਂਇਕ ਰਿਕਾਰਡ ਤੋਂ ਹੈ।

*3. ਗੜਬੜੀ ਦੀ ਜੜ੍ਹ।*

ਫ਼ਰਵਰੀ 1869 ਦੇ ਅੰਤ 'ਚ ਸ੍ਰੀ ਟਰਟਨ ਸਮਿੱਥ ਕੋਲ ਰਿਪੋਰਟਾਂ ਪੁੱਜੀਆਂ ਕਿ ਕੂਕੇ ਫ਼ਿਰੋਜ਼ਪੁਰ ਜ਼ਿਲ੍ਹੇ 'ਚ ਰੁਪਾਣਾ ਨੇੜੇ ਇਕੱਠੇ ਹੋ ਰਹੇ ਹਨ। ਇਹ ਦੱਸਿਆ ਗਿਆ ਸੀ ਕਿ ਉਸ ਪਿੰਡ ਦੇ ਨੰਬਰਦਾਰ ਨੇ ਕੁਝ ਚਰਖੇ, ਇੱਕ ਚਾਰਪਾਈ ਤੇ ਇੱਕ ਹਲ਼, ਇੱਕ ਗੱਡੇ ਦਾ ਹਿੱਸਾ ਸਾੜ ਦਿੱਤੇ ਸਨ ਤੇ ਆਪਣਾ ਘਰ ਛੱਡ ਕੇ ਸਿਰਸਾ ਜ਼ਿਲ੍ਹੇ ਦੇ ਪਿੰਡ ਥਰਾਜਵਾਲਾ ਦੀ ਦਿਸ਼ਾ 'ਚ ਕੂਕਿਆਂ ਦੇ ਇੱਕ ਸੰਗਠਨ ਨਾਲ ਰਲ਼ ਗਿਆ ਸੀ। ਇਸ ਨੰਬਰਦਾਰ ਦੀਆਂ ਗਤੀਵਿਧੀਆਂ 'ਤੇ ਪੁਲਿਸ ਦੇ ਡਿਪਟੀ ਇੰਸਪੈਕਟਰ ਦੀਵਾਨ ਬਖ਼ਸ਼ ਵੱਲੋਂ ਬਹੁਤ ਨੇੜਿਓਂ ਨਜ਼ਰ ਰੱਖੀ ਜਾ ਰਹੀ ਸੀ, ਜਿਨ੍ਹਾਂ ਨੂੰ ਉਸ ਦੇ ਵਤੀਰੇ ਤੋਂ ਕੁਝ ਗੜਬੜੀ ਦਾ ਖ਼ਦਸ਼ਾ ਸੀ।

*4. ਡਿਪਟੀ ਇੰਸਪੈਕਟਰ 'ਤੇ ਹਮਲਾ*

ਦੋ ਦਿਨਾਂ ਬਾਅਦ ਇੱਕ ਰਿਪੋਰਟ ਡਿਪਟੀ ਇੰਸਪੈਕਟਰ ਦੀਵਾਨ ਬਖ਼ਸ਼ ਵੱਲੋਂ ਭੇਜੀ ਗਈ ਸੀ ਕਿ ਕੂਕਿਆਂ ਦੀਆਂ ਗਤੀਵਿਧੀਆਂ ਕਾਰਨ ਉਨ੍ਹਾਂ 'ਤੇ ਨਜ਼ਰ ਰੱਖੀ ਜਾ ਰਹੀ ਸੀ ਕਿ ਉਨ੍ਹਾਂ ਨੇ ਉਸ 'ਤੇ ਹਮਲਾ ਬੋਲ ਦਿੱਤਾ ਸੀ। ਇੰਝ ਜਾਪਦਾ ਹੈ ਕਿ ਉਸ ਦੀ ਤਲਵਾਰ ਨਸ਼ਟ ਹੋ ਗਈ ਸੀ ਤੇ ਉਸ ਤੋਂ ਲੈ ਲਈ ਗਈ ਸੀ, ਉਸ ਦੇ ਘੋੜੇ ਦੇ ਇੱਕ ਬਰਛਾ ਲੱਗਾ ਸੀ। ਬਿਲੀ ਸਿੰਘ ਨਾਂਅ ਦੇ ਇੱਕ ਵਿਅਕਤੀ ਨੇ ਦੀਵਾਨ ਬਖ਼ਸ਼ 'ਤੇ ਇੱਕ ਕੁਹਾੜੇ ਜਾਂ ਡਾਂਗ ਨਾਲ ਹਮਲਾ ਕੀਤਾ ਸੀ ਅਤੇ ਮਾਨਾ ਸਿੰਘ ਨੇ ਉਸ 'ਤੇ ਬਰਛਾ ਸੁੱਟਿਆ ਸੀ। ਡਿਪਟੀ ਇੰਸਪੈਕਟਰ ਦੇ ਨਾਲ ਮੌਜੂਦ ਇੱਕ ਕਾਂਸਟੇਬਲ 'ਤੇ ਹਮਲਾ ਬੋਲਿਆ ਗਿਆ ਸੀ, ਉਸ ਦੀ ਤਲਵਾਰ ਟੁੱਟ ਗਈ ਸੀ ਤੇ ਉਸ ਤੋਂ ਲੈ ਲਈ ਗਈ ਸੀ ਤੇ ਬਲੇਡ ਦੇ ਵਾਰ ਕਾਰਨ ਉਸ ਦਾ ਕੋਟ ਫਟ ਗਿਆ ਸੀ।

ਪੁਲਿਸ ਨੂੰ ਉਸ ਦੀ ਡਿਊਟੀ ਕਰਨ ਤੋਂ ਰੋਕਣ ਦੀ ਇਹ ਕੋਸ਼ਿਸ਼ ਕੁਰਾਈਵਾਲਾ ਨੇੜੇ ਕੀਤੀ ਗਈ ਸੀ। ਦੀਵਾਨ ਬਖ਼ਸ਼ ਦਾ ਕਹਿਣਾ ਹੈ ਕਿ ਕੂਕਿਆਂ ਦੀ ਇੱਕ ਟੋਲੀ ਬਹੁਤ ਜ਼ਿਆਦਾ ਰਾਜ-ਧਰੋਹੀ ਭਾਸ਼ਾ ਵਰਤੀ ਤੇ ਅਜਿਹੇ ਜੈਕਾਰੇ ਲਾਏ ਕਿ ਖ਼ਾਲਸਾ ਰਾਜ ਕਰੇਗਾ ਤੇ ਸਾਰੇ ਅਧਿਕਾਰੀਆਂ ਦੀ ਉਲੰਘਣਾ ਕੀਤੀ।

5. ਡਿਪਟੀ ਕਮਿਸ਼ਨਰ ਦੀ ਗ਼ੈਰ-ਮੌਜੂਦਗੀ 'ਚ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਸ੍ਰੀ ਟਰਟਨ ਸਮਿੱਥ ਤੇ ਅਸਿਸਟੈਂਟ ਕਮਿਸ਼ਨਰ ਸ੍ਰੀ ਵੇਕਫ਼ੀਲਡ ਨਾਲ ਇੱਕਦਮ ਤੁਰੰਤ ਘਟਨਾ ਸਥਾਨ ਲਈ ਰਵਾਨਾ ਹੋ ਗਏ ਅਤੇ ਉਨ੍ਹਾਂ ਆਪਣੇ ਨਾਲ ਵੱਧ ਤੋਂ ਵੱਧ ਪੁਲਿਸ ਫ਼ੋਰਸ ਲੈ ਲਈ। ਵੀਹ ਦੇ ਲਗਭਗ ਪੈਦਲ ਸਿਪਾਹੀ ਯੱਕਿਆਂ 'ਤੇ ਸਵਾਰ ਹੋ ਕੇ ਗਏ ਤੇ ਪੰਦਰਾਂ ਜਣੇ ਯੂਰੋਪੀਅਨ ਅਧਿਕਾਰੀ ਨਾਲ ਰਹੇ। ਬਹੁਤ ਜ਼ਿਆਦਾ ਰੇਤ ਹੋਣ ਕਾਰਣ ਫ਼ਿਰੋਜ਼ਪੁਰ ਤੋਂ ਕਈ ਮੀਲ ਪਹਿਲਾਂ ਹੀ ਯੱਕਿਆਂ ਤੋਂ ਉੱਤਰ ਕੇ ਪੈਦਲ ਹੀ ਚੱਲਣਾ ਪਿਆ।

ਪੁਲਿਸ ਦੀ ਟੀਮ 1 ਮਾਰਚ ਨੂੰ ਵੱਡੇ ਤੜਕੇ 2 ਵਜੇ ਮੁਕਤਸਰ (ਫ਼ਿਰੋਜ਼ਪੁਰ ਤੋਂ 34 ਮੀਲ ਦੂਰ) ਪੁੱਜੀ। ਕਾਰਜਕਾਰੀ ਤਹਿਸੀਲਦਾਰ ਆਲਮ ਸ਼ਾਹ ਉੱਥੇ ਉਨ੍ਹਾਂ ਨੂੰ

ਮਿਲੇ ਤੇ ਅਧਿਕਾਰੀਆਂ ਨੂੰ ਦੱਸਿਆ ਕਿ ਕੂਕੇ ਥਰਾਜਵਾਲਾ 'ਚ ਇਕੱਠੇ ਹੋਏ ਹਨ ਤੇ ਉਨ੍ਹਾਂ ਨੇ ਆਤਮਸਮਰਪਣ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਆਲਮ ਸ਼ਾਹ ਕੋਲ ਸਿਰਫ਼ ਕੁਝ ਹੀ ਪੁਲਿਸ ਮੁਲਾਜ਼ਮ ਸਨ, ਇਸੇ ਲਈ ਉੱਥੇ ਉਨ੍ਹਾਂ ਨੇ ਕਿਸੇ ਤਰ੍ਹਾਂ ਦੇ ਟਕਰਾਅ 'ਚ ਨਾ ਪੈਣ ਵਿੱਚ ਹੀ ਸਿਆਣਪ ਸਮਝੀ।

ਮੈਸ. ਵੇਕਫ਼ੀਲਡ ਤੇ ਸਮਿੱਥ ਤਦ ਪੁਲਿਸ ਦੇ ਘੁੜਸਵਾਰ ਜਵਾਨਾਂ ਨਾਲ ਅੱਗੇ ਵਧੇ, ਉਨ੍ਹਾਂ ਦੇ ਪਿੱਛੇ ਪੈਦਲ ਸਿਪਾਹੀ ਵੀ ਸਨ ਤੇ ਲਗਭਗ ਨਾਲੋ-ਨਾਲ ਹੀ ਚੱਲ ਰਹੇ ਸਨ। ਉਨ੍ਹਾਂ ਨਾਲ ਸੋਢੀ ਮਾਨ ਸਿੰਘ ਤੇ ਉਨ੍ਹਾਂ ਦਾ ਭਰਾ ਵੀ ਮੌਜੂਦ ਸਨ; ਦਰਅਸਲ, ਉਨ੍ਹਾਂ ਨੂੰ ਜਦੋਂ ਪਤਾ ਲੱਗਾ ਸੀ ਕਿ ਅਧਿਕਾਰੀ ਵਰਗ ਇੱਥੇ ਪੁੱਜਾ ਹੋਇਆ ਹੈ ਤਾਂ ਉਨ੍ਹਾਂ ਆਪਣੇ ਵੱਲੋਂ ਉਨ੍ਹਾਂ ਦੀ ਮਦਦ ਦੀ ਪੇਸ਼ਕਸ਼ ਕੀਤੀ ਸੀ।

### *6. ਕਾਨੂੰਨ-ਵਿਵਸਥਾ ਬਹਾਲ ਕਰਨ ਦੇ ਕੀਤੇ ਇੰਤਜ਼ਾਮ*

ਥਰਾਜਵਾਲਾ (ਜੋ ਮੁਕਤਸਰ ਤੋਂ ਲਗਭਗ 25 ਮੀਲ ਦੀ ਦੂਰੀ 'ਤੇ ਹੈ) ਦੇ ਨੇੜੇ ਪੁੱਜਣ 'ਤੇ ਇਹੋ ਦਰੁਸਤ ਸਮਝਿਆ ਗਿਆ ਕਿ ਪੁਲਿਸ ਨੂੰ ਹਾਲੇ ਪਿੱਛੇ ਹੀ ਰੱਖਿਆ ਜਾਵੇ ਅਤੇ ਮੁਲਜ਼ਮਾਂ ਨੂੰ ਪਿੰਡ ਵਾਸੀਆਂ ਦੀ ਮਦਦ ਨਾਲ ਹੀ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਪਿੰਡ ਵਾਸੀ ਬਹੁਤ ਜ਼ਿਆਦਾ ਵਫ਼ਾਦਾਰੀ ਨਾਲ ਸਾਥ ਦੇ ਰਹੇ ਸਨ ਤੇ ਵਧੀਆ ਇਰਾਦੇ ਨਾਲ ਉੱਥੇ ਇਕੱਠੇ ਵੀ ਹੋ ਗਏ ਸਨ।

### *7. ਸਮਝੌਤੇ ਦੀ ਕੋਸ਼ਿਸ਼*

ਦੁਪਹਿਰ 2 ਵਜੇ ਸਭ ਥਰਾਜਵਾਲਾ ਪੁੱਜੇ। ਇੰਸਪੈਕਟਰ ਕੁਤਬ ਸ਼ਾਹ ਤੇ ਪੁਲਿਸ ਦੇ ਅੱਠ ਜਵਾਨ ਤੇ ਸੈਟਲਮੈਂਟਸ ਦੇ ਸੁਪਰਇੰਟੈਂਡੈਂਟ ਅਲੀਮਉੱਲ੍ਹਾ ਪਹਿਲਾਂ ਤੋਂ ਹੀ ਪਿੰਡ ਦੇ ਬਾਹਰ ਉਨ੍ਹਾਂ ਦੀ ਉਡੀਕ ਕਰ ਰਹੇ ਸਨ। ਇੰਸਪੈਕਟਰ ਨੇ ਪਹਿਲਾਂ ਰਤਾ ਖੁੱਲ੍ਹੇ ਵਿਚਾਰਾਂ ਵਾਲੇ ਇੱਕ ਪ੍ਰਮੁੱਖ ਕੂਕਾ ਮਲੂਕ ਸਿੰਘ, ਨਿਵਾਸੀ ਫਲੀਆਂਵਾਲਾ ਰਾਹੀਂ ਉੱਥੇ ਮੌਜੂਦ ਸਾਰੇ ਕੂਕਿਆਂ ਨੂੰ ਆਤਮਸਮਰਪਣ ਕਰਨ ਦੀ ਅਪੀਲ ਕਰ ਦਿੱਤੀ ਸੀ ਪਰ ਮਲੂਕ ਸਿੰਘ ਨੇ ਤਦ ਇਹ ਵੀ ਆਖਿਆ ਸੀ ਕਿ ਉੱਥੇ ਉਨ੍ਹਾਂ ਤੋਂ ਵੱਡੇ ਕੂਕਾ ਅਧਿਕਾਰੀ ਮਸਤਾਨ ਸਿੰਘ, ਨਿਵਾਸੀ ਥਰਾਜਵਾਲਾ ਮੌਜੂਦ ਹਨ, ਇਸ ਲਈ ਉਹ ਹੁਣ ਇਸ ਤੋਂ ਵੱਧ ਹੋਰ ਕੁਝ ਨਹੀਂ ਕਰ ਸਕਦੇ। ਉਂਝ ਮਲੂਕ ਸਿੰਘ ਨੇ ਕੁਤਬ ਸ਼ਾਹ ਦੀ ਗੱਲਬਾਤ ਮਸਤਾਨ ਸਿੰਘ ਨਾਲ ਕਰਵਾ ਦਿੱਤਾ ਸੀ, ਜਿਨ੍ਹਾਂ ਅੱਗਿਓਂ ਨਜ਼ਰਾਨੇ ਵਜੋਂ ਇੰਸਪੈਕਟਰ ਦੇ ਘੋੜੇ ਦੀ ਮੰਗ ਕੀਤੀ ਸੀ ਤੇ ਉਨ੍ਹਾਂ ਦਾ ਮਜ਼ਾਕ ਉਡਾਉਂਦਿਆਂ ਕਿਹਾ ਸੀ ਕਿ ਹੁਣ ਉਸ ਦੀ ਮਦਦ ਲਈ ਅੰਗਰੇਜ਼ ਥੋੜ੍ਹਾ ਬਹੁੜਨਗੇ; ਮਸਤਾਨ ਸਿੰਘ ਨੇ ਉਨ੍ਹਾਂ ਨੂੰ ਇਹ ਸਲਾਹ ਵੀ ਦਿੱਤੀ ਸੀ ਕਿ ਉਸ ਦੀ ਸਰਕਾਰ ਹੁਣ ਡਿੱਗਣ ਵਾਲੀ ਹੈ, ਇਸ ਲਈ ਉਹ ਹੁਣ ਉਸ ਦਾ ਖਹਿੜਾ ਛੱਡ ਦੇਣ ਤੇ ਆਪਣੇ ਸਾਰੇ ਲਾਮ-ਲਸ਼ਕਰ ਨਾਲ ਚੜ੍ਹਦੀ ਕਲਾ ਵਾਲੇ ਕੂਕਾ ਸੰਪਰਦਾਇ ਲਈ ਕੰਮ ਕਰਨ। ਅਲੀਮਉੱਲ੍ਹਾ ਵੱਲੋਂ ਕਾਨੂੰਨ ਕਾਇਮ ਰੱਖਣ ਦੀਆਂ ਅਜਿਹੀਆਂ ਕੋਸ਼ਿਸ਼ਾਂ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ 'ਤੇ ਇੱਟਾਂ ਵਰ੍ਹਾ ਦਿੱਤੀਆਂ ਗਈਆਂ। ਕੂਕਿਆਂ ਨੇ ਥਰਾਜਵਾਲਾ ਦੇ ਨੰਬਰਦਾਰਾਂ

ਨੂੰ ਪੱਗਾਂ ਭੇਟ ਕੀਤੀਆਂ ਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਵੀ ਇਸ ਲਹਿਰ 'ਚ ਸ਼ਾਮਲ ਹੋ ਜਾਣ।

*8. ਸਹਾਇਕ ਕਮਿਸ਼ਨਰ ਵੱਲੋਂ ਕੂਕਿਆਂ ਵਲ ਭੇਜਿਆ ਗਿਆ ਸੁਨੇਹਾ ਤੇ ਉਨ੍ਹਾਂ ਦਾ ਆਤਮ-ਸਮਰਪਣ*

ਮੈਸ. ਸਮਿੱਥ ਤੇ ਵੇਕਫ਼ੀਲਡ ਦੀ ਆਮਦ ਮੌਕੇ ਅਜਿਹੇ ਮਾੜੇ ਹਾਲਾਤ ਸਨ। ਸ੍ਰੀ ਵੇਕਫ਼ੀਲਡ ਨੇ ਆਲਮ ਸ਼ਾਹ ਤੇ ਮਾਨ ਸਿੰਘ ਨੂੰ ਕੂਕਿਆਂ ਕੋਲ ਭੇਜ ਕੇ ਇਹੋ ਮੰਗ ਰੱਖੀ ਕਿ ਉਹ ਬਿਨਾਂ ਸ਼ਰਤ ਆਤਮਸਮਰਪਣ ਕਰ ਦੇਣ ਤੇ ਨਾਲ ਹੀ ਉਨ੍ਹਾਂ ਨੂੰ ਇਹ ਵੀ ਸੂਚਿਤ ਕਰ ਦਿੱਤਾ ਕਿ ਦੋ ਯੂਰੋਪੀਅਨ ਅਧਿਕਾਰੀ ਪੂਰੇ ਸ਼ਕਤੀ-ਬਲ ਨਾਲ ਇੱਥੇ ਪੁੱਜ ਚੁੱਕੇ ਹਨ। ਉਹ ਦੋਵੇਂ ਅੱਧੇ ਕੁ ਘੰਟੇ ਬਾਅਦ ਪਰਤੇ ਤੇ ਉਨ੍ਹਾਂ ਨਾਲ ਮਸਤਾਨ ਸਿੰਘ ਤੇ ਉਨ੍ਹਾਂ ਦੇ ਦੋ ਹੋਰ ਪੈਰੋਕਾਰ ਵੀ ਮੌਜੂਦ ਸਨ। ਉਸ ਦੇ ਛੇਤੀ ਹੀ ਮਗਰੋਂ ਬਾਕੀ ਦੇ ਕੂਕੇ ਕਾਫ਼ੀ ਜੋਸ਼ੀਲੇ ਰੂਪ 'ਚ ਵਿਖਾਈ ਦੇਣ ਲੱਗੇ। ਪਹਿਲਾਂ ਤਾਂ ਉਨ੍ਹਾਂ ਨੇ ਕਿਸੇ ਵੀ ਅਧਿਕਾਰੀ ਨੂੰ ਮੰਨਣ ਤੋਂ ਸਾਫ਼ ਨਾਂਹ ਕਰ ਦਿੱਤੀ ਤੇ ਕਿਹਾ ਕਿ ਉਹ ਤਾਂ ਸਿਰਫ਼ ਮਸਤਾਨ ਸਿੰਘ ਦੀ ਹੀ ਸੁਣਨਗੇ। ਪਰ ਮਸਤਾਨ ਸਿੰਘ ਨੇ ਜਦੋਂ ਯੂਰੋਪੀਅਨਾਂ ਤੇ ਇਕੱਠੇ ਹੋਏ ਪਿੰਡ ਵਾਸੀਆਂ ਨੂੰ ਤੱਕਿਆ, ਤਾਂ ਉਹ ਪੂਰੀ ਤਰ੍ਹਾਂ ਨਰਮ ਪੈ ਗਏ। ਫਿਰ ਬੱਸ ਕੁਝ ਹੀ ਮਿੰਟਾਂ 'ਚ ਕੂਕਿਆਂ ਤੋਂ ਹਥਿਆਰ ਲੈ ਕੇ ਇੱਕ ਥਾਂ ਇਕੱਠੇ ਕਰ ਦਿੱਤੇ ਗਏ ਅਤੇ ਉਨ੍ਹਾਂ 'ਚੋਂ 44 ਜਣਿਆਂ ਨੂੰ ਹਿਰਾਸਤ 'ਚ ਲੈ ਕੇ ਸਿਰਸਾ ਜ਼ਿਲ੍ਹੇ ਦੇ ਮਲੋਟ ਪੁਲਿਸ ਥਾਣੇ ਲਿਜਾਂਦਾ ਗਿਆ।

*9. ਕੂਕਿਆਂ ਵੱਲੋਂ ਪਹਿਲਾਂ ਕੀਤੇ ਇੰਤਜ਼ਾਮ*

ਇੱਥੇ ਵਰਨਣਯੋਗ ਹੈ ਕਿ ਕੂਕਿਆਂ ਨੇ ਵੱਡੀ ਮਾਤਰਾ 'ਚ ਗੁੜ ਵੰਡਿਆ ਸੀ; ਕਿਉਂਕਿ ਬਹੁਤ ਸਾਰੇ ਪਰਿਵਾਰ ਆਪਣੇ ਨਾਲ ਲੈ ਕੇ ਆਏ ਸਨ; ਅਤੇ ਵੱਡੀ ਮਾਤਰਾ 'ਚ ਸੋਨੇ ਤੇ ਚਾਂਦੇ ਦੇ ਗਹਿਣੇ ਵੀ ਇਕੱਠੇ ਕਰ ਕੇ ਮਸਤਾਨ ਸਿੰਘ ਹੁਰਾਂ ਸਾਹਵੇਂ ਰੱਖ ਦਿੱਤੇ ਗਏ ਸਨ। ਸ੍ਰੀ ਟਰਟਨ ਸਮਿੱਥ ਨੇ ਵੇਖਿਆ ਕਿ ਉਨ੍ਹਾਂ ਗਹਿਣਿਆਂ ਦੀ ਕੀਮਤ ਲਗਭਗ 5,000 ਰੁਪਏ ਹੋਵੇਗੀ, ਬੇਸ਼ੱਕ ਉਹ ਉੱਥੇ ਇਕੱਠਾ ਹੋਏ ਅਜਿਹੇ ਸਾਰੇ ਸਾਮਾਨ ਦਾ ਪਤਾ ਨਹੀਂ ਲਾ ਸਕੇ ਸਨ।

*10. ਮਸਤਾਨ ਸਿੰਘ, ਸੰਪਰਦਾਇ ਦੇ ਨੇਤਾ*

2 ਮਾਰਚ ਨੂੰ 44 ਕੈਦੀਆਂ ਨੂੰ ਮੁਕਤਸਰ ਲਿਜਾਂਦਾ ਗਿਆ। ਸ੍ਰੀ ਸਮਿੱਥ ਨੂੰ ਉੱਥੇ ਪਤਾ ਲੱਗਾ ਕਿ ਮਸਤਾਨ ਸਿੰਘ ਨੇ ਕੂਕਿਆਂ ਸਾਹਮਣੇ ਔੜ (ਕਾਲ਼) ਦੀ ਭਵਿੱਖਬਾਣੀ ਕਰ ਕੇ ਉਨ੍ਹਾਂ 'ਤੇ ਆਪਣਾ ਪ੍ਰਭਾਵ ਜਮਾਇਆ ਸੀ ਤੇ ਖ਼ੁਸ਼ਕਿਸਮਤੀ ਨਾਲ ਤਦ ਕਾਲ਼ ਪੈ ਵੀ ਗਿਆ ਸੀ। ਉੱਥੇ ਕੂਕਾ ਸੰਗਤ ਨੇ ਜਿੰਨਾ ਆਦਰ-ਮਾਣ ਮਸਤਾਨ ਸਿੰਘ ਦਾ ਕੀਤਾ ਸੀ, ਉਸ ਨੇ ਮਸਤਾਨ ਸਿੰਘ ਦਾ ਦਿਮਾਗ਼ ਖ਼ਰਾਬ ਕਰ ਕੇ ਰੱਖ ਦਿੱਤਾ ਸੀ; ਅਤੇ ਉਹ ਬਾਬਾ ਰਾਮ ਸਿੰਘ ਜੀ ਵੱਲੋਂ ਕੁਝ ਵੀ ਨਾ ਕੀਤੇ ਜਾਣ ਕਾਰਨ ਗੁੱਸੇ 'ਚ ਸਨ, ਇਹ ਸਾਰੀ ਗੜਬੜੀ ਸ਼ੁਰੂ ਵੀ ਮਸਤਾਨ ਸਿੰਘ ਨੇ ਇਹੋ ਸੋਚ

ਕੇ ਕੀਤੀ ਸੀ ਕਿ ਇੰਝ ਉਹ ਕੂਕਾ ਸੰਪਰਦਾਇ ਦਾ ਅਸਲ ਉਦੇਸ਼ 'ਖ਼ਾਲਸਾ ਰਾਜ ਦੀ ਸਥਾਪਨਾ' ਦੇ ਅੰਤਿਮ ਉਦੇਸ਼ ਦੀ ਪ੍ਰਾਪਤੀ ਕਰ ਲੈਣਗੇ। ਆਪਣੇ ਇਸ ਮੰਤਵ ਨੂੰ ਸਾਕਾਰ ਕਰਨ ਲਈ ਉਨ੍ਹਾਂ ਮਲੂਕ ਸਿੰਘ ਨੂੰ ਲਾਂਭੇ ਕਰ ਕੇ ਝੰਡਵਾਲਾ, ਮਲੋਟ ਦੀ ਇੱਕ ਔਰਤ ਨੂੰ ਨਵੇਂ ਚੇਲੇ ਬਣਾਉਣ ਲਈ ਨਿਯੁਕਤ ਕਰ ਲਿਆ ਸੀ ਤੇ ਉੱਥੇ ਸਭ 'ਚ ਇਹ ਗੱਲ ਫੈਲਾ ਦਿੱਤੀ ਸੀ ਕਿ ਬਾਬਾ ਰਾਮ ਸਿੰਘ ਜੀ ਦੀ ਕਤਲ ਹੋਈ ਧੀ ਦਿਆ ਕੌਰ ਦੀ ਆਤਮਾ ਇਸ ਔਰਤ 'ਚ ਆ ਗਈ ਹੈ ਅਤੇ ਹੁਣ ਉਹੀ ਆਤਮਾ ਉਸ ਨੂੰ ਇਹ ਐਲਾਨ ਕਰਨ ਲਈ ਮਜਬੂਰ ਕਰ ਰਹੀ ਹੈ ਕਿ ਮਸਤਾਨ ਸਿੰਘ ਨੂੰ ਕੂਕਾ ਸੰਪਰਦਾਇ ਦਾ ਰਹਿਨੁਮਾ ਭਾਵ ਨਵਾਂ ਆਗੂ ਮੰਨਿਆ ਜਾਵੇ। ਇਹ ਵੀ ਪਤਾ ਲੱਗਾ ਕਿ ਮਸਤਾਨ ਸਿੰਘ ਇਹ ਵੀ ਆਖਣ ਲੱਗ ਪਏ ਸਨ ਕਿ (ਗੁਰੂ) ਰਾਮ ਸਿੰਘ ਜੀ ਤਾਂ ਹੁਣ ਅਕਾਲ ਚਲਾਣਾ ਕਰ ਗਏ ਹਨ ਤੇ ਉਹ ਉਸ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਆਪਣਾ ਵਾਰਸ ਥਾਪ ਗਏ ਹਨ।

### *11. ਦੰਗਾ ਭੜਕਾਉਣ ਬਦਲੇ ਕੈਦੀਆਂ ਦੀ ਹੋਈ ਸੁਣਵਾਈ*

ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਨੇ 44 ਕੈਦੀਆਂ ਸੁਣਵਾਈ ਕੀਤੀ, ਜਿਨ੍ਹਾਂ ਨੂੰ ਲਾਹੌਰ ਦੇ ਕਮਿਸ਼ਨਰ ਲੈਫ਼ਟੀਨੈਂਟ ਕਰਨਲ ਕ੍ਰੈਕਰੌਫ਼ਟ ਨੇ ਹਦਾਇਤ ਕੀਤੀ ਸੀ ਕਿ ਉਹ ਉਨ੍ਹਾਂ ਵਿਰੁੱਧ ਜੰਗ ਵਿੱਢਣ ਦੀ ਕੋਸ਼ਿਸ਼ ਦਾ ਨਹੀਂ, ਸਗੋਂ ਦੰਗਾ ਭੜਕਾਉਣ ਦਾ ਮੁਕੱਦਮਾ ਚਲਾਉਣ ਅਤੇ ਘੱਟ ਸਖ਼ਤ ਸਜ਼ਾਵਾਂ ਹੀ ਦੇਣ।

ਨਤੀਜਾ ਨਿਮਨਲਿਖਤ ਅਨੁਸਾਰ ਨਿਕਲਿਆ:

| | |
|---|---|
| 1. ਅਨੋਖ ਸਿੰਘ ਵਾਸੀ ਝੰਡਵਾਲਾ, ਸਿਰਸਾ | ਬਿਨਾਂ ਸੁਣਵਾਈ ਰਿਹਾਅ ਕੀਤਾ। |
| 2. ਅਨੂਪ ਸਿੰਘ ਵਾਸੀ ਭੋਲਾਵਾਲਾ, ਮੁਕਤਸਰ | ਬਿਨਾਂ ਸੁਣਵਾਈ ਰਿਹਾਅ ਕੀਤਾ। |
| 3. ਬਹਾਦਰ ਸਿੰਘ ਵਾਸੀ ਤਹਿਰਾਜਵਾਲਾ, ਸਿਰਸਾ | ਬਿਨਾਂ ਸੁਣਵਾਈ ਰਿਹਾਅ ਕੀਤਾ। |
| 4. ਬੇਲਾ ਸਿੰਘ ਵਾਸੀ ਤਹਿਰਾਜਵਾਲਾ, ਸਿਰਸਾ<br>5. ਬੇਲੀ ਸਿੰਘ, ਵਾਸੀ ਤਹਿਰਾਜਵਾਲਾ, ਸਿਰਸਾ | ਇਨ੍ਹਾਂ ਨੇ ਡਿਪਟੀ ਇੰਸਪੈਕਟਰ ਦੇ ਸੋਟੀ ਜਾਂ ਕੁਹਾੜੀ ਨਾਲ ਹਮਲਾ ਕੀਤਾ ਸੀ; ਇਨ੍ਹਾਂ ਨੂੰ 10/- ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਤੇ ਇਹ ਰਕਮ ਨਾ ਦੇਣ 'ਤੇ ਤਿੰਨ ਮਹੀਨੇ ਕੈਦ ਕੱਟਣੀ ਪੈਣੀ ਸੀ। |
| 6. ਭੂਪ ਸਿੰਘ ਵਾਸੀ ਠੋਟ, ਮੁਕਤਸਰ।<br>7. ਭਗਵਾਨ ਸਿੰਘ ਵਾਸੀ ਝੰਡਵਾਲਾ, ਸਿਰਸਾ | ਬਿਨਾਂ ਸੁਣਵਾਈ ਰਿਹਾਅ ਕੀਤੇ। |
| 8. ਬੁੱਧ ਸਿੰਘ -ਉਹੀ-<br>9. ਬਚਿੱਤਰ ਸਿੰਘ, ਕੁਰਾਈਵਾਲਾ, ਮੁਕਤਸਰ | ਡਿਪਟੀ ਇੰਸਪੈਕਟਰ ਦੇ ਘੋੜੇ ਨੂੰ ਬਰਛਾ ਮਾਰਿਆ ਸੀ, ਉਨ੍ਹਾਂ ਨੂੰ ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਸੀ। |
| 10. ਭਗਵਾਨ ਸਿੰਘ ਵਾਸੀ ਸੋਹਾਗ, ਮੁਕਤਸਰ। | |
| 11. ਚੰਦਾ ਸਿੰਘ ਵਾਸੀ ਸੋਤਾ, ਮੁਕਤਸਰ। | |

| | |
|---|---|
| 12. ਧਿਆਨ ਸਿੰਘ ਵਾਸੀ ਲਬਰਵਾਲਾ, ਸਿਰਸਾ। | ਬਿਨਾਂ ਸੁਣਵਾਈ ਰਿਹਾਅ ਕੀਤੇ। |
| 13. ਦਿਆਲ ਸਿੰਘ ਵਾਸੀ ਸੁੰਡੇਵਾਲਾ। | |
| 14. ਹੀਰਾ ਸਿੰਘ ਵਾਸੀ ਫੁੱਲਵਾਲਾ, ਮੁਕਤਸਰ। | |
| 15. ਹਰਨਾਮ ਸਿੰਘ ਵਾਸੀ ਪੋਹੀਵਾਲਾ, ਸਿਰਸਾ | |
| 16. ਹਰਨਾਮ ਸਿੰਘ ਔਲਖ, ਸਿਰਸਾ | ਸਰਮੁਖ ਸਿੰਘ ਨਾਲ ਮਿਲ ਕੇ ਕਾਂਸਟੇਬਲ ਸੂਬੇ ਸ਼ਾਹ 'ਤੇ ਹਮਲਾ ਕੀਤਾ ਸੀ। ਉਸ ਦੀ ਤਲਵਾਰ ਤੋੜ ਦਿੱਤੀ ਸੀ ਤੇ ਬਲੇਡ ਨਾਲ ਉਸ ਦਾ ਕੋਟ ਪਾੜ ਦਿੱਤਾ ਸੀ। ਇੱਕ ਸਾਲ ਸਖ਼ਤ ਕੈਦ ਤੇ 25 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ ਤੇ ਜੁਰਮਾਨਾ ਨਾ ਦੇਣ ਦੀ ਹਾਲਤ 'ਚ ਤਿੰਨ ਮਹੀਨੇ ਕੈਦ ਹੋਰ ਕੱਟਣੀ ਪੈਣੀ ਸੀ। |
| 17. ਜਮੀਅਤ ਸਿੰਘ ਵਾਸੀ ਸੁੰਡੇਵਾਲਾ। | |
| 18. ਜੀਤਾ ਸਿੰਘ ਵਾਸੀ ਦੋਏਵਾਲਾ। | |
| 19. ਜੈ ਸਿੰਘ ਵਾਸੀ ਸੋਤਾ, ਮੁਕਤਸਰ। | |
| 20. ਜੈਮਲ ਸਿੰਘ ਵਾਸੀ ਕੁੰਨਾਨ | ਬਿਨਾਂ ਸੁਣਵਾਈ ਰਿਹਾਅ ਕੀਤੇ। |
| 21. ਖਾਨ ਸਿੰਘ ਵਾਸੀ ਜੋਗਾ, ਪਟਿਆਲਾ। | |
| 22. ਖ਼ਜ਼ਾਨ ਸਿੰਘ ਵਾਸੀ ਸੋਤਾ, ਮੁਕਤਸਰ। | |
| 23. ਖੜਕ ਸਿੰਘ ਵਾਸੀ ਸੋਤਾ, ਮੁਕਤਸਰ। | |
| 24. ਲਾਲ ਸਿੰਘ ਵਾਸੀ ਜੁਸਾਣਾ, ਮੁਕਤਸਰ। | ਬਿਨਾਂ ਸੁਣਵਾਈ ਰਿਹਾਅ ਕੀਤੇ। |
| 25. ਮਹਾਂ ਸਿੰਘ ਵਾਸੀ ਲਬਾਰਵਾਲਾ, ਸਿਰਸਾ। | |
| 26. ਮਾਨ ਸਿੰਘ ਵਾਸੀ ਸੋਤਾ, ਮੁਕਤਸਰ। | |
| 27. ਮਲੂਕ ਸਿੰਘ ਵਾਸੀ ਭੋਲਾਵਾਲਾ, ਮੁਕਤਸਰ। | ਸ਼ੱਕ ਦੇ ਆਧਾਰ 'ਤੇ ਹਿਰਾਸਤ 'ਚ ਲਿਆ ਸੀ ਪਰ ਉਸ ਦੀ ਕੋਈ ਸਰਗਰਮ ਸ਼ਮੂਲੀਅਤ ਨਹੀਂ ਸੀ। ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ ਸੀ। |
| 28. ਮਾਨਾ ਸਿੰਘ ਵਾਸੀ ਚੰਨੂ, ਸਿਰਸਾ। | ਡਿਪਟੀ ਇੰਸਪੈਕਟਰ ਵੱਲ ਲੋਹੇ ਦੇ ਮੂੰਹ ਵਾਲਾ ਬਰਛਾ ਵਗਾਹ ਕੇ ਮਾਰਿਆ ਸੀ। ਇੱਕ ਸਾਲ ਸਖ਼ਤ ਕੈਦ ਤੇ 25 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਤੇ ਜੁਰਮਾਨਾ ਨਾ ਦੇਣ ਦੀ ਹਾਲਤ 'ਚ ਵਾਧੂ ਸਜ਼ਾ ਕੱਟਣੀ ਪੈਣੀ ਸੀ। |
| 29. ਮਸਤਾਨ ਸਿੰਘ ਵਾਸੀ ਤਹਿਰਾਜਵਾਲਾ, ਸਿਰਸਾ। | 18 ਮਹੀਨੇ ਸਖ਼ਤ ਕੈਦ ਤੇ 50 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ ਤੇ ਜੁਰਮਾਨਾ ਅਦਾ ਨਾ ਕਰਨ ਦੀ ਹਾਲਤ 'ਚ ਵਾਧੂ ਕੈਦ ਕੱਟਣੀ ਪੈਣੀ ਸੀ। |

| | |
|---|---|
| 30. ਨਾਰਾਇਣ ਸਿੰਘ ਵਾਸੀ ਕੁੜੀਆਂਵਾਲਾ। | |
| 31. ਨੰਦ ਸਿੰਘ ਵਾਸੀ ਫੁੱਲੇਵਾਲਾ। | ਬਿਨਾਂ ਸੁਣਵਾਈ ਰਿਹਾਅ ਕੀਤੇ। |
| 32. ਨੱਥਾ ਸਿੰਘ ਵਾਸੀ ਮਾਹਵਦਰ, ਮੁਕਤਸਰ। | |
| 33. ਸਾਹਿਬ ਸਿੰਘ ਵਾਸੀ ਕੁੜੀਆਂਵਾਲਾ, ਮੁਕਤਸਰ। | |
| 34. ਸ਼ੇਰ ਸਿੰਘ ਵਾਸੀ ਭੋਲਵਾਲਾ, ਮੁਕਤਸਰ। | |
| 35. ਸੋਭਾ ਸਿੰਘ ਵਾਸੀ ਸੋਤਾ, ਮੁਕਤਸਰ। | |
| 36. ਸੁਹੇਲ ਸਿੰਘ ਵਾਸੀ ਚੱਕ, ਸਿਰਸਾ। | |
| 37. ਸੁਧ ਸਿੰਘ ਵਾਸੀ ਜਗਰਾਲਾ, ਪਟਿਆਲਾ। | |
| 38. ਸਰਮੁਖ ਸਿੰਘ ਵਾਸੀ ਭੋਲਵਾਲਾ, ਮੁਕਤਸਰ। | ਇਸ ਵਿਅਕਤੀ ਨੇ ਕਾਂਸਟੇਬਲ ਸੂਬੇ ਸ਼ਾਹ ਦੇ ਸਿਰ 'ਤੇ ਡਾਂਗ ਨਾਲ ਵਾਰ ਕੀਤਾ ਸੀ। ਉਸ ਨੂੰ 10 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ ਤੇ ਇਹ ਰਕਮ ਅਦਾ ਨਾ ਕਰਨ ਦੀ ਹਾਲਤ 'ਚ ਤਿੰਨ ਮਹੀਨੇ ਕੈਦ ਹੋਰ ਕੱਟਣੀ ਸੀ। |
| 39. ਤਾਰਾ ਸਿੰਘ ਵਾਸੀ ਫ਼ਕਰਸਰ, ਮੁਕਤਸਰ। | |
| 40. ਅਮਰ ਸਿੰਘ ਵਾਸੀ ਸਾਂਦੇਵਾਲਾ। | |
| 41. ਅਮਰ ਸਿੰਘ ਵਾਸੀ ਗੁਰੂਸਰ। | ਬਿਨਾਂ ਸੁਣਵਾਈ ਰਿਹਾਅ ਕੀਤੇ। |
| 42. ਅਤਰ ਸਿੰਘ ਵਾਸੀ ਦੋਏਵਾਲਾ। | |
| 43. ਵੀਰ ਸਿੰਘ ਵਾਸੀ ਲਬਾਰਵਾਲਾ, ਸਿਰਸਾ। | |
| 44. ਵਜ਼ੀਰ ਸਿੰਘ ਵਾਸੀ ਰੁਪਾਣਾ, ਮੁਕਤਸਰ। | |

*12. ਸੋਢੀ ਮਾਨ ਸਿੰਘ ਤੇ ਹੋਰਨਾਂ ਨੂੰ ਇਨਾਮ*

ਸੋਢੀ ਮਾਨ ਸਿੰਘ ਨੂੰ ਇਸ ਮੌਕੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਵਿਚਾਰਦਿਆਂ ਆਨਰੇਰੀ ਮੈਜਿਸਟ੍ਰੇਟ ਬਣਾਇਆ ਗਿਆ ਸੀ ਤੇ ਪਿੰਡ ਵਾਸੀਆਂ ਨੂੰ ਵੀ ਵਿੱਤੀ ਇਨਾਮ ਵੰਡੇ ਗਏ ਸਨ।

*13. ਪੁਲਿਸ ਦੇ ਸਖ਼ਤ ਉੱਦਮ*

ਪੁਲਿਸ ਦੇ ਜਵਾਨਾਂ ਨੇ 30 ਘੰਟਿਆਂ 'ਚ 65 ਮੀਲ ਦੀ ਦੂਰੀ ਪੈਦਲ ਚੱਲ ਕੇ ਤਹਿ ਕੀਤੀ ਸੀ ਤੇ ਘੁੜਸਵਾਰ ਪੁਲਿਸ ਨੇ ਇਹੋ ਦੂਰੀ 24 ਘੰਟਿਆਂ 'ਚ ਪੂਰੀ ਕੀਤੀ ਸੀ, ਫਿਰ ਵੀ ਉਹ ਪੂਰੀ ਤਰ੍ਹਾਂ ਖ਼ੁਸ਼ ਤੇ ਚੁਸਤ ਸਨ। ਮੇਰਾ ਮੰਨਣਾ ਹੈ ਕਿ ਉਨ੍ਹਾਂ ਦੀਆਂ ਸੇਵਾਵਾਂ ਨੂੰ ਮਾਨਤਾ ਨਹੀਂ ਦਿੱਤੀ ਗਈ।

*14. ਹੁਸ਼ਿਆਰਪੁਰ 'ਚ ਕੂਕਾਵਾਦ ਦੀ ਗਿਰਾਵਟ*

ਹੁਸ਼ਿਆਰਪੁਰ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਅਨੁਸਾਰ ਇਸ ਸੰਪਰਦਾਇ ਦੀ ਊਰਜਾ 'ਚ ਵਰਨਣਯੋਗ ਗਿਰਾਵਟ ਦਰਜ ਕੀਤੀ ਗਈ, ਉਸ ਦਾ ਕਾਰਣ ਉਹੀ ਹੈ, ਜੋ ਪਿਛਲੇ ਵਰ੍ਹੇ ਦੀ ਮੇਰੀ ਰਿਪੋਰਟ 'ਚ ਬਿਆਨ ਕੀਤਾ ਗਿਆ ਸੀ। ਕੈਪਟਨ ਬੌਡਮ ਦਾ ਕਹਿਣਾ ਹੈ ਕਿ ਸੂਬਿਆਂ ਵੱਲੋਂ ਹੁਣ ਆਮ ਵਾਂਗ ਨਵੇਂ ਕੂਕੇ ਬਣਾਉਣ ਲਈ ਕੋਈ ਮੀਟਿੰਗਾਂ ਨਹੀਂ ਕੀਤੀਆਂ ਜਾਂਦੀਆਂ ਕਿਉਂਕਿ (ਗੁਰੂ) ਰਾਮ ਸਿੰਘ ਜੀ ਨੇ ਦੇਸ਼ ਦੇ

ਵੱਖੋ-ਵੱਖਰੇ ਭਾਗਾਂ ਦੇ ਦੌਰੇ ਕਰਨੇ ਸ਼ੁਰੂ ਕਰ ਦਿੱਤੇ ਹਨ, ਲੋਕਾਂ ਨੂੰ ਹੁਣ ਪਵਿੱਤਰਤਾ ਲਈ ਉਨ੍ਹਾਂ ਦੀ ਸ਼ਾਖ ਦੇ ਵਿਨਾਸ਼ ਨੂੰ ਵੇਖਣ ਤੇ ਪਰਖਣ ਦਾ ਮੌਕਾ ਮਿਲਦਾ ਹੈ। ਦਰਅਸਲ, ਇਸ ਵੇਲੇ ਅਜਿਹੀ ਅਫ਼ਵਾਹ ਫੈਲੀ ਹੋਈ ਹੈ ਕਿ (ਗੁਰੂ) ਰਾਮ ਸਿੰਘ ਜੀ ਨੇ ਉਡਾਣ ਭਰ ਕੇ ਕੇਵਲ ਆਪਣੀ ਧੀ (ਜਿਸ ਨੂੰ ਉਸ ਦੇ ਹੀ ਪਤੀ ਨੇ ਮੰਦ ਵਿਹਾਰ ਲਈ ਕਤਲ ਕਰ ਦਿੱਤਾ ਸੀ) ਦੀ ਕਿਸਮਤ ਬਚਾਈ ਹੈ, ਇਸ ਸੂਬਿਆਂ ਦੇ ਉਹ ਦਾਅਵੇ ਗ਼ਲਤ ਸਿੱਧ ਹੋਏ ਕਿ ਬਾਬਾ ਜੀ ਨਾਲ ਕਦੇ ਕੁਝ ਮਾੜਾ ਨਹੀਂ ਹੋ ਸਕਦਾ। ਬਹੁਤ ਸਾਰੇ ਕੂਕੇ ਵੀ ਇਸ ਸੰਪਰਦਾਇ ਦੇ ਸਿਧਾਂਤਾਂ ਦਾ ਤਿਆਗ ਕਰ ਗਏ ਹਨ।

### *15. ਕੂਕਿਆਂ ਦਾ ਅਪਰਾਧਕ ਚਰਿੱਤਰ*

ਇਹ ਇੱਕ ਨਵੀਂ ਖ਼ਾਸੀਅਤ ਹੈ ਕਿ ਪਿਛਲੇ ਵਰ੍ਹੇ ਕੂਕੇ ਲਗਾਤਾਰ ਹੀ ਅਪਰਾਧਕ ਮਾਮਲਿਆਂ 'ਚ ਫਸਦੇ ਚਲੇ ਗਏ ਸਨ। ਅੰਮ੍ਰਿਤਸਰ ਹੈੱਡਕੁਆਰਟਰਜ਼ ਦੇ ਕੱਕੜ 'ਚ ਅਪਰਾਧ ਬਹੁਤ ਵਧ ਗਏ ਹਨ। ਫ਼ਿਰੋਜ਼ਪੁਰ 'ਚ ਇੱਕ ਕੂਕੇ ਨੂੰ ਜ਼ਹਿਰ ਦੇ ਕੇ ਕਤਲ ਕਰਨ ਦਾ ਦੋਸ਼ੀ ਤੇ ਇੱਕ ਹੋਰ (ਸੁਹੇਲ ਸਿੰਘ) ਨੂੰ ਪਸ਼ੂ ਚੋਰੀ ਦਾ ਦੋਸ਼ੀ ਕਰਾਰ ਗਿਆ ਸੀ।

### *16. ਸਿਰਸਾ, ਜਲੰਧਰ ਤੇ ਅੰਮ੍ਰਿਤਸਰ 'ਚ ਕੂਕਾਵਾਦ ਦੀ ਸਥਿਤੀ*

ਸਿਰਸਾ 'ਚ ਕੋਈ ਨਵੇਂ ਨਹੀਂ ਪਰ ਜਲੰਧਰ 'ਚ ਕੂਕੇ ਬਣਾਏ ਗਏ ਸਨ, ਕਈ ਨਵੇਂ ਬਣੇ ਲੋਕ ਕੂਕਾ ਸੰਪਰਦਾਇ ਨੂੰ ਛੱਡ ਵੀ ਗਏ ਸਨ, ਜੋ 1868 'ਚ 137 ਵਧ ਗਏ ਸਨ। ਜ਼ਿਲ੍ਹਾ ਸੁਪਰਇੰਟੈਂਡੈਂਟ ਦਾ ਮੰਨਣਾ ਹੈ ਕਿ ਸਿੱਖਿਆਵਾਂ ਦੇਣ ਦਾ ਕੰਮ ਵਧੇਰੇ ਸ਼ਾਂਤ ਹੈ ਤੇ ਬਾਬਾ ਰਾਮ ਸਿੰਘ ਜੀ ਤੋਂ ਬਾਅਦ ਇਹ ਸੰਪਰਦਾਇ ਖ਼ਤਮ ਹੋ ਜਾਵੇਗਾ, ਇਹ ਵਿਚਾਰ ਅੰਮ੍ਰਿਤਸਰ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਕੈਪਟਨ ਮੈਂਜ਼ੀਸ ਨੇ ਸਾਂਝਾ ਕੀਤਾ ਸੀ, ਜਿਨ੍ਹਾਂ ਦੀ ਟਿੱਪਣੀ ਸੀ ਕਿ ਜਦੋਂ ਬਾਬਾ ਰਾਮ ਸਿੰਘ ਜੀ ਦੀਵਾਲੀ ਦੇ ਤਿਉਹਾਰ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਏ ਸਨ, ਤਾਂ ਉਨ੍ਹਾਂ ਦਾ ਸੁਆਗਤ ਮਹਿਜ਼ ਇੱਕ ਆਮ ਆਦਮੀ ਵਾਂਗ ਹੀ ਕੀਤਾ ਗਿਆ ਸੀ ਤੇ ਕਿਸੇ ਤਰ੍ਹਾਂ ਦਾ ਆਦਰ-ਮਾਣ ਉਨ੍ਹਾਂ ਪ੍ਰਤੀ ਦਰਸਾਇਆ ਨਹੀਂ ਗਿਆ ਸੀ। ਇਸ ਲਈ ਇਹ ਸੰਪਰਦਾਇ ਹੁਣ ਖ਼ਤਮ ਹੁੰਦਾ ਜਾ ਰਿਹਾ ਹੈ ਤੇ ਸਥਾਨਕ ਨਿਵਾਸੀ ਵੀ ਹੁਣ ਤਾਂ ਇਸਨੂੰ 'ਠੰਢਾ' ਹੀ ਆਖਣ ਲੱਗ ਪਏ ਹਨ।

### *17. ਲੁਧਿਆਣਾ, ਲਾਹੌਰ ਤੇ ਸਿਆਲਕੋਟ 'ਚ*

ਲੈਫ਼ਟੀਨੈਂਟ ਕਰਨਲ ਪਰਕਿਨਜ਼ ਦਾ ਵਿਚਾਰ ਹੈ ਕਿ ਬਾਬਾ ਰਾਮ ਸਿੰਘ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਆਪਣੀ ਇੱਜ਼ਤ ਵਰਨਣਯੋਗ ਹੱਦ ਤੱਕ ਗੁਆਈ ਹੈ ਪਰ ਸ਼ਾਇਦ ਮੌਜੂਦਾ ਕਾਲ਼ (ਔੜ) ਕਾਰਨ ਵਧੇਰੇ ਮਹਿੰਗਾਈ ਕਰਕੇ ਇਸ ਬਜ਼ੁਰਗ ਵਿਅਕਤੀ ਲਈ ਘਰ 'ਚ ਰਹਿਣਾ ਅਸੰਭਵ ਹੈ ਕਿਉਂਕਿ ਉੱਥੇ ਬਹੁਤ ਜ਼ਿਆਦਾ ਸ਼ਰਧਾਲੂ ਆਉਂਦੇ-ਜਾਂਦੇ ਰਹਿੰਦੇ ਹਨ ਤੇ ਉਨ੍ਹਾਂ ਸਭਨਾਂ ਨੂੰ ਖਾਣਾ ਖੁਆਉਣਾ ਔਖਾ ਹੈ। ਲਾਹੌਰ ਤੇ ਸਿਆਲਕੋਟ ਦੇ ਜਿਹੜੇ ਜ਼ਿਲ੍ਹਿਆਂ ਦੇ ਬਾਬਾ ਰਾਮ ਸਿੰਘ ਜੀ ਨੇ ਦੌਰੇ

ਕੀਤੇ ਹਨ, ਉਨ੍ਹਾਂ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਦਾ ਕਹਿਣਾ ਹੈ ਕਿ ਉਨ੍ਹਾਂ ਬਹੁਤ ਘੱਟ ਨਵੇਂ ਕੂਕੇ ਬਣਾਏ ਹਨ।

18. (ਗੁਰੂ) ਰਾਮ ਸਿੰਘ ਜੀ ਆਪਣੇ ਡੇਢ ਸੌ ਪੈਰੋਕਾਰਾਂ ਨਾਲ ਗੁਰਦਾਸਪੁਰ ਜ਼ਿਲ੍ਹੇ 'ਚੋਂ ਲੰਘੇ ਸਨ। ਉੱਥੇ ਉਨ੍ਹਾਂ 125 ਜਣਿਆਂ ਨੂੰ ਕੂਕਾ ਸੰਪਰਦਾਇ 'ਚ ਸ਼ਾਮਲ ਕੀਤਾ ਸੀ। ਬੁੱਧ ਸਿੰਘ ਵਾਸੀ ਮਾਨਾਵਾਲਾ-ਸਿਆਲਕੋਟ, ਜੋਤਾ ਸਿੰਘ ਵਾਸੀ ਸਿਆਲਕੋਟ, ਪਟਿਆਲਾ ਦੇ ਰਾਜਾ ਦੇ ਰਿਸ਼ਤੇਦਾਰ ਮੰਗਲ ਸਿੰਘ ਅਤੇ ਬਾਬਾ ਨਾਰਾਇਣ ਸਿੰਘ (ਜਿਨ੍ਹਾਂ ਨੂੰ ਦੀਵਾਨ ਕਿਹਾ ਜਾਂਦਾ ਹੈ) ਮੁੱਖ ਤੌਰ 'ਤੇ ਬਾਬਾ ਜੀ ਦੀ ਸੇਵਾ 'ਚ ਰਹਿੰਦੇ ਸਨ।

*19. ਕਸ਼ਮੀਰ ਲਈ ਕੂਕਾ ਰੈਜਿਮੈਂਟ*

ਨਵੰਬਰ 'ਚ ਅਜਿਹੀਆਂ ਰਿਪੋਰਟਾਂ ਮਿਲੀਆਂ ਸਨ ਕਿ ਕਸ਼ਮੀਰ ਦੇ ਮਹਾਰਾਜਾ ਕੂਕਾ ਰੈਜਿਮੈਂਟ ਦੀ ਸਥਾਪਨਾ ਕਰ ਰਹੇ ਸਨ ਤੇ ਹਰੇਕ ਰੰਗਰੂਟ ਨੇ ਕਸ਼ਮੀਰ 'ਚ ਇਸ ਰੈਜਿਮੈਂਟ 'ਚ ਸ਼ਾਮਲ ਹੋਣ ਤੋਂ ਪਹਿਲਾਂ (ਗੁਰੂ) ਰਾਮ ਸਿੰਘ ਜੀ ਤੋਂ ਇੱਕ ਸਰਟੀਫ਼ਿਕੇਟ ਲਿਆਉਣਾ ਹੁੰਦਾ ਸੀ।

# 40

## ਸਾਲ 1870 ਦੌਰਾਨ ਕੂਕਾ ਸੰਪਰਦਾਇ ਦੇ ਆਚਾਰ-ਵਿਹਾਰ ਬਾਰੇ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਦੀ ਰਿਪੋਰਟ (ਚੋਣਵੇਂ ਦਸਤਾਵੇਜ਼, ਨੰ. XXIII)

### ਯਾਦ-ਪੱਤਰ

ਇੰਸਪੈਕਟਰ ਜਨਰਲ ਨੇ ਪੰਜਾਬ ਸਰਕਾਰ ਦੇ ਸਕੱਤਰ ਨੂੰ ਲਿਖੇ ਪੱਤਰ ਦੀ ਇੱਕ ਨੱਥੀ ਕਾਪੀ ਪ੍ਰਕਾਸ਼ਿਤ ਕੀਤੀ, ਜਿਸ 'ਚ ਪੁਲਿਸ ਦਫ਼ਤਰ ਦੀ ਜਾਣਕਾਰੀ ਲਈ ਸਾਲ 1870 ਦੌਰਾਨ ਕੂਕਾ ਸੰਪਰਦਾਇ ਦੇ ਆਚਾਰ-ਵਿਹਾਰ ਬਾਰੇ ਰਿਪੋਰਟਿੰਗ ਦਰਜ ਹੈ।

ਕੇਂਦਰੀ ਪੁਲਿਸ ਦਫ਼ਤਰ,
*ਲਾਹੌਰ, 30 ਜਨਵਰੀ, 1871.*
(ਗੁਪਤ)

*ਨੰ. 12-376 ਮਿਤੀ ਲਾਹੌਰ 30 ਜਨਵਰੀ, 1870.*

ਵੱਲੋਂ

ਲੈਫ਼ਟੀਨੈਂਟ ਕਰਨਲ ਜੀ. ਹਚਿਨਸਨ, ਸੀਐੱਸਆਈ,
ਇੰਸਪੈਕਟਰ ਜਨਰਲ, ਪੰਜਾਬ ਪੁਲਿਸ।

ਵੱਲ

ਸਕੱਤਰ, ਪੰਜਾਬ ਸਰਕਾਰ,

*1870 ਲਈ ਕੂਕਾ ਸੰਪਰਦਾਇ ਬਾਰੇ ਪੁਲਿਸ ਰਿਪੋਰਟ।*

ਮੈਨੂੰ ਸਾਲ 1870 ਦੌਰਾਨ ਕੂਕਾ ਸੰਪਰਦਾਇ ਦੀਆਂ ਪ੍ਰਮੁੱਖ ਦਿਲਚਸਪ ਗਤੀਵਿਧੀਆਂ ਬਾਰੇ ਸਰਕਾਰ ਦੀ ਜਾਣਕਾਰੀ ਲਈ ਰਿਪੋਰਟ ਭੇਜਣ ਦਾ ਮਾਣ ਹਾਸਲ ਹੋਇਆ ਹੈ।

*2. (x) ਵੇਖੋ ਇਸ ਦਫ਼ਤਰ ਦੇ ਨੰ. 7 ਦਾ ਪੈਰਾ 19 ਮਿਤੀ 14 ਜਨਵਰੀ, 1871.*

ਇਸ ਮੁੱਦੇ ਲਈ ਮੇਰਾ ਆਖ਼ਰੀ ਨੋਟ (x) ਕਸ਼ਮੀਰ ਵਾਸਤੇ ਕੂਕਾ ਰੈਜਿਮੈਂਟ ਦੇ ਸੂਚੀਕਰਣ ਦੇ ਵਰਨਣ ਨਾਲ ਬੰਦ ਹੋਇਆ ਸੀ। ਮੈਂ ਹੁਣ ਇਸ ਬਟਾਲੀਅਨ ਬਾਰੇ ਮੁਕੰਮਲ ਵੇਰਵੇ ਦੇਣ ਦੇ ਯੋਗ ਹਾਂ।

3. ਇਸ ਫ਼ੌਜੀ ਕੋਰ ਦੀ ਬਣਤਰ ਤੇ ਅੰਦਰੂਨੀ ਅਰਥ-ਵਿਵਸਥਾ ਬਾਰੇ ਸਾਰੇ ਵੇਰਵੇ ਲੈਣ ਲਈ 1869 ਦੇ ਅੰਤ 'ਚ ਇੱਕ ਡਿਪਟੀ ਇੰਸਪੈਕਟਰ ਨੂੰ ਜੰਮੂ ਭੇਜਿਆ ਗਿਆ ਸੀ। ਉਹ ਫ਼ਰਵਰੀ 1870 'ਚ ਪਰਤਿਆ ਸੀ ਤੇ ਉਸ ਨੇ ਨਿਮਨਲਿਖਤ ਰਿਪੋਰਟ ਭੇਜੀ ਸੀ।

ਛੇ-ਸੱਤ ਮਹੀਨੇ ਪਹਿਲਾਂ ਹੀਰਾ ਸਿੰਘ (ਅੰਬਾਲਾ ਜ਼ਿਲ੍ਹਾ), ਤਾਰਾ ਸਿੰਘ ਵਾਸੀ ਕਿਲ੍ਹਾ ਦੇਸਾ ਸਿੰਘ (ਅੰਮ੍ਰਿਤਸਰ ਜ਼ਿਲ੍ਹਾ), ਲਾਲ ਸਿੰਘ (ਵਾਸੀ ਪਟਿਆਲਾ), ਚੰਦਾ ਸਿੰਘ (ਵਾਸੀ ਅੰਮ੍ਰਿਤਸਰ) ਤੇ ਲਗਭਗ 30 ਹੋਰ ਕੂਕੇ ਕਸ਼ਮੀਰ ਦੇ ਮਹਾਰਾਜਾ ਕੋਲ ਪੁੱਜੇ ਤੇ ਕੋਈ ਸੇਵਾ ਦੇਣ ਦੀ ਬੇਨਤੀ ਕੀਤੀ। ਮਹਾਰਾਜਾ ਨੇ ਉਨ੍ਹਾਂ ਦੀ ਇੱਕ ਰੈਜਿਮੈਂਟ ਕਾਇਮ ਕਰਨ ਦਾ ਵਾਅਦਾ ਕਰਦਿਆਂ ਕਿਹਾ ਕਿ ਜੇ ਉਹ ਲੋੜੀਂਦੇ ਜਵਾਨ ਇਕੱਠੇ ਕਰ ਲੈਣ, ਤਾਂ ਉਹ ਇਸ ਨੂੰ ਕਾਇਮ ਕਰ ਦੇਣਗੇ; ਇਸ ਮੰਤਵ ਲਈ ਉਨ੍ਹਾਂ ਵਾਸਤੇ ਜੰਮੂ ਸ਼ਹਿਰ ਦੇ ਬਾਹਰਵਾਰ ਇੱਕ ਰਿਹਾਇਸ਼ ਅਲਾਟ ਕਰ ਦਿੱਤੀ ਗਈ। ਭਰਤੀ ਸ਼ੁਰੂ ਕਰ ਦਿੱਤੀ ਗਈ ਸੀ ਤੇ ਡਿਪਟੀ ਇੰਸਪੈਕਟਰ ਦੇ ਜਾਣ ਸਮੇਂ ਡੇਢ ਸੌ ਵਿਅਕਤੀ ਉਸ ਰੈਜਿਮੈਂਟ ਲਈ ਪੁੱਜ ਚੁੱਕੇ ਸਨ। ਉਂਝ ਉਹ ਸਾਰੇ ਮੌਜੂਦ ਨਹੀਂ ਹਨ, ਸ਼ਾਇਦ ਕੁਝ ਛੱਡ ਕੇ ਆਪਣੇ ਘਰਾਂ ਨੂੰ ਚਲੇ ਗਏ ਹਨ। ਸਾਡੇ ਮੁਖ਼ਬਰ ਦੀ ਰਿਪੋਰਟ ਅਨੁਸਾਰ ਉੱਥੇ ਅਸਲ ਵਿੱਚ 71 ਕੂਕੇ ਮੌਜੂਦ ਹਨ ਤੇ ਇਹ ਵੀ ਪਤਾ ਲੱਗਾ ਹੈ ਕਿ ਉਨ੍ਹਾਂ 'ਚੋਂ ਕੁਝ ਬਜ਼ੁਰਗ ਹਨ ਤੇ ਕੁਝ ਹਾਲੇ ਮੱਸਫੁੱਟ ਗਭਰੂ ਹੀ ਹਨ।

ਹੀਰਾ ਸਿੰਘ ਇਸ ਕੂਕਾ ਰੈਜਿਮੈਂਟ ਦੇ ਕਮਾਂਡੈਂਟ ਦੱਸੇ ਜਾਂਦੇ ਹਨ ਤੇ ਇਹ ਦੱਸਿਆ ਗਿਆ ਸੀ ਕਿ ਭਰਤੀ ਵੇਲੇ ਉਹ ਮੌਜੂਦ ਨਹੀਂ ਸਨ।

ਜਵਾਨਾਂ ਦੀ ਮਾਸਿਕ ਤਨਖ਼ਾਹ 10 ਚਿਲਕੀ ਰੁਪਇਆਂ ਦੇ ਬਰਾਬਰ ਸੀ - ਮਾਣਯੋਗ ਮਹਾਰਾਜਾ ਦੇ ਆਮ ਫ਼ੌਜੀਆਂ ਨੂੰ ਮਿਲਦੀ ਤਨਖ਼ਾਹ ਤੋਂ ਇੱਕ ਰੁਪਏ ਜ਼ਿਆਦਾ ਸੀ; ਤੇ ਤਨਖ਼ਾਹ ਦਾ ਕੁਝ ਹਿੱਸਾ ਆਟੇ ਦੇ ਰੂਪ ਵਿੱਚ ਵੀ ਮਿਲਦਾ ਸੀ।

ਜਵਾਨਾਂ ਦੀ ਪਰੇਡ ਕਰਵਾਈ ਜਾਂਦੀ ਸੀ ਪਰ ਉਨ੍ਹਾਂ ਕੋਲ ਰੋਜ਼ਾਨਾ ਹਥਿਆਰ ਨਹੀਂ ਹੁੰਦੇ ਸਨ। ਜਦੋਂ ਉਹ ਪਰੇਡ ਲਈ ਜਾਂਦੇ ਸਨ, ਤਾਂ ਉਨ੍ਹਾਂ ਨੂੰ ਹਥਿਆਰ ਦਿੱਤੇ ਜਾਂਦੇ ਸਨ; ਉਸ ਤੋਂ ਬਾਅਦ ਉਹ ਹਥਿਆਰ ਉਨ੍ਹਾਂ ਸਟੋਰ 'ਚ ਜਮ੍ਹਾ ਕਰਵਾਉਣੇ ਹੁੰਦੇ ਸਨ। ਉਨ੍ਹਾਂ ਨੂੰ ਕੋਈ ਵਰਦੀ ਜਾਰੀ ਨਹੀਂ ਕੀਤੀ ਗਈ ਸੀ।

ਕੂਕੇ ਅਸੰਤੁਸ਼ਟ ਸਨ ਤੇ ਉਨ੍ਹਾਂ ਵਿਚੋਂ ਵੱਡੀ ਗਿਣਤੀ 'ਚ ਛੱਡ ਕੇ ਚਲੇ ਗਏ ਸਨ। ਮਹਾਰਾਜਾ ਵੀ ਇਸ ਤਜਰਬੇ ਤੋਂ ਖ਼ੁਸ਼ ਨਹੀਂ ਜਾਪਦੇ ਸਨ।

4. ਹੋਰ ਬਹੁਤ ਸਾਰੇ ਵਿਅਕਤੀਆਂ ਨੂੰ ਇਸ ਰੈਜਿਮੈਂਟ ਦੀ ਹਾਲਤ ਜਾਣਨ ਲਈ ਭੇਜਿਆ ਗਿਆ ਸੀ। ਇਹ ਪਤਾ ਲੱਗਾ ਸੀ ਕਿ ਮੁੱਖ ਦਫ਼ਤਰ ਸ੍ਰੀਨਗਰ ਬਣਾ ਦਿੱਤਾ ਗਿਆ ਹੈ।

ਅਕਤੂਬਰ 'ਚ ਸਾਨੂੰ ਪਤਾ ਲੱਗਾ ਕਿ 20 ਰੰਗਰੂਟਾਂ ਦਾ ਇੱਕ ਬੈਚ ਜਾ ਰਿਹਾ ਸੀ, ਬਾਅਦ 'ਚ 200 ਤੋਂ 250 ਜਵਾਨਾਂ ਦੀ ਇੱਕ ਮਜ਼ਬੂਤ ਬਟਾਲੀਅਨ ਬਾਰੇ ਜਾਣਕਾਰੀ ਮਿਲੀ। ਸਾਰੇ ਜਵਾਨ ਹਥਿਆਰਬੰਦ ਸਨ ਤੇ ਪਰੇਡ ਕਰਦੇ ਸਨ। ਰਾਮ ਸਿੰਘ ਨਾਮਕ ਇਕ ਆਦਮੀ ਛੁੱਟੀ 'ਤੇ ਦੱਸੇ ਜਾਂਦੇ ਸਨ, ਜਿਨ੍ਹਾਂ ਨੂੰ ਇਸ ਰੈਜਿਮੈਂਟ ਦਾ ਕਮਾਂਡਰ ਦੱਸਿਆ ਸੀ।

5. ਪਿਛਲੇ ਵਰ੍ਹੇ ਸਮੇਂ-ਸਮੇਂ 'ਤੇ ਮਿਲੀਆਂ ਰਿਪੋਰਟਾਂ ਅਨੁਸਾਰ ਇਹੋ ਜਾਪੇਗਾ ਕਿ ਇਸ ਸੰਪਰਦਾਇ ਦੀ ਹਰਮਨਪਿਆਰਤਾ ਘਟਦੀ ਜਾ ਰਹੀ ਹੈ। ਇਹ ਸੱਚ ਹੈ ਕਿ ਨਵੇਂ ਕੂਕੇ ਹਾਲੇ ਵੀ ਜੁੜ ਰਹੇ ਹਨ ਪਰ ਉਨ੍ਹਾਂ ਦੇ ਮੁਕਾਬਲੇ ਛੱਡ ਕੇ ਜਾਣ ਵਾਲਿਆਂ ਦੀ ਗਿਣਤੀ ਵਧੇਰੇ ਹੈ।

6. ਬਾਬਾ ਰਾਮ ਸਿੰਘ ਜੀ ਨੇ ਆਪਣਾ ਪ੍ਰਭਾਵ ਪੁਨਰ-ਸੁਰਜੀਤ ਕਰਨ ਲਈ ਆਪਣਾ ਇੱਕ ਪ੍ਰਤੀਨਿਧ ਨੇਪਾਲ ਦੇ ਹਾਕਮ ਕੋਲ ਭੇਜਣ ਦਾ ਫ਼ੈਸਲਾ ਕੀਤਾ ਹੈ। ਲਾਹੌਰ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਦਾ ਕਹਿਣਾ ਹੈ ਕਿ ਭਗਵਾਨ ਸਿੰਘ ਹਾਲੇ ਬੀਤੇ ਦਿਨੀਂ ਬਾਬਾ ਰਾਮ ਸਿੰਘ ਜੀ ਦੀ ਰਿਹਾਇਸ਼ਗਾਹ ਭੈਣੀ ਤੋਂ ਇੱਥੇ ਪੁੱਜੇ ਹਨ, ਬਾਬਾ ਜੀ ਨੇ ਉਨ੍ਹਾਂ ਨੂੰ ਖ਼ੱਚਰਾਂ ਤੇ ਮੱਝਾਂ ਦੀ ਇੱਕ-ਇੱਕ ਜੋੜੀ ਖ਼ਰੀਦਣ ਲਈ 1,000 ਰੁਪਏ ਦਿੱਤੇ ਹਨ, ਜੋ ਇੱਕ ਭੇਟ (ਗੁਰੂ ਜੀ ਵੱਲੋਂ ਮਹਾਰਾਜੇ ਨੂੰ) ਹੋਵੇਗੀ।

7. ਕੂਕਿਆਂ 'ਚ ਅਜਿਹੀ ਕਹਾਣੀ ਚੱਲ ਰਹੀ ਹੈ ਕਿ ਮਹਾਰਾਜੇ ਨੇ ਬਾਬਾ ਰਾਮ ਸਿੰਘ ਜੀ ਨੂੰ ਚਿੱਠੀ ਲਿਖ ਕੇ ਨੇਪਾਲ ਦੀਆਂ ਰੈਜਿਮੈਂਟਸ ਲਈ ਕੁਝ ਜਵਾਨ ਭੇਜਣ ਲਈ ਆਖਿਆ ਹੈ। ਉਸ ਪੱਤਰ ਦਾ ਜਵਾਬ ਬਾਬਾ ਰਾਮ ਸਿੰਘ ਜੀ ਨੇ ਕੁਝ ਇੰਝ ਲਿਖਿਆ ਹੈ,"ਮੈਂ ਹਾਲੇ ਕੋਈ ਕੂਕੇ ਨਹੀਂ ਭੇਜਾਂਗਾ ਤੇ ਨਾ ਹੀ ਮੈਂ ਆਵਾਂਗਾ ਪਰ ਮੈਂ ਇਹ ਤੋਹਫ਼ਾ ਭੇਜਦਾ ਹਾਂ।"

8. ਇਹ ਵਰ੍ਹਾ ਕੂਕਿਆਂ ਦੀ ਬਿਨਾਂ ਕਿਸੇ ਗੜਬੜੀ ਦੇ ਲੰਘ ਗਿਆ ਤੇ ਇਸ ਸੰਪਰਦਾਇ ਦੇ ਕਿਸੇ ਵੀ ਵਿਅਕਤੀ ਨੇ ਕੋਈ ਖ਼ਾਸ ਜੁਰਮ ਨਹੀਂ ਕੀਤਾ।

9. ਇਸ ਤਾਜ਼ਾ ਉਤਸ਼ਾਹ ਨਾਲ ਸੁਧਾਰ ਦਾ ਬਹੁਤਾ ਸਖ਼ਤ ਚਰਿੱਤਰ ਗ਼ਾਇਬ ਹੈ। ਹਰਮਨਪਿਆਰਾ ਹੋਣ ਦੀ ਇੱਛਾ ਵਧੇਰੇ ਉੱਘੜ ਕੇ ਸਾਹਮਣੇ ਆਈ ਹੈ। ਕੈਪਟਨ ਟੈਨ ਲਿਖਦੇ ਹਨ ਕਿ ਹੁਣ ਵਿਲੱਖਣ ਪਗੜੀ ਨਹੀਂ ਪਹਿਨੀ ਜਾਂਦੀ ਤੇ ਉੱਨ ਦੀ ਮਾਲਾ ਨੂੰ ਸ਼ਰਧਾਲੂ ਆਪਣੇ ਕੱਪੜਿਆਂ ਹੇਠਾਂ ਲੁਕਾ ਕੇ ਰੱਖਦਾ ਹੈ।

10. ਸ੍ਰੀ ਓ'ਕੌਨਰ ਬਿਆਨ ਕਰਦੇ ਹਨ ਕਿ ਉਨ੍ਹਾਂ ਕੱਟੜ ਸਿੱਖਾਂ ਨਾਲ ਕਈ ਵਾਰ ਗੱਲਬਾਤ ਕੀਤੀ ਹੈ ਤੇ ਜਿਸ ਤੋਂ ਹੁਣ ਉਨ੍ਹਾਂ ਨੂੰ ਜਾਪਦਾ ਹੈ ਕਿ ਉਨ੍ਹਾਂ ਤੇ ਕੂਕਿਆਂ

ਵਿਚਾਲੇ ਜ਼ਿਆਦਾਤਰ ਵਿਰੋਧ ਹੁਣ ਖ਼ਤਮ ਹੋ ਚੁੱਕਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇ ਕਿਤੇ ਉਨ੍ਹਾਂ ਨੇ ਖ਼ਾਲਸਾ ਰਾਜ ਦੀ ਬਹਾਲੀ ਦੀ ਕੋਈ ਸੰਭਾਵਨਾ ਵੇਖੀ, ਤਦ ਸਿੱਖ ਤਾਂ ਕੂਕਿਆਂ ਨਾਲ ਇੱਕਜੁਟ ਹੋ ਕੇ ਡਾਢੇ ਖ਼ੁਸ਼ ਹੋਣਗੇ। ਇਹ ਭਾਵਨਾ ਕੁਝ ਇੰਝ ਬਿਆਨ ਕੀਤੀ ਜਾਂਦੀ ਹੈ –

11. ਲਾਹੌਰ ਸਰਕਲ ਦੇ ਡਿਪਟੀ ਇੰਸਪੈਕਟਰ ਜਨਰਲ ਲੈਫ਼ਟੀਨੈਂਟ ਕਰਨਲ ਬੈਲੀ ਦਾ ਕਹਿਣਾ ਹੈ ਕਿ ਕੂਕਾ ਸੰਪਰਦਾਇ ਦੇ ਸਭ ਤੋਂ ਮੁੱਖ ਪ੍ਰਚਾਰਕਾਂ 'ਚੋਂ ਇੱਕ ਲਾਹੌਰ ਸ਼ਹਿਰ ਦੀ 'ਆਫ਼ਤਾਬ-ਪੰਜਾਬ ਪ੍ਰੈੱਸ' ਦੇ ਮਾਲਕ ਦੀਵਾਨ ਬੂਟਾ ਸਿੰਘ ਹੈ। ਸੂਬੇ ਅਤੇ ਮਹੰਤ ਉਸ ਦੇ ਸੰਪਰਕ ਵਿਚ ਹਨ ਅਤੇ ਸਾਰੇ ਹੀ ਅਹਿਮ ਮਾਮਲਿਆਂ 'ਚ ਉਨ੍ਹਾਂ ਦੀ ਸਲਾਹ ਲਈ ਜਾਂਦੀ ਹੈ। ਇਸ ਵਿਅਕਤੀ ਦੇ ਪਿਛਲੇ ਰਿਕਾਰਡ ਨੂੰ ਜੇ ਵੇਖੀਏ, ਤਾਂ ਇਸ ਸੰਪਰਦਾਇ ਦੇ ਸਿਧਾਂਤਾਂ ਨਾਲ ਉਨ੍ਹਾਂ ਦੀ ਨੇੜਤਾ ਤੇ ਧਾਰਮਿਕ ਮੰਤਵਾਂ ਬਾਰੇ ਕੁਝ ਸ਼ੱਕ ਹੋ ਸਕਦਾ ਹੈ। ਪੰਜਾਬ 'ਚ ਬ੍ਰਿਟਿਸ਼ ਹਕੂਮਤ ਦੇ ਅਰੰਭਲੇ ਦਿਨਾਂ ਦੌਰਾਨ ਦੀਵਾਨ ਬੂਟਾ ਸਿੰਘ ਨੂੰ ਸਾਬਕਾ ਰਾਣੀ ਚੰਦ ਕੌਰ ਨਾਲ ਮਿਲ ਕੇ ਬ੍ਰਿਟਿਸ਼ ਹਿਤਾਂ ਦੇ ਵਿਰੁੱਧ ਸਾਜ਼ਿਸ਼ ਰਚਣ ਦਾ ਦੋਸ਼ ਪਾਇਆ ਗਿਆ ਸੀ, ਜਿਸ ਲਈ ਉਨ੍ਹਾਂ ਨੂੰ ਆਪਣੇ ਉਸ ਆਚਾਰ-ਵਿਹਾਰ ਲਈ ਅਲਾਹਬਾਦ ਦੇ ਕਿਲ੍ਹੇ 'ਚ ਸੱਤ ਵਰ੍ਹੇ ਕੈਦ ਦੀ ਸਜ਼ਾ ਵੀ ਕੱਟਣੀ ਪਈ ਸੀ। ਉਹ ਅੰਗਰੇਜ਼ ਹਕੂਮਤ ਦੇ ਸ਼ੁਭਚਿੰਤਕ ਦੇ ਕਿਰਦਾਰ ਵਾਲੇ ਨਹੀਂ ਹਨ।

12. ਪਿਛਲੇ ਵਰ੍ਹੇ ਕੂਕਾਵਾਦ ਦੇ ਨਵੇਂ ਚਰਨ ਵਿਚ ਇਸ ਦੇ ਸ਼ਰਧਾਲੂਆਂ ਦੀ ਉਨ੍ਹਾਂ ਸਥਾਨਕ ਸ਼ਹਿਜ਼ਾਦਿਆਂ ਦੀਆਂ ਫ਼ੌਜਾਂ 'ਚ ਭਰਤੀ ਹੈ, ਜਿਨ੍ਹਾਂ ਦਾ ਅੱਗੇ ਮਹਾਰਾਣੀ ਨਾਲ ਗੱਠਜੋੜ ਹੈ, ਜਿਵੇਂ ਕਸ਼ਮੀਰ ਵਿੱਚ ਭਰਤੀ ਹੋ ਰਹੀ ਹੈ ਤੇ ਨੇਪਾਲ ਦੇ ਮਹਾਰਾਜਾ ਵੱਲੋਂ ਵੀ ਭਰਤੀ ਕੀਤੇ ਜਾਣ ਦੀ ਅਫ਼ਵਾਹ ਹੈ।

13. ਇਨ੍ਹਾਂ ਭਰਤੀਆਂ 'ਤੇ ਪੂਰੀ ਚੌਕਸ ਨਜ਼ਰ ਰਹੇਗੀ। ਸ਼ਾਇਦ ਇਸ ਗੱਲ ਦਾ ਅਫ਼ਸੋਸ ਰਹੇਗਾ ਕਿ ਇੱਥੇ ਅਜਿਹਾ ਕੋਈ ਵਿਧਾਨ ਨਹੀਂ ਹੈ ਜੋ ਵਿਦੇਸ਼ੀ ਭਰਤੀ ਕਾਨੂੰਨ ਦੇ ਸੈਕਸ਼ਨ 33 ਅਧੀਨ ਵਿਚਾਰ-ਅਧੀਨ ਹੋਵੇ; ਅਤੇ 59 ਜਿਓ. III, ਚੈਪਟਰ 69 ਤੋਂ ਮਿਲਦੀ ਥੋੜ੍ਹੀ ਸੁਰੱਖਿਆ ਵੀ ਖ਼ਤਮ ਹੋ ਗਈ ਹੈ, ਸਾਰੇ ਵਿਦੇਸ਼ੀ ਏਸ਼ੀਆ ਦੇ ਰਾਜਾਂ, ਭਾਵੇਂ ਉਹ ਸ਼ਾਂਤ ਹੋਣ ਤੇ ਚਾਹੇ ਜੰਗ ਕਰ ਰਹੇ ਹੋਣ, 'ਤੇ ਲਾਗੂ ਨਹੀਂ ਕੀਤਾ ਗਿਆ ਹੈ, ਸਪੱਸ਼ਟ ਹੈ ਕਿ ਕਿਸੇ ਸਰਕਾਰ ਲਈ ਵੀ ਇਸ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ ਕਿ ਇੱਕ ਧਾਰਮਿਕ ਰਹਿਨੁਮਾ ਕੋਲ ਆਪਣੇ ਚੇਲੇ ਰੈਜਿਮੈਂਟਾਂ 'ਚ ਭਰਤੀ ਕਰਵਾਉਣ ਦੀ ਤਾਕਤ ਹੋਵੇ ਕਿ ਜਦੋਂ ਵੀ ਉਸ ਰਹਿਨੁਮਾ ਨੂੰ ਆਪਣੇ ਸਿਆਸੀ ਮੰਤਵਾਂ ਲਈ ਉਨ੍ਹਾਂ ਦੀ ਲੋੜੀਂਦੀ ਸਿਖ਼ਰਲੀ ਸਹਾਇਤਾ ਦੀ ਜ਼ਰੂਰਤ ਹੋਵੇ ਤਾਂ ਉਹ ਚੇਲੇ ਛੱਡ ਕੇ ਜਾ ਸਕਦੇ ਹੋਣ।

14. ਸੇਵਾ ਦੀ ਮਿਆਦ ਭਾਵੇਂ ਛੋਟੀ ਹੈ ਪਰ ਇੱਕ ਨਿਸ਼ਚਿਤ ਹੱਦ ਤੱਕ ਹੋਰਨਾਂ ਦੇਸ਼ਾਂ ਦੀਆਂ ਫ਼ੌਜਾਂ ਵਿੱਚ ਬਹੁਤ ਸਾਰੇ ਕੂਕੇ ਇੱਕ ਨਿਸ਼ਚਿਤ ਹੱਦ ਤੱਕ ਬਿਨਾਂ ਕਿਸੇ ਜ਼ੋਖਮ ਦੇ ਅਭਿਆਸ ਕਰਦੇ ਹੋ ਸਕਦੇ ਹਨ ਤੇ ਅਨੁਸ਼ਾਸਿਤ ਹਨ, ਬ੍ਰਿਟਿਸ਼ ਅਧਿਕਾਰ-

ਖੇਤਰ 'ਚ ਅਜਿਹਾ ਕੁਝ ਹੋ ਰਿਹਾ ਹੈ ਤੇ ਇਹ ਵੀ ਨਿਸ਼ਚਿਤ ਹੈ ਕਿ ਸਥਾਨਕ ਸ਼ਹਿਜ਼ਾਦਿਆਂ ਦੀਆਂ ਫ਼ੌਜਾਂ 'ਚ ਭਰਤੀ ਇਹ ਸ਼ਰਧਾਲੂ ਨਿਕਲ ਜਾਂਦੇ ਹਨ ਤੇ ਇੰਝ ਉਨ੍ਹਾਂ ਦੀ ਪੂਰੀ ਤਰ੍ਹਾਂ ਨੇੜਿਓਂ ਜਾਸੂਸੀ ਵੀ ਸੰਭਵ ਨਹੀਂ ਹੁੰਦੀ।

# 41

## 1870 ਦੀ ਰਿਪੋਰਟ ਬਾਰੇ ਗਵਰਨਰ ਜਨਰਲ ਦਫ਼ਤਰ ਦੀਆਂ ਟਿੱਪਣੀਆਂ

ਵੱਲੋਂ

ਪੰਜਾਬ

ਨੰ. 79-255 24 ਫ਼ਰਵਰੀ, 1871.

1870 'ਚ ਕੂਕਾ ਸੰਪਰਦਾਇ

ਸਿਆਸੀ ਗਤੀਵਿਧੀਆਂ ਜਾਰੀ ਰਹੀਆਂ।

ਅਪ੍ਰੈਲ 1869, ਨੰ. 65-67 ਪਰਤ ਵਿੱਚ, ਇਸ ਸੰਪਰਦਾਇ ਤੇ ਇਸ ਪ੍ਰਤੀ ਸਰਕਾਰ ਦੇ ਰਵੱਈਏ ਦੇ ਸੰਖੇਪ ਵੇਰਵੇ ਦਰਜ ਹਨ।

ਮੌਜੂਦਾ ਰਿਪੋਰਟ ਪੜ੍ਹੀ ਜਾ ਸਕਦੀ ਹੈ ਪਰ ਕੋਈ ਕਾਰਵਾਈ ਦੀ ਲੋੜ ਨਹੀਂ ਜਾਪਦੀ।

ਇਹ ਨਿਰੰਤਰਤਾ 'ਚ ਰਾਜ ਦੇ ਸਕੱਤਰ ਕੋਲ ਜਾ ਸਕਦੀ ਹੈ।

9 ਮਾਰਚ, 1871 (ਹਸਤਾਖਰ) ਐੱਚ. ਲੈਪ. ਡਬਲਿਊ

ਨੇਪਾਲ ਤੇ ਕਸ਼ਮੀਰ ਦੀਆਂ ਫ਼ੌਜੀ ਸੇਵਾਵਾਂ 'ਚ ਕੂਕਿਆਂ ਦੀ ਭਰਤੀ ਦੇ ਕਥਿਤ ਰੁਝਾਨ 'ਤੇ ਬਹੁਤ ਧਿਆਨਪੂਰਵਕ ਨਜ਼ਰ ਰੱਖੀ ਜਾਣੀ ਚਾਹੀਦੀ ਹੈ।

11 ਮਾਰਚ, 1871 (ਹਸਤਾਖਰ) ਯੂ.ਸੀ.ਏ.

ਇਹ ਕਿਹਾ ਜਾਣਾ ਚਾਹੀਦਾ ਹੈ।

16 ਮਾਰਚ, 1871 (ਹਸਤਾਖਰ) ਐੱਮ.

### ਸਰਕੂਲੇਟ

| | |
|---|---|
| 17 ਮਾਰਚ, 1871 | (ਹਸਤਾਖਰ) ਐੱਨ. |
| 19 ਮਾਰਚ, 1871 | (ਹਸਤਾਖਰ) ਬੀ.ਐੱਚ.ਈ. |
| 20 ਮਾਰਚ, 1871 | (ਹਸਤਾਖਰ) ਜੇ.ਐੱਸ. |
| 20 ਮਾਰਚ, 1871 | (ਹਸਤਾਖਰ) ਐੱਚ.ਡਬਲਿਊ.ਐੱਨ. |
| 23 ਮਾਰਚ, 1871 | (ਹਸਤਾਖਰ) ਜੇ.ਐੱਫ਼.ਐੱਸ. |
| 23 ਮਾਰਚ, 1871 | (ਹਸਤਾਖਰ) ਆਰ.ਟੀ. |

## 42

ਨੰ. 863ਪੀ

ਮਿਤੀ ਫ਼ੋਰਟ ਵਿਲੀਅਮ
31 ਮਾਰਚ, 1871.

ਵੱਲੋਂ

ਐੱਚ.ਐੱਲ. ਵਾਇਨੇ,
ਅਧੀਨ ਸਕੱਤਰ, ਭਾਰਤ ਸਰਕਾਰ,
ਵਿਦੇਸ਼ ਵਿਭਾਗ।

ਵੱਲ

ਟੀ.ਐੱਚ. ਥੌਰੰਟਨ, , ਡੀ.ਸੀ.ਐੱਲ.,
ਸਕੱਤਰ, ਪੰਜਾਬ ਸਰਕਾਰ।

ਮੈਨੂੰ ਤੁਹਾਡੇ ਪੱਤਰ ਨੰ. 79-225 ਮਿਤੀ 24 ਫ਼ਰਵਰੀ, 1871, ਸਾਲ 1870 ਦੌਰਾਨ ਕੂਕਾ ਸੰਪਰਦਾਇ ਦੇ ਆਚਾਰ-ਵਿਵਹਾਰ ਬਾਰੇ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਦੀ ਰਿਪੋਰਟ ਦੀ ਪ੍ਰਾਪਤੀ ਭੇਜਣ ਦੀ ਹਦਾਇਤ ਹੋਈ ਹੈ।

2. ਕੂਕਾ ਸੰਪਰਦਾਇ ਦੇ ਜਵਾਨਾਂ ਦੀ ਨੇਪਾਲ ਤੇ ਕਸ਼ਮੀਰ ਦੇ ਮਹਾਰਾਜਿਆਂ ਦੀਆਂ ਦੀਆਂ ਫ਼ੌਜਾਂ ਵਿੱਚ ਭਰਤੀ ਦੇ ਰੁਝਾਨ ਦੇ ਹਵਾਲੇ ਨਾਲ ਮੈਂ ਇਹ ਬਿਆਨ ਕਰਨਾ ਹੈ ਕਿ ਮਹਾਮਹਿਮ ਵਾਇਸਰਾਏ ਤੇ ਗਵਰਨਰ ਜਨਰਲ-ਇਨ-ਕੌਂਸਲ ਦਾ ਵਿਚਾਰ ਹੈ ਕਿ ਉਸ ਦਿਸ਼ਾ 'ਚ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਧਿਆਨ ਨਾਲ ਨਜ਼ਰ ਰੱਖੀ ਜਾਣੀ ਚਾਹੀਦੀ ਹੈ।

## 43

*ਨੰ. 60*

*ਮਿਤੀ ਫ਼ੋਰਟ ਵਿਲੀਅਮ*
*1 ਅਪ੍ਰੈਲ, 1871.*

ਵੱਲੋਂ

ਭਾਰਤ ਸਰਕਾਰ

ਵੱਲ

ਮਾਣਯੋਗ ਆਰਗਿਲ ਦੇ ਡਿਊਕ, ਕੇ.ਟੀ.
ਵਿਦੇਸ਼ ਸਕੱਤਰ, ਭਾਰਤ ਵਾਸਤੇ, ਲੰਦਨ

ਤੁਹਾਡੇ ਸਤਿਕਾਰਿਤ ਪੱਤਰ ਮਿਤੀ 11 ਸਤੰਬਰ, 1869 , ਨੰ. 191 ਦੇ ਹਵਾਲੇ ਨਾਲ ਸਾਨੂੰ ਮਹਾਰਾਣੀ ਦੀ ਸਰਕਾਰ ਨੂੰ ਇਹ ਜਾਣਕਾਰੀ ਦੇਣ ਲਈ ਪੰਜਾਬ ਸਰਕਾਰ ਦੇ ਪੱਤਰ ਨੰ. 79-225 ਮਿਤੀ 24 ਫ਼ਰਵਰੀ, 1871 ਦੀ ਇੱਕ ਕਾਪੀ ਭੇਜਣ ਦਾ ਮਾਣ ਹਾਸਲ ਹੋਇਆ ਹੈ, ਜਿਸ ਵਿੱਚ ਉਸ ਸੂਬੇ ਦੀ ਪੁਲਿਸ ਦੇ ਇੰਸਪੈਕਟਰ ਜਨਰਲ ਨੇ ਸਾਲ 1870 ਦੌਰਾਨ ਕੂਕਾ ਸੰਪਰਦਾਇ ਦੇ ਆਚਾਰ-ਵਿਹਾਰ ਬਾਰੇ ਰਿਪੋਰਟ ਦਿੱਤੀ ਹੈ।

2. ਅਸੀਂ ਆਪਣੇ ਜਵਾਬ ਨੰ. 663 ਪੀ, ਮਿਤੀ 31 ਮਾਰਚ, 1871, ਜਿਸ ਦੀ ਕਾਪੀ ਵੀ ਅਸੀਂ ਨੱਥੀ ਕਰ ਰਹੇ ਹਾਂ, ਵਿੱਚ ਅਸੀਂ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਕੂਕਾ ਸੰਪਰਦਾਇ ਦੇ ਪੈਰੋਕਾਰਾਂ ਨੂੰ ਨੇਪਾਲ ਤੇ ਕਸ਼ਮੀਰ ਦੇ ਮਹਾਰਾਜਿਆਂ ਵੱਲੋਂ ਆਪਣੀਆਂ ਫ਼ੌਜਾਂ 'ਚ ਭਰਤੀ ਕੀਤੇ ਜਾਣ ਦੇ ਰੁਝਾਨ 'ਤੇ ਬਹੁਤ ਧਿਆਨਪੂਰਵਕ ਨਜ਼ਰ ਰੱਖਣ ਲਈ ਕਿਹਾ ਹੈ।

## 44

*ਨੰ. 103* *ਭਾਰਤ ਦਫ਼ਤਰ, ਲੰਦਨ*
*15 ਅਗਸਤ, 1871*

*ਵੱਲੋਂ*

ਆਰਗਿਲ ਦੇ ਮਾਣਯੋਗ ਡਿਊਕ, ਕੇ.ਟੀ.
ਸਕੱਤਰ, ਭਾਰਤ ਸਰਕਾਰ

*ਵੱਲ*

ਭਾਰਤ ਸਰਕਾਰ

ਤੁਹਾਡੇ ਮਾਣਯੋਗ ਸਰਕਾਰ ਵੱਲੋਂ 1871 ਦੀ ਦੂਜੀ ਚੌਥਾਈ ਦੌਰਾਨ ਲਿਖੀਆਂ ਵਰਣਿਤ ਚਿੱਠੀਆਂ 'ਤੇ ਕੋਈ ਟਿੱਪਣੀ ਕਰਨ ਦੀ ਜ਼ਰੂਰਤ ਨਹੀਂ ਹੈ, ਬੱਸ ਉਨ੍ਹਾਂ ਦੀ ਪ੍ਰਾਪਤੀ ਦੀ ਜਾਣਕਾਰੀ ਭੇਜੀ ਜਾਂਦੀ ਹੈ ਤੇ ਉਨ੍ਹਾਂ 'ਚ ਦਰਜ ਕਾਰਵਾਈਆਂ ਲਈ ਪ੍ਰਵਾਨਗੀ ਵੀ ਦਿੱਤੀ ਜਾਂਦੀ ਹੈ:- (1, 2, 3)

ਪੰਜਾਬ ਪੁਲਿਸ ਦੇ ਇੰਸਪੈਕਟਰ ਵੱਲੋਂ ਭੇਜੀ ਗਈ ਸਾਲ 1870 ਦੌਰਾਨ ਕੂਕਿਆਂ ਦੀਆਂ ਗਤੀਵਿਧੀਆਂ ਬਾਰੇ ਰਿਪੋਰਟ ਦਰਸਾਉਂਦੀ ਹੈ ਕਿ ਇਹ ਸੰਪਰਦਾਇ ਹੁਣ ਢਹਿੰਦੀਆਂ ਕਲਾਂ ਵੱਲ ਨੂੰ ਜਾਂਦਾ ਜਾਪਦਾ ਹੈ ਪਰ ਇਹ ਨੁਕਤਾ ਵੀ ਹੈ ਕਿ ਉਹ ਕਸ਼ਮੀਰ ਤੇ ਨੇਪਾਲ ਦੇ ਮਹਾਰਾਜਿਆਂ ਦੀਆਂ ਸੇਵਾਵਾਂ 'ਚ ਭਰਤੀ ਹੋ ਰਹੇ ਹਨ। ਕੂਕਾ ਸੰਪਰਦਾਇ ਦੇ ਇੱਕ ਵੱਡੇ ਪ੍ਰੋਤਸਾਹਕ - ਦੀਵਾਨ ਬੂਟਾ ਸਿੰਘ ਦਾ ਨੋਟਿਸ।

## 45

### ਕੇਂਦਰੀ ਪੁਲਿਸ ਦਫ਼ਤਰ ਲਾਹੌਰ

*ਪੱਤਰ ਨੰ. 1* *ਮਿਤੀ ਲਾਹੌਰ: 28 ਜੁਲਾਈ, 1871*

*ਵੱਲ*

ਕਰਨਲ ਜੇ.ਸੀ.ਪੀ. ਬੈਲੀ,
ਡਿਪਟੀ ਇੰਸਪੈਕਟਰ ਜਨਰਲ ਆੱਫ਼ ਪੁਲਿਸ,
ਲਾਹੌਰ ਸਰਕਲ।

*ਰਾਮ ਸਿੰਘ ਤੇ ਉਨ੍ਹਾਂ ਦੇ ਸੂਬਿਆਂ ਨੂੰ ਗੁਪਤ ਨਿਗਰਾਨੀ ਹੇਠ ਰੱਖਿਆ।*

1. ਲੈਫ਼ਟੀਨੈਂਟ ਗਵਰਨਰ ਦੀ ਇੱਛਾ ਹੈ ਕਿ ਤੁਸੀਂ (ਗੁਰੂ) ਰਾਮ ਸਿੰਘ ਕੂਕਾ ਤੇ ਉਨ੍ਹਾਂ ਦੇ ਵਜ਼ੀਰਾਂ (ਸੂਬਿਆਂ) ਤੇ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਪੂਰੀ ਨਿਗਰਾਨੀ ਰੱਖੋ ਤੇ ਉਨ੍ਹਾਂ ਬਾਰੇ ਰਿਪੋਰਟ ਕਰਦੇ ਰਹੋ। ਇਹ ਨਿਗਰਾਨੀ ਸਾਦੇ ਕੱਪੜਿਆਂ 'ਚ ਕਰਨੀ ਹੋਵੇਗੀ ਅਤੇ ਇਸ ਦੌਰਾਨ ਉਨ੍ਹਾਂ 'ਤੇ ਕਿਸੇ ਵੀ ਕਿਸਮ ਦੀ ਕੋਈ ਪਾਬੰਦੀ ਨਹੀਂ ਲਾਉਣੀ ਹੋਵੇਗੀ। ਅਸਲ 'ਚ ਉਨ੍ਹਾਂ ਨੂੰ ਕਦੇ ਇਹ ਭਿਣਕ ਨਹੀਂ ਪੈਣੀ ਚਾਹੀਦੀ ਕਿ ਉਨ੍ਹਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ।

*ਰਾਜ-ਧਰੋਹੀ ਪ੍ਰਚਾਰ ਦੀਆਂ ਰਿਪੋਰਟਾਂ।*

2. ਜੇ ਕੋਈ ਵਿਅਕਤੀ ਰਾਜ-ਧਰੋਹ ਦਾ ਪ੍ਰਚਾਰ ਕਰਦੇ ਹੋਣ, ਤਾਂ ਅਜਿਹੇ ਸਾਰੇ ਮਾਮਲਿਆਂ ਦੀ ਰਿਪੋਰਟ ਤੁਰੰਤ ਕੀਤੀ ਜਾਵੇ।

*ਰਿਪੋਰਟਾਂ ਸਰਕਾਰ ਤੇ ਹੋਰ ਅਧਿਕਾਰੀਆਂ ਨੂੰ ਭੇਜੀਆਂ ਜਾਣ*

3. ਤੁਹਾਨੂੰ ਜਦੋਂ ਵੀ ਕਦੇ ਕੋਈ ਅਹਿਮ ਗੱਲ ਬਾਰੇ ਜਾਣਕਾਰੀ ਮਿਲੇ, ਤਾਂ ਉਸਦੀ ਹਰ ਹਾਲਤ 'ਚ ਸਿੱਧੀ ਸਰਕਾਰ ਦੇ ਸਕੱਤਰ ਨੂੰ ਰਿਪੋਰਟ ਕਰਨੀ ਹੋਵੇਗੀ। ਉਹ ਜਾਣਕਾਰੀ ਸਥਾਨਕ ਅਧਿਕਾਰੀਆਂ ਤੇ ਇਸ ਦਫ਼ਤਰ ਨੂੰ ਵੀ ਭੇਜਣੀ ਹੋਵੇਗੀ।

*ਜਾਣਕਾਰੀ ਹਾਸਲ ਕਰਨ ਲਈ ਏਜੰਸੀ ਅਤੇ ਵਰਤੀ ਜਾਣ ਵਾਲੀ ਸਾਵਧਾਨੀ।*

4. ਤੁਹਾਡੀ ਜਾਣਕਾਰੀ ਦੇ ਸਰੋਤ ਵਿਵਹਾਰਕਤਾ ਦੇ ਆਧਾਰ 'ਤੇ ਜੁਟਾਉਣੇ ਹੋਣਗੇ, ਤੇ ਉਹ ਇੱਕ-ਦੂਜੇ ਨੂੰ ਜਾਣਦੇ ਨਹੀਂ ਹੋਣੇ ਚਾਹੀਦੇ; ਜਿਹੜੇ ਵਿਅਕਤੀ ਆਪਣੀ ਮਰਜ਼ੀ ਨਾਲ ਤੁਹਾਨੂੰ ਜਾਣਕਾਰੀ ਦੇਣ ਆਉਣ, ਤਾਂ ਉਸ ਮਾਮਲੇ 'ਚ ਵੀ ਬਹੁਤ ਸਾਵਧਾਨੀ ਵਰਤਣੀ ਹੋਵੇਗੀ ਕਿਉਂਕਿ ਬੇਸ਼ੱਕ (ਗੁਰੂ) ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਏਜੰਟ ਵੀ ਚੁੱਪ-ਚੁਪੀਤੇ ਕੋਈ ਜਾਸੂਸ ਨਿਯੁਕਤ ਕਰ ਕੇ ਤੁਹਾਨੂੰ ਜਾਣਕਾਰੀ ਦੇਣ ਦੇ ਬਹਾਨੇ ਤੁਹਾਡੀਆਂ ਗਤੀਵਿਧੀਆਂ ਦੀ ਜਾਣਕਾਰੀ ਲੈਣ ਦੀ ਯੋਜਨਾ ਉਲੀਕ ਚੁੱਕੇ ਹੋਣ।

*ਏਜੰਟਾਂ ਨੂੰ ਅਦਾਇਗੀ ਉਨ੍ਹਾਂ ਦੀ ਜਾਣਕਾਰੀ ਦੀ ਕੀਮਤ ਅਨੁਸਾਰ ਹੀ ਅਦਾ ਕੀਤੀ ਜਾਵੇ।*

5. ਅਸੂਲੀ ਤੌਰ 'ਤੇ ਇਹੋ ਬਿਹਤਰ ਰਹਿੰਦਾ ਹੈ ਕਿ ਮੁਖ਼ਬਰਾਂ ਨੂੰ ਵਧੇਰੇ ਤਨਖ਼ਾਹਾਂ ਨਾ ਦਿੱਤੀਆਂ ਜਾਣ, ਉਹ ਇੱਕਮੁਸ਼ਤ ਤੇ ਸਥਾਈ ਹੋਣ, ਹਾਂ ਕੋਈ ਵਡਮੁੱਲੀ ਜਾਣਕਾਰੀ ਜੋ ਚੰਗੇ ਇਨਾਮ ਦੀ ਹੱਕਦਾਰ ਹੋਵੇ, ਉਸ ਲਈ ਜ਼ਰੂਰ ਚੰਗੀ ਰਕਮ ਅਦਾ ਕੀਤੀ ਜਾ ਸਕਦੀ ਹੈ ਤੇ ਜਦੋਂ ਏਜੰਟ ਜਾਣਕਾਰੀ ਦੀ ਭਾਲ ਕਰ ਰਿਹਾ ਹੈ, ਉਸ ਵੇ ਲੇ ਕੇਵਲ ਗੁਜ਼ਾਰਾ ਭੱਤਾ ਹੀ ਦਿੱਤਾ ਜਾਵੇ।

ਉਹੀ ਮੁਖ਼ਬਰ ਅਕਸਰ ਦੋਵੇਂ ਪਾਸੇ ਹੀ ਜਾਣਕਾਰੀ ਦੇ ਦਿਆ ਕਰਦੇ ਹਨ; ਫਿਰ ਵੀ ਉਸ ਵੱਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਦੀ ਕੀਮਤ ਜ਼ਰੂਰ ਹੁੰਦੀ ਹੈ ਤੇ ਉਸ ਦੀ ਅਦਾਇਗੀ ਹੋਣੀ ਚਾਹੀਦੀ ਹੈ ਪਰ ਉਸ ਨੂੰ ਕਦੇ ਤੁਹਾਡੇ ਵਿਚਾਰਾਂ ਜਾਂ ਤੁਹਾਡੇ ਆਪਰੇਸ਼ਨਜ਼ ਤੇ ਯੋਜਨਾਵਾਂ ਦੀ ਕੋਈ ਭਿਣਕ ਨਹੀਂ ਪੈਣੀ ਚਾਹੀਦੀ।

*ਏਜੰਟਾਂ ਦੀ ਜਦੋਂ ਤੱਕ ਜ਼ਰੂਰਤ ਨਾ ਹੋਵੇ, ਤਦ ਤੱਕ ਉਨ੍ਹਾਂ ਨੂੰ ਪੂਰੀ ਤਨਖ਼ਾਹ ਨਹੀਂ ਦੇਣੀ ਚਾਹੀਦੀ।*

6. ਜੇ ਸੰਭਵ ਹੋਵੇ, ਤਾਂ ਇਹ ਚੰਗੀ ਯੋਜਨਾ ਹੈ ਕਿ ਪਹਿਲਾਂ ਇੱਕ ਮੁਖ਼ਬਰ ਨੂੰ ਅਜ਼ਮਾਇਆ ਜਾਵੇ ਜੋ ਵਧੀਆ ਕੰਮ ਕਰਦਾ ਹੋਵੇ ਤੇ ਉਸ ਦਾ ਇਨਾਮ ਤੁਹਾਡੇ ਕੋਲ ਇਕੱਠਾ ਹੁੰਦਾ ਰਹੇ, ਇੰਝ ਉਸ ਨੂੰ ਤਦ ਤੱਕ ਉਹ ਕੁਝ ਨਾ ਮਿਲੇ ਜਿਸ ਦਾ ਉਹ ਹੱਕਦਾਰ ਹੈ, ਜਦੋਂ ਤੱਕ ਤੁਹਾਨੂੰ ਉਸ ਦੀ ਹੋਰ ਜ਼ਰੂਰਤ ਨਾ ਹੋਵੇ ਕਿਉਂਕਿ ਚੰਗੇ ਜਾਸੂਸਾਂ ਨੂੰ ਕਈ ਵਾਰ ਜਦੋਂ ਚੋਖਾ ਇਨਾਮ ਮਿਲ ਜਾਂਦਾ ਹੈ ਤਾਂ ਉਹ ਸੰਤੁਸ਼ਟ ਹੋ ਕੇ ਆਪਣਾ ਉਹ ਕੰਮ ਬੰਦ ਕਰ ਦਿੰਦੇ ਹਨ।

ਮੈਂ ਵੇਖਿਆ ਹੈ ਕਿ ਇਹ ਯੋਜਨਾ ਅਵਧ 'ਚ ਬਹੁਤ ਵਧੀਆ ਚੱਲਦੀ ਰਹੀ ਹੈ ਤੇ ਇਸ ਨਾਲ ਮੈਂ ਉੱਥੋਂ ਦੇ ਲੋਕਾਂ (ਜਸੂਸਾਂ) ਨੂੰ ਆਪਣੇ ਕਾਬੂ ਹੇਠ ਰੱਖਿਆ ਤੇ ਉਨ੍ਹਾਂ ਤੋਂ ਹਰ ਸੰਭਵ ਹੱਦ ਤੱਕ ਕੰਮ ਲੈਂਦਾ ਰਿਹਾ ਸਾਂ।

**ਕੇਂਦਰੀ ਪੁਲਿਸ ਦਫ਼ਤਰ, ਲਾਹੌਰ**

*ਨੰ. 2*

*ਵੱਲ*

ਕਰਨਲ ਜੀ. ਮੈਕਐਂਡ੍ਰਿਯੂ,
ਡਿਪਟੀ ਇੰਸਪੈਕਟਰ ਜਨਰਲ ਪੁਲਿਸ,
ਅੰਬਾਲਾ ਸਰਕਲ।

*ਅੰਬਾਲਾ ਸਰਕਲ ਵੀ ਇਨ੍ਹਾਂ ਹੀ ਹਦਾਇਤਾਂ ਦੀ ਪਾਲਣਾ ਕਰੇ।*

ਉਪਰੋਕਤ ਦੀ ਇੱਕ ਕਾਪੀ ਇਸ ਬੇਨਤੀ ਨਾਲ ਭੇਜੀ ਜਾਂਦੀ ਹੈ ਕਿ ਉਹ ਵੀ ਬਿਲਕੁਲ ਅਜਿਹੀ ਪ੍ਰਣਾਲੀ ਦੇ ਆਧਾਰ 'ਤੇ ਕੰਮ ਕਰਨਗੇ, ਤਾਂ ਜੋ ਵਿਭਾਗ ਨੂੰ ਪੂਰੀ ਤਰ੍ਹਾਂ ਆਜ਼ਾਦ ਸਰੋਤਾਂ ਤੋਂ ਜਾਣਕਾਰੀਆਂ ਮਿਲਦੀਆਂ ਰਹਿਣ।

*ਰਿਪੋਰਟਾਂ ਸਰਕਾਰਾਂ ਨੂੰ ਭੇਜੀਆਂ ਜਾਣ।*

2. ਹਰੇਕ ਮਹੱਤਵਪੂਰਨ ਜਾਣਕਾਰੀ ਸਰਕਾਰ ਤੇ ਇਸ ਦਫ਼ਤਰ ਨੂੰ ਤੁਰਤ-ਫੁਰਤ ਭੇਜੀ ਜਾਵੇ।

## 46

## ਅੰਮ੍ਰਿਤਸਰ ਤੇ ਰਾਏਕੋਟ ਦੇ ਕਤਲ ਕੇਸਾਂ ਨਾਲ ਕੂਕਾ ਗੁਰੂ ਰਾਮ ਸਿੰਘ ਜੀ ਦੇ ਕਥਿਤ ਸਬੰਧ। ਕੁਝ ਖ਼ਾਸ ਕੂਕਿਆਂ ਦੀਆਂ ਗਤੀਵਿਧੀਆਂ।

(ਗੁਪਤ)

*ਮਿਤੀ ਸ਼ਿਮਲਾ, 9 ਸਤੰਬਰ, 1971*

*ਵੱਲੋਂ*

ਐੱਲ.ਐੱਚ. ਗ੍ਰਿੱਫਿਨ,
ਕਾਰਜਕਾਰੀ ਸਕੱਤਰ
ਪੰਜਾਬ ਸਰਕਾਰ।

ਵੱਲ

ਈ.ਸੀ. ਬੇਲੇ, , ਸੀ.ਐੱਸ.ਆਈ.,

ਸਕੱਤਰ, ਭਾਰਤ ਸਰਕਾਰ।

ਮੈਨੂੰ ਮਾਣਯੋਗ ਲੈਫ਼ਟੀਨੈਂਟ ਗਵਰਨਰ ਵੱਲੋਂ ਮਾਣਯੋਗ ਵਾਇਸਰਾਏ ਨੂੰ ਅੰਮ੍ਰਿਤਸਰ ਤੇ ਰਾਏਕੋਟ 'ਚ ਵਾਪਰੀਆਂ ਕਤਲਾਂ ਦੀਆਂ ਹਾਲੀਆਂ ਵਾਰਦਾਤਾਂ ਤੇ ਉਨ੍ਹਾਂ ਦਾ ਕੂਕਾ ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸਭ ਤੋਂ ਵੱਧ ਵਿਸ਼ਵਾਸਯੋਗ ਸੂਬਿਆਂ ਨਾਲ ਸਬੰਧ ਬਾਰੇ ਕੁਝ ਖ਼ਾਸ ਰਿਪੋਰਟਾਂ, ਅਸਲ ਰੂਪ ਵਿੱਚ, ਭੇਜਣ ਦੀ ਹਦਾਇਤ ਜਾਰੀ ਹੋਈ ਹੈ।

2. ਇਹ ਗੱਲ ਵੇਖੀ ਜਾਵੇਗੀ, ਜਿਵੇਂ ਕਿ ਇਹ ਰਿਪੋਰਟਾਂ ਵੀ ਦਰਸਾਉਂਦੀਆਂ ਹਨ ਤੇ ਸਾਰੇ ਲੋਕਾਂ ਦੇ ਮਨਾਂ 'ਚ ਵੀ ਇਹੋ ਭਾਵਨਾ ਨਿਆਂਪੂਰਨ ਢੰਗ ਨਾਲ ਦਰਜ ਹੈ ਕਿ (ਗੁਰੂ) ਰਾਮ ਸਿੰਘ ਜੀ ਨੇ ਹੀ ਇਨ੍ਹਾਂ ਕਤਲਾਂ ਲਈ ਉਕਸਾਇਆ ਸੀ, ਪਰ ਕਿਸੇ ਵੀ ਫ਼ੌਜਦਾਰੀ ਅਦਾਲਤ 'ਚ ਜਦੋਂ ਮੁਕੱਦਮਾ ਚੱਲੇਗਾ ਤਾਂ ਉੱਥੇ ਉਨ੍ਹਾਂ ਖ਼ਿਲਾਫ਼ ਲੋੜੀਂਦੇ ਸਬੂਤ ਇਕੱਠੇ ਕਰਨੇ ਅਸੰਭਵ ਹੋਣਗੇ।

ਅਜਿਹਾ ਸਬੂਤ ਜੋ ਮੰਨਣਯੋਗ ਹੈ, ਜਿਸ ਨੂੰ ਹੁਣ ਬਹੁਤ ਧਿਆਨ ਨਾਲ ਲੱਭਿਆ ਜਾ ਰਿਹਾ ਹੈ ਤੇ ਉਹ ਪੂਰੀ ਤਰ੍ਹਾਂ ਪਰਖਿਆ ਹੋਇਆ ਵੀ ਹੈ ਤੇ ਕੀ ਅਜਿਹੇ ਸਬੂਤ ਨੂੰ ਫ਼ੈਸਲਾਕੁੰਨ ਮੰਨ ਲੈਣਾ ਚਾਹੀਦਾ ਹੈ ਤੇ ਮੁਕੱਦਮੇਬਾਜ਼ੀ ਸਮੇਂ ਕਿਸੇ ਤਰ੍ਹਾਂ ਦੀ ਨਾਕਾਮੀ ਦਾ ਕੋਈ ਖ਼ਤਰਾ ਨਹੀਂ ਰਹੇਗਾ, ਅਜਿਹੇ ਹਾਲਾਤ 'ਚ ਇਹ ਫ਼ੈਸਲਾ ਲੈਣਾ ਜ਼ਰੂਰੀ ਹੋਵੇਗਾ ਕਿ ਕੀ (ਗੁਰੂ) ਰਾਮ ਸਿੰਘ ਜੀ ਦੀ ਅਦਾਲਤੀ ਸੁਣਵਾਈ ਕਰਨੀ ਹੈ ਕਿ ਨਹੀਂ ਜਾਂ ਉਨ੍ਹਾਂ ਨਾਲ ਕਿਸੇ ਹੋਰ ਸੁਵਿਧਾਜਨਕ ਤਰੀਕੇ ਨਿਪਟਣਾ ਹੋਵੇਗਾ। ਪਰ ਮਾਣਯੋਗ ਵਾਇਸਰਾਏ ਦੀ ਸਹਿਮਤੀ ਤੋਂ ਬਗ਼ੈਰ ਸੰਬੰਧਤ ਅਧਿਕਾਰੀ ਸਾਹਿਬਾਨ ਵੱਲੋਂ (ਗੁਰੂ) ਰਾਮ ਸਿੰਘ ਜੀ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

3. ਮੈਂ ਤੁਹਾਡੇ ਧਿਆਨ ਗੋਚਰੇ ਇਹ ਲਿਆਉਣਾ ਚਾਹੁੰਦਾ ਹਾਂ ਕਿ (ਗੁਰੂ) ਰਾਮ ਸਿੰਘ ਜੀ ਦੇ ਦੋ ਸੂਬੇ ਇਸ ਵੇਲੇ ਲੁਧਿਆਣਾ 'ਚ ਹਿਰਾਸਤ ਅਧੀਨ ਹਨ। ਇੱਕ ਤਾਂ ਗਿਆਨੀ ਹੈ, ਜਿਸ ਵਿਰੁੱਧ ਕਾਫ਼ੀ ਸਬੂਤ ਲੈ ਲਏ ਗਏ ਹਨ ਕਿ ਜਿਨ੍ਹਾਂ ਦੇ ਆਧਾਰ 'ਤੇ ਸੈਸ਼ਨਜ਼ ਜੱਜ ਕੋਲ ਇਹ ਸਿੱਧ ਕੀਤਾ ਜਾ ਸਕਦਾ ਹੈ ਕਿ ਉਹੀ ਕਰਤਾ-ਧਰਤਾ ਹੈ ਤੇ ਉਸ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕਦੀ ਹੈ। ਦੂਜਾ ਸੂਬਾ ਲੱਖਾ ਸਿੰਘ ਹੈ, ਜਿਸ ਨੂੰ ਗਿਆਨੀ ਵਿਰੁੱਧ ਇੱਕ ਗਵਾਹ ਵਜੋਂ ਸੱਦਿਆ ਗਿਆ ਹੈ ਪਰ ਉਸ ਵਿਰੁੱਧ ਵੀ ਕਾਫ਼ੀ ਸਬੂਤ ਹੋਣੇ ਚਾਹੀਦੇ ਹਨ ਕਿ ਜਿਨ੍ਹਾਂ ਦੇ ਆਧਾਰ 'ਤੇ ਉਸ ਨੂੰ ਵੀ ਸੁਣਵਾਈ ਸਮੇਂ ਅਪਰਾਧੀ ਸਿੱਧ ਕੀਤਾ ਜਾ ਸਕੇ। ਮੈਜਿਸਟ੍ਰੇਟਸ ਨੂੰ ਆਪਣੀਆਂ ਕਾਰਵਾਈਆਂ ਦੌਰਾਨ ਬਹੁਤ ਸਾਵਧਾਨ ਰਹਿਣ ਦੀ ਚੇਤਾਵਨੀ ਦੇ ਦਿੱਤੀ ਗਈ ਹੈ ਤੇ ਅਜਿਹਾ ਕੋਈ ਵੀ ਕੇਸ ਨਾ ਲੈਣ ਲਈ ਆਖ ਦਿੱਤਾ ਗਿਆ ਹੈ, ਜਿਸ ਵਿੱਚ ਕੋਈ ਠੋਸ ਸਬੂਤ ਨਾ ਹੋਵੇ।

4. ਮਾਣਯੋਗ ਲੈਫ਼ਟੀਨੈਂਟ ਗਵਰਨਰ ਦਾ ਅੰਤਿਮ ਵਿਚਾਰ ਹੈ ਕਿ ਜਿੱਥੇ ਵੀ ਕਿਤੇ ਕਿਸੇ ਕੂਕਾ ਸੂਬਿਆਂ (ਜਿਨ੍ਹਾਂ ਦੀ ਗਿਣਤੀ ਲਗਭਗ 40 ਹੈ) ਵਿਰੁੱਧ ਹਾਲੀਆ

ਕਤਲਾਂ ਨਾਲ ਕੋਈ ਸਬੰਧ ਸਿੱਧ ਹੁੰਦਾ ਹੋਵੇ, ਤਾਂ ਉਨ੍ਹਾਂ ਵਿਰੁੱਧ ਆਮ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਅਜਿਹੀ ਕਿਸੇ ਵੀ ਫ਼ੈਸਲਾਕੁੰਨ ਕਾਰਵਾਈ 'ਤੇ ਲੈਫ਼ਟੀਨੈਂਟ ਗਵਰਨਰ ਨੂੰ ਕੋਈ ਇਤਰਾਜ਼ ਨਹੀਂ ਜਾਪਦਾ।

*ਅੰਮ੍ਰਿਤਸਰ ਤੇ ਰਾਏਕੋਟ 'ਚ ਕੂਕਿਆਂ ਨੇ ਕੀਤੇ ਕਸਾਈਆਂ ਦੇ ਕਤਲ।*

ਇਨ੍ਹਾਂ ਕਤਲਾਂ ਦੇ ਅਪਰਾਧਾਂ ਦੇ ਕਾਰਨਾਂ ਨਾਲ ਸੰਬੰਧਤ ਘਟਨਾਵਾਂ ਦੇ ਵੇਰਵੇ 21 ਜੁਲਾਈ, 1871 ਦੇ ਯਾਦ-ਪੱਤਰ 'ਚ ਦਰਜ ਹਨ, ਜੋ ਇੱਥੇ ਨੱਥੀ ਕੀਤੇ ਗਏ ਹਨ, ਜਿਸ ਦੀ ਇੱਕ ਕਾਪੀ ਮਹਾਰਾਣੀ ਦੇ ਵਿਦੇਸ਼ ਮੰਤਰੀ ਨੂੰ ਭਾਰਤ ਸਰਕਾਰ ਦੇ ਜੁਡੀਸ਼ੀਅਲ ਡਿਸਪੈਚ ਨੰ. 20 ਮਿਤੀ 28 ਜੁਲਾਈ, 1871 ਨਾਲ ਭੇਜੀ ਗਈ ਸੀ।

ਇਨ੍ਹਾਂ ਦਾ ਸੰਖੇਪ ਵੇਰਵਾ ਨਿਮਨਲਿਖਤ ਅਨੁਸਾਰ ਹੈ:

1. ਉਸ ਵਰ੍ਹੇ ਅਪ੍ਰੈਲ ਤੇ ਮਈ ਦੇ ਮਹੀਨਿਆਂ ਦੌਰਾਨ ਗਊਆਂ ਦੀ ਹੱਤਿਆ ਨੂੰ ਲੈ ਕੇ ਅੰਮ੍ਰਿਤਸਰ ਨਗਰ ਵਿੱਚ ਵਰਨਣਯੋਗ ਹੰਗਾਮਾ ਹੋਇਆ ਸੀ। ਉਹ ਹੰਗਾਮਾ ਵੀ ਲੀਕ ਤੋਂ ਕੁਝ ਹਟ ਕੇ ਸੀ ਤੇ ਇਸ ਦਾ ਮੁੱਖ ਕਾਰਣ ਸੀ ਸ਼ਹਿਰ ਵਿੱਚ ਗਊ-ਮਾਸ ਦੀ ਸ਼ਰ੍ਹੇਆਮ ਵਿਕਰੀ; ਅਤੇ ਦੇਵਾ ਸਿੰਘ ਨਾਂਅ ਦਾ ਇੱਕ ਗੁਰਦੁਆਰਾ ਸਾਹਿਬ 'ਚ ਗਊ-ਮਾਸ ਖਿੱਲਰੇ ਹੋਣ ਤੋਂ ਨਾਰਾਜ਼ ਸੀ ਕਿਉਂਕਿ ਇੱਕ ਹੱਡੀ ਨੂੰ ਚੁੱਕ ਕੇ ਸਿੱਖਾਂ ਦੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਦਿੱਤਾ ਗਿਆ ਸੀ। ਇਸ ਘਟਨਾ ਵਿਰੁੱਧ ਰੋਹ ਤੇ ਰੋਸ ਨੂੰ ਸ਼ਾਂਤ ਕਰਨ ਲਈ ਲੋੜੀਂਦੇ ਕਦਮ ਚੁੱਕੇ ਗਏ ਸਨ। ਕਸਾਈਆਂ ਤੇ ਗਊ-ਹੱਤਿਆ ਕਰਨ ਵਾਲੇ ਹੋਰ ਮੁਲਾਜ਼ਮਾਂ ਦੀ ਪਛਾਣ ਕਰ ਲਈ ਗਈ ਕਿ ਤਾਂ ਜੋ ਹਿੰਦੂਆਂ ਤੇ ਸਿੱਖਾਂ ਦੀਆਂ ਭਾਵਨਾਵਾਂ ਭੜਕਾਉਣ ਦੀ ਕੋਈ ਸਾਜ਼ਿਸ਼ ਕਾਮਯਾਬ ਨਾ ਹੋ ਸਕੇ। ਕਮਿਸ਼ਨਰ ਨੇ 3 ਜੂਨ ਨੂੰ ਦਰਬਾਰ ਲਾਇਆ ਤੇ ਸਰਕਾਰ ਦੀਆਂ ਮਨਸ਼ਾਵਾਂ ਤੇ ਹੁਕਮਾਂ ਨੂੰ ਪੂਰੀ ਤਰ੍ਹਾਂ ਬਿਆਨ ਕੀਤਾ ਅਤੇ ਕਮਿਸ਼ਨਰ ਦੇ ਸੰਬੋਧਨ ਤੋਂ ਬਾਅਦ ਬਹੁਤ ਸਾਰੇ ਹਿੰਦੂ ਤੇ ਮੁਸਲਿਮ ਸੱਜਣ ਪੁਰਖਾਂ ਨੇ ਇੱਕ-ਦੂਜੇ ਨੂੰ ਗਲ਼ੇ ਲਾਇਆ ਕਿ ਤਾਂ ਜੋ ਇਸ ਹਾਲੀਆ ਘਟਨਾ ਤੋਂ ਬਾਅਦ ਕਿਸੇ ਦੇ ਵੀ ਮਨਾਂ ਵਿੱਚ ਕਿਸੇ ਤਰ੍ਹਾਂ ਦੀ ਮੰਦੀ ਭਾਵਨਾ ਨਾ ਰਹੇ। ਤਦ ਇਹੋ ਮੰਨਿਆ ਗਿਆ ਕਿ ਮਾੜੀਆਂ ਭਾਵਨਾਵਾਂ ਪੂਰੀ ਤਰ੍ਹਾਂ ਖ਼ਤਮ ਹੋ ਗਈਆਂ ਹਨ ਅਤੇ ਕਮਿਸ਼ਨਰ ਦੇ ਦਰਬਾਰ ਤੋਂ ਲੈ ਕੇ 14 ਜੂਨ ਤੱਕ ਸਥਾਨਕ ਅਧਿਕਾਰੀਆਂ ਨੇ ਨਾ ਤਾਂ ਕਿਸੇ ਪ੍ਰਤੀ ਕੋਈ ਸ਼ੱਕ ਪ੍ਰਗਟਾਇਆ ਤੇ ਨਾ ਹੀ ਅਜਿਹੀ ਕੋਈ ਜਾਣਕਾਰੀ ਹੀ ਮਿਲ ਸਕੀ ਪਰ ਉਦੋਂ ਕੀ ਪਤਾ ਸੀ ਕੀ ਵਾਪਰਨ ਵਾਲਾ ਹੈ। ਤਦ 14 ਜੂਨ ਦੀ ਰਾਤ ਨੂੰ ਹੀ ਇੱਕ ਹਥਿਆਰਬੰਦ ਗਿਰੋਹ ਨੇ ਅੰਮ੍ਰਿਤਸਰ ਨਗਰ ਦੇ ਨੇੜੇ ਸਥਿਤ ਇੱਕ ਬੁੱਚੜਖਾਨੇ 'ਤੇ ਅਚਾਨਕ ਹਮਲਾ ਬੋਲ ਦਿੱਤਾ। ਉੱਥੇ ਮੌਜੂਦ ਚਾਰ ਜਣਿਆਂ ਨੂੰ ਮੌਕੇ 'ਤੇ ਹੀ ਕਤਲ ਕਰ ਦਿੱਤਾ ਗਿਆ ਤੇ ਤਿੰਨ ਹੋਰ ਗੰਭੀਰ ਫੱਟੜ ਹੋ ਗਏ। ਅਣਪਛਾਤੇ ਅਪਰਾਧੀ ਉੱਥੋਂ ਬਚ ਨਿਕਲਣ 'ਚ ਕਾਮਯਾਬ ਹੋ ਗਏ ਤੇ ਰਾਤ ਵੇਲੇ ਕਿਸੇ ਨੇ ਉਨ੍ਹਾਂ ਦਾ ਪਿੱਛਾ ਵੀ ਨਹੀਂ ਕੀਤਾ; ਪਰ ਉਹ ਉੱਥੇ ਸਟੀਲ ਦਾ ਇੱਕ 'ਚੱਕਰ' (ਜੋ ਅਕਸਰ ਕੱਟੜ ਸਿੱਖਾਂ ਦੇ ਇੱਕ ਵਰਗ ਅਕਾਲੀਆਂ ਵੱਲੋਂ ਆਪਣੀਆਂ ਦਸਤਾਰਾਂ 'ਤੇ ਸਜਾਇਆ ਜਾਂਦਾ ਹੈ) ਤੇ ਇੱਕ ਨੀਲੀ

ਦਸਤਾਰ ਮੌਕੇ 'ਤੇ ਛੱਡ ਗਏ ਕਿ ਤਾਂ ਜੋ ਸ਼ੱਕ ਅਸਲ ਸਾਜ਼ਿਸ਼ਘਾੜਿਆਂ 'ਤੇ ਨਹੀਂ, ਸਗੋਂ ਸਿੱਧਾ ਅਕਾਲੀਆਂ 'ਤੇ ਜਾਵੇ।

2. ਇੱਕ ਵਾਰ ਫਿਰ 15 ਜੁਲਾਈ, 1871 ਨੂੰ ਰਾਤੀਂ ਲਗਭਗ 11 ਵਜੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਏਕੋਟ ਸਥਿਤ ਬੁੱਚੜਖਾਨੇ 'ਚ ਵੀ ਇੱਕ ਵਾਰਦਾਤ ਵਾਪਰ ਗਈ, ਉੱਥੇ ਵੀ ਹਥਿਆਰਬੰਦ ਹਮਲਾਵਰਾਂ ਦਾ ਗਿਰੋਹ ਸ਼ਾਮਲ ਸੀ। ਉਹ ਅਚਾਨਕ ਘਰ 'ਚ ਦਾਖ਼ਲ ਹੋਏ ਤੇ ਉਨ੍ਹਾਂ ਸੁੱਤੇ ਪਏ ਲੋਕਾਂ ਦੀਆਂ ਗਰਦਨਾਂ ਵੱਢਣੀਆਂ ਸ਼ੁਰੂ ਕਰ ਦਿੱਤੀਆਂ। ਘਰ ਦਾ ਮਾਲਕ ਤੇ ਉਸ ਦੇ ਦੋ ਸਾਥੀ ਛੱਤ 'ਤੋਂ ਅਤੇ ਫਿਰ ਪਿਛਲੀ ਕੰਧ ਟੱਪ ਕੇ ਬਚ ਨਿਕਲਣ 'ਚ ਸਫ਼ਲ ਹੋ ਗਏ ਤੇ ਉਨ੍ਹਾਂ ਕਸਬੇ 'ਚ ਮਦਦ ਲਈ ਚੀਕ-ਚਿਹਾੜਾ ਮਚਾਇਆ। ਇੱਕ ਆਦਮੀ ਤੇ ਇੱਕ ਔਰਤ ਮਾਰੇ ਗਏ ਸਨ ਤੇ ਸੱਤ ਔਰਤਾਂ ਤੇ ਬੱਚੇ ਜ਼ਖ਼ਮੀ ਹੋ ਗਏ ਸਨ ਪਰ ਜਿਹੜੇ ਦੋ ਬੁੱਚੜਾਂ ਦਾ ਕਤਲ ਅਸਲ 'ਚ ਕੀਤਾ ਜਾਣਾ ਸੀ, ਉਹ ਬਚ ਗਏ ਸਨ ਅਤੇ ਜਿਹੜੇ ਪੀੜਤ ਸਨ, ਉਹ ਤਾਂ ਐਵੇਂ ਅਜਨਬੀ ਸਨ ਜੋ ਅਸਥਾਈ ਤੌਰ 'ਤੇ ਉਨ੍ਹਾਂ ਦੇ ਘਰ 'ਚ ਰਹਿ ਰਹੇ ਸਨ ਤੇ ਉਹ ਇੱਕ ਬੁੱਚੜ ਦੇ ਪਰਿਵਾਰ ਨਾਲ ਹੀ ਸੰਬੰਧਤ ਸਨ। ਅਣਪਛਾਤੇ ਹਮਲਾਵਰ ਫ਼ਰਾਰ ਹੋ ਗਏ, ਉੱਥੇ ਹੰਗਾਮਾ ਮੱਚ ਗਿਆ। ਉਸ ਵੇਲੇ ਮਸ਼ਾਲਾਂ ਬਾਲ਼ ਕੇ ਤੁਰੰਤ ਉਨ੍ਹਾਂ ਕਾਤਲਾਂ ਦਾ ਪਿੱਛਾ ਕਰਨਾ ਵੀ ਨਾਮੁਮਕਿਨ ਸੀ। ਅਗਲੀ ਸਵੇਰ ਨੂੰ ਦਿਨ ਦੀ ਰੌਸ਼ਨੀ ਵਿਚ ਉਹਨਾਂ ਦੀ ਭਾਲ ਸ਼ੁਰੂ ਕੀਤੀ ਤੇ ਖੁਰੇ ਪਟਿਆਲੇ ਖੇਤਰ ਵਿਚ ਲੈ ਗਏ।

ਪਟਿਆਲਾ ਦੇ ਅਧਿਕਾਰੀਆਂ ਦੀ ਮਦਦ ਨਾਲ ਕੂਕਾ ਸੰਪਰਦਾਇ ਦੇ ਕਈ ਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਉਨ੍ਹਾਂ ਨੂੰ ਰਾਏਕੋਟ ਦੇ ਕਤਲਾਂ ਦੇ ਸਿਲਸਿਲੇ ਵਿੱਚ ਬ੍ਰਿਟਿਸ਼ ਖੇਤਰ 'ਚ ਲਿਆਂਦਾ ਗਿਆ। ਉਨ੍ਹਾਂ ਆਪਣਾ ਜੁਰਮ ਆਪੇ ਮੰਨ ਵੀ ਲਿਆ, ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਤੇ ਤਿੰਨ ਜਣਿਆਂ ਮਸਤਾਨ ਸਿੰਘ, ਗੁਰਮੁਖ ਸਿੰਘ ਤੇ ਮੰਗਲ ਸਿੰਘ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਉਨ੍ਹਾਂ ਨੂੰ 5 ਅਗਸਤ ਨੂੰ ਫਾਂਸੀ ਦਿੱਤੀ ਗਈ। ਚੌਥਾ ਵਿਅਕਤੀ ਗੁਲਾਬ ਸਿੰਘ ਸੀ, ਜਿਸ ਨੂੰ ਰਾਏਕੋਟ ਦੇ ਕਤਲਾਂ ਲਈ ਫਾਂਸੀ ਦੀ ਸਜ਼ਾ ਦਾ ਐਲਾਨ ਹੋਇਆ ਸੀ ਪਰ ਉਸ ਨੂੰ ਪੇਸ਼ਕਸ਼ ਕੀਤੀ ਗਈ ਕਿ ਜੇ ਉਹ ਅੰਮ੍ਰਿਤਸਰ ਦੇ ਕਤਲ ਕਾਂਡ ਦੇ ਸਾਰੇ ਤੱਥ ਜ਼ਾਹਿਰ ਕਰ ਦੇਵੇ, ਤਾਂ ਉਸ ਦੀ ਜਾਨ ਬਖ਼ਸ਼ ਦਿੱਤੀ ਜਾਵੇਗੀ। ਉਸ ਨੇ ਉਹ ਪੇਸ਼ਕਸ਼ ਪ੍ਰਵਾਨ ਕਰ ਲਈ ਤੇ ਤੁਰੰਤ ਉਸ ਦਾ ਬਿਆਨ ਲਿਆ ਗਿਆ। ਉਸ ਨੇ 10 ਜਣਿਆਂ (ਜੋ ਸਾਰੇ ਹੀ ਕੂਕਾ ਸੰਪਰਦਾਇ ਨਾਲ ਸੰਬੰਧਤ ਸਨ) ਦੇ ਨਾਂਅ ਲਏ ਜੋ ਸਭ ਕਤਲਾਂ ਲਈ ਜ਼ਿੰਮੇਵਾਰ ਸਨ, ਅਪਰਾਧਕ ਵਾਰਦਾਤ ਦੇ ਸਾਰੇ ਹਾਲਾਤ ਵਰਨਣ ਕੀਤੇ ਗਏ ਤੇ ਕਿੱਥੇ ਉਹ ਸਾਰੇ ਕਾਤਲ ਨੱਸ ਕੇ ਗਏ ਸਨ ਤੇ ਉਨ੍ਹਾਂ ਨੇ ਆਪਣੇ ਹਥਿਆਰ ਕਿੱਥੇ ਲੁਕਾਏ ਸਨ। ਉਸ ਦਾ ਇਹ ਸਾਰਾ ਬਿਆਨ ਸਹੀ ਪਾਇਆ ਗਿਆ। ਉਸ ਨੂੰ 2 ਅਗਸਤ ਨੂੰ ਅੰਮ੍ਰਿਤਸਰ ਲਿਆਂਦਾ ਗਿਆ। ਅਗਲੇ ਹੀ ਦਿਨ ਕੁਝ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ (ਬਾਕੀ ਦੇ ਫ਼ਰਾਰ ਹੋ ਗਏ ਸਨ) ਤੇ ਉਨ੍ਹਾਂ 'ਚੋਂ ਦੋ ਨੇ ਆਪਣਾ ਜੁਰਮ ਕਬੂਲ ਕਰ ਲਿਆ। ਕਤਲਾਂ ਲਈ ਵਰਤੇ ਗਏ ਹਥਿਆਰ ਮਿਲਣ ਨਾਲ

ਗੁਲਾਬ ਸਿੰਘ ਦਾ ਬਿਆਨ ਤੇ ਦੋ ਹੋਰਨਾਂ ਬੀਲਾ ਸਿੰਘ ਤੇ ਲਹਿਣਾ ਸਿੰਘ ਦੇ ਬਿਆਨ ਦਰੁਸਤ ਸਿੱਧ ਹੋਏ, ਇਨ੍ਹਾਂ ਦੋਵਾਂ ਨੇ ਵੀ ਅਪਰਾਧ 'ਚ ਆਪਣੀ ਸ਼ਮੂਲੀਅਤ ਦਾ ਇਕਬਾਲ ਕੀਤਾ ਸੀ। ਸੁਣਵਾਈ ਦੌਰਾਨ ਉਸ ਦੀ (ਗੁਲਾਬ ਸਿੰਘ) ਵਰਤੋਂ ਇੱਕ ਗਵਾਹ ਵਜੋਂ ਕੀਤੀ ਗਈ ਕਿ ਤਾਂ ਜੋ ਸਰਕਾਰੀ ਧਿਰ ਨੂੰ ਆਪਣਾ ਸਬੂਤ ਮਜ਼ਬੂਤੀ ਨਾਲ ਰੱਖਣਾ ਸੁਖਾਲ਼ਾ ਰਹੇ ਇਸ ਲਈ ਉਸ ਨੂੰ ਮੁਆਫ ਕਰਨਾ ਠੀਕ ਸਮਝਿਆ ਗਿਆ। ਉਸ ਨੂੰ ਇਸ ਲਈ ਚੁਣਿਆ ਗਿਆ ਕਿਉਂਕਿ ਉਸ ਨੇ ਬਹੁਤ ਮਜ਼ਬੂਤ ਨੈਤਿਕ ਮਜਬੂਰੀ ਅਧੀਨ ਕਸਾਈਆਂ ਦੇ ਕਤਲਾਂ ਵਿੱਚ ਸ਼ਮੂਲੀਅਤ ਕੀਤੀ ਸੀ ਅਤੇ ਇਸ ਲਈ ਵੀ ਕਿਉਂਕਿ ਉਸ ਦੀ ਇਸ ਸਾਜ਼ਿਸ਼ ਵਿੱਚ ਕੋਈ ਸਰਗਰਮ ਭੂਮਿਕਾ ਨਹੀਂ ਸੀ।

ਦੋ ਮੁਖ਼ਬਰਾਂ ਵੱਲੋਂ ਦਿੱਤੀਆਂ ਗਵਾਹੀਆਂ ਤੇ ਬੀਲਾ ਸਿੰਘ ਵੱਲੋਂ ਕੀਤੇ ਗਏ ਜੁਰਮ ਦੇ ਇਕਬਾਲ ਸਦਕਾ ਇਨ੍ਹਾਂ ਦੋਸ਼ੀਆਂ ਵਿਰੁੱਧ ਅਪਰਾਧ ਤਸੱਲੀਬਖ਼ਸ਼ ਤਰੀਕੇ ਨਾਲ ਸਿੱਧ ਹੋਇਆ:

1. ਫ਼ਤਹਿ ਸਿੰਘ;
2. ਬੀਲਾ ਸਿੰਘ;
3 ਹਾਕਮ ਸਿੰਘ (ਪਟਵਾਰੀ);
4. ਲਹਿਣਾ ਸਿੰਘ (ਤਰਖਾਣ);
5. ਲਾਲ ਸਿੰਘ (ਪੁਲਿਸ ਕਾਂਸਟੇਬਲ);
6. ਲਹਿਣਾ ਸਿੰਘ (ਕੂਕਿਆਂ ਦਾ ਇੱਕ ਪ੍ਰਮੁੱਖ ਵਿਅਕਤੀ)

1 ਤੋਂ ਲੈ ਕੇ 4 ਨੰਬਰ ਤੱਕ ਨੂੰ ਕਤਲ ਦੇ ਦੋਸ਼ੀ ਪਾਇਆ ਗਿਆ ਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ; ਨੰ. 5 ਤੇ 6 ਨੂੰ ਕਤਲ ਕਰਨ ਲਈ ਉਕਸਾਉਣ ਦੇ ਦੋਸ਼ੀ ਪਾਇਆ ਗਿਆ ਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਮੁਖ਼ਬਰ ਦੀ ਗਵਾਹੀ ਤੇ ਬੀਲਾ ਸਿੰਘ ਦੇ ਇਕਬਾਲੇ ਜੁਰਮ ਤੋਂ ਇਹ ਤੱਥ ਸਾਹਮਣੇ ਆਇਆ ਕਿ ਅੰਮ੍ਰਿਤਸਰ ਦੇ ਕਤਲ ਪੂਰੇ ਯੋਜਨਾਬੱਧ ਢੰਗ ਨਾਲ ਕੀਤੇ ਗਏ ਸਨ। ਪਹਿਲਾਂ ਤਿੰਨ ਵਾਰ ਕਤਲਾਂ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਉਨ੍ਹਾਂ ਨੂੰ ਸਫ਼ਲਤਾ 14 ਜੂਨ ਦੀ ਰਾਤ ਨੂੰ ਮਿਲ ਸਕੀ ਸੀ। ਇਸ ਅਪਰਾਧ ਨਾਲ ਜੁੜੇ ਸਾਰੇ ਹੀ ਅਪਰਾਧੀ ਕੂਕਾ ਸੰਪਰਦਾਇ ਨਾਲ ਸੰਬੰਧਤ ਸਨ ਅਤੇ ਕਈ ਜਣੇ ਐਵੇਂ ਹੀ ਬੇਦਿਲੀ ਨਾਲ ਇਸ ਮਾਮਲੇ ਨਾਲ ਜੁੜ ਗਏ ਸਨ ਕਿਉਂਕਿ ਉਨ੍ਹਾਂ ਡਰਾਇਆ ਗਿਆ ਸੀ ਕਿ ਜੇ ਉਨ੍ਹਾਂ ਗੁਰੂ ਰਾਮ ਸਿੰਘ ਜੀ ਦੀ ਗੱਲ ਨਾ ਮੰਨੀ ਤਾਂ ਕਥਿਤ ਤੌਰ 'ਤੇ ਸੰਭਾਵੀ ਨਤੀਜੇ ਭੈੜੇ ਨਿਕਲ ਸਕਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਸਾਰੇ ਅਪਰਾਧ ਗੁਰੂ ਦੇ ਹੁਕਮ ਅਧੀਨ ਹੀ ਹੋਏ ਸਨ ਅਤੇ ਜੇ ਕੁਝ ਗਵਾਹਾਂ ਦੀਆਂ ਗਵਾਹੀਆਂ 'ਤੇ ਯਕੀਨ ਕੀਤਾ ਜਾਵੇ ਤਾਂ ਬਾਬਾ ਜੀ ਨੂੰ ਘੱਟੋ-ਘੱਟ ਇੰਨਾ ਜ਼ਰੂਰ ਪਤਾ ਸੀ ਕਿ ਕੁਝ ਗ਼ਲਤ ਅਪਰਾਧ ਵਿਚਾਰ ਅਧੀਨ ਹੈ; ਭਾਵੇਂ ਸਰਕਾਰ ਸਾਹਵੇਂ ਸਬੂਤ ਰੱਖੇ ਗਏ ਸਨ ਪਰ ਇਹ ਸਪੱਸ਼ਟ ਨਹੀਂ ਸੀ ਕਿ ਬਾਬਾ ਜੀ ਨੇ ਕਿਸ ਹੱਦ ਤੱਕ ਅਜਿਹਾ ਕੁਝ ਕਰਨ ਦੀ ਪ੍ਰਵਾਨਗੀ ਦਿੱਤੀ ਸੀ ਜਾਂ ਉਨ੍ਹਾਂ ਨੂੰ ਇਹ ਸਭ ਕਰਨ ਦੀ ਹੱਲਾਸ਼ੇਰੀ ਦਿੱਤੀ ਸੀ।

ਗੁਰੂ ਜੀ ਨੇ ਕਸ਼ਮੀਰ ਤੇ ਨੇਪਾਲ ਦੇ ਮਹਾਰਾਜਿਆਂ ਦੀ ਸੇਵਾ ਵਿੱਚ ਆਪਣੇ ਕਈ ਸ਼ਰਧਾਲੂਆਂ ਨੂੰ ਫ਼ੌਜੀਆਂ ਵਜੋਂ ਨਿਯੁਕਤ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ ਸੀ। ਇਹ ਗੱਲ ਪੱਕੀ ਹੈ ਕਿ ਉਹ ਨੇਪਾਲ 'ਚ ਉਨ੍ਹਾਂ ਨੂੰ ਕੋਈ ਸਫ਼ਲਤਾ ਨਹੀਂ ਮਿਲੀ ਸੀ; ਪਰ ਪੰਜਾਬ ਸਰਕਾਰ ਦੀਆਂ ਰਿਪੋਰਟਾਂ ਇਹ ਦਰਸਾਉਂਦੀਆਂ ਹਨ ਕਿ ਕਸ਼ਮੀਰ ਦੇ ਮਹਾਰਾਜੇ ਕੋਲ ਕੁਝ ਕੂਕੇ ਨਿਯੁਕਤ ਹੋਏ ਸਨ, ਜਿਨ੍ਹਾਂ ਲਈ ਇੱਕ ਕੂਕਾ ਰੇਜਿਮੈਂਟ ਬਣਾਉਣ ਦੀ ਗੱਲ ਕੀਤੀ ਗਈ ਸੀ ਪਰ ਕੂਕਿਆਂ ਵੱਲੋਂ ਕਸਾਈਆਂ ਦੇ ਕਤਲ ਕੀਤੇ ਹੋਣ ਦੀ ਖ਼ੁਫ਼ੀਆ ਰਿਪੋਰਟ ਮਿਲਣ ਤੋਂ ਬਾਅਦ ਮਹਾਰਾਜੇ ਨੇ ਆਪਣੇ ਕੋਲ ਨਿਯੁਕਤ ਇਸ ਸੰਪਰਦਾਇ ਦੇ ਸਾਰੇ ਵਿਅਕਤੀਆਂ ਨੂੰ ਬਰਖ਼ਾਸਤ ਕਰ ਦਿੱਤਾ ਸੀ ਤੇ ਉਨ੍ਹਾਂ ਨੂੰ ਆਪਣੇ ਅਧਿਕਾਰ-ਖੇਤਰ 'ਚੋਂ ਬਾਹਰ ਵੀ ਕੱਢ ਦਿੱਤਾ ਸੀ। ਬ੍ਰਿਟਿਸ਼ ਖੇਤਰ ਵਿੱਚ ਇਨ੍ਹਾਂ ਵਿਅਕਤੀਆਂ ਦੀਆਂ ਗਤੀਵਿਧੀਆਂ 'ਤੇ ਪੁਲਿਸ ਨੇ ਪੂਰੀ ਚੌਕਸ ਨਜ਼ਰ ਰੱਖੀ ਸੀ।

ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਦਾ ਵਿਚਾਰ ਹੈ ਕਿ ''ਅਪਰਾਧਕ ਮਾਮਲਿਆਂ ਦੀ ਸੁਣਵਾਈ ਕਰਨ ਵਾਲੀ ਅਦਾਲਤ 'ਚ ਸੁਣਵਾਈ ਦੌਰਾਨ ਲੋੜੀਂਦੇ ਗੁਰੂ ਰਾਮ ਸਿੰਘ ਜੀ ਵਿਰੁੱਧ ਕਿਸੇ ਤਰ੍ਹਾਂ ਦੇ ਸਬੂਤ ਔਖੇ ਹੀ ਨਹੀਂ, ਅਸੰਭਵ ਹੋ ਸਕਦੇ ਹਨ।'' ਮਾਣਯੋਗ ਲੈਫ਼ਟੀਨੈਂਟ ਗਵਰਨਰ ਦਾ ਇਹ ਵੀ ਕਹਿਣਾ ਹੈ,''ਅਜਿਹੇ ਸਬੂਤ ਬਹੁਤ ਧਿਆਨ ਨਾਲ ਇਕੱਠੇ ਕੀਤੇ ਜਾ ਰਹੇ ਹਨ; ਅਤੇ ਕੀ ਇਹ ਸਬੂਤ ਫ਼ੈਸਲਾਕੁੰਨ ਜਾਪਣਗੇ ਅਤੇ ਕੀ ਮੁਕੱਦਮਾ ਚੱਲਣ ਦੌਰਾਨ ਨਾਕਾਮ ਰਹਿਣ ਦਾ ਕੋਈ ਖ਼ਤਰਾ ਨਹੀਂ ਰਹੇਗਾ, ਇਸ ਲਈ ਇਹ ਫ਼ੈਸਲਾ ਕਰ ਲੈਣਾ ਦਰੁਸਤ ਰਹੇਗਾ ਕਿ ਕੀ ਉਨ੍ਹਾਂ ਵਿਰੁੱਧ ਸੁਣਵਾਈ ਕਰਨੀ ਹੈ ਜਾਂ ਨਹੀਂ ਜਾਂ ਉਨ੍ਹਾਂ ਨਾਲ ਕਿਸੇ ਹੋਰ ਸੁਵਿਧਾਜਨਕ ਢੰਗ ਨਾਲ ਨਿਪਟਿਆ ਜਾ ਸਕਦਾ ਹੈ।''

ਆਸ ਹੈ ਕਿ ਕੂਕਾ ਸੰਪਰਦਾਇ ਦੇ ਰਹਿਨੁਮਾ ਵਜੋਂ ਬਾਬਾ ਰਾਮ ਸਿੰਘ ਜੀ ਦੀ ਹਰਮਨ ਪਿਆਰਤਾ ਨੂੰ ਰੋਕ ਲਗੀ ਹੈ। ਉਨ੍ਹਾਂ ਨੂੰ ਰਾਏਕੋਟ ਮਾਮਲੇ ਵਿੱਚ ਬਚਾਅ ਲਈ ਗਵਾਹ ਵਜੋਂ ਸੱਦਿਆ ਗਿਆ ਸੀ ਅਤੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਤਾਂ ਸੁਣਵਾਈ ਤੋਂ ਬਾਅਦ ਕੁਝ ਵਧੇਰੇ ਹੀ ਵਿਸ਼ਵਾਸ ਨਾਲ ਕੁਝ ਇਸ ਤਰ੍ਹਾਂ ਰਿਪੋਰਟ ਦਿੱਤੀ ਸੀ: ''ਕੂਕਾਵਾਦ ਦੀ ਗਰਦਨ ਟੁੱਟ ਗਈ ਹੈ। ਹਰ ਘੰਟੇ ਲੋਕ ਇਸ ਸੰਪਰਦਾਇ ਨੂੰ ਛੱਡ ਕੇ ਜਾ ਰਹੇ ਹਨ... ਬਾਬਾ ਰਾਮ ਸਿੰਘ ਜੀ 'ਤੇ ਕੋਈ ਭਰੋਸਾ ਬਾਕੀ ਨਹੀਂ ਰਹਿ ਗਿਆ ਹੈ। ਕੂਕਿਆਂ ਦਾ ਮੰਨਣਾ ਹੈ ਕਿ ਸੁਣਵਾਈ ਦੌਰਾਨ ਬਾਬਾ (ਗੁਰੂ) ਜੀ ਨੇ ਆਪਣੇ ਲਈ ਮਾੜੇ ਨਤੀਜਿਆਂ ਤੋਂ ਡਰ ਕੇ ਝੂਠੀ ਗਵਾਹੀ ਦਿੱਤੀ ਸੀ।''

ਬਾਬਾ ਰਾਮ ਸਿੰਘ ਦੇ ਸੂਬਾ (ਇੱਕ ਮੁਖੀ) ਲਹਿਣਾ ਸਿੰਘ ਨੂੰ, ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਅੰਮ੍ਰਿਤਸਰ ਮਾਮਲੇ ਵਿੱਚ ਕਤਲਾਂ ਵਾਸਤੇ ਉਕਸਾਉਣ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ ਤੇ ਉਨ੍ਹਾਂ ਨੂੰ ਉਮਰ ਭਰ ਲਈ ਦੇਸ਼ ਨਿਕਾਲੇ ਦੀ ਸਜ਼ਾ ਦਿੱਤੀ ਗਈ ਸੀ। ਦੋ ਹੋਰ ਸੂਬੇ ਹੁਣ ਲੁਧਿਆਣਾ 'ਚ ਹਿਰਾਸਤ ਅਧੀਨ ਹਨ। ਇਸ ਵਿਸ਼ੇ 'ਤੇ ਪੰਜਾਬ ਸਰਕਾਰ ਦੀ ਟਿੱਪਣੀ ਇੰਝ ਹੈ: ''ਇੱਕ ਗਿਆਨੀ ਵਿਰੁੱਧ ਕਾਫ਼ੀ ਸਬੂਤ

ਹਾਸਲ ਕਰ ਲਏ ਗਏ ਹਨ ਕਿ ਸੁਣਵਾਈ ਦੌਰਾਨ ਉਸ ਨੂੰ ਅਪਰਾਧ ਲਈ ਉਕਸਾਉਣ ਵਾਲਾ ਸਿੱਧ ਕੀਤਾ ਜਾ ਸਕਦਾ ਹੈ ਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਹੋਵੇਗੀ। ਦੂਜੇ ਸੂਬਾ ਲੱਖਾ ਸਿੰਘ ਨੂੰ ਗਿਆਨੀ ਵਿਰੁੱਧ ਗਵਾਹ ਵਜੋਂ ਅਦਾਲਤ 'ਚ ਪੇਸ਼ ਹੋਣ ਲਈ ਸੱਦਿਆ ਗਿਆ ਹੈ ਪਰ ਕੀ ਉਸ ਨੂੰ ਅਪਰਾਧੀ ਕਰਾਰ ਦੇਣ ਦੇ ਕਾਫ਼ੀ ਸਬੂਤ ਮਿਲ ਸਕਣਗੇ, ਜੇ ਮਿਲ ਗਏ ਤਾਂ ਉਸ ਵਿਰੁੱਧ ਵੀ ਸੁਣਵਾਈ ਕੀਤੀ ਜਾਵੇਗੀ।'' ਅਤੇ ਜਿੱਥੇ ਕਿਤੇ ਵੀ ਕਿਸੇ ਕੂਕਾ ਸੂਬੇ (ਜਿਨ੍ਹਾਂ ਦੀ ਗਿਣਤੀ 40 ਦੇ ਲਗਭਗ ਹੈ) ਦਾ ਸਬੰਧ ਹਾਲੀਆ ਕਤਲਾਂ ਨਾਲ ਜੁੜਦਾ ਦਿਸਿਆ, ਤਾਂ ਲੈਫ਼ਟੀਨੈਂਟ ਗਵਰਨਰ ਦਾ ਪ੍ਰਸਤਾਵ ਹੈ ਕਿ ਉਸ ਨਾਲ ਬਿਲਕੁਲ ਇਵੇਂ ਹੀ ਕੀਤਾ ਜਾਵੇਗਾ। ਇਹ ਸਮਝਿਆ ਜਾਂਦਾ ਹੈ ਕਿ ਗਿਆਨੀ ਸਿੰਘ ਤੇ ਰਤਨ ਸਿੰਘ ਨੂੰ ਅੰਮ੍ਰਿਤਸਰ ਡਿਵੀਜ਼ਨ ਦੇ ਕਮਿਸ਼ਨਰ ਵੱਲੋਂ ਦੋਸ਼ੀ ਕਰਾਰ ਦਿੱਤਾ ਗਿਆ ਹੈ ਤੇ ਉਨ੍ਹਾਂ ਦਾ ਮਾਮਲਾ ਹਾਈ ਕੋਰਟ ਦੇ ਹਵਾਲੇ ਅਧੀਨ ਹੈ।

## 47

ਕੇਂਦਰੀ ਪੁਲਿਸ ਦਫ਼ਤਰ -- ਲਾਹੌਰ।
ਮੀਮੋ ਨੰ. 4505

*ਮਿਤੀ ਲਾਹੌਰ, 28 ਸਤੰਬਰ, 1871*

*ਵੱਲ*

ਪੁਲਿਸ ਦੇ ਸਾਰੇ ਡਿਪਟੀ ਇੰਸਪੈਕਟਰਜ਼ ਜਨਰਲ

*ਕੂਕੇ ਪੁਲਿਸ 'ਚ ਭਰਤੀ ਨਹੀਂ ਕੀਤੇ ਜਾਣਗੇ*

ਨਿਮਨਹਸਤਾਖਰੀ ਦੀ ਬੇਨਤੀ ਹੈ ਕਿ ਉਹ ਜ਼ਿਲ੍ਹਾ ਸੁਪਰਇੰਟੈਂਡੈਂਟਸ ਨੂੰ ਹੁਕਮ ਜਾਰੀ ਕਰਨਗੇ ਕਿ ਉਹ ਭਵਿੱਖ 'ਚ ਕਦੇ ਵੀ ਕੂਕਾ ਸੰਪਰਦਾਇ ਦੇ ਕਿਸੇ ਵੀ ਵਿਅਕਤੀ ਨੂੰ ਪੁਲਿਸ ਬਲ 'ਚ ਭਰਤੀ ਨਹੀਂ ਕਰਨਗੇ।

2. ਜਿਹੜੇ ਵੀ ਜ਼ਿਲ੍ਹਿਆਂ 'ਚ ਕੂਕਾ ਸੰਪਰਦਾਇ ਦੀ ਗਿਣਤੀ ਵੱਧ ਹੈ, ਜਿਵੇਂ ਕਿ ਲੁਧਿਆਣਾ, ਅੰਮ੍ਰਿਤਸਰ, ਸਿਆਲਕੋਟ ਆਦਿ, ਇਨ੍ਹਾਂ 'ਚ ਜਿਹੜੇ ਵੀ ਕੂਕੇ ਹੁਣ ਪੁਲਿਸ ਬਲ 'ਚ ਤਾਇਨਾਤ ਹਨ, ਉਨ੍ਹਾਂ ਦੇ ਤਬਾਦਲੇ ਗ਼ੈਰ-ਕੂਕਾ ਜ਼ਿਲ੍ਹਿਆਂ, ਜਿਵੇਂ ਕਿ ਗੁੜਗਾਓਂ, ਝੰਗ ਆਦਿ 'ਚ ਕਰ ਦਿੱਤੇ ਜਾਣਗੇ।

## 48

*ਕਸ਼ਮੀਰ 'ਚ ਕੂਕਾ ਰੈਜਿਮੈਂਟ*

ਜਿਹਲਮ ਜ਼ਿਲ੍ਹੇ ਦੀ ਪੁਲਿਸ ਰਿਪੋਰਟ

*ਹਫ਼ਤਾ ਸਮਾਪਤੀ 30 ਸਤੰਬਰ, 1871*

ਹਫ਼ਤੇ ਦੌਰਾਨ ਕਈ ਕੂਕੇ ਲੰਘ ਕੇ ਗਏ ਹਨ। ਉਹ ਸਾਰੇ ਇਹੋ ਆਖ ਕੇ ਗਏ

ਹਨ ਕਿ ਉਹ ਕਸ਼ਮੀਰ ਦੇ ਮਹਾਰਾਜਾ ਦੀ ਸੇਵਾ 'ਚ ਸਨ ਤੇ ਉਨ੍ਹਾਂ ਦੀਆਂ ਸੇਵਾਵਾਂ ਬਰਤਰਫ਼ ਕਰ ਦਿੱਤੀਆਂ ਗਈਆਂ ਸਨ। ਉਹ ਮੁਜ਼ੱਫ਼ਰਾਬਾਦ ਕਿਲ੍ਹੇ ਤੋਂ ਆਏ ਹਨ ਅਤੇ ਐਬਟਾਬਾਦ ਤੇ ਹਜ਼ਾਰਾ ਵਿਚੋਂ ਦੀ ਲੰਘ ਕੇ ਪਿੰਡੀ ਪੁੱਜੇ ਹਨ ਤੇ ਹੁਣ ਰੋਜ਼ਗਾਰ ਦੀ ਭਾਲ਼ 'ਚ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮਹਾਰਾਜੇ ਨੇ ਸਾਰੇ ਕੂਕਿਆਂ ਨੂੰ ਨੌਕਰੀ ਤੋਂ ਇੱਕਦਮ ਜਵਾਬ ਦੇ ਦਿੱਤਾ ਹੈ।

ਡੀ.ਐੱਚ. ਮਰਸਰ,
ਮੇਜਰ ਕਾਰਜਕਾਰੀ,
ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ।

ਨੰ. 2095, ਮਿਤੀ ਸ਼ਿਮਲਾ, 7 ਅਕਤੂਬਰ, 1871.

*ਵੱਲੋਂ*

ਐੱਲ.ਐੱਚ. ਗ੍ਰਿਫਿਨ, ,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਈ.ਸੀ. ਬੇਲੇ, , ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਮੈਂ ਚਾਹੁੰਦਾ ਹਾਂ ਕਿ ਮਹਾਮਹਿਮ ਵਾਇਸਰਾਏ ਤੇ ਗਵਰਨਰ ਜਨਰਲ-ਇਨ-ਕੌਂਸਲ ਦੀ ਜਾਣਕਾਰੀ ਹਿਤ 30 ਸਤੰਬਰ, 1871 ਨੂੰ ਖ਼ਤਮ ਹੋ ਰਹੇ ਹਫ਼ਤੇ ਲਈ ਜਿਹਲਮ ਜ਼ਿਲ੍ਹੇ ਦੀ ਗੁਪਤ ਪੁਲਿਸ ਰਿਪੋਰਟ ਦੀ ਕਾਪੀ ਆਪ ਜੀ ਨੂੰ ਭੇਜਾਂ।

**(ਗੁਪਤ)**

*ਨੰ. 54* *ਮਿਤੀ 10 ਅਕਤੂਬਰ, 1871.*

*ਵੱਲੋਂ*

ਈ.ਸੀ. ਬੇਲੇ, , ਸੀ.ਐੱਸ.ਆਈ.
ਸਕੱਤਰ, ਭਾਰਤ ਸਰਕਾਰ।

*ਵੱਲ*

ਐੱਲ.ਐੱਚ. ਗ੍ਰਿਫਿਨ, ,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਮੈਨੂੰ ਤੁਹਾਡੇ ਪੱਤਰ ਨੰ. 2098 ਮਿਤੀ ਇਸੇ ਮਹੀਨੇ ਦੀ 7 ਦੀ ਪ੍ਰਾਪਤੀ ਬਾਰੇ ਜਾਣਕਾਰੀ ਦੇਣ ਤੇ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਮਹਾਮਹਿਮ ਲੈਫ਼ਟੀਨੈਂਟ ਗਵਰਨਰ ਇਨ੍ਹਾਂ ਵਿਅਕਤੀਆਂ 'ਤੇ ਪੂਰੇ ਧਿਆਨ ਨਾਲ ਨਜ਼ਰ ਰੱਖਣਗੇ ਤੇ ਉਹ ਇਹ ਨਿਸ਼ਚਿਤ ਕਰਨ ਲਈ ਕਦਮ ਚੁੱਕਣਗੇ ਕਿ ਹਰ ਸੰਭਵ ਹੱਦ ਤੱਕ ਇਹ ਨਜ਼ਰ ਨਿਜੀ ਰੂਪ ਵਿੱਚ ਰੱਖੀ ਜਾਵੇ, ਇਨ੍ਹਾਂ ਕੂਕਿਆਂ ਨੂੰ ਰੋਜ਼ਗਾਰ 'ਤੇ ਕਿਵੇਂ ਰੱਖਿਆ

ਜਾਂਦਾ ਹੈ, ਉਨ੍ਹਾਂ ਨੂੰ ਕਿਉਂ ਬਰਖ਼ਾਸਤ ਕੀਤਾ ਜਾ ਰਿਹਾ ਹੈ, ਕੀ ਉਹ ਜਾ ਰਹੇ ਹਨ, ਉਨ੍ਹਾਂ ਦੇ ਨਾਂਅ ਕੀ ਹਨ ਤੇ ਉਹ ਕੀ ਕਰਨ ਜਾ ਰਹੇ ਹਨ ਤੇ ਜੇ ਸੰਭਵ ਹੋਵੇ, ਅਸਲ 'ਚ ਉਨ੍ਹਾਂ ਨਾਲ ਕਿਵੇਂ ਨਿਪਟਿਆ ਗਿਆ।

**(ਗੁਪਤ)**

*ਨੰ. 55* *ਮਿਤੀ 13 ਅਕਤੂਬਰ, 1871.*

*ਵੱਲੋਂ*

ਐੱਲ.ਐੱਚ. ਗ੍ਰਿਫਿਨ, ,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਈ.ਸੀ. ਬੇਲੇ, , ਸੀ.ਐੱਸ.ਆਈ.
ਸਕੱਤਰ, ਭਾਰਤ ਸਰਕਾਰ।

ਮੈਂ ਚਾਹੁੰਦਾ ਹਾਂ ਕਿ ਤੁਹਾਡੇ ਇਸੇ ਮਹੀਨੇ ਦੀ 10 ਤਰੀਕ ਵਾਲੇ ਪੱਤਰ (ਗੁਪਤ) ਦੀ ਪ੍ਰਾਪਤੀ ਦੀ ਜਾਣਕਾਰੀ ਦੇਵਾਂ, ਜਿਸ ਵਿੱਚ ਕਸ਼ਮੀਰ ਦੇ ਮਹਾਰਾਜਾ ਦੀ ਸੇਵਾ 'ਚੋਂ ਬਰਤਰਫ਼ ਕੀਤੇ ਕੂਕਿਆਂ ਬਾਰੇ ਸੁਪਰੀਮ ਸਰਕਾਰ ਦੇ ਹੁਕਮ ਦਰਜ ਹਨ ਤੇ ਇਹ ਵੀ ਵਰਣਿਤ ਹੈ ਕਿ ਪੁਲਿਸ ਦੇ ਇੰਸਪੈਕਟਰਜ਼ ਜਨਰਲ ਨੂੰ ਇਨ੍ਹਾਂ ਵਿਅਕਤੀਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਦੀ ਹਦਾਇਤ ਦਿੱਤੀ ਗਈ ਹੈ, ਆਦਿ।

*ਸੀ. ਗਰਡਲ-ਸਟੋਨ, ਦੇ ਨੀਮ-ਅਧਿਕਾਰਤ ਪੱਤਰ, ਮਿਤੀ 5 ਅਕਤੂਬਰ, 1871 ਦੀ ਕਾਪੀ।*

ਕੂਕਿਆਂ ਬਾਰੇ ਤੁਸੀਂ ਕੁਝ ਸੁਆਲ ਪੁੱਛੇ ਸਨ, ਉਨ੍ਹਾਂ ਦਾ ਜਵਾਬ ਦੇਣ 'ਚ ਮੈਨੂੰ ਕੁਝ ਦੇਰੀ ਹੋ ਗਈ ਹੈ, ਉਸ ਲਈ ਮੈਨੂੰ ਜ਼ਰੂਰ ਮੁਆਫ਼ੀ ਮੰਗਣੀ ਚਾਹੀਦੀ ਹੈ ਪਰ ਸੱਚਾਈ ਇਹ ਹੈ ਕਿ ਕੋਈ ਜਾਣਕਾਰੀ ਹਾਸਲ ਕਰਨੀ ਕੋਈ ਸੌਖਾ ਕੰਮ ਵੀ ਨਹੀਂ ਹੈ। ਮੈਂ ਚੁੱਪਚਾਪ ਦੋ ਪਾਸਿਓਂ ਆਜ਼ਾਦਾਨਾ ਢੰਗ ਨਾਲ ਖੋਜ ਕੀਤੀ ਹੈ ਤੇ ਦੋਵੇਂ ਹੀ ਮੁਖ਼ਬਰਾਂ ਨੇ ਇੰਨ-ਬਿੰਨ ਇੱਕੋ ਜਿਹੀ ਜਾਣਕਾਰੀ ਦਿੱਤੀ ਹੈ। ਪਿਛਲੇ ਵਰ੍ਹੇ ਮਹਾਰਾਜਾ ਨੇ ਦੋ ਕੂਕਾ ਕੰਪਨੀਆਂ ਸਥਾਪਤ ਕੀਤੀਆਂ ਸਨ, ਜਿਨ੍ਹਾਂ 'ਚ 200 ਜਵਾਨ ਸਨ ਅਤੇ ਤਦ ਅਜਿਹੀ ਜਾਣਕਾਰੀ ਵੀ ਮਿਲੀ ਸੀ ਕਿ ਇਨ੍ਹਾਂ ਫ਼ੌਜੀਆਂ ਨੂੰ ਇੱਕ ਨਿਯਮਤ ਕੂਕਾ ਰੈਜਿਮੈਂਟ ਦੇ ਕੇਂਦਰ 'ਚ ਰੱਖਿਆ ਜਾਵੇਗਾ, ਬਿਲਕੁਲ ਉਵੇਂ ਜਿਵੇਂ ਕਿ ਉਨ੍ਹਾਂ ਕੋਲ *(ਇੱਥੇ ਇੱਕ ਸ਼ਬਦ ਪੜ੍ਹਨ 'ਚ ਨਹੀਂ ਆ ਰਿਹਾ)* ਅਤੇ ਡੋਗਰਿਆਂ ਦੀਆਂ ਰੈਗੂਲਰ ਰੈਜਿਮੈਂਟਾਂ ਹਨ। ਮਹਾਰਾਜੇ ਨੇ ਇੱਕ ਵਿਅਕਤੀ ਨੂੰ ਹੁਕਮ ਜਾਰੀ ਕਰ ਕੇ ਪੰਜਾਬ ਭੇਜਿਆ ਸੀ ਕਿ ਉਹ ਉੱਥੋਂ ਤਕੜੇ ਜੁੱਸਿਆਂ ਵਾਲੇ ਜਵਾਨ ਭਰਤੀ ਕਰਨ ਲਈ ਲਿਆਵੇ, ਜੋ ਚੰਗੇ ਖ਼ਾਨਦਾਨਾਂ 'ਚੋਂ ਹੋਣ; ਚੰਗੇ ਪਰਿਵਾਰਾਂ ਤੋਂ ਦਰਅਸਲ ਉਹ ਇਹੋ ਚਾਹੁੰਦੇ ਸਨ ਕਿ ਅਜਿਹੇ ਜਵਾਨਾਂ ਦੇ ਚੰਗੇ ਰਿਸ਼ਤੇਦਾਰ ਵੀ ਉਨ੍ਹਾਂ ਦੀ ਸੇਵਾ 'ਚ ਆ ਸਕਣਗੇ। ਦੋ ਸੌ ਵਿਅਕਤੀ ਕੁਝ ਸਮੇਂ ਲਈ ਜੰਮੂ 'ਚ ਆ ਕੇ ਠਹਿਰੇ ਸਨ ਤੇ

ਬਾਅਦ 'ਚ ਉਨ੍ਹਾਂ ਦਾ ਤਬਾਦਲਾ ਸ੍ਰੀਨਗਰ ਕਰ ਦਿੱਤਾ ਗਿਆ ਸੀ। ਉੱਥੇ ਉਨ੍ਹਾਂ ਨਾਲ ਬਹੁਤ ਵਧੀਆ ਵਿਵਹਾਰ ਹੋਇਆ, ਉਨ੍ਹਾਂ ਨਾਲ ਕਾਫ਼ੀ ਜ਼ਿਆਦਾ ਲਾਡ-ਪਿਆਰ ਹੋਏ। ਉਨ੍ਹਾਂ ਦੀਆਂ ਤਨਖ਼ਾਹਾਂ ਤੋਂ ਇਲਾਵਾ ਉਨ੍ਹਾਂ ਨੂੰ ਲਗਾਤਾਰ ਤੋਹਫ਼ੇ ਆਦਿ ਵੀ ਦਿੱਤੇ ਜਾਂਦੇ ਰਹੇ ਅਤੇ ਉਨ੍ਹਾਂ ਦੀਆਂ ਡਿਊਟੀਆਂ ਵਧੀਆ ਥਾਵਾਂ 'ਤੇ ਲੱਗਦੀਆਂ ਰਹੀਆਂ; ਜੋ ਜਵਾਨ ਚਾਹੁੰਦਾ ਸੀ ਕਿ ਉਹ ਦਰਬਾਰ 'ਚ ਜਾਣਾ ਚਾਹੁੰਦਾ ਹੈ ਤਾਂ ਉਸ ਨੂੰ ਤੁਰੰਤ ਇਜਾਜ਼ਤ ਮਿਲ ਜਾਂਦੀ ਸੀ। ਉਨ੍ਹਾਂ ਨੇ ਸਵੇਰ ਦੀ ਪਰੇਡ ਤੋਂ ਬਾਅਦ ਦਰਬਾਰ 'ਚ ਜਾਣ ਦੀ ਇੱਕ ਰੂਟੀਨ ਹੀ ਬਣਾ ਲਈ ਸੀ। ਅਚਾਨਕ ਪਤਾ ਨਹੀਂ ਕਿਉਂ ਪਿਛਲੇ ਵਰ੍ਹੇ ਪੱਤਝੜ ਦੇ ਮੌਸਮ ਦੌਰਾਨ ਤਿੰਨ ਦਿਨਾਂ ਦੇ ਨੋਟਿਸ 'ਤੇ ਉਨ੍ਹਾਂ ਨੂੰ ਮੁਜ਼ੱਫ਼ਰਾਬਾਦ ਭੇਜ ਦਿੱਤਾ ਗਿਆ, ਇਹ ਮੰਨਿਆ ਜਾਂਦਾ ਹੈ ਕਿ ਉਹ ਹਾਲੇ ਵੀ ਉੱਥੇ ਹੀ ਹਨ ਪਰ ਉਨ੍ਹਾਂ ਨਾਲ ਪਹਿਲਾਂ ਵਰਗਾ ਬਹੁਤਾ ਚੰਗਾ ਵਿਵਹਾਰ ਨਹੀਂ ਹੁੰਦਾ। ਇੰਝ ਅਚਾਨਕ ਉਨ੍ਹਾਂ ਦਾ ਤਬਾਦਲਾ ਕਰਨ ਬਾਰੇ ਮੇਰੇ ਇੱਕ ਮੁਖ਼ਬਰ ਨੇ ਇਤਲਾਹ ਦਿੱਤੀ ਹੈ ਕਿ ਕਿਸੇ ਨੇ ਇੱਕ ਆਦਮੀ ਵਲੋਂ ਬ੍ਰਿਟਿਸ਼ ਅਧਿਕਾਰੀ ਨੇ ਮਹਾਰਾਜੇ ਨੂੰ ਇਹ ਆਖਦਿਆਂ ਸੁਣ ਲਿਆ ਸੀ ਕਿ - ਮੈਨੂੰ ਬਹੁਤ ਹੈਰਾਨੀ ਹੋਈ ਹੈ ਕਿ ਮਹਾਰਾਜਾ ਅਜਿਹੇ ਵਿਅਕਤੀਆਂ ਨੂੰ ਨੌਕਰੀਆਂ 'ਤੇ ਰੱਖ ਰਹੇ ਹਨ, ਜਿਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਕਦੇ ਵੀ ਨਹੀਂ ਰੱਖੇਗੀ। ਇਹ ਗੱਲ ਵੀ ਯਕੀਨੀ ਹੈ ਕਿ ਮੌਜੂਦਾ ਸਾਲਾਂ ਦੌਰਾਨ ਪੰਜਾਬ ਤੋਂ ਕੋਈ ਨਵਾਂ ਰੰਗਰੂਟ ਭਰਤੀ ਨਹੀਂ ਕੀਤਾ ਗਿਆ ਹੈ।

*ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਨੀਮ-ਅਧਿਕਾਰਤ ਪੱਤਰ... ਮਿਤੀ ਅੰਮ੍ਰਿਤਸਰ 8 ਅਕਤੂਬਰ, 1871 ਦੇ ਕੁਝ ਅੰਸ਼।*

ਕਸ਼ਮੀਰ ਦੇ ਮਹਾਰਾਜੇ ਨੇ ਆਪਣੀ ਫ਼ੌਜ 'ਚ ਭਰਤੀ ਸਾਰੇ ਕੂਕਿਆਂ ਨੂੰ ਬਰਤਰਫ਼ ਕਰ ਦਿੱਤਾ ਹੈ। ਮੈਨੂੰ ਦੱਸਿਆ ਗਿਆ ਹੈ ਕਿ ਉਨ੍ਹਾਂ ਦੀ ਗਿਣਤੀ 75 ਹੈ। ਉਨ੍ਹਾਂ 'ਚੋਂ ਨੌਂ ਜਣੇ ਅੱਜ ਸਵੇਰੇ ਹੀ ਇੱਥੇ ਪੁੱਜੇ ਹਨ ਤੇ ਉਹ ਆਪੋ-ਆਪਣੇ ਘਰਾਂ ਨੂੰ ਪਰਤ ਰਹੇ ਹਨ; ਤੁਸੀਂ ਸ਼ਾਇਦ ਇਸ ਬਾਰੇ ਸੁਣਿਆ ਹੋਵੇ; ਪਰ ਮੈਂ ਸੋਚਿਆ ਕਿ ਤੁਹਾਡੇ ਤੱਕ ਇਹ ਜਾਣਕਾਰੀ ਪਹੁੰਚਾ ਦੇਵਾਂ ਕਿ ਸ਼ਾਇਦ ਤੁਹਾਨੂੰ ਹਾਲੇ ਨਾ ਮਿਲੀ ਹੋਵੇ।

*ਮਿਤੀ ਅੰਮ੍ਰਿਤਸਰ 9 ਅਕਤੂਬਰ, 1871*
*(ਨੀਮ-ਅਧਿਕਾਰਤ)*

*ਵੱਲੋਂ*

ਟਰਟਨ ਸਮਿੱਥ, ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ,
ਅੰਮ੍ਰਿਤਸਰ।

*ਵੱਲ*

ਕਰਨਲ ਮੈਕਐਂਡ੍ਰਿਯੂ,

ਭੰਗ ਕੀਤੀ ਜਾ ਚੁੱਕੀ ਕੂਕਾ ਰੈਜਿਮੈਂਟ ਦੇ ਨੌਂ ਜਵਾਨ ਜੰਮੂ 'ਚੋਂ ਲੰਘੇ ਹਨ। ਮੈਂ ਉਨ੍ਹਾਂ 'ਚੋਂ ਇੱਕ ਨੂੰ ਸੁਆਲ ਕੀਤਾ ਤਾਂ ਉਸ ਦਾ ਜੁਆਬ ਸੀ ਕਿ ਉਹ ਦੋ ਵਰ੍ਹੇ ਪਹਿਲਾਂ

ਜੰਮੂ ਆਇਆ ਸੀ ਤੇ ਤਦ ਉਸ ਨੂੰ ਬਾਬਾ ਰਾਮ ਸਿੰਘ ਜੀ ਨੇ ਦੱਸਿਆ ਸੀ ਕਿ ਉਸ ਨੂੰ ਇੱਥੇ ਨੌਕਰੀ ਮਿਲ ਜਾਵੇਗੀ। ਕੂਕਾ ਰੈਜਿਮੈਂਟ 'ਚ ਕਦੇ 125 ਜਵਾਨ ਹੁੰਦੇ ਸਨ ਪਰ ਉਨ੍ਹਾਂ ਦੀ ਕਦੇ ਕੋਈ ਵਰਦੀ ਜਾਰੀ ਨਹੀਂ ਕੀਤੀ ਗਈ ਸੀ ਤੇ ਉਨ੍ਹਾਂ 'ਚੋਂ ਸਿਰਫ਼ 12 ਜਣਿਆਂ ਕੋਲ ਹੀ ਹਥਿਆਰ ਜਾਂ ਕ੍ਰਿਪਾਨਾਂ ਹੁੰਦੀਆਂ ਸਨ ਬਾਕੀਆਂ ਨੂੰ ਸਿਰਫ਼ ਲਾਠੀਆਂ ਨਾਲ ਹੀ ਲੈਸ ਹੋ ਕੇ ਡਿਊਟੀਆਂ ਦੇਣੀਆਂ ਪੈਂਦੀਆਂ ਸਨ। ਜਿਸ ਜਵਾਨ ਨਾਲ ਮੈਂ ਗੱਲ ਕੀਤੀ, ਉਸ ਨੂੰ ਆਪਣੇ ਮੁੱਖ ਅਧਿਕਾਰੀ ਤੇ ਉਸ ਦੇ ਰੈਂਕ ਬਾਰੇ ਕੋਈ ਜਾਣਕਾਰੀ ਨਹੀਂ ਸੀ; ਉਸ ਨੇ ਦੱਸਿਆ ਕਿ ਸਢਾਉਰਾ ਦੇ ਹੀਰਾ ਸਿੰਘ ਕਮਾਂਡੈਂਟ ਸਨ – ਜਿਨ੍ਹਾਂ ਦੀ ਤਨਖ਼ਾਹ 30 ਰੁਪਏ ਹੁੰਦੀ ਸੀ, ਗੁਜਰਾਂਵਾਲਾ ਦੇ ਤਾਰਾ ਸਿੰਘ ਸਹਾਇਕ ਫ਼ੌਜੀ ਅਧਿਕਾਰੀ ਸਨ ਤੇ ਉਨ੍ਹਾਂ ਦੀ ਤਨਖ਼ਾਹ ਓਨੀ ਹੀ ਸੀ (ਨੋਟ– ਕਿਲ੍ਹਾ ਮੀਆਂ ਸਿੰਘ ਦਾ ਇੱਕ ਸ਼ੱਕੀ ਵਹਾਬੀ ਗੁਲਾਮ); ਲਾਲ ਸਿੰਘ, ਬਹਾਦਰ ਸਿੰਘ, ਮੂਲਾ ਸਿੰਘ ਤੇ ਬੁੱਧ ਸਿੰਘ – ਇਹ ਸਭ ਸਢਾਉਰਾ ਦੇ ਹੀ ਸਨ ਤੇ ਇਨ੍ਹਾਂ ਨੂੰ ਕ੍ਰਮਵਾਰ 15, 12, 11 ਤੇ 10 ਰੁਪਏ 'ਚ ਨੌਕਰੀ 'ਤੇ ਰੱਖਿਆ ਗਿਆ ਸੀ। ਜੈ ਸਿੰਘ, ਨੀਲਮਣੀ ਸਿੰਘ ਕੂਕਾ *(ਇੱਥੇ ਪੜ੍ਹਿਆ ਨਹੀਂ ਜਾ ਰਿਹਾ)* ਸੀ। ਕੂਕਿਆਂ ਨੂੰ ਮੁਜ਼ੱਫ਼ਰਾਬਾਦ, ਕੁਠਾਈ ਤੇ ਦੋਸਲਟਾ ਦੇ ਕਿਲ੍ਹਿਆਂ 'ਤੇ ਤਾਇਨਾਤ ਕੀਤਾ ਗਿਆ ਸੀ; ਉਨ੍ਹਾਂ ਦੀ ਵਾਜਬ ਜਿਹੀ ਤਨਖ਼ਾਹ 9 ਰੁਪਏ (ਜਾਂ 5–10 ਰੁਪਏ, ਮਹਾਰਾਣੀ ਦਾ ਸਿੱਕਾ) ਪ੍ਰਤੀ ਮਹੀਨਾ ਹੁੰਦੀ ਸੀ, ਉਸ 'ਚੋਂ ਹੀ ਉਨ੍ਹਾਂ ਆਪਣਾ ਖਾਣ-ਪੀਣ ਦਾ ਗੁਜ਼ਾਰਾ ਵੀ ਕਰਨਾ ਹੁੰਦਾ ਸੀ; ਉਨ੍ਹਾਂ ਦੇ ਅਕਸਰ ਬਕਾਏ ਖੜ੍ਹੇ ਹੀ ਰਹਿੰਦੇ ਸਨ ਤੇ ਜਦੋਂ ਉਨ੍ਹਾਂ ਨੂੰ ਬਰਖ਼ਾਸਤ ਕੀਤਾ ਗਿਆ, ਤਦ ਉਨ੍ਹਾਂ ਦੀ 10 ਮਹੀਨਿਆਂ ਦੀ ਤਨਖ਼ਾਹ ਮਹਾਰਾਜੇ ਵੱਲ ਖੜ੍ਹੀ ਸੀ। ਲਗਭਗ 24 ਕੁ ਦਿਨ ਪਹਿਲਾਂ 50 ਕੂਕਿਆਂ ਨੂੰ ਦਰਿਆ ਤੱਕ ਪੈਦਲ ਮਾਰਚ ਕਰਦਿਆਂ ਲਿਜਾਂਦਾ ਗਿਆ, ਫਿਰ ਉੱਥੋਂ ਕਿਸ਼ਤੀਆਂ ਰਾਹੀਂ ਉਨ੍ਹਾਂ ਨੂੰ ਦਰਿਆ ਪਾਰ ਕਰਵਾਇਆ, ਉੱਥੇ ਉਨ੍ਹਾਂ ਚਾਰ ਜਾਂ ਪੰਜ ਰੁਪਏ ਦਿੱਤੇ ਗਏ ਤੇ ਉਨ੍ਹਾਂ ਨੂੰ ਸਪੱਸ਼ਟ ਆਖ ਦਿੱਤਾ ਗਿਆ ਕਿ ਹੁਣ ਉਨ੍ਹਾਂ ਦੀਆਂ ਸੇਵਾਵਾਂ ਲੋੜੀਂਦੀਆਂ ਨਹੀਂ ਹਨ। ਹੀਰਾ ਸਿੰਘ ਛੁੱਟੀ 'ਤੇ ਸਨ।

ਕੂਕਿਆਂ ਨਾਲ ਅਜਿਹਾ ਵਿਵਹਾਰ ਕਿਸੇ ਪਾਸਿਓਂ ਹੌਸਲਾ-ਵਧਾਊ ਤਾਂ ਹੈ ਨਹੀਂ ਸੀ। ਮੈਨੂੰ ਆਸ ਹੈ ਕਿ ਉਨ੍ਹਾਂ ਨੂੰ ਇਹ ਸਭ ਵਧੀਆ ਨਹੀਂ ਲੱਗਾ ਹੋਣਾ।

*ਇੱਕ ਸਥਾਨਕ ਪ੍ਰਤੀਨਿਧ ਦੀ ਚਿੱਠੀ ਦਾ ਅਨੁਵਾਦ।*

ਮੈਂ ਆਪਣੇ ਨਿਜੀ ਪੱਧਰ 'ਤੇ ਕੂਕਿਆਂ ਬਾਰੇ ਪੁੱਛਗਿੱਛ ਕੀਤੀ ਤੇ ਇਹ ਪੱਕਾ ਪਤਾ ਲੱਗਾ ਕਿ ਇਸ ਸੰਪਰਦਾਇ ਦੇ 200 ਜਵਾਨਾਂ ਨੂੰ ਵੇਦਾਂਤੀ ਦੀ ਸਿਫ਼ਾਰਸ਼ 'ਤੇ ਮਹਾਰਾਜਾ ਵਲੋਂ ਨੌਕਰੀ 'ਤੇ ਰਖਿਆ ਗਿਆ ਸੀ। ਲਗਭਗ ਇੱਕ ਸਾਲ ਪਹਿਲਾਂ ਮਹਾਰਾਜੇ ਦੀ ਨੁਮਾਇੰਦਗੀ ਕਰਨ ਵਾਲੇ ਦੀਵਾਨ ਕਿਰਪਾ ਰਾਮ ਦਾ ਇਹੋ ਕਹਿਣਾ ਸੀ ਕਿ ਇਸ ਸੰਪਰਦਾਇ ਦੇ ਭਰਤੀ ਕੀਤੇ ਜਵਾਨਾਂ ਦਾ ਮਤਲਬ ਨਹੀਂ ਬਣਦਾ ਸੀ ਕਿਉਂਕਿ ਉਨ੍ਹਾਂ ਦੇ ਸਿਧਾਂਤ ਹਿੰਦੂ ਧਰਮ ਦੇ ਉਲਟ ਸਨ। ਉਨ੍ਹਾਂ ਜਵਾਨਾਂ ਨੂੰ ਉਸੇ ਅਨੁਸਾਰ ਬਰਖ਼ਾਸਤ ਕਰ ਦਿੱਤਾ ਗਿਆ ਸੀ। ਹੁਣ ਇਸ ਸੰਪਰਦਾਇ ਦੇ ਲੋਕਾਂ ਵੱਲੋਂ ਕਸਾਈਆਂ ਦੇ ਕਤਲ ਕੀਤੇ ਜਾਣ ਦੀ ਖ਼ੁਫ਼ੀਆ ਜਾਣਕਾਰੀ ਮਿਲੀ ਹੈ, ਮਹਾਰਾਜੇ ਨੇ

ਦੀਵਾਨ ਕ੍ਰਿਪਾ ਰਾਮ ਦੀ ਦੂਰਅੰਦੇਸ਼ੀ ਦੀ ਸ਼ਲਾਘਾ ਕਰਦਿਆਂ ਮੁਜ਼ੱਫ਼ਰਾਬਾਦ, ਗਿਲਗਿਤ ਆਦਿ 'ਚ ਨਿਯੁਕਤ ਸਾਰੇ ਹੀ ਕੂਕਿਆਂ ਨੂੰ ਨੌਕਰੀਆਂ ਤੋਂ ਬਰਖ਼ਾਸਤ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਸਨ।

*(ਗੁਪਤ)*

*ਨੰ. 242 ਐੱਸ* *ਮਿਤੀ ਸ਼ਿਮਲਾ, 17 ਅਕਤੂਬਰ, 1871*

*ਵੱਲੋਂ*

ਐੱਲ.ਐੱਚ. ਗ੍ਰਿਫਿਨ, ,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਈ.ਸੀ. ਬੇਲੇ, , ਜੀ.ਐੱਸ.ਆਈ.
ਸਕੱਤਰ, ਭਾਰਤ ਸਰਕਾਰ

ਇਸੇ ਮਹੀਨੇ ਦੀ 14 ਤਰੀਕ ਨੂੰ ਲਿਖੇ ਮੇਰੇ ਪੱਤਰ ਨੰ. 229 ਐੱਸ ਦੀ ਨਿਰੰਤਰਤਾ 'ਚ ਮੈਂ ਮਹਾਮਹਿਮ ਵਾਇਸਰਾਏ ਤੇ ਗਵਰਨਰ ਜਨਰਲ-ਇਨ-ਕੌਂਸਲ ਦੀ ਜਾਣਕਾਰੀ ਹਿਤ ਗੁਜਰਾਂਵਾਲਾ ਦੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਦੀ ਇੱਕ ਗੁਪਤ ਰਿਪੋਰਟ ਅਤੇ ਅੰਮ੍ਰਿਤਸਰ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਦਾ ਇੱਕ ਨੀਮ-ਅਧਿਕਾਰਤ ਪੱਤਰ ਭੇਜਣਾ ਚਾਹੁੰਦਾ ਹਾਂ, ਜਿਸ ਵਿੱਚ ਕਸ਼ਮੀਰ ਦੇ ਮਹਾਰਾਜੇ ਦੀ ਸੇਵਾ 'ਚੋਂ ਕੱਢੇ ਕੂਕਿਆਂ ਬਾਰੇ ਹੋਰ ਜਾਣਕਾਰੀ ਹੈ।

*ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਗੁਜਰਾਂਵਾਲਾ ਦੀ ਗੁਪਤ ਰਿਪੋਰਟ, 7 ਅਕਤੂਬਰ, 1871 ਨੂੰ ਖ਼ਤਮ ਹੋਣ ਵਾਲੇ ਹਫ਼ਤੇ ਲਈ*

*ਨੰ. 58*

''ਕੂਕੇ''.... 'ਚ ਮਹਾਂ ਸਿੰਘ ਦੀ ਮੜ੍ਹੀ ਨੇੜੇ ਧਰਮਸ਼ਾਲਾ ਦੋ ਕੂਕੇ ਵੇਖੇ। ਉਹ ਇੱਥੋਂ ਲਈ ਅਜਨਬੀ ਸਨ ਤੇ ਉਨ੍ਹਾਂ ਗਰਮ ਕੱਪੜੇ ਪਹਿਨੇ ਹੋਏ ਸਨ। ਉਨ੍ਹਾਂ ਤੋਂ ਕੀਤੀ ਪੁੱਛਗਿੱਛ ਰਾਹੀਂ ਜੰਮੂ ਦੇ ਮਹਾਰਾਜੇ ਵੱਲੋਂ ਕਾਇਮ ਕੀਤੀ ਗਈ ਕੂਕਿਆਂ ਦੀ ਰੈਜਿਮੈਂਟ ਬਾਰੇ ਜੋ ਵੀ ਜਾਣਕਾਰੀ ਮਿਲੀ, ਉਹ ਇੱਥੇ ਦਿੱਤੀ ਜਾ ਰਹੀ ਹੈ...

''1868 'ਚ ਸਹਾਰਨਪੁਰ (ਉੱਤਰ-ਪੱਛਮੀ ਸੂਬਾ) ਜ਼ਿਲ੍ਹੇ 'ਚ ਪੈਂਦੇ, ਪਰ ਹੁਣ ਇਹ ਅੰਬਾਲਾ 'ਚ ਹੈ, ਸਢਾਉਰਾ ਦੇ ਜਗੀਰਦਾਰ ਅਤੇ ਗੁਰੂ ਰਾਮ ਸਿੰਘ ਦੇ ਮਹੰਤਾਂ ਤੇ ਸੂਬਿਆਂ 'ਚੋਂ ਇੱਕ ਸਰਦਾਰ ਹੀਰਾ ਸਿੰਘ 1868 'ਚ ਗੁਰੂ ਰਾਮ ਸਿੰਘ ਜੀ ਦੇ ਹੀ ਕਹਿਣ 'ਤੇ ਜੰਮੂ ਦੇ ਮਹਾਰਾਜੇ ਕੋਲ ਗਏ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਕੂਕਿਆਂ ਦੀ ਇੱਕ ਰੈਜਿਮੈਂਟ ਕਾਇਮ ਕਰਨ ਲਈ ਆਖ ਦਿੱਤਾ ਸੀ ਅਤੇ ਉਨ੍ਹਾਂ ਨੂੰ ਉਸ ਦਾ ਕਮਾਂਡਰ ਨਿਯੁਕਤ ਕਰ ਦਿੱਤਾ ਸੀ ਤੇ ਉਨ੍ਹਾਂ ਨਾਲ ਅਧੀਨ ਅਧਿਕਾਰੀਆਂ ਵਜੋਂ ਕਰਨਲ ਹੁਕਮ ਸਿੰਘ ਤੇ ਅਖਨੂਰ ਦੇ ਕਾਰਦਾਰ ਦੇ ਅਧੀਨ ਡਿਊਟੀਆਂ ਲਾ ਦਿੱਤੀਆਂ ਸਨ, ਜਿਵੇਂ ਗੁਰੂ ਰਾਮ ਸਿੰਘ ਜੀ ਨੇ ਹੀਰਾ ਸਿੰਘ ਨੂੰ ਇੱਕ ਮਹੰਤ ਨਿਯੁਕਤ ਕੀਤਾ ਸੀ, ਤਿਵੇਂ ਹੀ ਉਨ੍ਹਾਂ (ਮਹਾਰਾਜੇ) ਨੇ ਉਨ੍ਹਾਂ ਨੂੰ ਕਮਾਂਡਰ ਬਣਾ ਦਿੱਤਾ ਸੀ। ਸਰਦਾਰ

ਹੀਰਾ ਸਿੰਘ ਤਦ ਗੁਰੂ ਰਾਮ ਸਿੰਘ ਕੋਲ ਭੈਣੀ ਵਿਖੇ ਪਰਤੇ ਸਨ ਤੇ ਇੱਕ ਦਮ ਆਪਣੇ ਨਾਲ 175 ਕੂਕੇ ਲਿਜਾਣ ਦੀ (ਸੂਬਾ ਕਾਹਨ ਸਿੰਘ ਰਾਹੀਂ ਜੋ ਬਾਬਾ ਰਾਮ ਸਿੰਘ ਜੀ ਨਾਲ ਰਹਿੰਦੇ ਹਨ) ਇਜਾਜ਼ਤ ਲਈ ਸੀ। ਇਨ੍ਹਾਂ ਵਿਅਕਤੀਆਂ ਨੂੰ ਦੋ ਕੰਪਨੀਆਂ ’ਚ ਵੰਡ ਦਿੱਤਾ ਗਿਆ ਸੀ, ਜੋ ਜੰਮੂ ’ਚ ਚਾਰ ਮਹੀਨੇ ਰਹੇ ਸਨ ਤੇ ਡ੍ਰਿਲ (ਪਰੇਡ ਜਾਂ ਫ਼ੌਜੀ ਅਭਿਆਸ) ਕਰਨੀ ਸਿੱਖੀ ਸੀ। ਫਿਰ ਉਨ੍ਹਾਂ ਨੂੰ ਨੌਸ਼ਹਿਰਾ ਦੇ ਕਿਲ੍ਹੇ ’ਚ ਭੇਜ ਦਿੱਤਾ ਗਿਆ ਸੀ, ਜਿੱਥੇ ਉਹ ਤਿੰਨ ਮਹੀਨੇ ਰਹੇ ਅਤੇ ਉੱਥੋਂ ਉਨ੍ਹਾਂ ਨੂੰ ਅੱਗੇ ਕਸ਼ਮੀਰ ਭੇਜ ਦਿੱਤਾ ਗਿਆ ਸੀ; ਉੱਥੇ ਉਹ ਬਟਮਾਲੂ ਛਾਉਣੀ ’ਚ ਇੱਕ ਸਾਲ ਤੱਕ ਰਹੇ। ਬਟਮਾਲੂ ਤੋਂ ਉਨ੍ਹਾਂ ਨੂੰ ਮੁਜ਼ੱਫ਼ਰਾਬਾਦ ਭੇਜ ਦਿੱਤਾ ਗਿਆ ਸੀ ਤੇ ਉੱਥੋਂ ਉਹ ਕੱਥੂ ਕਿਲ੍ਹੇ ’ਚ ਭੇ ਜੇ ਗਏ ਤੇ ਫਿਰ ਦੋਪੱਟਾ ਕਿਲ੍ਹੇ ’ਚ; ਉੱਥੋਂ ਸਰਦਾਰ ਹੀਰਾ ਸਿੰਘ ਛੁੱਟੀ ’ਤੇ ਚਲੇ ਗਏ ਤੇ ਗੁਰੂ ਰਾਮ ਸਿੰਘ ਜੀ ਨੂੰ ਮਿਲੇ ਅਤੇ ਉਸ ਦੌਰਾਨ ਸਹਾਇਕ ਫ਼ੌਜੀ ਅਧਿਕਾਰੀ ਤਾਰਾ ਸਿੰਘ ਪੁੱਤਰ ਚਤਰ ਸਿੰਘ (ਜੋ ਸਿੱਖ ਸੇਵਾ ’ਚ ਰਹੇ ਤੇ ਕਿਸੇ ਵੇਲੇ ਕਸ਼ਮੀਰ ਦੇ ਗਵਰਨਰ ਰਹਿ ਚੁੱਕੇ ਸਵਰਗੀ ਕਰਨਲ ਮੀਆਂ ਸਿੰਘ ਦੇ ਭਤੀਜੇ ਹਨ) ਕੋਲ ਕਮਾਂਡ ਰਹੀ। ਤਾਰਾ ਸਿੰਘ ਗੁਜਰਾਂਵਾਲਾ ਜ਼ਿਲ੍ਹੇ ’ਚ ਕਿਲ੍ਹਾ ਮੀਆ ਸਿੰਘ ਨੇੜੇ ਮੂਰੇ ਮੀਰਾ ਦੇ ਨਿਵਾਸੀ ਹਨ। ਜਦੋਂ ਸਰਦਾਰ ਹੀਰਾ ਸਿੰਘ ਛੁੱਟੀ ਤੋਂ ਪਰਤੇ ਤਾਂ ਉੱਥੇ ਕੇਵਲ 70 ਜਵਾਨ ਪਿੱਛੇ ਰਹਿ ਗਏ ਸਨ, ਬਾਕੀ ਦੇ ਰੈਜਿਮੈਂਟ ਛੱਡ ਗਏ ਸਨ ਕਿਉਂਕਿ ਉੱਥੇ ਬਹੁਤਾ ਕੁਝ ਅਨਿਯਮਤ ਜਿਹਾ ਸੀ ਤੇ ਤਨਖ਼ਾਹ ਵੀ ਠੀਕ ਢੰਗ ਨਾਲ ਨਹੀਂ ਦਿੱਤੀ ਜਾਂਦੀ ਸੀ।

ਕਸਾਈਆਂ ਦੇ ਕਤਲਾਂ ਦੀਆਂ ਖ਼ਬਰਾਂ ਮਿਲਣ ’ਤੇ ਮਹਾਰਾਜਾ ਨੇ ਤੁਰੰਤ ਕੂਕਾ ਕੰਪਨੀਆਂ ਨੂੰ ਸੱਦ ਕੇ ਭੰਗ ਕਰ ਦਿੱਤਾ। ਕੁਝ ਜਵਾਨ ਆਪਣੇ ਘਰਾਂ ਨੂੰ ਪਰਤ ਗਏ ਤੇ ਬਾਕੀ ਦੇ ਆ ਰਹੇ ਹਨ।

ਅਸੀਂ ਉਨ੍ਹਾਂ ਵਿਅਕਤੀਆਂ ਦੇ ਨਾਂਅ ਤੇ ਨਿਵਾਸ ਦੀ ਜਾਣਕਾਰੀ ਦੇ ਰਹੇ ਹਾਂ, ਜਿਨ੍ਹਾਂ ਨੂੰ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ।

ਜੰਮੂ ’ਚ ਕੂਕਿਆਂ ਦੀ ਭਰਤੀ ਸੂਬਾ ਕਾਹਨ ਸਿੰਘ, ਮਹੰਤ ਦੇ ਕਹਿਣ ’ਤੇ ਹੋਈ ਸੀ, ਜਿਨ੍ਹਾਂ ਨੇ ਗੁਰੂ ਰਾਮ ਸਿੰਘ ਜੀ ਨੂੰ ਮਨਾਇਆ ਸੀ ਕਿ ਹੀਰਾ ਸਿੰਘ ਨੂੰ ਮਹਾਰਾਜੇ ਕੋਲ ਉਨ੍ਹਾਂ (ਗੁਰੂ ਜੀ) ਦੇ ਏਜੰਟ ਵਜੋਂ ਭੇਜਿਆ ਜਾਵੇ ਕਿ ਤਾਂ ਜੋ ਕੂਕਾ ਫ਼ੌਜ ਤਿਆਰ ਹੋ ਸਕੇ ਅਤੇ ਸਰਦਾਰ ਹੀਰਾ ਸਿੰਘ ਨੇ ਕਰਨਲ ਹੁਕਮ ਸਿੰਘ, ਜੋ ਕੂਕਾ ਸਿਧਾਂਤਾਂ ਤੋਂ ਚੰਗੀ ਤਰ੍ਹਾਂ ਵਾਕਫ਼ ਸਨ, ਦੇ ਚੰਗੇ ਅਸਰ-ਰਸੂਖ਼ ਨਾਲ ਮਹਾਰਾਜੇ ਨਾਲ ਗੱਲਬਾਤ ਕਰਨ ’ਚ ਸਫ਼ਲਤਾ ਹਾਸਲ ਕਰ ਲਈ ਸੀ।

ਮੂਰਖ ਕੂਕਿਆਂ ਨੇ ਸਮੇਂ ਤੋਂ ਪਹਿਲਾਂ ਗੜਬੜੀਆਂ ਸ਼ੁਰੂ ਕਰ ਦਿੱਤੀਆਂ ਤੇ ਨਤੀਜੇ ਵਜੋਂ ਕਸਾਈ ਕਤਲ ਕਾਂਡ ਵਾਪਰ ਗਏ, ਉਨ੍ਹਾਂ ਦੀਆਂ ਮਾੜੀਆਂ ਮਨਸ਼ਾਵਾਂ ਬਹੁਤ ਛੇਤੀ ਜੱਗ ਜ਼ਾਹਿਰ ਹੋ ਗਈਆਂ ਤੇ ਕਸ਼ਮੀਰ ਖੇਤਰ ’ਚ ਉਨ੍ਹਾਂ ਦੇ ਜੋ ਫ਼ੌਜੀ ਇਕੱਠ ਦਾ ਧੁਰਾ ਕਾਇਮ ਹੋ ਰਿਹਾ ਸੀ, ਉਹ ਟੁੱਟ ਗਿਆ; ਨਹੀਂ ਤਾਂ ਇਹ ਗਿਣਤੀ ਹੋਰ ਵੀ ਜ਼ਿਆਦਾ ਹੋ ਜਾਣੀ ਸੀ, ਕਿਉਂਜੋ ਉਹ ਭਰਤੀ ਗੁਰੂ ਸਾਹਿਬ ਬਾਬਾ ਰਾਮ ਸਿੰਘ ਜੀ ਦੇ ਕਹਿਣ ’ਤੇ ਹੋ ਰਹੀ ਸੀ।’’

## ਫ਼ੌਜੀ ਕੰਪਨੀਆਂ ਦੇ ਮੈਂਬਰਾਂ ਦੇ ਨਾਵਾਂ ਦੀ ਸੂਚੀ:

1. ਸਰਦਾਰ ਹੀਰਾ ਸਿੰਘ, ਕਮਾਂਡਰ ਵਾਸੀ ਸਢਾਉਰਾ, ਜ਼ਿਲ੍ਹਾ ਸਹਾਰਨਪੁਰ (ਹੁਣ ਅੰਬਾਲਾ)।
2. ਤਾਰਾ ਸਿੰਘ, ਸਹਾਇਕ ਅਧਿਕਾਰੀ ਵਾਸੀ ਮੂਰੀ ਮੀਨਾ, ਨੇੜੇ ਕਿਲ੍ਹਾ ਮੀਆ ਸਿੰਘ, ਗੁਜਰਾਂਵਾਲਾ ਜ਼ਿਲ੍ਹਾ (ਪਹਿਲਾਂ ਉਹ ਪੁਲਿਸ 'ਚ ਸਨ)।
3. ਤੀਮਕ ਸਿੰਘ, ਸੂਬੇਦਾਰ ਤੇ ਭੈਣੀ ਦੇ ਮਹੰਤ।
4. ਪ੍ਰੇਮ ਸਿੰਘ, ਹਵਾਲਦਾਰ ਵਾਸੀ ਅੰਮ੍ਰਿਤਸਰ ਨੇੜੇ ਤਲਾਬ ਪ੍ਰੀਤਮ ਦਾਸ।
5. ਮੱਘਰ ਸਿੰਘ, ਸਿਪਾਹੀ ਪਹਿਲਾਂ ਵਾਸੀ ਕੈਰਾਬਾਦ, ਜ਼ਿਲ੍ਹਾ ਅੰਮ੍ਰਿਤਸਰ, ਹਾਲ-ਆਬਾਦ ਭੂੰਗਾ ਭਾਈ ਅਰਵੋੜਾ ਸਿੰਘ, ਅੰਮ੍ਰਿਤਸਰ।
6. ਪ੍ਰੇਮ ਸਿੰਘ, ਸਿਪਾਹੀ ਵਾਸੀ ਮਹਾਰਾਜ, ਅੰਮ੍ਰਿਤਸਰ ਜ਼ਿਲ੍ਹਾ।
7. ਲਾਲ ਸਿੰਘ, ਸਿਪਾਹੀ ਵਾਸੀ ਸਢਾਉਰਾ, ਸਹਾਰਨਪੁਰ ਜ਼ਿਲ੍ਹਾ (ਪਹਿਲਾਂ ਸਥਾਨਕ ਪੈਦਲ ਸੈਨਾ ਰੈਜਿਮੈਂਟ 'ਚ ਸਿਪਾਹੀ ਸੀ)।
8. ਬਹਾਦਰ ਸਿੰਘ, ਸਿਪਾਹੀ ਵਾਸੀ ਸਢਾਉਰਾ, ਜ਼ਿਲ੍ਹਾ ਸਹਾਰਨਪੁਰ (ਸਥਾਨਕ ਪੈਦਲ ਸੈਨਾ ਰੈਜਿਮੈਂਟ 'ਚ ਸਿਪਾਹੀ ਸੀ।)
9. ਭੋਗ ਸਿੰਘ, ਸਿਪਾਹੀ ਵਾਸੀ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ।
10. ਠਾਕੁਰ ਸਿੰਘ, ਸਿਪਾਹੀ ਵਾਸੀ ਫ਼ਤਹਿਗੜ੍ਹ, ਇਲਾਕਾ ਸਰਹਿੰਦ, ਜ਼ਿਲ੍ਹਾ ਬੱਸੀ, ਪਟਿਆਲਾ ਖੇਤਰ।
11. ਵਸੇਵ ਸਿੰਘ, ਸਿਪਾਹੀ ਵਾਸੀ ਤਿੜਬੀ, ਲੁਧਿਆਣਾ ਜ਼ਿਲ੍ਹਾ।
12. ਗੁਰਦਿੱਤ ਸਿੰਘ, ਵਾਸੀ ਜ਼ਿਲ੍ਹਾ ਲਾਹੌਰ।
13. ਝੰਡਾ ਸਿੰਘ, ਵਾਸੀ ਖੂਵਾਲਾ ਪਟਿਆਲਾ ਖੇਤਰ।
14. ਚਤਰ ਸਿੰਘ ਵਾਸੀ ਪਟਿਆਲਾ ਖੇਤਰ।
15. ਵਰਿਆਮ ਸਿੰਘ ਵਾਸੀ ਪਟਿਆਲਾ ਖੇਤਰ।
16. ਹਰਨਾਮ ਸਿੰਘ।
17. ਸੁੰਦਰ ਸਿੰਘ ਵਾਸੀ ਲੁਧਿਆਣਾ।
18. ਮਹਿਤਾਬ ਸਿੰਘ ਵਾਸੀ ਕਟੜਾ ਭਾਗ ਸਿੰਘ।
19. ਜਵਾਹਰ ਸਿੰਘ ਵਾਸੀ ਮਹੇ, ਜ਼ਿਲ੍ਹਾ ਲੁਧਿਆਣਾ।
20. ਮਲੂਕ ਸਿੰਘ ਵਾਸੀ ਪਟਿਆਲਾ ਖੇਤਰ ਨੰ. 14.
21. ਕਾਹਨ ਸਿੰਘ ਵਾਸੀ ਗੁਰਾਹੋਵਾਲਾ, ਅੰਮ੍ਰਿਤਸਰ।
22. -ਉਹੀ- ਦੂਜਾ ਪਟਿਆਲਾ ਖੇਤਰ।
23. ਬਾਘਾ ਸਿੰਘ (ਪਹਿਲਾਂ ਮੁਸਲਿਮ ਅਰਾਈਂ ਸੀ), ਵਾਸੀ ਭੈਣੀ, ਜ਼ਿਲ੍ਹਾ ਲੁਧਿਆਣਾ।
24. ਟਾਕੋ ਸਿੰਘ (ਪਹਿਲਾਂ ਮੁਸਲਿਮ ਤਹੇ ਸੀ), ਜ਼ਿਲ੍ਹਾ ਲੁਧਿਆਣਾ।
25. ਠਾਕੁਰ ਸਿੰਘ, ਵਾਸੀ ਤਹੋਸਿਤ, ਜ਼ਿਲ੍ਹਾ ਅੰਮ੍ਰਿਤਸਰ।
26. ਜੈ ਸਿੰਘ ਵਾਸੀ ਪਟਿਆਲਾ ਖੇਤਰ।
27. ਮੀਆ ਸਿੰਘ ਵਾਸੀ ਕਟੜਾ ਕਨਹੱਈਆ, ਅੰਮ੍ਰਿਤਸਰ।

28. ਮੂਲ ਸਿੰਘ ਵਾਸੀ ਸਿਆਲਕੋਟ।
29. ਕਿਸ਼ਨ ਸਿੰਘ ਵਾਸੀ ਸਿਆਲਕੋਟ।
30. ਚੰਦਾ ਸਿੰਘ ਵਾਸੀ ਜਹਾਂਗੀਰ, ਜ਼ਿਲ੍ਹਾ ਅੰਮ੍ਰਿਤਸਰ।
31. ਜਵਾਲਾ ਸਿੰਘ ਵਾਸੀ ਮੜਹੇਨਾ, ਜ਼ਿਲ੍ਹਾ ਅੰਮ੍ਰਿਤਸਰ।
32. ਜਵਾਹਰ ਸਿੰਘ ਉਰਫ਼ ਬੱਚਾ ਵਾਲਾ ਵਾਸੀ ਡੇਰਾ ਬਾਬਾ ਨਾਨਕ, ਗੁਰਦਾਸਪੁਰ।
33. ਸ਼ੌਣ ਸਿੰਘ, ਪਹਿਲਾਂ ਫ਼ਿਰੋਜ਼ਪੁਰ ਪੁਲਿਸ 'ਚ ਸਾਰਜੈਂਟ ਰਹੇ ਸਨ।

ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਬੇਸ਼ੱਕ ਹੋਰਨਾਂ ਸਰੋਤਾਂ ਤੋਂ ਕੂਕਿਆਂ ਦੀ ਮਹਾਰਾਜਾ ਦੀ ਸੇਵਾ 'ਚੋਂ ਬਰਖ਼ਾਸਤਗੀ ਦੀ ਖ਼ਬਰ ਪਤਾ ਲੱਗ ਹੀ ਗਈ ਹੋਵੇਗੀ।

ਸ੍ਰੀ ਚਾਰਡੀ ਦੀ ਸੂਚੀ ਵਿੱਚ ਦੋ ਜਣੇ ਇਸਲਾਮ ਨੂੰ ਤਿਆਗ ਕੇ ਕੂਕਾ ਸੰਪਰਦਾਇ 'ਚ ਆਏ ਦੱਸੇ ਜਾਂਦੇ ਹਨ।

ਜਿਸ ਤਾਰਾ ਸਿੰਘ ਨੂੰ ਕੂਕਾ ਰੈਜਿਮੈਂਟ ਦਾ ਸਹਾਇਕ ਫ਼ੌਜੀ ਅਧਿਕਾਰੀ ਦੱਸਿਆ ਗਿਆ ਹੈ, ਮੇਰਾ ਮੰਨਣਾ ਹੈ ਕਿ ਉਹ 7ਵੀਂ ਪੁਲਿਸ ਬਟਾਲੀਅਨ (ਅੰਮ੍ਰਿਤਸਰ ਰੈਜਿਮੈਂਟ) 'ਚ ਸੂਬੇਦਾਰ ਹੁੰਦਾ ਸੀ ਤੇ ਉਸ ਨੂੰ ਮੈਂ ਹੀ 1858 'ਚ (ਸਰ ਜੌਨ ਦੇ ਕਹਿਣ 'ਤੇ) ਫ਼ੌਜੀ ਸੇਵਾ 'ਚੋਂ ਬਰਖ਼ਾਸਤ ਕੀਤਾ ਸੀ ਕਿਉਂਕਿ ਬਗ਼ਾਵਤ ਦੌਰਾਨ ਉਸ ਦਾ ਆਚਾਰ-ਵਿਹਾਰ ਬੇਹੱਦ ਸ਼ੱਕੀ ਰਿਹਾ ਸੀ। ਮੈਂ ਇਸ ਗੱਲ ਦੀ ਜਾਂਚ ਕਰ ਰਿਹਾ ਹਾਂ।

ਬਾਬਾ ਰਾਮ ਸਿੰਘ ਜੀ ਦੀ ਕਸ਼ਮੀਰ 'ਚ ਆਪਣੀ ਹਥਿਆਰਬੰਦ ਟੀਮ ਤਿਆਰ ਕਰਨ ਦੀ ਕੋਸ਼ਿਸ਼ ਤੇ ਫਿਰ ਨੇਪਾਲ 'ਚ ਵੀ ਉਹੋ ਜਿਹਾ ਜਤਨ ਇਹੋ ਦਰਸਾਉਂਦਾ ਹੈ ਕਿ ਉਹ ਮਹਿਜ਼ ਇੱਕ ਗੁਰੂ ਜਾਂ ਧਾਰਮਿਕ ਰਹਿਨੁਮਾ ਵਜੋਂ ਹੀ ਨਹੀਂ, ਸਗੋਂ ਉਸ ਦੇ ਬਾਹਰ ਜਾ ਕੇ ਸਰਗਰਮ ਹਨ।

**(ਗੁਪਤ)**

*ਸ਼ਿਮਲਾ, 11 ਅਕਤੂਬਰ, 1871*

ਵੱਲੋਂ

ਈ.ਸੀ. ਬੈਲੇ, , ਸੀ.ਐੱਸ.ਆਈ.,
ਸਕੱਤਰ, ਭਾਰਤ ਸਰਕਾਰ।
ਗ੍ਰਹਿ ਵਿਭਾਗ, ਗਵਰਨਰ ਜਨਰਲ ਨਾਲ।

ਵੱਲ

ਐੱਲ.ਐੱਚ. ਗ੍ਰਿਫਿਨ ,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਮੈਨੂੰ ਤੁਹਾਡੇ ਪੱਤਰ ਨੰ. 209 ਐੱਸ, ਮਿਤੀ 7 ਅਕਤੂਬਰ ਦੀ ਪ੍ਰਾਪਤੀ ਬਾਰੇ ਜਾਣਕਾਰੀ ਦੇਣ ਤੇ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਇਨ੍ਹਾਂ ਸਾਰੇ ਵਿਅਕਤੀਆਂ 'ਤੇ ਚੌਕਸ ਨਜ਼ਰ ਰੱਖਣੀ ਚਾਹੁੰਦੇ ਹਨ ਅਤੇ ਉਹ ਬੇਹੱਦ ਨਿਜੀ ਤਰੀਕੇ ਨਾਲ ਇਹ ਪਤਾ ਲਾਉਣ ਲਈ ਕਦਮ ਚੁੱਕਣਗੇ

ਕਿ ਇਨ੍ਹਾਂ ਕੂਕਿਆਂ ਨੂੰ ਨੌਕਰੀਆਂ 'ਤੇ ਕਿਵੇਂ ਰੱਖਿਆ ਗਿਆ ਸੀ, ਉਨ੍ਹਾਂ ਨੂੰ ਬਰਤਰਫ਼ ਕਿਉਂ ਕੀਤਾ ਗਿਆ, ਕਿ ਜਾਂ ਉਹ ਆਪੇ ਜਾ ਰਹੇ ਸਨ, ਉਨ੍ਹਾਂ ਦੇ ਨਾਂਅ ਕੀ ਹਨ ਤੇ ਉਨ੍ਹਾਂ ਦੇ ਅਸਲ ਉਦੇਸ਼ ਕੀ ਹਨ ਅਤੇ ਜੇ ਸੰਭਵ ਹੋਵੇ ਤੇ ਉਨ੍ਹਾਂ ਨਾਲ ਅਸਲ ਵਿੱਚ ਕਿਹੋ ਜਿਹਾ ਵਿਵਹਾਰ ਹੋਇਆ।

*ਨੰ. 2298* *ਮਿਤੀ ਸ਼ਿਮਲਾ, 13 ਅਕਤੂਬਰ, 1871*

**(ਗੁਪਤ)**

*ਵੱਲੋਂ*

ਲੀਪਲ ਐੱਚ. ਗ੍ਰਿਫਿਨ,
ਕਾਰਜਕਾਰੀ ਸਕੱਤਰ,
ਪੰਜਾਬ ਸਰਕਾਰ।

*ਵੱਲ*

ਈ.ਸੀ. ਬੈਲੇ, ਸੀ.ਐੱਸ.ਆਈ.,
ਸਕੱਤਰ, ਭਾਰਤ ਸਰਕਾਰ,
ਗ੍ਰਹਿ ਵਿਭਾਗ, ਗਵਰਨਰ ਜਨਰਲ ਨਾਲ।

ਮੈਨੂੰ ਤੁਹਾਡੇ ਇਸੇ ਮਹੀਨੇ ਦੀ 10 ਤਰੀਕ ਨੂੰ ਲਿਖੇ ਪੱਤਰ (ਗੁਪਤ) ਦੀ ਪ੍ਰਾਪਤੀ ਸਬੰਧੀ, ਕਸ਼ਮੀਰ ਦੇ ਮਹਾਰਾਜੇ ਵੱਲੋਂ ਨੌਕਰੀ ਤੋਂ ਬਰਤਰਫ਼ ਕੀਤੇ ਕੂਕਿਆਂ ਬਾਰੇ ਸਰਵ ਉੱਚ ਸਰਕਾਰ ਦੇ ਹੁਕਮਾਂ ਦੀ ਜਾਣਕਾਰੀ ਦੇਣ ਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੁਲਿਸ ਦੇ ਇੰਸਪੈਕਟਰ ਜਨਰਲ ਨੂੰ ਇਨ੍ਹਾਂ ਲੋਕਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਦੀ ਹਦਾਇਤ ਦੇ ਦਿੱਤੀ ਗਈ ਹੈ।

ਸਾਨੂੰ ਜ਼ਰੂਰ ਹੀ ਕਸ਼ਮੀਰ 'ਚ ਹੋਰ ਪੁੱਛਗਿੱਛ ਕਰਨੀ ਹੋਵੇਗੀ।

ਗਵਰਨਰ ਜਨਰਲ ਦਾ ਦਫ਼ਤਰ। ਐੱਮ: 18 ਅਕਤੂਬਰ, 1871

**ਕਸ਼ਮੀਰ ਦੀਆਂ ਫ਼ੌਜਾਂ 'ਚ ਕੂਕਿਆਂ ਦੀ ਭਰਤੀ**

## ਮਹਾਮਹਿਮ

ਗ੍ਰਹਿ ਵਿਭਾਗ ਤੋਂ ਪ੍ਰਾਪਤ ਨੱਥੀ ਗੁਪਤ ਦਸਤਾਵੇਜ਼ ਦੇ ਹਵਾਲੇ ਨਾਲ, ਮੈਂ 1846 ਦੀ ਕਸ਼ਮੀਰ ਸੰਧੀ ਦੀ ਧਾਰਾ 7 ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ, ਜਿਸ ਦੁਆਰਾ ਮਹਾਰਾਜਾ ''ਕਦੇ ਵੀ ਬ੍ਰਿਟਿਸ਼ ਸਰਕਾਰ ਦੀ ਸਹਿਮਤੀ ਤੋਂ ਬਗ਼ੈਰ ਕਿਸੇ ਬ੍ਰਿਟਿਸ਼ ਨਾਗਰਿਕ ਜਾਂ ਯੂਰੋਪੀਅਨ ਜਾਂ ਅਮੈਰਿਕਾ ਦੇ ਕਿਸੇ ਰਾਜ ਦੇ ਨਾਗਰਿਕ ਨੂੰ ਆਪਣੀ ਸੇਵਾ 'ਚ ਨਹੀਂ ਰੱਖਣਗੇ।''

ਇਹ ਮੱਦਾਂ ਇੰਨੀਆਂ ਵਿਆਪਕ ਹਨ ਕਿ ਜੇ ਇਹ ਯੂਰੋਪੀਅਨ ਬ੍ਰਿਟਿਸ਼ ਨਾਗਰਿਕਾਂ ਨੂੰ ਕਲਾਵੇ 'ਚ ਲੈਂਦੀਆਂ ਹਨ, ਤਾਂ ਉਹ ਸਥਾਨਕ ਨਿਵਾਸੀਆਂ ਨੂੰ ਵੀ ਆਪਣੇ ਅਧਿਕਾਰ-ਖੇਤਰ 'ਚ ਲੈਂਦੀਆਂ ਹਨ, ਭਾਵੇਂ ਉਹ ਸੰਭਾਵੀ ਤੌਰ 'ਤੇ ਇਹ

ਮੱਦ ਸਿਰਫ਼ ਬ੍ਰਿਟਿਸ਼ ਨਾਗਰਿਕਾਂ ਲਈ ਹੀ ਮੰਨਦੇ ਹਨ। ਇਹ ਮਾਮਲਾ ਸਪੱਸ਼ਟ ਕਰਨ ਲਈ ਅਸਲ ਦਸਤਾਵੇਜ਼ਾਂ, ਜੋ ਕਲਕੱਤਾ ’ਚ ਹਨ, ਦਾ ਹਵਾਲਾ ਲਿਆ ਜਾ ਸਕਦਾ ਹੈ ਪਰ ਕਸ਼ਮੀਰ ’ਚ ਨੌਕਰੀਆਂ ਕਰਦੇ ਸਾਡੇ ਸਥਾਨਕ ਨਾਗਰਿਕਾਂ ਨੂੰ ਇਸ ਤੋਂ ਬਾਹਰ ਰੱਖਣਾ ਸ਼ਾਇਦ ਗ਼ੈਰ-ਵਿਵਹਾਰਕ ਹੋਵੇਗਾ।

ਕੀ ਕੂਕਿਆਂ ਨੂੰ ਭਰਤੀ ਕਰਨ ਪਿੱਛੇ ਮਹਾਰਾਜੇ ਦੀ ਕੋਈ ਮਾੜੀ ਮਨਸ਼ਾ ਸੀ, ਇਹ ਕਹਿਣਾ ਅਸੰਭਵ ਹੈ। ਉਂਝ ਉਨ੍ਹਾਂ ਨੇ ਇਨ੍ਹਾਂ ਕੂਕਿਆਂ ਨੂੰ ਬਰਤਰਫ਼ ਕਰ ਕੇ ਆਪਣੀ ਪੀੜ੍ਹੀ ਦੀ ਸੂਝ-ਬੂਝ ਦਰਸਾਈ ਹੈ।

ਪਰ ਮੇਰੇ ਮਾਮਲੇ ’ਚ ਇਹ ਪ੍ਰਸ਼ਾਸਨ ਦੀ ਪੂਰੀ ਸੁਸਤੀ ਤੇ ਅਣਗਹਿਲੀ ਹੈ ਕਿ 200 ਕੂਕੇ ਸਾਡੇ ਖੇਤਰਾਂ ’ਚ ਭਰਤੀ ਹੋਏ ਹੋਣ ਤੇ ਸਾਨੂੰ ਇਸ ਬਾਰੇ ਸੂਚਿਤ ਹੀ ਨਾ ਕੀਤਾ ਗਿਆ ਹੋਵੇ। ਪੰਜਾਬ ਸਰਕਾਰ ਤੋਂ ਇਸ ਬਾਰੇ ਰਿਪੋਰਟ ਤਲਬ ਕੀਤੀ ਜਾ ਸਕਦੀ ਹੈ ਕਿ ਕਿਹੜੇ ਜ਼ਿਲ੍ਹਿਆਂ ’ਚੋਂ ਕਦੋਂ ਤੇ ਕਿਹੜੀ ਏਜੰਸੀ ਰਾਹੀਂ ਇਨ੍ਹਾਂ ਜਵਾਨਾਂ ਦੀ ਭਰਤੀ ਹੋਈ ਸੀ; ਕੀ ਵਿਦੇਸ਼ੀ ਰਾਜ ਜਿੰਨੀ ਮਰਜ਼ੀ ਭਰਤੀ ਕਰ ਸਕਦੇ ਹਨ; ਅਤੇ ਆਖ਼ਰ ਇੰਨੀ ਵੱਡੀ ਗਿਣਤੀ ’ਚ ਲੋਕ ਭਰਤੀ ਕੀਤੇ ਗਏ ਪਰ ਸਾਡੇ ਧਿਆਨ ਗੋਚਰੇ ਇਹ ਮਾਮਲਾ ਨਹੀਂ ਲਿਆਂਦਾ ਗਿਆ।

19 ਅਕਤੂਬਰ, 1871 (ਹਸਤਾਖਰ) ਸੀ.ਯੂ.ਏ.

ਭਾਵੇਂ ਸੰਧੀ ਦੇ ਫ਼ਾਰਸੀ ਸ਼ਬਦਾਂ ਦੀ ਕੋਈ ਕਾਨੂੰਨੀ ਵੈਧਤਾ ਨਹੀਂ ਹੈ, ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਕੀ ਫ਼ਾਰਸੀ ਸੰਸਕਰਣ (ਅਨੁਵਾਦ) ਵਿੱਚ ‘‘ਬ੍ਰਿਟਿਸ਼ ਨਾਗਰਿਕ’’ ਦੀ ਵਿਆਖਿਆ ਕੇਵਲ ਯੂਰੋਪੀਅਨ ਜਾਂ ਅਮਰੀਕਨ ਨਾਗਰਿਕਾਂ ਲਈ ਹੀ ਕੀਤੀ ਜਾ ਸਕਦੀ ਹੈ।

20 ਅਕਤੂਬਰ, 1871 (ਹਸਤਾਖਰ) ਐੱਮ.

ਫ਼ਾਰਸੀ ਸੰਸਕਰਣ ਖ਼ਾਸ ਤੌਰ ’ਤੇ ਇਸ ਨੂੰ ‘‘ਯੂਰੋਪੀਅਨ ਬ੍ਰਿਟਿਸ਼ ਨਾਗਰਿਕਾਂ’’ ਤੱਕ ਹੀ ਸੀਮਤ ਕਰਦਾ ਹੈ। ਇਸ ਵਿੱਚ ਲਿਖਿਆ ਹੈ:

‘‘ਮਹਾਰਾਜਾ ਸਾਹਿਬ ਇਕਰਾਰ ਮੇਂ - ਨੁਮਾਇੰਦ ਕੀ ਬਿਦੂਨ ਇਸਤਿਰਜ਼ਾ-ਓ-ਇਸਤਿਜਾਜ਼ਤ-ਏ-ਅਬਾਲੀਆ-ਏ-ਸਰਕਾਰ ਕੰਪਨੀ ਅੰਗਰੇਜ਼ ਬਹਾਦਰ, ਕਾਸੇ ਅਜ਼ ਮਰਦੂਮਨ-ਏ-ਵਿਲਾਇਤ-ਇੰਗਲਿਸਤਾਨ ਯਾ ਮਰਦੂਮ-ਏ-ਫ਼ਰਿੰਗ ਯਾ ਮੁਸੋਤਵਾ-ਤਿਨਾਨ-ਏ-ਅਮਰੀਕਾ, ਮੁਲਾਜ਼ਿਮ-ਓ-ਨੌਕਰ ਨਾ ਖਵਾਹੰਦ-ਦਸ਼ਤ।’’

ਇਸ ਦਾ ਸਿੱਧਾ ਤਰਜਮਾ ਇਸ ਪ੍ਰਕਾਰ ਹੈ:

‘‘ਮਹਾਰਾਜ ਇਕਰਾਰ ਕਰਦੇ ਹਨ ਕਿ ਅੰਗਰੇਜ਼ ਕੰਪਨੀ ਬਹਾਦਰ ਦੇ ਅਧਿਕਾਰੀਆਂ ਦੀ ਸਹਿਮਤੀ ਤੇ ਪ੍ਰਵਾਨਗੀ ਤੋਂ ਬਗ਼ੈਰ, ਉਹ ਕਿਸੇ ਵਿਦੇਸ਼ੀ ਜਾਂ ਇੰਗਲੈਂਡ ਜਾਂ ਕਿਸੇ ਯੂਰੋਪੀਅਨ ਜਾਂ ਅਮੈਰਿਕਨ ਨਾਗਰਿਕ ਨੂੰ ਨੌਕਰੀ ’ਤੇ ਨਹੀਂ ਰੱਖਣਗੇ ਜਾਂ ਰੋਜ਼ਗਾਰ ਨਹੀਂ ਦੇਣਗੇ।’’

20 ਅਕਤੂਬਰ, 1871 (ਹਸਤਾਖਰ) ਸੀ.ਯੂ.ਏ.

ਹੁਣ ਪੰਜਾਬ ਸਰਕਾਰ ਨੂੰ ਪੁੱਛੋ, ਜਿਵੇਂ ਕਿ ਏ ’ਤੇ ਸੁਝਾਇਆ ਗਿਆ ਹੈ।

21 ਅਕਤੂਬਰ, 1871 (ਹਸਤਾਖਰ) ਐੱਮ.

## 49

*ਨੰ. 15ਪੀ*

*ਮਿਤੀ ਨੇਪਾਲ ਰੈਜ਼ੀਡੈਂਸੀ,*
*22 ਨਵੰਬਰ, 1871*

**(ਗੁਪਤ)**

ਵੱਲੋਂ

ਕਰਨਲ ਆਰ.ਸੀ. ਲਾਰੈਂਸ, ਸੀ.ਬੀ.,
ਰੈਜ਼ੀਡੈਂਟ, ਨੇਪਾਲ

ਵੱਲ

ਸੀ.ਯੂ. ਐਚੀਸਨ ਸੀ.ਐੱਸ.ਆਈ.,
ਸਕੱਤਰ, ਭਾਰਤ ਸਰਕਾਰ,
ਵਿਦੇਸ਼ ਵਿਭਾਗ।

ਆਪ ਜੀ ਵੱਲੋਂ ਪਿਛਲੇ ਮਹੀਨੇ ਦੀ 23 ਤਰੀਕ ਨੂੰ ਲਿਖੇ ਗੁਪਤ ਪੱਤਰ ਨੰ. 228 ਆਈਪੀ ’ਚ ਦਰਜ ਹਦਾਇਤਾਂ ਅਨੁਸਾਰ, ਮੈਨੂੰ ਹਾਲੇ ਕੁਝ ਦਿਨ ਪਹਿਲਾਂ ਹੀ ਸਰ ਜੰਗ ਬਹਾਦਰ ਨਾਲ ਐਵੇਂ ਸਰਸਰੀ ਜਿਹੀ ਗੱਲਬਾਤ ਕਰਨ ਦਾ ਮੌਕਾ ਮਿਲਿਆ ਕਿ ਪਿਛਲੀ ਸਰਦੀ ਦੇ ਮੌਸਮ ਦੌਰਾਨ ਮੈਂ ਸ਼ਹਿਰ ’ਚ ਕੂਕਾ ਸਿੱਖਾਂ ਦੀ ਇੱਕ ਟੋਲੀ ਘੁੰਮਦੀ ਤੱਕੀ ਸੀ ਤੇ ਮੈਂ ਮਾਣਯੋਗ ਮੰਤਰੀ ਜੀ ਨੂੰ ਪੁੱਛਿਆ ਕਿ ਉਹ ਇੱਥੇ ਕਾਠਮੰਡੂ ’ਚ ਕੀ ਕਰਨ ਆਏ ਹਨ। ਮੰਤਰੀ ਨੇ ਤੁਰੰਤ ਜਵਾਬ ਦਿੱਤਾ ਕਿ ਉਨ੍ਹਾਂ ਨੂੰ ਪਤਾ ਹੈ ਕਿ ਕੂਕਿਆਂ ਦੀ ਇੱਕ ਟੋਲੀ ਨੇਪਾਲ ਆਈ ਸੀ, ਉਹ ਦੋ ਪੰਜਾਬੀ ਮੱਝਾਂ ਤੋਹਫ਼ੇ ਵਜੋਂ ਲਿਆਏ ਸਨ। ਮਹਾਮਹਿਮ ਨੇ ਅੱਗੇ ਵਿਸਥਾਰਪੂਰਵਕ ਦੱਸਿਆ ਕਿ ਉਨ੍ਹਾਂ ਦਰਬਾਰ ਦੀ ਸੇਵਾ ’ਚ ਇੱਕ ਸਿੱਖ ਨੂੰ ਭਰਤੀ ਕੀਤਾ ਸੀ, ਜੋ ਛੁੱਟੀ ਲੈ ਕੇ ਕੁਝ ਪੰਜਾਬੀ ਮੱਝਾਂ ਖ਼ਰੀਦਣ ਲਈ ਪੰਜਾਬ ਜਾ ਰਿਹਾ ਸੀ। ਇੰਝ ਇਹ ਪਤਾ ਲੱਗਾ ਕਿ ਸਾਨੂੰ ਅਜਿਹੇ ਪਸ਼ੂਆਂ ਦੀ ਜ਼ਰੂਰਤ ਹੈ ਤੇ ਕੂਕਿਆਂ ਨੂੰ ਨੇਪਾਲ ਆਉਣ ਦਾ ਮੌਕਾ ਮਿਲਿਆ ਤੇ ਮਹਾਮਹਿਮ ਨੇ ਇਹ ਨਿਸ਼ਚਿਤ ਕਰਨ ਬਾਰੇ ਸੋਚਿਆ ਕਿ ਕੀ ਗੋਰਖਾ ਫ਼ੌਜ ’ਚ ਉਨ੍ਹਾਂ ਲੋਕਾਂ ਲਈ ਕੋਈ ਜਗ੍ਹਾ ਹੈ ਜਾਂ ਨਹੀਂ।

2. ਮੰਤਰੀ ਨੇ ਇਨ੍ਹਾਂ ਲੋਕਾਂ ਬਾਰੇ ਖੁੱਲ੍ਹ ਕੇ ਆਜ਼ਾਦਾਨਾ ਢੰਗ ਨਾਲ ਗੱਲ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕੂਕਿਆਂ ਨਾਲ ਉਨ੍ਹਾਂ ਦੇ ਰਹਿਨੁਮਾ ਗੁਰੂ ਰਾਮ ਸਿੰਘ ਜੀ ਬਾਰੇ ਗੱਲਬਾਤ ਕੀਤੀ ਤੇ ਉਨ੍ਹਾਂ ਦੀ ਕੁੱਲ ਗਿਣਤੀ ਤੇ ਪੰਜਾਬ ’ਚ ਉਨ੍ਹਾਂ ਦੀ ਸਥਿਤੀ ਬਾਰੇ ਪੁੱਛਿਆ ਅਤੇ ਮਹਾਮਹਿਮ ਉਨ੍ਹਾਂ ਦੀ ਵਧੇਰੇ ਗਿਣਤੀ ਤੇ ਦੇਸ਼ ’ਚ ਵਧੀਆ ਸਾਖ਼ ਤੋਂ ਪ੍ਰਭਾਵਿਤ ਹੋਏ ਜਾਪੇ ਤੇ ਉਨ੍ਹਾਂ ਟਿੱਪਣੀ ਕੀਤੀ ਕਿ ਜੇ ਉਨ੍ਹਾਂ ’ਤੇ ਚੌਕਸ ਨਜ਼ਰ ਨਾ ਰੱਖੀ ਗਈ, ਤਾਂ ਉਹ ਬ੍ਰਿਟਿਸ਼ ਸਰਕਾਰ ਲਈ ਕੋਈ ਨਾ ਕੋਈ ਮੁਸੀਬਤ ਖੜ੍ਹੀ ਕਰ ਸਕਦੇ ਹਨ।

3. ਮੈਨੂੰ ਬਿਲਕੁਲ ਵੀ ਆਸ ਨਹੀਂ ਸੀ ਕਿ ਮੈਨੂੰ ਅਸਲ ਉਦੇਸ਼ ਕੂਕਿਆਂ ਦੇ ਨੇਪਾਲ ਦੌਰੇ ਬਾਰੇ ਜਾਣਕਾਰੀ ਮਿਲ ਜਾਵੇਗੀ, ਸਰ ਜੰਗ ਬਹਾਦਰ ਨੇ ਅਜਿਹੇ

ਮਾਮਲਿਆਂ 'ਚ ਉਨ੍ਹਾਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ ਤੇ ਇਹ ਮੰਨ ਲਿਆ ਕਿ ਪੰਜਾਬ 'ਚ ਹਾਲੇ ਕੁਝ ਸਮਾਂ ਪਹਿਲਾਂ ਕਾਇਮ ਹੋਏ ਇਸ ਸੰਪਰਦਾਇ ਦੇ ਲਗਭਗ 3,00,000 ਪੈਰੋਕਾਰ ਹਨ ਤੇ ਉਨ੍ਹਾਂ ਦਾ ਆਪਣੇ ਗੁਰੂ 'ਚ ਅਥਾਹ ਵਿਸ਼ਵਾਸ ਹੈ ਅਤੇ ਉਹ ਉਨ੍ਹਾਂ ਲਈ ਚੰਗਾ ਜਾਂ ਮਾੜਾ ਸਭ ਕਰਨ ਲਈ ਸਦਾ ਤਿਆਰ ਹਨ।

4. ਬੇਸ਼ੱਕ, ਵਿਚਾਰ ਅਧੀਨ ਵਿਅਕਤੀ ਨੇਪਾਲ 'ਚ ਸਿਰਫ਼ ਸਰ ਜੰਗ ਬਹਾਦਰ ਲਈ ਮੱਝਾਂ ਦੀ ਜੋੜੀ ਤਾਂ ਲਿਆਏ ਨਹੀਂ ਸਨ ਪਰ ਉਨ੍ਹਾਂ ਦਾ ਅਸਲ ਮੰਤਵ ਭਾਵੇਂ ਕੁਝ ਵੀ ਹੋਵੇ, ਮੇਰਾ ਮੰਨਣਾ ਹੈ ਕਿ ਮੈਂ ਬਹੁਤ ਵਿਸ਼ਵਾਸ ਨਾਲ ਇਹ ਆਖ ਸਕਦਾ ਹਾਂ ਕਿ ਉਨ੍ਹਾਂ ਨੂੰ ਅੱਗਿਓਂ ਕੋਈ ਹੱਲਾਸ਼ੇਰੀ ਨਹੀਂ ਮਿਲੀ ਸੀ।

5. ਇਹ ਦਰਬਾਰ ਦੀ ਨੀਤੀ ਦੇ ਉਲਟ ਹੈ ਕਿ ਗੋਰਖਾ ਫ਼ੌਜ 'ਚ ਕਿਸੇ ਹੋਰ ਦੇਸ਼ ਦੇ ਨਾਗਰਿਕ ਦੀ ਭਰਤੀ ਕੀਤੀ ਜਾਵੇ, ਜੇ ਕੋਈ ਵਿਦੇਸ਼ੀ ਭਰਤੀ ਹੋ ਸਕਦੇ ਹਨ, ਤਾਂ ਉਹ ਸਿਰਫ਼ ਡ੍ਰਿੱਲ ਇੰਸਟਰੱਕਟਰਜ਼ (ਪਰੇਡ ਜਾਂ ਅਭਿਆਸ ਕਰਵਾਉਣ ਵਾਲੇ ਕੋਚ) ਤੇ ਮੈਗਜ਼ੀਨਾਂ 'ਚ ਕਾਰੀਗਰ ਵਜੋਂ ਹੀ ਭਰਤੀ ਹੋ ਸਕਦੇ ਹਨ। ਮੈਂ ਪਹਿਲੇ ਪੈਰੇ 'ਚ ਜਿਸ ਸਿੱਖ ਦਾ ਜ਼ਿਕਰ ਕੀਤਾ ਹੈ, ਉਹ ਦਰਬਾਰ 'ਚ ਪਿਛਲੇ ਕਈ ਵਰ੍ਹਿਆਂ ਤੋਂ ਹੈ, ਜਦੋਂ ਉਹ ਹਾਲੇ ਗਭਰੇਟ ਅਵਸਥਾ 'ਚ ਹੀ ਸੀ। ਉਹ ਇੱਕ ਜੱਟ ਸਿੱਖ ਹੈ ਤੇ ਉਸ ਦਾ ਨਾਂਅ ਮਾਨ ਸਿੰਘ ਹੈ। ਉਸ ਦਾ ਪਰਿਵਾਰ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਫ਼ਰੀਦਕੋਟ ਨਾਲ ਸੰਬੰਧਤ ਹੈ।

*ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ*

ਰੇਜ਼ੀਡੈਂਸ (ਨਿਵਾਸੀ), ਨੇਪਾਲ, ਨੰ. 15ਪੀ ਮਿਤੀ 22 ਨਵੰਬਰ, 1871.

ਇਸ ਫ਼ੋਲਡ ਨਾਲ ਨੋਟ ਵੇਖੋ (ਕੇ.ਡਬਲਿਊ, ਸਿਆਸੀ ਕਾਰਵਾਈਆਂ ਅਕਤੂਬਰ 1871, ਨੰ. 641-642)

*ਨੇਪਾਲ ਦੀ ਫ਼ੌਜ 'ਚ ਕੂਕਿਆਂ ਦੀ ਭਰਤੀ।*

ਇਹ ਜਵਾਬ ਪੜ੍ਹਿਆ ਜਾ ਸਕਦਾ ਹੈ ਤੇ ਕਾਪੀ ਪੰਜਾਬ ਨੂੰ ਭੇਜ ਦਿੱਤੀ ਹੈ।

(ਹਸਤਾਖਰ) ਐੱਚ. ਐੱਲਪੀਈ. ਡਬਲਿਊ.

30 ਨਵੰਬਰ, 1871

ਸਰ ਜੰਗ ਬਹਾਦਰ ਨੇ ਮੈਨੂੰ ਸੋਨਪੁਰ 'ਚ ਦੱਸਿਆ ਕਿ ਉਨ੍ਹਾਂ ਦੀ ਸੇਵਾ 'ਚ 16 ਸਿੱਖ ਤਾਇਨਾਤ ਹਨ ਪਰ ਉਹ ਉਨ੍ਹਾਂ ਸਭਨਾਂ ਨੂੰ ਬਰਖ਼ਾਸਤ ਕਰ ਚੁੱਕੇ ਹਨ।

29 ਨਵੰਬਰ, 1871 (ਹਸਤਾਖਰ) ਸੀ.ਯੂ.ਏ.

1 ਦਸੰਬਰ, 1871 (ਹਸਤਾਖਰ) ਐੱਮ.

*ਸੀ.ਜੀ. ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ।*

ਵੱਲੋਂ ਪੰਜਾਬ ਸਰਕਾਰ ਨੰ. 474-1359, ਮਿਤੀ 8 ਦਸੰਬਰ, 1871

ਬਿਲਕੁਲ ਇਹੋ ਜਿਹਾ ਮਾਮਲਾ ਨੇਪਾਲ 'ਚ ਉੱਠਿਆ ਸੀ ਤੇ ਉਹ ਸਰ ਜੰਗ

ਬਹਾਦਰ ਦੀ ਸੇਵਾ 'ਚ ਤਾਇਨਾਤ ਸਿੱਖਾਂ ਦੀ ਬਰਤਰਫ਼ੀ ਨਾਲ ਖ਼ਤਮ ਕਰ ਦਿੱਤਾ ਗਿਆ ਸੀ (ਵੇਖੋ ਕੇ.ਡਬਲਿਊ. ਸਿਆਸੀ ਕਾਰਵਾਈ ਅਕਤੂਬਰ 1871 ਨੰ. 641-642) ਤੇ ਸਕੱਤਰ ਦਾ ਨੋਟ ਵੇਖੋ।

ਕਸ਼ਮੀਰ ਦੀਆਂ ਫ਼ੌਜਾਂ 'ਚ 200 ਕੂਕਿਆਂ ਦੀ ਭਰਤੀ ਤੇ ਬਾਅਦ 'ਚ ਉਨ੍ਹਾਂ ਦੀ ਬਰਖ਼ਾਸਤਗੀ ਬਾਰੇ ਗ੍ਰਹਿ ਵਿਭਾਗ ਰਾਹੀਂ ਗੁਪਤ ਤਰੀਕੇ ਰਿਪੋਰਟ ਦੇ ਦਿੱਤੀ ਗਈ ਸੀ।

1846 ਦੀ ਕਸ਼ਮੀਰ ਸੰਧੀ ਦੀ 7ਵੀਂ ਧਾਰਾ 'ਚ ਮਹਾਰਾਜਾ ਦੀ ਸੇਵਾ 'ਚੋਂ ਸਿਰਫ਼ ਅੰਗਰੇਜ਼ ਨਾਗਰਿਕਾਂ, ਯੂਰੋਪੀਅਨਾਂ ਤੇ ਅਮਰੀਕਨਾਂ ਨੂੰ ਹੀ ਬਾਹਰ ਰੱਖਿਆ ਗਿਆ ਸੀ।

ਪੰਜਾਬ ਸਰਕਾਰ ਤੋਂ ਪੁੱਛਿਆ ਗਿਆ ਸੀ ਕਿ ਇਹ ਜਵਾਨ ਕਿੱਥੇ ਤੇ ਕਿਸ ਏਜੰਸੀ ਰਾਹੀਂ ਭਰਤੀ ਕੀਤੇ ਗਏ ਸਨ ਤੇ ਕੀ ਭਵਿੱਖ 'ਚ ਵੀ ਅਜਿਹੇ ਘਟਨਾ-ਕ੍ਰਮਾਂ ਦੀ ਜਾਣਕਾਰੀ ਤੇਜ਼ੀ ਨਾਲ ਅਧਿਕਾਰੀਆਂ ਤੱਕ ਨਹੀਂ ਪਹੁੰਚਾਈ ਜਾ ਸਕਦੀ ਕਿਉਂਕਿ ਪੁਲਿਸ ਤਾਂ ਸਪੱਸ਼ਟ ਤੌਰ 'ਤੇ ਉਨ੍ਹਾਂ ਜਵਾਨਾਂ ਦਾ ਨੋਟਿਸ ਲੈ ਕੇ ਉਨ੍ਹਾਂ ਬਾਰੇ ਸੂਚਿਤ ਹੀ ਨਹੀਂ ਕਰ ਸਕੀ।

*ਨੰ. 188, ਮਿਤੀ 9 ਨਵੰਬਰ, ਵੱਲ - ਪੰਜਾਬ ਸਰਕਾਰ।*

*ਨੰ. 12, ਮਿਤੀ 30 ਜਨਵਰੀ, 1871, ਵੱਲ - ਪੰਜਾਬ ਸਰਕਾਰ।*

ਪੁਲਿਸ ਦੇ ਕਾਰਜਕਾਰੀ ਇੰਸਪੈਕਟਰ ਜਨਰਲ ਬਿਆਨ ਕਰਦੇ ਹਨ ਕਿ ਇਸ ਕੂਕਾ ਰੈਜਿਮੈਂਟ ਬਾਰੇ ਪਹਿਲੀ ਜਾਣਕਾਰੀ ਸਰਕਾਰ ਨੂੰ ਨੰ. 1869 'ਚ ਮਿਲੀ ਸੀ ਤੇ ਹੋਰ ਰਿਪੋਰਟਾਂ ਜਨਵਰੀ, 1871 ਤੱਕ ਮਿਲਦੀਆਂ ਰਹੀਆਂ ਸਨ, ਜਿਨ੍ਹਾਂ ਬਾਰੇ ਉਨ੍ਹਾਂ ਧਿਆਨ ਦਿਵਾਇਆ ਸੀ। ਉਸ ਵਿਸ਼ੇ ਨੂੰ ਕਿਉਂਕਿ ਮਹੱਤਵਹੀਣ ਸਮਝਿਆ ਗਿਆ ਸੀ, ਭਾਵੇਂ ਸਥਾਨਕ ਸਰਕਾਰਾਂ 'ਚ ਭਰਤੀਆਂ ਦੇ ਆਪਰੇਸ਼ਨ ਬਾਰੇ ਵਿਸ਼ੇਸ਼ ਰਿਪੋਰਟਾਂ ਸਮੇਂ-ਸਮੇਂ 'ਤੇ ਭੇਜੀਆਂ ਗਈਆਂ ਸਨ ਪਰ ਉਸ ਮਾਮਲੇ 'ਤੇ ਕੋਈ ਬਹੁਤਾ ਗ਼ੌਰ ਨਹੀਂ ਕੀਤਾ ਗਿਆ ਸੀ। ਇਹ ਗੁਪਤ ਜ਼ਿਆਦਾਤਰ ਰਿਕਾਰਡ 'ਚ ਨਹੀਂ ਰੱਖੀਆਂ ਗਈਆਂ ਪਰ 1869 'ਚ ਉਨ੍ਹਾਂ 'ਚੋਂ ਲੈਫ਼ਟੀਨੈਂਟ ਗਵਰਨਰ ਦਾ ਇੱਕ ਹੁਕਮ ਸੀ, ਜਿਸ ਨੇ ਧਿਆਨ ਖਿੱਚਿਆ, ਜੋ ਇੰਝ ਸੀ:

''ਮਹਾਰਾਜਾ (ਕਸ਼ਮੀਰ ਦੇ) ਨੂੰ ਆਪਣੀ ਮਰਜ਼ੀ ਮੁਤਾਬਕ ਭਰਤੀ ਕਰਨ ਦੀ ਖੁੱਲ੍ਹ ਹੈ ਪਰ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਪਹਿਲਾਂ ਕਮਿਸ਼ਨਰ ਨੂੰ ਸੂਚਿਤ ਤਾਂ ਕਰਨਾ ਚਾਹੀਦਾ ਹੈ ਜਾਂ ਆਪਣੇ ਭਰਤੀ ਅਫ਼ਸਰ ਨੂੰ ਜਾਣਕਾਰੀ ਦਾ ਇੱਕ ਨੋਟ ਦੇਣਾ ਚਾਹੀਦਾ ਹੈ, ਸਕੱਤਰ ਨੇ ਕਿਹਾ ਕਿ ਇਸ ਵਿਸ਼ੇ 'ਤੇ ਕੋਈ ਨਿਯਮ ਜਾਂ ਹੁਕਮ ਨਹੀਂ ਸਨ ਤੇ ਇਸ ਮਾਮਲੇ ਬਾਰੇ ਸੰਧੀ 'ਚ ਕੁਝ ਵੀ ਦਰਜ ਨਹੀਂ ਹੈ। ਇਸ ਦਾ ਇਹੋ ਮਤਲਬ ਹੈ ਕਿ ਇਸ ਮਾਮਲੇ ਨੂੰ ਕੋਈ ਬਹੁਤਾ ਅਹਿਮ ਨਹੀਂ ਸਮਝਿਆ ਗਿਆ ਸੀ ਭਾਵੇਂ ਪੁਲਿਸ ਦੇ ਇੰਸਪੈਕਟਰ ਜਨਰਲ ਦਾ ਵਿਚਾਰ ਅਜਿਹਾ ਨਹੀਂ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਭਰਤੀ 'ਤੇ ਕੰਟਰੋਲ ਰੱਖਣਾ ਇੱਕੋ-ਇੱਕ ਪ੍ਰਭਾਵੀ ਤਰੀਕਾ ਇਹੋ ਹੋਵੇਗਾ ਕਿ ਰੱਦ ਕੀਤੇ ਕਾਨੂੰਨ 9 ਜਾਰਜ II ਕੈਪ. 30 ਉੱਤੇ ਇੱਕ ਕਾਨੂੰਨ (ਨਵੀਂਆਂ

ਸਜ਼ਾਵਾਂ ਨਾਲ) ਤਿਆਰ ਕੀਤਾ ਜਾਵੇ ਕਿ ਪਰਿਵਾਰ, ਰਿਸ਼ਤੇਦਾਰਾਂ ਤੇ ਪਿੰਡ ਦੇ ਨੰਬਰਦਾਰਾਂ ਨੂੰ ਹੀ ਅਜਿਹੀਆਂ ਭਰਤੀਆਂ ਬਾਰੇ ਰਿਪੋਰਟ ਕਰਨ ਲਈ ਜ਼ਿੰਮੇਵਾਰ ਬਣਾਇਆ ਜਾਵੇ, ਜਿਨ੍ਹਾਂ ਬਾਰੇ ਪੁਲਿਸ ਨੂੰ ਅਕਸਰ ਪਤਾ ਨਹੀਂ ਲੱਗਦਾ।

ਪੰਜਾਬ ਸਰਕਾਰ ਨੇ ਕਿਸੇ ਵੀ ਤਰ੍ਹਾਂ ਦੀ ਭਰਤੀ ਪਾਰਟੀ ਦੀ ਸ਼ੁਰੂਆਤ ਬਾਰੇ ਖ਼ਾਸ ਰਿਪੋਰਟਾਂ ਤੁਰੰਤ ਵਿਸਥਾਰਪੂਰਵਕ ਭੇਜਣ ਲਈ ਆਖ ਦਿੱਤਾ ਹੈ ਤੇ ਪੁਲਿਸ ਨੂੰ ਵੀ ਇਸ ਮਾਮਲੇ 'ਚ ਪੂਰੀ ਚੌਕਸੀ ਵਰਤਣ ਲਈ ਕਿਹਾ ਗਿਆ ਹੈ; ਇੰਝ ਸਾਰੇ ਮਾਮਲੇ ਪਤਾ ਲੱਗ ਸਕਿਆ ਕਰਨਗੇ। ਇਸ ਦੇ ਨਾਲ ਹੀ ਮਾਣਯੋਗ ਲੈਫ਼ਟੀਨੈਂਟ ਗਵਰਨਰ ਬੇਹੱਦ ਸਤਿਕਾਰ ਨਾਲ ਇਸ ਦਾ ਫ਼ਾਇਦਾ ਦੱਸਿਆ ਹੈ ਕਿ (ਕਾਨੂੰਨ ਰਾਹੀਂ) ਅਜਿਹੀ ਤਾਕਤ ਮਿਲ ਜਾਵੇਗੀ ਕਿ ਸਥਾਨਕ ਫ਼ੌਜਾਂ ਵਿੱਚ ਬ੍ਰਿਟਿਸ਼ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਬ੍ਰਿਟਿਸ਼ ਨਾਗਰਿਕ ਰੱਖਣ ਦੀ ਪਾਬੰਦੀ ਹੋਵੇਗੀ ਕਿਉਂਕਿ ਪੰਜਾਬ ਸਦਾ ਹੀ ਭਰਤੀਆਂ ਕਰਨ ਲਈ ਮਨਭਾਉਂਦਾ ਖੇਤਰ ਰਿਹਾ ਹੈ।

15 ਦਸੰਬਰ, 1871 (ਹਸਤਾਖਰ) ਸੀ.ਈ.ਬੀ.

ਮੈਨੂੰ ਨਹੀਂ ਲੱਗਦਾ ਕਿ ਕੌਂਸਲ 'ਚ ਮਹਾਮਹਿਮ ਸਥਾਨਕ ਫ਼ੌਜਾਂ ਵਿੱਚ ਸਾਡੇ ਨਾਗਰਿਕਾਂ ਦੀ ਭਰਤੀ ਨੂੰ ਰੋਕਣ ਲਈ ਕਾਨੂੰਨ ਬਣਾਉਣ ਦੀ ਪ੍ਰਵਾਨਗੀ ਦੇਣਗੇ। ਵਿਚਾਰ ਕਰੀਏ, ਤਾਂ ਬ੍ਰਿਟਿਸ਼ ਤੇ ਸਥਾਨਕ ਖੇਤਰ ਅੰਤਰ-ਸੰਬੰਧਤ ਹਨ ਅਤੇ ਸਾਡੇ ਸਥਾਨਕ ਨਾਗਰਿਕਾਂ 'ਚੋਂ ਇਹ ਸ਼ਨਾਖ਼ਤ ਕਰਨਾ ਔਖਾ ਹੈ ਕਿ ਸਾਡੇ ਨਾਗਰਿਕ ਕਿਹੜੇ ਹਨ, ਇਸ ਲਈ ਜਿਸ ਕਿਸਮ ਦਾ ਕਾਨੂੰਨ ਪ੍ਰਸਤਾਵਿਤ ਕੀਤਾ ਗਿਆ ਹੈ, ਉਸ ਨੂੰ ਲਾਗੂ ਕਰਨਾ ਵਿਵਹਾਰਕ ਨਹੀਂ ਹੋਵੇਗਾ।

ਇਸ ਤੋਂ ਇਲਾਵਾ ਮੈਨੂੰ ਨਹੀਂ ਲੱਗਦਾ ਕਿ ਸਰਕਾਰ ਸਾਡੇ ਨਾਗਰਿਕਾਂ ਦੀ ਭਰਤੀ ਰੋਕਣਾ ਚਾਹੁੰਦੀ ਹੈ, ਖ਼ਾਸ ਕਰਕੇ ਜਦੋਂ ਅਸੀਂ ਦਾਅਵਾ ਕਰਦੇ ਹਾਂ ਕਿ ਸਥਾਨਕ ਰਾਜਾਂ ਦੇ ਨਾਗਰਿਕਾਂ 'ਚੋਂ ਭਰਤੀ ਕਰਨਾ ਸਾਡਾ ਅਧਿਕਾਰ ਹੈ।

ਭਰਤੀ ਕਰਨ ਵਾਲੀਆਂ ਧਿਰਾਂ ਨੂੰ ਸਾਡੇ ਨਾਗਰਿਕਾਂ ਤੇ ਕੂਕਿਆਂ ਜਿਹੇ ਖ਼ਤਰਨਾਕ ਵਰਗਾਂ ਤੇ ਹੋਰਨਾਂ ਦੀ ਭਰਤੀ ਕਰਨ ਲਈ ਸਾਡੇ ਖੇਤਰਾਂ 'ਚ ਆਉਣ ਤੋਂ ਰੋਕਣ ਵਾਸਤੇ ਕੀ ਕਰਨਾ ਚਾਹੀਦਾ ਹੈ। ਅਜਿਹੀ ਰੋਕ ਕੋਈ ਖ਼ਾਸ ਕਾਨੂੰਨ ਬਣਾਉਣ ਦੀ ਥਾਂ ਪੁਲਿਸ ਤੇ ਸਾਡੇ ਸਿਵਲ ਅਧਿਕਾਰੀਆਂ ਵੱਲੋਂ ਸਾਧਾਰਣ ਚੌਕਸੀ ਰੱਖ ਕੇ ਵੀ ਬਿਹਤਰ ਢੰਗ ਨਾਲ ਲਾਈ ਜਾ ਸਕਦੀ ਹੈ।

ਵਿਦੇਸ਼ੀ ਭਰਤੀ ਕਾਨੂੰਨ (33 ਤੇ 34 ਵਿਕ. ਕੈਪ. 90) ਮਿੱਤਰ ਦੇਸ਼ਾਂ 'ਚ ਭਰਤੀ ਤੋਂ ਰੋਕਦਾ ਹੈ ਜਦੋਂ ਹੋਰਨਾਂ ਦੇਸ਼ਾਂ ਨਾਲ ਜੰਗ ਲੱਗੀ ਹੋਵੇ। ਕੌਂਸਲ 'ਚ ਮਹਾਮਹਿਮ ਨੂੰ ਇਸ ਕਾਨੂੰਨ ਬਾਰੇ ਐਲਾਨ ਕਰ ਦੇਣਾ ਚਾਹੀਦਾ ਹੈ, ਜਿਵੇਂ ਕਿ ਸੈਕਸ਼ਨ 3 'ਚ ਹਦਾਇਤ ਕੀਤੀ ਗਈ ਹੈ।

19 ਦਸੰਬਰ, 1871 (ਹਸਤਾਖਰ) ਸੀ.ਯੂ.ਏ.

ਸ੍ਰੀ ਸਟੀਫ਼ਨ ਨੂੰ ਇਹ ਵੇਖਣਾ ਚਾਹੀਦਾ ਹੈ ਪਰ ਮੈਂ ਇਹ ਨਹੀਂ ਸੋਚ ਸਕਦਾ ਕਿ

ਇਸ ਵਿਦੇਸ਼ੀ ਭਰਤੀ ਕਾਨੂੰਨ ਦੀ ਕੋਈ ਵਿਵਸਥਾ ਸਾਡੇ ਜਗੀਰਦਾਰੀ ਮਾਤਹਿਤ ਰਾਜਾਂ (ਰਿਆਸਤਾਂ) 'ਤੇ ਲਾਗੂ ਹੁੰਦੀ ਕਿ ਨਹੀਂ।

21 ਦਸੰਬਰ, 1871 (ਹਸਤਾਖਰ) ਐੱਮ.

ਮੈਨੂੰ ਲੱਗਦਾ ਹੈ ਕਿ ਵਿਦੇਸ਼ੀ ਭਰਤੀ ਕਾਨੂੰਨ ਦੇ ਸੈਕਸ਼ਨ 3 ਤੇ 4 ਭਾਰਤ 'ਤੇ ਲਾਗੂ ਹੋਣਗੇ ਪਰ ਸੈਕਸ਼ਨ 33 'ਚ ਵਿਵਸਥਾ ਹੈ ਕਿ ਇਹ ਕਾਨੂੰਨ ਉਸ ਵਿਅਕਤੀ 'ਤੇ ਲਾਗੂ ਨਹੀਂ ਹੁੰਦਾ ਜੋ ਏਸ਼ੀਆ 'ਚ ਕਿਸੇ ਅਜਿਹੇ ਨਵਾਬ ਦੀ ਫ਼ੌਜੀ ਸੇਵਾ 'ਚ ਭਰਤੀ ਹੁੰਦਾ ਹੈ, ਜਿਸ ਕੋਲ "ਅਜਿਹਾ ਲਾਇਸੈਂਸ ਹੈ, ਜਿਹੋ ਜਿਹਾ ਇਸ ਵੇਲੇ ਕਾਨੂੰਨੀ ਤੌਰ 'ਤੇ ਲੋੜੀਂਦਾ ਹੈ।" ਜਿੱਥੋਂ ਤੱਕ ਮੇਰੀ ਜਾਣਕਾਰੀ ਹੈ ਭਾਰਤ 'ਚ ਅਜਿਹੇ ਕਿਸੇ ਲਾਇਸੈਂਸ ਦੀ ਲੋੜ ਨਹੀਂ ਹੈ ਤੇ ਫਿਰ ਇਸ 'ਚ ਵੀ ਸ਼ੱਕ ਹੈ ਕਿ ਕੀ ਇਹ ਕਾਨੂੰਨ ਲਾਗੂ ਵੀ ਹੁੰਦਾ ਹੈ ਜਾਂ ਨਹੀਂ, ਤਦ ਕੀ ਇਸ ਦਾ ਅਰਥ ਇਹ ਹੈ – 'ਪਹਿਲੀ ਵਿਆਖਿਆ– ਤੁਸੀਂ ਤਦ ਤੱਕ ਅਜਿਹਾ ਕੁਝ ਨਹੀਂ ਕਰੋਗੇ ਜਦੋਂ ਤੱਕ ਤੁਹਾਡੇ ਤੱਕ ਕਾਨੂੰਨੀ ਤੌਰ 'ਤੇ ਵਿਸ਼ੇਸ਼ ਲਾਇਸੈਂਸ ਨਹੀਂ ਹੋਵੇਗਾ ਜਾਂ ਦੂਜੀ ਵਿਆਖਿਆ– ਕਿ ਇਹ ਕਾਨੂੰਨ ਏਸ਼ੀਆ 'ਚ ਤਦ ਤੱਕ ਲਾਗੂ ਨਹੀਂ ਹੁੰਦਾ, ਜਦੋਂ ਤੱਕ ਕਿ ਕੋਈ ਵਿਅਕਤੀ ਕਾਨੂੰਨ ਨਾ ਤੋੜੇ।' ਮੈਨੂੰ ਲੱਗਦਾ ਹੈ ਕਿ ਕੁੱਲ ਮਿਲਾ ਕੇ ਪਹਿਲੀ ਵਿਆਖਿਆ ਵਧੇਰੇ ਸੁਭਾਵਕ ਹੈ। ਇਸ ਕਾਨੂੰਨ ਦਾ ਐਲਾਨ ਕਰ ਦੇਣਾ ਚਾਹੀਦਾ ਹੈ ਪਰ ਇਹ ਸਿਰਫ਼ ਜੰਗ ਕਰ ਰਹੇ ਦੇਸ਼ਾਂ 'ਤੇ ਲਾਗੂ ਹੁੰਦਾ ਹੈ, ਅਤੇ ਇਸ ਲਈ ਇਸ ਮਾਮਲੇ 'ਚ ਇਸ ਦਾ ਕੋਈ ਪ੍ਰਭਾਵ ਨਹੀਂ ਹੈ।

ਜਿੱਥੋਂ ਤੱਕ ਵਿਸ਼ੇਸ਼ ਕਾਨੂੰਨ ਬਣਾਉਣ ਦੀ ਗੱਲ ਹੈ, ਮੈਨੂੰ ਨਹੀਂ ਲੱਗਦਾ ਕਿ ਇਸ ਦੀ ਜ਼ਰੂਰਤ ਹੈ; ਸ਼ਾਇਦ ਸਾਨੂੰ ਭਰਤੀ ਕਰਨ ਲਈ ਲਾਇਸੈਂਸ ਦੀ ਜ਼ਰੂਰਤ ਹੋ ਸਕਦੀ ਹੈ ਅਤੇ ਲਾਇਸੈਂਸਸ਼ੁਦਾ ਭਰਤੀ ਕਰਨ ਵਾਲਿਆਂ ਨੂੰ ਆਪੇ ਜਾਣਕਾਰੀ ਦੇਣ ਲਈ ਮਜਬੂਰ ਕਰੋ, ਹੁਣ ਕੁੱਲ ਮਿਲਾ ਕੇ ਮੈਂ ਇੱਥੇ ਗੱਲ ਮੁਕਾਉਂਦਾ ਹਾਂ।

29 ਦਸੰਬਰ, 1871 (ਹਸਤਾਖਰ) ਜੇ.ਐੱਫ਼.ਐੱਚ.

ਮੈਨੂੰ ਤਾਂ ਇਹੋ ਲੱਗਦਾ ਹੈ।

6 ਜਨਵਰੀ, 1872 (ਹਸਤਾਖਰ) ਐੱਮ.

## 50

### XXXVIII – (ਗੁਰੂ) ਰਾਮ ਸਿੰਘ ਜੀ ਤੇ ਕੂਕਿਆਂ ਬਾਰੇ ਯਾਦ-ਪੱਤਰ, ਵੱਲੋਂ ਜੇ. ਡਬਲਿਊ. ਮੈਕਨੈਬ, ਭੂਤਪੂਰਵ ਆਫ਼ੀਸ਼ੀਏਟਿੰਗ ਕਮਿਸ਼ਨਰ, ਅੰਬਾਲਾ ਡਿਵੀਜ਼ਨ, ਮਿਤੀ 4 ਨਵੰਬਰ, 1871

ਕੇਂਦਰੀ ਪੁਲਿਸ ਦਫ਼ਤਰ ਦੀਆਂ 1867 ਤੇ 1868 ਦੀਆਂ ਪ੍ਰਕਾਸ਼ਿਤ ਰਿਪੋਰਟਾਂ ਉਸ ਸੰਪਰਦਾਇ ਦੇ ਮੂਲ ਇਤਿਹਾਸ ਤੱਕ ਜਾਣਾ ਜ਼ਰੂਰੀ ਨਹੀਂ ਸਮਝਦੀਆਂ।

ਸਤੰਬਰ 1866 'ਚ ਵੀ ਤੁਹਾਡੇ ਦਫ਼ਤਰ ਤੇ ਜਨਰਲ ਟੇਅਲਰ ਵਿਚਾਲੇ ਕੂਕਿਆਂ

ਬਾਰੇ ਚਿੱਠੀ-ਪੱਤਰੀ ਹੋਈ ਸੀ, ਜਿਨ੍ਹਾਂ ਤੋਂ ਉਨ੍ਹਾਂ ਦੇ ਅਤੇ ਉਦੋਂ ਦੀ ਸਰਕਾਰ ਦੇ ਵਿਚਾਰ ਪਤਾ ਲੱਗਦੇ ਹਨ।

ਉਸ ਚਿੱਠੀ-ਪੱਤਰੀ ਅਤੇ ਜਿਹੜੇ ਹਾਲਾਤ 'ਚ ਇਸ ਸੰਪਰਦਾਇ ਦੀ ਸਥਾਪਨਾ ਹੋਈ ਸੀ, 'ਤੇ ਵਿਚਾਰ ਕਰਨ ਤੋਂ ਬਾਅਦ ਮੇਰੇ ਆਪਣੇ ਹੀ ਵਿਚਾਰ ਦੀ ਪੁਸ਼ਟੀ ਹੁੰਦੀ ਹੈ ਕਿ ਸ਼ੁਰੂਆਤ 'ਚ ਇਸ ਸੰਪਰਦਾਇ ਦੇ ਆਗੂਆਂ ਦੀ ਮਨਸ਼ਾ ਭਾਵੇਂ ਕੁਝ ਵੀ ਰਹੀ ਹੋਵੇ, ਹੁਣ ਇਸ ਦਾ ਰੁਝਾਨ ਪੂਰੀ ਤਰ੍ਹਾਂ ਸਿਆਸੀ ਹੈ।

ਮੈਂ ਮੁਢਲੇ ਦਸਤਾਵੇਜ਼ਾਂ 'ਚ ਵੇਖਿਆ ਹੈ ਕਿ (ਗੁਰੂ) ਰਾਮ ਸਿੰਘ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਾਰਸ ਜਾਂ ਉਨ੍ਹਾਂ ਦੇ ਅਸਲ ਅਵਤਾਰ ਵਜੋਂ ਵੇਖਿਆ ਗਿਆ ਸੀ। ਉਹ ਹੁਣ ਮਹਾਨ ਜੋਧੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਤੀਨਿਧ ਹਨ।

ਉਸ ਵੇਲੇ ਦੀਆਂ ਰਿਪੋਰਟਾਂ ਅਨੁਸਾਰ ਜਦੋਂ ਪਟਿਆਲਾ 'ਚ ਬਿਸ਼ਨਪੁਰਾ ਦੇ ਮੰਗਲ ਸਿੰਘ ਤੋਂ ਇਲਾਵਾ ਹੋਰ ਕੋਈ ਵੀ ਸਰਦਾਰ ਇਸ ਲਹਿਰ ਨਾਲ ਨਹੀਂ ਜੁੜਿਆ ਹੋਇਆ ਸੀ। ਹੁਣ ਬਹੁਤ ਸਾਰੇ ਅਸਰ-ਰਸੂਖ਼ ਵਾਲੇ ਲੋਕ ਇਸ ਸੰਪਰਦਾਇ ਨਾਲ ਜੁੜ ਰਹੇ ਹਨ। ਉਦਾਹਰਣ ਵਜੋਂ ਪਟਿਆਲਾ 'ਚ ਖਮਾਣੋਂ (ਜੋ ਭੈਣੀ ਤੋਂ ਬਹੁਤਾ ਦੂਰ ਨਹੀਂ ਹੈ) ਦੇ ਸਰਦਾਰ; ਪਟਿਆਲਾ 'ਚ ਨਾਈਵਾਲਾ ਦੇ ਗੁਰਦਿੱਤ ਸਿੰਘ, ਦਿਆਲਗੜ੍ਹ ਦੇ ਸਰਦਾਰ ਬੀਰ ਸਿੰਘ; ਮੁਸਤਫ਼ਾਬਾਦ ਦੇ ਸਰਦਾਰ ਗੁਰਸ਼ਰਨ ਸਿੰਘ ਤੇ ਉਨ੍ਹਾਂ ਦੇ ਤਿੰਨ ਭਤੀਜੇ (ਇਹ ਸਰਦਾਰ ਖ਼ੁਦ ਬਹੁਤ ਜ਼ਿਆਦਾ ਕਰਜ਼ੇ 'ਚ ਡੁੱਬਿਆ ਹੋਇਆ ਹੈ, ਨੇ ਮੈਨੂੰ ਦੱਸਿਆ ਕਿ ਉਹ ਕੂਕਾ ਹੈ); ਸਢਾਉਰਾ ਦਾ ਜਗੀਰਦਾਰ ਹੀਰਾ ਸਿੰਘ – ਜੋ ਕਮਾਂਡੈਂਟ ਵਜੋਂ ਜੰਮੂ 'ਚ ਕੂਕਾ ਰੈਜਿਮੈਂਟ ਦੀ ਸਥਾਪਨਾ ਲਈ 100 ਜਵਾਨਾਂ ਨਾਲ ਗਏ ਸਨ; ਸਢਾਉਰਾ ਦੇ ਹੋਰ ਸਾਰੇ ਛੋਟੇ ਜਗੀਰਦਾਰ; ਸੋਹਾਣਾ ਦੇ ਆਨਰੇਰੀ ਮੈਜਿਸਟ੍ਰੇਟ ਦੇ ਚਚੇਰੇ ਭਰਾ ਬੇੜਾ ਸਿੰਘ ਅਤੇ ਉਪਰੋਕਤ ਦਿਆਲਗੜ੍ਹ ਦੇ ਸਰਦਾਰ ਦੇ ਸੰਪਰਕ ਦਾ ਇੱਕ ਵਿਅਕਤੀ; ਕਲਸੀਆ ਰਿਆਸਤ ਦੇ ਜੈਮਲ ਸਿੰਘ ਤੇ ਦਲੀਪ ਸਿੰਘ।

ਇਨ੍ਹਾਂ 'ਚੋਂ ਅਸਲ 'ਚ ਵੱਡੀਆਂ ਸ਼ਖ਼ਸੀਅਤਾਂ ਹਨ ਪਰ ਉਹ ਤਰਖਾਣਾਂ, ਲੁਹਾਰਾਂ ਤੇ ਪਹਿਲਾਂ-ਪਹਿਲ ਇਸ ਲਹਿਰ ਨਾਲ ਜੁੜਨ ਵਾਲੇ ਸਿੱਖਾਂ ਤੋਂ ਬਿਲਕੁਲ ਵੱਖਰੇ ਵਰਗ ਤੋਂ ਹਨ।

ਅੰਬਾਲਾ ਜ਼ਿਲ੍ਹੇ 'ਚ ਚੰਗੇ ਅਸਰ-ਰਸੂਖ ਵਾਲੇ ਸਿੱਖ ਪਰਿਵਾਰ ਰਹਿੰਦੇ ਹਨ, ਜਿਨ੍ਹਾਂ ਕੋਲ ਅਥਾਹ ਜ਼ਮੀਨਾਂ-ਜਾਇਦਾਦਾਂ ਹਨ, ਉਨ੍ਹਾਂ ਕੋਲ ਉਪਜੀਵਕਾ ਦੇ ਕੋਈ ਸਪੱਸ਼ਟ ਸਾਧਨ ਵੀ ਨਹੀਂ ਹਨ ਤੇ ਉਨ੍ਹਾਂ ਨੂੰ ਮਾਝੇ ਦੇ ਸਿੱਖਾਂ ਵਰਗੇ ਅਸਲ ਜੁਝਾਰੂ ਵੀ ਨਹੀਂ ਕਿਹਾ ਜਾ ਸਕਦਾ ਪਰ ਉਹ ਸਾਰੇ ਦਿਲੋਂ ਖ਼ਾਲਸਾ ਰਾਜ ਦੀ ਵਾਪਸੀ ਚਾਹੁੰਦੇ ਹਨ। ਇਨ੍ਹਾਂ ਲੋਕਾਂ 'ਚ ਅਜਿਹੇ ਵਿਚਾਰ ਹੋਰ ਵਧਣ ਦੀ ਸੰਭਾਵਨਾ ਹੈ।

ਇਹ ਕਿਹਾ ਜਾਂਦਾ ਹੈ ਕਿ ਪਿਛਲੇ ਤੋਂ ਪਿਛਲੇ ਵਰ੍ਹੇ (ਗੁਰੂ) ਰਾਮ ਸਿੰਘ ਜੀ ਨੇ ਕਸ਼ਮੀਰ ਦੇ ਮਹਾਰਾਜੇ ਲਈ ਕੂਕਾ ਰੈਜਿਮੈਂਟ ਦੀ ਸਥਾਪਨਾ ਕੀਤੀ ਸੀ। ਉਸ ਨੂੰ ਹਰ ਪੱਖੋਂ ਮੁਕੰਮਲ ਕਰ ਲਿਆ ਗਿਆ ਸੀ ਤੇ ਅੰਬਾਲਾ ਜ਼ਿਲ੍ਹੇ ਦੇ ਹੀ ਸਢਾਉਰਾ ਦੇ ਜਗੀਰਦਾਰ ਹੀਰਾ ਸਿੰਘ ਦੀ ਅਗਵਾਈ ਹੇਠ ਜੰਮੂ 'ਚ 300 ਜਵਾਨ ਇਕੱਠੇ ਕੀਤੇ

ਗਏ ਸਨ। ਮਹਾਰਾਜਾ ਨੇ ਪਿੱਛੇ ਜਿਹੇ ਇਹ ਰੈਜਿਮੈਂਟ ਭੰਗ ਕਰ ਦਿੱਤੀ ਹੈ।

ਪਿਛਲੇ ਸਾਲਾਂ ਦੌਰਾਨ ਸੂਬਿਆਂ ਬੀਰ ਸਿੰਘ ਤੇ ਮਾਨ ਸਿੰਘ ਨੂੰ ਨੇਪਾਲ ਭੇਜਿਆ ਗਿਆ ਸੀ ਤੇ ਮਹਾਰਾਜਾ ਬਣਨ ਵਾਲੇ ਸ਼ਹਿਜ਼ਾਦੇ ਵਾਸਤੇ ਤੋਹਫ਼ਾ ਵੀ ਭੇਜਿਆ ਗਿਆ ਸੀ ਤੇ ਬਦਲੇ 'ਚ ਸ਼ਹਿਜ਼ਾਦੇ ਨੇ ਵੀ ਇੱਕ ਤੋਹਫ਼ਾ ਭੇਜਿਆ ਸੀ।

ਜਿਹੜਾ ਸੰਪਰਦਾਇ ਜ਼ਿਲ੍ਹਿਆਂ 'ਚ ਖ਼ੁਦ ਨੂੰ ਜੱਥੇਬੰਦ ਕਰਦਾ ਹੋਵੇ, ਹਰੇਕ ਥਾਂ 'ਤੇ ਹਾਕਮਾਂ ਤੇ ਉੱਪ-ਏਜੰਟਾਂ ਨਾਲ ਗੱਲਬਾਤ ਕਰਦਾ ਹੋਵੇ ਅਤੇ ਲਖਨਊ ਜਾਂ ਹੈਦਰਾਬਾਦ; ਭਾਵ ਜਿੱਥੇ ਕਿਤੇ ਵੀ ਸਿੱਖ ਪਾਏ ਜਾਂਦੇ ਹਨ, ਤੇ ਹੋਰ ਸਥਾਨਾਂ 'ਤੇ ਆਪਣੇ ਦੂਤ ਭੇਜਦਾ ਹੋਵੇ ਅਤੇ ਇਸ ਗੱਲ ਦਾ ਬਹੁਤ ਧਿਆਨ ਰੱਖਦਾ ਹੋਵੇ ਕਿ ਉਹ ਸਿੱਖ ਧਰਮ ਦੇ ਉਲਟ ਕੋਈ ਪ੍ਰਚਾਰ ਨਾ ਕਰ ਜਾਵੇ, ਅਜਿਹੇ ਮਾਮਲੇ 'ਚ ਸਿਆਸੀ ਤੱਤ ਨਾਕਾਮ ਨਹੀਂ ਰਹਿ ਸਕਦਾ, ਕੁਝ ਚਿਰ ਮਗਰੋਂ ਕਾਰਵਾਈ ਹੋਣੀ ਹੀ ਹੋਣੀ ਹੈ। ਹਰੇਕ ਗੱਲ ਇਸੇ ਵੱਲ ਇਸ਼ਾਰਾ ਕਰਦੀ ਹੈ। (ਗੁਰੂ) ਰਾਮ ਸਿੰਘ ਦੀ ਅਸਲ ਮਨਸ਼ਾ ਸਿਰਫ਼ ਸੰਤ-ਫ਼ਕੀਰ ਬਣੇ ਰਹਿਣਾ ਨਹੀਂ ਹੈ। ਉਹ ਜਦੋਂ ਵੀ ਕਦੇ ਤੁਹਾਨੂੰ ਮਿਲਦੇ ਹਨ ਤਾਂ ਉਨ੍ਹਾਂ ਨਾਲ ਅੱਧੀ ਕੁ ਦਰਜਨ ਘੁੜਸਵਾਰ ਜ਼ਰੂਰ ਹੁੰਦੇ ਹਨ ਤੇ ਨਾਲ ਹੀ ਅਨੇਕ ਲੋਕ ਪੈਦਲ ਚੱਲ ਰਹੇ ਹੁੰਦੇ ਹਨ; ਉਹ ਤੁਹਾਡੇ ਕਮਰੇ 'ਚ ਇੰਝ ਆਉਂਦੇ ਹਨ ਜਿਵੇਂ ਕੋਈ ਨਵਾਬ ਦਰਬਾਰ ਵਿਚ ਆਉਂਦਾ ਹੋਵੇ। ਉਨ੍ਹਾਂ ਖ਼ੁਦ ਤੇ ਉਨ੍ਹਾਂ ਦੇ ਨਾਲ ਚੱਲ ਰਹੇ ਲੋਕਾਂ ਨੇ ਵੀ ਬਹੁਤ ਹੀ ਵਧੀਆ ਸਫ਼ੇਦ ਕੱਪੜੇ ਧਾਰਨ ਕੀਤੇ ਹੁੰਦੇ ਹਨ।

ਬਾਬਾ ਜੀ ਦੇ ਸੰਪਰਦਾਇ ਦਾ ਇੱਕ ਮੂਲ ਸਿਧਾਂਤ ਹੈ ਸਮਾਜ 'ਚੋਂ ਸਖ਼ਤੀ ਨਾਲ ਵਿਭਚਾਰ ਨੂੰ ਰੋਕਣ। ਪਰ ਉਨ੍ਹਾਂ ਦੇ ਇਸ ਕਿਰਦਾਰ ਦੇ ਉਲਟ, ਮੈਂ ਇਸੇ ਸਬੰਧੀ ਦੋਸ਼ ਲੱਗਦੇ ਵੀ ਸੁਣੇ ਹਨ ਕਿ ਉਨ੍ਹਾਂ ਦੀ ਧੀ ਦਾ ਕਤਲ ਉਸ ਦੇ ਵਿਭਚਾਰ ਕਾਰਣ ਹੀ ਹੋਇਆ ਸੀ ਅਤੇ ਉਨ੍ਹਾਂ ਦੇ ਸੂਬਿਆਂ ਬਾਰੇ ਆਮ ਲੋਕਾਂ ਦੀ ਸੁਣੀਆਂ-ਸੁਣਾਈਆਂ ਗੱਲਾਂ ਤੇ ਉਨ੍ਹਾਂ ਦੀ ਸਾਹਮਣੇ ਦਿਸਦੀ ਦਿੱਖ ਨਾਲ ਹੀ ਯਕੀਨ ਕਰ ਲਿਆ ਜਾਂਦਾ ਹੈ ਪਰ ਅਸਲ ਵਿੱਚ ਉਹ ਜ਼ਿੱਦੀ ਤੇ ਚੰਗੇ ਕਿਰਦਾਰਾਂ ਵਾਲੇ ਲੋਕ ਨਹੀਂ ਹਨ। ਇਨ੍ਹਾਂ ਸੁਣਵਾਈਆਂ ਦੌਰਾਨ ਜਿੰਨੀਆਂ ਕੁ ਗਵਾਹੀਆਂ ਮੈਂ ਭੁਗਤਾਈਆਂ ਹਨ, ਉਨ੍ਹਾਂ ਤੋਂ ਤਾਂ ਇਹੋ ਗੱਲ ਸਮਝ ਪੈਂਦੀ ਹੈ ਕਿ ਕੂਕਾ ਔਰਤਾਂ ਦੀ ਜ਼ਿੰਦਗੀ ਵੀ ਬਹੁਤ ਢਿੱਲੀ-ਮੱਠੀ ਕਿਸਮ ਦੀ ਹੀ ਹੁੰਦੀ ਹੈ।

ਜਦੋਂ ਸੂਬਾ ਗਿਆਨੀ ਸਿੰਘ ਇਸ ਪਿੰਡ ਆਏ ਸਨ ਤਾਂ ਉਨ੍ਹਾਂ ਦੱਸਿਆ ਸੀ ਕਿ ਉਹ ਕੁਝ ਕੂਕਿਆਂ ਵਿਚਾਲੇ ਚੱਲ ਰਿਹਾ ਇੱਕ ਵਿਵਾਦ ਹੱਲ ਕਰਨ ਲਈ ਗਏ ਸਨ ਤੇ ਇੱਕ ਹੋਰ ਗੱਲ ਉਨ੍ਹਾਂ ਦੱਸੀ ਸੀ ਕਿ ਉਹ ਪਟਿਆਲਾ ਪੁਲਿਸ ਦੇ ਅਧਿਕਾਰੀਆਂ ਕੋਲ ਕੁਝ ਕੂਕਿਆਂ ਦੇ ਹਿਤਾਂ ਕਰਕੇ ਗਏ ਸਨ। ਉਹ ਇੱਕ ਮੈਜਿਸਟ੍ਰੇਟ ਤੇ ਲੀਡਰ ਹਨ - ਉਹ ਕੋਈ ਰੂਹਾਨੀ ਮਾਰਗ-ਦਰਸ਼ਕ ਨਹੀਂ ਹਨ, ਇਹੋ ਸੱਚਾਈ ਹੈ।

ਜਿਹੜੇ ਸੂਬਿਆਂ ਨੂੰ ਮੈਂ ਵੇਖਿਆ ਹੈ, ਉਹ ਬੇਹੱਦ ਬੁਲੰਦ ਹੌਸਲਿਆਂ ਵਾਲੇ ਨੌਜਵਾਨ ਹਨ। ਜਿੰਨੇ ਕੁ ਕੂਕਿਆਂ ਨੂੰ ਮੈਂ ਵੇਖਿਆ ਹੈ, ਕੁਝ ਕੁ ਨੂੰ ਛੱਡ ਕੇ, ਉਨ੍ਹਾਂ ਸਭਨਾਂ ਦੇ ਹੀ ਬਹੁਤ ਮਜ਼ਬੂਤ ਜੁੱਸੇ ਹੁੰਦੇ ਹਨ, ਸ੍ਰੀ ਸੀ.ਪੀ. ਈਲੀਅਟ ਦੀ ਵੀ ਇਹੋ ਧਾਰਨਾ ਹੈ।

ਮੇਰੇ ਵਿਚਾਰ ਮੁਤਾਬਕ ਉਪਰੋਕਤ ਸਭ ਦੇ ਮੱਦੇਨਜ਼ਰ ਨਤੀਜਾ ਇਹੋ ਨਿਕਲਦਾ ਹੈ ਕਿ ਇਹ ਅੰਦੋਲਨ ਹੁਣ (ਸ਼ੁਰੂਆਤ 'ਚ ਇਹ ਜੋ ਮਰਜ਼ੀ ਹੋਵੇ) ਸਿਆਸੀ ਬਣ ਚੁੱਕਾ ਹੈ ਤੇ ਪੂਰੀ ਤਰ੍ਹਾਂ ਕੋਈ ਧਾਰਮਿਕ ਲਹਿਰ ਨਹੀਂ ਹੈ।

ਇਹ ਦੱਸਣਾ ਵੀ ਜ਼ਰੂਰੀ ਹੈ ਕਿ (ਗੁਰੂ) ਰਾਮ ਸਿੰਘ ਜੀ ਕਿਸੇ ਦੇ ਵੀ ਹੱਥਾਂ ਦੀ ਕਠਪੁਤਲੀ ਨਹੀਂ ਹਨ। ਜੋ ਕੁਝ ਵੀ ਉਨ੍ਹਾਂ ਦੇ ਅਧਿਕਾਰ-ਖੇਤਰ 'ਚ ਹੈ, ਉਹ ਮੈਂ ਸਭ ਵਿਖਾ ਦਿੱਤਾ ਹੈ। ਜੇ ਕੋਈ ਵਿਅਕਤੀ ਉਨ੍ਹਾਂ ਨੂੰ ਕਦੇ ਮਿਲਿਆ ਨਹੀਂ ਤੇ ਉਨ੍ਹਾਂ ਨਾਲ ਕਦੇ ਕੋਈ ਗੱਲਬਾਤ ਨਹੀਂ ਕੀਤੀ, ਤਾਂ ਉਹ ਉਨ੍ਹਾਂ ਦੀ ਅਥਾਹ ਸੂਝ-ਬੂਝ, ਦ੍ਰਿੜ੍ਹ ਇਰਾਦੇ ਤੇ ਫ਼ੈਸਲਾ ਲੈਣ ਦੀ ਤਾਕਤ ਦਾ ਅੰਦਾਜ਼ਾ ਨਹੀਂ ਲਾ ਸਕਦਾ; ਇਸ ਤੋਂ ਇਲਾਵਾ ਉਨ੍ਹਾਂ ਦਾ ਆਤਮ-ਸੰਜਮ ਕਮਾਲ ਦਾ ਹੈ, ਉਹ ਮਹਿਜ਼ ਧਾਰਮਿਕ ਉਤਸ਼ਾਹੀ ਵੀ ਨਹੀਂ ਤੇ ਕਦੇ ਕਿਸੇ ਦੇ ਇਸ਼ਾਰੇ 'ਤੇ ਤਾਂ ਚੱਲ ਹੀ ਨਹੀਂ ਸਕਦੇ।

ਕਤਲਾਂ ਨਾਲ ਸੰਬੰਧਤ ਵੱਖੋ-ਵੱਖਰੀਆਂ ਸੁਣਵਾਈਆਂ ਦੌਰਾਨ ਜਿੰਨੇ ਵੀ ਗਵਾਹ ਭੁਗਤੇ, ਉਨ੍ਹਾਂ ਤੋਂ ਬਿਨਾਂ ਸ਼ੱਕ ਇਹੋ ਸਿੱਧ ਹੁੰਦਾ ਹੈ ਕਿ ਜਿਹੜੇ ਵਿਅਕਤੀ ਵੀ ਕਤਲਾਂ ਦੀ ਵਾਰਦਾਤ 'ਚ ਸ਼ਾਮਲ ਸਨ, ਉਹ ਸਾਰੇ ਹੀ ਆਪੋ-ਆਪਣੀਆਂ ਹਦਾਇਤਾਂ ਲੈਣ ਲਈ ਸਿੱਧੇ ਬਾਬਾ ਰਾਮ ਸਿੰਘ ਜੀ ਕੋਲ ਹੀ ਗਏ ਸਨ। ਇਸ ਸੰਪਰਦਾਇ ਦੇ ਸਾਰੇ ਹੀ ਵਿਅਕਤੀ ਉਨ੍ਹਾਂ ਦੇ ਹੀ ਹੁਕਮਾਂ ਤੋਂ ਕਦੇ ਵੀ ਬਾਹਰ ਨਹੀਂ ਹੁੰਦੇ। ਕਿਸੇ ਨੇ ਕਦੇ ਇਹ ਨਹੀਂ ਦੱਸਿਆ ਕਿ ਸੂਬਿਆਂ ਨੇ ਭੈਣੀ 'ਚ ਕਦੇ ਕੋਈ ਵਿਚਾਰ-ਵਟਾਂਦਰਾ ਕੀਤਾ ਹੋਵੇ। ਉਹ ਸਭ ਸਿੱਧੇ ਸਿਰਫ਼ ਬਾਬਾ ਜੀ ਨੂੰ ਹੀ ਮਿਲਦੇ ਸਨ, ਇੰਝ ਇਸ ਸਾਰੀ ਕਾਰਵਾਈ ਦੇ ਉਹੀ ਮੁੱਖ ਕਰਤਾ-ਧਰਤਾ ਹਨ, ਸਪੱਸ਼ਟ ਤੌਰ 'ਤੇ ਲੋਕ ਉਨ੍ਹਾਂ ਦੇ ਸੂਬਿਆਂ 'ਤੇ ਨਹੀਂ, ਸਗੋਂ ਉਨ੍ਹਾਂ 'ਤੇ ਭਰੋਸਾ ਕਰਦੇ ਹਨ।

ਅੰਤ 'ਚ, ਹਰੇਕ ਕੂਕਾ ਜੋ ਪੜ੍ਹ ਸਕਦਾ ਹੈ, ਉਸ ਕੋਲ ਲਾਹੌਰ ਦੇ ਪੁਰਾਣੇ ਰਾਜ-ਧਰੋਹੀ ਕਿਸਮ ਦੇ ਇੱਕ ਪ੍ਰਸਿੱਧ ਵਿਅਕਤੀ ਦੀਵਾਨ ਬੂਟਾ ਸਿੰਘ ਵੱਲੋਂ ਛਾਪੀ ਇੱਕ ਕਿਤਾਬ ਜ਼ਰੂਰ ਹੁੰਦੀ ਹੈ। ਇਸ ਪੁਸਤਕ ਵਿੱਚ ਗ੍ਰੰਥ 'ਚ ਮੌਜੂਦ ਜੰਗ ਭੜਕਾਉਣ ਵਾਲੇ ਸਾਰੇ ਅੰਸ਼ ਮੌਜੂਦ ਹਨ, ਜਿਵੇਂ ਕਿ 'ਉਗਰਦੰਤੀ' ਅਤੇ 'ਚੰਡੀ ਪਾਠ' – ਇਹ ਸਭ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗ੍ਰੰਥ (ਸ੍ਰੀ ਦਸਮ ਗ੍ਰੰਥ) 'ਚੋਂ ਹਨ। ਤਿੰਨ ਹੋਰ ਪੁਸਤਕਾਂ ਵੀ ਹਨ; 'ਸੌ ਸਾਖੀ' ਜਾਂ 'ਸੌ ਕਥਨ', ਜੋ ਪੁਰਾਣੀ ਪੁਸਤਕ ਦੱਸੀ ਜਾਂਦੀ ਹੈ ਪਰ ਉਸ ਵਿੱਚ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪਿਤਾ ਦੇ ਨਾਂਅ ਵੀ ਮੌਜੂਦ ਹਨ ਅਤੇ ਦੂਜੀ ਇੱਕ ਨਵੀਂ ਪੁਸਤਕ 'ਬਾਬਾ ਜੀਤਾ ਕਾ ਗੋਸ਼ਟਿ' ਹੈ। ਇਹ ਪਹਿਲੀ ਪੁਸਤਕ ਵਰਗੀ ਹੀ ਹੈ। ਤੀਜੀ ਹੈ 'ਕਰਨੀ ਨਾਮਹਾ', ਇਹ ਵੀ ਇੱਕ ਭਵਿੱਖਬਾਣੀ ਹੈ, ਜਿਸ 'ਚ ਇਹ ਦੱਸਿਆ ਗਿਆ ਹੈ ਕਿ ਖ਼ਾਲਸੇ ਕਿਵੇਂ ਅੰਗਰੇਜ਼ਾਂ ਦੇ ਰਾਜ ਦਾ ਖ਼ਾਤਮਾ ਕਰ ਕੇ ਦਿੱਲੀ 'ਤੇ ਕਬਜ਼ਾ ਕਰ ਲੈਣਗੇ। ਇਹ ਤਿੰਨੇ ਪੁਸਤਕਾਂ ਆਮ ਤੌਰ 'ਤੇ ਕੂਕਿਆਂ ਕੋਲ ਨਹੀਂ ਹੁੰਦੀਆਂ ਪਰ ਉਨ੍ਹਾਂ 'ਚੋਂ ਕਦੇ ਕੋਈ ਇੰਝ ਨਹੀਂ ਆਖੇਗਾ ਕਿ ਉਹ ਕੂਕਾ ਸੰਪਰਦਾਇ ਅਤੇ ਬਾਬਾ ਰਾਮ ਸਿੰਘ ਜੀ ਨਾਲ ਸੰਬੰਧਤ ਨਹੀਂ ਹੈ। ਇੰਸਪੈਕਟਰ ਇਮਦਾਦ ਅਲੀ ਦਾ ਕਹਿਣਾ ਹੈ ਕਿ ਉਸ ਨੇ ਬੇਲਾ ਸਿੰਘ (ਅੰਮ੍ਰਿਤਸਰ ਕਤਲ) ਦੇ ਘਰ ਤੋਂ ਲੈ ਕੇ ਇਹ ਤਿੰਨੇ ਕਿਤਾਬਾਂ ਸ੍ਰੀ ਟਰਟਨ ਸਮਿੱਥ ਨੂੰ

ਸੌਂਪ ਦਿੱਤੀਆਂ ਹਨ, ਜਿਨ੍ਹਾਂ ਨੇ ਉਨ੍ਹਾਂ ਦਾ ਤਰਜਮਾ ਕੀਤਾ। ਉਨ੍ਹਾਂ ਦੇ ਹੱਥਾਂ 'ਚ ਮੌਜੂਦ ਇਹ ਪੁਸਤਕਾਂ ਸਪੱਸ਼ਟ ਤੌਰ 'ਤੇ ਰਾਜ-ਧਰੋਹੀ ਹਨ। ਇਹ ਤਿੰਨੇ ਪੁਸਤਕਾਂ ਪਿਛਲੇ ਸਮੇਂ ਦੌਰਾਨ ਪ੍ਰਕਾਸ਼ਿਤ ਨਹੀਂ ਹੋਈਆਂ ਹਨ।

(ਗੁਰੂ) ਰਾਮ ਸਿੰਘ ਜੀ ਵਿਰੁੱਧ ਸਿਆਸੀ ਕੇਸ ਇਸ ਪ੍ਰਕਾਰ ਹੈ:

ਬਾਬਾ ਰਾਮ ਸਿੰਘ ਜੀ ਹੀ ਇਸ ਸੰਪਰਦਾਇ ਦੇ ਅਸਲ ਤੇ ਵਾਜਬ ਨੇਤਾ ਹਨ ਤੇ ਇਸ ਦਾ ਮੰਤਵ ਖ਼ਾਲਸਾ ਰਾਜ ਦੀ ਪੁਨਰ-ਸਥਾਪਨਾ ਹੈ ਤੇ ਇਹ ਸਿੱਧੇ ਤੌਰ 'ਤੇ ਬ੍ਰਿਟਿਸ਼ ਤਾਕਤ ਦੇ ਖ਼ਿਲਾਫ਼ ਹੈ। ਉਹੀ ਇਸ ਸੰਪਰਦਾਇ ਦੇ ਇਕਲੌਤੇ ਚਾਲਕ ਹਨ, ਜੋ ਅਕਸਰ ਅਸ਼ਾਂਤੀ ਫੈਲਾਉਂਦਾ ਰਹਿੰਦਾ ਹੈ, ਉਨ੍ਹਾਂ ਨੇ ਹੀ ਪੰਜਾਬ ਦੇ ਇਸ ਹਿੱਸੇ 'ਚ ਕਸਾਈਆਂ ਦੇ ਕਤਲਾਂ ਦੀ ਯੋਜਨਾ ਉਲੀਕੀ ਸੀ। ਇਹ ਗੱਲ ਉਨ੍ਹਾਂ ਦੇ ਸੂਬਾ ਗਿਆਨੀ ਸਿੰਘ ਨੇ ਕਬੂਲ ਕੀਤੀ ਹੈ ਕਿ (ਗੁਰੂ) ਰਾਮ ਸਿੰਘ ਜੀ ਨੂੰ ਅੰਮ੍ਰਿਤਸਰ 'ਚ ਹੋਏ ਕਤਲਾਂ ਬਾਰੇ ਤੁਰੰਤ ਹੀ ਪੂਰੀ ਜਾਣਕਾਰੀ ਮਿਲ ਗਈ ਸੀ। ਅਜਿਹੀਆਂ ਸਿੱਧੀਆਂ ਗਵਾਹੀਆਂ ਨੂੰ ਲਾਂਭੇ ਕਰ ਦੇਣਾ ਚਾਹੀਦਾ ਹੈ, ਜਿਨ੍ਹਾਂ 'ਚ ਇਹ ਕਿਹਾ ਜਾ ਰਿਹਾ ਹੈ ਕਿ (ਗੁਰੂ) ਨੂੰ ਕੂਕਿਆਂ ਵੱਲੋਂ ਕੀਤੇ ਕਤਲਾਂ ਬਾਰੇ ਕੋਈ ਜਾਣਕਾਰੀ ਹੀ ਨਹੀਂ ਸੀ, ਇਹ ਬੇਤੁਕੀ ਗੱਲ ਹੈ। ਉਨ੍ਹਾਂ ਨੂੰ ਜ਼ਰੂਰ ਇਹ ਪਤਾ ਸੀ ਕਿ ਅੰਮ੍ਰਿਤਸਰ ਜਿਹੀ ਘਟਨਾ ਹੋਰ ਕਿਤੇ ਵੀ ਵਾਪਰ ਸਕਦੀ ਹੈ ਪਰ ਉਨ੍ਹਾਂ ਇਹ ਗੱਲ ਕਿਸੇ ਨਾਲ ਸਾਂਝੀ ਨਹੀਂ ਕੀਤੀ ਤੇ ਜੇ ਉਹ ਚਾਹੁੰਦੇ, ਤਾਂ ਇਹ ਖ਼ੂਨ-ਖ਼ਰਾਬਾ ਰੋਕ ਸਕਦੇ ਸਨ। ਮੇਰੀ ਮੌਜੂਦਗੀ 'ਚ, ਖੁੱਲ੍ਹੀ ਅਦਾਲਤ 'ਚ ਗੁਰੂ ਜੀ ਨੇ ਰਾਏਕੋਟ 'ਚ ਹੋਈ ਨਿਰਦੋਸ਼ ਔਰਤਾਂ ਤੇ ਨਵ-ਜਨਮੇ ਬਾਲਾਂ ਦੀ ਹੱਤਿਆ ਦੀ ਬਿਲਕੁਲ ਕੋਈ ਨਿਖੇਧੀ ਨਹੀਂ ਕੀਤੀ।

ਮੇਰਾ ਵਿਚਾਰ ਹੈ ਕਿ ਕਸਾਈਆਂ ਨੂੰ ਆਪਣੇ ਕਾਰੋਬਾਰ ਕਰਨ ਦੀ ਇਜਾਜ਼ਤ ਬ੍ਰਿਟਿਸ਼ ਸਰਕਾਰ ਨੇ ਦਿੱਤੀ ਹੈ ਤੇ ਉਨ੍ਹਾਂ ਦੇ ਕਤਲ ਤਾਂ ਸਾਡੀ ਹਕੂਮਤ ਦੀ ਸਿੱਧੀ ਉਲੰਘਣਾ ਹੀ ਹਨ ਅਤੇ ਮੈਂ ਇਹ ਵੀ ਕਹਿੰਦਾ ਹਾਂ ਕਿ ਜੇ ਕਿਤੇ ਅਜਿਹੀ ਉਲੰਘਣਾ ਬਦਲੇ ਕੋਈ ਸਖ਼ਤ ਸਜ਼ਾ ਨਾ ਦਿੱਤੀ ਗਈ, ਤਾਂ ਇਹ ਸਾਡੀ ਸੱਤਾ ਲਈ ਖ਼ਤਰਨਾਕ ਹੋਵੇਗਾ।

ਇਸੇ ਲਈ ਮੇਰਾ ਮੰਨਣਾ ਹੈ ਕਿ ਜੋ ਕਿ ਵਿਆਪਕ ਵੀ ਹੈ ਕਿ ਇਨ੍ਹਾਂ ਜੁਰਮਾਂ ਲਈ ਕਾਤਲਾਂ ਨੇ ਆਪਣੇ ਸੰਪਰਦਾਇ ਤੋਂ ਸਿੱਧੀ ਪ੍ਰਵਾਨਗੀ ਲਈ ਸੀ। ਇਸ ਲਈ ਦੇਸ਼ ਦੀ ਅੰਦਰੂਨੀ ਸੁਰੱਖਿਆ ਤੇ ਸ਼ਾਂਤੀ ਲਈ ਇਹ ਜ਼ਰੂਰੀ ਜਾਪਦਾ ਹੈ ਕਿ (ਗੁਰੂ) ਰਾਮ ਸਿੰਘ ਜੀ ਨੂੰ ਕਿਸੇ ਅਜਿਹੀ ਥਾਂ 'ਤੇ ਭੇਜ ਦਿੱਤਾ ਜਾਵੇ ਕਿ ਜਿੱਥੇ ਕੋਈ ਵੀ ਸ਼ਰਧਾਲੂ ਉਨ੍ਹਾਂ ਨੂੰ ਮਿਲ ਨਾ ਸਕੇ ਤੇ ਉਨ੍ਹਾਂ ਦੇ ਸੂਬਿਆਂ ਨੂੰ ਉਨ੍ਹਾਂ ਦੇ ਆਪਣੇ ਘਰਾਂ ਅੰਦਰ ਹੀ ਨਜ਼ਰਬੰਦ ਕਰ ਦਿੱਤਾ ਜਾਵੇ ਤੇ ਉਨ੍ਹਾਂ 'ਤੇ ਮੀਟਿੰਗਾਂ ਕਰਨ 'ਤੇ ਪਾਬੰਦੀ ਲਾ ਦਿੱਤੀ ਜਾਵੇ।

ਜੇ ਅਜਿਹਾ ਨਾ ਕੀਤਾ ਗਿਆ, ਜੇ ਅਸੀਂ ਕੋਈ ਕਾਰਵਾਈ ਨਾ ਕੀਤੀ ਤਾਂ ਲੋਕਾਂ 'ਚ ਡਰ ਪੈਦਾ ਹੋ ਜਾਵੇਗਾ ਅਤੇ (ਗੁਰੂ) ਰਾਮ ਸਿੰਘ ਜੀ ਬਹੁਤ ਜ਼ਿਆਦਾ ਤਾਕਤਵਰ ਸ਼ਖ਼ਸੀਅਤ ਬਣ ਜਾਣਗੇ; ਉਨ੍ਹਾਂ ਦੀ ਵਧਦੀ ਤਾਕਤ ਤੇ ਪੈਰੋਕਾਰਾਂ ਦੀ ਗਿਣਤੀ

ਕਾਰਣ ਗੰਭੀਰ ਕਿਸਮ ਦੀ ਗੜਬੜੀ ਫੈਲਣ ਦਾ ਵੱਡਾ ਖ਼ਤਰਾ ਬਣ ਜਾਵੇਗਾ, ਮੇਰੇ ਖ਼ਿਆਲ ਮੁਤਾਬਕ ਖੁਦ ਇਸ 'ਤੇ ਕਾਬੂ ਨਹੀਂ ਕੀਤਾ ਜਾ ਸਕੇਗਾ।

ਮੈਂ ਹੁਣ ਉਨ੍ਹਾਂ ਗਵਾਹਾਂ ਦੇ ਵੇਰਵੇ ਦੇਵਾਂਗਾ ਜੋ ਅੰਮ੍ਰਿਤਸਰ ਤੇ ਰਾਏਕੋਟ ਦੇ ਕਤਲਾਂ ਨੂੰ ਉਕਸਾਉਣ ਲਈ (ਗੁਰੂ) ਰਾਮ ਸਿੰਘ ਜੀ ਖ਼ਿਲਾਫ਼ ਫ਼ੌਜਦਾਰੀ ਮੁਕੱਦਮਾ ਚਲਾਉਣ ਲਈ ਉਪਲਬਧ ਹੋਣਗੇ।

ਬੀਤੇ ਮਾਰਚ ਮਹੀਨੇ ਦੌਰਾਨ ਪਟਿਆਲਾ ਦੇ ਖੋਟੇ ਮੇਲਾ 'ਚ, ਜਿੱਥੇ ਕਈ ਸੈਂਕੜੇ ਕੂਕੇ ਇਕੱਠੇ ਹੋਏ ਸਨ, ਇੱਕ ਔਰਤ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਲੜਾਈ ਹੋਈ ਸੀ ਅਤੇ ਬਾਬਾ ਰਾਮ ਜੀ ਨੇ ਉਨ੍ਹਾਂ ਸਭਨਾਂ ਨੂੰ ਝਾੜ ਪਾਈ ਸੀ।

*ਦਲ ਸਿੰਘ, ਮਹਾਰਾਣੀ ਦਾ (ਸਰਕਾਰੀ) ਗਵਾਹ, ਰਾਏਕੋਟ ਕਤਲ।*

ਦਲ ਸਿੰਘ ਅਨੁਸਾਰ ਗੁਰੂ ਜੀ ਨੇ ਕਿਹਾ ਸੀ: ''ਜੇ ਤੁਸੀਂ ਬਹਾਦਰ ਹੋ, ਤਾਂ ਗਊਆਂ ਦੇ ਹਤਿਆਰਾਂ ਨੂੰ ਮਾਰ ਦੇਵੋ।'' ਇਹ ਗਵਾਹੀ ਉਸ ਨੇ ਅਦਾਲਤ 'ਚ ਗੁਰੂ ਜੀ ਦੇ ਸਾਹਮਣੇ ਦਿੱਤੀ ਸੀ।

*ਗਿਆਨੀ ਸਿੰਘ ਸੂਬਾ ਦਾ ਮੈਜਿਸਟ੍ਰੇਟ ਸਾਹਵੇਂ ਬਚਾਅ।*

ਗਿਆਨੀ ਸਿੰਘ ਆਪਣੇ ਬਚਾਅ 'ਚ ਇਹ ਕਬੂਲ ਕਰਦੇ ਹਨ ਕਿ ਗੁਰੂ ਜੀ ਨੇ ਅਜਿਹੀ ਟਿੱਪਣੀ ਕੀਤੀ ਸੀ ਪਰ ਉਸ ਦੇ ਸ਼ਬਦ ਕੁਝ ਇੰਝ ਹਨ: ''ਜੇ ਤੁਸੀਂ ਮਰਦ ਹੋ, ਤਾਂ ਤੁਸੀਂ ਤਾਕਤਵਰਾਂ ਖ਼ਿਲਾਫ਼ ਕਿਉਂ ਨਹੀਂ ਲੜਦੇ ਕਿਉਂਕਿ ਜੇ ਤੁਸੀਂ ਹਾਰ ਗਏ, ਤਾਂ ਉਹ ਤੁਹਾਨੂੰ ਫਾਹੇ ਟੰਗ ਦੇਣਗੇ।'' 15 ਮਈ ਬਾਰੇ ਮਿਹਰ ਸਿੰਘ ਅਤੇ ਝੰਡਾ ਸਿੰਘ ਪਰਹਾਈ ਵਿਖੇ ਗੁਰੂ ਜੀ ਦੇ ਕੈਂਪ 'ਚ ਗਏ ਸਨ ਤੇ ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ 'ਚ ਗਊ-ਹੱਤਿਆਵਾਂ ਬਾਰੇ ਕਾਫ਼ੀ ਮਾੜਾ ਬੋਲਿਆ ਗਿਆ ਸੀ।

*ਕਾਹਨ ਸਿੰਘ ਦਾ ਬਿਆਨ ਜੋ ਅੰਤ 'ਚ ਮੈਂ ਲਿਆ ਸੀ।*

ਕਸਾਈਆਂ ਬਾਰੇ ਗੁਰੂ ਜੀ ਦੀਆਂ ਇੱਛਾਵਾਂ ਬਾਰੇ ਪੁੱਛਿਆ ਗਿਆ ਸੀ, ਤਾਂ ਇੱਕ ਜਾਂ ਦੋ ਦਿਨਾਂ ਬਾਅਦ ਦੱਸਿਆ ਗਿਆ ਕਿ ਉਨ੍ਹਾਂ ਨੂੰ ਹੁਕਮ ਮਿਲ ਗਿਆ ਕਿ ਕਤਲ ਕਰ ਦਿੱਤੇ ਜਾਣ; ਤੇ ਇੱਕ-ਦੋ ਦਿਨਾਂ ਪਿੱਛੋਂ ਗੁਲਾਬ ਸਿੰਘ (ਮਹਾਰਾਣੀ ਦਾ ਗਵਾਹ) ਗੁਰੂ ਜੀ ਦੇ ਆਦੇਸ਼ਾਂ ਅਨੁਸਾਰ ਕਤਲ ਕਰਨ ਰਵਾਨਾ ਹੋ ਗਿਆ ਸੀ।

*ਲਹਿਣਾ ਸਿੰਘ ਪੁੱਤਰ ਦਲ ਸਿੰਘ*

ਮਿਹਰ ਸਿੰਘ, ਝੰਡਾ ਸਿੰਘ ਅਤੇ ਗੁਲਾਬ ਸਿੰਘ ਦੀ ਅੰਮ੍ਰਿਤਸਰ ਵਾਪਸੀ 'ਤੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਕਤਲਾਂ ਲਈ ਗੁਰੂ ਜੀ ਦੇ ਹੁਕਮ ਮਿਲ ਗਏ ਸਨ।

*ਬਸਾਵਾ ਸਿੰਘ ਤੇ ਕਾਹਨ ਸਿੰਘ ਨੇ ਵੀ ਇਸ ਤੱਥ ਦੀ ਗਵਾਹੀ ਦਿੱਤੀ ਕਿ ਪਹਾੜਾ ਸਿੰਘ ਉਸ ਵੇਲੇ ਭੈਣੀ 'ਚ ਮੌਜੂਦ ਸੀ।*

ਇਸ ਤੋਂ ਬਾਅਦ ਪਹਾੜਾ ਸਿੰਘ ਤੇ ਬਸਾਵਾ ਸਿੰਘ ਇਹ ਪੁੱਛਣ ਲਈ ਆਏ ਕਿ

ਕੀ ਗੁਰੂ ਜੀ ਚਾਹੁੰਦੇ ਹਨ ਕਿ ਕਤਲ ਕਰ ਦਿੱਤੇ ਜਾਣ। ਬਸਾਵਾ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਹ ਦੱਸਿਆ ਗਿਆ ਸੀ ਕਿ ਮਿਹਰ ਸਿੰਘ ਤੇ ਝੰਡਾ ਸਿੰਘ ਨੇ ਕਸਾਈਆਂ ਦੇ ਕਤਲ ਕਰਨੇ ਹਨ, ਬਾਬਾ ਰਾਮ ਸਿੰਘ ਜੀ ਨੇ ਕਿਹਾ,''ਜੇ ਉਹ ਕਰ ਦੇਣਗੇ ਤਾਂ ਇਹ ਠੀਕ ਹੈ।'' ਇਸ ਵਿਅਕਤੀ ਦੀ ਗਵਾਹੀ ਪੜ੍ਹਨਯੋਗ ਹੈ।

*ਅੰਮ੍ਰਿਤਸਰ ਦੇ ਜੱਜ ਸਾਹਮਣੇ ਗੰਡਾ ਸਿੰਘ ਤੇ ਲਹਿਣਾ ਸਿੰਘ ਦੀ ਗਵਾਹੀ ਵੇਖੋ।*

ਇਸ ਤੋਂ ਬਾਅਦ ਅੰਮ੍ਰਿਤਸਰ ਦੇ ਸਾਜ਼ਿਸ਼-ਘਾੜਿਆਂ ਨੇ ਗੰਡਾ ਸਿੰਘ ਤੇ ਲਹਿਣਾ ਸਿੰਘ ਨੂੰ ਗੁਰੂ ਜੀ ਦੇ ਹੁਕਮ ਲੈਣ ਲਈ ਭੈਣੀ ਭੇਜਿਆ ਸੀ। ਇਨ੍ਹਾਂ ਨੇ ਰੁੜਕਾ 'ਚ ਆਪਣਾ ਸੁਨੇਹਾ ਦਿੰਦਿਆਂ ਪੁੱਛਿਆ ਸੀ ਕਿ ਕੀ ਇਹ ਸੱਚ ਸੀ ਕਿ ਗੁਰੂ ਜੀ ਨੇ ਗੁਲਾਬ ਸਿੰਘ ਨੂੰ ਇਹ ਕਤਲ ਕਰਨ ਦਾ ਆਦੇਸ਼ ਦਿੱਤਾ ਸੀ। ਉਸ ਨੇ ਕਿਹਾ ਕਿ ਉਹ ਅਗਲੇ ਦਿਨ ਹੁਕਮ ਦੇਵੇਗਾ। ਅਗਲੇ ਦਿਨ ਜਾਂ ਉਸ ਤੋਂ ਵੀ ਅਗਲੇ ਇੱਕ ਦਿਨ (ਗੁਰੂ) ਰਾਮ ਸਿੰਘ ਜੀ ਨੇ ਗੰਡਾ ਸਿੰਘ ਨੂੰ ਕਿਹਾ ਕਿ 'ਮੈਂ ਹੁਕਮ ਦੇ ਚੁੱਕਾ ਹਾਂ; ਉਸ ਵਿੱਚ ਦੇਰੀ ਕਿਉਂ ਹੋ ਰਹੀ ਹੈ?'

ਉਪਰੋਕਤ ਗਵਾਹੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ (ਗੁਰੂ) ਰਾਮ ਸਿੰਘ ਦੀ ਅੰਮ੍ਰਿਤਸਰ ਦੇ ਕਤਲਾਂ 'ਚ ਮਿਲੀਭੁਗਤ ਸੀ।

*ਮੇਰੇ ਸਾਹਮਣੇ ਉਨ੍ਹਾਂ ਦਾ ਬਚਾਅ ਵੇਖੋ।*

ਕਤਲਾਂ ਦੀ ਇਹ ਖ਼ਬਰ ਭੈਣੀ ਪੁੱਜਣ ਦੇ ਛੇਤੀ ਬਾਅਦ ਗਿਆਨੀ ਸਿੰਘ ਭੈਣੀ ਤੋਂ ਭੁਵਨਕੀ ਤੇ ਰਾਏਸਰ ਚਲਾ ਗਿਆ ਅਤੇ ਅਗਲੇ ਦਿਨ ਉੱਥੋਂ ਦੇ ਜਗਤ ਸਿੰਘ ਤੇ ਉੱਤਮ ਸਿੰਘ ਨੇ ਦਲ ਸਿੰਘ ਕੋਲ ਰਾਏਕੋਟ 'ਚ ਕਤਲ ਕਰਨ ਦਾ ਪ੍ਰਸਤਾਵ ਰੱਖਿਆ (ਮਹਾਰਾਣੀ ਦਾ ਗਵਾਹ)।

*ਦੂਜੀ ਸੁਣਵਾਈ ਵੇਲੇ ਦਲ ਸਿੰਘ, ਮਹਾਰਾਣੀ ਦਾ ਗਵਾਹ।*

ਸੰਤੁਸ਼ਟੀ ਨਾ ਹੋਣ ਕਾਰਨ, ਦਲ ਸਿੰਘ ਤਦ ਗਿਲਾਨੀ ਵਾਸੀ ਮੰਗਲ ਸਿੰਘ, ਦੇਵਾ ਸਿੰਘ ਤੇ ਗੁਲਾਬ ਸਿੰਘ ਨਾਲ ਮਿਲ ਕੇ (ਗੁਰੂ) ਰਾਮ ਸਿੰਘ ਜੀ ਨਾਲ ਸਲਾਹ-ਮਸ਼ਵਰਾ ਕਰਨ ਭੈਣੀ ਪੁੱਜ ਗਏ, ਮੈਂ ਇਸ ਮਾਮਲੇ ਬਾਰੇ ਇਨ੍ਹਾਂ ਸਾਰੇ ਵਿਅਕਤੀਆਂ ਤੇ ਗਿਲਾਨੀ ਦੇ ਨੰਬਰਦਾਰ ਧਰਮ ਸਿੰਘ ਨਾਲ ਗੱਲਬਾਤ ਕੀਤੀ ਹੈ ਅਤੇ ਉਨ੍ਹਾਂ ਸਭਨਾਂ ਨੇ ਕਬੂਲ ਕੀਤਾ ਕਿ ਉਹ ਕਤਲ ਕਰਨ ਲਈ (ਗੁਰੂ) ਰਾਮ ਸਿੰਘ ਜੀ ਨਾਲ ਸਲਾਹ-ਮਸ਼ਵਰਾ ਕਰਨ ਲਈ ਗਏ ਸਨ ਪਰ ਉਨ੍ਹਾਂ (ਬਾਬਾ ਜੀ) ਨੇ ਸਿਰਫ਼ ਮੰਗਲ ਸਿੰਘ ਨਾਲ ਗੱਲਬਾਤ ਕੀਤੀ ਤੇ ਉਹ ਥੋੜ੍ਹੀ ਦੂਰੀ 'ਤੇ ਬੈਠੇ ਸਨ ਪਰ ਉੱਥੇ ਵੀ ਉਨ੍ਹਾਂ ਨੂੰ ਸੁਣ ਸਭ ਕੁਝ ਰਿਹਾ ਸੀ। ਮੰਗਲ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਇਹ ਕਾਰਾ ਕਰਨ ਤੋਂ ਵਰਜ ਦਿੱਤਾ ਸੀ; ਹੋਰਨਾਂ ਨੇ ਕਿਹਾ ਕਿ ਮੰਗਲ ਸਿੰਘ ਜੋ ਸੁਨੇਹਾ ਲੈ ਕੇ ਆਏ ਸਨ, ਉਹ ਹੌਸਲਾ-ਵਧਾਊ ਸੀ। ਸਵੇਰ ਵੇਲੇ, ਜਦੋਂ ਉਹ ਰਵਾਨਗੀ ਪਾਉਂਦੇ ਸਮੇਂ ਸਲਾਮ ਕਰ ਰਹੇ ਸਨ, ਤਾਂ ਮੰਗਲ ਸਿੰਘ ਨੇ ਕਿਹਾ ਕਿ ਬਾਬਾ ਰਾਮ ਸਿੰਘ ਜੀ ਨੇ ਆਖਿਆ ਹੈ ਕਿ ''ਇਹ ਮਾੜਾ ਕੰਮ ਹੈ, ਅਜਿਹਾ ਕੁਝ ਨਾ ਕਰੋ।'' ਹੋਰਨਾਂ ਦਾ ਕਹਿਣਾ ਹੈ

ਕਿ ਉਨ੍ਹਾਂ ਕਿਹਾ ਸੀ ''ਤੁਸੀਂ ਮਾੜੇ ਹੋ, ਆਪਣੇ ਘਰ ਚਲੇ ਜਾਓ।'' ਸ਼ਾਇਦ ਇਸ ਲਈ ਕਿਹਾ ਹੋਵੇ ਕਿਉਂਕਿ ਮੰਗਲ ਸਿੰਘ ਥੋੜ੍ਹਾ ਲੰਗੜਾ ਕੇ ਚੱਲਦੇ ਹਨ, ਜਾਬਾ ਸਿੰਘ ਤਾਂ ਲਗਭਗ ਨੇਤਰਹੀਣ ਹੈ, ਗੁਲਾਬ ਸਿੰਘ ਬਜ਼ੁਰਗ ਹਨ ਤੇ ਦੋ ਹੋਰ ਵੀ ਮਾੜੇ ਜੁੱਸਿਆਂ ਵਾਲੇ ਹੀ ਹਨ।

ਇਸੇ ਸਮੇਂ ਗੁਲਾਬ ਸਿੰਘ (ਮਹਾਰਾਣੀ ਦਾ ਗਵਾਹ) ਨੇ ਕਿਹਾ ਕਿ ਭਗਵਾਨ ਸਿੰਘ ਨੇ ਕਿਹਾ ਹੈ ਕਿ ਗੁਰੂ ਜੀ ਨੇ ਉਸ ਨੂੰ ਦੱਸਿਆ ਸੀ ਕਿ ਮਾਲਵਾ 'ਚ ਜਾਓ ਤੇ ਕਸਾਈਆਂ ਦੇ ਕਤਲ ਕਰ ਦੇਵੋ, ਇਸੇ ਲਈ ਭਗਵਾਨ ਸਿੰਘ, ਲਛਮਣ ਸਿੰਘ ਤੇ ਜਵਾਹਰ ਸਿੰਘ ਤੇ ਉਹ ਭਾਵ ਗੁਲਾਬ ਸਿੰਘ ਅਗਲੀ ਸਵੇਰ ਉੱਥੋਂ ਚਲੇ ਗਏ। ਭਗਵਾਨ ਸਿੰਘ ਨੇ ਗੁਰੂ ਜੀ ਨੇ ਵੱਖਰੇ ਤੌਰ 'ਤੇ ਗੱਲਬਾਤ ਕੀਤੀ ਸੀ, ਤਦ (ਗੁਰੂ) ਰਾਮ ਸਿੰਘ ਜੀ ਨੇ ਆਖਿਆ ਸੀ,''ਠੀਕ ਹੈ, ਮਾਲਵਾ 'ਚ ਜਾਓ ਤੇ ਕਸਾਈਆਂ ਦੇ ਕਤਲ ਕਰ ਦੇਵੋ,'' ਅਤੇ ਫਿਰ ਉਨ੍ਹਾਂ ਨੂੰ ਭੇਜ ਦਿੱਤਾ। ਚੱਲਦੇ ਸਮੇਂ ਭਗਵਾਨ ਸਿੰਘ ਨੂੰ ਗੋਪਾਲ ਸਿੰਘ ਨੇ 12 ਰੁਪਏ ਖ਼ਰਚਣ ਲਈ ਦਿੱਤੇ ਸਨ, ਜੋ ਉਸ ਨੇ ਅੱਗੇ ਗੁਲਾਬ ਸਿੰਘ ਨੂੰ ਦੇ ਦਿੱਤੇ ਸਨ। ਉਨ੍ਹਾਂ ਕੋਲ 12 ਰੁਪਏ ਸਨ, ਇਸ ਦੀ ਪੁਸ਼ਟੀ ਦਲ ਸਿੰਘ ਨੇ ਕੀਤੀ ਹੈ। ਫਿਰ ਉਨ੍ਹਾਂ ਉੱਥੋਂ ਰਵਾਨਗੀ ਪਾਈ ਤੇ ਗਿਆਨੀ ਸਿੰਘ ਦੀ ਮਦਦ ਨਾਲ ਕ੍ਰਿਪਾਨਾਂ ਲਈਆਂ, ਦਲ ਸਿੰਘ ਤੇ ਉਸ ਦੇ ਨਾਲ ਹੋਰ ਬੰਦਿਆਂ ਨੇ ਕਤਲਾਂ ਨੂੰ ਅੰਜਾਮ ਦਿੱਤਾ।

*ਕਾਹਨ ਸਿੰਘ, ਮੋਰਿੰਡਾ ਮਾਮਲੇ 'ਚ ਮਹਾਰਾਣੀ ਦਾ ਗਵਾਹ।*

ਕਾਹਨ ਸਿੰਘ ਨੇ ਕਿਹਾ ਕਿ ਚਾਰ ਵਰ੍ਹੇ ਪਹਿਲਾਂ ਜਦੋਂ ਉਹ (ਗੁਰੂ) ਰਾਮ ਸਿੰਘ ਜੀ ਨਾਲ ਰਾਏਕੋਟ 'ਚੋਂ ਲੰਘ ਰਿਹਾ ਸੀ, ਤਾਂ ਬਾਬਾ ਜੀ ਨੇ ਆਖਿਆ ਸੀ, ''ਇਹ ਧਰਮ ਦੇ ਪਾਸਾਰ 'ਚ ਵਿਘਨ ਪਾਉਂਦੇ ਹਨ। ਮੈਂ ਪੂਰੀ ਦੁਨੀਆ ਬਾਰੇ ਤਾਂ ਨਹੀਂ ਕਹਿੰਦਾ ਪਰ ਆਪਣੀ ਜ਼ਿੰਦਗੀ ਦੌਰਾਨ ਮੈਂ ਇਸ ਦੇਸ਼ 'ਚੋਂ ਤਾਂ ਉਨ੍ਹਾਂ ਦਾ ਸਫ਼ਾਇਆ ਕਰ ਹੀ ਦੇਵਾਂਗਾ।''

ਗੁਲਾਬ ਸਿੰਘ ਨੇ ਕਿਹਾ ਕਿ ਅਸੀਂ ਕਤਲ ਕਰਨ ਤੋਂ ਬਾਅਦ ਸਿੱਧੇ ਭੈਣੀ ਵਿਖੇ ਗਏ ਅਤੇ ਮੰਗਲ ਸਿੰਘ, ਗੁਰਮੁਖ ਸਿੰਘ ਤੇ ਮਸਤਾਨ ਸਿੰਘ (ਜਿਸ ਨੂੰ ਬਾਅਦ 'ਚ ਰਾਏਕੋਟ 'ਚ ਫਾਂਸੀ ਦੇ ਦਿੱਤੀ ਗਈ ਸੀ) ਨੇ ਦੱਸਿਆ ਕਿ ਜਿਸ ਦਿਨ ਕਤਲ ਹੋਏ ਸਨ, ਉਸੇ ਦਿਨ ਉਹ ਸਿੱਧੇ ਭੈਣੀ ਤੋਂ ਆਏ ਸਨ। ਇਹ ਆਖ਼ਰੀ ਵਿਅਕਤੀ ਸਖ਼ਤੀ ਕੀਤੇ ਜਾਣ ਕਾਰਨ ਨਹੀਂ ਬੋਲ ਰਿਹਾ ਸੀ, ਸਗੋਂ ਉਸ ਦੀ ਇਹ ਕਾਨੂੰਨੀ ਗਵਾਹੀ ਸੀ; ਇਸ ਤੋਂ ਸਭ ਤੋਂ ਰਾਏਕੋਟ ਦੇ ਕਤਲਾਂ 'ਚ (ਗੁਰੂ) ਰਾਮ ਸਿੰਘ ਜੀ ਦੀ ਸ਼ਮੂਲੀਅਤ ਦਾ ਸਬੂਤ ਸਾਹਮਣੇ ਆ ਗਿਆ ਸੀ।

*ਮੇਰੇ ਸਾਹਮਣੇ ਕਾਹਨ ਸਿੰਘ ਦਾ ਬਿਆਨ ਵੇਖੋ।*

ਜਿਸ ਵੇਲੇ ਟੋਲੀ ਨੂੰ ਰਾਏਕੋਟ ਦੇ ਕਤਲਾਂ ਲਈ ਭੇਜਿਆ ਗਿਆ ਸੀ, ਤਾਂ ਗੁਰੂ ਜੀ ਦੇ ਮੁੱਖ ਹਰਕਾਰੇ ਨੇ ਕਿਹਾ ਸੀ, ''ਆਓ ਆਪਾਂ ਸਾਰੇ ਗੁਰੂ ਜੀ ਦਾ ਕਾਰਜ

ਕਰੀਏ'' ਅਤੇ ਉਸੇ ਅਨੁਸਾਰ ਕਾਹਨ ਸਿੰਘ, ਅਤਰ ਸਿੰਘ, ਇੱਕ ਹੋਰ ਅਤਰ ਸਿੰਘ, ਥੰਮਣ ਸਿੰਘ ਤੇ ਡੋਕਾਲ ਸਿੰਘ ਦਰਬਾਰ 'ਚ ਅਰਦਾਸ ਕਰ ਕੇ ਗੁਰੂ ਜੀ ਦੇ ਹੁਕਮ ਲੈਣ ਲਈ ਗਏ ਸਨ। ਗੁਰੂ ਜੀ ਨੇ ਅਤਰ ਸਿੰਘ, ਥੰਮਣ ਸਿੰਘ ਤੇ ਕਾਹਨ ਸਿੰਘ ਦੀ ਸ਼ਲਾਘਾ ਕੀਤੀ ਸੀ, ਜੋ ਵੀ ਉਹ ਕਰਨ ਜਾ ਰਹੇ ਸਨ, ਪਰ ਉਹ ਉੱਥੇ ਸਿੱਧੀਆਂ ਗੱਲਾਂ ਨਹੀਂ ਕਰ ਰਹੇ ਸਨ, ਉਂਝ ਉਨ੍ਹਾਂ ਨੇ ਇਨ੍ਹਾਂ ਸਭਨਾਂ ਨੂੰ ਚੇਤਾਵਨੀ ਦਿੰਦਿਆਂ ਇਹ ਵੀ ਆਖਿਆ ਸੀ ਕਿ ਜੇ ਥੋੜ੍ਹਾ ਜਿੰਨਾ ਵੀ ਕਿਤੇ ਜ਼ੋਖਮ ਹੋਇਆ, ਤਾਂ ਉਹ ਆਪਣੇ ਕੰਮ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਵੀ ਨਾ ਕਰਨ ਅਤੇ ਨਾਲ ਹੀ ਉਨ੍ਹਾਂ ਇਹ ਸੁਝਾਅ ਵੀ ਦਿੱਤਾ ਸੀ ਕਿ ਇਹ ਕਸਾਈ ਅੰਬਾਲਾ-ਕਾਲਕਾ ਤੱਕ ਤੋਂ ਪਸ਼ੂ ਲੈ ਕੇ ਆਉਂਦੇ ਰਹੇ ਹਨ ਤੇ ਉਹ ਰਸਤਿਆਂ 'ਚ ਜਿੱਥੇ ਕਿਤੇ ਵੀ ਆਰਾਮ ਕਰਦੇ ਹਨ, ਉੱਥੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਣਾ ਸੁਖਾਲ਼ਾ ਹੋਵੇਗਾ।

ਉਸ ਟੋਲੀ ਨੂੰ ਤਦ ਪਿੰਡ ਤੋਂ ਲਿਆ ਕੇ ਦੋ ਖੁਖਰੀਆਂ ਦਿੱਤੀਆਂ ਗਈ, ਜੋ ਗੁਰੂ ਜੀ ਲਈ ਨੇਪਾਲ ਤੋਂ ਭੇਜੀਆਂ ਗਈਆਂ ਸਨ ਅਤੇ ਉਨ੍ਹਾਂ ਨੂੰ ਖਮਾਣੋਂ ਦੇ ਸਰਦਾਰਾਂ ਨੇ ਕ੍ਰਿਪਾਨਾਂ ਨਾਲ ਲੈਸ ਕੀਤਾ ਸੀ, ਫਿਰ ਉਹ ਰਵਾਨਾ ਹੋ ਗਏ ਪਰ ਅੰਤ ਨੂੰ ਉਹ ਪਰਤ ਆਏ ਤੇ ਵਾਪਸੀ 'ਤੇ ਕੁਝ ਚੌਕੀਦਾਰਾਂ ਨੇ ਉਨ੍ਹਾਂ ਨੂੰ ਤੜਕੇ ਮੂੰਹ-ਹਨੇਰੇ ਮੋਰਿੰਡਾ 'ਚ ਰੋਕਿਆ, ਉਨ੍ਹਾਂ ਨੇ ਇੱਕ ਚੌਕੀਦਾਰ ਦਾ ਕਤਲ ਕਰ ਦਿੱਤਾ ਤੇ ਕਾਹਨ ਸਿੰਘ ਅਤੇ ਡੋਕਾਲ ਸਿੰਘ ਉੱਥੋਂ ਨੱਸ ਕੇ ਸਿੱਧੇ ਭੈਣੀ ਪੁੱਜ ਗਏ। ਅਗਲੇ ਦਿਨ ਗੁਰੂ ਜੀ ਨੇ ਉਨ੍ਹਾਂ ਨੂੰ ਜਾਣ ਲਈ ਆਖਿਆ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਇੱਥੇ ਕਿਤੇ ਉਹ ਫੜੇ ਨਾ ਜਾਣ ਅਤੇ ਉਨ੍ਹਾਂ ਨੂੰ ਝਾੜ ਵੀ ਪਾਈ ਕਿਉਂਕਿ ਉਹ ਆਪਣੇ ਸਾਥੀਆਂ ਨੂੰ ਪਿੱਛੇ ਹੀ ਛੱਡ ਆਏ ਸਨ। ਮੋਰਿੰਡਾ ਕੇਸ ਬਾਰੇ ਹੁਣ ਤੱਕ ਇਹੋ ਜਾਣਕਾਰੀ ਹੈ। ਅਤਰ ਸਿੰਘ ਤੇ ਥੰਮਣ ਸਿੰਘ ਦੋਵੇਂ ਹਾਲੇ ਤੱਕ ਫ਼ਰਾਰ ਹਨ।

ਉਪਰੋਕਤ ਤੋਂ ਇਹ ਗੱਲ ਨੋਟ ਕੀਤੀ ਜਾ ਸਕਦੀ ਹੈ ਕਿ ਕਿਸੇ ਵੀ ਮਾਮਲੇ 'ਚ (ਗੁਰੂ) ਰਾਮ ਸਿੰਘ ਜੀ ਨੇ ਅੰਮ੍ਰਿਤਸਰ ਤੇ ਰਾਏਕੋਟ ਦੇ ਕਤਲਾਂ ਦੇ ਮਾਮਲਿਆਂ ਸਬੰਧੀ ਕੋਈ ਕਾਰਵਾਈ ਕਰਨ ਜਾਂ ਕੁਝ ਦੱਸਣ ਦੀ ਪਹਿਲਕਦਮੀ ਨਹੀਂ ਕੀਤੀ। ਪਰ ਉਨ੍ਹਾਂ ਜਿਹੀ ਸ਼ਖ਼ਸੀਅਤ ਵਾਲੇ ਵਿਅਕਤੀ ਵੱਲੋਂ ਗੰਡਾ ਸਿੰਘ ਨੂੰ ਜੋ ਕੁਝ ਵੀ ਆਖਿਆ ਗਿਆ ਸੀ, ਉਹ ਇਸੇ ਤੱਥ ਦਾ ਸੂਚਕ ਹੈ ਕਿ ਬਾਬਾ ਜੀ ਨੇ ਉਸ ਨੂੰ ਬਾਕਾਇਦਾ ਹੁਕਮ ਦਿੱਤਾ ਸੀ ਤੇ ਜੇ ਇਹ ਗੱਲ ਸੱਚ ਹੈ ਤਾਂ ਮੈਨੂੰ ਲੱਗਦਾ ਹੈ ਕਿ ਗੁਲਾਬ ਸਿੰਘ ਨੂੰ ਖੁੱਲ੍ਹੀ ਛੁੱਟੀ ਦਿੱਤੀ ਗਈ ਸੀ ਅਤੇ ਬਿਨਾਂ ਸ਼ੱਕ ਕਤਲਾਂ ਲਈ ''ਭੜਕਾਇਆ'' ਅਤੇ ਉਕਸਾਇਆ ਸੀ। ਉਪਰੋਕਤ ਦੋ ਵਿਅਕਤੀਆਂ ਦੀ ਸਿੱਧੀ ਗਵਾਹੀ ਤੇ ਉਸ ਦੇ ਨਾਲ ਗਿਆਲਾ ਵਾਸੀ ਦਲ ਸਿੰਘ ਦੀ ਗਵਾਹੀ ਅਤੇ ਕਾਹਨ ਸਿੰਘ, ਜਿਸ ਤੋਂ ਇਹ ਨਤੀਜਾ ਵਿਲੱਖਣਤਾ ਨਾਲ ਕੱਢਿਆ ਜਾ ਸਕਦਾ ਹੈ ਕਿ ਪੂਰੇ ਸੋਚ-ਵਿਚਾਰ ਤੋਂ ਬਾਅਦ ਕੀਤੇ ਇਨ੍ਹਾਂ ਕਤਲਾਂ ਲਈ ਗੁਰੂ ਜੀ ਦੀ ਪ੍ਰਵਾਨਗੀ ਲਈ ਗਈ ਸੀ ਤੇ ਅੰਤ 'ਚ ਸੁਣੀ-ਸੁਣਾਈ ਗਵਾਹੀ ਇਹ ਸਿੱਧ ਕਰਦੀ ਹੈ ਕਿ ਜਿਹੜੇ ਵਿਅਕਤੀ ਕਤਲ ਕਰਨ ਵਾਸਤੇ ਗੁਰੂ ਜੀ ਦੀ ਇਜਾਜ਼ਤ ਲੈਣ ਲਈ ਗਏ ਸਨ ਤੇ ਵਾਪਸੀ 'ਤੇ ਉਨ੍ਹਾਂ ਇਹੋ ਆਖਿਆ ਸੀ ਕਿ ਉਨ੍ਹਾਂ ਨੇ ਗੁਰੂ ਜੀ ਦੀ ਪ੍ਰਵਾਨਗੀ ਲੈ ਲਈ ਹੈ ਤੇ ਇੰਝ ਅੰਤ ਨੂੰ

ਕਤਲ ਕਰ ਦਿੱਤੇ ਗਏ; ਮੇਰੇ ਵਿਚਾਰ ਮੁਤਾਬਕ ਇਸ ਸਭ ਤੋਂ ਇਹੋ ਧਾਰਨਾ ਬਣਦੀ ਹੈ ਕਿ ਇਹ ਸਭ ਕਾਫ਼ੀ ਮਜ਼ਬੂਤ ਸਬੂਤ ਹਨ, ਜੇ ਉਪਰੋਕਤ ਸਿੱਧੀ ਗਵਾਹੀ ਨਾਲ ਲਈ ਜਾਵੇ ਤੇ ਉਸ ਨੂੰ ਤੱਥ ਮੰਨਿਆ ਜਾਵੇ।

ਬੇਸ਼ੱਕ ਗਵਾਹਾਂ ਦੇ ਸਾਹਮਣੇ ਕੀ ਨਤੀਜਾ ਨਿਕਲੇਗਾ, ਉਸ ਦਾ ਅਨੁਮਾਨ ਲਾਉਣਾ ਔਖਾ ਹੈ ਕਿਉਂਕਿ ਗਵਾਹ ਸਾਰੇ ਹੀ ਕੂਕੇ ਹਨ ਤੇ ਉਨ੍ਹਾਂ ਦੇ ਗੁਰੂ ਵੀ ਨਾਲ ਹੋਣਗੇ ਕਿਉਂਕਿ ਜਿਰਹ ਦੌਰਾਨ ਉਨ੍ਹਾਂ ਬਾਰੇ ਇਹ ਵੀ ਆਖਿਆ ਜਾ ਸਕਦਾ ਹੈ ਕਿ ਉਹ ਝੂਠ ਬੋਲ ਰਹੇ ਹਨ; ਪਰ ਮੈਨੂੰ ਪੱਕਾ ਭਰੋਸਾ ਹੈ ਕਿ ਉਨ੍ਹਾਂ ਦੀ ਗਵਾਹੀ ਦਾ ਉਹੀ ਪ੍ਰਭਾਵ ਰਹੇਗਾ, ਜਿਵੇਂ ਕਿ ਪਹਿਲਾਂ ਰਿਕਾਰਡ ਕੀਤਾ ਗਿਆ ਹੈ। ਮੈਂ ਸਾਰੇ ਗਵਾਹਾਂ ਤੋਂ ਉਨ੍ਹਾਂ ਦੀ ਕਹਾਣੀ ਸੁਣ ਚੁੱਕਾ ਹਾਂ।

ਇਹ ਮੰਨ ਕੇ ਚੱਲ ਰਿਹਾ ਹਾਂ ਕਿ ਗਵਾਹ ਉਪਰੋਕਤ ਪ੍ਰੀਖਿਆਵਾਂ ਦੌਰਾਨ ਵੀ ਡਟਣਗੇ, ਮੇਰੇ ਵਿਚਾਰ ਅਨੁਸਾਰ ਇਹ ਸਭ ਫ਼ੈਸਲਾਕੁੰਨ ਹੋਵੇਗਾ ਪਰ ਮੈਂ ਇਹ ਅਨੁਮਾਨ ਨਹੀਂ ਲਾ ਸਕਦਾ ਕਿ ਦੂਜੇ ਦਾ ਦਿਮਾਗ਼ ਕਿਵੇਂ ਚੱਲੇਗਾ।

ਮੇਰਾ ਇਹ ਪੱਕਾ ਮੰਨਣਾ ਹੈ ਕਿ ਸਭ ਤੋਂ ਸੁਰੱਖਿਅਤ ਇਹੋ ਰਹੇਗਾ ਕਿ (ਗੁਰੂ) ਰਾਮ ਸਿੰਘ ਜੀ ਨੂੰ ਸਾਰੀ ਉਮਰ ਲਈ ਅੰਡੇਮਾਨ ਭੇਜ ਦਿੱਤਾ ਜਾਵੇ।

ਜੇ ਨਿਆਂਇਕ ਸੁਣਵਾਈ ਨਾਕਾਮ ਰਹਿ ਗਈ, ਤਾਂ ਸ਼ਾਇਦ ਬਰੀ ਕੀਤੇ ਜਾਣ ਦਾ ਫ਼ੈਸਲਾ ਨਹੀਂ ਦਿੱਤਾ ਜਾਵੇਗਾ, ਸਗੋਂ ''ਸਿੱਧ ਨਹੀਂ ਹੋ ਸਕਿਆ'' ਹੀ ਆਖਿਆ ਜਾਵੇਗਾ ਅਤੇ ਅਜਿਹੇ ਹਾਲਾਤ ਵਿੱਚ ਵੀ ਮੈਂ 1818 ਦੇ ਕਾਨੂੰਨ III ਅਧੀਨ ਵੀ ਕਾਰਵਾਈ ਕਰ ਸਕਾਂਗਾ।

ਜੇ ਸਰਕਾਰ ਸਿੱਧਾ ਕਾਨੂੰਨ III ਅਧੀਨ ਕਾਰਵਾਈ ਕਰਨ ਨੂੰ ਤਰਜੀਹ ਦਿੰਦੀ ਹੈ, ਤਾਂ ਅਜਿਹਾ ਇੱਕਦਮ ਫ਼ੌਜੀਆਂ ਦੇ ਦਿੱਲੀ ਪਰਤਣ ਤੋਂ ਪਹਿਲਾਂ ਕਰਨਾ ਚਾਹੀਦਾ ਹੈ।

ਮੇਰਾ ਮੰਨਣਾ ਹੈ ਕਿ ਬਾਬਾ ਜੀ ਕਿਸੇ ਮੁਖਾਲਫ਼ਿਤ ਹੋਣ ਬਾਰੇ ਨਹੀਂ ਸੋਚਣਗੇ, ਸਗੋਂ ਸਾਧਾਰਣ ਸੰਮਣਾਂ 'ਤੇ ਹਾਜ਼ਰ ਹੋਣਗੇ।

ਲੁਧਿਆਣਾ 'ਚ ਪੁਲਿਸ ਨੂੰ ਮਜ਼ਬੂਤ ਕਰ ਦੇਣਾ ਚਾਹੀਦਾ ਹੈ ਅਤੇ ਕੁਝ ਪੁਲਿਸ ਬਲ ਜਲੰਧਰ 'ਚ ਤਿਆਰ ਰਹਿਣੇ ਚਾਹੀਦੇ ਹਨ।

ਇੱਕ ਵਿਕਲਪ ਇਹ ਬਚਦਾ ਹੈ ਕਿ ਬਾਬਾ ਰਾਮ ਸਿੰਘ ਜੀ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝਾਈ ਜਾਵੇ ਕਿ ਉਹ ਤੇ ਉਨ੍ਹਾਂ ਦੇ ਸੂਬੇ ਇੱਕਦਮ ਪ੍ਰਚਾਰ ਕਰਨਾ ਬੰਦ ਕਰ ਦੇਣ ਅਤੇ ਆਪਣੇ ਪੈਰੋਕਾਰਾਂ ਦੇ ਕਾਰਿਆਂ ਲਈ ਜ਼ਿੰਮੇਵਾਰ ਹੋਣ।

ਮੈਨੂੰ ਨਹੀਂ ਲੱਗਦਾ ਕਿ ਇਸ ਦਾ ਕੋਈ ਜਵਾਬ ਆਵੇਗਾ; ਉਨ੍ਹਾਂ ਦੇ ਸੂਬੇ ਅਤੇ ਉਹ ਖ਼ੁਦ ਵੀ ਰੁਕਣਗੇ ਨਹੀਂ ਅਤੇ ਜੇ ਉਹ ਸਾਡੀ ਸਹਿਣਸ਼ੀਲਤਾ ਤੋਂ ਨਹੀਂ ਡਰਦੇ ਤਾਂ ਮੇਰਾ ਮੰਨਣਾ ਹੈ ਕਿ ਉਨ੍ਹਾਂ ਨੂੰ ਸਥਾਨਕ ਅਧਿਕਾਰੀਆਂ ਦੇ ਬਦਲਣ ਤੱਕ ਉਡੀਕ ਕਰਨੀ ਪਵੇਗੀ, ਤਦ ਉਹ ਆਪਣੀ ਕਾਰਵਾਈ ਅਰੰਭਣ ਦੇ ਯੋਗ ਹੋਣਗੇ।

ਪਰ ਇਸ ਸਭ ਤੋਂ ਅਗਾਂਹ ਮੇਰਾ ਵਿਚਾਰ ਹੈ ਕਿ (ਗੁਰੂ) ਰਾਮ ਸਿੰਘ ਜੀ ਦੇ ਹੁਕਮ ਨਾਲ ਉਨ੍ਹਾਂ ਦੇ ਭੜਕਾਉਣ 'ਤੇ ਅਤੇ ਉਨ੍ਹਾਂ ਦੀ ਮਿਲੀਭੁਗਤ ਤੇ ਪ੍ਰਵਾਨਗੀ ਨਾਲ

ਇੱਕ ਬਹੁਤ ਵੱਡੇ ਅਪਰਾਧ ਨੂੰ ਅੰਜਾਮ ਦੇ ਦਿੱਤਾ ਗਿਆ ਹੈ ਅਤੇ ਮੈਂ ਇਹ ਆਖਣ ਦਾ ਹੌਸਲਾ ਕਰਦਾ ਹਾਂ ਕਿ ਸਰਕਾਰ ਲਈ ਇਹੋ ਵਾਜਬ ਰਹੇਗਾ ਕਿ ਬਾਬਾ ਰਾਮ ਸਿੰਘ ਜੀ ਨੂੰ ਸਜ਼ਾ ਜ਼ਰੂਰ ਮਿਲੇ।

ਦੀਵਾਨ ਬੂਟਾ ਸਿੰਘ ਦਾ ਲਾਹੌਰ ਦੇ ਪ੍ਰਕਾਸ਼ਕ ਭਾਈਚਾਰੇ 'ਚ ਡਾਢਾ ਪ੍ਰਭਾਵ ਹੈ, ਬੇਸ਼ੱਕ ਇਸ ਚਿੱਠੀ-ਪੱਤਰ ਨੂੰ ਪ੍ਰਕਾਸ਼ਿਤ ਕਰਨਾ ਅਣਉਚਿਤ ਸਮਝਿਆ ਜਾਵੇਗਾ।

# 51

## ਅੰਬਾਲਾ ਸਰਕਲ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਲੈਫ਼ਟੀਨੈਂਟ ਜੀ. ਮੈਕਐਂਡ੍ਰਿਯੂ ਵੱਲੋਂ ਯਾਦ-ਪੱਤਰ, ਮਿਤੀ 20 ਨਵੰਬਰ, 1871

ਮੈਂ ਕਸਾਈਆਂ ਨਾਲ ਵਾਪਰੀਆਂ ਤਾਜ਼ਾ ਘਟਨਾਵਾਂ ਅਤੇ ਕੂਕਾ ਅੰਦੋਲਨ ਦੇ ਮੁਖੀ ਬਾਬਾ (ਗੁਰੂ) ਰਾਮ ਸਿੰਘ ਜੀ ਵੱਲੋਂ ਆਪਣੇ ਪੈਰੋਕਾਰਾਂ ਨੂੰ ਗਊ-ਹਤਿਆਰਿਆਂ ਦੇ ਕਤਲ ਕਰਨ ਲਈ ਭੜਕਾਉਣ ਹਿਤ ਵਰਤੇ ਆਪਣੇ ਪ੍ਰਭਾਵ ਬਾਰੇ ਕਰਨਲ ਬੇਲੀ ਦਾ 8 ਅਗਸਤ ਨੂੰ ਲਿਖਿਆ ਪੱਤਰ, ਹਦਾਇਤ ਅਨੁਸਾਰ ਬਹੁਤ ਧਿਆਨ ਨਾਲ ਪੜ੍ਹਿਆ ਹੈ। ਮੈਂ ਕਰਨਲ ਬੇਲੀ ਵੱਲੋਂ ਪ੍ਰਗਟ ਕੀਤੇ ਬਾਬਾ ਰਾਮ ਸਿੰਘ ਜੀ ਬਾਰੇ ਅਤੇ ਉਨ੍ਹਾਂ ਵਿਰੁੱਧ ਚੁੱਕੇ ਜਾ ਸਕਣ ਵਾਲੇ ਕਦਮਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

ਬਹੁਤ ਸਾਰੇ ਵਸੀਲਿਆਂ ਤੋਂ ਇਕੱਤਰ ਕੀਤੀ ਜਾਣਕਾਰੀ ਦੇ ਆਧਾਰ 'ਤੇ ਮੈਨੂੰ ਲੱਗਦਾ ਹੈ ਕਿ ਕਸਾਈਆਂ ਖ਼ਿਲਾਫ਼ ਇਹ ਮੌਜੂਦਾ ਮੁਹਿੰਮ ਨਿਮਨਲਿਖਤ ਅਨੁਸਾਰ ਅਰੰਭ ਹੋਈ ਹੈ:

ਬੀਤੇ ਮਾਰਚ ਮਹੀਨੇ ਦੌਰਾਨ (ਗੁਰੂ) ਰਾਮ ਸਿੰਘ ਜੀ ਲੁਧਿਆਣਾ ਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ 'ਚੋਂ ਦੀ ਹੁੰਦੇ ਹੋਏ ਦਮਦਮਾ ਸਾਹਿਬ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਗਏ ਸਨ। ਵਾਪਸੀ 'ਤੇ ਉਨ੍ਹਾਂ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਖੋਟਾ ਵਿਖੇ ਇੱਕ ਮੇਲਾ ਭਾਵ ਇਕੱਠ ਰੱਖਿਆ ਸੀ, ਉੱਥੇ ਇਕੱਠੇ ਹੋਏ ਕੂਕਿਆਂ 'ਚ ਇੱਕ ਔਰਤ ਦੇ ਆਚਾਰ-ਵਿਹਾਰ ਨੂੰ ਲੈ ਕੇ ਗੜਬੜੀ ਹੋਈ ਸੀ ਅਤੇ ਬਾਬਾ ਰਾਮ ਸਿੰਘ ਜੀ ਨੇ ਆਪਣੇ ਨੇੜੇ ਬੈਠੇ ਲੋਕਾਂ ਨੂੰ ਆਖਿਆ ਸੀ,''ਜੇ ਮੇਰੇ ਪੈਰੋਕਾਰ ਇੰਞ ਆਪਸ 'ਚ ਲੜਨ ਦੀ ਥਾਂ ਆਪਣੇ ਧਰਮ 'ਤੇ ਸੱਚੇ ਤਰੀਕੇ ਚੱਲਣ, ਤਾਂ ਉਹ ਇਸ ਧਰਤੀ ਨੂੰ ਗਊ-ਹੱਤਿਆ ਤੋਂ ਮੁਕਤ ਕਰਵਾ ਦੇਣਗੇ ਅਤੇ ਕਸਾਈਆਂ ਦਾ ਕੰਮ ਰੋਕਣ ਦਾ ਕੋਈ ਨਾ ਕੋਈ ਇੰਤਜ਼ਾਮ ਜ਼ਰੂਰ ਕਰ ਲੈਣਗੇ।''

ਖੋਟਾ ਵਿਖੇ ਜੋ ਕੁਝ ਵੀ ਵਾਪਰਿਆ, ਮੈਨੂੰ ਇਸ ਦੀ ਜਾਣਕਾਰੀ 8 ਜੁਲਾਈ ਨੂੰ ਅੰਬਾਲਾ ਤੋਂ ਗ੍ਰਿਫ਼ਤਾਰ ਕੀਤੇ ਗਏ ਇੱਕ ਕੂਕਾ ਹਰਨਾਮ ਸਿੰਘ ਦੇ ਬਿਆਨ ਤੋਂ ਮਿਲੀ, ਇਹ ਧਿਆਨ ਰੱਖਿਆ ਜਾਵੇ ਕਿ ਉਹ ਵਾਰਦਾਤ ਰਾਏਕੋਟ ਦੇ ਕਤਲਾਂ ਤੋਂ ਠੀਕ ਪਹਿਲਾਂ ਵਾਪਰੀ ਸੀ।

ਹਰਨਾਮ ਸਿੰਘ ਨੇ ਕਿਹਾ ਕਿ ਕਸਾਈਆਂ ਦੇ ਕਤਲ ਕਰਨ ਦਾ ਕੰਮ ਪਹਿਲ ਦੇ ਆਧਾਰ 'ਤੇ ਲਿਆ ਗਿਆ ਸੀ ਅਤੇ ਅੰਮ੍ਰਿਤਸਰ ਤੋਂ ਬਾਅਦ ਕਸਾਈਆਂ 'ਤੇ ਹੋਰ

ਵੀ ਹਮਲੇ ਹੋਣੇ ਸਨ। ਹਰਨਾਮ ਸਿੰਘ ਦੇ ਦੱਸੇ ਅਨੁਸਾਰ ਬਾਬਾ ਰਾਮ ਸਿੰਘ ਜੀ ਵੱਲੋਂ ਖੋਟਾ ਵਿਖੇ ਆਖੇ ਸ਼ਬਦਾਂ ਦੀ ਪੁਸ਼ਟੀ ਰਾਏਕੋਟ ਵਾਲੀ ਵਾਰਦਾਤ ਦੇ ਕਾਤਲਾਂ 'ਚੋਂ ਇੱਕ ਦਲ ਸਿੰਘ ਨੇ ਵੀ ਕਰ ਦਿੱਤੀ ਸੀ; ਅਤੇ ਮੈਨੂੰ ਇਸ 'ਚ ਰੱਤੀ ਭਰ ਵੀ ਸ਼ੱਕ ਨਹੀਂ ਹੈ ਕਿ ਗਊ-ਹੱਤਿਆਵਾਂ ਰੋਕਣ ਦਾ ਵਿਚਾਰ ਕੂਕਿਆਂ 'ਚ ਸਭ ਤੋਂ ਪਹਿਲਾਂ ਖੋਟਾ 'ਚ ਵਾਪਰੀ ਘਟਨਾ ਵਾਲੇ ਦਿਨ ਬਾਬਾ ਰਾਮ ਸਿੰਘ ਜੀ ਨੇ ਹੀ ਪ੍ਰਗਟਾਇਆ ਸੀ। ਬਾਅਦ 'ਚ ਅੰਮ੍ਰਿਤਸਰ ਵਿਖੇ ਕੀ ਵਾਪਰਿਆ, ਉਸ ਬਾਰੇ ਜਾਣਨਾ ਬਹੁਤ ਆਸਾਨ ਹੈ। ਇਨ੍ਹਾਂ ਕਤਲਾਂ ਨਾਲ ਜੁੜੇ ਵਿਅਕਤੀ ਜਾਂ ਤਾਂ ਖੋਟਾ ਵਿਖੇ ਮੌਜੂਦ ਸਨ ਅਤੇ ਉਨ੍ਹਾਂ ਉੱਥੇ ਸਭ ਕੁਝ ਸੁਣਿਆ ਜੋ ਵੀ ਵਾਪਰਿਆ ਸੀ ਅਤੇ ਜਾਂ ਉਨ੍ਹਾਂ ਲੋਕਾਂ ਨਾਲ ਉਨ੍ਹਾਂ ਇਹ ਮੁੱਦਾ ਵਿਚਾਰਿਆ ਸੀ, ਜੋ ਉਸ ਵੇਲੇ ਉੱਥੇ ਮੌਜੂਦ ਸਨ ਅਤੇ ਫਿਰ ਅੰਮ੍ਰਿਤਸਰ ਦਾ ਕਤਲ ਕਾਂਡ ਵਾਪਰ ਗਿਆ, ਜਿਸ ਕਾਰਣ ਸਥਾਨਕ ਪੱਧਰ 'ਤੇ ਗਊ ਹੱਤਿਆ ਅਤੇ ਗਊ-ਮਾਸ ਦੀ ਵਿਕਰੀ ਨੂੰ ਲੈ ਕੇ ਆਮ ਲੋਕਾਂ 'ਚ ਵੱਡੇ ਪੱਧਰ 'ਤੇ ਰੋਹ ਫੈਲਣ ਲੱਗਾ ਅਤੇ ਉਨ੍ਹਾਂ ਨੂੰ ਜਾਪਿਆ ਕਿ ਕਸਾਈਆਂ ਦੇ ਕਤਲ ਕਰਨ ਦੀ ਮੁਹਿੰਮ ਵਿੱਢਣ ਦਾ ਇਹ ਬਿਲਕੁਲ ਸਹੀ ਵੇਲਾ ਹੈ। ਰਾਏਕੋਟ 'ਚ ਗੁਲਾਬ ਸਿੰਘ ਨੇ ਇਹੋ ਵਿਆਖਿਆ ਦਿੱਤੀ ਸੀ, ਜਦੋਂ ਮੈਂ ਉਸ ਨੂੰ ਪੁੱਛਿਆ ਸੀ ਕਿ ਪਹਿਲੇ ਹਮਲੇ ਲਈ ਅੰਮ੍ਰਿਤਸਰ ਨੂੰ ਕਿਉਂ ਚੁਣਿਆ ਗਿਆ ਸੀ।

ਅੰਮ੍ਰਿਤਸਰ 'ਚ ਕਰਨਲ ਬੇਲੀ ਵੱਲੋਂ ਦਿੱਤੇ ਬਿਆਨ ਅਨੁਸਾਰ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਮੁਹਿੰਮ ਨੂੰ ਵੱਡੇ ਪੱਧਰ 'ਤੇ ਵਿੱਢਣ ਤੋਂ ਪਹਿਲਾਂ (ਗੁਰੂ) ਰਾਮ ਸਿੰਘ ਜੀ ਤੋਂ ਇਹ ਚੰਗਾ ਕਾਰਜ ਵਿੱਢਣ ਦੀ ਇਜਾਜ਼ਤ ਲੈਣ ਲਈ ਕੂਕਿਆਂ ਦੀ ਇੱਕ ਟੋਲੀ ਭੇਜੀ ਗਈ ਸੀ। ਰਾਏਕੋਟ ਵਾਲੀ ਵਾਰਦਾਤ 'ਚ ਤਾਂ ਕੂਕਿਆਂ ਕੋਲ ਇਹ ਮਜ਼ਬੂਤ ਆਧਾਰ ਸੀ ਕਿ ਹਮਲੇ ਕਰਨ ਤੋਂ ਪਹਿਲਾਂ (ਗੁਰੂ) ਰਾਮ ਸਿੰਘ ਜੀ ਤੋਂ ਇਜਾਜ਼ਤ ਲੈ ਲਈ ਗਈ ਸੀ। ਇਸ ਸਬੰਧੀ ਤਾਂ ਦਲ ਸਿੰਘ ਦਾ ਬੜਾ ਸਿੱਧਾ ਜਿਆ ਬਿਆਨ ਹੈ ਕਿ ਗੁਲਾਬ ਸਿੰਘ ਅੰਮ੍ਰਿਤਸਰ ਦੇ ਕਤਲਾਂ ਤੋਂ ਬਾਅਦ (ਗੁਰੂ) ਰਾਮ ਸਿੰਘ ਜੀ ਕੋਲ ਭੈਣੀ ਗਿਆ ਸੀ ਤੇ ਰਾਏਕੋਟ ਦੀ ਵਾਰਦਾਤ ਵਾਪਰਨ ਤੋਂ ਥੋੜ੍ਹਾ ਪਹਿਲਾਂ ਉੱਥੋਂ ਪਰਤ ਆਇਆ; ਜਿਹੜੇ ਤਿੰਨ ਜਣਿਆਂ ਨੂੰ ਰਾਏਕੋਟ 'ਚ ਫਾਂਸੀ ਦਿੱਤੀ ਗਈ ਸੀ, ਉਨ੍ਹਾਂ ਨੇ ਦੱਸਿਆ ਸੀ ਕਿ ਉਹ (ਗੁਰੂ) ਰਾਮ ਸਿੰਘ ਜੀ ਨੂੰ ਨਮਨ ਕਰ ਕੇ ਪਰਤੇ ਹਨ; ਇਹ ਵੀ ਕਿ ਰਾਏਕੋਟ ਦੇ ਕਤਲਾਂ ਲਈ ਸਾਰੇ ਇੰਤਜ਼ਾਮ ਕਰਨ ਵਾਲੇ ਵਿਅਕਤੀ ਰਤਨ ਸਿੰਘ (ਜੋ ਦੇਸ਼ ਦੇ ਰਾਏਕੋਟ ਹਲਕੇ ਲਈ ਬਾਬਾ ਰਾਮ ਸਿੰਘ ਜੀ ਦੇ ਮੁੱਖ ਸੂਬਾ ਗਿਆਨੀ ਸਿੰਘ ਨਾਲ ਜੁੜੇ ਨਾਇਬ ਸੂਬਾ ਸਨ) ਨੇ ਅੰਮ੍ਰਿਤਸਰ ਤੋਂ ਆਈ ਟੋਲੀ ਨਾਲ ਚਾਰ ਸਥਾਨਕ ਵਿਅਕਤੀ ਵੀ ਜੋੜ ਦਿੱਤੇ ਸਨ ਅਤੇ ਇਸ ਕਾਰਜ ਲਈ ਕ੍ਰਿਪਾਨਾਂ ਪ੍ਰਾਪਤ ਕੀਤੀਆਂ ਗਈਆਂ ਸਨ। ਗਿਆਨੀ ਸਿੰਘ ਬਹੁਤ ਲੰਮਾ ਸਮਾਂ ਬਾਬਾ ਰਾਮ ਸਿੰਘ ਜੀ ਦੇ ਵਿਸ਼ਵਾਸਪਾਤਰ ਏਜੰਟ ਰਹੇ ਹਨ ਅਤੇ ਪਟਿਆਲਾ ਰਿਆਸਤ 'ਚ ਕੂਕਿਆਂ ਵੱਲੋਂ ਕੀਤੀ ਕਿਸੇ ਵਾਰਦਾਤ ਬਦਲੇ ਉੱਥੋਂ ਦੇ ਨਿਆਂਇਕ ਅਧਿਕਾਰੀਆਂ ਨੇ ਉਨ੍ਹਾਂ ਨੂੰ ਦੋ ਸਾਲ ਕੈਦ ਦੀ ਸਜ਼ਾ ਵੀ ਦਿੱਤੀ ਸੀ।

ਕੀ ਅੰਮ੍ਰਿਤਸਰ ਤੇ ਰਾਏਕੋਟ 'ਚ ਵਾਪਰੀਆਂ ਘਟਨਾਵਾਂ ਲਈ ਮਹਾਰਾਣੀ ਦੇ

(ਸਰਕਾਰੀ) ਗਵਾਹ ਮੰਨੇ ਗਏ ਵਿਅਕਤੀ ਤੇ ਹੋਰਨਾਂ ਗਵਾਹਾਂ ਦੇ ਬਿਆਨ ਕਿਸੇ ਕਾਨੂੰਨੀ ਅਦਾਲਤ 'ਚ ਬਾਬਾ ਰਾਮ ਸਿੰਘ ਜੀ ਨੂੰ ਦੋਸ਼ੀ ਠਹਿਰਾਉਣ ਲਈ ਕਾਫ਼ੀ ਸਮਝੇ ਜਾਣਗੇ, ਮੈਂ ਇਹ ਫ਼ੈਸਲਾ ਨਹੀਂ ਕਰ ਪਾ ਰਿਹਾ ਹਾਂ ਪਰ ਮੇਰਾ ਆਪਣਾ ਸਨਿਮਰ ਵਿਚਾਰ ਹੈ ਕਿ ਅਜਿਹੀ ਅਦਾਲਤੀ ਸੁਣਵਾਈ ਕਰਨਾ ਸੱਚਮੁਚ ਇੱਕ ਗ਼ਲਤੀ ਹੋਵੇਗੀ, ਜੇ ਉਨ੍ਹਾਂ ਨੂੰ ਘੱਟੋ-ਘੱਟ ਦੇਸ਼-ਨਿਕਾਲੇ ਦੀ ਸਜ਼ਾ ਨਾ ਹੋਵੇ। ਮੈਨੂੰ ਤਾਂ ਇਸ ਮਾਮਲੇ 'ਚ ਇੰਝ ਜਾਪਦਾ ਹੈ ਕਿ ਸਰਕਾਰ ਇਸ ਨੂੰ ਛੇਤੀ ਨਿਬੇੜਨ ਵਾਲਾ ਮਾਮਲਾ ਕਰਾਰ ਦੇਵੇ ਤੇ ਇੱਕ ਚੰਗੀ ਸਰਕਾਰ ਵਾਂਗ ਲੰਮੇਰੀਆਂ ਕਾਨੂੰਨੀ ਕਾਰਜ-ਵਿਧੀਆਂ ਦੇ ਚੱਕਰਾਂ 'ਚ ਨਾ ਪੈਂਦੀ ਹੋਈ ਬਾਬਾ ਰਾਮ ਸਿੰਘ ਜੀ ਨੂੰ ਦੇਸ਼ ਤੋਂ ਬਾਹਰ ਭੇਜ ਦੇਵੇ। ਬਾਬਾ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਹੁਣ ਬਿਨਾਂ ਸ਼ੱਕ ਕਾਨੂੰਨ ਤੇ ਵਿਵਸਥਾ ਦੀ ਉਲੰਘਣਾ ਦੇ ਇੰਨੇ ਜ਼ਿਆਦਾ ਮੌਕੇ ਤਾਂ ਦੇ ਦਿੱਤੇ ਹਨ ਅਤੇ ਕੂਕਿਆਂ ਦੀ ਪਿਛਲੇ 10 ਸਾਲਾਂ ਤੋਂ ਚੱਲਦੀ ਆ ਰਹੀ ਮੁਸੀਬਤ ਤੇ ਚਿੰਤਾ ਨੂੰ ਰੋਕਣ ਲਈ ਅਜਿਹੀ ਮੁਹਿੰਮ ਦਾ ਨਿਆਂਪੂਰਨ ਢੰਗ ਨਾਲ ਲਾਹਾ ਲੈ ਲੈਣਾ ਚਾਹੀਦਾ ਹੈ। ਮੇਰੇ ਵਿਚਾਰ ਅਨੁਸਾਰ ਕਰਨਲ ਬੇਲੀ ਕੂਕਿਆਂ ਦੇ ਸੰਗਠਨ ਨੂੰ ਜ਼ਰੂਰਤ ਤੋਂ ਕੁਝ ਜ਼ਿਆਦਾ ਹੀ ਅਹਿਮੀਅਤ ਦਿੰਦੇ ਜਾਪਦੇ ਹਨ। ਉਨ੍ਹਾਂ ਇਸ ਪੰਥ ਨਾਲ ਜੁੜੇ ਲੋਕਾਂ ਦੀ ਗਿਣਤੀ 1,50,000 ਦੱਸੀ ਹੈ, ਜਦ ਕਿ ਮੇਰਾ ਮੰਨਣਾ ਹੈ ਕਿ ਜੇ ਉਨ੍ਹਾਂ ਦੀ ਬਾਕਾਇਦਾ ਗਿਣਤੀ ਕਰੀਏ, ਤਾਂ ਇਹ ਮਸਾਂ 50,000 ਤੋਂ ਵੀ ਘੱਟ ਹੀ ਹੋਵੇਗੀ।

(ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਦੀਆਂ ਗਤੀਵਿਧੀਆਂ ਆਮ ਤੌਰ 'ਤੇ ਲੁਧਿਆਣਾ, ਫ਼ਿਰੋਜ਼ਪੁਰ, ਜਲੰਧਰ, ਹੁਸ਼ਿਆਰਪੁਰ ਤੇ ਸਿਆਲਕੋਟ ਜ਼ਿਲ੍ਹਿਆਂ ਤੱਕ ਹੀ ਮਹਿਦੂਦ ਹਨ। ਉਨ੍ਹਾਂ ਦੇ ਗੁਆਂਢੀ ਜ਼ਿਲ੍ਹਿਆਂ 'ਚ ਕੁਝ ਕੂਕੇ ਹਨ ਪਰ ਉਨ੍ਹਾਂ ਦੀ ਆਮ ਜਨਤਾ 'ਚ ਅਹਿਮੀਅਤ ਕੋਈ ਬਹੁਤੀ ਨਹੀਂ ਹੈ। ਇਸ ਦੇ ਨਾਲ ਹੀ ਇਸ 'ਚ ਕੋਈ ਸ਼ੱਕ ਨਹੀਂ ਕਿ ਬਾਬਾ ਰਾਮ ਸਿੰਘ ਜੀ ਵਰਨਣਯੋਗ ਯੋਗਤਾ ਵਾਲੀ ਸ਼ਖ਼ਸੀਅਤ ਹਨ ਅਤੇ ਉਨ੍ਹਾਂ ਕੋਲ ਆਪਣੇ ਸੂਬਿਆਂ ਦਾ ਵੱਡਾ ਸਟਾਫ਼ ਹੈ ਤੇ ਉਹ ਖ਼ੁਸ਼ਹਾਲ ਹਨ ਅਤੇ ਇੰਝ ਉਹ ਆਪਣਾ ਪ੍ਰਭਾਵ ਖ਼ਤਰਨਾਕ ਹੱਦ ਤੱਕ ਵਧਾ ਸਕਦੇ ਹਨ। ਜਿਹੜੇ ਵੀ ਖ਼ਿਤਾਬ ਹੁਣ ਤੱਕ ਉਨ੍ਹਾਂ ਨੂੰ ਮਿਲ ਚੁੱਕੇ ਹਨ, ਉਨ੍ਹਾਂ 'ਚ ਨਿੱਤ ਵਾਧਾ ਵੀ ਹੁੰਦਾ ਜਾ ਰਿਹਾ ਹੈ। ਪਹਿਲੀ ਵਾਰ ਉਨ੍ਹਾਂ ਬਾਰੇ ਜਦੋਂ ਸੁਣਿਆ ਸੀ ਤਾਂ ਉਹ ਸਿਰਫ਼ ਹਜ਼ਰੋ ਦੇ ਬਾਲਕ ਰਾਮ (ਸਿੰਘ) ਦੇ ਵਾਰਸ ਸਨ ਤੇ ਉਨ੍ਹਾਂ ਨੂੰ ਰਾਮ ਸਿੰਘ ਮਹੰਤ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ, ਬਾਅਦ 'ਚ ਉਹ ਗੁਰੂ ਰਾਮ ਸਿੰਘ ਤੇ ਫਿਰ ਸਤਿਗੁਰੂ ਤੇ ਹੁਣ ਸਤਿਗੁਰੂ ਬਾਦਸ਼ਾਹ ਅਖਵਾਉਂਦੇ ਹਨ।

ਉਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਦੇ ਨਾਲ-ਨਾਲ ਉਨ੍ਹਾਂ ਦੇ ਦੁਨਿਆਵੀ ਸਾਧਨਾਂ 'ਚ ਵਾਧਾ ਹੋਇਆ ਹੈ। ਉਹ ਹੁਣ ਅਜਿਹੇ ਰਾਜ ਵਿੱਚ ਰਹਿ ਰਹੇ ਹਨ, ਜਿੱਥੇ ਉਨ੍ਹਾਂ ਦੇ ਆਲੇ-ਦੁਆਲੇ ਉਨ੍ਹਾਂ ਦੇ ਨਿਜੀ ਸਹਾਇਕ ਸਦਾ ਮੌਜੂਦ ਰਹਿੰਦੇ ਹਨ, ਉਹ ਦਰਬਾਰ ਸਜਾਉਂਦੇ ਹਨ ਅਤੇ ਉਨ੍ਹਾਂ ਨੂੰ ਦੇਸ਼ ਦੇ ਸਾਰੇ ਹੀ ਹਿੱਸਿਆਂ ਤੋਂ ਸੇਵਕ ਤੇ ਹਰਕਾਰੇ ਆ ਕੇ ਮਿਲਦੇ ਹੀ ਰਹਿੰਦੇ ਹਨ। ਹਾਲੇ ਪਿੱਛੇ ਜਿਹੇ ਕੁਝ ਸਥਾਨਕ ਸਰਦਾਰ ਤੇ ਜਗੀਰਦਾਰ ਵੀ ਉਨ੍ਹਾਂ ਨਾਲ ਆ ਕੇ ਜੁੜ ਗਏ ਹਨ ਅਤੇ ਕਸ਼ਮੀਰ ਦੇ ਮਹਾਰਾਜਾ

ਦੀ ਸੇਵਾ 'ਚ ਇੱਕ ਕੂਕਾ ਰੈਜਿਮੈਂਟ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਕੂਕਿਆਂ ਨੂੰ ਕੁਝ ਤੋਹਫ਼ੇ ਦੇ ਕੇ ਨੇਪਾਲ ਦੀ ਸਰਕਾਰ ਕੋਲ ਵੀ ਭੇਜਿਆ ਗਿਆ ਹੈ। ਇਸ ਸਭ ਪਿੱਛੇ ਇੱਕ ਉਦੇਸ਼ਮੁਖੀ ਦਿਮਾਗ਼ ਕੰਮ ਕਰਦਾ ਦਿਸਦਾ ਹੈ ਅਤੇ ਨਿੱਕੀ ਜਿਹੀ ਸ਼ੁਰੂਆਤ ਤੋਂ ਹੁਣ ਵੱਡੇ ਨਤੀਜੇ ਸਾਹਮਣੇ ਆ ਰਹੇ ਹਨ।

ਮੇਰੇ ਬਹੁਤ ਸਾਰੇ ਸਥਾਨਕ ਦੋਸਤ ਹਨ ਜੋ ਸਿੱਖ, ਹਿੰਦੂ ਤੇ ਮੁਸਲਿਮ ਹਰੇਕ ਵਰਗ ਨਾਲ ਸੰਬੰਧਤ ਹਨ ਅਤੇ ਉਨ੍ਹਾਂ ਤੋਂ ਲਈ ਸਲਾਹ ਤੇ ਜਾਣਕਾਰੀ ਤੋਂ ਮੈਨੂੰ ਤਾਂ ਇਹੋ ਲੱਗਦਾ ਹੈ ਕਿ ਕੂਕਾ ਅੰਦੋਲਨ 'ਚ ਕੁਝ ਵੀ ਵਧੀਆ ਨਹੀਂ ਹੈ, ਸਗੋਂ ਫ਼ਸਾਦ ਜਾਂ ਮਾੜੇ ਕੰਮ ਕਰਵਾਉਣ ਦਾ ਰੁਝਾਨ ਉਸ 'ਚ ਵੱਧ ਹੈ ਤੇ ਇਹ ਆਪਣੇ ਅਰੰਭਲੇ ਦੌਰ 'ਚ ਹੀ ਬਹੁਤ ਅਗਾਂਹ ਨਿਕਲ ਗਿਆ ਹੈ ਅਤੇ ਆਮ ਲੋਕ; ਖ਼ਾਸ ਕਰਕੇ ਕੱਟੜ ਸਿੱਖ, ਹਿੰਦੂ ਤੇ ਮੁਸਲਿਮ ਇਸ ਨੂੰ ਪਸੰਦ ਵੀ ਨਹੀਂ ਕਰਦੇ ਹੁਣ ਇਸ ਨੂੰ ਤੁਰੰਤ ਰੋਕਣ ਲਈ ਸਿਰਫ਼ ਸਰਕਾਰ ਵੱਲੋਂ ਥੋੜ੍ਹੀ ਤਾਕਤ ਤੇ ਸਖਤੀ ਵਰਤਣ ਦੀ ਜ਼ਰੂਰਤ ਹੈ ਕਿਉਂਕਿ ਇਸ ਅੰਦੋਲਨ ਦੀ ਸਥਾਪਨਾ ਸਿਰਫ਼ ਮਾੜੇ ਕੰਮਾਂ ਲਈ ਕੀਤੀ ਗਈ ਹੈ ਅਤੇ ਭਵਿੱਖ 'ਚ ਇਹ ਵਿਵਾਦ ਤੇ ਮੁਸੀਬਤਾਂ ਹੀ ਖੜ੍ਹੀਆਂ ਕਰੇਗਾ।

# 52

## ਅੰਤਿਕਾ ਬੀ.

*ਨੰ. 4*

## ਕੂਕਾ ਸੰਪਰਦਾਇ ਦੇ ਮੁਖੀ

*(ਸ੍ਰੀ ਓ. ਕੌਨਰ ਵੱਲੋਂ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਨੂੰ ਲਿਖੇ ਗੁਪਤ ਪੱਤਰ ਨੰ. 308 ਮਿਤੀ 27 ਨਵੰਬਰ, 1871 ਦੇ ਹਵਾਲੇ ਨਾਲ)*

| 1 | 2 | 3 | 4 | 5 | 6 | 7 |
|---|---|---|---|---|---|---|
| *ਲੜੀ ਨੰ.* | *ਨਾਮ, ਪਿਤਾ ਦਾ ਨਾਮ ਤੇ ਜਾਤੀ* | *ਰਿਹਾਇਸ਼* | *ਸਥਿਤੀ ਜਾਂ ਅਹੁਦਾ* | ਕੀ ਉਸ ਨੇ ਫ਼ੌਜੀ ਸਿਖਲਾਈ ਲਈ ਹੈ, ਕਦੋਂ ਤੇ ਕਿੱਥੇ | ਕੀ ਹੁਣ ਵੀ ਉਹ ਸੇਵਾ 'ਚ ਹੈ ਤੇ ਕਿੱਥੇ | ਟਿੱਪਣੀਆਂ |
| 1. | ਰਾਮ ਸਿੰਘ ਪੁੱਤਰ ਜੱਸਾ ਸਿੰਘ, ਤਰਖਾਣ | ਭੈਣੀ, ਲੁਧਿਆਣਾ | ਸੰਪਰਦਾਇ ਮੁਖੀ | ਸਿੱਖ ਰਾਜ ਵੇਲੇ ਨੌਨਿਹਾਲ ਰੈਜਿਮੈਂਟ 'ਚ ਸਿਪਾਹੀ ਸਨ। | ਨਹੀਂ | --- |
| 2. | ਸਾਹਿਬ ਸਿੰਘ, ਪੁੱਤਰ ਲਾਲ ਸਿੰਘ, ਜੱਟ | ਥੰਮਣਵਾਲੀ, ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਪਰ ਭੈਣੀ 'ਚ ਹੀ ਰਹਿੰਦੇ ਹਨ | ਸੂਬਾ | ਨਹੀਂ | ਨਹੀਂ | ਬਾਬਾ ਰਾਮ ਸਿੰਘ ਜੀ ਦੇ ਵਫ਼ਾਦਾਰ। ਕਾਹਨ ਸਿੰਘ ਨਾਲ ਨੇਪਾਲ ਗਏ ਸਨ। |
| 3. | ਕਾਹਨ ਸਿੰਘ ਉਰਫ਼ ਨਿਹੰਗ ਸਿੰਘ ਪੁੱਤਰ ਨੱਥਾ ਸਿੰਘ, ਜੱਟ | ਚੱਕ, ਮਲੇਰਕੋਟਲਾ ਰਿਆਸਤ | ਸੂਬਾ | ਨੌਨਿਹਾਲ ਰੈਜਿਮੈਂਟ 'ਚ ਹਵਾਲਦਾਰ ਸਨ। | ਨਹੀਂ | ਆਜ਼ਾਦ ਕਿਸਮ ਦੀਆਂ ਆਦਤਾਂ ਵਾਲੇ ਵਿਅਕਤੀ। ਰਿਹਾਇਸ਼ ਦਾ ਕੋਈ ਪੱਕਾ ਟਿਕਾਣਾ ਨਹੀਂ। ਕਦੇ ਇਸ ਜ਼ਿਲ੍ਹੇ ਤੇ ਕਦੇ ਦੂਜੇ ਜ਼ਿਲ੍ਹੇ ਤੱਕ ਯਾਤਰਾ ਕਰਦੇ ਹਨ। |
| 4. | ਲੱਖਾ ਸਿੰਘ ਪੁੱਤਰ ਰੂੜ ਸਿੰਘ, ਜੱਟ | ਚੱਟ ਬੱਲੌਰ, ਪਟਿਆਲਾ | ਸੂਬਾ | ਦੂਜੀ ਪੁਲਿਸ ਬਟਾਲੀਅਨ (ਸ਼ੇਰਦਲ) 'ਚ ਸਿਪਾਹੀ, ਜਿੱਥੇ ਉਹ ਡ੍ਰਿਲ ਇੰਸਪੈਕਟਰ ਸਨ। | ਨਹੀਂ | ਗੜਬੜੀ ਵਾਲਾ ਤੇ ਕੱਟੜ ਰੁਝਾਨ ਵਾਲੇ, ਗੜਬੜੀ ਪੈਦਾ ਕਰਨ ਦੇ ਸਮਰੱਥ। ਹਾਲੇ ਪਿੱਛੇ ਜਿਹੇ ਪਟਿਆਲਾ 'ਚ ਕੈਦ ਕੱਟ ਕੇ ਆਏ ਹਨ। |

| 1 | 2 | 3 | 4 | 5 | 6 | 7 |
|---|---|---|---|---|---|---|
| 5. | ਮੰਗਲ ਸਿੰਘ ਪੁੱਤਰ ...., ਜੱਟ | ਪਟਿਆਲਾ, ਧੌਲਪੁਰ | ਸਰਦਾਰ ਸੂਬਾ | ਤਸੱਲੀਬਖ਼ਸ਼ ਢੰਗ ਨਾਲ ਜਾਣਕਾਰੀ ਨਹੀਂ | ਨਹੀਂ | ਇਹ ਕਿਹਾ ਜਾਂਦਾ ਹੈ ਕਿ ਪਟਿਆਲਾ ਦੇ ਰਾਜਾ ਨੇ ਉਨ੍ਹਾਂ ਨੂੰ ਕੂਕਾ ਸੰਪਰਦਾਇ ਛੱਡਣ ਬਦਲੇ ਬਹੁਤ ਕੁਝ ਦੇਣ ਦੇ ਲਾਲਚ ਦਿੱਤੇ ਸਨ ਪਰ ਉਨ੍ਹਾਂ ਇਸ ਨੂੰ ਛੱਡਿਆ ਨਹੀਂ। ਉਨ੍ਹਾਂ ਨੂੰ ਪਟਿਆਲਾ ਤੋਂ ਬਾਹਰ ਕੱਢ ਦਿੱਤਾ ਗਿਆ ਹੈ ਤੇ ਹੁਣ ਬਾਬਾ ਰਾਮ ਸਿੰਘ ਜੀ ਨਾਲ ਰਹਿੰਦੇ ਹਨ। |
| 6. | ਹੀਰਾ ਸਿੰਘ (ਲੰਬਾ), ਪੁੱਤਰ ..., ਜੱਟ | ਦੁਰਗਾਪੁਰ, ਨੇੜੇ ਜਗਾਧਰੀ, ਅੰਬਾਲਾ | ਜਗੀਰਦਾਰ ਸੂਬਾ | ਸਿੱਖ ਕਾਲ ਦੌਰਾਨ ਘੋੜੇ ਚਰਾਉਣ ਦੀ ਸੇਵਾ ਕਰਦੇ ਸਨ। | ਕਸ਼ਮੀਰ 'ਚ ਨੌਕਰੀ ਕਰਦੇ ਸਨ ਪਰ ਹੁਣ ਸੁਣਿਐ, ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। | |
| 7. | ਮੋਤੀ ਸਿੰਘ, ਪੋਤਰਾ ਹਰੀ ਸਿੰਘ ਨਲਵਾ, ਜਾਤੀ ਖੱਤਰੀ | ਗੁਜਰਾਂਵਾਲਾ ਜ਼ਿਲ੍ਹੇ ਦੇ ਹਨ ਪਰ ਪਿਛਲੇ 8 ਸਾਲਾਂ ਤੋਂ ਚੀਨੀਘਾਟੀ ਮਾਹਲਪੁਰ, ਹੁਸ਼ਿਆਰਪੁਰ ਰਹਿੰਦੇ ਹਨ। | ਸੂਬਾ | ਜੀ ਹਾਂ, ਨੇਪਾਲ 'ਚ | ਜੀ ਹਾਂ, ਨੇਪਾਲ 'ਚ; ਕਪਤਾਨ ਦਾ ਰੈਂਕ ਸੀ। | |
| 8. | ਹੀਰਾ ਸਿੰਘ (ਮਧਰਾ) ਪੁੱਤਰ ..., ਜੱਟ | ਸਢਾਉਰਾ, ਜਗਾਧਰੀ, ਅੰਬਾਲਾ | ਜਗੀਰਦਾਰ | ਗਿਆਤ | ਨਹੀਂ | ਨੰ. 3 ਦੇ ਨਿਜੀ ਦੋਸਤ। |
| 9. | ਮਹਾਂ ਸਿੰਘ ਪੁੱਤਰ ਟਹਿਲ ਸਿੰਘ, ਜੱਟ | ਚੱਕ, ਮਲੇਰਕੋਟਲਾ | ਸੂਬਾ | ਸਿੱਖ ਤੋਪਖਾਨੇ 'ਚ ਗੋਲੰਦਾਜ਼ ਵਜੋਂ ਸੇਵਾ ਨਿਭਾਈ | ਹੁਣ ਨੇਪਾਲ 'ਚ, ਸੇਵਾ ਬਾਰੇ ਜਾਣਕਾਰੀ ਨਹੀਂ | ਮੁੱਖ ਤੌਰ 'ਤੇ ਭੈਣੀ ਵਿਖੇ ਰਹਿੰਦੇ ਹਨ। |
| 10. | ਕਿਸ਼ਨ ਸਿੰਘ ਪੁੱਤਰ ਨਵਦਿੱਤ ਸਿੰਘ, ਕੁਲਾਲ | ਗਰੰਥਗੜ੍ਹ, ਅੰਮ੍ਰਿਤਸਰ | ਸੂਬਾ | ਨਹੀਂ | ਨਹੀਂ | |
| 11. | ਗੋਪਾਲ ਸਿੰਘ ਪੁੱਤਰ ਸਾਹਿਬ, ਜੱਟ | ਪਟਿਆਲਾ | ਸੂਬਾ | ਨਹੀਂ | ਨਹੀਂ | |

| 1 | 2 | 3 | 4 | 5 | 6 | 7 |
|---|---|---|---|---|---|---|
| 12. | ਬਾਬਾ ਬੂਟਾ ਸਿੰਘ, ਪੁੱਤਰ... | ਲਾਹੌਰ | ਸੂਬਾ | ਨਹੀਂ | ਨਹੀਂ | ਕੁਝ ਸਥਾਨਕ ਦਸਤਾਵੇਜ਼ਾਂ ਦੇ ਮਾਲਕ |
| 13. | ਕਰਤਾਰ ਸਿੰਘ, ਪੁੱਤਰ..., ਬੇਦੀ | ਡੇਰਾ ਬਾਬਾ ਨਾਨਕ, ਗੁਰਦਾਸਪੁਰ | ਸੂਬਾ | ਨਹੀਂ | ਨਹੀਂ | |
| 14. | ਫ਼ਤਹਿ ਸਿੰਘ ਪੁੱਤਰ ਪਰਤਾਪ ਸਿੰਘ, ਸੋਢੀ | ਅਨੰਦਪੁਰ, ਹੁਸ਼ਿਆਰਪੁਰ | ਸੂਬਾ | ਨਹੀਂ | ਨਹੀਂ | ਭਿਆਨਕ ਹੱਦ ਤੱਕ ਕੱਟੜ। |
| 15. | ਭਗਵਾਨ ਸਿੰਘ ਪੁੱਤਰ ਸੁੱਖੂ ਰਾਮ | ਨਵਾਂ ਸ਼ਹਿਰ, ਬੰਗਾ, ਜਲੰਧਰ | ਸੂਬਾ | ਪੰਜ ਸਾਲ ਦੂਜੀ ਘੁੜਸਵਾਰ ਫ਼ੌਜ 'ਚ ਮੇਜਰ ਬਰਾਊਨ ਦੇ ਅਧੀਨ ਸੇਵਾ ਨਿਭਾਈ, ਗ਼ਦਰ ਸਮੇਂ ਹਡਸਨ ਦੀ ਘੁੜਸਵਾਰ ਫ਼ੌਜ 'ਚ ਰਿਸਾਲਦਾਰ ਸਨ, 1860 'ਚ ਅਸਤੀਫ਼ਾ ਦਿੱਤਾ। | -- | |
| 16. | ਰੂੜ ਸਿੰਘ ਪੁੱਤਰ ਦਲ ਸਿੰਘ, ਜੱਟ | ਥੰਮਣਵਾਲੀ, ਤਰਨ ਤਾਰਨ, ਅੰਮ੍ਰਿਤਸਰ | ਸੂਬਾ | ਨਹੀਂ | ਨਹੀਂ | ਮੁੱਖ ਤੌਰ 'ਤੇ ਅੰਮ੍ਰਿਤਸਰ 'ਚ ਰਹਿੰਦੇ ਹਨ, ਨੰ. 2 ਦੇ ਭਰਾ। |
| 17. | ਜਵਾਹਰ ਸਿੰਘ ਪੁੱਤਰ ਦਲ ਸਿੰਘ, ਜੱਟ | ਤਖ਼ਤਗੜ੍ਹ, ਧਰਮਕੋਟ, ਫ਼ਿਰੋਜ਼ਪੁਰ | ਸੂਬਾ | ਸਿੱਖ ਕਾਲ ਦੌਰਾਨ ਘੁੜਸਵਾਰ ਫ਼ੌਜ 'ਚ ਸੇਵਾ ਨਿਭਾਈ। | ਨਹੀਂ | ਰਿਹਾਇਸ਼ ਦੀ ਕੋਈ ਪੱਕੀ ਥਾਂ ਨਹੀਂ। ਕੂਕਾ ਸਿਧਾਂਤਾਂ ਦਾ ਪ੍ਰਚਾਰ ਕਰਨ ਲਈ ਇੱਧਰ-ਉੱਧਰ ਘੁੰਮਦੇ ਰਹਿੰਦੇ ਹਨ। |
| 18. | ਗਿਆਨੀ ਸਿੰਘ ਉਰਫ਼ ਰਤਨ ਸਿੰਘ, ਪੁੱਤਰ.., ਜੱਟ | ਸਨੌਰ, ਪਟਿਆਲਾ | ਸੂਬਾ | ਨਹੀਂ | ਨਹੀਂ | |
| 19. | ਮਲੂਕ ਸਿੰਘ ਪੁੱਤਰ..., ਜੱਟ | ਭੋਲੇਵਾਲ, ਮੁਕਤਸਰ, ਫ਼ਿਰੋਜ਼ਪੁਰ | ਸੂਬਾ | 1857-58 ਦੌਰਾਨ ਕਿਸੇ ਰੈਜਿਮੈਂਟ 'ਚ ਸੇਵਾ ਕੀਤੀ। | ਨਹੀਂ | |
| 20. | ਸੁਧ ਸਿੰਘ ਪੁੱਤਰ ਜਗਤ ਸਿੰਘ, ਜੱਟ | ਦੁਰਗਾਪੁਰ, ਬੰਗਾ, ਜਲੰਧਰ | ਸੂਬਾ | ਸੋਵਾਰ 'ਚ ਚੌਥੀ ਅਨਿਯਮਤ ਘੁੜਸਵਾਰ ਫ਼ੌਜ 'ਚ ਕੰਮ ਕੀਤਾ | ਨਹੀਂ | ਭਿਆਨਕ ਹੱਦ ਤੱਕ ਕੱਟੜ ਅਤੇ ਗੜਬੜ ਪੈਦਾ ਕਰਨ ਦੇ ਸਮਰੱਥ। |

| 1 | 2 | 3 | 4 | 5 | 6 | 7 |
|---|---|---|---|---|---|---|
| 21. | ਬ੍ਰਹਮਾ ਸਿੰਘ ਪੁੱਤਰ ਗੁਲਾਬ ਸਿੰਘ, ਜੱਟ | ਕੋਲਾਣਾ, ਸ਼ਾਹਬਾਦ, ਅੰਬਾਲਾ | ਸੂਬਾ | ਨਹੀਂ | ਨਹੀਂ | ਰਿਹਾਇਸ਼ ਦਾ ਕੋਈ ਪੱਕਾ ਟਿਕਾਣਾ ਨਹੀਂ, ਪ੍ਰਚਾਰ ਲਈ ਇੱਧਰ-ਉੱਧਰ ਘੁੰਮਦੇ ਹਨ। |
| 22. | | | | | | ਰਿਹਾਇਸ਼ ਦਾ ਕੋਈ ਪੱਕਾ ਟਿਕਾਣਾ ਨਹੀਂ, ਪ੍ਰਚਾਰ ਲਈ ਇੱਧਰ-ਉੱਧਰ ਘੁੰਮਦੇ ਹਨ। |
| 23. | ਜੋਤਾ ਸਿੰਘ ਪੁੱਤਰ ਰਤਨ ਸਿੰਘ, ਘੁਮਿਆਰ | ਦੁਰੇਬ, ਸਿਆਲਕੋਟ | ਸੂਬਾ | ਨਹੀਂ | ਨਹੀਂ | |
| 24. | ਪਾਹੜਾ ਸਿੰਘ ਪੁੱਤਰ ਹੇਮ ਸਿੰਘ, ਜੱਟ | ਮੁਟੰਡਾ, ਫ਼ਿਲੌਰ, ਜਲੰਧਰ | ਸੂਬਾ | ਨਹੀਂ | ਨਹੀਂ | |
| 25. | ਖ਼ਜ਼ਾਨ ਸਿੰਘ ਪੁੱਤਰ ਪ੍ਰੇਮ ਸਿੰਘ, ਲੁਹਾਰ | ਭੈਣੀ, ਪਟਿਆਲਾ | ਸੂਬਾ | ਨਹੀਂ | ਨਹੀਂ | |
| 26. | ਦੇਵਾ ਸਿੰਘ ਪੁੱਤਰ ਜੈਮਲ ਸਿੰਘ, ਤਰਖਾਣ | ਲਾਹੌਰ | ਸੂਬਾ | ਨਹੀਂ | ਨਹੀਂ | ਪਹਿਲਾਂ ਇੱਕ ਉਦਾਸੀ ਫ਼ਕੀਰ ਰਹੇ ਹਨ। |
| 27. | ਗੋਪਾਲ ਸਿੰਘ ਪੁੱਤਰ ਜੋਗਾ, ਬ੍ਰਾਹਮਣ | ਭੈਣੀ, ਪਟਿਆਲਾ | ਸੂਬਾ | ਨਹੀਂ | ਨਹੀਂ | |
| 28. | ਸੁੰਦਰ ਸਿੰਘ ਪੁੱਤਰ ਰਾਮ ਸਿੰਘ, ਜੱਟ | ਮਾਹਲਪੁਰ, ਹੁਸ਼ਿਆਰਪੁਰ | ਸੂਬਾ | ਨਹੀਂ | ਨਹੀਂ | |
| 29. | ਪਾਹੜਾ ਸਿੰਘ ਪੁੱਤਰ ਸੁਹੇਲ ਸਿੰਘ, ਜੱਟ | ਭੈਣੀ, ਪਟਿਆਲਾ | ਸੂਬਾ | ਨਹੀਂ | ਨਹੀਂ | |
| 30. | ਮਿਆਨ ਸਿੰਘ ਪੁੱਤਰ ਕ੍ਰਿਪਾਲ ਸਿੰਘ, ਜੱਟ | ਸਨਾਵਰ, ਪਟਿਆਲਾ | ਸੂਬਾ | ਨਹੀਂ | ਨਹੀਂ | ਰਿਹਾਇਸ਼ ਦਾ ਕੋਈ ਪੱਕਾ ਟਿਕਾਣਾ ਨਹੀਂ, ਕੂਕਾ ਸਿਧਾਂਤ ਦੇ ਪ੍ਰਚਾਰ ਲਈ ਇੱਧਰ-ਉੱਧਰ ਘੁੰਮਦੇ ਰਹਿੰਦੇ ਹਨ; ਪਹਿਲਾਂ ਇੱਕ ਉਦਾਸੀ ਫ਼ਕੀਰ ਸਨ। |
| | ਜੋਗਾ ਸਿੰਘ ਪੁੱਤਰ ਮਾਨ ਸਿੰਘ, ਜੱਟ | ਮਹਿਰਾਜ, ਭਾਪੁਰਾਣਾ, ਫ਼ਿਰੋਜ਼ਪੁਰ | ਸੂਬਾ | ਨਹੀਂ | ਨਹੀਂ | |

| 1 | 2 | 3 | 4 | 5 | 6 | 7 |
|---|---|---|---|---|---|---|
| 31. | ਸਮੁੰਦ ਸਿੰਘ ਪੁੱਤਰ ਜਗਤ ਸਿੰਘ, ਤਰਖਾਣ | ਪੂਲਾ, ਪਟਿਆਲਾ | ਸੂਬਾ | ਨਹੀਂ | ਨਹੀਂ | |
| 32. | ਜਮੀਅਤ ਸਿੰਘ ਪੁੱਤਰ ਝੰਡਾ ਸਿੰਘ, ਜੱਟ | ਗਿੱਲ, ਪਸਰੂਰ, ਸਿਆਲਕੋਟ | ਸੂਬਾ ਤੇ ਮਹੰਤ | ਜਾਣਕਾਰੀ ਨਹੀਂ | ਜਾਣਕਾਰੀ ਨਹੀਂ | |
| 33. | ਨਿਪਾਲ ਸਿੰਘ ਪੁੱਤਰ ਅਰੂੜ ਸਿੰਘ, ਜੱਟ | ਡਡੀਰੇ, ਨਾਰੋਵਾਲ, ਸਿਆਲਕੋਟ | ,, | ,, | ,, | |
| 34. | ਕਾਹਨ ਸਿੰਘ ਪੁੱਤਰ ਸੁਧ ਸਿੰਘ, ਜੱਟ | ਡਡੀਰੇ, ਨਾਰੋਵਾਲ, ਸਿਆਲਕੋਟ | ,, | ,, | ,, | |
| 35. | ਬੁੱਢਾ ਸਿੰਘ ਨਿੱਕਾ ਪੁੱਤਰ ਬਰਿਆਮ ਸਿੰਘ, ਜੱਟ | ਉੱਗੋ ਚੱਕ, ਸੁਦਿਆਬ, ਸਿਆਲਕੋਟ | ,, | ,, | ,, | |
| 36. | ਰਾਮ ਸਿੰਘ ਪੁੱਤਰ..., ਤਰਖਾਣ | ਕਟੜਾ ਗੁਰਭਾ ਸਿੰਘ, ਸੁਲਤਾਨਵਿੰਡ ਗੇਟ ਨੇੜੇ | ,, | ,, | ,, | ਪਿੱਛੇ ਜਿਹੇ ਕੂਕਾ ਬਣੇ; ਪਹਿਲਾਂ ਗੁਲਾਬਦਾਸੀਆ ਸਾਧ ਸਨ। |
| 37. | ਬ੍ਰਹਮਾ ਸਿੰਘ ਪੁੱਤਰ ਉੱਤਮ ਸਿੰਘ, ਤਰਖਾਣ | ਮੁਟੰਡਾ, ਫ਼ਿਲੌਰ, ਜਲੰਧਰ | ,, | ਨਹੀਂ | ਨਹੀਂ | |
| 38. | ਜੋਤਾ ਸਿੰਘ ਪੁੱਤਰ ਬਲ ਸਿੰਘ, ਜੱਟ | ਡੁਪੇਸ, ਪਸਰੂਰ, ਸਿਆਲਕੋਟ | ,, | ਜਾਣਕਾਰੀ ਨਹੀਂ | ਜਾਣਕਾਰੀ ਨਹੀਂ | |
| 39. | ਪਰਾਗ ਦਾਸ ਪੁੱਤਰ ਬੈਰਾਗੀ | ਘੁਮਾਣਾਂ, ਪਟਿਆਲਾ | ,, | ,, | ,, | |
| 40. | ਹੀਰਾ ਸਿੰਘ ਪੁੱਤਰ ਮਾਲੀ ਸਿੰਘ ਬਾਬਾ | ਭੈਰੋਵਾਲ ਬਾਬਾ, ਅੰਮ੍ਰਿਤਸਰ | ,, | ,, | ,, | |
| 41. | ਗੁਲਾਬ ਸਿੰਘ ਪੁੱਤਰ ਬਾਲਾ | ਗੁਜਾਪੁਰ, ਬਟਾਲਾ, ਗੁਰਦਾਸਪੁਰ | ,, | ,, | ,, | |

| 1 | 2 | 3 | 4 | 5 | 6 | 7 |
|---|---|---|---|---|---|---|
| 42. | ਹੀਰਾ ਸਿੰਘ ਪੁੱਤਰ ਸੁਹੇਲ ਸਿੰਘ, ਚੰਬਾ | ਘੁੰਮਣ, ਬਟਾਲਾ, ਗੁਰਦਾਸਪੁਰ | ਸੂਬਾ ਤੇ ਮਹੰਤ | ਜਾਣਕਾਰੀ ਨਹੀਂ | ਜਾਣਕਾਰੀ ਨਹੀਂ | ਰਿਹਾਇਸ਼ ਦਾ ਕੋਈ ਪੱਕਾ ਟਿਕਾਣਾ ਨਹੀਂ, ਕੂਕਾ ਸਿਧਾਂਤਾਂ ਲਈ ਪ੍ਰਚਾਰ ਕਰਦੇ ਇੱਧਰ-ਉੱਧਰ ਘੁੰਮਦੇ ਹਨ। |
| 43. | ਮੋਹਰ ਸਿੰਘ ਪੁੱਤਰ ਰਾਮ ਸਿੰਘ, ਤਰਖਾਣ | ਅਪਰਾ, ਫ਼ਿਲੌਰ, ਜਲੰਧਰ | ਸੂਬਾ | ਨਹੀਂ | ਨਹੀਂ | ਪਹਿਲਾਂ ਗੁਲਾਬਦਾਸੀਆ ਸਾਧ ਸਨ। |
| 44. | ਮੀਹਾਂ ਸਿੰਘ ਪੁੱਤਰ ਜੱਸਾ ਸਿੰਘ, ਝਿਊਰ | ਮਲੂਕਪੁਰ, ਰੂਪੁਰ, ਲੁਧਿਆਣਾ | ਨਾਇਬ ਸੂਬਾ | ਨਹੀਂ | ਨਹੀਂ | |
| 45. | ਪ੍ਰੇਮ ਸਿੰਘ ਪੁੱਤਰ ਖ਼ੁਸ਼ਹਾਲ ਸਿੰਘ, ਜੱਟ | ਬਰਸਾਲਪੁਰ, ਰੂਪੁਰ, ਲੁਧਿਆਣਾ | ਸੂਬਾ | ਚੌਥੀ ਪੰਜਾਬ ਘੁੜਸਵਾਰ ਫ਼ੌਜ 'ਚ ਦਫ਼ਾਦਾਰ ਸਨ, 1862 'ਚ ਅਸਤੀਫ਼ਾ ਦਿੱਤਾ। | | |
| 46. | ਮੁਸੰਮਤ ਹੁਕਮੀ, ਵਿਧਵਾ ਨੰਦ ਸਿੰਘ, ਜੱਟ | ਬਰਮਾਣਾ, ਮਾਹਲਪੁਰ, ਹੁਸ਼ਿਆਰਪੁਰ | ਮਹਿਲਾ ਸੂਬਾ | ਨਹੀਂ | ਨਹੀਂ | |
| 47. | ਮੁਸੰਮਤ ਹੁਕਮੀ, ਵਿਧਵਾ ਕਿਸ਼ਨ ਸਿੰਘ, ਕੁਲਾਲ | ਹੁਸ਼ਿਆਰਪੁਰ | ,, | ਨਹੀਂ | ਨਹੀਂ | |
| 48. | ਸਰਦਾਰ ਮਾਨ ਸਿੰਘ ਪੁੱਤਰ ਸ. ਭਾਗ ਸਿੰਘ, ਖੱਤਰੀ | ਪੁਰਹੀਰਾਂ, ਹੁਸ਼ਿਆਰਪੁਰ | ਜਗੀਰਦਾਰ | ਨਹੀਂ | ਨਹੀਂ | ਇਸ ਵਿਅਕਤੀ ਦੀ ਭੈਣ ਸ. ਨਰਿੰਦਰ ਸਿੰਘ ਨਾਲ ਵਿਆਹੀ ਹੈ, ਜੋ ਅਨੰਦਪੁਰ ਦੇ ਸਵ. ਟਿੱਕਾ ਸਾਹਿਬ ਦੇ ਛੋਟੇ ਭਰਾ ਹਨ। |
| 49. | ਸਰਦਾਰ ਚੰਦਾ ਸਿੰਘ ਪੁੱਤਰ ਖ਼ੁਸ਼ਹਾਲ ਸਿੰਘ, ਜੱਟ | ਕਲੂਵਲੂਰ, ਹੁਸ਼ਿਆਰਪੁਰ | ਜਗੀਰਦਾਰ | ਨਹੀਂ | ਨਹੀਂ | ਇਸ ਵਿਅਕਤੀ ਦੀ ਧੀ ਬਿਚੋਰੇ ਦੇ ਜਗੀਰਦਾਰ ਲਾਲ ਸਿੰਘ ਨਾਲ ਵਿਆਹੀ ਹੈ। ਉਨ੍ਹਾਂ ਦੇ 4 ਬਾਲਗ਼ ਪੁੱਤਰ ਕੂਕੇ ਹਨ। |
| 50. | ਹੁਕਮਾ ਸਿੰਘ ਉਰਫ਼ ਗ੍ਰੰਥੀ ਪੁੱਤਰ ਮੋਹਰ ਸਿੰਘ, ਜੱਟ | ਲੁਭਾਰ, ਨਾਭਾ | ਸੂਬਾ | ਜਾਣਕਾਰੀ ਨਹੀਂ | ਜਾਣਕਾਰੀ ਨਹੀਂ | |

ਹੁਸ਼ਿਆਰਪੁਰ,
22 ਨਵੰਬਰ, 1871

ਟੀ.ਏ.ਓ. ਕੌਨਰ,
ਆਫ਼ਿਸ਼ੀਏਟਿੰਗ ਜ਼ਿਲ੍ਹਾ ਪੁਲਿਸ
ਸੁਪਰਿੰਟੈਂਡੈਂਟ

## 53

ਸਰਕੂਲਰ ਨੰ. 2

*ਮਿਤੀ ਲਾਹੌਰ, 30 ਦਸੰਬਰ, 1871*

ਵੱਲੋਂ

ਅਧੀਨ ਸਕੱਤਰ, ਪੰਜਾਬ ਸਰਕਾਰ,
ਪੁਲਿਸ ਵਿਭਾਗ।

ਵੱਲ

ਸਮੂਹ ਕਮਿਸ਼ਨਰ ਅਤੇ ਪੁਲਿਸ ਦੇ ਡਿਪਟੀ ਇੰਸਪੈਕਟਰਜ਼ ਜਨਰਲ

*ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਸੂਬੇ ਬਿਨਾਂ ਪ੍ਰਵਾਨਗੀ ਕਿਸੇ ਮੇਲੇ ਨਹੀਂ ਜਾਣਗੇ*

ਮਾਣਯੋਗ ਲੈਫ਼ਟੀਨੈਂਟ ਗਵਰਨਰ ਦੇ ਹੁਕਮਾਂ ਅਨੁਸਾਰ ਮੈਂ ਚਾਹੁੰਦਾ ਹਾਂ ਕਿ ਤੁਸੀਂ ਕੂਕਾ ਰਾਮ ਸਿੰਘ ਜਾਂ ਉਨ੍ਹਾਂ ਦੇ ਸੁਬਿਆਂ ਨੂੰ ਕਿਸੇ ਵੀ ਵੱਡੇ ਮੇਲੇ ਜਾਂ ਇਕੱਠ ’ਚ ਜਾਣ ਦੀ ਉਦੋਂ ਤੱਕ ਇਜਾਜ਼ਤ ਨਹੀਂ ਦੇਵੋਗੇ, ਜਦੋਂ ਤੱਕ ਕਿ ਸਰਕਾਰ ਇਸ ਦੀ ਪ੍ਰਵਾਨਗੀ ਨਾ ਦੇ ਦੇਵੇ।

## 54

ਕੇਂਦਰੀ ਪੁਲਿਸ ਦਫ਼ਤਰ

ਮੀਮੋ ਨੰ. 1 *ਮਿਤੀ ਲਾਹੌਰ, 3 ਜਨਵਰੀ, 1872*

ਵੱਲ

ਪੁਲਿਸ ਦੇ ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ,

*1. ਸਾਰੇ ਸੂਬਿਆਂ ਦੇ ਕਿਤੇ ਵੀ ਆਉਣ-ਜਾਣ ਤੇ ਉਨ੍ਹਾਂ ਦੀਆਂ ਗਤੀਵਿਧੀਆਂ ’ਤੇ ਗੁਪਤ ਢੰਗ ਨਾਲ ਨਜ਼ਰ ਰੱਖਣੀ ਹੋਵੇਗੀ ਤੇ ਰਿਪੋਰਟ ਕਰਨੀ ਹੋਵੇਗੀ।*

ਇਹ ਬੇਨਤੀ ਕੀਤੀ ਜਾਂਦੀ ਹੈ ਕਿ ਕੂਕਾ ਸੰਪਰਦਾਇ ਦੀਆਂ ਸਾਰੀਆਂ ਗਤੀਵਿਧੀਆਂ ਬਾਰੇ ਰਿਪੋਰਟ ਕਰਨੀ ਹੋਵੇਗੀ ਅਤੇ ਉਨ੍ਹਾਂ ’ਚ ਕੋਈ ਦਖ਼ਲ ਦਿੱਤੇ ਬਗ਼ੈਰ ਪੂਰੇ ਧਿਆਨ ਨਾਲ ਉਨ੍ਹਾਂ ’ਤੇ ਨਜ਼ਰ ਰੱਖਣ ਦਾ ਇੰਤਜ਼ਾਮ ਕਰਨਾ ਹੋਵੇਗਾ, ਅਤੇ ਜੇ ਸੰਭਵ ਹੋਵੇ ਤਾਂ ਉਨ੍ਹਾਂ ਨੂੰ ਇਸ ਗੱਲ ਦੀ ਭਿਣਕ ਵੀ ਨਹੀਂ ਪੈਣੀ ਚਾਹੀਦੀ।

*2. ਸਾਰੇ ਖ਼ਾਸ ਕੂਕਿਆਂ ਦੀ ਪੂਰੀ ਰਿਪੋਰਟ ਨੋਟ ਕਰਨੀ ਹੋਵੇਗੀ।*

ਹਰੇਕ ਜ਼ਿਲ੍ਹਾ ਸੁਪਰਇੰਟੈਂਡੈਂਟ ਨੂੰ ਇੱਕ ਕਾਪੀ ’ਚ ਖ਼ਾਸ ਕੂਕਿਆਂ ਦੇ ਨਾਮ ਲਿਖਣੇ ਚਾਹੀਦੇ ਹਨ, ਉਹ ਭਾਵ ਉਨ੍ਹਾਂ ਦੇ ਜ਼ਿਲ੍ਹੇ ’ਚ ਰਹਿੰਦੇ ਹੋਣ ਜਾਂ ਉਹ ਆਉਂਦੇ ਰਹਿੰਦੇ ਹੋਣ ਤੇ ਰਹਿੰਦੇ ਕਿਤੇ ਹੋਰ ਹੋਣ ਅਤੇ ਸਮੇਂ-ਸਮੇਂ ’ਤੇ ਹਰੇਕ ਵਿਅਕਤੀ ਬਾਰੇ ਸਾਰੀ ਜਾਣਕਾਰੀ ਇਕੱਠੀ ਕਰਨੀ ਹੋਵੇਗੀ।

*3. ਵੇਰਵੇ ਸਬੰਧਤ ਜ਼ਿਲ੍ਹੇ ਨੂੰ ਭੇਜਣੇ ਹੋਣਗੇ।*

ਕੋਈ ਵੀ ਅਜਿਹੀ ਜਾਣਕਾਰੀ ਜੋ ਹੋਰਨਾਂ ਜ਼ਿਲ੍ਹਿਆਂ ਦੇ ਨਿਵਾਸੀ ਕੂਕਿਆਂ ਰਾਹੀਂ ਪ੍ਰਭਾਵਿਤ ਹੁੰਦੀ ਹੋਵੇ ਜਾਂ ਉਨ੍ਹਾਂ 'ਤੇ ਅਸਰ-ਅੰਦਾਜ਼ ਹੋਵੇ, ਉਸ ਬਾਰੇ ਉਨ੍ਹਾਂ ਸੰਬੰਧਤ ਜ਼ਿਲ੍ਹਿਆਂ ਨੂੰ ਸੂਚਿਤ ਕਰਨਾ ਹੋਵੇਗਾ, ਤਾਂ ਜੋ ਉਨ੍ਹਾਂ ਦੇ ਰਿਕਾਰਡ 'ਚ ਵੀ ਉਹ ਜਾਣਕਾਰੀ ਦਰਜ ਹੋ ਸਕੇ।

*4. ਇਹ ਰਿਕਾਰਡ ਗੁਪਤ ਰੱਖਣਾ ਹੋਵੇਗਾ।*

ਜ਼ਿਲ੍ਹਾ ਸੁਪਰਇੰਟੈਂਡੈਂਟ ਨੂੰ ਇਹ ਕਾਪੀ ਆਪਣੀ ਖ਼ੁਦ ਦੀ ਹੱਥ-ਲਿਖਤ ਨਾਲ ਤਿਆਰ ਕਰ ਕੇ ਉਸ ਨੂੰ ਜਿੰਦਰੇ 'ਚ ਸੰਭਾਲ ਕੇ ਰੱਖਣਾ ਹੋਵੇਗਾ।

## 55

*ਸਰਕੂਲਰ ਨੰ. 1* *ਮਿਤੀ ਲਾਹੌਰ, 30 ਦਸੰਬਰ, 1871*

*ਵੱਲੋਂ*

ਅਧੀਨ ਸਕੱਤਰ, ਪੰਜਾਬ ਸਰਕਾਰ,
ਪੁਲਿਸ ਵਿਭਾਗ।

*ਵੱਲ*

ਸਮੂਹ ਕਮਿਸ਼ਨਰਜ਼ ਤੇ ਪੁਲਿਸ ਦੇ ਡਿਸਪੈਕਟਰ ਜਨਰਲ।

ਮਾਣਯੋਗ ਲੈਫ਼ਟੀਨੈਂਟ ਗਵਰਨਰ ਦੀ ਇੱਛਾ ਅਨੁਸਾਰ ਮੈਂ ਚਾਹੁੰਦਾ ਹਾਂ ਕਿ ਤੁਸੀਂ ਬਾਬਾ ਰਾਮ ਸਿੰਘ ਕੂਕਾ ਤੇ ਉਨ੍ਹਾਂ ਦੇ ਪ੍ਰਮੁੱਖ ਸੂਬਿਆਂ ਨੂੰ ਸਰਕਾਰ ਦੀ ਇਜਾਜ਼ਤ ਤੋਂ ਬਗ਼ੈਰ ਕਿਸੇ ਵੱਡੇ ਮੇਲੇ ਜਾਂ ਇਕੱਠ 'ਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦੇਵੋਗੇ।

## 56

*ਮੀਮੋ ਨੰ. 1* *ਮਿਤੀ ਲਾਹੌਰ, 3 ਜਨਵਰੀ, 1872*

ਵੱਲ

ਪੁਲਿਸ ਦੇ ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ।

*ਸਾਰੇ ਸੂਬਿਆਂ ਦੇ ਆਉਣ-ਜਾਣ ਤੇ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਗੁਪਤ ਢੰਗ ਨਾਲ ਨਜ਼ਰ ਰੱਖਣੀ ਹੋਵੇਗੀ ਤੇ ਉਸ ਦੀ ਰਿਪੋਰਟਿੰਗ ਕਰਨੀ ਹੋਵੇਗੀ।*

ਇਹ ਬੇਨਤੀ ਕੀਤੀ ਜਾਂਦੀ ਹੈ ਕਿ ਸਮੂਹ ਕੂਕਾ ਸੰਪਰਦਾਇ ਦੀਆਂ ਗਤੀਵਿਧੀਆਂ 'ਤੇ ਬਹੁਤ ਚੌਕਸ ਨਜ਼ਰ ਰੱਖੀ ਜਾਵੇਗੀ ਤੇ ਇਸ ਦਫ਼ਤਰ ਨੂੰ ਸਾਰੀ ਰਿਪੋਰਟਿੰਗ ਕੀਤੀ ਜਾਵੇਗੀ ਪਰ ਉਨ੍ਹਾਂ 'ਚ ਕਿਸੇ ਕਿਸਮ ਦਾ ਕੋਈ ਦਖ਼ਲ ਨਹੀਂ ਦੇਣਾ ਹੋਵੇਗਾ ਤੇ ਜੇ ਸੰਭਵ ਹੋਵੇ ਤਾਂ ਉਨ੍ਹਾਂ ਨੂੰ ਇਸ ਸਬੰਧੀ ਕੋਈ ਭਿਣਕ ਨਹੀਂ ਪੈਣੀ ਚਾਹੀਦੀ।

*2. ਸਾਰੇ ਖ਼ਾਸ ਕੂਕਿਆਂ ਦੀ ਪੂਰੀ ਰਿਪੋਰਟ ਨੋਟ ਕਰਨੀ ਹੋਵੇਗੀ।*

ਹਰੇਕ ਜ਼ਿਲ੍ਹਾ ਸੁਪਰਇੰਟੈਂਡੈਂਟ ਨੂੰ ਇੱਕ ਕਾਪੀ 'ਚ ਖ਼ਾਸ ਕੂਕਿਆਂ ਦੇ ਨਾਮ ਲਿਖਣੇ ਚਾਹੀਦੇ ਹਨ, ਉਹ ਭਾਵ ਉਨ੍ਹਾਂ ਦੇ ਜ਼ਿਲ੍ਹੇ 'ਚ ਰਹਿੰਦੇ ਹੋਣ ਜਾਂ ਉਹ ਆਉਂਦੇ ਰਹਿੰਦੇ ਹੋਣ ਤੇ ਰਹਿੰਦੇ ਕਿਤੇ ਹੋਰ ਹੋਣ ਅਤੇ ਸਮੇਂ-ਸਮੇਂ 'ਤੇ ਹਰੇਕ ਵਿਅਕਤੀ ਬਾਰੇ ਸਾਰੀ ਜਾਣਕਾਰੀ ਇਕੱਠੀ ਕਰਨੀ ਹੋਵੇਗੀ।

*3. ਵੇਰਵੇ ਸਬੰਧਤ ਜ਼ਿਲ੍ਹੇ ਨੂੰ ਭੇਜਣੇ ਹੋਣਗੇ।*

ਕੋਈ ਵੀ ਅਜਿਹੀ ਜਾਣਕਾਰੀ ਜੋ ਹੋਰਨਾਂ ਜ਼ਿਲ੍ਹਿਆਂ ਦੇ ਨਿਵਾਸੀ ਕੂਕਿਆਂ ਰਾਹੀਂ ਪ੍ਰਭਾਵਿਤ ਹੁੰਦੀ ਹੋਵੇ ਜਾਂ ਉਨ੍ਹਾਂ 'ਤੇ ਅਸਰ-ਅੰਦਾਜ਼ ਹੋਵੇ, ਉਸ ਬਾਰੇ ਉਨ੍ਹਾਂ ਸੰਬੰਧਤ ਜ਼ਿਲ੍ਹਿਆਂ ਨੂੰ ਸੂਚਿਤ ਕਰਨਾ ਹੋਵੇਗਾ, ਤਾਂ ਜੋ ਉਨ੍ਹਾਂ ਦੇ ਰਿਕਾਰਡ 'ਚ ਵੀ ਉਹ ਜਾਣਕਾਰੀ ਦਰਜ ਹੋ ਸਕੇ।

*4. ਇਹ ਰਿਕਾਰਡ ਗੁਪਤ ਰੱਖਣਾ ਹੋਵੇਗਾ।*

ਜ਼ਿਲ੍ਹਾ ਸੁਪਰਇੰਟੈਂਡੈਂਟ ਨੂੰ ਇਹ ਕਾਪੀ ਆਪਣੀ ਖ਼ੁਦ ਦੀ ਹੱਥ-ਲਿਖਤ ਨਾਲ ਤਿਆਰ ਕਰ ਕੇ ਉਸ ਨੂੰ ਜਿੰਦਰੇ 'ਚ ਸੰਭਾਲ ਕੇ ਰੱਖਣਾ ਹੋਵੇਗਾ।

## 57

*ਟੈਲੀਗ੍ਰਾਮ* *ਮਿਤੀ 15 ਜਨਵਰੀ, 1872*

*ਵੱਲੋਂ*

ਡਿਪਟੀ ਕਮਿਸ਼ਨਰ, ਲੁਧਿਆਣਾ।

*ਵੱਲ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

ਦੋ ਸੌ ਕੂਕਿਆਂ ਨੇ ਬੀਤੀ ਰਾਤ ਮਲੌਦ 'ਤੇ ਹਮਲਾ ਕਰ ਕੇ ਸਰਦਾਰ ਬਦਨ ਸਿੰਘ ਨੂੰ ਜ਼ਖ਼ਮੀ ਕਰ ਦਿੱਤਾ ਸੀ ਤੇ ਦੋ ਹੋਰਨਾਂ ਨੂੰ ਕਤਲ ਕਰ ਦਿੱਤਾ ਸੀ। ਇੱਕ ਕੂਕਾ ਵੀ ਮਾਰਿਆ ਗਿਆ ਹੈ ਤੇ ਦੋ ਜ਼ਖ਼ਮੀ ਹਨ, ਮੈਂ ਤੁਰੰਤ ਉੱਥੇ ਜਾ ਰਿਹਾ ਹਾਂ। ਸਾਰੇ ਵੇਰਵੇ ਡਾਕ ਰਾਹੀਂ ਭੇਜਾਂਗਾ।

## 58

*ਟੈਲੀਗ੍ਰਾਮ* *ਮਿਤੀ 15 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

*ਵੱਲ*

ਗ੍ਰਹਿ ਸਕੱਤਰ, ਕਲਕੱਤਾ

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦੇ ਇਹ ਟੈਲੀਗ੍ਰਾਫ਼ ਭੇਜਿਆ ਹੈ:

ਦੋ ਸੌ ਕੂਕਿਆਂ ਨੇ ਬੀਤੀ ਰਾਤ ਮਲੌਦ 'ਤੇ ਹਮਲਾ ਕਰ ਕੇ ਸਰਦਾਰ ਬਦਨ ਸਿੰਘ ਨੂੰ ਜ਼ਖ਼ਮੀ ਕਰ ਦਿੱਤਾ ਸੀ ਤੇ ਦੋ ਹੋਰਨਾਂ ਨੂੰ ਕਤਲ ਕਰ ਦਿੱਤਾ ਸੀ। ਇੱਕ ਕੂਕਾ ਵੀ ਮਾਰਿਆ ਗਿਆ ਹੈ ਤੇ ਦੋ ਜ਼ਖ਼ਮੀ ਹਨ, ਮੈਂ ਤੁਰੰਤ ਉੱਥੇ ਜਾ ਰਿਹਾ ਹਾਂ। ਸਾਰੇ ਵੇਰਵੇ ਡਾਕ ਰਾਹੀਂ ਭੇਜਾਂਗਾ।

ਇਹ ਅਪਰਾਧ ਕੂਕਿਆਂ ਦੀ ਵੱਡੀ ਦਲੇਰੀ ਦਰਸਾਉਂਦਾ ਹੈ। ਇਸ ਵਾਰਦਾਤ ਨੂੰ ਗੰਭੀਰਤਾ ਨਾਲ ਲੈਂਦਿਆਂ ਮਹਾਰਾਜਾ ਪਟਿਆਲਾ ਨੇ ਲੈਫ਼ਟੀਨੈਂਟ ਗਵਰਨਰ ਨਾਲ ਮੁਲਾਕਾਤ ਕੀਤੀ ਹੈ। ਕਮਿਸ਼ਨਰ ਦੀ ਰਿਪੋਰਟ ਮਿਲਣ ਪਿੱਛੋਂ ਚੁੱਕੇ ਜਾਣ ਵਾਲੇ ਕਦਮਾਂ ਦੇ ਵੇਰਵੇ ਭੇਜੇ ਜਾਣਗੇ।

## 59

*ਟੈਲੀਗ੍ਰਾਮ* *ਮਿਤੀ 16 ਜਨਵਰੀ, 1872*

ਵੱਲੋਂ

ਡਿਪਟੀ ਕਮਿਸ਼ਨਰ, ਲੁਧਿਆਣਾ

ਵੱਲ

ਕਮਿਸ਼ਨਰ, ਅੰਬਾਲਾ (ਦਿੱਲੀ)।

ਅੱਜ ਸਵੇਰੇ 500 ਕੂਕਿਆਂ ਨੇ ਮਲੇਰਕੋਟਲਾ 'ਤੇ ਹਮਲਾ ਬੋਲ ਦਿੱਤਾ ਸੀ। ਅੱਠ-ਦਸ ਵਿਅਕਤੀ ਮਾਰੇ ਗਏ ਹਨ। ਛੇਤੀ ਸੁਰੱਖਿਆ ਬਲ ਭੇਜੋ।

## 60

*ਨੰ. 14* *ਮਿਤੀ 15 ਜਨਵਰੀ, 1872*

ਵੱਲੋਂ

ਐੱਲ. ਕਾਵਨ, ਐਸਕ., ਡਿਪਟੀ ਕਮਿਸ਼ਨਰ,
ਲੁਧਿਆਣਾ

ਵੱਲ

ਕਮਿਸ਼ਨਰ,
ਅੰਬਾਲਾ ਡਿਵੀਜ਼ਨ।

ਇਸੇ 13 ਤਰੀਕ ਦੀ ਰਾਤ ਨੂੰ ਪੁਲਿਸ ਦਾ ਡਿਪਟੀ ਇੰਸਪੈਕਟਰ ਸਰਫ਼ਰਾਜ਼ ਖ਼ਾਨ ਨੇ ਸਾਹਨੇਵਾਲ 'ਚ ਆ ਕੇ ਰਿਪੋਰਟ ਕੀਤੀ ਕਿ ਉਸੇ ਦਿਨ ਪਟਿਆਲਾ ਰਿਆਸਤ ਦੇ ਲਗਭਗ ਸੈਂਕੜੇ ਕੂਕਿਆਂ, ਜਿਹੜੇ ਭੈਣੀ ਵਿਖੇ ਲੱਗੇ ਮਾਘੀ ਮੇਲੇ 'ਚ ਗਏ ਸਨ, ਦੇ ਇੱਕ ਗਿਰੋਹ ਨੇ ਛੋਟੀ ਬੈਠਕ ਕੀਤੀ (ਜਿਸ ਵਿੱਚ 500 ਵਿਅਕਤੀ ਇਕੱਠੇ ਹੋਏ ਸਨ), ਉੱਥੇ ਉਹ ਰੋਹ 'ਚ ਆ ਗਏ ਅਤੇ ਐਲਾਨ ਕਰ ਦਿੱਤਾ ਕਿ ਉਹ ਉਸ ਗਿਆਨੀ ਦੀ ਮੌਤ ਦਾ ਬਦਲਾ ਲੈਣਗੇ, ਜੋ ਇੱਕ ਦੋਸ਼ੀ ਸੀ ਤੇ ਉਸ ਨੂੰ

ਪਿਛਲੇ ਮਹੀਨੇ ਲੁਧਿਆਣਾ 'ਚ ਫਾਂਸੀ ਦੇ ਦਿੱਤੀ ਗਈ ਸੀ। ਸਰਫ਼ਰਾਜ਼ ਭੈਣੀ 'ਚ ਮੌਜੂਦ ਸੀ। ਉਸ ਨੇ ਮੈਨੂੰ ਦੱਸਿਆ ਕਿ ਕੂਕਿਆਂ ਦੇ ਆਗੂ ਬਾਬਾ (ਗੁਰੂ) ਰਾਮ ਸਿੰਘ ਜੀ ਉਨ੍ਹਾਂ ਲੋਕਾਂ ਕੋਲ ਗਏ ਤੇ ਉਸ ਵੇਲੇ ਗਲ਼ ਵਿਚ ਪੱਲਾ ਪਾ ਕੇ ਉਨ੍ਹਾਂ ਨੇ ਇਕੱਠ ਨੂੰ ਬੇਨਤੀ ਕੀਤੀ ਕਿ ਉਹ ਕੋਈ ਗੜਬੜੀ ਨਾ ਕਰਨ ਪਰ ਉੱਥੇ ਕਿਸੇ ਨੇ ਵੀ ਉਨ੍ਹਾਂ ਦੀ ਇੱਕ ਨਾ ਸੁਣੀ; ਅਤੇ ਫਿਰ (ਗੁਰੂ) ਰਾਮ ਸਿੰਘ ਜੀ ਡਿਪਟੀ ਇੰਸਪੈਕਟਰ ਕੋਲ ਆਏ ਤੇ ਉਸ ਨੂੰ ਦੱਸਿਆ ਕਿ ਇਹ ਲੋਕ ਕੁਝ ਗੜਬੜੀ ਕਰਨ ਲੱਗੇ ਹਨ ਤੇ ਉਹ ਸਭ ਉਨ੍ਹਾਂ ਦੇ ਕਹਿਣੇ 'ਚ ਵੀ ਨਹੀਂ ਹਨ। ਇਹ ਘਟਨਾ 13 ਤਰੀਕ ਦੁਪਹਿਰ 2 ਕੁ ਵਜੇ ਦੀ ਹੈ। (ਗੁਰੂ) ਰਾਮ ਸਿੰਘ ਜੀ ਨੇ ਦੱਸਿਆ ਕਿ ਉਸ ਗਿਰੋਹ ਦੇ ਆਗੂ ਪਟਿਆਲਾ ਰਿਆਸਤ 'ਚ ਸਕਰੌਦੀ ਦੇ ਹੀਰਾ ਸਿੰਘ ਤੇ ਲਹਿਣਾ ਸਿੰਘ ਹਨ। ਉਸ ਗਿਰੋਹ ਦੇ ਭੈਣੀ ਤੋਂ ਜਾਣ ਦੇ ਛੇਤੀ ਪਿੱਛੋਂ ਡਿਪਟੀ ਇੰਸਪੈਕਟਰ ਨੇ ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਇਸ ਬਾਰੇ ਪੁਲਿਸ ਸਾਰਜੈਂਟ ਨੂੰ ਦੱਸਣਾ ਜ਼ਰੂਰੀ ਸਮਝਿਆ ਕਿ ਤਾਂ ਜੋ ਇਹ ਗਿਰੋਹ ਸਾਡੇ ਖੇਤਰ 'ਚੋਂ ਬਾਹਰ ਚਲਾ ਜਾਵੇ। ਸਾਰਜੈਂਟ ਕੁਝ ਘੰਟਿਆਂ ਪਿੱਛੋਂ ਪਰਤਿਆ ਤੇ ਰਿਪੋਰਟ ਕੀਤੀ ਕਿ ਉਹ ਗਿਰੋਹ ਪਟਿਆਲਾ ਰਿਆਸਤ 'ਚ ਦਾਖ਼ਲ ਹੋ ਕੇ ਰਾਮਪੁਰ ਵਾਲੇ ਪਾਸੇ ਨੂੰ ਜਾ ਰਿਹਾ ਸੀ। ਤਦ ਤੱਕ ਡਿਪਟੀ ਇੰਸਪੈਕਟਰ ਇਸ ਮਾਮਲੇ ਦੀ ਰਿਪੋਰਟ ਲੈ ਕੇ ਲੁਧਿਆਣਾ ਨਹੀਂ ਆਇਆ ਸੀ। ਮੈਨੂੰ ਇਹ ਦੱਸਣਾ ਚਾਹੀਦਾ ਹੈ ਕਿ ਕੂਕਿਆਂ ਨੇ ਮਲੇਰਕੋਟਲਾ ਵੱਲ ਨੂੰ ਜਾਣ ਦੀ ਇੱਛਾ ਪ੍ਰਗਟਾਈ ਸੀ।

2. ਮੈਂ ਤੁਰੰਤ ਪਟਿਆਲਾ ਤੇ ਕੋਟਲਾ ਦੇ ਵਕੀਲਾਂ ਨੂੰ ਸਾਵਧਾਨ ਕਰ ਦਿੱਤਾ ਤੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਨੂੰ ਡਿਪਟੀ ਇੰਸਪਕੈਟਰ ਦੀ ਵੱਡੀ ਲਾਪਰਵਾਹੀ ਬਾਰੇ ਦੱਸਿਆ ਕਿ ਉਸ ਨੇ ਉਸ ਗਿਰੋਹ ਦਾ ਪਿੱਛਾ ਕਰ ਕੇ ਉਸ 'ਤੇ ਨਜ਼ਰ ਨਹੀਂ ਰੱਖੀ।

3. ਮੈਨੂੰ ਹੁਣੇ ਜਾਣਕਾਰੀ ਮਿਲੀ ਹੈ ਕਿ ਬੀਤੀ ਰਾਤ ਲਗਭਗ 7 ਕੁ ਵਜੇ 200 ਕੂਕਿਆਂ ਦੇ ਇੱਕ ਗਿਰੋਹ ਨੇ ਮਲੌਦ 'ਚ ਸਰਦਾਰ ਬਦਨ ਸਿੰਘ ਦੀ ਰਿਹਾਇਸ਼ਗਾਹ 'ਤੇ ਹਮਲਾ ਬੋਲ ਦਿੱਤਾ, ਸਰਦਾਰ ਜ਼ਖ਼ਮੀ ਹੋ ਗਿਆ ਅਤੇ ਦੋ ਵਿਅਕਤੀ ਮਾਰੇ ਗਏ ਅਤੇ ਹਮਲਾਵਰ ਜਾਂਦੇ ਸਮੇਂ ਉਨ੍ਹਾਂ ਦੇ ਦੋ-ਤਿੰਨ ਘੋੜੇ ਵੀ ਲੈ ਗਏ। ਹਮਲਾਵਰ ਟੋਲੀ 'ਚੋਂ 10 ਕੁ ਘੁੜਸਵਾਰ ਹਨ। ਇਸ ਦੌਰਾਨ ਹਮਲਾਵਰਾਂ 'ਚੋਂ ਇੱਕ ਮਾਰਿਆ ਗਿਆ ਤੇ ਦੋ ਜਣਿਆਂ ਨੂੰ ਕਾਬੂ ਕਰ ਲਿਆ ਗਿਆ ਹੈ; ਸਰਦਾਰ ਬਦਨ ਸਿੰਘ, ਪਟਿਆਲਾ ਦੇ ਮਹਾਰਾਜਾ ਦੇ ਰਿਸ਼ਤੇਦਾਰ ਹਨ ਅਤੇ ਇਹ ਸ਼ਾਇਦ ਬਦਲਾ ਲਿਆ ਗਿਆ ਹੈ ਕਿਉਂਕਿ ਮਹਾਰਾਜੇ ਨੇ ਕਸਾਈ ਕਤਲ ਕਾਂਡ ਵਿੱਚ ਮਦਦ ਕੀਤੀ ਸੀ, ਇਸੇ ਲਈ ਉਨ੍ਹਾਂ ਦੇ ਰਿਸ਼ਤੇਦਾਰ 'ਤੇ ਹਮਲਾ ਬੋਲਿਆ ਗਿਆ ਹੈ। ਜੇ ਇਹ ਸੱਚ ਹੈ ਕਿ ਸਰਦਾਰ ਬਦਨ ਸਿੰਘ ਦੇ ਕੁਝ ਘੋੜੇ ਵੀ ਹਮਲਾਵਰ ਲੈ ਗਏ ਹਨ, ਤਾਂ ਇਹ ਕੋਈ ਬਹੁਤ ਵਧੀਆ ਗੱਲ ਨਹੀਂ ਹੋਈ ਕਿਉਂਕਿ ਇਸ ਤੋਂ ਇੰਝ ਹੀ ਜਾਪਦਾ ਹੈ ਕਿ ਕੁਝ ਹੋਰ ਵੀ ਮਾੜਾ ਵਾਪਰਨ ਵਾਲਾ ਹੈ। ਮੈਂ ਇਸ ਮਾਮਲੇ ਦੀ ਜਾਂਚ ਕਰਨ ਲਈ ਤੁਰੰਤ ਮਲੌਦ ਜਾ ਰਿਹਾ ਹਾਂ ਅਤੇ ਉੱਥੋਂ ਪਰਤ ਕੇ ਤੁਹਾਨੂੰ ਰਿਪੋਰਟ ਕਰਾਂਗਾ।

**ਨੋਟ:** ਪਟਿਆਲਾ ਦੇ ਮਹਾਰਾਜਾ ਨੂੰ ਚਿੱਠੀ ਤੇ ਤਾਰ ਰਾਹੀਂ ਜਾਣਕਾਰੀ ਦੇ ਦਿੱਤੀ

ਗਈ ਹੈ ਕਿ ਸਕਰੌਦੀ ਦੇ ਹੀਰਾ ਸਿੰਘ ਤੇ ਲਹਿਣਾ ਸਿੰਘ ਨੇਤਾ ਦੱਸੇ ਜਾਂਦੇ ਹਨ ਤੇ ਉਨ੍ਹਾਂ ਨੂੰ ਫੜ ਕੇ ਮਦਦ ਕਰਨ ਦੀ ਬੇਨਤੀ ਕੀਤੀ ਹੈ।

ਮੈਂ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਮੁੱਖ ਸੂਬਿਆਂ ਨੂੰ ਮਲੌਦ 'ਚ ਸੱਦਿਆ ਹੈ, ਜਿੱਥੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾਵੇਗੀ ਤੇ ਮੈਨੂੰ ਆਸ ਹੈ ਕਿ ਸਭ ਸੰਬੰਧਤ ਵਿਅਕਤੀਆਂ ਦੀ ਸ਼ਨਾਖ਼ਤ ਹੋ ਸਕੇਗੀ।

## 61

### ਲੁਧਿਆਣਾ ਦੇ ਨਾਇਬ ਤਹਿਸੀਲਦਾਰ ਵੱਲੋਂ 15 ਜਨਵਰੀ, 1872 ਨੂੰ ਲਿਖੀ ਚਿੱਠੀ ਦੀ ਕਾਪੀ, ਜੋ ਡਿਪਟੀ ਕਮਿਸ਼ਨਰ ਨੂੰ 16 ਨੂੰ ਮਿਲੀ

ਮੈਂ ਇਸ ਸਵੇਰ ਤੁਹਾਡੀ ਫ਼ਾਰਸੀ ਚਿੱਠੀ (ਨੋਟ ਕੀਤਾ ਜਾਵੇ ਕਿ ਇਹ ਉਹ ਹੁਕਮ ਸੀ, ਜਿਸ ਵਿੱਚ ਬਾਬਾ ਰਾਮ ਸਿੰਘ ਜੀ ਨੂੰ ਮੈਨੂੰ ਮਲੌਦ ਵਿਖੇ ਮਿਲਣ ਲਈ ਕਿਹਾ ਗਿਆ ਸੀ) ਬਾਰੇ ਬਾਬਾ ਰਾਮ ਸਿੰਘ ਜੀ ਨੂੰ ਦੱਸਣ ਲਈ ਭੈਣੀ ਗਿਆ ਸਾਂ। ਉੱਥੇ ਮੈਨੂੰ ਪਿੰਡ ਦੇ ਨੰਬਰਦਾਰਾਂ ਸੁੱਖਾ ਅਤੇ ਘਮੰਡਾ ਨੇ ਦੱਸਿਆ ਕਿ ਪਰਸੋਂ ਲਹਿਣਾ ਸਿੰਘ ਤੇ ਹੀਰਾ ਸਿੰਘ ਕੂਕਿਆਂ ਨੇ ਬਾਬਾ ਰਾਮ ਸਿੰਘ ਜੀ ਤੋਂ ਇਜਾਜ਼ਤ ਲਈ ਹੈ ਕਿ ਉਹ ਭੈਣੀ ਤੇ ਲੁਧਿਆਣਾ 'ਤੇ ਨਹੀਂ, ਸਗੋਂ ਬਾਹਰ ਕਿਸੇ ਹੋਰ ਥਾਂ 'ਤੇ ਹਮਲਾ ਕਰਨਗੇ। ਹੀਰਾ ਸਿੰਘ ਤੇ ਲਹਿਣਾ ਸਿੰਘ ਸ਼ਰੇਆਮ ਬੋਲ ਰਹੇ ਸਨ ਕਿ ਉਹ ਪਹਿਲਾਂ ਕੋਟਲਾ ਜਾਣਗੇ ਤੇ ਫਿਰ ਸੰਗਰੂਰ ਜਾਂ ਜੀਂਦ ਤੇ ਉਸ ਤੋਂ ਬਾਅਦ ਦਿੱਲੀ। ਬਾਬਾ ਰਾਮ ਸਿੰਘ ਜੀ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਪੁਲਿਸ ਦੇ ਡਿਪਟੀ ਇੰਸਪੈਕਟਰ ਨੂੰ ਇਹ ਜਾਣਕਾਰੀ ਦੇ ਦਿੱਤੀ ਸੀ ਕਿ ਉਪਰੋਕਤ ਵਿਅਕਤੀਆਂ ਦੀ ਮਾੜੀ ਮਨਸ਼ਾ ਹੈ ਪਰ ਉਹ ਸ਼ਾਇਦ ਕਿਤੇ ਹਮਲਾ ਕਰਨ ਪਰ ਇਹ ਉਨ੍ਹਾਂ ਦਾ ਬਹਾਨਾ ਹੈ। ਮੈਂ ਤੁਹਾਨੂੰ ਇਹ ਕੁਝ ਸਤਰਾਂ ਇੱਕ ਰਿਪੋਰਟ ਦੀ ਸ਼ਕਲ 'ਚ ਲਿਖੀਆਂ ਹਨ ਅਤੇ ਫ਼ਾਰਸੀ ਭਾਸ਼ਾ 'ਚ ਲਿਖੇ ਹੁਕਮ ਦੀ ਇੱਕ ਵੱਖਰੀ ਰਿਪੋਰਟ ਵੀ ਤਿਆਰ ਕੀਤੀ ਹੈ। ਮਾੜੀ ਮਨਸ਼ਾ ਨਾਲ ਨਿਕਲੇ ਕੂਕਿਆਂ ਦੀ ਗਿਣਤੀ ਤਿੰਨ ਸੌ ਦੇ ਲਗਭਗ ਹੈ।

## 62

*ਟੈਲੀਗ੍ਰਾਮ* *ਮਿਤੀ 16 ਜਨਵਰੀ, 1872*

*ਵੱਲੋਂ*

ਵਾਇਸਰਾਏ।

*ਵੱਲ*

ਲੈਫ਼ਟੀਨੈਂਟ ਗਵਰਨਰ, ਪੰਜਾਬ।

ਤੁਹਾਡੀ ਕੱਲ੍ਹ ਦੀ ਤਾਰ ਮਿਲੀ। ਇਹ ਬਹੁਤ ਜ਼ਰੂਰੀ ਹੈ ਕਿ ਕਿਸੇ ਉਪਲਬਧ ਬੇਹੱਦ ਤਜਰਬੇਕਾਰ ਅਧਿਕਾਰੀ ਨੂੰ ਇਸ ਮਾਮਲੇ ਦੀ ਜਾਂਚ ਲਈ ਮੌਕੇ 'ਤੇ ਭੇਜਿਆ ਜਾਣਾ ਚਾਹੀਦਾ ਹੈ। ਇਹ ਬਹੁਤ ਅਹਿਮ ਹੈ ਕਿ ਇਸ ਮਾਮਲੇ ਨਾਲ ਜੁੜੇ ਸਾਰੇ ਤੱਥਾਂ

ਦੀ ਨਿੱਠ ਕੇ ਛਾਣ-ਬੀਣ ਕੀਤੀ ਜਾਵੇ ਤੇ ਬਿਨਾਂ ਕਿਸੇ ਦੇਰੀ ਦੇ ਇਹ ਨਿਸ਼ਚਿਤ ਕੀਤਾ ਜਾਵੇ ਕਿ ਸਰਕਾਰ ਨੂੰ ਇਸ ਬੇਹੱਦ ਗੰਭੀਰ ਹਮਲੇ ਦੇ ਕਾਰਣਾਂ ਤੇ ਇਸ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਬਾਰੇ ਕੋਈ ਵੀ ਗ਼ਲਤ ਜਾਣਕਾਰੀ ਨਾ ਮਿਲੇ।

## 63

*ਟੈਲੀਗ੍ਰਾਮ* *ਮਿਤੀ 16 ਜਨਵਰੀ, 1872*

*ਵੱਲੋਂ*

ਸਹਾਇਕ ਪੁਲਿਸ ਇੰਸਪੈਕਟਰ ਜਨਰਲ, ਲਾਹੌਰ।

*ਵੱਲ*

ਇੰਸਪੈਕਟਰ ਜਨਰਲ, ਦਿੱਲੀ।

ਜ਼ਿਲ੍ਹਾ ਸੁਪਰਇੰਟੈਂਡੈਂਟ ਲੁਧਿਆਣਾ ਨੇ ਰਿਪੋਰਟ ਦਿੱਤੀ ਹੈ ਕਿ 200 ਕੂਕਿਆਂ ਨੇ ਮਲੇਰਕੋਟਲਾ 'ਤੇ ਹਮਲਾ ਕਰ ਦਿੱਤਾ ਹੈ। ਦੋਵੇਂ ਪਾਸਿਓਂ ਕੁਝ ਮਾਰੇ ਗਏ ਹਨ ਤੇ ਕੁਝ ਜ਼ਖ਼ਮੀ ਹੋਏ ਹਨ।

ਹਜ਼ਾਰਾਂ ਜਣੇ ਲਾਗਲੇ ਪਿੰਡਾਂ 'ਚ ਮੁੜ ਹਮਲੇ ਲਈ ਇਕੱਠੇ ਹੋ ਰਹੇ ਹਨ। ਸਿਵਲ ਅਧਿਕਾਰੀ ਨੇ ਸਰਕਾਰ ਨੂੰ ਜਾਣਕਾਰੀ ਦਿੱਤੀ ਹੈ।

## 64

*ਵੱਲੋਂ*

ਡਿਪਟੀ ਕਮਿਸ਼ਨਰ,
(ਮਲੇਰਕੋਟਲਾ) ਲੁਧਿਆਣਾ।

*ਵੱਲ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

ਸੁਰੱਖਿਆ ਬਲ ਨਾ ਭੇਜੋ। ਮੈਂ ਨਾਭਾ ਤੋਂ ਕੁਝ ਘੁੜਸਵਾਰ ਜਵਾਨ ਮੰਗਵਾ ਲਏ ਹਨ। ਮਲੌਦ 'ਚ ਦੋ ਕੂਕੇ ਮਾਰੇ ਗਏ ਸਨ ਤੇ ਚਾਰ ਜਣਿਆਂ ਨੂੰ ਕਾਬੂ ਕਰ ਲਿਆ ਗਿਆ ਹੈ। ਰੜ੍ਹ ਵਿਖੇ ਵੱਡੀ ਗਿਣਤੀ 'ਚ ਆਤਮ-ਸਮਰਪਣ ਕੀਤਾ ਗਿਆ ਹੈ।

## 65

*ਟੈਲੀਗ੍ਰਾਮ* *ਮਿਤੀ 16 ਜਨਵਰੀ, 1872*

*(ਸਮਾਂ) 11:50 ਵਜੇ ਸਵੇਰੇ*

*ਵੱਲੋਂ*

ਲੈਫ਼ਟੀਨੈਂਟ ਗਵਰਨਰ, ਪੰਜਾਬ, ਦਿੱਲੀ,

*ਵੱਲ*

ਵਾਇਸਰਾਏ।

ਮਲੌਦ 'ਤੇ ਕੂਕਿਆਂ ਦੇ ਹਮਲੇ ਦੀ ਰਿਪੋਰਟ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ ਤੇ ਉਸ ਤੋਂ ਬਾਅਦ ਅਗਲੀ ਸਵੇਰ ਨੂੰ ਹੀ ਮਲੇਰਕੋਟਲਾ 'ਤੇ ਹਮਲਾ ਬੋਲ ਦਿੱਤਾ ਗਿਆ ਸੀ।

ਸੱਤ ਵਿਅਕਤੀ ਮਾਰੇ ਗਏ ਹਨ, ਕੂਕਿਆਂ ਦੀ ਗਿਣਤੀ 500 ਸੀ। ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵੱਲੋਂ ਸੁਰੱਖਿਆ ਬਲ ਭੇਜਣ ਬਾਰੇ ਕੀਤੀ ਬੇਨਤੀ ਅਨੁਸਾਰ ਘੁੜਸਵਾਰ ਫ਼ੌਜ ਦੀ ਯੂਰੋਪੀਅਨ ਡੀਟੈਚਮੈਂਟ ਦੇ ਇੱਕ ਸਥਾਨਕ ਪੈਦਲ ਸੈਨਾ ਵਿੰਗ ਦੀ ਇੱਕ ਰੈਜਿਮੈਂਟ ਅੱਜ ਸਵੇਰੇ ਅੰਬਾਲਾ ਤੇ ਲੁਧਿਆਣਾ ਦੇ ਵਿਚਕਾਰ ਪੈਂਦੇ ਖੰਨਾ ਲਈ ਰਵਾਨਾ ਹੋ ਗਈ ਹੈ। ਡਿਪਟੀ ਕਮਿਸ਼ਨਰ ਨੇ ਤਾਰ ਭੇਜ ਕੇ ਦੱਸਿਆ ਹੈ ਕਿ ਰੜ੍ਹ ਵਿਖੇ ਵੱਡੀ ਗਿਣਤੀ 'ਚ ਕੂਕਿਆਂ ਨੇ ਆਤਮਸਮਰਪਣ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਨਾਭਾ ਤੋਂ ਘੁੜਸਵਾਰ ਬਲ ਮਿਲ ਗਏ ਹਨ ਪਰ ਮੈਂ ਸੁਰੱਖਿਆ ਬਲਾਂ ਨੂੰ ਅੱਗੇ ਵਧਣ ਤੋਂ ਰੋਕਿਆ ਨਹੀਂ ਹੈ।

ਪਹਿਲਾਂ ਵੀ ਅਜਿਹੀਆਂ ਬਦਅਮਨੀਆਂ ਕੀਤੀਆਂ ਜਾ ਚੁੱਕੀਆਂ ਹਨ, ਜੋ ਇਸ ਸੰਪਰਦਾਇ ਦੀ ਅਜਿਹੀ ਸਾਜ਼ਿਸ਼ ਨੂੰ ਦਰਸਾਉਂਦੀਆਂ ਹਨ ਕਿ ਜਿਸ ਵਿੱਚ ਸੁਧਾਰ ਦੀ ਕੋਈ ਗੁੰਜਾਇਸ਼ ਨਹੀਂ ਹੈ। ਦੇਸ਼ ਸੁਰੱਖਿਅਤ ਨਹੀਂ ਹੈ, ਜਦ ਕਿ ਮੋਹਰੀ ਆਗੂ ਫ਼ਰਾਰ ਹਨ। ਇਸੇ ਲਈ ਮੈਂ ਫ਼ਾਰਸਿਥ ਨੂੰ (ਗੁਰੂ) ਰਾਮ ਸਿੰਘ ਤੇ ਪ੍ਰਮੁੱਖ ਸੂਬਿਆਂ ਨੂੰ ਗ੍ਰਿਫ਼ਤਾਰ ਕਰਨ ਦਾ ਅਧਿਕਾਰ ਦੇ ਦਿੱਤਾ ਹੈ -- ਰਿਪੋਰਟ ਡਾਕ ਰਾਹੀਂ ਭੇਜੀ ਜਾਵੇਗੀ।

## 66

*ਟੈਲੀਗ੍ਰਾਮ* *ਮਿਤੀ 16 ਜਨਵਰੀ, 1872*
(ਸਮਾਂ) ਸ਼ਾਮੀਂ 4 ਵਜੇ

*ਵੱਲੋਂ*

ਵਾਇਸਰਾਏ।

*ਵੱਲ*

ਲੈਫ਼ਟੀਨੈਂਟ ਗਵਰਨਰ, ਪੰਜਾਬ, ਦਿੱਲੀ।

ਤੁਹਾਡੀ ਕਾਰਵਾਈ ਨੂੰ ਪੂਰੀ ਤਰ੍ਹਾਂ ਪ੍ਰਵਾਨ ਕੀਤਾ ਜਾਂਦਾ ਹੈ। ਅਸੀਂ ਹੋਰ ਜਾਣਕਾਰੀ ਲਈ ਫ਼ਿਕਰਮੰਦ ਹਾਂ।

## 67

*ਤਾਰ* *ਮਿਤੀ 17 ਜਨਵਰੀ, 1872*

*ਵੱਲੋਂ:*

ਸਕੱਤਰ, ਪੰਜਾਬ ਸਰਕਾਰ, ਦਿੱਲੀ।

*ਵੱਲ*

ਗ੍ਰਿਹ ਸਕੱਤਰ, ਕਲਕੱਤਾ।

ਮਹਾਰਾਜਾ ਨੇ ਇਹ ਤਾਰ ਭੇਜੀ ਹੈ: ''ਬੀਤੇ ਕੱਲ੍ਹ 16 ਤਰੀਕ ਨੂੰ ਸਵੇਰੇ 11 ਵਜੇ ਅਮਰਗੜ੍ਹ ਦੇ ਮੇਰੇ ਨਾਇਬ ਨਾਜ਼ਿਮ ਸਈਅਦ ਨਿਆਜ਼ ਅਲੀ ਨੇ ਆਪਣੇ ਨਾਲ ਬਹੁਤ ਘੱਟ ਜਵਾਨਾਂ ਦੀ ਮੌਜੂਦਗੀ ਦੇ ਬਾਵਜੂਦ ਬਹੁਤ ਬਹਾਦਰੀ ਦਾ ਸਬੂਤ ਦਿੰਦਿਆਂ ਉਨ੍ਹਾਂ 68 ਕੂਕਿਆਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ ਨੇ ਮਲੇਰਕੋਟਲਾ ਅਤੇ ਮਲੌਦ 'ਚ ਗੜਬੜੀਆਂ ਕੀਤੀਆਂ ਸਨ। ਉਨ੍ਹਾਂ 'ਚੋਂ 29 ਜਣੇ ਜ਼ਖ਼ਮੀ ਹਨ। ਉਨ੍ਹਾਂ ਦੇ ਆਗੂਆਂ ਹੀਰਾ ਸਿੰਘ ਤੇ ਲਹਿਣਾ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਹੋਰ ਜਾਣਕਾਰੀ ਡਾਕ ਰਾਹੀਂ ਭੇਜੀ ਜਾਵੇਗੀ।''

## 68

*ਟੈਲੀਗ੍ਰਾਮ* *ਮਿਤੀ 16 ਜਨਵਰੀ, 1872*
(ਸਮਾਂ) ਸ਼ਾਮੀਂ 4 ਵਜੇ

*ਵੱਲੋਂ*

ਡਿਪਟੀ ਕਮਿਸ਼ਨਰ,
ਲੁਧਿਆਣਾ (ਮਲੌਦ)

*ਵੱਲ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

16 ਜਨਵਰੀ, 1872 – ਜਾਂਚ ਚੱਲ ਰਹੀ ਹੈ। ਮੈਨੂੰ ਆਸ ਹੈ ਕਿ ਗੜਬੜੀ 'ਚ ਸ਼ਾਮਲ ਸਾਰਿਆਂ ਦੇ ਨਾਮ ਤੇ ਹੋਰ ਸਾਰੇ ਤੱਥਾਂ ਦਾ ਪਤਾ ਲਾ ਲਿਆ ਜਾਵੇਗਾ। ਮੈਂ ਅੱਜ ਰਾਤੀਂ ਜਾਂ ਭਲਕੇ ਕੋਟਲਾ ਜਾ ਰਿਹਾ ਹਾਂ। ਹਾਲੇ ਇਹ ਪੱਕੀ ਜਾਣਕਾਰੀ ਨਹੀਂ ਹੈ ਕਿ ਕੂਕਾ ਬਾਗ਼ੀ ਕਿੱਥੇ ਹਨ।

## 69

*ਟੈਲੀਗ੍ਰਾਮ* *ਮਿਤੀ 16 ਜਨਵਰੀ, 1872*

*ਵੱਲੋਂ*

ਡਿਪਟੀ ਕਮਿਸ਼ਨਰ,
ਲੁਧਿਆਣਾ।

*ਵੱਲ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

ਸੁਰੱਖਿਆ ਬਲ ਨਾ ਭੇਜੋ। ਮੈਂ ਨਾਭਾ ਤੋਂ ਕੁਝ ਘੁੜਸਵਾਰ ਬਲ ਮੰਗਵਾ ਲਏ ਹਨ। ਮਲੌਦ 'ਚ ਤਿੰਨ ਕੂਕੇ ਮਾਰੇ ਗਏ ਸਨ ਤੇ ਚਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਰੜ੍ਹ ਵਿਖੇ ਵੱਡੀ ਗਿਣਤੀ 'ਚ ਉਨ੍ਹਾਂ ਆਤਮਸਮਰਪਣ ਕਰ ਦਿੱਤਾ ਹੈ।

## 70

*ਟੈਲੀਗ੍ਰਾਮ* *ਮਿਤੀ 16 ਜਨਵਰੀ, 1872*

*ਵੱਲੋਂ*

ਡਿਪਟੀ ਕਮਿਸ਼ਨਰ,

(ਮਲੌਦ) ਲੁਧਿਆਣਾ।

*ਵੱਲ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

ਮਲੌਂਦ ਦੇ ਚਾਰ ਕਾਤਲਾਂ ਵਿਰੁੱਧ ਠੋਸ ਸਬੂਤ ਮੌਜੂਦ ਹਨ। ਮੈਨੂੰ ਉਨ੍ਹਾਂ ਨੂੰ ਮੌਕੇ ’ਤੇ ਹੀ ਮੌਤ ਦੀ ਸਜ਼ਾ ਦੇਣ ਦੀ ਇਜਾਜ਼ਤ ਦਿੱਤੀ ਜਾਵੇ। ਤੁਰੰਤ ਸਜ਼ਾ ਦੇਣਾ ਬਹੁਤ ਜ਼ਿਆਦਾ ਅਹਿਮ ਹੈ। ਮੈਂ 16 ਜਨਵਰੀ ਨੂੰ ਕੋਟਲਾ ਜਾ ਰਿਹਾ ਹਾਂ।

## 71

*ਟੈਲੀਗ੍ਰਾਮ* *ਮਿਤੀ 16 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

*ਵੱਲ*

ਗ੍ਰਹਿ ਸਕੱਤਰ, ਕਲਕੱਤਾ।

ਅੱਜ 16 ਤਰੀਕ ਨੂੰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਤਾਰ ਭੇਜੀ ਹੈ। ਜਾਂਚ ਜਾਰੀ ਹੈ। ਵਾਰਦਾਤਾਂ ’ਚ ਸ਼ਾਮਲ ਸਭਨਾਂ ਦੇ ਨਾਂਅ ਤੇ ਹੋਰ ਸਾਰੇ ਤੱਥ ਜ਼ਰੂਰ ਲੱਭ ਲਏ ਜਾਣਗੇ। ਮੈਂ ਅੱਜ ਰਾਤੀਂ ਜਾਂ ਭਲਕੇ ਕੋਟਲਾ ਜਾ ਰਿਹਾ ਹਾਂ। ਹਾਲੇ ਇਹ ਪੱਕਾ ਪਤਾ ਨਹੀਂ ਹੈ ਕਿ ਕੂਕਾ ਬਾਗ਼ੀ ਕਿੱਥੇ ਹਨ।

## 72

*ਮਿਤੀ 16 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

*ਵੱਲ*

ਗ੍ਰਹਿ ਸਕੱਤਰ, ਕਲਕੱਤਾ।

ਲੁਧਿਆਣਾ ਤੋਂ ਕਮਿਸ਼ਨਰ ਨੇ 16 ਤਰੀਕ ਨੂੰ ਟੈਲੀਗ੍ਰਾਮ ਭੇਜਿਆ ਹੈ। ਜਲੰਧਰ ਤੋਂ ਯੂਰੋਪੀਅਨ ਕੰਪਨੀਆਂ ਪੁੱਜ ਗਈਆਂ ਹਨ। ਇੱਥੇ ਹੁਣ ਪੂਰੀ ਤਰ੍ਹਾਂ ਸ਼ਾਂਤੀ ਹੈ। ਕੋਟਲਾ ’ਚ ਸੰਘਰਸ਼ ਤੋਂ ਬਾਅਦ 70 ਕੂਕੇ ਬਹੁਤ ਗੰਭੀਰ ਰੂਪ ’ਚ ਜ਼ਖ਼ਮੀ ਹੋ ਗਏ ਸਨ, ਉਨ੍ਹਾਂ ਨੂੰ ਪਟਿਆਲਾ ਖੇਤਰ ਦੇ ਸ਼ੇਰਪੁਰ ’ਚ ਕਾਬੂ ਕਰ ਲਿਆ ਗਿਆ ਸੀ;

ਸ਼ਾਇਦ ਸਾਰੇ ਇਹੋ ਹਨ। ਕਿਉਂਕਿ ਸਥਾਨਕ ਰਿਪੋਰਟਾਂ 'ਚ ਇਨ੍ਹਾਂ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਵਧਾ-ਚੜ੍ਹਾ ਕੇ ਦੱਸੀ ਗਈ ਸੀ। (ਗੁਰੂ) ਰਾਮ ਸਿੰਘ ਜੀ ਅੱਜ ਕਾਵਨ ਨਾਲ ਸਨ ਤੇ ਹੁਣ ਉਨ੍ਹਾਂ ਨੂੰ ਇੱਥੇ ਸੱਦਿਆ ਗਿਆ ਹੈ।

## 73

*ਮਿਤੀ 17 ਜਨਵਰੀ, 1872*

ਵੱਲੋਂ

ਕਾਵਨ (ਡਿਪਟੀ ਕਮਿਸ਼ਨਰ),
ਕੋਟਲਾ।

ਵੱਲ

ਗ੍ਰਹਿ ਸਕੱਤਰ, ਪੰਜਾਬ, ਦਿੱਲੀ।

ਅਮਨ ਬਹਾਲ ਹੋ ਗਿਆ ਹੈ। ਲਗਭਗ 100 ਕੂਕੇ ਜਾਂ ਤਾਂ ਮਾਰੇ ਗਏ ਹਨ ਤੇ ਜਾਂ ਜ਼ਖ਼ਮੀ ਤੇ ਹਿਰਾਸਤ 'ਚ ਹਨ। ਪਟਿਆਲਾ, ਨਾਭਾ ਤੇ ਜੀਂਦ ਵੱਲੋਂ ਸਰਗਰਮੀ ਨਾਲ ਮਦਦ ਭੇਜੀ ਜਾ ਰਹੀ ਹੈ।

## 74

*ਮਿਤੀ 16 ਜਨਵਰੀ, 1872*
*(ਸ਼ਾਮੀਂ 7:30 ਵਜੇ)*

ਵੱਲੋਂ

ਐੱਲ. ਕਾਵਨ, ਐਸਕ., ਡਿਪਟੀ ਕਮਿਸ਼ਨਰ,
ਲੁਧਿਆਣਾ।

ਵੱਲ

ਟੀ.ਡੀ. ਫ਼ਾਰਸਿਥ ਐਸਕ., ਸੀਬੀ., ਕਮਿਸ਼ਨਰ ਤੇ ਸੁਪਰਇੰਟੈਂਡੈਂਟ,
ਅੰਬਾਲਾ ਡਿਵੀਜ਼ਨ।

ਕੱਲ੍ਹ ਦੀ ਤਰੀਕ ਵਾਲੀ ਤੁਹਾਡੀ ਤਾਰ ਦੇ ਜਵਾਬ ਵਿੱਚ, ਜਿਸ ਵਿੱਚ ਮੈਨੂੰ ਦੱਸਿਆ ਗਿਆ ਸੀ ਕਿ ਤੁਸੀਂ ਇਸ ਸ਼ਾਮ ਨੂੰ ਲੁਧਿਆਣਾ 'ਚ ਹੋਵੋਗੇ ਅਤੇ ਮੈਨੂੰ ਹਦਾਇਤ ਕੀਤੀ ਗਈ ਸੀ ਕਿ ਤੁਹਾਨੂੰ ਉੱਥੇ ਮਿਲਣ ਦੀ ਰਿਪੋਰਟ ਭੇਜਾਂ; ਇਹ ਤਾਰ ਮੈਨੂੰ ਹੁਣੇ ਮਿਲੀ ਹੈ, ਮੈਂ ਤੁਹਾਨੂੰ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਕਰ ਰਿਹਾ ਹਾਂ ਕਿ ਹੁਣ ਸ਼ਾਂਤੀ ਪੂਰੀ ਤਰ੍ਹਾਂ ਬਹਾਲ ਹੋ ਗਈ ਹੈ, ਇਸ ਲਈ ਹੁਣ ਤੁਹਾਡੇ ਕੋਟਲਾ ਆਉਣ ਦੀ ਕੋਈ ਜ਼ਰੂਰਤ ਨਹੀਂ ਹੈ।

2. ਬਾਗ਼ੀਆਂ ਦੇ ਗਿਰੋਹ, ਉਨ੍ਹਾਂ ਦੇ ਕਿਰਦਾਰ ਅਨੁਸਾਰ ਹੋਰ ਕੋਈ ਨਾਮ ਵਾਜਬ ਨਹੀਂ, ਦੀ ਗਿਣਤੀ ਕਦੇ ਵੀ 125 ਤੋਂ ਵੱਧ ਨਹੀਂ ਸੀ। ਉਨ੍ਹਾਂ 'ਚੋਂ ਦੋ ਜਣੇ ਮਲੌਦ 'ਚ ਮਾਰੇ ਗਏ ਸਨ, ਚਾਰ ਜਣੇ ਕਾਬੂ ਕਰ ਲਏ ਸਨ। ਕੋਟਲਾ 'ਚ ਅੱਠ ਜਣੇ ਮਾਰੇ ਗਏ

ਸਨ, 31 ਜ਼ਖ਼ਮੀ ਹੋ ਗਏ ਸਨ। ਜ਼ਖ਼ਮੀਆਂ 'ਚੋਂ 25-26 ਜਣੇ ਮੌਕੇ ਤੋਂ ਫਰ਼ਾਰ ਹੋ ਗਏ ਸਨ ਪਰ 27 ਜ਼ਖ਼ਮੀਆਂ ਸਮੇਤ 68 ਨੂੰ ਪਟਿਆਲਾ ਰਿਆਸਤ ਦੇ ਪਿੰਡ ਰੜ੍ਹ ਵਿਖੇ, ਜੋ ਇੱਥੋਂ 12 ਮੀਲ ਦੀ ਦੂਰੀ 'ਤੇ ਹੈ, ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇੰਝ ਸਮੁੱਚਾ ਗਿਰੋਹ ਬਰਬਾਦ ਕਰ ਦਿੱਤਾ ਗਿਆ ਹੈ। ਮੇਰਾ ਪ੍ਰਸਤਾਵ ਹੈ ਕਿ ਇਨ੍ਹਾਂ ਕੈਦੀਆਂ ਨੂੰ ਭਲਕੇ ਸਵੇਰੇ ਦਿਨ ਚੜ੍ਹਦਿਆਂ ਹੀ ਜਾਂ ਤਾਂ ਤੋਪਾਂ ਨਾਲ ਉਡਾ ਦਿੱਤਾ ਜਾਵੇ ਤੇ ਜਾਂ ਫਾਂਸੀ ਦੇ ਦਿੱਤੀ ਜਾਵੇ।

ਉਨ੍ਹਾਂ ਨੇ ਕੋਈ ਆਮ ਜੁਰਮ ਨਹੀਂ ਕੀਤਾ। ਉਨ੍ਹਾਂ ਮਹਿਜ਼ ਕਤਲ ਤੇ ਡਕੈਤੀਆਂ ਹੀ ਨਹੀਂ ਕੀਤੀਆਂ; ਉਹ ਖੁੱਲ੍ਹੇ ਬਾਗ਼ੀ ਹਨ ਅਤੇ ਅੱਖੜ ਤਰੀਕੇ ਨਾਲ ਸਥਾਪਤ ਸਰਕਾਰ ਦਾ ਵਿਰੋਧ ਕਰ ਰਹੇ ਹਨ ਅਤੇ ਇਸ ਬੀਮਾਰੀ ਨੂੰ ਹੋਰ ਫੈਲਣ ਤੋਂ ਰੋਕਣ ਲਈ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਤੁਰੰਤ ਸਖ਼ਤੀ ਨਾਲ ਦਬਾ ਦਿੱਤਾ ਜਾਵੇ। ਮੈਂ ਆਪਣੇ ਅਹੁਦੇ ਦੀ ਜ਼ਿੰਮੇਵਾਰੀ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹਾਂ ਪਰ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੈਂ ਜੋ ਵੀ ਕਰ ਰਿਹਾ ਹਾਂ, ਉਹ ਬਿਹਤਰੀਨ ਹੈ ਅਤੇ ਰਾਜ-ਧਰੋਹ ਨੂੰ ਤੁਰੰਤ ਖ਼ਤਮ ਕਰਨਾ ਜ਼ਰੂਰੀ ਹੈ।

## 75

*ਨੰ. 9ਸੀ* *ਮਿਤੀ 16 ਜਨਵਰੀ, 1872*

*ਵੱਲੋਂ*

ਐੱਲ.ਐੱਚ. ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ

*ਵੱਲ*

ਈ.ਸੀ. ਬੇਲੀ, ਐਸਕ. ਸੀ.ਐੱਸ.ਆਈ.,
ਸਕੱਤਰ, ਭਾਰਤ ਸਰਕਾਰ।

ਮਾਣਯੋਗ ਲੈਫ਼ਟੀਨੈਂਟ ਗਵਰਨਰ ਦੀ ਹਦਾਇਤ ਅਨੁਸਾਰ ਮੈਂ ਤੁਹਾਨੂੰ ਤਾਰਾਂ ਦੀਆਂ ਕਾਪੀਆਂ ਭੇਜ ਰਿਹਾ ਹਾਂ, ਜਿਨ੍ਹਾਂ ਵਿਚਲੀ ਇਬਾਰਤ ਬਾਰੇ ਮਹਾਮਹਿਮ ਵਾਇਸਰਾਏ ਨੂੰ ਪਹਿਲਾਂ ਹੀ ਸੂਚਿਤ ਕੀਤਾ ਜਾ ਚੁੱਕਾ ਹੈ।

2. ਇਹ ਵੇਖਿਆ ਜਾਵੇਗਾ ਕਿ 14 ਤਰੀਕ ਦੀ ਰਾਤ ਨੂੰ ਲਗਭਗ 200 ਕੂਕਿਆਂ ਦੀ ਇੱਕ ਟੋਲੀ ਨੇ ਲੁਧਿਆਣਾ ਤੋਂ 20 ਮੀਲ ਦੱਖਣ ਵੱਲ ਮਲੌਦ ਦੇ ਕਿਲ੍ਹੇ 'ਤੇ ਹਮਲਾ ਕਰ ਦਿੱਤਾ ਸੀ, ਜੋ ਸੇਵਾ ਤੇ ਵਫ਼ਾਦਾਰੀ ਲਈ ਪ੍ਰਵਾਨਿਤ ਮਲੌਦ ਦੇ ਸਿੱਖ ਮੁਖੀ ਸਰਦਾਰਾਂ ਨਾਲ ਸੰਬੰਧਤ ਹੈ। ਦੋਵੇਂ ਪਾਸੇ ਇੱਕ ਜਾਂ ਦੋ ਮੌਤਾਂ ਹੋਈਆਂ ਸਨ ਅਤੇ ਸਰਦਾਰ ਮਿੱਤ ਸਿੰਘ, ਜਿਨ੍ਹਾਂ ਦਾ ਨਾਂਅ ਜਾਗੀਰਦਾਰ ਮੈਜਿਸਟ੍ਰੇਟ ਬੱਦਨ ਸਿੰਘ ਹੈ, ਦੇ ਪੁੱਤਰ ਫੱਟੜ ਹੋ ਗਏ ਸਨ। ਉਸ ਹਮਲੇ ਦਾ ਮੰਤਵ ਸ਼ਾਇਦ ਹਥਿਆਰ ਹਾਸਲ ਕਰਨਾ ਸੀ ਪਰ ਹਾਲੇ ਇਸ ਸਬੰਧੀ ਪੂਰੇ ਵੇਰਵੇ ਨਹੀਂ ਮਿਲੇ ਹਨ। ਜਦੋਂ ਵੀ ਮਿਲੇ, ਉਹ ਤੁਰੰਤ ਦੱਸ ਦਿੱਤੇ ਜਾਣਗੇ।

3. ਅਗਲੀ ਸਵੇਰ ਨੂੰ 500 ਕੂਕਿਆਂ ਦੇ ਇੱਕ ਵੱਡੇ ਦਲ ਨੇ ਲੁਧਿਆਣਾ ਤੋਂ ਲਗਭਗ 30 ਮੀਲ ਦੱਖਣ ਵੱਲ ਮਲੇਰਕੋਟਲਾ ਦੀ ਮੁਸਲਿਮ ਰਿਆਸਤ ਦੇ ਵੱਡੇ ਰਾਜਧਾਨੀ ਸ਼ਹਿਰ ਕੋਟਲਾ ਦੇ ਕਿਲੇ 'ਤੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਸੱਤ ਜਾਂ ਅੱਠ ਵਿਅਕਤੀਆਂ ਨੂੰ ਉਥੇ ਮੌਤ ਦੇ ਘਾਟ ਉਤਾਰ ਦਿੱਤਾ।

ਲਾਹੌਰ ਤੋਂ ਆਈ ਇੱਕ ਤਾਰ ਵਿੱਚ ਲਿਖਿਆ ਹੈ ਕਿ ਹਜ਼ਾਰਾਂ ਕੂਕੇ ਲਾਗਲੇ ਪਿੰਡਾਂ 'ਚ ਮੁੜ-ਹਮਲੇ ਲਈ ਇਕੱਠੇ ਹੋ ਰਹੇ ਹਨ। ਇਹ ਬਿਆਨ ਸ਼ਾਇਦ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ ਅਤੇ ਇਸ ਸਵੇਰ ਨੂੰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਰਿਪੋਰਟ ਕੀਤੀ ਹੈ ਕਿ ਦੋ ਕੂਕੇ ਮਾਰੇ ਗਏ ਤੇ ਚਾਰ ਗ੍ਰਿਫ਼ਤਾਰ ਕਰ ਲਏ ਹਨ, ਜਦ ਕਿ ਰੜ੍ਹ ਵਿਖੇ ਉਨ੍ਹਾਂ ਨੇ ਵੱਡੀ ਗਿਣਤੀ 'ਚ ਆਤਮਸਮਰਪਣ ਕਰ ਦਿੱਤਾ ਹੈ।

4. ਮਲੌਦ ਦੀ ਖ਼ਬਰ 'ਤੇ ਲੈਫ਼ਟੀਨੈਂਟ ਗਵਰਨਰ ਨੇ ਤੁਰੰਤ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਸ੍ਰੀ ਟੀ.ਡੀ. ਫ਼ਾਰਸਿਥ, ਸੀ.ਬੀ. ਦੀ ਲੁਧਿਆਣਾ ਪੁੱਜ ਕੇ ਤੁਰੰਤ ਇਸ ਸਬੰਧੀ ਚੁੱਕੇ ਜਾ ਸਕਣ ਵਾਲੇ ਕਦਮਾਂ ਬਾਰੇ ਰਿਪੋਰਟ ਭੇਜਣ ਦੀ ਡਿਊਟੀ ਲਾ ਦਿੱਤੀ; ਪਰ ਰੇਲ-ਗੱਡੀ ਦੀ ਰਵਾਨਗੀ ਤੋਂ ਪਹਿਲਾਂ ਮਲੇਰਕੋਟਲਾ 'ਤੇ ਹਮਲੇ ਦੀ ਦੂਜੀ ਰਿਪੋਰਟ ਪ੍ਰਾਪਤ ਹੋ ਗਈ ਸੀ।

5. ਇੱਕ ਵੱਡੇ ਦਲ ਵੱਲੋਂ ਇੱਕ ਤੋਂ ਬਾਅਦ ਤੇਜ਼ੀ ਨਾਲ ਕੀਤੇ ਦੂਜੇ ਹਮਲੇ ਨੇ ਸਾਰੇ ਮਾਮਲਿਆਂ ਦੇ ਪੂਰੇ ਪੱਖ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ ਅਤੇ ਇਹ ਨਿਸ਼ਚਿਤ ਹੈ ਕਿ ਜਦੋਂ ਤੱਕ ਤੁਰੰਤ ਚੁਸਤੀ ਨਾਲ ਕੋਈ ਕਦਮ ਨਾ ਚੁੱਕੇ ਗਏ, ਤਾਂ ਬਾਗ਼ੀ ਰਾਜ-ਧਰੋਹੀਆਂ ਦੀ ਗਿਣਤੀ ਤੇਜ਼ੀ ਨਾਲ ਵਧਦੀ ਚਲੀ ਜਾਵੇਗੀ।ਇਹ ਕੁਝ ਕੱਟੜਪੰਥੀਆਂ ਦੀ ਕਿਸੇ ਟੋਲੀ ਵੱਲੋਂ ਕਿਤੇ ਕੋਈ ਇਕੱਲਾ-ਕਾਰਾ ਹਮਲਾ ਨਹੀਂ, ਸਗੋਂ ਇਹ ਤਾਂ ਬਿਨਾ ਸ਼ੱਕ ਇਸ ਭਿਆਨਕ ਕਿਸਮ ਦੇ ਸੰਪਰਦਾਇ ਵੱਲੋਂ ਦੇਸ਼ ਦੀ ਸ਼ਾਂਤੀ ਭੰਗ ਕਰਨ ਦੀ ਇੱਕ ਬੇਹੱਦ ਜੱਥੇਬੰਦਕ ਸਾਜ਼ਿਸ਼ ਸਿੱਧ ਹੋ ਗਈ ਹੈ।

ਹਥਿਆਰਬੰਦ ਬਾਗ਼ੀਆਂ ਦੀ ਗਿਣਤੀ ਤੇਜ਼ੀ ਨਾਲ ਵਧਦੀ ਜਾ ਰਹੀ ਸੀ ਅਤੇ ਨਿਰਪੱਖ ਢੰਗ ਨਾਲ ਅੱਗੇ ਵਧਣ ਲਈ ਬਿਨਾਂ ਕਿਸੇ ਢਿੱਲ ਦੇ ਕੋਈ ਕਾਰਵਾਈ ਕਰਨ ਦਾ ਫ਼ੈਸਲਾ ਲੈਣਾ ਜ਼ਰੂਰੀ ਸੀ ਕਿ ਤਾਂ ਜੋ ਉਸ ਅੰਦੋਲਨ ਨੂੰ ਰੋਕਿਆ ਜਾ ਸਕੇ ਜੋ ਪਹਿਲਾਂ ਮਹੱਤਵਹੀਣ ਸੀ ਪਰ ਹੁਣ ਖ਼ਤਰਨਾਕ ਬਣਦਾ ਜਾ ਰਿਹਾ ਹੈ। ਕੂਕਾ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਲੈਫ਼ਟੀਨੈਂਟਾਂ ਦੀਆਂ ਪਹਿਲੀਆਂ ਵਾਰਦਾਤਾਂ ਤੋਂ ਭਾਰਤ ਸਰਕਾਰ ਭਲੀ-ਭਾਂਤ ਵਾਕਫ਼ ਹੈ ਅਤੇ ਇਸ ਵਿੱਚ ਕੋਈ ਸ਼ੱਕ ਹੀ ਨਹੀਂ ਹੈ ਕਿ ਉਹ ਅਜਿਹੇ ਹਨ ਅਤੇ ਮਲੌਦ ਤੇ ਮਲੇਰਕੋਟਲਾ 'ਤੇ ਇਹ ਹਮਲੇ ਸਿੱਧੇ ਤੌਰ ਉੱਤੇ ਉਨ੍ਹਾਂ ਦੇ ਹੁਕਮਾਂ ਤੇ ਸਲਾਹ ਨਾਲ ਹੀ ਹੋਏ ਹਨ।

6. ਮਾਣਯੋਗ ਲੈਫ਼ਟੀਨੈਂਟ ਗਵਰਨਰ ਨੇ ਤੁਰੰਤ ਮਹਾਮਹਿਮ ਕਮਾਂਡਰ-ਇਨ-ਚੀਫ਼ ਨਾਲ ਗੱਲਬਾਤ ਕੀਤੀ ਤੇ ਫ਼ੈਸਲਾ ਕੀਤਾ ਕਿ 72ਵੀਂ ਰੈਜਿਮੈਂਟ ਦੇ ਪਹਿਲੇ ਗੋਰਖਾ ਵਿੰਗ ਅਤੇ ਖੱਚਰਾਂ ਦੀ ਇੱਕ ਬੈਟਰੀ ਨੂੰ ਅੰਬਾਲਾ ਡਿਵੀਜ਼ਨ ਦੇ ਕਮਾਂਡਰ ਜਨਰਲ ਟਾਈਟਲਰ ਦੇ ਹੁਕਮਾਂ ਅਨੁਸਾਰ ਕੋਟਲਾ ਦੇ ਸਭ ਤੋਂ ਨੇੜਲੇ ਸਟੇਸ਼ਨ ਖੰਨਾ ਵਿਖੇ

ਭੇਜਣ ਦਾ ਇੰਤਜ਼ਾਮ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨਾਲ 12ਵੀਂ ਬੰਗਾਲ ਘੁੜਸਵਾਰ ਫ਼ੌਜ ਦਾ ਇੱਕ ਦਸਤਾ ਵੀ ਭੇਜਿਆ ਗਿਆ ਹੈ। ਲੁਧਿਆਣਾ, ਜੋ ਇਸ ਵੇਲੇ ਅਸੁਰੱਖਿਅਤ ਹੈ, ਜਲੰਧਰ ਦੀ 54ਵੀਂ ਪੈਦਲ ਸੈਨਾ ਦੀਆਂ ਤਿੰਨ ਕੰਪਨੀਆਂ ਤੇ ਸ਼ਾਹੀ ਤੋਪਖਾਨੇ ਦੀ ਅੱਧੀ ਬੈਟਰੀ ਨਾਲ ਮਜ਼ਬੂਤ ਹੋ ਜਾਵੇਗਾ।

7. ਲੈਫ਼ਟੀਨੈਂਟ ਗਵਰਨਰ ਨੇ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਪ੍ਰਮੁੱਖ ਤੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਸੂਬਿਆਂ ਸਾਹਿਬ ਸਿੰਘ, ਰੂੜ ਸਿੰਘ, ਲੱਖਾ ਸਿੰਘ, ਕਾਹਨ ਸਿੰਘ, ਬ੍ਰਹਮਾ ਸਿੰਘ, ਜਵਾਹਰ ਸਿੰਘ, ਮਲਿਕ (ਮਲੂਕ) ਸਿੰਘ, ਮਾਨ ਸਿੰਘ ਅਤੇ ਹੁਕਮ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਹਦਾਇਤ ਜਾਰੀ ਕਰ ਦਿੱਤੀ ਹੈ। ਬਾਬਾ ਰਾਮ ਸਿੰਘ ਜੀ ਦੀ ਗ੍ਰਿਫ਼ਤਾਰੀ ਛੇਤੀ ਤੋਂ ਛੇਤੀ ਕੀਤੀ ਜਾਵੇਗੀ ਅਤੇ ਇਸ ਦਾ ਇੰਤਜ਼ਾਮ ਡਿਵੀਜ਼ਨ ਦੇ ਕਮਿਸ਼ਨਰ ਨਾਲ ਗੱਲਬਾਤ ਰਾਹੀਂ ਕੀਤਾ ਜਾ ਰਿਹਾ ਹੈ।

8. ਉਪਰੋਕਤ ਵਰਣਿਤ ਵਿਅਕਤੀ ਜੇ ਗ੍ਰਿਫ਼ਤਾਰ ਕੀਤੇ ਗਏ, ਤਾਂ ਉਨ੍ਹਾਂ ਨੂੰ ਤੁਰੰਤ ਅਲਾਹਾਬਾਦ ਭੇਜ ਦਿੱਤਾ ਜਾਵੇਗਾ ਕਿਉਂਕਿ ਮਾਣਯੋਗ ਸਾਹਿਬ ਉਨ੍ਹਾਂ ਨੂੰ ਪੰਜਾਬ 'ਚ ਰੱਖਣਾ ਦਰੁਸਤ ਨਹੀਂ ਸਮਝਦੇ। ਭਵਿੱਖ 'ਚ ਉਨ੍ਹਾਂ ਨੂੰ ਕਿੱਥੇ ਰੱਖਣਾ ਹੈ, ਇਸ ਬਾਰੇ ਲੈਫ਼ਟੀਨੈਂਟ ਗਵਰਨਰ ਬਾਅਦ 'ਚ ਸਿਫ਼ਾਰਸ਼ ਕਰਨਗੇ ਪਰ ਇਸ ਸਮੇਂ ਉਹ ਇਹ ਬੇਨਤੀ ਕਰਦੇ ਹਨ ਕਿ ਮਹਾਮਹਿਮ ਵਾਇਸਰਾਏ ਤੇ ਗਵਰਨਰ ਜਨਰਲ-ਇਨ-ਕੌਂਸਲ ਉਪਰੋਕਤ ਵਰਣਿਤ ਸਾਰੇ ਵਿਅਕਤੀਆਂ ਦੇ 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ ਜਾਰੀ ਕਰਨ।

9. ਹਾਲੇ ਕਿਉਂਕਿ ਲੋੜੀਂਦੀ ਜਾਣਕਾਰੀ ਪ੍ਰਾਪਤ ਨਹੀਂ ਹੋਈ ਹੈ, ਇਸ ਲਈ ਹੁਣ ਇਹ ਫ਼ੈਸਲਾ ਲੈਣਾ ਔਖਾ ਹੈ ਕਿ ਕੂਕਿਆਂ ਵਿਰੁੱਧ ਕਿਹੜੀ ਕਾਰਵਾਈ ਕਰਨੀ ਚਾਹੀਦੀ ਹੈ। ਉਂਝ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਆਸ ਹੈ ਕਿ ਉਨ੍ਹਾਂ ਵੱਲੋਂ ਚੁੱਕੇ ਗਏ ਕਦਮਾਂ ਨਾਲ ਦੇਸ਼ ਵਿੱਚ ਤੁਰੰਤ ਪੂਰਨ ਭਰੋਸਾ ਤੇ ਅਮਨ-ਚੈਨ ਬਹਾਲ ਹੋ ਜਾਣਗੇ। ਉਹ ਇਨ੍ਹਾਂ ਕਦਮਾਂ ਨੂੰ ਜ਼ਰੂਰਤ ਸਮਝਦੇ ਹਨ ਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਮਹਾਮਹਿਮ ਵਾਇਸਰਾਏ ਇਹ ਕਦਮ ਚੁੱਕਣ ਦੀ ਇਜਾਜ਼ਤ ਜ਼ਰੂਰਤ ਦੇਣਗੇ।

## 76

*ਟੈਲੀਗ੍ਰਾਮ* *ਮਿਤੀ 17 ਜਨਵਰੀ, 1872*

*ਵੱਲੋਂ*

ਕਮਿਸ਼ਨਰ, ਲੁਧਿਆਣਾ।

*ਵੱਲ*

ਸਕੱਤਰ, ਪੰਜਾਬ, ਦਿੱਲੀ।

ਕਾਵਨ ਦੀ ਉਸ ਤਾਰ ਦੇ ਹਵਾਲੇ ਨਾਲ, ਜਿਸ ਵਿੱਚ ਚਾਰ ਵਿਅਕਤੀਆਂ ਨੂੰ ਤੁਰੰਤ ਮੌਤ ਦੀ ਸਜ਼ਾ ਦੇਣ ਦੀ ਪ੍ਰਵਾਨਗੀ ਮੰਗੀ ਗਈ ਹੈ। ਅਸੀਂ ਕਿਉਂਕਿ 70 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੈਂ ਮੌਕੇ 'ਤੇ ਹਾਂ ਅਤੇ ਸਾਰੇ ਮਾਮਲਿਆਂ

ਦਾ ਨਿਬੇੜਾ ਬਿਨਾਂ ਕਿਸੇ ਦੇਰੀ ਦੇ ਉਨ੍ਹਾਂ ਦੀ ਕਿਸਮ ਅਨੁਸਾਰ ਕਰਾਂਗਾ। ਕਿਸੇ ਖ਼ਾਸ ਕਾਰਵਾਈ ਦੀ ਜ਼ਰੂਰਤ ਨਹੀਂ ਹੈ ਅਤੇ ਉਸ ਨਾਲ ਭੜਕਾਹਟ ਹੀ ਵਧੇਗੀ, ਇਸ ਲਈ ਠੰਢ ਰੱਖਣਾ ਹੀ ਬਿਹਤਰ ਰਹੇਗਾ।

## 77

*ਟੈਲੀਗ੍ਰਾਮ* *ਮਿਤੀ 17 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

*ਵੱਲ*

ਕਮਿਸ਼ਨਰ, ਲੁਧਿਆਣਾ।

ਬਾਗ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਸਬੰਧੀ ਤੁਹਾਡੀ ਤਾਰ ਦੇ ਹਵਾਲੇ ਨਾਲ ਲੈਫ਼ਟੀਨੈਂਟ ਗਵਰਨਰ ਤੁਹਾਡੇ ਨਾਲ ਸਹਿਮਤ ਹਨ, ਉਂਝ ਉਹ ਸ੍ਰੀ ਕਾਵਨ ਦੀ ਊਰਜਾ ਤੇ ਉਤਸ਼ਾਹ ਨੂੰ ਪ੍ਰਵਾਨ ਕਰਦੇ ਹਨ।

## 78

*ਸ੍ਰੀ ਫ਼ਾਰਸਿਥ ਵੱਲੋਂ ਸ੍ਰੀ ਕਾਵਨ ਨੂੰ ਮਿਤੀ 17 ਜਨਵਰੀ, 1872 ਦਾ ਨੀਮ ਅਧਿਕਾਰਤ ਨਿਰਦੇਸ਼-ਪੱਤਰ।*

ਤੁਸੀਂ ਸ਼ਲਾਘਾਯੋਗ ਕਾਰਜ ਕੀਤਾ ਹੈ ਪਰ ਰੱਬ ਦੇ ਵਾਸਤੇ ਜਲਦਬਾਜ਼ੀ 'ਚ ਕੋਈ ਅਜਿਹਾ ਕਦਮ ਨਾ ਚੁੱਕੋ ਕਿ ਜਿਸ ਨਾਲ ਕੰਮ ਸਫ਼ਲਤਾਪੂਰਵਕ ਨੇਪਰੇ ਨਾ ਚੜ੍ਹ ਸਕੇ।

ਹੁਣ ਜਿਹੜੇ ਅਪਰਾਧੀਆਂ ਨੂੰ ਕੋਟਲਾ ਖੇਤਰ 'ਚ ਫੜਿਆ ਗਿਆ ਹੈ, ਉਨ੍ਹਾਂ ਨੂੰ ਕਾਨੂੰਨੀ ਤਰੀਕੇ ਨਾਲ ਹੀ ਬਿਨਾਂ ਕਿਸੇ ਦੇਰੀ ਦੇ ਚੀਫ਼ ਕੋਰਟ ਨੂੰ ਕੇਸ ਭੇਜ ਕੇ ਫਾਂਸੀ ਦਿੱਤੀ ਜਾ ਸਕਦੀ ਹੈ, ਇਸ ਲਈ ਉਹੀ ਕਾਰਵਾਈ ਅਪਣਾਓ ਜੋ ਅਜਿਹੇ ਮਾਮਲਿਆਂ 'ਚ ਹੋਣੀ ਚਾਹੀਦੀ ਹੈ; ਭਾਵ ਸਾਰੀਆਂ ਕਾਰਵਾਈਆਂ ਦੀ ਰਿਪੋਰਟ ਮੈਨੂੰ ਭੇਜੋ ਅਤੇ ਸਮਾਂ ਬਚਾਉਣ ਲਈ ਤੇ ਕੋਈ ਮੁਸੀਬਤ ਨਾ ਪਵੇ, ਮੈਂ ਛੇਤੀ ਹੀ ਕੋਟਲਾ ਜਾ ਰਿਹਾ ਹਾਂ ਅਤੇ ਮੈਂ ਬਾਬਾ ਰਾਮ ਸਿੰਘ ਜੀ ਦੇ ਮਾਮਲੇ ਨਾਲ ਸਿੱਝ ਲਿਆ ਹੈ ਪਰ ਜੇ ਤੁਸੀਂ ਖ਼ੁਦ ਹੀ ਮਲੌਦ 'ਚ ਫੜੇ ਇਨ੍ਹਾਂ ਵਿਅਕਤੀਆਂ ਨੂੰ ਫਾਂਸੀ ਦੇ ਦਿੰਦੇ ਹੋ, ਤਾਂ ਤੁਹਾਨੂੰ ਮੁਕੰਮਲ ਕਾਮਯਾਬੀ ਨਹੀਂ ਮਿਲੇਗੀ। ਬਾਰਾਂ ਘੰਟਿਆਂ ਦੀ ਦੇਰੀ ਨਾਲ ਕੋਈ ਨੁਕਸਾਨ ਨਹੀਂ ਹੋ ਸਕਦਾ ਜਦ ਕਿ ਗ਼ੈਰ-ਕਾਨੂੰਨੀ ਕਾਰਵਾਈ ਨਾਲ ਮੁਸੀਬਤ ਖੜ੍ਹੀ ਹੋ ਸਕਦੀ ਹੈ। ਮੈਂ ਸਿਰਫ਼ ਭਲਕੇ (ਗੁਰੂ) ਰਾਮ ਸਿੰਘ ਜੀ ਦੇ ਆਉਣ ਦੀ ਉਡੀਕ ਕਰ ਰਿਹਾ ਹਾਂ ਤੇ ਜਿਵੇਂ ਹੀ ਉਹ ਆ ਜਾਣਗੇ, ਮੈਂ ਤੁਰੰਤ ਬਾਹਰ ਹੋਵਾਂਗਾ।

## 79

ਨੰ. 15ਸੀ *ਮਿਤੀ 17 ਜਨਵਰੀ, 1872*

**ਗੁਪਤ**

*ਵੱਲੋਂ*

ਐੱਲ.ਐੱਚ. ਗ੍ਰਿਫਿਨ ਐਸਕ., ਕਾਰਜਕਾਰੀ ਸਕੱਤਰ,
ਪੰਜਾਬ ਸਰਕਾਰ।

*ਵੱਲ*

ਈਸੀ ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਮਾਣਯੋਗ ਲੈਫ਼ਟੀਨੈਂਟ ਗਵਰਨਰ ਦੀ ਇੱਛਾ ਅਨੁਸਾਰ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਹਾੜਾ ਸਿੰਘ ਦਾ ਨਾਂਅ ਵੀ ਉਨ੍ਹਾਂ ਕੂਕਾ ਆਗੂਆਂ 'ਚ ਸ਼ਾਮਲ ਕਰ ਲਿਆ ਜਾਵੇ, ਜਿਨ੍ਹਾਂ ਦੇ ਵਾਰੰਟ 1818 ਦੇ ਰੈਗੂਲੇਸ਼ਨ III ਅਧੀਨ ਲੋੜੀਂਦੇ ਹਨ, ਜੋ ਕੱਲ੍ਹ ਦੇ ਮੇਰੇ ਪੱਤਰ ਨੰ. 9ਸੀ ਵਿੱਚ ਗ਼ਲਤੀ ਨਾਲ ਦਰਜ ਕੀਤੇ ਜਾਣ ਤੋਂ ਰਹਿ ਗਿਆ ਸੀ।

## 80

*ਟੈਲੀਗ੍ਰਾਮ* *ਮਿਤੀ 17 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ।

*ਵੱਲ*

ਗ੍ਰਹਿ ਸਕੱਤਰ, ਕਲਕੱਤਾ।

16 ਤਰੀਕ ਨੂੰ ਕੋਟਲਾ ਤੋਂ ਡਿਪਟੀ ਕਮਿਸ਼ਨਰ ਦੀ ਤਾਰ ''ਅਮਨ ਬਹਾਲ ਹੋ ਗਿਆ ਹੈ। ਲਗਭਗ 100 ਕੂਕੇ ਮਾਰੇ ਗਏ ਹਨ, ਜ਼ਖ਼ਮੀ ਹੋਏ ਹਨ ਜਾਂ ਗ੍ਰਿਫ਼ਤਾਰ ਕਰ ਲਏ ਗਏ ਹਨ; ਪਟਿਆਲਾ, ਨਾਭਾ ਤੇ ਜੀਂਦ ਵੱਲੋਂ ਪੂਰੀ ਮਦਦ ਕੀਤੀ ਜਾ ਰਹੀ ਹੈ।''

## 81

*ਮਿਤੀ 17 ਜਨਵਰੀ, 1872*

*ਵੱਲੋਂ*

ਐੱਲ.ਐੱਚ. ਗ੍ਰਿਫਿਨ ਐਸਕ., ਕਾਰਜਕਾਰੀ ਸਕੱਤਰ,
ਪੰਜਾਬ ਸਰਕਾਰ।

ਵੱਲ

ਈ.ਸੀ. ਬੇਲੀ ਐਸਕ. ਸੀ.ਐੱਸ.ਆਈ.,

ਸਕੱਤਰ, ਭਾਰਤ ਸਰਕਾਰ।

ਮੇਰੇ ਕੱਲ੍ਹ ਵਾਲੇ ਪੱਤਰ 9ਸੀ ਦੀ ਨਿਰੰਤਰਤਾ 'ਚ, ਮੈਂ ਪਹਿਲੀ ਵਿਸਤ੍ਰਿਤ ਰਿਪੋਰਟ ਦੀ ਸੂਚਨਾ-ਕਾਪੀ ਭੇਜ ਰਿਹਾ ਹਾਂ, ਜੋ ਕੂਕਿਆਂ ਦੀ ਹਾਲੀਆ ਬਗ਼ਾਵਤ ਬਾਰੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਤੋਂ ਪ੍ਰਾਪਤ ਹੋਈ ਹੈ।

## 82

*ਮਿਤੀ ਲੁਧਿਆਣਾ, 17 ਜਨਵਰੀ, 1872*

ਵੱਲੋਂ

ਟੀ.ਡੀ. ਫ਼ਾਰਸਿਥ ਐਸਕ. ਸੀਬੀ,

ਕਮਿਸ਼ਨਰ ਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ।

ਵੱਲ

ਐੱਲ. ਕਾਵਨ ਐਸਕ.,

ਡਿਪਟੀ ਕਮਿਸ਼ਨਰ, ਲੁਧਿਆਣਾ।

ਤੁਹਾਡਾ ਪੱਤਰ ਮਿਤੀ ਕੋਟਲਾ 16 ਜਨਵਰੀ, ਸ਼ਾਮੀਂ 7:30 ਵਜੇ ਦਾ ਪ੍ਰਾਪਤ ਹੋ ਗਿਆ ਹੈ।

2. ਹੁਣ ਪਟਿਆਲਾ ਖੇਤਰ 'ਚ ਗ੍ਰਿਫ਼ਤਾਰ ਕੀਤੀ ਕੂਕਿਆਂ ਦੀ ਟੋਲੀ ਨੇ ਦੋ ਵੱਖੋ-ਵੱਖਰੇ ਅਪਰਾਧ ਕੀਤੇ ਹਨ। ਇੱਕ ਅਪਰਾਧ ਨੇ ਬ੍ਰਿਟਿਸ਼ ਅਧਿਕਾਰ-ਖੇਤਰ ਨੂੰ ਅਤੇ ਦੂਜੇ ਅਪਰਾਧ ਨੇ ਮਲੇਰਕੋਟਲਾ ਦੇ ਨੀਮ-ਆਜ਼ਾਦ ਅਧਿਕਾਰ-ਖੇਤਰ ਨੂੰ ਪ੍ਰਭਾਵਿਤ ਕੀਤਾ ਹੈ।

3. ਜਿੱਥੋਂ ਤੱਕ ਮਲੇਰਕੋਟਲਾ 'ਚ ਹੋਏ ਅਪਰਾਧਾਂ ਦਾ ਮਾਮਲਾ ਹੈ, ਅਧਿਕਾਰੀਆਂ ਨੂੰ ਉੱਥੇ ਉਨ੍ਹਾਂ ਅਪਰਾਧੀਆਂ ਦੀ ਸੁਣਵਾਈ ਕਰਨ ਤੇ ਸਜ਼ਾ ਦੇਣ ਦਾ ਪੂਰਾ ਅਧਿਕਾਰ ਹੈ, ਅਤੇ ਜੇ ਮੌਤ ਦੀ ਸਜ਼ਾ ਦੇਣੀ ਹੋਵੇ ਤਾਂ ਉਸ ਦੀ ਪ੍ਰਵਾਨਗੀ ਲਈ ਉਹ ਕੇਸ ਕਮਿਸ਼ਨਰ ਨੂੰ ਭੇਜਿਆ ਜਾਵੇ।

4. ਮੇਰੀ ਬੇਨਤੀ ਹੈ ਕਿ ਜੇ ਤੁਹਾਨੂੰ ਕੋਈ ਮਾਮਲਾ ਮੌਤ ਦੀ ਸਜ਼ਾ ਦੇ ਯੋਗ ਜਾਪਦਾ ਹੈ ਤਾਂ ਤੁਸੀਂ ਤੁਰੰਤ ਉਸ ਦਾ ਕੇਸ ਤਿਆਰ ਕਰ ਕੇ ਭੇਜੋ ਤੇ ਮੈਂ ਤੁਰੰਤ ਹੁਕਮ ਜਾਰੀ ਕਰ ਦੇਵਾਂਗਾ; ਜਿਹੜੀ ਤੁਸੀਂ ਤੁਰਤ-ਫੁਰਤ ਕਾਰਵਾਈ ਦੀ ਇੱਛਾ ਪ੍ਰਗਟਾਈ ਹੈ; ਤਾਂ ਇਹ ਕੇਸ ਓਨਾ ਜ਼ਰੂਰੀ ਨਹੀਂ ਹੈ ਕਿ ਜਿਸ ਲਈ ਅਸੀਂ ਆਪਣੇ ਕੋਲ ਮੌਜੂਦ ਸਾਧਾਰਣ ਜਿਹੀ ਕਾਰਜ-ਵਿਧੀ ਦਾ ਹੀ ਤਿਆਗ ਕਰ ਦੇਈਏ।

5. ਮੇਰਾ ਬਹੁਤ ਛੇਤੀ ਮਲੇਰਕੋਟਲਾ ਜਾਣ ਦਾ ਪ੍ਰਸਤਾਵ ਹੈ।

## 83

*ਮਿਤੀ 17 ਜਨਵਰੀ, 1872*

ਵੱਲੋਂ

ਡਿਪਟੀ ਕਮਿਸ਼ਨਰ,
ਲੁਧਿਆਣਾ।

ਵੱਲ

ਕਮਿਸ਼ਨਰ, ਅੰਬਾਲਾ ਡਿਵੀਜ਼ਨ।

ਤੁਹਾਡੀ ਤਾਰ ਦੇ ਜਵਾਬ ਵਿੱਚ, ਜੋ ਮੈਨੂੰ ਦੇਰੀ ਨਾਲ ਮਿਲੀ ਕਿਉਂਕਿ ਜਦੋਂ ਇਹ ਪੁੱਜੀ ਸੀ ਤਾਂ ਮੈਂ ਥੋੜ੍ਹਾ ਹੀ ਸਮਾਂ ਪਹਿਲਾਂ ਮਲੌਦ ਰਵਾਨਾ ਹੋ ਗਿਆ ਸਾਂ, ਮੈਂ ਬੀਤੀ ਸ਼ਾਮ ਤੁਹਾਨੂੰ ਬਹੁਤ ਕਾਹਲ਼ੀ 'ਚ ਚਿੱਠੀ ਲਿਖੀ ਸੀ ਕਿ ਅਮਨ ਪੂਰੀ ਤਰ੍ਹਾਂ ਬਹਾਲ ਹੋ ਗਿਆ ਹੈ, ਇਸ ਲਈ ਹੁਣ ਤੁਹਾਡਾ ਕੋਟਲਾ ਆਉਣਾ ਜ਼ਰੂਰੀ ਨਹੀਂ ਹੈ। ਮੈਂ ਹੁਣ ਉਹ ਸਭ ਵਰਨਣ ਕਰਦਾ ਹਾਂ, ਜੋ ਕੁਝ ਇੱਥੇ ਵਾਪਰਿਆ ਸੀ।

2. ਮੈਂ ਕੱਲ੍ਹ ਮਲੌਦ ਦੇ ਮਾਮਲੇ ਦੀ ਜਾਂਚ ਮੁਕੰਮਲ ਕੀਤੀ। ਸੱਤ ਕੈਦੀਆਂ ਦੀ ਸੁਣਵਾਈ ਕੀਤੀ ਗਈ, ਉਨ੍ਹਾਂ 'ਚੋਂ ਚਾਰ ਜਣੇ ਫੱਟੜ ਸਨ; ਉਨ੍ਹਾਂ ਨੂੰ ਰੰਗੇ-ਹੱਥੀਂ ਫੜਿਆ ਗਿਆ ਸੀ। ਗਵਾਹਾਂ ਤੇ ਉਨ੍ਹਾਂ ਵੱਲੋਂ ਕੀਤੇ ਗਏ ਆਪਣੇ ਇਕਬਾਲਾਂ ਨਾਲ ਉਨ੍ਹਾਂ ਵਿਰੁੱਧ ਮਾਮਲਾ ਬੇਹੱਦ ਫ਼ੈਸਲਾਕੁੰਨ ਬਣ ਗਿਆ ਹੈ। ਉਨ੍ਹਾਂ ਦੇ ਨਾਂਅ ਭਗਵਾਨ ਸਿੰਘ, ਗਿਆਨ ਸਿੰਘ ਤੇ ਥੰਮਣ ਸਿੰਘ ਨਿਵਾਸੀ ਪਟਿਆਲਾ ਰਿਆਸਤ ਅਤੇ ਅਲਾਵਲਪੁਰ, ਜ਼ਿਲ੍ਹਾ ਜਲੰਧਰ ਦਾ ਮਿਹਰ ਸਿੰਘ ਹਨ ਤੇ ਉਹ ਸਭ ਕੂਕੇ ਹਨ। ਇਸ ਵਿੱਚ ਕੁਝ ਸ਼ੱਕ ਹੈ ਕਿ ਕੀ ਤਿੰਨ ਹੋਰ ਵਿਅਕਤੀ ਵੀ ਇਸ ਹਮਲੇ 'ਚ ਸ਼ਾਮਲ ਸਨ ਜਾਂ ਨਹੀਂ; ਉਨ੍ਹਾਂ ਨੂੰ ਹੋਰ ਦੋਸ਼ਾਂ ਦੀ ਸੁਣਵਾਈ ਲਈ ਰੱਖਿਆ ਗਿਆ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਇਸੇ ਮਹੀਨੇ ਦੀ 13 ਤਰੀਕ ਨੂੰ ਭੈਣੀ ਵਿਖੇ ਪਟਿਆਲਾ 'ਚ ਸਕਰੌਦੀ ਦੇ ਹੀਰਾ ਸਿੰਘ ਤੇ ਲਹਿਣਾ ਸਿੰਘ ਦੋ ਅਜਿਹੇ ਵਿਅਕਤੀ ਹਨ ਜੋ ਪਹਿਲਾਂ ਚੰਗੇ ਖਾਂਦੇ-ਪੀਂਦੇ ਸਨ ਪਰ ਹੁਣ ਗ਼ਰੀਬ ਸਨ, ਉਨ੍ਹਾਂ ਲਗਭਗ 60 ਤੋਂ 100 ਕੂਕਿਆਂ ਦਾ ਗਿਰੋਹ ਇਕੱਠਾ ਕੀਤਾ। ਇਹ ਸਾਰੇ ਹੋਰਨਾਂ ਕੂਕਿਆਂ ਤੋਂ ਵੱਖ ਹੋ ਕੇ ਬੈਠੇ ਸਨ, ਜੋ ਬਾਬਾ ਰਾਮ ਸਿੰਘ ਜੀ ਦੇ ਦਰਸ਼ਨਾਂ ਤੇ ਅਰਦਾਸ ਤੇ ਗੁਰਬਾਣੀ ਕੀਰਤਨ ਆਦਿ ਲਈ ਪੁੱਜੇ ਸਨ, ਉੱਥੇ ਉਨ੍ਹਾਂ 'ਚ ਗੱਲਬਾਤ ਦੌਰਾਨ ਭੜਕਾਹਟ ਪੈਦਾ ਹੋਈ, ਤੇ ਫਿਰ ਉਨ੍ਹਾਂ ਬ੍ਰਿਟਿਸ਼ ਸਰਕਾਰ ਨੂੰ ਗਾਲ਼ਾਂ ਕੱਢੀਆਂ ਤੇ ਉਨ੍ਹਾਂ ਸਥਾਨਕ ਰਿਆਸਤਾਂ ਨੂੰ ਵੀ ਬੁਰਾ-ਭਲਾ ਆਖਿਆ, ਜਿਨ੍ਹਾਂ ਨੇ ਰਾਏਕੋਟ ਕਤਲ ਕਾਂਡ ਵਿੱਚ ਮਦਦ ਕੀਤੀ ਸੀ ਤੇ ਉਨ੍ਹਾਂ ਸੂਬਾ ਗਿਆਨੀ ਦੀ ਮੌਤ ਦਾ ਬਦਲਾ ਲੈਣ ਦਾ ਮਤਾ ਪਕਾਇਆ, ਜਿਨ੍ਹਾਂ ਨੂੰ ਲੁਧਿਆਣਾ 'ਚ ਇੱਕ ਮਹੀਨਾ ਪਹਿਲਾਂ ਫਾਂਸੀ ਦੇ ਦਿੱਤੀ ਗਈ ਸੀ। ਇਨ੍ਹਾਂ ਦੋਵਾਂ ਨੇ ਆਪਣੇ ਸਾਥੀ ਕੂਕਿਆਂ ਨੂੰ ਕਿਹਾ ਕਿ ਜੇ ਉਹ ਉਨ੍ਹਾਂ ਦੇ ਪਿੱਛੇ ਲੱਗਣਗੇ ਤਾਂ ਉਨ੍ਹਾਂ ਨੂੰ ਹਥਿਆਰ, ਘੋੜੇ ਤੇ ਧਨ ਮਿਲੇਗਾ। ਇਨ੍ਹਾਂ ਦੋਵਾਂ ਨੇ ਇਹ ਵੀ ਕਿਹਾ ਕਿ ਹਥਿਆਰ ਤੇ ਘੋੜੇ ਕੋਟਲਾ 'ਚੋਂ ਮਿਲਣਗੇ ਅਤੇ ਫਿਰ ਉਹ ਸੰਗਰੂਰ, ਨਾਭਾ ਤੇ ਪਟਿਆਲਾ ਵੱਲ

ਕੂਚ ਕਰਨਗੇ ਤੇ ਰਾਹ ਵਿੱਚ ਆਪਣੀ ਗਿਣਤੀ ਲੋੜ ਅਨੁਸਾਰ ਵਧਾਉਂਦੇ ਜਾਣਗੇ। ਬਾਬਾ ਰਾਮ ਸਿੰਘ ਜੀ ਨੇ ਪੁਲਿਸ ਦੇ ਡਿਪਟੀ ਸੁਪਰਇੰਟੈਂਡੈਂਟ ਸਰਫ਼ਰਾਜ਼ ਖ਼ਾਨ ਨੂੰ ਸੂਚਿਤ ਕੀਤਾ ਕਿ ਇਹ ਗਿਰੋਹ ਗੜਬੜੀ ਕਰਨ ਵਾਲਾ ਹੈ ਤੇ ਉਨ੍ਹਾਂ ਖ਼ੁਦ ਵੀ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਭੈਣੀ 'ਚ ਕੋਈ ਗੜਬੜੀ ਨਾ ਕਰਨ; ਬਾਬਾ ਜੀ ਰਾਮ ਸਿੰਘ ਜੀ ਦਾ ਇਹ ਵਿਰੋਧ ਪਤਾ ਨਹੀਂ ਚੰਗੇ ਵਿਸ਼ਵਾਸ ਨਾਲ ਹੀ ਕੀਤਾ ਗਿਆ ਸੀ ਕਿ ਜਾਂ ਉਨ੍ਹਾਂ ਦੀ ਇਹ ਕੋਈ ਡੂੰਘੇਰੀ ਚਾਲ ਸੀ, ਮੈਂ ਹਾਲੇ ਕੁਝ ਨਹੀਂ ਕਹਿ ਸਕਦਾ।

3. ਇਸੇ ਮਹੀਨੇ ਦੀ 13 ਤਰੀਕ ਨੂੰ ਬਾਅਦ ਦੁਪਹਿਰ ਲਗਭਗ 2 ਵਜੇ ਇਹ ਗਿਰੋਹ ਇਕੱਠਾ ਹੀ ਭੈਣੀ ਤੋਂ ਰਵਾਨਗੀ ਪਾ ਗਿਆ; ਉਹ ਰਾਮਪੁਰ 'ਚੋਂ ਦੀ ਹੁੰਦੇ ਹੋਏ ਪਾਇਲ ਪੁੱਜੇ ਤੇ ਫਿਰ 10 ਵਜੇ ਰਾਤੀਂ ਮਲੌਦ ਤੋਂ ਸਾਢੇ ਤਿੰਨ ਮੀਲ ਦੀ ਦੂਰੀ 'ਤੇ ਮੌਜੂਦ ਇੱਕ ਪਿੰਡ ਰੱਬੋਂ ਪੁੱਜੇ। ਉਹ ਰੱਬੋਂ ਤੋਂ ਲਗਭਗ 400-500 ਕਦਮਾਂ ਦੀ ਦੂਰੀ 'ਤੇ ਇੱਕ ਖੂਹ 'ਤੇ ਰੁਕ ਗਏ। ਸਾਹਨੇਵਾਲ ਦਾ ਡਿਪਟੀ ਸੁਪਰਇੰਟੈਂਡੈਂਟ (ਸਰਫ਼ਰਾਜ਼ ਖ਼ਾਨ) 13 ਤਰੀਕ ਦੀ ਰਾਤ ਨੂੰ ਇਸ ਗਿਰੋਹ ਦੀ ਭੈਣੀ ਤੋਂ ਰਵਾਨਗੀ ਦੀ ਰਿਪੋਰਟ ਦੇਣ ਲਈ ਲੁਧਿਆਣਾ ਆਇਆ ਅਤੇ ਰਾਤੀਂ 11 ਕੁ ਵਜੇ ਮੈਂ ਕੋਟਲਾ ਤੇ ਪਟਿਆਲਾ ਦੇ ਵਕੀਲਾਂ ਨੂੰ ਨੋਟਿਸ ਭੇਜ ਕੇ ਉਨ੍ਹਾਂ ਦੀ ਰਿਆਸਤਾਂ ਨੂੰ ਸਾਵਧਾਨ ਰਹਿਣ ਦੀ ਚੇਤਾਵਨੀ ਦੀ ਹਦਾਇਤ ਕੀਤੀ।

4. ਕੂਕਾ ਗਿਰੋਹ 13 ਅਤੇ 14 ਦੀ ਰਾਤ ਨੂੰ ਰੱਬੋਂ ਦੇ ਲਾਗੇ ਹੀ ਟਿਕਿਆ ਰਿਹਾ। ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਭੈਣੀ ਤੋਂ ਰਵਾਨਗੀ ਪਿੱਛੋਂ ਉਨ੍ਹਾਂ ਦੀ ਗਿਣਤੀ 'ਚ ਵਾਧਾ ਹੋਇਆ ਹੋਵੇ ਅਤੇ ਮੇਰਾ ਵਿਚਾਰ ਹੈ ਕਿ ਉਨ੍ਹਾਂ ਦੀ ਗਿਣਤੀ 150 ਤੋਂ ਵੱਧ ਨਹੀਂ ਸੀ। ਰੱਬੋਂ 'ਚ ਉਨ੍ਹਾਂ ਨੂੰ ਸ਼ਾਇਦ ਇਸ ਲਈ ਦੇਰੀ ਹੋ ਗਈ ਸੀ ਕਿਉਂਕਿ ਉਨ੍ਹਾਂ ਨੂੰ ਆਸ ਸੀ ਕਿ ਉਨ੍ਹਾਂ ਨਾਲ ਹੋਰ ਵੀ ਲੋਕ ਆ ਰਲਣਗੇ ਜਾਂ ਉਨ੍ਹਾਂ ਨੂੰ ਸ਼ੱਕ ਸੀ ਕਿ ਕੋਟਲਾ ਉੱਤੇ ਹਮਲੇ ਦੀ ਕੋਸ਼ਿਸ਼ ਵਿੱਚ ਉਹ ਕਾਮਯਾਬ ਹੋਣਗੇ ਜਾਂ ਨਹੀਂ। ਕੋਟਲਾ ਲਈ ਰਵਾਨਾ ਹੋਣ ਲੱਗੇ ਉਨ੍ਹਾਂ ਦੇ ਆਗੂਆਂ ਨੂੰ ਲੱਗਾ ਕਿ ਮਲੌਦ ਤੋਂ ਉਨ੍ਹਾਂ ਲਈ ਹਥਿਆਰ ਤੇ ਘੋੜੇ ਲੈਣੇ ਆਸਾਨ ਹੋਣਗੇ। ਇਹ ਨਿਸ਼ਚਤ ਹੈ ਕਿ ਭੈਣੀ ਤੋਂ ਰਵਾਨਗੀ ਸਮੇਂ ਉਨ੍ਹਾਂ ਦਾ ਮਲੌਦ 'ਤੇ ਹਮਲੇ ਦਾ ਕੋਈ ਇਰਾਦਾ ਨਹੀਂ ਸੀ।

5. ਇਹ ਗਿਰੋਹ ਸ਼ਾਮੀਂ ਰੱਬੋਂ ਤੋਂ ਰਵਾਨਾ ਹੋਇਆ ਤੇ ਹਨੇਰਾ ਹੋਣ ਤੱਕ ਮਲੌਦ ਪੁੱਜ ਗਿਆ। ਫਿਰ ਉਨ੍ਹਾਂ ਨੇ ਹਮਲਾ ਕੀਤਾ, ਜਿਸ ਦਾ ਵਰਨਣ ਮੈਂ ਪਿਛਲੀ ਚਿੱਠੀ 'ਚ ਕਰ ਚੁੱਕਾ ਹਾਂ। ਮਲੌਦ 'ਚ ਉਨ੍ਹਾਂ ਦੀ ਸਫ਼ਲਤਾ ਬਹੁਤ ਭੈੜੀ ਕਿਸਮ ਦੀ ਹੀ ਸੀ ਕਿਉਂਕਿ ਉਨ੍ਹਾਂ ਉੱਥੇ ਦੋ ਵਿਅਕਤੀਆਂ ਦਾ ਕਤਲ ਕੀਤਾ ਪਰ ਉਸ ਦਾ ਕੋਈ ਨਤੀਜਾ ਨਹੀਂ ਨਿਕਲਿਆ, ਸਰਦਾਰ ਥੋੜ੍ਹਾ ਜ਼ਖ਼ਮੀ ਹੋਇਆ ਤੇ ਤਿੰਨ ਘੋੜੇ, ਇੱਕ ਬੰਦੂਕ ਤੇ ਇੱਕ ਕ੍ਰਿਪਾਨ ਉਨ੍ਹਾਂ ਉੱਥੋਂ ਲਏ। ਇਸ ਦੇ ਬਦਲੇ ਉਨ੍ਹਾਂ ਨੂੰ ਆਪਣੇ ਦੋ ਸਾਥੀ ਸਦਾ ਲਈ ਗੁਆ ਲਏ ਅਤੇ ਚਾਰ ਹੋਰ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਕੈਦੀ ਬਣਾ ਲਿਆ ਗਿਆ। ਅਚਾਨਕ ਹੋਏ ਇਸ ਹਮਲੇ 'ਚ ਸਗੋਂ ਮਲੌਦ ਤੇ ਲਾਗਲੇ ਪਿੰਡ ਖੇੜੀ ਦੇ ਨਿਵਾਸੀਆਂ ਦੀ ਭੂਮਿਕਾ ਵਰਨਣਯੋਗ ਰਹੀ, ਜਿਹੜੇ ਢੋਲ ਦੇ ਨਗਾਰਿਆਂ ਦੀ ਆਵਾਜ਼ ਸੁਣ ਕੇ ਇਕੱਠੇ ਹੋ ਕੇ ਮਲੌਦ ਪੁੱਜੇ ਤੇ ਜਦ ਤੱਕ ਕੂਕੇ ਉੱਥੋਂ ਜਾ ਚੁੱਕੇ ਸਨ ਤੇ ਉਹ ਉੱਥੇ ਬੇਹੱਦ ਸਹਾਈ ਸਿੱਧ ਹੋਏ।

6. ਕੂਕੇ ਤਦ ਮਲੌਦ ਤੋਂ 9 ਕਿਲੋਮੀਟਰ ਦੂਰ ਕੋਟਲਾ ਵੱਲ ਨੂੰ ਵਧੇ ਤੇ 15 ਤਰੀਕ ਦੀ ਸਵੇਰ ਨੂੰ ਕੋਟਲਾ ਪੁੱਜ ਗਏ। ਉਂਞ ਇਸ ਛੋਟੀ ਜਿਹੀ ਰਿਆਸਤ ਦੇ ਅਹਿਲਕਾਰਾਂ ਤੱਕ 14 ਦੀ ਸ਼ਾਮ ਨੂੰ ਹੀ ਹਮਲੇ ਦੇ ਖ਼ਦਸ਼ੇ ਦੀ ਸੂਚਨਾ ਪੁੱਜ ਚੁੱਕੀ ਸੀ ਤੇ ਇਸੇ ਲਈ ਰਾਤ ਸਮੇਂ ਤੋਂ ਹੀ ਨਗਰ ਦੇ ਆਲੇ-ਦੁਆਲੇ ਕੁਝ ਗਸ਼ਤੀ ਟੁਕੜੀਆਂ ਤਾਇਨਾਤ ਕਰ ਦਿੱਤੀਆਂ ਗਈਆਂ ਸਨ ਤੇ ਇਸ ਦੇ ਨਾਲ ਹੀ ਮੁੱਖ ਦਰਵਾਜ਼ਿਆਂ 'ਤੇ ਰਾਖਿਆਂ ਨੂੰ ਮਜ਼ਬੂਤ ਕਰ ਦਿੱਤਾ ਗਿਆ ਸੀ। 15 ਤਰੀਕ ਦੀ ਸਵੇਰ ਨੂੰ ਇਹ ਸਾਵਧਾਨੀਆਂ ਹਟਾ ਦਿੱਤੀਆਂ ਗਈਆਂ ਸਨ ਕਿ ਤਦ ਹੀ ਕੂਕਿਆਂ ਦੇ ਗਿਰੋਹ ਨੇ ਸਵੇਰੇ 7 ਵਜੇ ਹੀ ਅਚਾਨਕ ਹਮਲਾ ਬੋਲ ਦਿੱਤਾ। ਉਹ ਮਹੱਲ ਤੇ ਖ਼ਜ਼ਾਨੇ ਵੱਲ ਵਧਣਾ ਚਾਹੁੰਦੇ ਸਨ ਪਰ ਉਨ੍ਹਾਂ ਦਾ ਮੁਕਾਬਲਾ ਕੋਤਵਾਲ ਅਹਿਮਦ ਖ਼ਾਨ ਤੇ ਉਸ ਨਾਲ ਕੁਝ ਹੋਰ ਸਾਥੀਆਂ ਨੇ ਕੀਤਾ। ਅਹਿਮਦ ਖ਼ਾਨ ਨੇ ਇਸ ਜੰਗ ਦੌਰਾਨ ਬਹੁਤ ਜ਼ਿਆਦਾ ਬਹਾਦਰੀ ਵਿਖਾਈ ਪਰ ਉਹ ਇਸ ਦੌਰਾਨ ਮਾਰਿਆ ਗਿਆ ਅਤੇ ਇਸੇ ਭੰਬਲ਼ਭੂਸੇ 'ਚ ਉੱਥੇ 7 ਹੋਰ ਵਿਅਕਤੀ ਮਾਰੇ ਗਏ ਤੇ 15 ਹੋਰ ਫੱਟੜ ਹੋ ਗਏ। ਕੂਕੇ ਖ਼ਜ਼ਾਨੇ ਤੱਕ ਪੁੱਜਣ 'ਚ ਨਾਕਾਮ ਰਹੇ ਅਤੇ ਦੋ ਘੋੜੇ ਤੇ ਕੁਝ ਕ੍ਰਿਪਾਨਾਂ ਲੈਣ ਤੋਂ ਬਾਅਦ ਉਨ੍ਹਾਂ ਨੂੰ ਉੱਥੋਂ ਪਿੱਛੇ ਹਟਣਾ ਪਿਆ, ਜਦ ਨੂੰ ਉੱਥੇ ਕੋਟਲਾ ਦੇ ਹਥਿਆਰਬੰਦ ਲੋਕ ਇਕੱਠੇ ਹੋ ਗਏ । ਜੰਗ ਚੱਲਦੀ ਰਹੀ ਤੇ ਲੰਮੇ ਸ਼ੌਟ ਦਾਗੇ ਗਏ ਤੇ ਹੋਰ ਬਹੁਤ ਸਾਰੇ ਕੂਕੇ ਫੱਟੜ ਹੋ ਗਏ ਤੇ ਇੰਞ ਹੀ ਦੋਵੇਂ ਧਿਰਾਂ ਲੜਦੀਆਂ ਹੋਈਆਂ ਪਟਿਆਲਾ ਰਿਆਸਤ ਦੇ ਪਿੰਡ ਰੜ੍ਹ ਪੁੱਜ ਗਈਆਂ। ਕੋਟਲਾ ਦੇ ਹਥਿਆਰਬੰਦਾਂ ਨੇ ਸਾਰੇ ਜ਼ਖ਼ਮੀ ਕੂਕੇ ਆਪਣੇ ਨਾਲ ਲੈ ਲਏ। ਉੱਥੇ ਹੀ ਇੱਕ ਜ਼ਖ਼ਮੀ ਕੂਕੇ ਨੇ ਕੋਟਲਾ ਦੇ ਅਧਿਕਾਰੀਆਂ ਨੂੰ ਦੱਸਿਆ ਕਿ ਇਸ ਗਿਰੋਹ ਦੀ ਮਨਸ਼ਾ ਪਰਤ ਕੇ ਕੋਟਲਾ 'ਤੇ ਇੱਕ ਵਾਰ ਹੋਰ ਹਮਲਾ ਕਰਨ ਦੀ ਸੀ ਤੇ ਪਟਿਆਲਾ ਸਥਿਤ ਸ਼ੇਰਪੁਰ ਦੇ ਅਧਿਕਾਰੀਆਂ ਨੂੰ ਸੂਚਨਾ ਭੇਜਣ ਪਿੱਛੋਂ ਪਰਤ ਜਾਣ 'ਚ ਸਿਆਣਪ ਸਮਝੀ ਗਈ ਸੀ।

7. ਕੋਟਲਾ 'ਤੇ ਹਮਲੇ ਦੀ ਪਹਿਲੀ ਸੂਚਨਾ ਮਿਲਣ 'ਤੇ ਰੜ੍ਹ ਵਿਖੇ ਕੂਕਿਆਂ ਦੀ ਆਮਦ 'ਤੇ ਸ਼ੇਰਪੁਰ ਦਾ ਨਾਇਬ ਨਿਜ਼ਾਮ ਤਿੰਨ ਘੁੜਸਵਾਰਾਂ ਨਾਲ ਰੜ੍ਹ ਗਿਆ। ਉਸ ਨੇ ਪਿੰਡ ਬਿਲਕੁਲ ਸੁੰਨਾ ਪਾਇਆ, ਕਿਉਂਕਿ ਪਿੰਡ ਦੇ ਜੱਟ ਪਹਿਲਾਂ ਹੀ ਹਮਲੇ ਦੀ ਭਿਣਕ ਪਾ ਕੇ ਆਪਣੇ ਪਰਿਵਾਰਾਂ ਸਮੇਤ ਉੱਥੋਂ ਚਲੇ ਗਏ ਸਨ ਅਤੇ ਕੂਕੇ ਪਿੰਡ ਤੋਂ ਥੋੜ੍ਹੀ ਦੂਰੀ ਸਥਿਤ ਇੱਕ ਜੰਗਲ 'ਚ ਹੀ ਟਿਕੇ ਰਹੇ। ਕੂਕਿਆਂ ਨੇ ਪਹਿਲਾਂ ਤਾਂ ਉੱਥੇ ਲੜਨ ਦੀ ਸੋਚੀ ਤੇ ਕ੍ਰਿਪਾਨਾਂ ਸੂਤ ਕੇ ਨਾਇਬ ਨਾਜ਼ਿਮ ਵੱਲ ਵਧੇ ਤੇ ਇਸ ਦੌਰਾਨ ਉਹ ਉੱਚੀ-ਉੱਚੀ ਸਾਹਮਣੇ ਵਾਲੀ ਧਿਰ ਨੂੰ ਬੁਰਾ-ਭਲਾ ਆਖ ਰਹੇ ਸਨ ਪਰ ਇਹ ਮਹਿਜ਼ ਗਿੱਦੜ-ਧਮਕੀ ਹੀ ਸੀ; ਉਹ ਬਦਮਾਸ਼ ਪੂਰੀ ਤਰ੍ਹਾਂ ਡਰ ਕੇ ਬੈਠ ਗਏ ਸਨ। ਉਹ ਭੁੱਖੇ ਤੇ ਹੰਭੇ ਹੋਏ ਸਨ ਅਤੇ ਉਨ੍ਹਾਂ ਨਾਲ ਬਹੁਤ ਸਾਰੇ ਜ਼ਖ਼ਮੀ ਸਾਥੀ ਵੀ ਸਨ ਅਤੇ ਉੱਥੇ ਥੋੜ੍ਹੇ ਜਿਹੇ ਵਿਚਾਰ-ਵਟਾਂਦਰੇ ਤੋਂ ਬਾਅਦ ਉਨ੍ਹਾਂ ਆਪਣੇ ਹਥਿਆਰ ਸੁੱਟ ਦਿੱਤੇ, ਉਨ੍ਹਾਂ ਦੀਆਂ ਬਹੁਤੀਆਂ ਕ੍ਰਿਪਾਨਾਂ ਖ਼ੂਨ ਨਾਲ ਲਿੱਬੜੀਆਂ ਹੋਈਆਂ ਸਨ। ਉਨ੍ਹਾਂ ਉੱਥੇ ਆਤਮਸਮਰਪਣ ਕਰ ਦਿੱਤਾ, ਇੱਥੇ 68 ਕੂਕਿਆਂ (ਇੱਕ ਔਰਤ ਸਮੇਤ) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਇਹ ਸਾਰੇ ਹੀ ਮਲੌਦ ਤੇ ਕੋਟਲਾ ਦੇ

ਹਮਲਿਆਂ ਵੇਲੇ ਮੌਜੂਦ ਸਨ। ਇਨ੍ਹਾਂ 'ਚੋਂ 29 ਜਣੇ ਜ਼ਖ਼ਮੀ ਸਨ, ਜਿਨ੍ਹਾਂ 'ਚੋਂ 7 ਦੀ ਹਾਲਤ ਗੰਭੀਰ ਬਣੀ ਹੋਈ ਸੀ। ਇਨ੍ਹਾਂ ਕੈਦੀਆਂ ਬਾਰੇ ਸ਼ੇਰਪੁਰ ਦੇ ਕਿਲ੍ਹੇ ਨੂੰ ਸੂਚਿਤ ਕੀਤਾ ਗਿਆ। ਮੈਂ ਉਨ੍ਹਾਂ ਨੂੰ ਸੱਦਿਆ ਹੈ। ਨਾਭਾ ਤੇ ਜੀਂਦ ਦੇ ਰਾਜਿਆਂ ਨੇ ਸੁਰੱਖਿਆ ਬਲ ਭੇਜਣ ਦੀ ਮੇਰੀ ਬੇਨਤੀ 'ਤੇ ਪੂਰੀ ਚੁਸਤੀ ਵਿਖਾਈ। ਸੂਚਨਾ ਮਿਲਣ ਦੇ ਅੱਧੇ ਘੰਟੇ ਤੋਂ ਵੀ ਘੱਟ ਸਮੇਂ ਅੰਦਰ ਉਨ੍ਹਾਂ ਹਥਿਆਰਬੰਦ, ਘੁੜਸਵਾਰ ਤੇ ਪੈਦਲ ਸੈਨਾ ਦੇ ਦਸਤੇ ਕੋਟਲਾ ਭੇਜ ਦਿੱਤੇ। ਮੈਨੂੰ ਆਸ ਹੈ ਕਿ ਇਹ ਫ਼ੌਜੀ ਦਸਤੇ ਅੱਜ ਸ਼ਾਮੀਂ ਜਾਂ ਭਲਕੇ ਪਰਤ ਜਾਣਗੇ।

8. ਮੈਂ ਜਦੋਂ ਪਹਿਲੀ ਵਾਰ ਕੋਟਲਾ 'ਤੇ ਹਮਲੇ ਬਾਰੇ ਸੁਣਿਆ, ਤਾਂ ਮੈਨੂੰ ਹਾਲਤ ਬਹੁਤ ਗੰਭੀਰ ਜਾਪੀ ਤੇ ਮੈਂ ਤਾਰ ਭੇਜੀ ਕਿ ਫ਼ੌਜੀ ਦਸਤੇ ਭੇਜੇ ਜਾ ਸਕਦੇ ਹਨ। ਮਲੌਦ ਤੇ ਕੋਟਲਾ 'ਤੇ ਹਮਲਿਆਂ ਦੀਆਂ ਵੱਡੀਆਂ ਵਾਰਦਾਤਾਂ ਨੂੰ ਉਨ੍ਹਾਂ ਹੀ ਲੋਕਾਂ ਨੇ ਅੰਜਾਮ ਦਿੱਤਾ ਸੀ, ਜਿਨ੍ਹਾਂ ਨੇ ਅੰਮ੍ਰਿਤਸਰ ਤੇ ਰਾਏਕੋਟ ਦੇ ਕਤਲ ਕੀਤੇ ਸਨ ਤੇ ਮੈਨੂੰ ਇਹ ਸਭ ਕਿਸੇ ਡਕੈਤੀ ਤੋਂ ਵੀ ਵੱਧ ਜਾਪਿਆ। ਇਹ ਇੱਕ ਬਗ਼ਾਵਤ ਹੀ ਜਾਪਦੀ ਹੈ ਤੇ ਮੈਨੂੰ ਭਰੋਸਾ ਹੈ ਕਿ ਮੈਂ ਆਪਣੀਆਂ ਪਹਿਲੀਆਂ ਰਿਪੋਰਟਾਂ 'ਚ ਕੋਈ ਬੇਲੋੜੀ ਚੇਤਾਵਨੀ ਨਹੀਂ ਦਿੱਤੀ ਸੀ।

9. ਇਹ ਪਤਾ ਲੱਗਾ ਹੈ ਕਿ ਇਹ ਗੜਬੜੀ ਪਟਿਆਲਾ ਰਿਆਸਤ ਦੇ ਪਿੰਡ ਸਕਰੌਦੀ ਵਾਸੀ ਦੋ ਵਿਅਕਤੀਆਂ ਹੀਰਾ ਸਿੰਘ ਤੇ ਲਹਿਣਾ ਸਿੰਘ ਵੱਲੋਂ ਕੀਤੀ ਗਈ ਸੀ। ਇਹ ਵਿਅਕਤੀ ਪਹਿਲਾਂ ਚੰਗੇ ਅਮੀਰ ਹੁੰਦੇ ਸਨ ਪਰ ਬਾਅਦ 'ਚ ਉਨ੍ਹਾਂ 'ਤੇ ਗ਼ਰੀਬੀ ਛਾ ਗਈ ਸੀ ਤੇ ਉਹ ਨਿਰਾਸ਼ ਹੋ ਗਏ ਸਨ। ਉਨ੍ਹਾਂ ਬੇਹੱਦ ਅਗਿਆਨੀ ਕਿਸਮ ਦੇ ਅਨੇਕ ਕੂਕਿਆਂ ਨੂੰ ਆਪਣੀਆਂ ਗੱਲਾਂ ਦੇ ਜਾਲ਼ 'ਚ ਫਸਾ ਲਿਆ, ਜੋ ਉਂਝ ਹੀ ਥੋੜ੍ਹੀ ਜਿੰਨੀ ਗੱਲ 'ਤੇ ਹੀ ਜੋਸ਼ 'ਚ ਆ ਜਾਂਦੇ ਹਨ ਤੇ ਉਹ ਉਨ੍ਹਾਂ ਨਾਲ ਜੁੜ ਗਏ; ਬੱਸ ਉਨ੍ਹਾਂ ਦਾ ਪਹਿਲਾ ਮਕਸਦ ਸਿਰਫ਼ ਲੁੱਟਮਾਰ ਕਰਨਾ ਹੀ ਹੈ। ਇਨ੍ਹਾਂ ਦੋਵੇਂ ਆਗੂਆਂ ਦਾ ਅਸਲ ਮਕਸਦ ਕੀ ਸੀ, ਇਹ ਕਹਿਣਾ ਔਖਾ ਹੈ। ਇੱਕ ਆਗੂ ਲਹਿਣਾ ਸਿੰਘ ਨੂੰ ਰੜ੍ਹ ਵਿਖੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ; ਦੂਜੇ ਹੀਰਾ ਸਿੰਘ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਕੋਟਲਾ 'ਚ ਮਾਰਿਆ ਗਿਆ ਸੀ ਪਰ ਹਾਲੇ ਉਸ ਦੀ ਲਾਸ਼ ਦੀ ਸ਼ਨਾਖ਼ਤ ਨਹੀਂ ਹੋਈ।

10. ਤਿੰਨ ਦਿਨਾਂ ਦੇ ਛੋਟੇ ਜਿਹੇ ਸਮੇਂ ਦੌਰਾਨ ***ਬਾਗ਼ੀਆਂ ਦਾ ਨਿਮਨਲਿਖਤ ਅਨੁਸਾਰ ਨੁਕਸਾਨ ਹੋਇਆ:***

| | |
|---|---|
| ਮਲੌਦ 'ਚ | 2 ਮਾਰੇ ਗਏ, 4 ਜ਼ਖ਼ਮੀ ਤੇ ਗ੍ਰਿਫ਼ਤਾਰ ਹੋਏ। |
| ਕੋਟਲਾ 'ਚ | 7 ਮਾਰੇ ਗਏ, 5 ਗ੍ਰਿਫ਼ਤਾਰ ਹੋਏ। |
| ਰੜ੍ਹ 'ਚ | 68 ਗ੍ਰਿਫ਼ਤਾਰ ਹੋਏ, ਜਿਨ੍ਹਾਂ 'ਚੋਂ 29 ਫੱਟੜ ਸਨ। |

***ਉਨ੍ਹਾਂ ਨੇ ਇਹ ਨੁਕਸਾਨ ਕੀਤਾ:***

| | |
|---|---|
| ਮਲੌਦ 'ਚ | 2 ਮਾਰੇ, 2 ਜ਼ਖ਼ਮੀ ਕੀਤੇ। |
| ਕੋਟਲਾ 'ਚ | 8 ਮਾਰੇ, 15 ਜ਼ਖ਼ਮੀ ਕੀਤੇ। |
| **ਕੁੱਲ ਜੋੜ** | **10 ਮਾਰੇ, 17 ਜ਼ਖ਼ਮੀ ਕੀਤੇ।** |

ਸਮੁੱਚੇ ਗਿਰੋਹ ਦੇ ਘੱਟੋ-ਘੱਟ ਦੋ-ਤਿਹਾਈ ਮੈਂਬਰ ਮਾਰੇ ਗਏ ਹਨ ਜਾਂ ਜ਼ਖ਼ਮੀ ਹੋਏ ਹਨ ਤੇ ਜਾਂ ਗ੍ਰਿਫ਼ਤਾਰ ਕਰ ਲਏ ਗਏ ਹਨ। ਬਾਕੀਆਂ ਦੀ ਭਾਲ਼ ਜਾਰੀ ਹੈ ਤੇ ਉਨ੍ਹਾਂ 'ਚੋਂ ਬਹੁਤਿਆਂ ਨੂੰ ਕਾਬੂ ਕਰ ਲਿਆ ਜਾਵੇਗਾ।

11. ਮੈਨੂੰ ਆਸ ਹੈ ਕਿ ਘੰਟੇ ਕੁ ਤੱਕ ਕੈਦੀ ਰੜ੍ਹ ਤੋਂ ਇੱਥੇ ਅੱਪੜ ਜਾਣਗੇ। ਮੇਰੀ ਤਜਵੀਜ਼ ਹੈ ਕਿ ਉਨ੍ਹਾਂ ਸਾਰਿਆਂ ਨੂੰ ਇੱਕੋ ਵਾਰੀ 'ਚ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ, ਜਿਹੜੇ ਮਲੌਦ ਤੇ ਕੋਟਲਾ ਦੇ ਹਮਲਿਆਂ 'ਚ ਸ਼ਾਮਲ ਸਨ। ਮੈਂ ਆਪਣੀ ਵੱਡੀ ਜ਼ਿੰਮੇਵਾਰੀ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹਾਂ, ਮੈਂ ਇੱਕ ਅਜਿਹਾ ਅਧਿਕਾਰ ਲੈਂਦਾ ਹਾਂ, ਜੋ ਮੇਰੇ ਕੋਲ ਨਹੀਂ ਹੈ ਪਰ ਕਿਉਂਕਿ ਇਹ ਮਾਮਲਾ ਬਿਲਕੁਲ ਵਿਲੱਖਣ ਕਿਸਮ ਦਾ ਹੈ। ਇਹ ਲੋਕ ਸਾਧਾਰਣ ਅਪਰਾਧੀ ਨਹੀਂ ਹਨ। ਉਹ ਬਾਗ਼ੀ ਹਨ ਤੇ ਉਨ੍ਹਾਂ ਦਾ ਇੱਕੋ-ਇੱਕ ਮਕਸਦ ਲੁੱਟਮਾਰ ਕਰਨਾ ਤੇ ਅੰਤ 'ਚ ਹੁਕਮਾਂ ਦੀਆਂ ਧੱਜੀਆਂ ਉਡਾਉਣਾ ਹੈ। ਇਹ ਪੱਕਾ ਹੈ ਕਿ ਜੇ ਕਿਤੇ ਉਨ੍ਹਾਂ ਦੀ ਪਹਿਲੀ ਕੋਸ਼ਿਸ਼ ਕਾਮਯਾਬ ਹੋ ਜਾਂਦੀ, ਜੇ ਉਹ ਹਥਿਆਰ ਹਾਸਲ ਕਰਨ 'ਚ ਸਫ਼ਲ ਹੋ ਜਾਂਦੇ ਤਾਂ ਘੋੜੇ ਅਤੇ ਖ਼ਜ਼ਾਨਾ ਪ੍ਰਾਪਤ ਕਰ ਲੈਂਦੇ, ਤਾਂ ਦੇਸ਼ ਭਰ ਦੇ ਸਾਰੇ ਹੀ ਵਿਹਲੇ ਘੁੰਮਣ ਵਾਲੇ ਲੋਕਾਂ ਨੇ ਇਨ੍ਹਾਂ ਨਾਲ ਆ ਕੇ ਰਲ਼ ਜਾਣਾ ਸੀ ਤੇ ਉਸ ਤੋਂ ਜਿਹੜੀ ਤਬਾਹੀ ਹੋਣੀ ਸੀ, ਉਸ ਦਾ ਕੋਈ ਅੰਤ ਨਹੀਂ ਸੀ ਹੋਣਾ। ਕੋਟਲਾ 'ਚ ਸਮੇਂ ਸਿਰ ਅਗਾਊਂ ਕਾਰਵਾਈ ਕੀਤੇ ਹੋਣ ਕਰਕੇ ਪਹਿਲੀਆਂ ਕੋਸ਼ਿਸ਼ਾਂ ਨੂੰ ਹੀ ਮਾਤ ਦੇ ਦਿੱਤੀ ਗਈ ਅਤੇ ਪਟਿਆਲਾ ਦੇ ਅਧਿਕਾਰੀਆਂ ਦੀ ਸਰਗਰਮ ਮਿਹਨਤ ਸਦਕਾ ਬਗ਼ਾਵਤ ਦੀ ਇਹ ਨਿਖੇਧੀਯੋਗ ਕੋਸ਼ਿਸ਼ ਨਾਕਾਮ ਕਰ ਦਿੱਤੀ ਗਈ ਪਰ ਹੋਰ ਲੋਕ ਕਿਤੇ ਇਨ੍ਹਾਂ ਦੀ ਰੀਸ ਨਾ ਕਰਨ, ਇਸ ਲਈ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਤੁਰੰਤ ਰੋਕਣਾ ਹੋਵੇਗਾ ਅਤੇ ਇਸ ਸਬੰਧੀ ਤੁਰੰਤ, ਸਖ਼ਤ ਤੇ ਖ਼ਤਰਨਾਕ ਚੇਤਾਵਨੀ ਜਾਰੀ ਹੋਣੀ ਚਾਹੀਦੀ ਹੈ। ਮੈਨੂੰ ਪੱਕਾ ਭਰੋਸਾ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਰੰਗੇ-ਹੱਥੀਂ ਫੜੇ ਗਏ ਸਾਰੇ ਕੈਦੀਆਂ ਨੂੰ ਤੁਰੰਤ ਮੌਤ ਦੀ ਸਜ਼ਾ ਦੇਣ ਦੀ ਪ੍ਰਵਾਨਗੀ ਦੇਵੇਗੀ।

## 84

*ਮਿਤੀ 17 ਜਨਵਰੀ, 1872*

ਵੱਲੋਂ

ਟੀ.ਡੀ. ਫ਼ਾਰਸਿਥ ਐਸਕ. ਸੀਬੀ,
ਕਾਰਜਕਾਰੀ ਕਮਿਸ਼ਨਰ, ਅੰਬਾਲਾ ਡਿਵੀਜ਼ਨ।

ਵੱਲ

ਲੈਫ਼ਟੀਨੈਂਟ ਕਰਨਲ ਜੇ.ਸੀ.ਪੀ. ਬੇਲੀ,
ਕਾਰਜਕਾਰੀ ਡਿਪਟੀ ਇੰਸਪੈਕਟਰ ਜਨਰਲ ਆੱਫ਼ ਪੁਲਿਸ,
ਲੁਧਿਆਣਾ ਸਰਕਲ।

ਮੇਰੀ ਤੁਹਾਨੂੰ ਬੇਨਤੀ ਹੈ ਕਿ ਤੁਸੀਂ 10ਵੀਂ ਬੰਗਾਲ ਘੁੜਸਵਾਰ ਫ਼ੌਜੀ ਦੇ 25

ਸਵਾਰਾਂ ਤੇ ਲੁਧਿਆਣਾ ਲਾਈਨਜ਼ ਦੀ ਸਾਰੀ ਪੁਲਿਸ ਨੂੰ ਨਾਲ ਲੈ ਕੇ ਪਿੰਡ ਭੈਣੀ ਪੁੱਜੋ ਅਤੇ ਸਾਰੇ ਸੂਬਿਆਂ ਤੇ ਕੂਕਿਆਂ, ਜੋ ਵੀ ਉੱਥੇ ਹੋਣ, ਨੂੰ ਚੁੱਪਚਾਪ ਲੈ ਕੇ ਲੁਧਿਆਣਾ ਪੁੱਜੋ। ਇਨ੍ਹਾਂ ਵਿਅਕਤੀਆਂ ਕੋਲ ਕਿਸੇ ਕਿਸਮ ਦੇ ਗੰਡਾਸੇ, ਡਾਂਗਾਂ ਜਾਂ ਹੋਰ ਕਿਸੇ ਕਿਸਮ ਦੇ ਕੋਈ ਹਥਿਆਰ ਨਹੀਂ ਹੋਣੇ ਚਾਹੀਦੇ। ਇਨ੍ਹਾਂ ਵਿਅਕਤੀਆਂ ਨੂੰ ਪਿੰਡ ਤੋਂ ਬਾਹਰ ਲਿਜਾ ਕੇ ਪਹਿਲਾਂ ਉਨ੍ਹਾਂ ਦੀ ਚੰਗੀ ਤਰ੍ਹਾਂ ਤਲਾਸ਼ੀ ਲਵੋ ਤੇ ਵੇਖੋ ਕਿ ਕਿਤੇ ਉਨ੍ਹਾਂ ਕੋਲ ਕੋਈ ਹਥਿਆਰ ਜਾਂ ਅਹਿਮ ਦਸਤਾਵੇਜ਼ ਤਾਂ ਨਹੀਂ ਹਨ। ਇਹ ਤਲਾਸ਼ੀ ਪੂਰੀ ਕਾਨੂੰਨੀ ਤੇ ਨਿਯਮਤ ਤਰੀਕੇ ਨਾਲ ਲੈਣੀ ਹੋਵੇਗੀ।

ਇਹ ਕੂਕੇ ਕਿਤੇ ਕੋਈ ਵਿਰੋਧ ਨਾ ਪ੍ਰਗਟਾਉਣ, ਇਸ ਲਈ ਤੁਸੀਂ ਸਾਹਨੇਵਾਲ ਤੋਂ ਗੋਰਖਿਆਂ ਦੀ ਇੱਕ ਕੰਪਨੀ ਦਾ ਹੁਕਮ ਦੇ ਦੇਵੋ, ਮੈਂ ਉਸ ਨੂੰ ਉੱਥੇ ਰੁਕਣ ਲਈ ਕਿਹਾ ਹੋਇਆ ਹੈ ਤੇ ਫਿਰ ਇਨ੍ਹਾਂ ਲੋਕਾਂ ਦੀ ਗ੍ਰਿਫ਼ਤਾਰੀ ਲਈ ਕਦਮ ਚੁੱਕੋ, ਨਾਲੋ-ਨਾਲ ਮੈਨੂੰ ਰਿਪੋਰਟ ਭੇਜੋ - ਸਿੱਧੀ ਇੱਕ ਘੁੜਸਵਾਰ ਹੱਥ ਵੀ ਤੇ ਸਾਹਨੇਵਾਲ ਤੋਂ ਟੈਲੀਗ੍ਰਾਮ ਰਾਹੀਂ ਵੀ।

ਤੁਹਾਨੂੰ ਅਗਲੇ ਹੁਕਮਾਂ ਤੱਕ ਪੁਲਿਸ ਤੇ ਇੱਕ ਗਾਰਡ ਤੇ ਘੁੜਸਵਾਰਾਂ ਨੂੰ ਭੈਣੀ 'ਚ ਤਾਇਨਾਤ ਕਰ ਦੇਣਾ ਚਾਹੀਦਾ ਹੈ।

## 85

*ਮਿਤੀ ਕੈਂਪ ਲੁਧਿਆਣਾ, 17 ਜਨਵਰੀ, 1872*

ਵੱਲੋਂ

ਟੀ.ਡੀ. ਫ਼ਾਰਸਿਥ ਐਸਕ. ਸੀਬੀ,
ਕਮਿਸ਼ਨਰ ਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ।

ਵੱਲ

ਸਕੱਤਰ, ਪੰਜਾਬ ਸਰਕਾਰ
ਦਿੱਲੀ।

ਮੈਨੂੰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਤੋਂ ਅੱਜ ਤੜਕੇ (5 ਵਜੇ) ਮਿਲੀ ਚਿੱਠੀ ਦੀ ਕਾਪੀ ਭੇਜਣ ਮਾਣ ਹਾਸਲ ਹੋਇਆ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਇਸ ਜ਼ਿਲ੍ਹੇ 'ਚ ਮੁਕੰਮਲ ਸ਼ਾਂਤੀ ਬਹਾਲ ਹੋ ਗਈ ਹੈ। ਮੇਰੇ ਜਵਾਬ ਦੀ ਇੱਕ ਕਾਪੀ ਭੇਜੀ ਜਾ ਰਹੀ ਹੈ।

2. ਮੈਂ ਬੀਤੀ ਰਾਤ ਤੁਹਾਨੂੰ ਪਟਿਆਲਾ ਦੇ ਮਹਾਮਹਿਮ ਮਹਾਰਾਜਾ ਦੇ ਵਕੀਲਾਂ ਵੱਲੋਂ ਮਿਲੀਆਂ ਖ਼ਬਰਾਂ ਦੀ ਜਾਣਕਾਰੀ ਦੇਣ ਲਈ ਤਾਰ ਭੇਜੀ ਸੀ ਲਗਭਗ 70 ਕੂਕਿਆਂ ਦੇ ਇੱਕ ਦਲ, ਜੋ ਬੰਦੂਕਾਂ, ਕੁਝ ਕ੍ਰਿਪਾਨਾਂ, ਗੰਡਾਸਿਆਂ ਤੇ ਡਾਂਗਾਂ ਨਾਲ ਲੈਸ ਸੀ ਅਤੇ ਮਲੇਰਕੋਟਲਾ ਤੋਂ 10 ਮੀਲ ਪੱਛਮ ਵੱਲ ਸਥਿਤ ਸ਼ੇਰਪੁਰ ਵੱਲ ਆਇਆ ਸੀ; ਨੇ ਅਮਰਗੜ੍ਹ ਦੇ ਨਾਜ਼ਿਮ ਸਾਹਵੇਂ ਆਤਮਸਮਰਪਣ ਕਰ ਦਿੱਤਾ ਹੈ।

ਇਨ੍ਹਾਂ ਲੋਕਾਂ 'ਚੋਂ 29 ਜਣੇ ਜ਼ਖ਼ਮੀ ਸਨ ਤੇ ਇਹ ਸਾਰੇ ਹੀ ਕੋਟਲਾ ਦੇ ਹਮਲੇ

'ਚ ਸ਼ਾਮਲ ਸਨ। ਇਸ ਹਮਲੇ 'ਚ ਸ਼ਾਮਲ ਕੂਕਿਆਂ ਦੀ ਕੁੱਲ ਗਿਣਤੀ 125 ਤੋਂ ਵੱਧ ਨਹੀਂ ਜਾਪਦੀ।

3. ਇੱਕ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਬੀਤੀ ਰਾਤ ਪੁਲਿਸ ਸੁਪਰਇੰਟੈਂਡੈਂਟ ਨੇ ਬਾਬਾ ਰਾਮ ਸਿੰਘ ਜੀ ਨੂੰ ਸੱਦਿਆ ਸੀ, ਉਨ੍ਹਾਂ ਦੀ ਬੇਨਤੀ 'ਤੇ ਮਲੌਦ 'ਚ ਡਿਪਟੀ ਕਮਿਸ਼ਨਰ ਨੂੰ ਮਿਲੇ ਸਨ ਪਰ ਉਨ੍ਹਾਂ ਨੇ ਲੁਧਿਆਣਾ ਆਉਣ ਲਈ ਆਖ ਦਿੱਤਾ ਸੀ ਕਿਉਂਕਿ ਸ੍ਰੀ ਕਾਵਨ ਕੋਟਲਾ ਪੁੱਜ ਰਹੇ ਹਨ।

4. ਮੈਂ ਕਰਨਲ ਬੇਲੀ ਨੂੰ ਹਦਾਇਤ ਕੀਤੀ ਹੈ ਕਿ ਉਹ ਬਾਬਾ ਰਾਮ ਸਿੰਘ ਜੀ ਨੂੰ ਤੁਰੰਤ ਲੁਧਿਆਣਾ ਆਉਣ ਲਈ ਆਖਣ। ਲੱਖਾ ਸਿੰਘ ਆਪਣੇ-ਆਪ ਹੀ 15 ਤਰੀਕ ਨੂੰ ਪੁੱਜ ਗਏ ਸਨ ਤੇ ਉਨ੍ਹਾਂ ਨੂੰ ਬਾਬਾ ਰਾਮ ਸਿੰਘ ਜੀ ਦੇ ਆਉਣ ਤੱਕ ਹਿਰਾਸਤ 'ਚ ਰੱਖਿਆ ਗਿਆ ਹੈ, ਜਿੱਥੇ ਉਨ੍ਹਾਂ ਦੀ ਸੁਣਵਾਈ ਉਸੇ ਤਰੀਕੇ ਕੀਤੀ ਜਾਵੇਗੀ, ਜਿਵੇਂ ਇੰਸਪੈਕਟਰ ਜਨਰਲ ਦੀਆਂ ਤਾਰਾਂ 'ਚ ਆਦੇਸ਼ ਦਿੱਤੇ ਹੋਣਗੇ।

5. ਇਹ ਦੱਸਿਆ ਗਿਆ ਹੈ ਕਿ 200 ਕੂਕੇ ਖੰਨਾ ਜਾਣ ਵਾਲੀ ਸੜਕ 'ਤੇ ਲੁਧਿਆਣਾ ਤੋਂ 15 ਮੀਲ ਦੀ ਦੂਰੀ 'ਤੇ ਸਥਿਤ ਪਿੰਡ ਭੈਣੀ 'ਚ ਇਕੱਠੇ ਹੋਏ ਹਨ। ਮੈਂ ਕੈਪਟਨ ਮੈਂਜ਼ੀਸ ਨੂੰ ਉੱਥੇ ਪੁੱਜਣ ਦੀ ਹਦਾਇਤ ਜਾਰੀ ਕੀਤੀ ਹੈ ਅਤੇ ਆਪਣੇ ਨਾਲ ਸੂਬਿਆਂ ਤੇ ਹੋਰਨਾਂ ਨੂੰ ਲਿਆਉਣ ਲਈ ਆਖਿਆ ਹੈ, ਜਿਨ੍ਹਾਂ ਦੀ ਲੋੜ ਇੱਥੇ ਹੋ ਸਕਦੀ ਹੈ।

6. (ਗੁਰੂ) ਰਾਮ ਸਿੰਘ ਜੀ ਦੇ ਇੱਥੇ ਪੁੱਜਣ ਤੋਂ ਬਾਅਦ ਮੈਂ ਫ਼ੈਸਲਾ ਕਰਾਂਗਾ ਕਿ ਉਨ੍ਹਾਂ ਨਾਲ ਕੀ ਕਰਨਾ ਹੈ, ਫਿਰ ਕੋਟਲਾ ਵੱਲ ਰਵਾਨਗੀ ਪਾਵਾਂਗਾ।

7. ਮਹਾਮਹਿਮ ਦੀ 54ਵੀਂ ਰੈਜਿਮੈਂਟ ਦੀਆਂ ਦੋ ਕੰਪਨੀਆਂ ਕੱਲ੍ਹ ਜਲੰਧਰ ਤੋਂ ਪੁੱਜ ਗਈਆਂ ਸਨ ਤੇ ਉਹ ਕਿਲੇ 'ਚ ਠਹਿਰੀਆਂ ਹੋਈਆਂ ਹਨ। ਜਲੰਧਰ ਤੋਂ ਤੋਪਾਂ ਆ ਰਹੀਆਂ ਹਨ। 110 ਸਬਰਿਆਂ ਨਾਲ ਕਰਨਲ ਹੁਣੇ ਪੁੱਜੇ ਹਨ। ਮੈਂ ਸਰਹਿੰਦ ਦੇ ਜਨਰਲ ਕਮਾਂਡਿੰਗ ਨੂੰ ਤਾਰ ਕਰ ਕੇ ਯੂਰੋਪੀਅਨ ਸੁਰੱਖਿਆ ਬਲਾਂ ਨੂੰ ਅੰਬਾਲਾ 'ਚ ਰਹਿਣ ਤੇ ਪਹਿਲੀ ਗੋਰਖਾ ਟੁਕੜੀ ਨੂੰ ਇੱਥੇ ਪੁੱਜਣ ਲਈ ਕਿਹਾ ਹੈ।

8. ਹੋਰ ਰਿਪੋਰਟਾਂ ਬਾਅਦ 'ਚ ਭੇਜੀਆਂ ਜਾਣਗੀਆਂ।

## 86

*ਤਾਰ* *ਮਿਤੀ 18 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ।

*ਵੱਲ*

ਗ੍ਰਹਿ ਸਕੱਤਰ, ਕਲਕੱਤਾ।

ਮਲੌਦ 'ਚ ਦੋ ਕੂਕੇ ਮਾਰੇ ਗਏ ਸਨ, ਚਾਰ ਜ਼ਖ਼ਮੀ ਹੋਏ ਸਨ ਤੇ ਪੰਜ ਨੂੰ ਕਾਬੂ ਕਰ ਲਿਆ ਗਿਆ ਸੀ; 68 ਜਣਿਆਂ ਨੂੰ ਪਟਿਆਲਾ ਖੇਤਰ 'ਚ ਹਿਰਾਸਤ 'ਚ

ਲਿਆ ਗਿਆ ਸੀ, ਜਿਨ੍ਹਾਂ 'ਚੋਂ 29 ਜਣੇ ਜ਼ਖ਼ਮੀ ਸਨ, ਉਨ੍ਹਾਂ ਸਮੇਤ ਹੋਰਨਾਂ ਨੂੰ ਵੀ ਕਾਬੂ ਕੀਤਾ ਗਿਆ ਸੀ। ਕੋਈ ਸਰਕਾਰੀ ਸੁਰੱਖਿਆ ਬਲ ਸ਼ਾਮਲ ਨਹੀਂ ਸਨ। ਮਲੌਦ 'ਚ ਸਰਦਾਰ ਦੇ ਦੋ ਵਿਅਕਤੀ ਮਾਰੇ ਗਏ ਤੇ ਦੋ ਜ਼ਖ਼ਮੀ ਹੋ ਗਏ ਸਨ। ਕੋਟਲਾ 'ਚ ਕੋਤਵਾਲ ਬਹਾਦਰੀ ਨਾਲ ਲੜਦਾ ਹੋਇਆ ਮਾਰਿਆ ਗਿਆ ਸੀ; ਸੱਤ ਜਣੇ ਮਾਰੇ ਗਏ ਸਨ ਤੇ 15 ਹੋਰ ਫੱਟੜ ਹੋ ਗਏ ਸਨ। ਸ਼ਾਂਤੀ ਬਹਾਲ ਹੋ ਗਈ ਹੈ।

## 87

*ਮਿਤੀ ਲੁਧਿਆਣਾ, 18 ਜਨਵਰੀ, 1872*

*ਵੱਲੋਂ*

ਜੇ. ਇਨਸੇ, ਐਸਕ., ਐੱਮ.ਡੀ., ਸਿਵਲ ਸਰਜਨ, ਲੁਧਿਆਣਾ।

*ਵੱਲ*

ਡਿਪਟੀ ਕਮਿਸ਼ਨਰ, ਲੁਧਿਆਣਾ।

ਮੈਨੂੰ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਇਸੇ ਮਹੀਨੇ ਦੇ ਸੋਮਵਾਰ 15 ਤਰੀਕ ਨੂੰ ਸਵੇਰੇ ਲਗਭਗ 8 ਵਜੇ ਪੁਲਿਸ ਸੁਪਰਇੰਟੈਂਡੈਂਟ ਤੋਂ ਬਿਨਾਂ ਕਿਸੇ ਦੇਰੀ ਦੇ ਮਲੌਦ ਪੁੱਜ ਕੇ ਪਿਛਲੀ ਸ਼ਾਮ ਨੂੰ ਉੱਥੇ ਹੋਏ ਕੂਕਿਆਂ ਦੇ ਹਮਲੇ ਦੌਰਾਨ ਮਾਰੇ ਗਏ ਤੇ ਜ਼ਖ਼ਮੀ ਹੋਏ ਵਿਅਕਤੀਆਂ ਦਾ ਨਿਰੀਖਣ ਕਰ ਕੇ ਰਿਪੋਰਟ ਕਰਨ ਬਾਰੇ ਤੁਹਾਡੀਆਂ ਜ਼ੁਬਾਨੀ ਹਦਾਇਤਾਂ ਮਿਲੀਆਂ। ਮੈਂ ਤੁਰੰਤ ਆਪਣੇ ਘੋੜੇ ਕੱਢੇ ਤੇ ਤੁਹਾਡੇ ਕੋਲ ਦੁਪਹਿਰ ਦੋ-ਤਿੰਨ ਵਜੇ ਪੁੱਜ ਗਿਆ ਸਾਂ; ਉਸੇ ਦਿਨ ਵਰਖਾ ਕਾਰਨ ਥੋੜ੍ਹੀ ਦੇਰੀ ਹੋ ਗਈ ਸੀ।

ਮੇਰੇ ਹਸਪਤਾਲ ਦਾ ਸਹਾਇਕ ਮਿਰਜ਼ਾ ਅਮੀਰ ਬੇਗ ਮੇਰੇ ਕੋਲ ਸੀ, ਜਿਸ ਕੋਲ ਦਵਾਈਆਂ, ਉਪਕਰਣ ਤੇ ਸਰਜੀਕਲ ਸਾਜ਼ੋ-ਸਾਮਾਨ ਸੀ।

2. ਨਿਮਨਲਿਖਤ ਕਥਨ ਉਨ੍ਹਾਂ ਵਿਅਕਤੀਆਂ ਦੀ ਗਿਣਤੀ ਨੂੰ ਦਰਸਾਉਂਦਾ ਹੈ, ਜਿਨ੍ਹਾਂ ਦਾ ਮੈਂ ਨਿਰੀਖਣ ਕੀਤਾ ਹੈ:

| *ਵਿਅਕਤੀ* | *ਮਾਰੇ ਗਏ* | *ਜ਼ਖ਼ਮੀ ਹੋਏ* | *ਕੁੱਲ* |
|---|---|---|---|
| ਮਲੌਦ ਦੇ ਵਿਅਕਤੀ... | 2 | 3 | **4** |
| ਕੂਕੇ .... | 2 | 4 | **6** |

3. ਮਲੌਦ 'ਚ ਜਿਹੜੇ ਦੋ ਵਿਅਕਤੀ ਮਾਰੇ ਗਏ ਸਨ, ਉਨ੍ਹਾਂ 'ਚੋਂ ਇੱਕ ਬੂਟਾ ਸੀ, ਜੋ ਸਰਦਾਰ ਦਾ ਕੋਚਵਾਨ ਸੀ, ਜਿਸ ਦੇ ਸਰੀਰ 'ਤੇ ਪੰਜ ਥਾਵਾਂ 'ਤੇ ਜ਼ਖ਼ਮ ਸਨ, ਸਭ ਤੋਂ ਵੱਡਾ ਜ਼ਖ਼ਮ ਸੱਜੀ ਪੁੜਪੁੜੀ 'ਤੇ ਸੀ, ਜੋ ਸ਼ਾਇਦ ਗੰਡਾਸੇ ਨਾਲ ਹੋਇਆ ਸੀ, ਖੋਪੜੀ ਟੁੱਟੀ ਹੋਈ ਸੀ; ਦੂਜਾ ਇੱਕ ਮੁਨਸ਼ੀ ਨਬੀ ਬਖ਼ਸ਼ ਸੀ, ਜਿਸ ਦੇ ਕ੍ਰਿਪਾਨ ਨਾਲ ਪੰਜ ਬਹੁਤ ਹੀ

ਮਲੌਦ 'ਚ ਮਾਰੇ ਗਏ ਵਿਅਕਤੀ

ਗੰਭੀਰ ਕਿਸਮ ਦੇ ਡੂੰਘੇ ਜ਼ਖ਼ਮ ਸਨ, ਉਨ੍ਹਾਂ 'ਚੋਂ ਦੋ ਗਰਦਨ ਦੇ ਪਿਛਲੇ ਹਿੱਸੇ 'ਤੇ ਸਨ, ਜਿਨ੍ਹਾਂ ਕਰਕੇ ਸਿਰ ਉਸ ਦੇ ਧੜ ਤੋਂ ਲਗਭਗ ਵੱਖ ਹੀ ਹੋਇਆ ਪਿਆ ਸੀ।

ਜ਼ਖ਼ਮੀ ਹੋਏ ਵਿਅਕਤੀ

4. ਜ਼ਖ਼ਮੀਆਂ 'ਚੋਂ ਖੁਦ ਨੌਜਵਾਨ ਸਰਦਾਰ ਬਦਨ ਸਿੰਘ ਸੀ, ਜਿਸ ਦੇ ਛੇ ਜ਼ਖ਼ਮ ਹੋਏ ਸਨ, ਜਿਨ੍ਹਾਂ 'ਚੋਂ ਤਿੰਨ ਸ਼ਾਇਦ ਕ੍ਰਿਪਾਨ ਦੇ ਫੱਟ ਸਨ, ਇੱਕ ਜ਼ਖ਼ਮ ਗੰਡਾਸੇ ਦਾ ਸੀ ਤੇ ਦੋ ਜ਼ਖ਼ਮ ਡਾਂਗਾਂ ਦੇ ਸਨ; ਚੰਗੇ ਭਾਗੀਂ ਉਹ ਸਾਰੇ ਹਲਕੇ ਹੀ ਸਨ ਪਰ ਉਸ ਦੇ ਹੇਠਲੇ ਜਬਾੜੇ 'ਤੇ ਕ੍ਰਿਪਾਨ ਨਾਲ ਹੋਇਆ ਜ਼ਖ਼ਮ ਚਾਰ ਇੰਚਾ ਲੰਮਾ ਸੀ, ਜਿਸ ਦਾ ਨਿਸ਼ਾਨ ਕਦੇ ਨਹੀਂ ਮਿਟੇਗਾ। ਨਿਹਾਲ ਸਿੰਘ ਨਾਂਅ ਦੇ ਇੱਕ ਹੋਰ ਵਿਅਕਤੀ ਦੇ ਕ੍ਰਿਪਾਨ ਨਾਲ ਹੋਏ ਤਿੰਨ ਹਲਕੇ ਜ਼ਖ਼ਮ ਸਨ, ਇੱਕ ਸੱਜੀ ਗੱਲ੍ਹ 'ਤੇ ਸੀ ਤੇ ਦੋ ਹੋਰ ਖੱਬੇ ਹੱਥ ਤੇ ਗੁੱਟ 'ਤੇ ਸਨ।

ਮਾਰੇ ਗਏ ਕੂਕੇ ਵੇਖਣ ਨੂੰ

5. ਮਾਰੇ ਗਏ ਕੂਕਿਆਂ 'ਚੋਂ ਨੰ. 1 ਦੇ ਖੱਬੇ ਗੱਲ੍ਹ ਦੀ ਹੱਡੀ 'ਤੇ ਡੂੰਘਾ ਜ਼ਖ਼ਮ ਸੀ ਤੇ ਖੋਪੜੀ ਟੁੱਟੀ ਪਈ ਸੀ। ਨੰ. 2 ਦੇ ਸਿਰ ਦੇ ਅਗਲੇ ਹਿੱਸੇ 'ਤੇ ਡੂੰਘਾ ਜ਼ਖ਼ਮ ਸੀ ਤੇ ਖੋਪੜੀ ਟੁੱਟੀ ਹੋਈ ਸੀ। ਇਹ ਦੋ ਲਾਸ਼ਾਂ ਬਹੁਤ ਭਿਆਨਕ ਜਾਪ ਰਹੀਆਂ ਸਨ ਅਤੇ ਜਦ ਕਿ ਇਸ ਦੇ ਉਲਟ ਮਲੌਦ ਦੇ ਜਿਹੜੇ ਦੋ ਵਿਅਕਤੀ ਮਾਰੇ ਗਏ ਸਨ, ਉਨ੍ਹਾਂ ਦੇ ਚਿਹਰੇ ਬਿਲਕੁਲ ਸ਼ਾਂਤ ਸਨ, ਉਹ ਲਾਸ਼ਾਂ ਵੀ ਉਸੇ ਸ਼ੈੱਡ ਹੇਠਾਂ ਨਾਲ ਹੀ ਪਈਆਂ ਸਨ; ਦਰਅਸਲ, ਇਹ ਦ੍ਰਿਸ਼ ਵੇਖ ਕੇ ਇਹੋ ਤੱਥ ਉਜਾਗਰ ਹੋ ਰਿਹਾ ਸੀ ਕਿ ਮੌਤ ਸਮੇਂ ਚਿਹਰੇ ਦੀ ਸ਼ਕਲ ਉਹੋ ਜਿਹੀ ਸੀ, ਜਿਹੋ ਜਿਹਾ ਉਨ੍ਹਾਂ ਦੇ ਸਰੀਰ ਦੇ ਬਾਕੀ ਹਿੱਸਿਆਂ ਦਾ ਵਤੀਰਾ ਤੇ ਮਨੋਦਸ਼ਾ ਸੀ।

ਜ਼ਖ਼ਮੀ ਹੋਏ

6. ਚਾਰ ਜ਼ਖ਼ਮੀਆਂ 'ਚੋਂ ਗਹਾਣੀ ਸਿੰਘ ਦੀ ਸੱਜੀ ਬਾਂਹ 'ਤੇ ਥੋੜ੍ਹਾ ਹੇਠਾਂ ਮੋਢੇ ਦੇ ਜੋੜ 'ਤੇ ਗੋਲ਼ੀ ਦਾ ਜ਼ਖ਼ਮ ਸੀ, ਜਿਸ ਕਾਰਣ ਹੱਡੀ ਬੁਰੀ ਤਰ੍ਹਾਂ ਭੁਰ ਕੇ ਟੁੱਟ ਗਈ ਸੀ। ਭਗਵਾਨ ਸਿੰਘ ਦੀ ਸੱਜੀ ਕੂਹਣੀ ਦੇ ਪਿਛਲੇ ਪਾਸੇ ਹਲਕਾ ਜ਼ਖ਼ਮ ਸੀ ਅਤੇ ਪਿੱਠ 'ਤੇ ਜ਼ਖ਼ਮ ਸੀ। ਥੰਮਣ ਸਿੰਘ ਦੀ ਖੱਬੀ ਕੂਹਣੀ ਤੋਂ ਥੋੜ੍ਹਾ ਉੱਪਰ ਲਗਭਗ ਅੱਧਾ ਇੰਚ ਲੰਮਾ ਹਲਕਾ ਜ਼ਖ਼ਮ ਸੀ ਤੇ ਸਿਰ 'ਚ ਤਿੰਨ ਹਲਕੇ ਜ਼ਖ਼ਮ ਸਨ। ਅੰਤ 'ਚ ਮੀਰ ਸਿੰਘ ਦੇ ਖੱਬੇ ਚੂਲ੍ਹੇ 'ਤੇ ਜ਼ਖ਼ਮ ਸੀ, ਜਿਸ 'ਤੇ ਜੇ ਥੋੜ੍ਹਾ ਜਿੰਨਾ ਵੀ ਕਿਤੇ ਹੱਥ ਲੱਗ ਜਾਂਦਾ ਸੀ ਤਾਂ ਉਹ ਬਹੁਤ ਉੱਚੀ-ਉੱਚੀ ਚੀਕਦਾ ਸੀ, ਜਦ ਕਿ ਉਸ ਦੇ ਸੱਟ ਬਹੁਤ ਮਾਮੂਲੀ ਜਿਹੀ ਲੱਗੀ ਹੋਈ ਸੀ।

ਮਲੇਰਕੋਟਲਾ ਦਾ ਦੌਰਾ

7. ਅਗਲੇ ਦਿਨ (16 ਤਰੀਕ ਨੂੰ) ਸਵੇਰੇ ਲਗਭਗ 7 ਕੁ ਵਜੇ ਮੈਂ ਉਸੇ ਡਿਊਟੀ ਲਈ ਮਲੇਰਕੋਟਲਾ ਰਵਾਨਾ ਹੋ ਗਿਆ ਕਿਉਂਕਿ ਕੂਕਿਆਂ ਨੇ ਮਲੌਦ 'ਤੇ ਹਮਲੇ ਤੋਂ ਬਾਅਦ 'ਚ ਸਵੇਰ ਨੂੰ ਉੱਥੇ ਵੀ ਕਿਤੇ ਜ਼ਿਆਦਾ ਭਿਆਨਕ ਹਮਲਾ ਬੋਲ ਦਿੱਤਾ ਸੀ। ਘੋੜੇ 'ਤੇ ਜਾਂਦਿਆਂ ਵੀ ਸਫ਼ਰ ਖ਼ਰਾਬ ਹੀ ਰਿਹਾ ਕਿਉਂਕਿ ਸਮੁੱਚੇ ਦੇਸ਼ 'ਚ ਰੁਕ-ਰੁਕ ਕੇ ਮੀਂਹ ਪੈ ਰਿਹਾ ਸੀ ਤੇ ਇੱਥੇ ਬਹੁਤ ਭਾਰੀ ਬਾਰਿਸ਼ ਕਰਕੇ ਕਈ ਇੰਚ ਡੂੰਘੇ ਚਿੱਕੜ ਤੇ ਪਾਣੀ ਵਿੱਚੋਂ ਦੀ ਲੰਘਣਾ ਪਿਆ ਤੇ ਇੰਝ ਸਵੇਰੇ 10 ਕੁ ਵਜੇ ਕੋਟਲਾ ਪੁੱਜਾ ਅਤੇ ਮੈਂ ਉੱਥੇ ਜਿਹੜੇ ਵੀ ਮਾਰੇ

ਗਏ ਤੇ ਜ਼ਖ਼ਮੀਆਂ ਦਾ ਨਿਰੀਖਣ ਕੀਤਾ, ਉਹ ਇਸ ਪ੍ਰਕਾਰ ਹਨ:

| ਵਿਅਕਤੀ | ਮਾਰੇ ਗਏ | ਜ਼ਖ਼ਮੀ ਹੋਏ | | | | ਕੁੱਲ |
|---|---|---|---|---|---|---|
| | | ਬੇਹੱਦ ਗੰਭੀਰ | ਗੰਭੀਰ | ਮਾਮੂਲੀ | ਕੁੱਲ | ਜੋੜ |
| ਕੋਟਲਾ ਦੇ ਵਿਅਕਤੀ... | 8 | 2 | 4 | 9 | 15 | **23** |
| ਕੂਕੇ .... | 7 | 1 | 1 | 0 | 2 | **9** |

8. ਕੋਟਲਾ ਦੇ ਜਿਹੜੇ ਵੀ ਅੱਠ ਵਿਅਕਤੀ ਮਾਰੇ ਗਏ ਸਨ, ਉਨ੍ਹਾਂ ਸਭਨਾਂ ਦੀਆਂ ਮ੍ਰਿਤਕ ਦੇਹਾਂ ਨੂੰ ਮੇਰੇ ਪੁੱਜਣ ਤੋਂ ਪਹਿਲਾਂ ਹੀ ਜਾਂ ਤਾਂ ਸਪੁਰਦ-ਏ-ਆਤਿਸ਼ ਜਾਂ ਸਪੁਰਦ-ਏ-ਖ਼ਾਕ ਕਰ ਦਿੱਤਾ ਗਿਆ ਸੀ ਪਰ ਮੈਨੂੰ ਇੰਨਾ ਜ਼ਰੂਰ ਦੱਸਿਆ ਗਿਆ ਸੀ ਕਿ ਉਨ੍ਹਾਂ 'ਚੋਂ ਇੱਕ ਕੋਤਵਾਲ ਸੀ ਤੇ ਬਾਕੀ ਦੇ ਸੱਤ ਸਿਪਾਹੀ ਸਨ।

ਕੋਟਲਾ ਦੇ ਲੋਕ

9. ਬਹੁਤ ਗੰਭੀਰ ਰੂਪ 'ਚ ਜਖ਼ਮੀ ਦੋ ਵਿਅਕਤੀਆਂ ਦੇ ਨਾਂ ਹਨ ਹਾਫ਼ਿਜ਼ ਅਲੀ ਸ਼ੇਰੇ, ਮੁਨਸ਼ੀ, ਜਿਸ ਦੇ ਕ੍ਰਿਪਾਨ ਦੇ ਪੰਜ ਜ਼ਖ਼ਮ ਸਨ, ਇੱਕ ਸਿਰ ਦੇ ਸੱਜੇ ਪਾਸੇ ਸੀ, ਦੂਜਾ ਚਿਹਰੇ ਦੇ ਖੱਬੇ ਪਾਸੇ ਤੇ ਇੱਕ ਹੋਰ ਗਰਦਨ ਦੇ ਸੱਜੇ ਪਾਸੇ ਸੀ ਤੇ ਇੱਕ ਹੋਰ ਚੂਲ਼ੇ ਦੇ ਹੇਠਲੇ ਪਾਸੇ ਸੀ ਪਰ ਸਭ ਤੋਂ ਭੈੜਾ ਜ਼ਖ਼ਮ ਖੱਬੀ ਪੁੜਪੁੜੀ 'ਤੇ ਸੀ, ਜਿਸ ਨਾਲ ਖੋਪੜੀ ਤਿੜਕ ਗਈ ਸੀ ਤੇ ਦੂਜਾ ਇੱਕ ਸਿਪਾਹੀ ਗੈਂਦਾ ਸੀ, ਜਿਸ ਦੇ ਸਿਰ ਦੇ ਐਨ ਉੱਤੇ ਕ੍ਰਿਪਾਨ ਦਾ ਜ਼ਖ਼ਮ ਸੀ, ਜਿਸ ਨਾਲ ਖੋਪੜੀ ਤਿੜਕ ਗਈ ਸੀ ਤੇ ਇੱਕ ਹੋਰ ਹਲਕਾ ਜ਼ਖ਼ਮ ਸੱਜੀ ਬਾਂਹ 'ਤੇ ਸੀ।

ਜ਼ਖ਼ਮੀ ਹੋਏ

ਚਾਰ ਗੰਭੀਰ ਜ਼ਖ਼ਮੀਆਂ ਦੇ ਨਾਂਅ ਇਹ ਹਨ:

ਮੀਰ ਬਖ਼ਸ਼ ... ਖੱਬੇ ਗੁੱਟ 'ਤੇ ਕ੍ਰਿਪਾਨ ਦਾ ਫੱਟ।

ਮੁੰਡਾ ... – ਉਹੀ –

ਕਾਰਾ ... – ਉਹੀ –

ਅਤੇ ਸੂਸਾ... ਜਿਸ ਦਾ ਖੱਬੇ ਹੱਥ ਦਾ ਅੰਗੂਠਾ ਤੇ ਦੋ ਪਹਿਲੀਆਂ ਉਂਗਲਾਂ ਕੱਟੀਆਂ ਹੋਈਆਂ ਸਨ ਤੇ ਜਿਸ ਨੇ ਉਸ ਕੂਕੇ ਨੂੰ ਮਾਰ ਸੁੱਟਿਆ ਸੀ, ਜਿਸ ਨੇ ਉਸ ਨੂੰ ਅੰਗਹੀਣ ਬਣਾਇਆ ਸੀ। ਨੌਂ ਮਾਮੂਲੀ ਜ਼ਖ਼ਮੀਆਂ ਦੇ ਨਾਂਅ: ਬੀਰਾ-ਜਿਸ ਦੇ ਕ੍ਰਿਪਾਨ ਨਾਲ ਹੋਏ ਚਾਰ ਜ਼ਖ਼ਮ ਸਨ, ਗੰਡਾ-ਖੱਬੇ ਹੱਥ ਦੀਆਂ ਉਂਗਲ਼ਾਂ 'ਤੇ ਕ੍ਰਿਪਾਨ ਦੇ ਤਿੰਨ ਫੱਟ, ਕੰਮਾ-ਦੋ ਫੱਟ, ਇੱਕ ਥਾਂ ਕ੍ਰਿਪਾਨ ਦਾ ਫੱਟ ਤੇ ਇੱਕ ਹੋਰ ਮਾਮੂਲੀ ਸੱਟ, ਮੇਹੋ-ਡਾਂਗ ਨਾਲ ਕਈ ਜ਼ਖ਼ਮ, ਸੂਬੇਦਾਰ ਸ਼ਾਹਦੂਲ ਖ਼ਾਨ-ਖੱਬੀ ਬਾਂਹ 'ਤੇ ਕ੍ਰਿਪਾਨ ਦਾ ਫੱਟ, ਗੁਲਾਮ ਮੁਹੰਮਦ (ਜਿਸ ਇਕੱਲਿਆਂ ਤਿੰਨ ਕੂਕੇ ਮਾਰੇ ਸਨ) -ਕ੍ਰਿਪਾਨ ਦਾ ਇੱਕ ਫੱਟ, ਖੁਦੀਆ-ਸਿਰ 'ਤੇ ਇੱਕ ਜ਼ਖ਼ਮ ਤੇ ਦੀਨਾ-ਇੱਕ ਜ਼ਖ਼ਮ।

10. ਉੱਥੇ ਮਾਰੇ ਗਏ ਸੱਤ ਕੂਕਿਆਂ ਦੀਆਂ ਮ੍ਰਿਤਕ ਦੇਹਾਂ ਖ਼ੂਨ ਦੇ ਛੱਪੜ 'ਚ ਪਈਆਂ ਸਨ, ਜਿਨ੍ਹਾਂ ਨੂੰ ਖ਼ਜ਼ਾਨੇ ਲਾਗਲੇ ਇੱਕ ਨਿੱਕੇ ਕਮਰੇ ਦੇ ਫ਼ਰਸ਼ 'ਤੇ ਇਕੱਠਿਆਂ ਢੇਰ ਜਿਹਾ ਲਾ ਕੇ ਰੱਖਿਆ ਗਿਆ ਸੀ; ਉਨ੍ਹਾਂ ਦੇ ਵਤੀਰੇ ਵੱਖੋ-ਵੱਖਰੇ ਸਨ ਪਰ ਉਨ੍ਹਾਂ ਸਭਨਾਂ ਦੇ ਚਿਹਰੇ ਬਿਲਕੁਲ ਉਹੋ ਜਿਹੇ ਭਿਆਨਕ

ਮਾਰੇ ਗਏ ਕੂਕੇ

ਹੀ ਸਨ, ਜਿਹੋ ਜਿਹੇ ਮਲੌਦ 'ਚ ਉਨ੍ਹਾਂ ਦੇ ਮ੍ਰਿਤਕ ਸਾਥੀਆਂ ਦੇ ਸਨ। ਉਨ੍ਹਾਂ ਦੇ ਗਲ਼ੇ ਲਗਭਗ ਬਹੁਤ ਬੁਰੀ ਤਰ੍ਹਾਂ ਕ੍ਰਿਪਾਨਾਂ ਨਾਲ ਲਗਭਗ ਵੱਢੇ ਪਏ ਸਨ, ਉਨ੍ਹਾਂ ਦੇ ਸਿਰ ਤੇ ਛਾਤੀਆਂ 'ਤੇ ਜ਼ਖ਼ਮ ਸਨ ਅਤੇ ਉਨ੍ਹਾਂ 'ਚੋਂ ਬਹੁਤਿਆਂ ਦੇ ਕਈ-ਕਈ ਜ਼ਖ਼ਮ ਸਨ; ਇੱਕ ਜਣੇ ਦਾ ਤਾਂ ਸਿਰ ਲਗਭਗ ਧੜ ਤੋਂ ਵੱਖਰਾ ਹੀ ਕੀਤਾ ਹੋਇਆ ਸੀ ਅਤੇ ਇੱਕ ਹੋਰ ਦੀ ਸੱਜੀ ਬਾਂਹ ਕੂਹਣੀ ਦੇ ਉੱਪਰੋਂ ਪੂਰੀ ਤਰ੍ਹਾਂ ਅਲੱਗ ਕੀਤੀ ਹੋਈ ਸੀ, ਜੋ ਲਾਸ਼ ਦੇ ਨਾਲ ਹੀ ਪਈ ਸੀ।

11. ਦੋ ਜ਼ਖ਼ਮੀ ਕੂਕਿਆਂ 'ਚੋਂ ਇੱਕ ਵਜ਼ੀਰ ਸਿੰਘ ਸੀ, ਜਿਸ ਦੇ ਤਿੱਲੀ ਤੋਂ 'ਤੇ ਪੰਜ ਇੰਚ ਲੰਮਾ ਕ੍ਰਿਪਾਨ ਦਾ ਬਹੁਤ ਖ਼ਤਰਨਾਕ ਜ਼ਖ਼ਮ ਸੀ ਦੂਜਾ ਫੱਟ ਥੋੜ੍ਹਾ ਘੱਟ ਸੀ ਜੋ ਖੱਬੇ ਮੋਢੇ 'ਤੇ ਸੀ। ਦੂਜੇ ਜ਼ਖ਼ਮੀ ਦਾ ਸਿਰਫ਼ ਸੱਜਾ ਹੱਥ ਵੱਢਿਆ ਗਿਆ ਸੀ। ਮੈਂ ਉਹ ਹੱਥ ਲਾਸ਼ਾਂ 'ਚ ਪਿਆ ਵੇਖਿਆ ਤੇ ਸਮਝ ਗਿਆ ਕਿ ਉਹ ਹੱਥ ਉਨ੍ਹਾਂ ਲਾਸ਼ਾਂ 'ਚੋਂ ਕਿਸੇ ਦਾ ਨਹੀਂ ਸੀ।

ਜ਼ਖ਼ਮੀ ਹੋਏ

12. ਮ੍ਰਿਤਕ ਦੇਹਾਂ ਦਾ ਨਿਰੀਖਣ ਕਰਨ ਪਿੱਛੋਂ ਉਪਰੋਕਤ ਵਰਣਿਤ ਸਾਰੇ ਜ਼ਖ਼ਮੀਆਂ ਕੋਲ ਜਾ ਕੇ ਆਇਆ ਤੇ ਕੂਕਿਆਂ ਨੂੰ ਛੱਡ ਕੇ ਉਨ੍ਹਾਂ 'ਚੋਂ ਬਹੁਤੇ ਸ਼ਹਿਰ 'ਚ ਸਥਿਤ ਆਪਣੇ ਘਰਾਂ 'ਚ ਹੀ ਆਰਾਮ ਕਰ ਰਹੇ ਸਨ ਤੇ ਉਨ੍ਹਾਂ ਸਭਨਾਂ ਨੂੰ ਇਲਾਜ ਨਾਲ ਸੰਬੰਧਤ ਸਲਾਹ ਤੇ ਹਦਾਇਤਾਂ ਦਿੱਤੀਆਂ ਤੇ ਫਿਰ ਮੈਂ ਉਨ੍ਹਾਂ ਨੂੰ ਉੱਥੋਂ ਦੀ ਡਿਸਪੈਂਸਰੀ ਦੇ ਸਥਾਨਕ ਮੈਡੀਕਲ ਅਧਿਕਾਰੀ ਸਹਾਰੇ ਛੱਡ ਆਇਆ। ਮੈਂ ਫਿਰ ਉਸ ਥਾਂ 'ਤੇ ਪੁੱਜਾ, ਜਿੱਥੇ ਮੁੱਖ ਜੰਗ ਹੋਈ ਸੀ; ਤੇ ਕੋਟਲਾ ਆ ਕੇ ਮੈਂ ਜੋ ਕੁਝ ਵੀ ਵੇਖਿਆ, ਉਸ ਦੇ ਨੀਮ-ਅਧਿਕਾਰਤ ਵੇਰਵੇ ਲਿਖ ਕੇ ਤੁਹਾਨੂੰ ਭੇਜੇ; ਜਿਨ੍ਹਾਂ 'ਚ ਕੂਕਾ ਹਮਲੇ ਦੇ ਵੇਰਵੇ ਤੇ ਸ਼ੇਰਪੁਰ ਦੇ ਪਟਿਆਲਾ ਤਹਿਸੀਲਦਾਰ ਵੱਲੋਂ ਬਹੁਤ ਸਾਰੇ ਭਗੌੜਿਆਂ ਨੂੰ ਫੜੇ ਜਾਣ ਦੀ ਸੁਖਾਵੀਂ ਖ਼ਬਰ ਤੇ ਕੁਝ ਹੋਰ ਗੱਲਾਂ ਸ਼ਾਮਲ ਹਨ। ਫਿਰ ਮੈਂ ਲੁਧਿਆਣਾ ਵਾਪਸੀ ਦੀ ਤਿਆਰੀ ਕੀਤੀ ਤੇ ਉਸੇ ਸ਼ਾਮ ਲਗਭਗ 8 ਵਜੇ ਪੁੱਜ ਗਿਆ ਸਾਂ।

ਸਿੱਟਾ

17 ਤਰੀਕ ਸਵੇਰੇ 10 ਵਜੇ। ਸ਼ਹਿਰ ਅਤੇ ਕਾਰਵਾਈ ਦੇ ਦ੍ਰਿਸ਼ ਦਾ ਨਿਰੀਖਣ ਕਰਨ ਤੋਂ ਬਾਅਦ ਹੁਣੇ ਡਿਪਟੀ ਕਮਿਸ਼ਨਰ ਨਾਲ ਪਰਤਿਆ ਹਾਂ। ਗਿਰੋਹ ਬਿਨਾਂ ਕਿਸੇ ਔਖ ਦੇ ਟੁੱਟੀ ਕੰਧ 'ਚੋਂ ਦੀ ਸ਼ਹਿਰ ਅੰਦਰ ਦਾਖ਼ਲ ਹੋ ਗਿਆ ਸੀ ਅਤੇ ਉਨ੍ਹਾਂ ਦੇ ਮਹੱਲ ਚੌਂਕ ਪੁੱਜਣ ਤੱਕ ਕੋਈ ਵਿਰੋਧ ਨਾ ਹੋਇਆ; ਇੱਥੇ ਉਹ ਥਾਣੇਦਾਰ ਤੇ ਕੁਝ ਲੋਕਾਂ ਨੂੰ ਮਿਲੇ ਅਤੇ ਇਸੇ ਥਾਂ 'ਤੇ ਅਸਲ ਜੰਗ ਹੋਈ ਸੀ, ਜਿੱਥੇ ਦੋਵੇਂ ਧਿਰਾਂ ਦੇ ਲਗਭਗ 15 ਜਣੇ ਮਾਰੇ ਗਏ ਸਨ। ਇਹ ਦੱਸਿਆ ਜਾਂਦਾ ਹੈ ਕਿ ਥਾਣੇਦਾਰ ਨੇ ਆਪਣੇ ਪ੍ਰਾਣ ਤਿਆਗਣ ਤੋਂ ਪਹਿਲਾਂ ਤਿੰਨ ਵਿਅਕਤੀਆਂ ਨੂੰ ਮਾਰ ਸੁੱਟਿਆ ਸੀ ਕਿਉਂਕਿ ਉਸ ਦੇ ਸਿਰ 'ਚ ਕ੍ਰਿਪਾਨ ਦਾ ਜ਼ਖ਼ਮ ਸੀ। ਕੂਕੇ ਸਪੱਸ਼ਟ ਤੌਰ 'ਤੇ ਖ਼ਜ਼ਾਨੇ ਵੱਲ ਜਾਣਾ ਚਾਹੁੰਦੇ ਸਨ ਪਰ ਖ਼ੁਸ਼ਕਿਸਮਤੀ ਨਾਲ ਉਹ ਗ਼ਲਤ ਦਰਵਾਜ਼ਾ ਤੋੜ ਬੈਠੇ ਤੇ ਉੱਥੇ ਸਿਰਫ਼ ਕੁਝ ਦਸਤਾਵੇਜ਼ ਅਤੇ ਮਿਸਲਾਂ ਹੀ ਪਈਆਂ ਸਨ। ਉਹ ਇੱਕ ਕੋਠੀ 'ਚੋਂ ਕੁਝ ਹਥਿਆਰ ਲੈ ਗਏ ਪਰ ਉਨ੍ਹਾਂ ਨੂੰ ਕੋਈ ਅਸਲਾ ਨਹੀਂ ਮਿਲਿਆ, ਉਨ੍ਹਾਂ ਨੂੰ ਇੱਕ ਖੂਹ 'ਚ ਸੁੱਟ ਦਿੱਤਾ। ਕੋਟਲਾ ਦੇ ਲੋਕਾਂ ਦੀ ਪੂਰੀ ਤਰ੍ਹਾਂ ਤਿਆਰੀ ਨਹੀਂ ਸੀ।

**5ਡੀ**

**ਪੁਲਿਸ ਵਿਭਾਗ ਜ਼ਿਲ੍ਹਾ ਲੁਧਿਆਣਾ**

*1872 ਦਾ ਨੰ. 3*

*ਅਪਰਾਧ ਦੀ ਵਿਸ਼ੇਸ਼ ਰਿਪੋਰਟ, 17 ਜਨਵਰੀ, 1872*

| 1 | 2 | 3 | 4 | 5 | 6 |
|---|---|---|---|---|---|
| ਅਪਰਾਧ ਦਾ ਵਰਨਣ, ਅਦਾਲਤ ਦਾ ਸੈਕਸ਼ਨ; ਪੁਲਿਸ ਥਾਣੇ ਤੋਂ ਸਥਾਨ ਦੀ ਦੂਰੀ ਤੇ ਦਿਸ਼ਾ | ਵਿਅਕਤੀਆਂ ਦੀ ਗਿਣਤੀ | | ਸੰਪਤੀ ਦੀ ਕੀਮਤ | | ਕੇਸ ਦਾ ਕਥਨ। ਪੁਲਿਸ ਦਾ ਆਚਾਰ-ਵਿਹਾਰ। ਉਨ੍ਹਾਂ ਵੱਲੋਂ ਚੁੱਕੇ ਗਏ ਕਦਮ |
| | ਜੋ ਸਬੰਧਤ ਹੋ ਸਕਦੇ ਹਨ | ਗ੍ਰਿਫ਼ਤਾਰ ਕੀਤੇ | ਲੁੱਟਮਾਰ ਕੀਤੀ ਗਈ | ਬਰਾਮਦ ਕੀਤੀ | |
| 396 | ਲਗਭਗ 100 | | | | **ਕੋਟਲਾ** ਕੱਲ੍ਹ ਬਾਅਦ ਦੁਪਹਿਰ ਡਿਪਟੀ ਕਮਿਸ਼ਨਰ ਨਾਲ ਲਗਭਗ 5:00 ਵਜੇ ਇੱਥੇ ਪੁੱਜ ਗਿਆ ਸਾਂ। ਸੜਕ 'ਤੇ ਜੀਂਦ ਤੋਂ, ਇੱਕ ਹੋਰ ਨਾਭਾ ਤੋਂ ਅਤੇ ਅਮਰਗੜ੍ਹ ਤੋਂ ਰਸਾਲੇ ਮਿਲੇ, ਪਟਿਆਲਾ ਦੇ ਨਾਇਬ ਨਾਜ਼ਿਮ (ਨਿਆਜ਼ ਪਟਿਆਲਾ) ਤੋਂ ਵੀ, ਜਿਨ੍ਹਾਂ ਦੱਸਿਆ ਕਿ ਮਹਾਰਾਜਾ ਉਸ ਗਿਰੋਹ ਦੇ ਵੱਡੇ ਹਿੱਸੇ ਨੂੰ ਫੜਨ 'ਚ ਸਫ਼ਲ ਰਹੇ ਹਨ, ਜਿਨ੍ਹਾਂ ਨੇ ਇਸ ਸਥਾਨ 'ਤੇ ਹਮਲਾ ਕੀਤਾ ਸੀ। ਉਹ ਸਾਰੇ ਵਿਅਕਤੀ ਛੇਤੀ ਹੀ ਕਾਬੂ ਆ ਗਏ ਸਨ ਤੇ ਕੋਈ ਫੱਟੜ ਨਹੀਂ ਸੀ ਹੋਇਆ। ਸ਼ਾਇਦ ਕੂਕੇ ਹੰਭ ਗਏ ਸਨ ਤੇ ਉਚਾਟ ਹੋ ਗਏ ਸਨ। ਨਾਜ਼ਿਮ ਨੇ ਦੱਸਿਆ ਕਿ 30 ਜਣੇ ਜ਼ਖ਼ਮੀ ਸਨ; ਇਸ ਤੋਂ ਸਪੱਸ਼ਟ ਹੈ ਕਿ ਸ਼ਹਿਰੀ ਜਮਾਦਾਰ ਦੇ ਜਵਾਨ ਜ਼ਰੂਰ ਹੀ ਕੂਕਿਆਂ ਨਾਲ ਵਧੀਆ ਢੰਗ ਨਾਲ ਲੜੇ ਹੋਣਗੇ । ਇੱਕ ਜ਼ਖ਼ਮੀ ਕੂਕਾ ਪਿੱਛੇ ਰਹਿ ਗਿਆ ਸੀ। ਸੱਤ ਜਣੇ ਮਾਰੇ ਗਏ ਸਨ। |

ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਹੋਣ ਵਾਲੇ ਇਸ ਹਮਲੇ ਦੀ ਜਾਣਕਾਰੀ ਥੋੜ੍ਹਾ ਹੀ ਸਮਾਂ ਮਿਲ ਸਕੀ ਸੀ (ਉਨ੍ਹਾਂ ਦੇ ਵਕੀਲ ਤੋਂ ਰਿਪੋਰਟ 14 ਤਰੀਕ ਰਾਤੀਂ 8 ਵਜੇ ਕੋਟਲਾ ਪੁੱਜੀ ਸੀ, ਬੰਦਿਆਂ ਨੇ ਮੈਨੂੰ ਪਿਛਲੀ ਰਾਤ ਭਾਵ 13 ਤਰੀਕ ਨੂੰ 10 ਕੁ ਵਜੇ ਮੈਨੂੰ ਸੂਚਿਤ ਕੀਤਾ ਸੀ)।

17 ਤਰੀਕ ਦੁਪਹਿਰ 12 ਵਜੇ। ਕੂਕਿਆਂ ਨੂੰ ਲਿਆਉਣ 'ਚ ਮਦਦ ਲਈ ਚੱਲਿਆ ਹਾਂ, ਜੋ ਲਗਭਗ ਛੇ ਕੁ ਮੀਲ ਦੀ ਦੂਰੀ 'ਤੇ ਦੱਸੇ ਜਾਂਦੇ ਹਨ। ਸੜਕਾਂ ਬਹੁਤ ਖ਼ਰਾਬ ਹਨ ਤੇ ਰਾਹ 'ਚ ਡੰਗਰ ਵੀ ਰਾਹ ਰੋਕ ਰਹੇ ਹਨ।

3 ਵਜੇ। ਕੋਟਲਾ ਪਰਤਿਆ, 7 ਮੀਲ ਦੀ ਦੂਰੀ 'ਤੇ ਜਾ ਕੇ ਦਲ ਨੂੰ ਮਿਲਿਆ, ਗੱਡਿਆਂ ਲਈ ਤਾਜ਼ਾ ਪਸ਼ੂ ਇਕੱਠੇ ਕੀਤੇ, ਹੁਣ ਲਗਭਗ 3 ਮੀਲ ਦੀ ਦੂਰੀ 'ਤੇ ਹਾਂ। ਦੋਵੇਂ ਆਗੂ ਹੀਰਾ ਸਿੰਘ ਤੇ ਲਹਿਣਾ ਸਿੰਘ ਨੂੰ ਵੀ ਲੈ ਲਿਆ ਹੈ। ਉਨ੍ਹਾਂ ਸੋਹਣੇ ਕੱਪੜੇ ਪਹਿਨੇ ਹੋਏ ਹਨ ਤੇ ਚੰਗੇ ਜੁੱਸੇ ਵਾਲੇ ਵਿਅਕਤੀ ਹਨ, ਉਹ ਵੇਖਣ ਨੂੰ ਹੀ ਬਹੁਤ ਦ੍ਰਿੜ੍ਹ ਇਰਾਦਿਆਂ ਵਾਲੇ ਜਾਪਦੇ ਹਨ।

ਹੀਰਾ ਸਿੰਘ ਨੇ ਪੁਲਿਸ ਦੇ ਡਿਪਟੀ ਸੁਪਰਇੰਟੈਂਡੈਂਟ ਨੂੰ ਦੱਸਿਆ ਕਿ ਉਨ੍ਹਾਂ ਦੇ ਸਮੁੱਚੇ ਦਲ ਨੂੰ ਲੈ ਲਿਆ ਗਿਆ ਸੀ। ਉਨ੍ਹਾਂ 'ਚੋਂ ਬਹੁਤੇ ਕਾਫ਼ੀ ਜ਼ਿਆਦਾ ਗਾਲ੍ਹਾਂ ਕੱਢ ਰਹੇ ਸਨ ਤੇ ਉੱਚੀ-ਉੱਚੀ ਇਹੋ ਆਖ ਰਹੇ ਸਨ ਕਿ ਉਹ ਕਿਸੇ ਸਰਕਾਰ ਨੂੰ ਨਹੀਂ ਮੰਨਦੇ, ਸਗੋਂ ਉਨ੍ਹਾਂ ਦੀ ਆਪਣੀ ਸਰਕਾਰ ਹੈ ਤੇ ਇੰਝ ਹੋਰ ਬਹੁਤ ਕੁਝ...।

7 ਵਜੇ। ਮੌਤ ਦੀ ਸਜ਼ਾ ਦੇ ਕੇ ਹੁਣੇ ਪਰਤਿਆ ਹਾਂ; ਇੰਤਜ਼ਾਮ ਸ਼ਾਨਦਾਰ ਸਨ, 7 ਤੋਪਾਂ ਸਨ; 49 ਜਣੇ ਉਡਾ ਦਿੱਤੇ ਅਤੇ ਇੱਕ ਦੇ ਟੋਟੇ-ਟੋਟੇ ਕਰ ਦਿੱਤੇ ਸਨ, ਜਿਉਂ ਹੀ ਉਸ ਨੇ ਡਿਪਟੀ ਕਮਿਸ਼ਨਰ 'ਤੇ ਹਮਲਾ ਕੀਤਾ।

ਖ਼ੁਸ਼ਕਿਸਮਤੀ ਨਾਲ ਜਦੋਂ ਅਸੀਂ ਮੌਤ ਦੀ ਸਜ਼ਾ ਮੁਕੰਮਲ ਕਰ ਰਹੇ ਸਾਂ, ਕਮਿਸ਼ਨਰ ਦੀ ਚਿੱਠੀ ਮਿਲੀ ਜਿਸ ਵਿੱਚ ਇਨ੍ਹਾਂ ਬਦਮਾਸ਼ਾਂ ਬਾਰੇ ਹਦਾਇਤਾਂ ਸਨ ਕਿ ਉਨ੍ਹਾਂ ਦੀ ਸਖ਼ਤ ਸੁਣਵਾਈ ਹਵਾਲਗੀ ਕਾਨੂੰਨਾਂ ਅਧੀਨ ਕੀਤੀ ਜਾਵੇ ਅਤੇ ਹੋਰ...।

ਸ਼ਾਮੀਂ 8 ਵਜੇ। - ਸੂਬਾ ਕਾਹਨ ਸਿੰਘ ਨੂੰ ਨਾਭਾ ਦੀ ਘੁੜਸਵਾਰ ਫ਼ੌਜ ਦੀ ਇੱਕ ਟੋਲੀ ਡਿਪਟੀ ਕਮਿਸ਼ਨਰ ਦੇ ਹੁਕਮਾਂ ਦੇ ਆਧਾਰ 'ਤੇ ਮੱਲ੍ਹਪੁਰ (ਇੱਥੋਂ 5 ਕੋਹ ਦੀ ਦੂਰੀ 'ਤੇ ਇੱਕ ਪਿੰਡ) ਤੋਂ ਲੈ ਕੇ ਆਏ ਸਨ। ਇਹ ਵਿਅਕਤੀ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਸੂਬਾ ਹੈ ਤੇ ਕੂਕਿਆਂ 'ਚੋਂ ਮੋਹਰੀ ਵਿਅਕਤੀ ਹੈ ਅਤੇ ਬਾਬਾ (ਗੁਰੂ) ਰਾਮ ਸਿੰਘ ਜੀ ਦਾ ਸਹਾਇਕ ਤੇ ਭਰੋਸੇਮੰਦ ਸਲਾਹਕਾਰ ਹੈ।

*ਹਸਤਾਖਰ*
*ਈ. ਪਰਕਿਨਜ਼, ਲੈਫ਼ਟੀਨੈਂਟ ਕਰਨਲ*
*ਡਿਪਟੀ ਸੁਪਰਇੰਟੈਂਡੈਂਟ ਪੁਲਿਸ*

ਇਸ ਸ਼ਾਮ ਨੂੰ ਮਲੌਦ ਤੋਂ ਇੱਕ ਰਿਪੋਰਟ ਆਈ ਕਿ 150 ਕੂਕੇ ਖੰਨਾ ਲਾਗਲੇ ਇੱਕ ਜੰਗਲ 'ਚ ਇਕੱਠੇ ਹੋ ਗਏ ਸਨ।

ਈ.ਪੀ.

## 88

*ਨੰ. 16, ਮਿਤੀ 17 ਜਨਵਰੀ, 1872*

*ਵੱਲੋਂ*

ਐੱਲ. ਕਾਵਨ, ਐਸਕ.,
ਕਾਰਜਕਾਰੀ ਡਿਪਟੀ ਕਮਿਸ਼ਨਰ, ਲੁਧਿਆਣਾ।

*ਵੱਲ*

ਕਮਿਸ਼ਨਰ, ਅੰਬਾਲਾ ਡਿਵੀਜ਼ਨ।

ਅੱਜ ਸਵੇਰ ਦੀ ਮਿਤੀ ਦੇ ਤੁਹਾਡੇ ਪਤੇ 'ਤੇ ਮੇਰੀ ਚਿੱਠੀ ਦੀ ਨਿਰੰਤਰਤਾ 'ਚ ਮੈਨੂੰ ਆਪ ਜੀ ਨੂੰ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ 68 ਬਾਗ਼ੀ ਕੂਕੇ ਅੱਜ ਰੜ੍ਹ ਤੋਂ ਲਿਆਂਦੇ ਗਏ ਸਨ। ਇਨ੍ਹਾਂ 'ਚੋਂ ਦੋ ਔਰਤਾਂ ਸਨ ਤੇ ਬਾਕੀ ਦੇ 66 ਮਰਦ ਸਨ; ਉਨ੍ਹਾਂ 'ਚੋਂ 22 ਜਣੇ ਜ਼ਖ਼ਮੀ ਸਨ; ਜ਼ਿਆਦਾਤਰ ਨੂੰ ਮਾਮੂਲੀ ਸੱਟਾਂ ਹੀ ਲੱਗੀਆਂ ਹੋਈਆਂ ਸਨ।

2. ਇਨ੍ਹਾਂ ਕੈਦੀਆਂ ਦਾ ਵਿਵਹਾਰ ਬਹੁਤ ਬਾਗ਼ੀਆਨਾ, ਲਲਕਾਰਨ ਵਾਲਾ ਤੇ ਬੇ-ਲਗਾਮ ਸੀ, ਉਹ ਸਰਕਾਰ ਤੇ ਸਥਾਨਕ ਰਿਆਸਤਾਂ ਦੇ ਰਾਜਿਆਂ ਪ੍ਰਤੀ ਬਹੁਤ ਹੀ ਭੱਦੀ ਭਾਸ਼ਾ ਵਰਤ ਰਹੇ ਸਨ। ਉਨ੍ਹਾਂ ਸਾਰਿਆਂ ਨੇ ਇਹ ਕਬੂਲ ਕੀਤਾ ਕਿ ਉਹ ਮਲੌਦ ਤੇ ਕੋਟਲਾ ਦੇ ਹਮਲਿਆਂ ਸਮੇਂ ਮੌਜੂਦ ਸਨ ਤੇ ਸਗੋਂ ਆਪਣੇ ਅਜਿਹੇ ਕੰਮ ਵੀ ਉਨ੍ਹਾਂ ਬਹੁਤ ਮਾਣ ਨਾਲ ਦੱਸੇ; ਉਨ੍ਹਾਂ ਦੱਸਿਆ ਕਿ ਉਨ੍ਹਾਂ ਮਲੌਦ 'ਤੇ ਹਮਲਾ ਹਥਿਆਰ ਹਾਸਲ ਕਰਨ ਲਈ ਕੀਤਾ ਸੀ ਅਤੇ ਕੋਟਲਾ 'ਤੇ ਉਨ੍ਹਾਂ ਦਾ ਹਮਲਾ ਉਨ੍ਹਾਂ ਦੇ ਧਰਮ ਕਾਰਣ ਗਊ-ਹਤਿਆਰਿਆਂ ਦਾ ਕਤਲ ਕਰਨ ਵਾਸਤੇ ਸੀ।

3. ਦੋਵੇਂ ਔਰਤਾਂ ਪਟਿਆਲਾ ਰਿਆਸਤ ਨਾਲ ਸੰਬੰਧਤ ਸਨ ਅਤੇ ਮੈਂ ਉਨ੍ਹਾਂ ਨੂੰ ਪਟਿਆਲਾ ਦੀਆਂ ਫ਼ੌਜਾਂ ਦੇ ਕਮਾਂਡਿੰਗ ਅਧਿਕਾਰੀ ਹਵਾਲੇ ਕਰ ਦਿੱਤਾ ਕਿ ਤਾਂ ਜੋ ਉਨ੍ਹਾਂ ਨੂੰ ਪਟਿਆਲਾ ਭੇਜਿਆ ਜਾ ਸਕੇ। ਇਸ ਬਾਅਦ ਦੁਪਹਿਰ 49 ਬਾਗ਼ੀਆਂ ਨੂੰ ਕੋਟਲਾ ਦੇ ਨਵਾਬ ਦੇ ਪਰੇਡ ਮੈਦਾਨ 'ਚ ਪਟਿਆਲਾ, ਨਾਭਾ, ਜੀਂਦ ਤੇ ਕੋਟਲਾ ਰਿਆਸਤਾਂ ਦੇ ਫ਼ੌਜੀਆਂ ਦੀ ਮੌਜੂਦਗੀ ਵਿੱਚ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ। ਮੈਂ ਚਾਹੁੰਦਾ ਸਾਂ ਕਿ 50 ਜਣਿਆਂ ਨੂੰ ਤੋਪਾਂ ਨਾਲ ਉਡਾਇਆ ਜਾਂਦਾ ਤੇ ਬਾਕੀ ਦੇ 16 ਬਾਗ਼ੀਆਂ ਨੂੰ ਮਲੌਦ ਭੇਜ ਦਿੱਤਾ ਗਿਆ ਹੈ, ਜਿੱਥੇ ਉਨ੍ਹਾਂ ਨੂੰ ਭਲਕੇ ਮੌਤ ਦੀ ਸਜ਼ਾ ਦਿੱਤੀ ਜਾਵੇ ਗੀ ਪਰ ਇੱਕ ਵਿਅਕਤੀ ਰੱਖਿਅਕਾਂ ਦੀ ਪਕੜ 'ਚੋਂ ਬਚ ਕੇ ਫ਼ਰਾਰ ਹੋ ਗਿਆ ਤੇ ਉਸ ਨੇ ਮੇਰੇ 'ਤੇ ਭਿਆਨਕ ਤਰੀਕੇ ਹਮਲਾ ਕਰ ਦਿੱਤਾ, ਮੈਨੂੰ ਦਾੜ੍ਹੀ ਤੋਂ ਫੜ ਲਿਆ ਅਤੇ ਮੇਰਾ ਗਲ਼ਾ ਘੁੱਟਣ ਦੀ ਕੋਸ਼ਿਸ਼ ਕਰਨ ਲੱਗਾ; ਉਹ ਕਿਉਂਕਿ ਬਹੁਤ ਤਾਕਤਵਰ ਵਿਅਕਤੀ ਸੀ, ਮੈਨੂੰ ਉਸ ਦੀ ਪਕੜ ਤੋਂ ਖ਼ੁਦ ਨੂੰ ਛੁਡਾਉਣ 'ਚ ਬਹੁਤ ਔਖ ਮਹਿਸੂਸ ਹੋ ਰਹੀ ਸੀ। ਤਦ ਉਸ ਨੇ ਮੇਰੇ ਨੇੜੇ ਖੜ੍ਹੇ ਸਥਾਨਕ ਰਿਆਸਤਾਂ ਦੇ ਕੁਝ ਅਧਿਕਾਰੀਆਂ 'ਤੇ ਬਹੁਤ ਹੀ ਵਹਿਸ਼ੀਆਨਾ ਤਰੀਕੇ ਹਮਲਾ ਬੋਲ ਦਿੱਤਾ। ਉਨ੍ਹਾਂ ਅਧਿਕਾਰੀਆਂ ਨੇ ਆਪਣੀਆਂ ਤਲਵਾਰਾਂ ਕੱਢੀਆਂ ਤੇ ਉਸ ਦੇ ਟੋਟੇ-ਟੋਟੇ ਕਰ ਦਿੱਤੇ।

4. ਇਹ ਬਹੁਤ ਦਰਦਨਾਕ ਡਿਊਟੀ ਸੀ ਅਤੇ ਅੱਜ ਦੀ ਤਰੀਕ ਦੀ ਚਿੱਠੀ ਜਦੋਂ ਮੈਨੂੰ ਮਿਲੀ ਤਾਂ ਜੋ ਦਰਦ ਮੈਂ ਮਹਿਸੂਸ ਕੀਤਾ, ਉਹ ਮੈਂ ਬਿਆਨ ਨਹੀਂ ਕਰ ਸਕਦਾ ਕਿਉਂਕਿ ਆਖ਼ਰੀ ਬੈਚ ਨੂੰ ਤੋਪਾਂ ਨਾਲ ਉਡਾਉਣ ਲਈ ਖਲਾਰਿਆ ਜਾ ਰਿਹਾ ਸੀ; ਤੁਹਾਡੀ ਚਿੱਠੀ ਵਿੱਚ ਲਿਖਿਆ ਸੀ ਕਿ ਮੈਂ ਜਾਂਚ ਕਰਾਂ ਅਤੇ ਤੁਹਾਨੂੰ ਉਸ ਦੀ ਸਾਰੀ ਕਾਰਵਾਈ ਭੇਜਾਂ ਤਾਂ ਜੋ ਇਨ੍ਹਾਂ ਬਾਗ਼ੀਆਂ ਲਈ ਸਜ਼ਾ ਤਜਵੀਜ਼ ਕੀਤੀ ਜਾ ਸਕੇ। ਮੈਂ ਆਪਣੇ ਵੱਲੋਂ ਮੌਤ ਦੀ ਸਜ਼ਾ ਦਿੰਦੇ ਸਮੇਂ ਬਿਲਕੁਲ ਈਮਾਨਦਾਰਾਨਾ ਤੇ ਸੁਹਿਰਦ ਢੰਗ ਨਾਲ ਕਾਰਵਾਈ ਕੀਤੀ ਅਤੇ ਮੈਂ ਸਰਕਾਰ ਦੇ ਬਿਹਤਰ ਹਿਤਾਂ ਲਈ ਹੀ ਕੰਮ ਕਰ ਰਿਹਾ ਸਾਂ। ਇੱਕ ਅਜਿਹੀ ਬਗ਼ਾਵਤ ਜੋ ਭਿਆਨਕ ਰੂਪ ਅਖ਼ਤਿਆਰ ਕਰ ਸਕਦੀ ਸੀ, ਉਸ ਨੂੰ ਅਰੰਭ ਹੁੰਦਿਆਂ ਹੀ ਦਬਾ ਦਿੱਤਾ ਗਿਆ ਸੀ, ਮੇਰੇ ਖ਼ਿਆਲ ਅਨੁਸਾਰ ਇੱਕ ਖ਼ਤਰਨਾਕ ਸਜ਼ਾ ਤੁਰੰਤ ਦੇਣੀ ਜ਼ਰੂਰੀ ਸੀ ਕਿ ਤਾਂ ਜੋ ਭਵਿੱਖ ’ਚ ਅਜਿਹੀ ਹੋਰ ਕੋਈ ਕੋਸ਼ਿਸ਼ ਨਾ ਹੋ ਸਕੇ।

5. ਮੇਰਾ ਬਹੁਤ ਸੁਹਿਰਦ ਭਰੋਸਾ ਹੈ ਕਿ ਇਸ ਵਿਆਖਿਆ ਤੋਂ ਬਾਅਦ ਤੁਸੀਂ ਉਹ ਸਭ ਪ੍ਰਵਾਨ ਕਰੋਗੇ ਜੋ ਕੁਝ ਵੀ ਮੈਂ ਕੀਤਾ ਹੈ। ਮੈਂ ਇੱਥੇ ਬਾਕੀ ਰਹਿੰਦੇ 16 ਬਾਗ਼ੀਆਂ ਨੂੰ ਲੈ ਕੇ ਬਹੁਤ ਕਸੂਤੀ ਸਥਿਤੀ ’ਚ ਫਸ ਗਿਆ ਹਾਂ, ਜਿਨ੍ਹਾਂ ਨੂੰ ਭਲਕੇ ਮਲੌਦ ’ਚ ਮੌਤ ਦੇ ਘਾਟ ਉਤਾਰਿਆ ਜਾਣਾ ਹੈ ਅਤੇ ਮੇਰੀ ਤੁਹਾਨੂੰ ਸਨਿਮਰ ਬੇਨਤੀ ਹੈ ਕਿ ਤੁਸੀਂ ਮੈਨੂੰ ਤੁਰੰਤ ਇਹ ਸਜ਼ਾ ਦੇਣ ਦੀ ਪ੍ਰਵਾਨਗੀ ਦੇ ਦੇਵੋਗੇ। ਮੇਰਾ ਮੰਨਣਾ ਹੈ ਕਿ ਮੌਤ ਦੀਆਂ ਇਨ੍ਹਾਂ ਸਜ਼ਾਵਾਂ ਨਾਲ ਇਨ੍ਹਾਂ ਖ਼ਿੱਤਿਆਂ ਦੇ ਲੋਕ ਜ਼ਰੂਰ ਹੀ ਬਹੁਤ ਖ਼ੁਸ਼ ਹੋਣਗੇ। ਜਿੱਥੇ ਕਿਤੇ ਵੀ ਮੈਂ ਜਾਂਦਾ ਸਾਂ; ਇਨ੍ਹਾਂ ਲੋਕਾਂ ਦਾ ਵਿਵਹਾਰ, ਉਨ੍ਹਾਂ ਦੀਆਂ ਚੀਕਾਂ ਤੇ ਟਿੱਪਣੀਆਂ ਇਹ ਸਭ ਦਰਸਾਉਂਦੀਆਂ ਹਨ।

6. ਮੇਰਾ ਪ੍ਰਸਤਾਵ ਹੈ ਕਿ ਇੱਥੇ ਜਿਹੜੇ ਵੀ ਸੰਬੰਧਤ ਰਿਆਸਤਾਂ ਦੇ ਫ਼ੌਜੀ ਦਸਤੇ ਇਕੱਠੇ ਹੋਏ ਹਨ, ਉਹ ਭਲਕੇ ਇੱਥੋਂ ਵਾਪਸ ਚਲੇ ਜਾਣ ਪਰ ਕੱਲ੍ਹ ਦੁਪਹਿਰ ਤੱਕ ਰਹਿਣ ਕਿ ਸ਼ਾਇਦ ਤੁਸੀਂ ਬਾਕੀ ਰਹਿੰਦੇ ਕੂਕਾ ਬਾਗ਼ੀਆਂ ਨੂੰ ਮੇਰੇ ਹਿਸਾਬ ਨਾਲ ਸਜ਼ਾ ਦੇਣ ਦੀ ਪ੍ਰਵਾਨਗੀ ਦਾ ਹੁਕਮ ਦੇ ਦੇਵੋ। ਜੇ ਤੁਸੀਂ ਇਹ ਮਨਜ਼ੂਰੀ ਨਹੀਂ ਦਿੰਦੇ, ਤਾਂ ਮੈਂ ਜਾਂਚ ਕਰਾਂਗਾ ਤੇ ਫਿਰ ਤੁਹਾਡੇ ਹੁਕਮਾਂ ਲਈ ਰਿਪੋਰਟ ਭੇਜਾਂਗਾ।

*ਵਿਸ਼ੇਸ਼ ਨੋਟ:* ਤੋਪਾਂ ਨਾਲ ਉਡਾਏ ਗਏ ਬਾਗ਼ੀਆਂ ਵਿੱਚ ਹੀਰਾ ਸਿੰਘ ਤੇ ਲਹਿਣਾ ਸਿੰਘ ਵੀ ਸ਼ਾਮਲ ਸਨ, ਜੋ ਇਸ ਗਿਰੋਹ ਦੇ ਆਗੂ ਸਨ ਤੇ ਜਿਨ੍ਹਾਂ ਬਗ਼ਾਵਤ ਲਈ ਸਭ ਨੂੰ ਭੜਕਾਇਆ ਸੀ।

*ਦੂਜਾ ਵਿਸ਼ੇਸ਼ ਨੋਟ:* ਹੁਣ ਜਦੋਂ ਮੈਂ ਇਹ ਚਿੱਠੀ ਖ਼ਤਮ ਕਰ ਰਿਹਾ ਹਾਂ, ਤਾਂ ਘੁੜਸਵਾਰ ਫ਼ੌਜੀਆਂ ਦੀ ਉਹ ਟੋਲੀ ਵਾਪਸ ਆ ਗਈ ਹੈ, ਜੋ ਮੈਂ ਪਿੰਡ ਮੱਲ੍ਹਪੁਰ ’ਚ ਲੁਕੇ (ਅਜਿਹੀ ਸੂਹ ਮਿਲੀ ਸੀ) ਕੂਕਿਆਂ ਦੀ ਭਾਲ਼ ’ਚ ਭੇਜੀ ਗਈ ਸੀ,, ਜਿਸ ਬਾਰੇ ਮੈਂ ਤੁਹਾਨੂੰ ਅੱਜ ਦੀ ਤਰੀਕ ਵਾਲੀ ਨੀਮ-ਅਧਿਕਾਰਤ ਚਿੱਠੀ ’ਚ ਦੱਸਿਆ ਵੀ ਸੀ; ਇਹ ਟੋਲੀ ਆਪਣੇ ਨਾਲ ਭੈਣੀ ਵਿਖੇ ਰਹਿੰਦੇ ਇੱਕ ਪ੍ਰਭਾਵਸ਼ਾਲੀ ਸੂਬਾ ਕਾਹਨ ਸਿੰਘ ਤੇ ਤਿੰਨ ਹੋਰ ਕੂਕਿਆਂ ਨੂੰ ਲੈ ਕੇ ਆਈ ਹੈ। ਇਨ੍ਹਾਂ ਵਿਅਕਤੀਆਂ ਦੇ ਮਾਮਲੇ ਦੀ ਜਾਂਚ ਮੈਂ ਹਾਲੇ ਭਲਕੇ ਤੱਕ ਸੁਰੱਖਿਅਤ ਰੱਖਦਾ ਹਾਂ ਕਿਉਂਕਿ ਅੱਜ ਮੈਂ ਡਾਢਾ ਪਰੇਸ਼ਾਨ ਹੋਇਆ ਹਾਂ।

## 89

### *ਵੱਲ – ਸਕੱਤਰ, ਪੰਜਾਬ – ਦਿੱਲੀ*

ਲੁਧਿਆਣਾ ਦੇ ਕਮਿਸ਼ਨਰ ਵੱਲੋਂ 18 ਤਰੀਕ ਨੂੰ 7 ਵੱਜ ਕੇ 16 ਮਿੰਟ 'ਤੇ ਕੀਤੀ ਪਹਿਲੀ ਤਾਰ ਵਿੱਚ ਲੋਕਾਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੀ ਰਿਪੋਰਟ ਦਿੱਤੀ ਗਈ ਸੀ। ''ਕੋਟਲਾ 'ਚ 49 ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ ਹੈ। ਇੱਕ ਦੇ ਟੋਟੇ-ਟੋਟੇ ਕਰ ਦਿੱਤੇ ਗਏ ਹਨ, ਜਦੋਂ ਉਸ ਨੇ ਵਹਿਸ਼ੀਆਨਾ ਢੰਗ ਨਾਲ ਡਿਪਟੀ ਕਮਿਸ਼ਨਰ 'ਤੇ ਹਮਲਾ ਕੀਤਾ ਸੀ।''

## 90

*ਤਾਰ* *ਮਿਤੀ 18 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ।

*ਵੱਲ*

ਗ੍ਰਿਹ ਸਕੱਤਰ, ਕਲਕੱਤਾ।

ਕੋਟਲਾ 'ਚ ਇਸੇ ਮਹੀਨੇ ਦੀ 17 ਤਰੀਕ ਨੂੰ ਡਿਪਟੀ ਕਮਿਸ਼ਨਰ ਨੇ ਉਨ੍ਹਾਂ 49 ਵਿਅਕਤੀਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਸੀ, ਜਿਨ੍ਹਾਂ ਮਲੌਦ 'ਤੇ ਹਮਲਾ ਕੀਤਾ ਸੀ। ਜਿਹੜੇ ਹਾਲਾਤ 'ਚ ਇਹ ਸਭ ਕੁਝ ਕੀਤਾ ਗਿਆ, ਉਨ੍ਹਾਂ ਬਾਰੇ ਕੋਈ ਵੀ ਸਪੱਸ਼ਟ ਜਾਣਕਾਰੀ ਨਹੀਂ ਹੈ ਪਰ ਕਮਿਸ਼ਨਰ ਤੋਂ ਸਪੱਸ਼ਟੀਕਰਣ ਮੰਗ ਲਿਆ ਗਿਆ ਹੈ। ਬਾਕੀ ਦੇ ਕੂਕਾ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

## 91

*ਮਿਤੀ ਕੈਂਪ ਲੁਧਿਆਣਾ, 18 ਜਨਵਰੀ, 1872*

*ਵੱਲੋਂ*

ਟੀ.ਡੀ. ਫ਼ਾਰਸਿਥ ਐਸਕ. ਸੀ.ਬੀ. ਕਮਿਸ਼ਨਰ ਤੇ
ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ।

*ਵੱਲ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

ਮੈਨੂੰ ਆਪ ਜੀ ਨੂੰ ਇਹ ਸੂਚਿਤ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਮੈਂ ਸਭ ਤੋਂ ਪਹਿਲਾਂ ਇਸ ਜ਼ਿਲ੍ਹੇ 'ਚ ਸ਼ਾਂਤੀ ਕਾਇਮ ਕਰਨਾ ਬਹੁਤ ਜ਼ਰੂਰੀ ਸਮਝਿਆ ਹੈ ਅਤੇ ਸਮੁੱਚੇ ਸੂਬੇ 'ਚ ਅਮਨ ਕਾਇਮ ਰੱਖਣ ਲਈ ਕੂਕਾ ਸੰਪਰਦਾਇ ਦੇ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਨੂੰ ਤੁਰੰਤ ਪੰਜਾਬ ਤੋਂ ਬਾਹਰ ਭੇਜ ਦਿੱਤਾ ਜਾਵੇ ਅਤੇ ਤਦ ਤੱਕ

ਸੁਰੱਖਿਆ ਲਈ ਉਨ੍ਹਾਂ ਨੂੰ ਅਲਾਹਾਬਾਦ ਭੇਜ ਦਿੱਤਾ ਹੈ, ਜਦੋਂ ਤੱਕ ਸਰਕਾਰ ਦੀ ਮਰਜ਼ੀ ਦਾ ਪਤਾ ਨਾ ਲੱਗ ਜਾਵੇ ਕਿ ਹੁਣ ਉਨ੍ਹਾਂ ਨਾਲ ਕੀ ਕਰਨਾ ਹੈ।

2. ਮਲੌਦ ਤੇ ਮਲੇਰਕੋਟਲਾ ਰਿਆਸਤ 'ਚ ਕੂਕਿਆਂ ਵੱਲੋਂ ਕੀਤੇ ਗਏ ਹਮਲਿਆਂ ਵਿੱਚ (ਗੁਰੂ) ਰਾਮ ਸਿੰਘ ਜੀ ਦੀ ਸ਼ਮੂਲੀਅਤ ਬਾਰੇ ਹਾਲੇ ਨਿੱਠ ਕੇ ਕੋਈ ਜਾਂਚ ਨਹੀਂ ਹੋਈ ਅਤੇ ਇਹ ਇੱਕ ਤੱਥ ਹੈ ਕਿ ਉਨ੍ਹਾਂ ਨੇ ਇਸ ਮੌਜੂਦਾ ਮਾਮਲੇ ਦੇ ਮੁੱਖ ਦੋਸ਼ੀਆਂ ਲਹਿਣਾ ਸਿੰਘ ਤੇ ਹੀਰਾ ਸਿੰਘ ਦੀ ਮਨਸ਼ਾ ਬਾਰੇ ਪੁਲਿਸ ਨੂੰ ਜਾਣਕਾਰੀ ਦੇ ਦਿੱਤੀ ਸੀ ਕਿ ਉਹ ਕੋਈ ਹਮਲੇ ਕਰਨਗੇ। ਪਰ ਜਿਵੇਂ ਕਿ ਉਨ੍ਹਾਂ ਦਾ ਆਪਣਾ ਹੀ ਕਹਿਣਾ ਹੈ ਕਿ ਉਨ੍ਹਾਂ ਦੇ ਪੈਰੋਕਾਰ ਉਨ੍ਹਾਂ ਦਾ ਨਾਮ ਵਰਤਦੇ ਹਨ ਤੇ ਉਹ ਕਤਲ ਕਰਨ ਤੇ ਗੜਬੜੀਆਂ ਕਰਨ ਲਈ ਆਪਣੇ ਹੋਰ ਸਾਥੀਆਂ ਨੂੰ ਸੱਦਾ ਦੇਣ ਲਈ ਉਨ੍ਹਾਂ ਦੀ ਮੌਜੂਦਗੀ ਦਾ ਲਾਹਾ ਲੈਂਦੇ ਹਨ। ਉਹ ਕਬੂਲ ਕਰਦੇ ਹਨ ਕਿ ਜਦੋਂ ਮੈਂ ਹੁਣ ਇਹ ਸ਼ਬਦ ਲਿਖ ਰਿਹਾ ਹਾਂ, ਅੰਮ੍ਰਿਤਸਰ ਦੇ ਕਤਲਾਂ ਤੋਂ ਕੁਝ ਸਮਾਂ ਬਾਬਾ ਜੀ ਦੱਸਦੇ ਹਨ ਕਿ ਲਗਭਗ ਇੱਕ ਮਹੀਨਾ ਜਾਂ ਛੇ ਹਫ਼ਤੇ ਪਹਿਲਾਂ ਦੋ ਵਿਅਕਤੀ ਝੰਡਾ ਸਿੰਘ ਤੇ ਮਿਹਰ ਸਿੰਘ ਨੇ ਕਸਾਈਆਂ ਨੂੰ ਮਾਰਨ ਦੀ ਇਜਾਜ਼ਤ ਮੰਗੀ ਸੀ। ਹੋਰਨਾਂ ਨੇ ਵੀ ਅਜਿਹੀ ਬੇਨਤੀ ਕੀਤੀ ਸੀ ਪਰ ਉਨ੍ਹਾਂ ਸਖ਼ਤੀ ਨਾਲ ਉਨ੍ਹਾਂ ਨੂੰ ਮਨ੍ਹਾ ਕਰ ਦਿੱਤਾ ਸੀ ਪਰ ਫਿਰ ਵੀ ਉਨ੍ਹਾਂ ਨੇ ਉਹ ਅਪਰਾਧ ਕੀਤੇ ਸਨ। ਉਹ ਇਹ ਮੰਨਦੇ ਹਨ ਕਿ ਭਾਵੇਂ ਉਨ੍ਹਾਂ ਨੂੰ ਇਹ ਪੱਕਾ ਸ਼ੱਕ ਹੈ ਕਿ ਇਹੋ ਵਿਅਕਤੀ ਹੀ ਅਸਲ ਦੋਸ਼ੀ ਹਨ ਪਰ ਉਹ ਸਰਕਾਰ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੰਦੇ। ਕੁਝ ਸਮੇਂ ਬਾਅਦ ਉਹ ਆਖਦੇ ਹਨ ਕਿ ਦਲ ਸਿੰਘ, ਮੰਗਲ ਸਿੰਘ, ਦੀਵਾਨ ਸਿੰਘ ਤੇ ਦੋ ਹੋਰ ਵਿਅਕਤੀ ਆਏ ਅਤੇ ਰਾਏਕੋਟ ਕਤਲ ਕਾਂਡ ਕਰਨ ਲਈ ਉਨ੍ਹਾਂ ਦੀ ਇਜਾਜ਼ਤ ਮੰਗੀ ਪਰ ਉਨ੍ਹਾਂ ਨੇ ਫਿਰ ਮਨ੍ਹਾ ਕਰ ਦਿੱਤਾ ਤੇ ਉਨ੍ਹਾਂ ਨੇ ਉਹ ਕਾਰਾ ਉਨ੍ਹਾਂ ਨੂੰ ਦੱਸੇ ਬਗ਼ੈਰ ਹੀ ਕੀਤਾ। ਪਰ ਉਹ ਇਹ ਮੰਨਦੇ ਹਨ ਕਿ ਉਨ੍ਹਾਂ ਸਰਕਾਰੀ ਅਧਿਕਾਰੀਆਂ ਨੂੰ ਕਦੇ ਕੋਈ ਸੁਰਾਗ਼ ਨਹੀਂ ਦਿੱਤਾ, ਉਦੋਂ ਵੀ ਨਹੀਂ ਜਦੋਂ ਸ੍ਰੀ ਮੈਕਨੈਬ ਨੇ ਉਨ੍ਹਾਂ ਨੂੰ ਬੱਸੀਆਂ ਵਿਖੇ ਸੱਦ ਕੇ ਪੁੱਛਗਿੱਛ ਕੀਤੀ ਸੀ। ਇਸ ਲਈ ਇਹ ਬਿਲਕੁਲ ਸਪੱਸ਼ਟ ਹੈ ਕਿ ਉਨ੍ਹਾਂ ਨੇ ਸਰਕਾਰ ਨੂੰ ਆਪਣੇ ਪੈਰੋਕਾਰਾਂ ਦੀਆਂ ਗਤੀਵਿਧੀਆਂ ਸਬੰਧੀ ਹਨੇਰੇ 'ਚ ਰੱਖਿਆ। ਉਨ੍ਹਾਂ ਦਾ ਇਹ ਬਹਾਨਾ ਕਿ ਉਨ੍ਹਾਂ ਨੂੰ ਸਾਡੇ ਕਾਨੂੰਨਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ ਅਤੇ ਇਹ ਕਿ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਕਤਲ ਦਾ ਅਪਰਾਧ ਕਰਨ ਤੋਂ ਵਰਜ ਦਿੱਤਾ ਸੀ, ਇਸ ਲਈ ਤਦ ਉਨ੍ਹਾਂ ਦੀ ਸਰਕਾਰ ਨੂੰ ਅਜਿਹੇ ਮਾਮਲਿਆਂ ਬਾਰੇ ਕੋਈ ਜਾਣਕਾਰੀ ਦੀ ਜ਼ਿੰਮੇਵਾਰੀ ਨਹੀਂ ਰਹਿ ਜਾਂਦੀ, ਉਦੋਂ ਵੀ ਨਹੀਂ ਜਦੋਂ ਕਿ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਦੇ ਪੈਰੋਕਾਰਾਂ ਨੇ ਜਿਹੜੇ ਕਤਲਾਂ ਦੀ ਇਜਾਜ਼ਤ ਮੰਗੀ ਸੀ, ਉਹ ਹੋ ਚੁੱਕੇ ਸਨ।

3. ਅਜਿਹੇ ਕਿਸੇ ਵਿਅਕਤੀ ਨੂੰ ਖੁੱਲ੍ਹਾ ਛੱਡਣ 'ਚ ਬਹੁਤ ਜ਼ਿਆਦਾ ਖ਼ਤਰਾ ਹੈ, ਇੱਥੋਂ ਤੱਕ ਇਹ ਮੰਨ ਲੈਣ 'ਚ ਵੀ ਉਨ੍ਹਾਂ ਦਾ ਕੋਈ ਬਿਆਨ ਸੱਚ ਹੈ ਕਿ ਨਹੀਂ ਅਤੇ ਫਿਰ ਉਨ੍ਹਾਂ ਦੀ ਚੁੱਪੀ ਤੋਂ ਇਹ ਮੰਨ ਲੈਣਾ ਕਿ ਉਨ੍ਹਾਂ ਦੀ ਕਿਤੇ ਕੋਈ ਸ਼ਮੂਲੀਅਤ ਨਹੀਂ ਰਹੀ ਜਿਵੇਂ ਕਿ ਅੰਮ੍ਰਿਤਸਰ ਮਾਮਲੇ 'ਚ ਉਨ੍ਹਾਂ ਦੀ ਜਾਣਕਾਰੀ ਤੋਂ ਹੀ ਅਸਲ ਦੋਸ਼ੀਆਂ ਬਾਰੇ ਤੁਰੰਤ ਪਤਾ ਲੱਗ ਜਾਣਾ ਚਾਹੀਦਾ ਸੀ।

4. ਮੇਰਾ ਵਿਸ਼ਵਾਸ ਹੈ ਕਿ ਜਿਹੜੀ ਕਾਰਵਾਈ ਹੁਣ ਮੈਂ ਕਰਨ ਜਾ ਰਿਹਾ ਹਾਂ, ਉਸ ਨੂੰ ਸਰਕਾਰ ਤੋਂ ਪ੍ਰਵਾਨਗੀ ਮਿਲ ਜਾਵੇਗੀ ਅਤੇ ਬਾਬਾ ਰਾਮ ਸਿੰਘ ਜੀ ਨੂੰ ਹਿਰਾਸਤ 'ਚ ਲੈਣ ਲਈ 1818 ਦੇ ਰੈਗੂਲੇਸ਼ਨ III ਅਧੀਨ ਇੱਕ ਵਾਰੰਟ ਜਾਰੀ ਕੀਤਾ ਜਾਵੇ ਅਤੇ ਇਹ ਵੀ ਕਿ ਅਗਲੇ ਇੱਕ-ਦੋ ਦਿਨਾਂ ਅੰਦਰ ਉਨ੍ਹਾਂ ਦੇ ਸੂਬਿਆਂ ਨੂੰ ਵੀ ਗ੍ਰਿਫ਼ਤਾਰ ਕਰ ਕੇ ਅਲਾਹਾਬਾਦ ਦੇ ਮੈਜਿਸਟ੍ਰੇਟ ਕੋਲ ਭੇਜ ਦਿੱਤਾ ਜਾਵੇ।

## 92

*ਤਾਰ* *ਮਿਤੀ 18 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ।

*ਵੱਲ*

(1) ਗ੍ਰਹਿ ਸਕੱਤਰ, ਕਲਕੱਤਾ;

(2) ਮੈਜਿਸਟ੍ਰੇਟ, ਅਲਾਹਾਬਾਦ; ਅਤੇ

(3) ਸਕੱਤਰ, ਉੱਤਰ-ਪੱਛਮੀ ਰਾਜਾਂ ਦੀ ਸਰਕਾਰ।

ਕੂਕਾ ਰਹਿਨੁਮਾ ਰਾਮ ਸਿੰਘ ਨੂੰ ਉਨ੍ਹਾਂ ਦੇ ਲੈਫ਼ਟੀਨੈਂਟਾਂ ਲੱਖਾ ਸਿੰਘ ਤੇ ਸਾਹਿਬ ਸਿੰਘ ਨਾਲ ਇਸ ਸਵੇਰ ਦੀ ਰੇਲ-ਗੱਡੀ ਰਾਹੀਂ ਯੂਰੋਪੀਅਨ ਅਧਿਕਾਰੀ ਅਤੇ ਗੋਰਖਾ ਗਾਰਡਾਂ ਦੀ ਨਿਗਰਾਨੀ ਹੇਠ ਅਲਾਹਾਬਾਦ ਭੇਜਿਆ ਜਾ ਰਿਹਾ ਹੈ।

## 93

*ਨੰ. 1* *ਮਿਤੀ ਲੁਧਿਆਣਾ, 18 ਜਨਵਰੀ, 1872*

ਨੀਮ-ਅਧਿਕਾਰਤ ਪੱਤਰ

*ਵੱਲੋਂ*

ਕੈਪਟਨ ਮੈਂਜ਼ੀਸ।

ਮੇਰੇ ਪਿਆਰੇ ਕਰਨਲ – ਮੈਂ ਪਰਕਿਨਜ਼ ਤੋਂ ਹੁਣੇ ਪ੍ਰਾਪਤ ਹੋਈ ਇੱਕ ਖ਼ਾਸ ਰਿਪੋਰਟ ਨੱਥੀ ਰਿਹਾ ਹਾਂ। ਇੰਝ ਜਾਪਦਾ ਹੈ ਕਿ ਸ੍ਰੀ ਕਾਵਨ ਨੇ ਆਪਣੀ ਖ਼ੁਦ ਦੀ ਜ਼ਿੰਮੇਵਾਰੀ 'ਤੇ ਕੰਮ ਕਰਦਿਆਂ ਪਟਿਆਲਾ 'ਚ ਗ੍ਰਿਫ਼ਤਾਰ ਕੀਤੇ ਜ਼ਿਆਦਾਤਰ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਫ਼ਾਰਸਿਥ ਚਲੇ ਗਏ ਹਨ ਤੇ ਮੈਂ ਬਾਕੀ ਰਹਿੰਦਿਆਂ ਦੀ ਸੁਣਵਾਈ ਕਰਾਂਗਾ ਤੇ ਕਾਨੂੰਨੀ ਢੰਗ ਨਾਲ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਾਂਗਾ। ਉਹ ਕਾਬੂ ਤੋਂ ਬਾਹਰ ਹੋ ਗਏ ਹਨ। ਮੈਂ ਬੀਤੀ ਸਾਰੀ ਰਾਤ (ਗੁਰੂ) ਰਾਮ ਸਿੰਘ ਜੀ, ਲੱਖਾ ਸਿੰਘ , ਸਾਹਿਬ ਸਿੰਘ ਤੇ ਜਵਾਹਰ ਸਿੰਘ ਨੂੰ 12 ਗੋਰਖਿਆਂ ਅਤੇ ਸ੍ਰੀ ਜੈਕਸਨ ਦੀ ਨਿਗਰਾਨੀ ਹੇਠ ਅਲਾਹਾਬਾਦ ਭੇਜਣ ਦੇ ਇੰਤਜ਼ਾਮ ਕਰਦਾ ਰਿਹਾ

ਸਾਂ। ਬਾਬਾ ਰਾਮ ਸਿੰਘ ਜੀ ਇੱਥੇ ਆਏ ਸਨ ਕਿਉਂਕਿ ਤੁਸੀਂ ਉਨ੍ਹਾਂ ਨੂੰ ਸੰਮਨ ਭੇਜ ਕੇ ਅਜਿਹਾ ਕਰਨ ਲਈ ਆਖਿਆ ਸੀ, ਉਨ੍ਹਾਂ ਨਾਲ ਸਿਰਫ਼ ਚਾਰ ਪੈਰੋਕਾਰ ਸਨ। ਉਹ ਵੱਡੇ ਤੜਕੇ 2:00 ਵਜੇ ਆਏ ਸਨ ਅਤੇ 4:00 ਵਜੇ ਚਲੇ ਗਏ ਸਨ। ਦੋ ਘੰਟਿਆਂ ਦੌਰਾਨ ਸ੍ਰੀ ਫ਼ਾਰਸਿਥ ਨੇ ਉਨ੍ਹਾਂ ਤੋਂ ਸੁਆਲ ਪੁੱਛੇ ਅਤੇ ਉਨ੍ਹਾਂ ਨਿਸ਼ਚਿਤ ਤੌਰ 'ਤੇ ਇਹ ਕਬੂਲ ਕੀਤਾ ਕਿ ਉਨ੍ਹਾਂ ਨੂੰ ਇਹ ਪਤਾ ਸੀ ਕਿ ਰਾਏਕੋਟ ਤੇ ਅੰਮ੍ਰਿਤਸਰ 'ਚ ਕਤਲਾਂ ਦੀ ਯੋਜਨਾ ਉਲੀਕੀ ਜਾ ਰਹੀ ਹੈ ਅਤੇ ਉਨ੍ਹਾਂ ਵਿਅਕਤੀਆਂ ਦੇ ਨਾਂਅ ਵੀ ਦੱਸ ਦਿੱਤੇ ਹਨ, ਜਿਹੜੇ ਮੁੱਖ ਯੋਜਨਾਕਾਰ ਸਨ। ਰਾਏਕੋਟ ਕਤਲ ਕਾਂਡ 'ਚ ਦਲ ਸਿੰਘ, ਦੀਵਾਨ ਸਿੰਘ ਤੇ ਮੰਗਲ ਸਿੰਘ ਅਤੇ ਅੰਮ੍ਰਿਤਸਰ ਦੀ ਵਾਰਦਾਤ 'ਚ ਅੰਮ੍ਰਿਤਸਰ ਜ਼ਿਲ੍ਹੇ 'ਚ ਠੱਟਾ ਪਿੰਡ ਦੇ ਝੰਡਾ ਸਿੰਘ ਤੇ ਮਿਹਰ ਸਿੰਘ ਸ਼ਾਮਲ ਸਨ। ਮਲੌਦ ਵਾਲੇ ਪਾਸਿਓਂ ਬੇਲੀ ਬੀਤੀ ਰਾਤ 25 ਘੁੜਸਵਾਰਾਂ ਨੂੰ ਨਾਲ ਲੈ ਕੇ (ਗੁਰੂ) ਰਾਮ ਸਿੰਘ ਜੀ ਨੂੰ ਲੈਣ ਲਈ ਗਿਆ ਸੀ ਪਰ ਉਹ ਭੈਣੀ ਚਲੇ ਗਏ ਸਨ, ਇਸੇ ਲਈ ਬੇਲੀ ਰਾਤ ਨੂੰ ਸਾਹਨੇਵਾਲ ਹੀ ਰੁਕ ਗਿਆ ਸੀ ਅਤੇ ਤੜਕੇ 4:30 ਵਜੇ 40 ਗੋਰਖੇ ਅਤੇ ਪੁਲਿਸ ਦੇ 12 ਜਵਾਨਾਂ ਨੂੰ ਉਨ੍ਹਾਂ ਨਾਲ ਵਿਸ਼ੇਸ਼ ਰੇਲ-ਗੱਡੀ 'ਤੇ ਭੇਜਿਆ ਸੀ ਅਤੇ ਉਹ ਸਿੱਧੇ ਬਾਕੀ ਰਹਿੰਦੇ ਸੂਬਿਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਹਥਿਆਰਾਂ ਤੇ ਦਸਤਾਵੇਜ਼ਾਂ ਲੱਭਣ ਲਈ ਭੈਣੀ ਗਏ। ਉਹ ਜਦੋਂ ਹਾਲੇ ਸਾਹਨੇਵਾਲ ਤੋਂ ਰਵਾਨਾ ਹੋ ਹੀ ਰਹੇ ਸਨ ਕਿ ਕਲਰਕ ਸਾਰਜੈਂਟ ਨਾਲ ਪੰਜ ਹੋਰ ਸੂਬੇ – ਬ੍ਰਹਮਾ ਸਿੰਘ, ਪਹਾੜਾ ਸਿੰਘ, ਹੁਕਮਾ ਸਿੰਘ, ਕਾਹਨ ਸਿੰਘ ਨਿਹੰਗ ਅਤੇ ਗੋਪਾਲ ਸਿੰਘ ਉੱਥੇ ਆ ਗਏ। ਇੰਝ ਉਨ੍ਹਾਂ ਨੇ ਉਨ੍ਹਾਂ ਸਭਨਾਂ ਨੂੰ ਸਵੇਰ ਦੀ ਰੇਲ ਰਾਹੀਂ ਭੇਜ ਦਿੱਤਾ ਅਤੇ ਹੁਣ ਉਹ ਗੋਰਖਾ ਗਾਰਡ ਦੀ ਨਿਗਰਾਨੀ ਹੇਠ ਮੇਰੇ ਕੋਲ ਹਨ ਅਤੇ ਇੱਕ ਯੂਰੋਪੀਅਨ ਅਧਿਕਾਰੀ ਦੀ ਉਡੀਕ ਕਰ ਰਹੇ ਹਨ, ਜਿਸ ਦੀ ਸੁਰੱਖਿਅਤ ਅਗਵਾਈ ਹੇਠ ਉਹ ਰਵਾਨਾ ਹੋਣਗੇ। ਸਭ ਕੁਝ ਬਿਲਕੁਲ ਠੀਕ ਠਾਕ ਤੇ ਸ਼ਾਂਤ ਰਿਹਾ ਹੈ। ਮੈਂ ਸਾਰੇ ਜ਼ਿਲ੍ਹਿਆਂ ਨੂੰ ਉਨ੍ਹਾਂ ਦੇ ਜੇਲ੍ਹ ਤੇ ਖ਼ਜ਼ਾਨਾ ਗਾਰਡਾਂ ਬਾਰੇ ਲਿਖ ਕੇ ਚੇਤਾਵਨੀ ਦੇ ਦਿੱਤੀ ਸੀ ਕਿ ਉਹ ਕਿਸੇ ਵੀ ਸੰਭਾਵੀ ਵਾਰਦਾਤ ਤੋਂ ਸਾਵਧਾਨ ਰਹਿਣ। ਅਸੀਂ ਮਲੂਕ ਸਿੰਘ ਨੂੰ ਛੱਡ ਕੇ ਬਾਕੀ ਦੇ ਸਾਰੇ ਹੀ ਮੁੱਖ ਵਿਅਕਤੀਆਂ ਨੂੰ ਤਾਂ ਹਿਰਾਸਤ 'ਚ ਲੈ ਲਿਆ ਹੈ ਤੇ ਮਲੂਕ ਸਿੰਘ ਭੈਣੀ 'ਚ ਹੀ ਦੱਸਿਆ ਜਾਂਦਾ ਹੈ ਤੇ ਬੇਲੀ ਸ਼ਾਇਦ ਇਸ ਸਵੇਰ ਉਸ ਨੂੰ ਵੀ ਲੈ ਆਵੇਗਾ। ਮੈਂ ਖ਼ੁਦ (ਗੁਰੂ) ਰਾਮ ਸਿੰਘ ਜੀ ਨੂੰ ਕਿਤੇ ਬਾਹਰ ਭੇਜਣ ਦੇ ਵਿਰੁੱਧ ਸਾਂ ਪਰ ਸ੍ਰੀ ਫ਼ਾਰਸਿਥ ਨੇ ਕਿਹਾ ਕਿ ਉਨ੍ਹਾਂ ਨੂੰ ਤਾਂ ਉਨ੍ਹਾਂ ਦੇ ਮਲੇਰਕੋਟਲਾ ਜਾਣ ਤੋਂ ਪਹਿਲਾਂ-ਪਹਿਲਾਂ ਹੀ ਬਾਹਰ ਭੇਜਣਾ ਹੀ ਪੈਣਾ ਸੀ। ਅੰਬਾਲਾ ਜੇਲ੍ਹ 'ਚ 40 ਗੋਰਖੇ ਸਨ ਅਤੇ 50 ਇੱਥੇ ਰਿਜ਼ਰਵ ਦੇ ਤੌਰ 'ਤੇ ਹਨ ਅਤੇ ਮੈਂ ਗ੍ਰਿਫ਼ਤਾਰ ਕੀਤੇ ਸਾਰੇ ਵਿਅਕਤੀਆਂ ਨੂੰ ਇਨ੍ਹਾਂ ਦੀ ਹੀ ਨਿਗਰਾਨੀ ਹੇਠ ਹੀ ਰੱਖਾਂਗਾ, ਦਰੋਗਾ ਅਧੀਨ ਨਹੀਂ।

ਅੱਜ ਇਸ ਤੋਂ ਇਲਾਵਾ ਮੈਨੂੰ ਹੋਰ ਕੋਈ ਗੱਲ ਕਰਨ ਵਾਲੀ ਨਹੀਂ ਜਾਪਦੀ।

## 94

*18 ਜਨਵਰੀ, 1872 ਨੂੰ ਮਲੇਰਕੋਟਲਾ* 'ਚ 16 ਵਿਅਕਤੀਆਂ ਦੇ ਮਾਮਲੇ ਦੀ ਸੁਣਵਾਈ ਦੀ ਕਾਰਵਾਈ

ਮਲੇਰਕੋਟਲਾ ਅਧਿਕਾਰ-ਖੇਤਰ

ਮਲੇਰਕੋਟਲਾ ਰਿਆਸਤ *ਬਨਾਮ:*

(1) ਅਲਬੇਲ ਸਿੰਘ, ਕੂਕਾ ਨਿਵਾਸੀ ਬਲੂਨ, ਪਟਿਆਲਾ।
(2) ਰੂੜ ਸਿੰਘ, ਮੱਲੂ ਮਾਜਰਾ, ਪਟਿਆਲਾ।
(3) ਕੇਸਰਾ ਸਿੰਘ, ਗਿੱਲਾਂ, ਨਾਭਾ।
(4) ਸੈਦਾ ਸਿੰਘ, ਰੱਬੋਂ, ਲੁਧਿਆਣਾ।
(5) ਅਨੂਪ ਸਿੰਘ, ਸਕਰੌਦੀ, ਪਟਿਆਲਾ।
(6) ਸੋਭਾ ਸਿੰਘ, ਰੱਬੋਂ, ਲੁਧਿਆਣਾ।
(7) ਵਰਿਆਮ ਸਿੰਘ, ਚੂਨਾ ਬਹਾਦਰ ਸਿੰਘ, ਲੁਧਿਆਣਾ।
(8) ਸ਼ਾਮ ਸਿੰਘ, ਜੋਗਾ, ਪਟਿਆਲਾ।
(9) ਹੀਰਾ ਸਿੰਘ, ਪਿੱਤੋਕੇ, ਨਾਭਾ।
(10) ਭਗਤ ਸਿੰਘ, ਕਾਂਝਲਾ (ਕੰਪਾਈਲਰ), ਪਟਿਆਲਾ।
(11) ਹਾਕਮ ਸਿੰਘ, ਜੱਬਲ, ਅੰਮ੍ਰਿਤਸਰ।
(12) ਵਰਿਆਮ ਸਿੰਘ, ਮਹਿਰਾਜ, ਫ਼ਿਰੋਜ਼ਪੁਰ।
(13) ਸੋਭਾ ਸਿੰਘ ਬੱਦਲ (ਕੰਪਾਈਲਰ), ਨਾਭਾ।
(14) ਸੁਜਨ ਸਿੰਘ, ਰੱਬੋਂ, ਲੁਧਿਆਣਾ।
(15) ਬੇਲਾ ਸਿੰਘ, ਰੱਬੋਂ, ਲੁਧਿਆਣਾ।
(16) ਜੌਹਰ ਸਿੰਘ, ਬੋਲੀਨ, ਪਟਿਆਲਾ।

**ਦੋਸ਼** -- ਕੋਟਲਾ 'ਚ 15 ਜਨਵਰੀ, 1872 ਦੀ ਸਵੇਰ ਨੂੰ ਕਤਲ ਤੇ ਡਕੈਤੀ।

ਨਿਆਜ਼ ਅਲੀ ਦਾ ਸਰਕਾਰੀ ਮੁਕੱਦਮੇ ਦੀ ਕਾਰਵਾਈ ਲਈ ਬਿਆਨ, 18 ਜਨਵਰੀ, 1872 - ਮੈਂ ਪਟਿਆਲਾ ਰਿਆਸਤ 'ਚ ਅਮਰਗੜ੍ਹ ਦਾ ਨਾਇਬ ਨਿਜ਼ਾਮ ਹਾਂ। ਇਸੇ ਮਹੀਨੇ ਦੀ 15 ਤਰੀਕ ਨੂੰ ਦੁਪਹਿਰ ਨੂੰ ਰੜ੍ਹ ਦਾ ਇੱਕ ਜ਼ਿਮੀਂਦਾਰ ਆਇਆ ਤੇ ਮੈਨੂੰ ਸ਼ੇਰਪੁਰ 'ਚ ਦੱਸਿਆ ਕਿ ਕੂਕਿਆਂ ਦੇ ਇੱਕ ਦਲ ਨੇ ਕੋਟਲਾ 'ਚ ਗੜਬੜੀ ਕਰ ਦਿੱਤੀ ਹੈ ਤੇ ਹੁਣ ਉਹ ਰੜ੍ਹ ਆ ਗਏ ਹਨ। ਮੈਂ ਤੁਰੰਤ ਤਿੰਨ ਘੁੜਸਵਾਰਾਂ ਤੇ ਇੱਕ ਮੁਹੱਰਰ ਨਾਲ ਦੁਪਹਿਰ 1:00 ਵਜੇ ਰੜ੍ਹ ਪੁੱਜਾ। ਮੈਂ ਪਿੰਡ ਤੋਂ 30-40 ਕਦਮਾਂ ਦੀ ਦੂਰੀ 'ਤੇ ਜੰਗਲ 'ਚ 68 ਕੂਕਿਆਂ ਨੂੰ ਵੇਖਿਆ, ਜਿਨ੍ਹਾਂ 'ਚੋਂ 29 ਜਣੇ ਜ਼ਖ਼ਮੀ ਸਨ ਅਤੇ ਕੁਝ ਦੇ ਕੇਵਲ ਗੁੰਮ ਭਾਵ ਅੰਦਰੂਨੀ ਸੱਟਾਂ ਲੱਗੀਆਂ ਹੋਈਆਂ ਸਨ। ਪਿੰਡ ਵਾਸੀ ਸਾਰੇ ਹੀ ਡਰਦੇ ਮਾਰੇ ਨੱਸ ਗਏ ਸਨ। ਮੈਂ ਉਨ੍ਹਾਂ ਤੋਂ ਪੁੱਛਿਆ ਕਿ ਉਹ ਕਿੱਥੋਂ ਆਏ ਸਨ; ਉਨ੍ਹਾਂ ਦੱਸਿਆ ਕਿ ਉਹ ਮਲੌਦ ਤੇ ਕੋਟਲਾ 'ਤੇ ਹਮਲੇ ਕਰ ਕੇ ਆਏ ਹਨ। ਮੈਂ ਉਨ੍ਹਾਂ ਨੂੰ ਆਪਣੇ ਹਥਿਆਰ ਸੁੱਟਣ ਲਈ

ਕਿਹਾ। ਕੁਝ ਤਾਂ ਸਹਿਮਤ ਹੋ ਗਏ ਪਰ ਹੋਰਨਾਂ ਨੇ ਨਾਂਹ ਕਰ ਦਿੱਤੀ ਤੇ ਉਹ ਇਸ ਮੁੱਦੇ ਨੂੰ ਲੈ ਕੇ ਆਪਸ 'ਚ ਬਹਿਸਬਾਜ਼ੀ ਕਰਨ ਲੱਗੇ। ਅਖ਼ੀਰ 'ਚ ਉਨ੍ਹਾਂ ਨੇ 16 ਕ੍ਰਿਪਾਨਾਂ, ਇੱਕ ਬਰਛਾ ਤੇ ਕਈ ਗੰਡਾਸੇ, ਕੁਹਾੜੇ ਤੇ ਡਾਂਗਾਂ ਦੇ ਦਿੱਤੀਆਂ। ਜਿਹੜੀਆਂ ਕ੍ਰਿਪਾਨਾਂ ਅਦਾਲਤ ਸਾਹਮਣੇ ਹੁਣ ਪਈਆਂ ਹਨ, ਇਹ ਸਾਰੀਆਂ ਉਨ੍ਹਾਂ ਦੀਆਂ ਹੀ ਹਨ। ਮੈਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ ਨੂੰ ਸ਼ੇਰਪੁਰ ਲੈ ਗਿਆ। ਉੱਥੇ ਕੋਟਲਾ ਦੇ ਕੋਈ ਫ਼ੌਜੀ ਦਸਤੇ ਜਾਂ ਲੋਕ ਨਹੀਂ ਸਨ। ਮੈਨੂੰ ਕੋਟਲਾ ਤੋਂ ਕੋਈ ਸੂਚਨਾ ਨਹੀਂ ਮਿਲੀ ਸੀ। ਉਨ੍ਹਾਂ ਕੋਲ ਚਾਰ ਘੋੜੇ ਸਨ, ਜਿਨ੍ਹਾਂ 'ਚੋਂ ਤਿੰਨ ਮਲੌਦ ਦੇ ਸਰਦਾਰ ਦੇ ਅਤੇ ਇੱਕ ਕੋਟਲਾ 'ਚੋਂ ਕਿਸੇ ਵਿਅਕਤੀ ਦਾ ਸੀ। ਉਨ੍ਹਾਂ ਕੋਲ ਕੋਟਲਾ ਦੇ ਇੱਕ ਚਪੜਾਸੀ ਦਾ ਬੈਜ ਵੀ ਸੀ, ਮੈਂ ਅਦਾਲਤ ਦੇ ਬਾਹਰ ਖੜ੍ਹੇ ਘੋੜਿਆਂ ਦੀ ਸ਼ਨਾਖ਼ਤ ਕਰਦਾ ਹਾਂ। ਮੇਰੇ ਸਾਹਮਣੇ ਖੜ੍ਹੇ 16 ਮਰਦ ਤੇ ਦੋ ਔਰਤਾਂ ਉਨ੍ਹਾਂ ਕੂਕਿਆਂ 'ਚ ਸ਼ਾਮਲ ਸਨ, ਜਿਨ੍ਹਾਂ ਨੂੰ ਮੈਂ ਗ੍ਰਿਫ਼ਤਾਰ ਕੀਤਾ ਸੀ। ਸਕਰੌਦੀ ਦੇ ਹੀਰਾ ਸਿੰਘ ਤੇ ਲਹਿਣਾ ਸਿੰਘ ਅਤੇ ਕੋਟਲਾ 'ਚ ਫ਼ਰਵਾਹੀ ਦੇ ਇੱਕ ਨੰਬਰਦਾਰ ਗੁਰਮੁਖ ਸਿੰਘ ਉਨ੍ਹਾਂ ਦੇ ਆਗੂ ਸਨ। ਉਨ੍ਹਾਂ ਮੈਨੂੰ ਦੱਸਿਆ ਕਿ ਉਹ ਭੈਣੀ ਤੋਂ ਕੋਟਲਾ 'ਚ ਗਊ-ਹਤਿਆਰਿਆਂ ਨੂੰ ਮਾਰਨ ਦੀ ਮਨਸ਼ਾ ਨਾਲ ਰਵਾਨਾ ਹੋਏ ਸਨ ਅਤੇ ਰਾਹ 'ਚ ਜਾਂਦੇ ਸਮੇਂ ਉਹ ਹਥਿਆਰ ਲੈਣ ਲਈ ਮਲੌਦ ਵੱਲ ਮੁੜ ਗਏ ਸਨ। ਉਨ੍ਹਾਂ ਮੈਨੂੰ ਇਹ ਨਹੀਂ ਦੱਸਿਆ ਕਿ ਕੋਟਲਾ ਤੋਂ ਬਾਅਦ ਉਨ੍ਹਾਂ ਦੇ ਕੀ ਇਰਾਦੇ ਸਨ। ਮੈਂ ਉਨ੍ਹਾਂ ਨੂੰ ਇਹੋ ਕਿਹਾ ਕਿ ਹੁਣ ਵਿਰੋਧ ਕਰਨ ਦਾ ਕੋਈ ਲਾਭ ਨਹੀਂ ਹੋਵੇਗਾ ਭਾਵੇਂ ਉਹ ਉੱਥੇ ਮੇਰੇ 'ਤੇ ਭਾਰੂ ਪੈ ਸਕਦੇ ਸਨ ਪਰ ਬਾਅਦ 'ਚ ਮਹਾਰਾਜੇ ਨੇ ਇੱਕ ਵੀ ਵਿਅਕਤੀ ਨੂੰ ਜਿਊਂਦਾ ਨਹੀਂ ਛੱਡਣਾ ਸੀ। ਹਥਿਆਰ ਲੈਣ ਤੋਂ ਬਾਅਦ ਮੈਂ ਕਈ ਵਿਅਕਤੀਆਂ ਨੂੰ ਇਕੱਠੇ ਕੀਤਾ ਤੇ ਕੂਕਿਆਂ ਨੂੰ ਸ਼ੇਰਪੁਰ ਲੈ ਆਂਦਾ, ਜੋ ਰੜ੍ਹ ਤੋਂ ਚਾਰ ਕੋਹ ਦੀ ਦੂਰੀ 'ਤੇ ਹੈ। ਮੈਂ ਕੈਦੀਆਂ ਨੂੰ ਇੱਕ ਦਿਨ ਸ਼ੇਰਪੁਰ 'ਚ ਰੱਖਿਆ ਤੇ ਫਿਰ ਉਨ੍ਹਾਂ ਨੂੰ ਕੋਟਲਾ 'ਚ ਤੁਹਾਡੇ ਸਾਹਮਣੇ ਲੈ ਆਇਆ।

ਦੋਸ਼ੀ ਸੁਆਲ ਨਹੀਂ ਪੁੱਛਦੇ।

(ਹਸਤਾਖਰ) ਐੱਲ. ਕਾਵਨ

ਪੰਜਾਬ ਸਿੰਘ ਦਾ ਸਰਕਾਰੀ ਮੁਕੱਦਮੇ ਦੀ ਕਾਰਵਾਈ ਲਈ ਬਿਆਨ, 18 ਜਨਵਰੀ, 1872 – ਮੈਂ ਪਟਿਆਲਾ ਰਿਆਸਤ 'ਚ ਰਾਮਨਗਰ ਦਾ ਨੰਬਰਦਾਰ ਅਤੇ ਰਿਆਸਤ ਦਾ ਦਰਬਾਰੀ ਹਾਂ; 15 ਤਰੀਕ ਨੂੰ ਮੈਂ ਨਿਆਜ਼ ਅਲੀ ਕੋਲ ਰੜ੍ਹ ਗਿਆ ਸਾਂ। ਮੇਰਾ ਪਿੰਡ ਸ਼ੇਰਪੁਰ ਤੋਂ ਰੜ੍ਹ ਜਾਣ ਵਾਲੀ ਸੜਕ 'ਤੇ ਹੈ। ਮੈਂ ਪਿੰਡ ਦੇ ਬਾਹਰਵਾਰ ਜੰਗਲ 'ਚ ਲਗਭਗ 70 ਕੂਕਿਆਂ ਨੂੰ ਵੇਖਿਆ ਤੇ ਪਿੰਡ ਸੁੰਨਸਾਨ ਪਿਆ ਸੀ। ਬਹਿਸਬਾਜ਼ੀ ਤੋਂ ਬਾਅਦ ਉਨ੍ਹਾਂ ਆਪਣੇ ਹਥਿਆਰ ਨਿਆਜ਼ ਅਲੀ ਨੂੰ ਦੇ ਦਿੱਤੇ। ਉਹ 16 ਕ੍ਰਿਪਾਨਾਂ, ਇੱਕ ਬਰਛਾ, ਕਈ ਕੁਹਾੜੇ ਤੇ ਗੰਡਾਸੇ ਸਨ। ਚਾਰ ਘੋੜੇ ਸਨ।

ਮੈਂ ਉਨ੍ਹਾਂ ਹਥਿਆਰਾਂ ਦੀ ਸ਼ਨਾਖ਼ਤ ਕਰਦਾ ਹਾਂ, ਜੋ ਮੈਨੂੰ ਵਿਖਾਏ ਗਏ ਹਨ।

ਸਾਰੀਆਂ ਕ੍ਰਿਪਾਨਾਂ 'ਤੇ ਖ਼ੂਨ ਲੱਗਾ ਹੋਇਆ ਸੀ ਤੇ ਕਈ ਬਿਨਾ ਮਿਆਨਾਂ ਤੋਂ ਹੀ ਸਨ। ਲਗਭਗ 20 ਜਾਂ 25 ਜਣੇ ਗੰਭੀਰ ਰੂਪ ਵਿੱਚ ਜ਼ਖ਼ਮੀ ਸਨ। ਉਨ੍ਹਾਂ ਦੱਸਿਆ ਕਿ ਉਹ ਭੈਣੀ ਤੋਂ ਕੋਟਲਾ ਦੇ ਲੋਕਾਂ ਦਾ ਕਤਲੇਆਮ ਕਰਨ ਲਈ ਆਏ ਸਨ, ਜਿਹੜੇ ਗਊ-ਹੱਤਿਆਵਾਂ ਕਰਦੇ ਹਨ ਤੇ ਉਹ ਹਥਿਆਰ ਲੈਣ ਲਈ ਮਲੌਦ ਗਏ ਸਨ। ਜਿਹੜੇ 16 ਮਰਦਾਂ ਤੇ ਦੋ ਔਰਤਾਂ ਹੁਣ ਮੇਰੇ ਸਾਹਮਣੇ ਹਨ, ਉਹ ਸਾਰੇ ਉਨ੍ਹਾਂ 'ਚੋਂ ਹੀ ਹਨ, ਜਿਨ੍ਹਾਂ ਨੂੰ ਮੈਂ ਸ਼ੇਰਪੁਰ ਲੈ ਕੇ ਗਿਆ ਸਾਂ। ਅਦਾਲਤ ਦੇ ਬਾਹਰ ਖੜ੍ਹੇ ਚਾਰ ਘੋੜੇ ਉਨ੍ਹਾਂ ਤੋਂ ਹੀ ਲਏ ਗਏ ਹਨ।

(ਹਸਤਾਖਰ) ਐੱਲ. ਕਾਵਨ

ਦੋਸ਼ੀ ਸੁਆਲ ਨਹੀਂ ਕਰਦੇ।

ਨਾਰਾਇਣ ਸਿੰਘ ਦਾ ਸਰਕਾਰੀ ਮੁਕੱਦਮੇ ਦੀ ਕਾਰਵਾਈ ਲਈ ਬਿਆਨ, 18 ਜਨਵਰੀ, 1872 - ਮੈਂ ਮਲੌਦ ਦੇ ਸਰਦਾਰ ਮਿੱਤ ਸਿੰਘ ਦਾ ਮੁਖਤਿਆਰ ਹਾਂ। ਅਦਾਲਤ ਦੇ ਬਾਹਰ ਖੜ੍ਹੇ ਤਿੰਨ ਘੋੜਿਆਂ 'ਚੋਂ ਦੋ ਘੋੜੀਆਂ ਤੇ ਇੱਕ ਘੋੜਾ; ਸਰਦਾਰ ਮਿੱਤ ਸਿੰਘ ਤੇ ਉਨ੍ਹਾਂ ਦੇ ਪੁੱਤਰ ਬਦਨ ਸਿੰਘ ਦੀ ਜਾਇਦਾਦ ਹਨ। ਉਹ ਮਲੌਦ ਤੋਂ 14 ਤਰੀਕ ਦੀ ਸ਼ਾਮ ਨੂੰ ਡਕੈਤਾਂ ਦੇ ਇੱਕ ਗਿਰੋਹ ਵੱਲੋਂ ਚੋਰੀ ਕੀਤੇ ਗਏ ਸਨ, ਜਿਨ੍ਹਾਂ ਨੇ ਸਰਦਾਰ ਬਦਨ ਸਿੰਘ ਨੂੰ ਜ਼ਖ਼ਮੀ ਕਰ ਦਿੱਤਾ ਸੀ ਤੇ ਦੋ ਵਿਅਕਤੀਆਂ ਦੀ ਜਾਨ ਲੈ ਲਈ ਸੀ।

(ਹਸਤਾਖਰ) ਐੱਲ. ਕਾਵਨ

ਦੋਸ਼ੀ ਸੁਆਲ ਨਹੀਂ ਪੁੱਛਦੇ।

ਇੱਕ ਕ੍ਰਿਪਾਨ ਜੋ ਮੈਨੂੰ ਵਿਖਾਈ ਗਈ ਹੈ, ਉਹ ਉਸੇ ਸਮੇਂ ਮਲੌਦ ਤੋਂ ਚੋਰੀ ਕੀਤੀ ਗਈ ਸੀ।

(ਹਸਤਾਖਰ) ਐੱਲ. ਕਾਵਨ

(ਨੋਟ: ਸਾਰੇ 16 ਦੋਸ਼ੀਆਂ ਦਾ ਨਿਰੀਖਣ ਕਰ ਕੇ ਸ੍ਰੀ ਕਾਵਨ ਵੱਲੋਂ ਦਰਜ ਕਰ ਲਿਆ ਗਿਆ ਹੈ) ਸ਼ਾਮਲ ਨਹੀਂ (ਕੰਪਾਈਲਰ)

**ਹੁਕਮ** -- ਇਸ ਮਾਮਲੇ ਦੇ ਸਾਰੇ ਦੋਸ਼ੀ ਕੋਟਲਾ ਨਗਰ 'ਤੇ ਹਮਲੇ ਦੇ ਤੁਰੰਤ ਮਗਰੋਂ ਗ੍ਰਿਫ਼ਤਾਰ ਕਰ ਲਏ ਗਏ ਸਨ। ਉਨ੍ਹਾਂ ਕੋਲ ਲਹੂ ਨਾਲ ਲਿੱਬੜੇ ਹਥਿਆਰ ਸਨ ਤੇ ਕੋਟਲਾ ਰਿਆਸਤ ਤੇ ਮਲੌਦ ਦੇ ਸਰਦਾਰ ਤੋਂ ਚੋਰੀ ਕੀਤੀਆਂ ਵਸਤਾਂ ਸਨ।

ਇਨ੍ਹਾਂ ਸਾਰੇ ਦੋਸ਼ੀਆਂ ਨੇ ਇਕਬਾਲ-ਏ-ਜੁਰਮ ਕਰ ਲਿਆ ਹੈ ਤੇ ਉਹ ਦੋਸ਼ੀ ਹਨ ਅਤੇ ਉਨ੍ਹਾਂ ਦੇ ਅਪਰਾਧ ਦੀ ਸਜ਼ਾ ਮਿਲਣੀ ਚਾਹੀਦੀ ਹੈ। ਇਨ੍ਹਾਂ ਲੋਕਾਂ ਨੇ ਜੋ ਅਪਰਾਧ ਕੀਤੇ ਹਨ, ਉਹ ਸਾਧਾਰਣ ਨਹੀਂ ਹਨ। ਉਨ੍ਹਾਂ ਸ਼ਰ੍ਹੇਆਮ ਬਗ਼ਾਵਤ ਕੀਤੀ ਹੈ ਤੇ ਉਹ ਕਾਨੂੰਨ ਮੁਤਾਬਕ ਸਖ਼ਤ ਤੋਂ ਸਖ਼ਤ ਸਜ਼ਾ ਦੇ ਹੱਕਦਾਰ ਹਨ। ਮੈਂ ਦੋਸ਼ੀਆਂ ਨੂੰ ਸਜ਼ਾ ਲਈ ਕਮਿਸ਼ਨਰ ਤੇ ਕੋਟਲਾ ਰਿਆਸਤ ਦੇ ਏਜੰਟ ਹਵਾਲੇ ਕਰਦਾ ਹਾਂ।

(ਹਸਤਾਖਰ) ਐੱਲ. ਕਾਵਨ

18 ਜਨਵਰੀ, 1872 *ਮੈਜਿਸਟ੍ਰੇਟ*

ਪਟਿਆਲਾ ਰਿਆਸਤ ਦੇ ਕੁਝ ਅਧਿਕਾਰੀਆਂ ਦਾ ਆਚਾਰ-ਵਿਹਾਰ ਬਹੁਤ ਸ਼ਲਾਘਾਯੋਗ ਰਿਹਾ ਹੈ। ਨਾਇਬ ਨਾਜ਼ਿਮ ਨਿਆਜ਼ ਅਲੀ ਨੇ ਆਪਣੇ ਸਿਰਫ਼ ਕੁਝ ਕੁ ਸਾਥੀਆਂ ਦੀ ਮਦਦ ਨਾਲ ਹੀ ਇੰਨੇ ਖ਼ਤਰਨਾਕ ਗਿਰੋਹ ਨੂੰ ਕਾਬੂ ਕਰ ਕੇ ਵਰਨਣਯੋਗ ਸੂਝਬੂਝ ਤੇ ਹੌਸਲੇ ਦਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਦੇ ਸਹਾਇਕ ਵੀ ਇਨਾਮਾਂ ਦੇ ਹੱਕਦਾਰ ਹਨ ਕਿਉਂਕਿ ਉਨ੍ਹਾਂ ਨੇ ਨਾਇਬ ਨਾਜ਼ਿਮ ਨੂੰ ਤੁਰੰਤ ਮਦਦ ਮੁਹੱਈਆ ਕਰਵਾਈ।

ਮੈਂ ਨਿਮਨਲਿਖਤ ਨੂੰ ਇਨਾਮਾਂ ਦੀ ਸਿਫ਼ਾਰਸ਼ ਕਰਦਾ ਹਾਂ:

| | **ਰੁਪਏ** |
|---|---|
| ਨਿਆਜ਼ ਅਲੀ, ਨਾਇਬ ਨਾਜ਼ਿਮ ਨੂੰ | 1,000 |
| ਪੰਜਾਬ ਸਿੰਘ, ਦਰਬਾਰੀ ਨੂੰ | 300 |
| ਜੈਮਲ ਸਿੰਘ, ਜਿਸ ਨੇ ਸੂਚਨਾ ਦਿੱਤੀ | 200 |
| ਮਸਤਾਨ ਅਲੀ | 100 |
| ਉੱਤਮ ਸਿੰਘ | 50 |
| ਰਤਨ ਸਿੰਘ | 50 |
| ਗੁਲਾਬ ਸਿੰਘ | 50 |
| ਪ੍ਰਤਾਪ ਸਿੰਘ | 50 |

(ਹਸਤਾਖਰ) ਐੱਲ. ਕਾਵਨ

ਕਮਿਸ਼ਨਰ ਤੇ ਕੋਟਲਾ ਰਿਆਸਤ ਦੇ ਏਜੰਟ ਦੀ ਅਦਾਲਤ 'ਚ ਕਾਰਵਾਈ, *18 ਜਨਵਰੀ, 1872.*

ਕੋਟਲਾ ਰਿਆਸਤ

ਬਨਾਮ

ਅਲਬੇਲ ਸਿੰਘ ਅਤੇ 15 ਹੋਰ ਕੂਕੇ

ਦੋਸ਼:- 15 ਜਨਵਰੀ, 1872 ਦੀ ਸਵੇਰ ਨੂੰ ਕੋਟਲਾ ਵਿਖੇ ਕਤਲ ਤੇ ਡਕੈਤੀ।

ਇਸ ਮਾਮਲੇ ਦਾ ਸੰਚਾਲਨ ਕੋਟਲਾ ਅਧਿਕਾਰੀਆਂ, ਨਾਜ਼ਿਮ ਤੇ ਉਨ੍ਹਾਂ ਨਾਲ ਬੈਠੇ ਤਹਿਸੀਲਦਾਰ ਦੀ ਤਰਫ਼ੋਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਕੀਤਾ ਹੈ ਅਤੇ ਸੁਣਵਾਈ ਕੀਤੀ ਹੈ।

ਨਿਆਜ਼ ਅਲੀ ਤੇ ਪੰਜਾਬ ਸਿੰਘ ਦੀ ਗਵਾਹੀ ਦਰਸਾਉਂਦੀ ਹੈ ਕਿ 68 ਜਾਂ 70 ਕੂਕਿਆਂ ਦਾ ਇੱਕ ਦਲ ਉਨ੍ਹਾਂ ਨੂੰ ਰੜ੍ਹ ਪਿੰਡ ਦੇ ਬਾਹਰਵਾਰ ਜੰਗਲ 'ਚ ਮਿਲਿਆ ਸੀ, ਉਸ ਪਿੰਡ ਦੇ ਲੋਕ ਡਰਦੇ ਮਾਰੇ ਉੱਥੋਂ ਨੱਸ ਗਏ ਸਨ। ਪੁੱਛਗਿੱਛ ਦੌਰਾਨ ਇਨ੍ਹਾਂ ਸਾਰੇ ਵਿਅਕਤੀਆਂ ਨੇ ਇਕਬਾਲ ਕੀਤਾ ਕਿ ਉਹ ਕੋਟਲਾ ਤੋਂ ਆਏ ਸਨ। ਉਨ੍ਹਾਂ ਦੇ ਹੱਥਾਂ 'ਚ 16 ਕ੍ਰਿਪਾਨਾਂ, ਇੱਕ ਬਰਛਾ, ਕੁਹਾੜੀਆਂ ਤੇ ਗੰਡਾਸੇ ਸਨ, ਜੋ ਸਭ ਲਹੂ ਨਾਲ ਲਿੱਬੜੇ ਹੋਏ ਸਨ। ਨਾਜ਼ਿਮ ਵੱਲੋਂ ਦਿੱਤੇ ਗਏ ਬਿਆਨ ਇਸ ਤੱਥ ਦੀ ਸ਼ਾਹਦੀ ਭਰਦੇ ਹਨ ਕਿ ਕੋਟਲਾ ਦੇ ਮਹੱਲ ਤੇ ਖ਼ਜ਼ਾਨੇ 'ਤੇ ਹਮਲਾ ਹੋਇਆ ਸੀ, ਕੋਤਵਾਲ ਤੇ ਉਸ ਦੇ ਸੱਤ ਸਾਥੀਆਂ ਦੇ ਕਤਲ ਤੇ 15 ਹੋਰ ਜ਼ਖ਼ਮੀ ਹੋਏ ਸਨ।

ਹੁਣ ਇਹ ਤੈਅ ਕਰਨਾ ਅਸੰਭਵ ਹੈ ਕਿ ਉਹ ਕਿਹੜੇ ਵਿਅਕਤੀ ਸਨ, ਜਿਨ੍ਹਾਂ ਦੇ ਵਾਰ ਕਰਨ 'ਤੇ ਇੰਨੇ ਵਿਅਕਤੀ ਮਾਰੇ ਗਏ ਸਨ ਅਤੇ ਨਾ ਹੀ ਇਸ ਵੇਲੇ ਇਸ ਗਿਰੋਹ ਪ੍ਰਤੀ ਕੋਈ ਨਰਮੀ ਵਿਖਾਉਣੀ ਵੀ ਸਿਆਣਪ ਹੋਵੇਗੀ ਕਿਉਂਕਿ ਇਸ ਗਿਰੋਹ ਦਾ ਹਰੇਕ ਵਿਅਕਤੀ ਕਾਨੂੰਨ ਅਨੁਸਾਰ ਇੱਕੋ ਜਿਹੀ ਸਜ਼ਾ ਦਾ ਹੱਕਦਾਰ ਹੈ। ਇਸ ਗਿਰੋਹ ਦੀ ਮਨਸ਼ਾ ਉਨ੍ਹਾਂ ਦੇ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਨੇ ਹੀ 18 ਤਰੀਕ ਨੂੰ ਲੁਧਿਆਣਾ ਵਿਖੇ ਮੇਰੇ ਸਾਹਮਣੇ ਦਿੱਤੇ ਆਪਣੇ ਬਿਆਨ ਰਾਹੀਂ ਸਪੱਸ਼ਟ ਦਰਸਾ ਦਿੱਤੀ ਹੈ। ਕੈਦੀਆਂ ਨੰ. 1, 2, 3, 4, 5, 6, 7, 10, 12, 13, 15 ਅਤੇ 16 ਦੇ ਬਿਆਨ ਬੜੇ ਸਪੱਸ਼ਟ ਇਕਬਾਲ ਹਨ, ਜੋ ਕੁਝ ਵੀ ਕੋਟਲਾ 'ਚ ਉਨ੍ਹਾਂ ਕੀਤਾ। ਨੰ. 8 ਅਤੇ 9 ਨੇ ਕੋਟਲਾ 'ਚ ਹੋਣ ਦਾ ਇਕਬਾਲ ਕੀਤਾ ਹੈ। ਨੰ. 6, 11 ਅਤੇ 14 ਨੇ ਮੰਨਿਆ ਕਿ ਫੜੇ ਜਾਣ ਸਮੇਂ ਉਹ ਗਿਰੋਹ ਦੇ ਨਾਲ ਸਨ ਤੇ ਉਨ੍ਹਾਂ ਦੇ ਇਕਬਾਲ ਅਤੇ ਦੋਸ਼ੀਆਂ ਨੰ. 3 ਤੇ 4 ਵੱਲੋਂ ਦਿੱਤੇ ਗਏ ਬਿਆਨਾਂ ਤੋਂ ਬਾਅਦ ਮੇਰੇ ਮਨ 'ਚ ਕੋਈ ਸ਼ੱਕ ਬਾਕੀ ਨਹੀਂ ਰਹਿ ਜਾਂਦਾ ਕਿ ਉਹ ਸਾਰੇ ਇਸੇ ਗਿਰੋਹ ਨਾਲ ਸੰਬੰਧਤ ਹਨ ਤੇ ਉਹ ਇੱਕੋ ਜਿਹੀ ਸਜ਼ਾ ਦੇ ਭਾਗੀ ਹਨ।

ਮੈਂ ਸੰਬੰਧਤ ਅਧਿਕਾਰੀ ਨਾਲ ਸਹਿਮਤ ਹਾਂ ਤੇ ਇਨ੍ਹਾਂ ਸਾਰਿਆਂ ਲਈ ਮੌਤ ਦੀ ਸਜ਼ਾ ਤੇ ਇਨ੍ਹਾਂ ਨੂੰ ਤੁਰੰਤ ਮੌਤ ਦੇ ਘਾਟ ਉਤਾਰੇ ਜਾਣ ਦੀ ਪੁਸ਼ਟੀ ਕਰਦਾ ਹਾਂ।

(ਹਸਤਾਖਰ) ਟੀ.ਡੀ., ਫ਼ਾਰਸਿਥ
ਕਮਿਸ਼ਨਰ ਤੇ ਸੁਪਰਇੰਟੈਂਡੈਂਟ ਅਤੇ
ਐਗਜ਼ੀਕਿਊਟਿਵ ਆਫ਼ਿਸ਼ੀਓ ਏਜੰਟ,
ਲੈਫ਼ਟੀਨੈਂਟ ਗਵਰਨਰ, ਪੰਜਾਬ

ਕੋਟਲਾ
18 ਜਨਵਰੀ, 1872

ਫੜੇ ਗਏ ਬਾਕੀ ਦੇ ਕੈਦੀ, ਇੰਝ ਜਾਪਦਾ ਹੈ ਕਿ ਇਸ ਗਿਰੋਹ ਦੇ ਨਾਲ ਨਹੀਂ ਸਨ, ਇਸ ਲਈ ਉਨ੍ਹਾਂ ਨਾਲ ਵੱਖਰੇ ਤੌਰ 'ਤੇ ਨਿਪਟਿਆ ਜਾਵੇਗਾ।

ਟੀ.ਡੀ.ਐੱਫ਼.

ਪਟਿਆਲਾ ਦੇ ਅਧਿਕਾਰੀਆਂ ਦੇ ਸ਼ਾਨਦਾਰ ਆਚਾਰ-ਵਿਹਾਰ ਦੀ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵੱਲੋਂ ਪ੍ਰਮਾਣਿਕਤਾ ਕੀਤੀ ਜਾਂਦੀ ਹੈ, ਮੈਂ ਉਨ੍ਹਾਂ ਵੱਲੋਂ ਸਿਫ਼ਾਰਸ਼ ਕੀਤੇ ਅਨੁਸਾਰ ਹਰੇਕ ਲਈ ਇਨਾਮਾਂ ਦੀ ਪ੍ਰਵਾਨਗੀ ਦਿੰਦਾ ਹਾਂ। ਇਹ ਧਨ ਕੋਟਲਾ ਦੇ ਖ਼ਜ਼ਾਨੇ 'ਚੋਂ ਦਿੱਤਾ ਜਾਵੇਗਾ। ਕੋਤਵਾਲ ਤੇ ਹੋਰ ਜੋ ਮਲੇਰਕੋਟਲਾ ਰਿਆਸਤ ਦੇ ਮਹੱਲ ਤੇ ਜਾਇਦਾਦ ਦੀ ਰਾਖੀ ਕਰਦਿਆਂ ਮਾਰੇ ਗਏ ਹਨ, ਉਨ੍ਹਾਂ ਲਈ ਵੀ ਵਿਵਸਥਾ ਕੀਤੀ ਜਾਵੇ; ਇਸ ਦੇ ਵੇਰਵੇ ਕੋਟਲਾ ਦੇ ਨਾਜ਼ਿਮ ਦੀ ਸਲਾਹ ਨਾਲ ਤੈਅ ਕਰ ਲਏ ਜਾਣਗੇ।

ਟੀ.ਡੀ. ਫ਼ਾਰਸਿਥ,
ਕਮਿਸ਼ਨਰ।

ਕੋਟਲਾ।
18 ਜਨਵਰੀ, 1872

## 95

*ਤਾਰ* *ਮਿਤੀ 18 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

*ਵੱਲ*

ਗ੍ਰਹਿ ਸਕੱਤਰ, ਕਲਕੱਤਾ।

ਨਿਮਨਲਿਖਤ ਵੇਰਵੇ ਕਮਿਸ਼ਨਰ ਤੋਂ ਪ੍ਰਾਪਤ ਹੋਏ, 18 ਤਰੀਕ; ਇੱਥੇ ਜੋ ਵੀ ਮੌਜੂਦ ਹਨ, ਇਹ ਸਭ ਕੋਟਲਾ 'ਤੇ ਹਮਲੇ ਨਾਲ ਸੰਬੰਧਤ ਹਨ, ਇਨ੍ਹਾਂ ਸਭਨਾਂ ਨੂੰ ਕਾਬੂ ਕਰ ਕੇ ਦੋਸ਼ੀ ਠਹਿਰਾਇਆ ਗਿਆ ਹੈ। ਪੰਜਾਹ ਜਣਿਆਂ ਨੂੰ ਕੱਲ੍ਹ ਕਾਵਨ ਨੇ ਮੌਤ ਦੇ ਘਾਟ ਉਤਾਰ ਦਿੱਤਾ ਸੀ, ਜਿਨ੍ਹਾਂ ਵਿੱਚ ਹੀਰਾ ਸਿੰਘ ਤੇ ਲਹਿਣਾ ਸਿੰਘ ਸੂਬੇ ਵੀ ਸ਼ਾਮਲ ਸਨ। ਸੋਲਾਂ ਜਣਿਆਂ ਨੂੰ ਹੁਣ ਮੌਤ ਦੀ ਸਜ਼ਾ ਦਿੱਤੀ ਜਾਣੀ ਹੈ। ਚਾਰ ਜਣਿਆਂ ਨੂੰ ਸਜ਼ਾ ਲਈ ਪਟਿਆਲਾ ਭੇਜਿਆ ਗਿਆ ਸੀ। ਸੱਤ ਕੂਕੇ ਮਲੌਦ 'ਚ ਗ੍ਰਿਫ਼ਤਾਰ ਹੋਏ ਸਨ, ਬ੍ਰਿਟਿਸ਼ ਖੇਤਰ ਹੋਣ ਦੇ ਨਾਤੇ ਉਨ੍ਹਾਂ ਦੀ ਸੁਣਵਾਈ ਮੇਰੇ ਵੱਲੋਂ ਭਲਕੇ ਕੀਤੀ ਜਾਵੇਗੀ ਤੇ ਮਾਮਲਾ ਤੁਰੰਤ ਚੀਫ਼ ਕੋਰਟ ਨੂੰ ਭੇਜਿਆ ਜਾਂਦਾ ਹੈ। ਇਸ ਮਾਮਲੇ 'ਚ (ਗੁਰੂ) ਰਾਮ ਸਿੰਘ ਜੀ ਵਿਰੁੱਧ ਅਜਿਹਾ ਕੋਈ ਸਿੱਧਾ ਸਬੂਤ ਨਹੀਂ ਹੈ, ਜੋ ਉਨ੍ਹਾਂ ਵਿਰੁੱਧ ਸੁਣਵਾਈ ਲਈ ਕਾਫ਼ੀ ਹੋਵੇ। ਕਰਨਲ ਗੂ ਤੇ ਘੁੜਸਵਾਰ ਜਵਾਨਾਂ ਦੀ ਡੀਟੈਚਮੈਂਟ ਇੱਥੇ ਹੈ। ਮੁਕੰਮਲ ਸ਼ਾਂਤੀ ਹੈ। ਕਾਵਨ ਵੱਲੋਂ ਕੀਤੀ ਗਈ ਤੁਰਤ-ਫੁਰਤ ਕਾਰਵਾਈ ਦੀ ਸ਼ਲਾਘਾ ਕੀਤੀ ਜਾਂਦੀ ਹੈ। ਪਟਿਆਲਾ, ਜੀਂਦ ਤੇ ਨਾਭਾ ਨੇ ਇਸ਼ਾਰੇ 'ਤੇ ਹੀ ਮਦਦ ਕੀਤੀ।

## 96

*ਤਾਰ* *ਮਿਤੀ 19 ਜਨਵਰੀ, 1872*

*ਵੱਲੋਂ*

ਵਾਇਸਰਾਏ, ਕਲਕੱਤਾ।

*ਵੱਲ*

ਦੇਸ਼ ਦੇ ਸਕੱਤਰ, ਲੰਦਨ।

ਜਿਹੜੇ 49 ਕੂਕਿਆਂ ਨੇ ਮਲੌਦ ਤੇ ਮਲੇਰਕੋਟਲਾ 'ਤੇ ਹਮਲੇ ਕੀਤੇ ਸਨ, ਉਨ੍ਹਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ ਹੈ। ਵਿਆਖਿਆ ਆਉਣ ਦੀ ਆਸ ਹੈ। ਕੂਕਾ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਕਈਆਂ ਨੂੰ ਪਟਿਆਲਾ ਖੇਤਰ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸ਼ਾਂਤੀ ਬਹਾਲ ਹੋ ਗਈ ਹੈ। ਗੁਰੂ ਰਾਮ ਸਿੰਘ ਜੀ ਨੂੰ ਨਿਗਰਾਨੀ ਹੇਠ ਅਲਾਹਾਬਾਦ ਭੇਜ ਦਿੱਤਾ ਗਿਆ ਹੈ।

## 97

*ਨੰ. 1872 ਦਾ 7* *ਫ਼ੋਰਟ ਵਿਲੀਅਮ 19 ਜਨਵਰੀ, 1872*

ਵੱਲੋਂ

ਭਾਰਤ ਸਰਕਾਰ।

ਵੱਲ

ਭਾਰਤ ਲਈ ਮਹਾਰਾਣੀ ਦੇ ਵਿਦੇਸ਼ ਮੰਤਰੀ।

ਮੇਰੇ ਲਾਰਡ ਡਿਊਕ,

ਅਸੀਂ ਆਪ ਜੀ ਸਤਿਕਾਰ ਸਹਿਤ ਸੂਚਨਾ ਲਈ ਨਾਲ ਨੱਥੀ ਸੂਚੀ ਵਿੱਚ ਦਰਜ ਤਾਰਾਂ ਦੀ ਇੱਕ ਕਾਪੀ ਭੇਜਦੇ ਹਾਂ, ਜਿਸ ਵਿੱਚ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿੱਚ ਕੂਕਿਆਂ ਦੀਆਂ ਟੋਲੀਆਂ ਵੱਲੋਂ ਕੀਤੀਆਂ ਕੁਝ ਗੜਬੜੀਆਂ ਦੇ ਵੇਰਵੇ ਹਨ।

(2) ਇਨ੍ਹਾਂ ਵਿਅਕਤੀਆਂ ਵੱਲੋਂ ਦੋ ਹਮਲੇ ਕੀਤੇ ਗਏ ਸਨ। ਇੱਕ ਹਮਲਾ ਮਲੌਦ ਦੇ ਕਿਲ੍ਹੇ 'ਤੇ 200 ਜਣਿਆਂ ਦੇ ਮਜ਼ਬੂਤ ਜਥੇ ਨੇ 14 ਤਰੀਕ ਦੀ ਰਾਤ ਨੂੰ ਕੀਤਾ ਸੀ। ਦੂਜਾ ਹਮਲਾ ਵੀ ਸ਼ਾਇਦ ਉਸੇ ਟੋਲੀ ਨੇ ਹੀ ਮਲੇਰਕੋਟਲਾ 'ਤੇ 15 ਤਰੀਕ ਦੀ ਸਵੇਰ ਨੂੰ ਕੀਤਾ ਸੀ, ਭਾਵੇਂ ਉਨ੍ਹਾਂ ਦੀ ਗਿਣਤੀ 500 ਦੇ ਲਗਭਗ ਸੀ। ਦੋਵੇਂ ਹਮਲਿਆਂ 'ਚ ਜਵਾਬੀ ਕਾਰਵਾਈ ਕੀਤੀ ਗਈ ਸੀ।

(3) ਲੁਧਿਆਣਾ ਦੇ ਡਿਪਟੀ ਕਮਸ਼ਨਰ ਦੀ ਬੇਨਤੀ 'ਤੇ ਉਨ੍ਹਾਂ ਦੀ ਮਦਦ ਲਈ ਦਿੱਲੀ ਤੇ ਜਲੰਧਰ ਤੋਂ ਮਜ਼ਬੂਤ ਤੋਪਖਾਨਾ ਫ਼ੌਜੀ ਬਲ ਤੁਰੰਤ ਭੇਜੇ ਗਏ ਸਨ। ਇਸੇ ਦੌਰਾਨ ਪਟਿਆਲਾ, ਨਾਭਾ ਤੇ ਜੀਂਦ ਦੇ ਮਹਾਰਾਜਿਆਂ ਨੇ ਵੀ ਤੁਰੰਤ ਮਦਦ ਭੇਜੀ ਅਤੇ ਕੋਟਲਾ 'ਤੇ ਹਮਲੇ 'ਚ ਸ਼ਾਮਲ ਲਗਭਗ 100 ਕੂਕੇ ਜਾਂ ਤਾ ਮਾਰੇ ਗਏ ਸਨ, ਜ਼ਖ਼ਮੀ ਹੋਏ ਸਨ ਜਾਂ ਗ੍ਰਿਫ਼ਤਾਰ ਕਰ ਲਏ ਗਏ ਸਨ; ਜਿਨ੍ਹਾਂ 'ਚ ਉਨ੍ਹਾਂ ਦੇ ਦੋ ਆਗੂ ਲਹਿਣਾ ਸਿੰਘ ਤੇ ਹੀਰਾ ਸਿੰਘ ਸ਼ਾਮਲ ਸਨ।

(4) ਲੈਫ਼ਟੀਨੈਂਟ ਗਵਰਨਰ ਨੇ ਤੁਰੰਤ ਦਿੱਲੀ ਤੋਂ ਹੁਕਮ ਦਿੱਤਾ ਤੇ ਕੂਕਾ ਸੰਪਰਦਾਇ ਦੇ ਰਹਿਨੁਮਾ ਗੁਰੂ ਰਾਮ ਸਿੰਘ ਜੀ ਨੂੰ ਨਿਗਰਾਨੀ ਹੇਠ ਅਲਾਹਾਬਾਦ ਭੇਜ ਦਿੱਤਾ ਗਿਆ ਹੈ।

(5) ਸਾਨੂੰ ਹਾਲੇ ਸਿਰਫ਼ ਇਹੋ ਵੇਰਵੇ ਹਾਸਲ ਹੋਏ ਹਨ ਪਰ ਇਨ੍ਹਾਂ ਸਾਰੀਆਂ ਵਾਰਦਾਤਾਂ ਦੇ ਕਾਰਨ ਜਾਣਨ ਤੇ ਇਨ੍ਹਾਂ ਹਮਲਿਆਂ 'ਚ ਸ਼ਾਮਲ ਵਿਅਕਤੀਆਂ ਦੀ ਜਾਂਚ ਚੱਲ ਰਹੀ ਹੈ। ਇਹ ਅਨੁਮਾਨ ਹੈ ਕਿ ਕੂਕਿਆਂ ਨੇ ਹਥਿਆਰ ਹਾਸਲ ਕਰਨ ਲਈ ਮਲੌਦ ਤੇ ਕੋਟਲਾ 'ਤੇ ਹਮਲਾ ਕੀਤਾ ਸੀ।

(6) ਸਾਨੂੰ ਲੈਫ਼ਟੀਨੈਂਟ ਗਵਰਨਰ ਤੋਂ ਪੂਰੀ ਰਿਪੋਰਟ ਦੀ ਉਡੀਕ ਹੈ ਤੇ ਅਸੀਂ ਆਪ ਮਾਣਯੋਗ ਜੀ ਨੂੰ ਇਹ ਛੇਤੀ ਤੋਂ ਛੇਤੀ ਭੇਜ ਦੇਵਾਂਗੇ।

## 98

*ਤਾਰ* *ਮਿਤੀ 19 ਜਨਵਰੀ, 1872*
*ਵੱਲੋਂ* *ਨੰ. 1*

ਸਕੱਤਰ, ਪੰਜਾਬ ਸਰਕਾਰ, ਦਿੱਲੀ।

*ਵੱਲ*

ਗ੍ਰਹਿ ਸਕੱਤਰ, ਕਲਕੱਤਾ।

ਲੁਧਿਆਣਾ ਤੋਂ ਆਈ ਇਹ ਤਾਰ: "16 ਹੋਰਨਾਂ ਨੂੰ ਕਮਿਸ਼ਨਰ ਨੇ ਕੱਲ੍ਹ ਕੋਟਲਾ 'ਚ ਮੌਤ ਦੀ ਸਜ਼ਾ ਦੇ ਦਿੱਤੀ ਗਈ। ਚਾਰ ਨੂੰ ਪਟਿਆਲਾ ਭੇਜਿਆ ਗਿਆ ਹੈ। ਸੱਤ ਹੋਰਨਾਂ, ਜਿਨ੍ਹਾਂ ਨੂੰ ਮਲੌਦ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ, ਦੀ ਅੱਜ ਨਿਰੰਤਰ ਸੁਣਵਾਈ ਹੋਣੀ ਹੈ। ਬੇਲੀ ਹਾਲੇ ਵੀ ਭੈਣੀ 'ਚ ਹੈ, ਜਿਸ ਨੇ ਉੱਥੋਂ ਸਾਰੇ ਮਰਦਾਂ ਨੂੰ ਭੇਜ ਦਿੱਤਾ ਸੀ। ਕੱਲ੍ਹ ਬਾਅਦ ਦੁਪਹਿਰ 172 ਕੱਲ੍ਹ ਆਏ ਸਨ, ਉਨ੍ਹਾਂ 'ਚੋਂ 50 (ਜਿਨ੍ਹਾਂ ਦੀ ਭੈਣੀ ਤੋਂ ਇਲਾਵਾ ਕੋਈ ਪੱਕੀ ਰਿਹਾਇਸ਼ ਨਹੀਂ ਹੈ) ਨੂੰ ਛੱਡ ਕੇ ਮੈਂ ਬਾਕੀ ਸਭਨਾਂ ਨੂੰ ਟੋਲੀਆਂ 'ਚ ਸੰਬੰਧਤ ਜ਼ਿਲ੍ਹਿਆਂ ਨੂੰ ਭੇਜ ਦਿੱਤਾ ਹੈ, ਉਹ ਇੱਥੇ ਹਿਰਾਸਤ 'ਚ ਹਨ ਤੇ ਕਮਿਸ਼ਨਰ ਦੇ ਹੁਕਮਾਂ ਦੀ ਉਡੀਕ ਕਰ ਰਹੇ ਹਨ। ਲਾਹੌਰ ਦੇ ਸਮਿੱਥ ਅੱਜ ਬਾਅਦ ਦੁਪਹਿਰ ਕਾਹਨ ਸਿੰਘ ਤੇ ਹੋਰਨਾਂ ਸੂਬਿਆਂ ਨੂੰ ਅਲਾਹਾਬਾਦ ਲੈ ਜਾਣਗੇ।"

## 99

*ਤਾਰ* *ਮਿਤੀ 19 ਜਨਵਰੀ, 1872*
*ਵੱਲੋਂ*

ਵਾਇਸਰਾਏ ਵੱਲੋਂ ਲੈਫ਼ਟੀਨੈਂਟ ਗਵਰਨਰ ਨੂੰ।

ਲਾਈਨ ਸਾਫ਼ ਕਰੋ (ਸਪਸ਼ਟ ਹੁਕਮ ਦੇਵੋ)। ਤੁਹਾਡੇ ਜਾਰੀ ਹੁਕਮਾਂ ਤੋਂ ਬਗ਼ੈਰ ਕੂਕਿਆਂ ਨੂੰ ਬਿਨਾਂ ਸੁਣਵਾਈ ਮੌਤ ਦੀ ਸਜ਼ਾ ਦੇਣੀ ਬੰਦ ਕਰੋ।

## 100

*ਤਾਰ* *ਮਿਤੀ 19 ਜਨਵਰੀ, 1872*
*ਵੱਲੋਂ*

ਲੈਫ਼ਟੀਨੈਂਟ ਗਵਰਨਰ, ਪੰਜਾਬ, ਦਿੱਲੀ।

*ਵੱਲ*

ਵਾਇਸਰਾਏ, ਕਲਕੱਤਾ।

ਤੁਹਾਡੀ ਤਾਰ, ਸ੍ਰੀ ਕਾਵਨ ਵੱਲੋਂ ਦਿੱਤੀ ਮੌਤ ਦੀ ਸਜ਼ਾ ਅਨੁਸਾਰ ਹੀ ਕੱਲ੍ਹ ਫ਼ਾਰਸਿਥ ਨੇ ਮਲੇਰਕੋਟਲਾ ਪੁੱਜ ਕੇ 16 ਹੋਰਨਾਂ ਨੂੰ ਜਾਣ-ਬੁੱਝ ਕੇ ਮੌਤ ਦੀ ਸਜ਼ਾ

ਦਿੱਤੀ। ਬ੍ਰਿਟਿਸ਼ ਖੇਤਰ 'ਚ ਗ੍ਰਿਫ਼ਤਾਰ ਕੂਕਿਆਂ ਦੀ ਨਿਯਮਤ ਸੁਣਵਾਈ ਹੋਵੇਗੀ। ਕੂਕਿਆਂ ਨੂੰ ਹੁਣ ਹੋਰ ਬਿਨਾਂ ਸੁਣਵਾਈ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਵੇਗੀ।

## 101

*ਮਿਤੀ ਕੈਂਪ ਕੋਟਲਾ, 19 ਜਨਵਰੀ, 1872*

*ਵੱਲੋਂ*

ਟੀ.ਡੀ. ਫ਼ਾਰਸਿਥ ਐਸਕ. ਸੀਬੀ, ਕਮਿਸ਼ਨਰ, ਅੰਬਾਲਾ।

*ਵੱਲ*

ਸਕੱਤਰ, ਪੰਜਾਬ ਸਰਕਾਰ।

ਇਸੇ ਮਹੀਨੇ ਦੀ 17 ਤਰੀਕ ਦੀ ਮੇਰੀ ਚਿੱਠੀ ਦੀ ਨਿਰੰਤਰਤਾ 'ਚ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦੀਆਂ ਰਿਪੋਰਟਾਂ ਭੇਜੀਆਂ ਜਾ ਰਹੀਆਂ ਹਨ। ਮੈਨੂੰ ਹੁਣ ਉਨ੍ਹਾਂ ਤੋਂ ਪ੍ਰਾਪਤ ਹੋਰ ਚਿੱਠੀਆਂ* ਦੀਆਂ ਕਾਪੀਆਂ ਅਤੇ ਕਾਰਵਾਈਆਂ ਦੀ ਇੱਕ ਰਿਪੋਰਟ ਭੇਜਣ ਦਾ ਮਾਣ ਹਾਸਲ ਹੋਇਆ ਹੈ।

2. ਇਹ ਚਿੱਠੀ ਭੇਜਣ ਦੇ ਸਮੇਂ ਤੱਕ ਬਾਬਾ ਰਾਮ ਸਿੰਘ ਜੀ ਕਿੱਥੇ ਹਨ, ਇਸ ਬਾਰੇ ਕੋਈ ਵੀ ਭਰੋਸੇਯੋਗ ਖ਼ੁਫ਼ੀਆ ਜਾਣਕਾਰੀ ਨਹੀਂ ਮਿਲੀ ਸੀ। ਇੰਝ ਜਾਪਦਾ ਹੈ ਕਿ ਜਿਵੇਂ ਬਾਬਾ ਜੀ ਕੋਈ ਡੂੰਘੀ ਚਾਲ ਚਲ ਰਹੇ ਸਨ ਕਿਉਂਕਿ ਉਨ੍ਹਾਂ ਪੁਲਿਸ ਨੂੰ ਭੈਣੀ ਤੋਂ ਆਪਣੇ ਪੈਰੋਕਾਰਾਂ ਦੀ ਰਵਾਨਗੀ ਮੌਕੇ ਹੀ ਪੁਲਿਸ ਨੂੰ ਦੱਸਿਆ ਕਿ ਉਹ ਕੋਈ ਵੱਡੀ ਕਾਰਵਾਈ ਕਰਨ ਜਾ ਰਹੇ ਹਨ ਪਰ ਇਹ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਤੇ ਮੈਂ ਇਸ ਬਾਰੇ ਤੁਹਾਨੂੰ ਕੁਝ ਸਮਾਂ ਪਹਿਲਾਂ ਹੀ ਜਾਣਕਾਰੀ ਦਿੱਤੀ ਸੀ ਕਿ ਬਾਬਾ ਰਾਮ ਸਿੰਘ ਜੀ ਦੇ ਪਿੰਡ ਭੈਣੀ 'ਚ ਲੋਹੜੀ ਦੇ ਤਿਉਹਾਰ ਮੌਕੇ 200 ਕੂਕਿਆਂ ਦਾ ਵੱਡਾ ਇਕੱਠ ਹੋਣ ਜਾ ਰਿਹਾ ਹੈ, ਜੋ 13 ਤਰੀਕ ਨੂੰ ਮਨਾਇਆ ਜਾਂਦਾ ਹੈ ਅਤੇ ਇਹ ਵੀ ਕਿ ਇਸ ਦੇ ਛੇਤੀ ਪਿੱਛੋਂ ਕੋਈ ਨਾ ਕੋਈ ਬਗ਼ਾਵਤ ਹੋ ਸਕਦੀ ਹੈ। ਅਜਿਹੀਆਂ ਰਿਪੋਰਟਾਂ ਦੀ ਦਰੁਸਤਗੀ 'ਤੇ ਤਦ ਕੁਝ ਸ਼ੱਕ ਸੀ ਕਿਉਂਕਿ ਉਹ ਸਪੱਸ਼ਟ ਨਹੀਂ ਸਨ ਪਰ ਉਨ੍ਹਾਂ ਨੂੰ ਬਾਅਦ 'ਚ ਵਾਪਰੀਆਂ ਘਟਨਾਵਾਂ ਦੇ ਆਧਾਰ 'ਤੇ ਸਮਝਿਆ ਗਿਆ ਸੀ, ਮੈਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਸਹੀ ਹੋਣ 'ਤੇ ਕੋਈ ਸੁਆਲ ਉਠਾਉਣ ਦਾ ਕੋਈ ਕਾਰਣ ਹੀ ਨਹੀਂ ਬਣਦਾ ਅਤੇ (ਗੁਰੂ) ਰਾਮ ਸਿੰਘ ਜੀ ਨੇ ਉਸ ਟੋਲੀ ਦੇ ਰਵਾਨਾ ਹੋਣ ਤੱਕ ਉਡੀਕ ਕੀਤੀ ਤੇ ਫਿਰ ਉਨ੍ਹਾਂ ਦੀਆਂ ਕਾਰਵਾਈਆਂ ਬਾਰੇ ਦੱਸਿਆ ਅਤੇ ਇਹ ਵੀ ਐਲਾਨ ਕੀਤਾ ਕਿ ਉਨ੍ਹਾਂ ਦਾ ਉਸ ਟੋਲੀ 'ਤੇ ਕੋਈ ਪ੍ਰਭਾਵ ਨਹੀਂ ਹੈ, ਇਹ ਉਨ੍ਹਾਂ ਦਾ ਸਿਰਫ਼ ਆਪਣੇ ਪੈਰੋਕਾਰਾਂ ਦੇ ਕਾਰਿਆਂ ਦੀ ਜ਼ਿੰਮੇਵਾਰੀ ਤੋਂ ਬਚਣ ਦੀ ਇੱਕ ਕੋਸ਼ਿਸ਼ ਦਾ ਛਲ ਸੀ।

---

* *ਨੋਟ:* ਨੰ. 15 ਤੇ 16, ਜਿਨ੍ਹਾਂ ਦੀਆਂ ਕਾਪੀਆਂ ਡਿਪਟੀ ਕਮਿਸ਼ਨਰ ਤੋਂ ਸਿੱਧੀਆਂ ਮਿਲੀਆਂ ਸਨ ਤੇ ਭਾਰਤ ਸਰਕਾਰ ਨੂੰ ਨੰ. 24ਸੀ, ਮਿਤੀ 20 ਜਨਵਰੀ ਨਾਲ ਭੇਜੀਆਂ ਸਨ।

3. ਡਿਪਟੀ ਕਮਿਸ਼ਨਰ ਨੇ (ਗੁਰੂ) ਰਾਮ ਸਿੰਘ ਜੀ ਨੂੰ ਮਲੌਦ 'ਚ ਮਿਲਣ ਦੇ ਹੁਕਮ ਜਾਰੀ ਕੀਤੇ ਸਨ, ਉਸ ਦੀ ਉਨ੍ਹਾਂ ਪਾਲਣਾ ਕੀਤੀ ਪਰ ਸ੍ਰੀ ਕਾਵਨ ਨੂੰ ਮਜਬੂਰਨ ਤੁਰੰਤ ਕੋਟਲਾ ਜਾਣਾ ਪਿਆ ਤੇ ਉਨ੍ਹਾਂ (ਗੁਰੂ) ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਘਰ ਭੇਜ ਦਿੱਤਾ। ਉਂਝ ਇਸ ਦੀ ਜਾਣਕਾਰੀ ਮੈਨੂੰ ਨਹੀਂ ਭੇਜੀ ਗਈ ਸੀ ਤੇ ਸਾਨੂੰ ਇਹ ਪਤਾ ਲਾਉਣ 'ਚ ਕੁਝ ਮੁਸ਼ਕਿਲ ਪੇਸ਼ ਆਈ ਕਿ (ਗੁਰੂ) ਰਾਮ ਸਿੰਘ ਜੀ ਕਿੱਥੇ ਚਲੇ ਗਏ ਹਨ। 17 ਤਰੀਕ ਨੂੰ ਸ਼ਾਮੀਂ ਚਾਰ ਵਜੇ ਕਰਨਲ ਬੇਲੀ ਨੂੰ ਕਰਨਲ ਗੂ ਦੀ ਘੁੜਸਵਾਰ ਫ਼ੌਜ ਦੀ ਇੱਕ ਟੋਲੀ (ਗੁਰੂ) ਰਾਮ ਸਿੰਘ ਜੀ ਨੂੰ ਲੱਭ ਕੇ ਲਿਆਉਣ ਲਈ ਭੇਜਿਆ। ਮੈਂ ਪਹਿਲਾਂ ਪਰਵਾਨਿਆਂ ਨੂੰ ਹੁਕਮ ਤੇ ਇਹ ਸੁਨੇਹਾ ਦੇ ਕੇ ਵੱਖੋ-ਵੱਖਰੀਆਂ ਦਿਸ਼ਾਵਾਂ 'ਚ ਭੇਜ ਦਿੱਤਾ ਸੀ ਕਿ (ਗੁਰੂ) ਜੀ ਜਿੱਥੇ ਕਿਤੇ ਵੀ ਹੋਣ, ਉਹ ਤੁਰੰਤ ਲੁਧਿਆਣਾ 'ਚ ਹਾਜ਼ਰ ਹੋਣ। ਬਾਅਦ 'ਚ ਸ਼ਾਮ ਨੂੰ ਮੈਨੂੰ ਪਤਾ ਲੱਗਾ ਕਿ ਉਹ ਭੈਣੀ ਪੁੱਜ ਗਏ ਸਨ, ਜਿੱਥੇ ਮੈਨੂੰ ਦੱਸਿਆ ਗਿਆ ਸੀ ਕਿ 200 ਕੂਕੇ ਇਕੱਠੇ ਹੋ ਗਏ ਸਨ। ਸਹਾਇਕ ਜ਼ਿਲ੍ਹਾ ਸੁਪਰਇੰਟੈਂਡੈਂਟ ਸ੍ਰੀ ਹੈਚੇਲ, ਜੋ 15 ਦੀ ਰਾਤ ਨੂੰ ਉਸ ਪਿੰਡ ਵਿੱਚੋਂ ਦੀ ਲੰਘਿਆ ਸੀ, ਨੇ ਮੈਨੂੰ ਦੱਸਿਆ ਸੀ ਕਿ ਉੱਥੇ ਆਮ ਨਾਗਰਿਕਾਂ ਤੋਂ ਇਲਾਵਾ ਹੋਰ ਕੋਈ ਵੀ ਕੂਕੇ ਮੌਜੂਦ ਨਹੀਂ ਸਨ। ਉਹ ਲੋਕ ਪੁਲਿਸ ਅਧਿਕਾਰੀ ਨੂੰ ਵੇਖ ਕੇ ਜਾਂ ਤਾਂ ਕਿਤੇ ਲੁਕ ਗਏ ਹੋਣਗੇ ਜਾਂ ਉਸ ਦੇ ਜਾਣ ਤੋਂ ਬਾਅਦ ਇਕੱਠੇ ਹੋਏ ਹੋਣਗੇ। ਮੈਂ ਕੈਪਟਨ ਮੈਂਜ਼ੀਸ ਨੂੰ ਉੱਥੇ ਤੜਕੇ ਹੀ ਜਾਣ ਦੀ ਹਦਾਇਤ ਜਾਰੀ ਕੀਤੀ ਸੀ ਪਰ ਕਰਨਲ ਬੇਲੀ ਦੀਆਂ ਗਤੀਵਿਧੀਆਂ ਕਾਰਨ ਮੈਂ ਉਨ੍ਹਾਂ ਨੂੰ ਹੋਰ ਡਿਊਟੀ ਦੇ ਦਿੱਤੀ, ਜਿਸ ਦੀ ਰਿਪੋਰਟ ਛੇਤੀ ਹੀ ਭੇਜਾਂਗਾ।

4. (ਗੁਰੂ) ਰਾਮ ਸਿੰਘ ਜੀ ਮੇਰੇ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਚਾਰ ਪੈਰੋਕਾਰਾਂ ਨਾਲ ਲੁਧਿਆਣਾ ਆਏ ਸਨ। ਉਹ 18 ਤਰੀਕ ਨੂੰ ਵੱਡੇ ਤੜਕੇ 1:00 ਵਜੇ ਪੁੱਜੇ, ਮੈਂ ਤਦ ਹੀ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਤੇ ਜਵਾਬ ਲਏ, ਉਨ੍ਹਾਂ ਦਾ ਤੱਤ-ਸਾਰ ਮੈਂ 18 ਤਰੀਕ (ਬੀਤੇ ਕੱਲ੍ਹ) ਸਵੇਰ ਦੀ ਰੇਲ-ਗੱਡੀ ਰਾਹੀਂ ਇੱਕ ਅਧਿਕਾਰਤ ਪੱਤਰ ਰਾਹੀਂ ਭੇਜਿਆ ਸੀ। ਉਸ ਚਿੱਠੀ 'ਚ ਦੱਸੇ ਕਾਰਣਾਂ ਕਰਕੇ ਮੈਂ (ਗੁਰੂ) ਰਾਮ ਸਿੰਘ ਬਾਰੇ ਤੁਰੰਤ ਰਿਪੋਰਟ ਕਰਨ ਦਾ ਫ਼ੈਸਲਾ ਕੀਤਾ ਅਤੇ ਅਗਲੇਰੀ ਜਾਣਕਾਰੀ ਚੁੱਕੇ ਗਏ ਕਦਮ ਦੀ ਦਰੁਸਤਗੀ ਦੀ ਪੁਸ਼ਟੀ ਕਰਦੀ ਹੈ, ਭਾਵੇਂ ਜਿਸ ਖ਼ਾਸ ਹਮਲੇ ਨੂੰ ਲੈ ਕੇ ਅਸੀਂ ਹੁਣ ਚਿੰਤਤ ਹਾਂ, ਉਸ ਨਾਲ ਤੁਰੰਤ ਨਿਪਟ ਲਿਆ ਗਿਆ ਸੀ ਤੇ ਹੁਣ ਉੱਥੇ ਮੁਕੰਮਲ ਸ਼ਾਂਤੀ ਦੀ ਰਿਪੋਰਟ ਕਰਨ ਦੇ ਯੋਗ ਹਾਂ। ਸਾਨੂੰ ਅਜਿਹਾ ਕੋਈ ਭਰੋਸਾ ਨਹੀਂ ਮਿਲਿਆ ਕਿ ਇਹ ਸ਼ਾਂਤੀ ਹੁਣ ਕਿਸੇ ਵੀ ਛਿਣ ਭੰਗ ਨਹੀਂ ਹੋਵੇਗੀ। ਪਿੰਡ ਭੈਣੀ 'ਚ ਕੂਕਿਆਂ ਦਾ ਇਕੱਠ, ਇੱਥੇ ਲਾਗੇ ਕੂਕਿਆਂ ਦੀਆਂ ਨਿੱਕੀਆਂ ਟੋਲੀਆਂ ਦਾ ਦਿਸਣਾ, ਜਿਨ੍ਹਾਂ 'ਚੋਂ ਕੁਝ ਨੂੰ ਫੜ ਲਿਆ ਗਿਆ ਹੈ ਤੇ ਜਲੰਧਰ ਤੋਂ ਮਿਲੀ ਰਿਪੋਰਟ ਮੁਤਾਬਕ ਅੰਮ੍ਰਿਤਸਰ ਤੋਂ ਕੂਕਿਆਂ ਦੀ ਇੱਕ ਟੋਲੀ ਨੇ ਰਾਹੋਂ 'ਚ ਆਪਣਾ ਝੰਡਾ ਝੁਲਾਇਆ ਹੈ - ਇਹ ਸਭ ਪੱਕਾ ਸੰਕੇ ਤ ਹਨ ਕਿ ਆਮ ਬਗ਼ਾਵਤ ਦੀ ਕੁਝ ਮਨਸ਼ਾ ਹੈ ਅਤੇ ਜੇ ਕਿਤੇ ਹੁਣ ਫੜੇ ਇਨ੍ਹਾਂ

ਸਾਹਿਬ ਸਿੰਘ, ਜਵਾਹਰ ਸਿੰਘ
ਨੌਕਰ
ਗੁਰਦਿੱਤ ਸਿੰਘ, ਨਾਨੂੰ ਸਿੰਘ

ਡਕੈਤਾਂ ਨਾਲ ਤੁਰੰਤ ਨਿਪਟਣ 'ਚ ਅਧਿਕਾਰੀ ਥੋੜ੍ਹੇ ਜਿੰਨੇ ਵੀ ਨਾਕਾਮ ਰਹੇਤਾਂ ਲੁਕੇ ਹੋਏ ਅਨਸਰ ਵੀ ਸਾਹਮਣੇ ਆ ਜਾਣਗੇ।

5. ਮੈਂ ਕਿਉਂਕਿ 16 ਤਰੀਕ ਨੂੰ ਰੇਲ ਰਾਹੀਂ ਲੁਧਿਆਣਾ ਜਾ ਰਿਹਾ ਸਾਂ, ਮੈਂ ਤਿੰਨ ਰੇਲਵੇ ਸਟੇਸ਼ਨਾਂ 'ਤੇ ਕੂਕੇ ਵੇਖੇ ਅਤੇ ਸੁਣਿਆ ਕਿ ਹੋਰ ਸੀਮਾਵਾਂ ਉਲੰਘ ਰਹੇ ਸਨ। ਜੀਂਦ ਦੇ ਮੁਨਸ਼ੀ ਨੇ ਰਿਪੋਰਟ ਦਿੱਤੀ ਕਿ ਉਸ ਰਿਆਸਤ 'ਚ ਇੱਕ ਕੂਕੇ ਨੂੰ ਆਪਣੀ ਜ਼ਮੀਨ ਮਿੱਟੀ ਦੇ ਭਾਅ ਵੇਚਦਾ ਪਾਇਆ ਗਿਆ, ਜੋ ਇਹ ਐਲਾਨ ਕਰ ਰਿਹਾ ਸੀ ਕਿ ਉਸ ਨੇ ਤੁਰੰਤ ਆਪਣੇ ਗੁਰੂ ਨੂੰ ਜਾ ਕੇ ਮਿਲਣਾ ਹੈ।

> ਬੀਤੇ ਕੱਲ੍ਹ ਬਾਅਦ ਦੁਪਹਿਰ ਨੂੰ ਮਲੌਦ ਤੋਂ ਇੱਕ ਘੁੜਸਵਾਰ ਨੇ ਆ ਕੇ ਰਿਪੋਰਟ ਦਿੱਤੀ ਕਿ ਉਸ ਨੇ 12 ਕੂਕਿਆਂ ਨੂੰ ਇਕੱਠੇ ਹੋਇਆਂ ਵੇਖਿਆ ਹੈ ਤੇ ਉਹ ਇੱਥੋਂ ਲਗਭਗ 12 ਮੀਲ ਦੀ ਦੂਰੀ 'ਤੇ ਇੱਕ ਸੜਕ ਨੇੜੇ ਜ਼ਮੀਨ 'ਤੇ ਬੈਠੇ ਸਨ। ਡਿਪਟੀ ਕਮਿਸ਼ਨਰ ਨੇ ਤੁਰੰਤ ਉਨ੍ਹਾਂ ਦੀ ਭਾਲ਼ 'ਚ ਜਵਾਨਾਂ ਨੂੰ ਭੇਜਿਆ ਪਰ ਉਹ ਅਲੋਪ ਹੋ ਚੁੱਕੇ ਸਨ। ਕੂਕਿਆਂ ਦੀ ਇੱਕ ਟੋਲੀ ਨੂੰ 15 ਤਰੀਕ ਦੀ ਸ਼ਾਮ ਨੂੰ ਕੋਟਲਾ ਲਾਗੇ ਪਟਿਆਲਾ ਖੇਤਰ 'ਚ ਪਿੰਡ ਸੇਹਕੀ ਵਿੱਚੋਂ ਦੀ ਲੰਘਦਿਆਂ ਵੇਖਿਆ ਗਿਆ ਸੀ ਪਰ ਫਿਰ ਉਹ ਵੱਖ ਹੋ ਗਏ। ਮੇਰੀ ਬੇਨਤੀ ਹੈ ਕਿ ਇਸ ਨਾਲ ਮੌਜੂਦ ਡਿਪਟੀ ਕਮਿਸ਼ਨਰ ਦੇ ਅਸਲ ਸੰਦੇਸ਼ ਵੱਲ ਧਿਆਨ ਦਿੱਤਾ ਜਾਵੇ।

6. ਮੇਰਾ ਖ਼ਿਆਲ ਹੈ ਕਿ ਹੁਣ ਕੋਟਲਾ 'ਚ ਸ੍ਰੀ ਕਾਵਨ ਦੀਆਂ ਗਤੀਵਿਧੀਆਂ 'ਤੇ ਝਾਤ ਪਾਈ ਜਾਵੇ, ਜਿਨ੍ਹਾਂ ਦੇ ਮੁਕੰਮਲ ਵੇਰਵੇ ਇਸ ਰਿਪੋਰਟ 'ਚ ਦਿੱਤੇ ਗਏ ਹਨ। ਮੈਂ ਨੀਮ-ਅਧਿਕਾਰਤ ਤੇ ਅਧਿਕਾਰਤ ਤੌਰ 'ਤੇ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਉਹ ਪੂਰਾ ਧਿਆਨ ਰੱਖਣ 'ਤੇ ਅਜਿਹਾ ਕੁਝ ਵੀ ਨਾ ਕਰਨ ਕਿ ਜਿਸ ਨਾਲ ਇਸ ਗੜਬੜੀ ਨੂੰ ਸ਼ਾਂਤ ਕਰਨ ਦੀਆਂ ਉਨ੍ਹਾਂ ਦੀਆਂ ਜੋਸ਼ੀਲੀਆਂ ਕੋਸ਼ਿਸ਼ਾਂ ਦੀ ਸਫ਼ਲਤਾ 'ਚ ਕੋਈ ਅੜਿੱਕਾ ਪਵੇ। ਮੈਂ ਇਹ ਨੁਕਤਾ ਉਠਾਇਆ ਸੀ ਕਿ ਬ੍ਰਿਟਿਸ਼ ਖੇਤਰ ਵਿੱਚ ਲੋਕਾਂ ਜਾਂ ਕਿਸੇ ਸੰਪਤੀ ਵਿਰੁੱਧ ਕੀਤੇ ਅਪਰਾਧਾਂ ਦੀ ਸੁਣਵਾਈ ਸਿਰਫ਼ ਨਿਯਮਤ ਸ਼ਕਲ 'ਚ ਹੀ ਕੀਤੀ ਜਾਵੇ ਅਤੇ ਮੌਤ ਦੀਆਂ ਸਜ਼ਾਵਾਂ ਕੇਵਲ ਚੀਫ਼ ਕੋਰਟ ਦੀ ਪੁਸ਼ਟੀ ਨਾਲ ਹੀ ਦਿੱਤੀਆਂ ਜਾਣ ਤੇ ਮਲੇਰਕੋਟਲਾ ਜਿਹੀਆਂ ਵਿਦੇਸ਼ੀ ਰਿਆਸਤਾਂ 'ਚ ਵਾਪਰੇ ਜੁਰਮਾਂ ਦੇ ਮਾਮਲਿਆਂ ਵਿੱਚ ਵਧੇਰੇ ਤੇਜ਼ੀ ਨਾਲ ਕਾਰਵਾਈ ਕੀਤੀ ਗਈ ਤੇ ਉੱਥੇ ਸਜ਼ਾਵਾਂ ਕਮਿਸ਼ਨਰ ਦੀ ਪੁਸ਼ਟੀ 'ਤੇ ਦਿੱਤੀਆਂ ਜਾ ਸਕਦੀਆਂ ਸਨ।

7. ਪਰ ਮੇਰਾ ਅਧਿਕਾਰਤ ਪੱਤਰ ਉਨ੍ਹਾਂ ਤੱਕ ਪੁੱਜਣ ਤੋਂ ਪਹਿਲਾਂ ਹੀ ਸ੍ਰੀ ਕਾਵਨ ਨੇ ਬਿਨਾਂ ਕਿਸੇ ਸੁਣਵਾਈ ਦੇ ਹੀ 50 ਕੈਦੀਆਂ ਦਾ ਨਿਬੇੜਾ ਕਰ ਦਿੱਤਾ ਸੀ। ਭਾਵੇਂ ਉਨ੍ਹਾਂ ਵੱਲੋਂ ਕੀਤੇ ਅਪਰਾਧ 'ਤੇ ਕੋਈ ਸੁਆਲ ਨਹੀਂ ਉਠਾਇਆ ਜਾ ਸਕਦਾ ਕਿਉਂਕਿ ਉਹ ਸਾਰੇ ਹੀ ਰੰਗੇ ਹੱਥੀਂ ਫੜੇ ਗਏ ਸਨ; ਅਤੇ ਬਿਨਾ ਸ਼ੱਕ ਜੇ ਕਿਤੇ ਸਾਰੀਆਂ ਕਾਰਵਾਈਆਂ ਮੈਨੂੰ ਭੇਜੀਆਂ ਗਈਆਂ ਹੁੰਦੀਆਂ, ਤਾਂ ਮੈਂ ਮੌਤ ਦੀ ਸਜ਼ਾ ਦੀ ਪੁਸ਼ਟੀ ਕਰ ਦੇਣੀ ਸੀ। ਅਜਿਹੀ ਹਾਲਤ 'ਚ ਮੈਨੂੰ ਅਫ਼ਸੋਸ ਹੈ ਕਿ ਰਸਮੀ ਕਾਰਜ-ਵਿਧੀ ਨੂੰ ਨਹੀਂ ਅਪਣਾਇਆ ਗਿਆ। ਇਨ੍ਹਾਂ ਸਜ਼ਾਵਾਂ ਦੀ ਪੁਸ਼ਟੀ ਕਰ ਕੇ ਮੈਂ ਹੁਣ ਆਪਣੇ-ਆਪ ਨੂੰ ਨਿਆਂਸੰਗਤ ਜਾਂ ਵਾਜਬ ਸਮਝਦਾ ਹਾਂ, ਕੋਟਲਾ 'ਚ ਇੰਨੀ ਵੱਡੀ ਗਿਣਤੀ 'ਚ ਲੋਕਾਂ ਨੂੰ ਫਾਂਸੀ ਦੇਣ ਦਾ ਕੋਈ ਇੰਤਜ਼ਾਮ ਨਹੀਂ ਸੀ ਅਤੇ ਇਸ ਮਾਮਲੇ ਦੇ ਹਾਲਾਤ 'ਤੇ ਵਿਚਾਰ ਕਰਦਿਆਂ, ਇਨ੍ਹਾਂ ਲੋਕਾਂ ਨੂੰ ਸ੍ਰੀ ਕਾਵਨ ਨੇ ਤੋਪਾਂ

ਨਾਲ ਉਡਾ ਦਿੱਤਾ, ਅਜਿਹੀ ਸਜ਼ਾ ਦੀ ਮਿਸਾਲ ਪਹਿਲਾਂ ਵੀ ਵੱਡੀ ਗਿਣਤੀ 'ਚ 1857 ਦੇ ਬਾਗ਼ੀਆਂ ਨੂੰ ਦੇਣ ਦੀ ਮੌਜੂਦ ਹੈ।

8. (ਗੁਰੂ) ਰਾਮ ਸਿੰਘ ਜੀ ਨੂੰ ਬੀਤੇ ਕੱਲ੍ਹ ਸਵੇਰੇ ਭੇਜ ਦਿੱਤੇ ਜਾਣ ਤੋਂ ਬਾਅਦ ਮੈਂ ਘੋੜੇ 'ਤੇ ਸਵਾਰ ਹੋ ਕੇ ਕੋਟਲਾ ਗਿਆ, ਮੇਰੇ ਨਾਲ ਕਰਨਲ ਗ੍ਰ ਤੇ ਉਨ੍ਹਾਂ ਦੇ ਘੁੜਸਵਾਰ ਜਵਾਨਾਂ ਦੀ ਇੱਕ ਟੋਲੀ ਸੀ ਅਤੇ ਬਾਕੀ ਦੇ 16 ਕੈਦੀਆਂ ਸੁਣਵਾਈ ਸ੍ਰੀ ਕਾਵਨ ਵੱਲੋਂ ਬੈਂਚ ਦੀ ਤਰਫ਼ੋਂ ਕਾਰਵਾਈ ਕਰਦਿਆਂ ਤੇ ਮਲੇਰਕੋਟਲਾ ਦੇ ਨਾਜ਼ਿਮ ਤੇ ਤਹਿਸੀਲਦਾਰ ਨਾਲ ਮਿਲ ਕੇ ਕੀਤੀ ਜਾ ਰਹੀ ਸੀ। ਸਾਰੀਆਂ ਕਾਰਵਾਈਆਂ ਨੂੰ ਰਸਮੀ ਤੌਰ 'ਤੇ ਦਰਜ ਕੀਤਾ ਜਾ ਰਿਹਾ ਸੀ; ਤੇ ਉਨ੍ਹਾਂ ਵੱਲੋਂ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਸਨ, ਉਨ੍ਹਾਂ ਨੂੰ ਮੇਰੀ ਮਨਜ਼ੂਰੀ ਮਿਲ ਰਹੀ ਸੀ ਅਤੇ ਉੱਥੇ ਮੌਤ ਦੀਆਂ ਸਜ਼ਾਵਾਂ ਯੂਰੋਪੀਅਨ ਅਧਿਕਾਰੀਆਂ ਤੇ ਮਲੇਰਕੋਟਲਾ ਤੇ ਲਾਗਲੀਆਂ ਰਿਆਸਤਾਂ ਦੇ ਅਧਿਕਾਰੀਆਂ ਦੀ ਮੌਜੂਦਗੀ 'ਚ ਦਿੱਤੀਆਂ ਗਈਆਂ ਸਨ।

9. ਉੱਥੇ ਹਾਲੇ ਵੀ 7 ਜਣੇ ਰਹਿੰਦੇ ਹਨ, ਜੋ ਮਲੌਦ ਹਮਲੇ 'ਚ ਸ਼ਾਮਲ ਸਨ, ਜਿਨ੍ਹਾਂ 'ਚੋਂ ਚਾਰ ਜਣੇ ਮੌਕੇ 'ਤੇ ਹੀ ਸਰਦਾਰ ਦੇ ਲੋਕਾਂ ਨੇ ਕਾਬੂ ਕੀਤੇ ਸਨ। ਇਹ ਅਪਰਾਧ ਕਿਉਂਕਿ ਬ੍ਰਿਟਿਸ਼ ਅਧਿਕਾਰ-ਖੇਤਰ 'ਚ ਹੋਇਆ ਸੀ, ਅਪਰਾਧੀਆਂ ਦੀ ਅੱਜ ਮਲੌਦ ਵਿਖੇ ਸੈਸ਼ਨਜ਼ ਸਾਹਮਣੇ ਨਿਯਮਤ ਸੁਣਵਾਈ ਹੋਵੇਗੀ ਅਤੇ ਚੀਫ਼ ਕੋਰਟ ਤੋਂ ਪੁਸ਼ਟੀ ਪਿੱਛੋਂ ਹੀ ਸਜ਼ਾਵਾਂ ਲੁਧਿਆਣਾ ਵਿਖੇ ਆਮ ਢੰਗ ਨਾਲ ਦਿੱਤੀਆਂ ਜਾਣਗੀਆਂ।

10. ਬੀਤੇ ਕੱਲ੍ਹ ਸ਼ਾਮੀਂ ਮੈਂ ਮਲੇਰਕੋਟਲਾ ਤੋਂ ਨਿਮਨਲਿਖਤ ਇਨਾਮ ਉਨ੍ਹਾਂ ਵਿਅਕਤੀਆਂ ਨੂੰ ਵੰਡੇ, ਜਿਨ੍ਹਾਂ ਬਾਰੇ ਸ੍ਰੀ ਕਾਵਨ ਨੇ ਪ੍ਰਮੁੱਖਤਾ ਨਾਲ ਲਿਖਿਆ ਸੀ ਕਿ ਇਨ੍ਹਾਂ ਨੇ ਕੋਟਲਾ ਮਹੱਲ ਤੇ ਖ਼ਜ਼ਾਨੇ 'ਤੇ ਹਮਲੇ ਨਾਲ ਸੰਬੰਧਤ ਕੂਕਿਆਂ ਨੂੰ ਕਾਬੂ ਕਰਨ ਵਿੱਚ ਵਿਲੱਖਣ ਭੂਮਿਕਾ ਨਿਭਾਈ ਸੀ ਅਤੇ ਮੈਂ ਨਾਜ਼ਿਮ ਨੂੰ ਹਦਾਇਤਾਂ ਦਿੱਤੀਆਂ ਕਿ ਕੋਤਵਾਲ ਅਹਿਮਦ ਅਲੀ ਤੇ ਜਿਹੜੇ ਹੋਰਨਾਂ ਨੇ ਉਨ੍ਹਾਂ ਦੀ ਰਿਆਸਤ ਦੀ ਸੰਪਤੀ ਦੀ ਹਿਫ਼ਾਜ਼ਤ ਕਰਦਿਆਂ ਬਹਾਦਰੀ ਨਾਲ ਆਪਣੀਆਂ ਜਾਨਾਂ ਗੁਆਈਆਂ ਹਨ, ਉਨ੍ਹਾਂ ਦੇ ਪਰਿਵਾਰਾਂ ਲਈ ਵੀ ਵਾਜਬ ਇੰਤਜ਼ਾਮ ਪਹਿਲ ਦੇ ਆਧਾਰ 'ਤੇ ਕੀਤੇ ਜਾਣ।

| | |
|---|---|
| ਨਿਆਜ਼ ਅਲੀ, ਨਾਇਬ ਨਾਜ਼ਿਮ ਨੂੰ | 1,000 ਰੁਪਏ |
| ਪੰਜਾਬ ਸਿੰਘ, ਦਰਬਾਰੀ ਨੂੰ | 300 ਰੁਪਏ |
| ਜੈਮਲ ਸਿੰਘ, ਜਿਸ ਨੇ ਸੂਚਨਾ ਦਿੱਤੀ | 200 ਰੁਪਏ |
| ਮਸਤਾਨ ਅਲੀ | 100 ਰੁਪਏ |
| ਉੱਤਮ ਸਿੰਘ | 50 ਰੁਪਏ |
| ਰਤਨ ਸਿੰਘ | 50 ਰੁਪਏ |
| ਗੁਲਾਬ ਸਿੰਘ | 50 ਰੁਪਏ |
| ਪ੍ਰਤਾਪ ਸਿੰਘ | 50 ਰੁਪਏ |

11. ਮਲੇਰਕੋਟਲਾ ਰਿਆਸਤ ਦੀ ਤਰਫ਼ੋਂ ਮੈਂ ਪਟਿਆਲਾ ਦੇ ਮਹਾਰਾਜਾ ਅਤੇ

ਜੀਂਦ ਤੇ ਨਾਭਾ ਦੇ ਰਾਜਿਆਂ ਨੂੰ ਮੈਂ ਧੰਨਵਾਦ-ਪੱਤਰ ਜਾਰੀ ਕਰ ਕੇ ਦਰਬਾਰ 'ਚ ਰਾਜਿਆਂ ਦੇ ਵਕੀਲਾਂ ਨੂੰ ਸੌਂਪੇ।

---

ਵੱਲੋਂ:

ਐੱਲ. ਕਾਵਨ, ਐਸਕ.,

ਮਿਤੀ ਕੋਟਲਾ, 19 ਜਨਵਰੀ,

(ਉਪਰੋਕਤ ਗ਼ੈਰ-ਮਾਮੂਲੀ ਨੋਟਸ ਦੇ ਹਵਾਲਿਆਂ ਨਾਲ)

ਕੱਲ੍ਹ ਬੇਰ (ਮਲੌਦ ਰਿਆਸਤ ਦੇ ਪਿੰਡਾਂ 'ਚੋਂ ਇੱਕ) ਦੇ ਸਰਦਾਰ ਹਕੀਕਤ ਸਿੰਘ ਦੇ ਵਕੀਲ ਨਾਰਾਇਣ ਸਿੰਘ ਨੇ ਮੈਨੂੰ ਦੱਸਿਆ ਕਿ ਉਸ ਨੂੰ ਉਸ ਦੇ ਮਾਲਕ ਤੋਂ ਇਹ ਸੂਚਨਾ ਮਿਲੀ ਹੈ ਕਿ 50 ਕੂਕਿਆਂ ਦਾ ਇੱਕ ਜੱਥਾ ਕੱਲ੍ਹ ਦੁਪਹਿਰ ਨੂੰ ਪਿੰਡ ਬੇਰ 'ਚੋਂ ਦੀ ਲੰਘਿਆ ਹੈ ਤੇ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ, ਤਾਂ ਉਨ੍ਹਾਂ ਦੱਸਿਆ ਕਿ ਉਹ ਕੋਟਲਾ ਜਾ ਰਹੇ ਸਨ; ਅਤੇ ਦੋ ਕੁ ਘੰਟਿਆਂ ਬਾਅਦ 40 ਤੋਂ 50 ਜਣਿਆਂ ਦਾ ਇੱਕ ਹੋਰ ਮਜ਼ਬੂਤ ਜੱਥਾ ਸਰਦਾਰ ਦੇ ਹੀ ਘਾਹ ਦੇ ਮੈਦਾਨ 'ਚ ਬੈਠਾ ਵੇਖਿਆ ਗਿਆ ਤੇ ਉਨ੍ਹਾਂ ਨੇ ਵੀ ਇਹੋ ਦੱਸਿਆ ਕਿ ਉਹ ਕੋਟਲਾ ਜਾ ਰਹੇ ਸਨ।

2. ਮਲੌਦ ਦੇ ਸਰਦਾਰ ਦੀ ਸੇਵਾ 'ਚ ਲੱਗੇ ਇੱਕ ਘੁੜਸਵਾਰ ਅਨੂਪ ਸਿੰਘ ਨੂੰ ਕੱਲ੍ਹ ਸ਼ਾਮੀਂ 6:30 ਕੁ ਵਜੇ ਕੋਟਲਾ ਤੋਂ ਉਸ ਦੇ ਮਾਲਕ ਲਈ ਇੱਕ ਚਿੱਠੀ ਦੇ ਕੇ ਭੇਜਿਆ ਗਿਆ ਸੀ। ਕੋਟਲਾ ਤੋਂ 3 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਸਰੌਦ ਲਾਗੇ ਉਸ ਨੇ ਕੋਟਲਾ ਵੱਲ ਨੂੰ ਜਾਂਦੇ 10-12 ਜਣਿਆਂ ਦੀ ਇੱਕ ਟੋਲੀ ਵੇਖੀ। ਅਨੂਪ ਸਿੰਘ ਤਦ ਸਰੌਦ ਤੋਂ ਹੀ ਕੋਟਲਾ ਵੱਲ ਪਰਤ ਗਿਆ ਤੇ ਜਦੋਂ ਉਹ ਹਾਲੇ ਕੋਟਲਾ ਤੋਂ ਡੇਢ ਕਿਲੋਮੀਟਰ ਦੀ ਦੂਰੀ 'ਤੇ ਸੀ, ਤਾਂ ਉਸ ਨੂੰ ਸ਼ਾਇਦ ਉਹੀ ਟੋਲੀ ਦਿਸੀ ਤੇ ਉਸ ਨੇ ਉਸ ਤੋਂ ਅਗਾਂਹ ਲੰਘਦਿਆਂ ਵੇਖਿਆ ਕਿ ਉਨ੍ਹਾਂ ਦੀ ਗਿਣਤੀ ਹੁਣ 20 ਦੇ ਕਰੀਬ ਹੋ ਚੁੱਕੀ ਸੀ ਤੇ ਉਹ ਇੱਕ ਹੋਰ ਲਾਗਲੇ ਪਹੇ 'ਤੋਂ ਦੀ ਜਾ ਰਹੇ ਸਨ ਪਰ ਉਨ੍ਹਾਂ ਦੀ ਦਿਸ਼ਾ ਕੋਟਲਾ ਵੱਲ ਹੀ ਸੀ।

ਮੈਂ ਅਨੂਪ ਸਿੰਘ ਦੇ ਮਾਰਗ-ਦਰਸ਼ਨ ਵਿੱਚ ਪਟਿਆਲਾ ਦੇ ਘੁੜਸਵਾਰ ਜਵਾਨਾਂ ਦੀ ਇੱਕ ਟੋਲੀ ਇਨ੍ਹਾਂ ਗਿਰੋਹਾਂ ਦੀ ਭਾਲ 'ਚ ਭੇਜੀ ਪਰ ਤਦ ਉਨ੍ਹਾਂ ਨੂੰ ਕੋਈ ਨਹੀਂ ਮਿਲਿਆ।

3. ਕੋਟਲਾ 'ਤੇ ਹਮਲੇ ਤੋਂ ਬਾਅਦ ਕੂਕਿਆਂ ਦੀਆਂ ਕਈ ਟੋਲੀਆਂ ਕੋਟਲਾ ਲਾਗਿਓਂ ਲੰਘਣ ਦੀਆਂ ਰਿਪੋਰਟਾਂ ਮਿਲੀਆਂ ਪਰ ਫਿਰ ਉਹ ਅਲੋਪ ਹੁੰਦੀਆਂ ਰਹੀਆਂ।

## 102

*ਮਿਤੀ ਕੈਂਪ, ਦਿੱਲੀ, 19 ਜਨਵਰੀ, 1872*

ਵੱਲੋਂ:

ਐੱਲ.ਐੱਚ. ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਈ.ਸੀ. ਬੇਲੀ, ਐਸਕ., ਸੀ.ਐੱਸ.ਆਈ.,
ਸਕੱਤਰ, ਭਾਰਤ ਸਰਕਾਰ।

ਮੈਨੂੰ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਸ੍ਰੀ ਟੀ.ਡੀ. ਫ਼ਾਰਸਿਥ, ਸੀ.ਬੀ. ਦੀਆਂ ਇਸੇ ਮਹੀਨੇ ਦੀ 17 ਤੇ 18 ਤਰੀਕ ਦੀਆਂ ਚਿੱਠੀਆਂ ਕਾਪੀਆਂ, ਅੰਤਿਕਾ ਸਮੇਤ; ਅਤੇ ਪੁਲਿਸ ਦੇ ਡਿਪਟੀ ਇੰਸਪੈਕਟਰ ਕੈਪਟਨ ਮੈਂਜ਼ੀਸ ਦੇ 18 ਤਰੀਕ ਦੇ ਇੱਕ ਨੀਮ-ਅਧਿਕਾਰਤ ਪੱਤਰ ਦੀ ਕਾਪੀ; ਅਤੇ ਜ਼ਿਲ੍ਹਾ ਲੁਧਿਆਣਾ ਪੁਲਿਸ ਦੇ ਸੁਪਰਇੰਟੈਂਡੈਂਟ ਲੈਫ਼ਟੀਨੈਂਟ ਕਰਨਲ ਈ. ਪਰਕਿਨਜ਼ ਦੀ 17 ਤਰੀਕ ਦੀ ਇੱਕ ਖ਼ਾਸਾ ਰਿਪੋਰਟ ਭੇਜਣ ਦਾ ਮਾਣ ਹਾਸਲ ਹੋਇਆ ਹੈ।

2. ਮਾਣਯੋਗ ਲੈ. ਗਵਰਨਰ ਦਾ ਵਿਚਾਰ ਹੈ ਕਿ ਜਦੋਂ ਮਲੌਦ ਤੇ ਮਲੇਰਕੋਟਲਾ 'ਤੇ ਹੋਏ ਹਮਲਿਆਂ ਦੀ ਪਹਿਲੀ ਖ਼ਬਰ ਉਨ੍ਹਾਂ ਨੂੰ ਮਿਲੀ ਸੀ, ਤਾਂ ਉਸ ਵੱਲੋਂ ਕੀਤੀ ਗਈ ਸੰਪਰਦਾਇ ਦੇ ਮੁਖੀ ਨੂੰ ਇੱਥੋਂ ਬਾਹਰ ਭੇਜਣ ਦੀ ਕਾਰਵਾਈ ਸਮੇਂ ਕਾਨੂੰਨ ਤੇ ਵਿਵਸਥਾ ਬਹਾਲ ਰੱਖਣ ਲਈ ਗੜਬੜੀ ਵਾਲੀ ਥਾਂ 'ਤੇ ਵੱਡੀ ਮਾਤਰਾ 'ਚ ਸੁਰੱਖਿਆ ਦਸਤੇ ਭੇਜਣ ਨੂੰ ਖ਼ਤਰਨਾਕ ਮੰਨਿਆ ਗਿਆ ਸੀ ਪਰ ਉਸ ਨੂੰ ਮਹਾਮਹਿਮ ਵਾਇਸਰਾਏ ਨੇ ਪੂਰੀ ਤਰ੍ਹਾਂ ਪ੍ਰਵਾਨਗੀ ਦੇ ਦਿੱਤੀ ਹੈ; ਅਤੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਮਹਾਮਹਿਮ ਦੀ ਇਸ ਪ੍ਰਵਾਨਗੀ ਤੋਂ ਡਾਢੀ ਤਸੱਲੀ ਮਿਲੀ ਹੈ।

3. ਲੈਫ਼ਟੀਨੈਂਟ ਗਵਰਨਰ ਨੂੰ ਪਟਿਆਲਾ ਖੇਤਰ 'ਚ ਕਾਬੂ ਕੀਤੇ ਕੂਕਾ ਬਾਗ਼ੀਆਂ ਨੂੰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵੱਲੋਂ ਬਿਨਾਂ ਵਾਜਬ ਸੁਣਵਾਈ ਦੇ ਹੀ ਮੌਤ ਦੀ ਸਜ਼ਾ ਦਿੱਤੇ ਜਾਣ ਦਾ ਢੰਗ ਅਪਨਾਉਣ 'ਤੇ ਅਫ਼ਸੋਸ ਹੈ ਤੇ ਉਨ੍ਹਾਂ ਦਾ ਮੰਨਣਾ ਹੈ ਕਿ ਅਜਿਹੀ ਕੋਈ ਬਹੁਤ ਜ਼ਿਆਦਾ ਜ਼ਰੂਰਤ ਨਹੀਂ ਸੀ ਕਿ ਇਸ ਗੱਲ ਨੂੰ ਦਰੁਸਤ ਠਹਿਰਾਇਆ ਜਾਵੇ ਕਿ ਕਮਿਸ਼ਨਰ ਦੇ ਹੁਕਮਾਂ ਤੋਂ ਬਗ਼ੈਰ ਹੀ ਅਧਿਕਾਰੀ ਕਾਰਵਾਈ ਕਰ ਰਿਹਾ ਸੀ ਅਤੇ ਕਮਿਸ਼ਨਰ ਦੀ ਚਿੱਠੀ, ਜਿਸ ਵਿੱਚ ਹਦਾਇਤ ਦਿੱਤੀ ਗਈ ਸੀ ਕਿ ਬਾਗ਼ੀਆਂ ਦੀ ਸੁਣਵਾਈ ਲਈ ਰਸਮੀ ਕਾਰਜ-ਵਿਧੀ ਨੂੰ ਹੀ ਅਪਣਾਇਆ ਜਾਵੇ, ਸ੍ਰੀ ਕਾਵਨ ਤੱਕ ਤਦ ਪੁੱਜੀ ਜਦੋਂ ਮੌਤ ਦੀ ਸਜ਼ਾ ਦਿੱਤੀ ਜਾ ਚੁੱਕੀ ਸੀ।

4. ਉਂਝ ਡਿਪਟੀ ਕਮਿਸ਼ਨਰ ਦੀ ਸਥਿਤੀ ਕੁਝ ਖ਼ਾਸ ਸੀ। ਉਹ ਅਧਿਕਾਰੀ ਤੋਂ ਕੁਝ ਦੂਰੀ 'ਤੇ ਇੱਕ ਸਥਾਨਕ ਰਿਆਸਤ 'ਚ ਸੀ, ਜਿੱਥੇ ਉਸ ਨੂੰ ਹਦਾਇਤਾਂ ਦੀ ਉਡੀਕ ਕਰਨੀ ਪੈਣੀ ਸੀ ਅਤੇ ਬੇਸ਼ੱਕ ਉਸ ਨੇ ਇਹ ਸਮਝਿਆ ਸੀ ਕਿ ਇਹ ਬਗ਼ਾਵਤ ਇਸ ਕਿਸਮ ਦੀ ਹੈ ਕਿ ਜਿਸ ਲਈ ਇਸ ਤਾਕਤਵਰ ਸੰਪਰਦਾਇ ਨੂੰ ਕਿਤੇ ਵੱਡੇ ਪੱਧਰ 'ਤੇ ਹਮਦਰਦੀ ਤੇ ਸਰਗਰਮ ਸਹਿਯੋਗ ਨਾ ਮਿਲਣ ਲੱਗ ਪਵੇ ਤੇ ਇਹ ਕੋਈ ਭਿਆਨਕ ਰੂਪ ਤੇ ਆਕਾਰ ਨਾ ਅਖ਼ਤਿਆਰ ਕਰ ਜਾਵੇ। ਕਮਿਸ਼ਨਰ ਸ੍ਰੀ ਫ਼ਾਰਸਿਥ ਦਾ ਵਿਚਾਰ ਹੈ ਕਿ ਡਿਪਟੀ ਕਮਿਸ਼ਨਰ ਦੀ ਕਾਰਵਾਈ ਸ਼ਲਾਘਾ ਦੀ ਹੱਕਦਾਰ ਹੈ ਅਤੇ ਉਸੇ ਨੇ ਕੋਟਲਾ 'ਚ 16 ਹੋਰ ਦੋਸ਼ੀਆਂ ਨੂੰ ਰਸਮੀ ਸੁਣਵਾਈ ਤੋਂ

ਬਾਅਦ ਮੌਤ ਦੀ ਸਜ਼ਾ ਦਿੱਤੀ ਹੈ।

5. ਲੈਫ਼ਟੀਨੈਂਟ ਗਵਰਨਰ ਨੂੰ ਇਹ ਪਤਾ ਹੈ ਕਿ ਇਹ ਸਾਰੇ ਵਿਅਕਤੀ ਕਤਲ, ਬਗ਼ਾਵਤ ਤੇ ਮਲੌਦ ਤੇ ਮਲੇਰਕੋਟਲਾ ਨਗਰਾਂ 'ਤੇ ਵਹਿਸ਼ੀਆਨਾ ਹਮਲਿਆਂ ਦੇ ਦੋਸ਼ੀ ਸਨ ਅਤੇ ਉਹ ਆਮ ਕਾਨੂੰਨ ਕਾਰਵਾਈ ਰਾਹੀਂ ਵੀ ਮੌਤ ਦੀ ਸਜ਼ਾ ਦੇ ਹੱਕਦਾਰ ਸਨ। ਉਨ੍ਹਾਂ ਨੂੰ ਇਹ ਵੀ ਜਾਣਕਾਰੀ ਹੈ ਕਿ ਜੇ ਕਿਤੇ ਬਾਗ਼ੀਆਂ ਨੂੰ ਕੋਈ ਆਰਜ਼ੀ ਸਫ਼ਲਤਾ ਵੀ ਮਿਲ ਜਾਂਦੀ, ਤਦ ਕੂਕਿਆਂ ਦੀ ਬਗ਼ਾਵਤ ਹੋਰਨਾਂ ਜ਼ਿਲ੍ਹਿਆਂ ਤੱਕ ਵੀ ਫੈਲ ਸਕਦੀ ਸੀ ਪਰ ਫਿਰ ਵੀ ਉਨ੍ਹਾਂ ਦਾ ਮੰਨਣਾ ਹੈ ਕਿ ਮੌਤ ਦੀ ਸਜ਼ਾ ਦੇਣ ਵਿੱਚ ਬੇਲੋੜੀ ਕਾਹਲ਼ੀ ਕੀਤੀ, ਉਂਝ ਮਿਸਾਲ ਵਜੋਂ ਇੰਨੇ ਵੱਡੇ ਪੱਧਰ 'ਤੇ ਮੌਤ ਦੀਆਂ ਸਜ਼ਾਵਾਂ ਲਈ ਕੋਈ ਨੀਤੀ ਉਲੀਕਣ ਦੀ ਤਾਂ ਕੋਈ ਜ਼ਰੂਰਤ ਨਹੀਂ ਹੈ। ਇਸ ਦੇ ਨਾਲ ਹੀ ਇੱਕ ਅਧਿਕਾਰੀ ਜਦੋਂ ਅਜਿਹੀ ਸਥਿਤੀ 'ਚ ਇਕੱਲਾ ਹੋਵੇ ਤੇ ਉਸ ਨੇ ਆਪਣੀ ਖ਼ੁਦ ਦੀ ਜ਼ਿੰਮੇਵਾਰੀ 'ਤੇ ਕੰਮ ਕਰਨਾ ਹੋਵੇ ਤੇ ਕੁਦਰਤੀ ਤੌਰ 'ਤੇ ਅੱਤਿਆਚਾਰੀ ਅਪਰਾਧਾਂ ਕਾਰਨ ਉਤੇਜਿਤ ਹੋਇਆ ਹੋਵੇ ਅਤੇ ਉਸ ਨੂੰ ਇਹ ਵੀ ਪਤਾ ਨਾ ਲੱਗ ਰਿਹਾ ਹੋਵੇ ਕਿ ਹੋਰਨਾਂ ਥਾਵਾਂ 'ਤੇ ਕੀ ਕੁਝ ਵਾਪਰ ਰਿਹਾ ਹੈ ਤੇ ਇਸ ਕਾਰਣ ਉਹ ਅਜਿਹੀਆਂ ਘਟਨਾਵਾਂ ਦੇ ਅਸਲ ਮਹੱਤਵ ਬਾਰੇ ਨਾ ਸਮਝ ਸਕ ਰਿਹਾ ਹੋਵੇ, ਤਾਂ ਅਜਿਹੇ ਮਾਮਲੇ 'ਚ ਤਾਂ ਹਰ ਹਾਲਤ ਵਿੱਚ ਨਿਆਂਪੂਰਨ ਤਰੀਕੇ ਵਿਚਾਰ ਕਰਨਾ ਹੋਵੇਗਾ; ਅਤੇ ਜੇ ਸ੍ਰੀ ਕਾਵਨ ਨੇ ਕਾਹਲ਼ੀ ਜਾਂ ਹੜਬੜੀ 'ਚ ਕਾਰਵਾਈ ਕਰਨ ਦੀ ਗ਼ਲਤੀ ਕੀਤੀ ਹੈ, ਤਾਂ ਅਜਿਹੀ ਯੋਗਤਾ ਸਾਰੇ ਸਰਕਾਰੀ ਅਧਿਕਾਰੀਆਂ 'ਚ ਨਹੀਂ ਹੁੰਦੀ ਕਿ ਉਹ ਨਾਲੋ-ਨਾਲ ਜੋਸ਼ੀਲੇ ਤੇ ਸੂਝਵਾਨ ਵੀ ਬਣੇ ਰਹਿ ਸਕਣ। ਸ੍ਰੀ ਕਾਵਨ ਨੂੰ ਉਸ ਕਾਰਵਾਈ ਦੀਆਂ ਬੁਨਿਆਦੀ ਗੱਲਾਂ ਪੂਰੀ ਤਰ੍ਹਾਂ ਵਿਸਥਾਰ ਨਾਲ ਦੱਸਣ ਦਾ ਇੱਕ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

6. ਹੁਣ ਮੁਕੰਮਲ ਸ਼ਾਂਤੀ ਬਹਾਲ ਹੋ ਚੁੱਕੀ ਹੈ ਤੇ ਬ੍ਰਿਟਿਸ਼ ਅਧਿਕਾਰ-ਖੇਤਰ ਵਿੱਚ ਵਾਪਰੇ ਅਪਰਾਧਾਂ ਲਈ ਹੋਰ ਕੋਈ ਜ਼ਰੂਰੀ ਸੁਣਵਾਈ ਸਾਧਾਰਣ ਕਾਨੂੰਨੀ ਕਾਰਜ-ਵਿਧੀ ਰਾਹੀਂ ਕੀਤੀ ਜਾ ਸਕਦੀ ਹੈ।

7. ਲੈਫ਼ਟੀਨੈਂਟ ਗਵਰਨਰ ਨੂੰ ਜਾਪਦਾ ਹੈ ਕਿ ਮੌਜੂਦਾ ਬਗ਼ਾਵਤ ਦੇ ਮੱਦੇਨਜ਼ਰ, ਗੜਬੜੀ ਕਰਨ ਵਾਲੇ ਕੂਕਾ ਸੰਪਰਦਾਇ ਦੇ ਮੁਖੀ ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਬੇਹੱਦ ਪ੍ਰਭਾਵਸ਼ਾਲੀ ਲੈਫ਼ਟੀਨੈਂਟਾਂ ਨੂੰ ਇੱਥੋਂ ਬਾਹਰ ਭੇਜਣਾ ਲਾਜ਼ਮੀ ਹੋ ਗਿਆ ਸੀ ਅਤੇ ਮਾਣਯੋਗ ਸਾਹਿਬ ਨੂੰ ਇਹ ਵੀ ਲੱਗਦਾ ਹੈ ਕਿ ਇਨ੍ਹਾਂ ਵਿਸ਼ੇਸ਼ ਜੁਰਮਾਂ ਨਾਲ ਬਾਬਾ (ਗੁਰੂ) ਜੀ ਨੂੰ ਜੋੜਨ ਦੇ ਸਬੂਤ ਵੀ ਛੇਤੀ ਮਿਲ ਹੀ ਜਾਣਗੇ। ਕੂਕਾ ਸੰਪਰਦਾਇ ਨੇ ਖ਼ੁਦ ਨੂੰ ਸਦਾ ਜਨਤਕ ਸ਼ਾਂਤੀ ਭੰਗ ਕਰਨ ਵਾਲਾ ਹੀ ਦਰਸਾਇਆ ਹੈ; ਪਿਛਲੇ ਵਰ੍ਹੇ ਦੌਰਾਨ ਅੰਮ੍ਰਿਤਸਰ, ਰਾਏਕੋਟ ਤੇ ਮੋਰਿੰਡਾ 'ਚ ਵਾਪਰੀਆਂ ਕਈ ਹਿੰਸਕ ਵਾਰਦਾਤਾਂ ਨੇ ਸਮਾਜ ਵਿੱਚ ਚਿੰਤਾ ਪੈਦਾ ਕਰ ਦਿੱਤਾ ਸੀ, ਅਤੇ ਹੁਣ ਖੁੱਲ੍ਹੀ ਬਗ਼ਾਵਤ ਤੇ ਸ਼ਹਿਰਾਂ 'ਤੇ ਹੋਏ ਅਚਾਨਕ ਹਮਲੇ ਜੇ ਕਿਤੇ ਸਫ਼ਲ ਹੋ ਜਾਂਦੇ, ਤਾਂ ਸਰਕਾਰ ਲਈ ਗੰਭੀਰ ਕਿਸਮ ਦੀ ਅਸੁਵਿਧਾ ਖੜ੍ਹੀ ਹੋ ਜਾਣੀ ਸੀ। ਸਰਕਾਰ ਨੂੰ ਇਸ ਗੱਲ ਦੀ ਤਸੱਲੀ ਹੈ ਕਿ ਅਪਰਾਧਾਂ ਦੇ ਅਸਲ ਸਾਜ਼ਿਸ਼-ਘਾੜਿਆਂ ਨੂੰ ਸਜ਼ਾਵਾਂ ਮਿਲ ਗਈਆਂ ਹਨ ਅਤੇ

ਹੁਣ ਇਹ ਭਰੋਸਾ ਹੈ ਕਿ ਇਸ ਕਾਰਵਾਈ ਤੋਂ ਸੰਪਰਦਾਇ ਦੇ ਆਗੂਆਂ ਨੂੰ ਇਹ ਸਬਕ ਮਿਲ ਗਿਆ ਹੋਵੇਗਾ ਕਿ ਉਹ ਆਪਣੇ ਪੈਰੋਕਾਰਾਂ ’ਤੇ ਕਾਨੂੰਨ ਦੀ ਉਲੰਘਣਾ ਕਰਨ ਤੋਂ ਗੁਰੇਜ਼ ਕਰਨ ਲਈ ਜ਼ੋਰ ਪਾਉਣ। ਅਜਿਹਾ ਕੀਤਾ ਨਹੀਂ ਗਿਆ ਹੈ। (ਗੁਰੂ) ਰਾਮ ਸਿੰਘ ਜੀ ਦੇ ਹੀ ਪਿੰਡ ਭੈਣੀ ’ਚ ਜਿਹੜੇ ਕੂਕਿਆਂ ਨੇ ਇਹ ਮੌਜੂਦਾ ਹਮਲੇ ਕੀਤੇ ਸਨ, ਉਹ ਉੱਥੇ ਇਕੱਠੇ ਹੋਏ ਸਨ ਤੇ ਫਿਰ ਉਹ ਆਪਣੀ ਮੁਹਿੰਮ ਨੂੰ ਨਿਕਲੇ ਸਨ ਅਤੇ ਕੀ ਤਦ (ਗੁਰੂ) ਜੀ ਦਾ ਆਪਣੇ ਪੈਰੋਕਾਰਾਂ ’ਤੇ ਕੋਈ ਕੰਟਰੋਲ ਨਹੀਂ ਰਿਹਾ ਸੀ, ਕੀ ਉਹ ਕੂਕਿਆਂ ਦਾ ਸੁਭਾਅ ਅਜ਼ਮਾਉਣ ਦੀ ਕੋਸ਼ਿਸ਼ ਵਜੋਂ ਕੋਈ ਤਜਰਬਾ ਕਰਨਾ ਚਾਹੁੰਦੇ ਸਨ ਕਿ ਜੇ ਇਹ ਕਾਮਯਾਬ ਰਿਹਾ, ਤਾਂ ਫਿਰ ਸੰਪਰਦਾਇ ਖੁੱਲ੍ਹੀ ਬਗ਼ਾਵਤ ਕਰ ਦੇਵੇਗਾ ਅਤੇ ਜਾਂ ਕਿ ਉਹ ਕੇਵਲ ਇਹ ਸਮਝਦੇ ਸਨ ਕਿ ਹਾਲੇ ਸਮਾਂ ਨਹੀਂ ਆਇਆ ਅਤੇ ਸੁਰੱਖਿਅਤ ਢੰਗ ਨਾਲ ਕਦੋਂ ਕਾਰਵਾਈ ਕਰਨੀ ਹੈ, ਉਹ ਹਾਲੇ ਅਨਿਸ਼ਚਿਤ ਹੈ। ਨਿਸ਼ਚਿਤ ਇਹ ਹੈ ਕਿ ਇਹ ਹਮਲੇ ਬਾਬਾ ਰਾਮ ਸਿੰਘ ਜੀ ਵੱਲੋਂ ਸਿਖਾਏ ਗਏ ਸਿਧਾਂਤਾਂ ਦਾ ਹੀ ਤਤਕਾਲੀ ਨਤੀਜਾ ਸਨ ਕਿਉਂਕਿ ਅੰਮ੍ਰਿਤਸਰ, ਰਾਏਕੋਟ ਅਤੇ ਮੋਰਿੰਡਾ ਦੀਆਂ ਵਾਰਦਾਤਾਂ ਵੇਲੇ (ਗੁਰੂ) ਜੀ ਨੂੰ ਸਾਰੀ ਜਾਣਕਾਰੀ ਸੀ ਤੇ ਉਨ੍ਹਾਂ ਇਹ ਗੱਲ ਕਬੂਲ ਵੀ ਕੀਤੀ ਹੈ ਅਤੇ ਅਜਿਹਾ ਵੀ ਕੁਝ ਸਾਹਮਣੇ ਨਹੀਂ ਆਇਆ ਹੈ ਕਿ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਨੇ ਜਿਸ ਆਧਾਰ ’ਤੇ (ਗੁਰੂ) ਰਾਮ ਸਿੰਘ ਜੀ ਨੂੰ ਬਾਹਰ ਭੇਜਣ (ਡੀਪੋਰਟ ਕਰਨ) ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ, ਲੈਫ਼ਟੀਨੈਂਟ ਗਵਰਨਰ ਉਨ੍ਹਾਂ ਪ੍ਰਤੀ ਆਪਣਾ ਵਿਚਾਰ ਬਦਲ ਦੇਣ, ਜਨਤਕ ਸ਼ਾਂਤੀ ਕਾਇਮ ਰੱਖਣ ਲਈ ਅਜਿਹਾ ਕਦਮ ਚੁੱਕਣਾ ਬਹੁਤ ਜ਼ਰੂਰੀ ਹੋ ਗਿਆ ਸੀ। ਅੰਬਾਲਾ ਡਿਵੀਜ਼ਨ ਦੇ ਪਿਛਲੇ ਕਾਰਜਕਾਰੀ ਕਮਿਸ਼ਨਰ ਸ੍ਰੀ ਮੈਕਨੈਬ ਜਾਣ ਤੋਂ ਪਹਿਲਾਂ ਰਿਕਾਰਡ ’ਚ ਆਪਣਾ ਇਹ ਵਿਚਾਰ ਦਰਜ ਕਰ ਕੇ ਗਏ ਸਨ ਕਿ (ਗੁਰੂ) ਰਾਮ ਸਿੰਘ ਜੀ ਨੂੰ ਹਿਰਾਸਤ ’ਚ ਰੱਖਣ ਦੀ ਜ਼ਰੂਰਤ ਹੈ ਅਤੇ ਲੈਫ਼ਟੀਨੈਂਟ ਗਵਰਨਰ ਇਸ ਵਿਸ਼ੇ ’ਤੇ ਅਗਲੇਰੀ ਰਿਪੋਰਟ ਜਾਰੀ ਕਰਨਗੇ।

## 103

11 ਤੋਂ 18 ਜਨਵਰੀ, 1872 ਤੱਕ ਦੀਆਂ ਘਟਨਾਵਾਂ ਦਾ ਖ਼ੁਲਾਸਾ, ਜੋ ਉਪਲਬਧ ਚਿੱਠੀ-ਪੱਤਰੀ ਦੇ ਆਧਾਰ ’ਤੇ ਨਿਆਂਇਕ ਸ਼ਾਖ਼ਾ ਵੱਲੋਂ ਤਿਆਰ ਕੀਤਾ ਗਿਆ ਸੀ - (ਕੰਪਾਈਲਰ)। ਅਸਲ ਰੂਪ ’ਚ ਪੇਸ਼ ਕੀਤਾ ਜਾਂਦਾ ਹੈ।

*(ਜੁਡੀਸ਼ੀਅਲ ਜੂਨ, 1872)*

### ਯਾਦ-ਪੱਤਰ

ਸ੍ਰੀ ਫ਼ਾਰਸਿਥ ਵੱਲੋਂ 18 ਜਨਵਰੀ ਤੇ 20 ਜਨਵਰੀ ਨੂੰ ਪੰਜਾਬ ਸਰਕਾਰ ਦੇ ਸਕੱਤਰ ਨੂੰ ਲਿਖੀਆਂ ਚਿੱਠੀਆਂ।

ਬੀਤੀ 11 ਤੇ 12 ਜਨਵਰੀ ਨੂੰ ਲਾਗਲੇ ਦੇਸ਼, ਮੁੱਖ ਤੌਰ ’ਤੇ ਪਟਿਆਲਾ ਖੇਤਰ ਦੇ ਕੂਕਿਆਂ ਦੀ ਇੱਕ ਟੋਲੀ ਕੂਕਾ ਗੁਰੂ ਬਾਬਾ ਰਾਮ ਸਿੰਘ ਜੀ ਦੇ ਪਿੰਡ ਭੈਣੀ ’ਚ ਪ੍ਰਸਿੱਧ ਤਿਉਹਾਰ ਲੋਹੜੀ ਮਨਾਉਣ ਲਈ ਇਕੱਠੀ ਹੋਈ।

ਸ੍ਰੀ ਫ਼ਾਰਸਿਥ ਦੀ 19 ਜਨਵਰੀ ਨੂੰ ਪੰਜਾਬ ਸਰਕਾਰ ਦੇ ਸਕੱਤਰ ਨੂੰ ਲਿਖੀ ਚਿੱਠੀ।

ਕਿ ਇਹ ਇਕੱਠ ਹੋਣਾ ਸੀ ਤੇ ਇਸ ਬਾਰੇ ਸਥਾਨਕ ਅਧਿਕਾਰੀਆਂ ਨੂੰ ਜਾਣਕਾਰੀ ਸੀ ਤੇ ਉਹ ਇਸ 'ਤੇ ਨਜ਼ਰ ਰੱਖ ਕੇ ਹੀ ਸੰਤੁਸ਼ਟ ਸਨ, ਭਾਵੇਂ ਇਸ ਬਾਰੇ ਕਮਿਸ਼ਨਰ ਵੱਲੋਂ ਪੰਜਾਬ ਸਰਕਾਰ ਦੇ ਸਕੱਤਰ ਨੂੰ ਇੱਕ ਜ਼ੁਬਾਨੀ ਰਿਪੋਰਟ ਕੀਤੀ ਗਈ ਹੈ।

ਸ੍ਰੀ ਫ਼ਾਰਸਿਥ ਦੀ 19 ਜਨਵਰੀ ਨੂੰ ਪੰਜਾਬ ਸਰਕਾਰ ਦੇ ਸਕੱਤਰ ਨੂੰ ਲਿਖੀ ਚਿੱਠੀ (ਪੈਰਾ 3)।

ਇੰਝ ਜਾਪਦਾ ਹੈ ਕਿ ਭੈਣੀ 'ਚ 200 ਵਿਅਕਤੀਆਂ ਦੇ ਇਕੱਠੇ ਹੋਣ ਦਾ ਅਨੁਮਾਨ ਸੀ। ਸ੍ਰੀ ਫ਼ਾਰਸਿਥ ਨੂੰ ਬਾਬਾ ਰਾਮ ਸਿੰਘ ਜੀ ਵੱਲੋਂ ਦਿੱਤੇ ਬਿਆਨ ਅਨੁਸਾਰ ਅਸਲ 'ਚ ਲਗਭਗ 1000 ਜਣੇ ਇਕੱਠੇ ਹੋਏ ਸਨ।

13 ਜਨਵਰੀ ਨੂੰ ਸਵੇਰੇ ਛੇਤੀ ਹੀ ਸਾਹਨੇਵਾਲ ਦੀ ਲਾਗਲੀ ਪੁਲਿਸ ਚੌਕੀ ਦੇ ਪੁਲਿਸ ਅਧਿਕਾਰੀ (ਡਿਪਟੀ ਇੰਸਪੈਕਟਰ) ਨੂੰ ਸੂਚਨਾ ਮਿਲੀ ਕਿ ਇਨ੍ਹਾਂ 'ਚੋਂ ਲਗਭਗ 130 ਵਿਅਕਤੀ ਬਾਕੀਆਂ ਤੋਂ ਵੱਖ ਹੋ ਗਏ ਸਨ ਤੇ ਉਹ ਮਾਯੂਸੀ ਦੇ ਅੰਦਾਜ਼ 'ਚ ਵਿਚਰ ਰਹੇ ਸਨ ਤੇ ਉਨ੍ਹਾਂ ਰਾਏਕੋਟ 'ਚ ਕਸਾਈਆਂ ਦੇ ਕਤਲ ਦੇ ਮਾਮਲੇ 'ਚ ਕੁਝ ਹਫ਼ਤੇ ਪਹਿਲਾਂ ਗਿਆਨ ਸਿੰਘ ਨਾਂਅ ਦੇ ਇੱਕ ਪ੍ਰਭਾਵਸ਼ਾਲੀ ਕੂਕਾ, ਜਿਸ 'ਤੇ ਬਾਬਾ ਰਾਮ ਸਿੰਘ ਜੀ ਬਹੁਤ ਜ਼ਿਆਦਾ ਭਰੋਸਾ ਕਰਦੇ ਹੁੰਦੇ ਸਨ, ਨੂੰ ਦਿੱਤੀ ਗਈ ਫਾਂਸੀ ਦੀ ਸਜ਼ਾ ਦੇ ਬਦਲੇ ਵਿੱਚ ਮਲੇਰਕੋਟਲਾ 'ਤੇ ਹਮਲਾ ਕਰਨ ਦੀ ਇੱਛਾ ਪ੍ਰਗਟਾਈ ਸੀ।

ਸ੍ਰੀ ਫ਼ਾਰਸਿਥ ਦੀ ਮਿਤੀ 30 ਜਨਵਰੀ ਦੀ ਚਿੱਠੀ (ਪੈਰਾ 4)।

ਡਿਪਟੀ ਇੰਸਪੈਕਟਰ ਤੁਰੰਤ ਭੈਣੀ ਪੁੱਜਾ ਤੇ ਰਿਪੋਰਟ ਦਰੁਸਤ ਪਾਈ।

ਸਰਫ਼ਰਾਜ਼ ਖ਼ਾਨ ਦਾ ਬਿਆਨ, ਪੰਜਾਬ ਸਰਕਾਰ ਦੀ ਗ੍ਰਹਿ ਸਕੱਤਰ ਨੂੰ ਲਿਖੀ ਨੱਥੀ ਚਿੱਠੀ ਨੰ. 79ਸੀ, ਮਿਤੀ 14 ਫ਼ਰਵਰੀ।

(ਗੁਰੂ) ਰਾਮ ਸਿੰਘ ਜੀ ਨੇ ਮੰਨਿਆ ਕਿ ਇਹ ਤੱਥ ਸਹੀ ਹਨ, ਉਨ੍ਹਾਂ ਵਿਅਕਤੀਆਂ 'ਤੇ ਕੰਟਰੋਲ ਨਾ ਰੱਖ ਸਕਣ ਦੀ ਅਸਮਰੱਥਾ ਪ੍ਰਗਟਾਈ, ਭਾਵੇਂ ਉਨ੍ਹਾਂ ਨੂੰ ਮਨਾਉਣ ਲਈ (ਗੁਰੂ) ਜੀ ਨੇ ਉਨ੍ਹਾਂ ਨੂੰ ਸੰਬੋਧਨ ਵੀ ਕੀਤਾ ਸੀ।

ਸ੍ਰੀ ਕਾਵਨ ਦੀ ਸ੍ਰੀ ਫ਼ਾਰਸਿਥ ਨੂੰ ਲਿਖੀ ਚਿੱਠੀ, ਮਿਤੀ 15 ਜਨਵਰੀ, ਪੈਰਾ 1 ਅਤੇ 2.

13 ਤਰੀਕ ਨੂੰ ਜਿਹੜੀ ਟੋਲੀ ਨੇ ਆਪਣੇ-ਆਪ ਨੂੰ ਵੱਖ ਕਰ ਲਿਆ ਸੀ ਤੇ ਜੋ ਪਟਿਆਲਾ ਰਿਆਸਤ ਦੇ ਦੋ ਛੋਟੇ ਜ਼ਿਮੀਂਦਾਰਾਂ ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਅਗਵਾਈ ਹੇਠ ਚੱਲ ਰਹੀ ਸੀ, ਦੁਪਹਿਰ 2 ਵਜੇ ਭੈਣੀ ਤੋਂ ਰਵਾਨਾ ਹੋਈ। ਡਿਪਟੀ ਇੰਸਪੈਕਟਰ ਨੇ

ਪੁਲਿਸ ਸਾਰਜੈਂਟ ਨੂੰ ਸਿਰਫ਼ ਇਹੋ ਆਖਿਆ ਸੀ ਕਿ ਉਨ੍ਹਾਂ 'ਤੇ ਬ੍ਰਿਟਿਸ਼ ਅਧਿਕਾਰ-ਖੇਤਰ 'ਚੋਂ ਬਾਹਰ ਹੋਣ ਤੱਕ ਨਜ਼ਰ ਰੱਖਣੀ ਹੈ ਤੇ ਫਿਰ ਸਾਰੇ ਤੱਥਾਂ ਬਾਰੇ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਨੂੰ ਦੇਣ ਲੁਧਿਆਣਾ ਪੁੱਜਣਾ ਹੈ।

ਸ੍ਰੀ ਕਾਵਨ ਨੇ ਤੁਰੰਤ ਇਸ ਘਟਨਾ ਬਾਰੇ ਪਟਿਆਲਾ ਤੇ ਮਲੇਰਕੋਟਲਾ ਰਿਆਸਤਾਂ ਦੇ ਵਕੀਲਾਂ ਨੂੰ ਚੇਤਾਵਨੀ ਦੇ ਦਿੱਤੀ ਸੀ।

ਇਸੇ ਦੌਰਾਨ ਉਹ ਟੋਲੀ 13 ਤਰੀਕ ਨੂੰ ਪਟਿਆਲਾ ਰਿਆਸਤ (ਲੁਧਿਆਣਾ ਜ਼ਿਲ੍ਹੇ 'ਚ – ਕੰਪਾਈਲਰ) 'ਚ ਮਲੌਦ ਤੋਂ ਲਗਭਗ ਤਿੰਨ ਜਾਂ ਚਾਰ ਮੀਲ ਦੂਰ ਪਿੰਡ ਰੱਬੋਂ ਪੁੱਜ ਗਈ।

ਮੁਲਜ਼ਮ ਭਗਵਾਨ ਸਿੰਘ ਦਾ ਬਿਆਨ – ਪੰਜਾਬ ਸਰਕਾਰ ਵੱਲੋਂ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਲਿਖੇ ਪੱਤਰ ਨੰ. 79ਸੀ, ਮਿਤੀ 14 ਜਨਵਰੀ ਨਾਲ ਨੱਥੀ।

ਇੰਝ ਜਾਪਦਾ ਹੈ ਕਿ ਧਨ, ਹਥਿਆਰ ਤੇ ਘੋੜੇ ਹਾਸਲ ਕਰਨ ਵਾਸਤੇ ਪਹਿਲੇ ਹਮਲੇ ਲਈ ਮਲੇਰਕੋਟਲਾ ਨੂੰ ਚੁਣਿਆ ਗਿਆ ਸੀ, ਇਹ ਆਸ ਸੀ ਕਿ ਇਹ ਸਭ ਉੱਥੋਂ ਮਿਲ ਜਾਵੇਗਾ ਕਿਉਂਕਿ ਉਸ ਦੇ ਨਵਾਬ ਦਾ ਹਾਲੇ ਪਿੱਛੇ ਜਿਹੇ ਦਿਹਾਂਤ ਹੋਇਆ ਸੀ ਤੇ ਵਾਰਸ ਨੂੰ ਲੈ ਕੇ ਕੁਝ ਵਿਵਾਦ ਚੱਲ ਰਿਹਾ ਸੀ। ਇਹ ਵੀ ਆਸ ਸੀ ਕਿ ਉੱਥੇ ਪ੍ਰਸ਼ਾਸਨ ਕਮਜ਼ੋਰ ਹੋਵੇਗਾ ਤੇ ਇੰਨੀ ਰਾਖੀ ਵੀ ਨਹੀਂ ਹੋਵੇਗੀ।

ਉਸ ਰਾਤ ਅਤੇ ਅਗਲੇ ਦਿਨ ਉਹ ਟੋਲੀ ਰੱਬੋਂ 'ਚ ਰੁਕੀ ਰਹੀ ਤੇ 14 ਤਰੀਕ ਨੂੰ ਕੁਝ ਦੇਰੀ ਨਾਲ ਬਾਅਦ ਦੁਪਹਿਰ ਮਲੇਰਕੋਟਲਾ ਲਈ ਰਵਾਨਾ ਹੋਈ।

ਸਰਦਾਰ ਬਦਨ ਸਿੰਘ ਦਾ ਬਿਆਨ ਵੇਖੋ, ਜੋ ਸਕੱਤਰ ਵੱਲੋਂ ਭਾਰਤ ਸਰਕਾਰ ਨੂੰ ਲਿਖੇ ਪੱਤਰ ਨੰ. 79 ਸੀ, ਮਿਤੀ 14 ਜਨਵਰੀ ਦੇ ਨਾਲ ਨੱਥੀ ਹੈ।

ਰਾਹ 'ਚ ਕਿਸੇ ਨੇ ਸੁਝਾਅ ਦਿੱਤਾ ਕਿ ਮਲੌਦ 'ਤੇ ਹਮਲਾ ਕੀਤਾ ਜਾਵੇ ਕਿ ਉੱਥੋਂ ਧਨ, ਘੋੜੇ ਤੇ ਹਥਿਆਰ ਮਿਲ ਜਾਣਗੇ ਪਰ ਨਾਲ ਹੀ ਇਸ ਹਮਲੇ ਦਾ ਇੱਕ ਇਹ ਵੀ ਸਪੱਸ਼ਟ ਕਾਰਣ ਦੁਸ਼ਮਣੀ ਵੀ ਸੀ ਕਿਉਂਕਿ ਮਲੌਦ ਦੇ ਸਰਦਾਰ ਤੇ ਪਟਿਆਲਾ ਦੇ ਮਹਾਰਾਜੇ, ਉਸ ਦੇ ਸਬੰਧੀਆਂ ਨੇ ਰਾਏਕੋਟ ਦੇ ਕਾਤਲਾਂ ਨੂੰ ਦੋਸ਼ੀ ਠਹਿਰਾਉਣ 'ਚ ਉਨ੍ਹਾਂ ਦੀ ਮਦਦ ਕੀਤੀ ਸੀ।

ਉਪਰੋਕਤ ਵਾਂਗ ਬਿਆਨ, ਧੌਂਕਲ ਸਿੰਘ ਦੀ ਗਵਾਹੀ ਵੀ – ਉਸੇ ਚਿੱਠੀ ਨਾਲ ਨੱਥੀ।

ਹਨੇਰਾ ਹੁੰਦਿਆਂ ਉਹ ਮਲੌਦ ਅੱਪੜ ਗਏ ਅਤੇ ਧੱਕੇ ਨਾਲ ਕਿਲੇ ਅੰਦਰ ਵੀ ਘੁਸ ਗਏ। ਉਨ੍ਹਾਂ 'ਚੋਂ ਕੁਝ ਨੇ ਸਰਦਾਰ ਦੇ ਪੁੱਤਰ ਸਰਦਾਰ ਬਦਨ ਸਿੰਘ ਨੂੰ ਫੜ

ਲਿਆ ਅਤੇ ਉਨ੍ਹਾਂ 'ਤੇ ਹਮਲਾਵਰਾਂ ਨੇ ਕ੍ਰਿਪਾਨਾਂ, ਗੰਡਾਸੇ ਤੇ ਕੁਹਾੜੀਆਂ ਨਾਲ ਵਾਰ ਕੀਤੇ ਤੇ ਉਨ੍ਹਾਂ ਤੋਂ ਛੁਡਾਉਂਦੇ ਵੇਲੇ ਉਨ੍ਹਾਂ ਦੇ ਕਈ ਥਾਵਾਂ 'ਤੇ ਹਲਕੇ ਜ਼ਖ਼ਮ ਹੋ ਗਏ।

ਉਪਰੋਕਤ ਸਰਦਾਰ ਬਦਨ ਸਿੰਘ ਦੀ ਗਵਾਹੀ।

ਦੂਜੀ ਟੋਲੀ ਦੇ ਲੋਕ ਖ਼ਜ਼ਾਨੇ ਵੱਲ ਵਧੇ, ਜਿੱਥੇ ਉਨ੍ਹਾਂ ਨੂੰ ਕੋਈ ਧਨ ਤੇ ਹਥਿਆਰ ਨਾ ਮਿਲੇ, ਉਨ੍ਹਾਂ ਉੱਥੇ ਬੈਠੇ ਮੁਨਸ਼ੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ।

ਕਿਸ਼ਨਾ ਦੀ ਗਵਾਹੀ, ਉਪਰੋਕਤ ਅਨੁਸਾਰ ਨੱਥੀ।

ਦੇਵਾ ਸਿੰਘ, ਰਾਮ ਸਿੰਘ, ਸੁੰਦਰ ਦੀਆਂ ਗਵਾਹੀਆਂ ਅਤੇ ਮੁਲਜ਼ਮਾਂ ਭਗਵਾਨ ਸਿੰਘ, ਗਿਆਨ ਸਿੰਘ, ਥੰਮਣ ਸਿੰਘ ਅਤੇ ਮਿਹਰ ਸਿੰਘ ਦੇ ਬਿਆਨ, ਇਨ੍ਹਾਂ ਮੁਲਜ਼ਮਾਂ ਬਾਰੇ ਸ੍ਰੀ ਫ਼ਾਰਸਿਥ ਦਾ ਫ਼ੈਸਲਾ ਵੀ।

ਤੀਜੀ ਟੋਲੀ ਅਸਤਬਲ ਵੱਲ ਗਏ, ਜਿੱਥੇ ਉਨ੍ਹਾਂ ਦੋ ਘੋੜੀਆਂ ਲਈਆਂ, ਉੱਥੇ ਘੋੜਿਆਂ ਦੀ ਦੇਖਭਾਲ ਕਰਨ ਵਾਲੇ ਇੰਚਾਰਜ ਨੂੰ ਕਤਲ ਕੀਤਾ। ਜਦੋਂ ਇਹ ਸਭ ਵਾਪਰ ਰਿਹਾ ਸੀ, ਤਦ ਤੱਕ ਲੋਕਾਂ ਨੂੰ ਇਸ ਹਮਲੇ ਦੀ ਜਾਣਕਾਰੀ ਮਿਲ ਚੁੱਕੀ ਸੀ, ਲੋਕ ਉੱਥੇ ਇਕੱਠੇ ਹੋਣ ਲੱਗੇ ਅਤੇ ਉਹ ਉਨ੍ਹਾਂ ਕੂਕਿਆਂ 'ਤੇ ਹਮਲਾ ਕਰਨ ਦੀ ਤਿਆਰੀ ਕਰਨ ਲੱਗੇ, ਜਿਹੜੇ ਕੁਝ ਹਥਿਆਰ ਇਕੱਠੇ ਕਰ ਕੇ ਤੇ ਦੋ ਜਣਿਆਂ ਦਾ ਕਤਲ ਕਰ ਕੇ ਉੱਥੋਂ ਜਾ ਰਹੇ ਸਨ, ਮਲੌਦ ਦੇ ਲੋਕਾਂ ਨੇ ਚਾਰ ਜਣੇ ਫੜ ਲਏ ਸਨ, ਕੁਝ ਲੋਕ ਤੇ ਕਈ ਕੂਕੇ ਵੀ ਇਸ ਹੰਗਾਮੇ ਦੌਰਾਨ ਥੋੜ੍ਹੇ-ਬਹੁਤ ਫੱਟੜ ਹੋ ਗਏ ਸਨ।

ਸ੍ਰੀ ਕਾਵਨ ਦੀ ਸ੍ਰੀ ਫ਼ਾਰਸਿਥ ਨੂੰ ਚਿੱਠੀ, ਨੰ. 15, ਮਿਤੀ 17 ਜਨਵਰੀ।

ਮਲੌਦ ਤੋਂ ਚੱਲ ਕੇ ਕੂਕੇ ਮਲੇਰਕੋਟਲਾ ਵੱਲ ਵਧੇ, ਜਿੱਥੇ ਉਹ 15 ਤਰੀਕ ਦੀ ਸਵੇਰ ਨੂੰ ਸਵੇਰੇ 7 ਵਜੇ ਪੁੱਜੇ। ਅਜਿਹੇ ਹਮਲੇ ਦੇ ਖ਼ਦਸ਼ੇ ਦੀ ਸੂਚਨਾ ਇੱਕ ਦਿਨ ਪਹਿਲਾਂ ਹੀ ਮਲੇਰਕੋਟਲਾ ਪੁੱਜ ਚੁੱਕੀ ਸੀ; ਇਸੇ ਲਈ ਰਾਤ ਸਮੇਂ ਹੀ ਗਸ਼ਤੀ ਟੁਕੜੀਆਂ ਤਾਇਨਾਤ ਕਰ ਦਿੱਤੀਆਂ ਗਈਆਂ ਸਨ ਅਤੇ ਗੇਟਾਂ 'ਤੇ ਗਾਰਡਾਂ ਨੂੰ ਮਜ਼ਬੂਤ ਕਰ ਦਿੱਤਾ ਗਿਆ ਸੀ; ਪਰ ਕੋਈ ਹਮਲਾ ਨਹੀਂ ਹੋਇਆ ਸੀ, ਇਹ ਲੋਕ ਦਿਨ-ਦਿਹਾੜੇ ਆ ਧਮਕੇ ਸਨ।

ਕੂਕਿਆਂ ਨੇ ਜ਼ਬਰਦਸਤ ਹਮਲਾ ਕੀਤਾ ਸੀ ਅਤੇ ਟੁੱਟੀ ਹੋਈ ਕੰਧ ਟੱਪ ਕੇ ਉਹ ਮਹੱਲ ਤੇ ਖ਼ਜ਼ਾਨੇ ਵੱਲ ਵਧੇ। ਇੱਥੇ ਕੁਝ ਹਥਿਆਰ ਆਪਣੇ ਕਬਜ਼ੇ 'ਚ ਲੈਣ ਲਈ ਉਨ੍ਹਾਂ ਕੋਲ ਬਹੁਤ ਘੱਟ ਸਮਾਂ ਸੀ ਅਤੇ ਉਨ੍ਹਾਂ ਇੱਕ ਅਲਮਾਰੀ ਤੋੜੀ, ਜੋ ਰਿਕਾਰਡਾਂ ਨਾਲ ਭਰੀ ਹੋਈ ਸੀ, ਜਦੋਂ ਉਨ੍ਹਾਂ ਦਾ ਸਾਹਮਣਾ ਅਹਿਮਦ ਖ਼ਾਨ ਨਾਲ ਹੋਇਆ, ਜਿਸ ਕੋਲ ਬਹੁਤ ਘੱਟ ਗਿਣਤੀ 'ਚ ਜਵਾਨ ਮੌਜੂਦ ਸਨ, ਪਰ ਉਸ ਨੇ ਕੂਕਿਆਂ 'ਤੇ ਹਮਲਾ

ਬੋਲ ਦਿੱਤਾ ਅਤੇ ਉੱਥੇ ਦੋਵਾਂ ਵਿਚਾਲੇ ਜ਼ਬਰਦਸਤ ਮੁਕਾਬਲਾ ਹੋਇਆ। ਉੱਥੇ ਅਹਿਮਦ ਖ਼ਾਨ ਤੇ ਉਸ ਦੇ 7 ਸਾਥੀਆਂ ਦੀ ਮੌਤ ਹੋ ਗਈ, 15 ਹੋਰ ਜ਼ਖ਼ਮੀ ਹੋ ਗਏ, ਇੰਨੇ 'ਚ ਸ਼ਹਿਰ ਦੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਕੂਕਿਆਂ ਨੇ ਹਾਲੇ ਸਿਰਫ਼ ਦੋ ਘੋੜੇ ਤੇ ਕੁਝ ਤਲਵਾਰਾਂ ਹੀ ਹਾਸਲ ਕੀਤੀਆਂ ਸਨ ਕਿ ਭੀੜ ਇਕੱਠੀ ਹੋਣ ਕਾਰਣ ਉੱਥੋਂ ਮਜਬੂਰਨ ਨਿਕਲਣਾ ਪਿਆ। ਉੱਥੇ ਉਨ੍ਹਾਂ ਦੇ ਸੱਤ ਕੂਕੇ ਸਾਥੀ ਮਾਰੇ ਗਏ ਤੇ ਪੰਜ ਹੋਰਨਾਂ ਨੂੰ ਕੈਦ ਕਰ ਲਿਆ ਗਿਆ ਅਤੇ ਬਾਅਦ 'ਚ ਸਿੱਧ ਹੋਇਆ ਕਿ ਮਲੌਦ ਜਾਂ ਮਲੇਰਕੋਟਲਾ 'ਚ ਜਾਂ ਉੱਥੋਂ ਨਿਕਲਦੇ ਸਮੇਂ ਉਨ੍ਹਾਂ ਦੀ ਟੋਲੀ ਦੇ 29 ਜਣੇ ਫੱਟੜ ਹੋਏ ਸਨ, ਜਿਨ੍ਹਾਂ 'ਚੋਂ ਕਈ ਤਾਂ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਸਨ।

ਉਨ੍ਹਾਂ ਦੀ ਕੁੱਲ ਗਿਣਤੀ ਸ਼ਾਇਦ ਕਦੇ ਵੀ 100 ਤੋਂ ਵੱਧ ਨਹੀਂ ਹੋਵੇਗੀ ਜਾਂ ਵੱਧ ਤੋਂ ਵੱਧ 125 ਕੁ ਹੋਵੇਗੀ ਅਤੇ ਉਨ੍ਹਾਂ 'ਚੋਂ ਇੱਕ-ਤਿਹਾਈ ਜਾਂ ਤਾਂ ਮਾਰੇ ਗਏ ਸਨ, ਗ੍ਰਿਫ਼ਤਾਰ ਕਰ ਲਏ ਗਏ ਸਨ ਜਾਂ ਦੋਵੇਂ ਹਮਲਿਆਂ 'ਚ ਅੰਗਹੀਣ ਹੋ ਗਏ ਸਨ, ਇਨ੍ਹਾਂ ਦੋਵੇਂ ਥਾਵਾਂ 'ਤੇ ਉਹ ਆਪਣੇ ਮੁੱਖ ਮੰਤਵ 'ਚ ਨਾਕਾਮ ਹੀ ਰਹੇ ਸਨ।

ਫਿਰ ਇਹ ਗਿਰੋਹ ਨਿਰਾਸ਼ ਹੋ ਕੇ ਮਲੇਰਕੋਟਲਾ ਤੋਂ ਕਰੀਬ 12 ਮੀਲ ਦੂਰ ਪਟਿਆਲਾ ਦੇ ਪਿੰਡ ਰੜ੍ਹ 'ਚ ਚਲਾ ਗਿਆ। ਰੜ੍ਹ ਪੁੱਜਣ 'ਤੇ ਉਨ੍ਹਾਂ ਨੇ ਉਸ ਪਿੰਡ ਤੋਂ 300 ਕਦਮਾਂ ਦੀ ਦੂਰੀ 'ਤੇ ਇੱਕ ਜੰਗਲ ਦੇ ਟੋਟੇ 'ਚ ਪਨਾਹ ਲਈ, ਪਿੰਡ ਦੇ ਲੋਕ ਉਨ੍ਹਾਂ ਤੋਂ ਡਰ ਕੇ ਆਪਣੀਆਂ ਪਤਨੀਆਂ ਤੇ ਪਰਿਵਾਰਾਂ ਸਮੇਤ ਉੱਥੋਂ ਨੱਸ ਗਏ।

ਲੈਫ਼ਟੀਨੈਂਟ ਕਰਨਲ ਪਰਕਿਨਜ਼ ਦੀ ਸ੍ਰੀ ਕਾਵਨ ਨੂੰ ਚਿੱਠੀ ਮਿਤੀ 28 ਜਨਵਰੀ।

ਰੜ੍ਹ ਤੱਕ ਉਨ੍ਹਾਂ ਦਾ ਪਿੱਛਾ ਕੀਤਾ ਗਿਆ ਸੀ, ਕੋਟਲਾ ਦੇ ਲੋਕਾਂ ਹੱਥੋਂ ਰਾਹ 'ਚ ਕਈ ਜ਼ਖ਼ਮੀ ਵੀ ਹੋ ਗਏ ਸਨ। ਉਂਝ ਇੱਥੇ ਅਜਿਹੀ ਅਫ਼ਵਾਹ ਫੈਲ ਗਈ ਸੀ ਕਿ ਕੂਕੇ ਕੋਟਲਾ 'ਤੇ ਦੋਬਾਰਾ ਹਮਲਾ ਕਰਨ ਜਾ ਰਹੇ ਹਨ, ਇਸੇ ਲਈ ਕੋਟਲਾ ਦੇ ਲੋਕਾਂ ਨੇ ਪਿੱਛਾ ਕਰ ਕੇ ਚੈੱਕ ਕੀਤਾ ਸੀ ਤੇ ਫਿਰ ਉਹ ਪਰਤ ਗਏ। ਸਨ।

ਰਾਮਨਗਰ ਦੇ ਨੰਬਰ ਪੰਜਾਬ ਸਿੰਘ ਦਾ ਬਿਆਨ - ਪੰਜਾਬ ਸਰਕਾਰ ਦੇ ਸਕੱਤਰ ਵੱਲੋਂ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਲਿਖੀ ਚਿੱਠੀ ਨੰ. 70ਸੀ, ਮਿਤੀ 14 ਫ਼ਰਵਰੀ ਦੇ ਨਾਲ ਨੱਥੀ।

ਇਸ ਦੌਰਾਨ ਲਾਗਲੇ ਪਿੰਡ ਰਾਮਨਗਰ ਦਾ ਸਰਪੰਚ ਫ਼ੌਰਨ ਪਟਿਆਲਾ ਦੇ ਸ਼ੇਰਪੁਰ ਕਿਲੇ ਤੱਕ ਗਿਆ ਤੇ ਉੱਥੋਂ ਅਮਰਗੜ੍ਹ ਦੇ ਨਾਇਬ ਨਾਜ਼ਿਮ - ਨਿਆਜ਼ ਅਲੀ ਨੂੰ ਦਖ਼ਲ ਦੇਣ ਲਈ ਕਿਹਾ, ਜੋ ਉਸ ਵੇਲੇ ਸ਼ੇਰਪੁਰ 'ਚ ਸੀ।

ਨਿਆਜ਼ ਅਲੀ ਦਾ ਬਿਆਨ – ਉਪਰੋਕਤ ਅਨੁਸਾਰ ਇਹ ਵੀ ਇੱਕ ਨੱਥੀ ਦਸਤਾਵੇਜ਼।

ਨਿਆਜ਼ ਅਲੀ ਤੁਰੰਤ ਆਪਣੇ ਨਾਲ ਤਿੰਨ ਘੁੜਸਵਾਰਾਂ ਤੇ ਇੱਕ ਮੁਨਸ਼ੀ ਨਾਲ ਰੜ੍ਹ ਪੁੱਜਾ। ਮੌਕੇ 'ਤੇ ਪੁੱਜ ਕੇ ਉਸ ਨੇ ਕੂਕਿਆਂ ਨੂੰ ਆਪਣੇ ਹਥਿਆਰ ਸੁੱਟ ਕੇ ਆਤਮਸਮਰਪਣ ਕਰਨ ਲਈ ਕਿਹਾ। ਨਿਆਜ਼ ਅਲੀ ਦਾ ਕਹਿਣਾ ਹੈ – ''ਸਾਰੇ ਪਿੰਡ ਵਾਸੀ ਉੱਥੋਂ ਨੱਸ ਚੁੱਕੇ ਸਨ। ਮੈਂ ਉਨ੍ਹਾਂ ਤੋਂ ਪੁੱਛਿਆ ਕਿ ਉਹ ਕਿੱਥੋਂ ਆਏ ਹਨ ਤਾਂ ਉਨ੍ਹਾਂ ਕਿਹਾ ਕਿ ਉਹ ਮਲੌਦ ਤੇ ਕੋਟਲਾ 'ਤੇ ਹਮਲਾ ਕਰ ਕੇ ਆਏ ਸਨ। ਮੈਂ ਉਨ੍ਹਾਂ ਨੂੰ ਹਥਿਆਰ ਸੁੱਟਣ ਲਈ ਕਿਹਾ, ਕੁਝ ਸਹਿਮਤ ਹੋ ਗਏ, ਕੁਝ ਆਪਸ 'ਚ ਬਹਿਸਣ ਲੱਗ ਪਏ। ਆਖ਼ਰ ਉਨ੍ਹਾਂ ਨੇ 16 ਕ੍ਰਿਪਾਨਾਂ, ਇੱਕ ਬਰਛਾ ਤੇ ਅਨੇਕ ਗੰਡਾਸੇ (ਕੁਹਾੜੇ) ਅਤੇ ਡਾਂਗਾਂ ਸੁੱਟ ਦਿੱਤੀਆਂ। ਮੈਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਨ੍ਹਾਂ ਨੂੰ ਸ਼ੇਰਪੁਰ ਲਿਆਇਆ। ਮੈਂ ਉਨ੍ਹਾਂ ਨੂੰ ਕਿਹਾ ਕਿ ਵਿਰੋਧ ਕਰਨ ਦਾ ਕੋਈ ਲਾਭ ਨਹੀਂ ਹੋਵੇਗਾ, ਭਾਵੇਂ ਕਿ ਉਹ ਮੈਨੂੰ ਕਾਬੂ ਕਰ ਸਕਦੇ ਸਨ ਪਰ ਮਹਾਰਾਜਾ ਨੇ ਤਦ ਇੱਕ ਵੀ ਬੰਦਾ ਜਿਊਂਦਾ ਨਹੀਂ ਸੀ ਛੱਡਣਾ। ਹਥਿਆਰ ਲੈਣ ਤੋਂ ਬਾਅਦ ਮੈਂ ਅਨੇ ਕ ਵਿਅਕਤੀਆਂ ਨੂੰ ਨਾਲ ਲਿਆ ਤੇ ਉਨ੍ਹਾਂ ਸਮੇਤ ਕੂਕਿਆਂ ਨੂੰ ਲੈ ਕੇ ਰੜ੍ਹ ਤੋਂ ਚਾਰ ਕੋਹ ਦੂਰ ਸ਼ੇਰਪੁਰ ਲੈ ਕੇ ਗਿਆ।''

ਸ੍ਰੀ ਕਾਵਨ ਦੀ ਸ੍ਰੀ ਫ਼ਾਰਸਿਥ ਨੂੰ ਚਿੱਠੀ, ਮਿਤੀ 17 ਫ਼ਰਵਰੀ, ਪੈਰਾ 4.

ਸ੍ਰੀ ਕਾਵਨ ਦੀ ਸ੍ਰੀ ਫ਼ਾਰਸਿਥ ਨੂੰ ਚਿੱਠੀ, ਨੰ. 16, ਮਿਤੀ 17 ਜਨਵਰੀ।

ਸ੍ਰੀ ਕਾਵਨ ਨਿਆਜ਼ ਅਲੀ ਦੇ ਬਿਆਨ ਦੀ ਦਰੁਸਤਗੀ ਨੂੰ ਪਰਖਦੇ ਹਨ ਤੇ ਐਲਾਨ ਕਰਦੇ ਹਨ ਕਿ ਉਸ ਨਾਲ ਹੋਰ ਘੁੜਸਵਾਰ ਤੇ ਰੜ੍ਹ ਪਿੰਡ ਦੇ ਉਹ ਜੱਟ ਨਿਵਾਸੀ ਵੀ ਸਨ, ਜਿਹੜੇ ਪਹਿਲਾਂ ਨੱਸ ਗਏ ਸਨ। ਕੁੱਲ 66 ਮਰਦਾਂ ਤੇ ਦੋ ਔਰਤਾਂ ਨੇ ਆਤਮਸਮਰਪਣ ਕੀਤਾ ਸੀ। ਉਨ੍ਹਾਂ 'ਚੋਂ 22 ਜਣੇ ਜ਼ਖ਼ਮੀ ਹੋਏ ਸਨ, ਜਿਨ੍ਹਾਂ 'ਚੋਂ ਬਹੁਤਿਆਂ ਦੇ ਮਾਮੂਲੀ ਸੱਟਾਂ ਲੱਗੀਆਂ ਸਨ।

ਸ੍ਰੀ ਫ਼ਾਰਸਿਥ ਦੀ ਪੰਜਾਬ ਸਰਕਾਰ ਦੇ ਸਕੱਤਰ ਨੂੰ ਚਿੱਠੀ ਮਿਤੀ 19 ਜਨਵਰੀ, ਪੈਰਾ 5.

ਨਿਆਜ਼ ਅਲੀ ਸਾਹਮਣੇ ਇਸ ਆਤਮਸਮਰਪਣ ਨਾਲ ਕੂਕਿਆਂ ਦਾ ਹਮਲਾ ਖ਼ਤਮ ਹੋਇਆ ਕਿਹਾ ਜਾ ਸਕਦਾ ਹੈ।

ਸ੍ਰੀ ਕਾਵਨ ਦੀ ਚਿੱਠੀ ਮਿਤੀ 17 ਫ਼ਰਵਰੀ, ਜੋ ਲੈਫ਼ਟੀਨੈਂਟ ਗਵਰਨਰ ਦੀ ਚਿੱਠੀ ਨੰ. 648, ਮਿਤੀ 28 ਫ਼ਰਵਰੀ 'ਚ ਨੱਥੀ ਸੀ।

ਅਜਿਹੀ ਸੰਭਾਵਨਾ ਸੱਚਮੁਚ ਜਾਪਦੀ ਹੈ ਕਿ ਇਹ ਅਫ਼ਵਾਹ ਫੈਲੀ ਹੋਈ ਹੈ ਕਿ ਕੂਕਾ ਸੰਪਰਦਾਇ ਦੇ ਹੋਰ ਲੋਕ ਵੀ ਆ ਕੇ ਇਨ੍ਹਾਂ ਹਮਲਾਵਰਾਂ ਦਾ ਸਾਥ ਦੇ ਸਕਦੇ ਹਨ। ਸ੍ਰੀ ਫ਼ਾਰਸਿਥ ਗਵਾਹੀ ਦਿੰਦੇ ਹਨ ਕਿ ਉਨ੍ਹਾਂ 16 ਤਰੀਕ ਨੂੰ ਲੁਧਿਆਣਾ ਜਾਂਦੇ ਸਮੇਂ ਤਿੰਨ ਰੇਲਵੇ ਸਟੇਸ਼ਨਾਂ 'ਤੇ ਕੂਕਿਆਂ ਨੂੰ ਵੇਖਿਆ ਹੈ। ਕਈ

14 ਤੋਂ 30 ਤੱਕ ਬਿਆਨ ਵੇਖੋ, ਜੋ ਸਕੱਤਰ, ਪੰਜਾਬ ਸਰਕਾਰ ਵੱਲੋਂ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਲਿਖੀ ਚਿੱਠੀ ਨੰ. 59ਸੀ ਮਿਤੀ 2 ਫ਼ਰਵਰੀ ਨਾਲ ਨੱਥੀ ਸਨ।

ਵਿਅਕਤੀਆਂ ਨੇ ਵੀ ਇਹ ਗਵਾਹੀ ਦਿੱਤੀ ਹੈ ਕਿ ਉਨ੍ਹਾਂ ਨੇ ਸ਼ਾਮ ਸਮੇਂ ਮਲੇਰਕੋਟਲਾ ਲਾਗਲੇ ਇੱਕ ਪਿੰਡ ਵਿੱਚ ਕੂਕਿਆਂ ਦੀਆਂ ਨਿੱਕੀਆਂ ਟੋਲੀਆਂ ਨੂੰ ਲੁਕਿਆਂ ਵੇਖਿਆ ਹੈ। ਹੋ ਸਕਦਾ ਹੈ ਕਿ ਉਹ ਹਮਲਾਵਰ ਟੋਲੀ ’ਚੋਂ ਨੱਸੇ ਹੋਣ।

ਮਲੇਰਕੋਟਲਾ ਦੇ ਨਾਜ਼ਿਮ ਦੀ ਪਟੀਸ਼ਨ, ਮਿਤੀ 6 ਫ਼ਰਵਰੀ – ਪੰਜਾਬ ਸਰਕਾਰ ਦੀ ਸਰਕਾਰੀ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਚਿੱਠੀ ਨੰ. 65ਸੀ ਮਿਤੀ 10 ਫ਼ਰਵਰੀ ਨਾਲ ਨੱਥੀ।

ਸ੍ਰੀ ਕਾਵਨ ਦਾ 29 ਜਨਵਰੀ ਦਾ ਮੈਮੋਰੈਂਡਮ – ਪੰਜਾਬ ਸਰਕਾਰ ਦੇ ਪੱਤਰ ਨੰ. 59ਸੀ ਮਿਤੀ 7 ਫ਼ਰਵਰੀ ਨਾਲ ਨੱਥੀ।

ਬਿਆਨ ਨੰ. 12, ਉਪਰੋਕਤ ਵਰਣਿਤ ਚਿੱਠੀ ਨਾਲ ਨੱਥੀ।

ਇੱਕ ਗਵਾਹ ਨੇ ਇਹ ਵੀ ਕਿਹਾ ਕਿ ਉਸ ਨੇ 18 ਤਰੀਕ ਨੂੰ ਸੁਣਿਆ ਸੀ ਕਿ ਕੂਕੇ 18 ਤਰੀਕ ਨੂੰ ਨੇੜੇ-ਤੇੜੇ ਇਕੱਠੇ ਹੋ ਰਹੇ ਸਨ ਪਰ ਅਜਿਹਾ ਕੋਈ ਸਿੱਧਾ ਗਵਾਹ ਨਹੀਂ ਮਿਲਿਆ, ਜਿਸ ਨੇ ਮਲੇਰਕੋਟਲਾ ਨੇੜੇ ਕਿਸੇ ਕੂਕੇ ਨੂੰ 16 ਤਰੀਕ ਤੋਂ ਬਾਅਦ ਵੇਖਿਆ ਹੋਵੇ, ਕਿਸੇ ਭਗੌੜੇ ਨੂੰ ਵੀ ਨਹੀਂ।

ਸ੍ਰੀ ਕਾਵਨ ਦੀ ਸ੍ਰੀ ਫ਼ਾਰਸਿਥ ਨੂੰ ਚਿੱਠੀ, ਨੰ. 26, ਮਿਤੀ 26 ਜਨਵਰੀ, ਪੈਰਾ 6.

ਆਮ ਤੌਰ ’ਤੇ ਇਹ ਮੰਨਿਆ ਜਾਂਦਾ ਸੀ ਕਿ ਬਾਬਾ ਰਾਮ ਸਿੰਘ ਜੀ ਦੇ ਇੱਕ ਜਾਂ ਦੋ ਸੂਬੇ, ਜੋ ਇਸ ਟੋਲੀ ਦੇ ਰੱਬੋਂ ਵੱਲ ਰਵਾਨਾ ਹੁੰਦਿਆਂ ਹੀ ਭੈਣੀ ਤੋਂ ਚਲੇ ਗਏ ਸਨ, ਉਨ੍ਹਾਂ ਅਜਿਹਾ ਇਸ ਲਈ ਕੀਤਾ ਸੀ ਕਿਉਂਕਿ ਉਨ੍ਹਾਂ ਦੀ ਮਨਸ਼ਾ ਸੀ ਕਿ ਜੇ ਇਹ ਮੁਹਿੰਮ ਸਫ਼ਲ ਰਹੀ, ਤਾਂ ਉਹ ਆਪਣੇ ਪੈਰੋਕਾਰਾਂ ਨੂੰ ਤਿਆਰ ਰੱਖਣਗੇ ਪਰ ਇਸ ਦਾ ਕੋਈ ਵੀ ਪੱਕਾ ਗਵਾਹ ਨਹੀਂ ਹੈ, ਸਿਰਫ਼ ਉਸ ਇੱਕ ਵਿਅਕਤੀ ਨੂੰ ਛੱਡ ਕੇ, ਜਿਸ ਨੂੰ ਮਲੌਦ ’ਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਜਦੋਂ ਇਹ ਹਮਲਾ ਹੋਇਆ, ਤਦ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਲੁਧਿਆਣਾ ਸਥਿਤ ਆਪਣੇ ਮੁੱਖ ਦਫ਼ਤਰ ’ਚ ਹੀ ਸਨ, ਕਮਿਸ਼ਨਰ ਸ੍ਰੀ ਫ਼ਾਰਸਿਥ ਦਿੱਲੀ ’ਚ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨਾਲ ਇੱਕ ਕੈਂਪ ’ਚ ਸਨ। ਜਿਵੇਂ ਕਿ ਵੇਖਿਆ ਗਿਆ ਹੈ ਕਿ ਇਸ ਬਾਰੇ ਸਭ ਤੋਂ ਪਹਿਲਾਂ ਖ਼ਬਰ 13 ਤਰੀਕ ਦੀ ਰਾਤ ਨੂੰ ਸ੍ਰੀ ਕਾਵਨ ਕੋਲ ਡਿਪਟੀ ਇੰਸਪੈਕਟਰ ਸਰਫ਼ਰਾਜ਼ ਅਲੀ ਰਾਹੀਂ ਪੁੱਜੀ ਸੀ, ਜੋ ਭੈਣੀ ਤੋਂ ਇਹ ਰਿਪੋਰਟ ਲੈ ਕੇ ਆਇਆ ਸੀ ਕਿ ਕੂਕਿਆਂ ਦੀ ਟੋਲੀ ਕੋਈ ਬਗ਼ਾਵਤੀ ਕਾਰਵਾਈ ਕਰਨ ਦਾ ਸੰਕਲਪ ਲੈ ਕੇ ਰਵਾਨਾ ਹੋਈ ਹੈ। ਸ੍ਰੀ ਕਾਵਨ ਨੇ ਇੰਸਪੈਕਟਰ ’ਤੇ ਦੋਸ਼ ਲਾਇਆ ਕਿ

ਸ੍ਰੀ ਕਾਵਨ ਦੀ ਕਮਿਸ਼ਨਰ ਨੂੰ ਚਿੱਠੀ ਨੰ. 14, ਮਿਤੀ 15 ਜਨਵਰੀ।
ਸ੍ਰੀ ਕਾਵਨ ਦੀ ਪੰਜਾਬ ਸਰਕਾਰ ਦੇ ਸਕੱਤਰ ਨੂੰ ਤਾਰ, ਮਿਤੀ 15 ਜਨਵਰੀ।
ਕਰਨਲ ਪਰਕਿਨ ਦੀ 5 ਫ਼ਰਵਰੀ ਦੀ ਰਿਪੋਰਟ।

ਉਹ ਬ੍ਰਿਟਿਸ਼ ਅਧਿਕਾਰ-ਖੇਤਰ ਦੀ ਸੀਮਾ ਤੋਂ ਪਾਰ ਉਨ੍ਹਾਂ ਦੇ ਪਿੱਛੇ ਕਿਉਂ ਨਹੀਂ ਗਿਆ। ਉਂਝ ਅਜਿਹਾ ਨਹੀਂ ਜਾਪਦਾ ਕਿ ਡਿਪਟੀ ਕਮਿਸ਼ਨਰ ਨੇ 14 ਜਨਵਰੀ ਨੂੰ ਕੋਈ ਕਾਰਵਾਈ ਕੀਤੀ ਸੀ। ਸਪੱਸ਼ਟ ਤੌਰ 'ਤੇ 15 ਤਰੀਕ ਨੂੰ ਕਿਸੇ ਵੇਲੇ ਸ੍ਰੀ ਕਾਵਨ ਨੂੰ ਮਲੌਦ 'ਚ ਵਾਪਰੀ ਘਟਨਾ ਦੀ ਜਾਣਕਾਰੀ ਮਿਲੀ। ਉਨ੍ਹਾਂ ਸਿੱਧੀ ਪੰਜਾਬ ਸਰਕਾਰ ਨੂੰ ਟੈਲੀਗ੍ਰਾਮ ਕਰ ਕੇ ਤੁਰੰਤ ਮੌਕੇ 'ਤੇ ਪੁੱਜਣ ਦੀ ਇੱਛਾ ਪ੍ਰਗਟਾਈ। ਸ੍ਰੀ ਕਾਵਨ 14 ਤਰੀਕ ਨੂੰ ਬਾਅਦ ਦੁਪਹਿਰ ਮਲੌਦ ਪੁੱਜ ਗਏ ਸਨ, ਰਾਹ 'ਚ ਉਨ੍ਹਾਂ ਨੂੰ ਮਲੇਰਕੋਟਲਾ 'ਤੇ ਹੋਏ ਹਮਲੇ ਦੀ ਵੀ ਜਾਣਕਾਰੀ ਮਿਲੀ ਸੀ।

ਸ੍ਰੀ ਕਾਵਨ ਦੀ ਚਿੱਠੀ ਨੰ. 15 ਮਿਤੀ 17 ਜਨਵਰੀ ਦਾ ਪੈਰਾ 8.
ਲੈਫ਼ਟੀਨੈਂਟ ਗਵਰਨਰ ਦੀ ਵਾਇਸਰਾਏ ਨੂੰ ਤਾਰ, ਮਿਤੀ 16 ਜਨਵਰੀ, 11:50 ਵਜੇ ਸਵੇਰ।
ਸ੍ਰੀ ਕਾਵਨ ਦੀ ਸ੍ਰੀ ਫ਼ਾਰਸਿਥ ਨੂੰ ਚਿੱਠੀ, ਨੰ. 15, ਮਿਤੀ 17 ਜਨਵਰੀ, ਪੈਰਾ 2.

ਸ੍ਰੀ ਕਾਵਨ ਨੇ ਜਲੰਧਰ ਅਤੇ ਲੈਫ਼ਟੀਨੈਂਟ ਗਵਰਨਰ ਦੋਵਾਂ ਨੂੰ ਫ਼ੌਜੀ ਦਸਤੇ ਭੇਜਣ ਲਈ ਟੈਲੀਗ੍ਰਾਮ ਕੀਤੀ ਅਤੇ ਨਾਭਾ ਦੇ ਨਵਾਬ ਨੂੰ ਅਤੇ (ਤਦ ਜਾਂ ਕੁਝ ਸਮੇਂ ਬਾਅਦ) ਜੀਂਦ ਦੇ ਰਾਜੇ ਤੇ ਪਟਿਆਲਾ ਦੇ ਮਹਾਰਾਜੇ ਨੂੰ ਵੀ ਸਹਾਇਤਾ ਭੇਜਣ ਲਈ ਕਿਹਾ। 15 ਦੀ ਸ਼ਾਮ ਨੂੰ ਅਤੇ 16 ਤੜਕੇ ਸ੍ਰੀ ਕਾਵਨ ਮਲੌਦ 'ਚ ਫੜੇ ਕੈਦੀਆਂ ਦੀਆਂ ਗਵਾਹੀਆਂ ਲੈਣ ਲੱਗਦੇ ਹਨ। ਉਨ੍ਹਾਂ ਸਾਹਮਣੇ ਸੱਤ ਜਣਿਆਂ ਨੂੰ ਲਿਆਂਦਾ ਗਿਆ ਸੀ ਪਰ ਉਨ੍ਹਾਂ ਸਿਰਫ਼ ਚਾਰ ਜਣਿਆਂ ਵਿਰੁੱਧ ਹੀ ਕੇਸ ਚਲਾਉਣ ਦੀ ਸੋਚੀ, ਜਿਨ੍ਹਾਂ ਨੂੰ ਕੈਦੀ ਬਣਾ ਕੇ ਫ਼ੈਸਲਾ ਕਰਨਾ ਸੀ।

ਕਰਨਲ ਪਰਕਿਨ ਦੀ ਰਿਪੋਰਟ ਮਿਤੀ 6 ਫ਼ਰਵਰੀ।

ਸ੍ਰੀ ਕਾਵਨ ਨੇ ਬਾਬਾ ਰਾਮ ਸਿੰਘ ਜੀ ਨੂੰ ਮਲੌਦ 'ਚ ਮਿਲਣ ਲਈ ਸੱਦਿਆ ਤੇ ਬਾਬਾ ਜੀ ਨੇ ਉਹ ਹੁਕਮ ਮੰਨਿਆ ਪਰ ਡਿਪਟੀ ਕਮਿਸ਼ਨਰ ਨੂੰ ਤਦ ਕੋਟਲਾ ਦੀ ਫ਼ਿਕਰ ਸੀ, ਇਸੇ ਲਈ ਉਨ੍ਹਾਂ ਨੂੰ ਆਖਿਆ ਕਿ ਜੇ ਲੋੜ ਪਈ, ਤਾਂ ਉਨ੍ਹਾਂ ਨੂੰ ਲੁਧਿਆਣਾ ਸੱਦ ਲਿਆ ਜਾਵੇਗਾ।
16 ਤਰੀਕ ਨੂੰ ਸ੍ਰੀ ਕਾਵਨ ਨੇ ਪੰਜਾਬ ਸਰਕਾਰ ਨੂੰ ਤਾਰ ਭੇਜ ਕੇ ਜਾਂਚ ਤੋਂ ਬਾਅਦ ਦੋਸ਼ੀ ਪਾਏ ਗਏ ਚਾਰ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਇਜਾਜ਼ਤ ਮੰਗੀ, ਜਿਨ੍ਹਾਂ ਬਾਰੇ ਉਨ੍ਹਾਂ ਨੂੰ ਕੋਈ ਸ਼ੱਕ ਨਹੀਂ ਸੀ।

ਕਰਨਲ ਪਰਕਿਨ ਦੀ ਡਾਇਰੀ ਮਿਤੀ 17 ਜਨਵਰੀ - ਪੰਜਾਬ ਤੋਂ ਭਾਰਤ ਸਰਕਾਰ ਦੇ ਗ੍ਰਿਹ ਵਿਭਾਗ ਨੂੰ ਚਿੱਠੀ ਨੰ. 23ਸੀ, ਮਿਤੀ 19

ਉਸ ਤੋਂ ਬਾਅਦ ਉਹ ਮਲੇਰਕੋਟਲਾ ਲਈ ਰਵਾਨਾ ਹੋਏ। ਰਾਹ 'ਚ ਸ੍ਰੀ ਕਾਵਨ ਨੂੰ ਖ਼ੁਫ਼ੀਆ ਜਾਣਕਾਰੀ ਮਿਲੀ ਕਿ ਬਹੁਤ ਸਾਰੇ ਕੂਕਿਆਂ ਨੇ ਰੜ੍ਹ 'ਚ ਆਤਮਸਮਰਪਣ ਕਰ ਦਿੱਤਾ ਹੈ ਅਤੇ ਉਨ੍ਹਾਂ ਪੰਜਾਬ

ਜਨਵਰੀ।

ਸਰਕਾਰ ਨੂੰ ਤਾਰ ਭੇਜੀ ਕਿ ਜਿਵੇਂ ਉਨ੍ਹਾਂ ਪਹਿਲਾਂ ਬੇਨਤੀ ਕੀਤੀ ਸੀ, ਹੁਣ ਹੋਰ ਸੁਰੱਖਿਆ ਬਲ ਭੇਜਣ ਦੀ ਜ਼ਰੂਰਤ ਨਹੀਂ ਹੈ। ਜਦੋਂ ਉਹ ਮਲੇਰਕੋਟਲਾ ਨੇੜੇ ਪੁੱਜੇ, ਤਾਂ ਉਨ੍ਹਾਂ ਨੂੰ ਜੀਂਦ ਤੇ ਨਾਭਾ ਦੇ ਰਾਜਿਆਂ ਵੱਲੋਂ ਭੇਜੇ ਫ਼ੌਜੀ ਦਸਤੇ ਮਿਲੇ; ਪਟਿਆਲਾ ਦੇ ਮਹਾਰਾਜੇ ਨੇ ਵੀ ਇੱਕ ਫ਼ੌਜੀ ਟੁਕੜੀ ਭੇਜੀ ਸੀ। ਇਹ ਵਰਨਣ ਕਿਤੇ ਵੀ ਨਹੀਂ ਹੈ ਕਿ ਇਨ੍ਹਾਂ ਫ਼ੌਜੀ ਟੁਕੜੀਆਂ ਦਾ ਆਕਾਰ ਕਿੰਨਾ ਸੀ; ਪਰ ਸ੍ਰੀ ਕਾਵਨ ਦੀ 17 ਤਰੀਕ ਵਾਲੀ ਪਹਿਲੀ ਚਿੱਠੀ ਅਨੁਸਾਰ ਉਨ੍ਹਾਂ 'ਚ ਤੋਪਖਾਨਾ, ਘੁੜਸਵਾਰ ਜਵਾਨ, ਪੈਦਲ ਸੈਨਾ ਸ਼ਾਮਲ ਸਨ ਤੇ ਉਨ੍ਹਾਂ ਦੀ ਕੁੱਲ ਗਿਣਤੀ ਮਲੇਰਕੋਟਲਾ ਦੇ ਫ਼ੌਜੀ ਦਸਤਿਆਂ ਨੂੰ ਜੋੜ ਕੇ ਜ਼ਰੂਰ ਹੀ ਵਰਨਣਯੋਗ ਹੋਵੇਗੀ।
(ਗਿਣਤੀ 750 – ਕੰਪਾਈਲਰ)।
ਨੌਂ ਤੋਪਾਂ ਸ੍ਰੀ ਕਾਵਨ ਦੇ ਵਰਤਣ ਲਈ ਦਿੱਤੀਆਂ ਗਈਆਂ ਹਨ, ਇੱਕ ਵਾਰੀ 'ਚ ਘੱਟੋ-ਘੱਟ ਸੱਤ ਵਿਅਕਤੀ ਤੋਪਾਂ ਨਾਲ ਉਡਾਏ ਜਾ ਸਕਣਗੇ।

ਕਰਨਲ ਪਰਕਿਨ ਦੀ ਡਾਇਰੀ, ਉਪਰੋਕਤ ਵਾਂਗ।

ਸ੍ਰੀ ਕਾਵਨ ਅਮਰਗੜ੍ਹ ਦੇ ਨਾਇਬ ਨਿਜ਼ਾਮ ਨੂੰ ਵੀ ਮਿਲੇ ਅਤੇ ਉਸ ਤੋਂ ਰੜ੍ਹ 'ਚ 68 ਕੂਕਿਆਂ ਨੂੰ ਫੜੇ ਜਾਣ ਅਤੇ ਰਾਤ ਸਮੇਂ ਉਨ੍ਹਾਂ ਨੂੰ ਮਲੇਰਕੋਟਲਾ ਤੋਂ ਲਗਭਗ 18 ਜਾਂ 19 ਮੀਲ ਦੂਰ ਸ਼ੇਰਪੁਰ ਦੇ ਪਟਿਆਲਾ ਕਿਲੇ 'ਚ ਹਿਰਾਸਤ 'ਚ ਰੱਖੇ ਜਾਣ ਦੇ ਵੇਰਵੇ ਲਏ। ਸ੍ਰੀ ਕਾਵਨ ਨੇ ਨਾਇਬ ਨਾਜ਼ਿਮ ਨੂੰ ਕਿਹਾ ਕਿ ਉਹ ਆਪਣੇ ਕੈਦੀਆਂ ਨੂੰ ਤੁਰੰਤ ਸ਼ੇਰਪੁਰ ਤੋਂ ਮਲੇਰਕੋਟਲਾ ਲੈ ਕੇ ਆਵੇ।
ਮਲੇਰਕੋਟਲਾ ਪੁੱਜਣ 'ਤੇ ਤੇ ਕੁਝ ਪੁੱਛਗਿੱਛ ਕਰਨ ਤੋਂ ਬਾਅਦ ਸ੍ਰੀ ਕਾਵਨ ਨੂੰ ਸ੍ਰੀ ਫ਼ਾਰਸਿਥ ਦੀ ਇੱਕ ਤਾਰ ਤੋਂ ਪਤਾ ਲੱਗਾ ਕਿ ਸ੍ਰੀ ਫ਼ਾਰਸਿਥ ਜਾਂ ਤਾਂ ਲੁਧਿਆਣਾ 'ਚ ਹਨ ਤੇ ਜਾਂ ਰਾਹ 'ਚ ਹਨ ਪਰ ਇਹ ਤਾਰ 15 ਤਰੀਕ ਦੇ ਰਿਕਾਰਡ ਵਿੱਚ ਨਹੀਂ ਹੈ ਤੇ ਉਨ੍ਹਾਂ ਨੇ ਜਵਾਬ ਵਿੱਚ ਇਹ ਲਿਖਿਆ:
ਕੈਂਪ ਕੋਟਲਾ, ਜਨਵਰੀ 16 ਸ਼ਾਮੀਂ 7:30 ਵਜੇ।
ਕੱਲ੍ਹ ਦੀ ਤਰੀਕ ਵਾਲੀ ਤੁਹਾਡੀ ਤਾਰ ਦੇ ਜਵਾਬ ਵਿੱਚ, ਜਿਸ ਵਿੱਚ ਮੈਨੂੰ ਦੱਸਿਆ ਗਿਆ ਸੀ ਕਿ ਤੁਸੀਂ ਇਸ ਸ਼ਾਮ ਨੂੰ ਲੁਧਿਆਣਾ 'ਚ ਹੋਵੋਂਗੇ ਅਤੇ ਮੈਨੂੰ ਹਦਾਇਤ ਕੀਤੀ ਗਈ ਸੀ ਕਿ ਤੁਹਾਨੂੰ ਉੱਥੇ ਮਿਲਣ ਦੀ ਰਿਪੋਰਟ ਭੇਜਾਂ; ਇਹ ਤਾਰ ਮੈਨੂੰ ਹੁਣੇ ਮਿਲੀ ਹੈ, ਮੈਂ ਤੁਹਾਨੂੰ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਕਰ ਰਿਹਾ ਹਾਂ ਕਿ ਹੁਣ ਸ਼ਾਂਤੀ ਪੂਰੀ ਤਰ੍ਹਾਂ ਬਹਾਲ ਹੋ ਗਈ

ਹੈ, ਇਸ ਲਈ ਹੁਣ ਤੁਹਾਡੇ ਕੋਟਲਾ ਆਉਣ ਦੀ ਕੋਈ ਜ਼ਰੂਰਤ ਨਹੀਂ ਹੈ।

ਬਾਗ਼ੀਆਂ ਦੇ ਗਿਰੋਹ, ਉਨ੍ਹਾਂ ਦੇ ਕਿਰਦਾਰ ਅਨੁਸਾਰ ਹੋਰ ਕੋਈ ਨਾਮ ਵਾਜਬ ਨਹੀਂ, ਦੀ ਗਿਣਤੀ ਕਦੇ ਵੀ 125 ਤੋਂ ਵੱਧ ਨਹੀਂ ਸੀ। ਉਨ੍ਹਾਂ 'ਚੋਂ ਦੋ ਜਣੇ ਮਲੌਦ 'ਚ ਮਾਰੇ ਗਏ ਸਨ, ਚਾਰ ਜਣੇ ਕਾਬੂ ਕਰ ਲਏ ਸਨ। ਕੋਟਲਾ 'ਚ ਅੱਠ ਜਣੇ ਮਾਰੇ ਗਏ ਸਨ, 31 ਜ਼ਖ਼ਮੀ ਹੋ ਗਏ ਸਨ। ਜ਼ਖ਼ਮੀਆਂ 'ਚੋਂ 25-26 ਜਣੇ ਮੌਕੇ ਤੋਂ ਫਰ਼ਾਰ ਹੋ ਗਏ ਸਨ ਪਰ 27 ਜ਼ਖ਼ਮੀਆਂ ਸਮੇਤ 68 ਨੂੰ ਪਟਿਆਲਾ ਰਿਆਸਤ ਦੇ ਪਿੰਡ ਰੜ੍ਹ ਵਿਖੇ, ਜੋ ਇੱਥੋਂ 12 ਮੀਲ ਦੀ ਦੂਰੀ 'ਤੇ ਹੈ, ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਇੰਝ ਸਮੁੱਚਾ ਗਿਰੋਹ ਬਰਬਾਦ ਕਰ ਦਿੱਤਾ ਗਿਆ ਹੈ। ਮੇਰਾ ਪ੍ਰਸਤਾਵ ਹੈ ਕਿ ਇਨ੍ਹਾਂ ਕੈਦੀਆਂ ਨੂੰ ਭਲਕੇ ਸਵੇਰੇ ਦਿਨ ਚੜ੍ਹਦਿਆਂ ਹੀ ਜਾਂ ਤਾਂ ਤੋਪਾਂ ਨਾਲ ਉਡਾ ਦਿੱਤਾ ਜਾਵੇ ਤੇ ਜਾਂ ਫਾਂਸੀ ਦੇ ਦਿੱਤੀ ਜਾਵੇ।

ਉਨ੍ਹਾਂ ਨੇ ਕੋਈ ਆਮ ਜੁਰਮ ਨਹੀਂ ਕੀਤਾ। ਉਨ੍ਹਾਂ ਮਹਿਜ਼ ਕਤਲ ਤੇ ਡਕੈਤੀਆਂ ਹੀ ਨਹੀਂ ਕੀਤੀਆਂ; ਉਹ ਖੁੱਲ੍ਹੇ ਬਾਗ਼ੀ ਹਨ ਅਤੇ ਅੱਖੜ ਤਰੀਕੇ ਨਾਲ ਸਥਾਪਤ ਸਰਕਾਰ ਦਾ ਵਿਰੋਧ ਕਰ ਰਹੇ ਹਨ ਅਤੇ ਇਸ ਬੀਮਾਰੀ ਨੂੰ ਹੋਰ ਫੈਲਣ ਤੋਂ ਰੋਕਣ ਲਈ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਤੁਰੰਤ ਸਖ਼ਤੀ ਨਾਲ ਦਬਾ ਦਿੱਤਾ ਜਾਵੇ। ਮੈਂ ਆਪਣੇ ਅਹੁਦੇ ਦੀ ਜ਼ਿੰਮੇਵਾਰੀ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹਾਂ ਪਰ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੈਂ ਜੋ ਵੀ ਕਰ ਰਿਹਾ ਹਾਂ, ਉਹ ਬਿਹਤਰੀਨ ਹੈ ਅਤੇ ਰਾਜ-ਧਰੋਹ ਨੂੰ ਤੁਰੰਤ ਖ਼ਤਮ ਕਰਨਾ ਜ਼ਰੂਰੀ ਹੈ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸ੍ਰੀ ਫ਼ਾਰਸਿਥ ਤਦ ਲੈਫ਼ਟੀਨੈਂਟ ਗਵਰਨਰ ਨਾਲ ਦਿੱਲੀ 'ਚ ਸਨ, ਜਦੋਂ 15 ਤਰੀਕ ਨੂੰ ਇਹ ਖ਼ਬਰ ਉਨ੍ਹਾਂ ਕੋਲ ਪੁੱਜੀ ਸੀ, ਲੈਫ਼ਟੀਨੈਂਟ ਗਵਰਨਰ ਦੀਆਂ ਹਦਾਇਤ ਹਾਸਲ ਕਰਨ ਤੋਂ ਬਾਅਦ ਉਹ 16 ਤਰੀਕ ਨੂੰ ਵੱਡੇ ਤੜਕੇ ਦਿੱਲੀ ਤੋਂ ਰੇਲ ਗੱਡੀ ਰਾਹੀਂ ਲੁਧਿਆਣਾ ਲਈ ਰਵਾਨਾ ਹੋਏ ਸਨ ਤੇ ਸ਼ਾਮੀਂ ਲੁਧਿਆਣਾ ਪੁੱਜ ਗਏ ਸਨ।

ਲੁਧਿਆਣਾ ਪੁੱਜਦਿਆਂ ਹੀ ਸ੍ਰੀ ਫ਼ਾਰਸਿਥ ਨੂੰ ਨਿਆਜ਼ ਅਲੀ ਵੱਲੋਂ 68 ਕੂਕਿਆਂ ਨੂੰ ਫੜੇ ਜਾਣ ਦੀ ਖ਼ੁਫ਼ੀਆ ਜਾਣਕਾਰੀ ਮਿਲੀ ਸੀ, ਉਨ੍ਹਾਂ ਤੁਰੰਤ ਸ੍ਰੀ ਕਾਵਨ ਨੂੰ ਇੱਕ ਨੀਮ-ਅਧਿਕਾਰਤ ਨੋਟ ਲਿਖ ਕੇ ਇੱਛਾ ਪ੍ਰਗਟਾਈ ਸੀ ਕਿ ਕੈਦੀਆਂ ਨੂੰ ਤਦ ਤੱਕ ਸ਼ੇਰਪੁਰ ਰੱਖਣਾ ਚਾਹੀਦਾ

ਪੰਜਾਬ ਸਰਕਾਰ ਨੇ ਮਹਾਮਹਿਮ ਕਮਾਂਡਰ-ਇਨ-ਚੀਫ਼, ਜੋ ਤਦ ਦਿੱਲੀ 'ਚ ਸਨ, ਨਾਲ ਮਲੇਰਕੋਟਲਾ 'ਚ ਫ਼ੌਜਾਂ ਭੇਜਣ ਦਾ ਇੰਤਜ਼ਾਮ ਕਰ ਦਿੱਤਾ ਸੀ ਅਤੇ ਲੈਫ਼ਟੀਨੈਂਟ ਗਵਰਨਰ ਦੇ ਫ਼ੈਸਲੇ ਅਨੁਸਾਰ ਬਾਬਾ ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਸੂਬਿਆਂ ਸਮੇਤ ਤੁਰੰਤ ਗ੍ਰਿਫ਼ਤਾਰ ਕਰਨ 'ਚ ਮਦਦ ਲਈ ਘੁੜਸਵਾਰਾਂ ਦੀ ਇੱਕ ਡੀਟੈਚਮੈਂਟ ਭੇਜੀ ਗਈ ਸੀ।

ਸ੍ਰੀ ਫ਼ਾਰਸਿਥ ਦਾ ਪੰਜਾਬ ਸਰਕਾਰ ਦੇ ਸਕੱਤਰ ਨੂੰ ਪੱਤਰ, ਨੰ। 153, ਮਿਤੀ 8 ਅਪ੍ਰੈਲ, ਪੈਰਾ 1 ਅਤੇ 2।

ਸ੍ਰੀ ਕਾਵਨ ਦੀ ਪੰਜਾਬ ਸਰਕਾਰ ਦੇ ਸਕੱਤਰ ਨੂੰ ਚਿੱਠੀ ਨੰ. 8 ਅਪ੍ਰੈਲ, ਪੈਰਾ 2.
ਸ੍ਰੀ ਫ਼ਾਰਸਿਥ ਦੀ ਚਿੱਠੀ ਨੰ। 8 ਅਪ੍ਰੈਲ, ਪੈਰਾ 3.

ਹੈ, ਜਦੋਂ ਤੱਕ ਕਿ ਉਨ੍ਹਾਂ ਨੂੰ ਲੁਧਿਆਣਾ ਲਈ ਗਾਰਡ ਨਹੀਂ ਭੇਜ ਦਿੱਤੇ ਜਾਂਦੇ। ਸ੍ਰੀ ਫ਼ਾਰਸਿਥ ਦਾ ਕਹਿਣਾ ਹੈ ਕਿ ਉਨ੍ਹਾਂ ਸ਼ਬਦ 'ਸੁਣਵਾਈ ਲਈ' ਜੋੜਿਆ ਸੀ। ਸ੍ਰੀ ਕਾਵਨ ਦਾ ਮੰਨਣਾ ਹੈ ਕਿ ਇਹ ਸ਼ਬਦ ਪੱਤਰ ਦਾ ਹਿੱਸਾ ਨਹੀਂ ਸਨ।

ਪਿਛਲੇ ਦਿਨ ਵੱਡੇ ਤੜਕੇ 5:20 ਵਜੇ ਦੀ ਸ੍ਰੀ ਕਾਵਨ ਦੀ ਤਾਰ ਬਾਅਦ ਚ, ਦੁਪਹਿਰ ਸਵਾ ਤਿੰਨ ਵਜੇ ਲੁਧਿਆਣਾ ਟੈਲੀਗ੍ਰਾਫ਼ ਦਫ਼ਤਰ ਪੁੱਜੀ ਸੀ; ਜਿਸ ਵਿੱਚ ਉਨ੍ਹਾਂ ਨੇ ਉਨ੍ਹਾਂ ਚਾਰ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਇਜਾਜ਼ਤ ਮੰਗੀ ਸੀ, ਜਿਨ੍ਹਾਂ ਦੀ ਸੁਣਵਾਈ ਉਨ੍ਹਾਂ ਮਲੌਦ 'ਚ ਕੀਤੀ ਸੀ, ਸ੍ਰੀ ਫ਼ਾਰਸਿਥ ਨੇ ਇੱਕ ਹੋਰ ਤਾਰ ਪੰਜਾਬ ਸਰਕਾਰ ਨੂੰ ਭੇਜੀ ਸੀ, ਜਿਸ ਦੀ ਸ਼ਬਦਾਵਲੀ ਕੁਝ ਇਸ ਤਰ੍ਹਾਂ ਸੀ:

ਕਾਵਨ ਦੀ ਤਾਰ ਦੇ ਹਵਾਲੇ ਨਾਲ, ਜਿਸ ਵਿੱਚ ਚਾਰ ਜਣਿਆਂ ਨੂੰ ਤੁਰੰਤ ਮੌਤ ਦੀ ਸਜ਼ਾ ਦੇਣ ਦੀ ਇਜਾਜ਼ਤ ਮੰਗੀ ਗਈ ਹੈ। ਤਦ ਤੋਂ ਅਸੀਂ ਸੱਤਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੇ ਹਾਂ। ਮੈਂ ਮੌਕੇ 'ਤੇ ਹਾਂ ਅਤੇ ਇਹ ਮਾਮਲੇ ਉਨ੍ਹਾਂ ਦੀ ਕਿਸਮ ਦੇ ਹਿਸਾਬ ਨਾਲ ਬਿਨਾ ਕਿਸੇ ਦੇਰੀ ਦੇ ਨਿਬੇੜ ਸਕਦਾ ਹਾਂ। ਕਿਸੇ ਵਿਸ਼ੇਸ਼ ਕਾਰਵਾਈ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਐਂਵੇਂ ਰੋਹ ਤੇ ਰੋਸ ਵਧੇਗਾ, ਬਿਹਤਰ ਹੈ ਕਿ ਸ਼ਾਂਤੀ ਬਣੀ ਰਹੇ।

ਸ੍ਰੀ ਫ਼ਾਰਸਿਥ ਦੀ ਪੰਜਾਬ ਸਰਕਾਰ ਦੇ ਸਕੱਤਰ ਨੂੰ ਚਿੱਠੀ, ਮਿਤੀ 17 ਜਨਵਰੀ।

ਕਾਵਨ ਦੀ 17 ਤਰੀਕ ਸਵੇਰੇ ਲਗਭਗ 5 ਵਜੇ ਦੀ ਤਾਰ, ਸ੍ਰੀ ਫ਼ਾਰਸਿਥ ਨੂੰ ਸ੍ਰੀ ਕਾਵਨ ਦੀ ਉਪਰੋਕਤ 16 ਤਰੀਕ ਨੂੰ ਦਿੱਤੀ ਚਿੱਠੀ ਪ੍ਰਾਪਤ ਹੋਈ।

ਸ੍ਰੀ ਫ਼ਾਰਸਿਥ ਦੀ 8 ਅਪ੍ਰੈਲ ਦੀ ਚਿੱਠੀ।
17 ਤਰੀਕ ਦੀ ਰਾਤ ਤੱਕ ਇਹ ਜਵਾਬ ਨਹੀਂ ਸੀ ਸ੍ਰੀ ਫ਼ਾਰਸਿਥ ਦਾ ਵਿਚਾਰ ਪ੍ਰਵਾਨ ਕਰ ਲਿਆ ਗਿਆ ਸੀ।

ਸ੍ਰੀ ਫ਼ਾਰਸਿਥ ਨੇ ਆਪਣੀ ਤੇ ਸ੍ਰੀ ਕਾਵਨ ਦੀਆਂ ਦੋ ਤਾਰਾਂ ਦੇ ਪੰਜਾਬ ਸਰਕਾਰ ਤੋਂ ਜਵਾਬ ਦੀ 17 ਤਰੀਕ ਦੁਪਹਿਰ ਤੱਕ ਉਡੀਕ ਕੀਤੀ ਪਰ ਕੋਈ ਜਵਾਬ ਨਾ ਮਿਲਣ (ਟੈਲੀਗ੍ਰਾਫ਼ ਵਿਭਾਗ ਦੀ ਦੇਰੀ ਕਾਰਣ) ਕਰਕੇ ਸ੍ਰੀ ਕਾਵਨ ਨੂੰ ਇੱਕ ਅਧਿਕਾਰਤ ਪੱਤਰ ਭੇਜਿਆ, ਜਿਸ ਦਾ ਇੱਕ ਹਿੱਸਾ ਨਿਮਨਲਿਖਤ ਅਨੁਸਾਰ ਹੈ:
'ਜਿੱਥੋਂ ਤੱਕ ਮਲੇਰਕੋਟਲਾ 'ਚ ਅੰਜਾਮ ਦਿੱਤੇ ਗਏ ਅਪਰਾਧਾਂ ਦਾ ਸਬੰਧ ਹੈ, ਅਧਿਕਾਰੀਆਂ ਕੋਲ ਸੁਣਵਾਈ ਕਰਨ ਤੇ ਅਪਰਾਧੀਆਂ ਨੂੰ ਸਜ਼ਾਵਾਂ ਦੇਣ ਦਾ ਪੂਰਾ ਅਧਿਕਾਰ ਹੈ ਅਤੇ ਜਿੱਥੇ ਮੌਤ ਦੀ ਸਜ਼ਾ ਦੇਣੀ ਹੋਵੇ, ਉਹ ਮਾਮਲੇ ਮਨਜ਼ੂਰੀ ਲਈ ਕਮਿਸ਼ਨਰ ਨੂੰ ਭੇਜੇ ਜਾਣ। ਮੇਰੀ

ਬੇਨਤੀ ਹੈ ਕਿ ਤੁਸੀਂ ਅਜਿਹਾ ਕੋਈ ਵੀ ਕੇਸ ਤੁਰੰਤ ਤਿਆਰ ਕਰ ਦੇਵੋਗੇ, ਜਿਹੜਾ ਤੁਹਾਨੂੰ ਜਾਪਦਾ ਹੈ ਕਿ ਇਸ ਨੂੰ ਮੌਤ ਦੀ ਸਜ਼ਾ ਦੇਣੀ ਬਣਦੀ ਹੈ ਤੇ ਇਸ ਸਬੰਧੀ ਤੁਰੰਤ ਆਰਡਰ ਦੇਵੇਗਾ। ਪਰ ਜਿਹੜੇ ਇਸ ਮਾਮਲੇ 'ਚ ਤੁਸੀਂ ਤੁਰੰਤ ਕਾਰਵਾਈ ਦੀ ਇੱਛਾ ਪ੍ਰਗਟਾਈ ਹੈ, ਇਹ ਮਾਮਲਾ ਇੰਨਾ ਵਧੇਰੇ ਜ਼ਰੂਰੀ ਨਹੀਂ ਹੈ ਕਿ ਅਸੀਂ ਆਪਣੇ ਕੋਲ ਮੌਜੂਦ ਆਮ ਕਾਰਜ-ਵਿਧੀ ਨੂੰ ਨਾ ਅਪਣਾਈਏ। ਮੈਂ ਬਹੁਤ ਛੇਤੀ ਮਲੇਰਕੋਟਲਾ ਆਵਾਂਗਾ।'

ਥੋੜ੍ਹੀ ਦੇਰ ਬਾਅਦ ਉਨ੍ਹਾਂ ਇੱਕ ਨਿਜੀ ਚਿੱਠੀ ਲਿਖੀ, ਜੋ ਇਸ ਪ੍ਰਕਾਰ ਹੈ:

ਮੇਰੇ ਪਿਆਰੇ ਕਾਵਨ, ਤੁਸੀਂ ਬਹੁਤ ਸ਼ਲਾਘਾਯੋਗ ਕਾਰਜ ਕੀਤਾ ਹੈ ਪਰ ਰੱਬ ਦੇ ਵਾਸਤੇ ਕਿਤੇ ਕਾਹਲ਼ੀ 'ਚ ਮੁਕੰਮਲ ਸਫ਼ਲਤਾ ਆਪਣੇ ਹੱਥੋਂ ਨਾ ਗੁਆ ਲੈਣਾ। ਕੋਟਲਾ ਖੇਤਰ 'ਚ ਹੁਣ ਅਪਰਾਧੀਆਂ ਵਜੋਂ ਫੜੇ ਗਏ ਵਿਅਕਤੀਆਂ ਨਾਲ ਨਿਪਟਦਿਆਂ, ਉਨ੍ਹਾਂ ਨੂੰ ਚੀਫ਼ ਕੋਰਟ ਨੂੰ ਭੇਜਣ ਦੀ ਬਿਨਾਂ ਕਿਸੇ ਦੇਰੀ ਦੇ ਕਾਨੂੰਨੀ ਤੌਰ 'ਤੇ ਫਾਂਸੀ ਦੀ ਸਜ਼ਾ ਦਿੱਤੀ ਜਾ ਸਕਦੀ ਹੈ, ਇਸ ਲਈ ਅਜਿਹੇ ਕੇਸਾਂ 'ਚ ਜਿਵੇਂ ਕਰੀਦਾ ਹੈ ਕਿ ਸਮਾਂ ਬਚਾਉਣ ਤੇ ਮੁਸੀਬਤ ਤੋਂ ਬਚਾਅ ਲਈ ਸਾਰੀਆਂ ਕਾਰਵਾਈਆਂ ਮੈਨੂੰ ਭੇਜੋ। ਬਾਬਾ (ਗੁਰੂ) ਰਾਮ ਸਿੰਘ ਜੀ ਦਾ ਮਾਮਲਾ ਨਿਬੇੜਦੇ ਸਾਰ ਮੈਂ ਕੋਟਲਾ ਜਾਵਾਂਗਾ। ਪਰ ਜੇ ਤੁਸੀਂ ਮਲੌਦ 'ਚ ਫੜੇ ਇਨ੍ਹਾਂ ਵਿਅਕਤੀਆਂ ਨੂੰ (ਆਪ ਹੀ) ਫਾਂਸੀ ਦੇ ਦਿੰਦੇ ਹੋ, ਤਾਂ ਤੁਸੀਂ ਸੰਪੂਰਨ ਸਫ਼ਲਤਾ ਤੋਂ ਵਾਂਝੇ ਰਹਿ ਜਾਵੋਗੇ। ਜੇ 12 ਘੰਟਿਆਂ ਦੀ ਵੀ ਦੇਰੀ ਕਰ ਦੇਵੋਗੇ, ਤਾਂ ਉਸ ਨਾਲ ਕੋਈ ਨੁਕਸਾਨ ਨਹੀਂ ਹੋਵੇ ਗਾ ਪਰ ਗ਼ੈਰ-ਕਾਨੂੰਨੀ ਕਾਰਵਾਈ ਮੁਸੀਬਤ ਖੜ੍ਹੀ ਕਰ ਸਕਦੀ ਹੈ। ਮੈਂ ਸਿਰਫ਼ ਬਾਬਾ (ਗੁਰੂ) ਰਾਮ ਸਿੰਘ ਜੀ ਦੀ ਭਲਕੇ ਸਵੇਰ ਨੂੰ ਆਉਣ ਦੀ ਉਡੀਕ ਕਰ ਰਿਹਾ ਹਾਂ ਤੇ ਉਸ ਪਿੱਛੋਂ ਮੈਂ ਤੁਰੰਤ ਇੱਥੋਂ ਰਵਾਨਗੀ ਪਾ ਲਵਾਂਗਾ।

ਸ੍ਰੀ ਫ਼ਾਰਸਿਥ ਦੀ 3 ਅਪ੍ਰੈਲ ਦੀ ਚਿੱਠੀ।

ਸ੍ਰੀ ਕਾਵਨ ਦੀ ਫ਼ਾਰਸਿਥ ਨੂੰ ਚਿੱਠੀ, ਨੰ. 18, ਮਿਤੀ 17 ਜਨਵਰੀ।

ਇਸ ਦੌਰਾਨ 17 ਤਰੀਕ ਦੀ ਸਵੇਰ ਨੂੰ ਸ੍ਰੀ ਕਾਵਨ ਨੇ ਸ੍ਰੀ ਫ਼ਾਰਸਿਥ ਨੂੰ ਇੱਕ ਲੰਮੀ ਚਿੱਠੀ ਲਿਖੀ, ਜੋ ਬਿਲਕੁਲ ਉਸੇ ਤਰਜ਼ 'ਤੇ ਸੀ, ਜਿਵੇਂ ਕਿ ਉਨ੍ਹਾਂ ਪਿਛਲੇ ਦਿਨ ਆਪਣੀ ਚਿੱਠੀ ਬਿਆਨੀ ਸੀ ਪਰ ਇਹ ਬਹੁਤ ਵਿਸਥਾਰ 'ਚ ਸੀ। ਪਹਿਲੇ ਸੱਤ ਪੈਰਿਆਂ 'ਚ ਤਾਂ ਸਿਰਫ਼ ਬਗ਼ਾਵਤ ਦਾ ਪ੍ਰਾਚੀਨ ਤੇ ਸਹੀ ਖੁਲਾਸਾ ਕੀਤਾ ਗਿਆ ਸੀ।

8ਵੇਂ ਪੈਰੇ 'ਚ ਸ੍ਰੀ ਕਾਵਨ ਨੇ ਕਿਹਾ ਸੀ ਕਿ ਜਦੋਂ ਮੈਂ ਕੋਟਲਾ 'ਤੇ ਹਮਲੇ ਦੀ ਖ਼ਬਰ ਸੁਣੀ, ਤਾਂ ਮੈਨੂੰ ਇਹ

ਸਾਰੀ ਸਥਿਤੀ ਬਹੁਤ ਗੰਭੀਰ ਜਾਪੀ ਅਤੇ ਮੈਂ ਤਾਰ ਭੇਜ ਕੇ ਆਖਿਆ ਕਿ ਫ਼ੌਜੀ ਦਸਤੇ ਭੇਜੇ ਜਾ ਸਕਦੇ ਹਨ... ਇਹ ਸਭ ਇੱਕ ਬਗ਼ਾਵਤ ਵਾਂਗ ਜਾਪ ਰਿਹਾ ਸੀ ਅਤੇ ਮੈਨੂੰ ਭਰੋਸਾ ਸੀ ਕਿ ਮੈਂ ਆਪਣੀਆਂ ਪਹਿਲੀਆਂ ਰਿਪੋਰਟਾਂ ਨਾਲ ਕੋਈ ਬੇਲੋੜਾ ਸਾਵਧਾਨ ਨਹੀਂ ਕੀਤਾ।

ਸ੍ਰੀ ਕਾਵਨ ਨੇ ਤਦ ਕੈਦੀਆਂ, ਉਨ੍ਹਾਂ ਦੀ ਜਿੱਤ ਤੇ ਉਨ੍ਹਾਂ ਨੂੰ ਕਾਬੂ ਕੀਤੇ ਜਾਣ ਦੇ ਹੋਰ ਵੇਰਵੇ ਦਿੱਤੇ। ਉਨ੍ਹਾਂ ਦਾ 10ਵਾਂ ਪੈਰਾ ਇਨ੍ਹਾਂ ਸ਼ਬਦਾਂ ਨਾਲ ਖ਼ਤਮ ਹੁੰਦਾ ਹੈ,'ਇਸ ਸਮੁੱਚੇ ਗਿਰੋਹ ਦੇ ਘੱਟੋ-ਘੱਟ ਦੋ-ਤਿਹਾਈ ਮੈਂਬਰ ਮਾਰੇ ਜਾ ਚੁੱਕੇ ਹਨ ਜਾਂ ਜ਼ਖ਼ਮੀ ਹੋ ਚੁੱਕੇ ਹਨ ਤੇ ਗ੍ਰਿਫ਼ਤਾਰ ਹੋ ਚੁੱਕੇ ਹਨ। ਬਾਕੀਆਂ ਦੀ ਦਰਿੰਦੇ ਕੀੜੇ-ਮਕੌੜਿਆਂ ਵਾਂਗ ਭਾਲ਼ ਜਾਰੀ ਹੈ ਤੇ ਹੋਰ ਬਹੁਤਿਆਂ ਨੂੰ ਕਾਬੂ ਕਰ ਲਿਆ ਜਾਵੇਗਾ ਅਤੇ ਉਨ੍ਹਾਂ ਦੀ ਚਿੱਠੀ ਨਿਮਨਲਿਖਤ ਸ਼ਬਦਾਂ ਨਾਲ ਸੰਪੰਨ ਹੁੰਦੀ ਹੈ, ਮੈਨੂੰ ਆਸ ਹੈ ਕਿ ਰੜ੍ਹ ਤੋਂ ਘੰਟੇ ਕੁ ਤੱਕ ਕੈਦੀ ਆ ਜਾਣਗੇ। ਮੇਰਾ ਪ੍ਰਸਤਾਵ ਹੈ ਕਿ ਉਨ੍ਹਾਂ ਸਾਰਿਆਂ ਨੂੰ ਤੁਰੰਤ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ, ਜਿਹੜੇ ਮਲੌਦ ਤੇ ਕੋਟਲਾ ਦੇ ਹਮਲਿਆਂ 'ਚ ਸ਼ਾਮਲ ਸਨ। ਮੈਂ ਆਪਣੀ ਵੱਡੀ ਜ਼ਿੰਮੇਵਾਰੀ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹਾਂ, ਮੈਂ ਇੱਕ ਅਜਿਹਾ ਅਧਿਕਾਰ ਲੈਂਦਾ ਹਾਂ, ਜੋ ਮੇਰੇ ਕੋਲ ਨਹੀਂ ਹੈ ਪਰ ਕਿਉਂਕਿ ਇਹ ਮਾਮਲਾ ਬਿਲਕੁਲ ਵਿਲੱਖਣ ਕਿਸਮ ਦਾ ਹੈ। ਇਹ ਲੋਕ ਸਾਧਾਰਣ ਅਪਰਾਧੀ ਨਹੀਂ ਹਨ। ਉਹ ਬਾਗ਼ੀ ਹਨ ਤੇ ਉਨ੍ਹਾਂ ਦਾ ਇੱਕੋ-ਇੱਕ ਮਕਸਦ ਲੁੱਟਮਾਰ ਕਰਨਾ ਤੇ ਅੰਤ 'ਚ ਹੁਕਮਾਂ ਦੀਆਂ ਧੱਜੀਆਂ ਉਡਾਉਣਾ ਹੈ। ਇਹ ਪੱਕਾ ਹੈ ਕਿ ਜੇ ਕਿਤੇ ਉਨ੍ਹਾਂ ਦੀ ਪਹਿਲੀ ਕੋਸ਼ਿਸ਼ ਕਾਮਯਾਬ ਹੋ ਜਾਂਦੀ, ਜੇ ਉਹ ਹਥਿਆਰ ਹਾਸਲ ਕਰਨ 'ਚ ਸਫ਼ਲ ਹੋ ਜਾਂਦੇ ਤਾਂ ਘੋੜੇ ਅਤੇ ਖ਼ਜ਼ਾਨਾ ਪ੍ਰਾਪਤ ਕਰ ਲੈਂਦੇ, ਤਾਂ ਦੇਸ਼ ਭਰ ਦੇ ਸਾਰੇ ਹੀ ਵਿਹਲੇ ਘੁੰਮਣ ਵਾਲੇ ਲੋਕਾਂ ਨੇ ਇਨ੍ਹਾਂ ਨਾਲ ਆ ਕੇ ਰਲ਼ ਜਾਣਾ ਸੀ ਤੇ ਉਸ ਤੋਂ ਜਿਹੜੀ ਤਬਾਹੀ ਹੋਣੀ ਸੀ, ਉਸ ਦਾ ਕੋਈ ਅੰਤ ਨਹੀਂ ਸੀ ਹੋਣਾ। ਕੋਟਲਾ 'ਚ ਸਮੇਂ ਸਿਰ ਅਗਾਊਂ ਕਾਰਵਾਈ ਕੀਤੇ ਹੋਣ ਕਰਕੇ ਪਹਿਲੀਆਂ ਕੋਸ਼ਿਸ਼ਾਂ ਨੂੰ ਹੀ ਮਾਤ ਦੇ ਦਿੱਤੀ ਗਈ ਅਤੇ ਪਟਿਆਲਾ ਦੇ ਅਧਿਕਾਰੀਆਂ ਦੀ ਸਰਗਰਮ ਮਿਹਨਤ ਸਦਕਾ ਬਗ਼ਾਵਤ ਦੀ ਇਹ ਨਿਖੇਧੀਯੋਗ ਕੋਸ਼ਿਸ਼ ਨਾਕਾਮ ਕਰ ਦਿੱਤੀ ਗਈ ਪਰ ਹੋਰ ਲੋਕ ਕਿਤੇ ਇਨ੍ਹਾਂ ਦੀ ਰੀਸ ਨਾ ਕਰਨ, ਇਸ ਲਈ ਉਨ੍ਹਾਂ

ਦੀਆਂ ਕੋਸ਼ਿਸ਼ਾਂ ਨੂੰ ਤੁਰੰਤ ਰੋਕਣਾ ਹੋਵੇਗਾ ਤੇ ਇਸ ਸਬੰਧੀ ਤੁਰੰਤ, ਸਖ਼ਤ ਤੇ ਖ਼ਤਰਨਾਕ ਚੇਤਾਵਨੀ ਜਾਰੀ ਹੋਣੀ ਚਾਹੀਦੀ ਹੈ। ਮੈਨੂੰ ਪੱਕਾ ਭਰੋਸਾ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਰੰਗੇ-ਹੱਥੀਂ ਫੜੇ ਗਏ ਸਾਰੇ ਕੈਦੀਆਂ ਨੂੰ ਤੁਰੰਤ ਮੌਤ ਦੀ ਸਜ਼ਾ ਦੇਣ ਦੀ ਪ੍ਰਵਾਨਗੀ ਦੇਵੇਗੀ।

ਸ੍ਰੀ ਕਾਵਨ ਦੀ ਪੰਜਾਬ ਸਰਕਾਰ ਦੇ ਸਕੱਤਰ ਨੂੰ ਚਿੱਠੀ, ਮਿਤੀ 8 ਅਪ੍ਰੈਲ, ਪੈਰਾ 2.

17 ਤਰੀਕ ਦੇ ਦੁਪਹਿਰ ਨੂੰ, ਪਤਾ ਨਹੀਂ ਉਨ੍ਹਾਂ ਕਦੋਂ ਚਿੱਠੀ ਭੇਜੀ ਸੀ - ਉਹ ਦੁਪਹਿਰ ਤੋਂ ਪਹਿਲਾਂ ਸੀ ਕਿ ਬਾਅਦ 'ਚ, ਇਹ ਸਪੱਸ਼ਟ ਨਹੀਂ ਸੀ। ਸ੍ਰੀ ਕਾਵਨ ਮਲੇਰਕੋਟਲਾ ਸ਼ਹਿਰ ਵਿੱਚੋਂ ਦੀ ਘੋੜੇ 'ਤੇ ਸਵਾਰ ਹੋ ਕੇ ਜਾ ਰਹੇ ਸਨ, ਜਦੋਂ ਉਨ੍ਹਾਂ ਨੂੰ ਸ੍ਰੀ ਫ਼ਾਰਸਿਥ ਦੀ ਚਿੱਠੀ ਅਤੇ ਪਹਿਲਾ ਨੀਮ-ਅਧਿਕਾਰਤ ਨੋਟ ਮਿਲੇ, ਜੋ ਗੁੰਮ ਹੋ ਗਿਆ ਸੀ ਅਤੇ ਜਿਸ ਵਿੱਚ ਇੱਛਾ ਪ੍ਰਗਟਾਈ ਗਈ ਸੀ ਕਿ ਸ੍ਰੀ ਕਾਵਨ ਕੈਦੀਆਂ ਨੂੰ ਉਦੋਂ ਤੱਕ ਸ਼ੇਰਪੁਰ 'ਚ ਹੀ ਰੱਖਣ, ਜਦੋਂ ਤੱਕ ਕਿ ਕੋਈ ਗਾਰਡ ਲੁਧਿਆਣਾ ਤੋਂ ਭੇਜ ਨਹੀਂ ਦਿੱਤਾ ਜਾਂਦਾ।

ਪੱਤਰ, ਮਿਤੀ 8 ਅਪ੍ਰੈਲ, ਪੈਰਾ 3.

ਸ੍ਰੀ ਨੇ ਇਸ ਨੋਟ ਵਿੱਚ ਲਿਖਿਆ ਹੈ 'ਮੈਂ ਨੋਟ ਨੂੰ ਆਪਣੀ ਜੇਬ 'ਚ ਰੱਖਿਆ ਤੇ ਸੋਚਿਆ ਕਿ ਇਸ ਵਿੱਚ ਕੋਈ ਸੁਝਾਅ ਹੀ ਸੀ, ਜਿਸ 'ਤੇ ਅਮਲ ਕਰਨ ਦੀ ਕੋਈ ਲੋੜ ਨਹੀਂ, ਕਿਉਂਕਿ ਤਦ ਤੱਕ ਗ੍ਰਿਫ਼ਤਾਰ ਕੀਤੇ ਗਏ ਕੂਕੇ ਰਾਹ 'ਚ ਹੀ ਸਨ ਤੇ ਕੋਟਲਾ ਦੇ ਨੇੜੇ ਸਨ।'

ਲੈਫ਼ਟੀਨੈਂਟ ਕਰਨਲ ਪਰਕਿਨਜ਼ ਦੀ 17 ਜਨਵਰੀ ਦੀ ਡਾਇਰੀ

ਬਾਅਦ ਦੁਪਹਿਰ ਲਗਭਗ 4:00 ਵਜੇ ਦਾ ਸਮਾਂ ਸੀ, ਜਦੋਂ ਕੈਦੀ ਮਲੇਰਕੋਟਲਾ ਪੁੱਜੇ ਸਨ ਤੇ ਸ੍ਰੀ ਕਾਵਨ ਵੀ ਜ਼ਰੂਰ ਹੀ ਤੁਰੰਤ ਆਪਣੇ ਵੱਲੋਂ ਪ੍ਰਗਟਾਈ ਇੱਛਾ ਪੂਰੀ ਕਰਨ ਦੀ ਕਾਰਵਾਈ ਅਰੰਭ ਦਿੱਤੀ ਹੋਵੇਗੀ ਕਿਉਂਕਿ ਸ਼ਾਮੀਂ 7 ਵਜੇ ਤੱਕ ਮੌਤ ਦੀਆਂ ਸਜ਼ਾਵਾਂ ਦਾ ਕੰਮ ਮੁਕੰਮਲ ਵੀ ਹੋ ਗਿਆ ਸੀ। ਜਦੋਂ ਆਖ਼ਰੀ ਛੇ ਜਾਂ ਸੱਤ ਵਿਅਕਤੀਆਂ ਨੂੰ ਪਹਿਲਾਂ ਹੀ ਤੋਪਾਂ ਅੱਗੇ ਖਿਲਾਰ ਦਿੱਤਾ ਗਿਆ ਸੀ ਤੇ ਹੁਣ ਬੱਸ ਉਨ੍ਹਾਂ ਨੂੰ ਉਡਾਉਣਾ ਹੀ ਬਾਕੀ ਸੀ ਕਿ ਸ੍ਰੀ ਕਾਵਨ ਨੂੰ ਤਦ ਹੀ ਸ੍ਰੀ ਫ਼ਾਰਸਿਥ ਦੀ ਚਿੱਠੀ ਮਿਲੀ ਕਿ ਉਹ ਕਾਬੂ ਕੀਤੇ ਵਿਅਕਤੀਆਂ ਨੂੰ ਉਨ੍ਹਾਂ ਕੋਲ ਸੁਣਵਾਈ ਲਈ ਭੇਜ ਦੇਣ। ਸ੍ਰੀ ਕਾਵਨ ਦਾ ਕਹਿਣਾ ਹੈ,'ਸ੍ਰੀ ਫ਼ਾਰਸਿਥ ਦੀ ਚਿੱਠੀ ਪੜ੍ਹ ਕੇ ਮੈਂ ਉਹ ਸ੍ਰੀ ਸੀ.ਈ. ਪਰਕਿਨਜ਼ ਨੂੰ ਇਨ੍ਹਾਂ ਟਿੱਪਣੀਆਂ ਨਾਲ ਫੜਾ ਦਿੱਤੀ ਕਿ ਹੁਣ ਤੋਪਾਂ ਅੱਗੇ ਖਿਲਾਰੇ ਵਿਅਕਤੀਆਂ ਦੀ ਮੌਤ ਦੀ ਸਜ਼ਾ ਰੋਕਣੀ

ਅਸੰਭਵ ਹੋਵੇਗੀ ਕਿਉਂਕਿ ਇਸ ਨਾਲ ਸਾਡੇ ਆਲੇ-ਦੁਆਲੇ ਖੜ੍ਹੇ ਲੋਕਾਂ 'ਤੇ ਮਾੜਾ ਅਸਰ ਪਵੇਗਾ। ਮੌਤ ਦੀ ਸਜ਼ਾ ਦੇਣ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਸ੍ਰੀ ਕਾਵਨ ਨੂੰ ਸ੍ਰੀ ਫ਼ਾਰਸਿਥ ਦਾ ਨਿਜੀ ਪੱਤਰ ਵੀ ਮਿਲ ਗਿਆ, ਜਿਸ ਵਿੱਚ ਬੇਨਤੀ ਕੀਤੀ ਗਈ ਸੀ ਕਿ ਬਿਨਾਂ ਸੁਣਵਾਈ ਦੇ ਕੋਈ ਕਾਰਵਾਈ ਨਾ ਕੀਤੀ ਜਾਵੇ। ਸ੍ਰੀ ਕਾਵਨ ਨੇ 17 ਤਰੀਕ ਦੀ ਸ਼ਾਮ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੇ ਸਾਰੇ ਵੇਰਵੇ ਸ੍ਰੀ ਫ਼ਾਰਸਿਥ ਨੂੰ ਲਿਖ ਕੇ ਭੇਜੇ।

ਸ੍ਰੀ ਕਾਵਨ ਦੀ ਸ੍ਰੀ ਫ਼ਾਰਸਿਥ ਨੂੰ ਚਿੱਠੀ, ਨੰ. 18, ਮਿਤੀ 17 ਜਨਵਰੀ।

ਤੁਹਾਡੇ ਇਸ ਸਵੇਰ ਦੀ ਤਰੀਕ ਨੂੰ ਲਿਖੀ ਆਪਣੀ ਚਿੱਠੀ ਦੀ ਨਿਰੰਤਰਤਾ ਵਿੱਚ, ਮੈਨੂੰ ਆਪ ਜੀ ਨੂੰ ਇਹ ਸੂਚਿਤ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ 68 ਬਾਗ਼ੀ ਕੂਕਿਆਂ ਨੂੰ ਅੱਜ ਰੜ੍ਹ ਤੋਂ ਲਿਆਂਦਾ ਗਿਆ ਸੀ। ਉਨ੍ਹਾਂ 'ਚੋਂ ਦੋ ਔਰਤਾਂ ਸਨ ਤੇ 66 ਮਰਦ ਸਨ, 22 ਮਰਦ ਜ਼ਖ਼ਮੀ ਸਨ, ਉਨ੍ਹਾਂ 'ਚੋਂ ਬਹੁਤਿਆਂ ਨੂੰ ਹਲਕੀਆਂ ਸੱਟਾਂ ਲੱਗੀਆਂ ਹੋਈਆਂ ਸਨ।

2. ਇਨ੍ਹਾਂ ਕੈਦੀਆਂ ਦਾ ਰਵੱਈਆ ਬਹੁਤ ਹੀ ਉਲੰਘਣਾ ਤੇ ਹੰਗਾਮਾ ਭਰਪੂਰ ਸੀ, ਉਹ ਸਰਕਾਰ ਤੇ ਸਥਾਨਕ ਰਿਆਸਤਾਂ ਦੇ ਰਾਜਿਆਂ ਪ੍ਰਤੀ ਬੇਹੱਦ ਗਾਲ੍ਹੀ-ਗਲੋਚ ਵਾਲੀ ਭਾਸ਼ਾ ਵਰਤ ਰਹੇ ਸਨ। ਉਨ੍ਹਾਂ ਸਭਨਾਂ ਨੇ ਕਬੂਲ ਕੀਤਾ ਕਿ ਉਹ ਮਲੌਦ ਤੇ ਕੋਟਲਾ ਦੇ ਹਮਲਿਆਂ ਸਮੇਂ ਮੌਜੂਦ ਸਨ ਅਤੇ ਸਗੋਂ ਆਪਣੇ ਇਸ ਕੰਮ ਦੀ ਉਨ੍ਹਾਂ ਮਹਿਮਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਮਲੌਦ 'ਤੇ ਹਮਲਾ ਹਥਿਆਰ ਲੈਣ ਲਈ ਕੀਤਾ ਸੀ ਤੇ ਕੋਟਲਾ 'ਤੇ ਇਸ ਲਈ ਕੀਤਾ ਸੀ ਕਿਉਂਕਿ ਉਨ੍ਹਾਂ ਦੇ ਧਰਮ ਅਨੁਸਾਰ ਗਊ-ਹਤਿਆਰਾਂ ਨੂੰ ਮਾਰਨਾ ਜ਼ਰੂਰੀ ਸੀ।

3. ਦੋ ਔਰਤਾਂ ਪਟਿਆਲਾ ਰਿਆਸਤ ਦੀਆਂ ਵਸਨੀਕ ਸਨ ਤੇ ਮੈਂ ਉਨ੍ਹਾਂ ਨੂੰ ਪਟਿਆਲਾ ਦੇ ਕਮਾਂਡਿੰਗ ਅਫ਼ਸਰ ਹਵਾਲੇ ਕਰ ਦਿੱਤਾ ਕਿ ਤਾਂ ਜੋ ਉਨ੍ਹਾਂ ਨੂੰ ਪਟਿਆਲਾ ਲਿਜਾਂਦਾ ਜਾ ਸਕੇ। ਅੱਜ ਬਾਅਦ ਦੁਪਹਿਰ ਨੂੰ ਹੀ 49 ਬਾਗ਼ੀਆਂ ਨੂੰ ਪਟਿਆਲਾ, ਨਾਭਾ, ਜੀਂਦ ਤੇ ਕੋਟਲਾ ਰਿਆਸਤਾਂ ਦੇ ਫ਼ੌਜੀ ਦਸਤਿਆਂ ਦੀ ਮੌਜੂਦਗੀ ਵਿੱਚ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ। ਮੇਰੀ ਇੱਛਾ ਸੀ ਕਿ 59 ਜਣਿਆਂ ਨੂੰ ਉਡਾਉਂਦਾ ਅਤੇ ਬਾਕੀ ਰਹਿੰਦੇ 16 ਬਾਗ਼ੀਆਂ ਨੂੰ ਮਲੌਦ ਭੇਜ ਦਿੱਤਾ ਗਿਆ ਹੈ, ਜਿੱਥੇ ਭਲਕੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ ਪਰ ਇੱਕ ਵਿਅਕਤੀ ਨੇ ਰੱਖਿਅਕਾਂ ਦੀ ਅੱਖ ਬਚਾ ਕ

ਵੇਖੋ ਲੈਫ਼ਟੀਨੈਂਟ ਕਰਨਲ ਪਰਕਿਨਜ਼ ਦੀ ਡਾਇਰੀ, ਮਿਤੀ 17 ਜਨਵਰੀ।

ਮੇਰੇ 'ਤੇ ਭਿਆਨਕ ਹਮਲਾ ਬੋਲ ਦਿੱਤਾ, ਮੈਨੂੰ ਮੇਰੀ ਦਾੜ੍ਹੀ ਤੋਂ ਫੜ ਲਿਆ ਤੇ ਫਿਰ ਮੇਰਾ ਗਲ਼ਾ ਘੁੱਟਣ ਦੀ ਕੋਸ਼ਿਸ਼ ਕਰਨ ਲੱਗਾ ਅਤੇ ਉਹ ਬਹੁਤ ਹੀ ਤਾਕਤਵਰ ਵਿਅਕਤੀ ਸੀ, ਇਸ ਲਈ ਮੈਨੂੰ ਉਸ ਤੋਂ ਖ਼ੁਦ ਨੂੰ ਛੁਡਾਉਣ 'ਚ ਔਖ ਮਹਿਸੂਸ ਹੋਈ। ਫਿਰ ਉਸ ਨੇ ਮੇਰੇ ਲਾਗੇ ਖੜ੍ਹੇ ਸਥਾਨਕ ਰਿਆਸਤਾਂ ਦੇ ਕੁਝ ਅਧਿਕਾਰੀਆਂ 'ਤੇ ਵਹਿਸ਼ੀਆਨਾ ਢੰਗ ਨਾਲ ਹਮਲਾ ਕਰ ਦਿੱਤਾ। ਉਨ੍ਹਾਂ ਅਧਿਕਾਰੀਆਂ ਨੇ ਤੁਰੰਤ ਆਪਣੀਆਂ ਤਲਵਾਰਾਂ ਕੱਢ ਕੇ ਉਸ ਦੇ ਟੋਟੇ-ਟੋਟੇ ਕਰ ਦਿੱਤੇ।

4. ਇਹ ਬਹੁਤ ਹੀ ਦਰਦਨਾਕ ਡਿਊਟੀ ਸੀ ਤੇ ਅੱਜ ਦੀ ਤਰੀਕ ਵਾਲੀ ਤੁਹਾਡੀ ਚਿੱਠੀ ਪ੍ਰਾਪਤ ਕਰ ਕੇ ਮੈਨੂੰ ਇੰਨਾ ਜ਼ਿਆਦਾ ਦੁੱਖ ਮਹਿਸੂਸ ਹੋਇਆ, ਜਿਸ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਜਦੋਂ ਅਪਰਾਧੀਆਂ ਦੇ ਆਖ਼ਰੀ ਬੈਚ ਨੂੰ ਤੋਪਾਂ ਅੱਗੇ ਖਲਾਰਿਆ ਜਾ ਰਿਹਾ ਸੀ, ਤਦ ਤੁਹਾਡੀ ਚਿੱਠੀ ਮਿਲੀ ਸੀ ਤੇ ਉਸ ਵਿੱਚ ਲਿਖਿਆ ਸੀ ਕਿ ਮੈਂ ਇਸ ਮਾਮਲੇ ਦੀ ਜਾਂਚ ਕਰਾਂ ਤੇ ਸਜ਼ਾ ਦੀ ਪ੍ਰਵਾਨਗੀ ਲਈ ਸਾਰੀ ਕਾਰਵਾਈ ਤੁਹਾਡੇ ਕੋਲ ਭੇਜ ਦੇਵਾਂ। ਆਪਣੀ ਦਿੱਤੀ ਸਜ਼ਾ ਨੂੰ ਲਾਗੂ ਕਰਦਿਆਂ ਮੈਂ ਬੇਹੱਦ ਈਮਾਨਦਾਰਾਨਾ ਤੇ ਸੁਹਿਰਦਤਾ ਨਾਲ ਅਪਰਾਧੀਆਂ ਨੂੰ ਦੋਸ਼ੀ ਠਹਿਰਾਇਆ ਸੀ ਤੇ ਮੈਂ ਸਰਕਾਰ ਦੇ ਬਿਹਤਰੀਨ ਹਿਤਾਂ 'ਚ ਹੀ ਕੰਮ ਕਰ ਰਿਹਾ ਸਾਂ।

ਇੱਕ ਅਜਿਹੀ ਬਗ਼ਾਵਤ, ਜੋ ਵਿਸ਼ਾਲ ਰੂਪ ਅਖ਼ਤਿਆਰ ਕਰ ਸਕਦੀ ਸੀ, ਉਸ ਨੂੰ ਅਰੰਭ ਹੁੰਦਿਆਂ ਹੀ ਖ਼ਤਮ ਕਰ ਦਿੱਤਾ ਗਿਆ ਸੀ ਤੇ ਭਵਿੱਖ 'ਚ ਅਜਿਹੀਆਂ ਵਾਰਦਾਤਾਂ ਵਾਪਰਨ ਤੋਂ ਰੋਕਣ ਲਈ ਡਰਾਉਣੀ ਤੇ ਤੁਰਤ-ਫੁਰਤ ਸਜ਼ਾ ਦੇਣੀ ਮੇਰੇ ਵਿਚਾਰ ਅਨੁਸਾਰ ਬਹੁਤ ਜ਼ਰੂਰੀ ਸੀ।

5. ਮੇਰਾ ਤੁਹਾਡੇ ਵਿੱਚ ਬਹੁਤ ਹੀ ਸੁਹਿਰਦ ਵਿਸ਼ਵਾਸ ਹੈ ਕਿ ਤੁਸੀਂ ਵਿਆਖਿਆ ਤੋਂ ਬਾਅਦ ਉਸ ਸਭ ਨੂੰ ਪ੍ਰਵਾਨ ਕਰ ਦੇਵੋਗੇ, ਜੋ ਕੁਝ ਵੀ ਮੈਂ ਕੀਤਾ ਹੈ, 16 ਬਾਗ਼ੀਆਂ ਨੂੰ ਲੈ ਕੇ ਮੈਂ ਬਹੁਤ ਕਸੂਤੀ ਸਥਿਤੀ 'ਚ ਫਸ ਗਿਆ ਹਾਂ, ਜਿਨ੍ਹਾਂ ਨੂੰ ਹਾਲੇ ਸਜ਼ਾ ਨਹੀਂ ਮਿਲੀ। ਜਿਵੇ ਂ ਕਿ ਮੈਂ ਪਹਿਲਾਂ ਦੱਸ ਚੁੱਕਾ ਹਾਂ ਕਿ ਮੇਰੀ ਇੱਛਾ ਸੀ ਕਿ ਮੈਂ ਭਲਕੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਲਈ ਮਲੌਦ ਭੇ ਜ ਦੇਵਾਂ ਅਤੇ ਮੇਰਾ ਈਮਾਨਦਾਰਾਨਾ ਵਿਚਾਰ ਹੈ ਕਿ ਤੁਸੀਂ ਮੇਰੀ ਇਸ ਪ੍ਰਸਤਾਵਿਤ ਸਜ਼ਾ ਨੂੰ ਤੁਰੰਤ ਪ੍ਰਵਾਨ ਕਰ ਦੇਵੋਗੇ ਅਤੇ ਇਸ ਨਾਲ ਇਨ੍ਹਾਂ ਖ਼ਿੱਤਿਆਂ ਦੇ ਲੋਕਾਂ

'ਤੇ ਡਾਢਾ ਪ੍ਰਭਾਵ ਪਵੇਗਾ; ਉਨ੍ਹਾਂ ਦੀਆਂ ਚੀਕਾਂ ਤੇ ਟਿੱਪਣੀਆਂ, ਜਿੱਥੇ ਵੀ ਮੈਂ ਜਾਂਦਾ ਹਾਂ, ਇਹੋ ਸਭ ਦਰਸਾਉਂਦੀਆਂ ਹਨ।

6. ਮੇਰਾ ਪ੍ਰਸਤਾਵ ਹੈ ਕਿ ਇੱਥੇ ਇਕੱਠੇ ਹੋਏ ਫ਼ੌਜੀ ਦਸਤੇ ਭਲਕੇ ਸਵੇਰੇ ਆਪੋ-ਆਪਣੀਆਂ ਰਿਆਸਤਾਂ 'ਤੇ ਪਰਤ ਜਾਣ ਅਤੇ ਭਲਕੇ ਦੁਪਹਿਰ ਤੱਕ ਰਹਿਣ ਕਿਉਂਕਿ ਸ਼ਾਇਦ ਭਲਕੇ ਬਾਕੀ ਰਹਿੰਦੇ ਕੂਕਾ ਬਾਗ਼ੀਆਂ ਨੂੰ ਵੀ ਸਜ਼ਾ ਦੇਣ ਦਾ ਤੁਹਾਡਾ ਹੁਕਮ ਮਿਲ ਜਾਵੇ। ਜੇ ਤੁਸੀਂ ਇਹ ਪ੍ਰਵਾਨਗੀ ਨਹੀਂ ਦਿੰਦੇ, ਤਾਂ ਮੈਂ ਜਾਂਚ ਕਰਾਂਗਾ ਤੇ ਅਗਲੇਰੇ ਹੁਕਮਾਂ ਲਈ ਤੁਹਾਨੂੰ ਭੇਜਾਂਗਾ।

ਨੋਟ: ਤੋਪਾਂ ਨਾਲ ਉਡਾਏ ਬਾਗ਼ੀਆਂ 'ਚ ਇਸ ਗਿਰੋਹ ਦੇ ਆਗੂ ਹੀਰਾ ਤੇ ਲਹਿਣਾ ਸਿੰਘ ਵੀ ਸ਼ਾਮਲ ਸਨ, ਜਿਨ੍ਹਾਂ ਬਗ਼ਾਵਤ ਲਈ ਸਭ ਨੂੰ ਉਕਸਾਇਆ ਸੀ।

ਇੱਕ ਹੋਰ ਅਗਲੇਰਾ ਨੋਟ ਦਰਸਾਉਂਦਾ ਹੈ ਕਿ ਗੁਆਂਢ 'ਚ ਇੱਕ ਸੂਬਾ ਤੇ ਤਿੰਨ ਹੋਰ ਕੂਕਿਆਂ ਦੀ ਗ੍ਰਿਫ਼ਤਾਰੀ ਕੋਈ ਅਹਿਮ ਸਥਿਤੀ ਨਹੀਂ ਹੈ।

ਇਸ ਵਕਫ਼ੇ ਦੌਰਾਨ ਸ੍ਰੀ ਫ਼ਾਰਸਿਥ ਤਦ ਵੀ ਲੁਧਿਆਣਾ 'ਚ ਹੀ ਸਨ, ਜਦੋਂ ਉਨ੍ਹਾਂ ਦੀ ਡਿਊਟੀ ਕੂਕਾ ਗੁਰੂ ਰਾਮ ਸਿੰਘ ਜੀ ਨੂੰ ਹਿਰਾਸਤ 'ਚ ਲੈਣ ਦੀ ਲੱਗ ਗਈ ਸੀ ਤੇ ਉਨ੍ਹਾਂ ਇਸ ਅਹਿਮ ਕਾਰਜ ਨੂੰ ਅੰਜਾਮ ਦਿੱਤੇ ਜਾਣ ਤੱਕ ਉਡੀਕ ਕੀਤੀ।

ਕੈਪਟਨ ਮੈਂਜ਼ੀਸ ਦਾ 18 ਜਨਵਰੀ ਦਾ ਨੀਮ-ਅਧਿਕਾਰਤ ਪੱਤਰ ਜੋ ਪੰਜਾਬ ਸਰਕਾਰ ਦੇ ਸਕੱਤਰ ਦੇ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਨੂੰ ਲਿਖੇ ਪੱਤਰ ਨੰ. 9ਸੀ ਮਿਤੀ 19 ਜਨਵਰੀ ਨਾਲ ਨੱਥੀ ਸੀ।

ਉਂਝ ਇਹ 18 ਜਨਵਰੀ ਨੂੰ ਵੱਡੇ ਤੜਕੇ 2:00 ਵਜੇ ਪ੍ਰਭਾਵਿਤ ਹੋਇਆ ਸੀ ਅਤੇ (ਗੁਰੂ) ਰਾਮ ਸਿੰਘ ਜੀ ਨੂੰ ਉਸੇ ਤੜਕੇ 4:00 ਵਜੇ ਰੇਲ-ਗੱਡੀ ਰਾਹੀਂ ਦਿੱਲੀ ਭੇਜਿਆ ਗਿਆ ਸੀ। ਉਸ ਦੇ ਛੇਤੀ ਬਾਅਦ ਸ੍ਰੀ ਫ਼ਾਰਸਿਥ 12ਵੀਂ ਬੰਗਾਲ ਘੁੜਸਵਾਰ ਫ਼ੌਜ ਦੀ ਇੱਕ ਡੀਟੈਚਮੈਂਟ ਨਾਲ ਮਲੌਦ ਲਈ ਰਵਾਨਾ ਹੋ ਗਏ ਸਨ।

ਸ੍ਰੀ ਫ਼ਾਰਸਿਥ ਦੀਆਂ ਪੰਜਾਬ ਸਰਕਾਰ ਦੇ ਸਕੱਤਰ ਨੂੰ ਲਿਖੀਆਂ ਚਿੱਠੀਆਂ ਮਿਤੀ 18 ਜਨਵਰੀ ਅਤੇ 4 ਅਪ੍ਰੈਲ, 1872.

ਅੰਤ੍ਰਿਮ ਵਿੱਚ ਉਨ੍ਹਾਂ ਬਾਬਾ ਰਾਮ ਸਿੰਘ ਜੀ ਤੋਂ ਪੁੱਛਗਿੱਛ ਕੀਤੀ ਸੀ, ਜਿਨ੍ਹਾਂ ਇਹ ਦੱਸਿਆ ਕਿ ਉਨ੍ਹਾਂ ਦਾ ਸੰਪਰਦਾਇ ਜਦੋਂ ਰਵਾਨਾ ਹੋਇਆ ਸੀ, ਤਾਂ ਉਨ੍ਹਾਂ ਦੇ ਕੰਟਰੋਲ ਹੇਠ ਨਹੀਂ ਸੀ।

ਲੁਧਿਆਣਾ ਤੋਂ ਰਵਾਨਗੀ ਤੋਂ ਪਹਿਲਾਂ ਉਨ੍ਹਾਂ ਉਪਰੋਕਤ ਦਰਜ ਅਧਿਕਾਰਤ ਪੱਤਰ ਨੰ. 16 ਦੇ ਜਵਾਬ ਵਿੱਚ ਸ੍ਰੀ ਕਾਵਨ ਨੂੰ ਨਿਮਨਲਿਖਤ ਚਿੱਠੀ ਲਿਖੀ।

'ਮੇਰੇ ਪਿਆਰੇ ਕਾਵਨ, ਜੋ ਕੁਝ ਵੀ ਤੁਸੀਂ ਕੀਤਾ ਹੈ ਮੈਂ

ਉਸ ਨੂੰ ਪ੍ਰਵਾਨ ਕਰਦਾ ਹਾਂ। ਤੁਸੀਂ ਸ਼ਲਾਘਾਯੋਗ ਕਾਰਜ ਕੀਤਾ ਹੈ। ਮੈਂ ਰਵਾਨਾ ਹੋ ਰਿਹਾ ਹਾਂ।'

ਸ੍ਰੀ ਫ਼ਾਰਸਿਥ ਦੀ ਅੰਤਿਮ ਕਾਰਵਾਈ ਜੋ ਪੰਜਾਬ ਸਰਕਾਰ ਦੇ ਪੱਤਰ ਨੰ. 76ਸੀ, ਮਿਤੀ 14 ਫ਼ਰਵਰੀ ਵਿੱਚ ਨੱਥੀ ਹੈ।

18 ਤਰੀਕ ਨੂੰ, ਪਹਿਲਾਂ ਸੀ ਜਾਂ ਬਾਅਦ 'ਚ; ਸ੍ਰੀ ਫ਼ਾਰਸਿਥ ਦੀ ਆਮਦ ਸਪੱਸ਼ਟ ਨਹੀਂ ਹੈ। ਸ੍ਰੀ ਕਾਵਨ ਨੇ ਕੋਟਲਾ ਦੇ ਨਾਜ਼ਿਮ ਤੇ ਤਹਿਸੀਲਦਾਰ ਨਾਲ ਬੈਠ ਕੇ ਬਾਕੀ ਰਹਿੰਦੇ 16 ਵਿਅਕਤੀਆਂ ਦੇ ਮਾਮਲੇ ਦੀ ਰਸਮੀ ਜਾਂਚ ਕੀਤੀ ਸੀ।

ਸ੍ਰੀ ਕਾਵਨ ਦਾ ਹੁਕਮ ਨਿਮਨਲਿਖਤ ਅਨੁਸਾਰ ਸੀ: ''ਸਾਰੇ ਮੁਲਜ਼ਮਾਂ ਨੂੰ ਕੋਟਲਾ ਸ਼ਹਿਰ 'ਤੇ ਹਮਲੇ ਦੇ ਤੁਰੰਤ ਪਿੱਛੋਂ ਕਾਬੂ ਕਰ ਲਿਆ ਗਿਆ ਸੀ। ਉਨ੍ਹਾਂ ਕੋਲੋਂ ਲਹੂ ਨਾਲ ਬਹੁਤ ਜ਼ਿਆਦਾ ਲਿੱਬੜੇ ਹਥਿਆਰ ਤੇ ਕੋਟਲਾ ਰਿਆਸਤ ਤੇ ਮਲੌਦ ਤੋਂ ਚੋਰੀ ਕੀਤੀ ਸੰਪਤੀ ਬਰਾਮਦ ਹੋਈ ਸੀ।

ਸਾਰੇ ਮੁਲਜ਼ਮਾਂ ਨੇ ਆਪਣੇ ਜੁਰਮ ਦਾ ਇਕਬਾਲ ਕਰ ਲਿਆ ਹੈ ਤੇ ਉਨ੍ਹਾਂ ਦਾ ਇਹ ਜੁਰਮ ਸਭ ਨੂੰ ਵਿਖਾਈ ਵੀ ਦਿੰਦਾ ਹੈ। ਇਨ੍ਹਾਂ ਲੋਕਾਂ ਨੇ ਜੋ ਕੁਝ ਵੀ ਕੀਤਾ ਹੈ, ਉਹ ਸਾਧਾਰਣ ਨਹੀਂ ਹੈ। ਉਨ੍ਹਾਂ ਨੇ ਖੁੱਲ੍ਹੀ ਬਗ਼ਾਵਤ ਕੀਤੀ ਹੈ ਤੇ ਉਹ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਸਜ਼ਾ ਦੇ ਹੱਕਦਾਰ ਹਨ। ਮੈਂ ਮੁਲਜ਼ਮਾਂ ਨੂੰ ਸਜ਼ਾ ਲਈ ਕੋਟਲਾ ਰਿਆਸਤ ਦੇ ਕਮਿਸ਼ਨਰ ਤੇ ਏਜੰਟ ਹਵਾਲੇ ਕਰਦਾ ਹਾਂ।''

ਸ੍ਰੀ ਫ਼ਾਰਸਿਥ ਨੇ ਇਨ੍ਹਾਂ ਮਾਮਲਿਆਂ 'ਤੇ ਤੁਰੰਤ ਵਿਚਾਰ ਕੀਤਾ ਹੈ ਤੇ ਹਰੇਕ ਗਵਾਹੀ ਤੇ ਬਿਆਨ 'ਤੇ ਉਨ੍ਹਾਂ ਟਿੱਪਣੀਆਂ ਕੀਤੀਆਂ ਹਨ ਅਤੇ ਅੰਤ 'ਚ ਭੁਗਤੀਆਂ ਗਵਾਹੀਆਂ 'ਤੇ ਵਿਚਾਰ ਕਰਦਿਆਂ ਨਿਮਨਲਿਖਤ ਮੱਦਾਂ ਵਿੱਚ ਫ਼ੈਸਲਾ ਦਰਜ ਕੀਤਾ ਹੈ।

''ਹੁਣ ਇਹ ਨਿਖੇੜ ਕਰਨਾ ਨਾਮੁਮਕਿਨ ਹੈ ਕਿ ਕਿਨ੍ਹਾਂ ਦੇ ਵਾਰ ਨਾਲ ਇਨ੍ਹਾਂ ਵਿਅਕਤੀਆਂ ਦੀ ਮੌਤ ਹੋਈ ਅਤੇ ਨਾ ਹੀ ਹੁਣ ਇਸ ਗਿਰੋਹ ਦੇ ਇਨ੍ਹਾਂ ਮੁਲਜ਼ਮਾਂ ਪ੍ਰਤੀ ਨਰਮੀ ਵਿਖਾਉਣ 'ਚ ਕੋਈ ਸਿਆਣਪ ਹੋਵੇਗੀ, ਇਸ ਲਈ ਕਾਨੂੰਨ ਮੁਤਾਬਕ ਹਰੇਕ ਮੁਲਜ਼ਮ ਇੱਕੋ ਜਿਹੀ ਸਜ਼ਾ ਦਾ ਹੱਕਦਾਰ ਹੈ। ਇਸ ਗਿਰੋਹ ਦੀ ਮਨਸ਼ਾ ਉਨ੍ਹਾਂ ਦੇ ਰਹਿਨੁਮਾ ਬਾਬਾ ਰਾਮ ਸਿੰਘ ਜੀ ਨੇ ਹੀ 18 ਤਰੀਕ ਨੂੰ ਲੁਧਿਆਣਾ ਵਿਖੇ ਮੇਰੇ ਸਾਹਮਣੇ ਦਿੱਤੇ ਆਪਣੇ ਬਿਆਨ ਰਾਹੀਂ ਸਪੱਸ਼ਟ ਦਰਸਾ ਦਿੱਤੀ ਹੈ। ਕੈਦੀਆਂ ਨੰ. 1, 2, 3, 4, 5, 6, 7, 10, 12, 13, 15 ਅਤੇ 16 ਦੇ ਬਿਆਨ ਬੜੇ ਸਪੱਸ਼ਟ ਇਕਬਾਲ ਹਨ, ਜੋ ਕੁਝ ਵੀ ਕੋਟਲਾ 'ਚ ਉਨ੍ਹਾਂ ਕੀਤਾ। ਨੰ. 8

ਅਤੇ 9 ਨੇ ਕੋਟਲਾ 'ਚ ਹੋਣ ਦਾ ਇਕਬਾਲ ਕੀਤਾ ਹੈ। ਨੰ. 6, 11 ਅਤੇ 14 ਨੇ ਮੰਨਿਆ ਕਿ ਫੜੇ ਜਾਣ ਸਮੇਂ ਉਹ ਗਿਰੋਹ ਦੇ ਨਾਲ ਸਨ ਤੇ ਉਨ੍ਹਾਂ ਦੇ ਇਕਬਾਲ ਅਤੇ ਦੋਸ਼ੀਆਂ ਨੰ. 3 ਤੇ 4 ਵੱਲੋਂ ਦਿੱਤੇ ਗਏ ਬਿਆਨਾਂ ਪਿੱਛੋਂ ਮੇਰੇ ਮਨ 'ਚ ਕੋਈ ਸ਼ੱਕ ਬਾਕੀ ਨਹੀਂ ਰਹਿ ਜਾਂਦਾ ਕਿ ਉਹ ਸਾਰੇ ਇਸੇ ਗਿਰੋਹ ਦੇ ਹਨ ਤੇ ਉਹ ਇੱਕੋ ਜਿਹੀ ਸਜ਼ਾ ਦੇ ਭਾਗੀ ਹਨ। ਮੈਂ ਸੰਬੰਧਤ ਅਧਿਕਾਰੀ ਨਾਲ ਸਹਿਮਤ ਹਾਂ ਤੇ ਇਨ੍ਹਾਂ ਸਾਰਿਆਂ ਲਈ ਮੌਤ ਦੀ ਸਜ਼ਾ ਤੇ ਇਨ੍ਹਾਂ ਨੂੰ ਤੁਰੰਤ ਮੌਤ ਦੇ ਘਾਟ ਉਤਾਰੇ ਜਾਣ ਦੀ ਪੁਸ਼ਟੀ ਕਰਦਾ ਹਾਂ।''

ਕਰਨਲ ਪਰਕਿਨਜ਼ ਦੀ ਰਿਪੋਰਟ, ਮਿਤੀ 6 ਫ਼ਰਵਰੀ।

ਸਿਵਲ ਸਰਜਨ ਦੀ ਰਿਪੋਰਟ ਸੁਣਵਾਈ ਦੇ ਰਿਕਾਰਡ ਨਾਲ ਨੱਥੀ ਕੀਤੀ ਗਈ ਹੈ, ਪੈਰਾ 11.

ਬਾਕੀ ਰਹਿੰਦੇ 16 ਕੈਦੀਆਂ ਨੂੰ ਉਸੇ ਦਿਨ (ਤੋਪਾਂ ਨਾਲ ਉਡਾ ਕੇ – ਕੰਪਾਈਲਰ) ਮੌਤ ਦੀ ਸਜ਼ਾ ਦੇ ਦਿੱਤੀ ਗਈ ਸੀ। ਸ੍ਰੀ ਫ਼ਾਰਸਿਥ ਅਗਲੇ ਦਿਨ ਮਲੌਦ ਗਏ ਸਨ, ਜਿੱਥੇ ਉਨ੍ਹਾਂ ਚਾਰ ਕੈਦੀਆਂ ਦੀ ਸੁਣਵਾਈ ਕੀਤੀ ਸੀ, ਜਿਨ੍ਹਾਂ ਨੂੰ ਸ੍ਰੀ ਕਾਵਨ ਨੇ ਤੁਰਤ-ਫੁਰਤ ਹੀ ਮੌਤ ਦੀ ਸਜ਼ਾ ਦੇ ਦਿੱਤੀ ਸੀ। ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਸ੍ਰੀ ਫ਼ਾਰਸਿਥ ਨੇ ਆਪਣੇ ਵਿਚਾਰ ਹੇਠ ਲਿਖੇ ਅਨੁਸਾਰ ਦਰਜ ਕੀਤੇ ਸਨ:

''ਮੈਂ ਦੋ ਕਾਰਨਾਂ ਕਰਕੇ ਸਿਰੇ ਦੀ ਸਖ਼ਤ ਕਾਨੂੰਨ ਸਜ਼ਾ ਦੇਣ ਤੋਂ ਝਿਜਕਦਾ ਹਾਂ। ਮਲੇਰਕੋਟਲਾ 'ਚ ਸਭ ਤੋਂ ਸਖ਼ਤ ਸਜ਼ਾ ਦੇਣ ਦੀ ਮਿਸਾਲ ਕਾਇਮ ਕੀਤੀ ਜਾ ਚੁੱਕੀ ਹੈ ਅਤੇ ਹੁਣ ਨਰਮੀ ਵਿਖਾਉਣ ਦੀ ਗੁੰਜਾਇਸ਼ ਹੈ।''

''ਦੂਜਾ ਕਾਰਣ ਇਹ ਹੈ ਕਿ ਸਾਰੇ ਹੀ ਕੈਦੀ ਬਹੁਤੇ ਜਾਂ ਘੱਟ ਗੰਭੀਰ ਰੂਪ ਵਿੱਚ ਜ਼ਖ਼ਮੀ ਹਨ, ਦੋ ਜਣਿਆਂ ਦੀਆਂ ਤਾਂ ਲੱਤਾਂ-ਬਾਹਾਂ ਟੁੱਟੀਆਂ ਹੋਈਆਂ ਹਨ ਅਤੇ ਇੱਕ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮੈਂ ਮੌਤ ਦੀ ਸਜ਼ਾ ਮੁਆਫ਼ ਕਰਦਾ ਹਾਂ ਅਤੇ ਇਨ੍ਹਾਂ ਕੈਦੀਆਂ ਨੂੰ ਉਮਰ ਭਰ ਲਈ ਦੇਸ਼-ਨਿਕਾਲ਼ਾ ਦਿੱਤੇ ਜਾਣ ਦੀ ਸਜ਼ਾ ਦਿੰਦਾ ਹਾਂ।''

ਸਿਵਲ ਸਰਜਨ ਦੀ ਰਿਪੋਰਟ ਸੁਣਵਾਈ ਦੇ ਰਿਕਾਰਡ ਨਾਲ ਨੱਥੀ ਕੀਤੀ ਗਈ ਹੈ, ਪੈਰਾ 11.

ਇਨ੍ਹਾਂ ਸਾਰੀਆਂ ਸਜ਼ਾਵਾਂ ਦੇ ਰਿਕਾਰਡ ਭਾਰਤ ਸਰਕਾਰ ਦੇ ਸਾਹਮਣੇ ਹਨ; ਇਹ ਨਹੀਂ ਦੱਸਿਆ ਗਿਆ ਹੈ ਕਿ ਮਲੇਰਕੋਟਲਾ 'ਚ ਕੈਦੀਆਂ ਨੂੰ ਅਸਲ 'ਚ ਫੜਿਆ ਗਿਆ ਸੀ ਉਹਨਾਂ ਦਾ ਕੀ ਕੀਤਾ? ਬੱਸ ਇੰਨਾ ਹੀ ਦਰਜ ਹੈ ਕਿ ਘੱਟੋ-ਘੱਟ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹੈ।

ਮਲੌਦ 'ਤੇ ਹਮਲੇ ਦੀ ਪਹਿਲੀ ਖ਼ਬਰ ਪੰਜਾਬ ਸਰਕਾਰ ਨੂੰ 15 ਤਰੀਕ ਨੂੰ ਮਿਲੀ ਸੀ, ਉਸ ਦੀ ਖ਼ੁਫ਼ੀਆ ਰਿਪੋਰਟ ਤੁਰੰਤ ਵਾਇਸਰਾਏ ਨੂੰ ਭੇਜੀ ਗਈ ਸੀ,

ਜਿਨ੍ਹਾਂ 16 ਤਰੀਕ ਨੂੰ ਤੁਰੰਤ ਉਪਲਬਧ ਸਭ ਤੋਂ ਵੱਧ ਤਜਰਬੇਕਾਰ ਅਧਿਕਾਰੀ ਤੋਂ ਜਾਂਚ ਕਰਵਾਉਣ ਦੇ ਹੁਕਮ ਜਾਰੀ ਕੀਤੇ ਸਨ। ਫਿਰ 16 ਤਰੀਕ ਨੂੰ ਮਲੇਰਕੋਟਲਾ 'ਤੇ ਹਮਲੇ ਦੀ ਖ਼ਬਰ ਪੰਜਾਬ ਸਰਕਾਰ ਨੂੰ ਮਿਲੀ। ਲੈਫ਼ਟੀਨੈਂਟ ਗਵਰਨਰ ਨੇ ਇਸ ਬਾਰੇ ਭਾਰਤ ਸਰਕਾਰ ਨੂੰ ਰਿਪੋਰਟ ਭੇਜੀ ਸੀ ਕਿ ਉਨ੍ਹਾਂ ਮੌਕੇ 'ਤੇ ਫ਼ੌਜੀ ਦਸਤੇ ਭੇਜਣ ਦਾ ਇੰਤਜ਼ਾਮ ਕੀਤਾ ਸੀ ਅਤੇ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪ੍ਰਭਾਵਸ਼ਾਲੀ ਸੂਬਿਆਂ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਸਨ। ਸਿਵਲ ਅਧਿਕਾਰੀਆਂ ਦੀ ਮਦਦ ਲਈ ਤੁਰੰਤ ਘੁੜਸਵਾਰ ਤੇ ਸਥਾਨਕ ਪੈਦਲ ਸੈਨਾ ਨੂੰ ਇਹ ਗ੍ਰਿਫ਼ਤਾਰੀਆਂ ਕਰਨ ਲਈ ਭੇਜਿਆ ਗਿਆ ਸੀ।

ਭਾਰਤ ਸਰਕਾਰ ਨੇ ਇਨ੍ਹਾਂ ਕਦਮਾਂ ਦੀ ਪ੍ਰਵਾਨਗੀ ਦੇ ਦਿੱਤੀ। 18 ਤਰੀਕ ਨੂੰ ਪੰਜਾਬ ਸਰਕਾਰ ਨੇ ਲਿਖਿਆ ਕਿ ਵਰਨਣ ਕੀਤੇ ਹਾਲਾਤ ਅਧੀਨ ਸ੍ਰੀ ਕਾਵਨ ਵੱਲੋਂ 49 ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ ਅਤੇ ਇਸ ਲਈ ਸਪੱਸ਼ਟੀਕਰਣ ਵੀ ਮੰਗਿਆ ਸੀ। 19 ਤਰੀਕ ਨੂੰ ਤੜਕੇ ਵਾਇਸਰਾਏ ਨੇ ਤਾਰ ਭੇਜੀ ਕਿ ਕੂਕਿਆਂ ਨੂੰ ਬਿਨਾਂ ਸੁਣਵਾਈ ਮੌਤ ਦੀ ਸਜ਼ਾ ਦੇਣੀ ਬੰਦ ਕਰੋ ਪਰ ਮਲੇਰਕੋਟਲਾ ਦੇ 16 ਹੋਰ ਵਿਅਕਤੀਆਂ ਨੂੰ ਪਹਿਲਾਂ ਹੀ (ਤੋਪਾਂ ਨਾਲ ਉਡਾ ਕੇ – ਕੰਪਾਈਲਰ) ਮੌਤ ਦੀ ਸਜ਼ਾ ਦਿੱਤੀ ਜਾ ਚੁੱਕੀ ਹੈ।

## 104

*(ਕੂਕਾ ਕੈਦੀਆਂ ਦੀ ਮੌਤ ਦੀ ਸਜ਼ਾ ਕਾਲਕ੍ਰਮ ਵਿਵਸਥਾ ਅਨੁਸਾਰ ਨਹੀਂ,*
*ਸਗੋਂ ਵਿਸ਼ਾ-ਕ੍ਰਮ ਅਨੁਸਾਰ ਹੈ – ਕੰਪਾਈਲਰ)*

ਵੱਲੋਂ

ਲੈਫ਼ਟੀਨੈਂਟ ਕਰਨਲ ਪੀ.ਐੱਨ. ਪਰਕਿਨਜ਼,
ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਲੁਧਿਆਣਾ।

ਵੱਲ

ਮੇਜਰ ਏ.ਐੱਚ ਬਾਮਫ਼ੀਲਡ, ਡਿਪਟੀ ਇੰਸਪੈਕਟਰ ਜਨਰਲ ਆੱਫ਼ ਪੁਲਿਸ, ਅੰਬਾਲਾ ਸਰਕਲ।
(ਨੰ. 56) ਮਿਤੀ ਲੁਧਿਆਣਾ, 6 ਫ਼ਰਵਰੀ, 1872.

ਮੈਨੂੰ ਤੁਹਾਡੇ ਵੱਲੋਂ ਪ੍ਰਾਪਤ ਪਿਛਲੇ ਮਹੀਨੇ ਦੀ 29 ਤਰੀਕ ਨੂੰ ਲਿਖੇ ਪੱਤਰ ਨੰ. 157 ਦੇ ਪ੍ਰਾਪਤ ਹੋਣ ਦੀ ਸੂਚਨਾ ਦੇਣ ਦਾ ਮਾਣ ਹਾਸਲ ਹੋਇਆ ਹੈ, ਜਿਸ ਵਿੱਚ ਮੈਨੂੰ ਤਾਜ਼ਾ ਕੂਕਾ ਬਗ਼ਾਵਤ ਆਦਿ ਦੀਆਂ ਕਾਰਵਾਈਆਂ ਦੀ ਇੱਕ ਅਧਿਕਾਰਤ ਰਿਪੋਰਟ ਭੇਜਣ ਲਈ ਆਖਿਆ ਗਿਆ ਸੀ।

ਮੈਂ ਮਲੌਦ ਤੇ ਕੋਟਲਾ 'ਚ ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਨਾਲ ਮੌਜੂਦ ਨਹੀਂ ਸਾਂ, ਫਿਰ ਵੀ ਕਿਉਂਕਿ ਹਰ ਸਮੇਂ ਰੋਜ਼ਾਨਾ ਵਾਪਰੀਆਂ ਘਟਨਾਵਾਂ ਬਾਰੇ ਖ਼ਾਸ ਰਿਪੋਰਟ ਰਾਹੀਂ ਇੰਸਪੈਕਟਰ ਜਨਰਲ ਨੂੰ ਸੂਚਿਤ ਕੀਤਾ ਜਾਂਦਾ ਸੀ, ਇਸੇ ਕਾਰਣ ਮੈਂ ਹਰੇਕ ਦਿਨ ਦੀਆਂ ਘਟਨਾਵਾਂ ਨੂੰ ਸੰਖੇਪ ਵਿੱਚ ਦੁਹਰਾਅ ਸਕਦਾ ਹਾਂ, ਜਿਵੇਂ ਕਿ ਪਹਿਲਾਂ ਹੀ ਰਿਪੋਰਟ ਕੀਤਾ ਜਾ ਚੁੱਕਾ ਹੈ। ਡਿਪਟੀ ਕਮਿਸ਼ਨਰ ਨੇ ਪਹਿਲੇ ਹੀ ਦਿਨ ਤੋਂ ਇਹ ਮਾਮਲਾ ਆਪਣੇ ਹੱਥਾਂ 'ਚ ਲੈ ਲਿਆ ਸੀ, ਮੈਂ ਸਿਰਫ਼ ਉਨ੍ਹਾਂ ਦੇ ਹੁਕਮਾਂ ਅਧੀਨ ਚੱਲਦਾ ਸਾਂ ਤੇ ਉਨ੍ਹਾਂ ਦੀ ਮਰਜ਼ੀ 'ਤੇ ਅਮਲ ਲਿਆਉਂਦਾ ਸਾਂ।

ਲੋਹੜੀ ਦੇ ਤਿਉਹਾਰ ਲਈ ਭੈਣੀ ਵਿਖੇ ਕੂਕਿਆਂ ਦਾ ਇਕੱਠ (ਜਿਸ ਲਈ ਕੋਈ ਪਾਬੰਦੀ ਨਹੀਂ ਸੀ ਲੱਗੀ ਹੋਈ) ਹੋਣਾ ਪਿਛਲੇ ਮਹੀਨੇ ਦੀ ਲਗਭਗ 10 ਤਰੀਕ ਤੋਂ ਸ਼ੁਰੂ ਹੋ ਗਿਆ ਸੀ, ਸਭ ਕੁਝ ਸ਼ਾਂਤੀ ਨਾਲ ਵਾਪਰਿਆ, ਰੋਜ਼ਾਨਾ ਬਹੁਤ ਸਾਰੇ ਜੱਥੇ ਆਉਂਦੇ-ਜਾਂਦੇ ਰਹੇ ਸਨ ਅਤੇ 13 ਤਰੀਕ ਤੱਕ ਕੋਈ ਆਉਂਦਾ ਸੀ ਤੇ ਕੋਈ ਘਰਾਂ ਨੂੰ ਪਰਤਦਾ ਸੀ ਪਰ ਸਕਰੌਦੀ, ਪਟਿਆਲਾ ਦੇ ਹੀਰਾ ਸਿੰਘ ਦੀ ਅਗਵਾਈ ਹੇਠ 80 ਕੁ ਵਿਅਕਤੀਆਂ ਦਾ ਇੱਕ ਜੱਥਾ ਉੱਥੇ ਹੀ ਟਿਕਿਆ ਰਿਹਾ ਸੀ। ਇੰਝ ਜਾਪਦਾ ਹੈ ਕਿ ਉਹ ਵਿਅਕਤੀ ਤਾਂ ਜਿਵੇਂ ਸੂਬਾ ਗਿਆਨੀ ਰਤਨ ਸਿੰਘ (ਗਿਆਨੀ ਤੇ ਰਤਨ ਸਿੰਘ ਦੋ ਵੱਖੋ-ਵੱਖਰੇ ਵਿਅਕਤੀ ਹਨ ਪਰ ਇਨ੍ਹਾਂ ਨੂੰ ਰਾਏਕੋਟ ਕਤਲ ਕਾਂਡ 'ਚ ਸ਼ਾਮਲ ਹੋਣ ਬਦਲੇ ਇੱਕੋ ਸਮੇਂ ਫਾਂਸੀ ਦਿੱਤੀ ਗਈ ਸੀ) ਦੀ ਮੌਤ ਦਾ ਬਦਲਾ ਲੈਣ ਲਈ ਦ੍ਰਿੜ੍ਹ ਸੀ ਅਤੇ ਭੈਣੀ ਤੋਂ ਰਵਾਨਗੀ ਸਮੇਂ ਸ਼ਰ੍ਹੇਆਮ ਆਪਣੀ ਮਨਸ਼ਾ ਪ੍ਰਗਟਾ ਰਿਹਾ ਸੀ ਤੇ ਉਹ ਉੱਥੇ ਮੌਜੂਦ ਹੋਰਨਾਂ ਲੋਕਾਂ ਨੂੰ ਵੀ ਆਪਣੇ ਨਾਲ ਸ਼ਾਮਲ ਕਰਨ ਲਈ ਭਰਮਾ ਰਿਹਾ ਸੀ ਤੇ ਕੋਟਲਾ ਜਾਣ ਦੀ ਇੱਛਾ ਬਾਰੇ ਵੀ ਦੱਸ ਰਿਹਾ ਸੀ, ਜਿੱਥੋਂ ਉਨ੍ਹਾਂ ਨੂੰ ਖ਼ਜ਼ਾਨਾ, ਹਥਿਆਰ ਆਦਿ ਮਿਲਣ ਦੀ ਆਸ ਸੀ।

ਸਾਹਨੇਵਾਲ ਦਾ ਡਿਪਟੀ ਇੰਸਪੈਕਟਰ ਸਰਫ਼ਰਾਜ਼ ਖ਼ਾਨ, ਜੋ ਭੈਣੀ 'ਚ ਮੌਜੂਦ ਸੀ, ਨੇ ਇਹ ਸਭ ਸੁਣ ਕੇ ਇੱਕ ਸਾਰਜੈਂਟ ਨੂੰ ਉਨ੍ਹਾਂ ਦਾ ਪਿੱਛਾ ਕਰਨ ਲਈ ਲਾ ਦਿੱਤਾ ਅਤੇ ਉਸ ਵਿਅਕਤੀ ਨੇ ਪਰਤ ਕੇ ਰਿਪੋਰਟ ਦਿੱਤੀ ਕਿ ਉਹ ਜੱਥਾ ਤਾਂ ਪਟਿਆਲਾ ਖੇਤਰ ਦੇ ਰਾਮਪੁਰ ਵੱਲ ਚਲਾ ਗਿਆ ਸੀ, ਫਿਰ ਇਸ ਬਾਰੇ ਉਸ ਨੇ ਦੋਰਾਹਾ, ਜਿਸ ਇਲਾਕੇ 'ਚ ਉਸ ਵੇਲੇ ਉਹ ਮੌਜੂਦ ਸਨ, ਦੇ ਥਾਣੇਦਾਰ ਨੂੰ ਲਿਖਤੀ ਰਿਪੋਰਟ ਦਿੱਤੀ ਤੇ ਖ਼ੁਦ ਇਸ ਸਬੰਧੀ ਰਿਪੋਰਟ ਦੇਣ ਲਈ ਲੁਧਿਆਣਾ ਆ ਗਏ। ਉਸ ਦੇ ਪੁੱਜਣ 'ਤੇ ਮੈਂ ਉਸ ਨੂੰ ਡਿਪਟੀ ਕਮਿਸ਼ਨਰ ਕੋਲ ਲੈ ਗਿਆ, ਜਿਨ੍ਹਾਂ ਤੁਰੰਤ ਇਹ ਜਾਣਕਾਰੀ ਪਟਿਆਲਾ ਤੇ ਕੋਟਲਾ ਦੇ ਵਕੀਲਾਂ ਨੂੰ ਦਿੱਤੀ। 14 ਤਰੀਕ ਨੂੰ ਹੋਰ ਕੁਝ ਨਹੀਂ ਸੁਣਿਆ ਤੇ ਇਹੋ ਆਸ ਪ੍ਰਗਟਾਈ ਗਈ ਕਿ ਉਹ ਜੱਥਾ ਅੱਗੇ ਜਾ ਕੇ ਖਿੰਡ-ਪੁੰਡ ਗਿਆ ਹੋਵੇਗਾ ਪਰ ਅਗਲੀ ਸਵੇਰ ਨੂੰ ਡੇਹਲੋਂ ਦੇ ਡਿਪਟੀ ਇੰਸਪੈਕਟਰ

ਤੋਂ ਮਲੌਦ 'ਤੇ ਹਮਲਾ ਹੋਣ ਦੀ ਖ਼ਬਰ ਆ ਗਈ ਅਤੇ ਤਦ ਡਿਪਟੀ ਕਮਿਸ਼ਨਰ ਅਤੇ ਮੈਂ ਖ਼ੁਦ ਘਟਨਾ-ਸਥਾਨ ਲਈ ਰਵਾਨਾ ਹੋ ਗਏ ਅਤੇ ਸੜਕ 'ਤੇ ਕੋਟਲਾ ਤੋਂ ਆਉਂਦਾ ਇੱਕ ਘੁੜਸਵਾਰ ਮਿਲਿਆ ਅਤੇ ਉਸ ਤੋਂ ਪਤਾ ਲੱਗਾ ਕਿ ਉਸ ਸਵੇਰ ਨੂੰ ਸਵੇਰੇ 8 ਵਜੇ ਇੱਕ ਹੋਰ ਹਮਲਾ ਕਰ ਦਿੱਤਾ ਗਿਆ ਸੀ। ਉਸ ਵਿਅਕਤੀ ਨੇ ਜਾਂਦੇ ਸਮੇਂ ਦੱਸਿਆ ਕਿ ਜਦੋਂ ਉਹ ਕੋਟਲਾ ਤੋਂ ਚੱਲਿਆ ਸੀ, ਤਾਂ ਉਹ ਸਾਰੀ ਜਗ੍ਹਾ ਕੂਕਿਆਂ ਦੇ ਘੇਰੇ 'ਚ ਸੀ ਤੇ ਉੱਥੇ ਭਾਰੀ ਜੰਗ ਚੱਲ ਰਹੀ ਸੀ। ਡਿਪਟੀ ਕਮਿਸ਼ਨਰ ਸ੍ਰੀ ਕਾਵਨ ਨੇ ਤੁਰੰਤ ਇੱਕ ਤਾਰ ਭੇਜ ਕੇ ਬੇਨਤੀ ਕੀਤੀ ਕਿ ਫ਼ੌਜੀ ਬਲ ਭੇਜੇ ਜਾ ਸਕਦੇ ਹਨ ਅਤੇ ਕੋਟਲਾ ਤੋਂ ਆ ਰਹੇ ਉਸੇ ਸਵਾਰ ਨੂੰ ਕਿਹਾ ਕਿ ਉਹ ਲੁਧਿਆਣਾ ਜਾ ਕੇ ਉਹ ਤਾਰ ਭੇਜ ਦੇਵੇ। ਮਲੌਦ 'ਚ ਪੁੱਜ ਕੇ ਘਟਨਾ-ਸਥਾਨ ਦਾ ਨਿਰੀਖਣ ਕੀਤਾ ਗਿਆ ਅਤੇ ਪਿੰਡ ਦੀ ਸੁਰੱਖਿਆ ਦੇ ਇੰਤਜ਼ਾਮ ਕੀਤੇ ਗਏ ਅਤੇ ਕੈਦੀਆਂ ਨੂੰ ਪੁਲਿਸ ਦੀ ਵਾਜਬ ਰਾਖੀ ਅਧੀਨ ਰੱਖਿਆ ਗਿਆ।

ਉਹ ਜੱਥਾ ਭੈਣੀ ਤੋਂ ਰਵਾਨਾ ਹੋਣ ਤੋਂ ਬਾਅਦ ਕੁਝ ਸਮੇਂ ਲਈ ਰਾਮਪੁਰ 'ਚ ਰੁਕਿਆ ਸੀ ਤੇ ਫਿਰ ਦੱਖਣ ਵੱਲ ਨੂੰ ਹੋ ਗਿਆ ਸੀ, ਫਿਰ ਪਟਿਆਲਾ ਖੇਤਰ 'ਚੋਂ ਦੀ ਲੰਘਦਿਆਂ ਡੇਹਲੋਂ ਥਾਣਾ ਅਧੀਨ ਪੈਂਦੇ ਪਿੰਡ ਰੱਬੋਂ ਨੇੜੇ ਕੂਕਾ ਭਾਈਚਾਰੇ ਦੇ ਹੀ ਕਿਸੇ ਮੈਂਬਰ ਕੋਲ ਰਾਤ ਬਿਤਾਈ ਸੀ। ਉੱਥੇ ਉਹ (13 ਤਰੀਕ ਦੀ) ਰਾਤ ਅਤੇ (14 ਤਰੀਕ ਨੂੰ) ਅਗਲੇ ਦਿਨ ਤੱਕ ਰਹੇ।

ਕੈਦੀਆਂ ਦੇ ਬਿਆਨਾਂ ਤੋਂ ਇੰਝ ਜਾਪਦਾ ਹੈ ਕਿ ਰੱਬੋਂ ਵਿਖੇ ਮਲੌਦ 'ਚ ਉੱਥੋਂ ਦੇ ਸਰਦਾਰ ਤੋਂ ਜਾ ਕੇ ਹਥਿਆਰ ਆਦਿ ਲੈਣ ਦਾ ਫੁਰਨਾ ਉਨ੍ਹਾਂ ਨੂੰ ਰਾਹ 'ਚ ਹੀ ਕਿਤੇ ਫੁਰਿਆ ਸੀ।

ਉਹ ਰੱਬੋਂ ਤੋਂ ਰਾਤੀਂ 8 ਕੁ ਵਜੇ ਚੱਲੇ ਅਤੇ ਪੱਛਮੀ ਗੇਟ ਰਾਹੀਂ ਮਲੌਦ 'ਚ ਦਾਖ਼ਲ ਹੋਏ, ਉੱਥੇ ਸੰਤਰੀ ਪਹਿਰੇ 'ਤੇ ਸਨ। ਇੱਕ ਟੋਲੀ ਤੁਰੰਤ ਆੱਨਰੇਰੀ ਮੈਜਿਸਟ੍ਰੇਟ ਸਰਦਾਰ ਬਦਨ ਸਿੰਘ ਦੇ ਘਰ ਵੱਲ ਵਧੀ, ਉਨ੍ਹਾਂ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ ਗਿਆ, ਉਨ੍ਹਾਂ ਦੀ ਗਰਦਨ 'ਤੇ ਸੱਟ ਲੱਗੀ ਸੀ। ਇੱਕ ਹੋਰ ਟੋਲੀ ਅਸਤਬਲ ਵੱਲ ਗਈ ਤੇ ਉੱਥੋਂ ਤਿੰਨ ਘੋੜੇ ਲੈ ਲਏ ਗਏ। ਸਰਦਾਰ ਦੀ ਕਚਹਿਰੀ ਲਾਗਲੇ ਮੁਨਸ਼ੀ ਨਬੀ ਬਖ਼ਸ਼ ਦਾ ਕਤਲ ਕਰ ਦਿੱਤਾ ਗਿਆ ਸੀ। ਸਾਰੀ ਗਲ਼ੀ 'ਚ ਹਮਲਾਵਰਾਂ ਦੀ ਪੂਰੀ ਭੀੜ ਸੀ ਅਤੇ ਪਿੰਡ ਵਾਸੀ ਘਰਾਂ ਦੀਆਂ ਛੱਤਾਂ ਤੋਂ ਉਨ੍ਹਾਂ 'ਤੇ ਇੱਟਾਂ ਵਰ੍ਹਾ ਰਹੇ ਸਨ, ਇੰਝ ਉੱਥੇ ਦੋ ਕੂਕੇ ਮਾਰੇ ਗਏ ਅਤੇ ਕਈ ਜ਼ਖ਼ਮੀ ਹੋ ਗਏ। ਕੂਕਿਆਂ ਨੇ ਉੱਥੋਂ ਤਿੰਨ ਕ੍ਰਿਪਾਨਾਂ ਤੇ ਡਬਲ ਬੈਰਲ ਵਾਲੀ ਬੰਦੂਕ ਲੈ ਲਈ ਤੇ ਉਹ ਇੱਕ ਘੰਟੇ ਤੱਕ ਉੱਥੇ ਹੀ ਰਹੇ ਫਿਰ ਕੋਟਲਾ ਵਾਲੇ ਪਾਸੇ ਨੂੰ ਚਲੇ ਗਏ ਤੇ ਮਾਰੇ ਗਏ ਆਪਣੇ ਸਾਥੀਆਂ ਦੀਆਂ ਲਾਸ਼ਾਂ ਤੇ ਇੱਕ ਸ਼ਿਕਾਰੀ ਬੰਦੂਕ ਨਾਲ ਜ਼ਖ਼ਮੀ ਹੋਏ ਇੱਕ ਸਾਥੀ ਤੇ ਇੱਟਾਂ ਤੇ ਲਾਠੀਆਂ ਨਾਲ ਫੱਟੜਾਂ ਨੂੰ ਉੱਥੇ ਹੀ ਛੱਡ ਗਏ।

ਡਿਪਟੀ ਕਮਿਸ਼ਨਰ ਅਗਲੀ ਸਵੇਰ (16 ਤਰੀਕ) ਨੂੰ ਮੁਲਜ਼ਮ ਧਿਰਾਂ ਦਾ ਨਿਰੀਖਣ ਕਰਨ 'ਚ ਰੁੱਝੇ ਰਹੇ ਸਨ ਅਤੇ (ਗੁਰੂ) ਰਾਮ ਸਿੰਘ ਜੀ ਲਗਭਗ 12 ਕੁ ਵਜੇ ਪੁੱਜੇ, ਜਿਨ੍ਹਾਂ ਨੂੰ ਪਿਛਲੇ ਦਿਨ ਭੈਣੀ ਤੋਂ ਸੱਦਿਆ ਗਿਆ ਸੀ ਪਰ ਡਿਪਟੀ

ਕਮਿਸ਼ਨਰ ਕਿਉਂਕਿ ਕੋਟਲਾ ਜਾਣ ਲਈ ਕਾਹਲ਼ੇ ਪਏ ਹੋਏ ਸਨ, ਇਸੇ ਲਈ (ਗੁਰੂ) ਰਾਮ ਸਿੰਘ ਜੀ ਨੂੰ ਕਿਹਾ ਗਿਆ ਕਿ ਜੇ ਲੋੜ ਪਈ, ਤਾਂ ਉਨ੍ਹਾਂ ਨੂੰ ਲੁਧਿਆਣਾ 'ਚ ਸੱਦ ਲਿਆ ਜਾਵੇਗਾ।

ਫਿਰ ਅਸੀਂ ਕੋਟਲਾ ਲਈ ਰਵਾਨਾ ਹੋਏ ਅਤੇ ਸੜਕ 'ਤੇ ਸਾਨੂੰ ਜੀਂਦ, ਨਾਭਾ ਅਤੇ ਅਮਰਗੜ੍ਹ ਦੇ ਨਾਇਬ ਨਾਜ਼ਿਮ ਵਜ਼ੀਰ ਅਲੀ (ਨਿਆਜ਼ ਅਲੀ – ਕੰਪਾਈਲਰ) ਦੇ ਰਿਸਾਲੇ ਮਿਲੇ, ਜਿਨ੍ਹਾਂ ਦੱਸਿਆ ਕਿ ਉਹ ਸ਼ੇਰਪੁਰ, ਪਟਿਆਲਾ ਨੇੜੇ ਸਮੁੱਚੇ ਗਿਰੋਹ ਨੂੰ ਫੜਨ 'ਚ ਸਫ਼ਲ ਰਹੇ ਸਨ। ਕੋਟਲਾ ਪੁੱਜ ਕੇ ਅਸੀਂ ਵੇਖਿਆ ਕਿ ਤਦ ਵੀ ਅਧਿਕਾਰੀਆਂ ਤੇ ਸ਼ਹਿਰ ਦੇ ਲੋਕਾਂ 'ਚ ਦਹਿਸ਼ਤ ਤੇ ਸਹਿਮ ਦਾ ਮਾਹੌਲ ਸੀ, ਜੋ ਲਾਗਲੀਆਂ ਰਿਆਸਤਾਂ ਦੇ ਸੁਰੱਖਿਆ ਬਲ ਵੇਖ ਕੇ ਕੁਝ ਘਟਿਆ। ਉੱਥੇ ਦਰਅਸਲ, ਆਲੇ-ਦੁਆਲਿਓਂ ਲਗਾਤਾਰ ਅਜਿਹੀਆਂ ਰਿਪੋਰਟਾਂ ਆ ਰਹੀਆਂ ਸਨ ਕਿ ਹਰ ਪਾਸਿਓਂ ਕੂਕਿਆਂ ਦੀਆਂ ਛੋਟੀਆਂ ਟੋਲੀਆਂ ਇਕੱਠੀਆਂ ਹੋ ਰਹੀਆਂ ਸਨ; ਇਸੇ ਲਈ ਉੱਥੇ ਇੱਕ ਹੋਰ ਹਮਲਾ ਹੋਣ ਦਾ ਖ਼ਦਸ਼ਾ ਪਾਇਆ ਜਾ ਰਿਹਾ ਸੀ।

ਅਗਲੀ (17 ਤਰੀਕ ਦੀ) ਸਵੇਰ ਨੂੰ ਡਿਪਟੀ ਕਮਿਸ਼ਨਰ ਅਤੇ ਮੈਂ ਸ਼ਹਿਰ ਤੇ ਘਟਨਾ-ਸਥਾਨ ਦਾ ਨਿਰੀਖਣ ਕੀਤਾ। ਉਸ ਗਿਰੋਹ ਨੂੰ ਟੁੱਟੀ ਹੋਈ ਕੰਧ 'ਚੋਂ ਦੀ ਸ਼ਹਿਰ ਅੰਦਰ ਦਾਖ਼ਲ ਹੋਣ ਵਿੱਚ ਕੋਈ ਤਕਲੀਫ਼ ਨਹੀਂ ਹੋਈ ਸੀ ਤੇ ਉਹ ਬੜੇ ਆਰਾਮ ਨਾਲ ਮਹੱਲ ਦੇ ਚੌਕ ਤੱਕ ਵੀ ਪੁੱਜ ਗਏ ਸਨ ਤੇ ਰਾਹ 'ਚ ਕਿਸੇ ਨੇ ਉਨ੍ਹਾਂ ਦਾ ਵਿਰੋਧ ਨਹੀਂ ਕੀਤਾ ਸੀ, ਮਹੱਲ ਲਾਗੇ ਥਾਣੇਦਾਰ ਤੇ ਕੁਝ ਵਿਅਕਤੀ ਮੌਜੂਦ ਸਨ ਤੇ ਉੱਥੇ ਹੀ ਅਸਲ ਜੰਗ ਹੋਈ। ਦੋਵੇਂ ਪਾਸਿਆਂ ਦੇ 15 ਵਿਅਕਤੀ ਮਾਰੇ ਗਏ। ਦੱਸਿਆ ਜਾਂਦਾ ਹੈ ਕਿ ਥਾਣੇਦਾਰ ਨੇ ਆਪਣੇ ਹੱਥਾਂ ਨਾਲ ਤਿੰਨ ਹਮਲਾਵਰਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ ਪਰ ਫਿਰ ਸਿਰ 'ਤੇ ਕ੍ਰਿਪਾਨ ਦੇ ਇੱਕ ਵਾਰ ਕਾਰਣ ਮਾਰਿਆ ਗਿਆ।

ਕੂਕਿਆਂ ਨੂੰ ਪੂਰੀ ਆਸ ਸੀ ਕਿ ਉਹ ਖ਼ਜ਼ਾਨੇ ਤੱਕ ਪੁੱਜ ਜਾਣਗੇ ਪਰ ਖ਼ੁਸ਼ਕਿਸਮਤੀ ਨਾਲ ਉਨ੍ਹਾਂ ਗ਼ਲਤ ਦਰਵਾਜ਼ਾ ਤੋੜ ਲਿਆ, ਜਿੱਥੋਂ ਉਨ੍ਹਾਂ ਨੂੰ ਕੁਝ ਕਾਗਜ਼, ਮਿਸਲਾਂ ਆਦਿ ਪਈਆਂ ਮਿਲੀਆਂ। ਉਨ੍ਹਾਂ ਕੋਠੀ 'ਚੋਂ ਕੁਝ ਹਥਿਆਰ ਲੈ ਲਏ ਪਰ ਉਨ੍ਹਾਂ ਨੂੰ ਅਸਲਾ ਨਾ ਮਿਲ ਸਕਿਆ, ਜਿਸ ਕਾਰਣ ਉਨ੍ਹਾਂ ਨੇ ਉਹ ਹਥਿਆਰ ਇੱਕ ਖੂਹ 'ਚ ਸੁੱਟ ਦਿੱਤੇ, ਜਿਨ੍ਹਾਂ ਨੂੰ ਬਾਅਦ 'ਚ ਬਰਾਮਦ ਕਰ ਲਿਆ ਗਿਆ ਸੀ। ਕੋਟਲਾ ਦੇ ਲੋਕ ਅਸਲ 'ਚ ਇਸ ਹਮਲੇ ਲਈ ਤਿਆਰ ਨਹੀਂ ਸਨ, ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਇਸ ਹਮਲੇ ਦੀ ਅਗਾਊਂ ਜਾਣਕਾਰੀ ਥੋੜ੍ਹਾ ਸਮਾਂ ਪਹਿਲਾਂ ਹੀ ਉਨ੍ਹਾਂ ਦੇ ਵਕੀਲ ਤੋਂ 14 ਤਰੀਕ ਦੀ ਸ਼ਾਮ ਨੂੰ ਛੇ ਵਜੇ ਮਿਲੀ ਸੀ। ਮੈਂ ਉਸ ਵਿਅਕਤੀ ਨੂੰ ਪਿਛਲੀ (13 ਤਰੀਕ ਦੀ) ਰਾਤ ਨੂੰ 11 ਵਜੇ ਸਭ ਕੁਝ ਦੱਸ ਦਿੱਤਾ ਸੀ ਤੇ ਦੂਰੀ ਸਿਰਫ਼ 31 ਮੀਲ ਸੀ।

ਕੈਦੀ ਕਿਉਂਕਿ 12 ਵਜੇ ਤੱਕ ਅੱਪੜੇ ਨਹੀਂ ਸਨ, ਮੈਂ ਡਿਪਟੀ ਕਮਿਸ਼ਨਰ ਨਾਲ ਵਿਚਾਰ-ਵਟਾਂਦਰਾ ਕਰ ਕੇ ਕੁਝ ਘੋੜੇ ਲੈ ਕੇ ਕੋਟਲਾ ਤੋਂ ਛੇ ਮੀਲ ਦੂਰ ਉਨ੍ਹਾਂ ਨੂੰ ਵੇਖਣ ਲਈ ਗਿਆ ਤੇ ਉਨ੍ਹਾਂ ਨੂੰ ਸੁਰੱਖਿਅਤ ਲੈ ਕੇ ਆਂਦਾ। ਉਨ੍ਹਾਂ ਬਾਗੀਆਂ ਦੇ ਇਰਾਦੇ ਤੇ ਹੌਸਲੇ ਡਾਢੇ ਬੁਲੰਦ ਸਨ, ਜੋ ਮੈਂ ਪਹਿਲਾਂ ਕਦੇ ਨਹੀਂ ਵੇਖੇ, ਉਨ੍ਹਾਂ 'ਚੋਂ ਕਈ ਜਣੇ

ਰਾਹ 'ਚ ਗਾਲ੍ਹਾਂ ਕੱਢਦੇ ਰਹੇ ਸਨ ਅਤੇ ਇਹੋ ਆਖਦੇ ਰਹੇ ਸਨ ਕਿ ਉਨ੍ਹਾਂ ਨੂੰ ਹੋਰ ਕੋਈ ਨਹੀਂ, ਬੱਸ ਆਪਣੇ ਸੰਪਰਦਾਇ ਦੀ ਹੀ ਸਰਕਾਰ ਚਾਹੀਦੀ ਹੈ।

ਡਿਪਟੀ ਕਮਿਸ਼ਨਰ ਨੇ ਗ੍ਰਿਫ਼ਤਾਰ ਕੀਤੇ 68 ਜਣਿਆਂ 'ਚੋਂ 50 ਨੂੰ ਬਿਨਾਂ ਕਿਸੇ ਸੁਣਵਾਈ ਦੇ ਤੋਪਾਂ ਨਾਲ ਉਡਾ ਕੇ ਮੌਤ ਦੀ ਸਜ਼ਾ ਦੇਣ ਦਾ ਫ਼ੈਸਲਾ ਕੀਤਾ ਸੀ, ਬਾਕੀ ਦੇ 15 ਜਣਿਆਂ ਨੂੰ ਮਲੌਦ ਲਿਜਾ ਕੇ ਮੌਤ ਦੇ ਘਾਟ ਉਤਾਰਨਾ ਸੀ ਅਤੇ ਫਿਰ ਉਸੇ ਸ਼ਾਮ ਨੂੰ ਮੌਤ ਦੀ ਸਜ਼ਾ ਦੇਣ ਦੇ ਇੰਤਜ਼ਾਮ ਕੀਤੇ ਗਏ, ਇੰਝ ਸਭ ਕੁਝ ਨਿਬੇੜ ਦਿੱਤਾ ਗਿਆ, ਜਦ ਕਿ ਕਮਿਸ਼ਨਰ ਦੀ ਚਿੱਠੀ ਬਹੁਤ ਦੇਰੀ ਨਾਲ ਮਿਲੀ, ਜਿਸ ਵਿੱਚ ਇਹ ਸਭ ਕੁਝ ਰੋਕਣ ਲਈ ਆਖਿਆ ਗਿਆ ਸੀ।

ਮੈਨੂੰ ਇਹ ਜ਼ਿਕਰ ਕਰਨਾ ਚਾਹੀਦਾ ਹੈ ਕਿ ਮੈਂ ਜਦੋਂ ਉਸ ਜੱਥੇ ਨੂੰ ਵੇਖਿਆ ਤਾਂ ਪਾਇਆ ਕਿ ਇਸ ਗਿਰੋਹ ਦੇ ਆਗੂਆਂ ਹੀਰਾ ਸਿੰਘ, ਲਹਿਣਾ ਸਿੰਘ ਵੀ ਗ੍ਰਿਫ਼ਤਾਰ ਹੋ ਚੁੱਕੇ ਸਨ ਅਤੇ ਲਹਿਣਾ ਸਿੰਘ ਨੇ ਮੈਨੂੰ ਦੱਸਿਆ ਕਿ ਸਮੁੱਚੇ ਗਿਰੋਹ ਨੂੰ ਕਾਬੂ ਕਰ ਲਿਆ ਗਿਆ ਸੀ।

ਮੌਤ ਦੀ ਸਜ਼ਾ ਦਿੱਤੇ ਜਾਣ ਦੌਰਾਨ ਇੱਕ ਕੈਦੀ ਨੇ ਡਿਪਟੀ ਕਮਿਸ਼ਨਰ 'ਤੇ ਵਹਿਸ਼ੀਆਨਾ ਢੰਗ ਨਾਲ ਹਮਲਾ ਬੋਲ ਦਿੱਤਾ ਸੀ, ਜਿਸ ਦੇ ਤੁਰੰਤ ਟੋਟੇ-ਟੋਟੇ ਕਰ ਦਿੱਤੇ ਗਏ ਸਨ। ਅਗਲੇ ਦਿਨ (18 ਤਰੀਕ ਨੂੰ) ਕਮਿਸ਼ਨਰ ਵੀ ਕਰਨਲ ਗੂ ਦੀ ਕਮਾਂਡ ਹੇਠ 12ਵੀਂ ਘੁੜਸਵਾਰ ਡੀਟੈਚਮੈਂਟ ਸਮੇਤ ਪੁੱਜ ਗਏ ਅਤੇ ਪਿਛਲੇ ਦਿਨ ਦੀਆਂ ਸ੍ਰੀ ਕਾਵਨ ਦੀਆਂ ਕਾਰਵਾਈਆਂ ਦੀ ਪੁਸ਼ਟੀ ਕੀਤੀ। ਉਨ੍ਹਾਂ ਬਾਕੀ ਰਹਿੰਦੇ ਕੈਦੀਆਂ ਦੀ ਰਸਮੀ ਸੁਣਵਾਈ ਕੀਤੀ ਅਤੇ ਉਨ੍ਹਾਂ ਨੂੰ ਵੀ ਮੌਤ ਦੀ ਸਜ਼ਾ ਸੁਣਾਈ, ਇਸ ਤੋਂ ਇਹੋ ਜ਼ਾਹਿਰ ਹੁੰਦਾ ਹੈ ਕਿ ਉਨ੍ਹਾਂ ਨੇ ਇਸ ਬਗ਼ਾਵਤ ਨੂੰ ਗੰਭੀਰ ਮੰਨਿਆ ਸੀ ਅਤੇ ਜਿਸ ਲਈ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਸੀ ਅਤੇ ਇਸ ਤੋਂ ਦੇਸ਼ ਲਈ ਵੀ ਵੱਡੇ ਖ਼ਤਰੇ ਦਾ ਖ਼ਦਸ਼ਾ ਸੀ।

ਸ਼ਾਮ ਨੂੰ ਕਮਿਸ਼ਨਰ ਨੇ ਉਨ੍ਹਾਂ ਵਿਅਕਤੀਆਂ ਨੂੰ ਇਨਾਮ ਵੰਡਣ ਲਈ ਦਰਬਾਰ ਸਜਾਇਆ, ਜਿਨ੍ਹਾਂ ਨੇ ਇਸ ਗਿਰੋਹ ਨੂੰ ਫੜਨ 'ਚ ਵਧੀਆ ਸੇਵਾ ਨਿਭਾਈ ਸੀ।

ਅਗਲੀ ਸਵੇਰ ਕਮਿਸ਼ਨਰ ਅਤੇ ਉਨ੍ਹਾਂ ਨਾਲ ਦੀ ਟੀਮ ਮਲੌਦ ਪਰਤ ਗਏ, ਜਿੱਥੇ ਉਨ੍ਹਾਂ ਚਾਰ ਕੈਦੀਆਂ ਦੀ ਸੁਣਵਾਈ ਕੀਤੀ ਤੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਤੇ ਬਾਅਦ 'ਚ ਉਹ ਸਜ਼ਾ ਜੀਵਨ ਭਰ ਲਈ ਦੇਸ਼-ਨਿਕਾਲ਼ੇ 'ਚ ਤਬਦੀਲ ਕਰ ਦਿੱਤੀ ਗਈ ਸੀ।

18 ਤਰੀਕ ਨੂੰ ਅਜਿਹੀ ਜਾਣਕਾਰੀ ਕਈ ਵਾਰ ਮਿਲੀ ਕਿ ਕੂਕਿਆਂ ਦੀਆਂ ਵੱਖੋ-ਵੱਖਰੀਆਂ ਟੋਲੀਆਂ ਕੋਟਲਾ ਵੱਲ ਨੂੰ ਆ ਰਹੀਆਂ ਸਨ ਤੇ ਇਹ ਗਿਰੋਹ ਸਪੱਸ਼ਟ ਤੌਰ 'ਤੇ ਮੌਤ ਦੀਆਂ ਸਜ਼ਾਵਾਂ ਦੀ ਗੱਲ ਸੁਣ ਕੇ ਖਿੰਡ-ਪੁੰਡ ਜਾਂਦੇ ਰਹੇ।

20 ਤਰੀਕ ਦੀ ਸਵੇਰ ਨੂੰ ਮਲੌਦ, ਰਾਮਪੁਰ ਤੇ ਭੀਰ (ਪੋਹੀਰ) ਦੇ ਸਰਦਾਰਾਂ ਨੂੰ ਮਿਲਣ ਤੋਂ ਬਾਅਦ ਕਮਿਸ਼ਨਰ ਡੇਹਲੋਂ ਤੇ ਲੁਧਿਆਣਾ ਲਈ ਰਵਾਨਾ ਹੋ ਗਏ; ਡਿਪਟੀ ਕਮਿਸ਼ਨਰ, ਕਰਨਲ ਗੂ ਤੇ ਮੈਂ ਖ਼ੁਦ ਵੀ ਉਨ੍ਹਾਂ ਦੇ ਨਾਲ ਹੀ ਸਾਂ।

ਮੈਨੂੰ ਇਹ ਜ਼ਿਕਰ ਕਰਨਾ ਚਾਹੀਦਾ ਹੈ ਕਿ 15 ਤਰੀਕ ਨੂੰ ਸਿਵਲ ਸਰਜਨ ਡਾ.

ਇੰਸੇ ਸਾਡੇ ਨਾਲ ਮਲੌਦ ਗਏ ਸਨ ਤੇ ਅਗਲੇ ਦਿਨ ਸਾਡੇ ਨਾਲ ਕੋਟਲਾ 'ਚ ਵੀ ਸਨ ਤੇ ਉਸੇ ਦਿਨ ਉਹ ਲੁਧਿਆਣਾ ਪਰਤ ਗਏ ਸਨ।

ਚਿੱਠੀ ਦੇ ਪੈਰਾ ਨੰ. 2 ਦੇ ਹਵਾਲੇ ਨਾਲ, ਮੈਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਰਾਏਕੋਟ ਕਤਲ ਕਾਂਡ ਤੋਂ ਬਾਅਦ ਜਾਣਕਾਰੀ ਆਦਿ ਹਾਸਲ ਕਰਨ ਲਈ ਕੋਈ ਅਸਾਧਾਰਣ ਕਿਸਮ ਦੇ ਕਦਮ ਚੁੱਕੇ ਗਏ ਸਨ, ਮੈਨੂੰ ਬੱਸ ਇੰਨਾ ਕੁ ਪਤਾ ਹੈ ਕਿ ਨਵੰਬਰ ਮਹੀਨੇ ਦੇ ਅੰਤ 'ਚ ਇਸ ਸੰਪਰਦਾਇ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਵਧੀਕ ਸਹਾਇਕ ਕਮਿਸ਼ਨਰ ਨਾਰਾਇਣ ਸਿੰਘ ਨੂੰ ਚਾਰਜ ਸੰਭਾਲਿਆ ਗਿਆ ਸੀ, ਜੋ ਸਿੱਧੀ ਕਮਿਸ਼ਨਰ ਅਤੇ ਡਿਪਟੀ ਇੰਸਪੈਕਟਰ ਜਨਰਲ ਨੂੰ ਰਿਪੋਰਟ ਕਰਦੇ ਸਨ; ਕੁਝ ਹੋਰ ਵਿਅਕਤੀਆਂ ਨੂੰ ਵੀ ਜ਼ਿਲ੍ਹਿਆਂ 'ਚ ਇੱਧਰ-ਉੱਧਰ ਕੁਝ ਵੀ ਸ਼ੱਕੀ ਵੇਖਣ 'ਤੇ ਉਸ ਬਾਰੇ ਰਿਪੋਰਟ ਕਰਨ ਲਈ ਕਿਹਾ ਸੀ। ਉਂਝ ਕੂਕੇ ਇਸ ਹਾਲੀਆ ਬਗ਼ਾਵਤ ਤੋਂ ਪਹਿਲਾਂ ਤਾਂ ਸ਼ਾਂਤ ਹੀ ਜਾਪਦੇ ਸਨ, ਇਹ ਬਗ਼ਾਵਤ ਵੀ ਸਮੇਂ ਤੋਂ ਪਹਿਲਾਂ ਗ਼ੈਰ-ਪਰਪੱਕ ਤਰੀਕੇ ਕਰ ਲਈ ਗਈ ਅਤੇ ਮੇਰਾ ਮੰਨਣਾ ਹੈ ਕਿ ਇਹ ਸਭ ਬਾਬਾ (ਗੁਰੂ) ਰਾਮ ਸਿੰਘ ਜੀ ਦੀ ਸੂਝ-ਬੂਝ ਤੋਂ ਉਲਟ ਸੀ, ਜਿਨ੍ਹਾਂ ਦੀਆਂ ਯੋਜਨਾਵਾਂ ਕਿਤੇ ਜ਼ਿਆਦਾ ਗੜਬੜੀ ਫੈਲਾ ਸਕਦੀਆਂ ਸਨ, ਚੰਗੇ ਭਾਗੀਂ ਪਹਿਲਾਂ ਅਨੁਮਾਨ ਲੱਗ ਗਿਆ।

ਅੰਤ 'ਚ, ਮੈਨੂੰ ਇਹ ਦੱਸਣ 'ਚ ਡਾਢੀ ਖ਼ੁਸ਼ੀ ਹੈ ਕਿ ਪੁਲਿਸ ਨੇ ਬਹੁਤ ਵਧੀਆ ਢੰਗ ਤੇ ਦਿਲ ਨਾਲ ਕੰਮ ਕੀਤਾ।

## 105

*ਨੋਟ: ਕੂਕਾ ਕੈਦੀਆਂ ਦੀ ਮੌਤ ਦੀ ਸਜ਼ਾ ਕਾਲਕ੍ਰਮ ਵਿਵਸਥਾ ਅਨੁਸਾਰ ਨਹੀਂ, ਸਗੋਂ ਵਿਸ਼ਾ-ਕ੍ਰਮ ਅਨੁਸਾਰ ਹੈ - (ਕੰਪਾਈਲਰ)*

### *ਟੈਲੀਗ੍ਰਾਮ ਮਿਤੀ 7 ਫ਼ਰਵਰੀ, 1872*

ਵੱਲੋਂ

ਭਾਰਤ ਸਰਕਾਰ।

ਵੱਲ

ਸਕੱਤਰ, ਭਾਰਤ ਸਰਕਾਰ ਲਈ, ਲੰਦਨ।

15 ਜਨਵਰੀ ਨੂੰ ਲਗਭਗ ਸਵਾ ਸੌ ਕੂਕਿਆਂ ਵੱਲੋਂ ਮਲੇਰਕੋਟਲਾ 'ਤੇ ਕੀਤੇ ਗਏ ਹਮਲੇ ਦਾ ਖ਼ਾਤਮਾ ਕੀਤਾ ਗਿਆ ਸੀ, ਜਿਸ ਦੌਰਾਨ ਅੱਠ ਵਿਅਕਤੀ ਮਾਰੇ ਗਏ ਸਨ, ਨੌਂ ਜਣਿਆਂ ਨੂੰ ਕਾਬੂ ਕਰ ਲਿਆ ਗਿਆ ਸੀ। ਬਾਕੀ ਦੇ 68 ਜਣਿਆਂ ਨੇ ਅਗਲੇ ਦਿਨ ਆਤਮਸਮਰਪਣ ਕਰ ਦਿੱਤਾ ਸੀ, 27 ਜਣੇ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ 'ਚੋਂ ਇੱਕ ਅਧਿਕਾਰੀ ਤੇ ਪਟਿਆਲਾ ਦੇ ਤਿੰਨ ਫ਼ੌਜੀ ਸ਼ਾਮਲ ਸਨ; ਕੈਦੀਆਂ ਨੂੰ ਮਲੇਰਕੋਟਲਾ (ਇਸ ਰਿਆਸਤ ਦੇ ਵਾਰਸ ਨਵਾਬ ਦੀ ਨਿਯੁਕਤੀ ਨੂੰ ਲੈ ਕੇ ਕੁਝ ਵਿਵਾਦ ਚੱਲ ਰਹੇ ਸਨ) 'ਚ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸਾਹਵੇਂ ਪੇਸ਼ ਕੀਤਾ

ਗਿਆ ਸੀ ਅਤੇ ਉੱਥੇ ਪਟਿਆਲਾ, ਜੀਂਦ ਤੇ ਨਾਭਾ ਦੇ ਲਗਭਗ ਸਾਢੇ ਸੱਤ ਸੌ ਫ਼ੌਜੀ ਬਲ ਨੌਂ ਤੋਪਾਂ ਨਾਲ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ 17 ਤਰੀਕ ਨੂੰ ਬਿਨਾਂ ਕਿਸੇ ਰਸਮੀ ਸੁਣਵਾਈ ਦੇ ਜਾਂ ਕਮਿਸ਼ਨਰ ਦੀ ਲੋੜੀਂਦੀ ਪ੍ਰਵਾਨਗੀ ਦੇ, ਗ਼ੈਰ-ਕਾਨੂੰਨੀ ਢੰਗ ਨਾਲ 49 ਜਣਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਸੀ। ਕਮਿਸ਼ਨਰ ਨੇ ਅਗਲੇ ਦਿਨ ਪੁੱਜ ਕੇ 16 ਹੋਰਨਾਂ ਦੀ ਕਾਨੂੰਨੀ ਢੰਗ ਨਾਲ ਸੁਣਵਾਈ ਕੀਤੀ ਸੀ ਤੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ (ਤੋਪਾਂ ਨਾਲ ਉਡਾਇਆ ਗਿਆ ਸੀ – ਕੰਪਾਈਲਰ) ਦਿੱਤੀ ਗਈ ਸੀ। ਭਾਰਤ ਸਰਕਾਰ ਨੇ ਥੋਕ 'ਚ ਦਿੱਤੀਆਂ ਮੌਤ ਦੀਆਂ ਸਜ਼ਾਵਾਂ ਨੂੰ ਪੂਰੀ ਤਰ੍ਹਾਂ ਅਪ੍ਰਵਾਨ ਕਰ ਦਿੱਤਾ ਸੀ ਕਿਉਂਕਿ ਇਹ ਸਭ ਪੂਰੀ ਤਰ੍ਹਾਂ ਅਨਿਆਂਪੂਰਨ ਜਾਪਦਾ ਸੀ ਤੇ ਇਸੇ ਲਈ ਡਿਪਟੀ ਕਮਿਸ਼ਨਰ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ ਤੇ ਜਾਂਚ ਬਿਠਾ ਦਿੱਤੀ ਗਈ ਸੀ। ਹੁਣ ਬਿਲਕੁਲ ਸ਼ਾਂਤੀ ਹੈ।

## 106

### ਪਟਿਆਲਾ ਦੇ ਮਹਾਰਾਜਾ ਦੇ ਮੈਮੋਰੈਂਡਮ ਦਾ ਅਨੁਵਾਦ

*ਮਿਤੀ 19 ਜਨਵਰੀ, 1872*

ਇਹ ਦੱਸਿਆ ਜਾਂਦਾ ਹੈ ਕਿ ਕੂਕਾ ਸੰਪਰਦਾਇ ਦੇ 68 ਹਮਲਾਵਰਾਂ, ਜਿਨ੍ਹਾਂ ਨੇ ਲੁਧਿਆਣਾ ਜ਼ਿਲ੍ਹੇ ਦੇ ਸ਼ਹਿਰ ਮਲੌਦ ਅਤੇ ਅਫ਼ਗ਼ਾਨਾਂ ਦੇ ਕੋਟਲਾ 'ਤੇ 14 ਜਨਵਰੀ, 1872 ਨੂੰ ਹਮਲਾ ਬੋਲ ਦਿੱਤਾ ਸੀ, ਨੂੰ ਅਮਰਗੜ੍ਹ ਦੇ ਨਾਇਬ ਨਾਜ਼ਿਮ ਸਈਅਦ ਨਿਆਜ਼ ਅਲੀ ਦੇ ਜੋਸ਼ ਸਦਕਾ ਗ੍ਰਿਫ਼ਤਾਰ ਕਰ ਲਿਆ ਗਿਆ ਸੀ; ਉਨ੍ਹਾਂ ਨੂੰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦੇ ਹੁਕਮ ਅਨੁਸਾਰ ਕੋਟਲਾ ਵਿਖੇ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ। ਇਹ ਮੰਨਿਆ ਜਾਂਦਾ ਹੈ ਕਿ ਜਿਹੜੇ ਵੀ ਵਿਅਕਤੀਆਂ ਨੇ ਬਗ਼ਾਵਤ ਕੀਤੀ ਸੀ, ਉਨ੍ਹਾਂ ਸਾਰਿਆਂ ਨੂੰ ਹੀ ਹੁਣ ਸਜ਼ਾ ਮਿਲ ਚੁੱਕੀ ਹੈ, ਪਰ ਹੁਣ ਇਹੋ ਸਲਾਹ ਦਿੱਤੀ ਜਾਂਦੀ ਹੈ ਕਿ ਜ਼ਰੂਰੀ ਸਾਵਧਾਨੀ ਵਰਤਦਿਆਂ ਰਾਜ ਦੇ ਉਨ੍ਹਾਂ ਸਾਰੇ ਲੋਕਾਂ 'ਤੇ ਹੀ ਨਜ਼ਰ ਰੱਖੀ ਜਾਵੇ, ਜੋ ਬਗ਼ਾਵਤ ਹੋਣ ਤੋਂ ਠੀਕ ਪਹਿਲਾਂ ਲੋਹੜੀ ਦੇ ਤਿਉਹਾਰ ਮੌਕੇ ਭੈਣੀ 'ਚ ਉਪਰੋਕਤ ਵਰਣਿਤ ਸੰਪਰਦਾਇ ਦੇ ਮੁਖੀ (ਗੁਰੂ) ਰਾਮ ਸਿੰਘ ਜੀ ਨੂੰ ਮਿਲਣ ਲਈ ਗਏ ਸਨ, ਉਨ੍ਹਾਂ ਨੂੰ ਜ਼ਰੂਰ ਹੀ ਗ੍ਰਿਫ਼ਤਾਰ ਕਰ ਲਿਆ ਜਾਵੇ ਤੇ ਉਨ੍ਹਾਂ ਨੂੰ ਤਦ ਤੱਕ ਹਿਰਾਸਤ 'ਚ ਰੱਖਿਆ ਜਾਵੇ, ਜਦੋਂ ਤੱਕ ਕਿ ਅਦਾਲਤ ਨੂੰ ਇਹ ਤਸੱਲੀ ਨਾ ਹੋ ਜਾਵੇ ਕਿ ਉਨ੍ਹਾਂ ਨੇ ਇਸ ਗੜਬੜੀ 'ਚ ਭਾਗ ਨਹੀਂ ਲਿਆ ਸੀ। ਅਜਿਹੇ ਇੰਤਜ਼ਾਮ ਜ਼ਰੂਰ ਕੀਤੇ ਜਾਣ ਕਿ ਇਸ ਸੰਪਰਦਾਇ ਦੇ ਮੈਂਬਰਾਂ ਨੂੰ ਕਿਤੇ ਵੀ ਗ਼ੈਰ-ਕਾਨੂੰਨੀ ਤਰੀਕੇ ਇਕੱਠ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ, ਇਸੇ ਲਈ **ਹਜ਼ੂਰ** (ਮਹਾਰਾਜਾ, ਸਰਦਾਰ ਦੇਵਾ ਸਿੰਘ, ਚੀਫ਼ ਜੱਜ) ਦੀ ਮਰਜ਼ੀ ਅਨੁਸਾਰ ਚੱਲਿਆ ਜਾਵੇ, ਜ਼ਿਲ੍ਹਿਆਂ ਦੇ ਨਾਜ਼ਿਮਾਂ ਨੂੰ ਰਾਜ ਦੇ ਉਨ੍ਹਾਂ ਸਾਰੇ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਜਾਰੀ ਕੀਤੇ ਜਾਣ, ਜੋ ਭੈਣੀ 'ਚ ਤਿਉਹਾਰ ਮੌਕੇ ਸੰਪਰਦਾਇ ਦੇ ਆਗੂ (ਗੁਰੂ) ਰਾਮ ਸਿੰਘ ਜੀ ਕੋਲ ਗਏ ਸਨ ਅਤੇ ਉਨ੍ਹਾਂ ਨੂੰ ਤਦ ਤੱਕ ਜੇਲ੍ਹ 'ਚ

ਰੱਖਿਆ ਜਾਵੇ, ਜਦੋਂ ਤੱਕ ਕਿ ਅਦਾਲਤ ਨੂੰ ਇਹ ਤਸੱਲੀ ਨਾ ਹੋ ਜਾਵੇ ਕਿ ਉਨ੍ਹਾਂ ਕਿਸੇ ਗੜਬੜੀ 'ਚ ਕੋਈ ਭਾਗ ਨਹੀਂ ਲਿਆ ਸੀ; ਅਤੇ ਜਿਹੜੇ ਵੀ ਪਿੰਡਾਂ 'ਚ ਕੂਕੇ ਰਹਿੰਦੇ ਹਨ, ਉਨ੍ਹਾਂ ਨੂੰ ਅਗਲੇ ਹੁਕਮਾਂ ਤੱਕ ਉੱਥੋਂ ਦੇ ਨੰਬਰਦਾਰਾਂ ਦੀ ਹਿਰਾਸਤ 'ਚ ਰੱਖਿਆ ਜਾਵੇ, ਨਾਲ ਹੀ ਇਹ ਵਿਸ਼ੇਸ਼ ਹਦਾਇਤ ਵੀ ਜਾਰੀ ਕੀਤੀ ਜਾਂਦੀ ਹੈ ਕਿ ਜੇ ਕੂਕਿਆਂ ਨੂੰ ਪਿੰਡਾਂ 'ਚੋਂ ਕਿਤੇ ਬਾਹਰ ਜਾਣ ਦਿੱਤਾ ਗਿਆ, ਤਾਂ ਇਸ ਲਈ ਸਿੱਧੇ ਤੌਰ 'ਤੇ ਨੰਬਰਦਾਰ ਹੀ ਜਵਾਬਦੇਹ ਹੋਣਗੇ ਅਤੇ ਪੁਲਿਸ ਵੀ ਸਖ਼ਤੀ ਨਾਲ ਕੂਕਿਆਂ ਨੂੰ ਕਿਸੇ ਥਾਂ 'ਤੇ ਇਕੱਠੇ ਨਾ ਹੋਣ ਦੇਵੇ ਅਤੇ ਜਿੱਥੇ ਕਿਤੇ ਵੀ ਉਨ੍ਹਾਂ ਨੂੰ ਇਕੱਠੇ ਹੋਇਆਂ ਵੇਖਿਆ ਜਾਵੇ, ਉਨ੍ਹਾਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਜਾਵੇ ਅਤੇ ਉਨ੍ਹਾਂ ਨੂੰ ਅਦਾਲਤਾਂ 'ਚ ਭੇਜ ਦਿੱਤਾ ਜਾਵੇ, ਜਿੱਥੇ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾ ਸਕੇ। ਪਰ ਇਸ ਦੇ ਨਾਲ ਹੀ ਇਸ ਗੱਲ ਦਾ ਖ਼ਿਆਲ ਵੀ ਜ਼ਰੂਰ ਰੱਖਿਆ ਜਾਵੇ ਕਿ ਇਸ ਸੰਪਰਦਾਇ ਦੇ ਲੋਕਾਂ 'ਤੇ ਬੇਲੋੜਾ ਜ਼ੁਲਮ ਨਾ ਢਾਹਿਆ ਜਾਵੇ, ਸਰਕਾਰ (ਪਟਿਆਲਾ ਰਿਆਸਤ) ਦੀ ਅਜਿਹੀ ਕੋਈ ਮਨਸ਼ਾ ਨਹੀਂ ਹੈ ਕਿ ਉਨ੍ਹਾਂ 'ਤੇ ਗ਼ੈਰ-ਜ਼ਰੂਰੀ ਅੱਤਿਆਚਾਰ ਢਾਹੇ ਜਾਣ, ਜੇ ਉਹ ਆਪਣਾ ਕਾਰ-ਵਿਹਾਰ ਵਧੀਆ ਰੱਖਦੇ ਹਨ, ਮੰਤਵ ਸਿਰਫ਼ ਇੰਨਾ ਕੁ ਹੈ ਕਿ ਉਨ੍ਹਾਂ ਨੂੰ ਸ਼ਾਂਤੀ ਜਾਂ ਲੋਕਾਂ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਸ ਲਈ ਸਾਰੇ ਹੀ ਫ਼ੌਜਦਾਰੀ ਤੇ ਸਿਵਲ ਅਧਿਕਾਰੀਆਂ ਨੂੰ ਇਸ ਹੁਕਮ ਦੀ ਭਾਵਨਾ ਨੂੰ ਸਮਝ ਲੈਣਾ ਚਾਹੀਦਾ ਹੈ ਤੇ ਉਸੇ ਮੁਤਾਬਕ ਹੀ ਕਾਰਵਾਈ ਪਾਉਣੀ ਚਾਹੀਦੀ ਹੈ।

ਨਾਜ਼ਿਮਾਂ ਨੂੰ ਇਹ ਹੁਕਮ ਵੀ ਦਿੱਤੇ ਜਾਂਦੇ ਹਨ ਕਿ ਰਾਜ ਦੇ ਜਿਹੜੇ ਵੀ ਵਿਅਕਤੀ ਮਲੌਦ ਤੇ ਕੋਟਲਾ 'ਤੇ ਹਮਲਿਆਂ 'ਚ ਸ਼ਾਮਲ ਸਨ, ਉਨ੍ਹਾਂ ਦੀ ਜਾਇਦਾਦ ਜ਼ਬਤ ਕਰ ਲਈ ਜਾਵੇ ਅਤੇ ਸਰਕਾਰ ਦੇ ਇਰਾਦੇ ਦੀ ਮਨਸ਼ਾ ਦੀ ਵਿਆਖਿਆ ਨਾਇਬ ਨਾਜ਼ਿਮ ਤੇ ਥਾਣੇਦਾਰਾਂ ਰਾਹੀਂ ਕੂਕਾ ਸੰਪਰਦਾਇ ਦੇ ਲੋਕਾਂ ਤੱਕ ਪਹੁੰਚਾ ਦਿੱਤੀ ਜਾਵੇ ਅਤੇ ਜੇ ਉਹ ਦਰੁਸਤ ਸਮਝਣ, ਤਾਂ ਉਹ ਇਹ ਸਭ ਆਪ ਕਰਨ। ਇਸ ਸੰਪਰਦਾਇ ਦੇ ਸਾਰੇ ਲੋਕ ਹੀ ਹਾਲ ਦੀ ਘੜੀ ਗ੍ਰਿਫ਼ਤਾਰ ਕਰ ਲਏ ਜਾਣੇ ਚਾਹੀਦੇ ਹਨ। ਇਸ ਯਾਦ-ਪੱਤਰ ਦੀ ਇੱਕ ਕਾਪੀ ਮੁਨਸ਼ੀਖਾਨਾ ਨੂੰ ਭੇਜੀ ਜਾਵੇ, ਤਾਂ ਜੋ ਸਿਆਸੀ ਅਧਿਕਾਰੀਆਂ ਤੇ 'ਪਟਿਆਲਾ ਅਖ਼ਬਾਰ' ਦੇ ਦਫ਼ਤਰ ਨੂੰ ਸੂਚਿਤ ਕੀਤਾ ਜਾ ਸਕੇ ਅਤੇ ਉਸ ਵਿੱਚ ਵੀ ਇਹ ਜਾਣਕਾਰੀ ਛਪ ਸਕੇ।''

## 107

ਵੱਲ

ਮਿਹਰਬਾਨ
ਮਾਣਯੋਗ ਆਰਗਿਲ ਦੇ ਡਿਯੂਕ, ਕੇ.ਟੀ.,
ਭਾਰਤ ਸਰਕਾਰ ਲਈ ਮਹਾਰਾਣੀ ਦੇ ਸਕੱਤਰ, ਲੰਦਨ।

ਫ਼ੋਰਟ ਵਿਲੀਅਮ

19 ਜਨਵਰੀ, 1872

ਮੇਰੇ ਲਾਰਡ ਡਿਯੂਕ,

ਅਸੀਂ ਇਸ ਨਾਲ ਨੱਥੀ ਸੂਚੀ ਵਿੱਚ ਦਰਜ ਤਾਰਾਂ ਦੀ ਇੱਕ ਕਾਪੀ ਆਪ ਮਾਣਯੋਗ ਜੀ ਲਈ ਭੇਜਦੇ ਹਾਂ, ਜੋ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ 'ਚ ਕੂਕਿਆਂ ਦੀਆਂ ਟੋਲੀਆਂ ਵੱਲੋਂ ਕੀਤੀਆਂ ਗਈਆਂ ਕੁਝ ਗੜਬੜੀਆਂ ਬਾਰੇ ਹਨ।

2. ਇਨ੍ਹਾਂ ਵਿਅਕਤੀਆਂ ਵੱਲੋਂ ਦੋ ਹਮਲੇ ਕੀਤੇ ਗਏ ਸਨ – ਇੱਕ ਹਮਲਾ ਮਲੌਦ ਦੇ ਕਿਲੇ 'ਤੇ 200 ਜਣਿਆਂ ਦੀ ਇੱਕ ਮਜ਼ਬੂਤ ਟੋਲੀ ਨੇ 14 ਜਨਵਰੀ ਦੀ ਰਾਤ ਨੂੰ ਕੀਤਾ ਸੀ; ਦੂਜਾ ਹਮਲਾ ਵੀ ਸ਼ਾਇਦ ਉਸੇ ਟੋਲੀ ਨੇ ਮਲੇਰਕੋਟਲਾ 'ਤੇ 15 ਤਰੀਕ ਦੀ ਸਵੇਰ ਨੂੰ ਕੀਤਾ ਸੀ ਤੇ ਤਦ ਉਨ੍ਹਾਂ ਦੀ ਅਨੁਮਾਨਤ ਗਿਣਤੀ 500 ਦੇ ਲਗਭਗ ਸੀ। ਦੋਵੇਂ ਹਮਲਿਆਂ 'ਚ ਜਵਾਬੀ ਕਾਰਵਾਈ ਕੀਤੀ ਗਈ ਸੀ।

3. ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦੀ ਬੇਨਤੀ 'ਤੇ ਮਜ਼ਬੂਤ ਫ਼ੌਜੀ ਬਲ ਉਨ੍ਹਾਂ ਦੀ ਮਦਦ ਲਈ ਤੁਰੰਤ ਦਿੱਲੀ ਤੇ ਜਲੰਧਰ ਤੋਂ ਭੇਜੇ ਗਏ ਸਨ। ਇਸ ਦੌਰਾਨ ਪਟਿਆਲਾ, ਨਾਭਾ ਤੇ ਜੀਂਦ ਦੇ ਮਹਾਰਾਜਿਆਂ ਨੇ ਤੁਰੰਤ ਸਹਾਇਤਾ ਭੇਜੀ ਅਤੇ ਕੋਟਲਾ 'ਤੇ ਹਮਲੇ ਲਈ ਜ਼ਿੰਮੇਵਾਰ ਲਗਭਗ 100 ਕੂਕੇ ਮਾਰੇ, ਜ਼ਖ਼ਮੀ ਹੋ ਗਏ ਹਨ ਅਤੇ ਜਾਂ ਉਨ੍ਹਾਂ ਦੇ ਆਗੂਆਂ ਲਹਿਣਾ ਸਿੰਘ ਤੇ ਹੀਰਾ ਸਿੰਘ ਸਮੇਤ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਡਿਪਟੀ ਕਮਿਸ਼ਨਰ ਨੇ ਇਸੇ ਮਹੀਨੇ ਦੀ 17 ਤਰੀਕ ਨੂੰ ਤਾਰ ਦੇ ਕੇ ਦੱਸਿਆ ਕਿ ਹੁਣ ਮੁਕੰਮਲ ਸ਼ਾਂਤੀ ਬਹਾਲ ਹੋ ਗਈ ਹੈ।

4. ਲੈਫ਼ਟੀਨੈਂਟ ਗਵਰਨਰ ਨੇ ਦਿੱਲੀ 'ਚ ਤੁਰੰਤ ਕੂਕਾ ਸੰਪਰਦਾਇ ਦੇ ਗੁਰੂ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਦਿੱਤੇ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਦੋ ਲੈਫ਼ਟੀਨੈਂਟਾਂ (ਸੂਬਿਆਂ) ਸਮੇਤ ਨਿਗਰਾਨੀ ਅਧੀਨ ਅਲਾਹਾਬਾਦ ਭੇਜ ਦਿੱਤਾ ਗਿਆ ਹੈ।

5. ਹਾਲੇ ਤੱਕ ਸਾਨੂੰ ਇਹੋ ਵੇਰਵੇ ਮਿਲੇ ਹਨ ਪਰ ਇਨ੍ਹਾਂ ਮਾਮਲਿਆਂ ਤੇ ਇਨ੍ਹਾਂ ਹਮਲਿਆਂ 'ਚ ਸ਼ਾਮਲ ਵਿਅਕਤੀਆਂ ਦੀ ਜਾਂਚ ਚੱਲ ਰਹੀ ਹੈ। ਇਹੋ ਅਨੁਮਾਨ ਹੈ ਕਿ ਮਲੌਦ ਤੇ ਕੋਟਲਾ 'ਤੇ ਹਮਲਿਆਂ ਪਿੱਛੇ ਕੂਕਿਆਂ ਦਾ ਉਦੇਸ਼ ਹਥਿਆਰ ਹਾਸਲ ਕਰਨਾ ਸੀ।

6. ਸਾਨੂੰ ਲੈਫ਼ਟੀਨੈਂਟ ਗਵਰਨਰ ਦੀ ਮੁਕੰਮਲ ਰਿਪੋਰਟ ਦੀ ਉਡੀਕ ਹੈ ਅਤੇ ਅਸੀਂ ਇਹ ਛੇਤੀ ਤੋਂ ਛੇਤੀ ਆਪ ਮਾਣਯੋਗ ਜੀ ਨੂੰ ਭੇਜ ਦੇਵਾਂਗੇ।

ਸਾਨੂੰ ਮਾਣ ਹੈ<br>
ਮੇਰੇ ਪਿਆਰੇ ਡਿਯੂਕ,<br>
ਤੁਹਾਡੇ ਮਾਣਯੋਗ ਜੀ ਦੇ ਬੇਹੱਦ ਆਗਿਆਕਾਰ<br>
ਅਤੇ ਸਨਿਮਰ ਸੇਵਕ,<br>
ਮਾਯੋ<br>
ਜੌਨ ਸਟ੍ਰੈਚੀ<br>
ਆਰ. ਟੈਂਪਲ

ਜੇ.ਐੱਫ਼. ਸਟੀਫ਼ਨ
ਬੀ.ਐੱਚ. ਐਲੀ
ਐੱਚ.ਡਬਲਿਊ. ਨੌਰਮਨ

## 108

### ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ।

*ਇਹ ਪੁੱਛਣ ਲਈ ਤਾਰ ਭੇਜਿਆ ਕਿ ਕੀ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸਹਾਇਕਾਂ ਵਿਰੁੱਧ ਰਾਜ-ਧਰੋਹ ਜਾਂ ਸਾਜ਼ਿਸ਼ ਰਚਣ ਦਾ ਮੁਕੱਦਮਾ ਚਲਾਉਣਾ ਸੰਭਵ ਨਹੀਂ ਹੋਵੇਗਾ; ਅਤੇ ਉਸ ਦਾ ਰਾਹ ਇਹ ਹੋਵੇਗਾ, 1818 ਦੇ ਰੈਗੂਲੇਸ਼ਨ* **III** *ਅਨੁਸਾਰ ਕਾਰਵਾਈ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ ਪਰ ਜੇ ਅਜਿਹਾ ਸੰਭਵ ਨਾ ਹੋਇਆ, ਤਾਂ ਵਾਰੰਟ ਜਾਰੀ ਕੀਤੇ ਜਾਣਗੇ।*

| | |
|---|---|
| ਐੱਮ. | 19 ਜਨਵਰੀ, 1872 |
| ਜੇ.ਐੱਸ. | 19 ਜਨਵਰੀ, 1872 |
| ਆਰ.ਟੀ. | 19 ਜਨਵਰੀ, 1872 |
| ਬੀ.ਐੱਚ.ਈ. | 19 ਜਨਵਰੀ, 1872 |
| ਐੱਚ.ਡਬਲਿਊ.ਐੱਨ. | 19 ਜਨਵਰੀ, 1872 |

ਸਾਧਾਰਣ ਕਾਨੂੰਨ ਅਧੀਨ ਵਾਰੰਟ ਜਾਰੀ ਕਰਨਾ ਸ਼ਾਇਦ ਜ਼ਰੂਰੀ ਹੋਵੇਗਾ, ਇਨ੍ਹਾਂ ਵਿਅਕਤੀਆਂ ਦੀ ਸੁਣਵਾਈ ਸਥਾਨਕ ਮੈਜਿਸਟ੍ਰੇਟ ਵੱਲੋਂ ਕਰਨੀ ਹੋਵੇਗੀ ਤੇ ਸਥਾਨਕ ਸਰਕਾਰ ਇਸ ਲਈ ਪ੍ਰਤੀਬੱਧ ਹੋਵੇਗਾ ਪਰ ਉਨ੍ਹਾਂ ਨੂੰ ਛੇਤੀ ਹੀ ਸਜ਼ਾ ਜ਼ਾਬਤੇ ਦੇ ਨਵੇਂ ਸੈਕਸ਼ਨ ਅਧੀਨ ਸਾਜ਼ਿਸ਼ ਲਈ ਸੁਣਵਾਈ ਅਧੀਨ ਲਿਆਉਣ 'ਚ ਸਮਾਂ ਬਰਬਾਦ ਨਹੀਂ ਕਰਨਾ ਹੋਵੇਗਾ। ਅਦਾਲਤਾਂ ਲੋੜ ਪੈਣ 'ਤੇ ਇਸ ਮਾਮਲੇ 'ਚ ਤੇਜ਼ੀ ਨਾਲ ਕੰਮ ਕਰ ਸਕਦੀਆਂ ਹਨ।

*ਆਈਪੀਐੱਸ. 20 ਜਨਵਰੀ, 1872*

ਆਖ਼ਰ 'ਚ ਮਹਾਮਹਿਮ ਗਵਰਨਰ ਜਨਰਲ ਤੋਂ ਇਹ ਵਾਰੰਟ ਜਾਰੀ ਹੋਣ ਦੇ ਮੈਂ ਕੋਈ ਹੁਕਮ ਨਹੀਂ ਵੇਖੇ, ਉਹ ਹਾਸਲ ਕਰਨੇ ਚਾਹੀਦੇ ਹਨ; ਪਰ ਕਿਉਂਕਿ ਕੈਦੀਆਂ ਨੂੰ ਅਲਾਹਾਬਾਦ ਭੇਜਿਆ ਜਾ ਚੁੱਕਾ ਹੈ, ਇੰਝ ਜਾਪਦਾ ਹੈ, ਜੋ ਵੀ ਸ੍ਰੀ ਸਟੀਫ਼ਨ ਲਿਖਦੇ ਹਨ ਕਿ ਵਾਰੰਟ ਜਾਰੀ ਜ਼ਰੂਰ ਹੋਣੇ ਚਾਹੀਦੇ ਹਨ, ਭਾਵੇਂ ਮੈਨੂੰ ਵੀ ਇਹ ਪਤਾ ਨਹੀਂ ਕਿ ਕਿਉਂ।

ਮਹਾਮਹਿਮ ਵੱਲੋਂ ਭੇਜੀ ਤਾਰ ਨੂੰ ਮੈਂ ਨਹੀਂ ਵੇਖਦਾ ਤੇ ਜਵਾਬ ਨਹੀਂ ਦਿੰਦਾ।

*ਬੀ.ਐੱਚ.ਈ. 20 ਜਨਵਰੀ, 1872*

ਸ੍ਰੀ ਕਾਵਨ ਦੀ ਕਾਰਵਾਈ ਸ੍ਰੀ ਫ਼ਾਰਸਿਥ ਤੇ ਲੈਫ਼ਟੀਨੈਂਟ ਗਵਰਨਰ ਦੋਵਾਂ ਨੇ ਹੀ ਪਹਿਲਾਂ ਹੀ ਨਾ-ਮਨਜ਼ੂਰ ਕਰ ਦਿੱਤੀ ਹੈ।

ਪੰਜਾਬ ਸਰਕਾਰ ਦੇ ਜਵਾਬ ਦਾ ਭਾਵ ਜ਼ਰੂਰ ਕੌਂਸਲ 'ਚ ਵਿਚਾਰਨਾ ਹੋਵੇਗਾ।

ਐਮ. 22 ਜਨਵਰੀ, 1872
ਜੇਐੱਸ. 22 ਜਨਵਰੀ, 1872
ਆਰ.ਟੀ. 22 ਜਨਵਰੀ, 1872
ਜੇ.ਐੱਫ਼.ਬੀ. 22 ਜਨਵਰੀ, 1872
ਵੇਖ ਲਿਆ ਤੇ ਅੱਗੇ ਲੰਘਾ ਦਿੱਤਾ।
ਬੀ.ਐੱਚ.ਈ. 22 ਜਨਵਰੀ, 1872
ਐੱਚ.ਡਬਲਿਊ.ਐੱਨ. 22 ਜਨਵਰੀ, 1872

# 109

*1872 ਦੇ ਜਨਵਰੀ ਮਹੀਨੇ ਲਈ ਸੈਸ਼ਨਜ਼ ਦਾ ਨੰ. 1.*

ਅੰਬਾਲਾ ਡਿਵੀਜ਼ਨ ਦੇ ਸੈਸ਼ਨਜ਼ ਜੱਜ ਟੀ.ਡੀ. ਫ਼ਾਰਸਿਥ, ਐੱਸਕ., ਸੀ.ਬੀ. ਵੱਲੋਂ ਲੁਧਿਆਣਾ ਜ਼ਿਲ੍ਹੇ ਦੇ ਮਲੌਦ 'ਚ 19 ਜਨਵਰੀ, 1872 ਨੂੰ ਨਿਮਨਲਿਖਤ ਮੁਲੰਕਣਕਰਤਾਵਾਂ ਦੀ ਮਦਦ ਨਾਲ ਲਾਈ ਸੈਸ਼ਨਜ਼ ਅਦਾਲਤ ਦੀਆਂ ਕਾਰਵਾਈਆਂ: ਮੀਰ ਹਾਸ਼ਮ ਖ਼ਾਨ ਬਹਾਦਰ, ਰਿਸਾਲਦਾਰ; (2) ਗ਼ੁਲਾਮ ਕਾਦਿਰ, ਔਬ ਦਾ ਸੁਪਰਇੰਟੈਂਡੈਂਟ; (3) ਮਤਾਬ ਸਿੰਘ, ਨੰਬਰਦਾਰ, ਦਾਊਦਾ।

*ਮਹਾਰਾਣੀ ਬਨਾਮ*
1. ਭਗਵਾਨ ਸਿੰਘ ਪੁੱਤਰ ਰਾਮ ਸਿੰਘ, ਕੂਕਾ।
2. ਗਿਆਨ ਸਿੰਘ ਪੁੱਤਰ ਡੱਲਾ ਸਿੰਘ, ਕੂਕਾ।
3. ਥੰਮਣ ਸਿੰਘ ਪੁੱਤਰ ਅੱਬੇਲ ਸਿੰਘ, ਕੂਕਾ।
4. ਮਿਹਰ ਸਿੰਘ ਪੁੱਤਰ ਗੁਲਾਬਾ, ਕੂਕਾ।

**ਦੋਸ਼:** ਕਤਲ ਨਾਲ ਡਕੈਤੀ, ਸੈਕਸ਼ਨ 396, ਭਾਰਤੀ ਸਜ਼ਾ ਜ਼ਾਬਤਾ।

**ਕੰਪਾਈਲਰ ਦਾ ਨੋਟ:** (ਫ਼ਾਈਲ 'ਚੋਂ ਕੇਵਲ ਅਹਿਮ ਅੰਸ਼ ਦਿੱਤੇ ਗਏ ਹਨ)।

ਸ੍ਰੀ ਐੱਲ. ਕਾਵਨ ਨੇ ਸੈਸ਼ਨਜ਼ ਅਦਾਲਤ 'ਚ ਮੁਲਜ਼ਮਾਂ ਵਿਰੁੱਧ ਭਾਰਤੀ ਸਜ਼ਾ ਜ਼ਾਬਤੇ ਦੇ ਸੈਕਸ਼ਨ 396 ਅਧੀਨ ਕਤਲ ਨਾਲ ਡਕੈਤੀ ਲਈ ਨਾਮਜ਼ਦ ਕੀਤਾ। ਮੁਲਜ਼ਮਾਂ ਦਾ ਨਿਰੀਖਣ ਤੇ ਗਵਾਹੀਆਂ 15 ਤੇ 16 ਜਨਵਰੀ ਨੂੰ ਜਾਰੀ ਰਹੀਆਂ। ਮਲੌਦ 'ਚ 16 ਤਰੀਕ ਨੂੰ ਸ੍ਰੀ ਕਾਵਨ ਨੇ ਨਿਮਨਲਿਖਤ ਹੁਕਮ ਜਾਰੀ ਕੀਤਾ ਤੇ ਫਿਰ ਛੇਤੀ ਮਗਰੋਂ ਮਲੇਰਕੋਟਲਾ ਰਵਾਨਾ ਹੋ ਗਏ।

**ਹੁਕਮ:** ਮੁਲਜ਼ਮ ਸਾਹਿਬ ਸਿੰਘ ਵਿਰੁੱਧ ਵਾਰੰਟ ਜਾਰੀ ਕਰਨ ਲਈ ਕਾਫ਼ੀ ਸਬੂਤ ਮੌਜੂਦ ਸਨ, ਤਾਂ ਜੋ ਉਨ੍ਹਾਂ ਦੀ ਸੁਣਵਾਈ ਹੋ ਸਕੇ। ਮੈਂ ਉਨ੍ਹਾਂ ਦਾ ਨਿਰੀਖਣ ਕਰਨ ਤੋਂ ਪਹਿਲਾਂ ਬਾਕੀ ਦੇ ਦੋ ਮੁਲਜ਼ਮਾਂ ਲਈ ਪੁਲਿਸ ਦੀ ਇੱਕ ਰਿਪੋਰਟ ਉਡੀਕ ਰਿਹਾ ਹਾਂ।

ਐੱਲ. ਕਾਵਨ

16 ਜਨਵਰੀ, 1872 ਮੈਜਿਸਟ੍ਰੇਟ

**ਹੁਕਮ:** ਇੱਕ ਰਿਪੋਰਟ ਪ੍ਰਾਪਤ ਕੀਤੀ ਗਈ ਹੈ ਕਿ ਕੂਕਿਆਂ ਦੇ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਨੂੰ ਭਾਰੀ ਮੀਂਹ ਕਾਰਨ ਰੁਕੇ ਸਨ ਪਰ ਉਹ ਛੇਤੀ ਹੀ ਇੱਥੇ ਹੋਣਗੇ। ਬਹਾਨਾ ਬਿਲਕੁਲ ਵਾਜਬ ਹੈ, ਜਿਵੇਂ ਕਿ ਕੱਲ੍ਹ ਦੁਪਹਿਰ 1:00 ਵਜੇ ਉਨ੍ਹਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਤਦ ਤੋਂ ਹੀ ਮੀਂਹ ਪੈ ਰਿਹਾ ਹੈ।

ਹੁਣ ਮੈਂ ਕਿਉਂਕਿ ਕੋਟਲਾ ਲਈ ਰਵਾਨਾ ਹੋ ਰਿਹਾ ਹਾਂ ਅਤੇ ਨੋਟਿਸ ਦੇ ਦਿੱਤਾ ਗਿਆ ਹੈ ਕਿ ਬਾਬਾ (ਗੁਰੂ) ਰਾਮ ਸਿੰਘ ਜੀ ਭੈਣੀ ਪਰਤ ਸਕਦੇ ਹਨ। ਉਨ੍ਹਾਂ ਨੂੰ ਲੋੜ ਪੈਣ ’ਤੇ ਲੁਧਿਆਣਾ ’ਚ ਸੱਦ ਲਿਆ ਜਾਵੇਗਾ, ਜਦੋਂ ਵੀ ਮੈਂ ਪਰਤਾਂਗਾ।

ਮੁਲਤਵੀ ਕੀਤੀ ਜਾਂਦੀ ਹੈ।

ਐੱਲ. ਕਾਵਨ,

16 ਜਨਵਰੀ, 1872 ਮੈਜਿਸਟ੍ਰੇਟ

## ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵੱਲੋਂ ਜਨਵਰੀ 1872 ’ਚ ਤਿਆਰ ਕੀਤਾ ਕੈਦੀਆਂ ਦਾ ਕੈਲੰਡਰ, ਜਿਨ੍ਹਾਂ ਦੀ ਸੁਣਵਾਈ *ਸੈਸ਼ਨ ਜੱਜ ਸਾਹਵੇਂ ਹੋਣੀ ਹੈ*

***(ੳ) ਨਾਮ, ਪਿਤਾ ਦਾ ਨਾਮ, ਰਿਹਾਇਸ਼, ਜਾਤ ਤੇ ਮੁਲਜ਼ਮ ਦੀ ਉਮਰ***

(1) ਭਗਵਾਨ ਸਿੰਘ ਪੁੱਤਰ ਰਾਮ ਸਿੰਘ ਕੂਕਾ।

(2) ਗਿਆਨ ਸਿੰਘ ਪੁੱਤਰ ਦੁੱਲਾ ਸਿੰਘ ਕੂਕਾ।

(3) ਥੰਮਣ ਸਿੰਘ ਪੁੱਤਰ ਅਲਬੇਲ ਸਿੰਘ ਕੂਕਾ।

(4) ਮਿਹਰ ਸਿੰਘ ਪੁੱਤਰ ਗੁਲਾਬਾ ਕੂਕਾ।

**(ਅ) ਜੁਰਮ ਤੇ ਉਸ ਨੂੰ ਅੰਜਾਮ ਦੇਣ ਦੀ ਮਿਤੀ**

14 ਜਨਵਰੀ, 1872 ਨੂੰ ਕੀਤਾ ਗਿਆ ਕਤਲ ਤੇ ਡਕੈਤੀ।

**(ੲ) ਫ਼ੌਜਦਾਰੀ ਦੀ ਅਦਾਲਤੀ ਕਾਰਵਾਈ ਲਈ**

1. ਦਸੌਂਧੀ, 2. ਕਿਸ਼ਨਾ, 3. ਸੂਬਾ, 4. ਹਰੀ ਸਿੰਘ, 5. ਸਰਦਾਰ ਬਦਨ ਸਿੰਘ, 6. ਨਿਹਾਲ ਸਿੰਘ, 7. ਸਾਹਿਬ ਸਿੰਘ, 8. ਰਾਮ ਸਿੰਘ, 9. ਸੁੰਦਰ, 10. ਨਥਵਾ, 11. ਬਸਾਵਾ, 12. ਸਰਫ਼ਰਾਜ਼ ਖ਼ਾਨ ਡਿਪਟੀ ਇੰਸਪੈਕਟਰ, 13. ਧੌਂਕਲ, 14. ਕ੍ਰਿਪਾ।

**(ਸ) ਮਿਲੇ ਮੈਡੀਕਲ ਸਬੂਤ**

1. ਦਸੌਂਧੀ, 2. ਕਿਸ਼ਨਾ, 3. ਸੂਬਾ, 4. ਹਰੀ ਸਿੰਘ, 5. ਸਰਦਾਰ ਬਦਨ ਸਿੰਘ, 6. ਨਿਹਾਲ ਸਿੰਘ, 7. ਸੂਬਾ ਸਿੰਘ।

**(ਹ) ਬਚਾਅ ਪੱਖ:** ਕੋਈ ਨਹੀਂ।

**(ਕ) ਮੁਲਜ਼ਮਾਂ ਦੇ ਨਾਮ:** 1, 2, 3, 4.

**(ਖ) ਗ੍ਰਿਫ਼ਤਾਰ ਕਰਨ ਦੀ ਮਿਤੀ:** 14 ਜਨਵਰੀ, 1872.

**(ਗ) ਜ਼ਮਾਨਤ ’ਤੇ ਜਾਂ ਜੇਲ੍ਹ ’ਚ:** ਜੇਲ੍ਹ।

## ਕੇਸਾਂ ਦਾ ਤੱਤ-ਸਾਰ

ਚਾਰ ਮੁਲਜ਼ਮਾਂ - ਭਗਵਾਨ ਸਿੰਘ, ਗਿਆਨ ਸਿੰਘ, ਥੰਮਣ ਸਿੰਘ ਤੇ ਮਿਹਰ ਸਿੰਘ ਵਿਰੁੱਧ। ਸਬੂਤ ਸਪੱਸ਼ਟ ਤੇ ਫ਼ੈਸਲਾਕੁੰਨ ਹੈ। ਉਹ ਸਾਰੇ ਜ਼ਖ਼ਮੀ ਹਨ ਅਤੇ ਉਨ੍ਹਾਂ ਨੂੰ ਉਸੇ ਜੁਰਮ ਦੇ ਅੰਜਾਮ ਦਿੱਤੇ ਜਾਣ ਸਮੇਂ ਮੌਕੇ ’ਤੇ ਲਿਜਾਂਦਾ ਗਿਆ ਸੀ, ਜਿਸ ਦਾ ਉਨ੍ਹਾਂ ’ਤੇ ਦੋਸ਼ ਲੱਗਾ ਹੈ। ਫੜੇ ਜਾਣ ਸਮੇਂ ਉਨ੍ਹਾਂ ਦੀ ਮੌਜੂਦਗੀ ਕਿਸੇ ਤਰ੍ਹਾਂ ਦੀ ਨਿਰਦੋਸ਼ਤਾ ਲਈ ਨਾਮੁਨਾਸਬ ਹੈ। ਬਾਕੀ ਦੇ ਤਿੰਨ ਕੈਦੀਆਂ ਦੇ ਆਚਾਰ-ਵਿਹਾਰ ਦੀ ਹੋਰ ਜਾਂਚ ਜ਼ਰੂਰ ਹੋਣੀ ਚਾਹੀਦੀ ਹੈ, ਜਿਨ੍ਹਾਂ ਨੂੰ ਵੱਖਰੀ ਜਾਂਚ ਤੇ ਚਾਲਾਨ ਲਈ ਪੁਲਿਸ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਕੋਲ ਭੇਜਿਆ ਜਾਂਦਾ ਹੈ। ਮੁਲਜ਼ਮ ਨੰ. 1 ਤੋਂ 4 ਤੱਕ ਇਸ 19 ਜਨਵਰੀ, 1872 ਨੂੰ ਸੈਸ਼ਨਜ਼ ਜੱਜ ਸਾਹਵੇਂ ਸੁਣਵਾਈ ਹੋਵੇਗੀ। ਇਹ ਹੁਕਮ ਉਨ੍ਹਾਂ ਨੂੰ ਦੱਸ ਦਿੱਤਾ ਗਿਆ ਹੈ, ਉਨ੍ਹਾਂ ਦਾ ਕੋਈ ਗਵਾਹ ਨਹੀਂ ਹੈ।

ਕੈਂਪ ਮਲੇਰਕੋਟਲਾ, 19 ਜਨਵਰੀ, 1872.

ਐੱਲ. ਕਾਵਨ
ਮੈਜਿਸਟ੍ਰੇਟ

### ਮਹਾਰਾਣੀ *ਬਨਾਮ* 1. ਭਗਵਾਨ ਸਿੰਘ, 2. ਗਿਆਨ ਸਿੰਘ, 3. ਥੰਮਣ ਸਿੰਘ ਅਤੇ 4. ਮਿਹਰ ਸਿੰਘ.

ਗਵਾਹ ਨੰ. 1 ਅਦਾਲਤ ਦੀ ਫ਼ੌਜਦਾਰੀ ਕਾਰਵਾਈ ਲਈ, ਸਰਫ਼ਰਾਜ਼ ਖ਼ਾਨ, ਡਿਪਟੀ ਇੰਸਪੈਕਟਰ ਆੱਫ਼ ਪੁਲਿਸ - ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ। ਵਿਧੀ ਪੂਰਵਕ ਪੁਸ਼ਟੀ ਕਰਦਾ ਹਾਂ: ਇਸ ਮਹੀਨੇ ਦੀ 11 ਤਰੀਕ ਨੂੰ ਮੈਂ ਉੱਥੇ ਮੇਲੇ ’ਚ ਕਾਨੂੰਨ ਤੇ ਵਿਵਸਥਾ ਦਾ ਖ਼ਿਆਲ ਰੱਖਣ ਲਈ ਗਿਆ ਸਾਂ। ਮੇਲਾ 12 ਨੂੰ ਖ਼ਤਮ ਹੋ ਗਿਆ ਸੀ। 13 ਦੀ ਸਵੇਰ ਨੂੰ ਮੈਂ ਸੁਣਿਆ ਕਿ ਮਸਤਾਨੇ ਕੂਕਿਆਂ ਦੀ ਇੱਕ ਟੋਲੀ ਨੇ ਬਾਕੀਆਂ ਨਾਲੋਂ ਖ਼ੁਦ ਨੂੰ ਵੱਖ ਕਰ ਲਿਆ ਸੀ। ਨੰਬਰਦਾਰ ਤੇ ਚੌਕੀਦਾਰ ਨੇ ਮੈਨੂੰ ਇਸ ਬਾਰੇ ਦੱਸਿਆ ਸੀ ਤੇ ਇਹ ਵੀ ਕਿਹਾ ਸੀ ਕਿ ਉਹ ਕੋਈ ਗ਼ਲਤ ਕੰਮ ਕਰਨ ਲੱਗੇ ਹਨ। ਤਦ ਮੈਂ ਤੁਰੰਤ (ਗੁਰੂ) ਰਾਮ ਸਿੰਘ ਜੀ ਕੋਲ ਗਿਆ ਤੇ ਕਿਹਾ ਕਿ ਮੈਂ ਉਨ੍ਹਾਂ ਨਾਲ ਇਕੱਲਾ ਗੱਲ ਕਰਨੀ ਚਾਹੁੰਦਾ ਹਾ। ਉਨ੍ਹਾਂ ਕਿਹਾ ਕਿ ਇਹ ਲੋਕ ਭਾਵ ਸਕਰੌਦੀ, ਪਟਿਆਲਾ ਦੇ ਨਿਵਾਸੀ ਹੀਰਾ ਸਿੰਘ ਤੇ ਲਹਿਣਾ ਸਿੰਘ ਇਸ ਟੋਲੀ ਦੇ ਆਗੂ ਹਨ ਤੇ ਉਹ ਮੇਰੀ ਗੱਲ ਨਹੀਂ ਸੁਣਨਗੇ। ਮੈਂ ਪੁੱਛਿਆ ਕਿਹਾ ਕਿ ਉਹ ਅਜਿਹਾ ਕਿਉਂ ਕਰ ਰਹੇ ਹਨ ਤੇ ਉਨ੍ਹਾਂ ਦੀ ਮਨਸ਼ਾ ਕੀ ਹੈ? ਉਨ੍ਹਾਂ ਮੈਨੂੰ ਕੋਈ ਜਵਾਬ ਨਾ ਦਿੱਤਾ ਤੇ ਸਿਰਫ਼ ਇਹੋ ਕਿਹਾ ਕਿ ਉਹ ਮਸਤਾਨੇ ਹੋ ਗਏ ਹਨ।

ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਨਾਵਾਂ ਦੀ ਇੱਕ ਸੂਚੀ ਦੇਣ ਲਈ ਕਿਹਾ। ਉਨ੍ਹਾਂ ਮੈਨੂੰ 13 ਵਿਅਕਤੀਆਂ ਦੀ ਇੱਕ ਸੂਚੀ ਦਿੱਤੀ। ਮੈਂ ਉਹ ਸੂਚੀ ਬਾਅਦ ’ਚ ਦਫ਼ਤਰ ’ਚ ਦੇ ਦਿੱਤੀ ਸੀ। ਇੱਥੇ ਮੇਰੇ ਕੋਲ ਉਸ ਦੀ ਇੱਕ ਕਾਪੀ ਹੈ ਤੇ ਮੈਂ ਉਨ੍ਹਾਂ ਦੇ ਨਾਂਅ ਪੜ੍ਹਦਾ ਹਾਂ: ਲਹਿਣਾ ਸਿੰਘ ਪੁੱਤਰ ਮਹਿਤਾਬ ਸਿੰਘ ਅਤੇ ਹੀਰਾ ਸਿੰਘ - ਮੁਖੀ, ਅਨੂਪ ਸਿੰਘ, ਊਧਮ ਸਿੰਘ, ਨੰਦ ਸਿੰਘ ਨਿਵਾਸੀ ਹੰਡਿਆਇਆ, ਜੋਗਾ ਸਿੰਘ, ਵਰਿਆਮ

ਸਿੰਘ, ਭਾਗ ਸਿੰਘ ਵਾਸੀ ਮਹਿਰਾਜ, ਨਾਰਾਇਣ ਸਿੰਘ ਨਿਵਾਸੀ ਰੜ੍ਹ, ਸਾਹਿਬ ਸਿੰਘ, ਸੁਜਾਨ ਸਿੰਘ, ਗਿਆਨ ਸਿੰਘ ਤੇ ਖਾਨ ਸਿੰਘ, ਵਾਸੀ ਬਲਹੇੜਾ।

ਉਸ ਨੇ ਕਿਹਾ ਕਿ ਉਸ ਨੂੰ ਇਸ ਤੋਂ ਵੱਧ ਹੋਰ ਜਾਣਕਾਰੀ ਨਹੀਂ ਹੈ। ਮੈਂ ਪੁੱਛਿਆ ਕਿ ਉਹ ਸਾਰੇ ਕਿੰਨੇ ਕੁ ਲੋਕ ਸਨ; ਉਸ ਨੇ ਦੱਸਿਆ ਕਿ ਲਗਭਗ ਪੰਜਾਹ ਜਾਂ ਸੱਠ। ਤਦ ਮੈਂ ਸੁੱਖੂ ਨੰਬਰਦਾਰ; ਦੌਲਤ ਰਾਮ ਨੰਬਰਦਾਰ, ਭਗਵਾਨਾ ਚੌਕੀਦਾਰ ਅਤੇ ਕਲੰਦਰ ਖ਼ਾਨ ਸਾਰਜੈਂਟ ਤੋਂ ਪੁੱਛਿਆ ਕਿ ਭੈਣੀ 'ਚ ਆਪਣੇ ਸਾਥੀਆਂ ਤੋਂ ਵੱਖ ਹੋਈ ਟੋਲੀ ਵਿੱਚ ਕਿੰਨੇ ਕੁ ਲੋਕ ਇਕੱਠੇ ਹੋਏ ਸਨ।

ਉਨ੍ਹਾਂ ਨੇ ਗਿਣਤੀ ਲਗਭਗ 100 ਦੱਸੀ। ਇਸ ਤੋਂ ਬਾਅਦ ਮੈਂ (ਗੁਰੂ) ਰਾਮ ਸਿੰਘ ਜੀ ਨੂੰ ਕਿਹਾ ਕਿ ਤੁਸੀਂ ਉਨ੍ਹਾਂ ਨੂੰ ਆਖੋ ਕਿ ਉਹ ਕੋਈ ਗੜਬੜੀ ਨਾ ਕਰਨ ਤੇ ਉਨ੍ਹਾਂ ਨੂੰ ਇੱਥੋਂ ਭੇਜ ਦੇਵੋ। ਉਹ ਗਏ ਅਤੇ ਆਪਣੇ ਗਲ਼ੇ 'ਚ ਪਰਨਾ ਪਾ ਕੇ ਉਨ੍ਹਾਂ ਨੂੰ ਆਖਿਆ,''ਆਪਣੇ ਘਰਾਂ ਨੂੰ ਚਲੇ ਜਾਓ ਤੇ ਇੱਥੇ ਕੋਈ ਹੰਗਾਮਾ ਖੜ੍ਹਾ ਨਾ ਕਰੋ, ਮੇਰੇ ਲਈ ਮੁਸੀਬਤ ਖੜ੍ਹੀ ਹੋ ਜਾਵੇਗੀ।'' ਉਨ੍ਹਾਂ ਜਵਾਬ ਦਿੱਤਾ ਕਿ ਥੋੜ੍ਹਾ ਖਾਣਾ ਦੇ ਦੇਵੋ ਤੇ ਅਸੀਂ ਚਲੇ ਜਾਵਾਂਗੇ। ਬਾਬਾ ਜੀ ਨੇ ਉਨ੍ਹਾਂ ਨੂੰ ਭੋਜਨ ਖਵਾਇਆ ਤੇ ਉਹ ਚਲੇ ਗਏ ਤੇ (ਗੁਰੂ) ਰਾਮ ਸਿੰਘ ਜੀ ਨੇ ਉਨ੍ਹਾਂ ਦੇ ਚਲੇ ਜਾਣ ਬਾਰੇ ਦੱਸਿਆ।

ਤਦ ਮੈਂ ਸਾਰਜੈਂਟ ਤੇ ਹਰੀ ਸਿੰਘ ਨੂੰ ਉਨ੍ਹਾਂ ਦਾ ਪਿੱਛਾ ਕਰ ਕੇ ਇਹ ਪਤਾ ਲਾਉਣ ਲਈ ਕਿਹਾ ਕਿ ਉਹ ਕਿਹੜੇ ਰਾਹ 'ਤੇ ਜਾ ਰਹੇ ਹਨ। ਉਹ ਪਟਿਆਲਾ ਖੇਤਰ 'ਚ ਰਾਮਪੁਰ ਕਟਾਣੀ ਵੱਲ ਗਏ ਸਨ।

ਜਦੋਂ ਉਹ ਪਟਿਆਲਾ ਖੇਤਰ 'ਚ ਪੁੱਜ ਗਏ, ਤਾਂ ਸਾਰਜੈਂਟ ਤੇ ਦੂਜਾ ਵਿਅਕਤੀ ਪਰਤ ਆਏ ਤੇ ਸਭ ਕੁਝ ਦੱਸਿਆ। ਮੈਂ ਤੁਰੰਤ ਦੋਰਾਹਾ ਦੇ ਥਾਣੇਦਾਰ ਨੂੰ ਇਸ ਬਾਰੇ ਲਿਖਤੀ ਜਾਣਕਾਰੀ ਦਿੱਤੀ। ਫਿਰ ਮੈਂ ਸ਼ਾਮ ਦੀ ਰੇਲ-ਗੱਡੀ ਰਾਹੀਂ ਲੁਧਿਆਣਾ ਆਇਆ ਤੇ ਰਾਤੀਂ 10 ਵਜੇ ਪੁਲਿਸ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਤੇ ਫਿਰ ਡਿਪਟੀ ਕਮਿਸ਼ਨਰ ਨੂੰ ਜਾਣਕਾਰੀ ਦਿੱਤੀ।

ਫਿਰ ਮੈਨੂੰ ਵੱਖੋ-ਵੱਖਰੇ ਵਕੀਲਾਂ ਕੋਲ ਜਾ ਕੇ ਉਨ੍ਹਾਂ ਨੂੰ ਸੂਚਿਤ ਕਰਨ ਲਈ ਕਿਹਾ ਗਿਆ।

ਮੇਲੇ 'ਚ ਲਗਭਗ 1,000 ਕੂਕੇ ਸਨ। ਉਹ ਗੁਰਬਾਣੀ ਪਾਠ ਤੇ ਕੀਰਤਨ ਵਿੱਚ ਰੁੱਝੇ ਰਹੇ ਸਨ ਪਰ ਕਿਸੇ ਨੇ ਕੁਝ ਨਹੀਂ ਆਖਿਆ ਸੀ।

ਮਸਤਾਨਾ ਗਿਰੋਹ ਲਗਾਤਾਰ ਕੋਟਲਾ ਜਾਣ ਦੀ ਮਨਸ਼ਾ ਪ੍ਰਗਟਾ ਰਿਹਾ ਸੀ।

ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਗਵਾਹੀ ਉਰਦੂ ਭਾਸ਼ਾ ਵਿੱਚ ਗਵਾਹ ਨੂੰ ਪੜ੍ਹ ਕੇ ਸੁਣਾ ਦਿੱਤੀ ਹੈ, ਜੋ ਉਸ ਨੇ ਸਮਝ ਲਈ ਹੈ ਤੇ ਉਸ ਨੇ ਇਸ ਦੇ ਦਰੁਸਤ ਹੋਣ ਦੀ ਪੁਸ਼ਟੀ ਕੀਤੀ ਹੈ।

ਟੀ.ਡੀ. ਫ਼ਾਰਸਿਥ,
ਸੈਸ਼ਨਜ਼ ਜੱਜ, ਅੰਬਾਲਾ ਡਿਵੀਜ਼ਨ

ਫ਼ਾਈਲ ਸੈਸ਼ਨਜ਼ ਨੇ ਟ੍ਰਾਂਸਫ਼ਰ ਕੀਤੀ, ਕਿਉਂਕਿ ਸਰਦਾਰ ਇੰਨੇ ਜ਼ਿਆਦਾ ਬੀਮਾਰ ਹਨ ਕਿ ਅਦਾਲਤ 'ਚ ਪੇਸ਼ ਨਹੀਂ ਹੋ ਸਕਦੇ।

16 ਜਨਵਰੀ, 1872. ਸਰਦਾਰ ਬਦਨ ਸਿੰਘ ਫ਼ੌਜਦਾਰੀ ਅਦਾਲਤੀ ਕਾਰਵਾਈ ਲਈ ਵਿਧੀ ਪੂਰਵਕ 'ਤੇ ਪੁਸ਼ਟੀ ਕਰਦੇ ਹਨ। 14 ਤਰੀਕ ਦੀ ਸ਼ਾਮ ਨੂੰ ਲਗਭਗ 6:30 ਵਜੇ ਮੈਂ ਇਸ ਕਮਰੇ 'ਚ ਬੈਠਾ ਹੋਇਆ ਸਾਂ। ਲਗਭਗ 12-13 ਹਥਿਆਰਬੰਦ ਵਿਅਕਤੀ ਦਰਵਾਜ਼ੇ 'ਚੋਂ ਦੀ ਅੰਦਰ ਆ ਗਏ। ਪਹਿਲਾਂ ਤਾਂ ਉਨ੍ਹਾਂ ਸਲਾਮ ਕੀਤਾ ਤੇ ਫਿਰ ਮੈਨੂੰ ਵਾਲ਼ਾਂ ਤੋਂ ਫੜ ਲਿਆ ਤੇ ਘਸੀਟਦੇ ਹੋਏ ਦਰਵਾਜ਼ੇ ਤੱਕ ਲੈ ਗਏ। ਉਨ੍ਹਾਂ ਕਿਹਾ ਕਿ ਤੂੰ ਅੰਗਰੇਜ਼ਾਂ ਦੀ ਮਦਦ ਕਰਦਾ ਹੈਂ, ਉਹ ਠੀਕ ਨਹੀਂ। ਤੂੰ ਮਹਾਰਾਜੇ ਦਾ ਰਿਸ਼ਤੇਦਾਰ ਹੈਂ। ਜਦੋਂ ਮੈਨੂੰ ਦਰਵਾਜ਼ੇ 'ਚੋਂ ਦੀ ਘਸੀਟਿਆ ਜਾ ਰਿਹਾ ਸੀ, ਤਾਂ ਮੈਂ ਇੱਕ ਕੂਕੇ ਦੇ ਹੱਥੋਂ ਇੱਕ ਕੁਹਾੜੀ ਖੋਹ ਲਈ ਤੇ ਉਨ੍ਹਾਂ ਵਿਅਕਤੀਆਂ ਦੇ ਮਾਰੀ, ਜਿਨ੍ਹਾਂ ਨੇ ਮੈਨੂੰ ਫੜਿਆ ਹੋਇਆ ਸੀ। ਇਸ ਤੋਂ ਪਹਿਲਾਂ ਕਿ ਮੈਂ ਕੁਹਾੜੀ ਸੰਭਾਲਦਾ ਮੈਂ ਤਿੰਨ-ਚਾਰ ਥਾਵਾਂ ਤੋਂ ਕ੍ਰਿਪਾਨ ਨਾਲ ਜ਼ਖ਼ਮੀ ਹੋ ਗਿਆ। ਫਿਰ ਉਹ ਨੱਸ ਗਏ; ਉਨ੍ਹਾਂ ਮੇਰੀਆਂ ਪੌੜੀਆਂ 'ਤੇ ਚਾਨਣ ਕਰਨ ਲਈ ਨੀਲੀ ਰੌਸ਼ਨੀ (ਮਤਾਬੀ) ਜਗਾਈ। ਮੈਂ ਮੁਲਜ਼ਮ ਲੱਖਾ ਸਿੰਘ ਸੂਬਾ ਨੂੰ ਪਛਾਣ ਲਿਆ। ਉਹ ਕੁਝ ਨਾ ਬੋਲਿਆ। ਮੈਂ ਉਸ ਨੂੰ ਅਕਸਰ ਵੇਖਿਆ ਹੈ। ਉਨ੍ਹਾਂ ਨੇ ਹਥਿਆਰਾਂ ਤੇ ਘੋੜਿਆਂ ਦੀਆਂ ਕਾਠੀਆਂ ਦੇਣ ਲਈ ਕਿਹਾ, ਜੋ ਉਨ੍ਹਾਂ ਲੈ ਲਏ ਸਨ।

ਐੱਲ. ਕਾਵਨ,
ਮੈਜਿਸਟ੍ਰੇਟ।

ਗਵਾਹ ਨੰ. 7 ਫ਼ੌਜਦਾਰੀ ਅਦਾਲਤੀ ਕਾਰਵਾਈ ਲਈ, ਹਰੀ ਸਿੰਘ ਪੁੱਤਰ ਸ਼ੇਰ ਸਿੰਘ; ਉਮਰ 50 ਵਰ੍ਹੇ; ਨਿਵਾਸੀ ਮਲੌਦ; ਕਿੱਤਾ ਸਰਦਾਰ ਦੀ ਸੇਵਾ; ਵਿਧੀ ਪੂਰਵਕ 'ਤੇ ਪੁਸ਼ਟੀ ਕਰਦਾ ਹਾਂ: ਮੈਂ ਸ. ਬੱਦਨ ਸਿੰਘ ਦਾ ਨੌਕਰ ਹਾਂ। ਜਦੋਂ ਕੂਕੇ ਆਏ, ਤਾਂ ਸਰਦਾਰ ਬੱਦਨ ਸਿੰਘ ਨਿਸ਼ਾਨੇਬਾਜ਼ੀ ਕਰ ਕੇ ਪਰਤੇ ਹੀ ਸਨ ਅਤੇ ਇਹ ਸ਼ਾਮ ਦਾ ਵੇਲਾ ਸੀ। ਮੈਂ ਉਨ੍ਹਾਂ ਕੋਲ ਬੈਠਾ ਸਾਂ, ਜਦੋਂ 10-12 ਕੂਕੇ ਅੰਦਰ ਆ ਗਏ ਅਤੇ ਸਰਦਾਰ ਜੀ 'ਤੇ ਹਮਲਾ ਬੋਲ ਦਿੱਤਾ। ਉਹ ਹਥਿਆਰ ਤੇ ਘੋੜੇ ਮੰਗ ਰਹੇ ਸਨ। ਉੱਥੇ ਹੱਥੋਪਾਈ ਹੋਈ ਅਤੇ ਸਾਰੇ ਕਮਰੇ ਤੋਂ ਬਾਹਰ ਆ ਗਏ। ਉੱਥੇ ਉਨ੍ਹਾਂ ਸਰਦਾਰ ਦੀ ਗਰਦਨ ਤੇ ਸਿਰ 'ਤੇ ਘਸੁੰਨ ਮਾਰ-ਮਾਰ ਕੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ। ਸਰਦਾਰ ਜੀ ਨੇ ਤਦ ਉਨ੍ਹਾਂ 'ਚੋਂ ਇੱਕ ਜਣੇ ਤੋਂ ਕੁਹਾੜੀ ਖੋਹ ਲਈ ਤੇ ਇੰਨੇ ਨੂੰ ਉਹ ਨੱਸ ਗਏ। ਉਹ ਸਰਦਾਰ ਜੀ ਨੂੰ ਬੁਰਾ-ਭਲਾ ਆਖਦਿਆਂ ਕਹਿ ਰਹੇ ਸਨ ਕਿ ਉਹ ਮਹਾਰਾਜੇ ਦੇ ਦੋਸਤ ਤੇ ਅੰਗਰੇਜ਼ਾਂ ਦੇ ਬੱਚੇ (ਪਿਠੂ) ਹਨ। ਬਿਸ਼ਨ ਸਿੰਘ ਤੇ ਨਿਹਾਲ ਸਿੰਘ ਵੀ ਉਸ ਵੇਲੇ ਉੱਥੇ ਹੀ ਸਨ। ਮੈਨੂੰ ਸਿਰਫ਼ ਧੱਕਾ (ਪਿਠੂ) ਮਾਰਿਆ ਗਿਆ ਸੀ। ਮੈਂ ਜ਼ਖ਼ਮੀ ਨਹੀਂ ਹੋਇਆ ਸਾਂ।

ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਗਵਾਹੀ ਉਰਦੂ ਭਾਸ਼ਾ ਵਿੱਚ ਗਵਾਹ ਨੂੰ ਪੜ੍ਹ ਕੇ ਸੁਣਾ ਦਿੱਤੀ ਹੈ, ਜੋ ਉਸ ਨੇ ਸਮਝ ਲਈ ਹੈ ਤੇ ਉਸ ਨੇ ਇਸ ਦੇ ਦਰੁਸਤ ਹੋਣ ਦੀ ਪੁਸ਼ਟੀ ਕੀਤੀ ਹੈ।

ਟੀ.ਡੀ. ਫ਼ਾਰਸਿਥ,
ਸੈਸ਼ਨਜ਼ ਜੱਜ, ਅੰਬਾਲਾ ਡਿਵੀਜ਼ਨ

ਗਵਾਹ ਨੰ. 8 ਫ਼ੌਜਦਾਰੀ ਅਦਾਲਤੀ ਕਾਰਵਾਈ, ਸਾਹਿਬ ਸਿੰਘ ਪੁੱਤਰ ਗੁਰਦਾਸ ਸਿੰਘ; ਉਮਰ 40 ਵਰ੍ਹੇ; ਜਾਤ ਜੱਟ, ਨਿਵਾਸੀ ਖੇੜੀ ਵਿਧੀ ਪੂਰਵਕ ਪੁਸ਼ਟੀ ਕਰਦਾ ਹਾਂ: ਸ਼ਾਮ ਨੂੰ ਜਦੋਂ ਕੂਕੇ ਆਏ ਤਾਂ ਮੈਂ ਆਪਣੇ ਪਿੰਡ 'ਚ ਸਾਂ ਕਿ ਇੱਕ ਚਪੜਾਸੀ ਤੇ ਇੱਕ ਸਫ਼ਾਈ-ਸੇਵਕ ਨੇ ਉੱਚੀ-ਉਚੀ ਬੋਲ ਕੇ ਦੱਸਿਆ ਕਿ ਡਕੈਤਾਂ ਨੇ ਪਿੰਡ 'ਤੇ ਹਮਲਾ ਬੋਲ ਦਿੱਤਾ ਹੈ। ਮੈਂ ਤੇ ਮੇਰੇ ਸਾਥੀਆਂ ਨੇ ਵੇਖਿਆ ਕਿ ਉਹ ਗਿਣਤੀ ਵਿੱਚ 90 ਕੁ ਜਣੇ ਸਨ ਤੇ ਅਸੀਂ ਮਲੌਦ ਨਗਰ ਦੇ ਗੇਟ ਵੱਲ ਨੱਸੇ; ਤਾਂ ਵੇਖਿਆ ਕਿ ਉਹ ਤਾਂ ਬੰਦ ਸੀ ਤੇ ਕੂਕੇ ਉੱਥੇ ਰਾਖੀ 'ਤੇ ਖੜ੍ਹੇ ਸਨ। ਸਾਨੂੰ ਇੱਕ ਬੁਰਜ ਵਿੱਚੋਂ ਦੀ ਅੰਦਰ ਤੇ ਬਾਹਰ ਜਾਣਾ ਪਿਆ। ਪਹਿਲਾਂ ਮੈਂ ਗਲ਼ੀ 'ਚ ਗਿਆ ਤਾਂ ਵੇਖਿਆ ਕਿ ਕੋਚਵਾਨ ਮਾਰਿਆ ਜਾ ਚੁੱਕਾ ਸੀ। ਅਸੀਂ ਸਾਰੇ ਇਕੱਠੇ ਹੋ ਗਏ ਅਤੇ ਉੱਥੇ ਲੜਾਈ ਹੋਈ ਅਤੇ ਉਨ੍ਹਾਂ ਦੇ ਚਾਰ ਜਣੇ ਢਾਹ ਕੇ ਫੜ ਲਏ। ਮੈਂ ਬਾਜ਼ਾਰ ਵੱਲ ਨਹੀਂ ਗਿਆ ਸਾਂ। ਉੱਥੇ ਸ਼ਾਇਦ ਕਈ ਬੰਦੇ ਮਾਰੇ ਗਏ ਸਨ। ਮੈਂ ਕਿਸੇ ਡਕੈਤ ਨੂੰ ਨਹੀਂ ਪਛਾਣਦਾ ਤੇ ਨਾ ਹੀ ਹੁਣ ਕਿਸੇ ਨੂੰ ਪਛਾਣ ਸਕਦਾ ਹਾਂ; ਮੈਂ ਸੋਚਿਆ ਸੀ ਕਿ ਉਹ ਆਮ ਲੁਟੇਰੇ ਹਨ ਪਰ ਸਾਰੇ ਲੋਕਾਂ ਨੇ ਦੱਸਿਆ ਕਿ ਉਹ ਕੂਕੇ ਸਨ। ਮੇਰੇ ਹੱਥ ਵਿੱਚ ਲਾਠੀ ਸੀ ਤੇ ਹੋਰਨਾਂ ਕੋਲ ਵੀ ਸੀ। ਮੇਰੇ ਨੰਬਰਦਾਰ ਬਚਾਅ ਲਈ ਬਾਹਰ ਆਏ। ਉਨ੍ਹਾਂ 'ਚੋਂ ਚਾਰ ਜਣੇ ਹੁਣ ਅਦਾਲਤ 'ਚ ਹਨ, ਦੋ ਜਣਿਆਂ ਨੂੰ ਮੋੜ ਨੇੜੇ ਸ਼ਹਿਰ ਦੇ ਬਾਹਰਵਾਰ ਕਾਬੂ ਕਰ ਲਿਆ ਗਿਆ ਸੀ ਤੇ ਦੋ ਨੂੰ ਬਾਹਰ 230 ਗਜ਼ ਦੀ ਦੂਰੀ ਤੋਂ ਫੜਿਆ ਗਿਆ ਸੀ। ਹਨੇਰਾ ਹੋ ਚੁੱਕਾ ਸੀ। ਮੈਂ ਵਿਅਕਤੀਆਂ ਨੂੰ ਪਛਾਣਿਆ ਨਹੀਂ ਪਰ ਮੈਨੂੰ ਇੰਨਾ ਕੁ ਪਤਾ ਸੀ ਕਿ ਉਨ੍ਹਾਂ ਨੂੰ ਫੜ ਲਿਆ ਗਿਆ ਸੀ। ਮੇਰੇ ਪਿੰਡ ਵਾਸੀਆਂ ਕੋਲ ਹਥਿਆਰ ਨਹੀਂ ਸਨ, ਸਿਰਫ਼ ਡਾਂਗਾਂ ਤੇ ਪੱਥਰ ਹੀ ਸਨ। ਮੇਰੇ ਮੋਢੇ 'ਤੇ ਸੱਟ ਲੱਗੀ ਸੀ ਤੇ ਹੋਰ ਬਹੁਤ ਸਾਰੇ ਪੱਥਰਾਂ ਤੇ ਡਾਂਗਾਂ ਨਾਲ ਫੱਟੜ ਹੋ ਗਏ ਸਨ। ਜਿਹੜੇ ਚਾਰ ਵਿਅਕਤੀਆਂ ਨੂੰ ਲਿਆਂਦਾ ਗਿਆ ਸੀ, ਉਨ੍ਹਾਂ 'ਚੋਂ ਦੋ ਮਾਰੇ ਗਏ ਸਨ। ਦੋ ਹੋਰਨਾਂ ਨੂੰ ਸਵੇਰ ਵੇਲੇ ਫੜਿਆ ਗਿਆ ਸੀ। ਰਾਤ ਨੂੰ ਜਿਹੜੇ ਚਾਰ ਜਣੇ ਲਿਆਂਦੇ ਗਏ ਸਨ, ਉਹ ਸਾਰੇ ਥੋੜ੍ਹੇ ਜਾਂ ਬਹੁਤ ਜ਼ਖ਼ਮੀ ਸਨ।

ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਗਵਾਹੀ ਉਰਦੂ ਭਾਸ਼ਾ ਵਿੱਚ ਗਵਾਹ ਨੂੰ ਪੜ੍ਹ ਕੇ ਸੁਣਾ ਦਿੱਤੀ ਹੈ, ਜੋ ਉਸ ਨੇ ਸਮਝ ਲਈ ਹੈ ਤੇ ਉਸ ਨੇ ਇਸ ਦੇ ਦਰੁਸਤ ਹੋਣ ਪੁਸ਼ਟੀ ਕੀਤੀ ਹੈ।

ਟੀ.ਡੀ. ਫ਼ਾਰਸਿਥ,
ਸੈਸ਼ਨਜ਼ ਜੱਜ, ਅੰਬਾਲਾ ਡਿਵੀਜ਼ਨ

ਫ਼ੌਜਦਾਰੀ ਅਦਾਲਤੀ ਕਾਰਵਾਈ ਲਈ ਗਵਾਹ, ਰਾਮ ਸਿੰਘ ਪੁੱਤਰ ਗੁਰਦਿੱਤਾ; ਉਮਰ 30 ਸਾਲ; ਜਾਤ ਜੱਟ; ਨਿਵਾਸੀ ਸੁਮਲ ਖੇੜਾ; ਨੰਬਰਦਾਰ। ਵਿਧੀ ਪੂਰਵਕ ਇਹ ਪੁਸ਼ਟੀ ਕਰਦਾ ਹਾਂ: ਮੈਂ ਨਗਰ ਦੀ ਕੰਧ ਤੋਂ ਬਾਹਰ ਸਾਂ ਜਦੋਂ ਦੋ ਜ਼ਖ਼ਮੀਆਂ ਨੂੰ ਫੜ ਕੇ ਲਿਆਂਦਾ ਗਿਆ ਸੀ। ਮੈਂ ਹੁਣ ਉਨ੍ਹਾਂ ਦੇ ਚਿਹਰੇ ਨਹੀਂ ਪਛਾਣਦਾ ਕਿਉਂਕਿ ਉਸ ਸਮੇਂ ਹਨੇਰਾ ਸੀ ਪਰ ਇਨ੍ਹਾਂ ਵਿਅਕਤੀਆਂ ਨੂੰ ਫੜ ਕੇ ਅੰਦਰ ਲਿਆਂਦਾ ਗਿਆ

ਸੀ। ਦੋ ਜਣਿਆਂ ਨੂੰ ਪਹਿਲਾਂ ਹੀ ਫੜ ਲਿਆ ਗਿਆ ਸੀ। ਮੈਂ ਮੋੜ 'ਤੇ ਇਨ੍ਹਾਂ ਵਿਅਕਤੀਆਂ ਨੂੰ ਕਾਬੂ ਕਰ ਕੇ ਲਿਆਉਂਦਿਆਂ ਵੇਖਿਆ ਸੀ। ਰਾਤ ਨੂੰ ਫੜੇ ਗਏ ਚਾਰ ਵਿਅਕਤੀਆਂ ਵਿੱਚੋਂ ਦੋ ਦੀ ਮੌਤ ਹੋ ਗਈ ਸੀ। ਸਵੇਰ ਨੂੰ ਦੋ ਹੋਰਨਾਂ ਨੂੰ ਫੜ ਕੇ ਲਿਆਂਦਾ ਗਿਆ ਸੀ।

ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਗਵਾਹੀ ਉਰਦੂ ਭਾਸ਼ਾ ਵਿੱਚ ਗਵਾਹ ਨੂੰ ਪੜ੍ਹ ਕੇ ਸੁਣਾ ਦਿੱਤੀ ਹੈ, ਜੋ ਉਸ ਨੇ ਸਮਝ ਲਈ ਹੈ ਤੇ ਉਸ ਨੇ ਇਸ ਦੇ ਦਰੁਸਤ ਹੋਣ ਪੁਸ਼ਟੀ ਕੀਤੀ ਹੈ।

ਟੀ.ਡੀ. ਫ਼ਾਰਸਿਥ,
ਸੈਸ਼ਨਜ਼ ਜੱਜ, ਅੰਬਾਲਾ ਡਿਵੀਜ਼ਨ

ਫ਼ੌਜਦਾਰੀ ਅਦਾਲਤੀ ਕਾਰਵਾਈ ਲਈ, ਸੁੰਦਰ ਪੁੱਤਰ ਜਾਇਆ, ਜਾਤੀ ਬਲੌਹਣ; ਨਿਵਾਸੀ ਮਲੌਦ ਵਿਧੀ ਪੂਰਵਕ ਪੁਸ਼ਟੀ ਕਰਦਾ ਹਾਂ: ਡਕੈਤੀ ਤੋਂ ਬਾਅਦ ਸਵੇਰ ਨੂੰ ਮੈਂ ਕਿਸੇ ਜ਼ਰੂਰੀ ਕੰਮ ਲਈ ਪਿੰਡ ਤੋਂ ਬਾਹਰ ਜਾ ਰਿਹਾ ਸਾਂ, ਤਾਂ ਵੇਖਿਆ ਕਿ ਇੱਕ ਵਿਅਕਤੀ ਬਹੁਤ ਹੌਲੀ-ਹੌਲੀ ਜਾ ਰਿਹਾ ਸੀ। ਉਸ ਦੀ ਬਾਂਹ 'ਤੇ ਸੱਟ ਲੱਗੀ ਹੋਈ ਸੀ ਤੇ ਉਸ ਨੇ ਮੈਨੂੰ ਕੰਬਰਵਾਲ ਦਾ ਰਾਹ ਪੁੱਛਿਆ। ਮੈਂ ਉਸ ਤੋਂ ਪੁੱਛਿਆ ਕਿ ਉਹ ਕਿੱਧਰ ਜਾ ਰਿਹਾ ਹੈ ਤਾਂ ਉਸ ਨੇ ਕਿਹਾ ਕੋਟਲਾ ਵੱਲ। ਮੈਂ ਨੱਸ ਕੇ ਗਿਆ ਤੇ ਦੱਸਿਆ ਕਿ ਬਾਹਰ ਇੱਕ ਕੂਕਾ ਸੀ ਤੇ ਥਾਣੇਦਾਰ ਤਦ ਬਾਹਰ ਗਿਆ ਤੇ ਉਸ ਨੂੰ ਫੜ੍ਹ ਕੇ ਅੰਦਰ ਲੈ ਕੇ ਆਂਦਾ। ਮੈਂ ਉਸ ਵਿਅਕਤੀ ਨੂੰ ਪਛਾਣਦਾ ਹਾਂ, ਉਹ ਥੰਮਣ ਸਿੰਘ ਹੈ।

ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਗਵਾਹੀ ਉਰਦੂ ਭਾਸ਼ਾ ਵਿੱਚ ਗਵਾਹ ਨੂੰ ਪੜ੍ਹ ਕੇ ਸੁਣਾ ਦਿੱਤੀ ਹੈ, ਜੋ ਉਸ ਨੇ ਸਮਝ ਲਈ ਹੈ ਤੇ ਉਸ ਨੇ ਇਸ ਦੇ ਦਰੁਸਤ ਹੋਣ ਪੁਸ਼ਟੀ ਕੀਤੀ ਹੈ।

ਟੀ.ਡੀ. ਫ਼ਾਰਸਿਥ,
ਸੈਸ਼ਨਜ਼ ਜੱਜ, ਅੰਬਾਲਾ ਡਿਵੀਜ਼ਨ

**ਦੋਸ਼:** ਕਤਲ ਨਾਲ ਡਕੈਤੀ: ਸੈਕਸ਼ਨ 396, ਭਾਰਤੀ ਸਜ਼ਾ ਜ਼ਾਬਤਾ।

ਮੁਲੰਕਣਕਰਤਾਵਾਂ ਦਾ ਵਿਚਾਰ। ਫ਼ੌਜਦਾਰੀ ਅਦਾਲਤੀ ਕਾਰਵਾਈ ਲਈ ਗਵਾਹਾਂ ਦੀ ਸੁਣਵਾਈ ਪਿੱਛੋਂ ਉਨ੍ਹਾਂ ਦੇ ਵਿਚਾਰ ਅਨੁਸਾਰ ਸਾਰੇ ਕੈਦੀਆਂ ਵਿਰੁੱਧ ਅਪਰਾਧ ਪੂਰੀ ਤਰ੍ਹਾਂ ਸਿੱਧ ਹੋ ਚੁੱਕਾ ਹੈ। ਉਨ੍ਹਾਂ ਸਾਰਿਆਂ ਨੂੰ ਮੌਕੇ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਹ ਜ਼ਖ਼ਮੀ ਹਨ, ਇਸ ਦੇ ਨਾਲ-ਨਾਲ ਉਨ੍ਹਾਂ ਆਪਣੇ ਜੁਰਮ ਦਾ ਇਕਬਾਲ ਕਰ ਲਿਆ ਹੈ।

(ਦਰੁਸਤ ਅਨੁਵਾਦ)
ਗੰਗਾ ਸਿੰਘ,
19 ਜਨਵਰੀ, 1872 ਅਦਾਲਤੀ ਕਲਰਕ।

**ਮਹਾਰਾਣੀ *ਬਨਾਮ* ਭਗਵਾਨ ਸਿੰਘ, ਗਿਆਨ ਸਿੰਘ, ਥੰਮਣ ਸਿੰਘ, ਮਿਹਰ ਸਿੰਘ।**

ਕਤਲ ਨਾਲ ਡਕੈਤੀ, ਸੈਕਸ਼ਨ 396, ਭਾਰਤੀ ਸਜ਼ਾ ਜ਼ਾਬਤਾ।

ਇਸ ਕੇਸ ਦਾ ਪੂਰਨ ਵੇਰਵਾ ਨਿਮਨਲਿਖਤ ਅਨੁਸਾਰ ਹੈ:

11 ਅਤੇ 12 ਜਨਵਰੀ ਨੂੰ ਭੈਣੀ ਵਿਖੇ ਮਾਘੀ ਮੇਲੇ ਮੌਕੇ ਕੂਕਿਆਂ ਦੇ ਇਕੱਠ 'ਚ ਕੂਕਿਆਂ ਦੀ ਇੱਕ ਟੋਲੀ ਨੇ ਇਕੱਠੇ ਹੋ ਕੇ ਸਨਕ ਤੇ ਜੋਸ਼ 'ਚ ਆ ਕੇ ਫ਼ੈਸਲਾ ਕੀਤਾ ਕਿ ਗਿਆਨੀ ਸਿੰਘ ਸੂਬਾ ਦੀ ਮੌਤ ਦਾ ਬਦਲਾ ਜ਼ਰੂਰ ਲਿਆ ਜਾਣਾ ਚਾਹੀਦਾ ਹੈ। ਪਟਿਆਲਾ ਖੇਤਰ 'ਚ ਸਕਰੌਦੀ ਦੇ ਹੀਰਾ ਸਿੰਘ ਤੇ ਲਹਿਣਾ ਸਿੰਘ ਕੁਝ ਆਗੂ ਸਨ, ਭਾਵੇਂ ਉਹ ਸਾਰੇ ਕਾਰੇ ਦੇ ਮੁੱਖ ਵਿਅਕਤੀ ਨਹੀਂ ਸਨ। ਉਨ੍ਹਾਂ ਦੀਆਂ ਜੋਸ਼ੀਲੀਆਂ ਗੱਲਾਂ ਸੁਣ ਕੇ ਡਿਪਟੀ ਇੰਸਪੈਕਟਰ ਤਦ ਕੂਕਾ ਗੁਰੂ ਰਾਮ ਸਿੰਘ ਜੀ ਕੋਲ ਗਿਆ ਤੇ ਉਨ੍ਹਾਂ ਲੋਕਾਂ ਦੀ ਮਨਸ਼ਾ ਜਾਣਨੀ ਚਾਹੀ। ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ, ਬੱਸ ਇੰਨਾ ਕਿਹਾ ਕਿ ਉਹ ਮਸਤਾਨੇ ਸਨ।

ਬਾਅਦ 'ਚ ਬਾਬਾ (ਗੁਰੂ) ਰਾਮ ਸਿੰਘ ਜੀ ਨੇ ਡਿਪਟੀ ਇੰਸਪੈਕਟਰ ਨੂੰ 13 ਮਸਤਾਨੇ ਵਿਅਕਤੀਆਂ ਦੀ ਸੂਚੀ ਦਿੱਤੀ ਤੇ ਉਸ ਗਿਰੋਹ ਕੋਲ ਜਾ ਕੇ ਬੇਨਤੀ ਕੀਤੀ ਕਿ ਉਹ ਇੱਥੋਂ ਆਪਣੇ ਘਰਾਂ ਨੂੰ ਚਲੇ ਜਾਣ ਤੇ ਕੋਈ ਹੰਗਾਮਾ ਨਾ ਖੜ੍ਹਾ ਕਰਨ। ਉਨ੍ਹਾਂ ਨੇ ਬਾਬਾ (ਗੁਰੂ) ਜੀ ਤੋਂ ਭੋਜਨ ਮੰਗਿਆ ਤੇ ਫਿਰ ਉਹ ਚਲੇ ਗਏ।

ਦੋ ਕੈਦੀ ਹੁਣ ਆਪਣੀ ਸੁਣਵਾਈ ਵੇਲੇ ਆਖਦੇ ਹਨ ਕਿ ਲੱਖਾ ਸਿੰਘ ਸੂਬਾ ਗਿਰੋਹ ਕੋਲ ਆਏ ਸਨ, ਜਦੋਂ ਉਨ੍ਹਾਂ ਨੂੰ ਗਿਆਨੀ ਸਿੰਘ ਦੀ ਮੌਤ ਦਾ ਬਦਲਾ ਲੈਣ ਦੇ ਕਾਰਜ ਵਿੱਚ ਸ਼ਾਮਲ ਹੋਣ ਲਈ ਸੱਦਿਆ ਗਿਆ ਸੀ ਜਾਂ ਉਹ ਇੱਕ ਪਾਜੀ ਆਦਮੀ ਸੀ। ਲੱਖਾ ਸਿੰਘ ਨੇ ਤਦ ਉਨ੍ਹਾਂ ਨਾਲ ਚੱਲਣ ਦਾ ਵਾਅਦਾ ਕੀਤਾ। ਉਸ ਨੇ ਅਜਿਹਾ ਸਿਰਫ਼ ਉਨ੍ਹਾਂ ਤੋਂ ਖਹਿੜਾ ਛੁਡਾਉਣ ਲਈ ਕਿਹਾ ਹੋ ਸਕਦਾ ਹੈ। ਉਨ੍ਹਾਂ ਨੇ ਕੋਟਲਾ, ਜੀਂਦ, ਨਾਭਾ ਤੇ ਪਟਿਆਲਾ ਜਾ ਕੇ ਇਨ੍ਹਾਂ ਰਿਆਸਤਾਂ ਤੋਂ ਬਦਲਾ ਲੈਣ ਦੀ ਮਨਸ਼ਾ ਪ੍ਰਗਟਾਈ ਕਿਉਂਕਿ ਉਨ੍ਹਾਂ ਨੇ ਰਾਏਕੋਟ ਕਤਲ ਕਾਂਡ ਦੇ ਦੋਸ਼ੀਆਂ ਨੂੰ ਲੱਭਣ ਵਿੱਚ ਯੋਗਦਾਨ ਪਾਇਆ ਸੀ।

ਕੋਟਲਾ 'ਚ ਇਸ ਮਾਮਲੇ ਬਾਰੇ ਕੀਤੀ ਗਈ ਪੁੱਛਗਿੱਛ ਤੋਂ ਇੰਝ ਜਾਪਦਾ ਹੈ ਕਿ ਪਹਿਲਾ ਹਮਲਾ ਕੋਟਲਾ 'ਤੇ ਇਸ ਲਈ ਕੀਤਾ ਗਿਆ ਸੀ ਕਿਉਂਕਿ ਇਹ ਇੱਕ ਕਮਜ਼ੋਰ ਤੇ ਮਾੜੇ ਪ੍ਰਸ਼ਾਸਨ ਲਈ ਬਦਨਾਮ ਰਿਆਸਤ ਹੈ, ਤੇ ਉਹ ਇੱਥੋਂ ਹਥਿਆਰ ਤੇ ਧਨ ਲੈਣਾ ਚਾਹੁੰਦੇ ਸਨ ਕਿ ਤਾਂ ਜੋ ਉਹ ਹੋਰਨਾਂ ਥਾਵਾਂ 'ਤੇ ਹਮਲੇ ਕਰ ਸਕਣ।

ਲਗਭਗ 100 ਕੂਕਿਆਂ ਦਾ ਇੱਕ ਗਿਰੋਹ ਭੈਣੀ ਤੋਂ 13 ਤਰੀਕ ਨੂੰ ਰਵਾਨਾ ਹੋਇਆ ਤੇ ਰਾਤ ਰੱਬੋਂ 'ਚ ਠਹਿਰਿਆ। ਅਗਲੇ ਦਿਨ ਜਦੋਂ ਉਹ ਕੋਟਲਾ ਵੱਲ ਜਾ ਰਹੇ ਸਨ, ਤਾਂ ਅਚਾਨਕ ਮਲੌਦ 'ਤੇ ਹਮਲਾ ਕਰਨ ਦਾ ਫ਼ੈਸਲਾ ਕੀਤਾ ਗਿਆ, ਜਿੱਥੇ ਸਰਦਾਰ ਮਿੱਤ ਸਿੰਘ ਤੇ ਬਦਨ ਸਿੰਘ ਰਹਿੰਦੇ ਹਨ। ਕੂਕਿਆਂ ਦੀ ਟੋਲੀ ਜਦੋਂ ਪਿੰਡ ਦੇ ਗੇਟ 'ਤੇ ਪੁੱਜੀ, ਤਾਂ ਹਾਲੇ ਹਨੇਰਾ ਹੋਇਆ ਹੀ ਸੀ। ਉਨ੍ਹਾਂ ਗੇਟ 'ਤੇ ਕਬਜ਼ਾ ਜਮਾ

ਲਿਆ ਤੇ ਬਾਜ਼ਾਰ ਵਿੱਚੋਂ ਦੀ ਲੰਘਦੇ ਹੋਏ ਅੱਗੇ ਵਧੇ, ਜਿੱਥੇ ਉਨ੍ਹਾਂ ਚੁਰਸਤਿਆਂ 'ਚ ਕੁਝ ਵਿਅਕਤੀ ਸੰਤਰੀਆਂ ਵਜੋਂ ਪਹਿਰੇ 'ਤੇ ਖੜ੍ਹੇ ਕਰ ਦਿੱਤੇ, ਤਾਂ ਜੋ ਉਨ੍ਹਾਂ ਦੀ ਵਾਪਸੀ ਸੁਰੱਖਿਅਤ ਰਹਿ ਸਕੇ ਤੇ ਫਿਰ ਉਹ ਸਿੱਧੇ ਸਰਦਾਰ ਮਿੱਤ ਸਿੰਘ ਦੇ ਘਰ ਗਏ। ਗੇਟ 'ਚੋਂ ਦੀ ਦਾਖ਼ਲ ਹੁੰਦਿਆਂ ਉਨ੍ਹਾਂ ਵੇਖਿਆ ਕਿ ਖੱਬੇ ਪਾਸੇ ਅਸਤਬਲ ਸੀ ਤੇ ਉੱਥੇ ਬੂਟਾ ਕੋਚਵਾਨ ਸੀ। ਉਸ ਨੂੰ ਕਿਹਾ ਗਿਆ ਕਿ ਉਹ ਘੋੜੇ ਦੇਵੇ ਤੇ ਜਦੋਂ ਉਸ ਨੇ ਇਨਕਾਰ ਕੀਤਾ, ਤਾਂ ਉਨ੍ਹਾਂ ਤੁਰੰਤ ਉਸ 'ਤੇ ਕ੍ਰਿਪਾਨਾਂ ਦੇ ਵਾਰ ਕਰ ਕੇ ਥਾਏਂ ਮਾਰ ਦਿੱਤਾ। ਗਵਾਹ ਨੰ. 2, ਦਰਬਾਨ ਧੌਂਕਲ ਸਿੰਘ ਨੂੰ ਗੇਟ 'ਤੇ ਪਹਿਲਾਂ ਹੀ ਉਨ੍ਹਾਂ ਗੇਟ 'ਤੇ ਹੱਥ ਬੰਨ੍ਹ ਕੇ ਬਿਠਾ ਦਿੱਤਾ ਸੀ। ਗਵਾਹ ਨੰ. 4 ਦਸੌਂਧੀ ਨੇ ਤਦ ਵੇਖਿਆ ਕਿ ਉਸ ਦੇ ਭਰਾ ਬੂਟਾ ਦਾ ਕਤਲ ਕਰ ਦਿੱਤਾ ਗਿਆ ਹੈ।

ਉਹ ਟੋਲੀ ਤਦ ਘਰ ਅੰਦਰ ਗਈ ਤੇ ਇੱਕ ਵਿਹੜੇ 'ਚ ਉਨ੍ਹਾਂ ਸਰਦਾਰ ਦੇ ਮੁਨਸ਼ੀ ਨਬੀ ਬਖ਼ਸ਼ ਨੂੰ ਵੇਖਿਆ ਤੇ ਉਸ ਨੂੰ ਵੀ ਮਾਰ ਦਿੱਤਾ। ਕਿਸ਼ਨਾ ਰਾਜਪੂਤ ਨੇ ਇਸ ਤੱਥ ਦੀ ਗਵਾਹੀ ਦਿੱਤੀ ਹੈ।

ਵਿਹੜੇ ਦੇ ਸਾਹਮਣੇ ਸਰਦਾਰ ਬਦਨ ਸਿੰਘ ਦਾ ਘਰ ਹੈ। 12 ਤੋਂ 18 ਜਣਿਆਂ ਦੀ ਇੱਕ ਟੋਲੀ ਅੰਦਰ ਗਈ, ਉਨ੍ਹਾਂ ਦੇ ਘੋੜੇ ਆਪਣੇ ਕਬਜ਼ੇ 'ਚ ਲੈ ਲਏ, ਪੌੜੀਆਂ ਚੜ੍ਹ ਕੇ ਉਨ੍ਹਾਂ ਦੇ ਕਮਰੇ 'ਚ ਗਏ, ਉਨ੍ਹਾਂ ਨੇ ਝੁਕ ਕੇ ਸਲਾਮ ਕਰਨ ਦੇ ਪੱਜ ਉਨ੍ਹਾਂ ਨੂੰ ਬੁਰਾ-ਭਲਾ ਆਖਿਆ ਤੇ ਸਰਦਾਰ 'ਤੇ ਹਮਲਾ ਕਰ ਦਿੱਤਾ, ਜਿਨ੍ਹਾਂ ਹਮਲਾਵਰਾਂ ਦਾ ਬਹੁਤ ਬਹਾਦਰੀ ਨਾਲ ਮੁਕਾਬਲਾ ਕੀਤਾ ਤੇ ਉਨ੍ਹਾਂ ਦੀ ਇੱਕ ਕੁਹਾੜੀ ਖੋਹ ਕੇ ਹਵਾ 'ਚ ਘੁਮਾ ਦਿੱਤੀ। ਤਦ ਉਹ ਟੋਲੀ ਉੱਥੋਂ ਨੱਸ ਗਈ ਤੇ ਬਾਜ਼ਾਰ 'ਚ ਪਿੰਡ ਵਾਸੀਆਂ ਪਿੱਛਾ ਕਰ ਕੇ ਉਨ੍ਹਾਂ 'ਤੇ ਡਾਂਗਾਂ, ਬੰਦੂਕਾਂ ਤੇ ਇੱਟਾਂ ਨਾਲ ਵਾਰ ਕੀਤੇ।

ਸਾਹਮਣੇ ਵਾਲੇ ਪਿੰਡ ਖੇੜੀ ਦੇ ਲੋਕ ਵੀ ਮਦਦ ਲਈ ਪੁੱਜ ਗਏ ਅਤੇ ਕੂਕਿਆਂ ਨੂੰ ਉੱਥੋਂ ਬਾਹਰ ਭਜਾ ਦਿੱਤਾ। ਉਸ ਸੰਘਰਸ਼ ਦੌਰਾਨ ਕੂਕਿਆਂ ਦੀ ਟੋਲੀ ਦੇ ਛੇ ਜਣੇ ਜ਼ਖ਼ਮੀ ਹੋ ਗਏ, ਜਿਨ੍ਹਾਂ 'ਚੋਂ ਦੋ ਮਰ ਗਏ, ਚਾਰ ਰਹਿ ਗਏ, ਭਗਵਾਨ ਸਿੰਘ ਤੇ ਗਿਆਨ ਸਿੰਘ ਦੋਵਾਂ ਨੂੰ ਬਾਹਰੀ ਕੰਧ ਕੋਲੋਂ ਕਾਬੂ ਕਰ ਕੇ ਤੁਰੰਤ ਲਿਆਂਦਾ ਗਿਆ।

ਗਵਾਹ ਸਾਹਿਬ ਸਿੰਘ ਤੇ ਰਾਮ ਸਿੰਘ ਨੇ ਇਨ੍ਹਾਂ ਵਿਅਕਤੀਆਂ ਦੇ ਕਾਬੂ ਕੀਤੇ ਜਾਣ ਦੀ ਗਵਾਹੀ ਦਿੱਤੀ ਹੈ, ਸੁੰਦਰ ਨੇ ਗਵਾਹੀ ਦਿੱਤੀ ਕਿ ਅਗਲੀ ਸਵੇਰ ਨੂੰ ਪਿੰਡ ਦੇ ਬਾਹਰਵਾਰ ਉਸ ਨੇ ਥੰਮਣ ਸਿੰਘ ਨੂੰ ਵੇਖਿਆ ਸੀ।

ਨਥਾਣਾ ਨੇ ਗਵਾਹੀ ਦਿੱਤੀ ਕਿ ਅਗਲੀ ਸਵੇਰ ਮਲੌਦ ਤੋਂ ਸਿਰਫ਼ ਇੱਕ ਮੀਲ ਦੀ ਦੂਰੀ 'ਤੇ ਪਿੰਡ ਖੇੜੀ ਤੋਂ ਮਿਹਰ ਸਿੰਘ ਨੂੰ ਕਾਬੂ ਕੀਤਾ ਗਿਆ ਸੀ।

ਬਾਕੀ ਸਾਰੇ ਉੱਥੋਂ ਨੱਸ ਗਏ ਤੇ ਕੋਟਲਾ 'ਤੇ ਹਮਲਾ ਕਰ ਦਿੱਤਾ ਪਰ ਉਹ ਸਾਰੇ ਜਾਂ ਲਗਭਗ ਸਾਰੇ ਹੀ ਕਾਬੂ ਕਰ ਲਏ ਗਏ ਅਤੇ ਇਹ ਘਟਨਾ ਕਿਉਂਕਿ ਸੁਤੰਤਰ ਅਧਿਕਾਰ-ਖੇਤਰ ਵਿੱਚ ਵਾਪਰੀ ਹੈ, ਇਸ ਲਈ ਉਸ ਦਾ ਨਿਬੇੜਾ ਕਮਿਸ਼ਨਰ ਨੇ ਪ੍ਰਤੀਨਿਧ ਹੋਣ ਦੇ ਨਾਤੇ ਕਰ ਦਿੱਤਾ ਹੈ।

ਜਿਸ ਟੋਲੀ ਨਾਲ ਇਹ ਚਾਰ ਕੈਦੀ ਸੰਬੰਧਤ ਹਨ, ਉਸ ਦੀਆਂ ਮਨਸ਼ਾਵਾਂ 'ਤੇ ਥੋੜ੍ਹਾ ਜਿੰਨਾ ਵੀ ਕੋਈ ਸ਼ੱਕ ਨਹੀਂ ਹੈ ਅਤੇ ਮੈਨੂੰ ਅਜਿਹਾ ਕੋਈ ਕਾਰਣ ਨਹੀਂ ਲੱਭਦਾ

ਕਿ ਮੈਂ ਸਜ਼ਾ ਦਰਜ ਨਾ ਕਰਾਂ, ਜਿਸ ਵਿੱਚ ਇਹ ਸਾਰੇ ਸੰਬੰਧਤ ਵਿਅਕਤੀ ਡਕੈਤੀ ਤੇ ਕਤਲ ਦੀ ਵਾਰਦਾਤ 'ਚ ਸ਼ਾਮਲ ਹਨ।

ਮੁਲੰਕਣਕਰਤਾ ਨੇ ਸਰਬਸੰਮਤੀ ਨਾਲ ਇਨ੍ਹਾਂ ਧਿਰਾਂ ਨੂੰ ਦੋਸ਼ੀ ਪਾਇਆ ਹੈ; ਉਨ੍ਹਾਂ ਆਪਣੇ ਬਿਆਨਾਂ 'ਚ ਹੀ ਇਕਬਾਲੇ ਜੁਰਮ ਕੀਤਾ ਹੈ।

ਉਂਝ ਮੈਂ ਦੋ ਕਾਰਣਾਂ ਕਰਕੇ ਸਖ਼ਤ ਕਾਨੂੰਨ ਦੀ ਵਰਤੋਂ ਕਰਦਿਆਂ ਇਨ੍ਹਾਂ ਲਈ ਮੌਤ ਦੀ ਸਜ਼ਾ ਦੇਣ ਤੋਂ ਗੁਰੇਜ਼ ਕਰਦਾ ਹਾਂ। ਸਖ਼ਤ ਕਿਸਮ ਦੀਆਂ ਮਿਸਾਲਾਂ ਹਾਲੇ ਹੁਣੇ ਮਲੇਰਕੋਟਲਾ 'ਚ ਕਾਇਮ ਕੀਤੀਆਂ ਜਾ ਚੁੱਕੀਆਂ ਹਨ ਤੇ ਹੁਣ ਰਹਿਮ ਦਰਸਾਉਣ ਦੀ ਗੁੰਜਾਇਸ਼ ਹੈ।

ਦੂਜਾ ਕਾਰਣ ਇਹ ਹੈ ਕਿ ਇਹ ਸਾਰੇ ਕੈਦੀ ਵੱਧ ਜਾਂ ਘੱਟ ਜ਼ਖ਼ਮੀ ਹਨ। ਦੋ ਜਣਿਆਂ ਦੀਆਂ ਲੱਤਾਂ-ਬਾਹਾਂ ਟੁੱਟੀਆਂ ਹੋਈਆਂ ਹਨ ਤੇ ਸ਼ਾਇਦ ਇੱਕ ਜ਼ਖ਼ਮੀ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ, ਇਸ ਲਈ ਮੈਂ ਮੌਤ ਦੀ ਸਜ਼ਾ ਮੁਆਫ਼ ਕਰ ਕੇ ਇਨ੍ਹਾਂ ਸਾਰੇ ਚਾਰ ਕੈਦੀਆਂ ਨੂੰ ਉਮਰ ਭਰ ਲਈ ਦੇਸ਼-ਨਿਕਾਲ਼ੇ ਦੀ ਸਜ਼ਾ ਦਿੰਦਾ ਹਾਂ।

ਮਲੌਦ — ਟੀ.ਡੀ. ਫ਼ਾਰਸਿਥ
19 ਜਨਵਰੀ, 1872 — ਕਮਿਸ਼ਨਰ ਤੇ ਸੈਸ਼ਨਜ਼ ਜੱਜ

## ਮਹਾਰਾਣੀ *ਬਨਾਮ* ਭਗਵਾਨ ਸਿੰਘ ਤੇ ਹੋਰ।

**ਦੋਸ਼:** ਕਤਲ ਤੇ ਡਕੈਤੀ, ਸੈਕਸ਼ਨ 396, ਭਾਰਤੀ ਸਜ਼ਾ ਜ਼ਾਬਤਾ।

ਅਦਾਲਤ ਨੇ ਮੁਲੰਕਣਕਰਤਾਵਾਂ ਨਾਲ ਪਾਇਆ ਹੈ ਕਿ ਭਗਵਾਨ ਸਿੰਘ ਉਸ ਜੁਰਮ ਦਾ ਦੋਸ਼ੀ ਹੈ, ਜਿਸ ਦਾ ਵਰਨਣ ਦੋਸ਼ ਵਿੱਚ ਕੀਤਾ ਗਿਆ ਹੈ ਭਾਵ ਭਗਵਾਨ ਸਿੰਘ ਨੇ ਡਕੈਤੀ ਤੇ ਕਤਲ ਦਾ ਅਪਰਾਧ ਕੀਤਾ ਹੈ ਅਤੇ ਇੰਝ ਇਹ ਅਪਰਾਧ ਭਾਰਤੀ ਸਜ਼ਾ ਜ਼ਾਬਤਾ ਦੇ ਸੈਕਸ਼ਨ 396 ਅਧੀਨ ਸਜ਼ਾਯੋਗ ਹੈ ਤੇ ਇਹ ਅਦਾਲਤ ਹਦਾਇਤ ਦਿੰਦੀ ਹੈ ਕਿ ਭਗਵਾਨ ਸਿੰਘ ਨੂੰ ਉਮਰ ਭਰ ਲਈ ਦੇਸ਼-ਨਿਕਾਲਾ ਦੇ ਦਿੱਤਾ ਜਾਵੇ।

ਟੀ.ਡੀ. ਫ਼ਾਰਸਿਥ,
ਸੈਸ਼ਨਜ਼ ਜੱਜ, ਅੰਬਾਲਾ ਡਿਵੀਜ਼ਨ

## ਮਹਾਰਾਣੀ *ਬਨਾਮ* ਗਿਆਨ ਸਿੰਘ ਤੇ ਹੋਰ।

**ਦੋਸ਼:** ਕਤਲ ਤੇ ਡਕੈਤੀ, ਸੈਕਸ਼ਨ 396, ਭਾਰਤੀ ਸਜ਼ਾ ਜ਼ਾਬਤਾ।

ਅਦਾਲਤ ਨੇ ਮੁਲੰਕਣਕਰਤਾਵਾਂ ਨਾਲ ਪਾਇਆ ਹੈ ਕਿ ਗਿਆਨ ਸਿੰਘ ਉਸ ਜੁਰਮ ਦਾ ਦੋਸ਼ੀ ਹੈ, ਜਿਸ ਦਾ ਵਰਨਣ ਦੋਸ਼ ਵਿੱਚ ਕੀਤਾ ਗਿਆ ਹੈ ਭਾਵ ਭਗਵਾਨ ਸਿੰਘ ਨੇ ਡਕੈਤੀ ਤੇ ਕਤਲ ਦਾ ਅਪਰਾਧ ਕੀਤਾ ਹੈ ਅਤੇ ਇੰਝ ਇਹ ਅਪਰਾਧ ਭਾਰਤੀ ਸਜ਼ਾ ਜ਼ਾਬਤਾ ਦੇ ਸੈਕਸ਼ਨ 396 ਅਧੀਨ ਸਜ਼ਾਯੋਗ ਹੈ ਤੇ ਇਹ ਅਦਾਲਤ ਹਦਾਇਤ ਦਿੰਦੀ ਹੈ ਕਿ ਭਗਵਾਨ ਸਿੰਘ ਨੂੰ ਉਮਰ ਭਰ ਲਈ ਦੇਸ਼-ਨਿਕਾਲਾ ਦੇ ਦਿੱਤਾ ਜਾਵੇ।

ਟੀ.ਡੀ. ਫ਼ਾਰਸਿਥ,
ਸੈਸ਼ਨਜ਼ ਜੱਜ, ਅੰਬਾਲਾ ਡਿਵੀਜ਼ਨ

**ਮਹਾਰਾਣੀ *ਬਨਾਮ* ਥੰਮਣ ਸਿੰਘ ਤੇ ਹੋਰ।**

ਦੋਸ਼: ਕਤਲ ਤੇ ਡਕੈਤੀ, ਸੈਕਸ਼ਨ 396, ਭਾਰਤੀ ਸਜ਼ਾ ਜ਼ਾਬਤਾ।

ਅਦਾਲਤ ਨੇ ਮੁਲੰਕਣਕਰਤਾਵਾਂ ਨਾਲ ਪਾਇਆ ਹੈ ਕਿ ਥੰਮਣ ਸਿੰਘ ਉਸ ਜੁਰਮ ਦਾ ਦੋਸ਼ੀ ਹੈ, ਜਿਸ ਦਾ ਵਰਨਣ ਦੋਸ਼ ਵਿੱਚ ਕੀਤਾ ਗਿਆ ਹੈ ਭਾਵ ਭਗਵਾਨ ਸਿੰਘ ਨੇ ਡਕੈਤੀ ਤੇ ਕਤਲ ਦਾ ਅਪਰਾਧ ਕੀਤਾ ਹੈ ਅਤੇ ਇੰਝ ਇਹ ਅਪਰਾਧ ਭਾਰਤੀ ਸਜ਼ਾ ਜ਼ਾਬਤਾ ਦੇ ਸੈਕਸ਼ਨ 396 ਅਧੀਨ ਸਜ਼ਾਯੋਗ ਹੈ ਤੇ ਇਹ ਅਦਾਲਤ ਹਦਾਇਤ ਦਿੰਦੀ ਹੈ ਕਿ ਭਗਵਾਨ ਸਿੰਘ ਨੂੰ ਉਮਰ ਭਰ ਲਈ ਦੇਸ਼-ਨਿਕਾਲਾ ਦੇ ਦਿੱਤਾ ਜਾਵੇ ।

ਟੀ.ਡੀ. ਫ਼ਾਰਸਿਥ,
ਸੈਸ਼ਨਜ਼ ਜੱਜ, ਅੰਬਾਲਾ ਡਿਵੀਜ਼ਨ

**ਮਹਾਰਾਣੀ *ਬਨਾਮ* ਮਿਹਰ ਸਿੰਘ।**

ਦੋਸ਼: ਕਤਲ ਤੇ ਡਕੈਤੀ, ਸੈਕਸ਼ਨ 396, ਭਾਰਤੀ ਸਜ਼ਾ ਜ਼ਾਬਤਾ।

ਅਦਾਲਤ ਨੇ ਮੁਲੰਕਣਕਰਤਾਵਾਂ ਨਾਲ ਪਾਇਆ ਹੈ ਕਿ ਮਿਹਰ ਸਿੰਘ ਉਸ ਜੁਰਮ ਦਾ ਦੋਸ਼ੀ ਹੈ, ਜਿਸ ਦਾ ਵਰਨਣ ਦੋਸ਼ ਵਿੱਚ ਕੀਤਾ ਗਿਆ ਹੈ ਭਾਵ ਭਗਵਾਨ ਸਿੰਘ ਨੇ ਡਕੈਤੀ ਤੇ ਕਤਲ ਦਾ ਅਪਰਾਧ ਕੀਤਾ ਹੈ ਅਤੇ ਇੰਝ ਇਹ ਅਪਰਾਧ ਭਾਰਤੀ ਸਜ਼ਾ ਜ਼ਾਬਤਾ ਦੇ ਸੈਕਸ਼ਨ 396 ਅਧੀਨ ਸਜ਼ਾਯੋਗ ਹੈ ਤੇ ਇਹ ਅਦਾਲਤ ਹਦਾਇਤ ਦਿੰਦੀ ਹੈ ਕਿ ਭਗਵਾਨ ਸਿੰਘ ਨੂੰ ਉਮਰ ਭਰ ਲਈ ਦੇਸ਼-ਨਿਕਾਲਾ ਦੇ ਦਿੱਤਾ ਜਾਵੇ।

ਟੀ.ਡੀ. ਫ਼ਾਰਸਿਥ,
ਸੈਸ਼ਨਜ਼ ਜੱਜ, ਅੰਬਾਲਾ ਡਿਵੀਜ਼ਨ

## 110

*ਮਿਤੀ 20 ਜਨਵਰੀ, 1872*

*ਵੱਲੋਂ*

ਟੀ.ਡੀ. ਫ਼ਾਰਸਿਥ, ਐਸਕ., ਸੀ.ਬੀ.
ਕਮਿਸ਼ਨਰ, ਅੰਬਾਲਾ।

*ਵੱਲ*

ਸਕੱਤਰ, ਪੰਜਾਬ ਸਰਕਾਰ।

ਇਸੇ ਮਹੀਨੇ ਦੀ 19 ਤਰੀਕ ਨੂੰ ਲਿਖੀ ਮੇਰੀ ਚਿੱਠੀ ਦੀ ਨਿਰੰਤਰਤਾ 'ਚ ਮੈਨੂੰ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਮੈਂ ਕੱਲ੍ਹ ਮਲੌਦ ਗਿਆ ਸਾਂ ਅਤੇ ਉੱਥੇ ਉਨ੍ਹਾਂ ਕੈਦੀਆਂ ਦੀ ਸੁਣਵਾਈ ਲਈ ਸੈਸ਼ਨਜ਼ ਅਦਾਲਤ ਲਾਈ ਸੀ, ਜਿਨ੍ਹਾਂ

ਨੂੰ ਮੌਕੇ ’ਤੇ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਜੋ ਕਤਲ ਤੇ ਡਕੈਤੀ ਦੇ ਮਾਮਲੇ ਨਾਲ ਸੰਬੰਧਤ ਹਨ। ਚਾਰ ਵਿਅਕਤੀਆਂ ਦੀ ਸੁਣਵਾਈ ਕਰ ਕੇ ਉਨ੍ਹਾਂ ਦੇ ਆਪਣੇ ਇਕਬਾਲੇ ਜੁਰਮ ਦੇ ਆਧਾਰ ਉੱਤੇ ਮੌਤ ਦੀ ਸਜ਼ਾ ਸੁਣਾਈ ਗਈ ਸੀ। ਪਰ ਇਸ ਸਜ਼ਾ ਨੂੰ ਅਮਲੀ ਰੂਪ ਦੇਣ ਦੀ ਮੇਰੀ ਕੋਈ ਮਨਸ਼ਾ ਨਹੀਂ ਹੈ ਕਿਉਂਕਿ ਵਰਨਣਯੋਗ ਮਿਸਾਲ ਕਾਇਮ ਕੀਤੀ ਜਾ ਚੁੱਕੀ ਹੈ ਅਤੇ ਇਹ ਸਾਰੇ ਹੀ ਚਾਰੇ ਵਿਅਕਤੀ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਹਨ ਤੇ ਦੋ ਦੀਆਂ ਤਾਂ ਲੱਤਾਂ-ਬਾਹਾਂ ਟੁੱਟੀਆਂ ਹੋਈਆਂ ਹਨ। ਕੁਝ ਹੀ ਦਿਨਾਂ ’ਚ ਮੇਰਾ ਪ੍ਰਸਤਾਵ ਹੈ ਕਿ ਇਨ੍ਹਾਂ ਦੀ ਸਜ਼ਾ ਨੂੰ ਉਮਰ ਭਰ ਲਈ ਦੇਸ਼-ਨਿਕਾਲੇ ਵਿੱਚ ਤਬਦੀਲ ਕਰ ਦਿੱਤਾ ਜਾਵੇ।

2. ਮੈਨੂੰ ਡਿਪਟੀ ਇੰਸਪੈਕਟਰ ਜਨਰਲ ਕੈਪਟਨ ਮੈਂਜ਼ੀਸ ਤੋਂ ਇੱਕ ਰਿਪੋਰਟ ਪ੍ਰਾਪਤ ਹੋਈ ਹੈ ਕਿ ਕੈਪਟਨ ਬੇਲੀ ਨੇ 192 ਕੂਕਿਆਂ ਨੂੰ ਪਿੰਡ ਭੈਣੀ ’ਚ ਪਾਇਆ ਹੈ ਤੇ ਹਾਸ਼ੀਏ ’ਤੇ ਦਿੱਤੇ ਸੂਬਿਆਂ (ਉਨ੍ਹਾਂ ’ਚੋਂ ਚਾਰ ਸੂਬੇ ਹਨ ਭਾਵ ਪਹਿਲੇ ਚਾਰ) ਨੂੰ ਅਲਾਹਾਬਾਦ ਭੇਜਣ ਲਈ ਲੁਧਿਆਣਾ ਭੇਜ ਦਿੱਤਾ ਹੈ। ਬਾਕੀਆਂ ਨੂੰ ਹਾਲ ਦੀ ਘੜੀ ਅਗਲੇ ਹੁਕਮਾਂ ਤੱਕ ਲੁਧਿਆਣਾ ’ਚ ਰੱਖਿਆ ਗਿਆ ਹੈ, 122 ਕੂਕਿਆਂ ਨੂੰ ਉਨ੍ਹਾਂ ਦੇ ਘਰੀਂ ਭੇਜ ਦਿੱਤਾ ਗਿਆ ਹੈ, ਬਾਕੀ 50 ਦੇ ਆਪਣੇ ਕੋਈ ਘਰ ਨਹੀਂ ਹਨ ਅਤੇ ਉਪਜੀਵਕਾ ਦਾ ਕੋਈ ਸਾਧਨ ਨਹੀਂ ਹੈ, ਇਹ ਕਿਉਂਕਿ ਇਸ ਸੰਪਰਦਾਇ ਦਾ ਅਸਲ ’ਚ ਸਭ ਤੋਂ ਖ਼ਤਰਨਾਕ ਵਰਗ ਹੈ, ਜੋ ਆਪਣੀ ਸਾਰੀ ਜਾਇਦਾਦ ਵੇਚ ਚੁੱਕਾ ਹੈ ਕਿ ਤਾਂ ਜੋ ਉਹ ਆਪਣੇ ਆਗੂ ਦੇ ਹੁਕਮ ਅਨੁਸਾਰ ਕਿਸੇ ਵੀ ਸਮੇਂ ਕੁਝ ਵੀ ਕਰਨ ਲਈ ਤਿਆਰ ਰਹਿ ਸਕਣ, ਇਨ੍ਹਾਂ ਨੂੰ ਜ਼ਮਾਨਤ ਦੇਣ ਲਈ ਕਿਹਾ ਜਾਵੇਗਾ ਤੇ ਜਾਂ ਕਾਨੂੰਨ ਅਨੁਸਾਰ ਉਨ੍ਹਾਂ ਨੂੰ ਦੋ ਸਾਲਾਂ ਲਈ ਜੇਲ੍ਹ ਭੇਜ ਦਿੱਤਾ ਜਾਵੇਗਾ।

| | |
|---|---|
| ਬ੍ਰਹਮਾ ਸਿੰਘਖ਼ਜ਼ਾਨ ਸਿੰਘ | |
| ਕਾਹਨ ਸਿੰਘ ਨਿਹੰਗ | ਹਰਨਾਮ ਸਿੰਘ |
| ਪਹਾੜਾ ਸਿੰਘ | ਹੀਰਾ ਸਿੰਘ |
| ਹੁਕਮਾ ਸਿੰਘ | ਸਮੁੰਦ ਸਿੰਘ |
| ਫ਼ਤਹਿ ਸਿੰਘ | ਉੱਤਰ ਸਿੰਘ |
| ਗੁਰਮੁਖ ਸਿੰਘ | ਧਰਮ ਸਿੰਘ |

ਮੈਂ ਹਾਲ ਦੀ ਘੜੀ ਭੈਣੀ ਵਿਖੇ ਇੱਕ ਛੋਟੀ ਪੁਲਿਸ ਚੌਕੀ ਕਾਇਮ ਕਰਨ ਦੇ ਹੁਕਮ ਦੇ ਦਿੱਤੇ ਹਨ।

ਅਨੇਕ ਕੁਹਾੜੀਆਂ (30) ਬਾਬਾ ਰਾਮ ਸਿੰਘ ਜੀ ਦੇ ਘਰ ’ਚੋਂ ਮਿਲੀਆਂ ਹਨ

3. ਪਿਛਲੇ ਹਫ਼ਤੇ ਸਾਰੇ ਹਿੱਸਿਆਂ ਤੋਂ ਕੂਕਿਆਂ ਦੀਆਂ ਕਈ ਟੋਲੀਆਂ ਕੋਟਲਾ ਵੱਲ ਗਈਆਂ ਸਨ ਪਰ ਉਸ ਸਥਾਨ ਤੋਂ ਇੱਕ ਜਾਂ ਦੋ ਮੀਲ ਦੀ ਦੂਰੀ ਤੋਂ ਹੀ ਪਰਤਦੀਆਂ ਰਹੀਆਂ ਹਨ, ਇੰਝ ਦੂਜੇ ਹਮਲੇ ਦਾ ਵਰਨਣਯੋਗ ਖ਼ਦਸ਼ਾ ਹੈ। ਇਸੇ ਲਈ ਮੈਂ ਨਾਜ਼ਿਮ ਨੂੰ 100 ਵਿਅਕਤੀਆਂ ਦੀ ਡਿਊਟੀ ਲਾਉਣ ਦੀ ਹਦਾਇਤ ਕੀਤੀ ਹੈ, ਜੋ ਪੂਰੀ ਤਰ੍ਹਾਂ ਹਥਿਆਰਾਂ ਨਾਲ ਲੈਸ ਹੋਣ ਤੇ ਉਸ ਸਥਾਨ ਦੀ ਰਾਖੀ ਕਰ ਸਕਣ; ਅਤੇ ਉੱਥੋਂ ਦੇ ਕੁਸ਼ਾਸਨ ਦੀ ਮਾੜੀ ਦਸ਼ਾ ਦੇ ਮੱਦੇਨਜ਼ਰ ਅਤੇ ਧੜੇਬੰਦੀਆਂ ਕਰਕੇ ਹਾਲੇ ਤੱਕ ਕਿਸੇ ਨਵਾਬ ਦੀ ਨਿਯੁਕਤੀ ਨਾ ਹੋਣ ਕਾਰਨ ਮੈਂ ਕਿਸੇ ਸਥਾਨਕ ਜਾਂ ਯੂਰੋਪੀਅਨ ਵਧੀਕ ਅਸਿਸਟੈਂਟ ਕਮਿਸ਼ਨਰ ਨੂੰ ਉੱਥੋਂ ਦਾ ਅਸਥਾਈ ਚਾਰਜ ਸੰਭਾਲਣ ਲਈ ਭੇਜਣ ਦੀ ਸਿਫ਼ਾਰਸ਼ ਕਰਦਾ ਹਾਂ। ਉਸ ਨੂੰ ਰਿਆਸਤ ਦੇ ਅੰਦਰੂਨੀ ਮਾਮਲਿਆਂ ’ਚ ਦਖ਼ਲ ਦੇਣ ਦੀ ਜ਼ਰੂਰਤ ਨਹੀਂ ਹੈ, ਬੱਸ ਉਹ ਸਿਰਫ਼ ਹੁਕਮਾਂ ਦੀ

ਪਾਲਣਾ ਕਰਵਾਏ। ਪ੍ਰਵਾਨਗੀ ਮਿਲ ਜਾਣ ਦੀ ਆਸ ਕਾਰਣ ਮੈਂ ਵਧੀਕ ਅਸਿਸਟੈਂਟ ਕਮਿਸ਼ਨਰ ਨਾਰਾਇਣ ਸਿੰਘ ਨੂੰ ਉੱਥੇ ਜਾਣ ਦੀ ਹਦਾਇਤ ਦੇ ਦਿੱਤੀ ਹੈ। ਇਸ ਮੌਕੇ ਮੈਂ ਗ਼ੁਲਾਮ ਮੁਹੰਮਦ ਖ਼ਾਨ ਦੇ ਮਾੜੇ ਵਿਹਾਰ ਬਾਰੇ ਸਰਕਾਰ ਦੇ ਧਿਆਨ ਗੋਚਰੇ ਲਿਆਉਣਾ ਚਾਹੁੰਦਾ ਹਾਂ। ਉਹ ਬਿਨਾਂ ਇਜਾਜ਼ਤ ਜਾਂ ਛੁੱਟੀ ਲਏ ਆਪ ਹੀ ਆਪਣੀ ਮਿਲਖ ਦੇ ਪ੍ਰਸ਼ਾਸਨ ਦਾ ਕੋਈ ਇੰਤਜ਼ਾਮ ਕੀਤੇ ਬਗ਼ੈਰ ਕਲਕੱਤਾ ਚਲਾ ਗਿਆ ਹੈ। ਉਸ ਦੀ ਗ਼ੈਰ-ਹਾਜ਼ਰੀ 'ਚ ਉਸ ਦੇ ਪੁੱਤਰ ਨੇ ਬਹੁਤ ਗ਼ੈਰ-ਵਾਜਬ ਢੰਗ ਨਾਲ ਨਾਜ਼ਿਮ ਵੱਲੋਂ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ ਰਿਹਾਅ ਕਰ ਦਿੱਤਾ ਹੈ। ਮੈਂ ਗ਼ੁਲਾਮ ਮੁਹੰਮਦ ਖ਼ਾਨ ਨੂੰ ਕਈ ਵਾਰ ਬੇਨਤੀਆਂ ਕਰ ਲਈਆਂ ਹਨ ਪਰ ਉਸ ਨੇ ਕੋਈ ਧਿਆਨ ਹੀ ਨਹੀਂ ਦਿੱਤਾ, ਇੰਝ ਮੇਰੇ ਹੁਕਮਾਂ ਦੀ ਉਲੰਘਣਾ ਕੀਤੀ ਹੈ। ਅਜਿਹੇ ਹੰਗਾਮੀ ਹਾਲਾਤ ਵਿੱਚ ਮੈਂ ਉਸ ਦੀ ਮਿਲਖ ਨੂੰ ਤੋੜ ਕੇ ਨਾਜ਼ਿਮ ਦੇ ਪ੍ਰਬੰਧ ਹੇਠ ਰੱਖ ਦਿੱਤਾ ਹੈ; ਕਿਉਂਕਿ ਅਜਿਹੀ ਅਰਾਜਕਤਾ ਸਦਕਾ ਹੀ ਕੂਕਿਆਂ ਨੇ ਇਹ ਹਮਲਾ ਕਰਨ ਦਾ ਜੇਰਾ ਕੀਤਾ ਸੀ ਅਤੇ ਜੇ ਅਜਿਹੀ ਹਾਲਤ ਬਣੀ ਰਹੀ, ਤਾਂ ਉਹ ਦੋਬਾਰਾ ਵੀ ਇੱਥੇ ਹਮਲਾ ਕਰ ਸਕਦੇ ਹਨ।

4. (ਗੁਰੂ) ਰਾਮ ਸਿੰਘ ਜੀ ਨੂੰ ਇੱਥੋਂ ਬਾਹਰ ਭੇਜਣ ਦੇ ਐਲਾਨ ਵਾਲੀ ਮੇਰੀ ਚਿੱਠੀ ਵਿੱਚ ਮੈਂ ਜ਼ਿਕਰ ਕੀਤਾ ਸੀ ਕਿ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਦੀ ਮਨਸ਼ਾ ਬਾਰੇ ਪੁਲਿਸ ਨੂੰ ਦੱਸਿਆ ਸੀ; ਉਹ ਗੱਲ ਮੈਨੂੰ ਜ਼ਿਲ੍ਹਾ ਅਧਿਕਾਰੀਆਂ ਨੇ ਦੱਸੀ ਸੀ ਪਰ ਕੱਲ੍ਹ ਇੱਕ ਪੁਲਿਸ ਅਧਿਕਾਰੀ ਤੋਂ ਪੁੱਛਗਿੱਛ ਦੌਰਾਨ ਮੈਂ ਪਾਇਆ ਕਿ ਇਹ ਮਾਮਲਾ ਕਿਸੇ ਵੀ ਪਾਸਿਓਂ (ਗੁਰੂ) ਰਾਮ ਸਿੰਘ ਜੀ ਦੇ ਹੱਕ 'ਚ ਨਹੀਂ ਹੈ। ਭੈਣੀ 'ਚ 11 ਤੇ 12 ਜਨਵਰੀ ਨੂੰ ਇੱਕ ਹਜ਼ਾਰ ਕੂਕਿਆਂ ਦਾ ਇਕੱਠ ਹੋਇਆ ਸੀ (ਇਹ ਗੱਲ ਉਨ੍ਹਾਂ ਦੱਸੀ ਹੈ)। ਇਨ੍ਹਾਂ ਦੋ ਦਿਨਾਂ ਦੌਰਾਨ ਬੇਸ਼ੱਕ ਆਗੂਆਂ ਤੇ ਉਨ੍ਹਾਂ ਦੇ ਪੈਰੋਕਾਰਾਂ ਵਿਚਾਲੇ ਖੁੱਲ੍ਹ ਕੇ ਆਪਸੀ ਵਿਚਾਰ-ਵਟਾਂਦਰੇ ਹੋਏ ਸਨ। ਫਿਰ 13 ਤਰੀਕ ਨੂੰ ਡਿਪਟੀ ਇੰਸਪੈਕਟਰ ਨੇ ਸੁਣਿਆ ਕਿ 100 ਮਸਤਾਨਿਆਂ ਨੇ ਸਨਕ ਤੇ ਨਿਰਾਸ਼ਾ ਦੀ ਹਾਲਤ ਵਿੱਚ ਖ਼ੁਦ ਨੂੰ ਬਾਕੀਆਂ ਤੋਂ ਵੱਖ ਕਰ ਲਿਆ ਅਤੇ ਕੋਟਲਾ ਜਾਣ ਦੀਆਂ ਤਿਆਰੀਆਂ ਕਰਨ ਲੱਗੇ। ਇਹ ਸੁਣ ਕੇ ਡਿਪਟੀ ਇੰਸਪੈਕਟਰ ਬਾਬਾ ਰਾਮ ਸਿੰਘ ਜੀ ਕੋਲ ਗਿਆ ਤੇ ਪੁੱਛਿਆ ਕਿ ਇਸ ਦਾ ਕੀ ਅਰਥ ਹੈ, ਤਾਂ ਬਾਬਾ ਰਾਮ ਸਿੰਘ ਜੀ ਨੇ ਸਿਰਫ਼ ਇਹੋ ਜਵਾਬ ਦਿੱਤਾ ਕਿ ਉਹ ਮਸਤਾਨੇ ਹਨ ਤੇ ਉਨ੍ਹਾਂ ਦੇ ਵੱਸ ਤੋਂ ਬਾਹਰ ਹੋ ਚੁੱਕੇ ਹਨ। ਡਿਪਟੀ ਇੰਸਪੈਕਟਰ ਨੇ ਉਨ੍ਹਾਂ ਦੇ ਨਾਵਾਂ ਦੀ ਸੂਚੀ ਮੰਗੀ, ਤਾਂ ਬਾਬਾ ਰਾਮ ਸਿੰਘ ਜੀ ਨੇ ਸਿਰਫ਼ 13 ਨਾਂਅ ਦਿੱਤੇ ਤੇ ਕਿਹਾ ਕਿ ਬਾਕੀਆਂ ਬਾਰੇ ਉਨ੍ਹਾਂ ਨੂੰ ਪਤਾ ਨਹੀਂ ਹੈ, ਭਾਵੇਂ ਉਨ੍ਹਾਂ ਸਾਰਿਆਂ ਦੀ ਗਿਣਤੀ 100 ਤੋਂ ਘੱਟ ਨਹੀਂ ਸੀ। ਡਿਪਟੀ ਇੰਸਪੈਕਟਰ ਨੇ ਤਦ (ਗੁਰੂ) ਰਾਮ ਸਿੰਘ ਜੀ ਨੂੰ ਉਨ੍ਹਾਂ ਸਭਨਾਂ ਨੂੰ ਸ਼ਾਂਤੀ ਨਾਲ ਆਪੋ-ਆਪਣੇ ਘਰੀਂ ਜਾਣ ਦੀ ਅਪੀਲ ਕਰਨ ਲਈ ਆਖਿਆ, ਤਦ ਬਾਬਾ ਰਾਮ ਸਿੰਘ ਜੀ ਨੇ ਆਪਣੇ ਗਲ਼ ਵਿਚ ਪੱਲਾ ਪਾ ਕੇ ਉਨ੍ਹਾਂ ਨੂੰ ਉੱਥੋਂ ਚਲੇ ਜਾਣ ਤੇ ਕੋਈ ਹੰਗਾਮਾ ਖੜ੍ਹਾ ਨਾ ਕਰਨ ਲਈ ਆਖਿਆ।

ਉਨ੍ਹਾਂ ਪੁਲਿਸ ਨੂੰ ਆਪਣੇ-ਆਪ ਕੋਈ ਜਾਣਕਾਰੀ ਨਹੀਂ ਦਿੱਤੀ ਸੀ ਤੇ ਉਨ੍ਹਾਂ

ਪੁਲਿਸ ਅਧਿਕਾਰੀ ਦੀ ਕੋਈ ਬਹੁਤੀ ਪਾਲਣਾ ਨਹੀਂ ਕੀਤੀ ਸੀ। ਮੇਰੇ ਸਾਹਮਣੇ (ਗੁਰੂ) ਰਾਮ ਸਿੰਘ ਜੀ ਨੇ ਸ਼ੇਖ਼ੀ ਮਾਰੀ ਸੀ ਕਿ ਉਨ੍ਹਾਂ ਜਾਣਕਾਰੀ ਦਿੱਤੀ ਸੀ; ਜੇ ਕਿਤੇ ਉਨ੍ਹਾਂ 11 ਜਾਂ 12 ਤਰੀਕ ਨੂੰ ਸਮੇਂ ਸਿਰ ਆਪ ਅਜਿਹੀ ਜਾਣਕਾਰੀ ਦਿੱਤੀ ਹੁੰਦੀ, ਤਾਂ ਉਨ੍ਹਾਂ ਦਾ ਬਹਾਨਾ ਚੱਲ ਸਕਦਾ ਸੀ; ਪਰ ਜਦੋਂ ਮਸਤਾਨਿਆਂ ਦੀ ਟੋਲੀ ਰਵਾਨਾ ਹੋਣ ਲਈ ਤਿਆਰ ਖੜ੍ਹੀ ਸੀ, ਤਦ ਵੀ ਉਨ੍ਹਾਂ ਆਪ ਕੁਝ ਨਹੀਂ ਦੱਸਿਆ ਸੀ; ਅਤੇ ਜਦੋਂ ਡਿਪਟੀ ਇੰਸਪੈਕਟਰ ਅਜਿਹੀਆਂ ਕਾਰਵਾਈਆਂ ਰੋਕਣ ਲਈ ਸਹਾਇਤਾ ਵਾਸਤੇ ਮੁੱਖ ਦਫ਼ਤਰ ਨੂੰ ਸੁਨੇਹਾ ਭੇਜਣ ਦਾ ਸਮਾਂ ਨਾ ਕੱਢ ਸਕਿਆ, ਤਦ ਬਾਬਾ ਰਾਮ ਸਿੰਘ ਜੀ ਨੇ ਮੰਨਿਆ ਕਿ ਉਨ੍ਹਾਂ ਦਾ ਉਸ ਟੋਲੀ ’ਤੇ ਕੋਈ ਕੰਟਰੋਲ ਨਹੀਂ ਹੈ ਅਤੇ ਫਿਰ ਪੁਲਿਸ ਅਧਿਕਾਰੀ ਦੇ ਕਹਿਣ ’ਤੇ ਉਨ੍ਹਾਂ ਆਪਣੇ ਪੈਰੋਕਾਰਾਂ ਨੂੰ ਬਿਲਕੁਲ ਸਰਸਰੀ ਜਿਹੀ ਬੇਨਤੀ ਕੀਤੀ ਕਿ ਉਹ ਉਨ੍ਹਾਂ ਨੂੰ ਮੁਸੀਬਤ ’ਚ ਨਾ ਪਾਉਣ। ਭੈਣੀ ’ਚ ਸਭ ਨੂੰ ਇਸ ਗੱਲ ਦੀ ਜਾਣਕਾਰੀ ਸੀ ਕਿ ਹੁਣ ਅੱਗੇ ਕੀ ਕਰਨ ਦੀ ਯੋਜਨਾ ਸੀ। ਡਿਪਟੀ ਇੰਸਪੈਕਟਰ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਪਹਿਲਾ ਹਮਲਾ ਕੋਟਲਾ ’ਤੇ ਹੋਣ ਜਾ ਰਿਹਾ ਹੈ ਅਤੇ ਕਈਆਂ ਤੋਂ ਇਹੋ ਗੱਲ ਸੁਣੀ ਗਈ, ਖ਼ਾਸ ਤੌਰ ’ਤੇ ਕੱਲ੍ਹ ਜਿਹੜੇ ਕੈਦੀਆਂ ਦੀ ਸੁਣਵਾਈ ਕੀਤੀ ਗਈ, ਉਨ੍ਹਾਂ ’ਚੋਂ ਇੱਕ ਨੇ ਦੱਸਿਆ ਕਿ ਸਾਨੂੰ ਪਤਾ ਹੈ ਕਿ ਇਹ ਯੋਜਨਾ ਭੈਣੀ ’ਚ ਉਲੀਕੀ ਗਈ ਸੀ ਤੇ ਇਸ ਬਾਰੇ ਸਾਰੇ ਕੂਕਿਆਂ ਨੂੰ ਦੱਸਿਆ ਗਿਆ ਸੀ ਕਿ ਕੋਟਲਾ ਕਿਉਂਕਿ ਕਮਜ਼ੋਰ ਹੈ ਤੇ ਉੱਥੇ ਫੁੱਟ ਕਾਰਣ ਸਭ ਆਪਸ ’ਚ ਵੰਡੇ ਗਏ ਹਨ ਅਤੇ ਉੱਥੇ ਹਥਿਆਰ ਤੇ ਧਨ ਆਸਾਨੀ ਨਾਲ ਮਿਲ ਜਾਣਗੇ। ਉਸ ਤੋਂ ਬਾਅਦ ਨਾਭਾ, ਜੀਂਦ, ਪਟਿਆਲਾ ’ਤੇ ਹਮਲੇ ਕੀਤੇ ਜਾਣੇ ਸਨ ਅਤੇ ਉਸ ਤੋਂ ਬਾਅਦ ਦੀ ਕੋਈ ਯੋਜਨਾ ਨਹੀਂ ਉਲੀਕੀ ਗਈ ਸੀ। ਤਦ ਤੁਰੰਤ ਹਰਕਾਰੇ ਵੱਖੋ-ਵੱਖਰੀਆਂ ਦਿਸ਼ਾਵਾਂ ਵੱਲ ਭੇਜੇ ਗਏ ਸਨ। ਰੂੜ ਸਿੰਘ ਰੇਲ-ਗੱਡੀ ਰਾਹੀਂ ਅੰਮ੍ਰਿਤਸਰ ਗਏ ਸਨ। ਮੇਰੀ ਅਦਾਲਤ ਦੇ ਕਲਰਕ ਨੇ ਲੁਧਿਆਣਾ ਤੋਂ ਅੰਬਾਲਾ ਤੱਕ ਯਾਤਰਾ ਕੀਤੀ ਸੀ ਤੇ ਉਸ ਨੇ ਦੱਸਿਆ ਸੀ ਕਿ ਰੇਲ-ਗੱਡੀ ਵਿੱਚ 10 ਕੂਕੇ ਸਨ, ਉਨ੍ਹਾਂ ’ਚੋਂ ਤਿੰਨ ਜਣੇ ਖੰਨਾ ਉੱਤਰ ਗਏ ਸਨ ਅਤੇ ਬਾਕੀ ਦੇ ਅੰਬਾਲਾ ’ਚ ਉੱਤਰੇ ਸਨ। ਫਿਰ ਕੁਝ ਦਿਨਾਂ ਬਾਅਦ ਸਾਨੂੰ ਕੋਟਲਾ ਲਾਗਲੇ ਪਿੰਡਾਂ ਤੋਂ ਰਿਪੋਰਟਾਂ ਮਿਲੀਆਂ ਕਿ ਕੂਕਿਆਂ ਦੀਆਂ ਟੋਲੀਆਂ ਕੋਲੋਂ ਦੀ ਲੰਘ ਰਹੀਆਂ ਹਨ ਤੇ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਇਹੋ ਦੱਸਿਆ ਕਿ ਉਹ ਕੋਟਲਾ ਜਾ ਰਹੇ ਸਨ। ਇੱਕ ਕੈਦੀ ਨੇ ਦੱਸਿਆ ਕਿ ਲੱਖਾ ਸਿੰਘ ਸੂਬਾ ਤਦ ਮਸਤਾਨਾ ਗਿਰੋਹ ਕੋਲ ਗਿਆ ਅਤੇ ਉਸ ਨੂੰ ਹੀਰਾ ਸਿੰਘ ਤੇ ਲਹਿਣਾ ਸਿੰਘ ਨੇ ਇਸ ਹਮਲੇ ’ਚ ਸ਼ਾਮਲ ਹੋਣ ਲਈ ਸੱਦਿਆ ਸੀ, ਤਾਂ ਜੋ ਗਿਆਨੀ ਸਿੰਘ (ਜਿਸ ਨੂੰ ਕੁਝ ਸਮਾਂ ਪਹਿਲਾਂ ਹੀ ਲੁਧਿਆਣਾ ’ਚ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ) ਦੀ ਮੌਤ ਦਾ ਬਦਲਾ ਲਿਆ ਜਾ ਸਕੇ ਅਤੇ ਲੱਖਾ ਸਿੰਘ ਨੇ ਉਨ੍ਹਾਂ ਦੀ ਗੱਲ ਮੰਨ ਲਈ। ਛੇਤੀ ਹੀ ਮਗਰੋਂ ਲੱਖਾ ਸਿੰਘ ਲੁਧਿਆਣਾ ’ਚ ਵੇਖਿਆ ਗਿਆ ਸੀ। ਇਸ ਤੋਂ ਭਾਵੇਂ ਲੱਖਾ ਸਿੰਘ ਦੇ ਇਸ ਮਾਮਲੇ ’ਚ ਸ਼ਾਮਲ ਹੋਣ ਦਾ ਕੋਈ ਸਬੂਤ ਨਹੀਂ ਮਿਲਦਾ ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਨੂੰ ਸਾਰੀ ਜਾਣਕਾਰੀ ਸੀ ਕਿ ਬਾਬਾ ਰਾਮ ਸਿੰਘ ਜੀ ਦੇ ਪੈਰੋਕਾਰ ਕੀ ਕਰ

ਰਹੇ ਸਨ; ਅਤੇ ਉਸ ਨੂੰ ਮੁੱਖ ਸੂਬਿਆਂ 'ਚੋਂ ਇੱਕ ਹੋਣ ਦੇ ਨਾਤੇ ਚਾਹੀਦਾ ਸੀ ਕਿ ਉਹ ਅਧਿਕਾਰੀਆਂ ਨੂੰ ਇਹ ਸਾਰੀ ਜਾਣਕਾਰੀ ਦਿੰਦਾ ਕਿ ਤਾਂ ਜੋ ਬਾਅਦ 'ਚ ਹੋਏ ਖ਼ੂਨ-ਖ਼ਰਾਬੇ ਨੂੰ ਰੋਕਿਆ ਜਾ ਸਕਦਾ।

5. ਪਿਛਲੇ ਹਫ਼ਤੇ ਤੇ ਪਿਛਲੇ ਸਾਲ ਦੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਕੂਕਿਆਂ ਦਾ ਸੰਪਰਦਾਇ ਖ਼ਤਰਨਾਕ ਹੈ, ਜਿਸ ਦੇ ਆਗੂਆਂ ਤੇ ਸੂਬਿਆਂ ਦਾ ਕੋਈ ਚੰਗਾ ਪ੍ਰਭਾਵ ਨਹੀਂ ਹੈ ਅਤੇ ਦੇਸ਼ ਦੀ ਸ਼ਾਂਤੀ ਲਈ ਇਹੋ ਦਰੁਸਤ ਹੈ ਕਿ ਉਨ੍ਹਾਂ ਦੇ ਦੇਸ਼ ਭਰ ਵਿੱਚ ਇੱਧਰ-ਉੱਧਰ ਜਾ ਕੇ ਆਪਣੇ ਸਿਧਾਂਤਾਂ ਦਾ ਪ੍ਰਚਾਰ ਕਰਨ 'ਤੇ ਪਾਬੰਦੀਆਂ ਲਾਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਕੂਕਿਆਂ ਦੇ 10 ਜਾਂ 12 ਤੋਂ ਵੱਧ ਦੀ ਗਿਣਤੀ 'ਚ ਇਕੱਠੇ ਹੋਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ।

6. ਇਹ ਸਲਾਹ ਵੀ ਦਿੱਤੀ ਜਾਂਦੀ ਹੈ ਕਿ ਉਹ ਬਿਨਾਂ ਫ਼ੌਜੀ ਦਸਤਿਆਂ ਦੀ ਨਿਗਰਾਨੀ ਦੇ ਲੁਧਿਆਣਾ ਤੋਂ ਕਿਤੇ ਹੋਰ ਨਾ ਜਾਣ ਤੇ ਇਹ ਪਾਬੰਦੀਆਂ ਤਦ ਤੱਕ ਜਾਰੀ ਰਹਿਣ, ਜਦੋਂ ਤੱਕ ਕੂਕਾ ਸੰਪਰਦਾਇ ਦੀ ਮੁਸੀਬਤ ਖ਼ਤਮ ਨਾ ਹੋ ਜਾਵੇ।

7. ਮੈਂ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਦੀਆਂ ਊਰਜਾਵਾਨ ਕੋਸ਼ਿਸ਼ਾਂ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ, ਜਿਨ੍ਹਾਂ ਦੀ ਤੁਰਤ-ਫੁਰਤ ਕਾਰਵਾਈ ਸਦਕਾ ਇੱਕ ਗੰਭੀਰ ਕਿਸਮ ਦੀ ਬਗ਼ਾਵਤ ਦਾ ਖ਼ਤਰਾ ਟਲ਼ ਗਿਆ। ਮੈਨੂੰ ਬੇਹੱਦ ਅਫ਼ਸੋਸ ਹੈ ਕਿ ਉਨ੍ਹਾਂ ਨੇ ਬਿਨਾਂ ਸੁਣਵਾਈ ਦੇ ਮੌਤ ਦੀਆਂ ਜੋ ਸਜ਼ਾਵਾਂ ਦਿੱਤੀਆਂ ਹਨ, ਉਨ੍ਹਾਂ ਦੀ ਉਸ ਕਾਰਵਾਈ ਨੂੰ ਉਨ੍ਹਾਂ ਦੀ ਚੰਗੀ ਸੇਵਾ 'ਚੋਂ ਕੱਢ ਦਿੱਤਾ ਜਾਵੇ ਪਰ ਮੇਰਾ ਮੰਨਣਾ ਹੈ ਕਿ ਜਿਹੜੇ ਹਾਲਾਤ ਵਿੱਚ ਤਦ ਉਹ ਫਸੇ ਹੋਏ ਸਨ, ਉਨ੍ਹਾਂ 'ਤੇ ਜ਼ਰੂਰ ਵਿਚਾਰ ਕੀਤਾ ਜਾ ਸਕਦਾ ਹੈ। ਮੇਰੇ ਹੁਕਮ ਮਿਲਦਿਆਂ ਹੀ ਉਨ੍ਹਾਂ ਤੁਰੰਤ ਸਾਰੀਆਂ ਕਾਰਵਾਈਆਂ ਮੁਲਤਵੀ ਕਰ ਦਿੱਤੀਆਂ ਸਨ ਤੇ ਬਾਕੀ ਦੇ ਕੈਦੀਆਂ ਦੀ ਸੁਣਵਾਈ ਵਾਜਬ ਢੰਗ ਨਾਲ ਕੀਤੀ ਸੀ। ਕਰਨਲ ਪਰਕਿਨਜ਼ ਹਰ ਸਮੇਂ ਸ੍ਰੀ ਕਾਵਨ ਨਾਲ ਰਹੇ ਸਨ ਤੇ ਬੇਹੱਦ ਊਰਜਾਵਾਨ ਰਹੇ ਹਨ।

8. ਡਿਪਟੀ ਇੰਸਪੈਕਟਰਜ਼ ਜਨਰਲ ਕਰਨਲ ਬੇਲੀ ਤੇ ਕੈਪਟਨ ਮੈਂਜ਼ੀਸ ਨੇ ਵਡਮੁੱਲੀ ਸਹਾਇਤਾ ਕੀਤੀ ਹੈ। ਪਟਿਆਲਾ ਦੇ ਮਹਾਰਾਜਾ ਤੇ ਜੀਂਦ ਤੇ ਨਾਭਾ ਦੇ ਰਾਜਿਆਂ ਵੱਲੋਂ ਭੇਜੀ ਗਈ ਤੁਰੰਤ ਸਹਾਇਤਾ ਦਾ ਜ਼ਿਕਰ ਮੈਂ ਪਹਿਲਾਂ ਹੀ ਕਰ ਚੁੱਕਾ ਹਾਂ, ਮੇਰਾ ਵਿਚਾਰ ਹੈ ਕਿ ਉਨ੍ਹਾਂ ਦੀਆਂ ਅਜਿਹੀਆਂ ਸੇਵਾਵਾਂ ਦਾ ਜ਼ਿਕਰ ਮਾਣਯੋਗ ਲੈਫ਼ਟੀਨੈਂਟ ਗਵਰਨਰ ਵੱਲੋਂ ਕੀਤਾ ਜਾ ਸਕਦਾ ਹੈ।

9. ਲੁਧਿਆਣਾ 'ਚ ਹੁਣ ਯੂਰੋਪੀਅਨ ਫ਼ੌਜਾਂ ਦੀ ਮੌਜੂਦਗੀ ਦੀ ਹੋਰ ਜ਼ਰੂਰਤ ਨਹੀਂ ਹੈ, ਇਸ ਲਈ ਮੈਂ ਸਿਫ਼ਾਰਸ਼ ਕੀਤੀ ਸੀ ਕਿ 54ਵੀਂ ਡੀਟੈਚਮੈਂਟ ਤੇ ਤੋਪਖਾਨੇ ਨੂੰ ਜਲੰਧਰ ਵਾਪਸ ਸੱਦ ਲਿਆ ਜਾਵੇ। ਕਰਨਲ ਗੂ ਦੀ 100 ਘੁੜਸਵਾਰਾਂ ਦੀ ਟੀਮ ਤੇ ਗੋਰਖਾ ਰੈਜਿਮੈਂਟਸ ਨੂੰ ਇੱਥੇ ਰਹਿਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

10. ਮੈਂ ਹੁਣ ਅੰਬਾਲਾ ਵਾਪਸ ਜਾ ਰਿਹਾ ਹਾਂ।

**ਨੋਟ:** ਇਹ ਰਿਪੋਰਟ ਲਿਖਦੇ ਸਮੇਂ ਮੈਨੂੰ ਤੁਹਾਡੀ ਤਾਰ ਮਿਲੀ ਹੈ, ਜਿਸ ਵਿੱਚ ਤੁਸੀਂ ਮੈਨੂੰ ਬਿਨਾਂ ਸੁਣਵਾਈ ਦੇ ਦਿੱਤੀਆਂ ਜਾ ਰਹੀਆਂ ਮੌਤ ਦੀਆਂ ਸਜ਼ਾਵਾਂ

ਲੈਫ਼ਟੀਨੈਂਟ ਗਵਰਨਰ ਦੇ ਹੁਕਮਾਂ ਤੋਂ ਬਗ਼ੈਰ ਨਾ ਦੇਣ ਦੀ ਹਦਾਇਤ ਕੀਤੀ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਮੈਂ ਪਹਿਲਾਂ ਹੀ ਅਜਿਹਾ ਕਰ ਚੁੱਕਾ ਹਾਂ ਅਤੇ ਮੈਂ ਇੱਥੇ ਇਹ ਆਖ ਸਕਦਾ ਹਾਂ ਕਿ ਕੋਟਲਾ 'ਚ ਮੇਰੀ ਆਮਦ ਸਮੇਂ 30 ਵਿਅਕਤੀ ਗ੍ਰਿਫ਼ਤਾਰ ਕੀਤੇ ਹੋਏ ਸਨ, ਜਿਨ੍ਹਾਂ 'ਚੋਂ 16 ਦੀ ਸੁਣਵਾਈ ਕੋਟਲਾ ਉੱਤੇ ਹਮਲੇ ਵਿੱਚ ਵੱਧ ਜਾਂ ਘੱਟ ਤਰੀਕੇ ਸ਼ਾਮਲ ਹੋਣ ਬਦਲੇ ਕੀਤੀ ਗਈ ਸੀ ਅਤੇ ਮੈਂ ਕਮਿਸ਼ਨਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ, ਮੈਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਸੀ; ਬਾਕੀ ਦੇ 14 ਵਿੱਚੋਂ ਚਾਰ ਨੂੰ ਉਮਰ ਭਰ ਲਈ ਦੇਸ਼-ਨਿਕਾਲੇ ਦੀ ਸਜ਼ਾ ਦਿੱਤੀ ਜਾ ਚੁੱਕੀ ਹੈ ਅਤੇ ਬਾਕੀਆਂ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ ਹੈ।

ਨੰ. 161. ਕਾਪੀ ਵਿਦੇਸ਼ ਵਿਭਾਗ ਨੂੰ ਭੇਜੀ ਜਾਂਦੀ ਹੈ ਅਤੇ ਸ੍ਰੀ ਫ਼ਾਰਸਿਥ ਵੱਲੋਂ ਪੰਜਾਬ ਸਰਕਾਰ ਨੂੰ 20 ਜਨਵਰੀ, 1872 ਨੂੰ ਲਿਖੀ ਚਿੱਠੀ ਦੇ ਪੈਰਾ 3 ਵੱਲ ਧਿਆਨ ਦਿਵਾਇਆ ਜਾਂਦਾ ਹੈ, ਜਿਸ ਵਿੱਚ ਕੋਟਲਾ ਰਿਆਸਤ ਦੇ ਅੰਦਰੂਨੀ ਹਾਲਾਤ ਦਾ ਜ਼ਿਕਰ ਹੈ। ਸ੍ਰੀ ਫ਼ਾਰਸਿਥ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਉਨ੍ਹਾਂ ਦੇ ਵਿਭਾਗ ਵਿੱਚ ਕੋਈ ਵਿਚਾਰ ਨਹੀਂ ਪ੍ਰਗਟਾਇਆ ਗਿਆ ਹੈ ਪਰ ਇਹ ਸਪੱਸ਼ਟ ਜਾਪਦਾ ਹੈ ਕਿ ਕੋਟਲਾ 'ਚ ਹਰ ਸੰਭਵ ਹੱਦ ਤੱਕ ਛੇਤੀ ਤੋਂ ਛੇਤੀ ਇੱਕ ਮਜ਼ਬੂਤ ਪੁਲਿਸ ਪ੍ਰਸ਼ਾਸਨ ਕਾਇਮ ਕਰਨਾ ਅਹਿਮ ਹੋਵੇਗਾ।

ਬਾਹੁਕਮ ਕੌਂਸਲ 'ਚ ਭਾਰਤ ਦੇ ਗਵਰਨਰ ਜਨਰਲ।

ਗ੍ਰਹਿ ਵਿਭਾਗ — ਡਬਲਿਊ.ਐੱਮ. ਸੂਟਰ
ਜੁਡੀਸ਼ੀਅਲ — ਕਾਰਜਕਾਰੀ ਅਧੀਨ ਸਕੱਤਰ,
2 ਫ਼ਰਵਰੀ, 1872 — ਭਾਰਤ ਸਰਕਾਰ

## 111

*ਮਿਤੀ 20 ਜਨਵਰੀ, 1872*

ਵੱਲੋਂ

ਲੈਫ਼ਟੀਨੈਂਟ ਕਰਨਲ ਜੇ.ਸੀ.ਪੀ. ਬੇਲੀ,
ਡਿਪਟੀ ਇੰਸਪੈਕਟਰ ਜਨਰਲ, ਲਾਹੌਰ ਸਰਕਲ।

ਵੱਲ

ਟੀ.ਡੀ. ਫ਼ਾਰਸਿਥ ਐਸਕ., ਸੀ.ਬੀ.,
ਕਮਿਸ਼ਨਰ, ਅੰਬਾਲਾ ਡਿਵੀਜ਼ਨ।

ਮੈਨੂੰ ਇਹ ਬੇਨਤੀ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਆਪ ਜੀ ਦੀ ਹਦਾਇਤ ਅਨੁਸਾਰ ਮੈਂ 17 ਤਰੀਕ ਦੀ ਸ਼ਾਮ ਨੂੰ ਲੈਫ਼ਟੀਨੈਂਟ ਅਤੇ ਐਡਜੂਟੈਂਟ ਗ੍ਰੀਨ ਅਧੀਨ 12ਵੀਂ ਬੰਗਾਲ ਘੁੜਸਵਾਰ ਫ਼ੌਜ ਦੇ 25 ਦਸਤਿਆਂ ਨਾਲ ਕੂਕਾ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਦੀ ਭਾਲ਼ ਕਰ ਕੇ ਉਨ੍ਹਾਂ ਨੂੰ ਲਿਆਉਣ ਲਈ ਲੁਧਿਆਣਾ ਤੋਂ ਰਵਾਨਾ ਹੋ ਗਿਆ ਸਾਂ। ਮੈਂ ਮਲੌਦ ਵੱਲ ਗਿਆ, ਜਿੱਥੇ ਉਨ੍ਹਾਂ ਬਾਰੇ ਪਤਾ ਲੱਗਾ ਸੀ

ਕਿ ਉਨ੍ਹਾਂ ਨੂੰ ਆਖ਼ਰੀ ਵਾਰ ਵੇਖਿਆ ਗਿਆ ਸੀ; ਡੇਹਲੋਂ ਪੁੱਜਣ 'ਤੇ ਮੈਨੂੰ ਪਤਾ ਲੱਗਾ ਕਿ (ਗੁਰੂ) ਰਾਮ ਸਿੰਘ ਜੀ ਉਸ ਸਵੇਰ ਨੂੰ ਮਲੌਦ ਤੋਂ ਭੈਣੀ ਵਾਪਸੀ ਲਈ ਰਵਾਨਾ ਹੋ ਗਏ ਸਨ, ਇਸੇ ਲਈ ਮੈਂ ਤੁਰੰਤ ਸਾਹਨੇਵਾਲ ਗਿਆ ਤੇ ਉੱਥੇ ਪੁਲਿਸ ਦੇ ਡਿਪਟੀ ਇੰਸਪੈਕਟਰ ਕੋਲ ਪਹਿਲਾਂ ਹੀ ਬਾਬਾ ਰਾਮ ਸਿੰਘ ਜੀ ਲਈ ਹੁਕਮ ਪਿਆ ਸੀ ਕਿ ਉਹ ਬਿਨਾਂ ਕਿਸੇ ਦੇਰੀ ਦੇ ਲੁਧਿਆਣਾ 'ਚ ਤੁਹਾਡੇ ਸਾਹਮਣੇ ਪੇਸ਼ ਹੋਣ। ਮੈਂ ਹੋਰ ਕੋਈ ਕਦਮ ਚੁੱਕਣ ਤੋਂ ਪਹਿਲਾਂ ਇਹ ਵੇਖਣ ਦੀ ਉਡੀਕ ਕੀਤੀ ਕਿ ਡਿਪਟੀ ਇੰਸਪੈਕਟਰ ਵੱਲੋਂ ਦਿੱਤੇ ਸੁਨੇਹੇ ਦਾ ਕੀ ਨਤੀਜਾ ਨਿਕਲਦਾ ਹੈ। ਇੱਕ ਘੰਟੇ 'ਚ ਇਹ ਡਿਪਟੀ ਇੰਸਪੈਕਟਰ ਖ਼ੁਦ (ਸ਼ਾਹ ਵਲੀ ਸ਼ਾਹ) ਇਹ ਰਿਪੋਰਟ ਲੈ ਕੇ ਪਰਤਿਆ ਕਿ ਬਾਬਾ (ਗੁਰੂ) ਰਾਮ ਸਿੰਘ ਜੀ ਸਾਹਿਬ ਤੇ ਚਾਰ ਹੋਰਨਾਂ ਨਾਲ ਡਿਪਟੀ ਇੰਸਪੈਕਟਰ ਗੁਲਾਬ ਦੀ ਨਿਗਰਾਨੀ ਹੇਠ ਭੈਣੀ ਤੋਂ ਲੁਧਿਆਣਾ ਲਈ ਰਵਾਨਾ ਹੋ ਚੁੱਕੇ ਹਨ। ਇਹ ਜਾਣਕਾਰੀ ਮੈਂ ਤੁਰੰਤ ਤੁਹਾਨੂੰ ਟੈਲੀਗ੍ਰਾਮ ਰਾਹੀਂ ਦਿੱਤੀ।

2. ਡਿਪਟੀ ਇੰਸਪੈਕਟਰ ਸ਼ਾਹ ਵਲੀ ਸ਼ਾਹ ਤੋਂ ਮੈਨੂੰ ਇਹ ਵੀ ਪਤਾ ਚੱਲਿਆ ਕਿ ਭੈਣੀ ਵਿਖੇ ਹਾਲੇ ਵੀ ਗ੍ਰਿਫ਼ਤਾਰ ਕੀਤੇ ਗਏ 200 ਕੂਕੇ ਤੇ 8 ਸੂਬੇ ਮੌਜੂਦ ਹਨ। ਉਸ ਨੂੰ ਇਹ ਗੱਲ ਸ਼ੱਕੀ ਜਾਪ ਰਹੀ ਸੀ ਕਿ ਕੀ ਉਹ ਸ਼ਾਂਤੀਪੂਰਨ ਤਰੀਕੇ ਬੈਠੇ ਹੋਣਗੇ । ਮੈਂ ਸੋਚਿਆ ਕਿ ਸੂਬਿਆਂ ਨੂੰ ਬਾਕੀਆਂ ਤੋਂ ਵੱਖ ਕਰ ਦੇਣਾ ਚਾਹੀਦਾ ਹੈ। ਉਨ੍ਹਾਂ 'ਚੋਂ ਸ਼ਾਇਦ ਉਹ ਚਾਰ ਵੀ ਲੱਭ ਜਾਣ, ਜਿਨ੍ਹਾਂ ਦੀ ਗ੍ਰਿਫ਼ਤਾਰੀ ਦੇ ਸਰਕਾਰੀ ਹੁਕਮ ਪਹਿਲਾਂ ਹੀ ਮਿਲ ਚੁੱਕੇ ਹਨ; ਅਤੇ ਉਨ੍ਹਾਂ ਦੀ ਗ਼ੈਰ-ਮੌਜੂਦਗੀ 'ਚ ਬਾਕੀਆਂ ਦੇ ਘੱਟ ਮੁਸੀਬਤ ਖੜ੍ਹੀ ਕਰਨ ਦੀ ਸੰਭਾਵਨਾ ਰਹੇਗੀ। ਇਸੇ ਲਈ ਮੈਂ ਡਿਪਟੀ ਇੰਸਪੈਕਟਰ ਨੂੰ ਹਦਾਇਤ ਕੀਤੀ ਕਿ ਉਹ ਪੁਲਿਸ ਦੇ ਕੁਝ ਜਵਾਨਾਂ ਨਾਲ ਭੈਣੀ ਵਾਪਸ ਜਾਵੇ ਤੇ ਸੂਬਿਆਂ ਨੂੰ ਮੇਰੇ ਕੋਲ ਲਿਆਵੇ, ਜੇ ਉਹ ਸ਼ਾਂਤੀ ਨਾਲ ਆ ਸਕਦੇ ਹੋਣ, ਜੇ ਉਹ ਨਾਂਹ ਕਰ ਦਿੰਦੇ ਹਨ ਤਾਂ ਉਹ ਮੈਨੂੰ ਇਸ ਬਾਰੇ ਦੱਸ ਦੇਵੇ ਤੇ ਉਨ੍ਹਾਂ ਨੂੰ ਪਿੰਡ ਤੋਂ ਬਾਹਰ ਜਾਣ ਤੋਂ ਰੋਕ ਕੇ ਰੱਖੇ।

3. ਸਵੇਰ ਸਮੇਂ ਕਾਰਜ-ਵਿਧੀ 'ਚ ਤੁਹਾਡੀਆਂ ਹਦਾਇਤਾਂ ਦੀ ਪੁਸ਼ਟੀ ਹੋ ਗਈ ਸੀ ਅਤੇ ਮਦਦ ਲਈ ਤੁਹਾਡੇ ਹੁਕਮਾਂ ਅਨੁਸਾਰ 40 ਗੋਰਖਿਆਂ ਦੀ ਇੱਕ ਟੀਮ ਇੱਕ ਵਿਸ਼ੇਸ਼ ਰੇਲ-ਗੱਡੀ ਰਾਹੀਂ ਮੇਰੇ ਕੋਲ ਪੁੱਜ ਗਈ ਸੀ। ਮੈਂ ਗੋਰਖਿਆਂ ਨੂੰ ਨਾਲ ਲੈ ਕੇ ਤੁਰੰਤ ਭੈਣੀ ਵੱਲ ਗਿਆ ਤੇ ਫ਼ੌਜੀ ਦਸਤਿਆਂ ਨਾਲ ਅੱਗੇ ਵਧਣ ਦੀ ਤਿਆਰੀ ਕਰ ਹੀ ਰਿਹਾ ਸਾਂ ਕਿ 6 ਸੂਬੇ, ਜਿਨ੍ਹਾਂ ਦੇ ਨਾਂਅ ਹਾਸ਼ੀਏ 'ਤੇ ਦਿੱਤੇ ਗਏ ਹਨ, ਪੁਲਿਸ ਵੱਲੋਂ ਲਿਆਂਦੇ ਜਾ ਰਹੇ ਸਨ (ਜਿਨ੍ਹਾਂ 'ਚੋਂ ਪੰਜ ਉਹ ਸਨ, ਜਿਨ੍ਹਾਂ ਦੀ ਗ੍ਰਿਫ਼ਤਾਰੀ ਦੇ ਖ਼ਾਸ ਹੁਕਮ ਸਰਕਾਰ ਨੇ ਜਾਰੀ ਕੀਤੇ ਸਨ)। ਇਨ੍ਹਾਂ ਲਈ ਲੁਧਿਆਣੇ ਜਾਣ ਵਾਲੀ ਰੇਲ-ਗੱਡੀ ਦੀਆਂ ਸੀਟਾਂ ਸੁਰੱਖਿਅਤ ਰੱਖਣ 'ਚ ਮੈਨੂੰ ਦੇਰੀ ਹੋ ਗਈ ਸੀ ਅਤੇ ਮੈਂ ਤੁਰੰਤ ਭੈਣੀ ਵੱਲ ਰਵਾਨਾ ਹੋ ਗਿਆ।

ਨੰ. 1. ਕਾਹਨ ਸਿੰਘ
2. ਬ੍ਰਹਮਾ ਸਿੰਘ
3. ਪਹਾੜਾ ਸਿੰਘ
4. ਹੁਕਮਾ ਸਿੰਘ
5. ਗੋਪਾਲ ਸਿੰਘ
6. ਸੁਜਾਨ ਸਿੰਘ

4. ਬਾਬਾ ਰਾਮ ਸਿੰਘ ਜੀ ਦੇ ਡੇਰੇ 'ਚ ਸਾਨੂੰ ਵੱਡੀ ਗਿਣਤੀ 'ਚ ਕੂਕੇ (ਲਗਭਗ

150) ਮਿਲੇ, ਜੋ ਦੇਸ਼ ਦੇ ਸਾਰੇ ਹਿੱਸਿਆਂ ਤੋਂ ਪੁੱਜੇ ਹੋਏ ਸਨ, ਉਨ੍ਹਾਂ 'ਚੋਂ ਬਹੁਤੇ 'ਬਿਹੰਗਮ' ਜਾਂ ਉਹ ਸਨ, ਜਿਨ੍ਹਾਂ ਦੀ ਰਿਹਾਇਸ਼ ਦੀ ਕੋਈ ਨਿਸ਼ਚਿਤ ਜਗ੍ਹਾ ਹੁੰਦੀ ਹੈ ਤੇ ਉਹ ਪੂਰੀ ਤਰ੍ਹਾਂ ਗੁਰੂ ਨਾਲ ਜੁੜੇ ਹੁੰਦੇ ਹਨ। ਉੱਥੇ ਕਈ ਔਰਤਾਂ ਵੀ ਸਨ, ਜਿਨ੍ਹਾਂ ਨਾਲ ਕੋਈ ਵੀ ਮਰਦ ਰਿਸ਼ਤੇਦਾਰ ਨਹੀਂ ਸਨ; ਉਹ ਚਰਖੇ 'ਤੇ ਸੂਤ ਕੱਤ ਰਹੀਆਂ ਸਨ ਤੇ ਬਿਲਕੁਲ ਘਰੇਲੂ ਸੁਆਣੀਆਂ ਜਾਪ ਰਹੀਆਂ ਸਨ। ਸਮੂਹ ਸੰਗਤ ਲਈ ਗੁਰੂ ਕਾ ਲੰਗਰ ਤਿਆਰ ਹੋ ਰਿਹਾ ਸੀ।

5. ਅਸੀਂ ਸਭ ਨੂੰ ਉੱਥੋਂ ਬਾਹਰ ਜਾਣ ਲਈ ਆਖਿਆ ਤੇ ਉਨ੍ਹਾਂ ਨੂੰ ਪਿੰਡ ਦੇ ਬਾਹਰਵਾਰ ਸੜਕ 'ਤੇ ਇਕੱਠੇ ਕਰ ਲਿਆ। ਮੈਂ ਇਸ ਗੱਲ ਨੂੰ ਅਣਉਚਿਤ ਸਮਝਿਆ ਕਿ ਜੇ ਉਹ ਇੱਥੇ ਗੁਆਂਢ 'ਚ ਰਹਿਣਗੇ ਤੇ ਜਾਂ ਪੂਰੇ ਦੇਸ਼ 'ਚ ਇੱਧਰ-ਉੱਧਰ ਕਿਤੇ ਖਿੰਡ-ਪੁੰਡ ਜਾਣਗੇ, ਇਸੇ ਲਈ ਮੈਂ ਉਨ੍ਹਾਂ ਸਭਨਾਂ ਨਾਲ ਲੁਧਿਆਣਾ ਵੱਲ ਕੂਚ ਕਰ ਦਿੱਤਾ; ਉਨ੍ਹਾਂ ਲਈ ਇਹ ਸਿਫ਼ਾਰਸ਼ ਹੈ ਕਿ ਜਿਹੜੇ ਤਾਂ ਆਜ਼ਾਦ ਰਿਆਸਤਾਂ ਤੋਂ ਆਏ ਸਨ, ਉਨ੍ਹਾਂ ਨੂੰ ਤਾਂ ਉਨ੍ਹਾਂ ਦੇ ਵਕੀਲਾਂ ਹਵਾਲੇ ਕਰ ਦਿੱਤਾ ਜਾਵੇਗਾ ਤੇ ਦੂਜਿਆਂ ਨੂੰ ਉਨ੍ਹਾਂ ਦੇ ਘਰਾਂ ਨੂੰ ਵਾਪਸ ਭੇਜ ਦਿੱਤਾ ਜਾਵੇਗਾ। ਤਦ ਮੈਂ ਤਿੰਨ ਲਾਗਲੇ ਪਿੰਡਾਂ ਦੇ ਨੰਬਰਦਾਰਾਂ ਦੀ ਮੌਜੂਦਗੀ ਵਿੱਚ ਬਾਬਾ ਰਾਮ ਸਿੰਘ ਜੀ ਦੀ ਰਿਹਾਇਸ਼ਗਾਹ ਦੀ ਤਲਾਸ਼ੀ ਲਈ ਗਿਆ ਕਿ ਕਿਤੇ ਉੱਥੇ ਜੇ ਕੋਈ ਹਥਿਆਰ ਤੇ ਦਸਤਾਵੇਜ਼ ਹੀ ਮਿਲ ਜਾਣ। ਉੱਥੋਂ ਜਿਹੜੇ ਹਥਿਆਰ ਮਿਲੇ, ਉਨ੍ਹਾਂ 'ਚ 36 ਕੁਹਾੜੀਆਂ, ਪੰਜ ਗੰਡਾਸੇ, ਕਈ ਚਕਤੀਆਂ (ਨਿਸ਼ਾਨਾ ਲਾਉਣ ਦੀ ਇੱਕ ਖੇਡ), ਕਈ ਡਾਂਗਾਂ ਤੇ ਦੋ ਖੁਖਰੀਆਂ ਸ਼ਾਮਲ ਸਨ (ਇਹ ਖੁਖਰੀਆਂ ਸੂਬਾ ਸਾਹਿਬ ਸਿੰਘ ਦੀ ਝੁੱਗੀ 'ਚੋਂ ਮਿਲੀਆਂ ਸਨ)। ਬਾਬਾ ਰਾਮ ਸਿੰਘ ਜੀ ਦੇ ਹਰੇਕ ਨਜ਼ਦੀਕੀ ਪੈਰੋਕਾਰ ਕੋਲੋਂ ਇੱਕ ਜਾਂ ਵੱਧ ਕੁਹਾੜੀਆਂ, ਇੱਕ ਡਾਂਗ ਤੇ ਕੁਝ ਚਕਤੀਆਂ ਜ਼ਰੂਰ ਮਿਲੀਆਂ ਸਨ, ਕੁਹਾੜੀਆਂ ਨੂੰ ਗੱਦਿਆਂ ਹੇਠਾਂ ਲੁਕਾ ਕੇ ਰੱਖਿਆ ਹੋਇਆ ਸੀ ਤੇ ਉੱਤੇ ਬਿਸਤਰੇ ਵਿਛਾਏ ਹੋਏ ਸਨ ਜਾਂ ਉਨ੍ਹਾਂ ਨੂੰ ਛੱਤ ਦੇ ਹੇਠਾਂ ਲੁਕਾਇਆ ਗਿਆ ਸੀ। ਕੋਈ ਅਹਿਮ ਦਸਤਾਵੇਜ਼ ਨਹੀਂ ਮਿਲਿਆ ਤੇ ਨਾ ਹੀ ਕੋਈ ਭਰੋਸੇਯੋਗ ਵਹੀ-ਖਾਤੇ ਮਿਲੇ। ਭਾਵੇਂ ਇਹ ਜਾਣਕਾਰੀ ਸੀ ਕਿ ਕਈ ਵਹੀ-ਖਾਤੇ (ਗੁਰੂ) ਰਾਮ ਸਿੰਘ ਜੀ ਵੱਲੋਂ ਨਿਯਮਤ ਤੌਰ 'ਤੇ ਕੋਲ ਪਏ ਹੁੰਦੇ ਸਨ, ਇਹ ਪਤਾ ਲੱਗਾ ਹੈ ਕਿ (ਗੁਰੂ) ਜੀ ਨੇ ਇਹ ਵਹੀ-ਖਾਤੇ ਉਸੇ ਵੇਲੇ ਨਸ਼ਟ ਕਰ ਦਿੱਤੇ ਸਨ, ਜਦੋਂ ਕੂਕਿਆਂ ਦੀ ਇੱਕ ਟੋਲੀ ਮਲੇਰਕੋਟਲਾ 'ਤੇ ਹਮਲਾ ਕਰਨ ਲਈ ਭੈਣੀ ਤੋਂ ਰਵਾਨਾ ਹੋਈ ਸੀ।

6. ਤਲਾਸ਼ੀ (ਜਿਸ ਵਿੱਚ ਦੋ ਦਿਨ ਲੱਗ ਗਏ ਸਨ ਇੱਕ ਤੋਂ ਦੂਜੇ ਕੋਣੇ ਤੱਕ ਮੇ ਰੀ ਆਪਣੀ ਨਿਗਰਾਨੀ ਹੇਠ ਕੀਤੀ ਗਈ ਸੀ ਅਤੇ ਮੈਂ ਬਹੁਤ ਧਿਆਨ ਨਾਲ ਇਹ ਵੇਖਦਾ ਰਿਹਾ ਕਿ ਭੈਣੀ ਤੋਂ ਰਵਾਨਾ ਹੋਈ ਟੋਲੀ ਵੱਲੋਂ ਛੱਡੀ ਕੋਈ ਚੀਜ਼ ਜਾਂ ਸਬੂਤ ਮਿਲ ਸਕੇ। ਮੈਨੂੰ ਵੱਖੋ-ਵੱਖਰੀਆਂ ਥਾਵਾਂ 'ਤੇ ਲਗਭਗ 1,500 ਰੁਪਏ ਨਕਦ ਤੇ ਸੋਨੇ ਅਤੇ ਚਾਂਦੀ ਦੇ ਵਰਨਣਯੋਗ ਕੀਮਤ ਦੇ ਗਹਿਣੇ ਮਿਲੇ। ਮੈਂ ਇਹ ਸਾਰੀਆਂ ਵਸਤਾਂ (ਉਨ੍ਹਾਂ ਦੀ ਇੱਕ ਸੂਚੀ ਤਿਆਰ ਕਰ ਕੇ) ਇੱਕ ਮਜ਼ਬੂਤ ਬਕਸੇ 'ਚ ਰੱਖਣੀਆਂ ਦਰੁਸਤ ਸਮਝੀਆਂ, ਉਨ੍ਹਾਂ ਨਾਲ ਕੀਮਤੀ ਸ਼ਾਲਾਂ ਤੇ ਕਢਾਈ ਵਾਲੇ ਚੋਗੇ ਵੀ ਰੱਖ ਦਿੱਤੇ

ਸਨ। ਇਹ ਸਭ ਚੀਜ਼ਾਂ ਖ਼ਜ਼ਾਨੇ ਵਿੱਚ ਜਮ੍ਹਾ ਕਰਵਾ ਦਿੱਤੀਆਂ ਗਈਆਂ ਸਨ।

ਮੈਂ ਬਾਬਾ ਰਾਮ ਸਿੰਘ ਜੀ ਵੱਲੋਂ ਪਹਿਨੇ ਜਾਣ ਵਾਲੇ ਕੱਪੜਿਆਂ ਦੇ ਬਕਸੇ ਵੀ ਸਦਰ 'ਚ ਭਿਜਵਾ ਦਿੱਤੇ ਸਨ। ਫਿਰ ਮੈਂ ਉਸ ਰਿਹਾਇਸ਼ਗਾਹ ਨੂੰ ਜਿੰਦਰਾ ਲਾ ਕੇ ਚਾਬੀ ਡਿਪਟੀ ਇੰਸਪੈਕਟਰ ਅਮਰੋਆ ਅਲੀ ਸ਼ਾਹ ਨੂੰ ਸੌਂਪ ਦਿੱਤੀ, ਜੋ ਉੱਥੇ ਆਪਣੇ ਅਧੀਨ 20 ਪੁਲਿਸ ਕਰਮਚਾਰੀਆਂ ਨਾਲ ਪਹਿਰੇ 'ਤੇ ਮੌਜੂਦ ਰਹੇਗਾ।

7. ਉਸ ਸੰਸਥਾਨ (ਡੇਰੇ) 'ਚ ਮੌਜੂਦ ਜੀਵਾਂ ਨੂੰ ਮੈਂ ਵਾਜਬ ਗਿਣਤੀ 'ਚ ਵਿਅਕਤੀਆਂ (11) ਦੇ ਸਹਾਰੇ ਛੱਡ ਦਿੱਤੇ, ਜਿਨ੍ਹਾਂ ਨੇ ਸਾਰੇ ਜੀਵਾਂ ਦੀ ਦੇਖਭਾਲ ਕਰਨੀ ਸੀ, ਜਿਨ੍ਹਾਂ 'ਚ 82 ਘੋੜੇ, ਊਠ ਤੇ ਸਿੰਗਾਂ ਵਾਲੇ ਹੋਰ ਪਸ਼ੂ ਸ਼ਾਮਲ ਸਨ। ਮੈਂ ਉੱਥੇ ਤਿੰਨ ਮਰਦਾਂ ਤੇ ਦੋ ਮਹਿਲਾ ਸੇਵਕਾਂ ਨੂੰ ਰਹਿਣ ਦੀ ਇਜਾਜ਼ਤ ਦਿੱਤੀ, ਜਿਨ੍ਹਾਂ ਨੇ ਇਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਸਨ:

(1) ਜੱਸਾ ਸਿੰਘ, (ਗੁਰੂ) ਰਾਮ ਸਿੰਘ ਜੀ ਦੇ ਪਿਤਾ, ਉਮਰ ਲਗਭਗ 90 ਵਰ੍ਹੇ।
(2) ਬੁੱਧ ਸਿੰਘ, (ਗੁਰੂ) ਜੀ ਦੇ ਭਰਾ, ਉਮਰ 50 ਵਰ੍ਹੇ।
(3) ਮੁਸੰਮਤ, ਨੰਦਨ, ਬਾਬਾ ਜੀ ਦੀ ਧੀ, ਜਿਸ ਦੇ ਤਿੰਨ ਪੁੱਤਰ (ਬੱਚੇ) ਸਨ, ਧੀ ਵਿਆਹੀ ਹੋਈ ਹੈ ਪਰ ਹੁਣ ਆਪਣੇ ਪਤੀ ਤੋਂ ਵੱਖ ਰਹਿੰਦੀ ਹੈ।

ਮੈਂ ਬਾਬਾ ਰਾਮ ਸਿੰਘ ਜੀ ਦੀ ਰਿਹਾਇਸ਼ 'ਚ ਹੀ ਬਣੀ ਦੁਕਾਨ ਦੇ ਮੈਨੇਜਰ ਵਰਿਆਮ ਸਿੰਘ, ਗੁਰੂ ਜੀ ਦੀ ਦੇਖਭਾਲ ਕਰਨ ਵਾਲੇ ਮੱਖਣ ਸਿੰਘ ਨਾਂਅ ਦੇ ਇੱਕ ਵਿਅਕਤੀ ਨੂੰ ਵੀ ਉੱਥੇ ਛੱਡ ਦਿੱਤਾ ਸੀ।

8. ਨੰਬਰਦਾਰ ਨੇ ਦੱਸਿਆ ਕਿ ਇਹ ਮੰਨਿਆ ਜਾਂਦਾ ਹੈ ਕਿ ਘੱਟੋ-ਘੱਟ ਦੋ ਲੱਖ ਰੁਪਏ ਦਾ ਖ਼ਜ਼ਾਨਾ ਇਸ ਜਗ੍ਹਾ 'ਤੇ ਦੱਬਿਆ ਹੋਇਆ ਹੈ; ਉਨ੍ਹਾਂ ਨੂੰ ਲੱਗਦਾ ਹੈ ਕਿ ਸ਼ਾਇਦ ਹਥਿਆਰ ਵੀ ਇੰਝ ਹੀ ਲੁਕਾ ਕੇ ਰੱਖੇ ਗਏ ਹਨ। ਇਸ ਸਥਾਨ ਦੀ ਬਾਰੀਕੀ ਨਾਲ ਤਲਾਸ਼ੀ ਤਾਂ ਤਦ ਹੀ ਲਈ ਜਾ ਸਕਦੀ ਹੈ ਜੇ ਪਹਿਲਾਂ ਵੱਖੋ-ਵੱਖਰੀਆਂ ਥਾਵਾਂ 'ਤੇ ਪਈਆਂ ਬਹੁਤ ਸਾਰੀਆਂ ਵਸਤਾਂ ਜਿਵੇਂ ਕਿ ਅਨਾਜ, ਭੂਸਾ (ਫੂਸ), ਚਾਰਾ ਆਦਿ ਹਟਾਈਆਂ ਜਾਣ, ਮੈਂ ਇਨ੍ਹਾਂ ਨੂੰ ਨਹੀਂ ਛੇੜਿਆ।

9. ਪਿੰਡ ਭੈਣੀ 'ਚ ਹੀ (ਗੁਰੂ) ਰਾਮ ਸਿੰਘ ਨੂੰ ਲੋਕ ਬਹੁਤਾ ਪਸੰਦ ਨਹੀਂ ਕਰਦੇ ਸਨ ਅਤੇ ਉਹ ਅਧਿਕਾਰੀਆਂ ਨੂੰ ਖੁੱਲ੍ਹ ਕੇ ਸ਼ਿਕਾਇਤ ਕਰਨ ਤੋਂ ਵੀ ਬਹੁਤ ਜ਼ਿਆਦਾ ਡਰਦੇ ਹਨ। ਬਾਬਾ (ਗੁਰੂ) ਜੀ ਨੇ ਨੰਬਰਦਾਰ 'ਤੇ ਆਪਣਾ ਚੰਗਾ ਰੋਅਬ ਜਮਾ ਕੇ ਰੱਖਿਆ ਹੋਇਆ ਸੀ, ਕਿਉਂਕਿ ਉਨ੍ਹਾਂ ਨੇ ਉਸ 'ਤੇ ਅਹਿਸਾਨ ਕੀਤੇ ਹੋਏ ਹਨ, ਉਂਝ ਉਸ ਨੇ ਬੇਦਿਲੀ ਜਿਹੀ ਨਾਲ ਬਾਬਾ (ਗੁਰੂ) ਜੀ ਦੇ ਸਿਧਾਂਤਾਂ ਨੂੰ ਅਪਣਾਇਆ ਹੋਇਆ ਹੈ। ਕੁਝ ਮਹੀਨੇ ਪਹਿਲਾਂ ਬਾਬਾ (ਗੁਰੂ) ਜੀ ਨੇ ਨੰਬਰਦਾਰ ਨੂੰ ਆਪਣਾ ਦਬਾਅ ਬਣਾ ਕੇ ਜ਼ਮੀਨ ਦਾ ਇੱਕ ਟੋਟਾ ਸੂਬਾ ਮਲੂਕ ਸਿੰਘ ਲਈ ਛੱਡਣ ਲਈ ਮਜਬੂਰ ਕਰ ਦਿੱਤਾ ਸੀ, ਜਿਸ 'ਤੇ ਉਨ੍ਹਾਂ ਹੁਣ ਸਿਰਸਾ, ਫ਼ਿਰੋਜ਼ਪੁਰ, ਨਾਭਾ, ਪਟਿਆਲਾ ਆਦਿ ਤੋਂ ਕਈ ਵਿਅਕਤੀਆਂ ਨੂੰ ਲਿਆ ਕੇ ਬਿਠਾ ਦਿੱਤਾ ਹੈ, ਜਦ ਕਿ ਨੰਬਰਦਾਰ ਅਤੇ ਪਿੰਡ ਭੈਣੀ ਦੇ ਲੋਕਾਂ ਨੇ ਕਦੇ ਵੀ ਨਹੀਂ ਚਾਹਿਆ ਕਿ ਅਜਿਹਾ ਕੁਝ ਹੋਵੇ। ਬਾਹਰੋਂ ਆ ਕੇ ਇੱਥੇ ਵੱਸਣ ਵਾਲੇ ਬਹੁਤੇ ਪ੍ਰਵਾਸੀ ਲੋਕ ਨਵੇਂ ਨਹਿਰੀ ਕੰਮਾਂ 'ਤੇ ਲੱਗ ਗਏ ਸਨ। ਉਨ੍ਹਾਂ ਬਾਰੇ

ਦੱਸਿਆ ਜਾਂਦਾ ਹੈ ਕਿ ਉਹ ਪ੍ਰਵਾਸੀ ਪਿੰਡ ਵਾਸੀਆਂ 'ਤੇ ਰੋਅਬ ਵੀ ਜਮਾਉਂਦੇ ਹਨ ਤੇ ਉਨ੍ਹਾਂ ਨਾਲ ਧੱਕੇਸ਼ਾਹੀਆਂ ਵੀ ਕਰਦੇ ਰਹੇ ਸਨ। ਮੈਂ ਜਿਨ੍ਹਾਂ ਨੂੰ ਵੀ ਵੇਖਿਆ, ਉਹ ਸਭ ਤਾਕਤਵਰ ਤੇ ਭੈੜੀ ਦਿੱਖ ਵਾਲੇ ਵਿਅਕਤੀ ਸਨ। ਮਲੂਕ ਸਿੰਘ 'ਤੇ ਕਿਉਂਕਿ ਪਾਬੰਦੀਆਂ ਲੱਗੀਆਂ ਹੋਈਆਂ ਹਨ, ਇਸੇ ਲਈ ਉਨ੍ਹਾਂ ਨੂੰ ਨਹਿਰੀ ਕੰਮਾਂ 'ਤੇ ਭੇਜ ਦਿੱਤਾ ਗਿਆ ਸੀ, ਜਿੱਥੇ ਉਹ ਠੇਕੇ ਲੈਂਦੇ ਹਨ, ਉਨ੍ਹਾਂ ਨੂੰ ਵੀ ਨਿਗਰਾਨੀ ਅਧੀਨ ਸਦਰ 'ਚ ਭੇਜ ਦਿੱਤਾ ਗਿਆ ਸੀ। ਮੈਂ ਉਨ੍ਹਾਂ ਦੇ ਪੈਰੋਕਾਰਾਂ ਨੂੰ ਵੀ ਆਖ ਦਿੱਤਾ ਸੀ ਕਿ ਉਹ 24 ਘੰਟਿਆਂ ਦੇ ਅੰਦਰ-ਅੰਦਰ ਪਿੰਡ ਭੈਣੀ ਛੱਡ ਕੇ ਚਲੇ ਜਾਣ। ਉਨ੍ਹਾਂ ਉਂਝ ਹੀ ਜ਼ਮੀਨਾਂ 'ਤੇ ਕਬਜ਼ੇ ਕੀਤੇ ਹੋਏ ਸਨ, ਉਨ੍ਹਾਂ ਦੀ ਆਪਣੀ ਕੋਈ ਜ਼ਮੀਨ ਨਹੀਂ ਸੀ ਤੇ ਇਸ ਪਿੰਡ ਨਾਲ ਕੋਈ ਸਬੰਧ ਨਹੀਂ ਸੀ।

10. ਕੂਕਿਆਂ ਦੀ ਹਾਲੀਆ ਬਗ਼ਾਵਤ ਦੇ ਸਾਰੇ ਪੱਖਾਂ ਦੀ ਛਾਣਬੀਣ ਕਰਦਿਆਂ ਮੈਨੂੰ ਪਤਾ ਲੱਗਾ ਕਿ ਇਸ ਸਭ ਪਿੱਛੇ ਸਭ ਤੋਂ ਵੱਧ ਜਿਨ੍ਹਾਂ ਦਾ ਹੱਥ ਸੀ, ਉਨ੍ਹਾਂ ਦੇ ਨਾਂਅ ਇਸ ਪ੍ਰਕਾਰ ਹਨ: ਸਾਹਿਬ ਸਿੰਘ, ਲੱਖਾ ਸਿੰਘ, ਗੋਪਾਲ ਸਿੰਘ, ਕਾਹਨ ਸਿੰਘ ਉਰਫ਼ ਨਿਹੰਗ ਸਿੰਘ, ਬੁੱਧ ਸਿੰਘ ਤੇ ਲਹਿਣਾ ਸਿੰਘ (ਮੈਨੂੰ ਲੱਗਦਾ ਹੈ ਕਿ ਬਾਬਾ ਰਾਮ ਸਿੰਘ ਜੀ ਦੇ ਭਰਾ ਬੁੱਧ ਸਿੰਘ ਬਾਰੇ ਜਾਣਕਾਰੀ ਸ਼ੱਕੀ ਹੈ, ਕਿਉਂਕਿ ਉਨ੍ਹਾਂ ਨੂੰ ਕੂਕਾ ਸਿਧਾਂਤ ਅਪਣਾਇਆਂ ਨੂੰ ਬਹੁਤਾ ਜ਼ਿਆਦਾ ਸਮਾਂ ਨਹੀਂ ਬੀਤਿਆ ਹੈ)।

ਲੱਖਾ ਸਿੰਘ ਬਾਰੇ ਪਤਾ ਲੱਗਾ ਸੀ ਕਿ ਉਹ ਫ਼ਿਲੌਰ ਗਿਆ ਹੈ, ਜਿੱਥੋਂ ਉਨ੍ਹਾਂ ਦੀ ਮਨਸ਼ਾ ਇੱਕ ਟੋਲੀ ਲੈਣ ਦੀ ਹੈ। ਪਿੰਡ 'ਚ ਕਿਸੇ ਨੂੰ ਵੀ ਇਸ 'ਤੇ ਸ਼ੱਕ ਨਹੀਂ ਹੈ ਕਿ ਬਾਬਾ ਰਾਮ ਸਿੰਘ ਜੀ ਨੇ ਇਸ ਸਾਰੀ ਮੁਹਿੰਮ ਦੀ ਪ੍ਰਵਾਨਗੀ ਦਿੱਤੀ ਸੀ ਅਤੇ ਅਧਿਕਾਰੀਆਂ ਨੂੰ ਦੇਰੀ ਨਾਲ ਜਾਣਕਾਰੀ ਦੇਣਾ ਖ਼ੁਦ ਨੂੰ ਬਚਾਉਣ ਲਈ ਮਹਿਜ਼ ਇੱਕ ਪੇਸ਼ਬੰਦੀ ਜਾਂ ਚਾਲ ਹੈ ਕਿ ਕਿਤੇ ਸਭ ਕੁਝ ਉਲਟਾ ਨਾ ਪੈ ਜਾਵੇ। ਭੈਣੀ 'ਚ ਇਕੱਠੇ ਹੋਏ ਕੂਕਿਆਂ ਬਾਰੇ ਵੀ ਇਹੋ ਮੰਨਿਆ ਜਾਂਦਾ ਹੈ ਕਿ ਉਹ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ ਪਰ ਚੇਤਾਵਨੀ ਇੰਨੀ ਤੇਜ਼ੀ ਨਾਲ ਫੈਲੀ ਤੇ ਸੁਰੱਖਿਆ ਬਲ ਵੀ ਛੇਤੀ ਹੀ ਹਰਕਤ 'ਚ ਆ ਗਏ, ਜਿਸ ਕਾਰਣ ਉਹ ਆਪਣੀ ਮੁਹਿੰਮ ਲਈ ਰਵਾਨਗੀ ਤੋਂ ਡਰਦੇ ਰਹੇ। ਪਿੰਡ ਵਾਸੀ ਦੱਸਦੇ ਹਨ ਕਿ ਕੂਕਿਆਂ ਨੇ ਆਪਣੇ ਇਕੱਠਾਂ ਦੌਰਾਨ ਆਪਣੇ ਅਸਲ ਉਦੇਸ਼ੀਮੁਖੀ ਮਨਸੂਬੇ ਕਦੇ ਵੀ ਕਿਸੇ ਤੋਂ ਲੁਕਾ ਨਹੀਂ ਰੱਖੇ; ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਉਨ੍ਹਾਂ ਇੰਨਾ ਲੰਮਾ ਸਮਾਂ ਨਰਮੀ ਵਿਖਾਈ ਅਤੇ ਉਨ੍ਹਾਂ ਅਗਾਊਂ ਖ਼ੁਸ਼ੀ ਪ੍ਰਗਟਾਈ ਕਿ ਉਨ੍ਹਾਂ ਭੈਣੀ 'ਚ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਮੇਲਿਆਂ ਦਾ ਅੰਤ ਵੇਖ ਲਿਆ ਸੀ।

*ਮਿਤੀ 21 ਜਨਵਰੀ, 1872*

*ਵੱਲੋਂ*

ਕਮਿਸ਼ਨਰ ਅਤੇ
ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ।

ਵੱਲ

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਮੈਨੂੰ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੀ ਸੂਚਨਾ, ਡਿਪਟੀ ਇੰਸਪੈਕਟਰ ਜਨਰਲ ਆੱਫ਼ ਪੁਲਿਸ ਕਰਨਲ ਬੇਲੀ ਦੀ ਰਿਪੋਰਟ ਦੀ ਕਾਪੀ ਭੇਜਣ ਦਾ ਮਾਣ ਹਾਸਲ ਹੋਇਆ ਹੈ, ਜੋ ਮੇਰੇ ਨਿਰਦੇਸ਼ਾਂ ਅਨੁਸਾਰ ਬਾਬਾ ਰਾਮ ਸਿੰਘ ਦੇ ਘਰ 'ਚੋਂ ਹਥਿਆਰਾਂ ਜਾਂ ਅਹਿਮ ਦਸਤਾਵੇਜ਼ਾਂ ਦੀ ਤਲਾਸ਼ੀ ਲੈਣ ਲਈ ਭੈਣੀ ਗਏ ਹੋਏ ਹਨ।

2. ਕਰਨਲ ਬੇਲੀ ਨੂੰ 36 ਕੁਹਾੜੀਆਂ, 6 ਗੰਡਾਸੇ, ਕਈ ਚਕਤੀਆਂ (ਨਿਸ਼ਾਨਾ ਲਾਉਣ ਦੀ ਇੱਕ ਖੇਡ) ਅਤੇ ਦੋ ਖੁਖਰੀਆਂ ਮਿਲੀਆਂ ਸਨ। (ਗੁਰੂ) ਰਾਮ ਸਿੰਘ ਜੀ ਦੇ ਹਰੇਕ ਪੱਕੇ ਨਜ਼ਦੀਕੀ ਪੈਰੋਕਾਰ ਕੋਲ ਇੱਕ ਜਾਂ ਦੋ ਕੁਹਾੜੀਆਂ, ਇੱਕ ਡਾਂਗ ਤੇ ਕੁਝ ਚਕਤੀਆਂ ਜ਼ਰੂਰ ਹੁੰਦੀਆਂ ਹਨ। ਜਿਹੜੀ ਇੱਕ ਕੂਕੇ ਦੀ ਕੁਹਾੜੀ ਮੈਨੂੰ ਵਿਖਾਈ ਗਈ ਹੈ, ਉਹ ਬਹੁਤ ਹੀ ਸੋਹਣੇ ਸਟੀਲ ਦੀ ਬਣੀ ਹੋਈ ਹੈ ਤੇ ਉਸ ਉੱਤੇ ਗੁਰਮੁਖੀ ਭਾਸ਼ਾ 'ਚ ਸ਼ਬਦ 'ਅਕਾਲ ਸਹਾਇ' ਲਿਖੇ ਹੋਏ ਹਨ।

3. ਕੋਈ ਵੀ ਅਹਿਮ ਦਸਤਾਵੇਜ਼ ਨਹੀਂ ਮਿਲਿਆ ਸੀ। ਕਰਨਲ ਬੇਲੀ ਦੀ ਰਿਪੋਰਟ ਬਾਬਾ ਰਾਮ ਸਿੰਘ ਜੀ ਦੇ ਉਸ ਕਿਰਦਾਰ ਨੂੰ ਬਹੁਤ ਜ਼ਿਆਦਾ ਖ਼ਰਾਬ ਕਰਨ ਵਾਲੀ ਹੈ, ਜਿਵੇਂ ਕਿ ਉਹ ਸ਼ੁੱਧ ਨੈਤਿਕਤਾ ਤੇ ਧਰਮ ਦੇ ਸ਼ਾਂਤੀਪੂਰਨ ਅਹਿਲਕਾਰ ਹੋਣ ਦੀ ਸ਼ੇਖ਼ੀ ਮਾਰਿਆ ਕਰਦੇ ਹਨ। ਉਨ੍ਹਾਂ ਆਪਣੇ ਅਨੇਕ ਸ਼ਰਧਾਲੂ ਪਿੰਡ ਵਿੱਚ ਕਈ ਥਾਈਂ ਜ਼ਬਰਦਸਤੀ ਵਸਾਏ ਹੋਏ ਹਨ, ਜਿਨ੍ਹਾਂ ਬਾਰੇ ਦੱਸਿਆ ਜਾਂਦਾ ਹੈ ਕਿ ਉਹ ਪਿੰਡ ਵਾਸੀਆਂ 'ਤੇ ਰੋਅਬ ਮਾਰਦੇ ਰਹਿੰਦੇ ਹਨ ਅਤੇ ਵਧੀਕੀਆਂ ਕਰਦੇ ਹਨ ਤੇ ਬਹੁਤ ਤਾਕਤਵਰ ਤੇ ਮਾੜੀ ਦਿੱਖ ਵਾਲੇ ਵਿਅਕਤੀ ਹਨ ਅਤੇ ਉਹ ਸਭ ਭੈਣੀ ਪਿੰਡ ਦੇ ਵਾਸੀਆਂ ਤੋਂ ਲਈਆਂ ਜ਼ਮੀਨਾਂ 'ਤੇ ਰਹਿ ਰਹੇ ਹਨ, ਜਿਸ ਤੋਂ ਬਾਬਾ (ਗੁਰੂ) ਜੀ ਦੀ ਮਨਸ਼ਾ ਦਾ ਬਹੁਤ ਗ਼ਲਤ ਕਿਸਮ ਦਾ ਅਕਸ ਮਿਲਦਾ ਹੈ।

4. ਕੋਟਲਾ 'ਤੇ ਹਮਲੇ ਲਈ ਕੂਕਿਆਂ ਦੀ ਟੋਲੀ ਦੇ ਰਵਾਨਾ ਹੋਣ ਤੋਂ ਪਹਿਲਾਂ ਭੈਣੀ ਵਿਖੇ ਸਾਰੇ ਕੂਕਿਆਂ ਵਿਚਾਲੇ ਇਸ ਮੁੱਦੇ 'ਤੇ ਵਿਚਾਰ-ਵਟਾਂਦਰਾ ਹੋਇਆ ਸੀ, ਯੋਜਨਾਬੰਦੀ ਕੀਤੀ ਗਈ ਸੀ ਤੇ ਇਹ ਗੱਲ ਉੱਥੇ ਸਭ ਨੂੰ ਪਤਾ ਵੀ ਸੀ, ਕਰਨਲ ਬੇਲੀ ਨੇ ਆਪਣੇ ਪੱਧਰ 'ਤੇ ਪਿੰਡ ਵਾਸੀਆਂ ਤੋਂ ਇਸ ਬਾਰੇ ਪੱਕੀ ਜਾਣਕਾਰੀ ਇਕੱਠੀ ਕੀਤੀ ਹੈ ਅਤੇ ਜਿਹੜੇ ਕੁਝ ਪਿੰਡ ਵਾਸੀਆਂ ਦੀ ਮੈਂ ਸੁਣਵਾਈ ਕੀਤੀ ਹੈ, ਉਨ੍ਹਾਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਇਸ ਲਈ ਇਹ ਸਪੱਸ਼ਟ ਹੈ ਕਿ ਜੋ ਕੁਝ ਵੀ ਚੱਲ ਰਿਹਾ ਸੀ, ਉਸ ਦੀ (ਗੁਰੂ) ਰਾਮ ਸਿੰਘ ਜੀ ਨੂੰ ਪੂਰੀ ਜਾਣਕਾਰੀ ਜ਼ਰੂਰ ਹੋਵੇਗੀ ਅਤੇ ਉਨ੍ਹਾਂ ਆਪ ਕੋਈ ਜਾਣਕਾਰੀ ਨਹੀਂ ਦਿੱਤੀ ਸੀ। ਉਨ੍ਹਾਂ ਨੂੰ ਜਦੋਂ ਪੁੱਛਿਆ ਗਿਆ ਸੀ, ਤਦ ਹੀ ਉਨ੍ਹਾਂ ਇਕਬਾਲ ਕੀਤਾ ਸੀ ਕਿ ਮਸਤਾਨਿਆਂ ਦੀ ਇੱਕ ਟੋਲੀ ਉਨ੍ਹਾਂ ਦੇ ਵੱਸ ਤੋਂ ਬਾਹਰ ਹੋ ਗਈ ਸੀ ਪਰ ਫਿਰ ਵੀ ਉਨ੍ਹਾਂ ਨੇ ਉਸ ਟੋਲੀ ਦੇ ਕੋਟਲਾ ਵੱਲ ਜਾਣ ਦੀ ਮਨਸ਼ਾ ਜ਼ਾਹਿਰ ਨਹੀਂ ਕੀਤੀ ਸੀ। ਮੈਂ ਇਸ ਬਾਰੇ ਆਪਣੀ ਇੱਕ ਪਹਿਲੀ ਚਿੱਠੀ 'ਚ ਵੀ ਇਸ਼ਾਰਾ ਕੀਤਾ ਸੀ। ਦਰਅਸਲ, ਰਾਏਕੋਟ ਤੇ ਅੰਮ੍ਰਿਤਸਰ ਦੇ ਕਤਲ ਕਾਂਡਾਂ ਬਾਰੇ ਉਨ੍ਹਾਂ ਦੇ ਪੈਰੋਕਾਰਾਂ ਦੀਆਂ ਕੀ ਗਤੀਵਿਧੀਆਂ ਸਨ, ਉਨ੍ਹਾਂ ਦੀ ਜਾਣਕਾਰੀ ਹੋਣ

ਦੀ ਗੱਲ ਉਹ ਆਪ ਵੀ ਪਹਿਲਾਂ ਮੰਨ ਹੀ ਚੁੱਕੇ ਹਨ, ਤਦ ਵੀ ਉਨ੍ਹਾਂ ਪੂਰੀ ਚੁੱਪੀ ਧਾਰ ਕੇ ਰੱਖੀ ਸੀ, ਇਸ ਲਈ ਲੈਫ਼ਟੀਨੈਂਟ ਗਵਰਨਰ ਦੇ ਉਸ ਕਦਮ ਵਿੱਚ ਡਾਢਾ ਵਜ਼ਨ ਹੈ ਕਿ ਅਜਿਹਾ ਕਦਮ ਚੁੱਕਣ ਦੀ ਬਹੁਤ ਜ਼ਰੂਰਤ ਹੈ, ਜੋ ਮੈਂ ਬਿਨਾਂ ਸੁਣਵਾਈ ਦੇ (ਗੁਰੂ) ਰਾਮ ਸਿੰਘ ਜੀ ਨੂੰ ਇੱਥੋਂ ਬਾਹਰ ਭੇਜਣ ਦਾ ਚੁੱਕ ਲਿਆ ਹੈ।

5. ਜਿੱਥੋਂ ਤੱਕ ਬਾਬਾ (ਗੁਰੂ) ਜੀ ਦੀ ਸੰਪਤੀ ਦਾ ਸੁਆਲ ਹੈ, ਉਸ ਵਿੱਚੋਂ ਕੁਝ ਤਾਂ ਕਰਨਲ ਬੇਲੀ ਆਪਣੇ ਅਧਿਕਾਰ ਨਾਲ ਲੁਧਿਆਣਾ ਲੈ ਆਏ ਹਨ, ਮੇਰੀ ਬੇਨਤੀ ਹੈ ਕਿ ਹੁਕਮ ਥੋੜ੍ਹਾ ਜਲਦੀ ਦੇ ਦਿੱਤੇ ਜਾਣ। ਕਰਨਲ ਬੇਲੀ ਨੇ ਹਥਿਆਰਾਂ ਦੀ ਤਲਾਸ਼ੀ ਬੇਹੱਦ ਨਿਯਮਤ ਤੇ ਵਾਜਬ ਤਰੀਕੇ ਲਈ ਹੈ।

## 112

*ਮਿਤੀ 21 ਜਨਵਰੀ, 1872*

ਵੱਲੋਂ

ਐੱਲ. ਕਾਵਨ ਐਸਕ.,
ਕਾਰਜਕਾਰੀ ਡਿਪਟੀ ਕਮਿਸ਼ਨਰ,
ਲੁਧਿਆਣਾ।

ਵੱਲ

ਟੀ.ਡੀ. ਫ਼ਾਰਸਿਥ ਐਸਕ., ਸੀ.ਬੀ.,
ਕਮਿਸ਼ਨਰ, ਅੰਬਾਲਾ ਡਿਵੀਜ਼ਨ।

ਮੈਨੂੰ ਪੰਜਾਬ ਸਰਕਾਰ ਦੇ ਸਕੱਤਰ ਦੀ ਚਿੱਠੀ ਨੰ. 22ਸੀ, ਮਿਤੀ ਇਸੇ ਮਹੀਨੇ ਦੀ 18 ਤਰੀਕ ਤੁਹਾਡੇ ਪਤੇ 'ਤੇ ਪ੍ਰਾਪਤ ਹੋਣ ਦੀ ਜਾਣਕਾਰੀ ਦੇਣ ਦਾ ਮਾਣ ਹਾਸਲ ਹੋਇਆ ਹੈ, ਉਹ ਚਿੱਠੀ ਕੱਲ੍ਹ ਦੀ ਤਰੀਕ ਦੇ ਤੁਹਾਡੇ ਨਿਰਦੇਸ਼-ਪੱਤਰ ਨਾਲ ਮੈਨੂੰ ਵੀ ਭੇਜੀ ਗਈ ਸੀ ਅਤੇ ਉਸ ਦਾ ਜਵਾਬ ਇਸ ਪ੍ਰਕਾਰ ਹੈ:

2. ਜਦੋਂ ਮੈਂ ਕੋਟਲਾ ਪੁੱਜਾ, ਤਾਂ ਸਥਿਤੀ ਬੇਹੱਦ ਨਾਜ਼ੁਕ ਸੀ। ਦੇਸ਼ ਦੇ ਇਸ ਹਿੱਸੇ 'ਚ ਚੁਪਾਸੇ ਘਬਰਾਹਟ ਤੇ ਸਹਿਮ ਪਾਇਆ ਜਾ ਰਿਹਾ ਸੀ। ਖੇਤ ਸੁੰਨੇ ਪਏ ਸਨ ਅਤੇ ਲੁਧਿਆਣਾ ਤੋਂ ਕੋਟਲਾ ਦੇ ਵਿਚਕਾਰਲੇ ਸਾਰੇ ਪਿੰਡਾਂ ਦੇ ਲੋਕਾਂ ਨੇ ਵੀ ਆਮ ਕਾਰੋਬਾਰ ਬੰਦ ਕਰ ਛੱਡੇ ਸਨ। ਪਿੰਡਾਂ ਦੇ ਬਾਹਰਲੇ ਗੇਟਾਂ 'ਤੇ ਵੱਡੀਆਂ ਭੀੜਾਂ ਇਕੱਠੀਆਂ ਹੋਈਆਂ ਸਨ ਤੇ ਔਰਤਾਂ ਆਪਣੇ ਘਰਾਂ ਦੀਆਂ ਛੱਤਾਂ 'ਤੇ ਚੜ੍ਹ ਕੇ ਆਪਸ ਵਿੱਚ ਚਰਚਾ ਕਰਨ ਲੱਗੀਆਂ ਹੋਈਆਂ ਸਨ ਅਤੇ ਸਭ ਨੂੰ ਇਹੋ ਤਾਂਘ ਸੀ ਕਿ ਉਹ ਜਾਣਕਾਰੀ ਇੱਕ-ਦੂਜੇ ਤੱਕ ਪਹੁੰਚਾਈ ਜਾਵੇ, ਜੋ ਉਨ੍ਹਾਂ ਤੱਕ ਵਧਾ-ਚੜ੍ਹਾ ਕੇ ਪੁੱਜੀ ਸੀ।

3. ਕੋਟਲਾ ਪੁੱਜ ਕੇ ਮੈਂ ਪਾਇਆ ਕਿ ਬਾਗ਼ੀ ਗਿਰੋਹ ਨੂੰ ਪਟਿਆਲਾ ਰਿਆਸਤ 'ਚੋਂ ਕੁਝ ਮੀਲ ਦੂਰ ਹੀ ਕਾਬੂ ਕਰ ਲਿਆ ਗਿਆ ਸੀ। ਮੈਨੂੰ ਜਾਣਕਾਰੀ ਮਿਲੀ ਕਿ ਦੂਰ-ਦੁਰਾਡੇ ਦੇ ਕੂਕਿਆਂ ਦੀਆਂ ਨਿੱਕੀਆਂ-ਨਿੱਕੀਆਂ

ਟੋਲੀਆਂ ਕੋਟਲਾ ਵੱਲ ਨੂੰ ਆ ਰਹੀਆਂ ਸਨ ਅਤੇ ਮੈਨੂੰ ਇਹ ਵੀ ਪਤਾ ਲੱਗਾ ਕਿ ਕੋਟਲਾ ਰਿਆਸਤ ਦੇ ਸੁਰੱਖਿਆ ਦਸਤਿਆਂ ਨੇ ਬਾਗ਼ੀਆਂ ਦਾ ਪਿੱਛਾ ਕਰਨਾ ਛੱਡ ਦਿੱਤਾ ਸੀ ਤੇ ਉਹ ਸੁਰੱਖਿਆ ਕਾਰਣਾਂ ਕਰਕੇ ਪਰਤ ਆਏ ਸਨ ਕਿ ਕਿਤੇ ਕੋਟਲਾ 'ਤੇ ਕੋਈ ਹੋਰ ਹਮਲਾ ਨਾ ਹੋ ਜਾਵੇ। ਲਾਗਲੀਆਂ ਸਥਾਨਕ ਰਿਆਸਤਾਂ ਤੋਂ ਕਿਉਂਕਿ ਫ਼ੌਜੀ ਦਸਤੇ ਆ ਗਏ ਸਨ ਤੇ ਸਭ ਮੌਕੇ 'ਤੇ ਮੌਜੂਦ ਸਨ, ਇਸ ਲਈ ਮੈਂ ਪੂਰਨ ਆਤਮਵਿਸ਼ਵਾਸ ਨਾਲ ਤੁਰਤ-ਫੁਰਤ ਇੰਤਜ਼ਾਮ ਕੀਤੇ, ਤਦ ਕੋਟਲਾ ਜਾਂ ਲਾਗਲੇ ਕਿਸੇ ਸਥਾਨ 'ਤੇ ਕਿਸੇ ਫੌਰੀ ਹਮਲੇ ਦਾ ਕੋਈ ਡਰ ਨਹੀਂ ਸੀ ਪਰ ਅਜਿਹੇ ਹਾਲਾਤ ਵਿੱਚ ਬਗ਼ਾਵਤ ਜਿਹੀ ਚੀਜ਼ ਨੂੰ ਤੁਰੰਤ ਰੋਕਣ ਲਈ ਕੋਈ ਖ਼ਤਰਨਾਕ ਮਿਸਾਲ ਕਾਇਮ ਦੀ ਜ਼ਰੂਰਤ ਸੀ ਕਿ ਤਾਂ ਜੋ ਭਵਿੱਖ 'ਚ ਕਦੇ ਅਜਿਹੇ ਹਮਲੇ ਨਾ ਹੋਣ। ਇਸੇ ਲਈ ਮੈਂ ਰੰਗੇ ਹੱਥੀਂ ਫੜੇ ਅਨੇਕ ਬਾਗ਼ੀਆਂ ਨੂੰ ਉਨ੍ਹਾਂ ਵੱਲੋਂ ਕੀਤੇ ਅਪਰਾਧ ਦੇ ਸਥਾਨ ਦੇ ਨੇੜੇ ਹੀ ਮੌਤ ਦੀ ਸਜ਼ਾ ਦੇਣ ਦਾ ਫ਼ੈਸਲਾ ਕਰ ਲਿਆ ਅਤੇ ਉਨ੍ਹਾਂ ਸਭਨਾਂ ਨੇ ਆਪਣੇ ਜੁਰਮ ਦਾ ਇਕਬਾਲ ਵੀ ਕਰ ਲਿਆ ਸੀ ਅਤੇ ਬਾਕੀਆਂ ਨੂੰ ਮਲੌਦ 'ਚ ਮੌਤ ਦੀ ਸਜ਼ਾ ਦੇਣੀ ਸੀ। ਇਹ ਫ਼ੈਸਲਾ ਮੈਂ ਬਹੁਤ ਲੰਮੇ ਤੇ ਦਰਦਨਾਕ ਸੋਚ-ਵਿਚਾਰ ਤੋਂ ਬਾਅਦ ਲਿਆ ਸੀ। ਮੈਂ ਆਪਣੀ ਵੱਡੀ ਜ਼ਿੰਮੇਵਾਰੀ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸਾਂ ਪਰ ਮੈਂ ਈਮਾਨਦਾਰਾਨਾ ਦ੍ਰਿੜ੍ਹ ਵਿਸ਼ਵਾਸ ਦੇ ਆਧਾਰ 'ਤੇ ਕੰਮ ਕੀਤਾ ਅਤੇ ਜੋ ਵੀ ਕੀਤਾ ਉਹ ਸਰਕਾਰ ਅਤੇ ਸਮਾਜ ਦੇ ਬਿਹਤਰ ਹਿਤਾਂ 'ਚ ਸੀ।

4. ਬਾਅਦ 'ਚ ਮਿਲੀ ਜਾਣਕਾਰੀ ਨੇ ਇਸ ਵਿਸ਼ਵਾਸ ਦੀ ਪੁਸ਼ਟੀ ਕਰ ਦਿੱਤੀ ਸੀ ਕਿ ਇੱਕ ਗੰਭੀਰ ਕਿਸਮ ਦੀ ਬਗ਼ਾਵਤ ਦੀ ਮਨਸ਼ਾ ਸੀ ਅਤੇ ਕੱਟੜਪੰਥੀ ਲੋਕਾਂ ਨੇ ਬਹੁਤ ਕਾਹਲ਼ੀ ਵਿੱਚ ਕਾਰਵਾਈ ਨੂੰ ਅੰਜਾਮ ਦੇ ਦਿੱਤਾ ਸੀ, ਜਦ ਕਿ ਹਾਲੇ ਆਗੂਆਂ ਨੇ ਕੋਈ ਪੱਕੇ ਇੰਤਜ਼ਾਮ ਨਹੀਂ ਕੀਤੇ ਸਨ। ਹਮਲੇ ਤੋਂ ਬਾਅਦ ਕੂਕਿਆਂ ਦੀਆਂ ਟੋਲੀਆਂ ਸਾਰੇ ਹਿੱਸਿਆਂ ਤੋਂ ਪੁੱਜੀਆਂ ਤੇ ਜਿਵੇਂ ਹੀ ਉਨ੍ਹਾਂ ਨੂੰ ਆਪਣੇ ਭਰਾਵਾਂ ਨਾਲ ਬੀਤੀ ਬਾਰੇ ਜਾਣਕਾਰੀ ਮਿਲਦੀ ਰਹੀ, ਤਿਵੇਂ ਹੀ ਉਹ ਟੋਲੀਆਂ ਖਿੰਡ-ਪੁੰਡ ਕੇ ਅਲੋਪ ਹੁੰਦੀਆਂ ਰਹੀਆਂ। ਜੇ ਕਿਤੇ ਇੰਨੀ ਵੱਡੀ ਗਿਣਤੀ 'ਚ ਗ੍ਰਿਫ਼ਤਾਰ ਕੀਤੇ ਬਾਗ਼ੀਆਂ ਦੀ ਰਸਮੀ ਸੁਣਵਾਈ ਹੋਣ ਦੀ ਉਡੀਕ ਕੀਤੀ ਜਾਂਦੀ, ਤਾਂ ਇਸ ਵਿੱਚ ਰੱਤੀ ਭਰ ਵੀ ਕੋਈ ਸ਼ੱਕ ਨਹੀਂ ਕਿ ਹੋਰਨਾਂ ਹਿੱਸਿਆਂ 'ਚ ਵੀ ਇਹੋ ਜਿਹੀਆਂ ਵਧੀਕੀਆਂ ਤੇ ਬੇਨਿਯਮੀਆਂ ਜ਼ਰੂਰ ਹੋਣੀਆਂ ਸਨ ਤੇ ਫਿਰ ਹਰ ਪਾਸੇ ਅਰਾਜਕਤਾ ਦਾ ਮਾਹੌਲ ਪੱਸਰ ਜਾਣਾ ਸੀ।

5. ਇਸ ਸਪੱਸ਼ਟੀਕਰਣ ਨਾਲ ਮੈਂ ਖ਼ੁਦ ਨੂੰ ਸਰਕਾਰ ਦੇ ਹੱਥਾਂ 'ਚ ਛੱਡਦਾ ਹਾਂ। ਮੇਰਾ ਮਕਸਦ ਕਿਸੇ ਵੀ ਤਰ੍ਹਾਂ ਕੋਈ ਜ਼ਾਲਮਾਨਾ ਹਰਕਤ ਕਰਨ ਜਾਂ ਆਪਣੀ ਅਫ਼ਸਰੀ ਵਿਖਾਉਣਾ ਬਿਲਕੁਲ ਵੀ ਨਹੀਂ ਸੀ। ਮੇਰਾ ਇਹ ਸੁਹਿਰਦ ਦ੍ਰਿੜ੍ਹ ਵਿਸ਼ਵਾਸ ਸੀ ਕਿ ਇਸ ਮਾਮਲੇ 'ਚ ਕੋਈ ਮਿਸਾਲੀ ਤੇ ਸਖ਼ਤ ਸਜ਼ਾ ਦਿੱਤੀ ਜਾਵੇ ਕਿ ਤਾਂ ਜੋ ਬਗ਼ਾਵਤ ਦਾ ਹੋਰ ਫੈਲਣਾ ਰੁਕ ਸਕੇ। ਜੇ ਕਿਤੇ ਕੂਕਿਆਂ ਦੀ ਕਿਸੇ ਹੋਰ ਪਾਰਟੀ ਦਾ ਕੋਈ ਛੋਟਾ-ਮੋਟਾ ਹਮਲਾ ਕਾਮਯਾਬ ਹੋ ਜਾਂਦਾ, ਤਾਂ ਸਰਕਾਰ ਦੀਆਂ ਔਕੜਾਂ 'ਚ

ਵਾਧਾ ਹੋ ਜਾਣਾ ਸੀ। ਮੇਰਾ ਬਹੁਤ ਹੀ ਜ਼ਿੰਮੇਵਾਰੀ ਤੇ ਕਰਤੱਵ-ਨਿਸ਼ਠਾ ਨਾਲ ਇਹ ਮੰਨਣਾ ਹੈ ਕਿ ਕੋਟਲਾ 'ਚ ਦਿੱਤੀਆਂ ਮੌਤ ਦੀਆਂ ਸਜ਼ਾਵਾਂ ਨੇ ਬਹੁਤ ਜ਼ਿਆਦਾ ਗੰਭੀਰ ਕਿਸਮ ਦੀ ਬਗ਼ਾਵਤ ਨੂੰ ਰੋਕ ਦਿੱਤਾ ਹੈ।

## 113

*ਤਾਰ* *ਮਿਤੀ 21 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ,
ਦਿੱਲੀ।

*ਵੱਲ*

ਗ੍ਰਹਿ ਸਕੱਤਰ, ਕਲਕੱਤਾ।

ਰਾਹੋਂ 'ਚ ਕੂਕਾ ਪ੍ਰਦਰਸ਼ਨ ਕੀਤੇ ਜਾਣ ਦੀ ਰਿਪੋਰਟ ਗ਼ੈਰ-ਵਾਜਬ ਹੈ। ਦਰਅਸਲ 10-15 ਨਿਹੰਗਾਂ ਦੀ ਇੱਕ ਟੋਲੀ ਅਨੰਦਪੁਰ ਸਾਹਿਬ ਵੱਲ ਜਾ ਰਹੀ ਸੀ, ਇਨ੍ਹਾਂ ਨਿਹੰਗਾਂ ਦਾ ਕੂਕਿਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ।

## 114

*ਤਾਰ* *ਮਿਤੀ 22 ਜਨਵਰੀ, 1872*

*ਵੱਲੋਂ*

ਗ੍ਰਹਿ ਸਕੱਤਰ, ਕਲਕੱਤਾ।

*ਵੱਲ*

ਲੈਫ਼ਟੀਨੈਂਟ ਗਵਰਨਰ, ਪੰਜਾਬ, ਦਿੱਲੀ।

ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਵਿਰੁੱਧ ਵਾਰੰਟ ਡਾਕ ਰਾਹੀਂ ਅਲਾਹਾਬਾਦ ਭੇਜ ਦਿੱਤੇ ਗਏ ਹਨ।

## 115

*ਮਿਤੀ 22 ਜਨਵਰੀ, 1872*

*ਵੱਲੋਂ*

ਈਸੀ ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

*ਵੱਲ*

ਐੱਲ.ਐੱਚ. ਗ੍ਰਿਫਿਨ, ਐਸਕ.
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਮੈਨੂੰ ਤੁਹਾਡੇ ਇਸੇ ਮਹੀਨੇ ਦੀ 16 ਤੇ 17 ਤਰੀਕ ਦੇ ਦੋ ਪੱਤਰ ਨੰ. 9ਸੀ ਅਤੇ 15 ਸੀ ਮਿਲਣ ਦੀ ਜਾਣਕਾਰੀ ਦੇਣ ਦੀ ਹਦਾਇਤ ਹੋਈ ਹੈ, ਜਿਨ੍ਹਾਂ ਵਿੱਚ ਕੁਝ ਕੂਕਿਆਂ ਵੱਲੋਂ ਮਲੌਦ ਤੇ ਕੋਟਲਾ ਦੇ ਕਿਲ੍ਹਿਆਂ ਉੱਤੇ ਕੀਤੇ ਗਏ ਹਮਲਿਆਂ ਨਾਲ ਸੰਬੰਧਤ ਵੇਰਵੇ ਦਰਜ ਹਨ; ਅਤੇ ਜਵਾਬ ਵਿੱਚ ਮੈਂ ਸਰਕਾਰ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਗਵਰਨਰ ਜਨਰਲ-ਇਨ ਕੌਂਸਲ ਨੂੰ ਮਾਣਯੋਗ ਲੈਫ਼ਟੀਨੈਂਟ ਗਵਰਨਰ ਵੱਲੋਂ ਕੀਤੀ ਗਈ ਕਾਰਵਾਈ ਨੂੰ ਪ੍ਰਵਾਨ ਕਰ ਕੇ ਖ਼ੁਸ਼ੀ ਹੁੰਦੀ ਹੈ।

2. ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਦੀ 1818 ਦੇ ਰੈਗੂਲੇਸ਼ਨ III ਅਧੀਨ ਗ੍ਰਿਫ਼ਤਾਰੀ ਦੇ ਵਾਰੰਟ ਅਲਾਹਾਬਾਦ ਮੈਜਿਸਟ੍ਰੇਟ ਨੂੰ ਭੇਜ ਦਿੱਤੇ ਗਏ ਹਨ।

## 116

*ਮਿਤੀ 22 ਜਨਵਰੀ, 1872*

*ਵੱਲੋਂ*

ਡਬਲਿਊ.ਐੱਮ. ਸੌਤਰ, ਐਸਕ., ਐੱਮ.ਏ.,
ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ।

*ਵੱਲ*

ਮੈਜਿਸਟ੍ਰੇਟ, ਅਲਾਹਾਬਾਦ।

ਮੈਨੂੰ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਕੁਝ ਪ੍ਰਭਾਵਸ਼ਾਲੀ ਸਹਿਯੋਗੀਆਂ, ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਅਲਾਹਾਬਾਦ ਭੇਜਿਆ ਹੈ, ਦੇ 1818 ਦੇ ਰੈਗੂਲੇਸ਼ਨ III ਅਧੀਨ 11 ਗ੍ਰਿਫ਼ਤਾਰੀ ਵਾਰੰਟ ਨੱਥੀ ਕਰਨ ਦੀ ਹਦਾਇਤ ਜਾਰੀ ਹੋਈ ਹੈ।

## 117

*ਨੰ. 93ਸੀ,* *ਮਿਤੀ ਲਾਹੌਰ, 22 ਜਨਵਰੀ, 1872*

*ਵੱਲੋਂ:*

ਐੱਲ.ਐੱਚ. ਗ੍ਰਿਫਿਨ, ਐਸਕ., ਕਾਰਜਕਾਰੀ ਸਕੱਤਰ,
ਪੰਜਾਬ ਸਰਕਾਰ।

*ਵੱਲ*

ਈ.ਸੀ. ਬੈਲੇ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਮੈਂ ਆਪਣੇ ਪੱਤਰਾਂ ਨੰ. 9ਸੀ ਅਤੇ 11 ਸੀ ਮਿਤੀ 18 ਤੇ 19 ਜਨਵਰੀ ਰਾਹੀਂ ਕੂਕਾ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਅਤੇ ਉਨ੍ਹਾਂ ਪ੍ਰਮੁੱਖ ਤੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਸੂਬਿਆਂ ਦੀ ਗ੍ਰਿਫ਼ਤਾਰੀ ਦੀ ਇੱਛਾ ਪ੍ਰਗਟਾਈ ਸੀ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ ਜਾਰੀ ਕਰਨ ਦੀ

ਬੇਨਤੀ ਕੀਤੀ ਸੀ। ਮੇਰੀਆਂ ਚਿੱਠੀਆਂ 'ਚ ਦਰਜ ਨਾਵਾਂ ਵਾਲੇ ਸਾਰੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਕੇ ਅਲਾਹਾਬਾਦ ਭੇਜ ਦਿੱਤਾ ਗਿਆ ਸੀ, ਜਿੱਥੇ ਹੁਣ ਉਹ ਕੈਦ 'ਚ ਹਨ। ਮਾਣਯੋਗ ਲੈਫ਼ਟੀਨੈਂਟ ਗਵਰਨਰ, ਮਹਾਮਹਿਮ, ਭੂਤਪੂਰਵ ਵਾਇਸਰਾਏ ਤੇ ਗਵਰਨਰ ਜਨਰਲ-ਇਨ-ਕੌਂਸਲ ਨੂੰ ਸਮੁੱਚੀ ਪ੍ਰਵਾਨਗੀ ਦੇਣ 'ਚ ਖ਼ੁਸ਼ੀ ਹੋਈ ਸੀ।

2. ਕਿਉਂਕਿ ਰਾਏਪੁਰ ਦੇ ਇੱਕ ਕੂਕਾ ਆਗੂ ਸਰਦਾਰ ਮੰਗਲ ਸਿੰਘ ਨੂੰ ਇੱਥੋਂ ਦੇਸ਼ ਨਿਕਾਲਾ ਦੇਣਾ ਜ਼ਰੂਰੀ ਹੋ ਗਿਆ ਹੈ ਤੇ ਪਟਿਆਲਾ ਦੇ ਮਹਾਰਾਜਾ ਨੇ ਇਸ ਬਾਰੇ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਮੰਗਲ ਸਿੰਘ ਨੂੰ ਪੰਜਾਬ ਤੋਂ ਕਿਤੇ ਬਾਹਰ ਭੇਜ ਦਿੱਤਾ ਜਾਵੇ।

3. ਮੈਨੂੰ ਹੁਣ ਲੈਫ਼ਟੀਨੈਂਟ ਗਵਰਨਰ ਵੱਲੋਂ ਬੇਹੱਦ ਧਿਆਨਪੂਰਵਕ ਵਿਚਾਰ-ਵਟਾਂਦਰੇ ਤੋਂ ਬਾਅਦ ਕਾਇਮ ਕੀਤੇ ਵਿਚਾਰ ਨੂੰ ਦੱਸਣ ਦੀ ਹਦਾਇਤ ਹੋਈ ਹੈ ਕਿ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸਾਰੇ ਸੂਬੇ ਜੋ ਹੁਣ ਅਲਾਹਾਬਾਦ 'ਚ ਹਨ ਅਤੇ ਹੁਣ ਉਨ੍ਹਾਂ ਨੂੰ ਭਾਰਤ 'ਚੋਂ ਕੱਢ ਕੇ ਰੰਗੂਨ ਜਾਂ ਬ੍ਰਿਟਿਸ਼ ਭਾਰਤ ਤੋਂ ਬਾਹਰ ਕਿਸੇ ਹੋਰ ਅਜਿਹੀ ਥਾਂ 'ਤੇ ਭੇਜਣ ਦਾ ਵਿਚਾਰ ਕੀਤਾ ਗਿਆ ਹੈ, ਜੋ ਮਹਾਮਹਿਮ ਵਾਇਸਰਾਏ ਅਤੇ ਗਵਰਨਰ ਜਨਰਲ ਨੂੰ ਵਾਜਬ ਜਾਪ ਸਕਦਾ ਹੈ। ਅਲਾਹਾਬਾਦ ਕਿਉਂਕਿ ਆਵਾਜਾਈ ਦੀ ਮੁੱਖ ਲਾਈਨ 'ਤੇ ਹੈ ਅਤੇ ਵਰਨਣਯੋਗ ਹਿੰਦੂ ਤੀਰਥ-ਅਸਥਾਨ ਹੈ ਤੇ ਇੱਥੇ ਕਦੇ ਵੀ ਬਹੁਤ ਸਾਰੇ ਇਤਰਾਜ਼ ਉੱਠ ਸਕਦੇ ਹਨ।

4. ਤੁਹਾਡੇ ਇਸੇ ਮਹੀਨੇ ਦੀ 18 ਤਰੀਕ ਦੇ ਪੱਤਰ ਨੰ. 289 ਦੇ ਪੈਰਾ 12 ਵਿੱਚ ਮਾਣਯੋਗ ਸਾਹਿਬ ਦੇ ਵਿਚਾਰ ਦਾ ਪ੍ਰਗਟਾਵਾ ਦਿੱਤਾ ਗਿਆ ਹੈ ਕਿ ਕੀ ਕੋਈ ਅਜਿਹੇ ਠੋਸ ਆਧਾਰ ਮੌਜੂਦ ਹਨ, ਜਿਨ੍ਹਾਂ ਤੋਂ ਕੂਕਿਆਂ ਵੱਲੋਂ ਬਗ਼ਾਵਤ ਦਾ ਖ਼ਦਸ਼ਾ ਵਿਖਾਈ ਦਿੰਦਾ ਹੋਵੇ ਅਤੇ ਕੀ ਉਹ ਇਹ ਸਮਝਦੇ ਹਨ ਕਿ ਅਜਿਹੀ ਬਗ਼ਾਵਤ ਨੂੰ ਰੋਕਣ ਅਤੇ ਸ਼ਾਂਤੀ ਕਾਇਮ ਰੱਖਣ ਲਈ ਕੋਈ ਖ਼ਾਸ ਕਦਮ ਚੁੱਕਣੇ ਜ਼ਰੂਰੀ ਹਨ।

5. ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਜਿਹੜੇ ਦਸਤਾਵੇਜ਼ ਭਾਰਤ ਸਰਕਾਰ ਸਾਹਵੇਂ ਪੇਸ਼ ਕੀਤੇ ਗਏ ਹਨ, ਉਹ ਦਰਸਾਉਂਦੇ ਹਨ ਕਿ ਕੂਕਾ ਸਿਧਾਂਤਾਂ ਦਾ ਅਸਲ ਰੁਝਾਨ ਭਾਵੇਂ ਕੁਝ ਵੀ ਹੋਵੇ, ਹੁਣ ਉਹ ਸਿਆਸੀ ਕਿਰਦਾਰ ਵਾਲੇ ਬਣ ਗਏ ਹਨ; ਆਗੂਆਂ ਦੀਆਂ ਯੋਜਨਾਵਾਂ ਨੂੰ ਪੈਰੋਕਾਰ ਥੋੜ੍ਹਾ-ਬਹੁਤ ਸਮਝਦੇ ਹਨ, ਜੋ ਇਹੋ ਹਨ ਕਿ ਪੰਜਾਬ ਵਿੱਚ ਸਿੱਖ ਰਾਜ ਦੀ ਬਹਾਲੀ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਸਭ ਸਿੱਧ ਕਰਨ ਵਾਲੇ ਸਬੂਤਾਂ ਤੇ ਗਵਾਹਾਂ ਦੀ ਪ੍ਰਕਿਰਤੀ ਅਜਿਹੀ ਨਹੀਂ ਹੈ ਕਿ ਉਨ੍ਹਾਂ ਦਾ ਕੋਈ ਰਸਮੀ ਰਿਕਾਰਡ ਪੇਸ਼ ਕੀਤਾ ਜਾ ਸਕੇ, ਭਾਵੇਂ ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਇੰਨੀ ਕੁ ਸਮੱਗਰੀ ਪਹਿਲਾਂ ਹੀ ਜਮ੍ਹਾ ਕਰਵਾਈ ਜਾ ਚੁੱਕੀ ਹੈ ਕਿ ਜਿਸ ਤੋਂ ਭਾਰਤ ਸਰਕਾਰ ਇਸ ਦੀ ਦਰੁਸਤਗੀ ਪ੍ਰਤੀ ਸੰਤੁਸ਼ਟ ਹੋ ਸਕਦੀ ਹੈ। ਇਸ ਤੋਂ ਇਲਾਵਾ ਵਫ਼ਾਦਾਰ ਤੇ ਸੂਝਵਾਨ ਸਥਾਨਕ ਨਿਵਾਸੀਆਂ ਦਾ ਸਰਬਸੰਮਤੀ ਮਤ ਹੈ ਕਿ ਕੂਕਾ ਅੰਦੋਲਨ ਇੱਕ ਅਜਿਹੀ ਲਹਿਰ ਹੈ, ਜਿਸ ਬਾਰੇ ਸਰਕਾਰ ਚੁਪ ਨਹੀਂ ਰਹਿ ਸਕਦੀ; ਕੂਕਿਆਂ ਦਾ ਆਚਾਰ-ਵਿਹਾਰ ਹੀ ਅਜਿਹਾ ਹੈ ਤੇ ਉਹ ਆਪਸ 'ਚ ਅਜਿਹੀਆਂ ਭਵਿੱਖਬਾਣੀਆਂ ਕਰਦੇ ਹਨ ਕਿ ਹੁਣ ਅੰਗਰੇਜ਼ਾਂ ਦੇ ਰਾਜ ਦਾ ਖ਼ਤਮ ਹੋਣ

ਵਾਲਾ ਤੇ ਉਨ੍ਹਾਂ ਨੂੰ ਦੇਸ਼ 'ਚੋਂ ਕੱਢ ਦਿੱਤਾ ਜਾਵੇਗਾ ਤੇ ਗੁਰੂ ਰਾਮ ਸਿੰਘ ਜੀ ਦੇ ਪੈਰੋਕਾਰਾਂ ਨੂੰ ਜ਼ਮੀਨਾਂ ਤੇ ਮਾਣ-ਸਨਮਾਨ ਮਿਲੇਗਾ।

6. ਮਾਣਯੋਗ ਲੈਫ਼ਟੀਨੈਂਟ ਗਵਰਨਰ ਦਾ ਨਿਸ਼ਚਿਤ ਤੌਰ 'ਤੇ ਮੰਨਣਾ ਹੈ ਕਿ ਹੁਣ ਕਿਸੇ ਬਗ਼ਾਵਤ ਦਾ ਕੋਈ ਖ਼ਦਸ਼ਾ ਨਹੀਂ ਹੈ, ਜਿਸ ਨੂੰ ਪਹਿਲਾਂ ਤੁਰੰਤ ਦਬਾਇਆ ਨਹੀਂ ਜਾ ਸਕਿਆ ਸੀ ਕੂਕਾ ਸਿਧਾਂਤ ਦੀਆਂ ਭਾਵਨਾਵਾਂ ਅਜਿਹੇ ਬਾਹਰੀ ਸੰਕੇਤ ਦਿੰਦੀਆਂ ਹਨ ਤੇ ਪ੍ਰਗਟਾਵਾ ਕਰਦੀਆਂ ਹਨ ਕਿ ਜਿਸ ਨੂੰ ਸੰਭਾਵੀ ਤੌਰ 'ਤੇ ਖ਼ਤਮ ਕਰਨਾ ਚਾਹੀਦਾ ਹੈ। ਇਸ ਸਿਧਾਂਤ ਦਾ ਅਸਲ ਖ਼ਤਰਾ ਇਸ ਤੱਥ ਵਿੱਚ ਹੈ ਕਿ ਗ਼ੈਰ-ਕੂਕਿਆਂ ਭਾਵ ਆਮ ਸਥਾਨਕ ਲੋਕਾਂ ਦੇ ਵੱਡੇ ਵਰਗ ਵਿੱਚ ਵੀ ਕੂਕਿਆਂ ਪ੍ਰਤੀ ਬਹੁਤ ਜ਼ਿਆਦਾ ਹਮਦਰਦੀ ਹੈ। ਗਊ-ਹੱਤਿਆਵਾਂ ਦੀ ਨਿੰਦਾ ਅਤੇ ਰਾਏਕੋਟ ਤੇ ਅੰਮ੍ਰਿਤਸਰ 'ਚ ਕਸਾਈਆਂ ਵਿਰੁੱਧ ਚੁੱਕੇ ਗਏ ਸਰਗਰਮ ਕਦਮਾਂ ਪ੍ਰਤੀ ਵੀ ਚੰਗੇ ਅਸਰ-ਰਸੂਖ਼ ਵਾਲੇ ਹਿੰਦੂਆਂ ਦੀ ਚੋਖੀ ਹਮਦਰਦੀ ਹੈ ਅਤੇ ਖ਼ਾਲਸਾ ਰਾਜ ਦੀ ਬਹਾਲੀ ਦੀ ਅਪੀਲ ਦੀ ਭਵਿੱਖਬਾਣੀ ਨਾਲ ਇਨ੍ਹਾਂ ਨੂੰ ਅਜਿਹੇ ਸਾਰੇ ਸਿੱਖਾਂ ਦੀ ਹਮਦਰਦੀ ਵੀ ਮਿਲ ਜਾਂਦੀ ਹੈ, ਜਿਹੜੇ ਅਤੀਤ ਦੀਆਂ ਰਵਾਇਤਾਂ ਨੂੰ ਅਜੇ ਭੁੱਲੇ ਨਹੀਂ ਹਨ। ਬੇਸ਼ੱਕ ਇਸ ਤੱਥ ਦਾ ਪੱਕਾ ਸਬੂਤ ਮੌਜੂਦ ਹੈ, ਜੋ ਇਹ ਦਰਸਾਉਂਦਾ ਹੈ ਕਿ ਇਸ ਵੇਲੇ ਕੱਟੜ ਸਿੱਖਾਂ ਤੇ ਕੂਕਿਆਂ ਵਿਚਾਲੇ ਕੋਈ ਗੱਠਜੋੜ ਨਹੀਂ ਹੈ ਪਰ ਇਸ ਗੱਲ ਦਾ ਵੀ ਸਬੂਤ ਹੈ ਕਿ ਪਹਿਲਾਂ ਇਹ ਦੋਵੇਂ ਸੰਪਰਦਾਇ ਜਿੰਨਾ ਜ਼ਿਆਦਾ ਇੱਕ-ਦੂਜੇ ਦੇ ਵਿਰੁੱਧ ਹੁੰਦੇ ਸਨ, ਕਿਉਂਕਿ ਪਿਛਲੇ ਕੁਝ ਸਮੇਂ ਦੌਰਾਨ ਸਿੱਖਾਂ 'ਚੋਂ ਬਹੁਤ ਸਾਰੇ ਲੋਕ ਕੂਕੇ ਬਣੇ ਹਨ; ਜਦ ਕਿ ਕੁਝ ਸਾਲ ਪਹਿਲਾਂ ਹੀ ਚੰਗੇ ਪਰਿਵਾਰਾਂ ਤੇ ਅਸਰ-ਰਸੂਖ਼ ਵਾਲੇ ਲੋਕਾਂ ਵਿੱਚੋਂ ਕੋਈ ਵੀ ਇਸ ਨਵੇਂ ਸਿਧਾਂਤ ਨੂੰ ਨਹੀਂ ਅਪਣਾਉਂਦਾ ਸੀ ਪਰ ਹੁਣ ਵਰਨਣਯੋਗ ਹੱਦ ਤੱਕ ਛੋਟੇ ਸਰਦਾਰ ਤੇ ਚੰਗੇ ਪਰਿਵਾਰਾਂ ਦੇ ਲੋਕ ਬਾਕਾਇਦਾ ਕੂਕੇ ਬਣ ਚੁੱਕੇ ਹਨ।

7. ਇਹ ਦਰਸਾਉਣ ਲਈ ਕੋਈ ਸਬੂਤ ਨਹੀਂ ਹੈ ਕਿ ਕੂਕਿਆਂ ਦੇ ਦੂਤ ਕਿਸ ਅਸਲ ਮਨਸ਼ਾ ਨਾਲ ਭਾਰਤ ਜਾਂ ਉੱਤਰੀ ਸਰਹੱਦ 'ਤੇ ਮੌਜੂਦ ਹੋਰਨਾਂ ਦੇਸ਼ਾਂ ਦੇ ਦੂਰ-ਦੁਰਾਡੇ ਦੇ ਭਾਗਾਂ 'ਚ ਗਏ ਹਨ ਤੇ ਉਨ੍ਹਾਂ ਨੂੰ ਕਿੰਨੀ ਕੁ ਕਾਮਯਾਬੀ ਮਿਲੀ ਹੈ; ਪਰ ਇਹ ਅਨੁਮਾਨ ਸੁਰੱਖਿਅਤ ਤਰੀਕੇ ਲਾਇਆ ਜਾ ਸਕਦਾ ਹੈ ਕਿ ਇਸ ਪਿੱਛੇ ਮਨਸ਼ਾ ਸਿਆਸੀ ਸੀ ਨਾ ਕਿ ਧਾਰਮਿਕ; ਜਿਵੇਂ ਕਿ ਕੂਕਿਆਂ ਵੱਲੋਂ ਸ਼ਰੇਆਮ ਆਪਣੀਆਂ ਗੱਲਾਂ ਰਾਹੀਂ ਇਹ ਸਭ ਪ੍ਰਗਟਾਇਆ ਹੈ; ਜਿਵੇਂ ਕਿ ਉਨ੍ਹਾਂ ਨੂੰ ਨੇਪਾਲ ਤੇ ਕਸ਼ਮੀਰ ਤੋਂ ਸਹਾਇਤਾ ਮਿਲਣ ਦੀ ਆਸ ਹੈ, ਇਹ ਵੀ ਕਿ ਜੇ ਕਿਤੇ ਬਗ਼ਾਵਤ ਹੋਈ, ਤਾਂ ਸਤਲੁਜ ਪਾਰ ਦੀਆਂ ਰਿਆਸਤਾਂ ਵੀ ਉਨ੍ਹਾਂ ਦਾ ਸਾਥ ਦੇਣਗੀਆਂ ਅਤੇ ਇਹ ਕਿ ਬ੍ਰਿਟਿਸ਼ ਥਲ ਸੈਨਾ 'ਚ ਹੀ ਬਹੁਤ ਸਾਰੇ ਮੈਂਬਰ ਉਨ੍ਹਾਂ ਦੇ ਮੱਤ ਦੇ ਹਨ।

8. ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਐਂਵੇਂ ਜੰਗਲ਼ੀ ਕਿਸਮ ਦੀਆਂ ਸ਼ੇਖ਼ੀਆਂ ਤੇ ਅਨਪੜ੍ਹਾਂ ਅਤੇ ਕੱਟੜਪੰਥੀ ਲੋਕਾਂ ਦੀਆਂ ਭਵਿੱਖਬਾਣੀਆਂ ਨੂੰ ਸੱਚ ਨਹੀਂ ਸਮਝਣਾ ਚਾਹੀਦਾ ਅਤੇ ਉਨ੍ਹਾਂ ਦਾ ਕੋਈ ਮਹੱਤਵ ਨਹੀਂ ਸਮਝ ਲੈਣਾ ਚਾਹੀਦਾ ਕਿਉਂਕਿ ਉਨ੍ਹਾਂ ਦੀ ਕੋਈ ਕੀਮਤ ਨਹੀਂ ਹੈ; ਪਰ ਆਮ ਲੋਕਾਂ 'ਚ ਪਾਈ ਜਾਣ ਵਾਲੀ

ਕਿਸੇ ਭਾਵਨਾ ਨੂੰ ਸਰਕਾਰ ਵੱਲੋਂ ਅੱਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਇਹ ਭਰੋਸਾ ਹੈ ਕਿ ਅਮਨ-ਚੈਨ ਬਰਕਰਾਰ ਰੱਖਣ ਲਈ ਕੂਕਾ ਆਗੂਆਂ ਨੂੰ ਭਾਰਤ 'ਚੋਂ ਬਾਹਰ ਭੇਜਣਾ ਜ਼ਰੂਰੀ ਹੈ। ਜਦੋਂ ਤੱਕ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਲੈਫ਼ਟੀਨੈਂਟ ਇਸ ਦੇਸ਼ 'ਚ ਮੌਜੂਦ ਹਨ, ਜਦੋਂ ਤੱਕ ਉਨ੍ਹਾਂ ਦੇ ਪੈਰੋਕਾਰ ਇਹ ਅਨੁਮਾਨ ਲਾਉਂਦੇ ਤੇ ਇਹ ਆਸ ਰੱਖਦੇ ਰਹਿਣਗੇ ਕਿ ਉਹ ਤਾਂ ਬਹੁਤ ਛੇਤੀ ਪਰਤ ਆਉਣਗੇ ਤੇ ਸਰਕਾਰ ਖ਼ਿਲਾਫ਼ ਸਾਜ਼ਿਸ਼ਾਂ ਰਚਦੇ ਰਹਿਣਗੇ ਅਤੇ ਉਸ ਲਈ ਲਗਾਤਾਰ ਚਿੰਤਾ ਦਾ ਕਾਰਣ ਬਣਦੇ ਰਹਿਣਗੇ। ਬਾਬਾ ਜੀ ਨੂੰ ਭਾਰਤ ਤੋਂ ਬਾਹਰ ਭੇਜਣ ਨਾਲ ਪੰਜਾਬ 'ਚ ਇਸ ਵੇਲੇ ਪਾਈ ਜਾਣ ਵਾਲੀ ਬੇਚੈਨੀ ਤੇ ਬਾਗ਼ੀ ਰੌਂਅ 'ਚ ਕਮੀ ਆਵੇਗੀ ਤੇ ਸਮੇਂ ਨਾਲ ਇਹ ਸਭ ਖ਼ਤਮ ਹੋ ਜਾਵੇਗਾ। ਮਾਣਯੋਗ ਲੈਫ਼ਟੀਨੈਂਟ ਗਵਰਨਰ ਨੇ ਇਸ ਚਿੱਠੀ 'ਚ ਦਰਜ ਇਹ ਸਿਫ਼ਾਰਸ਼ ਬਹੁਤ ਜ਼ਿਆਦਾ ਸੋਚ-ਵਿਚਾਰ ਕਰਨ; ਦੇਸ਼ ਵਿੱਚ ਇਸ ਵੇਲੇ ਜੋ ਕੁਝ ਵੀ ਵਾਪਰ ਰਿਹਾ ਹੈ, ਉਸ 'ਤੇ ਧਿਆਨਪੂਰਵਕ ਗ਼ੌਰ ਕਰਨ ਅਤੇ ਇਨ੍ਹਾਂ ਹਾਲਾਤ ਬਾਰੇ ਸਾਰੇ ਸਥਾਨਕ ਤੇ ਯੂਰੋਪੀਅਨ ਭੱਦਰ ਪੁਰਸ਼ਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਇੱਕ ਨਿਰਪੱਖ, ਸ਼ਾਂਤ ਤੇ ਸੂਝਵਾਨ ਸਿਫ਼ਾਰਸ਼ ਕੀਤੀ ਹੈ। ਪਟਿਆਲਾ ਦੇ ਮਾਣਯੋਗ ਮਹਾਰਾਜਾ, ਜਿਨ੍ਹਾਂ ਦੀ ਵਫ਼ਾਦਾਰੀ ਤੇ ਚੰਗੀ ਭਾਵਨਾ ਤੋਂ ਭਾਰਤ ਸਰਕਾਰ ਚੰਗੀ ਤਰ੍ਹਾਂ ਵਾਕਫ਼ ਹੈ, ਦਾ ਵੀ ਲੈਫ਼ਟੀਨੈਂਟ ਗਵਰਨਰ ਵਾਲਾ ਹੀ ਵਿਚਾਰ ਹੈ।

9. ਮਾਣਯੋਗ ਨੂੰ ਭਰੋਸਾ ਹੈ ਕਿ ਇੱਥੇ ਕੀਤੀ ਸਿਫ਼ਾਰਸ਼ ਨੂੰ ਮਹਾਮਹਿਮ ਵਾਇਸਰਾਏ ਅਤੇ ਗਵਰਨਰ ਜਨਰਲ-ਇਨ-ਕੌਂਸਲ ਦੀ ਪ੍ਰਵਾਨਗੀ ਮਿਲ ਸਕਦੀ ਹੈ ਅਤੇ ਕੂਕਾ ਆਗੂਆਂ ਨੂੰ ਭਾਰਤ ਤੋਂ ਛੇਤੀ ਤੋਂ ਛੇਤੀ ਬਾਹਰ ਭੇਜਣ ਦੇ ਹੁਕਮ ਜਾਰੀ ਕੀਤੇ ਜਾ ਸਕਦੇ ਹਨ। ਲੈਫ਼ਟੀਨੈਂਟ ਗਵਰਨਰ ਦਾ ਇਹ ਵੀ ਵਿਚਾਰ ਹੈ ਕਿ ਉਨ੍ਹਾਂ ਨੂੰ ਜਿੱਥੇ ਕਿਤੇ ਵੀ ਰੱਖਿਆ ਜਾਵੇ, ਉਨ੍ਹਾਂ ਨੂੰ ਵੱਖੋ-ਵੱਖਰੀ ਕੈਦ 'ਚ ਹੀ ਰੱਖਿਆ ਜਾਵੇ ਅਤੇ ਇੱਕ-ਦੂਜੇ ਨਾਲ ਗੱਲ ਕਰਨ ਦੀ ਇਜਾਜ਼ਤ ਨਾ ਹੋਵੇ।

# 118

## 1818 ਦਾ ਬੰਗਾਲ ਰੈਗੂਲੇਸ਼ਨ III

ਸਰਕਾਰੀ ਕੈਦੀਆਂ ਨੂੰ ਜੇਲ੍ਹੀਂ ਡੱਕਣ ਲਈ ਇੱਕ ਰੈਗੂਲੇਸ਼ਨ (ਨਿਯਮ), ਜੋ ਵਾਈਸ ਪ੍ਰੈਜ਼ੀਡੈਂਟ-ਇਨ-ਕੌਂਸਲ ਵੱਲੋਂ 7 ਅਪ੍ਰੈਲ, 1818 ਨੂੰ ਪਾਸ ਕੀਤਾ ਗਿਆ।

### ਪ੍ਰਸਤਾਵਨਾ

''ਕਿਉਂਕਿ ਦੇਸ਼ ਦੀ ਬ੍ਰਿਟਿਸ਼ ਸਰਕਾਰ ਕੋਲ ਵਿਦੇਸ਼ੀ ਤਾਕਤਾਂ ਨਾਲ ਗੱਠਜੋੜ ਕਾਇਮ ਰੱਖਣ, ਸਥਾਨਕ ਨਵਾਬਾਂ ਦੇ ਖੇਤਰਾਂ ਵਿੱਚ ਸ਼ਾਂਤੀ, ਜੋ ਉਨ੍ਹਾਂ ਦਾ ਹੱਕ ਹੈ, ਬਰਕਰਾਰ ਰੱਖਣ, ਬ੍ਰਿਟਿਸ਼ ਅਧਿਕਾਰ-ਖੇਤਰ ਅਧੀਨ ਪੈਂਦੇ ਖੇਤਰਾਂ ਦੀ ਵਿਦੇਸ਼ੀ ਹਮਲਿਆਂ ਅਤੇ ਅੰਦਰੂਨੀ ਗੜਬੜੀ ਤੋਂ ਸੁਰੱਖਿਆ ਤੇ ਬਚਾਅ ਜਿਹੇ ਕਾਰਣਾਂ ਕਰਕੇ ਕਈ ਮੌਕਿਆਂ 'ਤੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਕੁਝ ਵਿਅਕਤੀਆਂ 'ਤੇ ਨਿਜੀ ਤੌਰ

'ਤੇ ਪਾਬੰਦੀਆਂ ਲਾਈਆਂ ਜਾਣ, ਜਿਨ੍ਹਾਂ ਵਿਰੁੱਧ ਕੋਈ ਨਿਆਂਇਕ ਜਾਂ ਅਦਾਲਤੀ ਕਾਰਵਾਈ ਕਰਨ ਦਾ ਕੋਈ ਠੋਸ ਆਧਾਰ ਮੌਜੂਦ ਨਹੀਂ ਹੁੰਦਾ ਜਾਂ ਕਿਸੇ ਮਾਮਲੇ ਦੀ ਪ੍ਰਕਿਰਤੀ ਦੇ ਮੱਦੇਨਜ਼ਰ ਅਜਿਹੀ ਕੋਈ ਕਾਰਵਾਈ ਕੀਤੀ ਹੀ ਨਹੀਂ ਜਾ ਸਕਦੀ ਜਾਂ ਅਜਿਹੇ ਹੋਰ ਕਾਰਣ ਵੀ ਹੋ ਸਕਦੇ ਹਨ ਕਿ ਅਜਿਹੀ ਕਾਰਵਾਈ ਕਰਨੀ ਦਰੁਸਤ ਨਹੀਂ ਹੁੰਦੀ ਜਾਂ ਗ਼ੈਰ-ਵਾਜਬ ਹੁੰਦੀ ਹੈ ਅਤੇ ਜਿੱਥੇ ਕਿਤੇ ਇਹ ਫ਼ਿੱਟ ਹੁੰਦੀ ਹੈ, ਜਦੋਂ ਇੱਥੇ ਦੱਸੀ ਪ੍ਰਕਿਰਤੀ ਮਿਲਦੀ ਹੋਵੇ, ਤਾਂ ਗਵਰਨਰ ਜਨਰਲ-ਇਨ-ਕੌਂਸਲ ਦੇ ਅਧਿਕਾਰ ਵੱਲੋਂ ਤੁਰੰਤ ਇਸ ਦਿਸ਼ਾ 'ਚ ਕੋਈ ਠੋਸ ਕਾਰਵਾਈ ਕਰਨੀ ਚਾਹੀਦੀ ਹੈ, ਜਿੱਥੇ ਇਨਸਾਫ਼ ਖ਼ਤਮ ਹੋ ਜਾਂਦਾ ਹੋਵੇ ਤੇ ਜਦੋਂ ਅਜਿਹਾ ਕੋਈ ਫ਼ੈਸਲਾ ਲਿਆ ਜਾਂਦਾ ਹੈ ਤਾਂ ਕਿਸੇ ਵੀ ਵਿਅਕਤੀ ਵਿਰੁੱਧ ਕੋਈ ਅਦਾਲਤੀ ਕਾਰਵਾਈ ਕਰਨ ਦੀ ਥਾਂ ਉਸ ਉੱਤੇ ਨਿਜੀ ਕਿਸਮ ਦੀਆਂ ਬੰਦਸ਼ਾਂ ਲਾਈਆਂ ਜਾ ਸਕਦੀਆਂ ਹਨ, ਅਜਿਹੇ ਦ੍ਰਿੜ੍ਹ ਫ਼ੈਸਲਿਆਂ ਦੀ ਸਮੇਂ-ਸਮੇਂ 'ਤੇ ਸੋਧ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਗੱਲ ਤੋਂ ਪ੍ਰਭਾਵਿਤ ਵਿਅਕਤੀ ਨੂੰ ਹਰ ਸਮੇਂ ਗਵਰਨਰ ਜਨਰਲ-ਇਨ-ਕੌਂਸਲ ਸਾਹਮਣੇ ਆਪਣੀ ਗੱਲ ਰੱਖਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ, ਸਾਰੇ ਹਾਲਾਤ ਜਾਂ ਤਾਂ ਅਜਿਹੇ ਫ਼ੈਸਲੇ ਦੇ ਮੰਨੇ ਗਏ ਆਧਾਰ ਹੋਣੇ ਚਾਹੀਦੇ ਹਨ ਜਾਂ ਉਸ ਤਰੀਕੇ ਦੇ ਅਨੁਕੂਲ ਹੋਣੇ ਚਾਹੀਦੇ ਹਨ ਜਿਵੇਂ ਕਿ ਉਸ ਨੂੰ ਲਾਗੂ ਕੀਤਾ ਜਾਣਾ ਹੈ ਅਤੇ ਨਿਆਂ ਦੇ ਖ਼ਾਤਮੇ ਮੌਕੇ ਇਸ ਰੈਗੂਲੇਸ਼ਨ ਅਧੀਨ ਬੰਦ ਹਰੇਕ ਸਰਕਾਰੀ ਕੈਦੀ ਦੀ ਸਿਹਤ ਵੱਲ ਧਿਆਨ ਦੇਣ ਦੀ ਜ਼ਰੂਰਤ ਹੁੰਦੀ ਹੈ ਅਤੇ ਜੀਵਨ 'ਚ ਉਸ ਦੇ ਦਰਜੇ ਤੇ ਉਸ ਦੀਆਂ ਤੇ ਉਸ ਦੇ ਪਰਿਵਾਰ ਦੀਆਂ ਲੋੜਾਂ ਅਨੁਸਾਰ ਉਸ ਦੀ ਮਦਦ ਲਈ ਵਾਜਬ ਵਿਵਸਥਾ ਕਰਨੀ ਹੋਵੇਗੀ ਅਤੇ ਜਦੋਂ ਕਿ ਉਪਰੋਕਤ ਐਲਾਨ ਕਾਰਣ ਕਦੀ-ਕਦਾਈਂ ਜ਼ਿਮੀਂਦਾਰਾਂ, ਤਾਲੁਕਦਾਰਾਂ ਤੇ ਫ਼ੋਰਟ ਵਿਲੀਅਮ ਦੀ ਪ੍ਰਧਾਨਗੀ ਉੱਤੇ ਨਿਰਭਰ ਇਲਾਕਿਆਂ ਅੰਦਰ ਦੀਆਂ ਮਿਲਖਾਂ ਤੇ ਜ਼ਮੀਨਾਂ ਨੂੰ ਬਿਨਾਂ ਕਿਸੇ ਅਦਾਲਤੀ ਕਾਰਵਾਈ ਨੂੰ ਅੰਜਾਮ ਦਿੱਤਿਆਂ ਕੁਰਕ ਕਰਨਾ ਅਤੇ ਉਨ੍ਹਾਂ ਨੂੰ ਮਾਲ ਅਧਿਕਾਰੀਆਂ ਦੇ ਅਸਥਾਈ ਪ੍ਰਬੰਧ ਅਧੀਨ ਰੱਖਣਾ ਜ਼ਰੂਰੀ ਹੋ ਜਾਂਦਾ ਹੈ ਤੇ ਜਦੋਂ ਅਜਿਹੀਆਂ ਕਾਨੂੰਨੀ ਵਿਵਸਥਾਵਾਂ ਇਸ ਤਰੀਕੇ ਲਾਗੂ ਕਰਨਾ ਜ਼ਰੂਰੀ ਹੁੰਦਾ ਹੈ ਕਿ ਉਨ੍ਹਾਂ ਵਿਅਕਤੀਆਂ ਦੇ ਅਧਿਕਾਰਾਂ ਤੇ ਹਿਤਾਂ ਦੀ ਉਲੰਘਣਾ ਨਾ ਹੁੰਦੀ ਹੋਵੇ ਜਿਨ੍ਹਾਂ ਦੀਆਂ ਮਿਲਖਾਂ ਨੂੰ ਸਰਕਾਰ ਦੀ ਸਿੱਧੇ ਅਧਿਕਾਰ ਅਧੀਨ ਕੁਰਕ ਕੀਤਾ ਜਾਣਾ ਹੈ ਤਾਂ ਵਾਈਸ ਪ੍ਰੈਜ਼ੀਡੈਂਟ-ਇਨ-ਕੌਂਸਲ ਨੇ ਨਿਮਨਲਿਖਤ ਨਿਯਮ ਲਾਗੂ ਕੀਤੇ ਹਨ, ਜੋ ਸਾਰੇ ਰਾਜਾਂ ਵਿੱਚ ਤੁਰੰਤ, ਬਸ਼ਰਤੇ ਉਹ ਫ਼ੋਰਟ ਵਿਲੀਅਮ ਦੀ ਪ੍ਰਧਾਨਗੀ ਹੇਠ ਆਉਂਦੇ ਹੋਣ, ਉਸ ਤਰੀਕ ਤੋਂ ਲਾਗੂ ਹੋਣਗੇ, ਜਦੋਂ ਵੀ ਉਨ੍ਹਾਂ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ।''

II. ਵਿਅਕਤੀਆਂ ਨੂੰ ਸਰਕਾਰੀ ਕੈਦੀਆਂ ਵਜੋਂ ਬੰਦਸ਼ਾਂ ਅਧੀਨ ਰੱਖਣ ਦੀ ਕਾਰਵਾਈ ਦੀ ਵਿਧੀ।

*ਪਹਿਲਾ*, ਜਦੋਂ ਇਸ ਰੈਗੂਲੇਸ਼ਨ ਦੀ ਪ੍ਰਸਤਾਵਨਾ ਵਿੱਚ ਦਰਜ ਕਾਰਣਾਂ ਦੇ ਆਧਾਰ 'ਤੇ ਗਵਰਨਰ ਜਨਰਲ-ਇਨ-ਕੌਂਸਲ ਨੂੰ ਜਾਪਦਾ ਹੋਵੇ ਕਿ ਇੱਕ ਵਿਅਕਤੀ ਨੂੰ ਕਿਸੇ ਲੰਮੇਰੀਆਂ ਜਾਂ ਨਿਆਂਇਕ ਜਾਂ ਅਦਾਲਤੀ ਕਾਰਵਾਈਆਂ ਤੋਂ ਬਗ਼ੈਰ

ਨਿਜੀ ਬੰਦਸ਼ਾਂ ਅਧੀਨ ਰੱਖਿਆ ਜਾਣਾ ਚਾਹੀਦਾ ਹੈ, ਤਾਂ ਗਵਰਨਰ ਜਨਰਲ-ਇਨ-ਕੌਂਸਲ ਦੇ ਅਧਿਕਾਰ ਅਧੀਨ 'ਪ੍ਰਤੀਬੱਧਤਾ ਦਾ ਇੱਕ ਵਾਰੰਟ' ਅਤੇ ਸਰਕਾਰ ਦੇ ਮੁੱਖ ਸਕੱਤਰਾਂ ਦੇ ਹੱਥੀਂ ਉਸ ਅਧਿਕਾਰੀ ਨੂੰ ਜਾਰੀ ਹੋਣਾ ਚਾਹੀਦਾ ਹੈ, ਜਿਸ ਦੀ ਹਿਰਾਸਤ ਵਿੱਚ ਅਜਿਹੇ ਵਿਅਕਤੀ ਨੂੰ ਰੱਖਿਆ ਜਾਣਾ ਹੈ।

*ਦੂਜਾ*, ਵਾਰੰਟ ਦੀ ਕਿਸਮ ਜਾਰੀ ਕੀਤੀ ਜਾਵੇਗੀ। ਪ੍ਰਤੀਬੱਧਤਾ ਦਾ ਵਾਰੰਟ ਨਿਮਨਲਿਖਤ ਸ਼ਕਲ ਵਿੱਚ ਹੋਵੇਗਾ:

''ਵੱਲ

(ਇੱਥੇ ਅਧਿਕਾਰੀ ਦਾ ਅਹੁਦਾ ਭਰੋ)

ਗਵਰਨਰ ਜਨਰਲ-ਇਨ ਕੌਂਸਲ ਨੂੰ ਚੰਗੇਰੇ ਅਤੇ ਵਾਜਬ ਕਾਰਣਾਂ ਕਰਕੇ ਇਹ ਫ਼ੈਸਲਾ ਲੈਣਾ ਠੀਕ ਸਮਝਿਆ ਹੈ ਕਿ (ਇੱਥੇ ਸਰਕਾਰੀ ਕੈਦੀ ਦਾ ਨਾਂਅ ਭਰੋ) ਨੂੰ (ਇੱਥੇ ਜਗ੍ਹਾ ਦਾ ਨਾਂਅ ਭਰੋ) ਵਿਖੇ ਨਿਜੀ ਬੰਦਸ਼ਾਂ ਅਧੀਨ ਰੱਖਿਆ ਜਾਵੇਗਾ, ਇਸ ਲਈ ਤੁਹਾਨੂੰ ਇਸ ਦੁਆਰਾ ਉਸ ਦ੍ਰਿੜ੍ਹ ਫ਼ੈਸਲੇ ਦੀ ਜ਼ਰੂਰਤ ਤੇ ਕਮਾਂਡ ਅਨੁਸਾਰ ਉਕਤ ਨਾਂਅ ਦੇ ਵਿਅਕਤੀ ਨੂੰ ਆਪਣੀ ਹਿਰਾਸਤ 'ਚ ਰੱਖਣਾ ਹੋਵੇਗਾ ਅਤੇ ਉਸ ਨਾਲ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮਾਂ ਅਤੇ 1811 ਦੇ ਰੈਗੂਲੇਸ਼ਨ III ਮੁਤਾਬਕ ਸਿੱਝਣਾ ਹੋਵੇਗਾ।''

ਫ਼ੋਰਟ ਵਿਲੀਅਮ।

ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮਾਂ ਦੁਆਰਾ,

(ਡੀ.ਸੀ. ਮੁੱਖ ਸਕੱਤਰ, ਸਰਕਾਰ)

*ਤੀਜਾ*, ਅਜਿਹਾ ਵਾਰੰਟ ਕਿਸੇ ਸਰਕਾਰੀ ਕੈਦੀ ਨੂੰ ਹਿਰਾਸਤ 'ਚ ਰੱਖਣ ਲਈ ਵਾਜਬ ਅਧਿਕਾਰਿਤ ਹੋਵੇਗਾ।

ਪ੍ਰਤੀਬੱਧਤਾ ਦਾ ਵਾਰੰਟ ਜੇਲ੍ਹ ਵਿੱਚ ਜਾਂ ਫ਼ੋਰਟ ਵਿਲੀਅਮ ਦੀ ਪ੍ਰਧਾਨਗੀ ਹੇਠਲੇ ਖੇਤਰਾਂ ਦੀ ਹਦੂਦ 'ਚ ਕਿਸੇ ਵੀ ਸਰਕਾਰੀ ਕੈਦੀ ਦਾ ਵਾਜਬ ਹੋਵੇਗਾ।

III. ਜਿਹੜੇ ਅਧਿਕਾਰੀਆਂ ਦੀ ਹਿਰਾਸਤ 'ਚ ਸਰਕਾਰੀ ਕੈਦੀਆਂ ਨੂੰ ਰੱਖਣਾ ਹੋਵੇਗਾ, ਉਨ੍ਹਾਂ ਨੂੰ ਨਿਸ਼ਚਿਤ ਸਮੇਂ 'ਚ ਸਰਕਾਰ ਨੂੰ ਰਿਪੋਰਟ ਦੇਣੀ ਹੋਵੇਗੀ।

ਹਰੇਕ ਉਸ ਅਧਿਕਾਰੀ ਨੂੰ, ਜਿਸ ਦੀ ਹਿਰਾਸਤ 'ਚ ਕਿਸੇ ਸਰਕਾਰੀ ਕੈਦੀ ਨੂੰ ਰੱਖਣਾ ਹੋਵੇ, ਤਾਂ ਉਸ ਨੂੰ ਹਰੇਕ ਸਾਲ ਪਹਿਲੀ ਜਨਵਰੀ ਤੇ ਪਹਿਲੀ ਜੁਲਾਈ ਨੂੰ ਸਿਆਸੀ ਵਿਭਾਗ ਵਿੱਚ ਸਰਕਾਰ ਦੇ ਸਕੱਤਰ ਰਾਹੀਂ ਗਵਰਨਰ ਜਨਰਲ-ਇਨ-ਕੌਂਸਲ ਕੋਲ ਅਜਿਹੇ ਸਰਕਾਰੀ ਕੈਦੀ ਦੇ ਆਚਾਰ-ਵਿਹਾਰ, ਉਸ ਦੀ ਸਿਹਤ ਤੇ ਸੁਵਿਧਾ ਬਾਰੇ ਇੱਕ ਰਿਪੋਰਟ ਭੇਜਣੀ ਹੋਵੇਗੀ ਕਿ ਤਾਂ ਜੋ ਗਵਰਨਰ ਜਨਰਲ-ਇਨ-ਕੌਂਸਲ ਇਹ ਫ਼ੈਸਲਾ ਲੈ ਸਕਣ ਕਿ ਕੀ ਉਸ ਦੀ ਹਿਰਾਸਤ ਨੂੰ ਜਾਰੀ ਰੱਖਣਾ ਹੈ ਜਾਂ ਉਸ ਵਿੱਚ ਕੋਈ ਸੋਧ ਕਰਨੀ ਹੈ।

IV. ਜ਼ਿਲ੍ਹਾ ਜਾਂ ਸ਼ਹਿਰੀ ਮੈਜਿਸਟ੍ਰੇਟ ਦੀ ਹਿਰਾਸਤ 'ਚ ਰੱਖੇ ਸਰਕਾਰੀ ਕੈਦੀਆਂ ਨੂੰ ਵੇਖਣ ਲਈ ਸੈਸ਼ਨਜ਼ ਸਰਕਟ ਦਾ ਜੱਜ ਜਾਵੇਗਾ।

*ਪਹਿਲਾ,* ਜਦੋਂ ਕੋਈ ਸਰਕਾਰੀ ਕੈਦੀ ਜ਼ਿਲ੍ਹਾ ਜਾਂ ਸ਼ਹਿਰੀ ਮੈਜਿਸਟ੍ਰੇਟ ਦੀ ਹਿਰਾਸਤ 'ਚ ਹੋਵੇ, ਤਾਂ ਸਰਕਟ ਦੇ ਜੱਜਾਂ ਨੂੰ ਨਿਯਮਤ ਤੌਰ ਤੇ ਸਰਕਾਰੀ ਕੈਦੀ ਨੂੰ ਵੇਖਣ ਲਈ ਜਾਣਾ ਹੋਵੇਗਾ ਅਤੇ ਉਨ੍ਹਾਂ ਨੇ ਉਸ ਸਰਕਾਰੀ ਕੈਦੀ ਨਾਲ ਹੋ ਰਹੇ ਵਿਵਹਾਰ ਬਾਰੇ ਕੋਈ ਹੁਕਮ ਜਾਰੀ ਕਰਨੇ ਹੋਣਗੇ ਜੇ ਉਹ ਅਜਿਹਾ ਕਰਨਾ ਉਚਿਤ ਸਮਝਣ, ਬਸ਼ਰਤੇ ਉਹ ਉਸ ਮੁੱਦੇ ਉੱਤੇ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮਾਂ ਦੇ ਉਲਟ ਨਾ ਹੋਣ।

*ਦੂਜਾ,* ਅਜਿਹਾ ਸਰਕਾਰੀ ਕੈਦੀ ਜੋ ਕਿਸੇ ਜ਼ਿਲ੍ਹਾ ਜਾਂ ਸ਼ਹਿਰੀ ਮੈਜਿਸਟ੍ਰੇਟ ਦੀ ਨਹੀਂ, ਸਗੋਂ ਪੁਲਿਸ ਅਧਿਕਾਰੀ ਦੀ ਹਿਰਾਸਤ 'ਚ ਹੋਵੇਗਾ, ਉਸ ਨੂੰ ਮਿਲਣ ਲਈ ਸਰਕਾਰ ਵੱਲੋਂ ਨਾਮਜ਼ਦ ਕੋਈ ਵਿਅਕਤੀ ਜਾਵੇਗਾ।

ਜਦੋਂ ਕਿਸੇ ਸਰਕਾਰੀ ਕੈਦੀ ਨੂੰ ਕਿਸੇ ਸਰਕਾਰੀ ਅਧਿਕਾਰੀ ਦੀ ਹਿਰਾਸਤ 'ਚ ਰੱਖਣਾ ਹੋਵੇ, ਜੋ ਜ਼ਿਲ੍ਹਾ ਜਾਂ ਸ਼ਹਿਰੀ ਮੈਜਿਸਟ੍ਰੇਟ ਨਾ ਹੋਵੇ, ਤਾਂ ਗਵਰਨਰ ਜਨਰਲ-ਇਨ-ਕੌਂਸਲ ਜ਼ਿਲ੍ਹਾ ਜਾਂ ਸ਼ਹਿਰੀ ਮੈਜਿਸਟ੍ਰੇਟ ਜਾਂ ਸਰਕਟ ਦੇ ਜੱਜ ਜਾਂ ਕਿਸੇ ਹੋਰ ਸਰਕਾਰੀ ਅਧਿਕਾਰੀ – ਉਹ ਵਿਅਕਤੀ ਨਹੀਂ ਹੋਵੇਗਾ ਜਿਸ ਦੀ ਹਿਰਾਸਤ ਵਿੱਚ ਕੈਦੀ ਨੂੰ ਰੱਖਿਆ ਜਾਣਾ ਹੈ, ਨੂੰ ਹਦਾਇਤ ਦੇਣਗੇ ਕਿ ਉਹ ਵਰਣਿਤ ਸਮਿਆਂ 'ਤੇ ਅਜਿਹੇ ਸਰਕਾਰੀ ਕੈਦੀ ਨੂੰ ਜਾ ਕੇ ਵੇਖੇ ਅਤੇ ਅਜਿਹੇ ਕੈਦੀ ਦੀ ਸਿਹਤ ਤੇ ਉਸ ਨਾਲ ਹੋ ਰਹੇ ਵਿਵਹਾਰ ਦੀ ਰਿਪੋਰਟ ਤਿਆਰ ਕਰ ਕੇ ਭੇਜੇ।

V. ਸਰਕਾਰੀ ਕੈਦੀਆਂ ਵੱਲੋਂ ਲਿਖੀ ਕਿਸੇ ਕਿਸਮ ਦੀ ਕੋਈ ਅਰਜ਼ੀ ਸਰਕਾਰ ਨੂੰ ਭੇਜਣੀ ਹੋਵੇਗੀ।

ਉਸ ਅਧਿਕਾਰੀ, ਜਿਸ ਦੀ ਹਿਰਾਸਤ ਵਿੱਚ ਕੋਈ ਸਰਕਾਰੀ ਕੈਦੀ ਹੋਵੇਗਾ, ਨੂੰ ਉਹ ਅਜਿਹੇ ਸਰਕਾਰੀ ਕੈਦੀ ਦੀ ਹਰ ਅਰਜ਼ੀ ਜਾਂ ਲਿਖਤ, ਲੋੜ ਪੈਣ 'ਤੇ ਅਜਿਹੀ ਟਿੱਪਣੀ ਨਾਲ ਭੇਜਣੀ ਹੋਵੇਗੀ, ਜਿਸ ਨੂੰ ਉਹ ਕੈਦੀ ਸਮੇਂ-ਸਮੇਂ 'ਤੇ ਗਵਰਨਰ ਜਨਰਲ-ਇਨ-ਕੌਂਸਲ ਨੂੰ ਭੇਜਣ ਦਾ ਇੱਛੁਕ ਹੋਵੇ।

VI. ਸਰਕਾਰੀ ਕੈਦੀਆਂ ਨੂੰ ਹਿਰਾਸਤ 'ਚ ਰੱਖਣ ਦੀ ਪ੍ਰਕਿਰਤੀ, ਉਨ੍ਹਾਂ ਦੀ ਸਿਹਤ ਤੇ ਉਨ੍ਹਾਂ ਨੂੰ ਜਾਰੀ ਭੱਤਿਆਂ ਬਾਰੇ ਮੁਢਲੀ ਰਿਪੋਰਟ ਸਰਕਾਰ ਨੂੰ ਭੇਜਣੀ ਹੋਵੇਗੀ।

ਹਰੇਕ ਉਸ ਅਧਿਕਾਰੀ, ਜਿਸ ਦੀ ਹਿਰਾਸਤ ਵਿੱਚ ਕਿਸੇ ਸਰਕਾਰੀ ਕੈਦੀ ਨੂੰ ਰੱਖਿਆ ਜਾ ਸਕਦਾ ਹੈ, ਨੂੰ ਅਜਿਹੇ ਕੈਦੀ ਨੂੰ ਆਪਣੀ ਹਿਰਾਸਤ 'ਚ ਲੈਣ ਤੋਂ ਬਾਅਦ ਗਵਰਨਰ ਜਨਰਲ-ਇਨ-ਕੌਂਸਲ ਨੂੰ ਰਿਪੋਰਟ ਭੇਜਣੀ ਹੋਵੇਗੀ ਕਿ ਉਸ ਨੂੰ ਹਿਰਾਸਤ 'ਚ ਰੱਖਣ ਦਾ ਦਰਜਾ ਅਜਿਹਾ ਤਾਂ ਨਹੀਂ ਕਿ ਜਿਸ ਨਾਲ ਉਸ ਦੀ ਸਿਹਤ ਨੂੰ ਕੋਈ ਨੁਕਸਾਨ ਹੋ ਸਕਦਾ ਹੋਵੇ ਅਤੇ ਕੀ ਉਸ ਕੈਦੀ ਮਦਦ ਲਈ ਤੈਅ ਕੀਤਾ ਭੱਤਾ ਉਸ ਦੀਆਂ ਆਪਣੀਆਂ, ਉਸ ਦੇ ਪਰਿਵਾਰ ਦੀਆਂ ਜ਼ਰੂਰਤਾਂ, ਉਨ੍ਹਾਂ ਦੇ ਜੀਵਨ-ਦਰਜੇ ਮੁਤਾਬਕ ਪੂਰੀਆਂ ਕਰਨ ਲਈ ਉਚਿਤ ਹਨ।

VII. ਇੱਕ ਸਰਕਾਰੀ ਕੈਦੀ ਮਦਦ ਲਈ ਤੈਅ ਕੀਤਾ ਭੱਤਾ ਉਸ ਉਦੇਸ਼ ਲਈ ਬਾਕਾਇਦਾ ਵਾਜਬ ਹੋਵੇਗਾ।

ਹਰੇਕ ਅਧਿਕਾਰੀ, ਜਿਸ ਦੀ ਹਿਰਾਸਤ ਵਿੱਚ ਕੋਈ ਸਰਕਾਰੀ ਕੈਦੀ ਰੱਖਿਆ

ਜਾ ਸਕਦਾ ਹੈ, ਅਜਿਹਾ ਫੈਸਲਾ ਲੈ ਸਕਦਾ ਹੈ ਕਿ ਅਜਿਹੇ ਸਰਕਾਰੀ ਕੈਦੀ ਦੀ ਮਦਦ ਲਈ ਤੈਅ ਕੀਤਾ ਭੱਤਾ ਬਾਕਾਇਦਾ ਉਸ ਉਦੇਸ਼ ਲਈ ਵਾਜਬ ਹੈ।

VIII. ਮੌਜੂਦਾ ਰੈਗੂਲੇਸ਼ਨ ਦੇ ਸੈਕਸ਼ਨਾਂ III ਤੋਂ IV ਤੱਕ ਵਿੱਚ ਦਰਜ ਵਿਵਸਥਾਵਾਂ; ਉਨ੍ਹਾਂ ਸਾਰੇ ਵਿਅਕਤੀਆਂ ਲਈ ਲਾਗੂ ਹੋਣਗੀਆਂ, ਜੋ ਹੁਣ ਸਰਕਾਰੀ ਕੈਦੀਆਂ ਵਜੋਂ ਹਿਰਾਸਤ 'ਚ ਹਨ।

ਇਸ ਰੈਗੂਲੇਸ਼ਨ ਦੇ ਸੈਕਸ਼ਨਾਂ III, IV, V, VI ਅਤੇ VII ਵਿੱਚ ਦਰਜ ਵਿਵਸਥਾਵਾਂ ਇਸ ਦੁਆਰਾ ਉਨ੍ਹਾਂ ਸਾਰੇ ਵਿਅਕਤੀਆਂ ਲਈ ਲਾਗੂ ਐਲਾਨੀਆਂ ਜਾਂਦੀਆਂ ਹਨ, ਜੋ ਹੁਣ ਸਰਕਾਰ ਦੇ ਅਧਿਕਾਰ ਅਧੀਨ ਫ਼ੋਰਟ ਵਿਲੀਅਮ ਦੀ ਪ੍ਰਧਾਨਗੀ ਅਧੀਨ ਆਉਂਦੇ ਖੇਤਰਾਂ ਦੀ ਹਦੂਦ ਅੰਦਰ ਸਰਕਾਰੀ ਕੈਦੀਆਂ ਵਜੋਂ ਹਿਰਾਸਤ 'ਚ ਹਨ।

IX. ਕਿਸੇ ਅਦਾਲਤੀ ਜੱਜ ਦੇ ਪਿਛਲੇ ਫ਼ੈਸਲੇ ਤੋਂ ਬਿਨਾਂ ਸਰਕਾਰ ਦੇ ਹੁਕਮਾਂ ਰਾਹੀਂ ਮਿਲਖਾਂ ਜਾਂ ਜ਼ਮੀਨਾਂ ਦੀ ਕੁਰਕੀ ਲਈ ਨਿਯਮ।

ਕਿਉਂਕਿ ਗਵਰਨਰ ਜਨਰਲ-ਇਨ-ਕੌਂਸਲ ਇਸ ਰੈਗੂਲੇਸ਼ਨ ਦੀ ਪ੍ਰਸਤਾਵਨਾ ਵਿੱਚ ਐਲਾਨੇ ਕਾਰਣਾਂ ਕਰਕੇ ਬਿਨਾਂ ਕਿਸੇ ਅਦਾਲਤ ਦੇ ਪਿਛਲੇ ਫ਼ੈਸਲੇ ਜਾਂ ਕਿਸੇ ਹੋਰ ਅਦਾਲਤੀ ਕਾਰਵਾਈ ਦੇ ਸਰਕਾਰ ਵੱਲੋਂ ਲਏ ਫ਼ੈਸਲੇ ਅਨੁਸਾਰ ਅਤੇ ਇਸ ਮਾਮਲੇ ਨਾਲ ਜੁੜੀ ਹੋਰ ਜ਼ਰੂਰੀ ਜਾਪਣ ਵਾਲੀ ਜਾਣਕਾਰੀ ਦੇ ਆਧਾਰ 'ਤੇ ਕਿਸੇ ਜ਼ਿਮੀਂਦਾਰ, ਜਗੀਰਦਾਰ, ਤਾਲੁਕਦਾਰ ਜਾਂ ਕਿਸੇ ਹੋਰ ਵਿਅਕਤੀ ਦੀ ਮਿਲਖ ਜਾਂ ਜ਼ਮੀਨਾਂ ਨੂੰ ਕੁਰਕ ਕਰਨ ਦਾ ਫ਼ੈਸਲਾ ਲੈਣਗੇ, ਇਹ ਫ਼ੈਸਲਾ ਜੋ ਸਰਕਾਰ ਦੇ ਇੱਕ ਸਕੱਤਰ ਦੇ ਹੱਥੋਂ ਜ਼ਿਲ੍ਹੇ ਦੇ ਜੱਜ ਤੇ ਮੈਜਿਸਟ੍ਰੇਟ ਨੂੰ ਸੂਚਿਤ ਕਰਨਾ ਹੋਵੇਗਾ, ਜਿਸ ਦੇ ਅਧਿਕਾਰ-ਖੇਤਰ ਅਧੀਨ ਜ਼ਮੀਨਾਂ ਜਾਂ ਮਿਲਖਾਂ ਸਥਿਤ ਹੋ ਸਕਦੀਆਂ ਹਨ, ਅਤੇ ਸੂਬਾਈ ਅਪੀਲ ਕੋਰਟ ਤੇ ਸਰਕਾਰ ਤੇ ਸਦਰ ਦੀਵਾਨੀ ਅਦਾਲਤ ਤੇ ਨਿਜ਼ਾਮਤ ਅਦਾਲਤ ਨੂੰ ਇਸ ਬਾਰੇ ਦੱਸਣਾ ਹੋਵੇਗਾ।

X. ਕੁਰਕ ਕੀਤੀਆਂ ਜ਼ਮੀਨਾਂ ਜਾਂ ਮਿਲਖਾਂ ਨੂੰ ਮਾਲ ਵਿਭਾਗ ਵਿੱਚ ਸਰਕਾਰੀ ਅਧਿਕਾਰੀਆਂ ਦੇ ਪ੍ਰਬੰਧ ਅਧੀਨ ਰੱਖਣਾ ਹੋਵੇਗਾ।

*ਪਹਿਲਾ*, ਜਿਹੜੀਆਂ ਜ਼ਮੀਨਾਂ ਜਾਂ ਮਿਲਖਾਂ ਅਸਥਾਈ ਤੌਰ 'ਤੇ ਕੁਰਕ ਕੀਤੀਆਂ ਜਾ ਸਕਦੀਆਂ ਹਨ, ਉਨ੍ਹਾਂ ਨੂੰ ਮਾਲ ਵਿਭਾਗ ਦੇ ਸਰਕਾਰੀ ਅਧਿਕਾਰੀਆਂ ਦੇ ਪ੍ਰਬੰਧ ਅਧੀਨ ਰੱਖਣਾ ਹੋਵੇਗਾ ਅਤੇ ਉਨ੍ਹਾਂ ਦਾ ਇਕੱਤਰੀਕਰਣ ਤੇ ਉਨ੍ਹਾਂ ਬਾਰੇ ਫ਼ੈਸਲਾ ਉਨ੍ਹਾਂ ਹੀ ਸਿਧਾਂਤਾਂ ਦੇ ਆਧਾਰ 'ਤੇ ਕਰਨਾ ਹੋਵੇਗਾ, ਜਿਨ੍ਹਾਂ ਦੇ ਆਧਾਰ 'ਤੇ ਹੋਰਨਾਂ ਮਿਲਖਾਂ ਦਾ ਫ਼ੈਸਲਾ *ਖ਼ਾਸ* ਪ੍ਰਬੰਧ ਅਧੀਨ ਕੀਤਾ ਜਾਂਦਾ ਹੈ।

*ਦੂਜਾ*, ਕੁਰਕੀ ਅਧੀਨ ਜ਼ਮੀਨਾਂ ਨੂੰ ਕਿਸੇ ਦੀਵਾਨੀ ਅਦਾਲਤ ਦੇ ਫ਼ੈਸਲਿਆਂ ਜਾਂ ਕਿਸੇ ਵੀ ਹੋਰ ਤਰ੍ਹਾਂ ਵੇਚਿਆ ਨਹੀਂ ਜਾਵੇਗਾ।

ਮਿਲਖਾਂ ਦੀਆਂ ਅਜਿਹੀਆਂ ਜਾਇਦਾਦਾਂ, ਉਨ੍ਹਾਂ ਨੂੰ ਕੁਰਕ ਰੱਖੇ ਜਾਣ ਦੇ ਕਾਲ ਦੌਰਾਨ ਦੀਵਾਨੀ ਅਦਾਲਤਾਂ ਦੇ ਫ਼ੈਸਲਿਆਂ ਦੇ ਆਧਾਰ 'ਤੇ ਜਾਂ ਜੁਰਮਾਨਾ ਅਦਾ

ਕਰਨ ਲਈ ਜਾਂ ਕਿਸੇ ਹੋਰ ਤਰੀਕੇ ਵੇਚੀਆਂ ਨਹੀਂ ਜਾ ਸਕਣਗੀਆਂ।

*ਤੀਜਾ*, ਸਰਕਾਰ ਅਜਿਹੇ ਮਾਮਲਿਆਂ ਵਿੱਚ ਦੀਵਾਨੀ ਅਦਾਲਤਾਂ ਦੇ ਫ਼ੈਸਲਿਆਂ ਦੀ ਸੰਤੁਸ਼ਟੀ ਲਈ ਅਜਿਹੇ ਇੰਤਜ਼ਾਮ ਕਰੇਗੀ ਜੋ ਵਾਜਬ ਹੋ ਸਕਦੇ ਹਨ।

ਪਿਛਲੀ ਧਾਰਾ ਵਿੱਚ ਦਰਜ ਮਾਮਲਿਆਂ ਲਈ, ਦੀਵਾਨੀ ਅਦਾਲਤਾਂ ਦੇ ਫ਼ੈਸਲਿਆਂ ਦੀ ਸੰਤੁਸ਼ਟੀ ਹਿਤ ਸਰਕਾਰ ਅਜਿਹਾ ਕੋਈ ਇੰਤਜ਼ਾਮ ਕਰੇਗੀ, ਜੋ ਨਿਆਂਪੂਰਨ ਤੇ ਉਚਿਤ ਹੋਵੇਗਾ।

XI. ਉਨ੍ਹਾਂ ਮਾਮਲਿਆਂ ’ਚ ਨਿਯਮਾਂ ਦੀ ਪਾਲਣਾ ਹੋਵੇਗੀ, ਜਿੱਥੇ ਸਰਕਾਰ ਕਿਸੇ ਮਿਲਖ ਨੂੰ ਕੁਰਕੀ ਤੋਂ ਬਰੀ ਕਰਨ ਦਾ ਹੁਕਮ ਜਾਰੀ ਕਰ ਦੇਵੇ।

ਜਦੋਂ ਕਦੇ ਗਵਰਨਰ ਜਨਰਲ-ਇਨ-ਕੌਂਸਲ ਅਜਿਹਾ ਵਿਚਾਰ ਹੋਵੇ ਕਿ ਜਿਹੜੇ ਹਾਲਾਤ ’ਚ ਅਜਿਹੀ ਸੰਪਤੀ ਦੀ ਕੁਰਕੀ ਜ਼ਰੂਰੀ ਸਮਝੀ ਗਈ ਸੀ, ਉਹ ਹੁਣ ਖ਼ਤਮ ਹੋ ਚੁੱਕੇ ਹਨ ਅਤੇ ਮਿਲਖ ਦਾ ਪ੍ਰਬੰਧ, ਜਨਤਾ ਨੂੰ ਕੋਈ ਨੁਕਸਾਨ ਜਾਂ ਅਸੁਵਿਧਾ ਪੁੱਜੇ ਬਗ਼ੈਰ ਮਾਲਕ ਦੇ ਹੱਥਾਂ ’ਚ ਦਿੱਤਾ ਜਾ ਸਕਦਾ ਹੈ, ਤਾਂ ਮਾਲ ਅਧਿਕਾਰੀਆਂ ਨੂੰ ਕੁਲੈਕਸ਼ਨਾਂ ਦੇ ਖਾਤੇ ਐਡਜਸਟ ਕਰਨ ਲਈ ਉਸ ਕਾਲ ਦੌਰਾਨ ਅਜਿਹੀ ਮਿਲਖ ਨੂੰ ਕੁਰਕੀ ਤੋਂ ਬਰੀ ਕਰਨ ਦੀ ਹਦਾਇਤ ਜਾਰੀ ਕੀਤੀ ਜਾਵੇਗੀ, ਜਦੋਂ ਉਸ ਦੀ ਨਿਗਰਾਨੀ ਸਰਕਾਰੀ ਅਧਿਕਾਰੀਆਂ ਵੱਲੋਂ ਕੀਤੀ ਜਾਣੀ ਹੋਵੇ ਅਤੇ ਕੁਰਕੀ ਦੀ ਮਿਆਦ ਦੌਰਾਨ ਉਸ ਮਿਲਖ ਤੋਂ ਹੋਣ ਵਾਲੇ ਇਕੱਠੇ ਹੋਣ ਵਾਲੇ ਮੁਨਾਫ਼ੇ ਮਾਲਕ ਨੂੰ ਅਦਾ ਕਰਨੇ ਹੋਣਗੇ।

## 119

*ਤਾਰ ਮਿਤੀ 22 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

*ਵੱਲ*

ਗ੍ਰਹਿ ਸਕੱਤਰ, ਕਲਕੱਤਾ।

ਕੱਲ੍ਹ ਇੱਕ ਰਿਪੋਰਟ ਪ੍ਰਾਪਤ ਹੋਈ ਸੀ ਕਿ ਲੁਧਿਆਣਾ ਤੋਂ ਫ਼ਿਰੋਜ਼ਪੁਰ ਵਿਚਾਲੇ ਟੈਲੀਗ੍ਰਾਫ਼ ਦੀ ਇੱਕ ਤਾਰ ਕੱਟੀ ਗਈ ਸੀ ਅਤੇ ਫ਼ਿਰੋਜ਼ਪੁਰ ’ਚ ਉਸ ਸਥਾਨ ’ਤੇ ਕੂਕੇ ਮਾਰਚ ਕਰ ਰਹੇ ਸਨ। ਇਸ ਰਿਪੋਰਟ ’ਚ ਕੋਈ ਸੱਚਾਈ ਨਹੀਂ ਹੈ।

## 120

*ਵੱਲੋਂ*

ਟੀ.ਡੀ. ਫ਼ਾਰਸਿਥ, ਐਸਕ., ਸੀ.ਬੀ.,
ਕਮਿਸ਼ਨਰ, ਅੰਬਾਲਾ ਡਿਵੀਜ਼ਨ।

ਵੱਲ

ਸਕੱਤਰ, ਪੰਜਾਬ ਸਰਕਾਰ।

*ਨੰ. 27, ਮਿਤੀ 22 ਜਨਵਰੀ, 1872*

ਮੈਨੂੰ ਤੁਹਾਡੇ ਇਸੇ ਮਹੀਨੇ ਦੀ 18 ਤਰੀਕ ਨੂੰ ਲਿਖੇ ਪੱਤਰ ਨੰ. 22ਸੀ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਤੋਂ ਮੰਗਿਆ ਗਿਆ ਸਪੱਸ਼ਟੀਕਰਣ (ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦਾ ਪੱਤਰ ਮਿਤੀ 21 ਜਨਵਰੀ) ਭੇਜਣ ਦਾ ਮਾਣ ਹਾਸਲ ਹੋਇਆ ਹੈ।

2. ਮੈਂ ਉਨ੍ਹਾਂ ਹਦਾਇਤਾਂ ਦੀਆਂ ਕਾਪੀਆਂ ਵੀ ਭੇਜਦਾ ਹਾਂ, ਜੋ ਮੈਂ ਸ੍ਰੀ ਕਾਵਨ ਨੂੰ ਭੇਜੀਆਂ ਸਨ ਅਤੇ ਆਪ ਜੀ ਨੂੰ ਮੇਰੀ ਤਾਰ ਦੇ ਹਵਾਲੇ ਨਾਲ, ਇਸ ਦੁਆਰਾ ਕਾਪੀ (ਲੁਧਿਆਣਾ ਦੇ ਕਮਿਸ਼ਨਰ ਵੱਲੋਂ ਸਕੱਤਰ ਨੂੰ ਭੇਜੀ ਤਾਰ ਮਿਤੀ 17 ਜਨਵਰੀ ਨੂੰ ਰਾਤੀਂ 12:20 ਵਜੇ ਦੀ) ਅਤੇ ਮੇਰੇ ਵੱਲੋਂ ਇਸੇ ਮਹੀਨੇ ਦੀ 18 ਤਰੀਕ ਨੂੰ ਸ੍ਰੀ ਕਾਵਨ ਨੂੰ ਲਿਖੀ ਅਧਿਕਾਰਤ ਚਿੱਠੀ ਦੀ ਕਾਪੀ ਭੇਜੀ ਜਾਂਦੀ ਹੈ, ਜਿਸ ਦੀ ਕਾਪੀ ਮੈਂ ਤੁਹਾਨੂੰ ਕੁਝ ਦਿਨ ਪਹਿਲਾਂ ਭੇਜੀ ਸੀ।

3. ਸ੍ਰੀ ਕਾਵਨ ਦੀਆਂ ਕਾਰਵਾਈਆਂ 'ਤੇ ਵਿਚਾਰ ਕਰਦਿਆਂ ਇਹ ਜ਼ਰੂਰੀ ਹੈ ਕਿ ਬ੍ਰਿਟਿਸ਼ ਖੇਤਰ ਤੇ ਹੋਰ ਸਥਾਨਕ ਰਿਆਸਤਾਂ 'ਚ ਵਾਪਰੀਆਂ ਘਟਨਾਵਾਂ ਵਿਚਾਲੇ ਨਿਖੇੜ ਕਰ ਲਿਆ ਜਾਵੇ, ਜਿੱਥੇ ਸਾਡੀ ਸਜ਼ਾ ਤੇ ਕਾਰਜ-ਵਿਧੀ ਦੇ ਜ਼ਾਬਤੇ ਲਾਗੂ ਨਹੀਂ ਹੁੰਦੇ।

4. ਸਥਾਨਕ ਰਿਆਸਤਾਂ, ਜਿਵੇਂ ਕੋਟਲਾ 'ਚ ਕਾਰਜ-ਵਿਧੀ, ਉਸ ਰਿਆਸਤ ਦੇ ਨਵਾਬ ਲਈ ਕੀਤੀ ਗਈ ਸੀ, ਜਿਸ 'ਚ ਗਵਾਹਾਂ ਦੀਆਂ ਗਵਾਹੀਆਂ, ਮੁਲਜ਼ਮਾਂ ਦੇ ਬਚਾਅ ਪੱਖ ਆਦਿ ਲੈ ਕੇ ਕਤਲ ਦਾ ਕੇਸ ਤਿਆਰ ਕਰਨਾ ਸੀ, ਫਿਰ ਸਜ਼ਾ ਸੁਣਾਉਣੀ ਸੀ ਤੇ ਫਿਰ ਪ੍ਰਵਾਨਗੀ ਲਈ ਡਿਵੀਜ਼ਨ ਦੇ ਕਮਿਸ਼ਨਰ ਨੂੰ ਭੇਜਣਾ ਸੀ।

5. ਜਿਵੇਂ ਕਿ ਆਪ ਮਾਣਯੋਗ ਨੂੰ ਜਾਣਕਾਰੀ ਹੈ, ਮੈਂ ਅਰੰਭ ਤੋਂ ਹੀ ਨਿਯਮਤ ਕਾਰਜ-ਵਿਧੀ ਤੋਂ ਲਾਂਭੇ ਜਾਣ ਦੀ ਨਿਖੇਧੀ ਕਰਦਾ ਰਿਹਾ ਹਾਂ ਅਤੇ ਇਸ ਸਬੰਧੀ ਸ੍ਰੀ ਕਾਵਨ ਨੂੰ ਤੁਰੰਤ ਹਦਾਇਤਾਂ ਭੇਜੀਆਂ ਸਨ। ਪਰ ਉਹ ਹਦਾਇਤਾਂ ਮੰਦੇਭਾਗੀਂ ਉਦੋਂ ਤੱਕ ਨਹੀਂ ਪੁੱਜ ਸਕੀਆਂ ਸਨ, ਜਦੋਂ ਤੱਕ ਕਿ ਉਨ੍ਹਾਂ ਨੇ 50 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਸੀ।

6. ਮੈਨੂੰ ਸ੍ਰੀ ਕਾਵਨ ਵੱਲੋਂ ਕਾਹਲ਼ੀ 'ਚ ਕੀਤੀ ਕਾਰਵਾਈ ਦਾ ਡਾਢਾ ਅਫ਼ਸੋਸ ਹੈ। ਇਸ ਲਈ ਉਨ੍ਹਾਂ ਜੋ ਆਪਣਾ ਕਾਰਣ ਦੱਸਿਆ, ਉਹ ਇਹ ਹੈ ਕਿ ਉਨ੍ਹਾਂ ਮੁਢਲੇ ਦੌਰ ਦੀ ਇਸ ਬਗ਼ਾਵਤ ਨੂੰ ਤੁਰੰਤ ਸਖ਼ਤ ਤੇ ਦਹਿਸ਼ਤਜ਼ਦਾ ਸਜ਼ਾ ਨਾਲ ਖ਼ਤਮ ਕਰਨ ਦੀ ਜ਼ਰੂਰਤ ਸਮਝੀ ਸੀ। ਮੈਨੂੰ ਲੱਗਦਾ ਹੈ ਕਿ ਇਸ ਸਬੰਧੀ ਉਨ੍ਹਾਂ ਦੀ ਤੁਰਤ-ਫੁਰਤ ਅਤੇ ਜੋਸ਼ੀਲੀ ਕਾਰਵਾਈ 'ਤੇ ਕੋਈ ਸ਼ੱਕ ਨਹੀਂ ਹੈ।

7. 100 ਵਿਅਕਤੀਆਂ ਦੀ ਇੱਕ ਟੋਲੀ, ਜਿਸ ਦੇ ਮੈਂਬਰਾਂ ਨੇ ਆਪਣੇ ਆਗੂ ਦੀ ਯੋਜਨਾ ਨੂੰ ਨੇਪਰੇ ਚਾੜ੍ਹਨ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਦਾ ਸੰਕਲਪ ਲੈ ਲਿਆ ਸੀ, ਉਹ ਆਪਣੇ ਗੁਰੂ ਦੇ ਪਿੰਡ ਤੋਂ ਰੱਖਿਆਹੀਣ ਰਿਆਸਤ ਮਲੇਰ ਕੋਟਲਾ

'ਤੇ ਹਮਲਾ ਕਰ ਕੇ ਉਸ ਦੇ ਹਥਿਆਰ ਤੇ ਖ਼ਜ਼ਾਨੇ 'ਤੇ ਕਬਜ਼ਾ ਕਰਨ ਦੀ ਮਨਸ਼ਾ ਨਾਲ ਰਵਾਨਾ ਹੋਏ ਸਨ, ਉਹ ਸਾਰਾ ਮਾਲ-ਅਸਬਾਬ ਸੰਪਰਦਾਇ ਦੇ ਬਾਕੀ ਮੈਂਬਰਾਂ 'ਚ ਵੰਡਿਆ ਜਾਣਾ ਸੀ, ਜਿਨ੍ਹਾਂ ਚੁਪਾਸਿਓਂ ਕੋਟਲਾ ਨੂੰ ਘੇਰਾ ਪਾ ਲੈਣਾ ਸੀ।

8. ਜਿਵੇਂ ਹੀ ਮਲੌਦ ਕੋਲੋਂ ਲੰਘਣ ਲੱਗੇ, ਉਨ੍ਹਾਂ ਦੇ ਮਨ 'ਚ ਅਚਾਨਕ ਫੁਰਨਾ ਫੁਰਿਆ ਕਿ ਉਹ ਇਸੇ ਜਗ੍ਹਾ 'ਤੇ ਕਿਉਂ ਨਾ ਹਮਲਾ ਕਰ ਦੇਣ। ਜੇ ਕਿਤੇ ਉਹ ਸਾਰੇ ਮਲੌਦ 'ਚ ਫੜੇ ਜਾਂਦੇ, ਤਾਂ ਉਨ੍ਹਾਂ ਨੂੰ ਭਾਰਤੀ ਸਜ਼ਾ ਜ਼ਾਬਤੇ ਦੇ ਸੈਕਸ਼ਨ 396 ਅਧੀਨ (ਕਤਲ ਨਾਲ ਡਕੈਤੀ) ਮੌਤ ਦੀ ਸਜ਼ਾ ਸੁਣਾਈ ਜਾਣੀ ਸੀ ਪਰ ਸ਼ਾਇਦ ਇਹ ਸੋਚਿਆ ਗਿਆ ਹੋਵੇਗਾ ਕਿ ਉਹ ਸਾਰੇ ਇੱਕਸਮਾਨ ਦੋਸ਼ੀ ਨਹੀਂ ਸਨ; ਕਿਉਂਕਿ ਸਭਨਾਂ ਨੇ ਆਪਣੀ ਉਸ ਮੁਹਿੰਮ ਨੂੰ ਉਸ ਤਰੀਕੇ ਨਾਲ ਨਹੀਂ ਲਿਆ ਹੋਵੇਗਾ, ਜਦੋਂ ਉਹ ਸ਼ਾਮਲ ਹੋਏ ਹੋਣਗੇ। ਇਸ ਤੋਂ ਇਲਾਵਾ ਬ੍ਰਿਟਿਸ਼ ਸਰਕਾਰ ਇੰਨੀ ਕੁ ਮਜ਼ਬੂਤ ਤਾਂ ਹੈ ਕਿ ਕਿਸੇ ਤਰ੍ਹਾਂ ਦੀ ਵੱਡੀ ਗੜਬੜੀ ਨੂੰ ਰੋਕਣ ਤੇ ਕਾਨੂੰਨੀ ਵਿਵਸਥਾ ਨੂੰ ਕਾਇਮ ਰੱਖਣ ਲਈ ਉਹ ਬਿਨਾਂ ਕਾਨੂੰਨੀ ਕਾਰਵਾਈ ਦੇ ਵੀ ਵੱਡੇ ਪੱਧਰ 'ਤੇ ਮੌਤ ਦੀਆਂ ਸਜ਼ਾਵਾਂ ਦੇ ਸਕਦੀ ਹੈ।

9. ਉਂਞ ਤਦ ਇਹ ਮਾਮਲਾ ਬਿਲਕੁਲ ਵੱਖਰਾ ਹੋ ਗਿਆ ਸੀ, ਜਦੋਂ ਇਹੋ ਟੋਲੀ ਕੋਟਲਾ 'ਚੋਂ ਲੰਘ ਗਈ ਸੀ। ਜਦੋਂ ਇਨ੍ਹਾਂ ਨੂੰ ਲੱਭਿਆ ਜਾ ਰਿਹਾ ਸੀ, ਤਾਂ ਇਨ੍ਹਾਂ 'ਚੋਂ ਇੱਕ ਵੀ ਵਿਅਕਤੀ ਅਗਿਆਨੀ ਹੋਣ ਦੀ ਦਲੀਲ ਪੇਸ਼ ਨਹੀਂ ਕਰ ਸਕਦਾ ਸੀ। ਉਨ੍ਹਾਂ ਨੂੰ ਪਤਾ ਸੀ ਕਿ ਇਸ ਸਮੁੱਚੇ ਗਿਰੋਹ ਦੇ ਸਿਰ 'ਤੇ ਖ਼ੂਨ ਸਵਾਰ ਸੀ ਅਤੇ ਉਨ੍ਹਾਂ ਨੇ ਸ਼ਾਇਦ ਹਾਲੇ ਹੋਰ ਖ਼ੂਨ ਵਹਾਉਣਾ ਸੀ। ਇਸ ਹਾਲਤ ਵਿੱਚ ਉਨ੍ਹਾਂ ਲਈ ਸਰਕਾਰ ਵੱਲੋਂ ਕਿਸੇ ਤਰ੍ਹਾਂ ਦੇ ਰਹਿਮ ਦੀ ਆਸ ਨਹੀਂ ਕੀਤੀ ਜਾ ਸਕਦੀ ਸੀ ਕਿਉਂਕਿ ਉਸ 'ਤੇ ਤਾਂ ਹਮਲਾ ਹੋ ਹੀ ਰਿਹਾ ਸੀ। ਨਾ ਹੀ ਮਲੇਰਕੋਟਲਾ ਰਿਆਸਤ ਕਮਜ਼ੋਰ ਹੋਣ ਦਾ ਕੋਈ ਸੰਕੇਤ ਦਰਸਾ ਸਕਦੀ ਸੀ। ਉਨ੍ਹਾਂ 'ਤੇ ਅਚਾਨਕ ਹਮਲਾ ਹੋਇਆ ਸੀ, ਜੇ ਹਮਲਾਵਰਾਂ ਨੂੰ ਸਖ਼ਤ ਸਜ਼ਾ ਨਾ ਦਿੱਤੀ ਜਾਂਦੀ, ਤਾਂ ਉਨ੍ਹਾਂ 'ਤੇ ਦੋਬਾਰਾ ਵੀ ਹਮਲਾ ਹੋ ਸਕਦਾ ਸੀ। ਕੂਕਿਆਂ ਦੀ ਵੱਡੀ ਟੋਲੀ ਵੱਲੋਂ ਦੂਜੇ ਹਮਲੇ ਦੇ ਖ਼ਦਸ਼ੇ ਕਾਰਣ ਹੀ ਨਾਜ਼ਿਮ ਰੜ੍ਹ ਤੋਂ ਅਚਾਨਕ ਕੋਟਲਾ ਪੁੱਜ ਗਿਆ ਸੀ, ਜਦੋਂ ਕਿ ਉਸ ਨੇ ਇਸ ਗਿਰੋਹ ਦਾ ਪਿੱਛਾ ਵੀ ਕੀਤਾ ਸੀ।

10. ਮੈਨੂੰ ਤਦ ਇਹੋ ਸਹੀ ਜਾਪਿਆ ਸੀ ਕਿ ਇੱਕ ਸਖ਼ਤ ਤੇ ਤੁਰੰਤ ਮਿਸਾਲ ਕਾਇਮ ਕੀਤੀ ਜਾਣੀ ਚਾਹੀਦੀ ਹੈ ਅਤੇ ਮੈਂ ਉਨ੍ਹਾਂ ਸਭਨਾਂ ਲਈ ਮੌਤ ਦੀ ਸਜ਼ਾ ਦੀ ਪੁਸ਼ਟੀ ਕਰਨ ਲਈ ਤਿਆਰ ਸਾਂ, ਜਿਹੜੇ ਅਸਲ 'ਚ ਕੋਟਲਾ 'ਤੇ ਹਮਲੇ ਵਿੱਚ ਸ਼ਾਮਲ ਸਨ ਤੇ ਜਿਹੜੇ ਸੁਣਵਾਈ ਦੌਰਾਨ ਦੋਸ਼ੀ ਸਿੱਧ ਹੋਏ ਸਨ। ਮੈਨੂੰ ਨਿਸ਼ਚਿਤ ਤੌਰ 'ਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਤੋਂ ਛੋਟ ਦੇਣੀ ਚਾਹੀਦੀ ਸੀ, ਜਿਹੜੇ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਸਨ ਅਤੇ ਉਨ੍ਹਾਂ ਦੀ ਗਿਣਤੀ ਲਗਭਗ ਵੀਹ ਸੀ ਪਰ ਬਾਕੀ ਸਾਰਿਆਂ ਨੂੰ ਮੈਨੂੰ ਮੌਤ ਦੀ ਸਜ਼ਾ ਹੀ ਦੇਣੀ ਚਾਹੀਦੀ ਸੀ ਅਤੇ ਨਿਆਂਪੂਰਨ ਸੁਣਵਾਈ ਤੋਂ ਬਾਅਦ ਅਸਲ 'ਚ 16 ਵਿਅਕਤੀਆਂ ਨੂੰ ਸਜ਼ਾ ਦਿੱਤੀ ਗਈ ਸੀ।

11. ਸ੍ਰੀ ਕਾਵਨ ਦੀ ਕਾਰਵਾਈ ਨੇ ਮੈਨੂੰ ਨਮੋਸ਼ੀ ਵਾਲੀ ਹਾਲਤ 'ਚ ਲਿਆ ਖੜ੍ਹਾ

ਕੀਤਾ ਸੀ। ਜਦੋਂ ਮੈਨੂੰ ਪਹਿਲੀ ਵਾਰ ਉਨ੍ਹਾਂ ਦੀ ਰਿਪੋਰਟ ਮਿਲੀ, ਤਾਂ ਮੇਰੇ 'ਤੇ ਅਜਿਹਾ ਕੁਝ ਪ੍ਰਭਾਵ ਸੀ ਕਿ ਉਨ੍ਹਾਂ ਅਜਿਹੀਆਂ ਕਾਰਵਾਈਆਂ ਉਸ ਸਥਾਨਕ ਰਿਆਸਤ ਦੀ ਰਵਾਇਤ ਅਨੁਸਾਰ ਕੀਤੀਆਂ ਹਨ ਅਤੇ ਉਨ੍ਹਾਂ ਸਿਰਫ਼ ਪ੍ਰਵਾਨਗੀ ਦੇਣ ਦੀ ਮੇਰੀ ਤਾਕਤ ਖੋਹ ਲਈ ਸੀ। ਮੈਨੂੰ ਇਹ ਘਿਨਾਉਣਾ ਜਿਹਾ ਕਾਰਜ ਜਾਪਦਾ ਹੈ ਕਿ ਇੱਕ ਅਜਿਹੇ ਅਧਿਕਾਰੀਆਂ ਵਲੋਂ ਹੱਦੋਂ ਵੱਧ ਉਤਸ਼ਾਹੀ ਕਾਰਵਾਈਆਂ ਨੂੰ ਅਚਾਨਕ ਨਕਾਰ ਦੇਵਾਂ, ਜਿਸ ਨੂੰ ਹਾਲੇ ਲੈਫ਼ਟੀਨੈਂਟ ਗਵਰਨਰ ਨੇ ਬੀਤੇ ਦਿਨੀਂ ਉਨ੍ਹਾਂ ਦੀ ਊਰਜਾ ਤੇ ਉਤਸ਼ਾਹ ਦੀ ਸ਼ਲਾਘਾ ਕਰਨ ਵਾਲੀ ਇੱਕ ਤਾਰ ਭੇਜੀ ਸੀ ਅਤੇ ਨਾਲ ਹੀ ਉਸ ਉਤਸ਼ਾਹ ਨੂੰ ਨਰਮ ਕਰਨ ਲਈ ਮੇਰੇ ਉਸ ਸੁਝਾਅ ਦਾ ਹਵਾਲਾ ਵੀ ਦਿੱਤਾ ਸੀ।

12. ਇਸੇ ਲਈ ਮੈਂ ਦ੍ਰਿੜ੍ਹ ਇਰਾਦੇ ਨਾਲ ਇਹ ਪੁਸ਼ਟੀ ਕਰਦਾ ਹਾਂ ਕਿ ਸ੍ਰੀ ਕਾਵਨ ਦੀਆਂ ਕਾਰਵਾਈਆਂ ਨੇ ਹੁਣ ਤੱਕ ਕਮਿਸ਼ਨਰ ਦੀ ਅਥਾਰਟੀ ਖੋਹ ਲਈ ਸੀ। ਸੁਣਵਾਈ ਦਾ ਕਿਉਂਕਿ ਕੋਈ ਰਿਕਾਰਡ ਨਹੀਂ ਹੈ, ਨਾ ਹੀ ਉਨ੍ਹਾਂ ਰੱਖਿਆ ਹੈ, ਇਸੇ ਲਈ ਮੇਰੇ ਕੋਲ ਸ੍ਰੀ ਕਾਵਨ ਦੇ ਭਰੋਸਿਆਂ ਨੂੰ ਪ੍ਰਵਾਨ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ ਅਤੇ ਜੇ ਅਜਿਹਾ ਸੀ ਤਾਂ ਉਹ ਸਾਰੇ ਹੀ ਇੱਕਸਮਾਨ ਮੌਤ ਦੀ ਸਜ਼ਾ ਦੇ ਹੱਕਦਾਰ ਸਨ, ਭਾਵੇਂ ਉਹ ਸਾਰੇ ਜਿਹੜੇ ਗੰਭੀਰ ਰੂਪ ਵਿੱਚ ਜ਼ਖ਼ਮੀ ਸਨ, ਉਨ੍ਹਾਂ ਲਈ ਮੌਤ ਦੀ ਸਜ਼ਾ ਰੋਕ ਦੇਣੀ ਚਾਹੀਦੀ ਸੀ।

13. ਜੇ ਕਿਤੇ ਮੈਂ ਸ੍ਰੀ ਕਾਵਨ ਦੀ ਕਾਰਵਾਈ ਨੂੰ ਤੁਰੰਤ ਨਕਾਰ ਦਿੱਤਾ ਹੁੰਦਾ ਅਤੇ ਬਾਕਾਇਦਾ ਅਦਾਲਤੀ ਕਾਰਵਾਈ ਮੈਨੂੰ ਮਿਲਣ ਪਿੱਛੋਂ ਉਨ੍ਹਾਂ ਮੁਲਜ਼ਮਾਂ ਦੀ ਸਜ਼ਾ ਨੂੰ ਥੋੜ੍ਹਾ ਘਟਾ ਦਿੱਤਾ ਹੁੰਦਾ, ਜਿਨ੍ਹਾਂ ਦੀ ਬਾਅਦ 'ਚ ਨਿਯਮਤ ਤਰੀਕੇ ਨਾਲ ਸੁਣਵਾਈ ਹੋਈ ਹੈ ਤੇ ਫਿਰ ਉਨ੍ਹਾਂ ਨੂੰ ਪੂਰੀ ਨਿਰਧਾਰਤ ਕਾਰਵਾਈ ਤੋਂ ਬਾਅਦ ਦੋਸ਼ੀ ਕਰਾਰ ਦਿੱਤਾ ਗਿਆ ਹੈ, ਤਾਂ ਫਿਰ ਜਿਹੜੇ ਕੂਕੇ ਬਾਅਦ 'ਚ ਕੋਟਲਾ ਵੱਲ ਵਹੀਰਾਂ ਘੱਤ ਰਹੇ ਸਨ, ਉਨ੍ਹਾਂ ਨੇ ਪਹਿਲਾਂ ਹਮਲਾ ਕਰਨ ਵਾਲੇ ਆਪਣੇ ਦਲ ਨਾਲ ਮਿਲ ਜਾਣਾ ਸੀ; ਉਸ ਵੇਲੇ ਮੈਂ ਜੇ ਕਿਤੇ ਕੋਈ ਨਰਮੀ ਵਿਖਾ ਦਿੰਦਾ, ਤਾਂ ਉਹ ਮੇਰੀ ਗ਼ਲਤੀ ਹੋਣੀ ਸੀ ਤੇ ਉਸ ਨੂੰ ਸਾਡੀ ਕਮਜ਼ੋਰੀ ਸਮਝ ਲਿਆ ਜਾਣਾ ਸੀ। ਇਸੇ ਲਈ ਮੈਂ ਬਿਲਕੁਲ ਉਵੇ ਂ ਹੀ ਸਭ ਨੂੰ ਮੌਤ ਦੀ ਸਜ਼ਾ ਦਿੱਤੀ, ਜਿਵੇਂ ਕਿ ਕੋਟਲਾ 'ਤੇ ਹਮਲਾ ਕਰਨ ਵਾਲਿਆਂ ਦੀ ਮਿਲੀਭੁਗਤ ਕਾਨੂੰਨੀ ਤੌਰ 'ਤੇ ਸਥਾਪਤ ਕਰਨ ਤੋਂ ਬਾਅਦ ਉਨ੍ਹਾਂ ਨੂੰ ਮਿਲਣੀ ਚਾਹੀਦੀ ਸੀ। ਪਰ ਮੈਂ ਮਲੌਦ ਦੇ ਕਤਲਾਂ ਦੇ ਸਬੰਧ 'ਚ ਸੁਣਵਾਈ ਵੇਲੇ ਪਹਿਲੀਆਂ ਕਾਰਵਾਈਆਂ ਦੇ ਮੁਕਾਬਲੇ ਸਜ਼ਾਵਾਂ ਦੀ ਸਖ਼ਤੀ ਘਟਾ ਦਿੱਤੀ ਸੀ ਤੇ ਆਪ ਜੀ ਵੱਲੋਂ ਭੇਜਿਆ ਤਾਰ ਵੀ ਅਗਲੇ ਦਿਨ ਮਿਲ ਗਿਆ ਸੀ, ਜਿਸ ਵਿੱਚ ਲੈਫ਼ਟੀਨੈਂਟ ਗਵਰਨਰ ਦੇ ਹੁਕਮਾਂ ਵਿੱਚ ਮੇਰੇ ਵੱਲੋਂ ਦਿੱਤੇ ਫ਼ੈਸਲੇ ਦੀ ਪੁਸ਼ਟੀ ਕਰ ਦਿੱਤੀ ਗਈ ਸੀ।

14. ਸ੍ਰੀ ਕਾਵਨ ਦੀ ਕਾਹਲ਼ੀ 'ਚ ਕੀਤੀ ਗਈ ਅਨਿਯਮਤ ਕਾਰਵਾਈ 'ਤੇ ਅਫ਼ਸੋਸ ਪ੍ਰਗਟਾਉਂਦਿਆਂ ਮੈਂ ਆਪਣਾ ਦ੍ਰਿੜ੍ਹ ਨਿਸ਼ਚਾ ਪ੍ਰਗਟਾਉਣ ਲਈ ਮਜਬੂਰ ਹਾਂ ਕਿ ਉਨ੍ਹਾਂ ਨੇ ਜਿਹੜੀ ਤੁਰਤ-ਫੁਰਤ ਕਾਰਵਾਈ ਦੌਰਾਨ ਸਖ਼ਤ ਸਜ਼ਾਵਾਂ ਦਿੱਤੀਆਂ, ਉਸ ਨਾਲ ਇੱਕ ਬਹੁਤ ਗੰਭੀਰ ਕਿਸਮ ਦੀ ਬਗ਼ਾਵਤ ਅਰੰਭ 'ਚ ਹੀ ਕੁਚਲੀ ਗਈ

ਅਤੇ ਉਨ੍ਹਾਂ ਵੱਲੋਂ ਦਿੱਤੀਆਂ ਗਈਆਂ ਸ਼ਾਨਦਾਰ ਸੇਵਾਵਾਂ ਵਿੱਚ ਮੇਰਾ ਭਰੋਸਾ ਹੈ ਤੇ ਉਨ੍ਹਾਂ ਦੀਆਂ ਬੇਨਿਯਮੀਆਂ 'ਤੇ ਗ਼ੌਰ ਕਰਦਿਆਂ ਅਤੇ ਕਾਰਜ-ਵਿਧੀ ਦੀ ਸਖ਼ਤੀ ਵਰਤਣ ਸਮੇਂ ਉਹ ਸੇਵਾਵਾਂ ਜ਼ਰੂਰ ਆਪਣੇ ਸਾਹਮਣੇ ਰੱਖ ਲੈਣਾ।

## 121

*ਤਾਰ* *ਮਿਤੀ 23 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ, ਦਿੱਲੀ।

*ਵੱਲ*

ਗ੍ਰਹਿ ਸਕੱਤਰ, ਕਲਕੱਤਾ।

ਲੁਧਿਆਣਾ 'ਚ ਅਤੇ ਹੋਰਨਾਂ ਥਾਵਾਂ 'ਤੇ ਇਸ ਸਮੇਂ ਤੱਕ ਮੁਕੰਮਲ ਸ਼ਾਂਤੀ ਹੈ।

## 122

### ਕੂਕੇ

ਮੀਮੋ ਨੰ. 11 *ਮਿਤੀ ਲਾਹੌਰ, 23 ਜਨਵਰੀ, 1872*

*ਵੱਲੋਂ*

ਅਧੀਨ ਸਕੱਤਰ, ਪੰਜਾਬ ਸਰਕਾਰ,
ਪੁਲਿਸ ਵਿਭਾਗ।

*ਵੱਲ*

ਸਮੂਹ ਕਮਿਸ਼ਨਰ ਅਤੇ
ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ।

ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਇਹ ਹਦਾਇਤ ਦਿੰਦਿਆਂ ਖ਼ੁਸ਼ੀ ਹੁੰਦੀ ਹੈ ਕਿ ਕੂਕਿਆਂ ਨੂੰ ਪੰਜ ਜਾਂ ਵੱਧ ਵਿਅਕਤੀਆਂ ਦੀਆਂ ਟੋਲੀਆਂ 'ਚ ਇਕੱਠੇ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ; ਅਤੇ ਇਸ ਹੁਕਮ ਅਧੀਨ ਆਉਂਦੇ ਕੂਕਿਆਂ ਦੇ ਸਾਰੇ ਇਕੱਠਾਂ ਨੂੰ ਖਿੰਡਾਉਣਾ ਪੁਲਿਸ ਦਾ ਫ਼ਰਜ਼ ਹੋਵੇਗਾ ਅਤੇ ਅਜਿਹੀ ਕਿਸੇ ਵੀ ਵਾਰਦਾਤ ਦੀ ਜਾਣਕਾਰੀ ਤੁਰੰਤ ਲਾਗਲੇ ਮੈਜਿਸਟ੍ਰੇਟ ਨੂੰ ਦੇਣੀ ਹੋਵੇਗੀ।

5 ਤੋਂ ਵੱਧ ਵਿਅਕਤੀ ਇੱਕ ਜਗ੍ਹਾ ਇਕੱਠੇ ਨਹੀਂ ਹੋਣਗੇ

2. ਬੇਨਤੀ ਕੀਤੀ ਜਾਂਦੀ ਹੈ ਕਿ ਅਜਿਹੇ ਹੁਕਮ, ਜਿੱਥੇ ਕਿਤੇ ਵੀ ਜ਼ਰੂਰੀ ਹੋਣ, ਆਪਣੇ ਅਧੀਨ ਮੁਲਾਜ਼ਮਾਂ ਦੇ ਮਾਰਗ-ਦਰਸ਼ਨ ਲਈ ਜਾਰੀ ਕੀਤੇ ਜਾਣ।

5 ਤੋਂ ਵੱਧ ਵਿਅਕਤੀ ਇੱਕ ਜਗ੍ਹਾ ਇਕੱਠੇ ਨਹੀਂ ਹੋਣਗੇ

## 123

*ਨੰ. 122,* *ਮਿਤੀ 24 ਜਨਵਰੀ, 1872*

ਵੱਲੋਂ

ਈ.ਸੀ. ਬੇਲੀ, ਐਸਕ.,

ਸੀ.ਐੱਸ.ਆਈ., ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਵੱਲ

ਸਕੱਤਰ, ਪੰਜਾਬ ਸਰਕਾਰ।

ਨੰ. 23ਸੀ. ਮਿਤੀ 19 ਜਨਵਰੀ, 1872
ਨੰ. 24 ਸੀ, ਮਿਤੀ 20 ਜਨਵਰੀ, 1872

ਮੈਨੂੰ ਹਾਸ਼ੀਏ 'ਤੇ ਉਜਾਗਰ ਕੀਤਾ ਤੁਹਾਡਾ ਪੱਤਰ ਪ੍ਰਾਪਤ ਹੋਣ ਦੀ ਜਾਣਕਾਰੀ ਦੇਣ ਦੀ ਹਦਾਇਤ ਹੋਈ ਹੈ, ਜੋ ਮਲੌਦ ਤੇ ਮਲੇਰਕੋਟਲਾ 'ਤੇ ਕੱਟੜ ਕੂਕਿਆਂ ਦੇ ਹਾਲੀਆ ਹਮਲੇ ਦੀ ਰਿਪੋਰਟਿੰਗ ਹੈ। ਗਵਰਨਰ ਜਨਰਲ ਨੇ ਪਹਿਲਾਂ ਹੀ ਟੈਲੀਗ੍ਰਾਫ਼ ਰਾਹੀਂ ਗੜਬੜੀ ਵਾਲੀ ਥਾਂ 'ਤੇ ਫ਼ੌਜੀ ਦਸਤੇ ਭੇਜ ਕੇ ਅਤੇ ਆਪਣੇ ਗੁਆਂਢ 'ਚੋਂ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਸੂਬਿਆਂ ਦੀ ਗ੍ਰਿਫ਼ਤਾਰੀ ਪਿੱਛੋਂ ਉਨ੍ਹਾਂ ਨੂੰ ਉੱਥੋਂ ਹਟਾ ਕੇ ਲੈਫ਼ਟੀਨੈਂਟ ਗਵਰਨਰ ਦੀ ਕਾਰਵਾਈ ਨੂੰ ਇੱਕ ਤਰ੍ਹਾਂ ਪ੍ਰਵਾਨ ਕਰ ਦਿੱਤਾ ਹੈ। ਉਨ੍ਹਾਂ ਨੂੰ 1818 ਦੇ ਰੈਗੂਲੇਸ਼ਨ III ਅਧੀਨ ਹਿਰਾਸਤ 'ਚ ਰੱਖਣ ਲਈ ਵਾਰੰਟ ਪਹਿਲਾਂ ਹੀ ਅਲਾਹਾਬਾਦ ਦੇ ਮੈਜਿਸਟ੍ਰੇਟ ਕੋਲ ਭੇਜ ਦਿੱਤੇ ਗਏ ਹਨ।

2. ਸਥਾਨਕ ਅਧਿਕਾਰੀਆਂ ਨੇ ਗੜਬੜੀ ਦੀ ਪਹਿਲੀ ਖ਼ੁਫ਼ੀਆ ਜਾਣਕਾਰੀ ਮਿਲਦਿਆਂ ਹੀ ਪੂਰੀ ਮੁਸਤੈਦੀ ਤੇ ਜੋਸ਼ ਨਾਲ ਕੰਮ ਕੀਤਾ ਪਰ ਬਾਅਦ ਦੀਆਂ ਕਾਰਵਾਈਆਂ ਦਾ ਗੰਭੀਰ ਨੋਟਿਸ ਲੈਣਾ ਜ਼ਰੂਰੀ ਜਾਪਦਾ ਹੈ। ਮਾਣਯੋਗ ਸਾਹਿਬ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਵੱਲੋਂ ਬਿਨਾਂ ਸੁਣਵਾਈ ਦੇ ਉਨ੍ਹਾਂ ਕੂਕੇ ਬਾਗ਼ੀਆਂ ਨੂੰ ਦਿੱਤੀਆਂ ਮੌਤ ਦੀਆਂ ਸਜ਼ਾਵਾਂ ਲਈ ਕੀਤੀ ਕਾਰਵਾਈ 'ਤੇ ਅਫ਼ਸੋਸ ਹੈ, ਜਿਨ੍ਹਾਂ ਨੂੰ ਪਟਿਆਲਾ ਖੇਤਰ 'ਚ ਕਾਬੂ ਕੀਤਾ ਗਿਆ ਸੀ। ਭਾਰਤ ਸਰਕਾਰ ਮਾਣਯੋਗ ਸਾਹਿਬ ਵੱਲੋਂ ਇਸ ਬਾਰੇ ਪ੍ਰਗਟਾਇਆ ਗਿਆ ਅਫ਼ਸੋਸ ਪੂਰੀ ਤਰ੍ਹਾਂ ਸਾਂਝਾ ਕਰਦੀ ਹੈ ਤੇ ਉਨ੍ਹਾਂ ਦਾ ਇਹ ਮੰਨਣਾ ਹੈ ਕਿ ਪੇਸ਼ ਕੀਤੇ ਗਏ ਦਸਤਾਵੇਜ਼ ਉਸ ਕੀਤੀ ਕਾਰਵਾਈ ਨੂੰ ਦਰੁਸਤ ਨਹੀਂ ਠਹਿਰਾਉਂਦੇ।

3. ਇਨ੍ਹਾਂ ਹਾਲਾਤ 'ਚ, ਮਹਾਮਹਿਮ-ਇਨ-ਕੌਂਸਲ ਮਜਬੂਰੀ ਮਹਿਸੂਸ ਕਰਦਿਆਂ ਇਹ ਬੇਨਤੀ ਕਰਦੇ ਹਨ ਕਿ ਤੁਸੀਂ ਸ੍ਰੀ ਕਾਵਨ ਨੂੰ ਅਗਲੇ ਹੁਕਮਾਂ ਤੱਕ ਮੁਅੱਤਲ ਕਰੋਗੇ ਅਤੇ ਸ੍ਰੀ ਕਾਵਨ ਦੇ ਕੋਈ ਸੰਭਾਵੀ ਸਪੱਸ਼ਟੀਕਰਣ ਅਤੇ ਇਸ ਸਮੁੱਚੇ ਵਿਸ਼ੇ 'ਤੇ ਮਾਣਯੋਗ ਸਾਹਿਬ ਦਾ ਵਿਚਾਰ ਪ੍ਰਗਟਾਏ ਜਾਣ ਦੀ ਪੂਰੀ ਉਤਸੁਕਤਾ ਨਾਲ ਉਡੀਕ ਕਰੋਗੇ।

4. ਪਟਿਆਲਾ, ਜੀਂਦ ਤੇ ਨਾਭਾ ਦੀਆਂ ਰਿਆਸਤਾਂ ਦੇ ਅਧਿਕਾਰੀਆਂ ਤੇ ਫ਼ੌਜੀ ਦਸਤਿਆਂ ਵੱਲੋਂ ਤੁਰਤ-ਫੁਰਤ ਦਿੱਤੀ ਗਈ ਸਥਾਨਕ ਤੇ ਕਾਰਜਕੁਸ਼ਲ ਮਦਦ ਨੇ

ਬੇਸ਼ੱਕ ਗੜਬੜੀਆਂ ਨੂੰ ਦਬਾਉਣ ਤੇ ਉਨ੍ਹਾਂ ਨੂੰ ਅੱਗੇ ਫੈਲਣ ਤੋਂ ਰੋਕਣ 'ਚ ਵੱਡਾ ਯੋਗਦਾਨ ਪਾਇਆ ਹੈ। ਮੈਂ ਉਨ੍ਹਾਂ ਦੇ ਅਜਿਹੇ ਆਚਾਰ-ਵਿਹਾਰ 'ਤੇ ਮਾਣਯੋਗ ਸਾਹਿਬ ਦੀ ਸੰਤੁਸ਼ਟੀ ਪ੍ਰਗਟਾਉਂਦਾ ਹਾਂ।

## 124

*ਨੰ. 35,* *ਮਿਤੀ 24 ਜਨਵਰੀ, 1872*

*ਵੱਲੋਂ*

ਟੀ.ਬੀ. ਫ਼ਾਰਸਿਥ ਐਸਕ., ਸੀ.ਬੀ.,
ਕਮਿਸ਼ਨਰ, ਅੰਬਾਲਾ ਡਿਵੀਜ਼ਨ।

*ਵੱਲ*

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਮੈਂ ਸਮਝਦਾ ਹਾਂ ਕਿ ਤੁਸੀਂ ਮੇਰੀਆਂ ਇੱਕ ਜਾਂ ਦੋ ਅਧਿਕਾਰਤ ਚਿੱਠੀਆਂ ਤੋਂ ਅਜਿਹਾ ਕੁਝ ਵਿਚਾਰ ਬਣਾਇਆ ਕਿ ਮੈਂ ਬਾਬਾ ਰਾਮ ਸਿੰਘ ਜੀ ਨੂੰ ਇੱਥੋਂ ਬਾਹਰ ਭੇਜਣ ਦਾ ਕਦਮ ਆਪਣੀ ਖ਼ੁਦ ਦੀ ਜ਼ਿੰਮੇਵਾਰੀ 'ਤੇ ਚੁੱਕਿਆ ਹੈ, ਜਦ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੇ ਬਾਬਾ (ਗੁਰੂ) ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਬਾਰੇ ਮੈਨੂੰ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਸਨ।

2. ਮੇਰੇ ਲਈ ਇਹ ਚੰਗਾ ਹੋਵੇਗਾ ਕਿ ਤੱਥ ਰਿਕਾਰਡ 'ਚ ਰੱਖਾਂ ਅਤੇ ਆਪਣੀਆਂ ਚਿੱਠੀਆਂ ਦੇ ਉਨ੍ਹਾਂ ਪੈਰਿਆਂ ਦੀ ਵਿਆਖਿਆ ਦੇਵਾਂ, ਜਿਨ੍ਹਾਂ ਦਾ ਹਵਾਲਾ ਤੁਸੀਂ ਦਿੱਤਾ ਹੈ।

3. ਮੈਂ ਤਦ ਮਾਣਯੋਗ ਸਾਹਿਬ ਦੇ ਕੈਂਪ 'ਚ ਸਾਂ, ਜਦੋਂ ਮਲੌਦ 'ਤੇ ਹਮਲੇ ਦੀ ਪਹਿਲੀ ਖ਼ਬਰ ਮਿਲੀ ਸੀ। ਮਾਣਯੋਗ ਸਾਹਿਬ ਨੂੰ ਚੇਤੇ ਹੋਵੇਗਾ ਕਿ ਉਨ੍ਹਾਂ ਪੁਲਿਸ ਦੇ ਇੰਸਪੈਕਟਰ ਜਨਰਲ ਤੇ ਤੁਹਾਡੇ ਨਾਲ ਇੱਕ ਕਾਨਫ਼ਰੰਸ ਕੀਤੀ ਸੀ, ਜਿੱਥੇ ਮੈਂ ਮੌਜੂਦ ਸਾਂ। ਤਦ ਬਾਬਾ (ਸਤਿਗੁਰੂ) ਰਾਮ ਸਿੰਘ ਜੀ ਬਾਰੇ ਦਿੱਤੇ ਗਏ ਹੁਕਮਾਂ ਤੋਂ ਪਹਿਲਾਂ ਮੈਨੂੰ ਲੁਧਿਆਣਾ ਪੁੱਜਣ ਦੀ ਜ਼ੁਬਾਨੀ ਹਦਾਇਤ ਕੀਤੀ ਗਈ ਸੀ। ਬਾਅਦ 'ਚ ਦੂਜੇ ਹਮਲੇ ਦੀ ਖ਼ਬਰ ਮਿਲੀ ਸੀ ਅਤੇ ਤਦ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਹੋਰ ਵੱਧ ਤੇਜ਼ੀ ਨਾਲ ਕਦਮ ਚੁੱਕੇ ਜਾਣੇ ਚਾਹੀਦੇ ਹਨ। ਮੈਂ ਨਿਸ਼ਚਿਤ ਤੌਰ 'ਤੇ ਸਮਝਦਾ ਹਾਂ ਕਿ ਮੈਂ ਹੀ ਬਾਬਾ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਭੇਜਣਾ ਸੀ ਜਿਵੇਂ ਕਿ ਮਾਣਯੋਗ ਸਾਹਿਬ ਨੇ ਸਮਝਿਆ ਹੈ, ਮੈਂ ਇਸ ਵਿਸ਼ੇ 'ਤੇ ਪ੍ਰਾਪਤ ਲਿਖਤੀ ਹਦਾਇਤਾਂ 'ਤੇ ਹੀ ਕਾਰਵਾਈ ਕਰਨੀ ਸੀ।

4. (ਗੁਰੂ) ਰਾਮ ਸਿੰਘ ਜੀ ਨੂੰ ਮੇਰੇ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਦੇ ਸਮੇਂ ਤੱਕ ਇਨ੍ਹਾਂ ਹਦਾਇਤਾਂ ਨੂੰ ਉਡੀਕਦਾ ਰਿਹਾ ਸਾਂ ਪਰ ਮੈਨੂੰ ਵੱਖੋ-ਵੱਖਰੇ ਸੂਬਿਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਨੂੰ ਬਾਹਰ ਭੇਜਣ ਦੇ ਹੁਕਮ ਮਿਲੇ ਸਨ।

5. ਹੁਕਮਾਂ ਦੇ ਮਿਲਣ 'ਚ ਦੇਰੀ ਹੋਣ ਕਾਰਣ ਮੈਂ ਕਾਰਵਾਈ 'ਚ ਕੋਈ ਢਿੱਲ ਨਹੀਂ ਕੀਤੀ ਪਰ ਮੈਨੂੰ ਇਹ ਪੂਰੀ ਤਰ੍ਹਾਂ ਪਤਾ ਸੀ ਕਿ ਲਿਖਤੀ ਹੁਕਮ ਹੀ ਨਿਯਮ ਹੁੰਦੇ ਹਨ ਤੇ ਜ਼ੁਬਾਨੀ ਹਦਾਇਤਾਂ ਨਾਲ ਉਹ ਕਾਰਵਾਈ ਕਰਨ ਦੀ ਕੁਝ ਜ਼ਿੰਮੇਵਾਰੀ ਉਸ ਅਧਿਕਾਰੀ 'ਤੇ ਹੀ ਆ ਜਾਂਦੀ ਹੈ, ਮੈਂ ਬਾਬਾ ਰਾਮ ਸਿੰਘ ਜੀ ਨੂੰ ਤੁਰੰਤ ਬਾਹਰ ਭੇਜੇ ਜਾਣ ਦੇ ਆਪਣੇ ਸਾਰੇ ਕਾਰਨ ਦਿੱਤੇ ਸਨ। ਮੈਂ ਮਹਿਜ਼ ਮਾਣਯੋਗ ਸਾਹਿਬ ਦੀਆਂ ਜ਼ੁਬਾਨੀ ਹਦਾਇਤਾਂ ਬਾਰੇ ਹੀ ਦੱਸਿਆ ਸੀ ਅਤੇ ਉਨ੍ਹਾਂ ਦੀ ਅਧਿਕਾਰਤ ਪੁਸ਼ਟੀ ਦੀ ਉਡੀਕ ਕੀਤੀ ਸੀ, ਜੋ ਸ਼ਾਇਦ ਚੰਗੇ ਕਾਰਣਾਂ ਕਰਕੇ ਹੀ ਰੋਕਣੀ ਵਾਜਬ ਸਮਝੀ ਗਈ ਸੀ। ਜਿਸ ਨੂੰ ਤੁਸੀਂ ਮੇਰੇ ਆਚਾਰ-ਵਿਹਾਰ ਦਾ ਬਚਾਅ ਸਮਝਿਆ, ਉਹ ਦਰਅਸਲ ਉਨ੍ਹਾਂ ਕਾਰਣਾਂ ਦੀ ਵਿਆਖਿਆ ਸੀ, ਜੋ ਪੰਜਾਬ ਦੇ ਅਧਿਕਾਰੀਆਂ ਵੱਲੋਂ ਚੁੱਕੇ ਕਦਮਾਂ ਨੂੰ ਦਰੁਸਤ ਠਹਿਰਾਉਂਦੇ।

6. ਇਸ ਕਾਰਣ ਕਰਕੇ ਮੈਂ ਲਿਖਿਆ ਸੀ ਅਤੇ ਉਸ ਵਿੱਚ ਮੇਰੀ ਖ਼ੁਦ ਉਸ ਮਾਮਲੇ 'ਚ ਸਿਹਰਾ ਲੈਣ ਦੀ ਸ਼ੇਖ਼ੀ ਮਾਰਨ ਦੀ ਕੋਈ ਇੱਛਾ ਨਹੀਂ ਸੀ; ਜਦੋਂ ਕਿ ਅਜਿਹਾ ਸਿਹਰਾ ਲੈਣਾ ਬਣਦਾ ਵੀ ਨਹੀਂ ਸੀ।

7. ਮੈਂ ਸ਼ੁਕਰਗੁਜ਼ਾਰ ਹੋਵਾਂਗਾ ਜੇ ਤੁਸੀਂ ਇਸ ਚਿੱਠੀ ਨੂੰ 18 ਜਨਵਰੀ ਦੀ (ਗੁਰੂ) ਰਾਮ ਸਿੰਘ ਜੀ ਨੂੰ ਬਾਹਰ ਭੇਜੇ ਜਾਣ ਬਾਰੇ ਮੇਰੀ ਰਿਪੋਰਟ ਦੀ ਨਿਰੰਤਰਤਾ 'ਚ ਨੱਥੀ ਕਰ ਦੇਵੋਂ।

## 125

ਵੱਲੋਂ

ਐੱਲ.ਐੱਚ. ਗ੍ਰਿਫਿਨ, ਐਸਕ., ਕਾਰਜਕਾਰੀ ਸਕੱਤਰ,
ਪੰਜਾਬ ਸਰਕਾਰ।

ਵੱਲ

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ (ਨੰ. 36 ਸੀ);
ਮਿਤੀ ਕੈਂਪ ਗੰਗਤੋਲ, 26 ਜਨਵਰੀ, 1872

ਮੈਨੂੰ, ਮਹਾਮਹਿਮ ਵਾਇਸਰਾਏ ਅਤੇ ਗਵਰਨਰ ਜਨਰਲ-ਇਨ-ਕੌਂਸਲ ਦੀ ਜਾਣਕਾਰੀ ਲਈ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਦਾ ਪੱਤਰ ਨੰ. 27 ਮਿਤੀ 22 ਜਨਵਰੀ ਨੱਥੀ ਦਸਤਾਵੇਜ਼ ਨਾਲ ਭੇਜਣ ਦੀ ਹਦਾਇਤ ਹੋਈ ਹੈ, ਜੋ ਹਾਲੀਆ ਕੂਕਾ ਬਗ਼ਾਵਤ ਮੌਕੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਵੱਲੋਂ ਕੀਤੀ ਕਾਰਵਾਈ ਦੇ ਵਿਸ਼ੇ ਨਾਲ ਸਬੰਧਤ ਹੈ।

2. ਮਾਣਯੋਗ ਲੈਫ਼ਟੀਨੈਂਟ ਗਵਰਨਰ ਦਾ ਵਿਚਾਰ ਹੈ ਕਿ ਸ੍ਰੀ ਕਾਵਨ ਨੇ ਬੇਹੱਦ ਮੁਸਤੈਦੀ ਤੇ ਊਰਜਾ ਨਾਲ ਕਾਰਵਾਈ ਕਰਦਿਆਂ ਜੀਂਦ ਤੇ ਨਾਭਾ ਦੀਆਂ ਘੁੜਸਵਾਰ ਫ਼ੌਜਾਂ ਨੂੰ ਸੱਦਿਆ ਅਤੇ ਆਪ ਤੁਰੰਤ ਬਚਾਅ ਅਤੇ ਗੜਬੜੀ ਨੂੰ ਦਬਾਉਣ ਲਈ ਮਲੇਰਕੋਟਲਾ ਗਏ।

3. ਜਿੱਥੋਂ ਤੱਕ ਉਨ੍ਹਾਂ ਵੱਲੋਂ ਮਲੇਰਕੋਟਲਾ ਦੇ ਅਧਿਕਾਰੀਆਂ ਨਾਲ ਮਿਲ ਕੇ ਮੌਤ ਦੀ ਸਜ਼ਾ ਦੇਣ ਦਾ ਸਬੰਧ ਹੈ, ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਉਨ੍ਹਾਂ ਉਵੇ ਂ ਹੀ ਕੀਤਾ, ਜਿਵੇਂ ਕਿ ਉਨ੍ਹਾਂ ਨੂੰ ਦੇਸ਼ 'ਚ ਸ਼ਾਂਤੀ ਕਾਇਮ ਰੱਖਣ ਲਈ ਤੁਰਤ-ਫੁਰਤ ਕਦਮ ਚੁੱਕਣ ਦੀ ਆਪਣੀ ਨਿਜੀ ਜ਼ਿੰਮੇਵਾਰੀ ਦੀ ਮਜ਼ਬੂਤ ਭਾਵਨਾ ਅਧੀਨ ਕੰਮ ਕਰਨਾ ਵਧੀਆ ਲੱਗਾ ਅਤੇ ਮਾਣਯੋਗ ਸਾਹਿਬ ਦਾ ਵਿਚਾਰ ਹੈ ਕਿ ਜਿਹੋ ਜਿਹੀ ਔਖੀ ਸਥਿਤੀ ਵਿੱਚ ਉਹ ਉਸ ਵੇਲੇ ਸਨ, ਉੱਥੇ ਵੱਧ ਤੋਂ ਵੱਧ ਕਰ ਕੇ ਵਿਖਾਉਣਾ ਜ਼ਰੂਰੀ ਸੀ ਪਰ ਹਾਂ ਉਹ ਨਿਸ਼ਚਿਤ ਤੌਰ 'ਤੇ ਇਹ ਫ਼ੈਸਲਾ ਨਹੀਂ ਕਰ ਸਕੇ ਸਨ ਕਿ ਸਜ਼ਾ ਦੇਣ ਵਿੱਚ ਕਿੰਨੀ ਕੁ ਦੇਰੀ ਕਰਨੀ ਚਾਹੀਦੀ ਸੀ।

4. ਪਰ ਜੇ ਵਿਚਾਰ ਕਰੀਏ ਕਿ ਕਮਿਸ਼ਨਰ ਉਸ ਜਗ੍ਹਾ 'ਤੇ ਮੌਜੂਦ ਸਨ ਅਤੇ ਬਹੁਤ ਸਾਰੇ ਕੈਦੀ ਜ਼ਖ਼ਮੀ ਸਨ ਅਤੇ ਸਾਰੇ ਹੀ ਬਹੁਤ ਜ਼ਿਆਦਾ ਨਿਰਾਸ਼ ਸਨ, ਲੈਫ਼ਟੀਨੈਂਟ ਗਵਰਨਰ ਦਾ ਵਿਚਾਰ ਹੈ ਕਿ ਸ੍ਰੀ ਕਾਵਨ ਨੇ ਥੋੜ੍ਹਾ ਸਬਰ ਤੇ ਆਪਣਾ ਅਖ਼ਤਿਆਰ ਵਿਖਾਉਣਾ ਸੀ, ਜੇ ਕਿਤੇ ਉੱਚ ਅਧਿਕਾਰੀ ਵੱਲੋਂ ਉਨ੍ਹਾਂ ਦੀਆਂ ਕਾਰਵਾਈਆਂ ਦੀ ਪਿਛਲੀ ਮਨਜ਼ੂਰੀ ਉਨ੍ਹਾਂ ਨੂੰ ਮਿਲ ਜਾਂਦੀ। ਉਂਝ ਇਹ ਸਪੱਸ਼ਟ ਹੈ ਕਿ ਉਨ੍ਹਾਂ ਦੀ ਮਨਜ਼ੂਰੀ ਨੂੰ ਰੋਕਿਆ ਨਹੀਂ ਸੀ ਗਿਆ ਕਿਉਂਕਿ ਕਮਿਸ਼ਨਰ ਨੇ ਖ਼ੁਦ ਆ ਕੇ ਸੁਣਵਾਈ ਤੋਂ ਬਾਅਦ 16 ਹੋਰ ਕੈਦੀਆਂ ਮੌਤ ਦੀ ਸਜ਼ਾ ਦਿੱਤੀ ਸੀ ਅਤੇ ਅਜਿਹਾ ਕਰਦੇ ਸਮੇਂ ਉਨ੍ਹਾਂ ਮਲੇਰਕੋਟਲਾ ਰਿਆਸਤ ਲਈ *ਐਕਸ-ਆਫ਼ਿਸ਼ੀਓ* ਸਿਆਸੀ ਏਜੰਟ ਵਜੋਂ ਵਿਚਰਦਿਆਂ ਆਪਣੀਆਂ ਸ਼ਕਤੀਆਂ ਦੀ ਵਧੇਰੇ ਵਰਤੋਂ ਨਹੀਂ ਕੀਤੀ ਸੀ।

5. ਬੇਸ਼ੱਕ ਇਹ ਵਾਜਬ ਸੁਆਲ ਪੁੱਛਿਆ ਜਾ ਸਕਦਾ ਹੈ ਕਿ ਕੀ ਇੰਨੇ ਔਖੇ ਹਾਲਾਤ ਅਧੀਨ ਇੰਨੀਆਂ ਸਾਰੀਆਂ ਮੌਤ ਦੀਆਂ ਸਜ਼ਾਵਾਂ ਦੇਣੀਆਂ ਜ਼ਰੂਰੀ ਸਨ ਜਾਂ ਇੰਝ ਕਰਨ ਦਾ ਕੋਈ ਲਾਭ ਸੀ ਅਤੇ ਕੀ ਬਗ਼ਾਵਤ ਰੋਕਣ ਲਈ ਘੱਟ ਅੰਨ੍ਹੇਵਾਹ ਸਜ਼ਾ ਦੇਣ ਨਾਲ ਕੰਮ ਨਹੀਂ ਚੱਲ ਸਕਦਾ ਸੀ। ਲੈਫ਼ਟੀਨੈਂਟ ਗਵਰਨਰ ਦਾ ਖ਼ੁਦ ਇਹੋ ਵਿਚਾਰ ਹੈ ਪਰ ਦੂਜੇ ਪਾਸੇ ਇਹ ਵੀ ਨਿਸ਼ਚਿਤ ਹੈ ਕਿ ਜਿਹੜੇ ਵੀ ਕੈਦੀਆ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ, ਉਨ੍ਹਾਂ ਸਾਰਿਆਂ ਦੀ ਜੇ ਬ੍ਰਿਟਿਸ਼ ਖੇਤਰ ਦੇ ਸਾਧਾਰਣ ਫ਼ੌਜਦਾਰੀ ਕਾਨੂੰਨ ਅਧੀਨ ਵੀ ਸੁਣਵਾਈ ਹੁੰਦੀ, ਤਦ ਵੀ ਉਹ ਮੌਤ ਦੀ ਸਜ਼ਾ ਦੇ ਹੀ ਭਾਗੀ ਸਨ, ਉਂਝ ਜੇ ਇਕੱਲੀ-ਕਾਰੀ ਮੁਸਲਿਮ ਆਬਾਦੀ ਵਾਲੀ ਮਲੇਰਕੋਟਲਾ ਰਿਆਸਤ ਦੀ ਸਥਿਤੀ ਤੇ ਇੱਥੇ ਵਾਪਰੀਆਂ ਕੱਟੜ ਹਮਲਿਆਂ ਦੀਆਂ ਪਿਛਲੀਆਂ ਘਟਨਾਵਾਂ 'ਤੇ ਗ਼ੌਰ ਕਰੀਏ, ਤਾਂ ਉਸ ਦੇ ਅਧਿਕਾਰੀਆਂ ਤੇ ਵਾਸੀਆਂ ਨੇ ਤਾਂ ਸੁਰੱਖਿਆ ਕਦਮਾਂ ਦੀ ਵਕਾਲਤ ਕਰਦਿਆਂ ਉਨ੍ਹਾਂ ਨੂੰ ਸਖ਼ਤੀ ਨਾਲਾ ਦਬਾਉਣ ਲਈ ਸਖ਼ਤ ਸਜ਼ਾ ਦੀ ਹੀ ਵਕਾਲਤ ਕਰਨੀ ਸੀ। ਇਹ ਕਿਹਾ ਜਾਂਦਾ ਹੈ ਕਿ ਕਿਸੇ ਦੋਬਾਰਾ ਹਮਲੇ ਦੇ ਖ਼ਦਸ਼ੇ ਕਾਰਨ ਹੀ ਨਾਜ਼ਿਮ ਉਸ ਸ਼ਹਿਰ ਵੱਲ ਪਰਤਿਆ ਸੀ, ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਦੋਵਾਂ ਨੇ ਹੀ ਇਹ ਜ਼ਿਕਰ ਕੀਤਾ ਹੈ ਕਿ ਕੂਕਿਆਂ ਦੀਆਂ ਟੋਲੀਆਂ ਮਲੇਰਕੋਟਲਾ ਦੇ ਆਲੇ-ਦੁਆਲੇ ਘੁੰਮ ਰਹੀਆਂ ਸਨ ਅਤੇ ਇਸੇ ਲਈ ਤਾਜ਼ਾ ਖ਼ਦਸ਼ੇ ਪੈਦਾ ਹੋ ਰਹੇ ਸਨ। ਅਜਿਹੇ ਸਮੇਂ ਸਿਰਫ਼ ਮੌਕੇ ਦੇ ਅਧਿਕਾਰੀ ਹੀ ਸਹੀ

ਫ਼ੈਸਲਾ ਲੈ ਸਕਦੇ ਸਨ ਅਤੇ ਮਾਣਯੋਗ ਸਾਹਿਬ ਦਾ ਮੰਨਣਾ ਹੈ ਕਿ ਉਨ੍ਹਾਂ ਵੱਲੋਂ ਚੰਗੇ ਭਰੋਸੇ ਨਾਲ ਕੀਤੀ ਕਾਰਵਾਈ ਦਾ ਜ਼ਰੂਰ ਹੀ ਸਮਰਥਨ ਕਰਨਾ ਚਾਹੀਦਾ ਹੈ।

6. ਕਮਿਸ਼ਨਰ ਦੀ ਚਿੱਠੀ ਦੇ ਪੈਰਾ 11 ’ਤੇ ਗ਼ੌਰ ਕਰੀਏ, ਤਾਂ ਉਸ ਤੋਂ ਗ਼ਲਤੀ ਨਾਲ ਅਜਿਹਾ ਅਰਥ ਕੱਢਿਆ ਜਾ ਸਕਦਾ ਹੈ ਕਿ ਲੈਫ਼ਟੀਨੈਂਟ ਗਵਰਨਰ ਨੇ ਸ੍ਰੀ ਕਾਵਨ ਦੇ ਹੁਕਮਾਂ ਅਨੁਸਾਰ ਅਨੇਕ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਸ੍ਰੀ ਕਾਵਨ ਨੇ ਉਨ੍ਹਾਂ ਜ਼ੇਰੇ ਗ਼ੌਰ ਤਾਰਾਂ ਦੀਆਂ ਕਾਪੀਆਂ ਇਸ ਨਾਲ ਜਮ੍ਹਾ ਕਰਵਾ ਦਿੱਤੀਆਂ ਹਨ। ਲੈਫ਼ਟੀਨੈਂਟ ਗਵਰਨਰ ਨੇ ਜਦੋਂ ਇਹ ਤਾਰਾਂ ਲਿਖੀਆਂ ਸਨ, ਤਦ ਉਨ੍ਹਾਂ ਨੂੰ ਵੱਡੀ ਗਿਣਤੀ ’ਚ ਦਿੱਤੀਆਂ ਮੌਤ ਦੀਆਂ ਸਜ਼ਾਵਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ, ਤਦ ਉਨ੍ਹਾਂ ਕਮਿਸ਼ਨਰ ਵੱਲੋਂ ਤੁਰਤ-ਫੁਰਤ ਨਿਯਮਤ ਨਿਆਂਇਕ ਕਾਰਜ-ਵਿਧੀ ਲਾਗੂ ਕੀਤੇ ਜਾਣ ਦੀ ਹਮਾਇਤ ਕੀਤੀ ਸੀ ਅਤੇ ਡਿਪਟੀ ਕਮਿਸ਼ਨਰ ਵੱਲੋਂ ਇਸ ਮਾਮਲੇ ’ਚ ਵਿਖਾਏ ਗਏ ਉਤਸ਼ਾਹ ਤੇ ਊਰਜਾ ਦੀ ਸ਼ਲਾਘਾ ਕਰਨ ਦੇ ਨਾਲ-ਨਾਲ ਉਨ੍ਹਾਂ ਵੱਲੋਂ ਵਰਤੀ ਗਈ ਕਾਹਲ਼ੀ ਨੂੰ ਵੀ ਚੈੱਕ ਕਰਨਾ ਚਾਹੀਦਾ ਸੀ।

# 126

## ਕੇਂਦਰੀ ਜੇਲ੍ਹ ਵਿੱਚ ਕੂਕਿਆਂ ਦਾ ਵਾਸ, ਅਲਾਹਾਬਾਦ

*ਨੰ. 55, ਮਿਤੀ ਅਲਾਹਾਬਾਦ,* *ਮਿਤੀ 25 ਜਨਵਰੀ, 1872*

*ਵੱਲੋਂ*

ਆਰ. ਜੇਮਸਨ, ਐਸਕ.,
ਸੁਪਰਇੰਟੈਂਡੈਂਟ, ਕੇਂਦਰੀ ਜੇਲ੍ਹ

*ਵੱਲ*

ਜੇ.ਸੀ. ਰਾਬਰਟਸਨ ਐਸਕ.,
ਮੈਜਿਸਟ੍ਰੇਟ,
ਅਲਾਹਾਬਾਦ।

ਇਸੇ ਮਹੀਨੇ ਦੀ 24 ਤਰੀਕ ਦੇ ਤੁਹਾਡੇ ਪੱਤਰ ਨੰ. 61 ਦੇ ਜਵਾਬ ’ਚ, ਜਿਸ ਵਿੱਚ ਪੁੱਛਿਆ ਗਿਆ ਹੈ ਕਿ ਕੀ ਜੇਲ੍ਹ ਇੰਨੀ ਕੁ ਸੁਰੱਖਿਅਤ ਹੈ, ਜੋ ਬਾਬਾ ਰਾਮ ਸਿੰਘ ਜੀ ਕੂਕਾ ਤੇ ਕੂਕਿਆਂ ਦੇ 10 ਮੁਖੀਆਂ ਨੂੰ ਸੁਰੱਖਿਅਤ ਤਰੀਕੇ ਹਿਰਾਸਤ ’ਚ ਰੱਖ ਸਕੇਗੀ, ਮੈਨੂੰ ਇਹ ਜਵਾਬ ਦੇਣ ਦਾ ਮਾਣ ਹਾਸਲ ਹੋਇਆ ਹੈ ਕਿ ਅਸੀਂ ਢੁਕਵੀਆਂ ਸਾਵਧਾਨੀਆਂ ਰੱਖ ਸਕਦੇ ਹਾਂ ਕਿ ਤਾਂ ਜੋ ਇਹ ਵਿਅਕਤੀ ਬਿਨਾਂ ਕਿਸੇ ਸਹਾਇਤਾ ਇੱਥੋਂ ਨੱਸ ਨਾ ਸਕਣ।

2. ਕੰਧ ਦਾ ਇੱਕ ਵੱਡਾ ਹਿੱਸਾ ਜਾਂ ਤਾਂ ਢੱਠਿਆ ਹੋਇਆ ਹੈ ਤੇ ਜਾਂ ਇੰਨਾ ਨੀਂਵਾਂ ਹੈ ਕਿ ਜਿੰਨੇ ਮਰਜ਼ੀ ਵਿਅਕਤੀ ਉਸ ਨੂੰ ਆਸਾਨੀ ਨਾਲ ਟੱਪ ਸਕਦੇ ਹਨ। ਜੇ ਬਾਹਰੋਂ ਆ ਕੇ ਕੋਈ ਇਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰੇ, ਤਾਂ 100 ਵਿਅਕਤੀਆਂ

ਨੂੰ ਜੇਲ੍ਹ ਅੰਦਰ ਆਉਣ ਤੋਂ ਰੋਕਣ ਲਈ ਕੁਝ ਵੀ ਨਹੀਂ ਹੈ। ਟੁੱਟੀ ਕੰਧ 'ਤੇ ਸਿਰਫ਼ ਇੱਕੋ ਸੰਤਰੀ ਹੈ, ਜਿਸ ਦੇ ਸਿਰ 'ਤੇ ਆਸਾਨੀ ਨਾਲ ਵਾਰ ਕੀਤਾ ਜਾ ਸਕਦਾ ਹੈ ਤੇ ਭਜਾ ਕੇ ਲਿਜਾਣ ਲਈ ਆਏ ਲੋਕ ਪੁਲਿਸ ਦੇ ਆਉਣ ਤੋਂ ਪਹਿਲਾਂ ਆਸਾਨੀ ਨਾਲ ਬੈਰਕਾਂ ਜਾਂ ਕੋਠੜੀਆਂ ਦੇ ਬਲਾਕਾਂ 'ਤੇ ਹਮਲਾ ਕਰ ਸਕਦੇ ਹਨ।

3. ਇਸ ਦੇ ਨਾਲ ਹੀ ਇਸ ਜੇਲ੍ਹ ਨੂੰ ਫ਼ੈਸਲਾਕੁੰਨ ਢੰਗ ਨਾਲ ਅਸੁਰੱਖਿਅਤ ਸਮਝਣਾ ਹੋਵੇਗਾ। ਜੇ ਇੱਥੇ ਕਿਸੇ ਵੱਲੋਂ ਕੈਦੀਆਂ ਨੂੰ ਬਚਾ ਕੇ ਨਸਾਉਣ ਦੀ ਕੋਈ ਸੰਭਾਵਨਾ ਨਾ ਹੀ ਹੋਵੇ, ਫਿਰ ਵੀ ਕੈਦੀਆਂ ਨੂੰ ਇਸ ਜੇਲ੍ਹ 'ਚ ਨਹੀਂ ਭੇਜਣਾ ਚਾਹੀਦਾ।

## 127

*ਮਿਤੀ 26 ਜਨਵਰੀ, 1872*

*ਵੱਲੋਂ*

ਜੇ.ਸੀ. ਰਾਬਰਟਸਨ, ਐਸਕ.,
ਮੈਜਿਸਟ੍ਰੇਟ,
ਅਲਾਹਾਬਾਦ।

*ਵੱਲ*

ਈ.ਸੀ. ਬੇਲੇ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਇਸੇ ਮਹੀਨੇ ਦੀ 22 ਤਰੀਕ ਦਾ ਤੁਹਾਡਾ ਪੱਤਰ ਨੰ. 103 ਮਿਲਣ 'ਤੇ ਮੈਂ ਕੇਂਦਰੀ ਜੇਲ੍ਹ ਦੇ ਸੁਪਰਇੰਟੈਂਡੈਂਟ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਸੂਚਿਤ ਕਰੇ ਕਿ ਕੀ ਉਹ ਕੂਕਾ ਕੈਦੀਆਂ ਲਈ ਵਾਜਬ ਜਗ੍ਹਾ ਮੁਹੱਈਆ ਕਰਵਾ ਸਕਦਾ ਹੈ, ਜਿਨ੍ਹਾਂ ਬਾਰੇ ਪੰਜਾਬ ਸਰਕਾਰ ਨੇ ਤਾਰ ਭੇਜੀ ਸੀ ਕਿ ਉਨ੍ਹਾਂ ਕੈਦੀਆਂ ਲਈ ਚੌਕਸੀ ਜ਼ਰੂਰੀ ਹੈ ਕਿ ਕਿਤੇ ਉਨ੍ਹਾਂ ਨੂੰ ਇੱਥੋਂ ਬਚਾ ਕੇ ਲਿਜਾਣ ਦੀ ਕੋਈ ਕੋਸ਼ਿਸ਼ ਨਾ ਹੋ ਜਾਵੇ। ਸੁਪਰਇੰਟੈਂਡੈਂਟ ਦੇ ਪੱਤਰ ਦੀ ਕਾਪੀ ਨਾਲ ਨੱਥੀ ਹੈ। ਮੈਂ ਕੱਲ੍ਹ ਜੱਜ ਸ੍ਰੀ ਰਾਕੇਟਸ ਨਾਲ ਉਸ ਜੇਲ੍ਹ ਦਾ ਨਿਜੀ ਤੌਰ 'ਤੇ ਨਿਰੀਖਣ ਕੀਤਾ ਸੀ ਅਤੇ ਅਸੀਂ ਦੋਵੇਂ ਹੀ ਇਸ ਨਤੀਜੇ 'ਤੇ ਅੱਪੜੇ ਸਾਂ ਕਿ ਇਨ੍ਹਾਂ ਵਿਅਕਤੀਆਂ ਨੂੰ ਕਿਸੇ ਅਜਿਹੀ ਜਗ੍ਹਾ ਕੈਦ ਕਰ ਕੇ ਰੱਖਣਾ ਠੀਕ ਨਹੀਂ, ਜਿੱਥੇ ਹਰੇਕ ਬੈਰਕ 'ਚੋਂ ਹੀ ਬਚ ਕੇ ਨਿਕਲ ਸਕਣ ਦੀ ਗੁੰਜਾਇਸ਼ ਹੋਵੇ। ਇਸੇ ਲਈ, ਮੈਂ ਖ਼ੁਦ ਕੈਦੀਆਂ ਨੂੰ ਕਿਲ੍ਹੇ 'ਚ ਕੈਦ ਕਰ ਕੇ ਰੱਖਣ ਦੀ ਜ਼ਿੰਮੇਵਾਰੀ ਲੈਂਦਾ ਹਾਂ, ਉਂਝ ਭਾਵੇਂ ਹਾਲੇ ਅਗਲੇਰੀਆਂ ਹਦਾਇਤਾਂ ਮਿਲਣੀਆਂ ਬਾਕੀ ਹਨ, ਜਿਨ੍ਹਾਂ ਬਾਰੇ ਮੈਨੂੰ ਆਸ ਹੈ ਕਿ ਉਹ ਵੀ ਛੇਤੀ ਹੀ ਮਿਲ ਜਾਣਗੀਆਂ। ਜੇ ਮੈਂ ਆਪਣਾ ਵਿਚਾਰ ਪ੍ਰਗਟਾ ਸਕਦਾ ਹੋਵਾਂ, ਤਦ ਮੈਂ ਤਾਂ ਇਹੋ ਸੁਝਾਅ ਦੇਵਾਂਗਾ ਕਿ ਹਿਰਾਸਤ 'ਚ ਰੱਖਣ ਲਈ ਇਹ ਕਿਲ੍ਹਾ ਵਧੇਰੇ ਢੁਕਵੀ ਜਗ੍ਹਾ ਜਾਪਦਾ ਹੈ।

## 128

### ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ

ਮੇਰੇ ਪਿਆਰੇ ਸਟਾਰਕੀ,

ਕ੍ਰਿਪਾ ਕਰ ਕੇ ਵੇਖੋ.... (7) ਹੇਠਾਂ ਪ੍ਰਾਈਵੇਟ ਨੋਟ:

ਮੈਨੂੰ ਚੁਨਾਰ 'ਚ ਹੋਰ ਕੈਦੀਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਕੀ ਮੈਂ ਕਮਾਂਡੈਂਟ ਨੂੰ ਟੈਲੀਗ੍ਰਾਫ਼ ਕਰਾਂ ਤੇ ਵੇਖਾਂ ਕਿ ਕੀ ਉਹ ਇਨ੍ਹਾਂ ਲੋਕਾਂ ਨੂੰ ਰੱਖ ਸਕਦੇ ਹਨ? ਵਿਦੇਸ਼ ਵਿਭਾਗ ਦੇ ਹੁਕਮਾਂ ਅਨੁਸਾਰ 11 ਵਿਅਕਤੀ ਹਿਰਾਸਤ 'ਚ ਹਨ। ਗ੍ਰਹਿ ਵਿਭਾਗ ਨਾਲ ਵੀ ਸਲਾਹ-ਮਸ਼ਵਰਾ ਕੀਤਾ ਜਾ ਸਕਦਾ ਹੈ।

ਮੇਰਾ ਵਿਚਾਰ ਹੈ ਬਨਾਰਸ ਦੇ ਰਾਜਾ ਦੇ ਸੁਪਰਇੰਟੈਂਡੈਂਟ .... (7) ਆਮ ਤੌਰ 'ਤੇ ਚੁਨਾਰ 'ਚ ਰਹਿੰਦੇ ਹਨ ..... (?)

ਤੁਹਾਡਾ ਹਿਤੂ,<br>ਹਸਤਾਖਰ/- ਈ.ਸੀ. ਬੇਲੀ।

## 129

*ਅਲਾਹਾਬਾਦ* *(ਮੋਹਰ)* *17 ਜਨਵਰੀ, 1872*

ਮਾਲ ਬੋਰਡ<br>ਐੱਨ.ਡਬਲਿਊ.ਪੀ.

ਮੇਰੇ ਪਿਆਰੇ ਬੇਲੀ,

ਰਾਬਰਟਸਨ ਨੇ ਅਲਾਹਾਬਾਦ ਦੇ ਕਿਲ੍ਹੇ 'ਚ ਕੂਕਿਆਂ ਲਈ ਵਾਰੰਟਾਂ ਬਾਰੇ ਤੁਹਾਨੂੰ ਲਿਖਿਆ ਸੀ।

ਉਹ ਸਕਾਰਾਤਮਕ ਢੰਗ ਨਾਲ ਕੇਂਦਰੀ ਜੇਲ੍ਹ 'ਚ ਕਿਸੇ ਵੀ ਦਰਜੇ ਦੀ ਸੁਰੱਖਿਆ ਮੁਹੱਈਆ ਨਹੀਂ ਕਰਵਾ ਸਕਦੇ ਅਤੇ ਇੱਥੇ ਉਨ੍ਹਾਂ ਲਈ ਇੱਕੋ-ਇੱਕ ਜਗ੍ਹਾ ਕਿਲ੍ਹਾ ਹੀ ਠੀਕ ਰਹੇਗੀ।

ਪਰ ਹੁਣ ਚਿੱਠੀ ਲਿਖਣ ਦਾ ਮੇਰਾ ਮਕਸਦ ਤੁਹਾਨੂੰ ਇਹ ਦੱਸਣਾ ਸੀ ਕਿ ਅਲਾਹਾਬਾਦ ਦੇ ਕਿਲ੍ਹੇ 'ਚ ਸਥਾਨਕ ਸਿਵਲ ਕੈਦੀਆਂ ਲਈ ਕੋਈ ਵਾਜਬ ਸਥਾਨ ਨਹੀਂ ਹੈ। ਅਤੇ ਉਹ ਭਾਵੇਂ ਇੱਥੇ ਅਸਥਾਈ ਤੌਰ 'ਤੇ ਰਹਿੰਦੇ ਹਨ, ਜੇ ਉਨ੍ਹਾਂ ਨੂੰ ਲੰਮੇ ਸਮੇਂ ਲਈ ਹਿਰਾਸਤ 'ਚ ਰੱਖਣਾ ਹੈ, ਤਾਂ ਮੇਰਾ ਵਿਚਾਰ ਹੈ ਕਿ ਉਨ੍ਹਾਂ ਨੂੰ ਚੁਨਾਰ ਭੇਜ ਦੇਣਾ ਦਰੁਸਤ ਰਹੇਗਾ, ਜਿੱਥੇ ਵਾਜਬ ਕੁਆਰਟਰ ਗਾਰਡ ਹਨ ਤੇ ਹੋਰ ਸਭ ਜ਼ਰੂਰੀ ਚੀਜ਼ਾਂ ਹਨ।

ਤੁਸੀਂ ਫ਼ੈਸਲਾ ਲੈ ਸਕਦੇ ਹੋ ਕਿ ਕੀ 1818 ਦੇ ਰੈਗੂਲੇਸ਼ਨ III ਅਧੀਨ ਤੁਰੰਤ ਵਾਰੰਟ ਤਿਆਰ ਕਰ ਕੇ ਚੁਨਾਰ ਦੇ ਕਮਾਂਡੈਂਟ ਨੂੰ ਦੇਣੇ ਬਿਹਤਰ ਨਹੀਂ ਰਹਿਣਗੇ ਅਤੇ ਕੈਦੀਆਂ ਨੂੰ ਉੱਥੇ ਭੇਜ ਦਿੱਤਾ ਜਾਵੇ।

ਉਹ ਅਲਾਹਾਬਾਦ ਦੀ ਜੇਲ੍ਹ 'ਚ ਵੀ ਪੂਰੀ ਤਰ੍ਹਾਂ ਸੁਰੱਖਿਅਤ ਹਨ ਪਰ ਉਨ੍ਹਾਂ ਨੂੰ ਸਿਰਫ਼ ਗੇਟ ਵਾਲੀ ਸੁਵਿਧਾ 'ਚ ਹੀ ਰੱਖਣਾ ਠੀਕ ਰਹੇਗਾ ਤੇ ਇੰਨੇ ਜ਼ਿਆਦਾ ਵਿਅਕਤੀਆਂ ਲਈ ਸਾਂਭ-ਸੰਭਾਲ ਦੇ ਇੰਤਜ਼ਾਮ ਵੱਖਰੇ ਹਨ।

ਮੈਨੂੰ ਆਸ ਹੈ ਕਿ ਤੁਹਾਡਾ ਗਿੱਟਾ ਹੁਣ ਬਿਲਕੁਲ ਠੀਕ ਹੋ ਗਿਆ ਹੋਵੇਗਾ।

ਸਦਾ ਲਈ ਤੁਹਾਡਾ,
ਹਸਤਾਖਰ/- ਸ੍ਰੀ ਮਾਇਨੇ

## 130

(ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ)

ਅਲਾਹਾਬਾਦ ਦੇ ਮਾਲ ਵਿਭਾਗ ਦੇ ਸਦਰ-ਬੋਰਡ ਦੇ ਸ੍ਰੀ ਐੱਫ.ਓ. ਮਾਇਨੇ, ਸੀਬੀ ਦਾ ਇੱਕ ਨੀਮ-ਅਧਿਕਾਰਤ ਨੋਟ ਨਾਲ ਨੱਥੀ ਹੈ, ਜਿਨ੍ਹਾਂ ਸੁਝਾਅ ਦਿੱਤਾ ਹੈ ਕਿ ਕੈਦੀਆਂ ਨੂੰ ਹਿਰਾਸਤ 'ਚ ਰੱਖਣ ਲਈ ਚੁਨਾਰ ਇੱਕ ਵਾਜਬ ਜਗ੍ਹਾ ਹੈ। ਮੈਨੂੰ ਇਸ 'ਚ ਕੋਈ ਇਤਰਾਜ਼ ਨਹੀਂ ਜਾਪਦਾ। *ਈ.ਸੀ.ਬੀ., 29.1.1872*

**ਚੁਨਾਰ** ਥੋੜ੍ਹੀ ਹਟ ਕੇ ਜਗ੍ਹਾ ਹੈ ਅਤੇ ਇਸੇ ਕਾਰਣ ਕਰਕੇ ਮੈਨੂੰ ਇਹ ਅਲਾਹਾਬਾਦ ਤੋਂ ਵੱਧ ਢੁਕਵੀਂ ਜਾਪਦੀ ਹੈ, ਭਾਵੇਂ ਕੇਂਦਰੀ ਜੇਲ੍ਹ 'ਚ ਕੈਦੀਆਂ ਲਈ ਬਚ ਕੇ ਨਿਕਲਣ ਦਾ ਖ਼ਤਰਾ ਦਿਸਦਾ ਹੈ। ਮੇਰਾ ਵਿਚਾਰ ਹੈ ਕਿ ਉਨ੍ਹਾਂ ਨੂੰ ਚੁਨਾਰ ਭੇਜਣ ਦੇ ਹੁਕਮ ਜਾਰੀ ਹੋਣੇ ਚਾਹੀਦੇ ਹਨ। *ਜੇ.ਐੱਸ., 29.1.1872*

**ਚੁਨਾਰ** ਇਨ੍ਹਾਂ 11 ਜਣਿਆਂ ਲਈ ਬਹੁਤ ਠੀਕ ਰਹੇਗਾ ਪਰ ਇੱਥੇ ਹੋਰ ਕੈਦੀ ਰੱਖਣ ਦੇ ਕੋਈ ਸਾਧਨ ਨਹੀਂ ਹੋਣਗੇ, ਜੇ ਉਹ ਚੁਨਾਰ ਭੇਜਣੇ ਹੋਣ, ਪਹਿਲਾਂ ਇੱਕ ਚਿੱਠੀ ਫ਼ੌਜੀ ਵਿਭਾਗ ਨੂੰ ਭੇਜਣੀ ਚਾਹੀਦੀ ਹੈ ਕਿਉਂਕਿ ਕਿਲ੍ਹੇ ਦੇ ਕਮਾਂਡੈਂਟ ਨੂੰ ਹਦਾਇਤਾਂ ਭੇਜਣੀਆਂ ਚਾਹੀਦੀਆਂ ਹਨ। *ਐੱਚਡਬਲਿਊਐੱਨ 29.1.1872*

ਹੋਰ ਵਿਚਾਰ ਕਰਨ 'ਤੇ ਮੈਂ ਇਹੋ ਸੋਚਿਆ ਹੈ ਕਿ ਬਿਹਤਰ ਇਹੋ ਰਹੇਗਾ ਕਿ ਇਨ੍ਹਾਂ ਵਿਅਕਤੀਆਂ ਨੂੰ ਚੁਨਾਰ ਨਾ ਲਿਜਾਂਦਾ ਜਾਵੇ। ਇਨ੍ਹਾਂ ਨਾਲ ਸਿਆਸੀ ਕੈਦੀਆਂ ਦੀ ਥਾਂ ਜਿੰਨਾ ਅਪਰਾਧਾਂ ਦੇ ਦੋਸ਼ ਲੱਗੇ ਆਮ ਵਿਅਕਤੀਆਂ ਵਾਂਗ ਵਿਵਹਾਰ ਕੀਤਾ ਜਾਵੇ, ਓਨਾ ਹੀ ਬਿਹਤਰ ਰਹੇਗਾ। ਇਹ ਮੰਨ ਲੈਣਾ ਮੈਨੂੰ ਸਹੀ ਨਹੀਂ ਜਾਪਦਾ ਕਿ ਉਨ੍ਹਾਂ ਨੂੰ ਅਲਾਹਾਬਾਦ ਕੇਂਦਰੀ ਜੇਲ੍ਹ 'ਚ ਮੁਕੰਮਲ ਤੌਰ 'ਤੇ ਸੁਰੱਖਿਅਤ ਨਹੀਂ ਰੱਖਿਆ ਜਾ ਸਕਦਾ ਅਤੇ ਮੈਂ ਤਾਂ ਉੱਥੇ ਹੀ ਉਨ੍ਹਾਂ ਨੂੰ ਰੱਖਾਂਗਾ। ਇਸ ਦੌਰਾਨ ਪੰਜਾਬ ਸਰਕਾਰ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਅਜਿਹੇ ਵਿਅਕਤੀਆਂ ਦੀ ਸੁਣਵਾਈ ਕਰਨ 'ਚ ਕੋਈ ਢਿੱਲ ਨਾ ਕਰੇ, ਜਿਨ੍ਹਾਂ ਵਿਰੁੱਧ ਗਵਾਹ ਪੇਸ਼ ਕੀਤੇ ਜਾਣੇ ਹਨ।

*ਜੇ.ਐੱਸ. 30.1.1872*

ਮੈਨੂੰ ਲੱਗਦਾ ਹੈ ਕਿ ਇਹ ਬੁਰਾਈਆਂ ਦਾ ਸੰਤੁਲਨ ਹੈ। ਜੇਲ੍ਹ ਸੁਪਰਇੰਟੈਂਡੈਂਟ ਨੇ ਜੋ ਕੁਝ ਆਖਿਆ ਹੈ, ਉਸ ਦੇ ਮੱਦੇਨਜ਼ਰ ਮੈਂ ਉਨ੍ਹਾਂ ਨੂੰ ਕੇਂਦਰੀ ਜੇਲ੍ਹ 'ਚ ਨਹੀਂ ਭੇਜਣਾ ਪਸੰਦ ਨਹੀਂ ਕਰਾਂਗਾ ਅਤੇ ਜੇ ਇਹ ਉੱਥੋਂ ਬਚ ਕੇ ਨਿਕਲ ਗਏ ਜਾਂ ਅਜਿਹੀ ਕੋਸ਼ਿਸ਼ ਵੀ ਕੀਤੀ, ਤਾਂ ਉਹ ਬਹੁਤ ਹੀ ਗੰਭੀਰ ਮਸਲਾ ਬਣ ਜਾਵੇਗਾ। ਇਸ ਦੇ ਨਾਲ

ਹੀ ਸ੍ਰੀ ਸਟਾਰਕੀ ਦੇ ਇਸ ਵਿਚਾਰ ਨਾਲ ਸਹਿਮਤ ਹਾਂ ਕਿ ਉਨ੍ਹਾਂ ਨਾਲ ਜਿੱਥੋਂ ਤੱਕ ਸੰਭਵ ਹੋਵੇ, ਸਾਧਾਰਣ ਅਪਰਾਧੀਆਂ ਵਾਲਾ ਵਿਵਹਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਕਿਉਂ ਨਾ ਅਲੀਪੁਰ ਭੇਜ ਦਿੱਤਾ ਜਾਵੇ। ਉਹ ਉੱਥੇ ਸੁਰੱਖਿਅਤ ਰਹਿਣਗੇ।

ਚੁਨਾਰ ਕੁਝ ਮਾਮਲਿਆਂ 'ਚ ਸ਼ਾਇਦ ਬਿਹਤਰ ਰਹੇਗਾ ਅਤੇ ਲੋਕਾਂ ਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਉਹ ਕਿੱਥੇ ਹਨ। ਮੈਨੂੰ ਲੱਗਦਾ ਹੈ ਕਿ ਜਦੋਂ ਸਾਡੇ ਕੋਲ ਸਬੂਤ ਹਨ, ਤਾਂ ਉਨ੍ਹਾਂ ਨੂੰ ਸੁਣਵਾਈ ਲਈ ਪੰਜਾਬ ਵਾਪਸ ਭੇਜ ਦਿੱਤਾ ਜਾਵੇਗਾ।

*ਜੇ.ਐੱਸ.ਐੱਫ. 31.3.1872*

ਜੇ ਅਲਾਹਾਬਾਦ ਦੇ ਸਥਾਨਕ ਅਧਿਕਾਰੀ ਕੇਂਦਰੀ ਜੇਲ੍ਹ 'ਚ ਕੈਦੀਆਂ ਦੀ ਰਾਖੀ ਦੀ ਜ਼ਿੰਮੇਵਾਰੀ ਲੈਣ ਤੋਂ ਨਾਂਹ ਕਰ ਦਿੰਦੇ ਹਨ, ਤਾਂ ਚੁਨਾਰ ਠੀਕ ਰਹੇਗਾ। ਪਰ ਮੈਂ ਉਂਝ ਸ੍ਰੀ ਸਟਾਰਕੀ ਨਾਲ ਸਹਿਮਤ ਹਾਂ। *ਆਰ.ਟੀ., 31.1.1872*

## 131

ਫ਼ੌਜੀ ਵਿਭਾਗ,
ਭਾਰਤ ਸਰਕਾਰ,
30 ਜਨਵਰੀ, 1872

ਮੇਰੇ ਪਿਆਰੇ ਬੇਲੀ,

ਜੇ ਤੁਸੀਂ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਚੁਨਾਰ ਭੇਜਣ ਜਾ ਰਹੇ ਹੋ, ਤਾਂ ਮੇਰਾ ਵਿਚਾਰ ਹੈ ਕਿ ਗ੍ਰਹਿ ਵਿਭਾਗ ਨੂੰ ਫ਼ੌਜੀ ਵਿਭਾਗ ਨਾਲ ਗੱਲ ਕਰਨੀ ਚਾਹੀਦੀ ਹੈ ਕਿ ਕਿਹੋ ਜਿਹੀ ਜੇਲ੍ਹ ਚਾਹੀਦੀ ਹੈ। ਚੁਨਾਰ 'ਚ ਕੋਈ ਸਿਵਲ ਅਧਿਕਾਰੀ ਨਹੀਂ ਹੈ ਅਤੇ ਗੈਰੀਸਨ ਇੰਜੀਨੀਅਰ ਨੂੰ ਸਪੱਸ਼ਟ ਹੁਕਮ ਮਿਲਣੇ ਚਾਹੀਦੇ ਹਨ। ਉੱਥੇ ਸਿਰਫ਼ ਬਹਿਰੀਨ ਦੇ ਕੈਦੀਆਂ ਨੂੰ ਇੱਕ ਵਿਹੜੇ 'ਚ ਰੱਖਿਆ ਗਿਆ ਹੈ ਤੇ ਉੱਥੇ ਬਹੁਤ ਵਧੀਆ ਕੁਆਰਟਰ ਹਨ, ਉਨ੍ਹਾਂ ਦੇ ਆਪਣੇ ਨੌਕਰਾਂ ਨੂੰ ਉਹੋ ਜਿਹਾ ਭੋਜਨ ਬਣਾਉਣ ਦੀ ਇਜਾਜ਼ਤ ਹੈ, ਜਿਹੋ ਜਿਹਾ ਵੀ ਉਹ ਚਾਹੁੰਦੇ ਹਨ।

ਤੁਹਾਡਾ,
ਹਸਤਾਖਰ/-

## 132

*ਨੰ. 26, ਮਿਤੀ 26 ਜਨਵਰੀ, 1872*

ਵੱਲੋਂ

ਐੱਲ. ਕਾਵਨ, ਐਸਕ.,
ਕਾਰਜਕਾਰੀ ਡਿਪਟੀ ਕਮਿਸ਼ਨਰ,
ਲੁਧਿਆਣਾ।

ਵੱਲ

ਟੀ.ਡੀ. ਫ਼ਾਰਸਿਥ ਐਸਕ., ਸੀ.ਬੀ.,
ਕਮਿਸ਼ਨਰ, ਅੰਬਾਲਾ ਡਿਵੀਜ਼ਨ।

ਤਾਰ ਮਿਲਣ 'ਤੇ, ਜਿਸ ਦੀ ਕਾਪੀ ਨਾਲ ਨੱਥੀ ਹੈ, ਮੈਂ ਪੁਲਿਸ ਸੁਪਰਇੰਟੈਂਡੈਂਟ ਦੇ ਸਹਾਇਕ ਸ੍ਰੀ ਜੈਕਸਨ ਦੀ ਡਿਊਟੀ ਭੈਣੀ ਵਿਖੇ (ਗੁਰੂ) ਰਾਮ ਸਿੰਘ ਜੀ ਦੀ ਰਿਹਾਇਸ਼ਗਾਹ 'ਤੇ ਬਾਰੀਕੀ ਨਾਲ ਹਥਿਆਰ ਤੇ ਖ਼ਜ਼ਾਨਾ ਲੱਭਣ ਲਈ ਲਾਈ ਸੀ।

2. ਸ੍ਰੀ ਜੈਕਸਨ ਪਰਤ ਆਏ ਹਨ ਤੇ ਰਿਪੋਰਟ ਦਿੱਤੀ ਹੈ ਕਿ ਉਨ੍ਹਾਂ ਨੇ ਹਰ ਪਾਸੇ ਤਲਾਸ਼ੀ ਲੈ ਲਈ ਹੈ, ਜ਼ਮੀਨਾਂ ਵੀ ਇੱਕ ਵਰਨਣਯੋਗ ਡੂੰਘਾਈ ਤੱਕ ਪੁੱਟ ਕੇ ਵੇਖ ਲਈਆਂ ਹਨ ਕਿਉਂਕਿ ਉਨ੍ਹਾਂ ਸੋਚਿਆ ਸੀ ਕਿ ਸ਼ਾਇਦ ਕਿਤੇ ਉੱਥੇ ਹਥਿਆਰ ਜਾਂ ਖ਼ਜ਼ਾਨਾ ਨਾ ਦੱਬ ਕੇ ਰੱਖਿਆ ਹੋਵੇ ਪਰ ਕੁਝ ਨਹੀਂ ਮਿਲਿਆ।

3. (ਗੁਰੂ) ਰਾਮ ਸਿੰਘ ਜੀ ਦੀ ਜ਼ਿਆਦਾਤਰ ਆਮਦਨ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਦਿੱਤੇ ਜਾਣ ਵਾਲੇ ਤੋਹਫ਼ਿਆਂ ਤੋਂ ਸੀ। ਪਟਿਆਲਾ ਰਿਆਸਤ ਦੇ ਜਗੀਰਦਾਰ ਸਰਦਾਰ ਮੰਗਲ ਸਿੰਘ ਨੇ ਉਨ੍ਹਾਂ ਨੂੰ ਕਾਫ਼ੀ ਜ਼ਿਆਦਾ ਧਨ ਦਿੱਤਾ ਸੀ, ਜਿਨ੍ਹਾਂ ਨੂੰ ਮਹਾਰਾਜੇ ਨੇ ਪਿੱਛੇ ਜਿਹੇ ਗ੍ਰਿਫ਼ਤਾਰ ਕਰ ਲਿਆ ਹੈ ਪਰ ਉਨ੍ਹਾਂ ਦੇ ਖ਼ਰਚੇ ਬਹੁਤ ਜ਼ਿਆਦਾ ਸਨ। ਬਾਬਾ ਜੀ ਰੋਜ਼ਾਨਾ ਵੱਡੀ ਗਿਣਤੀ 'ਚ ਲੋਕਾਂ ਨੂੰ ਲੰਗਰ ਛਕਾਉਂਦੇ ਸਨ ਤੇ ਇਹ ਨਹੀਂ ਲੱਗਦਾ ਕਿ ਉਨ੍ਹਾਂ ਕੋਈ ਖ਼ਜ਼ਾਨਾ ਇਕੱਠਾ ਕੀਤਾ ਹੋਵੇਗਾ। (ਗੁਰੂ) ਰਾਮ ਸਿੰਘ ਜੀ ਨੂੰ ਆਪਣੇ ਪੈਰੋਕਾਰਾਂ ਨੂੰ ਧਨ ਉਧਾਰ ਦੇਣ ਦੀ ਆਦਤ ਸੀ ਤੇ ਇੰਝ ਸੰਭਾਵੀ ਤੌਰ 'ਤੇ ਚੋਖਾ ਧਨ ਵੰਡ ਦਿੱਤਾ ਜਾਂਦਾ ਸੀ; ਅਤੇ ਇਹ ਮੰਨਿਆ ਜਾਂਦਾ ਹੈ ਕਿ ਜਦੋਂ ਵੱਡੀਆਂ ਰਕਮਾਂ ਮਿਲਦੀਆਂ ਸਨ, ਤਾਂ ਸੂਬੇ ਲੱਖਾ ਸਿੰਘ, ਸੋਭਾ ਸਿੰਘ ਤੇ ਗੋਪਾਲ ਸਿੰਘ ਆਪਣੇ ਖ਼ੁਦ ਦੇ ਵਰਤਣ ਲਈ ਉਨ੍ਹਾਂ ਵਿੱਚੋਂ ਚੋਖਾ ਹਿੱਸਾ ਲੈ ਲੈਂਦੇ ਸਨ।

4. ਕਰਨਲ ਬੇਲੀ ਨੇ ਅਨਾਜ (ਕੋਈ ਬਹੁਤਾ ਭੰਡਾਰ ਕਰ ਕੇ ਨਹੀਂ ਰੱਖਿਆ ਸੀ), ਕੱਪੜੇ, ਗਹਿਣੇ ਆਦਿ ਸਮੇਤ ਬਾਬਾ ਰਾਮ ਸਿੰਘ ਦੀ ਸਾਰੀ ਨਿਜੀ ਜਾਇਦਾਦ ਕੁਰਕ ਕਰ ਦਿੱਤੀ ਸੀ ਅਤੇ ਮੈਨੂੰ ਕੁਝ ਦਿਨ ਪਹਿਲਾਂ ਪਤਾ ਲੱਗਾ ਹੈ ਤੇ ਹੈਰਾਨੀ ਹੋਈ ਕਿ ਭੈਣੀ 'ਚ ਸਥਾਨਕ ਪੁਲਿਸ ਅਧਿਕਾਰੀ ਉਸੇ ਅਨਾਜ ਦੇ ਭੰਡਾਰ 'ਚੋਂ ਬਾਬਾ ਰਾਮ ਸਿੰਘ ਜੀ ਦੇ ਪਰਿਵਾਰ ਦੇ ਮੈਂਬਰਾਂ ਨੂੰ ਰਾਸ਼ਨ ਦੇ ਰਿਹਾ ਸੀ। ਮੈਨੂੰ ਲੱਗਦਾ ਹੈ ਕਿ ਇਹ ਕਾਰਵਾਈਆਂ ਤੁਹਾਡੀਆਂ ਹੱਦੋਂ ਵੱਧ ਹਦਾਇਤਾਂ ਕਰਕੇ ਹਨ ਕਿਉਂਕਿ ਮੈਂ ਉਨ੍ਹਾਂ ਨੂੰ ਸਮਝਦਾ ਹਾਂ ਅਤੇ ਬੇਹੱਦ ਬੇਲੋੜੀਆਂ ਹਨ। ਮੈਂ ਹਦਾਇਤ ਕੀਤੀ ਹੈ ਕਿ ਅਨਾਜ, ਘਰੇਲੂ ਵਰਤੋਂ ਵਾਲੀਆਂ ਵਸਤਾਂ ਆਦਿ ਉਨ੍ਹਾਂ ਦੇ ਪਿਤਾ, ਭਰਾ ਤੇ ਧੀ ਨੂੰ ਦੇ ਦਿੱਤੀਆਂ ਜਾਣ, ਜੋ ਭੈਣੀ ਵਿਖੇ ਰਹਿ ਰਹੇ ਹਨ।

5. ਘਰ 'ਚੋਂ ਮਿਲੇ ਕੱਪੜੇ, ਗਹਿਣੇ ਤੇ ਧਨ ਕਰਨਲ ਬੇਲੀ ਨੇ ਮੈਨੂੰ ਭੇਜ ਦਿੱਤਾ ਸੀ। ਉਨ੍ਹਾਂ ਦੀ ਕੀਮਤ ਸ਼ਾਇਦ 2,000/- ਰੁਪਏ ਤੋਂ ਵੱਧ ਨਹੀਂ ਹੈ। ਮੈਂ ਅਲਾਹਾਬਾਦ ਦੇ ਮੈਜਿਸਟ੍ਰੇਟ ਨੂੰ ਚਿੱਠੀ ਲਿਖ ਕੇ ਇਹ ਜਾਣਨਾ ਚਾਹਿਆ ਹੈ ਕਿ ਕੀ ਮੈਂ ਬਾਬਾ ਰਾਮ ਸਿੰਘ ਜੀ ਦੇ ਕੱਪੜਿਆਂ ਵਾਲੀ ਅਲਮਾਰੀ ਉਨ੍ਹਾਂ ਕੋਲ ਭੇਜਾਂ ਅਤੇ ਇੱਛਾ ਪ੍ਰਗਟਾਈ

ਹੈ ਕਿ ਉਹ ਉਹ (ਗੁਰੂ) ਰਾਮ ਸਿੰਘ ਜੀ ਤੋਂ ਪੁੱਛਣ ਕਿ ਮੈਂ ਧਨ ਤੇ ਗਹਿਣੇ ਕਿਸ ਨੂੰ ਦੇਵਾਂ।

6. ਭਗਵਾਨ ਸਿੰਘ, ਇੱਕ ਬਾਗ਼ੀ ਜਿਸ ਨੂੰ ਤੁਸੀਂ ਮਲੌਦ 'ਚ ਮੌਤ ਦੀ ਸਜ਼ਾ ਦਿੱਤੀ ਸੀ, ਨੇ ਮੈਨੂੰ ਹਮਲਾਵਰਾਂ ਦੇ ਆਗੂਆਂ ਦੀ ਮਨਸ਼ਾ ਬਾਰੇ ਕੁਝ ਹੋਰ ਜਾਣਕਾਰੀ ਦਿੱਤੀ ਹੈ। ਜੇ ਉਹ ਕੋਟਲਾ 'ਚੋਂ ਹਥਿਆਰ ਲੈਣ ਵਿੱਚ ਸਫ਼ਲ ਹੋ ਜਾਂਦੇ, ਤਾਂ ਉਨ੍ਹਾਂ ਨਾਲ ਵੱਡੀ ਗਿਣਤੀ 'ਚ ਹੋਰਨਾਂ ਨੇ ਵੀ ਆ ਕੇ ਜੁੜ ਜਾਣਾ ਸੀ। ਤਦ ਮੁੱਖ ਦਲ ਨੇ ਨਾਭਾ 'ਤੇ ਹਮਲਾ ਕਰਨ ਜਾਣਾ ਸੀ, ਇੱਕ ਟੁਕੜੀ ਨੇ ਅੰਬਾਲਾ ਵਾਲੇ ਪਾਸੇ ਰੇਲ ਪਟੜੀਆਂ ਉਖਾੜਨੀਆਂ ਸਨ, ਤਾਂ ਜੋ ਹੋਰ ਸੁਰੱਖਿਆ ਬਲ ਦਿੱਲੀ ਤੋਂ ਪੁੱਜ ਨਾ ਸਕਣ ਅਤੇ ਏਜੰਟ ਫ਼ਿਰੋਜ਼ਪੁਰ ਅਤੇ ਲਾਹੌਰ ਭੇਜੇ ਜਾਣੇ ਸਨ, ਜਿੱਥੇ ਉਨ੍ਹਾਂ ਥਾਵਾਂ 'ਤੇ ਬਗ਼ਾਵਤ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕੇ।

## 133

*ਮਿਤੀ 30 ਜਨਵਰੀ, 1872*

*ਵੱਲੋਂ*

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਟੀ.ਡੀ. ਫ਼ਾਰਸਿਥ, ਐਸਕ., ਸੀ.ਬੀ.,
ਕਮਿਸ਼ਨਰ ਅਤੇ ਸੁਪਰਇੰਟੈਂਡੈਂਟ,
ਅੰਬਾਲਾ ਡਿਵੀਜ਼ਨ।

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵੱਲੋਂ ਤੁਹਾਡੇ ਪਤੇ 'ਤੇ ਭੇਜੇ ਪੱਤਰ ਨੰ. 26, ਮਿਤੀ 26 ਜਨਵਰੀ, ਪੈਰਾ; 5 ਦੇ ਹਵਾਲੇ ਨਾਲ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਜ਼ੇਰੇ ਗ਼ੌਰ ਕੋਈ ਧਨ ਜਾਂ ਗਹਿਣੇ ਸਰਕਾਰ ਦੇ ਸਿੱਧੇ ਹੁਕਮਾਂ ਤੋਂ ਬਗ਼ੈਰ (ਗੁਰੂ) ਰਾਮ ਸਿੰਘ ਜੀ ਦੇ ਕਿਸੇ ਨਾਮਜ਼ਦ ਵਿਅਕਤੀ ਨੂੰ ਨਾ ਦਿੱਤੇ ਜਾਣ।

ਇਹ ਮੰਨਿਆ ਜਾਂਦਾ ਹੈ ਕਿ ਭਗਵਾਨ ਸਿੰਘ ਦਾ ਬਿਆਨ ਰਸਮੀ ਤੌਰ 'ਤੇ ਦਰਜ ਕਰ ਲਿਆ ਗਿਆ ਹੈ ਅਤੇ ਇਹ ਛੇਤੀ ਹੀ ਭੇਜ ਦਿੱਤਾ ਜਾਵੇਗਾ।

## 134

*ਨੰ. 38ਸੀ,* *ਮਿਤੀ ਕੈਂਪ ਛੋਟਾ ਥਾਣਾ ਮਿਤੀ 27 ਜਨਵਰੀ, 1872*

*ਵੱਲੋਂ*

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਈ.ਸੀ. ਬੇਲੀ, ਐਸਕ., ਸੀਐੱਸਆਈ,

ਸਕੱਤਰ, ਭਾਰਤ ਸਰਕਾਰ।

ਮੇਰੇ ਇਸੇ ਮਹੀਨੇ ਦੀ 19 ਤਰੀਕ ਦੇ ਡਿਸਪੈਚ ਨੰ. 23ਸੀ ਦੀ ਨਿਰੰਤਰਤਾ ’ਚ, ਉਸ ਦੇ ਨਾਲ ਅੰਬਾਲਾ ਦੇ ਕਮਿਸ਼ਨਰ ਸ੍ਰੀ ਟੀ.ਡੀ ਫ਼ਾਰਸਿਥ, ਸੀ.ਬੀ. ਦੇ 24 ਜਨਵਰੀ ਦੀ ਚਿੱਠੀ ਨੰ. 35 ਦੀ ਕਾਪੀ ਭੇਜਦਿਆਂ, ਜੋ (ਗੁਰੂ) ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਬਾਹਰ ਭੇਜਣ ਦੇ ਵਿਸ਼ੇ ਨਾਲ ਸੰਬੰਧਤ ਹੈ। ਮੈਂ ਇਹ ਜਾਣਨ ਦਾ ਇੱਛੁਕ ਹਾਂ ਕਿ ਸ੍ਰੀ ਫਾਰਸਿਥ ਸ਼ਾਇਦ ਇਸ ਸ਼ੰਕੇ ’ਚ ਹੋਣ ਕਿ ਹੁਣ ਕੀ ਕਰਨਾ ਚਾਹੀਦਾ ਹੈ ਕਿਉਂਕਿ ਉਹ ਉੱਥੇ ਮੌਜੂਦ ਸਨ, ਜਦੋਂ ਲੈਫ਼ਟੀਨੈਂਟ ਗਵਰਨਰ ਨੇ ਮਹਾਮਹਿਮ ਕਮਾਂਡਰ-ਇਨ-ਚੀਫ਼ ਨੂੰ ਵਿਸਥਾਰ ਨਾਲ ਦੱਸਿਆ ਸੀ ਕਿ ਬਾਬਾ (ਗੁਰੂ) ਰਾਮ ਸਿੰਘ ਜੀ ਨੂੰ ਲਿਆਉਣ ਵਿੱਚ ਮਦਦ ਕਰਨ ਲਈ ਦਿੱਲੀ ਤੋਂ ਫ਼ੌਜੀ ਦਸਤਿਆਂ ਦਾ ਇੱਕ ਹਿੱਸਾ ਭੇਜਣ ਦੀ ਜ਼ਰੂਰਤ ਹੋਵੇਗੀ।

## 135

*ਮਿਤੀ 28 ਜਨਵਰੀ, 1872*

ਲੁਧਿਆਣਾ ਦੇ ਕਾਰਜਕਾਰੀ ਤਹਿਸੀਲਦਾਰ ਲਹਿਣਾ ਸਿੰਘ ਦਾ ਵਿਧੀਪੂਰਵਕ ਬਿਆਨ। ਮੈਂ ਤੁਹਾਡੇ ਹੁਕਮ ਅਨੁਸਾਰ ਇਸੇ ਮਹੀਨੇ ਦੀ 15 ਤਰੀਕ ਨੂੰ (ਗੁਰੂ) ਰਾਮ ਸਿੰਘ ਜੀ ਨੂੰ ਇਹ ਸੂਚਿਤ ਕਰਨ ਲਈ ਭੈਣੀ ਗਿਆ ਸਾਂ ਕਿ ਉਹ ਅਗਲੇ ਦਿਨ ਤੁਹਾਨੂੰ ਮਲੌਦ ’ਚ ਮਿਲਣ। ਬਾਬਾ (ਗੁਰੂ) ਰਾਮ ਸਿੰਘ ਜੀ ਨੇ ਮੈਨੂੰ ਦੱਸਿਆ ਕਿ ਲਹਿਣਾ ਸਿੰਘ ਤੇ ਹੀਰਾ ਸਿੰਘ ਦੀ ਅਗਵਾਈ ਹੇਠ ਕੂਕਿਆਂ ਦਾ ਗਿਰੋਹ ਕਿਸੇ ਸਥਾਨ ’ਤੇ ਹਮਲਾ ਕਰਨ ਗਿਆ ਸੀ ਅਤੇ ਉਨ੍ਹਾਂ ਨੇ ਇਹ ਜਾਣਕਾਰੀ ਉਸ ਟੋਲੀ ਦੀ ਰਵਾਨਗੀ ਮੌਕੇ ਪੁਲਿਸ ਨੂੰ ਦਿੱਤੀ ਸੀ। ਉਨ੍ਹਾਂ ਦੱਸਿਆ ਸੀ ਕਿ ਉਨ੍ਹਾਂ ਨਾਲ ਹੋਰ ਬਹੁਤ ਸਾਰੇ ਆ ਕੇ ਜੁੜਨਗੇ ਅਤੇ ਉਨ੍ਹਾਂ ਨੂੰ ਖ਼ਦਸ਼ਾ ਸੀ ਕਿ ਕੋਈ ਬਹੁਤ ਵੱਡਾ ਫ਼ਸਾਦ ਹੋਣ ਜਾ ਰਿਹਾ ਹੈ। (ਗੁਰੂ) ਰਾਮ ਸਿੰਘ ਜੀ ਨੇ ਮੈਨੂੰ ਦੱਸਿਆ ਸੀ ਕਿ ਭੈਣੀ ’ਚ ਪਿਛਲੇ ਦੁਸਹਿਰਾ ਤਿਉਹਾਰ ਮੌਕੇ ਲਹਿਣਾ ਸਿੰਘ ਤੇ ਹੀਰਾ ਸਿੰਘ ਸਮੇਤ ਅਨੇਕ ਕੂਕਿਆਂ ਨੇ ਆਪਣੇ ਧਰਮ ਲਈ ਬਗ਼ਾਵਤ ਕਰਨ ਦੀ ਯੋਜਨਾ ਉਲੀਕੀ ਸੀ ਅਤੇ ਤਦ ਉਨ੍ਹਾਂ ਨੇ ਉਨ੍ਹਾਂ ਸਭਨਾਂ ਨੂੰ ਸ਼ਾਂਤੀ ਕਾਇਮ ਰੱਖਣ ਲਈ ਕਿਹਾ ਸੀ ਅਤੇ ਉਨ੍ਹਾਂ ’ਚੋਂ ਬਹੁਤਿਆਂ ਨੂੰ ਪਿੰਡ ਤੋਂ ਬਾਹਰ ਕੱਢ ਦਿੱਤਾ ਸੀ। ਜਦੋਂ ਮੈਂ ਉਨ੍ਹਾਂ ਨੂੰ ਹੋਰ ਜਾਣਕਾਰੀ ਦੇਣ ਲਈ ਆਖਿਆ ਤਾਂ ਉਨ੍ਹਾਂ ਕਿਹਾ ਕਿ ਇਸ ਗਿਰੋਹ ਨੇ ਉਨ੍ਹਾਂ ਨੂੰ ਬਹੁਤਾ ਕੁਝ ਨਹੀਂ ਦੱਸਿਆ ਪਰ ਉਨ੍ਹਾਂ ਦੇ ਸੂਬਿਆਂ ਲੱਖਾ ਸਿੰਘ ਤੇ ਸਾਹਿਬ ਸਿੰਘ ਦੀ ਮਨਸ਼ਾ ਧਰਮ ਲਈ ਬਗ਼ਾਵਤ ਕਰਨ ਦੀ ਹੈ।

ਨੰਬਰਦਾਰਾਂ ਨੇ ਮੈਨੂੰ ਦੱਸਿਆ ਕਿ ਉਹ ਗਿਰੋਹ ਕੋਟਲਾ ’ਤੇ ਹਮਲਾ ਕਰਨ ਲਈ ਗਿਆ ਹੈ ਤੇ ਉਸ ਤੋਂ ਬਾਅਦ ਉਹ ਜੀਂਦ ’ਤੇ ਹਮਲਾ ਕਰਨਗੇ ਅਤੇ ਰੇਲ ਪਟੜੀਆਂ

ਤਬਾਹ ਕਰਨਗੇ ਪਰ ਨੰਬਰਦਾਰ ਕਾਫ਼ੀ ਡਰੇ ਹੋਏ ਸਨ ਤੇ ਉਨ੍ਹਾਂ ਕੋਲ ਜੋ ਵੀ ਜਾਣਕਾਰੀ ਸੀ, ਉਹ ਦੱਸਣ ਤੋਂ ਸਪੱਸ਼ਟ ਤੌਰ 'ਤੇ ਡਰਦੇ ਸਨ।

ਇਸ 28 ਜਨਵਰੀ ਨੂੰ ਮੇਰੇ ਸਾਹਮਣੇ ਇਹ ਬਿਆਨ ਦਿੱਤਾ ਗਿਆ।

ਐੱਲ. ਕਾਵਨ,
ਕਾਰਜਕਾਰੀ ਡਿਪਟੀ ਕਮਿਸ਼ਨਰ।

## 136

*ਤਾਰ ਮਿਤੀ 29 ਜਨਵਰੀ, 1872*

*ਵੱਲੋਂ*

ਸਕੱਤਰ, ਪੰਜਾਬ ਸਰਕਾਰ, ਕੈਂਪ: ਦਿੱਲੀ।

*ਵੱਲ*

ਗ੍ਰਿਹ ਸਕੱਤਰ, ਕਲਕੱਤਾ।

ਤੁਹਾਡੀ ਚਿੱਠੀ ਨੰ. 122 ਮਿਤੀ 24 ਜਨਵਰੀ, ਲੈਫ਼. ਗਵਰਨਰ ਦੀ ਬੇਨਤੀ ਹੈ ਕਿ ਤੁਹਾਡੀ ਚਿੱਠੀ ਦੇ ਚੌਥੇ ਪੈਰੇ ਅਨੁਸਾਰ ਕਾਰਵਾਈ ਉਦੋਂ ਤੱਕ ਨਾ ਕੀਤੀ ਜਾਵੇ ਜਦੋਂ ਤੱਕ ਕਿ ਇਸੇ ਮਹੀਨੇ ਦੀ 26 ਤਰੀਕ ਦੀ ਮੇਰੀ ਚਿੱਠੀ ਨਾ ਮਿਲ ਜਾਵੇ, ਜਿਸ ਵਿੱਚ ਮਾਣਯੋਗ ਸਾਹਿਬ ਦੇ ਵਿਚਾਰ ਤੇ ਡਿਪਟੀ ਕਮਿਸ਼ਨਰ ਦਾ ਸਪੱਸ਼ਟੀਕਰਣ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਡਿਪਟੀ ਕਮਿਸ਼ਨਰ ਦਾ ਆਚਾਰ-ਵਿਹਾਰ ਡਿਵੀਜ਼ਨ ਦੇ ਕਮਿਸ਼ਨਰ ਤੋਂ ਨਿਖੇੜ ਕੇ ਨਹੀਂ ਵਿਚਾਰਿਆ ਜਾ ਸਕਦਾ।

**(ਗੁਪਤ)**

*ਨੰ. 44ਸੀ,* *ਮਿਤੀ ਕੈਂਪ ਸਿਰਧਾਣਾ, ਮਿਤੀ 30 ਜਨਵਰੀ, 1870*

*ਵੱਲੋਂ*

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਈਸੀ ਬੇਲੀ, ਐਸਕ., ਸੀਐੱਸਆਈ.,
ਸਕੱਤਰ, ਭਾਰਤ ਸਰਕਾਰ।

ਮੇਰੇ ਪੱਤਰ ਨੰ. 35ਸੀ, ਮਿਤੀ 24 ਜਨਵਰੀ ਦੀ ਨਿਰੰਤਰਤਾ 'ਚ, ਮੈਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵੱਲੋਂ ਪੇਸ਼ ਕੀਤੀ ਰਿਪੋਰਟ ਨੰ. 26 ਮਿਤੀ 26 ਜਨਵਰੀ ਦੀ ਇੱਕ ਕਾਪੀ ਭੇਜਣੀ ਚਾਹੁੰਦਾ ਹਾਂ, ਜਿਸ ਵਿੱਚ ਭੈਣੀ ਵਿਖੇ ਬਾਬਾ ਰਾਮ ਸਿੰਘ ਜੀ ਦੇ ਪਰਿਸਰ ਦੀ ਤਲਾਸ਼ੀ ਦਾ ਨਤੀਜਾ ਦਰਜ ਹੈ। ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਨੂੰ ਮੇਰੇ ਜਵਾਬ ਦੀ ਕਾਪੀ ਵੀ ਜਾਣਕਾਰੀ ਲਈ ਭੇਜੀ ਜਾ ਰਹੀ ਹੈ।

## 137

*ਤਾਰ, ਮਿਤੀ 4 ਫ਼ਰਵਰੀ, 1872*

ਵੱਲੋਂ

ਗ੍ਰਹਿ ਸਕੱਤਰ, ਕਲਕੱਤਾ।

ਵੱਲ

ਸਕੱਤਰ, ਪੰਜਾਬ ਸਰਕਾਰ, ਕੈਂਪ ਬਰਾਸਤਾ ਅੰਬਾਲਾ।

ਲਾਈਨ ਸਾਫ਼ ਕਰੋ – ਤੁਹਾਡੀ ਤਾਰ 29 ਜਨਵਰੀ ਤੇ ਪੱਤਰ ਮਿਤੀ 26. ਤਾਜ਼ਾ ਦਸਤਾਵੇਜ਼ਾਂ 'ਚ ਮੇਰੇ 24 ਜਨਵਰੀ ਦੇ ਪੱਤਰ ਪੈਰਾ 2 ਵਿੱਚ ਦਰਜ ਵਿਚਾਰ ਬਦਲਿਆ ਨਹੀਂ ਗਿਆ ਹੈ ਅਤੇ ਭਾਰਤ ਸਰਕਾਰ ਦੀ ਲੈਫ਼ਟੀਨੈਂਟ ਗਵਰਨਰ ਨੂੰ ਬੇਨਤੀ ਹੈ ਕਿ ਉਹ ਉਸੇ ਪੱਤਰ ਦੇ ਪੈਰਾ 3 ਮੁਤਾਬਕ ਕਾਰਵਾਈ ਕਰੇ।

## 138

*ਮਿਤੀ 29 ਜਨਵਰੀ, 1872*

ਵੱਲੋਂ

ਮੇਜਰ ਈ.ਐੱਚ. ਪਾਸਕੇ,
ਕਾਰਜਕਾਰੀ ਕਮਿਸ਼ਨਰ ਅਤੇ ਸੁਪਰਇੰਟੈਂਡੈਂਟ,
ਜਲੰਧਰ ਡਿਵੀਜ਼ਨ

ਵੱਲ

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਮੈਂ ਇਹ ਗੱਲ ਸਥਾਨਕ ਸਰਕਾਰ ਦੇ ਧਿਆਨ ਗੋਚਰੇ ਲਿਆਉਣਾ ਆਪਣਾ ਫ਼ਰਜ਼ ਸਮਝਦਾ ਹਾਂ ਕਿ ਲੁਧਿਆਣਾ ਜ਼ਿਲ੍ਹੇ 'ਚ ਕੂਕਿਆਂ ਦੀ ਹਾਲੀਆ ਬਗ਼ਾਵਤ ਮੌਕੇ ਕਪੂਰਥਲਾ ਦੇ ਰਾਜਾ ਨੇ ਚੰਗੀ ਭਾਵਨਾ ਦਾ ਰੁਝਾਨ ਵਿਖਾਇਆ ਹੈ।

2. ਗੜਬੜੀ ਦੀ ਖ਼ੁਫ਼ੀਆ ਜਾਣਕਾਰੀ ਮਿਲਣ 'ਤੇ ਅਤੇ ਇਸ ਸਟੇਸ਼ਨ ਤੋਂ ਫ਼ੌਜੀ ਦਸਤਿਆਂ ਦੇ ਸੱਦੇ 'ਤੇ ਰਾਜਾ ਨੇ ਤੁਰੰਤ ਮੇਰੇ ਨਾਲ ਗੱਲ ਕੀਤੀ ਤੇ ਮਹਾਮਹਿਮ ਦੇ ਸਾਰੇ ਫ਼ੌਜੀ ਦਸਤੇ ਸਰਕਾਰ ਲਈ ਭੇਜ ਦਿੱਤੇ।

3. ਮੈਂ ਪਹਿਲਾਂ ਵੀ ਸਰਕਾਰ ਨੂੰ ਜਾਣਕਾਰੀ ਦੇ ਚੁੱਕਾ ਹਾਂ ਕਿ ਕੁਝ ਕਾਰਣਾਂ ਕਰਕੇ ਇਸ ਪੇਸ਼ਕਸ਼ ਦਾ ਲਾਹਾ ਲੈਣਾ ਚਾਹੁੰਦਾ ਹਾਂ। ਪਰ ਮੈਂ ਰਾਜਾ ਨੂੰ ਬੇਨਤੀ ਕੀਤੀ ਕਿ ਉਹ 300 ਪੈਦਲ ਫ਼ੌਜੀ ਜਵਾਨਾਂ ਤੇ 50 ਘੁੜਸਵਾਰਾਂ ਦੀ ਇੱਕ ਟੁਕੜੀ ਨੂੰ ਕਪੂਰਥਲਾ 'ਚ ਤਿਆਰ ਰੱਖਣ, ਜੋ ਕਿਸੇ ਵੀ ਸਮੇਂ ਤੁਰੰਤ ਕੂਚ ਕਰਨ ਲਈ ਤਿਆਰ ਰਹੇ, ਜਦੋਂ ਵੀ ਉਨ੍ਹਾਂ ਦੀਆਂ ਸੇਵਾਵਾਂ ਲੋੜੀਂਦੀਆਂ ਹੋਣ ਤਾਂ ਇੱਕ ਬੇਨਤੀ 'ਤੇ ਉਹ ਤੁਰੰਤ ਪਾਲਣਾ ਕਰੇ। ਉਂਝ ਹਾਲੇ ਤੱਕ ਮੈਂ ਇਸ ਟੁਕੜੀ ਦੀ ਕੋਈ ਸੇਵਾ ਨਹੀਂ ਲਈ ਹੈ।

4. ਇਸ ਜ਼ਿਲ੍ਹੇ 'ਚ ਰਾਹੋਂ ਵਿਖੇ ਕੂਕਿਆਂ ਦੇ ਇੱਕ ਪ੍ਰਦਰਸ਼ਨ ਦੀ ਖ਼ੁਫ਼ੀਆ ਜਾਣਕਾਰੀ ਦੋਬਾਰਾ ਮਿਲੀ, ਤਾਂ ਮੈਂ ਰਾਜਾ ਨੂੰ 100 ਪੈਦਲ ਫ਼ੌਜੀ ਜਵਾਨਾਂ ਤੇ 25 ਘੁੜਸਵਾਰਾਂ ਦੀ ਇੱਕ ਛੋਟੀ ਟੁਕੜੀ ਭੇਜਣ ਦੀ ਬੇਨਤੀ ਕੀਤੀ, ਜੋ ਮਾਣਯੋਗ ਮਹਾਰਾਜਾ ਦੀ ਬਾਹਰਲੀ ਫ਼ਗਵਾੜਾ ਤਹਿਸੀਲ ਦੀਆਂ ਚੌਕੀਆਂ ਨੂੰ ਮਜ਼ਬੂਤ ਕਰ ਸਕੇ ਅਤੇ ਉਨ੍ਹਾਂ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਮਦਦ ਕਰ ਸਕੇ, ਜੇ ਕਦੇ ਉਹ ਦੇਸ਼ ਦੇ ਉਸ ਹਿੱਸੇ ਰਾਹੀਂ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨ। ਇੱਕ ਵਾਰ ਫਿਰ ਇਹ ਬੇਨਤੀ ਪ੍ਰਵਾਨ ਕਰ ਲਈ, ਭਾਵੇਂ ਫ਼ੌਜੀ ਦਸਤਿਆਂ ਨੂੰ ਕੋਈ ਜੰਗ ਕਰਨ ਦੀ ਲੋੜ ਨਹੀਂ ਪਈ, ਇਸ ਲਈ ਉਹ ਤਿੰਨ ਜਾਂ ਚਾਰ ਦਿਨਾਂ ਵਿੱਚ ਕਪੂਰਥਲਾ ਪਰਤ ਗਏ ਸਨ। ਜਲੰਧਰ ਤੇ ਫ਼ਿਲੌਰ 'ਚ ਹਰੇਕ ਉਪਲਬਧ ਵਿਅਕਤੀ, ਪੁਲਿਸ ਬਲ ਦੇ ਘੁੜਸਵਾਰ ਤੇ ਪੈਦਲ ਜਵਾਨ ਕਿਉਂਕਿ ਸਤਲੁਜ ਵਾਲੇ ਪਾਸੇ ਕਿਸ਼ਤੀਆਂ ਤੇ ਘਾਟਾਂ 'ਤੇ ਨਜ਼ਰ ਰੱਖਣ ਲਈ ਭੇਜੇ ਜਾ ਚੁੱਕੇ ਸਨ, ਮੈਂ ਰਾਜਾ ਨੂੰ ਬੇਨਤੀ ਕੀਤੀ ਕਿ ਉਹ ਛੇ ਜਾਂ ਅੱਠ ਘੁੜਸਵਾਰ ਅਰਦਲੀ ਭੇਜਣ, ਜੋ ਫ਼ੌਜੀ ਛਾਉਣੀਆਂ ਤੱਕ ਸੁਨੇਹੇ ਪਹੁੰਚਾ ਜਾਂ ਉੱਧਰੋਂ ਲਿਆ ਸਕਣ। ਇਹ ਵਿਅਕਤੀ ਮੈਂ ਸਿਰਫ਼ ਦੋ ਜਾਂ ਤਿੰਨ ਦਿਨਾਂ ਲਈ ਰੱਖੇ ਸਨ।

5. ਮਹਾਮਹਿਮ ਦੀ ਸਹਾਇਤਾ ਦੀ ਪੇਸ਼ਕਸ਼ ਦੇ ਜਵਾਬ 'ਚ ਮੈਂ ਕਪੂਰਥਲਾ ਦੇ ਰਾਜਾ ਨੂੰ ਅਜਿਹੀਆਂ ਬੇਨਤੀਆਂ ਕੀਤੀਆਂ ਸਨ। ਇਸ ਪ੍ਰਕਾਰ ਫ਼ੌਜੀ ਦਸਤਿਆਂ ਵੱਲੋਂ ਭਾਵੇਂ ਕੋਈ ਵਿਸ਼ੇਸ਼ ਸੇਵਾ ਨਹੀਂ ਨਿਭਾਈ ਗਈ ਸੀ, ਮੌਕੇ ਦੀ ਲੋੜ ਨਹੀਂ ਸੀ, ਫਿਰ ਵੀ ਰਾਜਾ ਤੇ ਉਨ੍ਹਾਂ ਦੇ ਮੰਤਰੀਆਂ ਦਾ ਰਵੱਈਆ ਸ਼ਾਨਦਾਰ ਸੀ, ਇਸ ਖੇਤਰ 'ਚੋਂ ਲੰਘਦੇ ਕਿਸੇ ਭਗੌੜੇ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਕਪੂਰਥਲਾ ਰਿਆਸਤ ਦੇ ਮਹਾਮਹਿਮ ਦੇ ਥਾਣਾ ਅਧਿਕਾਰੀਆਂ ਨੇ ਹਰ ਸਮੇਂ ਤਿਆਰੀ ਵਿਖਾਈ, ਜੋ ਇਸ ਗੱਲ ਦਾ ਸੰਤੋਖਜਨਕ ਸਬੂਤ ਹੈ ਕਿ ਕਪੂਰਥਲਾ ਦੇ ਮੌਜੂਦਾ ਮਹਾਰਾਜਾ ਇੱਕ ਸਹਾਇਕ ਮੁਖੀ ਵਜੋਂ ਆਪਣੇ ਫ਼ਰਜ਼ ਨਿਭਾਉਣ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹਨ ਅਤੇ ਬ੍ਰਿਟਿਸ਼ ਸਰਕਾਰ ਪ੍ਰਤੀ ਪੂਰੀ ਵਫ਼ਾਦਾਰੀ ਤੇ ਸਦਭਾਵਨਾ ਨਾਲ ਓਤਪ੍ਰੋਤ ਹਨ।

## 139

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਐੱਲ. ਕਾਵਨ, ਐਸਕ. ਵੱਲੋਂ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਨੂੰ ਨੀਮ ਅਧਿਕਾਰਤ ਪੱਤਰ ਮਿਤੀ 31 ਜਨਵਰੀ, 1872 ਦੀ ਕਾਪੀ।

''ਇਸ ਜ਼ਿਲ੍ਹੇ 'ਚ ਕੂਕਿਆਂ ਵੱਲੋਂ ਪਿਛਲੇ ਕੁਝ ਸਮੇਂ ਦੌਰਾਨ ਆਪਣੀ ਸਾਰੀ ਜਾਇਦਾਦ ਵੇਚਣ ਦੇ ਕਈ ਮਾਮਲੇ ਸਾਹਮਣੇ ਆਏ ਹਨ। ਮੈਨੂੰ ਪਤਾ ਲੱਗਾ ਹੈ ਕਿ ਉਸ ਵਿਕਰੀ ਤੋਂ ਮਿਲਣ ਵਾਲਾ ਧਨ ਜਾਂ ਤਾਂ ਬਾਬਾ ਰਾਮ ਸਿੰਘ ਜੀ ਨੂੰ ਦਿੱਤਾ ਜਾ ਰਿਹਾ ਸੀ ਜਾਂ ਕੂਕਿਆਂ ਦੇ ਛੋਟੇ ਗਿਰੋਹਾਂ ਨੂੰ ਖਾਣਾ ਖਵਾਉਣ ਲਈ ਵਰਤਿਆ ਜਾ ਰਿਹਾ ਹੈ ਤੇ ਜਿਹੜੇ ਕੂਕਿਆਂ ਨੇ ਆਪਣੀ ਜਾਇਦਾਦ ਵੇਚ ਦਿੱਤੀ ਹੈ, ਉਹ ਸ਼ਰ੍ਹੇਆਮ

ਇਹ ਐਲਾਨ ਕਰ ਰਹੇ ਹਨ ਕਿ ਉਨ੍ਹਾਂ ਦਾ ਰਾਜ ਛੇਤੀ ਆਉਣ ਵਾਲਾ ਹੈ ਅਤੇ ਤਦ ਉਨ੍ਹਾਂ ਨੂੰ ਸੌ ਗੁਣਾ ਮੋੜ ਦਿੱਤੇ ਜਾਣਗੇ। ਜੇ ਅਜਿਹੇ ਨੁਕਤਿਆਂ ਬਾਰੇ ਭਰੋਸੇਯੋਗ ਗਵਾਹੀ ਮੈਂ ਲੈ ਸਕਦਾ ਹਾਂ, ਤਾਂ ਮੈਂ ਉਹ ਰਿਕਾਰਡ ਕਰਾਂਗਾ ਤੇ ਆਪ ਜੀ ਨੂੰ ਭੇਜਾਂਗਾ।''

ਇਸ ਸੰਪਰਦਾਇ ਦੇ ਜਿਹੜੇ ਵਿਅਕਤੀਆਂ ਨੂੰ ਮੈਂ ਕਦੀ-ਕਦਾਈਂ ਮਿਲਦਾ ਹਾਂ, ਉਹ ਹੁਣ ਬਗ਼ਾਵਤ ਤੋਂ ਪਹਿਲਾਂ ਨਾਲੋਂ ਵੀ ਜ਼ਿਆਦਾ ਸ਼ੇਖ਼ੀ ਮਾਰਦੇ ਹਨ ਅਤੇ ਮੇਰਾ ਇਹ ਵਿਚਾਰ ਹੈ ਕਿ ਸੱਪ ਹਾਲੇ ਸਿਰਫ਼ ਜ਼ਖ਼ਮੀ ਹੋਇਆ ਹੈ, ਮਰਿਆ ਨਹੀਂ ਹੈ; ਉਂਝ ਭਾਵੇਂ ਕੋਈ ਹੋਰ ਬਗ਼ਾਵਤ ਹੋਣ 'ਚ ਸ਼ਾਇਦ ਕਈ ਮਹੀਨੇ, ਸ਼ਾਇਦ ਸਾਲ ਹੀ ਲੱਗ ਜਾਣ।

ਨੌਂ ਕੂਕਿਆਂ ਨੇ 29 ਤਰੀਕ ਨੂੰ ਖੰਨਾ 'ਚ ਪ੍ਰੀਤੀ ਭੋਜ ਕੀਤਾ ਸੀ, ਉਹ ਢੋਲ ਵਜਾ ਰਹੇ ਸਨ ਤੇ ਗਾ ਰਹੇ ਸਨ, ਜਦੋਂ ਪੁਲਿਸ ਅੱਪੜੀ ਅਤੇ ਉਨ੍ਹਾਂ (ਸਿੱਖਾਂ) ਨੂੰ ਤਿੱਤਰ-ਬਿੱਤਰ ਕਰ ਦਿੱਤਾ ਸੀ, ਖੰਨਾ ਦੇ ਨੰਬਰਦਾਰ ਨੇ ਰਿਪੋਰਟ ਕੀਤੀ ਹੈ ਕਿ ਪਟਿਆਲਾ ਰਿਆਸਤ 'ਚ ਪਾਇਲ ਦੇ ਇੱਕ ਕੂਕਾ ਨੰਬਰਦਾਰ ਅਲਬੇਲ ਸਿੰਘ ਨੇ ਉਸ ਨੂੰ ਕਤਲ ਕਰ ਦੇਣ ਦੀ ਧਮਕੀ ਦਿੱਤੀ ਹੈ। ਪਾਇਲ ਦੇ ਅਧਿਕਾਰੀਆਂ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ।

ਲੱਖਾ ਸਿੰਘ 15 ਤਰੀਕ ਨੂੰ ਬਾਅਦ ਦੁਪਹਿਰ ਲੁਧਿਆਣਾ ਆਏ ਸਨ। ਕੋਟਲਾ 'ਤੇ ਹਮਲਾ 15 ਦੀ ਸਵੇਰ ਨੂੰ ਹੋਇਆ ਸੀ; ਉਹ ਪੁਲਿਸ ਸਟੇਸ਼ਨ ਜਾਂ ਕਿਸੇ ਅਫ਼ਸਰ (ਕਰਨਲ ਪਰਕਿਨਜ਼ ਤੇ ਮੈਂ ਮਲੌਦ 'ਚ ਸਾਂ) ਕੋਲ ਨਹੀਂ ਗਏ ਸਨ ਪਰ ਪੁਲਿਸ ਇੰਸਪੈਕਟਰ ਬੈਜਨਾਥ ਨੇ ਉਨ੍ਹਾਂ ਨੂੰ ਬਾਜ਼ਾਰ 'ਚ ਘੁੰਮਦਿਆਂ ਤੱਕਿਆ ਸੀ ਅਤੇ ਜਦੋਂ ਪੁੱਛਿਆ ਗਿਆ ਕਿ ਉਹ ਕੀ ਕਰ ਰਹੇ ਹਨ, ਤਾਂ ਉਨ੍ਹਾਂ ਕਿਹਾ ਕਿ ਭਾਈ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਭੇਜਿਆ ਸੀ ਕਿ ਰਿਪੋਰਟ ਕਰ ਕੇ ਆਵਾਂ ਕਿ ਇੱਕ ਗਿਰੋਹ ਲੁੱਟਮਾਰ ਕਰਨ ਲਈ ਭੈਣੀ ਤੋਂ ਰਵਾਨਾ ਹੋਇਆ ਸੀ।

ਮਲੌਦ ਅਤੇ ਕੋਟਲਾ 'ਤੇ ਹਮਲਿਆਂ ਦੀ ਖ਼ਬਰ ਲੁਧਿਆਣਾ 'ਚ ਪਹਿਲਾਂ ਹੀ ਪਹੁੰਚੀ ਹੋਈ ਸੀ, ਜਦੋਂ ਲੱਖਾ ਸਿੰਘ ਆਏ ਸਨ।

ਕੁਝ ਦਿਨ ਪਹਿਲਾਂ ਭੈਣੀ 'ਚ ਮੇਲੇ ਮੌਕੇ ਲੱਖਾ ਸਿੰਘ ਨੂੰ ਫਿਲੌਰ ਵਿਖੇ ਇਸ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਕਿ ਉਹ ਕਿਸੇ ਮਾੜੇ ਮੰਤਵ ਲਈ ਜਲੰਧਰ ਜ਼ਿਲ੍ਹੇ 'ਚ ਯਾਤਰਾ ਕਰ ਰਹੇ ਸਨ। ਮੇਜਰ ਬਰਚ ਨੇ ਮੈਨੂੰ ਲਿਖ ਕੇ ਪੁੱਛਿਆ ਸੀ ਕਿ ਕੀ ਮੈਨੂੰ ਉਨ੍ਹਾਂ ਦੀ ਲੋੜ ਹੈ ਪਰ ਮੇਰੇ ਕੋਲ ਉਨ੍ਹਾਂ ਦੇ ਵਿਰੁੱਧ ਕੋਈ ਕੇਸ ਨਹੀਂ ਸੀ, ਇਸ ਲਈ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਫ਼ਿਲੌਰ 'ਚ ਮੈਨੂੰ ਦੱਸਿਆ ਗਿਆ ਕਿ ਉਨ੍ਹਾਂ ਜ਼ੋਰਦਾਰ ਬੇਨਤੀ ਕੀਤੀ ਸੀ ਕਿ ਭੈਣੀ ਵੱਲ ਉਨ੍ਹਾਂ ਦੀ ਯਾਤਰਾ ਲਈ ਕੇਸ ਚਲਾਇਆ ਜਾਵੇ।

ਇਹ ਮੰਨਣਾ ਗ਼ੈਰ-ਵਾਜਬ ਨਹੀਂ ਹੈ ਕਿ ਕੋਟਲਾ 'ਤੇ ਹਮਲੇ ਵਾਲੇ ਦਿਨ ਹੀ ਲੱਖਾ ਸਿੰਘ ਦੀ ਲੁਧਿਆਣਾ ਫੇਰੀ ਦਾ ਮੰਤਵ ਪੈਰੋਕਾਰਾਂ ਨੂੰ ਇਕੱਠੇ ਕਰਨਾ ਸੀ।

# 140

*ਕੰਪਾਈਲਰ ਦਾ ਨੋਟ* -- ਕੂਕਾ ਸੰਪਰਦਾਇ ਅਤੇ ਉਸ ਦੇ ਆਗੂ ਬਾਬਾ ਰਾਮ ਸਿੰਘ ਜੀ ਦੀਆਂ ਯੋਜਨਾਵਾਂ ਨਾਲ ਸੰਬੰਧਤ ਅਸਲ ਫ਼ਾਈਲ ਬਹੁਤ ਵੱਡੀ ਹੈ। ਸਿਰਫ਼ ਬਹੁਤ ਹੀ ਅਹਿਮ ਅੰਸ਼ ਹੀ ਦਿੱਤੇ ਜਾ ਰਹੇ ਹਨ। ਨੈਸਨਲ ਆਰਕਾਈਵਜ਼ ਆੱਫ਼ ਇੰਡੀਆ, ਨਵੀਂ ਦਿੱਲੀ ਵਿੱਚ ਫ਼ਾਈਲ ਦਾ ਨੰਬਰ ਹੋਮ ਜੁਡੀਸ਼ੀਅਲ – 1872, ਜੂਨ ਕਾਰਵਾਈਆਂ ਨੰ. 112 ਤੋਂ 132 ਹੈ।

*ਨੰ. 389 ਮਿਤੀ 1 ਫ਼ਰਵਰੀ, 1872*

*ਵੱਲੋਂ*

ਜੇ.ਡਬਲਿਊ, ਮੈਕਨੈਬ, ਐਸਕ.,
ਪਿਛਲੇ ਕਾਰਜਕਾਰੀ ਕਮਿਸ਼ਨਰ, ਅੰਬਾਲਾ ਡਿਵੀਜ਼ਨ

*ਵੱਲ*

ਐੱਲਐੱਚ ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਤੁਹਾਡੇ ਪੱਤਰ ਨੰ. 37ਸੀ ਮਿਤੀ 26 ਜਨਵਰੀ ਦੇ ਹਵਾਲੇ ਨਾਲ, ਮੈਨੂੰ ਹੁਣ ਕੂਕਿਆਂ ਦੀਆਂ ਯੋਜਨਾਵਾਂ ਤੇ ਉਹ ਯੋਜਨਾਵਾਂ ਨੇਪਰੇ ਚਾੜ੍ਹਨ ਦੀ ਪ੍ਰਸਤਾਵਿਤ ਵਿਧੀ ਬਾਰੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਵੱਲੋਂ ਮੰਗੇ ਗਏ ਸਬੂਤ/ਗਵਾਹੀਆਂ ਭੇਜਣ ਦਾ ਮਾਣ ਹਾਸਲ ਹੋਇਆ ਹੈ।

2. ਇਨ੍ਹਾਂ ਦੀਆਂ ਗਵਾਹੀਆਂ ਸ਼ਾਮਲ ਹਨ–

I. (ਗੁਰੂ) ਰਾਮ ਸਿੰਘ ਤੇ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਬ੍ਰਿਟਿਸ਼ ਅਧਿਕਾਰੀਆਂ ਨੂੰ ਦਿੱਤੇ ਬਿਆਨ।

II. ਸਥਾਨਕ ਰਿਆਸਤਾਂ ’ਚ ਕੂਕਿਆਂ ਵੱਲੋਂ ਦਿੱਤੇ ਬਿਆਨ ਤੇ ਵਕੀਲਾਂ ਰਾਹੀਂ ਰਿਪੋਰਟ ਹੋਏ ਬਿਆਨ।

III. ਭੈਣੀ ’ਚ ਨੰਬਰਦਾਰਾਂ ਤੇ ਚੌਕੀਦਾਰਾਂ ਦੇ ਬਿਆਨ।

IV. ਕੋਟਲਾ ਦੇ ਆਲੇ-ਦੁਆਲੇ ਇਕੱਠੇ ਹੋਏ ਕੂਕਿਆਂ ਦੇ ਗਵਾਹਾਂ ਦੇ ਬਿਆਨ।

V. ਪੁਲਿਸ ਅਧਿਕਾਰੀਆਂ ਤੇ ਹੋਰ ਅਧਿਕਾਰੀਆਂ ਦੀਆਂ ਅਧਿਕਾਰਤ ਰਿਪੋਰਟਾਂ ਅਤੇ ਬਿਆਨ।

ਮੈਂ ਇਕੱਠੀਆਂ ਕੀਤੀਆਂ ਸਮੁੱਚੀਆਂ ਗਵਾਹੀਆਂ ਉੱਤੇ ਆਪਣੇ ਖ਼ੁਦ ਦੇ ਨੋਟ ਜੋੜੇ ਹਨ ਅਤੇ ਇੱਥੇ ਸੰਖੇਪ ਖੁਲਾਸਾ ਦਿੱਤਾ ਜਾ ਸਕਦਾ ਹੈ।

3. ਕੁਝ ਸਮਾਂ ਪਹਿਲਾਂ ਤੱਕ ਕੂਕਾ ਸੰਪਰਦਾਇ ਦੇ ਕੁਝ ਵਧੇਰੇ ਉਦੇਸ਼ਮੁਖੀ ਮੈਂਬਰਾਂ ਨੇ ਖ਼ੁਦ ਨੂੰ ਕਸਾਈਆਂ ਦੇ ਕਤਲਾਂ ਦੀਆਂ ਯੋਜਨਾਵਾਂ ਉਲੀਕਣ ਤੇ ਸਾਜ਼ਿਸ਼ਾਂ ਘੜਨ ’ਚ ਰੁਝਾਈ ਰੱਖਿਆ ਹੈ, ਤਾਂ ਜੋ ਗਊ-ਹੱਤਿਆਵਾਂ ਰੋਕੀਆਂ ਜਾ ਸਕਣ, ਇਹ ਕਾਰਵਾਈ ਬ੍ਰਿਟਿਸ਼ ਸਰਕਾਰ ਦੀ ਅਸਿੱਧੀ ਉਲੰਘਣਾ ਹੈ।

ਵੇਖੋ ਅੰਤਿਕਾ ਨੰ. 1 ਅੰਮ੍ਰਿਤਸਰ ਤੇ ਰਾਏਕੋਟ ਦੇ ਕਤਲਾਂ ’ਚ ਸੈਸ਼ਨ ਦੇ ਕੇਸ ਵੀ

ਅੰਗਰੇਜ਼ਾਂ ਦਾ ਰਾਜ ਡੇਗ ਕੇ ਖ਼ਾਲਸਾ ਰਾਜ ਕਾਇਮ ਕਰਨ ਦੀਆਂ ਭਵਿੱਖਬਾਣੀਆਂ ਕੂਕਿਆਂ 'ਚ ਫੈਲਾਈਆਂ ਗਈਆਂ ਹਨ ਅਤੇ ਇਹ ਅਫ਼ਵਾਹ ਆਮ ਫੈਲੀ ਹੋਈ ਹੈ ਕਿ
ਇਸ ਵਰ੍ਹੇ 1872 'ਚ ਕੂਕਾ ਗੁਰੂ ਦੀ ਸ਼ਕਤੀ ਦਾ ਵੱਡਾ
XXVIII
XI ਪ੍ਰਦਰਸ਼ਨ ਵੇਖਣ ਨੂੰ ਮਿਲੇਗਾ। ਕੂਕਿਆਂ ਨੇ ਆਪਣੀਆਂ
XXXIII ਜ਼ਮੀਨਾਂ ਵੇਚ ਦਿੱਤੀਆਂ ਹਨ ਅਤੇ ਆਪਣੀਆਂ
XII, XIII
XXIX ਜਾਇਦਾਦਾਂ ਤੋਂ ਛੁਟਕਾਰਾ ਪਾ ਲਿਆ ਹੈ, ਤਾਂ ਜੋ ਉਹ
ਆਉਣ ਵਾਲੇ ਸੰਘਰਸ਼ 'ਚ ਭਾਗ ਲੈਣ ਲਈ ਆਜ਼ਾਦ ਰਹਿ ਸਕਣ, ਜਿਸ ਦੇ (ਚੇਤ) ਅਪ੍ਰੈਲ ਮਹੀਨੇ ਹੋਣ ਦੀ ਸੰਭਾਵਨਾ ਸੀ ਪਰ ਕੁਝ ਸੂਬਿਆਂ ਨੇ ਕਾਹਲ਼ੀ ਕਰ ਦਿੱਤੀ ਸੀ ਕਿਉਂਕਿ ਉਹ ਇਹ ਦਲੀਲ ਦੇ ਰਹੇ ਸਨ ਕਿ
ਉਸ ਗਿਆਨੀ ਸਿੰਘ ਦੀ ਮੌਤ ਦਾ ਬਦਲਾ ਲੈਣਾ ਹੈ,
II ਤੋਂ X
XIV ਅਤੇ XV ਵੀ ਜਿਸ ਨੂੰ ਕਸਾਈਆਂ ਦੇ ਕਤਲਾਂ 'ਚ ਸ਼ਾਮਲ ਹੋਣ ਬਦਲੇ
ਲੁਧਿਆਣਾ 'ਚ ਫਾਂਸੀ ਦੇ ਦਿੱਤੀ ਗਈ ਸੀ, ਜਿਸ ਪਿੱਛੋਂ 100 ਜਣਿਆਂ ਦੀ ਟੋਲੀ ਨੂੰ ਮਲੇਰਕੋਟਲਾ ਰਿਆਸਤ 'ਤੇ ਕਬਜ਼ਾ ਕਰਨ ਲਈ ਭੇਜਿਆ ਗਿਆ ਸੀ, ਜਿੱਥੋਂ ਹਥਿਆਰ ਤੇ ਘੋੜੇ ਮਿਲ ਜਾਣੇ ਸਨ ਤੇ ਫਿਰ ਉਨ੍ਹਾਂ ਨਾਲ ਆ ਕੇ ਜੁੜਨ ਵਾਲੇ ਕੂਕਿਆਂ ਨੂੰ ਉਹ ਸਭ ਵੰਡੇ ਜਾਣੇ ਸਨ।

ਇਸ ਤੋਂ ਬਾਅਦ ਨਾਭਾ, ਜੀਂਦ ਅਤੇ ਪਟਿਆਲਾ 'ਤੇ ਹਮਲੇ ਕੀਤੇ ਜਾਣੇ ਸਨ;
ਲੁਧਿਆਣਾ ਤੇ ਅੰਬਾਲਾ ਵਿਚਾਲੇ ਰੇਲ ਪਟੜੀ ਤੋੜੀ
II - a
III - b ਜਾਣੀ ਸੀ। ਫਿਰ ਕੂਕਾ ਬਾਗ਼ੀਆਂ ਨੇ ਸਾਰੇ ਪਾਸਿਓਂ
ਇਕੱਠੇ ਹੋਣਾ ਸੀ।

ਕੂਕਿਆਂ ਨੂੰ ਉਸ ਦਿਸ਼ਾ ਵੱਲ ਵਧਦਿਆਂ ਵੇਖਿਆ ਗਿਆ ਸੀ ਕਿਉਂਕਿ ਉਨ੍ਹਾਂ ਨੂੰ
ਆਸ ਸੀ ਕਿ ਉਨ੍ਹਾਂ ਦੇ ਭਰਾਵਾਂ ਨੇ ਕਬਜ਼ਾ ਕਰ ਲਿਆ
XVIII ਤੋਂ XXXI ਹੋਵੇਗਾ। ਸਥਾਨਕ ਅਧਿਕਾਰੀਆਂ ਵੱਲੋਂ ਕੀਤੀ ਗਈ
ਕਾਰਵਾਈ ਬਾਰੇ ਸੁਣ ਕੇ ਉਹ ਅਲੋਪ ਹੋ ਗਏ ਸਨ। ਲੱਖਾ ਸਿੰਘ ਸੂਬਾ ਅਤੇ (ਗੁਰੂ) ਰਾਮ ਸਿੰਘ ਜੀ ਦੇ ਮੁੱਖ ਪ੍ਰਤੀਨਿਧ ਭੈਣੀ ਵਿਖੇ ਹੋਈ ਵਿਚਾਰ-ਚਰਚਾ 'ਚ ਮੌਜੂਦ ਸਨ, ਉਨ੍ਹਾਂ ਪਿੱਛੇ-ਪਿੱਛੇ ਆਉਣ ਦਾ ਵਾਅਦਾ ਕੀਤਾ ਸੀ
ਤੇ ਨਵੀਆਂ ਭਰਤੀਆਂ ਕਰ ਲਈਆਂ ਸਨ। ਗੁਰੂ ਰਾਮ
XXXIV ਸਿੰਘ ਜੀ ਨੇ ਆਪਣੇ ਪੈਰੋਕਾਰਾਂ ਦੀ ਅਜਿਹੀ ਮਨਸ਼ਾ
ਬਾਰੇ ਉਦੋਂ ਤੱਕ ਕੋਈ ਜਾਣਕਾਰੀ ਨਹੀਂ ਦਿੱਤੀ ਸੀ, ਜਦੋਂ ਇੱਕ ਪੁਲਿਸ ਅਧਿਕਾਰੀ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਸੀ ਅਤੇ ਤਦ ਵੀ ਉਨ੍ਹਾਂ ਸਿਰਫ਼ ਉਨ੍ਹਾਂ ਦੀਆਂ ਕਾਰਵਾਈਆਂ ਰੋਕਣ ਤੋਂ ਅਸਮਰੱਥਾ ਪ੍ਰਗਟਾਈ ਸੀ।

**ਕੂਕਾ ਸੰਪਰਦਾਇ ਦੀਆਂ ਯੋਜਨਾਵਾਂ ਬਾਰੇ ਗਵਾਹਾਂ ਦੇ ਨੋਟ।**

ਸਾਡੇ ਕੋਲ ਬੀਤੀ 18 ਜਨਵਰੀ ਨੂੰ ਬਾਬਾ ਰਾਮ ਸਿੰਘ ਜੀ ਦਾ ਮੇਰੇ ਸਾਹਮਣੇ ਦਿੱਤਾ ਬਿਆਨ ਹੈ ਕਿ ਪਿਛਲੇ ਕੁਝ ਸਮੇਂ ਤੋਂ ਕੂਕੇ ਕਸਾਈਆਂ ਦੇ ਕਤਲ ਕਰਨ

ਦੀ ਇਜਾਜ਼ਤ ਮੰਗ ਰਹੇ ਸਨ ਪਰ, ਜਿਵੇਂ ਕਿ ਉਨ੍ਹਾਂ ਕਿਹਾ, ਉਨ੍ਹਾਂ ਨੇ ਉਨ੍ਹਾਂ ਨੂੰ ਰੋਕ ਦਿੱਤਾ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਆਪਣੇ ਵੱਲੋਂ ਗਊ-ਹੱਤਿਆਵਾਂ ਰੋਕਣ ਦੀ ਯੋਜਨਾ ਉਲੀਕੀ ਸੀ। ਹੁਣ ਇਸ ਤੱਥ ਤੋਂ ਸਾਰੇ ਚੰਗੀ ਤਰ੍ਹਾਂ ਵਾਕਫ਼ ਹਨ ਕਿ ਬ੍ਰਿਟਿਸ਼ ਹਕੂਮਤ ਅਧੀਨ ਗਊ-ਹੱਤਿਆ ਦੀ ਇਜਾਜ਼ਤ ਦਿੱਤੀ ਗਈ ਹੈ ਅਤੇ ਸਿੱਖ ਸਰਕਾਰ ਦੇ ਪਹਿਲੇ ਕਾਰਜਾਂ 'ਚੋਂ ਇਹ ਵੀ ਇੱਕ ਕਾਰਜ ਹੋਵੇ ਗਾ ਕਿ ਇਸ ਅਭਿਆਸ ਦਾ ਖ਼ਾਤਮਾ ਕਰ ਦਿੱਤਾ ਜਾਵੇ। ਜਦੋਂ ਦਿੱਲੀ 'ਚ ਪਹਿਲਾ ਕਤਲੇਆਮ ਹੋਇਆ ਸੀ, ਤਦ ਰੋਪੜ 'ਚ ਸਿੱਖਾਂ ਨੇ ਤੁਰੰਤ ਬ੍ਰਿਟਿਸ਼ ਸਰਕਾਰ ਦਾ ਖ਼ਾਤਮਾ ਕਰਨ ਦੀ ਇੱਛਾ ਦਾ ਐਲਾਨ ਕੀਤਾ ਸੀ ਅਤੇ ਬਾਜ਼ਾਰਾਂ 'ਚ ਮੁਨਾਦੀ ਕਰਵਾ ਦਿੱਤੀ ਗਈ ਸੀ ਕਿ ਗਊ-ਹੱਤਿਆ 'ਤੇ ਪਾਬੰਦੀ ਹੈ। ਉਸ ਘਟਨਾ 'ਚ ਸ਼ਾਮਲ ਮੁੱਖ ਸਿੱਖ ਨੂੰ ਤੁਰੰਤ ਫਾਂਸੀ ਦੇ ਦਿੱਤੀ ਗਈ ਸੀ। ਉਹੀ ਗੱਲ ਹੁਣ ਕੂਕੇ ਵੀ ਕਰ ਰਹੇ ਹਨ ਤੇ ਉਹ ਇਸ ਅਭਿਆਸ (ਗਊ ਹਤਿਆ) ਨੂੰ ਖ਼ਤਮ ਕਰਨਾ ਚਾਹੁੰਦੇ ਹਨ, ਇਸ ਤੱਥ ਤੋਂ ਸਭ ਜਾਣੂ ਹੋਣੇ ਚਾਹੀਦੇ ਹਨ ਕਿ ਸਿੱਖ ਹਕੂਮਤ ਕਾਇਮ ਕਰਨ ਲਈ ਇਹੋ ਕਦਮ ਸਰਗਰਮੀ ਨਾਲ ਚੁੱਕਣ ਦੀ ਗੱਲ ਕੀਤੀ ਜਾ ਰਹੀ ਹੈ। ਬਾਬਾ ਰਾਮ ਸਿੰਘ ਜੀ ਆਪਣੇ ਬਿਆਨ 'ਚ ਇਹ ਗੱਲ ਕਬੂਲਦੇ ਹਨ ਕਿ ਅੰਮ੍ਰਿਤਸਰ ਕਤਲ ਕਾਂਡ ਵਾਪਰਨ ਤੋਂ ਪਹਿਲਾਂ ਇਸ ਬਾਰੇ ਗੱਲ ਹੋਈ ਸੀ। ਉਹ ਕਤਲ ਕਾਂਡ ਵਾਪਰਨ ਤੋਂ ਬਾਅਦ ਉਨ੍ਹਾਂ ਤੋਂ ਰਾਏਕੋਟ ਦੇ ਕਤਲ ਕਰਨ ਦੀ ਇਜਾਜ਼ਤ ਮੰਗੀ ਗਈ ਸੀ, ਜਿਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਇੰਝ ਕਰਨ ਤੋਂ ਵਰਜ ਦਿੱਤਾ ਸੀ। ਚਲੋ ਇਹ ਮੰਨ ਲੈਂਦੇ ਹਾਂ ਕਿ ਇਹ ਸੱਚ ਹੈ, ਤਾਂ ਉਨ੍ਹਾਂ ਲਈ ਇਹ ਲਾਜ਼ਮੀ ਸੀ ਕਿ ਉਹ ਅਧਿਕਾਰੀਆਂ ਨੂੰ ਤੁਰੰਤ ਇਸ ਬਾਰੇ ਰਿਪੋਰਟ ਕਰ ਕੇ ਦੱਸਦੇ ਕਿ ਤਾਂ ਜੋ ਹੋਰ ਖ਼ੂਨ-ਖ਼ਰਾਬਾ ਹੋਣ ਤੋਂ ਰੋਕਿਆ ਜਾ ਸਕਦਾ ਸੀ। ਉਨ੍ਹਾਂ ਦਾ ਇਹ ਕਹਿਣਾ ਕਿ ਉਨ੍ਹਾਂ ਨੇ ਇੰਝ ਕਰਨ ਤੋਂ ਵਰਜ ਦੇਣ ਨੂੰ ਹੀ ਕਾਫ਼ੀ ਸਮਝਿਆ, ਇਹ ਬਹਾਨਾ ਚੱਲਣ ਵਾਲਾ ਨਹੀਂ ਹੈ ਕਿਉਂਕਿ ਉਨ੍ਹਾਂ ਇਹੋ ਰਾਹ ਅੰਮ੍ਰਿਤਸਰ ਕਤਲ ਕਾਂਡ ਵਾਪਰਨ ਵੇਲੇ ਵੀ ਅਪਣਾਇਆ ਸੀ ਪਰ ਫਿਰ ਵੀ ਉਹ ਕਤਲ ਹੋਏ ਸਨ। ਤਦ ਮੇਰੇ ਦਿਮਾਗ਼ 'ਚ ਆਇਆ ਕਿ ਬੇਸ਼ੱਕ (ਗੁਰੂ) ਰਾਮ ਸਿੰਘ ਜੀ ਨੂੰ ਆਪਣੇ ਪੈਰੋਕਾਰਾਂ ਦੀ ਗਊ-ਹੱਤਿਆ ਰੋਕਣ ਦੀ ਮਨਸ਼ਾ ਬਾਰੇ ਪੂਰੀ ਜਾਣਕਾਰੀ ਸੀ ਅਤੇ ਉਨ੍ਹਾਂ ਨੂੰ ਇਹ ਜ਼ਰੂਰ ਪਤਾ ਹੋਵੇਗਾ ਕਿ ਅਜਿਹੀ ਕਾਰਵਾਈ ਬ੍ਰਿਟਿਸ਼ ਸਰਕਾਰ ਵਿਰੁੱਧ ਵਿਦਰੋਹ ਸੀ।

ਬਾਬਾ ਰਾਮ ਸਿੰਘ ਜੀ ਦਾ ਬਿਆਨ, ਅੰਤਿਕਾ ਨੰ. 1

ਸ੍ਰੀ ਜੇ.ਡਬਲਿਊ ਮੈਕਨੈਬ ਵੱਲੋਂ ਤਿਆਰ ਕੀਤਾ 4 ਨਵੰਬਰ, 1871 ਦਾ ਮੈਮੋਰੈਂਡਮ ਧਿਆਨ ਨਾਲ ਪੜ੍ਹਨਾ ਅਹਿਮ ਹੈ। ਉਹ ਖ਼ਾਸ ਤੌਰ 'ਤੇ ਸਿੱਖ ਹਕੂਮਤ ਮੁੜ ਸਥਾਪਤ ਕੀਤੇ ਜਾਣ ਦੀਆਂ ਭਵਿੱਖਬਾਣੀਆਂ ਵੱਲ ਇਸ਼ਾਰਾ ਕਰਦੇ ਹਨ। ਮੈਂ ਸਾਬਕਾ ਵਧੀਕ ਸਹਾਇਕ ਕਮਿਸ਼ਨਰ ਗੰਗਾ ਪ੍ਰਸ਼ਾਦ ਵੱਲੋਂ ਦਿੱਤੇ ਬਿਆਨ ਵੱਲ ਧਿਆਨ ਦਿਵਾਉਣਾ ਚਾਹਾਂਗਾ।

ਅੰਤਿਕਾ ਨੰ. V

ਬਗ਼ਾਵਤ ਦੀ ਇੱਕ ਜੱਥੇਬੰਦਕ ਯੋਜਨਾ ਦੀ ਗਵਾਹੀ ਲੋੜੀਂਦੀ ਹੈ।

ਇਸ ਲਈ ਸਾਡੇ ਕੋਲ ਵਧੀਕ ਸਹਾਇਕ ਕਮਿਸ਼ਨਰ ਨਾਰਾਇਣ ਸਿੰਘ ਵੱਲੋਂ ਸਮੇਂ-ਸਮੇਂ 'ਤੇ ਦਿੱਤੀ ਜਾਣਕਾਰੀ ਮੌਜੂਦ ਹੈ। ਇਹ ਛੋਟੇ-ਛੋਟੇ ਟੁਕੜਿਆਂ 'ਚ ਇੰਸਪੈਕਟਰ ਜਨਰਲ ਨੂੰ ਭੇਜੀਆਂ ਲਿਖਤੀ ਰਿਪੋਰਟਾਂ ਦੀ ਸ਼ਕਲ ਵਿੱਚ ਦਿੱਤੀ ਗਈ ਹੈ ਪਰ ਮੈਨੂੰ ਇਹ ਜ਼ੁਬਾਨੀ ਦਿੱਤੀ ਗਈ ਸੀ।

ਸਕਰੌਦੀ 'ਚ 23 ਕੂਕਿਆਂ ਬਾਰੇ ਪਟਿਆਲਾ ਦੇ ਵਕੀਲ ਵੱਲੋਂ ਜਮ੍ਹਾ ਕਰਵਾਈਆਂ ਗਈਆਂ ਰਿਪੋਰਟਾਂ 'ਚ ਦਰਜ ਹੈ ਕਿ ਉਨ੍ਹਾਂ ਆਪਣੀਆਂ ਜ਼ਮੀਨਾਂ ਵੇਚ ਦਿੱਤੀਆਂ ਹਨ ਤੇ ਆਪਣੀ ਸੰਪਤੀ ਨੂੰ ਸਸਤੇ ਭਾਅ ਵੇਚ ਰਹੇ ਹਨ ਤੇ ਗੁਰੂ ਜੀ ਨਾਲ ਜੁੜਨ ਦੀ ਆਪਣੀ ਇੱਛਾ ਪ੍ਰਗਟਾ ਰਹੇ ਹਨ।

ਪਟਿਆਲਾ ਦੇ ਵਕੀਲ ਦਾ ਬਿਆਨ ਨੰ. XIII, ਅੰਤਿਕਾ II. ਡਿਪਟੀ ਕਮਿਸ਼ਨਰ ਦੀ ਚਿੱਠੀ ਮਿਤੀ 19 ਜਨਵਰੀ, 1872.

ਜੀਂਦ ਦਾ ਵਕੀਲ ਇੱਕ ਵਿਅਕਤੀ ਦੇਵਾ ਸਿੰਘ ਦਾ ਬਿਆਨ ਦਿੰਦਾ ਹੈ, ਜਿਸ 'ਤੇ ਆਪਣੀ ਜ਼ਮੀਨ ਸਸਤੀ ਕੀਮਤ 'ਤੇ ਵੇਚਣ ਦੇ ਮਾਮਲੇ ਨੂੰ ਲੈ ਕੇ ਨਜ਼ਰ ਰੱਖੀ ਗਈ ਸੀ, ਜਦੋਂ ਉਸ ਤੋਂ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਉਹ ਆਪਣੇ ਗੁਰੂ ਜੀ ਨਾਲ ਜੁੜਨ ਲੱਗਾ ਹੈ ਤੇ (ਚੇਤ) ਅਗਲੇ ਅਪ੍ਰੈਲ ਮਹੀਨੇ ਗੜਬੜੀ ਹੋਣ ਵਾਲੀ ਹੈ।

ਜੀਂਦ ਦੇ ਵਕੀਲ ਦੀ ਪਟੀਸ਼ਨ ਅਤੇ ਦੇਵਾ ਸਿੰਘ ਦਾ ਬਿਆਨ ਅੰਤਿਕਾ II.

ਲੋਕਾਂ ਵੱਲੋਂ ਆਪਣੇ ਗੁਰੂ ਜੀ ਨਾਲ ਜੁੜਨ ਲਈ ਆਪਣੇ ਪਿੰਡ ਛੱਡਣ, ਆਪਣੀਆਂ ਜ਼ਮੀਨਾਂ ਵੇਚਣ ਦੀਆਂ ਉਦਾਹਰਣਾਂ ਦਾ ਜ਼ਿਕਰ ਪਟਿਆਲਾ ਦੇ ਵਕੀਲ ਅਤੇ ਸ੍ਰੀ ਕਾਵਨ ਵੱਲੋਂ ਕੀਤਾ ਗਿਆ ਹੈ।

ਅੰਤਿਕਾ ਦਾ ਨੰ. XXXIX

ਭੈਣੀ 'ਚ ਨੰਬਰਦਾਰਾਂ ਤੇ ਹੋਰਨਾਂ ਦੀ ਗਵਾਹੀ ਦਰਸਾਉਂਦੀ ਹੈ ਕਿ ਕੂਕਿਆਂ ਦੇ ਇਕੱਠਾਂ 'ਚ ਕੁਝ ਵੀ ਲੁਕਿਆ-ਛਿਪਿਆ ਨਹੀਂ ਸੀ, ਉਨ੍ਹਾਂ ਨੂੰ ਆਪਣੇ ਸੰਪਰਦਾਇ ਦੀਆਂ ਅਸਲ ਉਦੇਸ਼ਮੁਖੀ ਯੋਜਨਾਵਾਂ ਬਾਰੇ ਪੂਰੀ ਜਾਣਕਾਰੀ ਸੀ।

ਭੈਣੀ ਦੇ ਨੰਬਰਦਾਰਾਂ ਦੀ ਗਵਾਹੀ। ਕਰਨਲ ਬੇਲੀ ਦੀ ਰਿਪੋਰਟ, ਪੈਰਾ 10

ਗਿਆਨੀ ਸਿੰਘ ਦੇ ਬਿਆਨ 'ਚ ਇੱਕ ਅਹਿਮ ਪੈਰਾ ਹੈ, ਜੋ ਉਸ ਨੇ ਰਾਏ ਕੋਟ ਕਤਲ ਕਾਂਡ 'ਚ ਆਪਣੀ ਸੁਣਵਾਈ ਦੌਰਾਨ ਦਿੱਤਾ ਸੀ। ਉਸ ਨੇ ਕਿਹਾ ਸੀ ''ਕੂਕਿਆਂ ਵਿਚਲੇ ਸਾਰੇ ਮਸਤਾਨਿਆਂ ਦਾ ਇਹ ਮੰਨਣਾ ਸੀ ਕਿ ਉਹ ਛੇਤੀ ਹੀ ਦੇਸ਼ 'ਤੇ ਰਾਜ ਕਰਨਗੇ ।'' ਉਹ ਅੱਗੇ ਆਖਦਾ ਹੈ ''ਸੂਬਾ ਬਿਸ਼ਨ ਸਿੰਘ ਕਾਬੁਲ 'ਚ; ਨਾਰਾਇਣ ਸਿੰਘ ਗਵਾਲੀਅਰ 'ਚ; ਖਾਨ ਸਿੰਘ ਬਨਾਰਸ 'ਚ ਨਵੇਂ ਕੂਕੇ ਬਣਾ ਰਹੇ ਹਨ ਅਤੇ ਨਿਹੰਗ ਸਿੰਘ ਤੇ ਸਾਹਿਬ ਸਿੰਘ ਨੂੰ ਨੇਪਾਲ ਭੇਜਿਆ ਗਿਆ ਹੈ। ਸੂਬਾ ਹੀਮਾ ਸਿੰਘ ਕਸ਼ਮੀਰ 'ਚ ਹਨ। ਅਨੇਕ ਕੂਕੇ ਸਥਾਨਕ ਥਲ ਸੈਨਾਵਾਂ 'ਚ ਹਨ। ਹਜ਼ਾਰਾਂ ਜਵਾਨ ਅੰਗਰੇਜ਼ਾਂ ਦੀ ਥਲ ਸੈਨਾ 'ਚ ਹਨ। ਸੂਬਾ ਜਵਾਹਰ ਸਿੰਘ ਨੇ ਹੁਕਮ ਦਿੱਤੇ ਹਨ ਕਿ ਥਲ

ਗਿਆਨੀ ਸਿੰਘ ਦਾ ਬਿਆਨ

ਸੈਨਾ 'ਚ ਕੂਕਿਆਂ ਦੀ ਗਿਣਤੀ ਜ਼ਾਹਿਰ ਨਾ ਕੀਤੀ ਜਾਵੇ। (ਗੁਰੂ) ਰਾਮ ਸਿੰਘ ਜੀ ਨੂੰ ਨੇਪਾਲ ਤੇ ਜੰਮੂ ਦੇ ਹਾਕਮਾਂ ਦੇ ਪੱਤਰ ਤੇ ਸੁਨੇਹੇ ਅਕਸਰ ਆਉਂਦੇ ਰਹਿੰਦੇ ਹਨ।''

ਚੇਤ (ਅਪ੍ਰੈਲ) ਮਹੀਨੇ ਬਗ਼ਾਵਤ ਹੋਣ ਦਾ ਕੁਝ ਵਿਚਾਰ ਸੀ, ਇਹ ਸਪੱਸ਼ਟ ਹੈ। ਪ੍ਰੰਤੂ ਕਾਹਲ਼ੀ ਕਰ ਦਿੱਤੀ ਗਈ ਤੇ ਹੇਠ ਲਿਖੀ ਗਵਾਹੀ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਮਾਘੀ ਮੇਲੇ – 11, 12 ਤੇ 13 ਜਨਵਰੀ ਦੌਰਾਨ ਭੈਣੀ 'ਚ ਇਹ ਯੋਜਨਾ ਉਲੀਕੀ ਗਈ ਸੀ ਕਿ ਮਸਤਾਨਿਆਂ ਦੀ ਇੱਕ ਟੋਲੀ ਗਿਆਨੀ ਸਿੰਘ ਦੀ ਮੌਤ ਦਾ ਤੁਰੰਤ ਬਦਲਾ ਲੈਣ ਲਈ ਮਲੇਰਕੋਟਲਾ 'ਚ ਕਸਾਈਆਂ ਦੇ ਕਤਲ ਕਰੇਗੀ ਅਤੇ ਉੱਥੇ ਹਥਿਆਰ ਆਪਣੇ ਕਬਜ਼ੇ 'ਚ ਲਵੇਗੀ। ਹੁਣ ਕਿਸ ਮੰਤਵ ਲਈ ਹਥਿਆਰ ਲੋੜੀਂਦੇ ਹੋਣਗੇ? ਅੱਧੀ ਰਾਤ ਨੂੰ ਕਤਲ ਕਰਨ ਲਈ ਉਨ੍ਹਾਂ ਕੋਲ ਬਹੁਤ ਤਿੱਖੇ ਸਟੀਲ ਦੇ ਕੁਹਾੜੇ ਤੇ ਗੰਡਾਸੇ ਜਿਹੇ ਖ਼ਤਰਨਾਕ ਹਥਿਆਰ ਹੀ ਕਾਫ਼ੀ ਸਨ।

ਕੋਟਲਾ 'ਤੇ ਹਮਲਾ ਕੋਈ ਲੁਕਵਾਂ ਮੰਤਵ ਨਹੀਂ ਸੀ; ਪੁੱਛਗਿੱਛ ਦੌਰਾਨ ਇਹ ਇਕਬਾਲ ਕੀਤਾ ਗਿਆ ਸੀ ਕਿ ਇਸ ਪਹਿਲੇ ਕਦਮ ਨਾਲ ਉਨ੍ਹਾਂ ਕੋਲ ਹਥਿਆਰ ਅਤੇ ਘੋੜੇ ਆ ਜਾਣਗੇ। ਅਜਿਹਾ ਸੁਆਲ ਪੁੱਛਣ ਦੀ ਕੋਈ ਲੋੜ ਹੀ ਨਹੀਂ ਕਿ ਅਜਿਹੇ ਲੋਕਾਂ ਦੀ ਕੀ ਮਨਸ਼ਾ ਹੋ ਸਕਦੀ ਹੈ ਜੋ ਹਥਿਆਰ ਹਾਸਲ ਕਰਨ ਦੇ ਮੰਤਵ ਨਾਲ ਕਿਸੇ ਸਥਾਨ 'ਤੇ ਕਾਤਲਾਨਾ ਹਮਲੇ ਕਰਦੇ ਹੋਣ। ਉਹ ਹਥਿਆਰ ਹਾਸਲ ਕਰਨ ਤੋਂ ਬਾਅਦ ਤਾਂ ਜ਼ਰੂਰ ਹੀ ਕਿਸੇ ਹੋਰ ਗੰਭੀਰ ਵਾਰਦਾਤ ਨੂੰ ਅੰਜਾਮ ਦੇਣਗੇ ।

ਇਹ ਸਪੱਸ਼ਟ ਪਤਾ ਲੱਗਦਾ ਹੈ ਕਿ ਮਲੌਦ 'ਤੇ ਹਮਲੇ ਦੀ ਪਹਿਲਾਂ ਬਿਲਕੁਲ ਕੋਈ ਯੋਜਨਾ ਨਹੀਂ ਸੀ ਅਤੇ ਟੋਲੀ ਨੂੰ ਅਚਾਨਕ ਹਥਿਆਰ ਲੈਣ ਲਈ ਅਜਿਹਾ ਫੁਰਨਾ ਫੁਰਿਆ ਸੀ। ਇਸ ਨੁਕਤੇ ਬਾਰੇ ਗਵਾਹੀ ਦਾ ਖੁਲਾਸਾ ਨਿਮਨਲਿਖਤ ਹੈ।

ਭਗਵਾਨ ਸਿੰਘ ਦਾ ਬਿਆਨ

ਭਗਵਾਨ ਸਿੰਘ ਦਾ ਕਹਿਣਾ ਹੈ: ''ਮੈਂ ਮਾਘੀ ਤੋਂ ਪੰਜ ਦਿਨ ਪਹਿਲਾਂ ਭੈਣੀ ਗਿਆ ਸਾਂ। ਜਿਹੜੇ ਕੂਕੇ ਮੇਰੇ ਨਾਲ ਬੈਠੇ ਸਨ, ਉਹ ਕੋਟਲਾ ਨੂੰ ਲੁੱਟਣ ਦੀਆਂ ਗੱਲਾਂ ਕਰ ਰਹੇ ਸਨ। ਸਕਰੌਦੀ (ਪਟਿਆਲਾ) ਦੇ ਲਹਿਣਾ ਸਿੰਘ ਤੇ ਹੀਰਾ ਸਿੰਘ ਉਨ੍ਹਾਂ 'ਚ ਸ਼ਾਮਲ ਸਨ। ਉੱਥੇ ਲਗਭਗ 50 ਤੋਂ 60 ਵਿਅਕਤੀਆਂ ਨੇ ਕੋਟਲਾ 'ਤੇ ਹਮਲੇ ਦੀ ਯੋਜਨਾ ਉਲੀਕੀ ਸੀ। ਮੈਨੂੰ ਇਹ ਨਹੀਂ ਪਤਾ ਅਸਲ 'ਚ ਅਜਿਹੇ ਵਿਚਾਰ ਦੀ ਸ਼ੁਰੂਆਤ ਕਿਸ ਨੇ ਕੀਤੀ ਸੀ ਪਰ ਮੈਂ ਹਰੇਕ ਵਿਅਕਤੀ ਨੂੰ ਇਹ ਆਖਦਿਆਂ ਸੁਣਿਆ ਸੀ ਕਿ ਉਨ੍ਹਾਂ ਨੂੰ ਮਲੇਰਕੋਟਲਾ ਤੋਂ ਘੋੜੇ ਤੇ ਹਥਿਆਰ ਮਿਲ ਜਾਣਗੇ। ਮੈਨੂੰ ਪਤਾ ਸੀ ਕਿ ਅਸੀਂ ਹਥਿਆਰਾਂ ਤੇ ਘੋੜਿਆਂ 'ਤੇ ਕਬਜ਼ਾ ਕਰਨ ਲਈ ਕੋਟਲਾ ਜਾ ਰਹੇ ਸਾਂ। ਮੈਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਕਿ ਘੋੜੇ ਅਤੇ ਹਥਿਆਰ ਲੈਣ ਤੋਂ ਬਾਅਦ ਅੱਗੇ ਕੀ ਕਰਨਾ ਸੀ। ਮੈਂ ਖੂਹ 'ਤੇ ਸੁਣਿਆ ਸੀ, ਜਿੱਥੇ ਅਸੀਂ ਭੈਣੀ ਵਿਖੇ ਇਕੱਠੇ ਹੋਏ ਸਾਂ ਕਿ ਲੱਖਾ ਸਿੰਘ ਨੇ ਆਉਣ ਦਾ ਵਾਅਦਾ ਕੀਤਾ ਸੀ।''

ਗਿਆਨ ਸਿੰਘ ਦਾ ਬਿਆਨ

ਗਿਆਨ ਸਿੰਘ ਦਾ ਕਹਿਣਾ ਹੈ: ''ਮੈਂ 11 ਤਰੀਕ ਨੂੰ ਭੈਣੀ ਗਿਆ ਸਾਂ। ਲਗਭਗ 10 ਜਾਂ 12 ਕੂਕੇ ਕਾਫ਼ੀ ਹੰਗਾਮਾ ਮਚਾ ਰਹੇ ਸਨ। ਕਈ ਜਣੇ ਉਨ੍ਹਾਂ ਨਾਲ ਜੁੜਦੇ ਜਾ ਰਹੇ ਸਨ ਤੇ ਇੰਝ ਉਨ੍ਹਾਂ ਦੀ ਗਿਣਤੀ 100 ਦੇ ਲਗਭਗ ਹੋ ਗਈ ਸੀ। ਉਹ ਉੱਚੀ-ਉੱਚੀ ਚੀਕ ਰਹੇ ਸਨ ਕਿ ਉਹ ਗਿਆਨੀ ਦਾ ਬਦਲਾ ਲੈ ਕੇ ਰਹਿਣਗੇ, ਜਿਸ ਨੂੰ ਫਾਂਸੀ ਦੇ ਦਿੱਤੀ ਗਈ ਸੀ। ਉਨ੍ਹਾਂ ਮੈਨੂੰ ਵੀ ਆਪਣੇ ਨਾਲ ਕੋਟਲਾ ਚੱਲਣ ਲਈ ਕਿਹਾ ਕਿ ਉਹ ਕੋਟਲਾ ਨੂੰ ਲੁੱਟ ਕੇ ਫਿਰ ਸੰਗਰੂਰ, ਨਾਭਾ ਤੇ ਪਟਿਆਲਾ ਜਾਣਗੇ। ਸੂਬੇ ਲੱਖਾ ਸਿੰਘ ਤੇ ਹਰਨਾਮ ਸਿੰਘ ਵੀ ਮਸਤਾਨਿਆਂ ਕੋਲ ਆ ਕੇ ਬੈਠ ਗਏ ਸਨ। ਮੈਂ ਹੀਰਾ ਸਿੰਘ ਨੂੰ ਉਨ੍ਹਾਂ ਨੂੰ ਆਖਦਿਆਂ ਸੁਣਿਆ ਕਿ ਉਹ ਗਿਆਨੀ ਸਿੰਘ ਦੀ ਮੌਤ ਦਾ ਬਦਲਾ ਲੈਣ ਲਈ ਜਾ ਰਹੇ ਸਨ ਅਤੇ ਉਹ ਪਹਿਲਾਂ ਘੋੜਿਆਂ ਤੇ ਹਥਿਆਰਾਂ ਲਈ ਕੋਟਲਾ ਜਾਣਗੇ। ਸੂਬਿਆਂ ਨੇ ਕਿਹਾ,''ਅਸੀਂ ਪਿੱਛੇ-ਪਿੱਛੇ ਆਵਾਂਗੇ, ਤੁਸੀਂ ਕੋਟਲਾ ਵੱਲ ਚੱਲੋ।'' ਤਦ ਉਸ ਨੇ ਕਿਹਾ ਕਿ ਲਹਿਣਾ ਸਿੰਘ ਨੇ ਉਨ੍ਹਾਂ ਨੂੰ ਭੈਣੀ 'ਚ ਸੰਬੋਧਨ ਕਰਦਿਆਂ ਕਿਹਾ ਸੀ ਕਿ ਉਹ ਨਾਭਾ, ਪਟਿਆਲਾ ਤੇ ਦਿੱਲੀ ਜਾ ਕੇ ਆਇਆ ਸੀ; ਅਤੇ ਅੰਗਰੇਜ਼ਾਂ ਦੀ ਸਾਰੀ ਥਲ ਸੈਨਾ ਦਿੱਲੀ 'ਚ ਸੀ, ਮਹਾਰਾਜਾ ਉੱਥੇ ਸੀ ਅਤੇ ਦੇਸ਼ ਹੁਣ ਸੂਤ ਹੈ ਤੇ ਹੁਣ ਬਗ਼ਾਵਤ ਕਰਨ ਦਾ ਵੇਲਾ ਹੈ।''

ਥੰਮਣ ਸਿੰਘ ਦਾ ਬਿਆਨ

ਥੰਮਣ ਸਿੰਘ ਦਾ ਕਹਿਣਾ ਹੈ: ''ਮੈਂ ਗਿਆਨ ਸਿੰਘ ਤੇ ਲਗਭਗ 100 ਕੂਕਿਆਂ ਨਾਲ ਜੁੜ ਗਿਆ। ਉਨ੍ਹਾਂ ਆਖਿਆ ਕਿ ਉਹ ਘੋੜੇ ਤੇ ਹਥਿਆਰ ਲੈਣ ਲਈ ਕੋਟਲਾ ਜਾ ਰਹੇ ਸਨ। ਮੈਨੂੰ ਪਤਾ ਨਹੀਂ ਕਿ ਉਨ੍ਹਾਂ ਨੂੰ ਹਥਿਆਰ ਤੇ ਘੋੜੇ ਕਿਸ ਮੰਤਵ ਲਈ ਚਾਹੀਦੇ ਸਨ। ਮੇ ਰੇ ਚਾਚੇ ਗਿਆਨ ਸਿੰਘ ਨੇ ਮੈਨੂੰ ਇਸ ਬਾਰੇ ਨਹੀਂ ਦੱਸਿਆ ਸੀ।

ਮਿਹਰ ਸਿੰਘ ਦਾ ਬਿਆਨ

ਮਿਹਰ ਸਿੰਘ ਦਾ ਕਹਿਣਾ ਹੈ: ''ਲਹਿਣਾ ਸਿੰਘ ਨੇ ਸਾਨੂੰ ਦੱਸਿਆ ਕਿ ਜਦੋਂ ਸਾਡੇ ਕੋਲ ਹਥਿਆਰ ਹੋਣਗੇ, ਤਾਂ ਸਾਰੇ ਸੱਚੇ ਸਿੱਖ ਸਾਡੇ ਨਾਲ ਜੁੜ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕੋਟਲਾ 'ਤੇ ਕਬਜ਼ੇ ਤੋਂ ਬਾਅਦ ਸਾਨੂੰ ਆਪਣੀ ਯੋਜਨਾ ਦੱਸਣਗੇ।''

ਅਲਬੇਲ ਸਿੰਘ ਦਾ ਬਿਆਨ

ਅਲਬੇਲ (ਜਿਸ ਨੂੰ ਮੌਤ ਦੀ ਸਜ਼ਾ ਮਿਲੀ ਸੀ) ਨੇ ਦੱਸਿਆ: ''ਹੀਰਾ ਸਿੰਘ ਨੇ ਸਾਨੂੰ ਦੱਸਿਆ ਸਾਡੇ ਨਾਲ ਮਲੌਦ ਚੱਲੋ ਅਤੇ ਪਸ਼ੂਆਂ ਦੇ ਕਾਤਲਾਂ ਨੂੰ ਮਾਰਨ ਲਈ ਉਹ ਸਾਨੂੰ ਹਥਿਆਰ ਦੇਣਗੇ।''

ਭਗਤ ਸਿੰਘ ਦਾ ਬਿਆਨ

ਭਗਤ ਸਿੰਘ (ਜਿਸ ਨੂੰ ਮੌਤ ਦੀ ਸਜ਼ਾ ਮਿਲੀ) ਨੇ ਦੱਸਿਆ – ''ਮੈਂ ਮਾਘੀ ਦੇ ਮੇਲੇ ਲਈ ਭੈਣੀ ਗਿਆ ਸਾਂ; ਮੈਂ ਉੱਥੇ ਹੀਰਾ ਸਿੰਘ ਤੇ ਲਹਿਣਾ ਸਿੰਘ ਨੂੰ ਵੇਖਿਆ। ਇਹ ਦੋਵੇਂ ਗਊ-ਹੱਤਿਆ ਵਿਰੁੱਧ ਪ੍ਰਚਾਰ ਕਰ ਰਹੇ ਸਨ ਤੇ ਆਖ ਰਹੇ ਸਨ ਕਿ ਉਹ ਗਊਆਂ ਦੇ ਹਤਿਆਰਿਆਂ ਨੂੰ ਮਾਰਨ ਲਈ ਕੋਟਲਾ ਜਾ ਰਹੇ ਸਨ। (ਗੁਰੂ) ਰਾਮ ਸਿੰਘ ਜੀ ਆਏ ਅਤੇ ਸਾਨੂੰ ਕਿਹਾ ਕਿ ਇੱਥੇ ਗੜਬੜੀ ਨਾ ਕੀਤੀ ਜਾਵੇ ਪਰ ਸਾਡਾ ਲੰਗਰ ਛਕੋ ਤੇ ਜਾਓ।''

ਕੋਟਲਾ ਵੱਲ ਜਾਣ ਵਾਲੇ ਵਿਅਕਤੀਆਂ ਦੀ ਗਵਾਹੀ – ਪੂਰਾਣ ਨਾਥ ਦਾ ਬਿਆਨ, ਜੋ 19 ਜਨਵਰੀ ਨੂੰ ਮਲੌਦ ਵਿਖੇ ਡਿਪਟੀ ਕਮਿਸ਼ਨਰ ਵੱਲੋਂ ਲਿਆ ਗਿਆ ਸੀ, ਦਰਸਾਉਂਦਾ ਹੈ ਕਿ ਕੋਟਲਾ 'ਤੇ ਹਮਲੇ ਤੋਂ ਬਾਅਦ ਕੁਝ ਵਿਅਕਤੀਆਂ ਦੀ ਟੋਲੀ ਉਸ ਸ਼ਹਿਰ ਲਾਗਿਓਂ ਲੰਘੀ ਤੇ ਉਸ ਦਿਨ ਦੇ ਆਉਣ ਦੀ ਇੱਛਾ ਜ਼ਾਹਿਰ ਕੀਤੀ, ਜਦੋਂ ਵਾਹਿਗੁਰੂ ਹੁਕਮ ਕਰਨਗੇ।

ਬਿਲਕੁਲ ਅਜਿਹੀਆਂ ਗਵਾਹੀਆਂ 12 ਹੋਰ ਗਵਾਹਾਂ ਨੇ ਵੀ ਦਿੱਤੀਆਂ ਹਨ, ਉਨ੍ਹਾਂ 'ਚੋਂ ਵਜ਼ੀਰ ਸਿੰਘ ਨੰ. 112 ਦਾ ਬਿਆਨ ਖ਼ਾਸ ਧਿਆਨ ਖਿੱਚਦਾ ਹੈ।

ਹੁਣ ਵੱਡੇ ਪੱਧਰ 'ਤੇ ਇਕੱਠੀਆਂ ਕੀਤੀਆਂ ਗਵਾਹੀਆਂ ਤੋਂ ਬਾਅਦ ਇਸ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਭੈਣੀ ਵਿਖੇ ਸਭ ਨੂੰ ਖੁੱਲ੍ਹੇ ਤੌਰ 'ਤੇ ਜੰਗੀ ਪ੍ਰਦਰਸ਼ਨ ਦੇ ਇਸ ਦ੍ਰਿੜ੍ਹ ਇਰਾਦੇ ਬਾਰੇ ਪਤਾ ਸੀ ਕਿ ਇਸ ਦੀ ਸ਼ੁਰੂਆਤ ਲਹਿਣਾ ਸਿੰਘ ਤੇ ਹੀਰਾ ਸਿੰਘ ਅਤੇ ਉਨ੍ਹਾਂ ਦੇ ਦਲ ਵੱਲੋਂ ਕੀਤੀ ਜਾਵੇਗੀ ਅਤੇ ਉਸ ਬਾਰੇ ਲੱਖਾ ਸਿੰਘ ਨੇ ਨਾ ਸਿਰਫ਼ ਪ੍ਰਵਾਨਗੀ ਦਿੱਤੀ ਸੀ, ਸਗੋਂ ਉਨ੍ਹਾਂ ਨਾਲ ਆ ਕੇ ਸ਼ਾਮਲ ਹੋਣ ਦੀ ਸਹਿਮਤੀ ਵੀ ਪ੍ਰਗਟਾਈ ਸੀ; ਜਿਵੇਂ ਕਿ ਭਗਵਾਨ ਸਿੰਘ, ਗਿਆਨ ਸਿੰਘ, ਸੁੱਖੂ, ਗੰਡਾ ਸਿੰਘ ਨੇ ਗਵਾਹੀਆਂ ਦਿੱਤੀਆਂ ਸਨ ਤੇ ਕਰਨਲ ਬੇਲੀ ਨੇ ਇਨ੍ਹਾਂ ਦੀ ਰਿਪੋਰਟਿੰਗ ਕੀਤੀ ਸੀ। ਮੈਂ ਸ੍ਰੀ ਕਾਵਨ ਦੇ ਪੱਤਰ ਮਿਤੀ 31 ਜਨਵਰੀ (ਨੰ. XXXIX) ਵੱਲ ਧਿਆਨ ਦਿਵਾਉਂਦਾ ਹਾਂ।

ਲੋੜ ਪੈਣ 'ਤੇ ਗਵਾਹੀਆਂ ਦੀ ਹੋਰ ਪੁਸ਼ਟੀ ਬੇਸ਼ੱਕ ਆਸਾਨੀ ਨਾਲ ਹਾਸਲ ਕੀਤੀ ਜਾ ਸਕਦੀ ਹੈ ਪਰ ਜਿਹੜੀ ਮਾਤਰਾ ਹੁਣ ਪੇਸ਼ ਕੀਤੀ ਗਈ ਹੈ, ਉਹ ਸ਼ਾਇਦ ਇਹ ਦਰਸਾਉਣ ਲਈ ਕਾਫ਼ੀ ਹੋਵੇਗੀ ਕਿ ਇਸ ਬਗ਼ਾਵਤ ਦਾ ਅਸਲ ਕਿਰਦਾਰ ਕੀ ਸੀ, ਜਿਸ ਨੂੰ ਕੋਟਲਾ 'ਚ ਖ਼ਤਮ ਕਰ ਦਿੱਤਾ ਗਿਆ ਸੀ।

## 141

*ਤਾਰ* *ਫ਼ੋਰਟ ਵਿਲੀਅਮ 2 ਫ਼ਰਵਰੀ, 1872*

*ਵੱਲੋਂ*

ਭਾਰਤ ਸਰਕਾਰ

*ਵੱਲ*

ਮਹਾਰਾਣੀ ਦੇ ਸਕੱਤਰ, ਭਾਰਤ ਸਰਕਾਰ, ਲੰਦਨ।

ਮੇਰੇ ਲਾਰਡ ਡਿਊਕ,

ਇਸੇ ਮਹੀਨੇ ਦੀ 2 ਤਰੀਕ ਦੇ ਸਾਡੇ ਡਿਸਪੈਚ ਨੰ. 9 ਦੀ ਨਿਰੰਤਰਤਾ 'ਚ ਅਸੀਂ ਆਪ ਮਾਣਯੋਗ ਜੀ ਦੀ ਜਾਣਕਾਰੀ ਲਈ ਪੰਜਾਬ ਸਰਕਾਰ ਤੋਂ ਪ੍ਰਾਪਤ ਹੋਰ ਪੱਤਰਾਂ ਤੇ ਟੈਲੀਗ੍ਰਾਮਾਂ ਦੀਆਂ ਕਾਪੀਆਂ ਭੇਜਦੇ ਹਾਂ, ਜੋ ਮਲੌਦ ਤੇ ਮਲੇਰਕੋਟਲਾ 'ਚ ਕੂਕਿਆਂ ਵੱਲੋਂ ਕੀਤੇ ਗਏ ਹਾਲੀਆ ਹਮਲਿਆਂ ਨਾਲ ਸੰਬੰਧਤ ਕਾਰਵਾਈਆਂ ਦੀ ਰਿਪੋਰਟਿੰਗ ਹਨ।

## 142

*ਨੰ. 9ਵਾਂ ਮਿਤੀ 2 ਫ਼ਰਵਰੀ, 1872*

ਵੱਲੋਂ

ਭਾਰਤ ਸਰਕਾਰ

ਵੱਲ

ਮਹਾਰਾਣੀ ਦੇ ਸਕੱਤਰ, ਭਾਰਤ ਸਰਕਾਰ।

ਸਾਡੇ ਡਿਸਪੈਚ ਨੰ. 7 ਮਿਤੀ 19 ਜਨਵਰੀ ਦੀ ਨਿਰੰਤਰਤਾ ਵਿੱਚ, ਆਪ ਜੀ ਮਾਣਯੋਗ ਦੀ ਜਾਣਕਾਰੀ ਲਈ ਹੋਰ ਦਸਤਾਵੇਜ਼ਾਂ ਦੀ ਕਾਪੀ ਭੇਜਦੇ ਹਾਂ, ਜਿਵੇਂ ਕਿ ਨਾਲ ਨੱਥੀ ਸੂਚੀ ਵਿੱਚ ਦਰਜ ਹੈ, ਜੋ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ 'ਚ ਮਲੌਦ ਤੇ ਮਲੇਰਕੋਟਲਾ ਵਿਖੇ ਕੂਕਿਆਂ ਦੀਆਂ ਟੋਲੀਆਂ ਵੱਲੋਂ ਕੀਤੇ ਹਾਲੀਆ ਹਮਲਿਆਂ ਨਾਲ ਸੰਬੰਧਤ ਹਨ।

ਪੰਜਾਬ ਸਰਕਾਰ ਦੀ ਸਿਫ਼ਾਰਸ਼ (ਪੰਜਾਬ ਸਰਕਾਰ ਦਾ ਪੱਤਰ ਨੰ. 9ਸੀ, ਮਿਤੀ 16 ਜਨਵਰੀ, 1872) ਅਨੁਸਾਰ ਅਤੇ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਸ੍ਰੀ ਫ਼ਾਰਸਿਥ ਵੱਲੋਂ ਪੂਰੀ ਵਿਆਖਿਆ ਨਾਲ ਦੱਸੇ ਹਾਲਾਤ ਅਧੀਨ ਅਸੀਂ ਕੂਕਾ ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ 10 ਸਭ ਤੋਂ ਵੱਧ ਪ੍ਰਭਾਵਸ਼ਾਲੀ ਸੂਬਿਆਂ ਦੇ ਅਲਾਹਾਬਾਦ ਜੇਲ੍ਹ ਲਈ 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ ਜਾਰੀ ਕਰ ਦਿੱਤੇ ਹਨ।

ਜਿਸ ਮੁਸਤੈਦੀ ਤੇ ਜੋਸ਼ ਨਾਲ ਸਥਾਨਕ ਅਧਿਕਾਰੀਆਂ ਨੇ ਗੜਬੜੀਆਂ ਦੀ ਪਹਿਲੀ ਖ਼ੁਫ਼ੀਆ ਜਾਣਕਾਰੀ ਮਿਲਦਿਆਂ ਹੀ ਕੰਮ ਕੀਤਾ, ਅਸੀਂ ਉਸ ਦੀ ਕਦਰ ਪਾਉਂਦੇ ਹਾਂ, ਸਾਨੂੰ ਅਫ਼ਸੋਸ ਹੈ ਕਿ ਅਸੀਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਦੀਆਂ ਗੂੜ੍ਹ ਕਾਰਵਾਈਆਂ ਦੀ ਉਚਿਤਤਾ 'ਤੇ ਮਜਬੂਰਨ ਸੁਆਲ ਕੀਤਾ ਹੈ। ਤੁਸੀਂ ਵੇਖੋਗੇ ਕਿ ਅਸੀਂ ਉਨ੍ਹਾਂ ਵੱਲੋਂ ਬਿਨਾਂ ਸੁਣਵਾਈ ਕੂਕਾ ਬਾਗ਼ੀਆਂ, ਜਿਨ੍ਹਾਂ ਨੂੰ ਪਟਿਆਲਾ ਖੇਤਰ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਮੌਤ ਦੀ ਸਜ਼ਾ ਦੇਣ ਦੇ ਆਚਾਰ-ਵਿਹਾਰ ਦੀ ਮੁਕੰਮਲ ਜਾਂਚ ਹੋਣ ਤੱਕ ਉਨ੍ਹਾਂ ਨੂੰ ਮੁਅੱਤਲ ਰੱਖਣ ਦੇ ਹੁਕਮ ਜਾਰੀ ਕਰ ਦਿੱਤੇ ਹਨ।

## 143

*ਨੰ. 170 ਮਿਤੀ 2 ਫ਼ਰਵਰੀ, 1872*

ਵੱਲੋਂ

ਈ.ਸੀ. ਬੇਲੀ, ਐਸਕ., ਸੀ.ਐੱਸ.ਆਈ.,

ਸਕੱਤਰ, ਭਾਰਤ ਸਰਕਾਰ।

ਵੱਲ

ਕਾਰਜਕਾਰੀ ਸਕੱਤਰ, ਉੱਤਰ-ਪੱਛਮੀ ਰਾਜਾਂ ਦੀ ਸਰਕਾਰ।

ਅਲਾਹਾਬਾਦ ਦੇ ਮੈਜਿਸਟ੍ਰੇਟ ਤੋਂ ਪ੍ਰਾਪਤ ਪੱਤਰ* ਦੀ ਨਾਲ ਮੌਜੂਦ ਕਾਪੀ ਦੇ

*ਨੰ. 68, ਇਸੇ ਮਹੀਨੇ ਦੀ 26 ਤਰੀਕ ਅਤੇ ਨੱਥੀ

ਹਵਾਲੇ ਨਾਲ, ਮੈਨੂੰ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਤੁਸੀਂ ਬਿਨਾਂ ਕਿਸੇ ਦੇਰੀ ਦੇ ਵਧੀਆ ਰਿਪੋਰਟ ਭੇਜਣ ਲਈ ਠੀਕ-ਠਾਕ ਹੋ, ਕੀ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੇ ਵਿਚਾਰ ਅਨੁਸਾਰ ਕੀ ਅਲਾਹਾਬਾਦ ਵਿਖੇ ਕੂਕਾ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਹਿਰਾਸਤ 'ਚ ਰੱਖਣ ਦੀ ਜ਼ਿੰਮੇਵਾਰੀ ਸੰਭਾਲਣ ਉੱਤੇ ਕੋਈ ਜਾਇਜ਼ ਇਤਰਾਜ਼ ਹਨ।

## 144

*ਤਾਰ ਮਿਤੀ 7 ਫ਼ਰਵਰੀ, 1872*

ਵੱਲੋਂ

ਭਾਰਤ ਸਰਕਾਰ।

ਵੱਲ

ਸਕੱਤਰ, ਭਾਰਤ ਸਰਕਾਰ ਵਾਸਤੇ।

15 ਜਨਵਰੀ ਨੂੰ ਲਗਭਗ ਸਵਾ ਸੌ ਕੂਕਿਆਂ ਨੇ ਮਲੇਰਕੋਟਲਾ 'ਤੇ ਹਮਲਾ ਕਰ ਦਿੱਤਾ ਸੀ, ਜਿਨ੍ਹਾਂ ਦਾ ਮੁਕਾਬਲਾ ਕੀਤਾ ਗਿਆ, ਅੱਠ ਜਣੇ ਮਾਰੇ ਗਏ, ਨੌਂ ਗ੍ਰਿਫ਼ਤਾਰ ਕਰ ਲਏ ਗਏ; ਬਾਕੀ ਦੇ ਅਠਾਹਠ ਜਣਿਆਂ ਨੇ ਅਗਲੇ ਦਿਨ ਆਤਮਸਮਰਪਣ ਕਰ ਦਿੱਤਾ, 27 ਜਣੇ ਜ਼ਖ਼ਮੀ ਸਨ, ਉਨ੍ਹਾਂ ਨੂੰ ਮਲੇਰਕੋਟਲਾ 'ਚ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਹਵਾਲੇ ਕਰ ਦਿੱਤਾ ਗਿਆ ਸੀ ਕਿਉਂਕਿ ਇਸ ਰਿਆਸਤ ਦੀ ਜਾਨਸ਼ੀਨੀ ਵਿਵਾਦਾਂ 'ਚ ਘਿਰੀ ਹੋਈ ਸੀ, ਇਸੇ ਲਈ ਉਹ ਰਿਆਸਤ ਦੇ ਇੰਚਾਰਜ ਸਨ ਅਤੇ ਜਿੱਥੇ ਪਟਿਆਲਾ, ਜੀਂਦ ਤੇ ਨਾਭਾ ਦੇ 750 ਫ਼ੌਜੀ ਜਵਾਨ ਨੌਂ ਤੋਪਾਂ ਸਣੇ ਉਨ੍ਹਾਂ ਨਾਲ ਆ ਕੇ ਜੁੜ ਗਏ ਸਨ। ਸਤਾਰਾਂ ਤਰੀਕ ਨੂੰ ਡਿਪਟੀ ਕਮਿਸ਼ਨਰ ਨੇ ਰਸਮੀ ਸੁਣਵਾਈ ਜਾਂ ਕਮਿਸ਼ਨਰ ਦੀ ਲੋੜੀਂਦੀ ਪ੍ਰਵਾਨਗੀ ਤੋਂ ਬਗ਼ੈਰ ਹੀ ਗ਼ੈਰ-ਕਾਨੂੰਨੀ ਢੰਗ ਨਾਲ 49 ਜਣੇ ਤੋਪਾਂ ਨਾਲ ਉਡਾ ਦਿੱਤੇ। ਕਮਿਸ਼ਨਰ ਨੇ ਅਗਲੇ ਦਿਨ ਆ ਕੇ ਰਸਮੀ ਤੌਰ 'ਤੇ ਸਭ ਦੀ ਸੁਣਵਾਈ ਕੀਤੀ ਤੇ 16 ਹੋਰਨਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ। ਭਾਰਤ ਸਰਕਾਰ ਨੇ ਥੋਕ ਗਿਣਤੀ 'ਚ ਦਿੱਤੀਆਂ ਮੌਤ ਦੀਆਂ ਇਨ੍ਹਾਂ ਸਜ਼ਾਵਾਂ ਨੂੰ ਪੂਰੀ ਤਰ੍ਹਾਂ ਨਾਮਨਜ਼ੂਰ ਕਰ ਦਿੱਤਾ, ਜੋ ਪੂਰੀ ਤਰ੍ਹਾਂ ਅਨਿਆਂਪੂਰਨ ਜਾਪਦੀਆਂ ਸਨ ਅਤੇ ਜਾਂਚ ਮੁਕੰਮਲ ਹੋਣ ਤੱਕ ਡਿਪਟੀ ਕਮਿਸ਼ਨਰ ਨੂੰ ਮੁਅੱਤਲ ਕਰ ਦਿੱਤਾ। ਹੁਣ ਸਭ ਪਾਸੇ ਸ਼ਾਂਤੀ ਹੈ।

## 145

**(ਪੰਜਾਬ 'ਚ ਕੂਕਾ ਬਗ਼ਾਵਤ)**

*ਨੰ. 59ਸੀ, ਮਿਤੀ ਕੈਂਪ ਕਰਨਾਲ, 7 ਫ਼ਰਵਰੀ, 1872*

ਵੱਲੋਂ

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਮੈਨੂੰ ਮਹਾਮਹਿਮ ਵਾਇਸਰਾਏ ਅਤੇ ਗਵਰਨਰ ਜਨਰਲ ਦੀ ਜਾਣਕਾਰੀ ਲਈ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਦਾ ਪੱਤਰ ਨੰ. 389 ਮਿਤੀ 1 ਫ਼ਰਵਰੀ, 1872, ਨੱਥੀ ਦਸਤਾਵੇਜ਼ਾਂ ਸਮੇਤ ਭੇਜਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਕੂਕਾ ਸੰਪਰਦਾਇ ਤੇ ਉਸ ਦੇ ਰਹਿਨੁਮਾ (ਗੁਰੂ) ਰਾਮ ਸਿੰਘ ਜੀ, ਨਿਵਾਸੀ ਭੈਣੀ ਦੀਆਂ ਯੋਜਨਾਵਾਂ ਨਾਲ ਸੰਬੰਧਤ ਇਕੱਠੀਆਂ ਕੀਤੀਆਂ ਗਵਾਹੀਆਂ/ਸਬੂਤ ਦਰਜ ਹਨ।

2. ਲੈਫ਼. ਗਵਰਨਰ ਖ਼ਾਸ ਤੌਰ 'ਤੇ ਅੰਬਾਲਾ ਡਿਵੀਜ਼ਨ ਦੇ ਕਾਰਜਕਾਰੀ ਕਮਿਸ਼ਨਰ ਅਤੇ ਅੰਬਾਲਾ ਸਰਕਲ ਦੇ ਡਿਪਟੀ ਇੰਸਪੈਕਟਰ ਜਨਰਲ ਆੱਫ਼ ਪੁਲਿਸ ਕਰਨਲ ਜੀ. ਮੈਕਐਂਡ੍ਰਿਯੂ ਵੱਲੋਂ ਰਿਕਾਰਡ ਕੀਤੇ ਯਾਦ-ਪੱਤਰਾਂ ਵੱਲ ਧਿਆਨ ਦਿਵਾਉਣਾ ਚਾਹੁਣਗੇ। ਇਹ ਹਾਲੀਆ ਬਗ਼ਾਵਤ ਤੋਂ ਪਹਿਲਾਂ ਰਾਏਕੋਟ ਅਤੇ ਅੰਮ੍ਰਿਤਸਰ 'ਚ ਕੂਕਿਆਂ ਵੱਲੋਂ ਕੀਤੇ ਕਤਲਾਂ ਦੇ ਖ਼ਾਸ ਸੰਦਰਭ 'ਚ ਲਿਖੇ ਗਏ ਸਨ।

3. ਇਨ੍ਹਾਂ ਮਾਮਲਿਆਂ ਦੀਆਂ ਗਵਾਹੀਆਂ 'ਤੇ ਲੈਫ਼ਟੀਨੈਂਟ ਗਵਰਨਰ ਨੇ ਬਹੁਤ ਧਿਆਨਪੂਰਵਕ ਵਿਚਾਰ ਕੀਤਾ ਸੀ, ਜੋ ਇਹ ਸਹੀ ਨਹੀਂ ਸਮਝਦੇ ਕਿ ਕਤਲਾਂ ਵਿੱਚ ਮਿਲੀਭੁਗਤ ਲਈ (ਗੁਰੂ) ਰਾਮ ਸਿੰਘ ਜੀ ਵਿਰੁੱਧ ਫ਼ੌਜਦਾਰੀ ਅਦਾਲਤੀ ਕਾਰਵਾਈ ਦਾ ਅਧਿਕਾਰ ਦਿੱਤਾ ਜਾਵੇ; ਭਾਵੇਂ ਇਹ ਯਕੀਨੀ ਜਾਪਦਾ ਹੈ ਕਿ (ਗੁਰੂ) ਰਾਮ ਸਿੰਘ ਜੀ ਦੇ ਚੇਲਿਆਂ ਨੇ ਗਊ-ਹੱਤਿਆਵਾਂ ਰੋਕਣ ਲਈ ਇਹ ਕਤਲ ਆਪਣੇ ਰੂਹਾਨੀ ਮੁਖੀ ਦੀ ਮਨਜ਼ੂਰੀ ਤੇ ਉਨ੍ਹਾਂ ਨੂੰ ਦੱਸੇ ਬਿਨਾਂ ਨਹੀਂ ਕੀਤੇ ਹੋਣਗੇ ਅਤੇ ਸੁਣਵਾਈਆਂ ਦੌਰਾਨ ਅੰਮ੍ਰਿਤਸਰ ਤੇ ਰਾਏਕੋਟ 'ਚ ਸਿੱਧੀਆਂ ਗਵਾਹੀਆਂ ਦਲ ਸਿੰਘ, ਗੁਲਾਬ ਸਿੰਘ, ਕਾਹਨ ਸਿੰਘ ਤੇ ਗੰਡਾ ਸਿੰਘ ਵੱਲੋਂ ਦਿੱਤੀਆਂ ਗਈਆਂ ਸਨ, ਜਿਨ੍ਹਾਂ ਰਾਹੀਂ ਬਾਬਾ ਰਾਮ ਸਿੰਘ ਜੀ ਵੀ ਕਤਲ ਕਰਨ ਲਈ ਉਕਸਾਉਣ ਦੇ ਜੁਰਮ ਦੀ ਲਪੇਟ 'ਚ ਆਉਂਦੇ ਹਨ। ਅਜਿਹੇ ਹਾਲਾਤ 'ਚ ਲੈਫ਼ਟੀਨੈਂਟ ਗਵਰਨਰ ਦਾ ਵਿਚਾਰ ਸੀ ਕਿ ਬਾਬਾ ਜੀ ਵਿਰੁੱਧ ਕੇਸ ਵਾਜਬ ਤਰੀਕੇ ਸਪੱਸ਼ਟ ਨਹੀਂ ਹੈ, ਇਸੇ ਲਈ ਇੱਕ ਅਪਰਾਧਕ ਮਾਮਲੇ 'ਚ ਉਨ੍ਹਾਂ ਨੂੰ ਦੋਸ਼ੀ ਠਹਿਰਾਉਣਾ ਨਿਸ਼ਚਿਤ ਹੈ ਅਤੇ ਸਰਕਾਰੀ ਹੁਕਮ ਨਾਲ ਕੀਤੀ ਜਾਣ ਵਾਲੀ ਅਦਾਲਤੀ ਕਾਰਵਾਈ ਜੇ ਨਾਕਾਮ ਰਹੀ, ਤਾਂ ਇਸ ਨੂੰ ਇਹ ਸੰਪਰਦਾਇ ਆਪਣੀ ਜਿੱਤ ਕਰਾਰ ਦੇਵੇਗਾ; ਸਰਕਾਰੀ ਧਿਰ ਜਿਹੜੇ ਵੀ ਗਵਾਹਾਂ 'ਤੇ ਭਰੋਸਾ ਕਰਨ ਲਈ ਮਜਬੂਰ ਹੈ, ਉਨ੍ਹਾਂ 'ਚੋਂ ਵੀ ਜ਼ਿਆਦਾਤਰ ਕੂਕਾ ਸੰਪਰਦਾਇ ਨਾਲ ਹੀ ਸੰਬੰਧਤ ਹਨ, ਜਿਨ੍ਹਾਂ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਕਿ ਜੇ ਉਨ੍ਹਾਂ ਨੂੰ ਆਪਣੇ ਬਿਆਨ ਦੁਹਰਾਉਣ ਲਈ ਸੱਦਿਆ ਜਾਵੇਗਾ, ਤਾਂ ਉਹ ਆਪਣੇ ਪਹਿਲੇ ਬਿਆਨਾਂ 'ਤੇ ਕਾਇਮ ਰਹਿਣਗੇ ਕਿ ਨਹੀਂ ਕਿਉਂਕਿ ਇਹ ਮਾਮਲਾ ਉਨ੍ਹਾਂ ਦੇ

ਗੁਰੂ ਦੇ ਜੀਵਨ ਜਾਂ ਆਜ਼ਾਦੀ ਨੂੰ ਪ੍ਰਭਾਵਿਤ ਕਰਨ ਨਾਲ ਜੁੜਿਆ ਹੋਇਆ ਹੈ।

4. ਨਾ ਹੀ ਲੈਫ਼ਟੀਨੈਂਟ ਗਵਰਨਰ ਉਸ ਸਮੇਂ ਇਹ ਸਮਝਦੇ ਸਨ ਕਿ ਭਾਰਤ ਸਰਕਾਰ ਲਈ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪ੍ਰਮੁੱਖ ਸੂਬਿਆਂ ਦੇ 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ ਜਾਰੀ ਕਰਨੇ ਉਚਿਤ ਹੋਣਗੇ। ਉਨ੍ਹਾਂ ਦਾ ਵਿਚਾਰ ਸੀ ਕਿ ਕੂਕਾ ਰਹਿਨੁਮਾ ਦੀ ਆਮ ਅਦਾਲਤਾਂ ਵਿੱਚ ਵਾਜਬ ਨਿਆਂਇਕ ਸਬੂਤ ਨਹੀਂ ਮਿਲਦੇ, ਤਾਂ ਇਹ ਕੇਸ ਉਸ ਹੱਦ ਤੱਕ ਮਜ਼ਬੂਤ ਨਹੀਂ ਸੀ ਕਿ ਉਹ ਹੰਗਾਮੀ ਹਾਲਾਤ ਲਈ ਖ਼ਾਸ ਕਾਰਜ-ਵਿਧੀ ਨੂੰ ਦਰੁਸਤ ਠਹਿਰਾ ਸਕੇ, ਸਰਕਾਰੀ ਧਿਰ ਨੂੰ ਵਾਰੰਟ ਜਾਰੀ ਕਰਨ ਦੀ ਮਨਸ਼ਾ ਨਾਲ ਹਦਾਇਤ ਦੇਣ ਵਿੱਚ ਵੀ ਵੱਡੀ ਔਖ ਸੀ ਕਿਉਂਕਿ ਉਹ ਪ੍ਰਕਿਰਿਆ ਵੀ ਅਸਫ਼ਲ ਹੋ ਸਕਦੀ ਸੀ।

5. ਮਲੌਦ ਤੇ ਮਲੇਰਕੋਟਲਾ 'ਤੇ ਇੱਕ ਤੋਂ ਬਾਅਦ ਦੂਜੇ ਹਮਲਿਆਂ ਤੋਂ ਬਾਅਦ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੇ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸਭ ਤੋਂ ਪ੍ਰਮੁੱਖ ਸੂਬਿਆਂ ਨੂੰ ਪੰਜਾਬ ਤੋਂ ਬਾਹਰ ਭੇਜਣ ਦਾ ਫ਼ੈਸਲਾ ਕੀਤਾ; ਅਤੇ ਜਿਸ ਬਾਰੇ ਜਾਣਕਾਰੀ ਹਾਸਲ ਕਰ ਕੇ ਭਾਰਤ ਸਰਕਾਰ ਨੂੰ ਭੇਜ ਦਿੱਤੀ ਗਈ ਹੈ ਅਤੇ ਨਾਲ ਹੀ ਇਸ ਚਿੱਠੀ ਨਾਲ ਨੱਥੀ ਦਸਤਾਵੇਜ਼ਾਂ ਵਜੋਂ ਗਵਾਹੀਆਂ ਵੀ ਭੇਜੀਆਂ ਗਈਆਂ ਹਨ, ਜੋ ਅੰਮ੍ਰਿਤਸਰ ਤੇ ਰਾਏਕੋਟ ਦੀਆਂ ਅਦਾਲਤੀ ਕਾਰਵਾਈ ਦੌਰਾਨ ਲਈਆਂ ਗਈਆਂ ਸਨ ਅਤੇ ਕੂਕਾ ਸਿੱਖਿਆਵਾਂ ਦੇ ਰੁਝਾਨ, ਇਸ ਦੇ ਪ੍ਰਚਾਰਕਾਂ ਦੇ ਕਿਰਦਾਰ ਬਾਰੇ ਵੇਰਵੇ ਤੇ ਸਬੂਤ ਪਿਛਲੇ ਕਈ ਸਾਲਾਂ ਤੋਂ ਇਕੱਠੇ ਕੀਤੇ ਜਾ ਰਹੇ ਸਨ, ਜਿਨ੍ਹਾਂ ਤੋਂ ਲੈਫ਼ਟੀਨੈਂਟ ਗਵਰਨਰ ਨੇ ਦ੍ਰਿੜ੍ਹ ਇਰਾਦਾ ਕਿ ਬਾਬਾ ਜੀ ਨੂੰ ਇੱਥੋਂ ਬਾਹਰ ਭੇਜਣਾ ਜ਼ਰੂਰੀ ਸੀ। ਮਾਣਯੋਗ ਸਾਹਿਬ ਦਾ ਇਹ ਵੀ ਵਿਚਾਰ ਹੈ ਕਿ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਨੂੰ ਇੱਕ ਦੂਰੀ 'ਤੇ ਕਿਸੇ ਅਜਿਹੀ ਥਾਂ 'ਤੇ ਅਜਿਹੇ ਤਰੀਕੇ ਕੈਦ ਕਰ ਕੇ ਰੱਖਿਆ ਜਾਵੇ ਕਿ ਉਹ ਕੋਈ ਸਾਜ਼ਿਸ਼ ਰਚ ਸਕਣ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਬਚਾ ਸਕੇ ਤੇ ਨਾ ਹੀ ਉਹ ਆਪ ਕਿਤੇ ਭੱਜ ਸਕਣ ਜਾਂ ਉਨ੍ਹਾਂ ਲਈ ਪੰਜਾਬ ਪਰਤਣਾ ਵੀ ਅਸੰਭਵ ਹੋਵੇ।

6. ਪਰ ਆਪਣੀ ਕਾਹਲ਼ੀ ਲੁਕਾਉਣ ਦੀ ਇੱਛਾ ਰੱਖੇ ਬਗ਼ੈਰ ਸ੍ਰੀ ਕਾਵਨ ਦੇ ਆਚਾਰ-ਵਿਹਾਰ ਦੀ ਅਨੁਸ਼ਾਸਨਹੀਣ ਧਾਰਨਾ ਜਾਂ ਅਣਮਾਪੀ ਸਖ਼ਤੀ ਜਿਹੀਆਂ ਚੀਜ਼ਾਂ ਲੈਫ਼ਟੀਨੈਂਟ ਗਵਰਨਰ ਦੇ ਪ੍ਰਤੀਸੰਤੁਲਨਕਾਰੀ ਸੋਚ ਵਿਚਾਰ ਤੋਂ ਬਚ ਨਹੀਂ ਸਕਦੀਆਂ। ਉਨ੍ਹਾਂ ਬੇਇਨਸਾਫ਼ੀ ਨਹੀਂ ਕੀਤੀ। ਜਿਹੜੇ ਅਪਰਾਧਾਂ ਦੀ ਸਜ਼ਾ ਦਿੱਤੀ ਗਈ ਸੀ, ਉਹ ਬਹੁਤ ਸੋਚ-ਸਮਝ ਕੇ ਯੋਜਨਾਬੱਧ ਤਰੀਕੇ ਨਾਲ ਕੀਤੇ ਗਏ ਸਨ, ਜਿਸ ਗੁਪਤ ਤਰੀਕੇ ਨਾਲ ਉਹ ਧਾਰਨਾ ਬਣੀ ਤੇ ਫਿਰ ਅਚਾਨਕ ਨਿਰਾਸ਼ਾ ਦੇ ਆਲਮ 'ਚ ਇਹ ਸਭ ਕਰ ਦਿੱਤਾ ਗਿਆ; ਉਸ ਤੋਂ ਸਮਾਜ ਨੂੰ ਬਹੁਤ ਜ਼ਿਆਦਾ ਚਿਤਾਵਨੀ ਮਿਲੀ। ਇਹ ਸੱਚ ਹੈ ਕਿ ਮੰਤਵ ਹੱਲ ਨਹੀਂ ਹੋਇਆ ਸੀ ਪਰ ਉੱਥੇ ਅਪਰਾਧੀਆਂ 'ਚੋਂ ਕੋਈ ਇੱਕ ਨਹੀਂ ਸੀ, ਜਿਸ ਦੀ ਜ਼ਿੰਦਗੀ 'ਚੋਂ ਸਖ਼ਤੀ ਨਾਲ ਜਨਤਕ ਇਨਸਾਫ਼ ਖੋਹਿਆ ਨਹੀਂ ਗਿਆ ਸੀ। ਇੰਝ ਬਹੁਤ ਕੁਝ ਆਖਿਆ ਜਾ ਸਕਦਾ ਹੈ, ਭਾਵੇਂ ਉਨ੍ਹਾਂ ਹਮਲਿਆਂ ਨੂੰ ਆਮ ਸ਼ਹਿਰੀ ਅਪਰਾਧ ਹੀ ਮੰਨਿਆ ਜਾ

ਰਿਹਾ ਹੈ ਪਰ ਉਨ੍ਹਾਂ ਲਈ ਅਜਿਹਾ ਆਖਣਾ ਅਸੰਭਵ ਹੈ; ਇਸ ਦੇ ਨਾ ਸਿਰਫ਼ ਬਹੁਤ ਜ਼ਿਆਦਾ ਸਬੂਤ ਹਨ, ਸਗੋਂ ਉਨ੍ਹਾਂ ਵਿਅਕਤੀਆਂ 'ਚ ਵੀ ਇਸ ਮੁੱਦੇ ਨੂੰ ਲੈ ਕੇ ਇੱਕ ਵਿਆਪਕ ਸਮਝੌਤਾ ਹੈ ਜੋ ਇਨਸਾਫ਼ ਦੇਣ ਤੇ ਕੋਈ ਫ਼ੈਸਲਾ ਕਰਨ ਦੇ ਯੋਗ ਹਨ, ਉਹ ਸਾਰੇ ਸਬੂਤ ਇਹੋ ਦਰਸਾਉਂਦੇ ਹਨ ਕਿ ਬਹੁਤ ਹੀ ਸੋਚ-ਵਿਚਾਰ ਕੇ ਧਾਰਮਿਕ ਕੱਟੜਵਾਦ ਰਾਹੀਂ ਭੜਕਾਹਟ ਪੈਦਾ ਕੀਤੀ ਗਈ, ਉਨ੍ਹਾਂ ਦਾ ਸਿਆਸੀ ਮੰਤਵ ਸੀ, ਜਿਸ ਨਾਲ ਚੀਜ਼ਾਂ ਦੀ ਵਰਤਮਾਨ ਵਿਵਸਥਾ 'ਚ ਬੇਹੱਦ ਗੰਭੀਰ ਕਿਸਮ ਦੀ ਗੜਬੜੀ ਹੋ ਗਈ। ਸਿਰਫ਼ ਅਪਰਾਧੀ ਦੇ ਜੀਵਨ 'ਚੋਂ ਹੀ ਜਨਤਕ ਨਿਆਂ ਨਹੀਂ ਖੋਹਿਆ ਗਿਆ ਸੀ, ਸਗੋਂ ਜਨਤਕ ਅਧਿਕਾਰਾਂ ਨੂੰ ਬਰਕਰਾਰ ਰੱਖਣਾ ਵੀ ਜ਼ਰੂਰੀ ਸੀ ਅਤੇ ਇਸ ਲਈ ਇੱਕ ਅਨੋਖੀ ਮਿਸਾਲ ਕਾਇਮ ਕਰਨੀ ਚਾਹੀਦੀ ਸੀ। ਸ੍ਰੀ ਕਾਵਨ ਪਿਛਲੇ ਕੁਝ ਸਮੇਂ ਤੋਂ ਡਿਪਟੀ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਉਂਦੇ ਆ ਰਹੇ ਸਨ, ਜਿੱਥੇ ਕਿ ਕੂਕਾ ਸੰਪਰਦਾਇ ਦਾ ਮੁੱਖ ਕੇਂਦਰ ਹੈ। ਉਨ੍ਹਾਂ ਕੋਲ ਉਨ੍ਹਾਂ ਦੇ ਸੰਗਠਨ ਅਤੇ ਉਨ੍ਹਾਂ ਦੀਆਂ ਯੋਜਨਾਵਾਂ ਦੀ ਪ੍ਰਕਿਰਤੀ ਬਾਰੇ ਫ਼ੈਸਲੇ ਲੈਣ ਦੇ ਬਿਹਤਰੀਨ ਮੌਕੇ ਸਨ। ਇੱਕ ਮੈਜਿਸਟ੍ਰੇਟ ਵਜੋਂ ਉਨ੍ਹਾਂ ਇਸ ਸੰਪਰਦਾਇ ਦੇ ਕੁਝ ਮੈਂਬਰਾਂ ਨੂੰ ਦੋਸ਼ੀ ਠਹਿਰਾਇਆ ਅਤੇ ਇੰਝ ਇਨ੍ਹਾਂ ਹਮਲਿਆਂ ਦੀ ਸੁਣਵਾਈ ਬਦਲੇ ਹੁਣ ਉਨ੍ਹਾਂ ਤੋਂ ਬਦਲਾ ਲਏ ਜਾਣ ਦੀ ਸੰਭਾਵਨਾ ਕਾਰਣ ਉਨ੍ਹਾਂ ਦੇ ਜੀਵਨ ਨੂੰ ਖ਼ਤਰਾ ਪੈਦਾ ਹੋ ਗਿਆ ਹੈ, ਉਨ੍ਹਾਂ ਮੁਸਤੈਦੀ ਨਾਲ ਕੰਮ ਕੀਤਾ ਅਤੇ ਤੁਰੰਤ ਮਲੌਦ ਗਏ ਅਤੇ ਦੂਰਅੰਦੇਸ਼ੀ ਨਾਲ ਸੁਰੱਖਿਅਤ ਰਿਆਸਤਾਂ ਦੇ ਸੁਰੱਖਿਆ ਬਲਾਂ ਨੂੰ ਸੱਦਿਆ ਅਤੇ ਉਨ੍ਹਾਂ ਦੀਆਂ ਗ਼ੈਰ-ਰਸਮੀ ਤੇ ਅਣਅਧਿਕਾਰਤ ਸਜ਼ਾਵਾਂ ਨੂੰ ਅੰਜਾਮ ਦਿੱਤਾ ਗਿਆ, ਉਨ੍ਹਾਂ ਮੌਤ ਦੀਆਂ ਸਜ਼ਾਵਾਂ ਤੋਂ ਅਗਲੇ ਦਿਨ 16 ਇਹੋ ਜਿਹੇ ਜਿਹੜੇ ਅਪਰਾਧੀ ਸ੍ਰੀ ਕਾਵਨ ਨੇ ਜਿਸ ਅਧਿਕਾਰੀ ਨੂੰ ਪੇਸ਼ ਕੀਤੇ ਸਨ, ਉਨ੍ਹਾਂ ਵੀ ਉਹੀ ਸਜ਼ਾਵਾਂ ਦਿੱਤੀਆਂ।

## 146

*ਵੱਲੋਂ*

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

*ਵੱਲ*

ਸਕੱਤਰ, ਪੰਜਾਬ ਸਰਕਾਰ।

*ਗ੍ਰਹਿ ਵਿਭਾਗ*

ਨਿਆਂਇਕ

ਫ਼ੋਰਟ ਵਿਲੀਅਮ, 8 ਫ਼ਰਵਰੀ, 1872.

ਸ੍ਰੀਮਾਨ ਜੀ,

ਇਸੇ ਮਹੀਨੇ ਦੀ 29 ਤਰੀਕ ਵਾਲੀ ਤੁਹਾਡੀ ਤਾਰ ਅਤੇ ਹਾਸ਼ੀਏ 'ਤੇ ਨੋਟ ਕੀਤੇ ਤੁਹਾਡੇ ਪੱਤਰ ਮਿਲ ਗਏ ਹਨ, ਇਨ੍ਹਾਂ ਸਭ ਦਾ ਸਬੰਧ ਕੂਕਾ ਬਗ਼ਾਵਤ ਨਾਲ ਹੈ।

ਨੰ. 29ਸੀ, ਮਿਤੀ 22 ਜਨਵਰੀ, 1872<br>
'' 35ਸੀ, '' 24 '' ''<br>
'' 36ਸੀ, '' 26 '' ''<br>
'' 38ਸੀ, '' 27 '' ''<br>
'' 44ਸੀ, '' 30 '' ''

ਗਵਰਨਰ ਜਨਰਲ-ਇਨ-ਕੌਂਸਲ ਨੇ ਇਨ੍ਹਾਂ ਦਸਤਾਵੇਜ਼ਾਂ ਨੂੰ ਬੇਹੱਦ ਫ਼ਿਕਰਮੰਦੀ ਤੇ ਧਿਆਨ ਨਾਲ ਵਿਚਾਰਿਆ ਹੈ ਅਤੇ ਉਨ੍ਹਾਂ ਦੀ ਇੱਛਾ ਹੈ ਕਿ ਇਸ ਵਿਸ਼ੇ 'ਤੇ ਅੰਤਿਮ ਹੁਕਮ ਜਾਰੀ ਕਰਨ ਤੋਂ ਪਹਿਲਾਂ ਤੁਹਾਡਾ ਧਿਆਨ ਕੁਝ ਅਜਿਹੇ ਨੁਕਤਿਆਂ ਵੱਲ ਦਿਵਾਉਣਾ ਚਾਹੁੰਦੇ ਹਨ, ਜਿਨ੍ਹਾਂ ਦੀ ਖ਼ਾਸ ਤੌਰ 'ਤੇ ਵਿਆਖਿਆ ਲੋੜੀਂਦੀ ਹੈ।

2. ਮਹਾਮਹਿਮ ਦੀ ਮਾਣਯੋਗ ਸਾਹਿਬ ਦੇ ਵਿਚਾਰ ਨਾਲ ਸਹਿਮਤੀ ਹੈ ਜੋ ਉਨ੍ਹਾਂ ਦੀ 26 ਜਨਵਰੀ ਵਾਲੀ ਚਿੱਠੀ ਵਿੱਚ ਪ੍ਰਗਟਾਇਆ ਗਿਆ ਸੀ, ਜਿਵੇਂ ਕਿ ਸ੍ਰੀ ਕਾਵਨ ਦੀ ਮੁਸਤੈਦੀ ਤੇ ਊਰਜਾ ਤੇ ਜਿਸ ਔਖੀ ਸਥਿਤੀ ਵਿੱਚ ਉਹ ਫਸ ਗਏ ਸਨ, ਇਸ ਲਈ ਕੁਝ ਭੱਤਾ ਜ਼ਰੂਰ ਦੇਣਾ ਚਾਹੀਦਾ ਹੈ ਪਰ ਨਾਲ ਹੀ ਉਹ ਮਹਿਸੂਸ ਕਰਦੇ ਹਨ ਕਿ 49 ਵਿਅਕਤੀਆਂ ਨੂੰ ਇੱਕ ਖ਼ਾਸ ਤੇ ਬੇਹੱਦ ਇਤਰਾਜ਼ਯੋਗ ਤਰੀਕੇ ਨਾਲ ਬਿਨਾਂ ਸੁਣਵਾਈ ਮੌਤ ਦੀ ਸਜ਼ਾ ਦੇਣ ਜਿਹਾ ਕਦਮ ਵੀ ਤੁਰੰਤ ਧਿਆਨ ਖਿੱਚਦਾ ਹੈ।

3. ਮਹਾਮਹਿਮ ਦੇ ਸਾਹਮਣੇ ਮੌਜੂਦ ਦਸਤਾਵੇਜ਼ ਅਜਿਹਾ ਕੁਝ ਵੀ ਨਹੀਂ ਦਰਸਾਉਂਦੇ ਕਿ ਉੱਥੇ ਕੋਈ ਤੁਰੰਤ ਤੇ ਫੌਰੀ ਜ਼ਰੂਰਤ ਆਣ ਪਈ ਸੀ। ਇਸ ਵਿਸ਼ੇ 'ਤੇ ਸ੍ਰੀ ਕਾਵਨ ਦੇ ਆਪਣੇ ਬਿਆਨ ਨਿਮਨਲਿਖਤ ਅਨੁਸਾਰ ਹਨ। ਸ੍ਰੀ ਫ਼ਾਰਸਿਥ ਨੂੰ 16 ਜਨਵਰੀ ਨੂੰ ਲਿਖੀ ਆਪਣੀ ਚਿੱਠੀ 'ਚ ਉਹ ਆਖਦੇ ਹਨ:

ਬਾਗ਼ੀਆਂ ਦਾ ਗਿਰੋਹ ਤੇ ਹੋਰ ਕੋਈ ਨਾਂਅ ਉਨ੍ਹਾਂ ਦੇ ਕਿਰਦਾਰ ਲਈ ਉਚਿਤ ਨਹੀਂ ਜਾਪੇਗਾ... ਉਨ੍ਹਾਂ ਦੀ ਗਿਣਤੀ ਕਦੇ ਵੀ 125 ਤੋਂ ਵੱਧ ਨਹੀਂ ਹੋਈ। ਇਨ੍ਹਾਂ 'ਚੋਂ ਦੋ ਜਣੇ ਮਲੌਦ 'ਚ ਮਾਰੇ ਗਏ ਸਨ, ਚਾਰ ਗ੍ਰਿਫ਼ਤਾਰ ਕਰ ਲਏ ਗਏ ਸਨ; ਕੋਟਲਾ 'ਚ ਸੱਤ ਜਣੇ ਮਾਰੇ ਗਏ ਸਨ, 31 ਜ਼ਖ਼ਮੀ ਹੋ ਗਏ ਸਨ। ਇਨ੍ਹਾਂ ਜ਼ਖ਼ਮੀਆਂ 'ਚੋਂ 25 ਜਾਂ 26 ਜਣੇ ਉਸ ਵੇਲੇ ਤਾਂ ਬਚ ਗਏ ਸਨ ਪਰ 27 ਜ਼ਖ਼ਮੀਆਂ ਸਮੇਤ 68 ਜਣਿਆਂ ਨੂੰ ਇੱਥੋਂ 12 ਮੀਲ ਦੂਰ ਪਟਿਆਲਾ ਰਿਆਸਤ ਦੇ ਪਿੰਡ ਰੜ੍ਹ ਵਿਖੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਇੰਝ ਇਹ ਸਮੁੱਚਾ ਗਿਰੋਹ ਹੀ ਲਗਭਗ ਬਰਬਾਦ ਹੋ ਗਿਆ ਸੀ। ਮੈਂ ਇਨ੍ਹਾਂ ਕੈਦੀਆਂ ਨੂੰ ਭਲਕੇ ਪਹੁ-ਫੁਟਾਲੇ ਸਮੇਂ ਤੋਪਾਂ ਨਾਲ ਉਡਾਉਣ ਜਾਂ ਫਾਂਸੀ ਦੇਣ ਦੀ ਸਜ਼ਾ ਤਜਵੀਜ਼ ਕਰਦਾ ਹਾਂ।

ਉਨ੍ਹਾਂ ਨੇ ਕੋਈ ਆਮ ਜੁਰਮ ਨਹੀਂ ਕੀਤਾ। ਉਨ੍ਹਾਂ ਮਹਿਜ਼ ਕਤਲ ਤੇ ਡਕੈਤੀਆਂ ਹੀ ਨਹੀਂ ਕੀਤੀਆਂ; ਉਹ ਖੁੱਲ੍ਹੇ ਬਾਗ਼ੀ ਹਨ ਅਤੇ ਅੱਖੜ ਤਰੀਕੇ ਨਾਲ ਸਥਾਪਤ ਸਰਕਾਰ ਦਾ ਵਿਰੋਧ ਕਰ ਰਹੇ ਹਨ ਅਤੇ ਇਸ ਬੀਮਾਰੀ ਨੂੰ ਹੋਰ ਫੈਲਣ ਤੋਂ ਰੋਕਣ ਲਈ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਤੁਰੰਤ ਸਖ਼ਤੀ ਨਾਲ ਦਬਾ ਦਿੱਤਾ ਜਾਵੇ। ਮੈਂ ਆਪਣੇ ਅਹੁਦੇ ਦੀ ਜ਼ਿੰਮੇਵਾਰੀ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹਾਂ ਪਰ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੈਂ ਜੋ ਵੀ ਕਰ ਰਿਹਾ ਹਾਂ, ਉਹ ਬਿਹਤਰੀਨ ਹੈ ਅਤੇ ਰਾਜ-ਧਰੋਹ ਨੂੰ ਤੁਰੰਤ ਖ਼ਤਮ ਕਰਨਾ ਜ਼ਰੂਰੀ ਹੈ।

4. ਸ੍ਰੀ ਫ਼ਾਰਸਿਥ ਨੂੰ ਲਿਖੀ ਆਪਣੀ 17 ਜਨਵਰੀ ਦੀ ਚਿੱਠੀ (ਨੰ. 15) 'ਚ ਵੀ ਉਹ ਕੈਦੀਆਂ ਦੀ ਗ੍ਰਿਫ਼ਤਾਰੀ ਦੇ ਹਾਲਾਤ ਨੂੰ ਜੋੜਦੇ ਹਨ। ਉਹ ਆਖਦੇ ਹਨ ਕਿ ਉਨ੍ਹਾਂ 'ਚੋਂ 68 ਜਣਿਆ, ਜਿਨ੍ਹਾਂ 'ਚੋਂ 29 ਜਣੇ ਜ਼ਖ਼ਮੀ ਸਨ (7 ਬਹੁਤ ਗੰਭੀਰ) ਨੇ ਸ਼ੇਰਪੁਰ ਦੇ ਨਾਇਬ ਨਾਜ਼ਿਮ ਅਤੇ ਤਿੰਨ ਸਥਾਨਕ ਘੁੜਸਵਾਰ ਜਵਾਨਾਂ ਸਾਹਮਣੇ ਆਤਮਸਮਰਪਣ ਕਰ ਦਿੱਤਾ ਸੀ ਅਤੇ ਉਸ ਟੋਲੀ 'ਚ ਦਰਅਸਲ 125 ਤੋਂ ਵੱਧ ਵਿਅਕਤੀ ਨਹੀਂ ਸਨ ਅਤੇ ਉਨ੍ਹਾਂ 'ਚੋਂ ਨੌਂ ਵਿਅਕਤੀ ਮਾਰੇ ਗਏ ਸਨ ਤੇ 9 ਕੈਦੀ ਬਣ ਗਏ ਸਨ। ਉਨ੍ਹਾਂ ਇਹ ਵੀ ਲਿਖਿਆ,''ਸਮੁੱਚੇ ਗਿਰੋਹ ਦੇ ਘੱਟੋ-ਘੱਟ ਦੋ-ਤਿਹਾਈ ਲੋਕ ਮਾਰੇ ਗਏ ਹਨ, ਜ਼ਖ਼ਮੀ ਹੋ ਗਏ ਹਨ ਜਾਂ ਕਾਬੂ ਕਰ ਲਏ ਗਏ ਹਨ। ਬਾਕੀਆਂ ਦੀ ਭਾਲ਼ ਕੀੜਿਆਂ-ਮਕੌੜਿਆਂ ਵਾਂਗ ਕੀਤੀ ਜਾ ਰਹੀ ਅਤੇ ਉਨ੍ਹਾਂ 'ਚੋਂ ਬਹੁਤਿਆਂ ਨੂੰ ਕਾਬੂ ਕਰ ਲਿਆ ਜਾਵੇਗਾ।''

**(2)**

5. ਉਸੇ ਚਿੱਠੀ 'ਚ ਉਹ ਟਿੱਪਣੀ ਕਰਦੇ ਹਨ ਕਿ ਉਨ੍ਹਾਂ ਦੀਆਂ ਚਿੱਠੀਆਂ ਮਿਲਣ ਦੇ ਇੱਕ ਘੰਟੇ ਤੋਂ ਵੀ ਘੱਟ ਸਮੇਂ 'ਚ ਨਾਭਾ ਤੇ ਜੀਂਦ ਦੇ ਰਾਜਿਆਂ ਨੇ ''ਤੋਪਖਾਨਾ, ਘੁੜਸਵਾਰ ਜਵਾਨ ਤੇ ਥਲ ਸੈਨਾ ਕੋਟਲਾ ਭੇਜ ਦਿੱਤੀ ਸੀ।'' ਉਹ ਇਹ ਟਿੱਪਣੀਆਂ ਵੀ ਕਰਦੇ ਹਨ,''ਜੇ ਕਿਤੇ ਉਨ੍ਹਾਂ ਦੀ ਪਹਿਲੀ ਕੋਸ਼ਿਸ਼ ਕਾਮਯਾਬ ਹੋ ਜਾਂਦੀ, ਜੇ ਉਹ ਹਥਿਆਰ ਹਾਸਲ ਕਰਨ 'ਚ ਸਫ਼ਲ ਹੋ ਜਾਂਦੇ ਤਾਂ ਘੋੜੇ ਅਤੇ ਖ਼ਜ਼ਾਨਾ ਪ੍ਰਾਪਤ ਕਰ ਲੈਂਦੇ, ਤਾਂ ਦੇਸ਼ ਭਰ ਦੇ ਸਾਰੇ ਹੀ ਵਿਹਲੇ ਘੁੰਮਣ ਵਾਲੇ ਲੋਕਾਂ ਨੇ ਇਨ੍ਹਾਂ ਨਾਲ ਆ ਕੇ ਰਲ਼ ਜਾਣਾ ਸੀ ਤੇ ਉਸ ਤੋਂ ਜਿਹੜੀ ਤਬਾਹੀ ਹੋਣੀ ਸੀ, ਉਸ ਦਾ ਕੋਈ ਅੰਤ ਨਹੀਂ ਸੀ ਹੋਣਾ। ਕੋਟਲਾ 'ਚ ਸਮੇਂ ਸਿਰ ਅਗਾਊਂ ਕਾਰਵਾਈ ਕੀਤੇ ਹੋਣ ਕਰਕੇ ਪਹਿਲੀਆਂ ਕੋਸ਼ਿਸ਼ਾਂ ਨੂੰ ਹੀ ਮਾਤ ਦੇ ਦਿੱਤੀ ਗਈ ਅਤੇ ਪਟਿਆਲਾ ਦੇ ਅਧਿਕਾਰੀਆਂ ਦੀ ਸਰਗਰਮ ਮਿਹਨਤ ਸਦਕਾ ਬਗ਼ਾਵਤ ਦੀ ਇਹ ਨਿਖੇਧੀਯੋਗ ਕੋਸ਼ਿਸ਼ ਨਾਕਾਮ ਕਰ ਦਿੱਤੀ ਗਈ।'' ਉਹ ਅੱਗੇ ਲਿਖਦੇ ਹਨ,''ਪਰ ਹੋਰ ਲੋਕ ਕਿਤੇ ਇਨ੍ਹਾਂ ਦੀ ਰੀਸ ਨਾ ਕਰਨ, ਇਸ ਲਈ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਤੁਰੰਤ ਰੋਕਣਾ ਹੋਵੇ ਗਾ ਅਤੇ ਇਸ ਸਬੰਧੀ ਤੁਰੰਤ, ਸਖ਼ਤ ਤੇ ਖ਼ਤਰਨਾਕ ਚੇਤਾਵਨੀ ਜਾਰੀ ਹੋਣੀ ਚਾਹੀਦੀ ਹੈ। ਮੈਨੂੰ ਪੱਕਾ ਭਰੋਸਾ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਰੰਗੇ-ਹੱਥੀਂ ਫੜੇ ਗਏ ਸਾਰੇ ਕੈਦੀਆਂ ਨੂੰ ਤੁਰੰਤ ਮੌਤ ਦੀ ਸਜ਼ਾ ਦੇਣ ਦੀ ਪ੍ਰਵਾਨਗੀ ਦੇਵੇਗੀ।''

6. ਆਪਣੀ 21 ਜਨਵਰੀ ਦੀ ਚਿੱਠੀ ਵਿੱਚ ਉਹ ਆਖਦੇ ਹਨ ''ਲਾਗਲੀਆਂ ਸਥਾਨਕ ਰਿਆਸਤਾਂ ਤੋਂ ਕਿਉਂਕਿ ਫ਼ੌਜੀ ਦਸਤੇ ਆ ਗਏ ਸਨ ਤੇ ਸਭ ਮੌਕੇ 'ਤੇ ਮੌਜੂਦ ਸਨ, ਇਸ ਲਈ ਮੈਂ ਪੂਰਨ ਆਤਮਵਿਸ਼ਵਾਸ ਨਾਲ ਤੁਰਤ-ਫੁਰਤ ਇੰਤਜ਼ਾਮ ਕੀਤੇ, ਤਦ ਕੋਟਲਾ ਜਾਂ ਲਾਗਲੇ ਕਿਸੇ ਸਥਾਨ 'ਤੇ ਕਿਸੇ ਫੌਰੀ ਹਮਲੇ ਦਾ ਕੋਈ ਡਰ ਨਹੀਂ ਸੀ ਪਰ ਅਜਿਹੇ ਹਾਲਾਤ ਵਿੱਚ ਬਗ਼ਾਵਤ ਜਿਹੀ ਚੀਜ਼ ਨੂੰ ਤੁਰੰਤ ਰੋਕਣ ਲਈ ਕੋਈ ਖ਼ਤਰਨਾਕ ਮਿਸਾਲ ਕਾਇਮ ਦੀ ਜ਼ਰੂਰਤ ਸੀ ਕਿ ਤਾਂ ਜੋ ਭਵਿੱਖ 'ਚ ਕਦੇ ਅਜਿਹੇ ਹਮਲੇ ਨਾ ਹੋਣ।''

7. ਇਹ ਬਿਆਨ ਦਰਸਾਉਂਦੇ ਹਨ ਕਿ ਤੁਰੰਤ ਕਿਸੇ ਖ਼ਤਰੇ ਦਾ ਕੋਈ ਖ਼ਦਸ਼ਾ ਨਹੀਂ ਸੀ; ਭਾਵ ਕਿ ਜੇ ਇਹ ਅਪਰਾਧ ਬਗ਼ਾਵਤ ਦੀ ਇੱਕ ਕੋਸ਼ਿਸ਼ ਸੀ ਤਾਂ ਉਹ ਫ਼ੇਲ੍ਹ ਹੋ ਚੁੱਕੀ ਸੀ; ਭਾਵ ਕਿ ਬਾਗ਼ੀਆਂ ਨੂੰ ਤਾਂ ਵੱਸ 'ਚ ਕੀਤਾ ਜਾ ਚੁੱਕਾ ਸੀ, ''ਅਤੇ ਉਨ੍ਹਾਂ ਸਭਨਾਂ ਨੂੰ ਕੈਦੀ ਬਣਾਇਆ ਜਾ ਚੁੱਕਾ ਸੀ, ਉਨ੍ਹਾਂ 'ਚੋਂ ਬਹੁਤੇ ਫੱਟੜ ਸਨ; ਖ਼ਤਰਾ ਤਦ ਪੈਦਾ ਹੋਣਾ ਸੀ ਜੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਗਿਆ ਹੁੰਦਾ ਪਰ ਅਜਿਹਾ ਖ਼ਤਰਾ ਤਾਂ ਟਲ਼ ਚੁੱਕਾ ਸੀ; ਅਤੇ ਕਾਨੂੰਨ ਤੇ ਵਿਵਸਥਾ ਨੂੰ ਕਾਇਮ ਰੱਖਣ ਲਈ ਭਾਰੀ ਮਾਤਰਾ 'ਚ ਫ਼ੌਜੀ ਬਲ ਸ੍ਰੀ ਕਾਵਨ ਦੇ ਇਸ਼ਾਰੇ ਦੀ ਉਡੀਕ 'ਚ ਸਨ।

8. ਸ੍ਰੀ ਫ਼ਾਰਸਿਥ ਦੀ 19 ਤਰੀਕ ਦੀ ਚਿੱਠੀ ਤੇ ਉਸ ਨਾਲ ਨੱਥੀ ਕਾਗਜ਼ਾਤ, ਬੇਸ਼ੱਕ ਇਹ ਦਰਸਾਉਂਦੇ ਹਨ ਕਿ ਕੂਕਿਆਂ ਦੀਆਂ ਛੋਟੀਆਂ ਛੋਟੀਆਂ ਟੋਲੀਆਂ ਨੂੰ 18 ਜਨਵਰੀ (ਮੌਤ ਦੀਆਂ ਸਜ਼ਾਵਾਂ ਦੇਣ ਤੋਂ ਬਾਅਦ ਦੇ ਦਿਨ) ਨੂੰ ਕੋਟਲਾ ਦੇ ਲਾਗਲੇ ਇਲਾਕਿਆਂ 'ਚ ਵੇਖਿਆ ਗਿਆ ਸੀ; ਪਰ ਉਨ੍ਹਾਂ ਵਿਅਕਤੀਆਂ ਦੀਆਂ ਟੋਲੀਆਂ ਨੇ 18 ਤਰੀਕ ਨੂੰ ਸ੍ਰੀ ਕਾਵਨ ਦੀ ਪਹਿਲੀ ਕਾਰਵਾਈ ਨਾਲ ਤਾਂ ਕੋਈ ਲੈਣਾ-ਦੇਣਾ ਨਹੀਂ ਸੀ।

9. ਇੱਥੇ ਉਪਲਬਧ ਦਸਤਾਵੇਜ਼ਾਂ ਤੋਂ ਤਾਂ ਮਹਾਮਹਿਮ 'ਤੇ ਇਹੋ ਅਸਰ ਪਿਆ ਹੈ ਕਿ ਉੱਥੇ ਤੁਰੰਤ ਫੌਰੀ ਜ਼ਰੂਰਤ ਦੀ ਕੋਈ ਹੋਂਦ ਨਹੀਂ ਸੀ ਪਰ ਉਨ੍ਹਾਂ ਅਜਿਹਾ ਸੋਚਿਆ, ਜੋ ਸ਼ਾਇਦ ਕਿਸੇ ਆਮ ਬਗ਼ਾਵਤ ਨੂੰ ਰੋਕਣ ਸਮੇਂ ਮਨ 'ਚ ਹੁੰਦਾ ਹੈ।

10. ਮਹਾਮਹਿਮ ਦੇ ਵਿਚਾਰ ਅਨੁਸਾਰ ਇਸ ਕਿਸਮ ਦਾ ਆਮ ਖ਼ਦਸ਼ਾ ਹੀ ਉੱਥੇ ਕੀਤੀ ਕਾਰਵਾਈ ਨੂੰ ਦਰੁਸਤ ਠਹਿਰਾਉਣ ਲਈ ਕਾਫ਼ੀ ਨਹੀਂ ਹੈ। ਉੱਥੇ ਸਿਰਫ਼ ਤੁਰੰਤ ਫੌਰੀ ਕੁਝ ਕਰਨ ਦੀ ਲੋੜ ਹੀ ਸੀ ਪਰ ਉਸ ਨੂੰ ਸਹੀ ਠਹਿਰਾਉਣ ਲਈ ਕੋਈ ਠੋਸ ਕਾਰਣ ਨਹੀਂ ਸੀ। ਮਹਾਮਹਿਮ ਸਾਹਮਣੇ ਜੋ ਵੀ ਦਸਤਾਵੇਜ਼ ਮੌਜੂਦ ਹਨ, ਉਨ੍ਹਾਂ 'ਚ ਅਜਿਹਾ ਕੋਈ ਕਾਰਨ ਨਹੀਂ ਲੱਭਦਾ।

11. ਅਜਿਹਾ ਖ਼ਦਸ਼ਾ ਕਿ ਕੋਈ ਵੱਡੇ ਪੱਧਰ 'ਤੇ ਬਗ਼ਾਵਤ ਹੋਣੀ ਲਾਜ਼ਮੀ ਹੈ, ਤਾਂ ਉਸ ਨੂੰ ਉੱਥੇ ਉਪਲਬਧ ਸਾਧਨਾਂ ਰਾਹੀਂ ਖ਼ਤਮ ਕੀਤਾ ਜਾ ਸਕਦਾ ਸੀ ਪਰ ਹੋਰ ਕਿਸੇ ਤਰ੍ਹਾਂ ਨਹੀਂ, ਜਿਸ ਬਹਾਨੇ ਨਾਲ ਸ੍ਰੀ ਕਾਵਨ ਉਸ ਸਥਿਤੀ ਨੂੰ ਵੱਡਾ ਜਾਂ ਛੋਟਾ ਕਰ ਕੇ ਵਿਖਾ ਸਕਦੇ ਹਨ ਪਰ ਮੌਜੂਦ ਦਸਤਾਵੇਜ਼ਾਂ 'ਚੋਂ ਹਲਕੀ ਸਮੱਸਿਆ ਹੀ ਲੱਗਦੀ ਹੈ। ਇਸ ਵਿਸ਼ੇ 'ਤੇ ਜੇ ਸ੍ਰੀ ਕਾਵਨ ਇਹ ਆਖਦੇ ਹਨ ਕਿ ''ਬਗ਼ਾਵਤ ਦੀ ਇਹ ਘਿਨਾਉਣੀ ਕੋਸ਼ਿਸ਼ ਨਾਕਾਮ ਕਰ ਦਿੱਤੀ ਗਈ ਹੈ, ਇੱਥੇ ਕਾਨੂੰਨ ਦੇ ਸਿੱਧੇ ਰਾਹ ਨਾਲ ਸਜ਼ਾ ਦੇ ਕੇ ਨਹੀਂ, ਸਗੋਂ ਬਿਨਾਂ ਸੁਣਵਾਈ ਦੇ ਮੌਤ ਦੀ ਸਜ਼ਾ ਦੇਣ ਨਾਲ ਹੋਰ ਲੋਕ ਬਗ਼ਾਵਤ ਕਰਨ ਤੋਂ ਟਾਲ੍ਹਾ ਵੱਟਣਗੇ'', ਤਾਂ ਉਨ੍ਹਾਂ ਨੂੰ ਇਸ ਸੋਚ ਦਾ ਕੋਈ ਠੋਸ ਆਧਾਰ ਤਾਂ ਦੱਸਣਾ ਹੀ ਪਵੇਗਾ।

12. ਮਹਾਮਹਿਮ ਇਸ ਮਾਮਲੇ 'ਚ ਹੋਰ ਵਧੇਰੇ ਜਾਣਕਾਰੀ ਚਾਹੁੰਦੇ ਹਨ, ਇਸ ਗੱਲ ਦਾ ਕੀ ਆਧਾਰ ਹੈ, ਜਦੋਂ ਸ੍ਰੀ ਕਾਵਨ ਦਾ ਇਹ ਵਿਚਾਰ ਬਣਦਾ ਹੈ ਕਿ ''ਇੱਕ ਗੰਭੀਰ ਕਿਸਮ ਦੀ ਬਗ਼ਾਵਤ ਦਾ ਇਰਾਦਾ ਸੀ'' (ਸ੍ਰੀ ਫ਼ਾਰਸਿਥ ਨੂੰ 21 ਜਨਵਰੀ ਨੂੰ ਲਿਖੀ ਚਿੱਠੀ ਦਾ ਪੈਰਾ 4 ਵੇਖੋ), ਉਹ ਇਸ ਪ੍ਰਸ਼ਨ 'ਤੇ ਮਾਣਯੋਗ ਸਾਹਿਬ ਦਾ ਵਿਚਾਰ ਵੀ ਮੰਗਦੇ ਹਨ ਕਿ ਕੀ ਕੂਕਿਆਂ ਵੱਲੋਂ ਕੀਤੀ ਜਾਣ ਵਾਲੀ ਬਗ਼ਾਵਤ ਦੇ

ਖ਼ਦਸ਼ੇ ਦਾ ਕੋਈ ਠੋਸ ਆਧਾਰ ਮੌਜੂਦ ਹੈ ਅਤੇ ਕੀ ਉਹ ਇਹ ਜ਼ਰੂਰੀ ਸਮਝਦੇ ਹਨ ਕਿ ਅਜਿਹੀ ਬਗ਼ਾਵਤ ਰੋਕਣ ਅਤੇ ਸ਼ਾਂਤੀ ਬਰਕਰਾਰ ਰੱਖਣ ਲਈ ਕੋਈ ਖ਼ਾਸ ਕਦਮਾਂ ਦੀ ਜ਼ਰੂਰਤ ਪੈਂਦੀ ਹੈ।

**(3)**

(13) ਜਿੱਥੋਂ ਤੱਕ ਸ੍ਰੀ ਫ਼ਾਰਸਿਥ ਦੀਆਂ ਕਾਰਵਾਈਆਂ ਦਾ ਸਬੰਧ ਹੈ, ਉਹ ਕਾਨੂੰਨੀ ਜਾਪਣਗੀਆਂ; ਪਰ ਕੌਂਸਲ 'ਚ ਮਹਾਮਹਿਮ ਨੂੰ ਅਜਿਹੀ ਕੋਈ ਜ਼ਰੂਰਤ ਨਹੀਂ ਦਿਸੀ ਕਿ ਅਜਿਹੀ ਬਹੁਤ ਜ਼ਿਆਦਾ ਅੰਨ੍ਹੇਵਾਹ ਕਿਸਮ ਦੀ ਸਖ਼ਤੀ ਕੀਤੀ ਜਾਂਦੀ, ਜਿਹੋ ਜਿਹੀ ਸ੍ਰੀ ਫ਼ਾਰਸਿਥ ਨੇ ਵਿਖਾਈ ਸੀ।

14. ਕੌਂਸਲ 'ਚ ਮਹਾਮਹਿਮ ਇਨ੍ਹਾਂ ਨੁਕਤਿਆਂ 'ਤੇ ਸੰਬੰਧਤ ਅਧਿਕਾਰੀਆਂ ਦੇ ਸਪੱਸ਼ਟੀਕਰਣਾਂ ਦੀ ਉਡੀਕ ਕਰ ਰਹੇ ਹਨ, ਉਹ ਦੋਵੇਂ ਮਾਣਯੋਗ ਸਾਹਿਬ ਦੇ ਵਿਚਾਰਾਂ ਦੀ ਰੌਸ਼ਨੀ 'ਚ ਸਮੁੱਚੇ ਮਾਮਲੇ 'ਤੇ ਆਪਣੇ ਵਿਚਾਰ ਸਪੱਸ਼ਟ ਕਰਨ ਅਤੇ ਉਹ ਸਪੱਸ਼ਟੀਕਰਣ ਮਿਲਣ ਤੇ ਉਨ੍ਹਾਂ 'ਤੇ ਵਿਚਾਰ ਹੋਣ ਤੱਕ ਇਸ ਵਿਸ਼ੇ 'ਤੇ ਅੰਤਿਮ ਹੁਕਮ ਰਾਖਵੇਂ ਰੱਖੇ ਜਾਣਗੇ। ਇਸ ਦੌਰਾਨ ਤੁਹਾਨੂੰ ਟੈਲੀਗ੍ਰਾਫ਼ ਰਾਹੀਂ ਪਹਿਲਾਂ ਹੀ ਸੂਚਿਤ ਕੀਤਾ ਜਾ ਚੁੱਕਾ ਹੈ। ਕੌਂਸਲ 'ਚ ਮਹਾਮਹਿਮ ਦਾ ਵਿਚਾਰ ਹੈ ਕਿ ਪਿਛਲੇ ਮਹੀਨੇ ਦੀ 24 ਤਰੀਕ ਦੇ ਮੇਰੇ ਪੱਤਰ ਨੰ. 122 ਦੇ ਪੈਰਾ 3 ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ ਕਿ ਸ੍ਰੀ ਕਾਵਨ ਨੂੰ ਉਨ੍ਹਾਂ ਦੀਆਂ ਡਿਊਟੀਆਂ ਤੋਂ ਮੁਅੱਤਲ ਰੱਖਿਆ ਜਾਵੇ।

ਸ੍ਰੀਮਾਨ ਜੀ, ਮੈਨੂੰ ਮਾਣ ਹੈ ਕਿ ਮੈਂ ਹਾਂ
ਤੁਹਾਡਾ ਬੇਹੱਦ ਆਗਿਆਕਾਰ ਸੇਵਕ,
ਹਸਤਾਖਰ/- ਈ.ਸੀ. ਬੇਲੀ
ਸਕੱਤਰ, ਭਾਰਤ ਸਰਕਾਰ

# 147

**(ਗੁਪਤ)**

*ਨੰ. 63, ਮਿਤੀ ਕੈਂਪ ਰਾਦੌਰ, 9 ਫ਼ਰਵਰੀ, 1872*

*ਵੱਲੋਂ*

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਈ.ਸੀ. ਬੇਲੀ, ਐਸਕ., ਸੀਐੱਸਆਈ,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਮੈਂ ਲੁਧਿਆਣਾ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ ਵੱਲੋਂ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਨੂੰ ਭੇਜੇ ਮੈਮੋਰੈਂਡਮ ਦੀ ਕਾਪੀ ਸੂਚਨਾ ਹਿਤ ਭੇਜਣੀ ਚਾਹੁੰਦਾ ਹਾਂ।

# 148

## ਮੈਮੋਰੈਂਡਮ, ਮਿਤੀ 6 ਫ਼ਰਵਰੀ, 1872

ਵੱਲ

ਕਮਿਸ਼ਨਰ,

ਅੰਬਾਲਾ ਡਿਵੀਜ਼ਨ।

ਕੱਲ੍ਹ ਇਸ ਜ਼ਿਲ੍ਹੇ ਦੇ ਰਾਮਗੜ੍ਹ ਦਾ ਇੱਕ ਸਿੱਖ ਸਰਦਾਰ ਉੱਤਮ ਸਿੰਘ ਮੈਨੂੰ ਮਿਲਿਆ। ਕੁਝ ਗੱਲਬਾਤ ਤੋਂ ਬਾਅਦ ਉਸ ਨੇ ਆਪਣੇ ਸਹਾਇਕਾਂ ਨੂੰ ਭੇਜ ਕੇ ਮੈਨੂੰ ਇਕੱਲੇ ਨੂੰ ਪੁੱਛਿਆ ਕਿ ਕੀ ਲੁਧਿਆਣਾ ਲਈ ਕੋਈ ਫ਼ੌਜੀ ਦਸਤੇ ਹਨ। ਮੈਂ ਜਵਾਬ ਦਿੱਤਾ ਕਿ ਮੈਨੂੰ ਪਤਾ ਨਹੀਂ ਪਰ ਸ਼ਾਇਦ ਕੁਝ ਘੁੜਸਵਾਰ ਅਤੇ ਥਲ-ਸੈਨਾ ਦੀਆਂ ਇੱਕ ਜਾਂ ਦੋ ਕੰਪਨੀਆਂ ਲੁਧਿਆਣਾ 'ਚ ਬਚੀਆਂ ਹੋਣਗੀਆਂ।

ਸਰਦਾਰ ਨੇ ਤਦ ਮੈਨੂੰ ਕਿਹਾ: ''ਲੁਧਿਆਣਾ 'ਚ ਤੋਪਖਾਨਾ, ਘੁੜਸਵਾਰ ਤੇ ਥਲ ਸੈਨਾ ਚਾਹੀਦੀ ਹੈ। ਆਉਣ ਵਾਲੇ ਕੁਝ ਸਮੇਂ ਲਈ ਇਹ ਪੰਜਾਬ ਦਾ ਸਭ ਤੋਂ ਅਹਿਮ ਜ਼ਿਲ੍ਹਾ ਹੋਵੇਗਾ; ਤੁਸੀਂ ਇੱਥੇ ਫ਼ੌਜੀ ਦਸਤੇ ਜ਼ਰੂਰ ਤਾਇਨਾਤ ਕਰੋ ਅਤੇ ਉਹ ਦਸਤੇ ਕਿਸੇ ਵੀ ਹਾਲਤ 'ਚ ਸਿੱਖ ਨਹੀਂ ਹੋਣੇ ਚਾਹੀਦੇ।'' ਮੈਂ ਉਸ ਦੀ ਇਸ ਟਿੱਪਣੀ ਤੋਂ ਹੈਰਾਨ ਹੋਇਆ ਤੇ ਉਸ ਨੂੰ ਕਿਹਾ ਕਿ ਸਿੱਖ ਤਾਂ ਥਲ ਸੈਨਾ ਦੇ ਸਭ ਤੋਂ ਵੱਧ ਵਿਸ਼ਵਾਸਪਾਤਰ ਫ਼ੌਜੀ ਹਨ ਅਤੇ ਜਦੋਂ ਮੈਂ ਉਸ ਨੂੰ ਇਸ ਬਾਰੇ ਸੁਆਲ ਕੀਤਾ, ਤਾਂ ਉਸ ਨੇ ਇਹੋ ਕਿਹਾ ਕਿ ਉਸ ਦੇ ਆਂਢ-ਗੁਆਂਢ ਦੇ ਪਿੰਡਾਂ ਵਿੱਚ ਵੱਸਦੇ ਕੂਕੇ ਇਹ ਆਖਦਿਆਂ ਹੀਰਾ ਸਿੰਘ ਤੇ ਲਹਿਣਾ ਸਿੰਘ (ਉਸ ਗਿਰੋਹ ਦੇ ਆਗੂ, ਜਿਨ੍ਹਾਂ ਨੇ ਮਲੌਦ ਤੇ ਕੋਟਲਾ 'ਤੇ ਹਮਲਾ ਕੀਤਾ ਸੀ) ਨੂੰ ਬੁਰਾ-ਭਲਾ ਆਖਦੇ ਵੇਖੇ ਗਏ ਹਨ ਕਿ ਇਨ੍ਹਾਂ ਦੋਵਾਂ ਨੇ ਬਹੁਤੀ ਕਾਹਲ਼ੀ ਕਰ ਦਿੱਤੀ।

ਹੋਰਨਾਂ ਪਾਸਿਆਂ ਤੋਂ ਵੀ ਅਜਿਹੀਆਂ ਕੁਝ ਅਫ਼ਵਾਹਾਂ ਮੇਰੇ ਤੱਕ ਪੁੱਜੀਆਂ ਹਨ ਅਤੇ ਮੈਂ ਇਸ ਮਾਮਲੇ 'ਚ ਹੋਰ ਭਰੋਸੇਯੋਗ ਸਬੂਤ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਲਹਿਣਾ ਸਿੰਘ ਦੇ ਗਿਰੋਹ ਦੀ ਕਾਹਲ਼ੀ ਤੇ ਉਤਾਵਲੇਪਣ ਨੇ ਕਿਵੇਂ ਸਾਰੇ ਮਾਮਲੇ ਨੂੰ ਵਿਗਾੜ ਛੱਡਿਆ ਸੀ।

ਸਰਦਾਰ ਉੱਤਮ ਸਿੰਘ ਦਰਅਸਲ ਸਰਦਾਰ ਬਦਨ ਸਿੰਘ ਦੇ ਰਿਸ਼ਤੇਦਾਰ ਹਨ, ਜੋ ਮਲੌਦ ਹਮਲੇ 'ਚ ਜ਼ਖ਼ਮੀ ਹੋਏ ਹਨ। ਇਨ੍ਹਾਂ ਹਮਲਿਆਂ ਤੋਂ ਬਾਅਦ ਉਹ ਕੁਝ ਰੋਹ 'ਚ ਹਨ ਅਤੇ ਹੁਣ ਉਹ ਚੇਤਾਵਨੀ ਦੇ ਰਹੇ ਹਨ; ਫਿਰ ਵੀ ਇਸ ਕਿਸਮ ਦੀ ਟਿੱਪਣੀ, ਜੋ ਉੱਤੇ ਬਿਆਨ ਕੀਤੀ ਗਈ ਹੈ, ਇੱਕ ਸਿੱਖ ਸਰਦਾਰ ਵੱਲੋਂ ਆਈ ਹੈ, ਜੋ ਪਟਿਆਲਾ ਦੇ ਮਹਾਰਾਜਾ ਦਾ ਰਿਸ਼ਤੇਦਾਰ ਵੀ ਹੈ, ਇਸ ਲਈ ਇਹ ਧਿਆਨ ਮੰਗਦੀ ਹੈ।

ਇਹ ਜਾਣਕਾਰੀ ਵੀ ਅੱਜ ਐਤਵਾਰ (ਇਸੇ ਮਹੀਨੇ ਦੀ 4 ਤਰੀਕ) ਨੂੰ ਮੇਰੇ ਕੋਲ ਇੱਕ ਵਿਅਕਤੀ ਰਾਹੀਂ ਪੁੱਜੀ ਹੈ, ਜੋ ਭੈਣੀ ਤੋਂ ਰਾਏਪੁਰ (ਇਸ ਪਿੰਡ 'ਚ ਵੱਡੀ ਗਿਣਤੀ 'ਚ ਕੂਕੇ ਰਹਿੰਦੇ ਹਨ) ਗਿਆ ਸੀ ਅਤੇ ਦੱਸਿਆ ਕਿ ਬਾਬਾ ਰਾਮ ਸਿੰਘ

ਜੀ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਤਦ ਕੂਕੇ ਉੱਥੇ ਖ਼ੁਸ਼ੀਆਂ ਮਨਾਉਣ ਲੱਗ ਪਏ ਅਤੇ ਖੁੱਲ੍ਹੇਆਮ ਐਲਾਨ ਕਰਨ ਲੱਗ ਪਏ ਕਿ ਜਦੋਂ ਬਾਬਾ ਰਾਮ ਸਿੰਘ ਜੀ ਆ ਗਏ ਹਨ ਤਾਂ ਕੂਕਾ ਰਾਜ ਦੀ ਸ਼ੁਰੂਆਤ ਸਮਝੋ ਹੋ ਗਈ। ਮੈਂ ਇਸ ਮਾਮਲੇ ਦੀ ਜਾਂਚ ਕਰ ਰਿਹਾ ਹਾਂ।

ਐੱਲ. ਕਾਵਨ,
ਕਾਰਜਕਾਰੀ ਕਮਿਸ਼ਨਰ,
ਲੁਧਿਆਣਾ

## 149

**(ਗੁਪਤ)**

*ਨੰ. 65ਸੀ,* *ਮਿਤੀ ਕੈਂਪ ਜਗਾਧਰੀ, 10 ਫ਼ਰਵਰੀ, 1872*

*ਵੱਲੋਂ*

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਈ.ਸੀ. ਬੇਲੀ, ਐਸਕ., ਸੀਐੱਸਆਈ,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਮੇਰੇ ਇਸੇ ਮਹੀਨੇ ਦੀ 7 ਤਰੀਕ ਦੇ ਪੱਤਰ ਨੰ. 59ਸੀ ਦੀ ਨਿਰੰਤਰਤਾ 'ਚ, ਮੈਂ ਕੋਟਲਾ ਦੇ ਨਿਜ਼ਾਮ ਵੱਲੋਂ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਨੂੰ ਲਿਖੀ ਇੱਕ ਚਿੱਠੀ ਦਾ ਅਨੁਵਾਦ ਜਾਣਕਾਰੀ ਹਿਤ ਭੇਜਣਾ ਚਾਹੁੰਦਾ ਹਾਂ, ਜਿਸ ਵਿੱਚ ਹਾਲੀਆ ਹਮਲੇ ਦੇ ਦਿਨ ਕੋਟਲਾ ਵੱਲ ਕੂਕਿਆਂ ਦੇ ਇਕੱਠੇ ਹੋਣ ਦੀ ਰਿਪੋਰਟ ਹੈ।

ਹੋਰਨਾਂ ਪਾਸਿਆਂ ਤੋਂ ਅਜਿਹੀਆਂ ਅਫ਼ਵਾਹਾਂ ਮੇਰੇ ਤੱਕ ਪੁੱਜ ਰਹੀਆਂ ਹਨ ਅਤੇ ਮੈਂ ਹੋਰ ਭਰੋਸੇਯੋਗ ਸਬੂਤ ਲੱਭ ਰਿਹਾ ਹਾਂ ਕਿ ਲਹਿਣਾ ਸਿੰਘ ਦੇ ਗਿਰੋਹ ਦੀ ਕਾਹਲ਼ੀ ਤੇ ਉਤਾਵਲੇਪਣ ਕਾਰਣ ਮਾਮਲਾ ਕਿਵੇਂ ਵਿਗੜ ਗਿਆ।

ਸਰਦਾਰ ਉੱਤਮ ਸਿੰਘ ਦਰਅਸਲ ਸਰਦਾਰ ਬਦਨ ਸਿੰਘ ਦੇ ਰਿਸ਼ਤੇਦਾਰ ਹਨ, ਜੋ ਮਲੌਦ ਹਮਲੇ 'ਚ ਜ਼ਖ਼ਮੀ ਹੋਏ ਹਨ। ਇਨ੍ਹਾਂ ਹਮਲਿਆਂ ਤੋਂ ਬਾਅਦ ਉਹ ਕੁਝ ਰੋਹ 'ਚ ਹਨ ਅਤੇ ਹੁਣ ਉਹ ਚੇਤਾਵਨੀ ਦੇ ਰਹੇ ਹਨ; ਫਿਰ ਵੀ ਇਸ ਕਿਸਮ ਦੀ ਟਿੱਪਣੀ, ਜੋ ਉੱਤੇ ਬਿਆਨ ਕੀਤੀ ਗਈ ਹੈ, ਇੱਕ ਸਿੱਖ ਸਰਦਾਰ ਵੱਲੋਂ ਆਈ ਹੈ, ਜੋ ਪਟਿਆਲਾ ਦੇ ਮਹਾਰਾਜਾ ਦਾ ਰਿਸ਼ਤੇਦਾਰ ਵੀ ਹੈ, ਇਸ ਲਈ ਇਹ ਧਿਆਨ ਮੰਗਦੀ ਹੈ।

ਇਹ ਜਾਣਕਾਰੀ ਵੀ ਅੱਜ ਐਤਵਾਰ (ਇਸੇ ਮਹੀਨੇ ਦੀ 4 ਤਰੀਕ) ਨੂੰ ਮੇਰੇ ਕੋਲ ਇੱਕ ਵਿਅਕਤੀ ਰਾਹੀਂ ਪੁੱਜੀ ਹੈ, ਜੋ ਭੈਣੀ ਤੋਂ ਰਾਏਪੁਰ (ਇਸ ਪਿੰਡ 'ਚ ਵੱਡੀ ਗਿਣਤੀ 'ਚ ਕੂਕੇ ਰਹਿੰਦੇ ਹਨ) ਗਿਆ ਸੀ ਅਤੇ ਦੱਸਿਆ ਕਿ ਬਾਬਾ ਰਾਮ ਸਿੰਘ

ਜੀ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਤਦ ਕੂਕੇ ਉੱਥੇ ਖ਼ੁਸ਼ੀਆਂ ਮਨਾਉਣ ਲੱਗ ਪਏ ਅਤੇ ਖੁੱਲ੍ਹੇਆਮ ਐਲਾਨ ਕਰਨ ਲੱਗ ਪਏ ਕਿ ਜਦੋਂ ਬਾਬਾ ਰਾਮ ਸਿੰਘ ਜੀ ਆ ਗਏ ਹਨ ਤਾਂ ਕੂਕਾ ਰਾਜ ਦੀ ਸ਼ੁਰੂਆਤ ਸਮਝੋ ਹੋ ਗਈ। ਮੈਂ ਇਸ ਮਾਮਲੇ ਦੀ ਜਾਂਚ ਕਰ ਰਿਹਾ ਹਾਂ।

*ਕੋਟਲਾ ਰਿਆਸਤ ਦੇ ਨਾਜ਼ਿਮ ਦੀ ਪਟੀਸ਼ਨ...*
*ਮਿਤੀ 6 ਫ਼ਰਵਰੀ, 1872 ਦਾ ਅਨੁਵਾਦ*

ਤੁਹਾਡੇ ਪਰਵਾਨੇ ਮਿਤੀ 29 ਜਨਵਰੀ, 1872 ਦੀ ਪਾਲਣਾ 'ਚ ਕਿ ਇਹ ਜਾਂਚ ਕੀਤੀ ਜਾਵੇ ਕਿ ਕਿਸ ਨੇ ਹਮਲੇ ਵਾਲੇ ਦਿਨ ਕੂਕਿਆਂ ਨੂੰ ਕੋਟਲਾ ਤੋਂ ਆਉਂਦੇ-ਜਾਂਦੇ ਵੇਖਿਆ ਸੀ, ਇਸ ਲਈ ਪਿੰਡਾਂ ਦੇ ਨੰਬਰਦਾਰ ਸੱਦੇ ਗਏ ਸਨ। ਸਰੌਦ ਦੇ ਨੰਬਰਦਾਰ ਪਾਲਾ; ਖੁਰਦ ਦੇ ਨੰਬਰਦਾਰ ਬੁੱਧੂ; ਕੁਠਾਲਾ (ਨਕਸ਼ੇ 'ਤੇ ਨਹੀਂ, ਕੋਟਲਾ ਤੋਂ ਲਗਭਗ 4 ਮੀਲ ਦੂਰ) ਦੇ ਨੰਬਰਦਾਰ ਗੈਂਦੀ; ਅਤੇ ਭੋਗੀਵਾਲ ਦੇ ਨੰਬਰਦਾਰ ਰੂਪਾ ਦਾ ਕਹਿਣਾ ਹੈ ਕਿ ਹਮਲੇ ਵਾਲੇ ਦਿਨ ਤਾਂ ਉਹ ਕਈ ਜਣੇ ਆਪਣੇ ਪਿੰਡਾਂ ਤੋਂ ਕੋਟਲਾ ਚਲੇ ਗਏ ਸਨ।

ਕੂਕਿਆਂ ਦੇ 10 ਤੋਂ 15 ਸੜਕ-ਛਾਪ ਗਿਰੋਹਾਂ ਨੂੰ ਕਈ ਥਾਵਾਂ 'ਤੇ ਕੋਟਲਾ ਵੱਲ ਜਾਂਦਿਆਂ ਤੱਕਿਆ ਗਿਆ ਸੀ। ਜਦੋਂ ਉਨ੍ਹਾਂ ਨੂੰ ਉੱਥੇ ਹੋਏ ਸੰਘਰਸ਼ ਤੇ ਕੂਕਿਆਂ ਦੀ ਮੌਤ ਬਾਰੇ ਦੱਸਿਆ ਜਾਂਦਾ, ਤਾਂ ਉਹ (ਕੂਕੇ) ਰੁਕ ਜਾਂਦੇ ਤੇ ਪਰਤ ਜਾਂਦੇ ਅਤੇ ਫਿਰ ਉਨ੍ਹਾਂ ਨੂੰ ਕੋਟਲਾ ਵੱਲ ਆਉਂਦਿਆਂ ਕਦੇ ਨਹੀਂ ਵੇਖਿਆ ਗਿਆ, ਕੋਟਲਾ ਦੇ ਮੁਕੱਦਮ ਦਾ ਕਹਿਣਾ ਹੈ ਕਿ ਹਥੋਆ ਵਿਖੇ ਕੂਕਿਆਂ ਦਾ ਇਕੱਠ ਹੋਣ ਦੀ ਸੂਚਨਾ ਮਿਲੀ ਹੈ। ਮੌਕੇ 'ਤੇ ਪੁੱਜੇ, ਤਾਂ ਨੰਬਰਦਾਰਾਂ ਨੇ ਕਿਹਾ ਕਿ ਇੱਥੇ ਤਾਂ ਕੁਝ ਨਹੀਂ ਹੈ। ਪਿੰਡ ਤੋਂ ਦੋ ਵਿਅਕਤੀ ਬਾਹਰ ਆ ਰਹੇ ਸਨ, ਜਿਨ੍ਹਾਂ ਨੂੰ ਉਹ ਨਹੀਂ ਜਾਣਦਾ। ਉਸ ਨੇ ਉਨ੍ਹਾਂ ਨੂੰ ਕੂਕਿਆਂ ਬਾਰੇ ਪੁੱਛਿਆ; ਤਾਂ ਉਨ੍ਹਾਂ ਦੱਸਿਆ ਕਿ 200 ਕੂਕੇ ਨਾਰੀਕੇ ਅਤੇ ਸੇਕਸ਼ ਪਿੰਡਾਂ (ਪਟਿਆਲਾ ਖੇਤਰ) ਵਿਚਲੀ ਜੰਗਲੀ ਸੜਕ ਤੋਂ ਦੀ ਹੁੰਦੇ ਹੋਏ ਨਾਭਾ ਵੱਲ ਜਾ ਰਹੇ ਸਨ

ਇਹ ਰਿਪੋਰਟ ਮੈਨੂੰ ਕੋਟਲਾ 'ਚ ਮਿਲੀ ਸੀ। ਪਟਿਆਲਾ ਦੇ ਵਕੀਲ ਨੇ ਇਸ ਦੀ ਸੱਚਾਈ ਤੱਕ ਜਾਣ ਦੀ ਇੱਛਾ ਪ੍ਰਗਟਾਈ ਸੀ। ਉਸ ਦੀ ਰਿਪੋਰਟ ਹਾਲੇ ਨਹੀਂ ਮਿਲੀ।
ਟੀ.ਡੀ.ਐੱਫ਼.

ਹੋਰਨਾਂ ਪਿੰਡਾਂ ਦੇ ਵਾਸੀ ਦੱਸਦੇ ਹਨ ਕਿ ਉਨ੍ਹਾਂ ਸੁਣਿਆ ਹੈ ਕਿ ਕੂਕੇ ਕੋਟਲਾ 'ਤੇ ਦੋਬਾਰਾ ਹਮਲ ਕਰਨ ਜਾ ਰਹੇ ਸਨ ਅਤੇ ਇਹ ਗੱਲ ਪੂਰੀ ਤਰ੍ਹਾਂ ਫੈਲੀ ਹੋਈ ਸੀ ਕਿ ਕੋਟਲਾ 'ਤੇ ਇੱਕ ਹੋਰ ਹਮਲਾ ਯਕੀਨੀ ਸੀ। ਕੂਕੇ ਰੱਬੋਂ ਆਦਿ 'ਚ ਇਕੱਠੇ ਹੋਏ ਸਨ।

ਹੇਠਲਾ ਚਿੱਤਰ ਕੋਟਲਾ ਦੇ ਸੰਦਰਭ 'ਚ ਪਿੰਡਾਂ ਦੀ ਸਥਿਤੀ ਦਰਸਾਉਂਦਾ ਹੈ।

*ਮਲੌਦ

*ਭੋਗੀਵਾਲ

*ਖੁਰਦ *ਸਰੌਂਦ

*ਕੋਟਲਾ *ਹਥੋਆ

*ਰੜ੍ਹ

*ਸੇਕਸ਼

*ਨਾਰੀਕੇ

## 150

*ਮਿਤੀ ਪਟਿਆਲਾ, 12 ਫ਼ਰਵਰੀ, 1872*

*ਵੱਲੋਂ*

ਮਾਣਯੋਗ, ਪਟਿਆਲਾ ਦੇ ਮਹਾਰਾਜਾ।

*ਵੱਲ*

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਤੁਹਾਡੀ ਤਾਰ ਦੇ ਜਵਾਬ ਵਿੱਚ, ਮੈਂ ਪਿਛਲੇ ਮਹੀਨੇ ਦੀ 20 ਤਰੀਕ ਦੇ ਆਪਣੇ ਪੱਤਰ 'ਚ ਵਾਅਦਾ ਕੀਤਾ ਸੀ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੀ ਬੇਨਤੀ ਅਨੁਸਾਰ ਜਾਂਚ ਕਰਾਵਾਂਗਾ ਤੇ ਜੇ ਸੰਭਵ ਹੋਇਆ, ਤਾਂ ਤੁਹਾਨੂੰ ਕੂਕਾ ਬਗ਼ਾਵਤ ਦੇ ਅਸਲ ਕਾਰਣ ਬਾਰੇ ਸੂਚਿਤ ਕਰਾਂਗਾ।

2. ਇਸ ਲਈ ਮੈਂ ਮਾਣਯੋਗ ਸਾਹਿਬ ਦੀ ਜਾਣਕਾਰੀ ਲਈ ਇਹ ਲਿਖ ਰਿਹਾ ਹਾਂ ਕਿ ਕਈ ਸਬੂਤਾਂ ਦੇ ਆਧਾਰ 'ਤੇ ਇਹ ਨਿਸ਼ਚਿਤ ਹੈ ਕਿ ਬਾਬਾ (ਗੁਰੂ) ਰਾਮ ਸਿੰਘ ਜੀ ਦਾ ਅਸਲ ਮੰਤਵ ਤੇ ਉਦੇਸ਼ ਧਾਰਮਿਕ ਬਹਾਨੇ ਨਾਲ ਮੁੜ ਸਰਦਾਰੀ ਹਾਸਲ ਕਰਨਾ ਹੈ ਅਤੇ ਉਨ੍ਹਾਂ ਧੋਖਾਧੜੀ ਨਾਲ ਆਪਣੇ ਅਗਿਆਨੀ ਤੇ ਵਹਿਮਾਂ-ਭਰਮਾਂ 'ਚ ਫਸੇ ਪੈਰੋਕਾਰਾਂ ਦੇ ਮਨਾਂ ਵਿੱਚ ਸਨਕੀ ਕਿਸਮ ਦੇ ਵਿਚਾਰ ਬਿਠਾ ਦਿੱਤੇ ਹਨ ਕਿ ਉਨ੍ਹਾਂ ਦਾ ਸਿਧਾਂਤ ਹੀ ਸਰਬਉੱਚ ਰਹੇਗਾ ਅਤੇ ਸਮੁੱਚੇ ਦੇਸ਼ ਦੀ ਸਰਕਾਰ ਛੇਤੀ ਹੀ ਉਨ੍ਹਾਂ ਦੇ ਆਪਣੇ ਹੱਥਾਂ 'ਚ ਹੋਵੇਗੀ; ਅਤੇ ਇਸ ਬੇਤੁਕੇਪਣ ਵਿੱਚ ਉਨ੍ਹਾਂ ਨੂੰ ਪੂਰਾ ਭਰੋਸਾ ਹੈ, ਬਾਬਾ (ਗੁਰੂ) ਜੀ ਕਦੇ ਵੀ ਉਨ੍ਹਾਂ ਦੇ ਮਨਾਂ 'ਚ ਰੋਹ ਤੇ ਜੋਸ਼ ਭਰਨੋਂ ਨਾਕਾਮ ਨਹੀਂ ਰਹਿੰਦੇ ਤੇ ਉਨ੍ਹਾਂ ਨੂੰ ਸਦਾ ਉਕਸਾ ਕੇ ਅਤੇ ਆਪਣੇ ਮੁੱਖ ਨਿਸ਼ਾਨੇ ਦੀ ਇੱਛਾ ਵੱਲ ਲਾ ਕੇ ਰੱਖਦੇ ਸਨ; ਅਤੇ ਉਨ੍ਹਾਂ ਦੇ ਚੇਲਿਆਂ (ਜੋ ਆਪਣੇ ਵਿਸ਼ਵਾਸ ਪ੍ਰਤੀ ਪੂਰੀ ਤਰ੍ਹਾਂ ਕੱਟੜ ਹਨ ਤੇ ਜਿਨ੍ਹਾਂ 'ਚ ਅਥਾਹ ਉਤਸ਼ਾਹ ਹੈ, ਉਨ੍ਹਾਂ ਨੂੰ ਆਪਣੀਆਂ ਜ਼ਿੰਦਗੀਆਂ ਤੇ ਜਾਇਦਾਦਾਂ ਦੀ ਕੋਈ ਫ਼ਿਕਰ ਨਹੀਂ ਹੈ ਅਤੇ ਉਹ ਸਿਰਫ਼ ਆਪਣੇ ਮੰਤਵਾਂ ਦੀ ਪੂਰਤੀ ਲਈ ਆਪਣੇ ਸਤਿਗੁਰੂ ਨੂੰ ਹੀ ਸੰਤੁਸ਼ਟ ਕਰਦੇ ਹਨ) ਦੀ ਗਿਣਤੀ

ਬਹੁਤ ਜ਼ਿਆਦਾ ਵਿਸ਼ਾਲ ਹੋ ਚੁੱਕੀ ਹੈ, ਇਸੇ ਲਈ (ਗੁਰੂ) ਰਾਮ ਸਿੰਘ ਜੀ ਨੂੰ ਆਪਣੀ ਕਾਮਯਾਬੀ ਦੀ ਪੂਰੀ ਆਸ ਹੈ ਤੇ ਇਸੇ ਲਈ ਉਹ ਆਪਣੇ ਸ਼ਰਧਾਲੂਆਂ 'ਚ ਨਫ਼ਰਤ ਭਰ ਕੇ ਰੱਖਦੇ ਹਨ ਅਤੇ ਗਊ-ਹੱਤਿਆ ਦੇ ਕਾਰਜ ਤੋਂ ਡਰਾਉਂਦੇ ਹਨ।

3. ਇਸ ਪੂਰਵ-ਧਾਰਨਾ ਦਾ ਜੋਸ਼ ਭਰ ਕੇ ਉਨ੍ਹਾਂ ਦਾ ਮੰਤਵ ਇਹੋ ਸੀ (ਜਿਸ ਤਰ੍ਹਾਂ 1857 'ਚ ਧਾਰਮਿਕ ਬਹਾਨੇ ਨਾਲ 'ਕਾਰਤੂਸਾਂ' ਦੀ ਪੂਰਵ-ਧਾਰਨਾ ਸਮੁੱਚੇ ਦੇਸ਼ 'ਚ ਫੈਲਾ ਦਿੱਤੀ ਗਈ ਸੀ) ਕਿ ਭੜਕਾਹਟ ਪੈਦਾ ਕੀਤੀ ਜਾਵੇ ਅਤੇ ਹਿੰਦੂ ਭਾਈਚਾਰੇ (ਕੁਲੀਨ ਵਰਗ, ਅਸਰ-ਰਸੂਖ਼ ਵਾਲੇ ਲੋਕਾਂ ਤੇ ਫ਼ੌਜੀ ਦਸਤਿਆਂ) ਦੀਆਂ ਭਾਵਨਾਵਾਂ ਉਤੇਜਿਤ ਕੀਤੀਆਂ ਜਾਣ ਤੇ ਉਹ ਦੇਸ਼ ਦੇ ਹਾਕਮਾਂ ਵਿਰੁੱਧ ਨਫ਼ਰਤ ਦੇ ਸਾਂਝੇ ਕਾਰਜ ਦੀ ਹਮਾਇਤ ਵਿੱਚ ਖੜ੍ਹੇ ਹੋ ਸਕਣ, ਇਹ ਸਭ ਇਸੇ ਆਸ ਨਾਲ ਕੀਤਾ ਗਿਆ ਹੈ ਕਿ ਇਸ ਭੰਬਲਭੂਸੇ ਦੌਰਾਨ ਹਰੇਕ ਵਰਗ ਤੇ ਸਮਾਜ ਦੇ ਹਰੇਕ ਦਰਜੇ ਤੋਂ ਸਤਿਕਾਰ ਤੇ ਡਰ ਨਾਲ ਸਹਿਯੋਗ ਮਿਲੇਗਾ ਅਤੇ ਉਨ੍ਹਾਂ ਸਾਰਿਆਂ ਉੱਤੇ ਇੱਕ ਤਾਕਤਵਰ ਪ੍ਰਭਾਵ ਸਥਾਪਤ ਹੋ ਸਕੇਗਾ, ਜਿਸ ਦੀ ਬਾਬਾ ਰਾਮ ਸਿੰਘ ਜੀ ਨੂੰ ਲੰਮੇਰੇ ਸਮੇਂ ਤੋਂ ਆਸ ਹੈ। ਜੇ ਕਿਤੇ ਬਾਗ਼ੀਆਂ ਨੂੰ ਤੁਰੰਤ ਮਿਸਾਲੀ ਸਜ਼ਾ ਨਾ ਦਿੱਤੀ ਜਾਂਦੀ ਅਤੇ ਜੇ ਕਿਤੇ ਬਾਬਾ (ਗੁਰੂ) ਜੀ ਨੂੰ ਉਨ੍ਹਾਂ ਦੇ ਸੂਬਿਆਂ ਨਾਲ ਉਨ੍ਹਾਂ ਦੇ ਘਰ ਤੋਂ ਤੁਰੰਤ ਬਾਹਰ ਨਾ ਭੇਜਿਆ ਜਾਂਦਾ, ਤਾਂ ਇੰਨੀ ਛੇਤੀ ਗੜਬੜੀ ਸ਼ਾਂਤ ਹੋਣ ਦੀ ਕੋਈ ਆਸ ਨਹੀਂ ਸੀ ਬੱਝਣੀ ਅਤੇ ਸ਼ਾਂਤੀ ਕਾਇਮ ਕਰਨ ਤੇ ਭਰੋਸਾ ਕਾਇਮ ਕਰਨ ਲਈ ਬਿਨਾ ਸ਼ੱਕ ਜਾਨ-ਮਾਲ ਦਾ ਡਾਢਾ ਨੁਕਸਾਨ ਹੋਣਾ ਸੀ।

4. ਜੇ ਕਿਤੇ ਕੂਕਿਆਂ ਨੂੰ ਮਲੌਦ ਤੇ ਕੋਟਲਾ 'ਚ ਥੋੜ੍ਹੀ ਜਿੰਨੀ ਵੀ ਸਫ਼ਲਤਾ ਮਿਲ ਜਾਂਦੀ, ਤਾਂ ਇਸ ਸੰਪਰਦਾਇ ਨੇ ਚੁਪਾਸਿਓਂ ਰਾਖਸ਼ਾਂ ਵਾਂਗ ਟਪੂਸੀਆਂ ਮਾਰਨ ਲੱਗ ਪੈਣਾ ਸੀ ਜੋ ਬਹੁਤ ਉਤਸੁਕਤਾ ਨਾਲ ਇਸ ਮੂਕ ਹਮਲੇ ਦੇ ਨਤੀਜੇ 'ਤੇ ਨਜ਼ਰ ਰੱਖ ਰਹੇ ਸਨ।

5. ਉਪਰੋਕਤ ਬਿਆਨ ਇਸ ਮਾਮਲੇ 'ਚ ਮੇਰੀਆਂ ਜਾਂਚਾਂ ਦਾ ਸੰਖੇਪ ਨਤੀਜਾ ਹੈ, ਜੋ ਧਿਆਨਪੂਰਵਕ ਵਿਚਾਰ-ਚਰਚਾ ਤੋਂ ਬਾਅਦ ਦਰਜ ਕੀਤਾ ਗਿਆ ਹੈ।

6. ਇੱਕ ਹੋਰ ਚੀਜ਼ ਜੋ ਮੈਨੂੰ ਲੱਗਦਾ ਹੈ ਕਿ ਤੁਹਾਡੇ ਧਿਆਨ ਗੋਚਰੇ ਲਿਆਉਣੀ ਚਾਹੀਦੀ ਹੈ। ਮੈਨੂੰ ਅਖ਼ਬਾਰਾਂ ਆਦਿ ਤੋਂ ਪਤਾ ਲੱਗਾ ਹੈ ਕਿ ਸਥਾਨਕ ਅਧਿਕਾਰੀਆਂ ਬਾਗ਼ੀਆਂ ਨੂੰ ਜਿਸ ਤਰੀਕੇ ਸਜ਼ਾ ਦਿੱਤੀ ਹੈ, ਸਰਕਾਰ ਨੇ ਉਸ ਨੂੰ ਨਾਪਸੰਦ ਕੀਤਾ ਹੈ। ਮੇਰਾ ਮੰਨਣਾ ਹੈ ਕਿ ਸਰਕਾਰ ਦੇ ਇਸ ਰਵਈਏ ਨੂੰ ਗ਼ਲਤ ਸਮਝਿਆ ਜਾਵੇਗਾ, ਖ਼ਾਸ ਕਰ ਕੇ ਸਥਾਨਕ ਜਨਤਾ ਤੇ ਵਿਸ਼ੇਸ਼ ਤੌਰ 'ਤੇ ਇਹ ਬਹਾਦਰ ਸੰਪਰਦਾਇ ਬਿਨਾਂ ਸ਼ੱਕ ਇਸ ਗੱਲ ਨੂੰ ਆਪਣੇ ਸਤਿਗੁਰੂ ਦੀ ਗ਼ੈਬੀ ਸ਼ਕਤੀ ਨਾਲ ਜੋੜੇਗਾ। ਇੰਝ ਬ੍ਰਿਟਿਸ਼ ਅਧਿਕਾਰੀਆਂ ਤੇ ਸਥਾਨਕ ਮੁਖੀਆਂ ਦੇ ਹੌਸਲੇ ਪਸਤ ਹੋਣਗੇ ਤੇ ਉਨ੍ਹਾਂ ਵੱਲੋਂ ਇਸ ਗੜਬੜੀ ਤੇ ਬੁਰਾਈ ਨੂੰ ਦਬਾਉਣ ਲਈ ਸਰਗਰਮੀ ਨਾਲ ਚੁੱਕੇ ਗਏ ਕਾਰਜਕੁਸ਼ਲ ਕਦਮ ਵੀ ਗ਼ਲਤ ਸਿੱਧ ਹੋਣਗੇ, ਜੋ ਤੁਰਤ-ਫੁਰਤ ਚੁੱਕੇ ਗਏ ਸਨ ਤੇ ਬੁਰਾਈ ਨੂੰ ਪ੍ਰਫੁੱਲਤ ਹੋਣ ਤੋਂ ਪਹਿਲਾਂ ਹੀ ਦਬਾ ਦਿੱਤਾ ਗਿਆ ਸੀ ਜਾਂ ਇਸ ਰਵਈਏ ਨਾਲ ਉਹ ਅਧਿਕਾਰੀ ਘੱਟ ਪ੍ਰਭਾਵਸ਼ਾਲੀ ਤੇ ਪ੍ਰਭਾਵਹੀਣ ਹੋ ਜਾਣਗੇ। ਮੇਰਾ ਮੰਨਣਾ ਹੈ ਕਿ ਜਦੋਂ

ਕਦੇ ਜਨਤਾ ਸਰਕਾਰ ਦੀ ਮਨਸ਼ਾ ਦਾ ਗ਼ਲਤ ਅਰਥ ਕਢਦੀ ਹੈ, ਤਾਂ ਉਸ ਦੇ ਅਸੁਖਾਵੇਂ ਨਤੀਜੇ ਹੀ ਨਿਕਲਦੇ ਹਨ ਅਤੇ ਮੈਂ ਇਹ ਦਰੁਸਤ ਸਮਝਿਆ ਕਿ ਮੈਂ ਇਸ ਵਿਸ਼ੇ 'ਤੇ ਆਪਣੇ ਵਿਚਾਰ ਤੁਹਾਨੂੰ ਦੱਸਾਂ।

ਮੈਨੂੰ ਭਰੋਸਾ ਹੈ ਕਿ ਮਾਣਯੋਗ ਸਾਹਿਬ ਤੇ ਤੁਸੀਂ ਖ਼ੁਦ ਸਹੀ-ਸਲਾਮਤ ਤੇ ਚੜ੍ਹਦੀ ਕਲਾ 'ਚ ਹੋਵੋਗੇ।

ਮੈਂ ਹਾਂ
ਤੁਹਾਡਾ ਪਿਆਰਾ ਦੋਸਤ
ਤੁਹਾਡਾ ਬੇਹੱਦ ਹਿਤੂ
ਹਸਤਾਖਰ/- ਮਹਿੰਦਰ ਸਿੰਘ
(ਮਹਾਰਾਜਾ ਪਟਿਆਲਾ)

## 151

**(ਗੁਪਤ)**

*ਨੰ. 78ਸੀ,* *ਮਿਤੀ ਕੈਂਪ ਮੁਗ਼ਲ ਸਰਾਏ, 16 ਫ਼ਰਵਰੀ, 1872*

*ਵੱਲੋਂ*

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਮੈਂ ਆਪਣੀ 17 ਜਨਵਰੀ ਦੀ ਇੱਕ ਤਾਰ ਦੇ ਜਵਾਬ ਵਿੱਚ ਪਟਿਆਲਾ ਦੇ ਮਾਣਯੋਗ ਮਹਾਰਾਜਾ ਦੇ ਪੱਤਰ ਦੀ ਇੱਕ ਕਾਪੀ ਭੇਜਣੀ ਚਾਹੁੰਦਾ ਹਾਂ।

2. ਲੈਫ਼ਟੀਨੈਂਟ ਗਵਰਨਰ ਮੈਥੋਂ ਚਾਹੁੰਦੇ ਹਨ ਕਿ ਇਸ ਚਿੱਠੀ ਦੇ ਤੀਜੇ ਪੈਰੇ 'ਤੇ ਖ਼ਾਸ ਧਿਆਨ ਦੇਵਾਂ, ਇਸ ਪੱਤਰ ਦਾ ਸਮੁੱਚੇ ਵਿਸ਼ਾ-ਵਸਤੂ 'ਤੇ ਵਿਚਾਰ ਕਰਨ ਦੀ ਜ਼ਰੂਰਤ ਹੈ ਕਿਉਂਕਿ ਇਸ ਦਾ ਲੇਖਕ ਪੰਜਾਬ ਦਾ ਇੱਕ ਅਹਿਮ ਮੁਖੀ ਹੈ ਅਤੇ ਸਿੱਖਾਂ ਦਾ ਇੱਕ ਪ੍ਰਵਾਨਿਤ ਮੁਖੀ ਹੈ। ਜ਼ੇਰੇ ਗ਼ੌਰ ਪੈਰੇ 'ਚ ਪ੍ਰਗਟਾਏ ਵਿਚਾਰ ਵਿੱਚ ਮਾਣਯੋਗ ਸਾਹਿਬ ਸਹਿਮਤ ਹੋਣ ਲਈ ਤਿਆਰ ਹਨ।

## 152

**(ਗੁਪਤ)**

*ਨੰ. 68ਸੀ,* *ਮਿਤੀ ਕੈਂਪ ਦੱਧੋਪੁਰ, 12 ਫ਼ਰਵਰੀ, 1872*

*ਵੱਲੋਂ*

ਐੱਲ.ਐੱਚ. ਗ੍ਰਿਫਿਨ, ਐਸਕ.,

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਪੱਤਰ ਨੰ. 63ਸੀ, ਮਿਤੀ 9 ਫ਼ਰਵਰੀ ਦੀ ਨਿਰੰਤਰਤਾ 'ਚ, ਮੈਂ ਲੁਧਿਆਣਾ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ ਦੀ ਇੱਕ ਹੋਰ ਚਿੱਠੀ ਦੀ ਕਾਪੀ ਭੇਜ ਰਿਹਾ ਹਾਂ, ਜੋ ਬਾਬਾ ਰਾਮ ਸਿੰਘ ਜੀ ਤੇ ਕੂਕਿਆਂ ਬਾਰੇ ਹੈ। ਕਮਿਸ਼ਨਰ ਨੂੰ ਬੇਲਾ ਸਿੰਘ ਦਾ ਬਿਆਨ ਦਰਜ ਕਰਨ ਤੇ ਜਾਣਕਾਰੀ ਲਈ ਭੇਜਿਆ ਗਿਆ ਹੈ।

## ਮੈਮੋਰੈਂਡਮ

*ਮਿਤੀ 7 ਫ਼ਰਵਰੀ, 1872*

ਵੱਲੋਂ

ਦੁਆਰਾ ਐੱਲ. ਕਾਵਨ, ਐਸਕ.,
ਕਾਰਜਕਾਰੀ ਡਿਪਟੀ ਕਮਿਸ਼ਨਰ, ਲੁਧਿਆਣਾ।

ਰਾਮਗੜ੍ਹ ਦੇ ਸਰਦਾਰ ਉੱਤਮ ਸਿੰਘ ਕੁਝ ਦਿਨ ਪਹਿਲਾਂ ਦਿੱਲੀ ਜਾਂਦੇ ਸਮੇਂ ਮੈਨੂੰ ਮਿਲੇ ਸਨ।

ਉਨ੍ਹਾਂ ਮੈਨੂੰ ਗੱਲਬਾਤ ਦੌਰਾਨ ਦੱਸਿਆ ਕਿ ਹੁਣ ਇਹ ਪਤਾ ਲੱਗਾ ਹੈ ਕਿ ਬਾਬਾ ਰਾਮ ਸਿੰਘ ਜੀ ਮਲੌਦ ਤੋਂ ਰਵਾਨਾ ਹੋ ਕੇ ਸਿਆੜ ਗਏ ਸਨ ਤੇ ਉੱਥੇ ਲਹਿਣਾ ਸਿੰਘ ਤੇ ਹੀਰਾ ਸਿੰਘ ਨੂੰ ਬੁਰਾ-ਭਲਾ ਆਖਿਆ ਸੀ ਕਿ ਉਨ੍ਹਾਂ ਸਾਰੇ ਇੰਤਜ਼ਾਮ ਮੁਕੰਮਲ ਹੋਣ ਤੋਂ ਪਹਿਲਾਂ ਹੀ ਗੜਬੜ ਸ਼ੁਰੂ ਕਰ ਦਿੱਤੀ ਸੀ।

ਮੈਂ ਸਿਆੜ ਦੇ ਨੰਬਰਦਾਰਾਂ ਨੂੰ ਸੱਦ ਕੇ ਉਨ੍ਹਾਂ ਦੇ ਬਿਆਨ ਦਰਜ ਕੀਤੇ, ਜੋ ਮੈਂ ਇਸ ਨਾਲ ਕਮਿਸ਼ਨਰ ਅਤੇ ਸੁਪਰਇੰਟੈਂਡੈਂਟ ਨੂੰ ਭੇਜ ਰਿਹਾ ਹਾਂ। ਗਵਾਹੀਆਂ ਅਹਿਮ ਹਨ।

ਸਿਆੜ, ਜ਼ਿਲ੍ਹਾ ਲੁਧਿਆਣਾ ਦੇ ਨੰਬਰਦਾਰ ਗੋਪਾਲ ਸਿੰਘ ਦਾ ਬਿਆਨ। ਮਲੌਦ 'ਤੇ ਹਮਲੇ (ਭਾਵ 15 ਜਨਵਰੀ) ਤੋਂ ਅਗਲੇ ਦਿਨ ਸ਼ਾਮੀਂ ਗੁਰੂ ਰਾਮ ਸਿੰਘ ਜੀ ਮਲੌਦ 'ਚ ਤੁਹਾਨੂੰ ਮਿਲਣ ਤੋਂ ਬਾਅਦ ਆਏ ਸਨ ਅਤੇ ਉਨ੍ਹਾਂ ਮੇਰੇ ਪਿੰਡ 'ਚ ਹੀ ਸਾਰੀ ਰਾਤ ਕੂਕਾ ਬੇਲਾ ਸਿੰਘ ਦੇ ਘਰ ਕੱਟੀ ਸੀ। ਉਨ੍ਹਾਂ ਨਾਲ ਪੰਜ ਘੁੜਸਵਾਰ ਕੂਕੇ ਅਤੇ 30 ਪੈਦਲ ਕੂਕੇ ਸਨ ਅਤੇ ਉਨ੍ਹਾਂ ਸਭਨਾਂ ਕੋਲ ਕੁਹਾੜੀਆਂ ਜਾਂ ਗੰਡਾਸੇ ਸਨ। ਰਾਤ ਨੂੰ ਹੋਰ ਬਹੁਤ ਸਾਰੇ ਕੂਕੇ ਸਿਆੜ 'ਚ ਇਕੱਠੇ ਹੋਏ ਸਨ, ਜਿਨ੍ਹਾਂ 'ਚੋਂ 15 ਘੁੜਸਵਾਰ ਸਨ ਅਤੇ 125 ਪੈਦਲ ਪੁੱਜੇ ਸਨ, ਉਨ੍ਹਾਂ 'ਚੋਂ ਬਹੁਤਿਆਂ ਕੋਲ ਕੁਹਾੜੀਆਂ ਜਾਂ ਗੰਡਾਸੇ ਸਨ।

ਸਿਆੜ 'ਚ 25 ਕੂਕੇ ਰਹਿੰਦੇ ਹਨ। ਸ਼ਾਮ ਨੂੰ ਮੈਂ ਤੇ ਹੋਰ ਨੰਬਰਦਾਰ ਬੇਲਾ ਸਿੰਘ ਦੇ ਘਰ (ਗੁਰੂ) ਰਾਮ ਸਿੰਘ ਜੀ ਨੂੰ ਮਿਲਣ ਲਈ ਗਏ। ਅਸੀਂ ਮੱਥਾ ਟੇਕਿਆ ਤੇ ਉਨ੍ਹਾਂ ਕੋਲ ਜਾ ਕੇ ਬਹਿ ਗਏ। ਉੱਥੇ ਬਹੁਤ ਭੀੜ ਸੀ, ਸਾਰਾ ਪਿੰਡ ਹੀ ਉਨ੍ਹਾਂ ਨੂੰ ਵੇਖਣ ਲਈ ਪੁੱਜਾ ਹੋਇਆ ਸੀ। (ਗੁਰੂ) ਰਾਮ ਸਿੰਘ ਜੀ ਬਹੁਤ ਹੀ ਨਿਰਾਸ਼ ਤੇ ਦੁਖੀ

ਵਿਖਾਈ ਦੇ ਰਹੇ ਸਨ; ਪਹਿਲਾਂ ਤਾਂ ਉਹ ਬਹੁਤ ਘੱਟ ਬੋਲੇ। ਫਿਰ ਕੁਝ ਕੂਕੇ ਆਏ ਤੇ ਉਨ੍ਹਾਂ ਪੁੱਛਿਆ ''ਅਸੀਂ ਕੀ ਕਰੀਏ? ਕੀ ਹੁਕਮ ਹਨ? ਸਾਨੂੰ ਦੱਸੋ, ਓ ਗੁਰੂ ਜੀ, ਕੀ ਭਾਣਾ ਵਰਤ ਗਿਆ ਹੈ?''

ਤਦ ਬਾਬਾ (ਗੁਰੂ) ਰਾਮ ਸਿੰਘ ਜੀ ਬੋਲੇ,''ਲਹਿਣਾ ਸਿੰਘ ਤੇ ਹੀਰਾ ਸਿੰਘ ਮੂਰਖ ਹਨ। ਉਨ੍ਹਾਂ ਮੇਰੇ ਹੁਕਮ ਦੀ ਉਲੰਘਣਾ ਕੀਤੀ ਸੀ। ਮੈਂ ਉਨ੍ਹਾਂ ਨੂੰ ਹੁਕਮ ਕੀਤਾ ਸੀ ਕਿ ਉਹ ਚੇਤ ਦੇ ਮਹੀਨੇ ਤੱਕ ਉਡੀਕ ਕਰ ਲੈਣ ਪਰ ਉਹ ਜ਼ਿੱਦੀ ਸਨ ਤੇ ਉਨ੍ਹਾਂ ਤਦ ਮੇਰੀ ਕੋਈ ਗੱਲ ਨਹੀਂ ਸੁਣੀ। ਉਨ੍ਹਾਂ ਮੇਰੇ ਸਾਰੇ ਇੰਤਜ਼ਾਮ ਬਰਬਾਦ ਕਰ ਕੇ ਰੱਖ ਦਿੱਤੇ ਹਨ।'' ਉਨ੍ਹਾਂ ਇਹ ਵੀ ਕਿਹਾ: ''ਜੇ ਕਿਤੇ ਉਹ ਦੋ ਮਹੀਨੇ ਹੋਰ ਉਡੀਕ ਲੈਂਦੇ ਜਿਵੇਂ ਮੈਂ ਉਨ੍ਹਾਂ ਨੂੰ ਹੁਕਮ ਦਿੱਤਾ ਸੀ, ਸਭ ਕੁਝ ਵਧੀਆ ਹੋ ਜਾਣਾ ਸੀ।''

ਮਲੌਦ 'ਤੇ ਹਮਲੇ ਤੋਂ ਤਿੰਨ ਮਹੀਨੇ ਪਹਿਲਾਂ ਬਾਬਾ ਰਾਮ ਸਿੰਘ ਜੀ ਸਿਆੜ ਆਏ ਸਨ ਤੇ ਕੂਕਿਆਂ ਦੀ ਇੱਕ ਭੀੜ ਨੂੰ ਸੰਬੋਧਨ ਕੀਤਾ ਸੀ। ਤਦ ਉਨ੍ਹਾਂ ਕਿਹਾ ਸੀ ''...ਪੀਰਾਂ ਦੀਆਂ ਦਰਗਾਹਾਂ ਜ਼ਰੂਰ ਢਾਹੋ। ਇੱਕ ਹੋਰ ਵੱਡਾ ਧਾਰਮਿਕ ਅਸਥਾਨ ਹੈ – ਸੁਖੀ ਸਰਵਰ, ਜੋ ਮੈਂ ਆਉਂਦੇ ਚੇਤ ਮਹੀਨੇ ਨਸ਼ਟ ਕਰਾਂਗਾ; ਮੈਂ ਉਸ ਨੂੰ ਬਰਬਾਦ ਕਰਨ ਲਈ ਬੰਦੇ ਭੇਜਾਂਗਾ। ਉਨ੍ਹਾਂ ਨੂੰ ਅਦਿੱਖ ਬਣਾ ਕੇ ਭੇਜਾਂਗਾ, ਤਾਂ ਉਹ ਦੁਸ਼ਮਣਾਂ ਨੂੰ ਦਿਸਣਗੇ ਨਹੀਂ।''

ਤਿੰਨ ਦਿਨ ਪਹਿਲਾਂ ਰਾਤ ਨੂੰ ਆਕਾਸ਼ 'ਤੇ ਬੱਦਲ ਛਾਏ ਹੋਏ ਸਨ ਕਿ ਆਕਾਸ਼ ਅਚਾਨਕ ਹੀ ਸਾਫ਼ ਹੋ ਗਿਆ ਤੇ ਹਰ ਪਾਸੇ ਚਾਨਣ ਜਿਹਾ ਹੋ ਗਿਆ।ਮੇਰੇ ਪਿੰਡ ਦੇ ਕੂਕੇ ਤਦ ਚੀਕਣ ਲੱਗੇ ਕਿ ਇਹ ਬਾਬਾ (ਗੁਰੂ) ਰਾਮ ਸਿੰਘ ਜੀ ਦਾ ਸੰਕੇਤ ਹੈ ਕਿ ਉਹ ਆਸ ਨਾ ਛੱਡਣ।

ਜਿਹੜੀ ਸਵੇਰ ਨੂੰ ਮੈਂ ਪਿੰਡ ਤੋਂ ਰਵਾਨਾ ਹੋਇਆ ਸਾਂ, ਮੈਂ ਕੁਝ ਕੂਕਿਆਂ ਨੂੰ ਖ਼ੁਸ਼ੀਆਂ ਮਨਾਉਂਦੇ ਵੇਖਿਆ ਪੁੱਛਣ 'ਤੇ ਉਨ੍ਹਾਂ ਕਾਰਣ ਦੱਸਦਿਆਂ ਕਿਹਾ ਕਿ ਉਨ੍ਹਾਂ ਸੁਣਿਆ ਹੈ ਕਿ ਬਾਬਾ (ਗੁਰੂ) ਰਾਮ ਸਿੰਘ ਜੀ ਰੇਲ-ਗੱਡੀ ਦੇ ਉਸ ਡੱਬੇ 'ਚੋਂ ਅਲੋਪ ਹੋ ਗਏ ਸਨ, ਜਿਸ ਵਿੱਚ ਉਨ੍ਹਾਂ ਨੂੰ ਪਰਾਗ ਲਿਜਾਂਦਾ ਜਾ ਰਿਹਾ ਸੀ ਤੇ ਉਹ ਛੇਤੀ ਹੀ ਪਰਤ ਆਉਣਗੇ। ਉਨ੍ਹਾਂ ਕਿਹਾ,''ਅਸੀਂ ਵੇਖਾਂਗੇ ਕਿ ਚੇਤ ਮਹੀਨਾ ਖ਼ਤਮ ਹੋਣ ਤੋਂ ਪਹਿਲਾਂ-ਪਹਿਲਾਂ ਕੀ ਵਾਪਰਦਾ ਹੈ।''

ਮੇਰੇ ਵੱਲੋਂ ਲਿਆ ਗਿਆ।

ਐੱਲ. ਕਾਵਨ,
ਕਾਰਜਕਾਰੀ ਡਿਪਟੀ ਕਮਿਸ਼ਨਰ,
ਲੁਧਿਆਣਾ।

ਸਿਆੜ ਦੇ ਨੰਬਰਦਾਰ ਸੰਤ ਰਾਮ ਦਾ ਬਿਆਨ, ਜੋ ਬਾਕਾਇਦਾ 6 ਫ਼ਰਵਰੀ, 1872 ਨੂੰ ਲਿਆ ਗਿਆ।

ਹੋਰ ਨੰਬਰਦਾਰਾਂ ਨਾਲ ਬਾਬਾ ਰਾਮ ਸਿੰਘ ਜੀ ਨੂੰ ਮਿਲਣ ਗਿਆ ਸਾਂ, ਜਦੋਂ ਉਹ ਮਲੌਦ ਤੋਂ ਪਰਤੇ ਸਨ। ਉਨ੍ਹਾਂ ਨੂੰ ਲਹਿਣਾ ਸਿੰਘ ਤੇ ਹੀਰਾ ਸਿੰਘ ਨੂੰ ਬੁਰਾ-ਭਲਾ ਕਹਿੰਦਿਆਂ ਸੁਣਿਆ ਸੀ ਕਿ ਉਨ੍ਹਾਂ ਚੇਤ ਤੋਂ ਪਹਿਲਾਂ ਸ਼ੁਰੂਆਤ ਕਰ ਲਈ ਸੀ।

(ਇਸ ਗਵਾਹ ਨੇ ਨੰਬਰਦਾਰ ਗੋਪਾਲ ਸਿੰਘ ਵਾਲੀਆਂ ਹੀ ਸਾਰੀਆਂ ਗੱਲਾਂ ਦੱਸੀਆਂ।)

ਮੇਰੇ ਵੱਲੋਂ ਲਿਆ ਗਿਆ।

ਐੱਲ. ਕਾਵਨ,
ਕਾਰਜਕਾਰੀ ਡਿਪਟੀ ਕਮਿਸ਼ਨਰ,
ਲੁਧਿਆਣਾ।

ਸਿਆੜ ਦੇ ਨੰਬਰਦਾਰ ਦਿਆਲ ਸਿੰਘ ਦਾ ਬਿਆਨ, ਜੋ ਬਾਕਾਇਦਾ 6 ਫ਼ਰਵਰੀ, 1872 ਨੂੰ ਲਿਆ ਗਿਆ।

ਇਸ ਗਵਾਹ ਨੇ ਉਹੀ ਸਭ ਆਖਿਆ ਜੋ ਪਿੰਡ ਦੇ ਦੋ ਹੋਰ ਨੰਬਰਦਾਰਾਂ ਗੋਪਾਲ ਸਿੰਘ ਤੇ ਸੰਤ ਸਿੰਘ ਨੇ ਆਖਿਆ ਸੀ।

ਐੱਲ. ਕਾਵਨ,
ਕਾਰਜਕਾਰੀ ਡਿਪਟੀ ਕਮਿਸ਼ਨਰ,
ਲੁਧਿਆਣਾ।

ਮੇਰੇ ਇਸ ਤਰੀਕ ਦੇ ਪੱਤਰ ਨੰ. 68 ਸੀ ਦੀ ਨਿਰੰਤਰਤਾ 'ਚ, ਮੈਂ ਰਾਏਪੁਰ ਦੇ ਇੱਕ ਨਿਵਾਸੀ ਦੇ ਬਿਆਨ ਦੀ ਕਾਪੀ ਭੇਜਣੀ ਚਾਹੁੰਦਾ ਹਾਂ, ਜੋ (ਗੁਰੂ) ਰਾਮ ਸਿੰਘ ਜੀ ਤੇ ਕੂਕਿਆਂ ਬਾਰੇ ਹੈ ਤੇ ਕਾਰਜਕਾਰੀ ਡਿਪਟੀ ਕਮਿਸ਼ਨਰ, ਲੁਧਿਆਣਾ ਸਾਹਮਣੇ ਦਿੱਤਾ ਗਿਆ ਸੀ।

ਰਾਏਪੁਰ, ਜ਼ਿਲ੍ਹਾ ਲੁਧਿਆਣਾ ਦੇ ਖੇਵਟਦਾਰ ਸੈਦਾ ਸਿੰਘ ਦਾ ਬਿਆਨ, ਜੋ ਬਾਕਾਇਦਾ 9 ਫ਼ਰਵਰੀ, 1872 ਨੂੰ ਲਿਆ ਗਿਆ।

ਬੀਤੇ ਸਨਿੱਚਰਵਾਰ, ਮੈਂ ਕਾਰੋਬਾਰੀ ਸਿਲਸਿਲੇ 'ਚ ਲੁਧਿਆਣਾ ਗਿਆ ਸਾਂ ਤੇ ਉੱਥੋਂ ਆਪਣੇ ਪਿੰਡ ਪਰਤਿਆ ਸਾਂ ਕਿ ਰਾਏਪੁਰ ਦਾ ਇੱਕ ਨੰਬਰਦਾਰ ਦਰਬਾਰਾ ਸਿੰਘ, ਕੂਕਾ ਐਤਵਾਰ ਨੂੰ ਮੇਰੇ ਘਰ ਆਇਆ ਤੇ ਦੱਸਿਆ,''ਇੱਕ ਚਮਾਰ ਭੈਣੀ ਤੋਂ ਆਇਆ ਹੈ, ਜੋ ਆਖਦਾ ਹੈ ਕਿ (ਗੁਰੂ) ਰਾਮ ਸਿੰਘ ਜੀ ਰਿਹਾਅ ਹੋ ਗਏ ਹਨ ਤੇ ਭੈਣੀ ਪਰਤ ਆਏ ਹਨ। ਤੁਸੀਂ ਲੁਧਿਆਣਾ ਤੋਂ ਹੁਣੇ ਆਏ ਹੋ, ਤੁਸੀਂ ਕੀ ਸੁਣਿਆ।'' ਮੈਂ ਕਿਹਾ ਕਿ ਮੈਂ ਗੁਰੂ ਜੀ ਬਾਰੇ ਕੁਝ ਨਹੀਂ ਸੁਣਿਆ। ਦਰਬਾਰਾ ਸਿੰਘ ਨੇ ਤਦ ਕਿਹਾ,''ਇਹ ਸੱਚ ਹੈ ਕਿ (ਗੁਰੂ) ਰਾਮ ਸਿੰਘ ਜੀ 11ਵੇਂ ਅਵਤਾਰ ਹਨ। ਉਹ ਪਰਤ ਆਏ ਹਨ ਜਾਂ ਕੁਝ ਦਿਨਾਂ 'ਚ ਪਰਤ ਆਉਣਗੇ। ਤੁਸੀਂ ਵੇਖਣਾ ਕਿ ਆਉਂਦੇ ਚੇਤ ਕੀ ਵਾਪਰੇਗਾ। ਜੇ ਤੁਸੀਂ ਕੂਕਾ ਨਹੀਂ, ਤਾਂ ਇਹ ਤੁਹਾਡੇ ਲਈ ਮਾੜਾ ਹੋਵੇਗਾ।'' ਮੈਨੂੰ ਇਹੋ ਗੱਲ ਕਈ ਵਾਰ ਆਖੀ ਜਾ ਚੁੱਕੀ ਹੈ ਕਿ ਜੇ ਮੈਂ ਚੇਤ 1928 ਤੋਂ ਪਹਿਲਾਂ ਕੂਕਾ ਨਾ ਬਣਿਆ, ਤਾਂ ਮੈਨੂੰ ਮਾਰ ਦਿੱਤਾ ਜਾਵੇਗਾ।

ਮੇਰੇ ਸਾਹਮਣੇ ਲਿਆ ਗਿਆ।

ਐੱਲ. ਕਾਵਨ,
ਕਾਰਜਕਾਰੀ ਡਿਪਟੀ ਕਮਿਸ਼ਨਰ,
ਲੁਧਿਆਣਾ।

## 153

*ਨੰ. 72ਸੀ,* *ਮਿਤੀ ਕੈਂਪ ਦੱਧੋਪੁਰ, 12 ਫ਼ਰਵਰੀ, 1872*

*ਵੱਲੋਂ*

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਲੁਧਿਆਣਾ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਦੀ ਅਹੁਦੇ ਤੋਂ ਮੁਅੱਤਲੀ ਦੇ ਹੁਕਮ ਦੇ ਹਵਾਲੇ ਨਾਲ, ਜੋ ਤੁਹਾਡੇ ਪੱਤਰ ਨੰ. 122, ਮਿਤੀ 24 ਜਨਵਰੀ ਦੇ ਪੈਰਾ 3 ਵਿੱਚ ਦਰਜ ਹੈ, ਮੈਂ ਮਹਾਮਹਿਮ ਵਾਇਸਰਾਏ ਅਤੇ ਗਵਰਨਰ ਜਨਰਲ ਨੂੰ ਦੇਣ ਲਈ ਸ੍ਰੀ ਕਾਵਨ ਦੀ 9 ਫ਼ਰਵਰੀ, 1872 ਦੀ ਚਿੱਠੀ ਦੀ ਕਾਪੀ ਭੇਜ ਰਿਹਾ ਹਾਂ।

## 154

*ਮਿਤੀ ਲੁਧਿਆਣਾ, 9 ਫ਼ਰਵਰੀ, 1872*

*ਵੱਲੋਂ*

ਐੱਲ. ਕਾਵਨ, ਐਸਕ.,
ਕਾਰਜਕਾਰੀ ਡਿਪਟੀ ਕਮਿਸ਼ਨਰ,
ਲੁਧਿਆਣਾ।

*ਵੱਲ*

ਟੀ.ਡੀ. ਫ਼ਾਰਸਿਥ, ਐਸਕ., ਸੀ.ਬੀ.,
ਕਮਿਸ਼ਨਰ ਤੇ ਸੁਪਰਇੰਟੈਂਡੈਂਟ,
ਅੰਬਾਲਾ ਡਿਵੀਜ਼ਨ।

ਮੈਨੂੰ ਇਸੇ ਮਹੀਨੇ ਦੀ 7 ਤਰੀਕ ਦਾ ਤੁਹਾਡੇ ਮੈਮੋਰੈਂਡਮ ਦੀ ਪ੍ਰਾਪਤੀ ਬਾਰੇ ਦੱਸਣ ਦਾ ਮਾਣ ਹਾਸਲ ਹੋਇਆ ਹੈ, ਪੰਜਾਬ ਸਰਕਾਰ ਦੇ ਸਕੱਤਰ ਦਾ ਤੁਹਾਡੇ ਪਤੇ 'ਤੇ ਪੱਤਰ ਮਿਤੀ 5 ਉਹੀ, ਜਿਸ ਵਿੱਚ ਅਗਲੇ ਹੁਕਮਾਂ ਤੱਕ ਅਹੁਦੇ ਤੋਂ ਮੇਰੀ ਮੁਅੱਤਲੀ ਦੀ ਹਦਾਇਤ ਦਿੱਤੀ ਗਈ ਹੈ। ਮੈਂ ਸਿਰਫ਼ ਮੇਜਰ ਪਾਰਸਨਜ਼ ਦੀ ਉਡੀਕ ਕਰ ਰਿਹਾ ਹਾਂ ਕਿ ਜ਼ਿਲ੍ਹੇ ਦਾ ਚਾਰਜ ਉਨ੍ਹਾਂ ਨੂੰ ਸੌਂਪ ਸਕਾਂ।

2. ਮੈਨੂੰ ਇਸ ਦਰਜਾ-ਘਟਾਈ ਦੀ ਬਿਲਕੁਲ ਵੀ ਆਸ ਨਹੀਂ ਸੀ। ਮੈਨੂੰ ਆਸ ਸੀ ਕਿ ਮੇਰੀਆਂ ਕਾਰਵਾਈਆਂ, ਜੋ ਭਾਵੇਂ ਅਨਿਯਮਤ ਸਨ, ਨੂੰ ਉਸ ਮਾਮਲੇ ਦੇ ਖ਼ਤਰਨਾਕ ਹਾਲਾਤ ਨੂੰ ਧਿਆਨ 'ਚ ਰੱਖਦਿਆਂ ਸਰਕਾਰ ਦੀ ਪ੍ਰਵਾਨਗੀ ਮਿਲ ਜਾਵੇਗੀ। ਮੈਨੂੰ ਆਸ ਹੈ ਕਿ ਮੇਰੀ ਮੁਅੱਤਲੀ ਦੇ ਹੁਕਮ ਭਾਰਤ ਸਰਕਾਰ ਕੋਲ ਉਸ

ਗਵਾਹੀ ਦੇ ਪੁੱਜਣ ਤੋਂ ਪਹਿਲਾਂ ਲਿਖੇ ਗਏ ਹੋਣਗੇ, ਜੋ ਮੇਰੇ ਵੱਲੋਂ ਅਰੰਭ 'ਚ ਪ੍ਰਗਟਾਏ ਵਿਸ਼ਵਾਸ ਦੀ ਮਜ਼ਬੂਤੀ ਨਾਲ ਪੁਸ਼ਟੀ ਕਰਦੀ ਸੀ।

3. ਮੈਂ ਪਹਿਲਾਂ ਰਿਪੋਰਟ ਕੀਤੀ ਸੀ ਕਿ ਮੈਂ ਕੋਟਲਾ 'ਚ ਮੌਤ ਦੀਆਂ ਸਜ਼ਾਵਾਂ ਲਾਪਰਵਾਹੀ ਨਾਲ ਜਾਂ ਬਿਨਾਂ ਸੋਚੇ-ਸਮਝੇ ਨਹੀਂ ਦਿੱਤੀਆਂ ਸਨ। ਮੈਨੂੰ ਪਤਾ ਸੀ ਕਿ ਮੇਰੇ ਉੱਤੇ ਕਿੰਨੀ ਵੱਡੀ ਜ਼ਿੰਮੇਵਾਰੀ ਸੀ। ਮੈਨੂੰ ਪਤਾ ਸੀ ਕਿ ਸਰਕਾਰ ਵੱਲੋਂ ਮੇਰੇ ਆਚਾਰ-ਵਿਹਾਰ ਦੀ ਗੰਭੀਰ ਨਾਮਨਜ਼ੂਰੀ ਕਾਰਨ ਸਰਕਾਰ ਮੈਨੂੰ ਸੇਵਾ ਤੋਂ ਬਰਖ਼ਾਸਤ ਵੀ ਕਰ ਸਕਦੀ ਹੈ ਅਤੇ ਮੇਰੇ ਤੇ ਮੇਰੇ ਆਸ਼ਰਿਤਾਂ ਲਈ ਬਰਖ਼ਾਸਤਗੀ ਦਾ ਮਤਲਬ ਹੈ ਬਰਬਾਦੀ ਤੇ ਮੰਗਤਾਪਣ। ਪਰ ਮੈਂ ਇਸ ਵਿਸ਼ਵਾਸ ਨਾਲ ਵੱਡਾ ਜ਼ੋਖਮ ਲਿਆ ਸੀ ਕਿ ਦੇਸ਼ ਦੀ ਸ਼ਾਂਤੀ ਨੂੰ ਕਾਇਮ ਰੱਖਣ ਲਈ ਮੇਰੇ ਵੱਲੋਂ ਬਗ਼ਾਵਤ ਦਬਾਉਣ ਹਿਤ ਸਖ਼ਤ ਕਦਮ ਚੁੱਕੇ ਜਾਣ ਦੀ ਜ਼ਰੂਰਤ ਸੀ ਅਤੇ ਕਿਸੇ ਹੋਰ ਨਰਮ ਕਦਮਾਂ ਦਾ ਉਹ ਅਸਰ ਨਹੀਂ ਹੋਣਾ ਸੀ।

4. ਜੇ ਮੈਂ ਮੰਦੇਭਾਗੀਂ ਸਰਕਾਰ ਨੂੰ ਇਹ ਜਚਾਉਣ 'ਚ ਰਿਹਾ ਹਾਂ ਕਿ ਅਜਿਹੇ ਸਖ਼ਤ ਕਦਮ ਜ਼ਰੂਰੀ ਸਨ, ਤਾਂ ਮੈਂ ਬੇਨਤੀ ਕਰਾਂਗਾ ਕਿ ਮੇਰੀ 23 ਸਾਲਾਂ ਦੀ ਵਫ਼ਾਦਾਰੀ ਨਾਲ ਸੇਵਾ ਦੌਰਾਨ ਮੈਨੂੰ ਕਈ ਵਾਰ ਸਰਕਾਰ ਦਾ ਧੰਨਵਾਦ ਮਿਲਿਆ ਹੈ, ਉਸ ਨੂੰ ਇਸ ਅਨਿਯਮਤ ਕਾਰਵਾਈ ਦੇ ਰੱਖਿਆ ਜਾ ਸਕਦਾ ਹੈ। ਮੇਰੇ ਉੱਤੇ ਕਦੇ ਵੀ ਜ਼ੁਲਮ ਢਾਹੁਣ ਦਾ ਇਲਜ਼ਾਮ ਨਹੀਂ ਲੱਗਾ। ਮੈਂ ਕਦੇ ਕਿਸੇ ਨਾਗਰਿਕ ਨੂੰ ਮਾਰਨ ਲਈ ਹੱਥ ਵੀ ਨਹੀਂ ਚੁੱਕਿਆ।

5. ਮੈਂ ਸ਼ੁਕਰਗੁਜ਼ਾਰ ਹੋਵਾਂਗਾ ਕਿ ਜੇ ਤੁਸੀਂ ਇਹ ਪੱਤਰ ਪੰਜਾਬ ਸਰਕਾਰ ਦੇ ਸਕੱਤਰ ਨੂੰ ਭੇਜ ਦੇਵੋਂ, ਇਸ ਬੇਨਤੀ ਨਾਲ ਕਿ ਜੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਸਹੀ ਸਮਝਣ ਤਾਂ ਇਸ ਨੂੰ ਭਾਰਤ ਸਰਕਾਰ ਕੋਲ ਭੇਜ ਸਕਣ।

ਮਿਤੀ ਅੰਬਾਲਾ, 10 ਫ਼ਰਵਰੀ, 1872

ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਤੇ ਸੁਪਰਇੰਟੈਂਡੈਂਟ ਦੀ ਪੁਸ਼ਟੀ ਸਮੇਤ।

ਪੰਜਾਬ ਸਰਕਾਰ ਦੇ ਸਕੱਤਰ ਨੂੰ ਭੇਜੀ ਗਈ।

## 155

### ਮੀਮੋ ਨੰ. 26

*ਮਿਤੀ ਲਾਹੌਰ, 13 ਫ਼ਰਵਰੀ, 1872*

ਵੱਲ

ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ।

ਇਹ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕੂਕਾ ਅੰਦੋਲਨਾਂ ਦੇ ਸੰਦਰਭ ਵਿੱਚ ਕੱਟੜ ਸਿੱਖਾਂ ਦੀਆਂ ਆਮ ਭਾਵਨਾਵਾਂ ਨੂੰ ਨਿਸ਼ਚਿਤ ਬਣਾਉਣਗੇ, ਪੁਲਿਸ ਵਿੱਚ ਵੀ ਸਿੱਖਾਂ ਦੇ ਆਚਾਰ-ਵਿਹਾਰ ਨੋਟ ਕੀਤੇ ਜਾਣ ਅਤੇ ਜੇ ਉਨ੍ਹਾਂ ਕੋਲ ਮੌਕਾ ਹੋਵੇ ਤਾਂ

ਕੂਕਾਵਾਦ ਬਾਰੇ ਕੱਟੜ ਸਿੱਖਾਂ ਦੀਆਂ ਭਾਵਨਾਵਾਂ

ਰਿਪੋਰਟਾਂ ਇੰਸਪੈਕਟਰ ਜਨਰਲ ਨੂੰ ਭੇਜੀਆਂ ਜਾਣ

ਇਹ ਨੁਕਤੇ ਨੂੰ ਸਿੱਖ ਰੈਜਿਮੈਂਟਾਂ 'ਚ ਵੀ ਨਿਸ਼ਚਿਤ ਕੀਤੇ ਜਾਣ।

2. ਰਿਪੋਰਟਾਂ ਸਿੱਧੀਆਂ ਇੰਸਪੈਕਟਰ ਜਨਰਲ ਨੂੰ ਗੁਪਤ ਤੌਰ 'ਤੇ ਪੁੱਜਣੀਆਂ ਚਾਹੀਦੀਆਂ ਹਨ, ਜੇ ਕੋਈ ਜਾਣਕਾਰੀ ਹਾਸਲ ਹੋਵੇ।

# 156

## ਮੀਮੋ ਨੰ. 26

*ਮਿਤੀ ਲਾਹੌਰ, 13 ਫ਼ਰਵਰੀ, 1872*

ਵੱਲ

ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ।

ਅਧਿਕਾਰੀਆਂ 'ਤੇ ਹਮਲਿਆਂ ਦੀ ਸੰਭਾਵਨਾ ਵਿਰੁੱਧ ਸਾਵਧਾਨੀ ਵਜੋਂ ਕਦਮ

ਨਿੰਦਾਯੋਗ ਤਾਜ਼ਾ ਘਟਨਾ (ਲਾਰਡ ਮਾਯੋ ਦੀ ਹੱਤਿਆ) ਨਾਲ ਬੇਸ਼ੱਕ ਕੱਟੜ ਕੂਕਿਆਂ 'ਚ ਕਈ ਤਰ੍ਹਾਂ ਗ਼ਲਤ ਤੇ ਗੁੰਮਰਾਹਕੁੰਨ ਧਾਰਨਾਵਾਂ ਪੈਦਾ ਹੋਣਗੀਆਂ, ਇਸ ਲਈ ਇੰਸਪੈਕਟਰ ਜਨਰਲ ਦੀ ਬੇਨਤੀ ਹੈ ਕਿ ਸਾਰੇ ਜ਼ਿਲ੍ਹਾ ਸੁਪਰਇੰਟੈਂਡੈਂਟਸ ਨੂੰ ਅਤਿ ਚੌਕਸ ਰਹਿਣ ਲਈ ਆਖਿਆ ਜਾਵੇ ਅਤੇ ਕਿਸੇ ਸਰਕਾਰੀ ਅਧਿਕਾਰੀ 'ਤੇ ਅਜਿਹੀਆਂ ਕੋਸ਼ਿਸ਼ਾਂ ਨੂੰ ਰੋਕਣ ਲਈ ਆਪਣੀਆਂ ਤਾਕਤਾਂ ਵਰਤਦਿਆਂ ਹਰ ਕਦਮ ਚੁੱਕਿਆ ਜਾਵੇ।

ਗੜਬੜੀ ਰੋਕਣ ਲਈ ਹਰ ਕਦਮ ਚੁੱਕੇ ਜਾਣ

2. ਇਸ ਵਿਸ਼ੇ 'ਤੇ ਪਹਿਲਾਂ ਜਾਰੀ ਕੀਤੇ ਹੁਕਮਾਂ ਦੀ ਧਿਆਨਪੂਰਵਕ ਪਾਲਣਾ ਕੀਤੀ ਜਾਵੇ, ਦਿਨ-ਰਾਤ ਹਰ ਘੰਟੇ ਸਟੇਸ਼ਨਾਂ 'ਤੇ ਗਸ਼ਤ ਕੀਤੀ ਜਾਵੇ; ਸਾਰੀਆਂ ਅਦਾਲਤਾਂ; ਕੂਕਿਆਂ ਦੀਆਂ ਸਾਰੀਆਂ ਧਰਮਸ਼ਾਲਾਵਾਂ ਜਾਂ ਮਿਲਣ ਵਾਲੇ ਹੋਰ ਸਥਾਨਾਂ 'ਤੇ ਸਾਦੇ ਕੱਪੜਿਆਂ 'ਚ ਜਵਾਨਾਂ ਨੂੰ ਭੇਜ ਕੇ ਆਵਾਰਾ ਘੁੰਮਣ ਵਾਲਿਆਂ 'ਤੇ ਪੂਰੀ ਨਜ਼ਰ ਰੱਖੀ ਜਾਵੇ।

ਸਾਵਧਾਨੀ ਲਈ ਕਦਮ ਚੁੱਕਣ ਵਾਸਤੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਜ਼ਿੰਮੇਵਾਰ

3. ਇਸ ਵਿਸ਼ੇ 'ਤੇ ਸਾਰੇ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਣਾ ਹੋਵੇ, ਇਸ ਲਈ ਸਖ਼ਤੀ ਨਾਲ ਜ਼ਿਲ੍ਹਾ ਸੁਪਰਇੰਟੈਂਡੈਂਟਸ ਅਤੇ ਡਿਊਟੀ 'ਤੇ ਤਾਇਨਾਤ ਵਿਅਕਤੀ ਜ਼ਿੰਮੇਵਾਰ ਹੋਣਗੇ ਤੇ ਗੜਬੜੀ ਰੋਕਣ ਲਈ ਹਰ ਸੰਭਵ ਕਦਮ ਚੁੱਕੇ ਜਾਣ ਪਰ ਕਿਤੇ ਕੋਈ ਭੜਕਾਹਟ ਪੈਦਾ ਨਾ ਹੋਵੇ ਤੇ ਨਾ ਹੀ ਕਿਤੇ ਕੋਈ ਚੇਤਾਵਨੀ ਦਿੱਤੀ ਜਾਵੇ।

# 157

## ਮੀਮੋ ਨੰ. 19

*ਮਿਤੀ ਲਾਹੌਰ, 15 ਫ਼ਰਵਰੀ, 1872*

ਵੱਲ

ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟਸ –
ਅੰਬਾਲਾ, ਲੁਧਿਆਣਾ, ਫ਼ਿਰੋਜ਼ਪੁਰ, ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਗੁਜਰਾਂਵਾਲਾ ਅਤੇ ਸਿਆਲਕੋਟ।

ਵਿਅਕਤੀ ਦੀ ਵਾਪਸੀ ਦਾ ਨੋਟ ਲੋੜੀਂਦਾ

ਬੇਨਤੀ ਕੀਤੀ ਜਾਂਦੀ ਹੈ ਕਿ ਉਹ ਨਾਲ ਨੱਥੀ ਫ਼ਾਰਮ ਤਿਆਰ ਕਰਨਗੇ, ਜਿਸ ਵਿੱਚ ਆਪਣੇ ਜ਼ਿਲ੍ਹੇ ਦੇ ਨਿਵਾਸੀ ਵਾਪਸ ਆਏ ਸਾਰੇ ਕੂਕਿਆਂ ਦੇ ਵੇਰਵੇ ਦਰਜ ਹੋਣਗੇ ਅਤੇ ਤੁਰੰਤ ਸਿੱਧਾ ਇੰਸਪੈਕਟਰ ਜਨਰਲ ਆੱਫ਼ ਪੁਲਿਸ ਨੂੰ ਭੇਜਣਗੇ।

ਗ਼ੈਰ-ਹਾਜ਼ਰਾਂ ਨੂੰ ਕਿਵੇਂ ਦਰਸਾਉਣਾ ਹੈ

2. ਉਹ ਵਿਅਕਤੀ, ਜਿਹੜੇ ਹੋਰਨਾਂ ਜ਼ਿਲ੍ਹਿਆਂ ਦੇ ਵਾਸੀ ਤੇ ਸਿਰਫ਼ ਕਿਸੇ ਕੰਮ ਜਾਂ ਕਿਸੇ ਨੂੰ ਮਿਲਣ ਲਈ ਆਏ ਹਨ, ਉਨ੍ਹਾਂ ਸਾਰਿਆਂ ਦੇ ਨਾਂਅ ਦਰਜ ਕਰਨੇ ਹੋਣਗੇ; ਇਸ ਦੇ ਨਾਲ ਜਿਹੜੇ ਸਥਾਈ ਨਿਵਾਸੀ ਜੋ ਕਿਤੇ ਬਾਹਰ ਗਏ ਹੋਏ ਹਨ, ਉਨ੍ਹਾਂ ਨੂੰ ਗ਼ੈਰ-ਹਾਜ਼ਰ ਦਰਸਾਇਆ ਜਾਵੇ (ਕਾਲਮ 5 'ਚ) ਤੇ ਜੇ ਸੰਭਵ ਹੋਵੇ, ਤਾਂ ਇਹ ਦੱਸਿਆ ਜਾਵੇ ਕਿ ਉਹ ਕਿੱਥੇ ਗਏ ਹੋਏ ਹਨ।

ਪ੍ਰਸਿੱਧ ਵਿਅਕਤੀਆਂ ਬਾਰੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਨੂੰ ਜ਼ਰੂਰ ਦੱਸਿਆ ਜਾਵੇ

3. ਅੰਤ 'ਚ ਇੰਸਪੈਕਟਰ ਜਨਰਲ ਕਹਿੰਦੇ ਹਨ ਕਿ ਬੇਹੱਦ ਵਰਨਣਯੋਗ ਅਤੇ ਪ੍ਰਭਾਵਸ਼ਾਲੀ ਕੂਕਿਆਂ, ਜਿਨ੍ਹਾਂ ਦੀ ਸਿਰਫ਼ ਵਾਪਸੀ ਦੀ ਜ਼ਰੂਰਤ ਹੈ, ਉਨ੍ਹਾਂ ਬਾਰੇ ਜ਼ਿਲ੍ਹਾ ਸੁਪਰਇੰਟੈਂਡੈਂਟ ਨੂੰ ਜ਼ਰੂਰ ਦੱਸਿਆ ਜਾਵੇ।

ਜਵਾਬ ਸਿੱਧੇ ਇੰਸਪੈਕਟਰ ਜਨਰਲ ਨੂੰ ਭੇਜੇ ਜਾਣ

4. ਇਸ ਦੇ ਜਵਾਬ ਸਿੱਧੇ ਇੰਸਪੈਕਟਰ ਜਨਰਲ ਨੂੰ ਭੇਜੇ ਜਾਣ, ਜੋ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੇ ਕੈਂਪ ਨਾਲ ਹੋਣਗੇ।

ਪੁਲਿਸ ਵਿਭਾਗ

............ਜ਼ਿਲ੍ਹਾ

ਕੂਕਾ ਸੰਪਰਦਾਇ ਦੇ ਵਧੇਰੇ ਪ੍ਰਭਾਵਸ਼ਾਲੀ ਤੇ ਵਰਨਣਯੋਗ ਵਿਅਕਤੀਆਂ ਦੀ ਵਾਪਸੀ ਦਰਸਾਓ।

(ਇੰਸਪੈਕਟਰ ਜਨਰਲ ਦੇ ਗੁਪਤ ਮੀਮੋ ਨੰ. 1872 ਦਾ 29 ਰਾਹੀਂ ਮੰਗੀ ਜਾਣਕਾਰੀ)

| 1 | 2 | 3 | 4 | 5 | 6 | 7 | 8 |
|---|---|---|---|---|---|---|---|
| ਲੜੀ ਨੰ. | ਨਾਮ | ਫ਼ੀਸਦੀ | ਕਿੱਤਾ ਜਾਂ ਰੁਜ਼ਗਾਰ | ਰਿਹਾਇਸ਼ ਪਿੰਡ | ਥਾਣਾ | ਮੌਜੂਦ ਜਾਂ ਗ਼ੈਰ-ਮੌਜੂਦ ਜੇ ਗ਼ੈਰ-ਮੌਜੂਦ, ਤਾਂ ਕਿੱਥੇ ਹੈ | ਟਿੱਪਣੀਆਂ |

ਮਿਤੀ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ

# 158

## ਸਰਕੂਲਰ ਮੀਮੋ ਨੰ. 30

*ਮਿਤੀ ਲਾਹੌਰ, 15 ਫ਼ਰਵਰੀ, 1872*

ਵੱਲ

ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ।

ਕੂਕਿਆਂ ਦੀਆਂ ਸਰਗਰਮੀਆਂ 'ਤੇ ਗੁਪਤ ਤਰੀਕੇ ਨਜ਼ਰ ਰੱਖੀ ਜਾਵੇ ਤੇ ਰਿਪੋਰਟ ਭੇਜੀ ਜਾਵੇ।

ਇੰਸਪੈਕਟਰ ਜਨਰਲ ਆੱਫ਼ ਪੁਲਿਸ ਦੀ ਬੇਨਤੀ ਹੈ ਕਿ ਹੇਠਾਂ ਦਿੱਤੇ ਜ਼ਿਲ੍ਹੇ ਵਿੱਚ ਕੂਕਾ ਸੰਪਰਦਾਇ ਨਾਲ ਸੰਬੰਧਤ ਜਾਣਕਾਰੀ ਹਾਸਲ ਕਰਨ ਲਈ ਨਿਮਨਲਿਖਤ ਇੰਤਜ਼ਾਮ ਤੁਰੰਤ ਕੀਤੇ ਜਾਣ ਤੇ ਇੰਤਜ਼ਾਮ ਹੋਣ 'ਤੇ ਤੁਰੰਤ ਉਨ੍ਹਾਂ ਬਾਰੇ ਰਿਪੋਰਟ ਕੀਤਾ ਜਾਵੇ।

ਸਕਾਊਟਸ ਨਜ਼ਰ ਰੱਖਣਗੇ ਤੇ ਰਿਪੋਰਟ ਭੇਜਣਗੇ।

2. ਜ਼ਿਲ੍ਹਾ ਸੁਪਰਇੰਟੈਂਡੈਂਟਸ ਨੂੰ ਪੁਲਿਸ ਦੇ ਖ਼ਾਸ ਤੌਰ 'ਤੇ ਚੁਣੇ ਤੇ ਭਰੋਸੇਯੋਗ ਚੁਣੇ ਜਵਾਨਾਂ ਨੂੰ ਸਾਦੇ ਕੱਪੜਿਆਂ 'ਚ ਉਨ੍ਹਾਂ ਪਿੰਡਾਂ 'ਚ ਤੇ ਉਨ੍ਹਾਂ ਦੇ ਨੇੜਲੇ ਪਿੰਡਾਂ 'ਚ ਭੇਜਣਗੇ, ਜਿੱਥੇ ਕੂਕੇ ਰਹਿੰਦੇ ਹਨ। ਜਿੱਥੇ ਕੂਕਿਆਂ ਦੀ ਗਿਣਤੀ ਵਧੇਰੇ ਹੈ ਜਾਂ ਜਿੱਥੇ ਇਸ ਸੰਪਰਦਾਇ ਦੇ ਉੱਘੇ ਮੈਂਬਰ ਰਹਿੰਦੇ ਹਨ, ਉੱਥੇ ਉਨ੍ਹਾਂ ਦੀਆਂ ਸਾਰੀਆਂ ਗਤੀਵਿਧੀਆਂ ਤੇ ਇਕੱਠਾਂ 'ਤੇ ਖ਼ਾਸ ਨਜ਼ਰ ਰੱਖੀ ਜਾਵੇ।

ਸਕਾਊਟਸ ਬਦਲਣੇ ਹੋਣਗੇ

3. ਖੁਫ਼ੀਆ (ਸਕਾਊਟਸ) ਨੂੰ ਵਾਰ-ਵਾਰ ਬਦਲਦੇ ਰਹਿਣਾ ਹੋਵੇਗਾ, ਹੋਰ ਵਿਅਕਤੀਆਂ ਨੂੰ ਨਵੀਆਂ ਦਿਸ਼ਾਵਾਂ 'ਚ ਭੇਜਣਾ ਚਾਹੀਦਾ ਹੈ, ਜਿਸ ਦਾ ਉਦੇਸ਼ ਇਹੋ ਹੈ ਕਿ ਕਿੱਥੇ ਕੀ ਕੁਝ ਵਾਪਰ ਰਿਹਾ ਹੈ, ਉਸ ਸਭ ਦੀ ਸਹੀ ਜਾਣਕਾਰੀ ਮਿਲਦੀ ਰਹਿ ਸਕੇ। ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਵੇ ਕਿ ਸਕਾਊਟਸ ਪਹਿਲਾਂ ਹੀ ਆਪਣੀ ਬਣਾਈ ਕੋਈ ਧਾਰਨਾ ਬਣਾ ਕੇ ਨਾ ਜਾਣ ਕਿ ਇਹੋ ਜਿਹੀ ਹੀ ਜਾਣਕਾਰੀ ਚਾਹੀਦੀ ਹੈ ਜਾਂ ਉਹ ਆਪਣੇ ਹੀ ਕੋਈ ਫ਼ਰਜ਼ੀ ਜਾਣਕਾਰੀ ਹੀ ਦੇਈ ਜਾਣ ਤੇ ਜੋ ਚਾਹੀਦਾ ਹੈ, ਉਹ ਰਹਿ ਜਾਵੇ।

ਸਕਾਊਟਸ 'ਤੇ ਨਜ਼ਰ ਰੱਖਣ ਦੀ ਲੋੜ

4. ਇਹ ਵੀ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਲੋਕਾਂ 'ਤੇ ਸਖ਼ਤ ਨਿਗਰਾਨੀ ਰੱਖੀ ਜਾਵੇ, ਤਾਂ ਜੋ ਉਹ ਆਪਣੀਆਂ ਪੁਜ਼ੀਸ਼ਨਾਂ ਦੀ ਦੁਰਵਰਤੋਂ ਨਾ ਕਰ ਸਕਣ ਤੇ ਕੋਈ ਧਨ ਨਾ ਲੈ ਸਕਣ ਜਾਂ ਕਿਸੇ ਕੂਕੇ ਨੂੰ ਕੋਈ ਧਮਕੀ ਨਾ ਦੇਣ।

ਉਨ੍ਹਾਂ ਨੂੰ ਇਹ ਚੰਗੀ ਤਰ੍ਹਾਂ ਸਮਝਾਉਣਾ ਹੋਵੇਗਾ ਕਿ ਸਾਨੂੰ ਅਜਿਹੀ ਜਾਣਕਾਰੀ ਦੀ ਲੋੜ ਨਹੀਂ ਕਿ ਕੂਕੇ ਕੌਣ ਹਨ, ਸਗੋਂ ਸਾਨੂੰ ਚਾਹੀਦਾ ਇਹ ਹੈ ਕਿ ਕੂਕੇ ਕਰ ਕੀ ਰਹੇ ਹਨ।

ਇਨਾਮ

5. ਵਡਮੁੱਲੀ ਜਾਣਕਾਰੀ ਦੇਣ ਬਦਲੇ ਤੁਰੰਤ ਯਕੀਨੀ ਇਨਾਮ ਦਿੱਤਾ ਜਾਵੇਗਾ।

ਰਿਪੋਰਟਾਂ ਲਈ ਵਿਸ਼ੇ

6. ਖ਼ੁਫ਼ੀਆਂ ਦੀਆਂ ਰਿਪੋਰਟਾਂ 'ਚ ਇਨ੍ਹਾਂ ਨੁਕਤਿਆਂ ਬਾਰੇ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ।

I. ਖ਼ੁਫ਼ੀਆ ਦਾ ਨਾਮ ਤੇ ਗ੍ਰੇਡ।

II. ਖ਼ੁਫ਼ੀਆ ਜਿਹੜੇ ਪਿੰਡਾਂ ਦਾ ਜ਼ਿਕਰ ਕਰੇਗਾ, ਉਨ੍ਹਾਂ ਬਾਰੇ ਇਹ ਦੱਸਣਾ ਹੋਵੇਗਾ ਕਿ ਉਹ ਕਿੰਨੇ ਮੀਲ ਦੂਰ ਹਨ, ਕੰਪਾਸ ਦੀ ਕਿਸ ਖ਼ਾਸ ਦਿਸ਼ਾ 'ਚ ਹਨ, ਕਿਸ ਪ੍ਰਸਿੱਧ ਜਗ੍ਹਾ ਤੋਂ ਕਿੰਨੀ ਦੂਰੀ ਹੈ।

III. ਸਾਰੀਆਂ ਧਿਰਾਂ ਦਾ ਵਰਨਣ ਕਰਦਿਆਂ, ਉਨ੍ਹਾਂ ਦੀ ਪ੍ਰਤੀਸ਼ਤਤਾ, ਰਿਹਾਇਸ਼ (ਭਾਵ ਪਿੰਡ, ਥਾਣਾ ਤੇ ਜ਼ਿਲ੍ਹਾ), ਕਿੱਤਾ, ਆਦਤਾਂ ਆਦਿ, ਜੇ ਸੰਭਵ ਹੋਵੇ, ਦੇ ਪੂਰੇ ਵੇਰਵੇ ਦਿੱਤੇ ਜਾਣ।

7. ਕੂਕਾ ਸੰਗਠਨ ਦੇ ਸਾਰੇ ਅਹਿਮ ਕੇਂਦਰਾਂ ਤੋਂ ਰਿਪੋਰਟਾਂ ਰੋਜ਼ਾਨਾ ਲਿਆਂਦੀਆਂ ਜਾਂ ਭੇਜੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਜੇ ਕੋਈ ਵੱਡੀ ਤੇ ਅਹਿਮ ਘਟਨਾ ਵਾਪਰੀ ਹੋਵੇ ਤਾਂ ਉਸ ਦੀ ਰਿਪੋਰਟ ਖ਼ਾਸ ਤੌਰ 'ਤੇ ਤੁਰੰਤ ਕੀਤੀ ਜਾਵੇ।

ਖ਼ੁਫ਼ੀਆਂ ਨੂੰ ਰੋਜ਼ ਤੇ ਖ਼ਾਸ ਤੌਰ 'ਤੇ ਰਿਪੋਰਟ ਕਰਨਾ ਹੋਵੇਗਾ

8. ਇੱਕ ਜ਼ਿਲ੍ਹੇ 'ਚ ਸ਼ਾਇਦ ਤਿੰਨ ਜਾਂ ਚਾਰ ਜਣੇ ਹੀ ਬਹੁਤ ਧਿਆਨ ਨਾਲ ਚੁਣ ਕੇ ਨਿਯੁਕਤ ਕਰਨ ਦੀ ਜ਼ਰੂਰਤ ਹੋਵੇਗੀ। ਜ਼ਿਲ੍ਹਾ ਸੁਪਰਇੰਟੈਂਡੈਂਟ ਨੂੰ ਇਸ ਦੇ ਨਾਲ ਹੀ ਜਾਣਕਾਰੀ ਹਾਸਲ ਕਰਨ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ, ਇਨ੍ਹਾਂ ਖ਼ੁਫ਼ੀਆਂ ਤੋਂ ਇਲਾਵਾ ਵੀ ਆਜ਼ਾਦਾਨਾ ਤੌਰ 'ਤੇ, ਜਿਵੇਂ ਨੰਬਰਦਾਰਾਂ, ਪੈਨਸ਼ਨਰਾਂ ਤੇ ਹੋਰ ਅਜਿਹੇ ਵਿਅਕਤੀਆਂ ਤੋਂ ਵੀ ਜਾਣਕਾਰੀ ਲਈ ਜਾ ਸਕਦੀ ਹੈ, ਜੋ ਸਰਕਾਰ ਦੇ ਹਿਤਾਂ ਤੇ ਜ਼ਰੂਰਤਾਂ ਨੂੰ ਚੰਗੀ ਤਰ੍ਹਾਂ ਸਮਝਦੇ ਹੋਣ ਜਾਂ ਉਹ ਜੋ ਸਰਕਾਰ ਦੇ ਜਾਣਕਾਰ ਜਾਂ ਸ਼ੁਭਚਿੰਤਕ ਹੋਣ।

ਥੋੜ੍ਹੇ ਖ਼ੁਫ਼ੀਆ ਹੀ ਠੀਕ ਰਹਿਣਗੇ। ਆਜ਼ਾਦ ਸਰੋਤਾਂ ਤੋਂ ਵੀ ਜਾਣਕਾਰੀ ਲੈਣੀ ਹੋਵੇਗੀ

9. ਸਕਾਊਟਾਂ ਦੀਆਂ ਰਿਪੋਰਟਾਂ, ਸਮਾਂ ਬਚਾਉਣ ਲਈ ਜ਼ਰੂਰ ਹੀ ਅਨੁਵਾਦ ਕਰ ਕੇ ਸਿੱਧੀਆਂ ਜ਼ਿਲ੍ਹਾ ਸੁਪਰਇੰਟੈਂਡੈਂਟ ਰਾਹੀਂ ਇੰਸਪੈਕਟਰ ਜਨਰਲ ਕੋਲ ਪੁੱਜਦੀਆਂ ਕੀਤੀਆਂ ਜਾਣ, ਨਾਲ ਹੀ ਇੱਕ ਕਾਪੀ ਡਿਪਟੀ ਕਮਿਸ਼ਨਰ ਨੂੰ ਭੇਜੀ ਜਾਵੇ, ਜੋ ਪ੍ਰਤੀਹਸਤਾਖਰ ਕਰ ਕੇ ਸਭ ਡਿਪਟੀ ਇੰਸਪੈਕਟਰ ਜਨਰਲ ਨੂੰ ਅਜਿਹੀਆਂ ਟਿੱਪਣੀਆਂ, ਜੋ ਵੀ ਉਹ ਜ਼ਰੂਰੀ ਸਮਝਣ, ਨਾਲ ਭੇਜਣਗੇ ਤੇ ਇਹ ਸਭ ਉਵੇਂ ਹੀ ਭੇਜਿਆ ਜਾਵੇ, ਜਿਵੇਂ ਮਾਣਯੋਗ ਲੈਫ਼ਟੀਨੈਂਟ ਗਵਰਨਰ ਵੱਲੋਂ ਹਫ਼ਤਾਵਾਰੀ ਡਾਇਰੀਆਂ ਨੰਬਰਾਂ II ਤੇ III (ਜਨਰਲ ਕ੍ਰ. ਨੰ. 1972 ਦਾ 3) ਲਈ ਨਿਰਧਾਰਤ ਹੈ।

ਫਿਰ ਡਿਪਟੀ ਇੰਸਪੈਕਟਰ ਜਨਰਲ ਉਨ੍ਹਾਂ ਨੂੰ ਵਿਸਥਾਰਪੂਰਵਕ ਟਿੱਪਣੀਆਂ ਤੇ ਸੁਝਾਵਾਂ ਨਾਲ ਭੇਜਣਗੇ, ਜਿਵੇਂ ਵੀ ਭੇਜਣ ਦੇ ਯੋਗ ਹੋਣ।

ਇਹ ਬਾਅਦ ਦੀਆਂ ਰਿਪੋਰਟਾਂ (ਭਾਵੇਂ ਇੱਕੋ ਵਿਸ਼ੇ 'ਤੇ ਹਨ), ਜੋ ਡਿਪਟੀ ਕਮਿਸ਼ਨਰ ਤੇ ਡਿਪਟੀ ਇੰਸਪੈਕਟਰਜ਼ ਜਨਰਲ ਤੋਂ ਉਨ੍ਹਾਂ ਦੇ ਨੋਟਸ ਤੇ ਵਿਚਾਰਾਂ ਤੇ ਹੋਰ ਵਧੀਕ ਜਾਣਕਾਰੀ ਨਾਲ ਮਿਲਣਗੀਆਂ, ਜੋ ਵੀ ਉਹ ਦੇਣ ਦੇ ਯੋਗ ਹੋਣਗੇ, ਸਦਾ ਬੇਹੱਦ ਵਡਮੁੱਲੀਆਂ ਹੋਣਗੀਆਂ।

ਜ਼ਿਲ੍ਹਿਆਂ ਦੇ ਹਵਾਲੇ ਪੈਰਾ 1 'ਚ ਕੀਤੇ ਜਾਣਗੇ।

ਅੰਬਾਲਾ ਸਰਕਲ [ ਅੰਬਾਲਾ, ਲੁਧਿਆਣਾ, ਫ਼ਿਰੋਜ਼ਪੁਰ ]

ਲਾਹੌਰ ਸਰਕਲ [ ਲਾਹੌਰ, ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ ]

ਰਾਵਲਪਿੰਡੀ [ ਗੁਜਰਾਤ, ਗੁਜਰਾਂਵਾਲਾ, ਸਿਆਲਕੋਟ ]

## 159

*ਨੰ. 14, ਮਿਤੀ, 16 ਫ਼ਰਵਰੀ, 1872*

ਵੱਲੋਂ

ਭਾਰਤ ਸਰਕਾਰ।

ਵੱਲ

ਮਹਾਰਾਣੀ ਦਾ ਸਕੱਤਰ, ਭਾਰਤ ਵਾਸਤੇ।

ਇਸੇ ਮਹੀਨੇ ਦੀ 2 ਤਰੀਕ ਦੇ ਸਾਡੇ ਡਿਸਪੈਚ ਨੰ. 12 ਦੀ ਨਿਰੰਤਰਤਾ 'ਚ, ਅਸੀਂ ਮਹਾਮਹਿਮ ਦੀ ਜਾਣਕਾਰੀ ਹਿਤ ਇੱਥੇ ਨੱਥੀ ਸੂਚੀ ਵਿੱਚ ਦਰਜ ਹੋਰ ਕਾਗਜ਼ਾਤ ਦੀ ਕਾਪੀ ਭੇਜ ਰਹੇ ਹਾਂ, ਜੋ ਪੰਜਾਬ 'ਚ ਕੂਕਿਆਂ ਵੱਲੋਂ ਕੀਤੀਆਂ ਗੜਬੜੀਆਂ ਨਾਲ ਸੰਬੰਧਤ ਹੈ।

ਭਾਰਤ ਸਰਕਾਰ ਵੱਲੋਂ ਮਹਾਰਾਣੀ ਦੇ ਸਕੱਤਰ, ਭਾਰਤ ਸਰਕਾਰ ਨੂੰ ਭੇਜੇ ਜੁਡੀਸ਼ੀਅਲ ਡਿਸਪੈਚ ਨੰ. 14 ਮਿਤੀ 16 ਫ਼ਰਵਰੀ, 1872 ਦੇ ਨਾਲ ਦਸਤਾਵੇਜ਼ਾਂ ਦੀ ਸੂਚੀ।

1. ਪੰਜਾਬ ਤੋਂ ਤਾਰ, ਮਿਤੀ 29 ਜਨਵਰੀ, 1872
2. ਪੰਜਾਬ ਤੋਂ ਤਾਰ, ਮਿਤੀ 4 ਫ਼ਰਵਰੀ, 1872
3. ਪੰਜਾਬ ਤੋਂ ਪੱਤਰ, ਨੰ. 44 ਸੀ, ਮਿਤੀ 30 ਜਨਵਰੀ, 1872 ਤੇ ਨੱਥੀ ਦਸਤਾਵੇਜ਼।
4. ਪੰਜਾਬ ਦਾ ਪੱਤਰ, ਨੰ. 289, ਮਿਤੀ 8 ਫ਼ਰਵਰੀ, 1872.

## 160

*ਮਿਤੀ ਲੁਧਿਆਣਾ, 17 ਫ਼ਰਵਰੀ, 1872*

ਵੱਲੋਂ

ਐੱਲ. ਕਾਵਨ, ਐਸਕ.,
ਕਾਰਜਕਾਰੀ ਡਿਪਟੀ ਕਮਿਸ਼ਨਰ, ਲੁਧਿਆਣਾ।

ਵੱਲ

ਟੀ.ਡੀ. ਫ਼ਾਰਸਿਥ, ਐਸਕ., ਸੀ.ਬੀ.,

ਕਮਿਸ਼ਨਰ ਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ।

ਮੈਨੂੰ ਪੰਜਾਬ ਸਰਕਾਰ ਦੇ ਸਕੱਤਰ ਦਾ ਤੁਹਾਡੇ ਪਤੇ 'ਤੇ ਭੇਜਿਆ ਪੱਤਰ ਨੰ. 73ਸੀ, ਮਿਤੀ 13 ਫ਼ਰਵਰੀ, 1872 ਪ੍ਰਾਪਤ ਹੋਣ ਦੀ ਜਾਣਕਾਰੀ ਦੇਣ ਦਾ ਮਾਣ ਹਾਸਲ ਹੋਇਆ ਹੈ, ਜਿਸ ਨਾਲ ਭਾਰਤ ਸਰਕਾਰ ਦੇ ਸਕੱਤਰ ਵੱਲੋਂ ਭੇਜੇ ਗਏ ਦਸਤਾਵੇਜ਼ ਨੰ. 289, ਮਿਤੀ 8 ਮਹੀਨਾ ਉਹੀ, ਜੋ ਮੈਨੂੰ ਇਸੇ ਮਹੀਨੇ ਦੀ 13 ਤਰੀਕ ਦੀ ਤੁਹਾਡੀ ਪੁਸ਼ਟੀ ਸਮੇਤ ਹਨ, ਨੱਥੀ ਹਨ।

2. ਮੈਨੂੰ ਬਹੁਤ ਅਫ਼ਸੋਸ ਹੈ ਕਿ ਤੁਹਾਡੇ ਪਤੇ 'ਤੇ ਮੇਰੇ ਪੱਤਰਾਂ 'ਚ ਮੇਰੇ ਵੱਲੋਂ ਵਰਤੀ ਗਈ ਭਾਸ਼ਾ ਰਾਹੀਂ ਮੈਂ ਆਪਣੇ ਮਨ 'ਚ ਮੌਜੂਦ ਖ਼ਦਸ਼ਿਆਂ ਦੇ ਆਧਾਰ ਪੂਰੀ ਤਰ੍ਹਾਂ ਬਿਆਨ ਨਹੀਂ ਕਰ ਸਕਿਆ ਕਿ ਕੂਕਿਆਂ ਨੇ ਇੱਕ ਬਹੁਤ ਗੰਭੀਰ ਕਿਸਮ ਦੀ ਬਗ਼ਾਵਤ ਦੀ ਯੋਜਨਾ ਉਲੀਕੀ ਸੀ, ਜਿਸ ਕਾਰਣ ਬਾਗ਼ੀਆਂ ਨੂੰ ਬਿਨਾਂ ਸੁਣਵਾਈ ਸਜ਼ਾ ਦੇਣ ਦੀ ਤੁਰੰਤ ਜ਼ਰੂਰਤ ਮਹਿਸੂਸ ਕੀਤੀ ਗਈ ਸੀ। ਉਹ ਚਿੱਠੀਆਂ ਹੋਰ ਡਿਊਟੀਆਂ ਦੇ ਰੁਝੇਵਿਆਂ ਦੌਰਾਨ ਲਿਖੀਆਂ ਗਈਆਂ ਸਨ, ਜਦੋਂ ਮੈਨੂੰ ਵਾਰ-ਵਾਰ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਮੈਂ ਉਸ ਬਾਰੇ ਹੁਣ ਕੋਈ ਵੀ ਤਰਕ ਨਹੀਂ ਦੇਣਾ ਚਾਹੁੰਦਾ ਜੋ ਕੁਝ ਵੀ ਮੈਂ ਲਿਖਿਆ ਸੀ ਪਰ ਮੈਂ ਦੋ ਬਿਆਨ ਬਦਲਣ ਦੀ ਇਜਾਜ਼ਤ ਚਾਹਾਂਗਾ। ਮੈਂ ਇਹ ਗ਼ਲਤ ਆਖਿਆ ਸੀ ਕਿ ਇਹ ਬਗ਼ਾਵਤ 'ਘਿਨਾਉਣੀ' ਕੋਸ਼ਿਸ਼ ਸੀ। ਇਹ ਇੱਕ ਦਲੇਰਾਨਾ ਤੇ ਸਾਹਸਿਕ ਕੋਸ਼ਿਸ਼ ਸੀ ਅਤੇ ਮੈਂ ਜਦੋਂ ਲਿਖਿਆ ਸੀ ਕਿ ਬਾਗ਼ੀ ਨਿਰਾਸ਼ ਸਨ, ਤਾਂ ਮੈਨੂੰ ਨਾਲ ਇਹ ਜੋੜਨਾ ਚਾਹੀਦਾ ਸੀ ਕਿ ਉਨ੍ਹਾਂ ਦੀ ਨਿਰਾਸ਼ਾ ਦਾ ਮੁੱਖ ਕਾਰਣ ਇਹੋ ਸੀ ਕਿ ਉਨ੍ਹਾਂ ਦੇ ਧਰਮ ਦੇ ਲੋਕ ਉਨ੍ਹਾਂ ਦੀ ਮਦਦ ਲਈ ਨਹੀਂ ਆਏ ਸਨ। ਜਦੋਂ ਮੈਂ ਸੁਣਿਆ ਕਿ ਮਲੇਰਕੋਟਲਾ 'ਤੇ ਹਮਲਾ ਹੋ ਗਿਆ ਹੈ, ਤਾਂ ਮੈਂ ਤੁਰੰਤ ਡਰ ਗਿਆ ਕਿ ਕਿਤੇ ਇਹ ਬਗ਼ਾਵਤ ਚਾਰੇ ਪਾਸੇ ਨਾ ਫੈਲੀ ਹੋਵੇ। ਮੈਨੂੰ, ਇਸ ਜ਼ਿਲ੍ਹੇ ਅਤੇ ਲਾਗਲੇ ਜ਼ਿਲ੍ਹਿਆਂ ਨਾਲ ਸੰਬੰਧਤ ਹਰ ਅਧਿਕਾਰੀ ਅਤੇ ਉੱਚ ਅਧਿਕਾਰੀਆਂ ਨੂੰ ਇਹ ਪਤਾ ਸੀ ਕਿ ਕੂਕਿਆਂ 'ਚ ਇਹ ਪੱਕੀ ਧਾਰਨਾ ਪਾਈ ਜਾ ਰਹੀ ਹੈ ਕਿ ਉਨ੍ਹਾਂ ਦਾ ਰਾਜ ਬੱਸ ਹੁਣ ਆਉਣ ਹੀ ਵਾਲਾ ਹੈ। ਸੂਬੇ ਦੇਸ਼ ਵਿੱਚ ਬਹੁਤ ਸ਼ੱਕੀ ਅੰਦਾਜ਼ 'ਚ ਘੁੰਮਦੇ ਫਿਰ ਰਹੇ ਸਨ। ''ਗਊ-ਹਤਿਆਰਿਆਂ ਲਈ ਮੌਤ'' ਤਾਂ ਇਸ ਸੰਪਰਦਾਇ ਦਾ ਨਾਅਰਾ ਬਣ ਗਿਆ ਸੀ - ਅਜਿਹਾ ਇਸ ਲਈ ਕੀਤਾ ਜਾ ਰਿਹਾ ਸੀ ਕਿ ਤਾਂ ਜੋ ਸਾਰੇ ਵਰਗਾਂ ਦੇ ਹਿੰਦੂਆਂ ਦੀ ਹਮਦਰਦੀ ਹਾਸਲ ਕੀਤੀ ਜਾ ਸਕੇ ਅਤੇ ਅਜਿਹਾ ਹੈ ਵੀ ਸੀ, ਜਦ ਤੋਂ ਰਾਏਕੋਟ ਦੇ ਕਤਲ ਹੋਏ ਸਨ, ਸਮਾਜ ਦੇ ਸਾਰੇ ਵਰਗਾਂ 'ਚ ਇੱਕ ਬੇਚੈਨੀ ਦੀ ਭਾਵਨਾ ਤੇ ਡਰ ਪਾਇਆ ਜਾ ਰਿਹਾ ਸੀ। ਇਸ ਦਾ ਕਾਰਣ ਉਹੀ ਡਰ ਸੀ ਕਿ ਇਸ ਵਾਰ ਬਗ਼ਾਵਤ ਗੰਭੀਰ ਕਿਸਮ ਦੀ ਹੋਵੇਗੀ।

3. 16 ਜਨਵਰੀ (ਮੌਤ ਦੀ ਸਜ਼ਾ ਦੇਣ ਤੋਂ ਇੱਕ ਦਿਨ ਪਹਿਲਾਂ) ਦੀ ਸਵੇਰ ਨੂੰ ਕੂਕਿਆਂ ਦੇ ਹਮਲਾਵਰ ਗਿਰੋਹਾਂ ਦੇ ਕੋਟਲਾ ਵੱਲ ਜਾਣ ਦੀ ਭਰੋਸੇਯੋਗ ਜਾਣਕਾਰੀ ਮਿਲ ਗਈ ਸੀ ਅਤੇ ਬਿਨਾਂ ਸ਼ੱਕ ਦੋ ਦਿਨ ਲਗਾਤਾਰ ਕੂਕਿਆਂ ਦਾ ਦਲ ਲਗਾਤਾਰ ਕੋਟਲਾ ਵੱਲ ਵਧ ਰਿਹਾ ਸੀ ਪਰ ਆਪਣੇ ਭਰਾਵਾਂ ਨੂੰ ਮਿਲੀ ਮੌਤ ਦੀ ਸਜ਼ਾ ਬਾਰੇ ਸੁਣ

ਕੇ ਖਿੰਡ-ਪੁੰਡ ਗਿਆ। ਕੋਟਲਾ ਰਿਆਸਤ ਅਤੇ ਬ੍ਰਿਟਿਸ਼ ਅਧਿਕਾਰ-ਖੇਤਰ ਦੇ ਅਧਿਕਾਰੀਆਂ, ਕੋਟਲਾ ਲਾਗਲੇ ਪਿੰਡਾਂ ਦੇ ਨੰਬਰਦਾਰਾਂ ਤੇ ਹੋਰਨਾਂ ਦੇ ਨਾਲ-ਨਾਲ ਕੋਟਲਾ ਦੇ ਘੁੜਸਵਾਰਾਂ ਤੇ ਸਿਪਾਹੀਆਂ ਦੇ ਬਿਆਨ, ਜੋ ਆਪ ਜੀ ਨੂੰ ਭੇਜੇ ਜਾ ਚੁੱਕੇ ਹਨ, ਸਭ ਇਹੋ ਸਿੱਧ ਕਰਦੇ ਹਨ ਕਿ ਜਿਹੜੀ ਜਾਣਕਾਰੀ ਮੈਂ ਹਾਸਲ ਕੀਤੀ ਸੀ ਅਤੇ ਜਿਸ ਦੇ ਆਧਾਰ 'ਤੇ ਜਿਹੜੀ ਕਾਰਵਾਈ ਕਰਨ ਦੀ ਮੈਂ ਲੋੜ ਸਮਝੀ, ਉਹ ਭਰੋਸੇਯੋਗ ਸੀ।

4. ਜਦੋਂ ਰੜ੍ਹ 'ਚ ਬਾਗ਼ੀਆਂ ਦਾ ਪਹਿਲਾ ਗਿਰੋਹ ਫੜਿਆ ਗਿਆ ਸੀ, ਤਦ ਗੜਬੜੀ ਖ਼ਤਮ ਹੋ ਗਈ ਸੀ ਪਰ ਸਿਰਫ਼ ਥੋੜ੍ਹੇ ਸਮੇਂ ਲਈ; ਅਤੇ ਜਦੋਂ ਸਥਾਨਕ ਫ਼ੌਜੀ ਟੁਕੜੀਆਂ ਪੁੱਜੀਆਂ, ਤਾਂ ਮੈਨੂੰ ਕੋਟਲਾ ਲਗਰ 'ਤੇ ਕਿਸੇ ਹੋਰ ਸਫ਼ਲ ਹਮਲੇ ਦਾ ਡਰ ਖ਼ਤਮ ਹੋ ਗਿਆ ਪਰ ਕੂਕਿਆਂ ਦੀਆਂ ਟੋਲੀਆਂ ਲਾਗਲੇ ਇਲਾਕਿਆਂ 'ਚ ਲਗਾਤਾਰ ਗੇੜੇ ਮਾਰਦੀਆਂ ਰਹੀਆਂ। ਇਹ ਸਪੱਸ਼ਟ ਸੀ ਕਿ ਦੇਸ਼ 'ਚ ਮੌਸਮ ਤੇ ਹੜ੍ਹਾਂ ਦੀ ਸਥਿਤੀ ਨੇ ਕਬਜ਼ਾ ਹੋਣ ਤੋਂ ਰੋਕਣ ਲਈ ਆ ਰਹੀ ਮਦਦ ਸਮੇਂ 'ਤੇ ਆਉਣ ਤੋਂ ਰੋਕੀ ਸੀ ਅਤੇ ਇੱਥੇ ਕੋਈ ਸੁਰੱਖਿਆ ਵੀ ਨਹੀਂ ਸੀ ਕਿ ਇਹ ਟੋਲੀਆਂ ਆਪਣੇ-ਆਪ ਖਿੰਡ ਜਾਂਦੀਆਂ; ਪਰ ਇਸ ਦੇ ਉਲਟ ਇਸ ਡਰ ਦਾ ਵੀ ਕਾਰਣ ਸੀ ਕਿ ਉਹ ਆਪਣੇ ਸਹਿ-ਧਾਰਮਿਕ ਸਾਥੀਆਂ ਦੇ ਕਬਜ਼ੇ ਲਈ ਬਦਲਾ ਲੈਣ ਵਾਸਤੇ ਹੋਰ ਹਮਲੇ ਕਰਦੇ ਅਤੇ ਜੇ ਕਿਤੇ ਇਹ ਟੋਲੀਆਂ ਕਿਸੇ ਇੱਕ ਪਿੰਡ ਦੀ ਲੁੱਟਮਾਰ ਵੀ ਕਰ ਲੈਂਦੀਆਂ, ਤਾਂ ਉਸ ਨਾਲ ਵੀ ਇਹ ਲਹਿਰ ਤੇਜ਼ੀ ਨਾਲ ਫੈਲ ਜਾਣੀ ਸੀ। ਤਦ ਮੈਨੂੰ ਇਹ ਜਾਣਕਾਰੀ ਨਹੀਂ ਸੀ ਕਿ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਮੁੱਖ ਸੂਬਿਆਂ ਨੂੰ ਗ੍ਰਿਫ਼ਤਾਰ ਕਰ ਕੇ ਬਾਹਰ ਭੇਜਿਆ ਜਾ ਰਿਹਾ ਹੈ। ਜੇ ਕਿਤੇ ਇੱਕ ਵੀ ਕੋਈ ਉੱਘਾ ਆਗੂ ਕੋਟਲਾ ਵੱਲ ਜਾਣ ਵਾਲੇ ਇਨ੍ਹਾਂ ਗਿਰੋਹਾਂ ਨਾਲ ਆ ਕੇ ਜੁੜ ਜਾਂਦਾ, ਤਾਂ ਉਸ ਨੇ ਬੇਸ਼ੱਕ ਹੋਰਨਾਂ ਭਾਗਾਂ 'ਚ ਵੀ ਤਾਜ਼ਾ ਹਮਲੇ ਕਰਵਾ ਦੇਣੇ ਸਨ ਅਤੇ ਮੈਂ ਆਦਰ ਨਾਲ ਇਹ ਗੱਲ ਕਹਿੰਦਾ ਹਾਂ ਕਿ ਉਸ ਵੇਲੇ 'ਤਤਕਾਲੀ ਫ਼ੌਰੀ ਕਾਰਣ' ਸਨ ਕਿ ਉਨ੍ਹਾਂ ਨੂੰ ਅਜਿਹੀ ਸਖ਼ਤ ਦਿੱਤੀ ਜਾਣੀ ਚਾਹੀਦੀ ਸੀ ਕਿ ਇਨ੍ਹਾਂ ਗਿਰੋਹਾਂ 'ਚ ਡਰ ਪੱਸਰੇ ਅਤੇ ਉਹ ਆਪੋ-ਆਪਣੇ ਘਰਾਂ ਨੂੰ ਚਲੇ ਜਾਣ। ਇਹ ਗਵਾਹੀ ਮੌਜੂਦ ਹੈ ਕਿ ਸ਼ੇਰਪੁਰ ਦਾ ਨਾਇਬ ਨਿਜ਼ਾਮ ਨਾਲ ਸਿਰਫ਼ ਤਿੰਨ ਘੁੜਸਵਾਰ ਸਨ, ਜਦੋਂ ਉਸ ਨੇ ਬਾਗ਼ੀਆਂ ਨੂੰ ਆਤਮਸਮਰਪਣ ਕਰਨ ਲਈ ਆਖਿਆ ਸੀ। ਦਰਅਸਲ, ਉਸ ਨਾਲ ਤਿੰਨ ਘੁੜਸਵਾਰ ਫ਼ੌਜੀਆਂ ਦੇ ਨਾਲ-ਨਾਲ ਹੋਰ ਵੀ ਘੁੜਸਵਾਰ ਸਨ, ਉਸ ਦੇ ਨਾਲ ਰੜ੍ਹ ਪਿੰਡ ਦੇ ਨਿਵਾਸੀ ਵੀ ਤਾਂ ਚੱਲ ਰਹੇ ਸਨ (ਜੋ ਕੂਕਿਆਂ ਨੂੰ ਵੇਖ ਕੇ ਜੰਗਲ ਵੱਲ ਨੱਸ ਗਏ ਸਨ) ਅਤੇ ਨਾਲ ਹੋਰਨਾਂ ਪਿੰਡਾਂ ਦੇ ਲੋਕ ਵੀ ਸਨ।

5. ਭਾਰਤ ਸਰਕਾਰ ਦੇ ਪੱਤਰ ਦੇ ਪੈਰਾ 11 'ਚ, ਮੈਨੂੰ ਇਹ ਵਿਖਾਉਣ ਦੀ ਲੋੜ ਹੈ "ਇਸ ਸੋਚਣੀ ਦਾ ਕੁਝ ਆਧਾਰ ਕਿ ਬਿਨਾਂ ਸੁਣਵਾਈ ਮੌਤ ਦੀ ਸਜ਼ਾ ਅਤੇ ਕਾਨੂੰਨ ਦੀ ਸਾਧਾਰਣ ਪ੍ਰਕਿਰਿਆ ਨਾਲ ਸਜ਼ਾਵਾਂ ਨਾਲ ਹੋਰ ਵਿਅਕਤੀ ਬਗ਼ਾਵਤ ਤੋਂ ਨਹੀਂ ਰੁਕਣਗੇ।"

ਮੈਂ ਇਸ ਦਾ ਜਵਾਬ ਦੇਣਾ ਚਾਹਾਂਗਾ ਕਿ ਬੀਤੇ ਮਈ ਅਤੇ ਜੂਨ ਮਹੀਨਿਆਂ

ਦੌਰਾਨ ਅੰਮ੍ਰਿਤਸਰ ਤੇ ਰਾਏਕੋਟ ’ਚ ਹੋਏ ਕਤਲ ਵੀ ਇਸੇ ਸੰਪਰਦਾਇ ਨੇ ਕੀਤੇ ਸਨ, ਤਦ ਵੀ ਇਨ੍ਹਾਂ ’ਚ ਇਹੋ ਭਾਵਨਾਵਾਂ ਸਨ ਤੇ ਇਹੋ ਸੰਕਲਪਿਤ ਮੰਤਵ ਸਨ। ਉਨ੍ਹਾਂ ਮਾਮਲਿਆਂ ਦੀ ਜਾਂਚ ਦੌਰਾਨ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਕਰਨਲ ਮੈਕਐਂਡ੍ਰਿਯੂ ਇੱਕ ਅਜਿਹੇ ਅਧਿਕਾਰੀ ਸਨ ਜੋ ਸਥਾਨਕ ਨਿਵਾਸੀਆਂ ਦੀਆਂ ਭਾਵਨਾਵਾਂ ਨੂੰ ਸਮਝਦੇ ਸਨ ਅਤੇ ਜਿਨ੍ਹਾਂ ਨੇ ਆਉਣ ਵਾਲੇ ਖ਼ਤਰੇ ਦਾ ਅਨੁਮਾਨ ਲਾ ਲਿਆ ਸੀ ਤੇ ਉਨ੍ਹਾਂ ਸਰਕਾਰ ਨੂੰ ਇਹੋ ਬੇਨਤੀ ਕੀਤੀ ਸੀ ਕਿ ਤਦ ਕਾਬੂ ਕੀਤੇ ਕੈਦੀਆਂ ਨੂੰ ਬਿਨਾਂ ਸੁਣਵਾਈ ਮੌਤ ਦੀ ਸਜ਼ਾ ਦੇ ਦਿੱਤੀ ਜਾਣੀ ਚਾਹੀਦੀ ਹੈ। ਮੈਂ ਤਦ ਇਹ ਸੋਚ ਕੇ ਉਸ ਸਿਫ਼ਾਰਸ਼ ’ਚ ਸ਼ਾਮਲ ਨਹੀਂ ਹੋਇਆ ਸਾਂ ਕਿ ਬਿਨਾਂ ਸੁਣਵਾਈ ਅਜਿਹੀਆਂ ਮੌਤ ਦੀਆਂ ਸਜ਼ਾਵਾਂ, ਬਦਲਾ-ਲਊ ਕਾਰਵਾਈਆਂ ਜਾਪਣੀਆਂ ਸਨ ਕੋਈ ਸਜ਼ਾ ਨਹੀਂ। ਅਧਿਕਾਰੀ ਦੀ ਉਹ ਬੇਨਤੀ ਪ੍ਰਵਾਨ ਨਹੀਂ ਹੋਈ ਸੀ। ਅੰਮ੍ਰਿਤਸਰ ਤੇ ਰਾਏਕੋਟ ਕਤਲ ਕਾਂਡਾਂ ਦੇ ਮੁੱਖ ਸਾਜ਼ਿਸ਼ਘਾੜੇ ਅਤੇ ਉਕਸਾਉਣ ਵਾਲੇ ਵੱਡੀ ਗਿਣਤੀ ’ਚ ਕਾਬੂ ਕੀਤੇ ਗਏ ਸਨ। ਉਨ੍ਹਾਂ ਦੀ ਸੁਣਵਾਈ ਸਾਧਾਰਣ ਕਚਹਿਰੀਆਂ ਰਾਹੀਂ ਹੋਈ ਸੀ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ ਸਾਂ ਜਾਂ ਦੇਸ਼-ਨਿਕਾਲਾ ਦੇ ਦਿੱਤਾ ਗਿਆ ਸੀ। ਪਰ ਕਾਨੂੰਨ ਅਨੁਸਾਰ ਦਿੱਤੀਆਂ ਉਹ ਮੌਤ ਦੀਆਂ ਸਜ਼ਾਵਾਂ ਤੇ ਹੋਰ ਸਜ਼ਾਵਾਂ ਪਹਿਲੀ ਵਾਰ ਹੋਈ ਕਿਤੇ ਵੱਧ ਗੰਭੀਰ ਕਿਸਮ ਦੀ ਬਗ਼ਾਵਤ ਨੂੰ ਨਹੀਂ ਰੋਕ ਸਕੀਆਂ ਸਨ। ਇਸੇ ਲਈ ਮੇਰੀ ਬੇਨਤੀ ਹੈ ਕਿ ਮੇਰੇ ਕੋਲ ‘‘ਇਹ ਸੋਚਣ ਦਾ ਕੁਝ ਆਧਾਰ ਸੀ ਕਿ ਇੱਥੇ ਕਾਨੂੰਨ ਦੀ ਸਾਧਾਰਣ ਪ੍ਰਕਿਰਿਆ ਨਹੀਂ, ਸਗੋਂ ਬਿਨਾਂ ਸੁਣਵਾਈ ਮੌਤ ਦੀ ਸਜ਼ਾ ਹੀ ਹੋਰਨਾਂ ਲੋਕਾਂ ਨੂੰ ਬਗ਼ਾਵਤ ਕਰਨ ਤੋਂ ਵਰਜੇਗੀ,‘‘ਕਿਉਂਕਿ ਇਹ ਸਭ ਨੂੰ ਪਤਾ ਹੈ ਕਿ ਇਸ ਬਗ਼ਾਵਤ ਦੀ ਸ਼ੁਰੂਆਤ ਅੰਮ੍ਰਿਤਸਰ ’ਚ ਕਸਾਈਆਂ ਦੇ ਹੋਏ ਕਤਲ ਸਨ ਤੇ ਉਸ ਤੋਂ ਬਾਅਦ ਬਿਲਕੁਲ ਅਜਿਹਾ ਕਤਲ ਕਾਂਡ ਰਾਏਕੋਟ ’ਚ ਵਾਪਰ ਗਿਆ ਸੀ।’’

ਭਾਰਤ ਸਰਕਾਰ ਦੇ ਪੱਤਰ ਦੇ ਪੈਰਾ 12 ਦੇ ਹਵਾਲੇ ਨਾਲ, ਜਿਸ ਵਿੱਚ ਮੈਨੂੰ ਹਦਾਇਤ ਕੀਤੀ ਗਈ ਹੈ ਕਿ ਮੈਂ ਆਪਣੇ ਵਿਚਾਰ ਦੇ ਆਧਾਰ ਨੂੰ ਹੋਰ ਪੂਰੀ ਤਰ੍ਹਾਂ ਬਿਆਨ ਕਰਾਂ ਕਿ ਇਹ ਇੱਕ ਗੰਭੀਰ ਕਿਸਮ ਦੀ ਬਗ਼ਾਵਤ ਹੀ ਸੀ, ਮੈਂ ਨਿਮਨਲਿਖਤ ਟਿੱਪਣੀਆਂ ਕਰਨ ਦੀ ਇਜਾਜ਼ਤ ਚਾਹੁੰਦਾ ਹਾਂ।

6. ਇਸ ਪੱਤਰ ਦੇ ਪੈਰਾ 2 ਵਿੱਚ ਮੈਂ ਉਹ ਕਾਰਣ ਤੇ ਆਧਾਰ ਬਿਆਨ ਕਰ ਦਿੱਤੇ ਹਨ, ਜਿਨ੍ਹਾਂ ਤੋਂ ਇਹ ਯਕੀਨ ਹੁੰਦਾ ਹੈ ਕਿ ਇਹ ਪਹਿਲੇ ਹੀ ਦਿਨ ਤੋਂ ਗੰਭੀਰ ਕਿਸਮ ਦੀ ਬਗ਼ਾਵਤ ਹੀ ਸੀ। ਮੈਂ ਇੱਥੇ ਇਹ ਗੱਲ ਜੋੜਦਾ ਹਾਂ, ਜਿਸ ਤੋਂ ਸਾਰੇ ਜਾਣੂ ਹਨ ਪਰ ਇੱਥੇ ਉਸ ਦਾ ਵਰਨਣ ਕਰਨ ਦੀ ਲੋੜ ਹੈ ਕਿ ਇਸ ਇਲਾਕੇ ਸੂਬੇ ਦਾਰੀਆਂ ’ਚ ਵੰਡਣ ਤੋਂ ਇਹ ਸਮੁੱਚਾ ਸੰਪਰਦਾਇ ਇਹੋ ਮੰਨਦਾ ਹੈ ਕਿ (ਗੁਰੂ) ਰਾਮ ਸਿੰਘ ਜੀ ਛੇਤੀ ਹੀ ਦੇਸ਼ ’ਤੇ ਰਾਜ ਕਰਨਗੇ, ਉਹੀ ਸੂਬੇ ਆਪਣੀਆਂ ਖ਼ੁਦ ਦੀਆਂ ਭਵਿੱਖਬਾਣੀਆਂ ਨੂੰ ਅੰਜਾਮ ਦੇਣ ਲਈ ਬੇਚੈਨ ਹੋਏ ਪਏ ਸਨ ਅਤੇ ਹੋਰਨਾਂ ਦੇਸ਼ਾਂ ਨੂੰ ਰਾਜਦੂਤ ਭੇਜੇ ਜਾ ਰਹੇ ਸਨ; ਇਨ੍ਹਾਂ ਸਾਰੇ ਤੱਥਾਂ ਦੀ ਗੰਭੀਰ ਸਿਆਸੀ ਅਹਿਮੀਅਤ ਹੈ। ਇਹ ਬਿਲਕੁਲ ਨਿਸ਼ਚਿਤ ਹੈ ਕਿ ਰਾਏਕੋਟ ਤੇ ਅੰਮ੍ਰਿਤਸਰ ’ਚ ਕਸਾਈਆਂ ਦੇ

ਕਤਲ ਪੂਰੀ ਤਰ੍ਹਾਂ ਯੋਜਨਾਬੱਧ ਤੇ ਇੱਕ ਬੇਹੱਦ ਸੋਚੀ-ਸਮਝੀ ਸਿਆਸੀ ਯੋਜਨਾ ਦਾ ਹਿੱਸਾ ਸਨ, ਇਸ ਦਾ ਮੰਤਵ ਸੀ ਕਿ ਛੇਤੀ ਕੀਤੀ ਜਾਣ ਵਾਲੀ ਵੱਡੀ ਕਾਰਵਾਈ ਲਈ ਸਾਰੇ ਹਿੰਦੂਆਂ ਦੇ ਮਨਾਂ ਨੂੰ ਤਿਆਰ ਕਰ ਦਿੱਤਾ ਜਾਵੇ। ਇਸ ਤੱਥ ਤੋਂ ਵੀ ਸਾਰੇ ਵਾਕਫ਼ ਹਨ ਕਿ ਇਨ੍ਹਾਂ ਕਤਲਾਂ ਤੋਂ ਬਾਅਦ ਸਿਰਸਾ, ਦਿੱਲੀ, ਫ਼ਿਰੋਜ਼ਪੁਰ ਤੇ ਹੋਰਨਾਂ ਥਾਵਾਂ 'ਤੇ ਵੀ ਅਜਿਹੇ ਹੋਰ ਕਤਲ ਕੀਤੇ ਜਾਣੇ ਸਨ ਪਰ ਇਸ ਦੇ ਆਗੂਆਂ ਦੀਆਂ ਅਜਿਹੀਆਂ ਸਾਰੀਆਂ ਯੋਜਨਾਵਾਂ ਰਾਏਕੋਟ ਦਾ ਗਿਰੋਹ ਫੜੇ ਜਾਣ ਨਾਲ ਕੁਝ ਚਿਰ ਲਈ ਧਰੀਆਂ-ਧਰਾਈਆਂ ਰਹਿ ਗਈਆਂ ਸਨ। ਸੱਚਾਈ ਇਹ ਹੈ ਕਿ ਕੂਕੇ ਸਾਰੇ ਹੀ ਹਿੱਸਿਆਂ ਤੋਂ ਕੋਟਲਾ ਵੱਲ ਹਮਲੇ ਵਾਲੇ ਦਿਨ ਲਈ ਵਧ ਰਹੇ ਸਨ ਤੇ ਉਹ ਦੋ ਦਿਨ ਬਾਅਦ ਤੱਕ ਵੀ ਪੁੱਜਦੇ ਰਹੇ ਸਨ, ਜਦ ਕਿ ਅਜਿਹੇ ਮੌਸਮ ਵਿੱਚ ਤਾਂ ਕੋਈ ਆਮ ਆਦਮੀ ਆਪਣੇ ਪਸ਼ੂਆਂ ਤੱਕ ਨੂੰ ਵੀ ਘਰ ਤੋਂ ਬਾਹਰ ਨਾ ਜਾਣ ਦੇਵੇ, ਇਹ ਸਾਰੇ ਬਾਗ਼ੀਆਂ ਦਾ ਉਦੇਸ਼ ਇੱਕ ਥਾਂ 'ਤੇ ਇਕੱਠੇ ਹੋਣਾ ਸੀ, ਮੇਰੀ ਸਨਿਮਰ ਬੇਨਤੀ ਹੈ ਕਿ ਇੱਕ ਗੰਭੀਰ ਕਿਸਮ ਦੀ ਬਗ਼ਾਵਤ ਕਰਨ ਦੀ ਮਨਸ਼ਾ ਚੱਲ ਰਹੀ ਸੀ, ਅਜਿਹਾ ਵਿਸ਼ਵਾਸ ਕਰਨ ਦੇ ਇਹੋ ਮਜ਼ਬੂਤ ਕਾਰਣ ਸਨ ਅਤੇ ਅਜਿਹੀ ਵੀ ਸੰਭਾਵਨਾ ਬਣੀ ਹੋਈ ਸੀ ਕਿ ਹੋਰ ਵਰਗਾਂ ਦੇ ਹਿੰਦੂਆਂ ਨੇ ਵੀ ਇਸ ਬਗ਼ਾਵਤ 'ਚ ਆ ਕੇ ਸ਼ਾਮਲ ਹੋ ਜਾਣਾ ਸੀ ਜੇ ਕਿਤੇ ਹੋਰ ਫੈਲ ਜਾਂਦੀ ਅਤੇ ਪਿਛਲਾ ਅਨੁਭਵ ਇਹ ਦਰਸਾ ਚੁੱਕਾ ਸੀ ਕਿ ਕਾਨੂੰਨ ਦੀ ਸਾਧਾਰਣ ਪ੍ਰਕਿਰਿਆ ਨਾਲ ਦਿੱਤੀ ਜਾਣ ਵਾਲੀ ਸਜ਼ਾ ਹੋਰਨਾਂ ਵਿਅਕਤੀਆਂ ਨੂੰ ਬਗ਼ਾਵਤ ਕਰਨ ਤੋਂ ਰੋਕ ਨਹੀਂ ਸਕੀ ਸੀ।

7. ਮੇਰੀ ਬੇਨਤੀ ਹੈ ਕਿ ਖ਼ਤਰਾ ਟਲ਼ ਗਿਆ ਹੈ, ਇਸ ਦੀ ਪੁਸ਼ਟੀ ਬਾਅਦ 'ਚ ਦਰਜ ਗਵਾਹੀਆਂ ਤੋਂ ਵੀ ਸਪੱਸ਼ਟ ਤੌਰ 'ਤੇ ਹੁੰਦੀ ਹੈ, ਜੋ ਆਪ ਜੀ ਨੂੰ ਭੇਜੀਆਂ ਜਾ ਚੁੱਕੀਆਂ ਹਨ। ਮੈਂ ਇੱਥੇ ਸਿਰਫ਼ ਸਿਆੜ ਦੇ ਨੰਬਰਦਾਰਾਂ ਦੀਆਂ ਗਵਾਹੀਆਂ ਵੱਲ ਧਿਆਨ ਦਿਵਾਵਾਂਗਾ; ਕਿ ਕੋਟਲਾ 'ਤੇ ਹਮਲੇ ਦੇ ਇੱਕ ਦਿਨ ਬਾਅਦ ਜਦੋਂ ਉਨ੍ਹਾਂ ਦਾ ਕੋਈ ਚੇਲਾ ਅਗਲੇ ਹੁਕਮਾਂ ਲਈ ਪੁੱਛਦਾ ਹੈ, ਤਾਂ ਗੁਰੂ ਰਾਮ ਸਿੰਘ ਜੀ ਜੋਸ਼ੀਲੇ ਅੰਦਾਜ਼ 'ਚ ਆਖਦੇ ਹਨ ਕਿ ''ਹੀਰਾ ਸਿੰਘ ਤੇ ਲਹਿਣਾ ਸਿੰਘ'' (ਬਾਗ਼ੀ ਆਗੂ) ''ਮੂਰਖ ਹਨ; ਉਨ੍ਹਾਂ ਮੇਰੇ ਹੁਕਮਾਂ ਦੀ ਉਲੰਘਣਾ ਕੀਤੀ; ਉਨ੍ਹਾਂ ਨੂੰ ਚੇਤ ਤੱਕ ਉਡੀਕ ਕਰ ਲੈਣੀ ਚਾਹੀਦੀ ਸੀ,'' ਇਸ ਦੇ ਨਾਲ ਹੀ ਦੋਸ਼ੀ ਠਹਿਰਾਏ ਗਏ ਕੈਦੀ ਭਗਵਾਨ ਸਿੰਘ ਦਾ ਉਹ ਬਿਆਨ ਕਿ ਅੰਬਾਲਾ ਤੇ ਲੁਧਿਆਣਾ ਵਿਚਾਲੇ ਰੇਲ-ਪਟੜੀਆਂ ਦੀ ਤੋੜ-ਭੰਨ ਕੀਤੀ ਜਾਣੀ ਸੀ ਤੇ ਅੰਮ੍ਰਿਤਸਰ ਬਾਰੇ ਦੇਸ਼ ਨੂੰ ਖੜ੍ਹੇ ਕਰਨ ਲਈ ਏਜੰਟ ਭੇਜੇ ਗਏ ਸਨ; ਤਦ ਮਹਾਰਾਜਾ ਪਟਿਆਲਾ ਨੇ ਸਰਦਾਰ ਮੰਗਲ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਬੇੜੀਆਂ ਲਾ ਕੇ ਰਖਣਾ ਜ਼ਰੂਰੀ ਸਮਝਿਆ ਸੀ; ਅਤੇ ਮਹਾਰਾਜਾ ਪਟਿਆਲਾ ਦੇ ਰਿਸ਼ਤੇਦਾਰ ਤੇ ਰਾਮਗੜ੍ਹ ਦੇ ਸਿੱਖ ਸਰਦਾਰ ਉੱਤਮ ਸਿੰਘ ਦੇ ਬਿਆਨ ਦਾ ਅਰਥ ਹੈ, ਜਿਸ ਵਿੱਚ ਉਸ ਨੇ ਕਿਹਾ ਸੀ – ''ਤੁਹਾਨੂੰ ਲੁਧਿਆਣਾ 'ਚ ਜ਼ਰੂਰ ਹੀ ਫ਼ੌਜੀ ਦਸਤੇ ਰੱਖਣੇ ਚਾਹੀਦੇ ਹਨ ਤੇ ਉਹ ਕਿਸੇ ਵੀ ਹਾਲਤ 'ਚ ਸਿੱਖ ਨਹੀਂ ਹੋਣੇ ਚਾਹੀਦੇ।''

ਨੋਟ:- ਤੁਹਾਡੇ ਮੈਮੋਰੈਂਡਮ ਨਾਲ ਨੱਥੀ ਕਾਗਜ਼ ਇਸ ਨਾਲ ਵਾਪਸ ਭੇਜੇ ਜਾਂਦੇ ਹਨ।

# 161

## (ਗੁਪਤ)

ਜੁਡੀਸ਼ੀਅਨ ਜੂਨ, 1872

*ਨੰ. 89ਸੀ, ਮਿਤੀ ਕੈਂਪ ਸਰਹਿੰਦ, 20 ਫ਼ਰਵਰੀ, 1872*

ਵੱਲੋਂ

ਐੱਲ.ਐੱਚ. ਗ੍ਰਿਫਿਨ, ਐਸਕ.,
ਸਕੱਤਰ, ਪੰਜਾਬ ਸਰਕਾਰ।

ਵੱਲ

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਇਸੇ ਮਹੀਨੇ ਦੀ 16 ਤਰੀਕ ਦੇ ਮੇਰੇ ਪੱਤਰ ਨੰ. 78ਸੀ ਦੀ ਨਿਰੰਤਰਤਾ 'ਚ, ਮੈਂ ਭਾਰਤ ਸਰਕਾਰ ਦੀ ਜਾਣਕਾਰੀ ਹਿਤ ਕੋਟਲਾ ਦੇ ਵਧੀਕ ਸਹਾਇਕ ਕਮਿਸ਼ਨਰ ਤੋਂ ਪ੍ਰਾਪਤ ਕੂਕਾ ਬਗ਼ਾਵਤ ਬਾਰੇ ਹੋਰ ਗਵਾਹੀਆਂ ਦੀਆਂ ਕਾਪੀਆਂ ਭਾਰਤ ਸਰਕਾਰ ਨੂੰ ਭੇਜਣਾ ਚਾਹੁੰਦਾ ਹਾਂ।

**ਕੂਕਾ ਬਗ਼ਾਵਤ ਬਾਰੇ ਹੋਰ ਗਵਾਹੀਆਂ।**

ਪਟਿਆਲਾ ਖੇਤਰ ਦੇ ਪਿੰਡ ਰੜ੍ਹ ਦੇ ਭੂਪ ਸਿੰਘ ਦਾ ਬਾਕਾਇਦਾ ਦਰਜ ਹੋਇਆ ਬਿਆਨ: ਸੂਰਜ ਚੜ੍ਹਨ ਦੇ ਛੇਤੀ ਮਗਰੋਂ ਕੂਕਿਆਂ ਦਾ ਗਿਰੋਹ, ਜਿਸ ਨੇ ਕੋਟਲਾ 'ਤੇ ਹਮਲਾ ਬੋਲਿਆ ਸੀ, ਉਸੇ ਦਿਨ ਮੇਰੇ ਪਿੰਡ ਆ ਗਿਆ ਸੀ। ਉਹ ਸਾਰੇ 70 ਤੋਂ 80 ਜਣੇ ਸਨ। ਗੁਰਦਿਤ ਸਿੰਘ, ਹੀਰਾ ਸਿੰਘ, ਬਿਸ਼ਨ ਸਿੰਘ, ਨਾਰਾਇਣ ਸਿੰਘ, ਸੁੰਦਰ ਸਿੰਘ ਅਤੇ ਹਰਨਾਮ ਸਿੰਘ ਮੇਰੇ ਪਿੰਡ ਦੇ ਨਿਵਾਸੀ ਸਨ। ਇਸ ਗਿਰੋਹ ਦੇ ਛੇ ਜਣੇ ਹੀਰਾ ਸਿੰਘ ਕੂਕਾ ਦੇ ਘਰ ਗਏ ਅਤੇ ਬਾਕੀ ਦੇ ਪਿੱਪਲ ਵਾਲ਼ੇ ਖੂਹ 'ਤੇ ਮੌਜੂਦ ਰਹੇ, ਉਹ ਖੂਹ ਬਿਆਨਕਰਤਾ ਦਾ ਹੀ ਸੀ। ਉਨ੍ਹਾਂ ਕੋਲ ਕ੍ਰਿਪਾਨਾਂ, ਗੰਡਾਸੇ ਤੇ ਲਹੂ ਨਾਲ ਲਿੱਬੜੇ ਕੁਹਾੜੇ ਸਨ। ਹੀਰਾ ਸਿੰਘ ਮੇਰੇ ਘਰ ਆਇਆ; ਉਸ ਦੇ ਹੱਥ 'ਚ ਇੱਕ ਨੰਗੀ ਕ੍ਰਿਪਾਨ ਸੀ, ਜੋ ਲਹੂ ਨਾਲ ਲਿੱਬੜੀ ਪਈ ਸੀ। ਉਸ ਨੇ ਮੈਨੂੰ ਆਖਿਆ ''ਸਤਿਗੁਰੂ ਦਾ ਭਾਣਾ ਹੋ ਗਿਆ।'' ਉਸ ਨੇ ਬੋਲਣਾ ਜਾ ਰੱਖਿਆ,''ਮੈਂ ਤੁਹਾਨੂੰ ਅਕਸਰ ਆਖਦਾ ਰਿਹਾ ਹਾਂ ਕਿ ਕੂਕਾ ਬਣ ਜਾ ਤੇ ਧਰਮ ਯੁਧ (ਜੇਹਾਦ) ਲਈ ਲੜ, ਨਹੀਂ ਤਾਂ ਤੈਨੂੰ ਨੁਕਸਾਨ ਹੋਵੇਗਾ; ਹੁਣ ਸਾਡੀ ਮਦਦ ਕਰ।'' ਮੈਂ ਉਸ ਨੂੰ ਆਖਿਆ ਕਿ ਮੇਰੇ ਕੋਲ ਸਮਾਂ ਨਹੀਂ ਹੈ, ਬਿਹਤਰ ਇਹੋ ਰਹੇਗਾ ਕਿ ਤੂੰ ਆਪਣੇ ਘਰ ਜਾਹ। ਹੀਰਾ ਸਿੰਘ ਤਦ ਜ਼ਖ਼ਮੀ ਸੀ ਅਤੇ ਉਹ ਉਪਰੋਕਤ ਜਵਾਬ ਸੁਣ ਕੇ ਆਪਣੇ ਘਰ ਚਲਾ ਗਿਆ। ਸਾਰੇ ਨਿਵਾਸੀ ਡਰਦੇ ਮਾਰੇ ਆਪਣੇ ਘਰ ਛੱਡ ਕੇ ਪਿੰਡ ਤੋਂ ਬਾਹਰ ਚਲੇ ਗਏ। ਮੈਂ ਤੁਰੰਤ ਆਪਣੇ ਭਤੀਜੇ ਗਾਮੂਲ ਸਿੰਘ ਨੂੰ ਘੋੜੇ 'ਤੇ ਸ਼ੇਰਪੁਰ ਭੇਜਿਆ ਕਿ ਨਾਜ਼ਿਮ ਨੂੰ ਸੂਚਿਤ ਕਰੇ। ਮੈਂ ਆਪਣੇ ਘਰ 'ਚ ਹੀ ਰਿਹਾ। ਗਾਮੂਲ ਸਿੰਘ ਦੋ

ਘੰਟਿਆਂ ਬਾਅਦ ਇਨਾਜ਼ ਅਲੀ ਤੇ ਇੱਕ ਘੁੜਸਵਾਰ ਨਾਲ ਪਿੰਡ 'ਚ ਆਇਆ। ਮੈਂ ਉਸ ਕੋਲ ਗਿਆ। ਉਸ ਨੇ ਜ਼ਖ਼ਮੀਆਂ ਕੋਲ ਜਾ ਕੇ ਉਨ੍ਹਾਂ ਨੂੰ ਤਸੱਲੀ ਦਿੱਤੀ ਤੇ ਉਨ੍ਹਾਂ ਕੂਕਿਆਂ ਨੂੰ ਕੈਦ ਕਰ ਕੇ ਗੱਡਿਆਂ 'ਚ ਸ਼ੇਰਪੁਰ ਲੈ ਗਿਆ। ਜਵਾਹਰ ਸਿੰਘ ਤੇ ਭੋਲਾ ਸਿੰਘ ਪਿੰਡ ਤੋਂ ਗ਼ਾਇਬ ਹੋ ਗਏ ਸਨ ਤੇ ਹਾਲੇ ਵੀ ਭਗੌੜੇ ਹਨ। ਮੈਂ ਨਿਮਨਲਿਖਤ ਨੂੰ ਜਾਣਦਾ ਹਾਂ: ਹੀਰਾ ਸਿੰਘ, ਲਹਿਣਾ ਸਿੰਘ ਵਾਸੀ ਸਕਰੌਦੀ, ਗੁਰਮੁਖ ਸਿੰਘ ਤੇ ਮਲੂਕ ਸਿੰਘ ਵਾਸੀ ਫਰਵਾਹੀ ਤੇ ਹੋਰ ਕਿਸੇ ਨੂੰ ਨਹੀਂ। ਇਹ ਗਿਰੋਹ ਕੋਟਲਾ ਤੋਂ ਸਾਡੇ ਪਿੰਡ ਆਇਆ ਸੀ। ਮੈਂ ਡਰਦੇ ਮਾਰੇ ਨੇ ਉਨ੍ਹਾਂ ਨੂੰ ਨਹੀਂ ਪੁੱਛਿਆ ਕਿ ਉਹ ਕਿੱਥੇ ਜਾ ਰਹੇ ਸਨ। ਹਮਲਾਵਰ ਕੂਕਿਆਂ ਨੇ ਮੇਰੇ ਪਿੰਡ ਦੇ ਕੂਕਿਆਂ ਨਾਲ ਬਹੁਤ ਸਤਿਕਾਰ ਨਾਲ ਜ਼ਿਕਰ ਕੀਤਾ ਅਤੇ ਫਰਵਾਹੀ ਦਾ ਗੁਰਮੁਖ ਸਿੰਘ ਮੈਨੂੰ ਅਕਸਰ ਕੂਕਾ ਬਣਨ ਲਈ ਸਮਝਾਉਂਦਾ ਰਿਹਾ ਸੀ (ਸਤਿਗੁਰੂ ਦਾ ਖੈਣੀ ਹੋ ਜਾਵੇਗਾ) ਅਤੇ ਇੱਕ ਇਹ ਸ਼ਬਦ ਵੀ ਆਖਦਾ ਹੁੰਦਾ ਸੀ, ''ਰਾਮ ਸਿੰਘ ਮੇਰੇ ਰਾਜਿਆਂ ਦੇ ਰਾਜਾ ਹਨ, ਉਹ ਸਾਰੇ ਰਾਜਿਆਂ ਦਾ ਖ਼ਾਤਮਾ ਕਰ ਦੇਣਗੇ।'' ਕੋਈ ਹੋਰ ਗਿਰੋਹ ਮੇਰੇ ਪਿੰਡ 'ਚ ਨਹੀਂ ਰੁਕਿਆ।

ਕੰਗਣਵਾਲ ਕੋਟਲਾ ਦਾ ਜ਼ਿਮੀਂਦਾਰ ਕਰਮ ਸਿੰਘ। ਮੈਂ ਆਪਣੇ ਚਚੇਰੇ ਭਰਾ ਕੰਤ ਸਿੰਘ ਦੇ ਦਿਹਾਂਤ 'ਤੇ ਸੋਗ ਪ੍ਰਗਟਾਉਣ ਲਈ ਨਾਭਾ ਖੇਤਰ ਦੇ ਪਿੰਡ ਸਿੰਘਵਾਲ ਗਿਆ ਸਾਂ। ਭੂਪਾ (ਨਾਈ), ਕਰਮ ਸਿੰਘ ਅਤੇ ਕੁਝ ਔਰਤਾਂ ਵੀ ਮੇਰੇ ਨਾਲ ਸਨ, ਅਸੀਂ ਰਾਤ ਨੂੰ ਭੂਤਾ ਸਿੰਘ ਦੇ ਪਿੰਡ ਸਿਲੀਆਂ ਸਿੰਘਵਾਲ 'ਚ ਠਹਿਰ ਗਏ। ਫਿਰ ਸਵੇਰੇ ਅਸੀਂ ਵੇਖਿਆ ਕਿ ਕੂਕੇ ਲੋਹੜੀ ਦੇ ਤਿਉਹਾਰ ਲਈ ਭੈਣੀ ਜਾ ਰਹੇ ਸਨ। ਔਰਤਾਂ ਤੇ ਮੇਰੇ ਹੋਰ ਸਾਥੀ ਘਰ ਪਰਤ ਆਏ। ਮੈਂ ਭੈਣੀ ਗਿਆ ਤੇ ਇੱਕ ਬ੍ਰਾਹਮਣ ਕੋਲ ਗਿਆ; ਉਹ ਲੋਹੜੀ ਦਾ ਦਿਨ ਸੀ। ਅਗਲੇ ਦਿਨ ਉੱਥੇ ਕੂਕਿਆਂ ਦਾ ਦੀਵਾਨ ਸੀ। ਮੈਂ ਉਸ ਜਗ੍ਹਾ ਨਹੀਂ ਗਿਆ ਪਰ ਵੇਖਿਆ ਕਿ ਕੂਕੇ ਇੱਧਰ-ਉੱਧਰ ਮਸਤਾਨਿਆਂ ਵਾਂਗ ਗਾਉਂਦੇ ਘੁੰਮ ਰਹੇ ਸਨ। ਅਗਲੇ ਦਿਨ ਮਾਘੀ ਮੌਕੇ ਚਾਰ ਵਜੇ ਮੈਂ ਦੀਵਾਨ 'ਚ ਗਿਆ, ਜਿੱਥੇ (ਗੁਰੂ) ਰਾਮ ਸਿੰਘ ਜੀ ਦੇ ਘਰ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 25 ਸਰੂਪਾਂ ਦਾ ਪਾਠ ਹੋ ਰਿਹਾ ਸੀ; ਉੱਥੇ ਬਾਬਾ ਜੀ ਵੀ ਸਨ। ਉਹ ਸਾਰੇ 1,000 ਵਿਅਕਤੀ ਸਨ ਅਤੇ ਉਨ੍ਹਾਂ 'ਚੋਂ 500 ਔਰਤਾਂ ਸਨ। ਬਹੁਤ ਸਾਰੇ ਕੂਕੇ ਘਰ ਦੀਆਂ ਛੱਤਾਂ 'ਤੇ ਸਨ, ਬਹੁਤ ਸਾਰੇ ਦਰਸ਼ਕ ਬਾਹਰ ਖੜ੍ਹੇ ਸਨ, ਦੀਵਾਨ ਤੱਕ ਪੁੱਜਣਾ ਔਖਾ ਸੀ। ਅੱਗ ਵਿੱਚ ਤਿਲ ਸੁੱਟੇ ਜਾ ਰਹੇ ਸਨ ਅਤੇ ਫਿਰ ਹਲਵਾ ਵੰਡਿਆ ਗਿਆ ਅਤੇ ਤਦ ਲੋਕਾਂ ਨੂੰ ...* ਚੋਂ ਭੋਜਨ ਦਿੱਤਾ ਗਿਆ। ਰਾਤ ਹੋ ਗਈ। ਮੈਂ ਉਥੋਂ ਬਾਹਰ ਆ ਗਿਆ ਅਤੇ ਦੀਵਾਨ ਵੀ ਸੰਪੰਨ ਹੋ ਗਿਆ ਸੀ। ਰਾਤ ਦਾ ਇੱਕ ਵੱਜ ਚੁੱਕਾ ਸੀ। ਉਸੇ ਰਾਤ ਨੂੰ ਬਾਬਾ ਰਾਮ ਸਿੰਘ ਜੀ ਵੱਲੋਂ ਬਣਾਏ ਰਾਮ ਸਰ (ਤਾਲਾਬ) 'ਚ ਨਹਾਉਂਦੇ ਸਨ। ਮੈਂ ਵੀ ਤੜਕੇ 2:00 ਵਜੇ ਨਹਾਇਆ। ਦੀਵਾਨ ਸ਼ੁਰੂ ਹੋ ਗਿਆ ਸੀ, ਜੋ ਸਵੇਰੇ 6:00 ਵਜੇ ਤੱਕ ਚੱਲਿਆ, ਜਦੋਂ ਬਾਬਾ ਰਾਮ ਸਿੰਘ ਜੀ ਨੇ ਲੋਕਾਂ ਨੂੰ ਆਪੋ-ਆਪਣੇ ਘਰਾਂ ਨੂੰ ਜਾਣ ਲਈ ਆਖਿਆ। ਬਹੁਤੇ ਲੋਕ ਤਦ ਤੁਰੰਤ ਹੀ ਉੱਥੋਂ ਰਵਾਨਗੀ ਪਾ

*ਅਸਲ 'ਚ ਵੀ ਖਾਲੀ ਹੈ

ਗਏ ਸਨ ਅਤੇ ਕੁਝ ਜਾਣ ਦੀਆਂ ਤਿਆਰੀਆਂ 'ਚ ਲੱਗੇ ਹੋਏ ਸਨ। ਦੋ ਸੌ ਕੂਕੇ, ਜਿਨ੍ਹਾਂ ਨੂੰ ਮਸਤਾਨੇ ਕਿਹਾ ਜਾਂਦਾ ਸੀ, 'ਅਕਾਲ ਬੁੰਗਾ' ਨਾਂਅ ਦੇ ਖੂਹ ਕੋਲ ਹੀ ਰਹੇ। ਮੈਂ ਵੀ ਉਹ ਜਗ੍ਹਾ ਵੇਖਣ ਲਈ ਉਧਰ ਗਿਆ। ਇਹ ਖੂਹ ਬਾਬਾ ਰਾਮ ਸਿੰਘ ਜੀ ਦੇ ਘਰ ਤੋਂ 200 ਕਦਮਾਂ ਦੀ ਦੂਰੀ 'ਤੇ ਹੈ। ਉੱਥੇ ਯੋਜਨਾਬੰਦੀ ਚੱਲ ਰਹੀ ਸੀ। ਕੁਝ ਆਖ ਰਹੇ ਸਨ ਪਹਿਲਾਂ ਰੇਲ-ਪਟੜੀ ਕੱਟਣੀ ਚਾਹੀਦੀ ਹੈ ਕਿਉਂਕਿ ਜੇ ਉਨ੍ਹਾਂ ਕਿਸੇ ਥਾਂ 'ਤੇ ਹਮਲਾ ਕੀਤਾ, ਤਾਂ ਫ਼ੌਜ ਤੁਰੰਤ ਆ ਜਾਵੇਗੀ; ਕੁਝ ਨੇ ਕਿਹਾ ਕਿ ਪਹਿਲਾ ਹਮਲਾ ਲਾਹੌਰ 'ਤੇ ਕੀਤਾ ਜਾਣਾ ਚਾਹੀਦਾ ਹੈ, ਕੁਝ ਨੇ ਕਿਹਾ ਪਹਿਲਾ ਹਮਲਾ ਮਲੌਦ 'ਤੇ ਹੋਣਾ ਚਾਹੀਦਾ ਹੈ ਕਿਉਂਕਿ ਉਸ ਨੇ ਆਪਣਾ ਵਿਚਾਰ ਪ੍ਰਗਟਾਇਆ ਸੀ ਕਿ ਕੂਕਿਆਂ ਨੂੰ ਫਾਂਸੀ ਦੇ ਦੇਣੀ ਚਾਹੀਦੀ ਹੈ; ਫਿਰ ਕੋਟਲਾ, ਨਾਭਾ ਤੇ ਪਟਿਆਲਾ; ਉਸ ਤੋਂ ਬਾਅਦ ਦਿੱਲੀ, ਜਿੱਥੇ ਗੁੱਜਰਾਂ ਨੂੰ ਅੰਗਰੇਜ਼ਾਂ ਨਾਲ ਜੰਗ ਲੜਾਉਣੀ ਚਾਹੀਦੀ ਹੈ। ਉਹ ਇੱਕ-ਦੂਜੇ ਨੂੰ ਹੀ ਨਸ਼ਟ ਕਰ ਦੇਣਗੇ ਅਤੇ ਫਿਰ ਅਸੀਂ ਦਿੱਲੀ ਦੀ ਗੱਦੀ 'ਤੇ ਕਾਬਜ਼ ਹੋ ਜਾਵਾਂਗੇ। ਜੇ ਅਸੀਂ ਮਾਰੇ ਗਏ, ਤਾਂ ਵੀ ਵਧੀਆ ਰਹੇਗਾ ਕਿਉਂਕਿ ਅਸੀਂ ਧਰਮ ਲਈ ਮਰਾਂਗੇ। ਇਹ ਮਸਤਾਨੇ ਤਦ (ਗੁਰੂ) ਰਾਮ ਸਿੰਘ ਜੀ ਨੂੰ ਮਿਲਣ ਲਈ ਉਨ੍ਹਾਂ ਦੇ ਘਰ ਗਏ। ਮੈਂ ਬਾਹਰ ਹੀ ਆਪਣੇ ਘੋੜੇ 'ਤੇ ਰਿਹਾ; ਪਰ ਜਦੋਂ ਉਹ ਬਾਹਰ ਆਏ, ਤਾਂ ਉਨ੍ਹਾਂ ਕਿਹਾ ਕਿ ਭਾਈ ਰਾਮ ਸਿੰਘ ਜੀ ਦਾ ਕਹਿਣਾ ਹੈ,''ਭਜਨ ਕਰੋ'', ਹਾਲ ਦੀ ਘੜੀ ਕੋਈ ਹੁਕਮ ਨਹੀਂ ਦਿੱਤੇ ਗਏ ਹਨ; ਪਰ ਉਹ ਆਖ ਰਹੇ ਸਨ ਕਿ ਉਹ ਧਰਮ ਲਈ ਕੁਰਬਾਨ ਹੋਣਗੇ। ਉਹ ਲਗਭਗ 200 ਵਿਅਕਤੀ ਸਨ। ਸਭ ਨੇ ਆਪਣੇ ਹਥਿਆਰ ਚੁੱਕ ਕੇ ਕਿਹਾ, ''ਜੋ ਕੋਈ ਕੁਰਬਾਨ ਹੋਣਾ ਚਾਹੁੰਦਾ ਹੈ, ਉਹ ਸਾਡੇ ਨਾਲ ਆ ਸਕਦਾ ਹੈ।'' ਫਿਰ ਉਹ ਉੱਛਲਦੇ-ਟੱਪਦੇ ਰਾਮਪੁਰ ਵੱਲ ਨੂੰ ਚਲੇ ਗਏ। ਮੈਂ ਕਟਾਣੀ ਰਸਤੇ ਘਰ ਗਿਆ ਤੇ ਉੱਥੇ ਵੀ ਉਨ੍ਹਾਂ ਦੇ ''ਸਤਿ ਸ੍ਰੀ ਅਕਾਲ'' ਦੇ ਜੈਕਾਰੇ ਸੁਣਾਈ ਦੇ ਰਹੇ ਸਨ। ਮੈਂ ਜਦੋਂ ਦੀਵਾਨ 'ਚ ਸਾਂ, ਤਾਂ ਭਾਈ ਰਾਮ ਸਿੰਘ ਜੀ ਨੇ ਉਸ ਵੇਲੇ ਕੁਝ ਨਹੀਂ ਆਖਿਆ ਸੀ। ਮੈਂ ਕਟਾਣੀ ਰਸਤੇ ਘਰ ਗਿਆ ਤੇ ਉੱਥੇ ਸੁਣਿਆ ਕਿ ਕੋਟਲਾ 'ਤੇ ਹਮਲਾ ਕਰ ਦਿੱਤਾ ਗਿਆ ਸੀ। ਇਹ ਮਸਤਾਨੇ ਜਦੋਂ ਭੈਣੀ ਤੋਂ ਰਵਾਨਾ ਹੋਏ ਸਨ, ਤਦ ਉਨ੍ਹਾਂ ਕੋਲ ਕੋਈ ਹਥਿਆਰ ਜਾਂ ਗੰਡਾਸੇ ਨਹੀਂ ਸਨ ਪਰ ਉਨ੍ਹਾਂ ਕੋਲ ਇੱਕ-ਇੱਕ ਕੁਹਾੜੀ ਜ਼ਰੂਰ ਸੀ। ਮੇਰੇ ਖ਼ਿਆਲ ਅਨੁਸਾਰ ਉਨ੍ਹਾਂ ਗੰਡਾਸੇ ਆਦਿ ਮਲੌਦ ਤੋਂ ਲਏ ਹੋਣਗੇ।

ਦੌਲਤ, ਭੈਣੀ ਦਾ ਨੰਬਰਦਾਰ। ਲੋਹੜੀ ਤੇ ਮਾਘੀ ਦੇ ਮੇਲਿਆਂ ਵਾਲੇ ਦਿਨ ਭੈਣੀ 'ਚ 1,000 ਕੂਕੇ ਇਕੱਠੇ ਹੋਏ ਸਨ। ਉਹ ਆਲੇ-ਦੁਆਲੇ ਦੇ ਜ਼ਿਲ੍ਹਿਆਂ ਦੇ ਨਿਵਾਸੀ ਸਨ। ਉਹ ਮੇਲੇ ਤੋਂ ਇੱਕ ਹਫ਼ਤਾ ਪਹਿਲਾਂ ਭੈਣੀ ਆਉਣੇ ਸ਼ੁਰੂ ਹੋ ਗਏ ਸਨ। ਬਾਬਾ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਸੱਦਿਆ ਸੀ। ਲੋਹੜੀ ਮੇਲਾ ਪਹਿਲਾਂ ਕਦੇ ਭੈਣੀ 'ਚ ਨਹੀਂ ਮਨਾਇਆ ਗਿਆ ਸੀ। ਪਿਛਲੇ ਵਰ੍ਹੇ ਬਾਬਾ ਰਾਮ ਸਿੰਘ ਜੀ ਦੀ ਪਤਨੀ ਮੁਸੰਮਤ ਜਸਾਂ (ਮਾਤਾ ਜਸਾਂ ਜੀ) ਦੇ ਅਕਾਲ ਚਲਾਣੇ ਮੌਕੇ ਕੂਕੇ ਭੈਣੀ ਵਿਖੇ ਇਕੱਠੇ ਹੋਏ ਸਨ। ਲੋਹੜੀ ਮੌਕੇ ਬਾਬਾ ਰਾਮ ਸਿੰਘ ਆਪਣੇ ਚੇਲਿਆਂ ਨਾਲ ਬਾਹਰ ਕਿਤੇ ਹੁੰਦੇ ਰਹੇ ਹਨ। ਕਦੇ ਮਾਂਗੇਸਰ, ਕਦੇ ਕਿਤੇ ਹੋਰ। ਵੀਹ ਜਾਂ 22 ਸੂਬੇ ਮੌਜੂਦ

ਸਨ। ਦੀਵਾਨ ਚੱਲ ਰਿਹਾ ਸੀ ਤੇ ਹਲਵਾ ਵੰਡ ਦਿੱਤਾ ਗਿਆ ਸੀ; ਅੱਗ ਵਿੱਚ ਤਿਲ ਸੁੱਟੇ ਗਏ ਸਨ। ਕੂਕਿਆਂ ਨੇ (ਗੁਰੂ) ਰਾਮ ਸਿੰਘ ਜੀ ਦਾ ਲੰਗਰ ਛਕਿਆ ਸੀ। ਉਹ ਦੇਸ਼ 'ਤੇ ਹਕੂਮਤ ਕਰਨ ਦੀ ਗੱਲ ਕਰਨ ਲੱਗੇ ਅਤੇ ਕੋਟਲਾ ਆਦਿ 'ਤੇ ਹਮਲੇ ਦਾ ਪ੍ਰਸਤਾਵ ਰੱਖਿਆ। ਮਸਤਾਨੇ ਕੂਕੇ ਅਕਾਲ ਬੁੰਗਾ ਖੂਹ 'ਤੇ ਸਨ ਕਿਉਂਕਿ (ਗੁਰੂ) ਰਾਮ ਸਿੰਘ ਜੀ ਨੇ ਉਨ੍ਹਾਂ ਉੱਥੇ ਹੀ ਰਹਿਣ ਲਈ ਆਖਿਆ ਸੀ। ਉਨ੍ਹਾਂ ਬਹੁਤ ਰੌਲ਼ਾ ਪਾਇਆ। ਸਵੇਰੇ ਭਾਵ ਸਨਿੱਚਰਵਾਰ ਨੂੰ ਕੂਕੇ ਭੈਣੀ ਤੋਂ ਆਪਣੇ ਘਰਾਂ ਲਈ ਰਵਾਨਾ ਹੋਏ। ਸੌ ਜਣੇ ਮਲੌਦ ਵੱਲ ਗਏ ਅਤੇ ਦੁਪਹਿਰ ਵਜੇ 200 ਹੋਰ ਮਸਤਾਨੇ ਭੈਣੀ ਤੋਂ ਚੱਲੇ ਅਤੇ ਰਾਮਪੁਰ ਵੱਲ ਗਏ ਅਤੇ ਉਨ੍ਹਾਂ ਮਲੌਦ ਤੇ ਕੋਟਲਾ 'ਤੇ ਹਮਲੇ ਕਰਨ ਦਾ ਮਤਾ ਪਕਾਇਆ। ਉਨ੍ਹਾਂ ਨਾਅਰੇ ਲਾਏ– 'ਚਲੋ ਖ਼ਾਲਸਾ ਜੀ ਕੋਟਲਾ ਕੋ ਮਾਰੋ'। ਉਨ੍ਹਾਂ ਕੋਲ ਕੁਹਾੜੀਆਂ ਸਨ। ਫਿਰ ਜਿਵੇਂ ਕਿ ਡਿਪਟੀ ਇੰਸਪੈਕਟਰ ਨੇ ਸਾਨੂੰ ਕਿਹਾ ਸੀ ਕਿ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣੀ ਹੈ; ਮੈਂ, ਭਗਵਾਨਾ ਤੇ ਲੱਖੂ ਸਾਰੇ ਨੰਬਰਦਾਰ ਨੇ ਉਨ੍ਹਾਂ ਦਾ ਪਿੱਛਾ ਕੀਤਾ ਲਾਟੋਂ ਤਕ। ਕੂਕੇ ਰਾਮਪੁਰ ਗਏ। ਭਗਵਾਨਾ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਅਸੀਂ ਪਰਤ ਆਏ। *ਅਗਲੇ ਦਿਨ (ਐਤਵਾਰ) ਨੂੰ 100 ਹੋਰ ਕੂਕੇ ਭੈਣੀ ਤੋਂ ਰਵਾਨਾ ਹੋਏ ਅਤੇ ਉਸੇ ਦਿਸ਼ਾ ਵੱਲ ਗਏ, ਜਿੱਧਰ ਦੋ ਪਹਿਲੇ ਗਿਰੋਹ ਗਏ ਸਨ। ਇਹ ਨਹੀਂ ਕਹਿ ਸਕਦੇ ਕਿ ਉਹ ਸਾਰੇ ਅੱਗੇ ਜਾ ਕੇ ਮਿਲੇ ਕਿ ਨਹੀਂ। ਮੈਂ, ਲੱਖੂ ਨੰਬਰਦਾਰ ਤੇ ਭਗਵਾਨਾ ਚੌਕੀਦਾਰ ਅਤੇ* 200 ਮਸਤਾਨਿਆਂ ਨੂੰ ਉਨ੍ਹਾਂ ਦੇ ਭੈਣੀ ਤੋਂ ਰਵਾਨਾ ਹੋਣ ਤੋਂ ਪਹਿਲਾਂ ਵੇਖਣ ਲਈ ਗਏ ਸਾਂ ਕਿਉਂਕ ਡਿਪਟੀ ਇੰਸਪੈਕਟਰ ਨੇ ਸਾਨੂੰ ਆਖਿਆ ਸੀ ਕਿ ਉਨ੍ਹਾਂ ਦੀ ਮਨਸ਼ਾ ਪਤਾ ਕਰੋ ਕੀ ਹੈ। ਇਨ੍ਹਾਂ ਬਹੁਤ ਉੱਚੀ ਆਵਾਜ਼ 'ਚ ਜੈਕਾਰਾ ਲਾਇਆ– 'ਸਤਿਗੁਰੂ ਰਾਮ ਸਿੰਘ ਰਾਜਾ ਹਨ', ਉਹਨਾਂ ਦੀਆਂ ਲੰਬੀਆਂ ਭੁਜਾਵਾਂ ਹਨ ਅਤੇ ਹੋਰ ਕਿਸੇ ਦੀਆਂ ਨਹੀਂ। ਮੈਂ (ਗੁਰੂ) ਰਾਮ ਸਿੰਘ ਜੀ ਨੂੰ ਉਨ੍ਹਾਂ ਨੂੰ ਇਹ ਆਖਦਿਆਂ ਸੁਣਿਆ ਸੀ ਕਿ ਉਹ ਲੰਗਰ ਛਕ ਕੇ ਭੈਣੀ ਤੋਂ ਚਲੇ ਜਾਣ ਅਤੇ ਮਾਣ-ਤਾਣ ਕਾਇਮ ਰੱਖਣ; ਪਰ ਇਹ ਮੇਰੀ ਮੌਜੂਦਗੀ 'ਚ ਨਹੀਂ ਆਖਿਆ ਸੀ। ਮੈਂ ਇਹ ਵੀ ਸੁਣਿਆ ਹੈ ਕਿ ਮਲੌਦ ਤੋਂ ਇੱਕ ਕੂਕਾ ਬਾਬਾ ਰਾਮ ਸਿੰਘ ਜੀ ਕੋਲ ਆਇਆ ਸੀ ਤੇ ਉਸ ਨੇ ਮਲੌਦ 'ਤੇ ਹਮਲੇ ਬਾਰੇ ਜਾਣਕਾਰੀ ਦਿੱਤੀ ਸੀ। ਉਸ ਤੋਂ ਬਾਅਦ ਕੋਈ ਕੂਕਾ ਭੈਣੀ ਨਹੀਂ ਆਇਆ। ਇਸ ਗਿਰੋਹ ਨੇ ਬਹੁਤ ਉੱਚੀ-ਉੱਚੀ ਕੂਕਾਂ ਮਾਰਦਿਆਂ ਇਹ ਵੀ ਸੱਦਾ ਦਿੱਤਾ ਸੀ ਕਿ ''ਜਿਹੜਾ ਸ਼ਹੀਦ ਹੋਣਾ ਚਾਹੁੰਦਾ ਹੈ, ਉਹ ਸਾਡੇ ਨਾਲ ਆ ਸਕਦਾ ਹੈ।'' ਫਿਰ ਉਹ ਭੈਣੀ ਤੋਂ ਕੋਟਲਾ ਲਈ ਰਵਾਨਾ ਹੋ ਗਏ। ਭੈਣੀ ਤੋਂ ਕੋਈ ਵੀ ਉਨ੍ਹਾਂ ਨਾਲ ਨਹੀਂ ਸੀ ਗਿਆ। ਮੈਂ ਫਰਵਾਹੀ ਦੇ ਗੁਰਮੁਖ ਸਿੰਘ ਨੂੰ ਜਾਣਦਾ ਹਾਂ, ਹੋਰ ਕਿਸੇ ਨੂੰ ਨਹੀਂ। ਭੈਣੀ ਦੇ ਕੂਕਿਆਂ ਨੇ ਮੈਨੂੰ ਇਸ ਮਾਮਲੇ ਬਾਰੇ ਕੁਝ ਨਹੀਂ ਦੱਸਿਆ ਸੀ। ਕੋਟਲਾ 'ਤੇ ਹਮਲੇ ਤੋਂ ਪਹਿਲਾਂ ਮੈਂ ਮਸਤਾਨਾ ਕੂਕਿਆਂ ਨੂੰ ਅਕਸਰ ਇਹ ਕਹਿੰਦਿਆਂ ਸੁਣਿਆ ਸੀ ਕਿ ਉਹ ਦੇਸ਼ 'ਤੇ ਰਾਜ ਕਰਨਗੇ। ਕੂਕੇ ਜਦੋਂ ਵੀ ਕਦੇ ਭੈਣੀ ਵਿਖੇ

*ਅਸਲ 'ਚ ਵੀ ਖਾਲੀ ਹੈ

ਇਕੱਠੇ ਹੁੰਦੇ ਸਨ, ਤਦ ਉਹ (ਗੁਰੂ) ਰਾਮ ਸਿੰਘ ਜੀ ਦੀ ਇਜਾਜ਼ਤ ਮੰਗਦਿਆਂ ਕਹਿੰਦੇ ਸਨ ਕਿ ਉਹ ਇਜਾਜ਼ਤ ਤੇ ਹੁਕਮ ਦੇਣ ਕਿ ਕਿਹੜੀ ਥਾਂ 'ਤੇ ਹਮਲਾ ਕਰਨਾ ਹੈ। ਪਰ (ਗੁਰੂ) ਰਾਮ ਸਿੰਘ ਜੀ ਅਕਸਰ ਉਨ੍ਹਾਂ ਨੂੰ ਇਹੋ ਜਵਾਬ ਦਿੰਦੇ ਸਨ ਕਿ ਹਾਲੇ ਕੁਝ ਸਮਾਂ ਉਡੀਕ ਕਰੋ। ਜਦੋਂ ਵੀ ਕਦੇ ਉਹ ਇਕੱਠੇ ਹੁੰਦੇ, ਤਾਂ ਉਹ ਦੇਸ਼ 'ਤੇ ਰਾਜ ਕਰਨ ਦੀਆਂ ਹੀ ਗੱਲਾਂ ਕਰਦੇ।

ਭੈਣੀ ਆਲਾ ਦਾ ਨੰਬਰਦਾਰ ਲੱਖੂ ਦਾ ਬਾਕਾਇਦਾ ਲਿਆ ਗਿਆ ਬਿਆਨ। ਲੋਹੜੀ ਮੇਲਾ ਵੀਰਵਾਰ ਨੂੰ ਸੀ ਅਤੇ ਮਾਘੀ ਸ਼ੁੱਕਰਵਾਰ ਨੂੰ। ਬਾਬਾ ਰਾਮ ਸਿੰਘ ਜੀ ਨੇ ਕੂਕਿਆਂ ਨੂੰ ਲੋਹੜੀ ਮੇਲੇ ਤੋਂ ਇੱਕ ਹਫ਼ਤਾ ਪਹਿਲਾਂ ਆਉਣ ਲਈ ਆਖਿਆ ਸੀ। ਉਸ ਦਿਨ ਉੱਥੇ ਪਟਿਆਲਾ, ਨਾਭਾ, ਕੋਟਲਾ, ਫ਼ਰੀਦਕੋਟ ਜਿਹੇ ਲਾਗਲੇ ਜ਼ਿਲ੍ਹਿਆਂ ਦੇ 1,000 ਦੇ ਲਗਭਗ ਕੂਕੇ ਇਕੱਠੇ ਹੋਏ ਸਨ। ਉੱਥੇ 22 ਸੂਬੇ ਸਨ। ਲੋਹੜੀ ਤੇ ਮਾਘੀ ਮੌਕੇ ਬਾਬਾ ਰਾਮ ਸਿੰਘ ਜੀ ਦੇ ਘਰ ਵਿਸ਼ਾਲ ਦੀਵਾਨ ਸਜਿਆ ਸੀ। ਬਾਈ (ਆਦਿ ਸ੍ਰੀ ਗੁਰੂ) ਗ੍ਰੰਥ (ਸਾਹਿਬ) ਪ੍ਰਕਾਸ਼ ਕਰਕੇ ਪਾਠ ਕਰ ਰਹੇ ਸਨ। ਅੱਗ ਵਿੱਚ ਭੇਟਾਂ ਦਿੱਤੀਆਂ ਜਾ ਰਹੀਆਂ ਸਨ ਤੇ ਮਿਠਾਈਆਂ ਵੰਡੀਆਂ ਜਾ ਰਹੀਆਂ ਸਨ। ਕੂਕਿਆਂ ਨੂੰ ਲੰਗਰ ਬਾਬਾ ਰਾਮ ਸਿੰਘ ਜੀ ਨੇ ਛਕਾਇਆ ਸੀ। ਬਾਬਾ ਰਾਮ ਸਿੰਘ ਜੀ ਨੇ ਮਸਤਾਨੇ ਕੂਕਿਆਂ ਨੂੰ ਹੁਕਮ ਦਿੱਤਾ ਸੀ ਕਿ ਉਹ ਅਕਾਲ ਬੁੰਗਾ 'ਤੇ ਜਾ ਕੇ ਇਕੱਠੇ ਹੋਣ, ਜੋ ਬਾਬਾ ਰਾਮ ਸਿੰਘ ਜੀ ਦੀ ਰਿਹਾਇਸ਼ ਤੋਂ 200 ਕਦਮਾਂ ਦੀ ਦੂਰੀ 'ਤੇ ਹੈ। ਮੈਂ ਰੋਜ਼ਾਨਾ ਦੀਵਾਨਾਂ 'ਚ ਸ਼ਾਮਲ ਹੋਣ ਲਈ ਜਾਂਦਾ ਸਾਂ ਤੇ ਕੂਕਿਆਂ ਨੂੰ ਵੇਖਦਾ ਸਾਂ। ਮਸਤਾਨੇ ਅਕਸਰ ਕਹਿੰਦੇ ਕਿ ਉਹ ਦੇਸ਼ 'ਤੇ ਰਾਜ ਕਰਨਗੇ। ਪਹਿਲਾਂ ਨਾਭਾ, ਜੀਂਦ, ਪਟਿਆਲਾ ਤੇ ਫ਼ਿਰੋਜ਼ਪੁਰ 'ਤੇ ਤੇ ਫਿਰ ਦਿੱਲੀ ਦੇ ਤਖ਼ਤ 'ਤੇ ਕਬਜ਼ਾ ਕੀਤਾ ਜਾਵੇਗਾ। ਮਾਝੇ ਦੇ ਕੂਕਿਆਂ ਨੇ ਲਾਹੌਰ 'ਤੇ ਕਬਜ਼ਾ ਕਰਨਾ ਸੀ। ਮੈਂ ਆਪਣੇ ਕੰਨੀਂ (ਗੁਰੂ) ਰਾਮ ਸਿੰਘ ਜੀ ਨੂੰ ਇਹ ਆਖਦਿਆਂ ਸੁਣਿਆ ਸੀ ਕਿ ਉਨ੍ਹਾਂ ਨੂੰ ਜ਼ਰੂਰ ਰਾਜ ਕਰਨਾ ਚਾਹੀਦਾ ਹੈ ਤੇ ਉਹ ਇਸ ਕਾਰਜ 'ਚ ਉਨ੍ਹਾਂ ਦੀ ਮਦਦ ਕਰਨਗੇ। ਇਸ ਤੋਂ ਇਲਾਵਾ ਬਾਬਾ ਰਾਮ ਸਿੰਘ ਜੀ ਇੱਕ ਪੁਸਤਕ 'ਚੋਂ ਪੜ੍ਹਦੇ ਹੋਏ ਆਖਦੇ ਸਨ,"ਵੇਖੋ, ਇਹ ਗੁਰੂ ਜੀ ਦੇ ਵਚਨ ਹਨ ਕਿ ਤੁਸੀਂ ਰਾਜ ਕਰੋਗੇ।" ਸਨਿੱਚਰਵਾਰ ਨੂੰ ਕੂਕੇ ਆਪਣੇ ਘਰਾਂ ਨੂੰ ਪਰਤ ਗਏ ਸਨ। ਸਵੇਰ ਨੂੰ 100 ਕੁ ਜਣਿਆਂ ਦਾ ਇੱਕ ਗਿਰੋਹ ਕੋਟਲਾ ਵੱਲ ਰਵਾਨਾ ਹੋਇਆ ਅਤੇ ਦੁਪਹਿਰ ਦੋ ਵਜੇ 200 ਮਸਤਾਨੇ ਕੂਕੇ ਬਾਬਾ ਰਾਮ ਸਿੰਘ ਜੀ ਨੂੰ ਮਿਲ ਕੇ ਰਾਮਪੁਰ ਤੇ ਲਾਟੋਂ ਵਿਚੋਂ ਦੀ ਹੁੰਦੇ ਹੋਏ ਮਲੌਦ ਤੇ ਕੋਟਲਾ ਵੱਲ ਗਏ। ਉਹ ਰਵਾਨਗੀ ਸਮੇ ਂ ਬਹੁਤ ਹੀ ਖ਼ੁਸ਼ ਰੌਂਅ 'ਚ ਸਨ। ਮੈਂ ਲਾਟੋਂ ਤੱਕ ਉਨ੍ਹਾਂ ਦਾ ਪਿੱਛਾ ਕੀਤਾ, ਜਿਵੇ ਂ ਕਿ ਡਿਪਟੀ ਇੰਸਪੈਕਟਰ ਨੇ ਕਰਨ ਦਾ ਹੁਕਮ ਦਿੱਤਾ ਸੀ ਚੌਕੀਦਾਰਾਂ ਨੇ ਉਨ੍ਹਾਂ ਦਾ ਅੱਗੇ ਤੱਕ ਵੀ ਪਿੱਛਾ ਕੀਤਾ ਸੀ। ਉਨ੍ਹਾਂ ਦੇ ਹੱਥਾਂ 'ਚ ਕੁਹਾੜੀਆਂ ਸਨ ਤੇ ਆਖ ਰਹੇ ਸਨ ਕਿ ਉਨ੍ਹਾਂ ਦੀ ਮਨਸ਼ਾ ਕੋਟਲਾ, ਨਾਭਾ ਆਦਿ 'ਤੇ ਕਬਜ਼ਾ ਕਰਨ ਦੀ ਹੈ। ਰਵਾਨਗੀ ਸਮੇਂ ਮਸਤਾਨਿਆਂ ਨੇ ਸੂਬਾ ਸਾਹਿਬ ਸਿੰਘ ਅਤੇ ਗਿਆਨੀ ਸਿੰਘ (ਜਿਸ ਨੂੰ ਫਾਂਸੀ ਦਿੱਤੀ ਗਈ ਸੀ) ਦੇ ਸੂਬਾ ਭਰਾ ਹਰਨਾਮ ਸਿੰਘ ਨੂੰ ਵੀ ਨਾਲ ਚੱਲਣ ਲਈ

ਕਿਹਾ ਸੀ। ਉਨ੍ਹਾਂ ਜਵਾਬ ਦਿੱਤਾ ਸੀ ਕਿ ਉਹ ਉਨ੍ਹਾਂ ਦੇ ਪਿੱਛੇ-ਪਿੱਛੇ ਹੀ ਆ ਜਾਣਗੇ ਪਰ ਉਹ ਕਦੇ ਨਹੀਂ ਗਏ ਸਨ। ਸਨਿੱਚਰਵਾਰ ਨੂੰ 100 ਹੋਰ ਕੂਕੇ ਭੈਣੀ ਤੋਂ ਰਵਾਨਾ ਹੋਏ ਸਨ ਤੇ ਉਸੇ ਦਿਸ਼ਾ ਵੱਲ ਗਏ ਸਨ। ਫਿਰ ਸੋਮਵਾਰ ਸਵੇਰ ਨੂੰ ਮਲੌਦ ਤੋਂ ਇੱਕ ਕੂਕਾ ਆਇਆ ਤੇ (ਗੁਰੂ) ਰਾਮ ਸਿੰਘ ਜੀ ਨੂੰ ਮਲੌਦ 'ਤੇ ਹਮਲੇ ਅਤੇ ਕੂਕਿਆਂ ਦੇ ਅੱਗੇ ਕੋਟਲਾ ਵੱਲ ਜਾਣ ਬਾਰੇ ਵੀ ਦੱਸਿਆ; ਤਦ ਬਾਬਾ ਰਾਮ ਸਿੰਘ ਜੀ ਨੇ ਆਖਿਆ ''ਬਹੁਤ ਵਧੀਆ'' ਅੱਛਾ ਹੂਆ। ਕੂਕਿਆਂ ਨੂੰ ਲੰਗਰ ਛਕਾਇਆ ਗਿਆ ਸੀ ਤੇ ਇੱਕ ਸੇਰ ਗੁੜ ਦਿੱਤਾ ਗਿਆ ਸੀ ਤੇ ਫਿਰ ਉੱਥੋਂ ਚਲੇ ਗਏ ਸਨ। ਮੈਂ ਉੱਥੇ ਮੌਜੂਦ ਸਾਂ, ਜਦੋਂ ਇਹ ਸਭ ਕੁਝ ਵਾਪਰਿਆ। 100 ਮਸਤਾਨੇ ਜਦੋਂ ਕੋਟਲਾ ਤੋਂ ਰਵਾਨਾ ਹੋਏ ਸਨ, ਤਾਂ ਉਨ੍ਹਾਂ ਨੇ ਆਪਣੀਆਂ ਰਜ਼ਾਈਆਂ ਨੂੰ ਅੱਗ ਲਾ ਦਿੱਤੀ ਸੀ। ਉਨ੍ਹਾਂ ਦੀ ਰਵਾਨਗੀ ਤੋਂ (ਗੁਰੂ) ਰਾਮ ਸਿੰਘ ਜੀ ਇੱਕ ਵਾਰ, ਮਹਿਜ਼ ਦਿਖਾਵੇ ਲਈ, ਉਨ੍ਹਾਂ ਕੋਲ ਆਏ ਸਨ। ਉਨ੍ਹਾਂ ਆਪਣੇ ਗਲ਼ੇ ਵਿਚ ਪੱਲਾ ਪਾਇਆ ਤੇ ਮਸਤਾਨਿਆਂ ਨੂੰ ਆਖਿਆ ਕਿ ਉਹ ਭੈਣੀ ਤੋਂ ਚਲੇ ਜਾਣ ਤੇ ਉਨ੍ਹਾਂ ਦਾ ਮਾਣ ਰੱਖਣ। ਮੇਰੇ ਵਿਚਾਰ 'ਚ ਬਾਬਾ ਰਾਮ ਸਿੰਘ ਜੀ ਨੇ ਅਜਿਹਾ ਇਸ ਲਈ ਕੀਤਾ ਕਿ ਉਹ ਉਨ੍ਹਾਂ ਮਸਤਾਨਿਆਂ ਦੇ ਹਰੇਕ ਕਾਰਜ ਤੋਂ ਸੁਰਖ਼ਰੂ ਹੋ ਸਕਣ। ਕੂਕੇ ਕਦੇ ਵੀ (ਗੁਰੂ) ਰਾਮ ਸਿੰਘ ਜੀ ਦੇ ਹੁਕਮਾਂ ਤੋਂ ਬਗ਼ੈਰ ਕੁਝ ਨਹੀਂ ਕਰਨਗੇ ਅਤੇ ਸਾਰੇ ਸੂਬਿਆਂ ਨੇ ਇਸ ਗਿਰੋਹ ਨੂੰ ਮੌਕੇ 'ਤੇ ਸੱਦ ਕੇ ਸਲਾਹ-ਮਸ਼ਵਰਾ ਕੀਤਾ ਸੀ। ਲੋੜ ਪੈਣ 'ਤੇ ਉਨ੍ਹਾਂ ਇੱਕ-ਦੂਜੇ ਦੀ ਮਦਦ ਕਰਨੀ ਸੀ, ਮਿਸਾਲ ਦੇ ਤੌਰ 'ਤੇ ਭੈਣੀ ਤੋਂ ਜਿਹੜੇ ਦੋ ਗਿਰੋਹ ਬਾਅਦ 'ਚ ਰਵਾਨਾ ਹੋਏ ਸਨ, ਉਹ ਪਹਿਲੇ ਗਿਰੋਹ ਦੀ ਮਦਦ ਲਈ ਸਨ। ਫਿਰ ਉਹ ਖਿੰਡ-ਪੁੰਡ ਗਏ ਅਤੇ ਕੋਈ ਵੀ ਭੈਣੀ ਵੱਲ ਨਹੀਂ ਪਰਤਿਆ। ਬਾਬਾ ਰਾਮ ਸਿੰਘ ਜੀ ਫਿਰ ਡਿਪਟੀ ਕਮਿਸ਼ਨਰ ਦੇ ਕਹਿਣ 'ਤੇ ਮਲੌਦ ਪੁੱਜੇ ਸਨ।

ਸਰਮਤ ਖ਼ਾਨ। 14 ਜਨਵਰੀ ਨੂੰ ਕੋਟਲਾ 'ਚ ਸੂਚਨਾ ਮਿਲੀ ਸੀ ਕਿ ਕੋਟਲਾ 'ਤੇ ਹਮਲਾ ਹੋਣ ਜਾ ਰਿਹਾ ਹੈ। ਇਸੇ ਲਈ ਘੁੜਸਵਾਰ ਸਾਰੀ ਰਾਤ ਗਸ਼ਤ ਕਰਦੇ ਰਹੇ ਸਨ। ਸਵੇਰ ਨੂੰ ਉਹ ਆਪਣੇ ਘਰਾਂ ਨੂੰ ਗਏ। 15 ਜਨਵਰੀ ਨੂੰ ਲਗਭਗ 100 ਕੂਕੇ ਸਨਾਨ ਮਿਨਾਰ ਲਾਗੇ ਟੁੱਟੀ ਕੰਧ ਵਾਲੇ ਹਿੱਸੇ ਤੋਂ ਸ਼ਹਿਰ ਅੰਦਰ ਦਾਖ਼ਲ ਹੋਏ, ਉਹ ਸਿੱਧੇ ਕਿਲ੍ਹੇ ਵੱਲ ਗਏ; ਕੁਝ ਸਰਕਾਰੀ ਨੌਕਰਾਂ ਨੂੰ ਮਾਰ ਸੁੱਟਿਆ, ਕੁਝ ਕੂਕੇ ਵੀ ਮਾਰੇ ਗਏ ਸਨ। ਉਨ੍ਹਾਂ ਕੋਲ ਕੁਝ ਕ੍ਰਿਪਾਨਾਂ ਸਨ। ਮੈਂ ਵੇਖਿਆ ਕੂਕੇ ਬਾਹਰ ਜਾ ਰਹੇ ਸਨ ਪਰ ਮੈਨੂੰ ਕੋਈ ਹੁਕਮ ਜਾਰੀ ਨਹੀਂ ਹੋਏ ਸਨ। ਉਂਝ ਮੈਂ, ਨਜੀਬ ਖ਼ਾਨ, ਫੱਤਾ ਮੁਹੰਮਦ ਖ਼ਾਨ ਆਦਿ ਨੇ ਕੂਕਿਆਂ ਦਾ ਪਿੱਛਾ ਕੀਤਾ ਸੀ। ਉਹ ਨਾਈਵਾਲਾ ਖੂਹ ਲਾਗਿਓਂ ਸੜਕ ਰਸਤੇ ਸਿਕੰਦਰਪੁਰ ਵੱਲ ਗਏ। ਚਾਰ ਕੂਕੇ ਘੋੜਿਆਂ 'ਤੇ ਸਵਾਰ ਸਨ; ਉਨ੍ਹਾਂ ਕੋਲ ਗੰਡਾਸੇ, ਕੁਹਾੜੇ ਅਤੇ ਕ੍ਰਿਪਾਨਾਂ ਸਨ। ਨਵਾਬ ਦੇ ਨੌਕਰ ਉਨ੍ਹਾਂ ਦਾ ਪਿੱਛਾ ਕਰ ਰਹੇ ਸਨ ਪਰ ਜਦੋਂ ਵੀ ਕਦੇ ਕੂਕੇ ਪਿਛਾਂਹ ਵੱਲ ਤੱਕਦੇ, ਤਾਂ ਨਵਾਬ ਦੇ ਜਵਾਨ ਉੱਥੇ ਖਲੋ ਜਾਂਦੇ ਸਨ। ਕੋਟਲਾ ਤੋਂ ਇੱਕ ਕੋਹ ਦੀ ਦੂਰੀ 'ਤੇ ਕੋਟਲਾ ਦੇ ਬਾਕਰ ਅਲੀ ਤੇ ਨੱਥੂ ਨੇ ਕੂਕਿਆਂ 'ਤੇ ਦੋ ਵਾਰ ਗੋਲ਼ੀਆਂ ਚਲਾਈਆਂ। ਨੱਥੂ ਦੀ ਗੋਲ਼ੀ

ਕੂਕਿਆਂ ਦੇ ਇੱਕ ਘੋੜੇ ਨੂੰ ਲੱਗੀ ਸੀ। ਉਨ੍ਹਾਂ ਆਖਿਆ ਕਿ ਅਸੀਂ ਨਾਭਾ ਜਾ ਰਹੇ ਹਾਂ ਤੇ ਫਿਰ ਪਟਿਆਲਾ ਜਾਵਾਂਗੇ, ਉੱਥੋਂ ਫਿਰ ਉਹ ਅੱਗੇ ਦਿੱਲੀ ਵੱਲ ਨੂੰ ਜਾਣਗੇ, ਜਿੱਥੇ ਉਹ ਝੰਡਾ ਗੱਡਣਗੇ। ਤੁਸੀਂ (ਕੋਟਲਾ ਨਿਵਾਸੀਓ) ਉੱਥੇ ਆ ਕੇ ਲੜ ਲੈਣਾ। ਕੂਕੇ ਜਦੋਂ ਕੁੜ ਦੀ ਹੱਦ 'ਤੇ ਪੁੱਜ ਗਏ, ਤਾਂ ਨਵਾਬ ਦੇ ਜਵਾਨ ਪਰਤ ਗਏ। ਕੂਕੇ ਅੱਗੇ ਵਧਦੇ ਰਹੇ (ਦੁਬਾਰਾ ਆਖਿਆ)। ਕੂਕੇ ਉਸ ਪਿੰਡ 'ਚ ਰਹੇ। ਆਖ਼ਰ ਪਟਿਆਲਾ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਕੂਕਿਆਂ ਦਾ ਪਿੱਛਾ ਕੀਤਾ ਗਿਆ ਸੀ ਤੇ ਤਿੰਨ ਥਾਵਾਂ—ਨਾਈਵਾਲਾ ਦੇ ਖੂਹ, ਪੰਜਬੇਰੀ ਅਤੇ ਪਿੰਡ ਭੂਦਨ ਦੀ ਜੂਹ 'ਤੇ ਉਨ੍ਹਾਂ ਹਮਲੇ ਕੀਤੇ ਸਨ। ਮੈਂ ਇਨ੍ਹਾਂ ਸਾਰੀਆਂ ਥਾਵਾਂ 'ਤੇ ਮੌਜੂਦ ਸਾਂ ਪਰ ਸਾਨੂੰ ਕੋਈ ਹਮਲਾ ਕਰਨ ਲਈ ਨਹੀਂ ਕਿਹਾ ਗਿਆ ਸੀ। ਮੈਂ ਨਵਾਬ ਦਾ ਰਿਸਾਲਦਾਰ ਸਾਂ ਤੇ ਅੰਬਾਲਾ ਕਮਿਸ਼ਨਰ ਦੇ ਦਫ਼ਤਰ 'ਚ ਤਾਇਨਾਤ ਸਾਂ। ਪਿਛਲੇ ਸਾਲ ਤੋਂ ਬੇਰੋਜ਼ਗਾਰ ਹਾਂ। ਬਾਹਰ ਇਹ ਗੱਲ ਚੱਲ ਰਹੀ ਸੀ ਕਿ ਰਾਮਪੁਰ ਤੋਂ ਇੱਕ ਹੋਰ ਗਿਰੋਹ ਆ ਕੇ ਹਮਲਾ ਕਰਨ ਵਾਲਾ ਹੈ। ਮੈਂ ਕਿਸੇ ਨੂੰ ਨਹੀਂ ਪਛਾਣਦਾ।

ਸ਼ੇਰ ਖ਼ਾਨ, ਖ਼ਾਨ ਸਾਹਿਬ ਦਾ ਘੁੜਸਵਾਰ – ਕੋਟਲਾ 'ਤੇ ਇੱਕ ਹਫ਼ਤਾ ਪਹਿਲਾਂ ਮੈਂ ਪਿੰਡ ਫਰਵਾਹੀ ਦੇ ਨੰਬਰਦਾਰ ਕੂਕਾ ਗੁਰਮੁਖ ਸਿੰਘ ਕੋਲ 73 ਰੁਪਏ ਮਾਲੀਆ ਵਸੂਲ ਕਰਨ ਲਈ ਗਿਆ ਸਾਂ। ਉਹ ਆਪਣੀ ਸਾਰੀ ਜ਼ਮੀਨ-ਜਾਇਦਾਦ ਵੇਚਣੀ ਚਾਹੁੰਦੇ ਸਨ ਅਤੇ ਇਸੇ ਲਈ ਖ਼ਾਨ ਸਾਹਿਬ ਉਨ੍ਹਾਂ ਤੋਂ ਜ਼ਮੀਨ ਦਾ ਮਾਲੀਆ ਵਸੂਲ ਕਰਨ ਲਈ ਫ਼ਿਕਰਮੰਦ ਸਨ। ਮੈਂ ਉਨ੍ਹਾਂ ਨੂੰ ਕੋਟਲਾ ਲੈ ਕੇ ਆਇਆ। ਰਾਹ 'ਚ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਆਪਣੀ ਜ਼ਮੀਨ ਕਿਉਂ ਵੇਚ ਰਹੇ ਹਨ; ਤਾਂ ਉਨ੍ਹਾਂ ਕਿਹਾ ਕਿ ਉਹ (ਕੂਕੇ) ਦੇਸ਼ 'ਤੇ ਰਾਜ ਕਰਨ ਜਾ ਰਹੇ ਹਨ ਅਤੇ ਇਸੇ ਲਈ ਚੰਗਾ ਹੈ ਸਾਰੀ ਜਾਇਦਾਦ ਰੱਬ ਦੇ ਨਾਂਅ 'ਤੇ ਦੇ ਦਿੱਤੀ ਜਾਵੇ। ਫਿਰ 15 ਜਨਵਰੀ, 1872 ਨੂੰ ਕੋਟਲਾ 'ਤੇ ਹਮਲਾ ਹੋ ਗਿਆ। ਕਾਜ਼ੀ ਖ਼ੁਦਾ ਬਖ਼ਸ਼ ਤੇ ਰਿਸਾਲਦਾਰ ਮੀਰਮ ਬਖ਼ਸ਼ ਨੇ ਕੂਕਿਆਂ ਦਾ ਪਿੱਛਾ ਕੀਤਾ। ਮੈਂ ਵੀ ਉਨ੍ਹਾਂ ਦੇ ਨਾਲ ਹੀ ਸਾਂ। ਅਸੀਂ ਰੜ੍ਹ 'ਚ ਜਾ ਕੇ ਉਨ੍ਹਾਂ ਨੂੰ ਫੜ ਲਿਆ। ਉਹ ਲਗਭਗ 100 ਜਣੇ ਸਨ; ਉਨ੍ਹਾਂ ਕੋਲ ਕ੍ਰਿਪਾਨਾਂ, ਗੰਡਾਸੇ, ਕੁਹਾੜੀਆਂ ਤੇ ਡਾਂਗਾਂ ਸਨ। ਚਾਰ ਜਣੇ ਘੁੜਸਵਾਰ ਸਨ। ਉੱਥੇ ਕੂਕਿਆਂ ਨੇ ਕਿਹਾ– ''ਅਸੀਂ ਕੋਈ ਮਾਲ-ਅਸਬਾਬ ਨਹੀਂ ਲੁੱਟਿਆ, ਬਿਹਤਰ ਇਹੋ ਰਹੇਗਾ ਕਿ ਉਹ (ਕੋਟਲਾ ਨਿਵਾਸੀ) ਪਰਤ ਜਾਣ।'' ਕੂਕੇ ਅੱਗੇ ਵਧਦੇ ਰਹੇ ਅਤੇ ਮੈਂ ਇੱਕ ਬੰਦੂਕ ਲੈਣ ਲਈ ਕੋਟਲਾ ਗਿਆ, ਬੰਦੂਕ ਦੇ ਦਿੱਤੀ ਗਈ ਅਤੇ ਫਿਰ ਮੈਂ ਘੁੜਸਵਾਰਾਂ ਨਾਲ ਸ਼ਾਮਲ ਹੋ ਗਿਆ ਸਾਂ। ਕੂਕੇ ਰੜ੍ਹ ਗਏ, ਉਸ ਤੋਂ ਬਾਅਦ ਮੈਂ ਕੂਕਿਆਂ ਨੂੰ ਪੰਜਬੇਰੀ 'ਚ ਨਹੀਂ ਵੇਖਿਆ। ਮੈਂ ਫਰਵਾਹੀ ਦੇ ਗੁਰਮੁਖ ਸਿੰਘ ਨੂੰ ਪਛਾਣਦਾ ਹਾਂ, ਹੋਰ ਕਿਸੇ ਨੂੰ ਨਹੀਂ। ਗੁਰਮੁਖ ਸਿੰਘ ਨੂੰ 17 ਜਨਵਰੀ, 1872 ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ; ਉਸ ਨੇ ਕਿਹਾ ਸੀ *ਕੋਟਲਾ 'ਚ ਅੱਗ ਦੀ ਇੱਕ ਚੰਗਿਆੜੀ ਸੁੱਟ ਦਿੱਤੀ ਗਈ ਹੈ; ਉੱਥੇ ਇੱਕ ਭਾਂਬੜ ਉੱਠੇਗਾ ਅਤੇ ਤਿੰਨ ਔਰਤਾਂ ਲਈ ਇੱਕ ਮਰਦ ਵੀ ਨਹੀਂ ਬਚੇਗਾ।

*ਅਸਲ 'ਚ ਵੀ ਖਾਲੀ ਹੈ

ਰਿਸਾਲਦਾਰ ਫਿਰ ਸਾਡੇ ਤੋਂ ਵੱਖ ਹੋ ਗਿਆ ਅਤੇ ਉਸ ਤੋਂ ਬਾਅਦ ਉਸ ਬਾਰੇ ਮੈਂ ਕੁਝ ਨਹੀਂ ਸੁਣਿਆ।

ਗੁਲਾਬ ਸਿੰਘ, ਰੜ੍ਹ ਦਾ ਨੰਬਰਦਾਰ। ਕੋਟਲਾ 'ਤੇ ਹਮਲੇ ਵਾਲੇ ਦਿਨ ਮੈਂ ਨਵਾਬ ਸਾਹਿਬ ਦੇ ਰਿਸਾਲਦਾਰ ਤੋਂ ਇੱਕ ਮੱਝ ਖ਼ਰੀਦਣ ਲਈ ਕੋਟਲਾ ਆਇਆ ਸਾਂ। ਬੰਸੀ ਦੀ ਦੁਕਾਨ 'ਤੇ ਮੈਂ 80 ਕੂਕਿਆਂ ਨੂੰ ਸ਼ਹਿਰ ਤੋਂ ਬਾਹਰ ਜਾਂਦਿਆਂ ਤੱਕਿਆ। ਉਹ ਕ੍ਰਿਪਾਨਾਂ, ਗੰਡਾਸਿਆਂ, ਕੁਹਾੜੀਆਂ ਤੇ ਡਾਂਗਾਂ ਨਾਲ ਲੈਸ ਸਨ। ਉਹ ਉੱਚੀ-ਉੱਚੀ ਆਖ ਰਹੇ ਸਨ, ''ਅਸੀਂ ਮਹੂਰਤ ਕਰ ਦਿੱਤਾ ਹੈ ਤੇ ਅਗਲੀ ਵਾਰ ਸਤਿਗੁਰੂ ਨੂੰ ਨਾਲ ਲਿਆਵਾਂਗੇ ਅਤੇ ਤਦ ਅਸੀਂ ਕੋਟਲਾ ਦੀ ਇੱਟ ਨਾਲ ਇੱਟ ਖੜਕਾ ਦੇਵਾਂਗੇ।'' ਮੈਂ ਆਪਣੇ ਪਿੰਡ ਗਿਆ। ਬਾਅਦ 'ਚ ਕੂਕਿਆਂ ਦਾ ਕੋਈ ਵੀ ਗਿਰੋਹ ਇਸ ਪਿੰਡ ਵਿੱਚੋਂ ਦੀ ਨਹੀਂ ਲੰਘਿਆ। ਫਰਵਾਹੀ ਦਾ ਗੁਰਮੁਖ ਸਿੰਘ ਬਾਕੀਆਂ ਤੋਂ ਅਗਾਂਹ ਜਾ ਰਿਹਾ ਸੀ ਅਤੇ ਮੈਂ ਉਸ ਨੂੰ ਪਛਾਣ ਲਿਆ। ਮੈਂ ਉਸ ਤੋਂ ਕੋਈ ਸੁਆਲ ਨਹੀਂ ਕੀਤਾ।

ਨੱਥੂ। ਹਮਲੇ ਵਾਲੇ ਦਿਨ ਮੈਂ ਵੀ ਕਿਲ੍ਹੇ ਵੱਲ ਆਇਆ ਸਾਂ। ਉੱਥੇ ਲਗਭਗ 80 ਕੂਕੇ ਸਨ। ਉਹ ਸਾਰੇ ਹਥਿਆਰਾਂ ਨਾਲ ਲੈਸ ਸਨ, ਕੁਝ ਕੋਲ ਕ੍ਰਿਪਾਨਾਂ ਤੇ ਕੁਝ ਹੋਰਨਾਂ ਕੋਲ ਕੁਹਾੜੀਆਂ, ਗੰਡਾਸੇ ਤੇ ਡਾਂਗਾਂ ਸਨ। ਕੋਟਲਾ ਦੇ ਲੋਕ ਉਨ੍ਹਾਂ ਦਾ ਪਿੱਛਾ ਕਰ ਰਹੇ ਸਨ। ਮੈਂ ਵੀ ਉਨ੍ਹਾਂ ਦੇ ਪਿੱਛੇ ਗਿਆ। ਨਵਾਬ ਦੇ ਖੂਹ 'ਤੇ ਉਨ੍ਹਾਂ 'ਤੇ ਹਮਲਾ ਕੀਤਾ ਗਿਆ ਸੀ। *'ਚ ਕੂਕੇ ਮੁੜੇ ਤੇ ਕੋਟਲਾ ਦੇ ਲੋਕਾਂ ਨੂੰ ਕਿਹਾ ਕਿ ਉਹ ਉਨ੍ਹਾਂ ਦਾ ਪਿੱਛਾ ਨਾ ਕਰਨ ਕਿਉਂਕਿ ਉਹ ਦਿੱਲੀ ਜਾ ਰਹੇ ਸਨ। ਇੱਕ ਘੁੜਸਵਾਰ ਕੂਕਾ ਮੇਰੇ ਕੋਲ ਆਇਆ ਅਤੇ ਮੈਂ ਉਸ 'ਤੇ ਗੋਲ਼ੀ ਚਲਾ ਦਿੱਤੀ, ਉਸ ਦਾ ਘੋੜਾ ਥਾਏਂ ਮਰ ਗਿਆ। ਤਦ ਉਸ ਨੂੰ ਬਾਕੀ ਦੇ ਕੂਕੇ ਆਪਣੇ ਨਾਲ ਲੈ ਗਏ। ਕੂਕੇ ਜਿਵੇਂ ਹੀ ਪਿੱਛੇ ਮੁੜੇ ਸਨ, ਕੋਟਲਾ ਦੇ ਲੋਕ ਪਹਿਲਾਂ ਉੱਥੇ ਹੀ ਖਲੋ ਗਏ ਸਨ ਤੇ ਫਿਰ ਵਾਪਸ ਹੋ ਗਏ ਸਨ। ਮੈਂ ਉਨ੍ਹਾਂ ਦਾ ਰੜ੍ਹ ਦੀ ਹੱਦ ਤੱਕ ਪਿੱਛਾ ਕੀਤਾ ਤੇ ਫਿਰ ਪਰਤ ਆਇਆ ਸਾਂ। ਦੂਜੇ ਕੂਕੇ ਇਨ੍ਹਾਂ ਨਾਲ ਆ ਕੇ ਨਹੀਂ ਮਿਲੇ ਸਨ ਪਰ ਬਾਹਰ ਅਜਿਹੀ ਅਫ਼ਵਾਹ ਸੀ ਕਿ ਇੱਥੇ ਇੱਕ ਹੋਰ ਹਮਲਾ ਹੋਣ ਵਾਲਾ ਹੈ।

*ਅਸਲ 'ਚ ਵੀ ਖਾਲੀ ਹੈ

ਸਾਹਿਬਾ, ਰੱਬੋਂ ਦਾ ਜ਼ਿਮੀਂਦਾਰ। ਮਲੌਦ 'ਤੇ ਹਮਲੇ ਤੋਂ ਹਮਲੇ ਤੋਂ ਪਹਿਲਾਂ 90 ਕੂਕੇ ਭੈਣੀ ਤੋਂ ਆਏ ਸਨ ਤੇ ਸਾਡੇ ਖੂਹ 'ਤੇ ਰੁਕੇ ਸਨ; ਰਾਤ ਪੈ ਚੁੱਕੀ ਸੀ, ਉਨ੍ਹਾਂ ਕੋਲ ਕੁਹਾੜੀਆਂ, ਗੰਡਾਸੇ ਤੇ ਡਾਂਗਾਂ ਸਨ; ਉਹ ਉੱਥੇ ਸਾਰਾ ਦਿਨ ਰਹੇ; ਉਨ੍ਹਾਂ ਕੂਕਿਆਂ ਲਹਿਣਾ ਸਿੰਘ, ਨਾਰਾਇਣ ਸਿੰਘ, ਸਧਾਣਾ ਤੋਂ ਬਰਤਨ ਲਏ ਅਤੇ ਲੰਗਰ ਤਿਆਰ ਕੀਤਾ। ਧੁੰਮਾ ਸਿੰਘ, ਖ਼ਜ਼ਾਨ ਸਿੰਘ ਆਦਿ (12 ਜਣੇ) ਉਨ੍ਹਾਂ ਨਾਲ ਸ਼ਾਮਲ ਹੋਏ ਸਨ। ਉਨ੍ਹਾਂ ਕਿਹਾ ਗੁਰੂ ਕਾ ਭਾਣਾ ਹੋ ਗਿਆ, ਖ਼ਾਲਸਾ ਪੈਦਾ ਹੋ ਗਿਆ)। ਉਹ ਦੇਸ਼ 'ਤੇ ਰਾਜ ਕਰਨਗੇ। ਉਨ੍ਹਾਂ ਕਿਹਾ- ਅਸੀਂ ਕੋਟਲਾ ਜਾਵਾਂਗੇ ਅਤੇ ਫਿਰ ਰੜ੍ਹ, ਸੂਰਜ ਛਿਪਣ ਤੋਂ ਤਿੰਨ ਘੜੀਆਂ ਪਹਿਲਾਂ ਉਹ ਕੋਟਲਾ ਲਈ ਰਵਾਨਾ ਹੋ ਗਏ। ਉਹ ਮੇਰੇ ਖੂਹ 'ਤੇ ਰੁਕੇ ਸਨ ਕਿਉਂਕਿ ਉਹ ਮੇਰੇ ਪਿੰਡ ਦੇ ਲਹਿਣਾ ਸਿੰਘ ਨੂੰ ਜਾਣਦੇ ਸਨ। ਅਗਲੇ ਦਿਨ ਸੂਰਜ ਚੜ੍ਹਨ ਤੋਂ ਇੱਕ ਘੜੀ ਬਾਅਦ, ਅਸੀਂ ਮਲੌਦ ਅਤੇ ਕੋਟਲਾ 'ਤੇ

ਹਮਲੇ ਦੀਆਂ ਖ਼ਬਰਾਂ ਸੁਣੀਆਂ। ਮੈਂ ਆਪਣੇ ਪਿੰਡ ਦੇ ਕੂਕਿਆਂ ਨੂੰ ਪਛਾਣਦਾ ਹਾਂ, ਜੋ ਉਨ੍ਹਾਂ 'ਚ ਸ਼ਾਮਲ ਹੋ ਗਏ ਸਨ। ਮੈਂ ਡਰਦੇ ਮਾਰੇ ਨੇ ਉਨ੍ਹਾਂ ਨਾਲ ਕੋਈ ਗੱਲ ਨਹੀਂ ਕੀਤੀ ਸੀ ਪਰ ਮੇਰੇ ਪਿੰਡ ਦੇ ਕੂਕਿਆਂ ਨੇ ਦੱਸਿਆ ਸੀ ''ਸਤਿਗੁਰੂ ਦੇ ਹੁਕਮ ਹਨ, ਇਸ ਲਈ ਅਸੀਂ ਵੀ ਉਨ੍ਹਾਂ 'ਚ ਸ਼ਾਮਲ ਹੋਵਾਂਗੇ ਤੇ ਕੋਟਲਾ ਜਾਵਾਂਗੇ।'' ਇਹ ਸਭ ਕੁਝ ਹੋਣ ਤੋਂ ਪਹਿਲਾਂ ਕੂਕਿਆਂ ਨੇ ਇਹ ਵੀ ਦੱਸਿਆ ਸੀ ਕਿ ਲੋਹੜੀ ਮੌਕੇ ਉੱਥੇ ਇੱਕ ਵੱਡਾ ਇਕੱਠ ਹੋਵੇਗਾ।

ਅਤਰ ਸਿੰਘ, ਰੜ੍ਹ ਦੇ ਨੰਬਰਦਾਰ ਦਾ ਬਿਆਨ। ਕੋਟਲਾ 'ਤੇ ਹਮਲੇ ਵੇਲੇ ਦੁਪਹਿਰ ਨੂੰ ਕੂਕੇ ਮੇਰੇ ਪਿੰਡ ਆਏ ਸਨ। ਮੈਂ ਆਪਣੇ ਪਿੰਡ ਦੇ ਹੀਰਾ ਸਿੰਘ ਨੂੰ ਜ਼ਖ਼ਮੀਆਂ ਨਾਲ ਗੱਲਬਾਤ ਕਰਦਿਆਂ ਵੇਖਿਆ ਸੀ; ਮੈਂ ਘੋੜੇ 'ਤੇ ਜਮਾਲ ਸਿੰਘ ਨੂੰ ਥਾਣੇ ਭੇਜਿਆ। ਅੰਤ 'ਚ ਨਾਜ਼ਿਮ ਮੌਕੇ 'ਤੇ ਪੁੱਜਾ ਅਤੇ ਸਾਰੇ ਕੂਕਿਆਂ ਨੂੰ ਗ੍ਰਿਫ਼ਤਾਰ ਕਰ ਕੇ ਸ਼ੇਰਪੁਰ ਥਾਣੇ ਲੈ ਗਿਆ। ਮੈਂ ਆਪਣੇ ਪਿੰਡ ਦੇ ਛੇ ਜਣਿਆਂ (ਜਿਵੇਂ ਕਿ ਜਮਾਲ ਸਿੰਘ ਨੇ ਦੱਸਿਆ ਸੀ) ਅਤੇ ਫਰਵਾਹੀ ਦੇ ਗੁਰਮੁਖ ਸਿੰਘ ਨੂੰ ਜਾਣਦਾ ਹਾਂ, ਜੋ ਬਗ਼ਾਵਤ 'ਚ ਸ਼ਾਮਲ ਸਨ। ਤਦ ਕੂਕਿਆਂ ਨੇ ਆਖਿਆ ਸੀ ਕਿ ਜੇ ਉਹ ਮਾਰੇ ਗਏ, ਤਾਂ ਵੀ ਕੋਈ ਗੱਲ ਨਹੀਂ ਪਰ ਗੁਰੂ ਜੀ ਦੇ ਵਚਨ ਜ਼ਰੂਰ ਪੂਰੇ ਹੋਣੇ ਚਾਹੀਦੇ ਹਨ; ਹਾਲੇ ਸੱਤ ਲੱਖ ਕੂਕੇ ਪਏ ਹਨ। ਉਨ੍ਹਾਂ ਕੋਲ ਲਹੂ ਨਾਲ ਲਿੱਬੜੀਆਂ ਕ੍ਰਿਪਾਨਾਂ, ਕੁਹਾੜੀਆਂ ਤੇ ਗੰਡਾਸੇ ਸਨ। ਉਨ੍ਹਾਂ ਆਪਣੀ ਅਗਲੇਰੀ ਮਨਸ਼ਾ ਦਾ ਕੋਈ ਜ਼ਿਕਰ ਨਹੀਂ ਕੀਤਾ ਸੀ। ਇਹ ਸਭ ਕੁਝ ਹੋਣ ਤੋਂ ਪਹਿਲਾਂ ਕੂਕਿਆਂ ਨੇ ਇਸ ਪਿੰਡ 'ਚ ਆਖਿਆ ਸੀ ਕਿ ਜਦੋਂ ਗੁਰੂ ਜੀ ਦੇ ਵਚਨ ਪੂਰੇ ਹੋਣਗੇ ਤਾਂ ਸਫ਼ ਚੁਕੀ ਜਾਵੇਗੀ, ਭਾਵ ਮੌਜੂਦਾ ਸਰਕਾਰ ਨਹੀਂ ਰਹੇਗੀ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਰਾਜ ਕਾਇਮ ਹੋ ਜਾਵੇਗਾ।

ਜਾਮੀ, ਭੂਰ ਦੇ ਨੰਬਰਦਾਰ ਦਾ ਬਿਆਨ। ਹਮਲੇ ਵਾਲੇ ਦਿਨ ਸੂਰਜ ਚੜ੍ਹਨ ਤੋਂ ਇੱਕ ਘੜੀ ਬਾਅਦ ਵੇਖਿਆ ਕਿ ਲਗਭਗ 100 ਕੂਕੇ ਪਿੰਡ ਦੇ ਲਾਗਿਓਂ ਲੰਘ ਰਹੇ ਸਨ; ਕੋਟਲਾ ਦੇ ਲੋਕ ਉਨ੍ਹਾਂ ਦਾ ਪਿੱਛਾ ਕਰ ਰਹੇ ਸਨ। ਕੂਕਿਆਂ ਕੋਲ ਨੰਗੀਆਂ ਕ੍ਰਿਪਾਨਾਂ, ਗੰਡਾਸੇ ਤੇ ਕੁਹਾੜੀਆਂ ਸਨ; ਉਹ ਉੱਚੀ-ਉੱਚੀ ਆਖ ਰਹੇ ਸਨ, ''ਖ਼ਾਲਸਾ ਪ੍ਰਗਟ ਹੋ ਗਿਆ, ਹਾਲੇ ਤਾਂ ਕੋਟਲਾ 'ਚ ਥੋੜ੍ਹੀ ਗੜਬੜ ਕੀਤੀ ਹੈ ਪਰ ਹਾਲੇ ਵੱਡਾ ਗ਼ਦਰ ਮਚਾਉਣਾ ਹੈ। ਸਤਿਗੁਰੂ ਦਿੱਲੀ ਦੇ ਤਖ਼ਤ 'ਤੇ ਬੈਠਣਗੇ ਅਤੇ ਕੂਕਿਆਂ ਦਾ ਪਾਸਾਰ ਹੋਵੇਗਾ, ਖ਼ਾਲਸਾ ਦੇਸ਼ 'ਤੇ ਰਾਜ ਕਰੇਗਾ।'' ਮੈਂ ਕੋਟਲਾ ਦੇ ਲੋਕਾਂ ਨਾਲ ਰੜ੍ਹ ਤੱਕ ਗਿਆ। ਅਜਿਹੀ ਅਫ਼ਵਾਹ ਫੈਲੀ ਹੋਈ ਸੀ ਕਿ ਕੂਕੇ ਸੁੱਗਾਬਨ ਤੇ ਰੱਬੋਂ 'ਚ ਇਕੱਠੇ ਹੋਏ ਹਨ ਤੇ ਇੱਕ ਹੋਰ ਹਮਲਾ ਕਰਨਗੇ। ਇਹ ਗਿਰੋਹ ਕੋਟਲਾ ਤੋਂ ਆਇਆ ਸੀ। ਮੈਂ ਫਰਵਾਹੀ ਦੇ ਕੂਕਾ ਗੁਰਮੁਖ ਸਿੰਘ ਨੂੰ ਪਛਾਣ ਲਿਆ ਸੀ। ਮੈਂ ਕੂਕਿਆਂ ਨਾਲ ਕੋਈ ਗੱਲ ਨਹੀਂ ਕੀਤੀ ਸੀ; ਉਨ੍ਹਾਂ ਦੇ ਪਿੰਡ 'ਚ ਕੋਈ ਕੂਕਾ ਨਹੀਂ ਸੀ। ਇਹ ਹਮਲਾ ਹੋਣ ਤੋਂ ਪਹਿਲਾਂ ਗੁਰਮੁਖ ਸਿੰਘ ਨੇ ਮੈਨੂੰ ਸਮਝਾਇਆ ਸੀ ਕਿ ਮੈਂ ਵੀ ਕੂਕਾ ਬਣ ਜਾਵਾਂ, ਉਸ ਨੇ ਆਖਿਆ ਸੀ ਜਾਗੀਰਦਾਰ ਤੱਕ ਕੂਕੇ ਬਣ ਚੁੱਕੇ ਹਨ। ਹੋਰ ਕੋਈ ਗਿਰੋਹ ਮੇਰੇ ਪਿੰਡ ਵਿੱਚੋਂ ਦੀ ਨਹੀਂ ਲੰਘਿਆ।

ਲਹਿਣਾ ਸਿੰਘ ਕੂਕਾ, ਨਿਵਾਸੀ ਰੱਬੋਂ ਦਾ ਬਿਆਨ। ਮਲੌਦ ਤੇ ਕੋਟਲਾ 'ਤੇ ਹਮਲੇ ਤੋਂ ਪਹਿਲਾਂ ਦੀ ਰਾਤ ਨੂੰ ਲਗਭਗ 100 ਕੂਕੇ ਭੈਣੀ ਤੋਂ ਆਏ ਸਨ ਤੇ ਪਿੰਡ ਤੋਂ 600-700 ਕਦਮਾਂ ਦੀ ਦੂਰੀ 'ਤੇ ਮੇਰੇ ਖੂਹ 'ਤੇ ਰੁਕੇ ਸਨ। ਇਹ ਖੂਹ ਠੁੱਲਾ ਤੇ ਸਾਹਿਬ ਸਿੰਘ ਦਾ ਵੀ ਹੈ। ਉਨ੍ਹਾਂ ਕੋਲ ਕੁਹਾੜੀਆਂ, ਗੰਡਾਸੇ ਤੇ ਡਾਂਗਾਂ ਸਨ; ਤਿੰਨ ਕੋਲ ਖੱਚਰਾਂ ਸਨ। ਮੈਂ ਪਿਛਲੇ ਛੇ ਵਰ੍ਹਿਆਂ ਤੋਂ ਕੂਕਾ ਹਾਂ। ਬਾਬਾ ਰਾਮ ਸਿੰਘ ਜੀ ਨੇ ਮੈਨੂੰ ਨਾਮ ਦਿੱਤਾ ਸੀ। ਕੂਕਿਆਂ ਕੋਲ ਆਟਾ, ਘੀ ਤੇ ਖੰਡ ਸੀ। ਉਨ੍ਹਾਂ ਨਾਰਾਇਣ ਸਿੰਘ ਤੇ ਮੇਰੇ ਕੋਲੋਂ ਬਰਤਨ ਲਏ ਸਨ ਤੇ ਆਪਣਾ ਖਾਣਾ ਤਿਆਰ ਕੀਤਾ ਸੀ। ਉਹ ਸਾਰਾ ਦਿਨ ਖੂਹ 'ਤੇ ਰਹੇ ਸਨ। ਮੈਂ ਆਪਣੇ ਪਿੰਡ ਦੇ 12 ਜਣਿਆਂ ਨੂੰ ਜਾਣਦਾ ਹਾਂ, ਜੋ ਇਸ ਗਿਰੋਹ 'ਚ ਸ਼ਾਮਲ ਹੋਏ ਸਨ (ਜਿਵੇਂ ਕਿ ਹਕੂਮਤ ਨੇ ਦੱਸਿਆ ਸੀ)। ਇਨ੍ਹਾਂ 12 'ਚੋਂ ਸਾਹਿਬ ਸਿੰਘ, ਵਜ਼ੀਰ ਸਿੰਘ ਤੇ ਖ਼ਜ਼ਾਨ ਸਿੰਘ ਉਨ੍ਹਾਂ ਖੂਹਾਂ 'ਤੇ ਕੰਮ ਕਰ ਰਹੇ ਸਨ। ਕੂਕਿਆਂ ਨੇ ਦੱਸਿਆ ਕਿ ਉਹ ਪਹਿਲਾਂ ਕੋਟਲਾ ਜਾਣਗੇ ਅਤੇ ਫਿਰ ਰੜ੍ਹ। ਉਨ੍ਹਾਂ ਕਿਹਾ ਕਿ ਖ਼ਾਲਸਾ ਰਾਜ ਕਰੇਗਾ, ਇਹ ਪ੍ਰਗਟ ਹੋ ਗਿਆ ਹੈ। ਮੈਂ ਹੀਰਾ ਸਿੰਘ, ਲਹਿਣਾ ਸਿੰਘ ਵਾਸੀ ਸਕਰੌਦੀ, ਮੇਘਾ ਸਿੰਘ ਵਾਸੀ ਮਹਿਰਾਜ, ਗੁਰਮੁਖ ਸਿੰਘ ਵਾਸੀ ਫਰਵਾਹੀ ਤੇ ਲਹਿਰਾ ਦੇ ਸੁਹੇਲ ਸਿੰਘ ਨੂੰ ਵੀ ਜਾਣਦਾ ਹਾਂ। ਉਹ ਮੇਰੇ ਖੂਹ 'ਤੇ ਰੁਕੇ ਸਨ ਕਿਉਂਕਿ ਉਹ ਮੈਨੂੰ ਜਾਣਦੇ ਸਨ ਤੇ ਮੈਂ ਕੂਕਾ ਸਾਂ। ਸੂਰਜ ਛਿਪਣ ਤੋਂ ਤਿੰਨ ਘੜੀਆਂ ਪਹਿਲਾਂ ਉਹ ਇੱਥੋਂ ਚਲੇ ਗਏ। ਜਿਹੜੇ 12 ਜਣੇ ਮੇਰੇ ਪਿੰਡ 'ਚੋਂ ਸ਼ਾਮਲ ਹੋਏ ਸਨ, ਉਨ੍ਹਾਂ 'ਚੋਂ ਸਾਹਿਬ ਸਿੰਘ ਪਰਤ ਆਏ ਸਨ। ਮੈਨੂੰ ਵੀ ਨਾਲ ਚੱਲਣ ਲਈ ਕਿਹਾ ਗਿਆ ਸੀ ਪਰ ਮੈਂ ਜਵਾਬ ਦਿੱਤਾ ਸੀ ਕਿ ਮੈਂ ਬਜ਼ੁਰਗ ਤੇ ਕਮਜ਼ੋਰ ਹੋ ਗਿਆ ਹਾਂ। ਅਗਲੇ ਦਿਨ ਮੈਂ ਸੁਣਿਆ ਕਿ ਕੂਕਿਆਂ ਨੇ ਕੋਟਲਾ ਤੇ ਮਲੌਦ 'ਚ ਗੜਬੜੀਆਂ ਕਰ ਦਿੱਤੀਆਂ ਸਨ। ਛੇ ਜਣਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ ਹੈ, ਪੰਜ ਹਾਲੇ ਵੀ ਫ਼ਰਾਰ ਹਨ। ਕੋਈ ਹੋਰ ਗਿਰੋਹ ਇਸ ਪਿੰਡ 'ਚੋਂ ਦੀ ਨਹੀਂ ਲੰਘਿਆ। ਕੂਕਿਆਂ ਨੇ ਅਤੇ ਮੇਰੇ ਪਿੰਡ ਦੇ ਹੋਰ ਕੂਕਿਆਂ ਨੇ ਵੀ ਮੈਨੂੰ ਆਖਿਆ ਕਿ ਦੇਸ਼ 'ਤੇ ਉਨ੍ਹਾਂ ਦਾ ਰਾਜ ਕਾਇਮ ਹੋ ਗਿਆ ਹੈ। ਇਨ੍ਹਾਂ ਵਾਰਦਾਤਾਂ ਤੋਂ ਪਹਿਲਾਂ ਕੂਕਿਆਂ ਤੋਂ ਕਦੇ ਕੁਝ ਨਹੀਂ ਸੁਣਿਆ ਸੀ। ਉਨ੍ਹਾਂ ਭੈਣੀ 'ਚ ਹੀ ਕੋਈ ਯੋਜਨਾ ਉਲੀਕੀ ਹੋਵੇਗੀ।

ਹਕੂਮਤ, ਰੱਬੋਂ ਦੇ ਨੰਬਰਦਾਰ ਦਾ ਬਿਆਨ। ਕੋਟਲਾ ਅਤੇ ਮਲੌਦ 'ਤੇ ਹਮਲੇ ਤੋਂ ਪਹਿਲਾਂ ਦੀ ਰਾਤ ਨੂੰ 90 ਕੂਕੇ ਭੈਣੀ ਤੋਂ ਆਏ ਸਨ ਤੇ ਸਾਹਿਬ ਸਿੰਘ ਤੇ ਲਹਿਣਾ ਸਿੰਘ ਦੇ ਖੂਹ 'ਤੇ ਰੁਕੇ ਸਨ। ਉਨ੍ਹਾਂ ਲੰਗਰ ਤਿਆਰ ਕਰਨ ਲਈ ਲਹਿਣਾ ਸਿੰਘ ਤੇ ਨਾਰਾਇਣ ਸਿੰਘ ਤੋਂ ਬਰਤਨ ਲਏ ਸਨ। ਉਹ ਰਾਤ ਦੀ ਆਖ਼ਰੀ ਘੜੀ ਮੌਕੇ ਆਏ ਸਨ। ਸਾਡੇ ਪਿੰਡ ਦੇ ਹੇਠ ਲਿਖੇ ਵਿਅਕਤੀ ਉਨ੍ਹਾਂ ਨਾਲ ਸ਼ਾਮਲ ਹੋ ਗਏ ਸਨ:

1. ਦਿਆ ਸਿੰਘ, 2. ਸੋਹਨ ਸਿੰਘ, 3. ਬੇਲਾ ਸਿੰਘ, 4. ਸੋਭਾ ਸਿੰਘ, 5. ਸਰਮੁਖ, 6. ਸੇਵਾ ਸਿੰਘ, 7. ਦਿਆ ਸਿੰਘ - ਰਾਮਦੋਨਾ, 8. ਮਾਕਾ ਸਿੰਘ, 9. ਉੱਤਰ ਸਿੰਘ, 10. ਸਾਹਿਬ ਸਿੰਘ, 11. ਵਜ਼ੀਰ ਸਿੰਘ, 12. ਖ਼ਜ਼ਾਨ ਸਿੰਘ।

ਇਸ ਗਿਰੋਹ ਨੇ ਦੱਸਿਆ ਸੀ ਕਿ ਉਹ ਪਹਿਲਾਂ ਕੋਟਲਾ ਜਾਣਗੇ, ਫਿਰ ਰਰੂੜ

ਤੇ ਸਕਰੌਦੀ, ''ਖ਼ਾਲਸਾ ਪ੍ਰਗਟ ਹੋ ਗਿਆ ਹੈ, ਹੁਣ ਦੇਸ਼ ਉੱਤੇ ਉਨ੍ਹਾਂ ਦਾ ਹੀ ਰਾਜ ਹੋਵੇਗਾ'' ਉਨ੍ਹਾਂ ਇਹ ਗੱਲ ਸਤਿਗੁਰੂ ਤੋਂ ਸੁਣੀ ਸੀ। ਉਹ ਸੂਰਜ ਛਿਪਣ ਤੋਂ ਤਿੰਨ ਘੜੀਆਂ ਪਹਿਲਾਂ ਸਾਡੇ ਪਿੰਡ ਤੋਂ ਦੂਹਾਲ ਲਈ ਰਵਾਨਾ ਹੋ ਗਏ ਸਨ; ਉਨ੍ਹਾਂ ਕੋਲ ਗੰਡਾਸੇ, ਕੁਹਾੜੀਆਂ ਤੇ ਡਾਂਗਾਂ ਸਨ। ਪੁੱਛਣ 'ਤੇ ਉਨ੍ਹਾਂ ਕਿਹਾ ਸੀ, ''ਅਸੀਂ ਆਪਣੀ ਖ਼ੁਸ਼ੀ ਨਾਲ ਕੋਟਲਾ ਜਾ ਰਹੇ ਹਾਂ।'' ਮੈਂ ਸਿਰਫ਼ ਆਪਣੇ ਪਿੰਡ ਦੇ ਕੂਕਿਆਂ ਨੂੰ ਹੀ ਪਛਾਣਦਾ ਹਾਂ, ਹੋਰ ਕਿਸੇ ਨੂੰ ਨਹੀਂ। ਕੋਈ ਹੋਰ ਗਿਰੋਹ ਸਾਡੇ ਪਿੰਡ ਵਿੱਚੋਂ ਦੀ ਨਹੀਂ ਲੰਘਿਆ। ਮੇਰੇ ਪਿੰਡ ਦੇ ਕੂਕਿਆਂ ਨੇ ਦੱਸਿਆ ਸੀ ਕਿ ''ਭੈਣੀ ਦੇ ਗੁਰੂ ਜੀ ਥੋੜ੍ਹੇ ਸਮੇਂ 'ਚ ਹੀ ਲੰਘਣਗੇ।'' ਉਨ੍ਹਾਂ ਦੇ ਪਿੰਡ ਦੇ ਪੰਜ ਕੂਕੇ ਹਾਲੇ ਵੀ ਫ਼ਰਾਰ ਹਨ; ਛੇ ਨੂੰ ਤੋਪਾਂ ਨਾਲ ਉਡਾਇਆ ਜਾ ਚੁੱਕਾ ਹੈ। ਇਸ ਪਿੰਡ ਵਿੱਚ 20 ਕੂਕੇ ਸਨ। ਅਸੀਂ ਅਸੀਂ ਚੌਕੀਦਾਰ ਰਾਹੀਂ ਇਨ੍ਹਾਂ ਕੂਕਿਆਂ ਦੀ ਆਮਦ ਬਾਰੇ ਪੁਲਿਸ ਦਫ਼ਤਰ 'ਚ ਸੂਚਿਤ ਕਰ ਦਿੱਤਾ ਸੀ। ਅਗਲੀ ਸਵੇਰ ਸਾਨੂੰ ਪਤਾ ਲੱਗਾ ਕਿ ਮਲੌਦ ਤੇ ਕੋਟਲਾ 'ਤੇ ਹਮਲੇ ਹੋ ਗਏ ਸਨ।

## 162

*ਨੰ. 93ਸੀ,* *ਮਿਤੀ ਲਾਹੌਰ, 22 ਫ਼ਰਵਰੀ, 1872*

*ਵੱਲੋਂ*

ਐੱਲ. ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਬੀਤੀ 16 ਤੇ 17 ਜਨਵਰੀ ਦੇ ਮੇਰੇ ਪੱਤਰਾਂ ਨੰ. 9ਸੀ ਤੇ 15ਸੀ ਮੈਂ ਕੂਕਾ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਦੀ ਗ੍ਰਿਫ਼ਤਾਰੀ ਦੀ ਮਨਸ਼ਾ ਪ੍ਰਗਟਾਈ ਸੀ ਅਤੇ 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ ਜਾਰੀ ਕਰਨ ਦੀ ਬੇਨਤੀ ਕੀਤੀ ਸੀ। ਮੇਰੇ ਪੱਤਰਾਂ 'ਚ ਦੱਸੇ ਸਾਰੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤੇ ਫਿਰ ਉਨ੍ਹਾਂ ਨੂੰ ਅਲਾਹਾਬਾਦ ਭੇਜ ਦਿੱਤਾ ਗਿਆ ਸੀ, ਜਿੱਥੇ ਹੁਣ ਉਹ ਕੈਦ ਹਨ। ਮਾਣਯੋਗ ਲੈਫ਼ਟੀਨੈਂਟ ਗਵਰਨਰ ਵੱਲੋਂ ਕੀਤੀ ਗਈ ਕਾਰਵਾਈ 'ਤੇ ਖ਼ੁਸ਼ੀ ਪ੍ਰਗਟਾਉਂਦਿਆਂ ਗਵਰਨਰ ਜਨਰਲ-ਇਨ-ਕੌਂਸਲ ਨੇ ਉਸ ਨੂੰ ਆਪਣੀ ਮੁਕੰਮਲ ਮਨਜ਼ੂਰੀ ਦੇ ਦਿੱਤੀ ਸੀ।

2. ਤਦ ਤੋਂ ਹੀ ਕਿਸੇ ਨਾ ਕਿਸੇ ਕੂਕਾ ਆਗੂ ਨੂੰ ਦੇਸ਼ ਨਿਕਾਲਾ ਦੇਣਾ ਜ਼ਰੂਰੀ ਹੋ ਗਿਆ ਹੈ। ਰਾਏਪੁਰ ਦੇ ਸ. ਮੰਗਲ ਸਿੰਘ ਨੂੰ ਮਹਾਰਾਜਾ ਪਟਿਆਲਾ ਨੇ ਸਰਕਾਰ ਹਵਾਲੇ ਕਰ ਦਿੱਤਾ ਸੀ, ਜੋ ਉਸ ਨੂੰ ਪੰਜਾਬ ਤੋਂ ਬਾਹਰ ਭੇਜਣ ਦੇ ਇੱਛੁਕ ਸਨ।

3. ਹੁਣ ਮੈਂ ਲੈਫ਼ਟੀਨੈਂਟ ਗਵਰਨਰ ਵੱਲੋਂ ਬਹੁਤ ਹੀ ਸੋਚ-ਸਮਝ ਕੇ ਲਿਆ ਇੱਕ

ਫ਼ੈਸਲਾ ਇੱਥੇ ਦੱਸ ਰਿਹਾ ਹਾਂ ਕਿ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸਾਰੇਸੂਬਿਆਂ, ਜੋ ਹੁਣ ਅਲਾਹਾਬਾਦ 'ਚ ਹਨ ਅਤੇ ਜਿਨ੍ਹਾਂ ਦਾ ਜ਼ਿਕਰ ਮੈਂ ਪਿਛਲੇ ਪੈਰੇ 'ਚ ਕੀਤਾ ਹੈ, ਨੂੰ ਭਾਰਤ ਤੋਂ ਰੰਗੂਨ ਜਾਂ ਬ੍ਰਿਟਿਸ਼ ਭਾਰਤ ਤੋਂ ਬਾਹਰ ਕਿਸੇ ਹੋਰ ਜਗ੍ਹਾ 'ਤੇ ਭੇਜ ਦਿੱਤਾ ਜਾਵੇਗਾ; ਜਿੱਥੇ ਵੀ ਮਹਾਮਹਿਮ ਵਾਇਸਰਾਏ ਤੇ ਗਵਰਨਰ ਜਨਰਲ ਨੂੰ ਵਾਜਬ ਜਾਪੇਗਾ। ਦਰਅਸਲ ਅਲਾਹਾਬਾਦ 'ਚ ਲੋਕਾਂ ਦਾ ਆਮ ਆਉਣਾ-ਜਾਣਾ ਬਣਿਆ ਰਹਿੰਦਾ ਹੈ ਅਤੇ ਹਿੰਦੂਆਂ ਦਾ ਵਰਣਨਯੋਗ ਤੀਰਥ-ਅਸਥਾਨ ਹੈ ਅਤੇ ਉਸ ਜਗ੍ਹਾ ਨੂੰ ਲੈ ਕੇ ਕਈ ਤਰ੍ਹਾਂ ਦੇ ਇਤਰਾਜ਼ ਹੁੰਦੇ ਰਹਿੰਦੇ ਹਨ।

4. ਇਸੇ ਮਹੀਨੇ ਦੀ 8 ਤਰੀਕ ਦੇ ਤੁਹਾਡੇ ਪੱਤਰ ਨੰ. 289 ਦਾ ਪੈਰਾ 12 ਵਿੱਚ ਮਾਣਯੋਗ ਸਾਹਿਬ ਕੁਝ ਸੁਆਲ ਕੀਤੇ ਹਨ ਕਿ ਕੀ ਅਜਿਹੇ ਕੁਝ ਠੋਸ ਕਾਰਣ ਮੌਜੂਦ ਸਨ, ਜਿਨ੍ਹਾਂ ਤੋਂ ਕੂਕਿਆਂ ਦੀ ਕਿਸੇ ਬਗ਼ਾਵਤ ਦਾ ਖ਼ਦਸ਼ਾ ਪੈਦਾ ਹੁੰਦਾ ਹੋਵੇ। ਅਤੇ ਕੀ ਉਨ੍ਹਾਂ ਸੋਚਿਆ ਸੀ ਕਿ ਕੀ ਅਜਿਹੀ ਬਗ਼ਾਵਤ ਨੂੰ ਰੋਕਣ ਅਤੇ ਸ਼ਾਂਤੀ ਬਰਕਰਾਰ ਰੱਖਣ ਲਈ ਕੋਈ ਖ਼ਾਸ ਕਦਮ ਚੁੱਕਣੇ ਜ਼ਰੂਰੀ ਸਨ।

5. ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਭਾਰਤ ਸਰਕਾਰ ਕੋਲ ਜਿਹੜੇ ਦਸਤਾਵੇਜ਼ ਪੇਸ਼ ਕੀਤੇ ਗਏ ਹਨ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਕੂਕਾ ਸਿਧਾਂਤਾਂ ਦਾ ਅਸਲ ਰੁਝਾਨ ਕੀ ਹੋ ਸਕਦਾ ਹੈ, ਹੁਣ ਉਨ੍ਹਾਂ ਦਾ ਕਿਰਦਾਰ ਸਿਆਸੀ ਹੋ ਚੁੱਕਾ ਹੈ; ਪੈਰੋਕਾਰ ਆਪਣੇ ਆਗੂਆਂ ਦੀਆਂ ਯੋਜਨਾਵਾਂ ਨੂੰ ਥੋੜ੍ਹਾ-ਬਹੁਤ ਸਮਝਦੇ ਹਨ ਕਿ ਪੰਜਾਬ ਵਿੱਚ ਸਿੱਖ ਰਾਜ ਬਹਾਲ ਕਰਨ ਦੀ ਕੋਸ਼ਿਸ਼ ਕਰਨੀ ਹੈ। ਇਹ ਸਭ ਸਿੱਧ ਕਰਨ ਵਾਲੇ ਸਬੂਤ ਅਜਿਹੀ ਪ੍ਰਕਿਰਤੀ ਦੇ ਨਹੀਂ ਹਨ ਕਿ ਉਨ੍ਹਾਂ ਨੂੰ ਰਸਮੀ ਰਿਕਾਰਡ 'ਚ ਰੱਖਿਆ ਜਾਵੇ ਭਾਵੇਂ ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਕਾਫ਼ੀ ਕੁਝ ਪਹਿਲਾਂ ਜਮ੍ਹਾ ਕਰਵਾਇਆ ਜਾ ਚੁੱਕਾ ਹੈ ਅਤੇ ਭਾਰਤ ਸਰਕਾਰ ਇਸ ਦੀ ਦਰੁਸਤਗੀ ਤੋਂ ਸੰਤੁਸ਼ਟ ਹੈ। ਇਸ ਤੋਂ ਇਲਾਵਾ ਵਫ਼ਾਦਾਰ ਤੇ ਸੂਝਵਾਨ ਸਥਾਨਕ ਨਿਵਾਸੀਆਂ ਦਾ ਇਹ ਸਰਬਸੰਮਤ ਵਿਚਾਰ ਹੈ ਕਿ ਕੂਕਾ ਅੰਦੋਲਨ ਇੱਕ ਅਜਿਹੀ ਲਹਿਰ ਹੈ, ਜਿਸ ਪ੍ਰਤੀ ਸਰਕਾਰ ਚੁਪ ਬਣੀ ਨਹੀਂ ਰਹਿ ਸਕਦੀ; ਕੂਕਿਆਂ ਦਾ ਆਚਾਰ-ਵਿਹਾਰ ਅਤੇ ਅਕਸ ਹੀ ਅਜਿਹਾ ਹੈ ਅਤੇ ਉਨ੍ਹਾਂ ਵਿਚਾਲੇ ਇਸ ਵਕਤ ਕੁਝ ਅਜਿਹੀਆਂ ਭਵਿੱਖਬਾਣੀਆਂ ਪ੍ਰਚਲਿਤ ਹਨ ਕਿ ਉਹ ਸਮਾਂ ਨੇੜੇ ਆ ਰਿਹਾ ਹੈ, ਜਦੋਂ ਅੰਗਰੇਜ਼ਾਂ ਨੂੰ ਇਸ ਦੇਸ਼ 'ਚੋਂ ਕੱਢ ਦਿੱਤਾ ਜਾਵੇਗਾ ਅਤੇ ਗੁਰੂ ਰਾਮ ਸਿੰਘ ਜੀ ਦੇ ਪੈਰੋਕਾਰ ਇਸ ਗੱਲ ਤੋਂ ਡਾਢੇ ਖ਼ੁਸ਼ ਹੁੰਦੇ ਹਨ।

6. ਮਾਣਯੋਗ ਲੈਫ਼ਟੀਨੈਂਟ ਗਵਰਨਰ ਇਸ ਮਾਮਲੇ 'ਚ ਥੋੜ੍ਹੇ ਸਖ਼ਤ ਹਨ ਕਿ ਭਾਵੇਂ ਹਾਲ ਦੀ ਘੜੀ ਅਜਿਹੀ ਕਿਸੇ ਬਗ਼ਾਵਤ ਦਾ ਕੋਈ ਖ਼ਦਸ਼ਾ ਨਹੀਂ ਹੈ ਕਿ ਜਿਸ ਨੂੰ ਤੁਰੰਤ ਦਬਾਉਣ ਦੀ ਲੋੜ ਹੋਵੇ, ਫਿਰ ਵੀ ਕੂਕਾ ਸੰਪਰਦਾਇ 'ਚ ਬੇਗਾਨੇਪਣ ਦਾ ਇਹ ਅਹਿਸਾਸ, ਜੇ ਸੰਭਵ ਹੋਵੇ, ਖ਼ਤਮ ਕਰਨਾ ਚਾਹੀਦਾ ਹੈ। ਅਸਲ ਖ਼ਤਰਾ ਇਸ ਗੱਲ ਤੋਂ ਹੈ ਕਿ ਗ਼ੈਰ-ਕੂਕਿਆਂ ਭਾਵ ਜ਼ਿਆਦਾਤਰ ਆਮ ਲੋਕਾਂ 'ਚ ਇਸ ਸੰਪਰਦਾਇ ਦੇ ਲੋਕਾਂ ਪ੍ਰਤੀ ਵੱਡੀ ਹਮਦਰਦੀ ਹੈ। ਗਊ-ਹੱਤਿਆਵਾਂ ਦੀ ਨਿੰਦਾ ਅਤੇ ਰਾਏਕੋਟ ਤੇ ਅੰਮ੍ਰਿਤਸਰ 'ਚ ਕਸਾਈਆਂ ਵਿਰੁੱਧ ਚੁੱਕੇ ਸਰਗਰਮ ਕਦਮਾਂ ਕਾਰਣ

ਚੰਗੇ ਅਸਰ-ਰਸੂਖ਼ ਵਾਲੇ ਹਿੰਦੂਆਂ ਦੀ ਵੀ ਕਾਫ਼ੀ ਹਮਦਰਦੀ ਇਨ੍ਹਾਂ ਨੂੰ ਮਿਲਣ ਲੱਗ ਪਈ ਹੈ; ਜਦ ਕਿ ਖ਼ਾਲਸਾ ਰਾਜ ਦੀ ਬਹਾਲੀ ਦੀਆਂ ਭਵਿੱਖਬਾਣੀਆਂ ਦੀ ਅਪੀਲ ਨਾਲ ਉਨ੍ਹਾਂ ਸਾਰੇ ਸਿੱਖਾਂ ਦੀ ਹਮਦਰਦੀ ਵੀ ਇਨ੍ਹਾਂ ਨੂੰ ਮਿਲਦੀ ਹੈ, ਜੋ ਆਪਣੀਆਂ ਅਤੀਤ ਦੀਆਂ ਰਵਾਇਤਾਂ ਨੂੰ ਭੁੱਲੇ ਨਹੀਂ ਹਨ। ਬੇਸ਼ੱਕ ਇਸ ਵੇਲੇ ਕੱਟੜ ਸਿੱਖਾਂ ਤੇ ਕੂਕਿਆਂ ਵਿਚਾਲੇ ਆਪਸੀ ਗੱਠਜੋੜ ਦਾ ਕੋਈ ਸਬੂਤ ਨਹੀਂ ਹੈ ਪਰ ਅਜਿਹਾ ਸਬੂਤ ਜ਼ਰੂਰ ਮੌਜੂਦ ਹੈ ਕਿ ਹੁਣ ਇਨ੍ਹਾਂ ਸੰਪਰਦਾਵਾਂ ਵਿਚਾਲੇ ਪਹਿਲਾਂ ਜਿੰਨੀ ਕੱਟੜ ਦੁਸ਼ਮਣੀ ਨਹੀਂ ਰਹੀ ਅਤੇ ਪਿਛਲੇ ਕੁਝ ਸਮੇਂ ਦੌਰਾਨ ਸਿੱਖਾਂ 'ਚੋਂ ਹੀ ਅਨੇਕ ਨਵੇਂ ਕੂਕੇ ਬਣੇ ਹਨ, ਜਦ ਕਿ ਕੁਝ ਵਰ੍ਹੇ ਪਹਿਲਾਂ ਤੱਕ ਤਾਂ ਚੰਗੇ ਪਰਿਵਾਰ ਤੇ ਅਸਰ-ਰਸੂਖ਼ ਵਾਲਾ ਕੋਈ ਵਿਅਕਤੀ ਇਸ ਨਵੇਂ ਸਿਧਾਂਤ ਨੂੰ ਨਹੀਂ ਅਪਣਾਉਂਦਾ ਸੀ ਪਰ ਹੁਣ ਵੱਡੀ ਗਿਣਤੀ 'ਚ ਛੋਟੇ ਸਰਦਾਰ ਤੇ ਚੰਗੇ ਖ਼ਾਨਦਾਨਾਂ ਦੇ ਲੋਕ ਵੀ ਬਾਕਾਇਦਾ ਕੂਕੇ ਬਣ ਰਹੇ ਹਨ।

7. ਇਸ ਦਾ ਵੀ ਕੋਈ ਦਰਸਾਉਣਯੋਗ ਸਬੂਤ ਮੌਜੂਦ ਨਹੀਂ ਹੈ ਕਿ ਕਿਹੜੀ ਅਸਲ ਮਨਸ਼ਾ ਨਾਲ ਕਿੰਨੀ ਕੁ ਸਫ਼ਲਤਾ ਨਾਲ ਕੂਕਿਆਂ ਦੇ ਦੂਤ ਭਾਰਤ ਦੇ ਦੂਰ-ਦੁਰਾਡੇ ਰਾਜਾਂ ਅਤੇ ਉੱਤਰੀ ਸਰਹੱਦ ਨਾਲ ਲੱਗਦੇ ਹੋਰ ਦੇਸ਼ਾਂ ਤੱਕ ਜਾਂਦੇ ਰਹੇ ਹਨ ਪਰ ਇਹ ਸੁਰੱਖਿਅਤ ਅਨੁਮਾਨ ਜ਼ਰੂਰ ਲਾਇਆ ਜਾ ਸਕਦਾ ਹੈ ਕਿ ਮਨਸ਼ਾ ਸਿਆਸੀ ਹੀ ਸੀ, ਧਾਰਮਿਕ ਨਹੀਂ ਸੀ, ਜਿਵੇਂ ਕਿ ਕੂਕਿਆਂ ਦੇ ਆਪਣੇ ਹੀ ਅਜਿਹੇ ਖੁੱਲ੍ਹੇ ਦਾਅਵਿਆਂ ਤੋਂ ਇਹ ਸਭ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਨੇਪਾਲ ਤੇ ਕਸ਼ਮੀਰ ਤੋਂ ਮਦਦ ਦੀ ਆਸ ਹੈ ਜੇ ਕਿਤੇ ਬਗ਼ਾਵਤ ਕੀਤੀ, ਤਾਂ ਸਤਲੁਜ-ਪਾਰਲੀਆਂ ਰਿਆਸਤਾਂ ਦੇ ਫ਼ੌਜੀ ਦਸਤੇ ਉਨ੍ਹਾਂ ਨਾਲ ਆ ਕੇ ਜੁੜ ਜਾਣਗੇ ਅਤੇ ਬ੍ਰਿਟਿਸ਼ ਥਲ ਸੈਨਾ ਵਿੱਚ ਕੂਕਿਆਂ ਦੇ ਅਨੇਕ ਮੈਂਬਰ ਉਨ੍ਹਾਂ ਦੇ ਸਿਧਾਂਤ ਨਾਲ ਜੁੜੇ ਹੋਏ ਹਨ।

8. ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਐਵੇਂ ਇੱਧਰ-ਉੱਧਰ ਦੀਆਂ ਸ਼ੇਖ਼ੀਆਂ ਤੇ ਅਨਪੜ੍ਹਾਂ ਤੇ ਕੱਟੜਪੰਥੀ ਭਵਿੱਖਬਾਣੀਆਂ ਦੇ ਸੱਚ ਹੋਣ ਦੀ ਆਸ ਨਹੀਂ ਰੱਖਣੀ ਚਾਹੀਦੀ ਜਾਂ ਉਨ੍ਹਾਂ ਦਾ ਕੋਈ ਬਹੁਤਾ ਵਜ਼ਨ ਨਹੀਂ ਸਮਝਣਾ ਚਾਹੀਦਾ ਕਿਉਂਕਿ ਉਨ੍ਹਾਂ 'ਚ ਕੋਈ ਦਮ ਨਹੀਂ ਹੁੰਦਾ। ਪਰ ਜੇ ਕੋਈ ਭਾਵਨਾ ਜਾਂ ਵਿਚਾਰ ਬੱਚੇ-ਬੱਚੇ ਦੇ ਮਨ 'ਚ ਪਾਇਆ ਜਾਂਦਾ ਹੈ, ਤਾਂ ਸੁਰੱਖਿਆ ਪੱਖੋਂ ਸਰਕਾਰ ਉਸ ਨੂੰ ਅੱਖੋਂ ਪ੍ਰੋਖੇ ਨਹੀਂ ਕਰ ਸਕਦੀ ਤੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਕੂਕਾ ਆਗੂਆਂ ਨੂੰ ਹਿੰਦੁਸਤਾਨ 'ਚੋਂ ਹਟਾਇਆ ਜਾਣਾ ਆਮ ਸ਼ਾਂਤੀ ਲਈ ਜ਼ਰੂਰੀ ਹੈ। ਜਦੋਂ ਤੱਕ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਲੈਫ਼ਟੀਨੈਂਟ ਦੇਸ਼ 'ਚ ਹਨ, ਤਦ ਤੱਕ ਉਨ੍ਹਾਂ ਦੇ ਪੈਰੋਕਾਰ ਇਹੋ ਅਨੁਮਾਨ ਲਾਉਂਦੇ ਰਹਿਣਗੇ ਜਾਂ ਆਸ ਰੱਖਣਗੇ ਉਨ੍ਹਾਂ ਦੀ ਛੇਤੀ ਵਾਪਸੀ ਹੋ ਜਾਵੇਗੀ ਅਤੇ ਉਹ ਲਗਾਤਾਰ ਸਰਕਾਰ ਵਿਰੁੱਧ ਐਵੇਂ ਸਾਜ਼ਿਸ਼ਾਂ ਰਚਦੇ ਰਹਿਣਗੇ ਤੇ ਚਿੰਤਾ ਦਾ ਕਾਰਣ ਬਣਦੇ ਰਹਿਣਗੇ। ਭਾਰਤ 'ਚੋਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਬਾਹਰ ਭੇਜ ਦੇਣ ਨਾਲ ਪੰਜਾਬ 'ਚ ਇਸ ਵੇਲੇ ਜੋ ਬੇਚੈਨੀ ਤੇ ਉਤੇਜਨਾ ਪਾਈ ਜਾ ਰਹੀ ਹੈ, ਉਹ ਹੌਲੀ-ਹੌਲੀ ਘਟਦੀ ਚਲੀ ਜਾਵੇਗੀ। ਮਾਣਯੋਗ

ਲੈਫ਼ਟੀਨੈਂਟ ਗਵਰਨਰ ਨੇ ਇਸ ਚਿੱਠੀ ਵਿੱਚ ਮੌਜੂਦ ਸਿਫ਼ਾਰਸ਼ ਬਹੁਤ ਸੋਚ-ਵਿਚਾਰ ਤੋਂ ਬਾਅਦ ਤਿਆਰ ਕੀਤੀ ਹੈ ਕਿਉਂਕਿ ਦੇਸ਼ ਵਿੱਚ ਬਹੁਤ ਕੁਝ ਵਾਪਰ ਗਿਆ ਹੈ, ਇਨ੍ਹਾਂ ਤਾਜ਼ਾ ਗੜਬੜੀਆਂ ਕਾਰਣ ਅਤੇ ਫਿਰ ਸਥਾਨਕ ਤੇ ਯੂਰੋਪੀਅਨ ਭੱਦਰਪੁਰਸ਼ਾਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਇਨ੍ਹਾਂ ਸਾਰੇ ਮਾਮਲਿਆਂ ਬਾਰੇ ਇੱਕ ਪੱਖਪਾਤ-ਰਹਿਤ, ਸ਼ਾਂਤ ਤੇ ਸੂਝਵਾਨ ਫ਼ੈਸਲਾ ਲਿਆ ਹੈ। ਬੇਹੱਦ ਮਾਣਯੋਗ ਮਹਾਰਾਜਾ ਪਟਿਆਲਾ, ਜਿਨ੍ਹਾਂ ਦੀ ਵਫ਼ਾਦਾਰੀ ਤੇ ਚੰਗੀ ਭਾਵਨਾ ਤੋਂ ਭਾਰਤ ਸਰਕਾਰ ਜਾਣੂ ਹੈ, ਦੇ ਵੀ ਇਹੋ ਵਿਚਾਰ ਹਨ ਜੋ ਲੈਫ਼. ਗਵਰਨਰ ਦੇ ਹਨ।

9. ਮਾਣਯੋਗ ਸਾਹਿਬ ਦਾ ਵਿਸ਼ਵਾਸ ਹੈ ਕਿ ਇੱਥੇ ਕੀਤੀ ਸਿਫ਼ਾਰਸ਼ ਨੂੰ ਮਹਾਮਹਿਮ ਵਾਇਸਰਾਏ ਤੇ ਗਵਰਨਰ ਜਨਰਲ-ਇਨ-ਕੌਂਸਲ ਦੀ ਪ੍ਰਵਾਨਗੀ ਮਿਲ ਜਾਵੇਗੀ ਅਤੇ ਕੂਕਾ ਆਗੂਆਂ ਨੂੰ ਛੇਤੀ ਤੋਂ ਛੇਤੀ ਭਾਰਤ ਤੋਂ ਬਾਹਰ ਭੇਜਿਆ ਜਾ ਸਕਦਾ ਹੈ। ਲੈਫ਼ਟੀਨੈਂਟ ਗਵਰਨਰ ਦਾ ਇਹ ਵੀ ਵਿਚਾਰ ਹੈ ਕਿ ਉਹ ਜਿੱਥੇ ਵੀ ਹੋਣ, ਉਨ੍ਹਾਂ ਨੂੰ ਵੱਖਰੀ ਜੇਲ੍ਹ 'ਚ ਹੀ ਰੱਖਿਆ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਆਪਸ 'ਚ ਗੱਲ ਵੀ ਨਹੀਂ ਕਰਨ ਦੇਣੀ ਚਾਹੀਦੀ।

## 163

*ਨੰ. 101ਸੀ,* *ਮਿਤੀ ਕੈਂਪ ਲੁਧਿਆਣਾ, 24 ਫ਼ਰਵਰੀ, 1872*

*ਵੱਲੋਂ*

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਮੈਂ ਲੁਧਿਆਣਾ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ ਮੇਜਰ ਜੇ. ਪਾਰਸਨਜ਼ ਦੇ 19 ਫ਼ਰਵਰੀ ਦੇ ਇੱਕ ਨੋਟ ਦੀ ਕਾਪੀ ਜਾਣਕਾਰੀ ਹਿਤ ਭੇਜਣਾ ਚਾਹੁੰਦਾ ਹਾਂ, ਜਿਸ ਵਿੱਚ ਉਨ੍ਹਾਂ ਇਸੇ ਤਰੀਕ ਨੂੰ ਪਿੰਡ ਭੈਣੀ ਦੇ ਨਿਰੀਖਣ ਦੇ ਨਤੀਜੇ ਦੀ ਜਾਣਕਾਰੀ ਦਿੱਤੀ ਹੈ।

ਮੈਮੋਰੈਂਡਮ ਮਿਤੀ ਕੈਂਪ ਸਾਹਨੇਵਾਲ, 19 ਫ਼ਰਵਰੀ, 1872. ਇਸ 'ਚ ਦੱਸਿਆ ਗਿਆ ਹੈ ਕਿ ਭੈਣੀ ਪਿੰਡ ਲਾਗਲੇ ਖੂਹ ਵਿੱਚੋਂ ਨੌਂ ਤਲਵਾਰਾਂ ਦੇ ਬਲੇਡ ਪਏ ਮਿਲੇ ਹਨ।

ਇਸ ਪਿੰਡ ਦਾ ਨਿਰੀਖਣ ਨਿਮਨਹਸਤਾਖਰੀ ਨੇ ਇਸ ਸਵੇਰ ਨੂੰ ਕੀਤਾ ਸੀ। ਬਾਬਾ ਰਾਮ ਸਿੰਘ ਜੀ ਦੇ ਰਿਹਾਇਸ਼ੀ ਟਿਕਾਣੇ ਦੁਆਲ਼ੇ ਬਹੁਤ ਵਿਸ਼ਾਲ ਕੰਧ ਕੀਤੀ ਗਈ ਹੈ, ਜੋ ਹੱਦੋਂ ਵੱਧ ਉਚੇਰੀ ਹੈ ਤੇ ਸਪੱਸ਼ਟ ਤੌਰ 'ਤੇ ਇਸ ਦੀ ਵਰਤੋਂ ਕੇਵਲ ਕਿਸੇ ਗੜਬੜੀ ਨੂੰ ਅੰਜਾਮ ਦੇਣ ਤੋਂ ਬਾਅਦ ਮਾੜੇ ਕਿਰਦਾਰਾਂ ਨੂੰ ਪਨਾਹ ਦੇਣ ਦੀ ਮਨਸ਼ਾ

ਨਾਲ ਕੀਤੀ ਗਈ ਹੈ। ਨਿਮਨਹਸਤਾਖਰੀ ਨੂੰ ਘਰੇਲੂ ਸੰਪਤੀ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦਿਆਂ ਉੱਤਰ ਵਾਲੇ ਪਾਸੇ ਦੀ ਉਚਾਈ ਘਟਾ ਦਿੱਤੀ ਹੈ।

ਜੇ. ਪਾਰਸਨਜ਼
ਡਿਪਟੀ ਕਮਿਸ਼ਨਰ

## 164

ਕਾਰਵਾਈ ਵੱਲੋਂ, ਮਾਣਯੋਗ ਲੈਫ਼ਟੀਨੈਂਟ ਗਵਰਨਰ, ਪੰਜਾਬ, ਮਿਤੀ 26 ਫ਼ਰਵਰੀ, 1872.

ਸ੍ਰੀ ਕਾਵਨ ਦਾ ਇਸੇ ਮਹੀਨੇ ਦੀ 17 ਤਰੀਕ ਨੂੰ ਲਿਖਿਆ ਪੱਤਰ ਭਾਰਤ ਸਰਕਾਰ ਦੇ ਵਿਚਾਰ ਹਿਤ ਭੇਜਦਿਆਂ ਮੈਂ ਨਿਮਨਲਿਖਤ ਟਿੱਪਣੀਆਂ ਕਰਨੀਆਂ ਚਾਹੁੰਦਾ ਹਾਂ, ਜੋ ਇਸ ਸਰਕਾਰ ਦੇ ਪੱਤਰ ਨੰ. 59ਸੀ, ਮਿਤੀ 7 ਫ਼ਰਵਰੀ ਦੇ ਪੱਤਰ 'ਚ ਦਰਜ ਸਮੱਗਰੀ ਦੀਆਂ ਪੂਰਕ ਹਨ।

2. ਉਹ ਲਿਖਣ ਤੋਂ ਬਾਅਦ ਮੈਂ ਲੁਧਿਆਣਾ ਆ ਗਿਆ ਸਾਂ ਤੇ ਸਾਰੇ ਵਰਗਾਂ ਦੇ ਲੋਕਾਂ, ਖ਼ਾਸ ਤੌਰ 'ਤੇ ਉੱਘੀਆਂ ਸਿੱਖ ਤੇ ਮੁਸਲਿਮ ਹਸਤੀਆਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ ਹੈ; ਮੈਨੂੰ ਕੂਕਿਆਂ ਦੇ ਮੌਜੂਦਾ ਵਤੀਰੇ ਬਾਰੇ ਪੁਲਿਸ ਵਿਭਾਗ ਦੀਆਂ ਕਈ ਚਿੱਠੀਆਂ ਮਿਲੀਆਂ ਹਨ।

3. ਜਿੰਨੀ ਵੀ ਜਾਣਕਾਰੀ ਮੈਨੂੰ ਮਿਲੀ ਹੈ, ਉਸ ਦੇ ਰੁਝਾਨ ਨੇ ਮੇਰੇ ਵਿਚਾਰ ਨੂੰ ਹੋਰ ਵੀ ਜ਼ਿਆਦਾ ਮਜ਼ਬੂਤ ਕਰ ਦਿੱਤਾ ਹੈ, ਜੋ ਵੀ ਮੈਂ ਹੁਣ ਤੱਕ ਇਸ ਸਾਜ਼ਿਸ਼ ਦੇ ਖ਼ਤਰਨਾਕ ਕਿਰਦਾਰ ਬਾਰੇ ਪ੍ਰਗਟਾਇਆ ਹੈ। ਮੈਨੂੰ ਸ੍ਰੀ ਕਾਵਨ ਦੇ ਵਿਚਾਰ (ਸ੍ਰੀ ਬੇਲੀ ਦੇ ਪੱਤਰ ਦੇ ਪੈਰਾ 12 ਦੇ ਹਵਾਲੇ ਨਾਲ) ਦੀ ਦਰੁਸਤਗੀ 'ਤੇ ਸ਼ੱਕ ਕਰਨ ਦਾ ਕੋਈ ਕਾਰਣ ਨਹੀਂ ਲੱਭਦਾ।

4. ਜਿਹੜੇ ਵੀ ਵੱਖੋ-ਵੱਖਰੇ ਵਿਅਕਤੀਆਂ ਨਾਲ ਮੈਂ ਮਸ਼ਵਰਾ ਕੀਤਾ, ਉਨ੍ਹਾਂ ਸਭਨਾਂ ਦਾ ਇਹੋ ਸਰਬਸੰਮਤ ਦ੍ਰਿੜ੍ਹ ਵਿਚਾਰ ਹੈ। ਅਫ਼ਗ਼ਾਨ ਕੈਦੀ, ਸਿੱਖ ਸਰਦਾਰ, ਸਥਾਨਕ ਤੇ ਯੂਰੋਪੀਅਨ ਅਧਿਕਾਰੀ ਸਭ ਇਸ ਵਿਸ਼ੇ 'ਤੇ ਹਾਂ-ਪੱਖੀ ਹਨ। ਸਿਰਫ਼ ਮੌਕੇ ਦੀ ਉਡੀਕ ਹੈ।

5. ਸਥਾਨਕ ਨਿਵਾਸੀਆਂ 'ਚ ਕੋਟਲਾ 'ਚ ਮੌਤ ਦੀਆਂ ਸਜ਼ਾਵਾਂ ਦੀ ਪ੍ਰਵਾਨਗੀ ਉੱਤੇ ਇੱਕਮਤ ਸਰਬਸੰਮਤੀ ਹੈ। ਮੈਨੂੰ ਤਾਂ ਬਿਨਾਂ ਸੁਣਵਾਈ ਦੇ ਸਮੁੱਚੇ ਗਿਰੋਹ ਨੂੰ ਤੋਪਾਂ ਨਾਲ ਉਡਾ ਕੇ ਖ਼ਤਮ ਕੀਤੇ ਜਾਣ ਦੇ ਮਾਮਲੇ 'ਤੇ ਸ਼ਲਾਘਾ ਤੇ ਸ਼ੁਕਰਾਨੇ ਤੋਂ ਇਲਾਵਾ ਹੋਰ ਕੁਝ ਨਹੀਂ ਮਿਲਿਆ। ਮੈਂ ਖ਼ੁਦ ਸਹਿਮਤ ਨਹੀਂ ਹਾਂ। ਪਰ ਮੈਨੂੰ ਜਿਸ ਚੀਜ਼ 'ਤੇ ਇਤਰਾਜ਼ ਹੈ, ਉਹ ਜੱਜ ਦੀ ਅਸਮਰੱਥਾ ਜਾਂ ਮੌਤ ਦੀ ਸਜ਼ਾ ਅਨੋਖੇ ਢੰਗ ਨਾਲ ਦੇਣਾ ਨਹੀਂ ਹੈ, ਸਗੋਂ ਸਜ਼ਾ ਦਿੰਦੇ ਸਮੇਂ ਕੀਤੀ ਗਈ ਅੰਨ੍ਹੇਵਾਹ ਸਖ਼ਤੀ 'ਤੇ ਹੈ। ਮੈਂ ਹੰਗਾਮੀ ਹਾਲਾਤ ਨੂੰ ਮੰਨ ਲੈਂਦਾ ਹਾਂ, ਜੋ ਬਹਾਨਾ ਸ੍ਰੀ ਕਾਵਨ ਨੇ ਲਾਇਆ ਹੈ ਕਿ ਉਨ੍ਹਾਂ ਨੂੰ ਕਾਨੂੰਨੀ ਪ੍ਰਕਿਰਿਆ ਨੂੰ ਲਾਂਭੇ ਕਰਨਾ ਜ਼ਰੂਰੀ ਜਾਪਿਆ ਸੀ ਪਰ ਮੌਤ ਦੀ

ਸਜ਼ਾ ਦੇਣ ਦੀ ਵਿਧੀ ਆਮ ਤੌਰ 'ਤੇ ਹਿਲਾ ਕੇ ਰੱਖ ਦੇਣ ਵਾਲੀ ਜਾਪ ਸਕਦੀ ਹੈ, ਜੋ ਅਜਿਹਾ ਸਭ ਝੱਲਦਾ ਹੈ, ਉਸ ਲਈ ਇਹ ਬੇਦਰਦ ਹੋ ਸਕਦਾ ਹੈ ਪਰ ਉੱਥੇ ਖਲੋ ਕੇ ਵੇਖਣ ਵਾਲਿਆਂ ਤੇ ਇਸ ਘਟਨਾ ਬਾਰੇ ਸੁਣਨ ਵਾਲਿਆਂ ਲਈ ਇਹ ਸਭ ਡਰਾਉਣਾ ਹੈ। ਮੇਰੇ ਵਿਚਾਰ ਅਨੁਸਾਰ ਜਿਵੇਂ ਕਿ ਸ੍ਰੀ ਕਾਵਨ ਨਿਆਂਪੂਰਨ ਤਰੀਕੇ ਜ਼ਿੰਮੇਵਾਰੀ ਲਈ ਹੈ, ਉਸ ਨਾਲ ਅਜਿਹਾ ਦੋਸ਼ ਵਧਦਾ ਨਹੀਂ ਜਦੋਂ ਉਨ੍ਹਾਂ ਨੂੰ ਇਸ ਅਸਾਧਾਰਣ ਪਰ ਮਿਸਾਲੀ ਸਜ਼ਾ ਦੇਣ ਦਾ ਅਧਿਕਾਰ ਮਿਲ ਜਾਂਦਾ ਹੈ।

6. ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪ੍ਰਮੁੱਖ ਸੂਬਿਆਂ ਨੂੰ ਦੇਸ਼ ਨਿਕਾਲਾ ਕਰ ਦੇਣ ਨਾਲ ਇਸ ਸੰਪਰਦਾਇ ਦੀਆਂ ਯੋਜਨਾਵਾਂ ਹਾਲ ਦੀ ਘੜੀ ਨਿਰਾਸ਼ਾ ਦੇ ਖਾਤੇ ਪੈ ਗਈਆਂ ਹਨ ਅਤੇ ਮੌਤ ਦੀਆਂ ਸਜ਼ਾਵਾਂ ਨਾਲ ਪੈਦਾ ਹੋਇਆ ਡਰ ਵੀ ਹੁਣ ਉਨ੍ਹਾਂ ਨੂੰ ਵਰਜ ਰਿਹਾ ਹੈ। ਪਰ ਦਬਾਅ ਦੀ ਸਥਿਤੀ ਸਦਾ ਅਜਿਹੀ ਬਣੀ ਰਹੇਗੀ, ਇਸ ਵਿੱਚ ਸ਼ੱਕ ਹੈ। ਜ਼ਿਆਦਾਤਰ ਸੂਬੇ ਹਾਲੇ ਵੀ ਫ਼ਰਾਰ ਹਨ। ਉਨ੍ਹਾਂ ਦੇ ਹਿਤ ਇਸੇ ਗੱਲ ਨਾਲ ਜੁੜੇ ਹੋਏ ਹਨ ਕਿ ਕੱਟੜਪੰਥੀ ਭਾਂਬੜਾਂ ਨੂੰ ਹਵਾ ਦਿੱਤੀ ਜਾਵੇ ਅਤੇ ਜਿਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ, ਉਨ੍ਹਾਂ ਦੇ ਪੀੜਤ ਪਰਿਵਾਰਕ ਮੈਂਬਰਾਂ 'ਚ ਬਦਲੇ ਦੀ ਮਜ਼ਬੂਤ ਭਾਵਨਾ ਨੂੰ ਭੜਕਾਇਆ ਜਾਵੇ। ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਕੱਟੜਪੰਥੀ ਏਕਤਾ ਮਜ਼ਬੂਤ ਕੀਤੀ ਤੇ ਫੈਲਾਈ ਜਾ ਰਹੀ ਹੈ, ਨਵੇਂ ਹਮਲਿਆਂ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਅਜਿਹਾ ਖ਼ਤਰਾ ਹਰ ਵੇਲੇ ਬਣਿਆ ਹੋਇਆ ਹੈ ਕਿ ਨਿਰਾਸ਼ਾ ਦੇ ਇਸ ਆਲਮ 'ਚ ਕੋਈ ਵੱਡਾ ਦਲੇਰਾਨਾ ਕਦਮ ਚੁੱਕ ਲਿਆ ਜਾਵੇ।

7. ਇਨ੍ਹਾਂ ਕੂਕਿਆਂ ਦੀ ਗਿਣਤੀ ਸ਼ੱਕੀ ਹੈ। ਬਾਹਰੀ ਸੰਕੇਤ ਪਹਿਲਾਂ ਬੜੇ ਸਪੱਸ਼ਟ ਸਨ, ਉਹ ਹੁਣ ਓਨੇ ਨਹੀਂ ਰਹੇ। ਤਹਿਸੀਲਦਾਰਾਂ ਵੱਲੋਂ ਦਿੱਤੀ ਜਾ ਰਹੀ ਗਿਣਤੀ ਬਹੁਤ ਘੱਟ ਹੈ, ਜਿਸ ਕਰਕੇ ਉਨ੍ਹਾਂ ਅੰਕੜਿਆਂ ਦੀ ਦਰੁਸਤਗੀ 'ਤੇ ਸ਼ੱਕ ਪੈਦਾ ਹੁੰਦਾ ਹੈ ਅਤੇ ਜ਼ਿਆਦਾਤਰ ਰਿਪੋਰਟਾਂ 'ਚ ਵੱਡੇ ਫ਼ਰਕ ਵਿਖਾਈ ਦਿੰਦੇ ਹਨ। ਪਰ ਕੂਕਿਆਂ ਤੇ ਕੱਟੜ ਸਿੱਖਾਂ ਵਿਚਲਾ ਅੰਤਰ ਹੁਣ ਓਨਾ ਨਹੀਂ ਰਿਹਾ। ਕੂਕੇ ਦਾ ਰੁਝਾਨ ਘੱਟ ਖ਼ਰਚ ਕਰਨ ਵੱਲ ਹੁੰਦਾ ਹੈ। ਉਹ ਸ਼ਰਾਬ ਦਾ ਤਿਆਗ ਕਰ ਦਿੰਦਾ ਹੈ। ਉਸ ਨੂੰ ਸ਼ਿਕਾਰ ਕਰਨ 'ਤੇ ਇਤਰਾਜ਼ ਹੁੰਦਾ ਹੈ ਤੇ ਆਪਣੀ ਮਾਲਾ ਬਾਰੇ ਦੱਸਦਾ ਹੈ। ਉਹ ਮਾਣ ਨਾਲ ਦੱਸਦਾ ਹੈ ਕਿ ਉਹ ਸੰਤ ਖ਼ਾਲਸਾ ਨਾਲ ਸੰਬੰਧਤ ਹੈ ਅਤੇ ਪੁਰਾਣੇ ਸਿੱਖਾਂ ਨੂੰ ਭ੍ਰਿਸ਼ਟ ਦੱਸਦਾ ਹੈ। ਕੁਲੀਨ ਤੇ ਸ਼ਰੀਫ਼ ਲੋਕਾਂ ਨੂੰ ਇਹ ਸਾਰੇ ਪ੍ਰਭਾਵਿਤ ਘਿਨਾਉਣੇ ਤੇ ਢੀਠ ਜਾਪਦੇ ਹਨ ਪਰ ਆਮ ਲੋਕਾਂ 'ਚ ਇਨ੍ਹਾਂ ਦੀ ਇੱਜ਼ਤ ਹੈ। ਵੱਡੀਆਂ ਭੀੜਾਂ ਨੂੰ ਕਹਾਣੀਆਂ ਚਮਤਕਾਰੀ ਢੰਗ ਨਾਲ ਗੁਰੂ ਜੀ ਵੱਲੋਂ ਸੁਣਾਈਆਂ ਜਾਂਦੀਆਂ ਹਨ। ਜਿਹੜੇ ਲੋਕ ਗੁਰੂ ਜੀ ਦੇ ਇਨ੍ਹਾਂ ਦਿਖਾਵਿਆਂ ਨੂੰ ਨਹੀਂ ਮੰਨਦੇ, ਉਨ੍ਹਾਂ ਦਾ ਵੀ ਇਹ ਮੰਨਣਾ ਹੈ ਕਿ ਗਊ-ਹੱਤਿਆਵਾਂ ਦੀ ਪਵਿੱਤਰ ਦਹਿਸ਼ਤ ਦੇ ਮੁੱਦੇ 'ਤੇ ਸਾਰੇ ਚੰਗੇ ਹਿੰਦੂ ਦਿਲੋਂ ਗੁਰੂ ਜੀ ਨਾਲ ਹਨ। ਗੁਰੂ ਜੀ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੁਝਾਰੂ ਸਿਧਾਂਤਾਂ ਦਾ ਪ੍ਰਮੁੱਖਤਾ ਨਾਲ ਪ੍ਰਚਾਰ ਕੀਤੇ ਜਾਣ ਨਾਲ ਉਨ੍ਹਾਂ ਲੋਕਾਂ ਦੀ ਵੀਰਤਾਪੂਰਨ ਭਾਵਨਾ ਦੀਆਂ ਆਸਾਂ ਮੁੜ ਸੁਰਜੀਤ ਹੋ ਗਈਆਂ ਹਨ, ਜਿਹੜੇ ਆਪਣੇ ਪੁਰਖਿਆਂ ਦੇ ਜ਼ਿਮੀਂਦਾਰਾਂ ਤੋਂ ਸਰਦਾਰ ਬਣਨ ਨੂੰ ਚੇਤੇ ਕਰਨਾ ਪਸੰਦ ਕਰਦੇ

ਹਨ। ਇੱਕ ਸਾਂਝੇ ਧਰਮ, ਕੌਮੀਅਤ ਤੇ ਉਦੇਸ਼ ਨਾਲ ਜਮਨਾ ਤੇ ਜਿਹਲਮ ਦੇ ਵਿਚਕਾਰ ਰਹਿੰਦੀ ਗ਼ੈਰ-ਮੁਸਲਿਮ ਜਨਤਾ ਦੀ ਨਵੇਂ ਗੁਰੂ ਦੀ ਆਪਣੇ ਖ਼ੁਦ ਦੇ ਪ੍ਰਾਚੀਨ ਰਹੱਸਵਾਦ ਦੀ ਭਰੋਸੇਯੋਗ ਮੁੜ-ਪੁਸ਼ਟੀ ਪ੍ਰਤੀ ਲੁਕਵੀਂ ਹਮਦਰਦੀ ਸਦਕਾ ਉਹ ਉਨ੍ਹਾਂ (ਗੁਰੂ ਜੀ) ਵੱਲੋਂ ਕੀਤੇ ਜਾਂਦੇ ਧਰਮ ਦੇ ਵਿਵਹਾਰਕ ਇਕਬਾਲ ਉੱਤੇ ਹੈਰਾਨੀ ਤੇ ਤਾਰੀਫ਼ ਦੀਆਂ ਅਸ਼ਾਂਤ ਭਾਵਨਾਵਾਂ ਨਾਲ ਵਿਚਾਰ ਕਰਦੇ ਹਨ। ਬੇਹੱਦ ਗੂੜ੍ਹ ਤੇ ਮਨਮੋਹਕ ਪ੍ਰਭਾਵਾਂ ਦੁਆਰਾ ਬੁਣੇ ਵਧੀਆ ਤਾਣੇ-ਬਾਣੇ ਦੀ ਛੋਹ ਸਦਕਾ, ਜ਼ਿਆਦਾਤਰ ਅਗਿਆਨੀ ਕਿਸਮ ਦੇ ਆਮ ਲੋਕ ਆਪਣੇ ਰੂਹਾਨੀ ਮਾਰਗ-ਦਰਸ਼ਕ ਦੇ ਦਲੇਰ ਸੁਫ਼ਨਿਆਂ ਦੇ ਪੱਖ 'ਚ ਬਣੇ ਮਾਹੌਲ ਦੇ ਸੁਮੇਲ ਅਧੀਨ ਇੰਨੇ ਜ਼ਿਆਦਾ ਉਤਸ਼ਾਹਿਤ ਹੋ ਉੱਠਦੇ ਹਨ ਕਿ ਕਿਸੇ ਵੇਲੇ ਅਜਿਹੀਆਂ ਭਿਆਨਕ ਕਿਸਮ ਦੀਆਂ ਯੋਜਨਾਵਾਂ ਬਣ ਜਾਂਦੀਆਂ ਹਨ, ਜੋ ਹੋਰ ਕਿਸੇ ਤਰ੍ਹਾਂ ਵਿਵਹਾਰਕ ਹੁੰਦੀਆਂ ਹੀ ਨਹੀਂ।

8. ਗੁਰੂ ਜੀ ਦੀ ਖਿੱਚ ਦੇ ਜਾਦੂ ਦੀ ਤਾਕਤ ਤੋਂ ਬੇਸ਼ੱਕ ਕੁਝ ਚਿੰਤਾ ਵੀ ਹੁੰਦੀ ਸੀ, ਇਸ ਦਾ ਅਹਿਸਾਸ ਸਾਰੇ ਧਰਮਾਂ ਦੇ ਸਭਿਅਕ ਤੇ ਕੁਲੀਨ ਵਰਗ ਨੂੰ ਮਹਿਸੂਸ ਹੋਣ ਵਾਲੀ ਆਮ ਰਾਹਤ ਤੋਂ ਹੋ ਜਾਂਦਾ ਹੈ, ਜੋ ਨਾ ਸਿਰਫ਼ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪ੍ਰਮੁੱਖ ਸੂਬਿਆਂ ਦੀ ਦੇਸ਼ ਨਿਕਾਲਾ ਦਿੱਤੇ ਜਾਣ ਤੋਂ ਸਗੋਂ ਕੋਟਲਾ 'ਚ ਵੱਡੀ ਗਿਣਤੀ 'ਚ ਦਿੱਤੀਆਂ ਗਈਆਂ ਮੌਤ ਦੀਆਂ ਖ਼ੌਫ਼ਨਾਕ ਸਜ਼ਾਵਾਂ ਤੋਂ ਮਿਲੀ ਹੈ। ਉਨ੍ਹਾਂ ਨੂੰ ਇੰਝ ਜਾਪ ਰਿਹਾ ਕਿ ਜਿਵੇਂ ਕੋਈ ਦਰਿੰਦਾ ਸ਼ੈਤਾਨ ਮਾਰਿਆ ਗਿਆ ਹੈ, ਜੋ ਜਿਊਣਾ ਮੁਹਾਲ ਹੋ ਚੁੱਕਿਆ ਸੀ ਉਸ 'ਚ ਰਾਹਤ ਦਾ ਸਾਹ ਮਿਲਿਆ ਹੈ ਤੇ ਜੇ ਉਹ ਜਿਉਂਦਾ ਰਹਿੰਦਾ, ਤਾਂ ਸਮੁੱਚੇ ਦੇਸ਼ 'ਚ ਮਹਾਮਾਰੀ ਤੇ ਮੌਤ ਦਾ ਤਾਂਡਵ ਹੀ ਹੋਣਾ ਸੀ।

9. ਇਸੇ ਲਈ ਜਦੋਂ ਇਹ ਕਿਹਾ ਜਾਂਦਾ ਹੈ, ਜਿਵੇਂ ਕਿ ਸੱਚਮੁਚ ਅਜਿਹਾ ਕਿਹਾ ਜਾ ਸਕਦਾ ਹੈ ਕਿ ਇਹ ਕੂਕੇ ਨੀਚ ਕਿਸਮ ਦੇ ਪੈਦਾ ਹੋਏ ਮਕਾਨਕੀ ਕੱਟੜ ਅਤੇ ਬੇਕਾਰ ਲੋਕਾਂ ਦਾ ਇੱਕ ਅਸਪੱਸ਼ਟ ਜਿਹਾ ਸੰਪਰਦਾਇ ਹੈ; ਕਿ ਉਹ ਉਜੱਡ ਕਿਸਮ ਦੀਆਂ ਅਫ਼ਵਾਹਾਂ ਸੁਣ-ਸੁਣ ਕੇ ਹੀ ਵੱਡੀ ਗਿਣਤੀ 'ਚ ਲਗਾਤਾਰ ਵਧਦੇ ਜਾ ਰਹੇ ਹਨ ਅਤੇ ਕੁਝ ਬਹੁਤ ਪੜ੍ਹੇ-ਲਿਖੇ, ਸੂਝਵਾਨ ਤੇ ਸਭਿਅਕ ਲੋਕ ਉਨ੍ਹਾਂ 'ਚ ਮਿਲ ਜਾਂਦੇ ਹਨ; ਇਨ੍ਹਾਂ 'ਚੋਂ ਕੁਝ ਹਾਲੇ ਵੀ ਥਲ ਸੈਨਾ ਜਾਂ ਪੁਲਿਸ ਵਿੱਚ ਵੀ ਮੌਜੂਦ ਹਨ; ਉਨ੍ਹਾਂ ਕੋਲ ਧਨ ਦੀ ਘਾਟ ਹੈ, ਉਨ੍ਹਾਂ ਦੇ ਵਸੀਲੇ ਮਹੱਤਵਹੀਣ ਹਨ; ਉਨ੍ਹਾਂ ਕੋਲ ਹਥਿਆਰਾਂ, ਘੋੜਿਆਂ ਤੇ ਗੋਲ਼ੀ-ਸਿੱਕੇ ਦੀ ਘਾਟ ਹੈ ਅਤੇ ਉਨ੍ਹਾਂ ਕੋਲ ਉਸ ਹਰ ਚੀਜ਼ ਦੀ ਕਮੀ ਹੈ ਜੋ ਬਗ਼ਾਵਤ ਦੇ ਉਨ੍ਹਾਂ ਦੇ ਅਸਲ ਪ੍ਰੋਜੈਕਟ ਵਿੱਚ ਆਤਮ-ਵਿਸ਼ਵਾਸ ਭਰਨ ਲਈ ਜ਼ਰੂਰੀ ਹੈ ਭਾਵ ਉਨ੍ਹਾਂ ਦੀ ਸੰਭਾਵੀ ਤਾਕਤ ਦਾ ਅਨੁਮਾਨ ਲਾਉਣਾ ਬਾਕੀ ਹੈ; ਹਾਲੇ ਤਾਂ ਸਿਰਫ਼ ਅਟਕਲਾਂ ਹੀ ਲਾਈਆਂ ਜਾ ਸਕਦੀਆਂ ਹਨ ਤੇ ਉਹ ਵੀ ਵੱਖੋ-ਵੱਖਰੇ ਹਾਲਾਤ 'ਚ ਵਿਭਿੰਨ ਹੀ ਹੋਣਗੀਆਂ। ਪਰ ਸਾਡੇ ਲਈ ਜੋ ਸਭ ਤੋਂ ਭੈੜੀ ਗੱਲ ਹੈ, ਇਹ ਸੰਪਰਦਾਇ ਪੰਜਾਬ ਦੀ ਹਿੰਦੂ ਆਬਾਦੀ ਨੂੰ ਵੱਡੀ ਗਿਣਤੀ 'ਚ ਆਪਣੇ ਨਾਲ ਰਲ਼ਾ ਸਕਦਾ ਹੈ। ਇਹ ਗੱਲ ਵੀ ਨਹੀਂ ਭੁੱਲਣੀ ਚਾਹੀਦੀ ਕਿ ਕੂਕਾ ਸੰਪਰਦਾਇ ਦੀ ਤਾਕਤ ਇਸ ਦੇ ਜੱਥੇਬੰਦਕ ਢਾਂਚੇ ਦੀ ਸੰਪੂਰਨਤਾ ਨਾਲ ਵਧ ਜਾਂਦੀ ਹੈ; ਇਸ ਸੂਬੇ ਦੀ ਸਮੁੱਚੀ ਸਿੱਖ ਆਬਾਦੀ ਜ਼ਿਲ੍ਹਿਆਂ ਤੇ ਸਬ-ਡਿਵੀਜ਼ਨਾਂ 'ਚ ਵੰਡੀ ਹੋਈ ਹੈ, ਜਿਨ੍ਹਾਂ

ਦੇ ਇੰਚਾਰਜ ਸੂਬੇ ਹਨ ਤੇ ਉਹ ਸਿੱਧੇ ਗੁਰੂ ਜੀ ਦੇ ਅਧੀਨ ਹਨ, ਜਦ ਕਿ ਕੂਕਾ ਦੂਤ ਤੇ ਏਜੰਟ ਭਾਰਤ ਦੇ ਬਹੁਤ ਸਾਰੇ ਭਾਗਾਂ, ਰਾਜਾਂ ਤੇ ਨਾਲ ਲੱਗਦੇ ਸਰਹੱਦੀ ਇਲਾਕਿਆਂ 'ਚ ਵੀ ਹਨ।

10. ਲੋਕਾਂ 'ਚ ਭਾਵਨਾਵਾਂ ਭਾਵੇਂ ਕਿੰਨੀਆਂ ਵੀ ਡੂੰਘੀਆਂ ਤੇ ਵਿਆਪਕ ਕਿਉਂ ਨਾ ਹੋਣ, ਫਿਰ ਵੀ ਇੱਕ ਤਾਕਤਵਰ ਸਰਕਾਰ ਵਿਰੁੱਧ ਖੁੱਲ੍ਹੀ ਬਗ਼ਾਵਤ ਹੌਲੀ-ਹੌਲੀ ਹੀ ਅਪਣਾਈ ਜਾਇਆ ਕਰਦੀ ਹੈ। ਪਰ ਜਦੋਂ ਇਸ ਭਾਵਨਾ ਦਾ ਘਬਰਾਹਟ 'ਚ ਹੀ ਪ੍ਰਭਾਵ ਪੈਣ ਲੱਗ ਪਵੇ ਤਾਂ ਸਫ਼ਲਤਾ, ਸਥਾਨਕ ਤੇ ਮਹੱਤਵਹੀਣ, ਸ਼ਰਧਾਲੂਆਂ ਦੀਆਂ ਨਿੱਕੀਆਂ-ਨਿੱਕੀਆਂ ਟੋਲੀਆਂ 'ਚ ਸੀਮਤ ਹੋ ਰਹਿ ਜਾਂਦੀ ਹੈ, ਇਸ ਦਾ ਅਸਰ ਨਿਰਾਸ਼ਾ 'ਚ ਨਿਕਲਦਾ ਹੈ ਅਤੇ ਜੋ ਵੀ ਇਸ ਨਾਲ ਜੁੜਦੇ ਹਨ, ਉਨ੍ਹਾਂ ਦੇ ਸਮੁੱਚੇ ਸਰੀਰ ਵਿੱਚ ਲਾਜ਼ਮੀ ਕੰਬੜੀ ਜਿਹੀ ਛਿੜ ਜਾਂਦੀ ਹੈ। ਕੁਝ ਘੰਟਿਆਂ ਦੇ ਵਕਫ਼ੇ ਨਾਲ ਹੀ ਮਲੌਦ ਤੇ ਕੋਟਲਾ 'ਤੇ ਹਮਲਿਆਂ ਦੀਆਂ ਰਿਪੋਰਟਾਂ ਮਿਲਦਿਆਂ ਹੀ ਮੈਂ ਇਸੇ ਦ੍ਰਿੜ੍ਹ ਇਰਾਦੇ ਨਾਲ ਮਹਾਮਹਿਮ ਕਮਾਂਡਰ-ਇਨ-ਚੀਫ਼ ਨੂੰ ਫ਼ੌਜਾਂ ਅਤੇ ਭਾਰਤ ਸਰਕਾਰ ਨੂੰ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਕਈ ਸੂਬਿਆਂ ਨੂੰ ਦੇਸ਼ੋਂ ਬਾਹਰ ਕਰਨ ਲਈ ਵਾਰੰਟ ਭੇਜਣ ਵਾਸਤੇ ਕਿਹਾ ਸੀ। ਮੈਂ ਇਸ ਨੂੰ ਅਸੰਭਵ ਨਹੀਂ ਸਮਝਿਆ ਸੀ ਕਿ ਇੱਕ ਗਤੀਸ਼ੀਲ ਬਲ ਦੀ ਗ਼ੈਰ-ਹਾਜ਼ਰੀ 'ਚ ਕੋਈ ਗੰਭੀਰ ਕਿਸਮ ਦਾ ਸੰਕਟ ਪੈਦਾ ਹੋ ਸਕਦਾ ਹੈ।

11. ਕੋਟਲਾ 'ਤੇ ਹਮਲਾ ਨਾਕਾਮ ਰਿਹਾ ਸੀ ਪਰ ਜੇ ਕਿਤੇ ਇਸ ਦੇ ਉਲਟ ਹੋ ਜਾਂਦਾ, ਤਾਂ ਹੁਣ ਤਾਂ ਇਸ ਦਾ ਕੇਵਲ ਅਨੁਮਾਨ ਹੀ ਲਾਇਆ ਜਾ ਸਕਦਾ ਹੈ ਕਿ ਤਦ ਕੀ ਨਤੀਜੇ ਨਿਕਲਣੇ ਸਨ। ਪਰ ਇਹ ਕਿਉਂਕਿ ਸਤਲੁਜ ਦਰਿਆ ਦੇ ਨਾਲ ਲੱਗਦੇ ਆਜ਼ਾਦ ਖੇਤਰ 'ਚ ਇਕਲੌਤੀ ਮੁਸਲਿਮ ਰਿਆਸਤ ਦਾ ਮੁੱਖ ਨਗਰ ਹੈ, ਇਸ ਲਈ ਇਸ ਨੂੰ ਆਪਣੇ ਹਮਲੇ ਲਈ ਚੁਣਨਾ ਸਿੱਧੇ ਤੌਰ 'ਤੇ ਸਿੱਖਾਂ ਦੀ ਕਿਸੇ ਹੋਰ ਧਰਮ ਪ੍ਰਤੀ ਪੱਖਪਾਤ ਨੂੰ ਦਰਸਾਉਂਦਾ ਹੈ। ਸਾਲ 1794 'ਚ ਵੀ ਇਸ 'ਤੇ ਬਿਲਕੁਲ ਇਸੇ ਤਰ੍ਹਾਂ ਬੇਦੀ ਸਾਹਿਬ ਸਿੰਘ ਨੇ ਗਊ-ਹੱਤਿਆਵਾਂ ਦਾ ਬਦਲਾ ਲੈਣ ਲਈ ਹਮਲਾ ਕੀਤਾ ਸੀ, ਜਿਨ੍ਹਾਂ ਨੇ 1798 'ਚ ਮੁੜ 7,000 ਸਿੱਖਾਂ ਨੂੰ ਇਕੱਠੇ ਕਰ ਲਿਆ ਸੀ, ਅੰਮ੍ਰਿਤਸਰ ਵਿਖੇ ਰਾਏਕੋਟ ਦੇ ਅਫ਼ਗ਼ਾਨਾਂ ਵਿਰੁੱਧ ਇਸੇ ਬਹਾਨੇ ਧਾਰਮਿਕ ਜੰਗ ਵਿੱਢਣ ਦਾ ਪ੍ਰਚਾਰ ਕੀਤਾ ਸੀ, ਰਾਏਕੋਟ ਜ਼ਿਲ੍ਹੇ 'ਤੇ ਕਬਜ਼ਾ ਕਰ ਲਿਆ ਗਿਆ ਸੀ ਤੇ ਲੁਧਿਆਣਾ ਨੂੰ ਘੇਰਾ ਪਾ ਲਿਆ ਸੀ। ਇਸ ਨੂੰ ਪਿਛਲੇ ਪ੍ਰਭਾਵ ਵਜੋਂ ਵੀ ਨਹੀਂ ਵੇਖਿਆ ਜਾ ਸਕਦਾ ਭਾਵੇਂ 'ਪਟਿਆਲਾ ਤੋਂ ਸੁਰੱਖਿਆ ਬਲ ਕੋਟਲਾ ਪੁੱਜ ਗਏ ਸਨ। ਬੇਦੀ ਸਾਹਿਬ ਸਿੰਘ ਇੱਕ ਪਵਿੱਤਰ ਕਿਰਦਾਰ ਵਾਲੇ ਵਿਅਕਤੀ ਸਨ ਅਤੇ ਸਿੱਖ ਫ਼ੌਜੀ ਜਵਾਨ ਉਨ੍ਹਾਂ ਵਿਰੁੱਧ ਜੰਗ ਨਹੀਂ ਲੜਨੀ ਚਾਹੁੰਦੇ ਸਨ।' ਲੁਧਿਆਣਾ ਦੇ ਨਿਵਾਸੀਆਂ ਤੋਂ ਹੱਦੋਂ ਵੱਧ ਖ਼ਦਸ਼ੇ ਦੀ ਆਸ ਰੱਖਦਿਆਂ ਕਿ ਇਤਿਹਾਸ ਕਿਤੇ ਆਪਣੇ-ਆਪ ਨੂੰ ਦੁਹਰਾ ਨਾ ਦੇਵੇ, ਮੈਨੂੰ ਸ੍ਰੀ ਕਾਵਨ ਵੱਲੋਂ ਵਰਤੀ ਗਈ ਸਖ਼ਤੀ ਨੂੰ ਦਿੱਤੀ ਸਰਬਸੰਮਤ ਸਹਿਮਤੀ ਤੋਂ ਕੋਈ ਹੈਰਾਨੀ ਨਹੀਂ ਹੋਈ। ਬੇਸ਼ੱਕ ਅਫ਼ਗ਼ਾਨ

*ਗ੍ਰਿਫ਼ਿਨਜ਼ ਅਨੁਸਾਰ ਪੰਜਾਬ ਦਾ ਰਾਜਾ

ਪੈਨਸ਼ਨਰ ਇਹ ਮਹਿਸੂਸ ਕਰਦੇ ਹਨ ਕਿ ਉਹ ਅਚਾਨਕ ਹੀ ਤਬਾਹਕੁੰਨ ਹਮਲਿਆਂ ਕਾਰਣ ਖ਼ੂਨ-ਖ਼ਰਾਬੇ ਵਾਲੇ ਕੱਟੜਵਾਦ ਦੇ ਸ਼ਿਕਾਰ ਹੁੰਦੇ ਰਹੇ ਹਨ।

12. ਮੇਰੀਆਂ ਹਾਲੀਆ ਪੜਤਾਲਾਂ ਨੇ ਮੈਨੂੰ ਪੁਸ਼ਟੀ ਕਰ ਦਿੱਤੀ ਹੈ, ਜਦ ਕਿ ਮੈਂ ਇਸ ਨੂੰ ਅਸਲ 'ਚ ਸ੍ਰੀ ਕਾਵਨ ਦਾ ਆਚਾਰ-ਵਿਹਾਰ ਸਮਝਿਆ ਸਾਂ। ਪਹਿਲਾਂ ਜੋ ਕੁਝ ਵਾਪਰ ਚੁੱਕਾ ਹੈ, ਉਹ ਸਾਰੇ ਹਾਲਾਤ ਉਨ੍ਹਾਂ ਨੂੰ ਦਰੁਸਤ ਠਹਿਰਾਉਂਦੇ ਹਨ ਕਿ ਕੂਕਾ ਅੰਦੋਲਨ ਦੇ ਕਿਹੋ ਜਿਹੇ ਸੰਭਾਵੀ ਨਤੀਜੇ ਨਿਕਲ ਸਕਦੇ ਸਨ ਅਤੇ ਬ੍ਰਿਟਿਸ਼ ਸਰਕਾਰ ਦੇ ਹਿਤਾਂ ਅਤੇ ਯੂਰੋਪੀਅਨ ਤੇ ਉੱਚ-ਵਰਗ ਦੇ ਸਥਾਨਕ ਨਿਵਾਸੀਆਂ ਦੀ ਤੁਰੰਤ ਸੁਰੱਖਿਆ ਨੂੰ ਕਿੰਨਾ ਗੰਭੀਰ ਖ਼ਤਰਾ ਪੈਦਾ ਹੋ ਸਕਦਾ ਸੀ। ਮੈਂ ਉਨ੍ਹਾਂ ਦੇ ਇਸ ਵਿਚਾਰ ਨਾਲ ਸਹਿਮਤ ਹਾਂ ਕਿ ਬਗ਼ਾਵਤ ਦੇ ਅਸਲ ਯੋਜਨਾਕਾਰਾਂ ਵੱਲ ਧਿਆਨ ਦੇ ਕੇ ਉਨ੍ਹਾਂ ਨੂੰ ਮਿਸਾਲੀ ਸਜ਼ਾਵਾਂ ਦੇਣੀਆਂ ਜ਼ਰੂਰੀ ਸਨ, ਭਾਵੇਂ ਬਾਗ਼ੀ ਆਪਣੇ ਮਿਸ਼ਨ 'ਚ ਕਾਮਯਾਬ ਨਹੀਂ ਹੋ ਸਕੇ ਅਤੇ ਚਾਹੇ ਮੈਂ ਇਹ ਸੋਚਦਾ ਹਾਂ ਕਿ ਉਨ੍ਹਾਂ ਨੇ ਬੇਲੋੜੀ ਕਾਹਲ਼ੀ ਨਾਲ ਕੰਮ ਕੀਤਾ ਤੇ ਗ਼ੈਰ-ਜ਼ਰੂਰੀ ਤਰੀਕੇ ਆਪਣੀਆਂ ਤਾਕਤਾਂ ਦੀ ਵਰਤੋਂ ਕੀਤੀ ਅਤੇ ਮਿਸਾਲੀ ਸਜ਼ਾ ਦੇਣ ਲਈ ਮੌਤ ਦੀ ਸਜ਼ਾ ਵਾਸਤੇ ਕਿਤੇ ਜ਼ਿਆਦਾ ਮੁਲਜ਼ਮਾਂ ਨੂੰ ਸ਼ਾਮਲ ਕਰ ਲਿਆ, ਜਦ ਕਿ ਥੋੜ੍ਹੀਆਂ ਨਾਲ ਵੀ ਸਰ ਸਕਦਾ ਸੀ, ਫਿਰ ਵੀ ਉਨ੍ਹਾਂ ਮੋਟੇ ਤੌਰ 'ਤੇ ਕੋਈ ਬੇਇਨਸਾਫ਼ੀ ਨਹੀਂ ਕੀਤੀ; ਕਿਉਂਕਿ ਉਸ ਵੇਲੇ ਹਾਲਾਤ ਹੀ ਉਨ੍ਹਾਂ ਦੇ ਦਿਮਾਗ਼ 'ਤੇ ਕੁਝ ਵਧੇਰੇ ਭਾਰੂ ਹੋ ਗਏ ਸਨ ਤੇ ਉਨ੍ਹਾਂ ਨੂੰ ਜਾਪਿਆ ਕਿ ਅਜਿਹੇ ਕੱਟੜ ਲੋਕਾਂ ਨੂੰ ਬਿਨਾਂ ਕਿਸੇ ਦੇਰੀ ਦੇ ਸਬਕ ਸਿਖਾਉਣ ਦੀ ਜ਼ਿੰਮੇਵਾਰੀ ਨਿਭਾਉਣੀ ਜ਼ਰੂਰੀ ਹੈ, ਜਿਨ੍ਹਾਂ ਨੂੰ ਨਾ ਤਾਂ ਆਪਣੀਆਂ ਜ਼ਿੰਦਗੀਆਂ ਦੀ ਪਰਵਾਹ ਹੈ ਤੇ ਨਾ ਹੋਰਨਾਂ ਦੀ ਅਤੇ ਉਹ ਆਪਣੇ ਘੱਟ ਜੇਰੇ ਵਾਲੇ ਸਾਥੀ ਧਰਮੀਆਂ ਪ੍ਰਤੀ ਵਿਖਾਈ ਜਾਣ ਵਾਲੀ ਹਮਦਰਦੀ ਬਹਾਨੇ ਮਹਿਜ਼ ਬਗ਼ਾਵਤ ਕਰਨ ਲਈ ਆਪਣੇ ਗਿਰੋਹ ਬਣਾ-ਬਣਾ ਕੇ ਜਿੱਥੇ ਮਰਜ਼ੀ ਲੁੱਟਾਂ-ਖੋਹਾਂ, ਡਕੈਤੀਆਂ ਤੇ ਕਤਲ ਕਰਦੇ ਰਹਿ ਸਕਣ; ਸੰਖੇਪ ਵਿੱਚ, ਉਨ੍ਹਾਂ ਕਾਨੂੰਨ ਦੀ ਹੱਦ ਤੋਂ ਬਾਹਰ ਜਾ ਕੇ ਤਾਂ ਕਿਸੇ ਨੂੰ ਕੋਈ ਸਜ਼ਾ ਦਿੱਤੀ ਹੀ ਨਹੀਂ ਤੇ ਮੇਰਾ ਸੁਹਿਰਦਤਾ ਨਾਲ ਨਿਆਂਪੂਰਵਕ ਵਿਚਾਰ ਇਹ ਹੈ ਤੇ ਪੱਕਾ ਮੰਨਣਾ ਹੈ ਕਿ ਸਮੁੱਚੇ ਹਾਲਾਤ 'ਤੇ ਗ਼ੌਰ ਕਰਦਿਆਂ ਇੱਕ ਮਿਸਾਲੀ ਸਜ਼ਾ ਦੀ ਲੋੜ ਸੀ, ਮੈਂ ਭਾਵੇਂ ਇਸ ਸਭ ਦਾ ਸਨਿਮਰ ਸਮਰਥਨ ਕਰਦਾ ਹਾਂ, ਫਿਰ ਵੀ ਮੈਂ ਉਨ੍ਹਾਂ ਦੀਆਂ ਸਾਰੀਆਂ ਕਾਰਵਾਈਆਂ ਨੂੰ ਪ੍ਰਵਾਨ ਨਹੀਂ ਕਰਦਾ। ਇਸ ਨਤੀਜੇ 'ਤੇ ਅੱਪੜਦਿਆਂ ਮੇਰੇ 'ਤੇ ਇਸ ਤੱਥ ਦਾ ਕੋਈ ਅਸਰ ਨਹੀਂ ਹੈ ਕਿ ਉਨ੍ਹਾਂ ਨੂੰ ਅਹੁਦੇ ਤੋਂ ਮੁਅੱਤਲ ਕਰਨ ਨਾਲ ਕੂਕਿਆਂ ਨੂੰ ਕੁਝ ਹੱਲਾਸ਼ੇਰੀ ਮਿਲੀ ਹੈ ਅਤੇ ਇਸ ਨੂੰ ਉਹ ਆਪਣੇ ਗੁਰੂ ਦਾ ਕੋਈ ਭੇਤ ਭਰਿਆ ਚਮਤਕਾਰ ਮੰਨਦੇ ਹਨ।

13. ਜਿੱਥੋਂ ਤਕ ਕੂਕਿਆਂ ਦੀਆਂ ਹੋਰ ਬਗ਼ਾਵਤਾਂ 'ਤੇ ਨਜ਼ਰ ਰੱਖਣ ਲਈ ਚੁੱਕੇ ਜਾਣ ਵਾਲੇ ਕਦਮਾਂ ਦਾ ਸਬੰਧ ਹੈ, ਮੈਂ ਪੁਲਿਸ ਨੂੰ, ਜਿੱਥੋਂ ਤੱਕ ਵੀ ਸੰਭਵ ਹੋਵੇ, ਪੰਜ ਤੋਂ ਵੱਧ ਕੂਕਿਆਂ ਦੇ ਇਕੱਠੇ ਹੋਣ 'ਤੇ ਰੋਕ ਲਾਉਣ ਅਤੇ ਸਜ਼ਾ ਜ਼ਾਬਤੇ ਦੇ ਸੈਕਸ਼ਨ 43 ਅਧੀਨ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਬਾਕੀ ਰਹਿੰਦੇ ਆਗੂਆਂ 'ਤੇ ਵੀ ਪੂਰੀ ਚੌਕਸੀ ਨਾਲ ਨਜ਼ਰ ਰੱਖੀ ਜਾ ਰਹੀ

ਹੈ। ਕੂਕਿਆਂ ਤੇ ਕੱਟੜ ਸਿੱਖਾਂ ਵਿਚਾਲੇ ਨੇੜਤਾ ਦੀਆਂ ਸਾਰੀਆਂ ਨਿਸ਼ਾਨੀਆਂ ਧਿਆਨ ਗੋਚਰੇ ਲਿਆਂਦੀਆਂ ਗਈਆਂ ਹਨ। ਇਸ ਵੇਲੇ ਚੌਕਸੀ ਤੋਂ ਇਲਾਵਾ ਹੋਰ ਕੁਝ ਕਰਨ ਦੀ ਲੋੜ ਨਹੀਂ ਹੈ ਅਤੇ ਮੇਰਾ ਵਿਚਾਰ ਹੈ ਕਿ ਭਾਰਤ ਸਰਕਾਰ ਨਾਲ ਸਲਾਹ-ਮਸ਼ਵਰਾ ਕਰ ਕੇ ਮਹਾਮਹਿਮ ਕਮਾਂਡਰ-ਇਨ-ਚੀਫ਼ ਵੱਲੋਂ ਚੁੱਕੇ ਗਏ ਕਦਮਾਂ ਨੂੰ ਲਾਗੂ ਨਾ ਕਰਨ ਨੂੰ ਹੀ ਤਰਜੀਹ ਦਿੱਤੀ ਜਾਵੇ।

**ਆਰ.ਐੱਚ. ਡੇਵੀਸ**

## 165

### ਨੰ. 47 ਦਾ ਸਰਕੂਲਰ ਮੀਮੋ

*ਮਿਤੀ ਲਾਹੌਰ, 26 ਫ਼ਰਵਰੀ, 1872*

ਵੱਲੋਂ

ਅਧੀਨ ਸਕੱਤਰ, ਪੰਜਾਬ ਸਰਕਾਰ,
ਪੁਲਿਸ ਵਿਭਾਗ।

ਵੱਲ

ਸਮੂਹ ਕਮਿਸ਼ਨਰਜ਼ ਅਤੇ
ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ।

ਬੀਤੀ 23 ਜਨਵਰੀ ਦੇ ਮੀਮੋ ਨੰ. 11 ਦੇ ਨਿਰੰਤਰਤਾ 'ਚ, ਜਿਸ ਵਿੱਚ ਪੁਲਿਸ ਨੂੰ ਹੁਕਮ ਦਿੱਤਾ ਗਿਆ ਹੈ ਕਿ ਪੰਜ ਜਾਂ ਵੱਧ ਗਿਣਤੀ 'ਚ ਇਕੱਠੇ ਹੋਏ ਕੂਕਿਆਂ ਨੂੰ ਤੁਰੰਤ ਖਿੰਡਾ ਦਿੱਤਾ ਜਾਇਆ ਕਰੇ। ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਇਹ ਹਦਾਇਤ ਦਿੰਦਿਆਂ ਖ਼ੁਸ਼ੀ ਹੁੰਦੀ ਹੈ ਕਿ ਇਸ ਕਾਰਜ-ਵਿਧੀ ਨੂੰ ਆਮ ਧਰਮ-ਨਿਰਪੱਖ ਸਥਾਨਾਂ, ਜਿਨ੍ਹਾਂ ਨੂੰ ਆਮ ਤੌਰ 'ਤੇ ਧਰਮਸ਼ਾਲਾਵਾਂ ਕਿਹਾ ਜਾਂਦਾ ਹੈ, 'ਚ ਹੋਣ ਵਾਲੀਆਂ ਪੰਜ ਜਾਂ ਵਧੇਰੇ ਕੂਕਿਆਂ ਦੇ ਇਕੱਠਾਂ 'ਤੇ ਲਾਗੂ ਕੀਤਾ ਜਾਵੇ।

## 166

*ਨੰ. 648,* *ਮਿਤੀ 28 ਫ਼ਰਵਰੀ, 1872*

ਵੱਲੋਂ

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਮੈਂ ਇਸੇ ਮਹੀਨੇ ਦੀ 8 ਤਰੀਕ ਦੇ ਤੁਹਾਡੇ ਪੱਤਰ ਨੰ. 289 ਦੇ ਹਵਾਲੇ ਨਾਲ

ਸ੍ਰੀ ਕਾਵਨ ਵੱਲੋਂ ਇਸੇ ਮਹੀਨੇ ਦੀ 17 ਤਰੀਕ ਨੂੰ ਲਿਖਿਆ ਪੱਤਰ ਭੇਜਣਾ ਚਾਹੁੰਦਾ ਹਾਂ, ਜੋ ਕੋਟਲਾ 'ਚ ਮੌਤ ਦੀਆਂ ਸਜ਼ਾਵਾਂ ਦਿੱਤੇ ਜਾਣ ਨਾਲ ਸੰਬੰਧਤ ਹੈ, ਉਸ ਦੇ ਨਾਲ ਹੀ ਮਾਣਯੋਗ ਲੈਫ਼ਟੀਨੈਂਟ ਗਵਰਨਰ ਵੱਲੋਂ ਦਰਜ ਕਾਰਵਾਈ ਵੀ ਹੈ।

## 167

*ਨੰ. 9,* *ਮਿਤੀ ਭਾਰਤ ਦਾ ਦਫ਼ਤਰ, ਲੰਦਨ, 29 ਫ਼ਰਵਰੀ, 1872*

ਵੱਲੋਂ

ਭਾਰਤੀ ਮਾਮਲਿਆਂ ਲਈ ਮਹਾਰਾਣੀ ਦੇ ਸਕੱਤਰ।

ਵੱਲ

ਭਾਰਤ ਸਰਕਾਰ।

ਕੌਂਸਲ 'ਚ ਆਪ ਮਹਾਮਹਿਮ ਤੋਂ ਪਹਿਲਾਂ ਦੇ ਅਧਿਕਾਰੀ ਦਾ ਡਿਸਪੈਚ ਮਿਤੀ 19 ਜਨਵਰੀ, 1872 ਦਾ ਨੰ. 7, ਜਿਸ ਰਾਹੀਂ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ 'ਚ ਕੂਕਿਆਂ ਦੇ ਕੁਝ ਦਲਾਂ ਵੱਲੋਂ ਪੈਦਾ ਕੀਤੀਆਂ ਖ਼ਾਸ ਗੜਬੜੀਆਂ ਨਾਲ ਸੰਬੰਧਤ ਕੁਝ ਤਾਰ ਭੇਜੇ ਗਏ ਸਨ, 'ਤੇ ਮੇਰੇ ਵੱਲੋਂ ਕੌਂਸਲ 'ਚ ਵਿਚਾਰ-ਵਟਾਂਦਰਾ ਕੀਤਾ ਗਿਆ ਹੈ।

ਮੈਂ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਤੋਂ ਇਸ ਬਾਰੇ ਪੂਰੀ ਰਿਪੋਰਟ ਦੀ ਉਤਸੁਕਤਾ ਨਾਲ ਉਡੀਕ ਕਰਾਂਗਾ।

ਕੋਈ ਹੁਕਮ ਨਹੀਂ

## 168

ਥਲ ਸੈਨਾ 'ਚ ਮੌਜੂਦ ਜਾਂ ਅਜਿਹੀ ਸੇਵਾ ਲਈ ਸੂਚੀਬੱਧ ਹੋਣ ਦੇ ਚਾਹਵਾਨ ਕੂਕਾ ਸੰਪਰਦਾਇ ਦੇ ਮੈਂਬਰਾਂ ਨਾਲ ਨਿਪਟਣ ਲਈ ਤੈਅਸ਼ੁਦਾ ਸਿਧਾਂਤ।

**ਗੁਪਤ**

*ਨੰ. 195, ਮਿਤੀ 4 ਮਾਰਚ, 1872*

ਵੱਲੋਂ

ਕਰਨ ਐੱਚ.ਕੇ. ਬਰਨੇ,

ਸਕੱਤਰ, ਭਾਰਤ ਸਰਕਾਰ।

ਫ਼ੌਜ ਵਿਭਾਗ।

*"ਸਥਾਨਕ ਥਲ ਸੈਨਾ"

ਵੱਲ

ਐਡਜੂਟੈਂਟ ਜਨਰਲ।

ਪਿਛਲੇ ਮਹੀਨੇ ਦੀ 22 ਤਰੀਕ ਦੇ ਤੁਹਾਡੇ ਪੱਤਰ ਨੰ. 667ਏ* ਦੇ ਹਵਾਲੇ ਨਾਲ, ਮੈਂ ਤੁਹਾਡੀ, ਕਮਾਂਡਰ-ਇਨ-ਚੀਫ਼ ਦੀ ਜਾਣਕਾਰੀ ਲਈ ਜਾਣੂ ਕਰਵਾਉਣਾ ਚਾਹੁੰਦਾ

ਹਾਂ ਕਿ ਭਾਵੇਂ ਕੂਕਾ ਵਰਗ ਦੇ ਲੋਕਾਂ ਨੂੰ ਸੂਚੀਬੱਧ ਕਰਨ ਤੋਂ ਗੁਰੇਜ਼ ਕਰਨਾ ਠੀਕ ਰਹਿ ਸਕਦਾ ਹੈ ਪਰ ਗਵਰਨਰ ਜਨਰਲ-ਇਨ-ਕੌਂਸਲ ਨੂੰ ਇਹ ਗੱਲ ਲਾਹੇਵੰਦ ਨਹੀਂ ਜਾਪਦੀ ਕਿ ਸਥਾਨਕ ਥਲ ਸੈਨਾ ਜਾਂ ਕਿਸੇ ਹੋਰ ਸਰਕਾਰੀ ਸੰਸਥਾਨ 'ਚ ਇਸ ਵੇਲੇ ਸੇਵਾ ਨਿਭਾ ਰਹੇ ਕਿਸੇ ਜਵਾਨ ਨੂੰ ਸਿਰਫ਼ ਇਸ ਲਈ ਕੱਢ ਦਿੱਤਾ ਜਾਵੇ ਕਿ ਉਹ ਜ਼ੇਰੇ-ਗ਼ੌਰ ਸੰਪਰਦਾਇ ਨਾਲ ਸੰਬੰਧਤ ਹਨ।

2. ਕੌਂਸਲ 'ਚ ਮਹਾਮਹਿਮ ਨੂੰ ਜਾਪਦਾ ਹੈ ਕਿ ਇਨ੍ਹਾਂ ਵਿਅਕਤੀਆਂ ਦਾ ਉਨ੍ਹਾਂ 'ਚੋਂ ਹਰੇਕ ਵਿਅਕਤੀ ਦੇ ਵਿਅਕਤੀਗਤ ਕਿਰਦਾਰ 'ਤੇ ਨਿਰਭਰ ਕਰਦਿਆਂ ਉਨ੍ਹਾਂ ਦਾ ਨਿਬੇੜਾ ਕੀਤਾ ਜਾਵੇ ਤੇ ਕੇਵਲ ਸ਼ੱਕੀ ਵਿਅਕਤੀਆਂ ਨੂੰ ਹੀ ਪੂਰੀ ਤਰ੍ਹਾਂ ਨਿਸ਼ਚਿਤ ਕਰਨ ਤੋਂ ਬਾਅਦ ਹੀ ਸੇਵਾ 'ਚੋਂ ਬਰਖ਼ਾਸਤ ਕੀਤਾ ਜਾਵੇ, ਜੇ ਉਨ੍ਹਾਂ ਦਾ ਰਵੱਈਆ ਕੁਝ ਗੜਬੜੀ ਵਾਲਾ ਜਾਂ ਬਾਗ਼ੀਆਨਾ ਜਾਂ ਸ਼ੱਕੀ ਕਿਰਦਾਰ ਵਾਲਾ ਹੈ।

3. ਪਿਛਲੇ ਵਰ੍ਹੇ ਇਸੇ ਸਿਧਾਂਤ ਦੇ ਆਧਾਰ 'ਤੇ ਹੀ ਫ਼ਿਰੋਜ਼ਪੁਰ ਦੇ ਅਸਲਾ-ਘਰ 'ਚ ਜਾਂ ਕਿਤੇ ਹੋਰ ਕੰਮ ਕਰਦੇ ਮੁਲਾਜ਼ਮਾਂ ਬਾਰੇ ਫ਼ੈਸਲਾ ਲਿਆ ਗਿਆ ਸੀ, ਜਦੋਂ ਇਹ ਮਾਮਲਾ ਨੀਮ-ਅਧਿਕਾਰਤ ਤੌਰ 'ਤੇ ਭਾਰਤ ਸਰਕਾਰ ਦੇ ਧਿਆਨ ਗੋਚਰੇ ਲਿਆਂਦਾ ਗਿਆ ਸੀ ਅਤੇ ਕੌਂਸਲ 'ਚ ਮਹਾਮਹਿਮ ਨੂੰ ਇਸ ਸਿਧਾਂਤ ਤੋਂ ਲਾਂਭੇ ਹੋਣ ਦਾ ਕੋਈ ਵਾਜਬ ਕਾਰਣ ਨਹੀਂ ਦਿਸਦਾ।

4. ਇਸੇ ਲਈ ਮੇਰੀ ਬੇਨਤੀ ਹੈ ਕਿ ਮਹਾਮਹਿਮ ਕਮਾਂਡਰ-ਇਨ-ਚੀਫ਼ ਨੂੰ ਤੁਹਾਡੇ ਪੱਤਰ ਨਾਲ ਨੱਥੀ ਸੂਚੀ ਵਿੱਚ ਦਰਜ ਹਰੇਕ ਵਿਅਕਤੀ ਦੇ ਕਿਰਦਾਰ ਤੇ ਉਸ ਨਾਲ ਸੰਬੰਧਤ ਹੋਰ ਪੂਰਬਲੀਆਂ ਗੱਲਾਂ ਦੀ ਇੱਕ ਖ਼ਾਸ ਰਿਪੋਰਟ ਮੰਗਵਾ ਲੈਣੀ ਚਾਹੀਦੀ ਹੈ ਅਤੇ ਫਿਰ ਉਨ੍ਹਾਂ ਬਾਰੇ ਫ਼ੈਸਲਾ ਲੈਣ ਲਈ ਉਪਰੋਕਤ ਵਰਣਿਤ ਵਧੀਆ ਗਏ ਸਿਧਾਂਤ ਨੂੰ ਹੀ ਅਪਣਾਉਂਦਿਆਂ ਲੋੜੀਂਦੀਆਂ ਸਿਫ਼ਾਰਸ਼ਾਂ ਕੀਤੀਆਂ ਜਾਣ।

ਉਪਰੋਕਤ ਦੀ ਕਾਪੀ ਅਤੇ ਜਿਨ੍ਹਾਂ ਲਈ ਇਹ ਇੱਕ ਜਵਾਬ ਹੈ, ਪੰਜਾਬ ਸਰਕਾਰ ਦੇ ਫ਼ੌਜੀ ਸਕੱਤਰ ਨੂੰ ਇਸ ਬੇਨਤੀ ਨਾਲ ਭੇਜੀ ਜਾਂਦੀ ਹੈ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਇਸ ਵਿਸ਼ੇ 'ਤੇ ਆਪਣੇ ਵਿਚਾਰ ਭਾਰਤ ਦੇ ਗਵਰਨਰ ਨੂੰ ਭੇਜ ਸਕਦੇ ਹਨ ਕਿ ਨਿਯਮਤ ਫ਼ੌਜ ਵਿੱਚ ਕਿਹੜੇ ਨਿਯਮ ਪੰਜਾਬ ਫ਼ਰੰਟੀਅਰ ਫ਼ੋਰਸ ਦੇ ਸਮਾਨ ਅਪਣਾਏ ਜਾਣੇ ਚਾਹੀਦੇ ਹਨ।

ਉਪਰੋਕਤ ਦੀ ਕਾਪੀ ਇਸ ਬੇਨਤੀ ਨਾਲ ਗ੍ਰਹਿ ਵਿਭਾਗ ਨੂੰ ਭੇਜੀ ਜਾਂਦੀ ਹੈ ਕਿ ਕਾਂਸਟੇਬਲਾਂ ਦੇ ਬਲ ਦੇ ਸੰਦਰਭ ਵਿੱਚ ਉਸ ਵਿਭਾਗ 'ਚ ਇਸ ਵਿਸ਼ੇ 'ਤੇ ਵਿਚਾਰ-ਵਟਾਂਦਰਾ ਕੀਤਾ ਜਾ ਸਕਦਾ ਹੈ।

## 169

**(ਗੁਪਤ)**

*ਨੰ. 172, ਮਿਤੀ 7 ਮਾਰਚ, 1872*

ਵੱਲੋਂ

*ਗੁਪਤ, ਨੰ. 196, ਮਿਤੀ 4 ਮਾਰਚ, 1872

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਵੱਲ

ਸਕੱਤਰ, ਪੰਜਾਬ ਸਰਕਾਰ।

ਭਾਰਤ ਸਰਕਾਰ ਵੱਲੋਂ ਪੰਜਾਬ ਸਰਕਾਰ ਦੇ ਫ਼ੌਜੀ ਸਕੱਤਰ ਦੇ ਮਿਲਟਰੀ ਵਿਭਾਗ ਨੂੰ ਭੇਜੇ ਇੱਕ ਸੰਦੇਸ਼* ਦੀ ਨਾਲ ਨੱਥੀ ਕਾਪੀ ਦੇ ਹਵਾਲੇ ਨਾਲ, ਮੈਨੂੰ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ; ਥਲ ਸੈਨਾ ਵਿੱਚ ਇਸ ਵੇਲੇ ਸੇਵਾ ਨਿਭਾ ਰਹੇ ਕੂਕਾ ਸੰਪਰਦਾਇ ਦੇ ਮੈਂਬਰਾਂ ਜਾਂ ਅਜਿਹੀ ਕਿਸੇ ਹੋਰ ਸੇਵਾ 'ਚ ਸੂਚੀਬੱਧ ਹੋਣ ਦੇ ਅਜਿਹੇ ਚਾਹਵਾਨਾਂ ਸਬੰਧੀ ਫ਼ੈਸਲਾ ਲੈਣ ਲਈ ਫ਼ੌਜੀ ਵਿਭਾਗ ਵੱਲੋਂ ਤੈਅ ਕੀਤੇ ਸਿਧਾਂਤ ਕਾਂਸਟੇਬਿਊਲਰੀ ਫ਼ੋਰਸ ਵਿੱਚ ਲਾਗੂ ਕਰਨ ਦੇ ਮਾਮਲੇ 'ਤੇ, ਆਪਣੇ ਵਿਚਾਰ ਗਵਰਨਰ ਜਨਰਲ-ਇਨ- ਕੌਂਸਲ ਨੂੰ ਭੇਜਣ।

# 170

## ਮੀਮੋ ਨੰ. 98

*ਮਿਤੀ ਲਾਹੌਰ, 8 ਮਾਰਚ, 1872*

ਵੱਲੋਂ

ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ,

ਬੇਨਤੀ ਕੀਤੀ ਜਾਂਦੀ ਹੈ ਕਿ ਉਹ ਪੁਲਿਸ ਦੇ ਜ਼ਿਲ੍ਹਾ ਸੁਪਰਇੰਟੈਂਡੈਂਟਸ ਨੂੰ ਅਜਿਹੇ ਕੱਟੜ ਸਿੱਖ ਜਾਂ ਕਿਸੇ ਹੋਰ ਵਿਅਕਤੀ ਦੇ ਹਰੇਕ ਮਾਮਲੇ 'ਚ ਨਾਮ, ਮਾਪਿਆਂ ਦੇ ਨਾਮ ਦੀ ਰਿਪੋਰਟ ਦੇਣ ਦੀ ਹਦਾਇਤ ਜਾਰੀ ਕਰਨਗੇ, ਜਿਸ ਨੇ ਨਿਜੀ ਤੌਰ 'ਤੇ ਜ਼ਮਾਨਤ ਦਿੱਤੀ ਹੈ ਜਾਂ ਕਿਸੇ ਕੂਕੇ ਲਈ ਰਾਸ਼ੀ ਦੀ ਜ਼ਮਾਨਤ ਦਿੱਤੀ ਹੈ।

# 171

*ਨੰ. 472, ਮਿਤੀ 13 ਮਾਰਚ, 1872*

ਵੱਲੋਂ:

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਵੱਲ

ਐੱਲ.ਐੱਚ. ਗ੍ਰਿਫਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਇਸੇ ਮਹੀਨੇ ਦੀ 9 ਤਰੀਕ ਨੂੰ ਲੈਫ਼ਟੀਨੈਂਟ ਗਵਰਨਰ ਦੇ ਪਤੇ 'ਤੇ ਭੇਜੀ ਤਾਰ ਦੇ ਹਵਾਲੇ ਨਾਲ ਮੈਂ ਇਹ ਵਿਆਖਿਆ ਕਰਨੀ ਚਾਹੁੰਦਾ ਹਾਂ ਕਿ ਗਵਰਨਰ ਜਨਰਲ-ਇਨ ਕੌਂਸਲ ਦਾ ਵਿਚਾਰ ਹੈ ਕਿ ਬਾਬਾ ਰਾਮ ਸਿੰਘ ਜੀ ਨੂੰ ਲਗਾਤਾਰ ਹਿਰਾਸਤ 'ਚ ਰੱਖਣ

'ਤੇ ਇਹ ਦਰਸਾਉਣ ਲਈ ਕਾਫ਼ੀ ਸਬੂਤ ਰਿਕਾਰਡ 'ਚ ਮੌਜੂਦ ਹਨ ਕਿ ਉਨ੍ਹਾਂ ਦੀ ਰਿਹਾਈ ਦੇਸ਼ ਦੇ ਅਮਨ ਅਤੇ ਸ਼ਾਂਤੀ ਲਈ ਖ਼ਤਰਨਾਕ ਹੋਵੇਗੀ।

2. ਇਸ ਤੋਂ ਇਲਾਵਾ ਇਹ ਜਾਪਦਾ ਹੈ ਕਿ ਉਨ੍ਹਾਂ ਨੂੰ ਭਾਰਤੀ ਮਹਾਂਦੀਪ 'ਚ ਮੁਕੰਮਲ ਸੁਰੱਖਿਆ 'ਚ ਰੱਖਣਾ ਤੇ ਆਪਣੇ ਪੈਰੋਕਾਰਾਂ ਨਾਲ ਗੱਲ-ਬਾਤ ਕਰਨ ਤੋਂ ਰੋਕਣਾ ਔਖਾ ਹੈ। ਕੌਂਸਲ 'ਚ ਮਹਾਮਹਿਮ ਨੇ ਹੁਕਮ ਦਿੱਤਾ ਹੈ ਕਿ ਉਨ੍ਹਾਂ ਨੂੰ ਬ੍ਰਿਟਿਸ਼ ਬਰਮਾ ਦੀ ਜੇਲ੍ਹ 'ਚ ਭੇਜ ਦਿੱਤਾ ਜਾਵੇ।

| | |
|---|---|
| ਸਾਹਿਬ ਸਿੰਘ | ਮਲੂਕ ਸਿੰਘ |
| ਰੂੜ ਸਿੰਘ | ਮਾਨ ਸਿੰਘ |
| ਲੱਖਾ ਸਿੰਘ | ਹੁਕਮਾ ਸਿੰਘ |
| ਕਾਹਨ ਸਿੰਘ | ਪਹਾੜਾ ਸਿੰਘ |
| ਬ੍ਰਹਮਾ ਸਿੰਘ | ਸ. ਮੰਗਲ ਸਿੰਘ |
| ਜਵਾਹਰ ਸਿੰਘ | ਵਾਸੀ ਰਾਏਪੁਰ |

3. ਇੱਥੇ ਹਾਸ਼ੀਏ 'ਤੇ ਦਰਸਾਏ ਹੋਰ ਕੈਦੀਆਂ ਦੇ ਸਬੰਧ 'ਚ, ਜੋ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਹਨ, ਉਨ੍ਹਾਂ ਵਿਰੁੱਧ ਭਾਰਤ ਸਰਕਾਰ ਕੋਲ ਕੋਈ ਵਾਜਬ ਸਬੂਤ ਮੌਜੂਦ ਨਹੀਂ ਹੈ ਕਿ ਉਹ ਸੱਚਮੁਚ ਖ਼ਤਰਨਾਕ ਕਿਰਦਾਰ ਵਾਲੇ ਵਿਅਕਤੀ ਹਨ।

ਕੌਂਸਲ 'ਚ ਗਵਰਨਰ ਜਨਰਲ ਨੇ ਸਥਾਨਕ ਸਰਕਾਰ ਦੇ ਉਸ ਵਿਚਾਰ ਨੂੰ ਸਹਿਮਤੀ ਨਾਲ ਪ੍ਰਵਾਨ ਕਰ ਲਿਆ ਕਿ ਉਸ ਵੇਲੇ ਉਨ੍ਹਾਂ ਦੀ ਗ੍ਰਿਫ਼ਤਾਰੀ ਜ਼ਰੂਰੀ ਸੀ; ਪਰ ਮਹਾਮਹਿਮ ਇਹ ਸਹੀ ਮੰਨਦੇ ਹਨ ਕਿ ਜੇ ਅੰਬਾਲਾ ਡਿਵੀਜ਼ਨ ਦੀਆਂ ਹਾਲੀਆ ਘਟਨਾਵਾਂ ਦੇ ਤੁਰੰਤ ਬਾਅਦ ਪੈਦਾ ਹੋਈ ਗੜਬੜੀ ਹੁਣ ਖ਼ਤਮ ਹੋ ਚੁੱਕੀ ਹੈ ਤੇ ਫਿਰ ਵੀ ਇਨ੍ਹਾਂ ਵਿਅਕਤੀਆਂ ਨੂੰ ਹਿਰਾਸਤ 'ਚ ਰੱਖਣਾ ਹੈ, ਤਾਂ ਅਜਿਹੇ ਕਦਮ ਲਈ ਹਰ ਕਿਸਮ ਦੇ ਵਾਜਬ ਸਬੂਤ ਮੌਜੂਦ ਹੋਣੇ ਚਾਹੀਦੇ ਹਨ।

4. ਇਸੇ ਲਈ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਸੇ ਵੀ ਤਰ੍ਹਾਂ ਦਾ ਹਰ ਕਿਸਮ ਦਾ ਸਬੂਤ ਇਕੱਠਾ ਕਰ ਕੇ ਉਸ ਨੂੰ ਲਿਖਤੀ ਰੂਪ ਦਿੱਤਾ ਜਾਣਾ ਚਾਹੀਦਾ ਹੈ ਤੇ ਜਦੋਂ ਇਹ ਕੰਮ ਮੁਕੰਮਲ ਹੋ ਜਾਵੇ ਤਾਂ ਉਹ ਸਭ ਬਿਨਾਂ ਕੋਈ ਸਮਾਂ ਅਜਾਈਂ ਗੁਆਏ ਚੰਗੀ ਸਾਖ਼ ਵਾਲੇ ਤੇ ਵਾਜਬ ਨਿਆਂਇਕ ਤਜਰਬੇ ਵਾਲੇ ਕਿਸੇ ਸਿਵਲ ਅਧਿਕਾਰੀ ਨੂੰ ਸੌਂਪ ਦੇਣਾ ਚਾਹੀਦਾ ਹੈ। ਉਹ ਅਧਿਕਾਰੀ ਤਦ ਅਲਾਹਾਬਾਦ ਜਾਵੇਗਾ ਤੇ ਹਿਰਾਸਤ 'ਚ ਮੌਜੂਦ ਹਰੇਕ ਵਿਅਕਤੀ ਦਾ ਵੱਖਰਾ ਨਿਰੀਖਣ ਕਰੇਗਾ। ਹਰੇਕ ਦੇ ਅਜਿਹੇ ਬਿਆਨ, ਉਹ ਭਾਵੇਂ ਆਪਣੀ ਸਫ਼ਾਈ ਦੇਣ ਵਾਲੇ ਹੋਣ ਜਾਂ ਖ਼ੁਦ ਨੂੰ ਬੇਕਸੂਰ ਦਰਸਾਉਂਦੇ ਹੋਣ ਜਾਂ ਕੁਝ ਹੋਰ ਕਿਹਾ ਹੋਵੇ, ਲੈਣੇ ਚਾਹੀਦੇ ਹਨ।

5. ਜਦੋਂ ਇਹ ਹੋ ਜਾਵੇ, ਤਾਂ ਹਰੇਕ ਕੈਦੀ ਦੇ ਵੱਖਰੇ ਕੇਸ ਦਾ ਇੱਕ ਮੁਕੰਮਲ ਖ਼ੁਲਾਸਾ ਕਰਨਾ ਚਾਹੀਦਾ ਹੈ, ਜਿਨ੍ਹਾਂ 'ਚ ਉਹ ਸਾਰੇ ਸਬੂਤ ਤੇ ਗਵਾਹੀਆਂ ਮੌਜੂਦ ਹੋਣ, ਜਿਨ੍ਹਾਂ 'ਤੇ ਇਹ ਆਧਾਰਤ ਹੋਵੇ, ਅੰਤ ਵਿੱਚ ਕੈਦੀ ਦਾ ਆਪਣਾ ਬਿਆਨ ਦਿੱਤਾ ਜਾਵੇ ਤੇ ਜਾਂਚ ਕਰਨ ਵਾਲੇ ਅਧਿਕਾਰੀ ਦਾ ਆਪਣਾ ਵਿਚਾਰ ਦਰਜ ਹੋਵੇ ਅਤੇ ਉਸ ਤੋਂ ਗ੍ਰਿਫ਼ਤਾਰ ਕੀਤੇ ਗਏ ਹਰੇਕ ਵਿਅਕਤੀ ਨਾਲ ਜੁੜੇ ਅਪਰਾਧ ਦਾ ਦਰਜਾ ਤੈਅ ਹੁੰਦਾ ਹੋਵੇ ਅਤੇ ਸਹਿਮਤੀ ਜਾਂ ਕੁਝ ਹੋਰ ਜ਼ਾਹਿਰ ਹੁੰਦਾ ਹੋਵੇ ਜਾਂ ਉਸ ਨੂੰ ਰਿਹਾਅ ਕਰਨ ਦੀ ਸਿਫ਼ਾਰਸ਼ ਹੋਵੇ।

6. ਇਹ ਦਸਤਾਵੇਜ਼ ਪੰਜਾਬ ਸਰਕਾਰ ਰਾਹੀਂ ਭੇਜੇ ਜਾਣੇ ਚਾਹੀਦੇ ਹਨ ਤੇ ਫਿਰ

ਉਨ੍ਹਾਂ ਨੂੰ ਭਾਰਤ ਸਰਕਾਰ ਹਵਾਲੇ ਕਰਨਾ ਚਾਹੀਦਾ ਹੈ, ਮਾਣਯੋਗ ਸਾਹਿਬ ਤਦ ਹਰ ਉਸ ਮਾਮਲੇ 'ਤੇ ਸਬੂਤਾਂ ਦੇ ਹਵਾਲੇ ਨਾਲ ਆਪਣਾ ਵੱਖਰਾ ਵਿਚਾਰ ਪ੍ਰਗਟਾਉਣਗੇ ਅਤੇ ਲੋੜੀਂਦੀ ਸਿਫ਼ਾਰਸ਼ ਕਰਨਗੇ ਅਤੇ ਸੰਬੰਧਤ ਵਿਅਕਤੀਆਂ ਦਾ ਪ੍ਰਭਾਵ ਤੇ ਪੁਜ਼ੀਸ਼ਨ ਦਰਸਾਉਣਗੇ ਕਿ ਕੀ ਹਰੇਕ ਨੂੰ ਤੁਰੰਤ ਰਿਹਾਅ ਕਰ ਦੇਣਾ ਚਾਹੀਦਾ ਹੈ ਕਿ ਜਾਂ ਉਨ੍ਹਾਂ ਨੂੰ ਹੋਰ ਸਮਾਂ ਹਿਰਾਸਤ 'ਚ ਰੱਖਣਾ ਚਾਹੀਦਾ ਹੈ ਅਤੇ ਜੇ ਹਿਰਾਸਤ 'ਚ ਰੱਖਣਾ ਹੋਵੇ ਤਾਂ ਕੀ ਤੁਰੰਤ ਅਜਿਹਾ ਕਰਨਾ ਚਾਹੀਦਾ ਹੈ ਜਾਂ ਕਿੰਨੇ ਸਮੇਂ ਲਈ।

# 171ਏ

**ਭਾਰਤ ਸਰਕਾਰ**

*ਵੱਲ*

ਚੀਫ਼ ਕਮਿਸ਼ਨਰ,
ਬ੍ਰਿਟਿਸ਼ ਬਰਮਾ।

ਗਵਰਨਰ ਜਨਰਲ-ਇਨ-ਕੌਂਸਲ ਨੇ ਕਿਉਂਕਿ ਅਜਿਹੇ ਦਰੁਸਤ ਤੇ ਵਾਜਬ ਕਾਰਣ ਪਾਏ ਹਨ ਅਤੇ ਇਹ ਨਿਰਧਾਰਤ ਕਰਨਾ ਸਹੀ ਹੈ ਕਿ ਬਾਬਾ (ਗੁਰੂ) ਰਾਮ ਸਿੰਘ ਜੀ ਨੂੰ ਬ੍ਰਿਟਿਸ਼ ਬਰਮਾ 'ਚ ਨਿਜੀ ਬੰਦਸ਼ਾਂ ਅਧੀਨ ਰੱਖਿਆ ਜਾਵੇਗਾ, ਇਸ ਲਈ ਤੁਹਾਨੂੰ ਇਸ ਦੁਆਰਾ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਇਸ ਫ਼ੈਸਲੇ ਨੂੰ ਨੇਪਰੇ ਚਾੜ੍ਹਨ ਲਈ ਉਪਰੋਕਤ ਨਾਮ ਵਾਲੇ ਵਿਅਕਤੀ ਨੂੰ ਆਪਣੀ ਹਿਰਾਸਤ ਵਿੱਚ ਹਾਸਲ ਕਰੋ ਅਤੇ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮਾਂ ਅਨੁਸਾਰ ਅਤੇ 1818 ਦੇ ਰੈਗੂਲੇਸ਼ਨ III ਦੀਆਂ ਵਿਵਸਥਾਵਾਂ ਅਨੁਸਾਰ ਇੰਤਜ਼ਾਮ ਕਰੋ।

ਬਾਹੁਕਮ ਗਵਰਨਰ ਜਨਰਲ-ਇਨ-ਕੌਂਸਲ,
ਫ਼ੋਰਟ ਵਿਲੀਅਮ; ਹਸਤਾਖਰ/- ਈ.ਬੀ.ਸੀ.
9 ਮਾਰਚ, 1872 ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ

# 172

ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਨੂੰ
ਅਲਾਹਾਬਾਦ ਤੋਂ ਬ੍ਰਿਟਿਸ਼ ਬਰਮਾ ਭੇਜਣਾ

*ਨੰ. 479, ਮਿਤੀ 10 ਮਾਰਚ, 1872*

*ਵੱਲੋਂ*

ਮਹਾਮਹਿਮ ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

*ਵੱਲ*

ਜੇ.ਟੀ. ਵ੍ਹੀਲਰ, ਐਸਕ.,
ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਇਸ ਮਹੀਨੇ ਦੀ 9 ਤਰੀਕ ਦੀ ਮੇਰੀ ਤਾਰ ਨੇ ਸਰਕਾਰੀ ਕੈਦੀ ਅਤੇ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਨੂੰ 1818 ਦੇ ਰੈਗੂਲੇਸ਼ਨ III ਅਧੀਨ ਬ੍ਰਿਟਿਸ਼ ਬਰਮਾ ਭੇਜਣ, ਉਨ੍ਹਾਂ ਨੂੰ ਬ੍ਰਿਟਿਸ਼ ਬਰਮਾ 'ਚ ਕਿਸੇ ਯੋਗ ਸਥਾਨ 'ਤੇ ਸੁਰੱਖਿਅਤ ਹਿਰਾਸਤ ਵਿੱਚ ਰੱਖਣ ਬਾਰੇ ਚੀਫ਼ ਕਮਿਸ਼ਨਰ ਨੂੰ ਸੂਚਿਤ ਕਰ ਦਿੱਤਾ ਹੋਵੇਗਾ।

2. 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ, ਜੋ ਤੁਹਾਨੂੰ ਸੰਬੋਧਤ ਹੈ, ਮੌਜੂਦ ਹੈ ਅਤੇ ਇੱਕ ਤਾਜ਼ਾ ਵਾਰੰਟ ਉਸ ਅਧਿਕਾਰੀ ਨੂੰ ਤਦ ਤੁਰੰਤ ਜਾਰੀ ਕਰ ਦਿੱਤਾ ਜਾਵੇ ਗਾ, ਜਿਸ ਦੀ ਹਿਰਾਸਤ ਵਿੱਚ ਰੱਖਣ ਲਈ ਚੀਫ਼ ਕਮਿਸ਼ਨਰ ਹੁਕਮ ਦੇਣਗੇ ਜਿਉਂ ਹੀ ਇਸ ਸਰਕਾਰ ਨੂੰ ਉਸ ਜਗ੍ਹਾ ਦੀ ਜਾਣਕਾਰੀ ਦੇ ਦਿੱਤੀ ਜਾਵੇਗੀ, ਜਿੱਥੇ ਉਨ੍ਹਾਂ ਨੂੰ ਹਿਰਾਸਤ 'ਚ ਰੱਖਣਾ ਪ੍ਰਸਤਾਵਿਤ ਹੋਵੇਗਾ।

3. ਬਾਬਾ ਰਾਮ ਸਿੰਘ ਜੀ ਨਾਲ ਦੋ ਸੇਵਕ ਹਨ; ਜੇ ਉਨ੍ਹਾਂ ਨੇ ਲਗਾਤਾਰ ਉਨ੍ਹਾਂ ਦੀ ਸੇਵਾ 'ਚ ਰਹਿਣਾ ਹੈ, ਤਾਂ ਉਨ੍ਹਾਂ ਨੂੰ ਜ਼ਰੂਰ ਹੀ ਉਨ੍ਹਾਂ ਹੀ ਨਿਯਮਾਂ ਅਧੀਨ ਇੱਕੋ ਜੇਲ੍ਹ 'ਚ ਰੱਖਣਾ ਹੋਵੇਗਾ, ਜੋ ਬਾਬਾ ਰਾਮ ਸਿੰਘ ਜੀ 'ਤੇ ਲਾਗੂ ਹੁੰਦੇ ਹਨ। ਇਹ ਜ਼ਰੂਰੀ ਹੈ ਕਿਉਂਕਿ ਕਿਤੇ ਉਹ ਪੰਜਾਬ ਨਾਲ ਗੱਲਬਾਤ ਦੇ ਚੈਨਲ ਨਾ ਚਲਾ ਕੇ ਰੱਖਦੇ ਹੋਣ; ਇਹ ਸਭ ਰੋਕਣਾ ਬਹੁਤ ਜ਼ਰੂਰੀ ਹੈ।

4. ਇਸ ਲਈ ਉਨ੍ਹਾਂ ਨੂੰ ਵੱਖੋ-ਵੱਖਰੇ ਤੌਰ 'ਤੇ ਪੁੱਛਣਾ ਚਾਹੀਦਾ ਹੈ ਕਿ ਕੀ ਉਹ ਅਜਿਹੇ ਹਾਲਾਤ 'ਚ ਬਾਬਾ ਰਾਮ ਸਿੰਘ ਜੀ ਨਾਲ ਰਹਿਣਾ ਚਾਹੁਣਗੇ ਤੇ ਉਨ੍ਹਾਂ ਹਾਲਾਤ ਬਾਰੇ ਉਨ੍ਹਾਂ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ। ਜੇ ਉਹ ਸਹਿਮਤੀ ਦੇਣ, ਤਾਂ ਉਨ੍ਹਾਂ ਨੂੰ ਕੀਤੀ ਇਸ ਸਾਰੀ ਵਿਆਖਿਆ ਦੀ ਲਿਖਤੀ ਪ੍ਰਵਾਨਗੀ ਉਨ੍ਹਾਂ ਤੋਂ ਲਈ ਜਾਵੇ ਅਤੇ ਉਹ ਆਪਣੀ ਮਰਜ਼ੀ ਨਾਲ ਉਨ੍ਹਾਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨ ਵਾਸਤੇ ਸਹਿਮਤ ਹੋਣ। ਜੇ ਦੂਜੇ ਪਾਸੇ ਉਹ ਇਨਕਾਰ ਕਰਦੇ ਹਨ, ਤਾਂ ਉਨ੍ਹਾਂ ਨੂੰ ਇਹ ਸਪੱਸ਼ਟ ਕਰ ਦਿੱਤਾ ਜਾਵੇ ਕਿ ਉਹ ਬਾਬਾ ਜੀ ਤੋਂ ਸਦਾ ਲਈ ਵੱਖ ਹੋ ਜਾਣਗੇ ਅਤੇ ਜੇ ਉਹ ਆਪਣੇ ਇਸ ਫ਼ੈਸਲੇ 'ਤੇ ਕਾਇਮ ਰਹਿਣ ਤਾਂ ਉਨ੍ਹਾਂ ਨੂੰ ਕਲਕੱਤਾ ਵਾਪਸ ਭੇਜਿਆ ਜਾਵੇ, ਤਾਂ ਜੋ ਉਨ੍ਹਾਂ ਨੂੰ ਛੇਤੀ ਪੰਜਾਬ ਭੇਜਿਆ ਜਾ ਸਕੇ।

5. ਫਿਰ ਵੀ ਇਸ ਵਿਵਸਥਾ ਅਨੁਸਾਰ ਜੇਲ੍ਹ 'ਚੋਂ ਕੈਦੀ ਦੇ ਨੱਸਣ ਤੋਂ ਬਚਾਅ ਲਈ ਸਾਵਧਾਨੀਆਂ ਰੱਖਣ ਦੇ ਮਾਮਲੇ 'ਤੇ ਗਵਰਨਰ ਜਨਰਲ-ਇਨ-ਕੌਂਸਲ ਦੀ ਇੱਛਾ ਹੈ ਕਿ ਬਾਬਾ ਰਾਮ ਸਿੰਘ ਜੀ ਵਿਰੁੱਧ ਕੋਈ ਸਖ਼ਤੀ ਨਹੀਂ ਵਰਤੀ ਜਾਣੀ ਚਾਹੀਦੀ ਅਤੇ ਉਨ੍ਹਾਂ ਨੂੰ ਆਪਣੀ ਸਿਹਤ ਲਈ ਜ਼ਰੂਰੀ ਕਸਰਤ ਕਰਨ ਤੇ ਤਾਜ਼ੀ ਹਵਾ ਲੈਣ ਦੀ ਆਜ਼ਾਦੀ ਦੇਣੀ ਚਾਹੀਦੀ ਹੈ।

6. ਮੈਂ ਬੇਨਤੀ ਕਰਦਾ ਹਾਂ ਕਿ ਮੁੱਖ ਕਮਿਸ਼ਨਰ ਇਨ੍ਹਾਂ ਸਾਰੇ ਉਦੇਸ਼ਾਂ ਦੀ ਪੂਰਤੀ ਲਈ ਉਨ੍ਹਾਂ ਸਾਰੇ ਕਦਮਾਂ ਬਾਰੇ ਮੁਕੰਮਲ ਰਿਪੋਰਟ ਦੇਣਗੇ, ਜੋ ਵੀ ਉਹ ਚੁੱਕਣ ਦਾ ਫ਼ੈਸਲਾ ਕਰਦੇ ਹਨ ਅਤੇ ਉਹ ਮਾਸਿਕ ਰਾਸ਼ੀ ਵੀ ਦੱਸਣਗੇ, ਜੋ ਬਾਬਾ ਰਾਮ ਸਿੰਘ ਜੀ ਦੀ ਦੇਖਭਾਲ ਲਈ ਜ਼ਰੂਰੀ ਹੋਵੇਗੀ। ਪੰਜਾਬ 'ਚ ਉਨ੍ਹਾਂ ਦਾ ਰੁਤਬਾ ਇੱਕ ਛੋਟੇ ਜ਼ਿਮੀਂਦਾਰ ਵਾਲਾ ਸੀ। ਜੇ ਬਾਬਾ (ਗੁਰੂ) ਰਾਮ ਸਿੰਘ ਜੀ ਦੀ ਇੱਛਾ ਹੈ ਕਿ ਉਹ ਵਾਧੂ ਸ਼ਾਨੋ-ਸ਼ੌਕਤ ਨਾਲ ਰਹਿਣ ਲਈ ਆਪਣਾ ਖ਼ੁਦ ਦਾ ਧਨ ਖ਼ਰਚ ਕਰਨ, ਤਾਂ ਉਹ ਚੀਫ਼ ਕਮਿਸ਼ਨਰ ਦੀ ਮਰਜ਼ੀ ਨਾਲ ਅਜਿਹਾ ਕਰ ਸਕਦੇ ਹਨ।

## 173

ਵੱਲੋਂ

ਲੈਫ਼ਟੀਨੈਂਟ ਗਵਰਨਰ, ਉੱਤਰ-ਪੱਛਮੀ ਸੂਬੇ।

ਵੱਲ

ਵਾਇਸਰਾਏ, ਕਲਕੱਤਾ।

ਸਾਈਫ਼ਰ (ਗੁਪਤਕੋਡ) ਅਲਾਹਾਬਾਦ, 10 ਮਾਰਚ, ਸਵੇਰੇ 11:15 ਵਜੇ

ਸਪਸ਼ਟ ਸਮਝੋ, (ਗੁਰੂ) ਰਾਮ ਸਿੰਘ ਜੀ ਪਿਛਲੀ ਰਾਤ ਰਵਾਨਾ ਨਹੀਂ ਹੋ ਸਕੇ। ਅੱਜ ਸਵੇਰੇ ਭੇਜਿਆ। ਭਲਕੇ 9:30 ਵਜੇ ਹਾਵੜਾ ਪੁੱਜਣਗੇ। ਇੱਕ ਨੌਕਰ ਨਾਨੂ ਨਾਲ ਹੈ। ਇੰਸਪੈਕਟਰ ਹੈਨਰੀ ਪਾਰਟੀ ਦਾ ਇੰਚਾਰਜ ਹੈ।

ਪ੍ਰਾਪਤੀ ਰਾਤੀਂ 10:30 ਵਜੇ
10 ਮਾਰਚ, 1872

## 174

ਵੱਲੋਂ

ਅਲਾਹਾਬਾਦ।

ਵੱਲ

ਨਿਜੀ ਸਕੱਤਰ।

ਧਿਰ ਇਸ ਸਵੇਰ ਨੂੰ ਰਵਾਨਾ ਹੋ ਗਈ। ਲੈਫ਼ਟੀਨੈਂਟ ਗਵਰਨਰ ਨੇ ਵਾਇਸਰਾਏ ਨੂੰ ਤਾਰ ਭੇਜੀ ਹੈ।

ਹਸਤਾਖਰ/---ਈ.ਸੀ.ਬੀ.
10 ਮਾਰਚ, 1872

ਇਸ ਸਵੇਰ ਨੂੰ ਕਿਉਂ? ਜਾਂ ਇਸ ਦਾ ਮਤਲਬ ਹੈ ਮੇਲ ਰੇਲ।

ਹਸਤਾਖਰ---(?)

## 175

ਸ੍ਰੀਮਾਨ ਜੀ,

ਬਾਬਾ ਰਾਮ ਸਿੰਘ ਨੂੰ ਸ਼ਾਮੀਂ 7 ਵਜੇ ਸਹੀ-ਸਲਾਮਤ ਬਿਠਾਇਆ ਗਿਆ।

ਤੁਹਾਡਾ ਵਿਸ਼ਵਾਸਪਾਤਰ,
ਹਸਤਾਖਰ/---(?)
ਮਿਤੀ 11 ਮਾਰਚ, 1872

## 176

ਸਰਕਾਰੀ ਟੈਲੀਗ੍ਰਾਫ਼ ਵਿਭਾਗ

| | | |
|---|---|---|
| ਕਲਾਸ<br>ਲੜੀ ਨੰ. | ਤੱਕ (ਸਟੇਸ਼ਨ)<br>ਕਲਕੱਤਾ | ਤੋਂ (ਸਟੇਸ਼ਨ)<br>ਰੰਗੂਨ |

| | | | |
|---|---|---|---|
| ਨੰ. | ਮਿਤੀ ਤੇ ਸਮਾਂ ਜਦੋਂ ਟੈਲੀਗ੍ਰਾਫ਼ ਭੇਜੀ ਗਈ<br>ਦਿਨ ਘੰਟਾ ਮਿੰਟ<br>10 15 18 | ਸ਼ਬਦਾਂ ਦੀ ਗਿਣਤੀ<br>31 | ਅਧਿਕਾਰਤ ਹਦਾਇਤ |

| | | | |
|---|---|---|---|
| ਤੋਂ:<br>ਵਿਅਕਤੀ | ਸਕੱਤਰ | ਵੱਲ<br>(ਵਿਅਕਤੀ) | ਗ੍ਰਿਹ ਸਕੱਤਰ |

ਵੱਲ (ਪਤਾ)

ਤੁਹਾਡੀ ਸਿਫ਼ਰ ਟੈਲੀਗ੍ਰਾਮ (ਗੁਪਤ ਕੋਡ ਵਾਲੀ) ਮਿਲ ਗਈ ਹੈ, ਸਾਰੇ ਇੰਤਜ਼ਾਮ ਹੋ ਜਾਣਗੇ। ਮੁੱਖ ਕਮਿਸ਼ਨਰ ਇਸ ਵਿਅਕਤੀ ਦੀ ਸਹੀ ਹਾਲਤ ਜਾਣਨਾ ਚਾਹੁੰਦੇ ਹਨ। ਕੀ ਉਨ੍ਹਾਂ ਨਾਲ ਕਿਸੇ ਦੋਸ਼ੀ ਠਹਿਰਾਏ ਵਿਅਕਤੀ ਵਜੋਂ ਵਿਵਹਾਰ ਕਰਨਾ ਹੈ।

ਹਸਤਾਖਰ
ਟੀ.ਐੱਮ.
12 ਮਾਰਚ, 1872

---

## 177

ਸਰਕਾਰੀ ਟੈਲੀਗ੍ਰਾਫ਼ ਵਿਭਾਗ

| | | |
|---|---|---|
| ਕਲਾਸ<br>(ਪੀ) | ਤੱਕ (ਸਟੇਸ਼ਨ)<br>ਕਲਕੱਤਾ | ਤੋਂ (ਸਟੇਸ਼ਨ)<br>ਰੰਗੂਨ |

| | | |
|---|---|---|
| ਨੰ. | (ਟੈਲੀਗ੍ਰਾਮ ਸਮਾਂ) ਟ੍ਰਾਂਸਮਿਸ਼ਨ | ਦਿਨ ਅਤੇ ਘੰਟਾ<br>ਜਿਸ ਲਈ ਟੈਂਡਰ ਕੀਤੀ |
| | ਦਿਨ ਘੰਟਾ ਮਿੰਟ | ਅਧਿਕਾਰਤ ਹਦਾਇਤ<br>ਸ਼ਬਦਾਂ ਦੀ ਗਿਣਤੀ |
| | 14 14 6 | |

ਤੋਂ:
ਵਿਅਕਤੀ ਸਕੱਤਰ

ਵੱਲ (ਪਤਾ)

ਕੀ ਇਸ ਸਟੀਮਰ ਰਾਹੀਂ ਯਾਤਰਾ ਕਰਦੇ ਵਿਅਕਤੀ ਨਾਲ ਇੱਕ ਸਜ਼ਾ-ਯਾਫ਼ਤਾ ਦੋਸ਼ੀ ਵਜੋਂ ਵਿਵਹਾਰ ਕਰਨਾ ਹੈ? - ਕੀ ਕੋਈ ਵਾਰੰਟ ਭੇਜਿਆ ਗਿਆ ਹੈ?

ਹਸਤਾਖਰ
ਟੀ.ਐੱਮ.
14 ਮਾਰਚ, 1872

# 178

## ਬਾਬਾ ਰਾਮ ਸਿੰਘ ਜੀ ਦੀ ਰੰਗੂਨ ਆਮਦ

*ਨੰ. 121-53ਪੀ,* *ਮਿਤੀ ਰੰਗੂਨ, 16 ਮਾਰਚ, 1872*

*ਵੱਲੋਂ*

ਸੀਬੀ ਕੁਕ, ਐਸਕ.,
ਕਾਰਜਕਾਰੀ ਸਹਾਇਕ, ਚੀਫ਼ ਕਮਿਸ਼ਨਰ,
ਬ੍ਰਿਟਿਸ਼ ਬਰਮਾ।

*ਵੱਲ*

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਮੈਨੂੰ ਤੁਹਾਡਾ ਪੱਤਰ ਨੰ. 470, ਮਿਤੀ 10 ਮਾਰਚ, 1872 ਪ੍ਰਾਪਤੀ ਦੀ ਸੂਚਨਾ ਦੇਣ ਦੀ ਹਦਾਇਤ ਹੋਈ ਹੈ, ਵਾਰੰਟ ਨੰ. 46 ਮਿਤੀ 9 ਮਾਰਚ, 1872 ਨੱਥੀ ਕੀਤਾ ਗਿਆ ਹੈ, ਚੀਫ਼ ਕਮਿਸ਼ਨਰ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਕੂਕਾ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਨੂੰ ਹਾਸਲ ਕਰ ਕੇ ਸੁਰੱਖਿਅਤ ਹਿਰਾਸਤ 'ਚ ਰੱਖਣ ਅਤੇ ਜਵਾਬ 'ਚ ਮੈਂ ਆਪ ਜੀ ਨੂੰ ਜਾਣਕਾਰੀ ਦੇਣੀ ਹੈ ਕਿ ਬਾਬਾ ਰਾਮ ਸਿੰਘ ਜੀ ਬਾਕਾਇਦਾ ਇਸ ਸਵੇਰ ਨੂੰ ਇੱਕ ਨੌਕਰ ਨਾਲ ਪੁੱਜ ਗਏ ਸਨ।

2. ਰੰਗੂਨ ਕੇਂਦਰੀ ਜੇਲ੍ਹ 'ਚ ਇੱਕ ਵੱਖਰਾ ਸੁਵਿਧਾਜਨਕ ਵਾਰਡ ਰੱਖਿਆ ਗਿਆ ਹੈ, ਜਿੱਥੇ ਉਨ੍ਹਾਂ ਨੂੰ ਤਦ ਤੱਕ ਸੁਰੱਖਿਅਤ ਰੱਖਣ ਲਈ ਹਰ ਸੰਭਵ ਹੱਦ ਤੱਕ ਵਿਵਹਾਰ ਕੀਤਾ ਜਾਵੇਗਾ ਜਦੋਂ ਤੱਕ ਕਿ ਚੀਫ਼ ਕਮਿਸ਼ਨਰ ਉਨ੍ਹਾਂ ਨੂੰ ਟੈਵੋਏ ਜਾਂ ਮਰਗੁਈ 'ਚ ਕਿਤੇ ਰੱਖਣ ਬਾਰੇ ਫ਼ੈਸਲਾ ਨਹੀਂ ਲੈ ਲੈਂਦੇ। ਇਸ ਬਾਰੇ ਅਤੇ ਉਨ੍ਹਾਂ ਦੀ ਦੇਖਭਾਲ 'ਤੇ ਹੋਣ ਵਾਲੇ ਖ਼ਰਚ ਦੇ ਵੇਰਵਿਆਂ ਬਾਰੇ ਇੱਕ ਹੋਰ ਪੱਤਰ ਭਾਰਤ ਸਰਕਾਰ ਨੂੰ ਭੇਜਿਆ ਜਾਵੇਗਾ।

ਕੋਈ ਹੁਕਮ ਨਹੀਂ।

# 179

*ਨੰ. 312,* *ਮਿਤੀ ਰੰਗੂਨ, 5 ਅਪ੍ਰੈਲ, 1872*

*ਵੱਲੋਂ*

ਡਬਲਿਊ.ਪੀ. ਕੈਲੀ, ਐਸਕ., ਇੰਸਪੈਕਟਰ ਜਨਰਲ, ਜੇਲ੍ਹਾਂ,
ਬ੍ਰਿਟਿਸ਼ ਬਰਮਾ।

*ਵੱਲ*

ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਪਿਛਲੇ ਮਹੀਨੇ ਦੀ 25 ਤਰੀਕ ਦੇ ਤੁਹਾਡੇ ਪੱਤਰ ਨੰ. 154-53 ਦੇ ਜਵਾਬ ’ਚ, ਮੈਨੂੰ ਇਹ ਰਿਪੋਰਟ ਕਰਨ ਦਾ ਮਾਣ ਮਿਲਿਆ ਹੈ ਕਿ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਨੂੰ ਕੇਂਦਰੀ ਜੇਲ੍ਹ ਦੇ ਇੱਕ ਚੁਬਾਰੇ ’ਚ ਰੱਖਿਆ ਗਿਆ ਹੈ, ਜਿਸ ਨੂੰ ਪਹਿਲਾਂ ਮਹਿਲਾ ਕੈਦ ਵਜੋਂ ਵਰਤਿਆ ਜਾਂਦਾ ਸੀ, ਜਿਸ ਦੁਆਲੇ ਨੋਕੀਲੀਆਂ ਲੱਕੜਾਂ ਦੀ ਵਾੜ ਹੈ ਅਤੇ ਸੱਜੇ ਪਾਸਿਓਂ ਇਸ ਨੂੰ ਲਾਗਲੇ ਯੂਰੋਪੀਅਨ ਕੈਦੀਆਂ ਦੇ ਵਾਰਡ ਤੋਂ ਬਿਲਕੁਲ ਵੱਖ ਰੱਖਿਆ ਗਿਆ ਹੈ, ਇਸ ਵਿੱਚ ਇੱਕ ਖੂਹ ਹੈ, ਰਸੋਈ ਘਰ ਤੇ ਪਖਾਨਾ ਹੈ। ਉਨ੍ਹਾਂ ਨੂੰ ਇੱਕ ਬਿਸਤਰਾ, ਕੁਰਸੀਆਂ, ਪੱਖਾ ਆਦਿ ਮੁਹੱਈਆ ਕਰਵਾਇਆ ਗਿਆ ਹੈ; ਉਨ੍ਹਾਂ ਨੂੰ ਆਪਣੀ ਮਰਜ਼ੀ ਮੁਤਾਬਕ ਵਿਚਰਨ ਦੀ ਇਜਾਜ਼ਤ ਦਿੱਤੀ ਗਈ ਹੈ ਅਤੇ ਉਹ ਇਸ ਘੇਰੇ ਦੇ ਅੰਦਰ ਪੂਰੀ ਤਰ੍ਹਾਂ ਆਜ਼ਾਦ ਹਨ ਅਤੇ ਰਾਤ ਨੂੰ ਉਨ੍ਹਾਂ ਨੂੰ ਜਿੰਦਰੇ ’ਚ ਬੰਦ ਨਹੀਂ ਕੀਤਾ ਜਾਂਦਾ ਕਿਉਂਕਿ ਉਹ ਗਰਮੀ ਦੇ ਮੌਸਮ ਦੌਰਾਨ ਬਾਹਰ ਸੌਣਾ ਚਾਹੁੰਦੇ ਹਨ। ਉਨ੍ਹਾਂ ’ਤੇ ਇੱਕੋ-ਇੱਕ ਇਹ ਪਾਬੰਦੀ ਹੈ ਕਿ ਉਹ ਬਾਹਰੀ ਦੁਨੀਆ ਨਾਲ ਕੋਈ ਗੱਲਬਾਤ ਨਹੀਂ ਕਰ ਸਕਦੇ।

2. ਉੱਚ ਹਿੰਦੂ ਜਾਤੀ ਦੇ ਤਿੰਨ ਕੈਦੀਆਂ ਨੂੰ ਉਨ੍ਹਾਂ ਦੇ ਸਹਾਇਕਾਂ ਵਜੋਂ ਵਿਚਰਨ ਦੀ ਇਜਾਜ਼ਤ ਦਿੱਤੀ ਗਈ ਹੈ ਕਿਉਂਕਿ ਭਾਰਤ ਤੋਂ ਉਨ੍ਹਾਂ ਨਾਲ ਸਿਰਫ਼ ਇੱਕੋ ਨੌਕਰ ਆਇਆ ਸੀ।

3. ਉਨ੍ਹਾਂ ਲਈ ਇੱਕ ਗਊ ਖ਼ਰੀਦੀ ਗਈ ਹੈ; ਜਿਸ ਨੂੰ ਉਨ੍ਹਾਂ ਦੇ ਘਰ ਅੰਦਰ ਰੱਖਿਆ ਗਿਆ ਹੈ। ਉਨ੍ਹਾਂ ਨੂੰ ਆਪਣੀ ਮਰਜ਼ੀ ਮੁਤਾਬਕ ਭੋਜਨ ਖਾਣ ਦੀ ਇਜਾਜ਼ਤ ਦਿੱਤੀ ਗਈ ਹੈ ਪਰ ਉਨ੍ਹਾਂ ਦੀਆਂ ਜ਼ਰੂਰਤਾਂ ਥੋੜ੍ਹੀਆਂ ਜਾਪਦੀਆਂ ਹਨ।

4. ਉਨ੍ਹਾਂ ਖ਼ੁਦ ਦੇ ਅਤੇ ਸੇਵਕ ਦੇ ਭੋਜਨ ਦੀ ਲਾਗਤ ਲਗਭਗ 40 ਰੁਪਏ ਪ੍ਰਤੀ ਮਹੀਨਾ ਹੋਵੇਗੀ; ਜੁੱਤੀਆਂ ਤੇ ਕੱਪੜਿਆਂ ’ਤੇ 40 ਰੁਪਏ ਖ਼ਰਚ ਹੋਣਗੇ, ਜੋ ਉਨ੍ਹਾਂ ਨੂੰ ਦੇ ਦਿੱਤੇ ਗਏ ਹਨ, ਗਊ ਦੀ ਲਾਗਤ 75 ਰੁਪਏ ਅਤੇ ਕੁਰਸੀਆਂ, ਮੇਜ਼, ਪੱਖਾ ਤੇ ਮੰਜੀ ਜੇਲ੍ਹ ਵੱਲੋਂ ਮੁਹੱਈਆ ਕਰਵਾਏ ਗਏ, ਦੀ ਕੀਮਤ 50 ਰੁਪਏ ਹੈ।

5. ਉਹ ਦੀ ਸਿਹਤ ਚੰਗੀ ਹੈ ਪਰ ਉਹ ਨਿਰਾਸ਼ ਹਨ ਅਤੇ ਖ਼ਾਸ ਕਰਕੇ ਰਾਤ ਨੂੰ ਬੇਚੈਨ ਰਹਿੰਦੇ ਹਨ ਤੇ ਗਰਮੀ ਦੀ ਸ਼ਿਕਾਇਤ ਕਰਦੇ ਹਨ ਭਾਵੇਂ ਜਿਸ ਇਮਾਰਤ ’ਚ ਉਨ੍ਹਾਂ ਨੂੰ ਰੱਖਿਆ ਗਿਆ ਹੈ, ਉਹ ਗਰਮੀਆਂ ਦੇ ਮੌਸਮ ਦੌਰਾਨ ਰੰਗੂਨ ’ਚ ਕਿਸੇ ਵੀ ਹੋਰ ਸਥਾਨ ਵਾਂਗ ਠੰਢੀ ਹੈ।

6. ਗ੍ਰਹਿ ਸਕੱਤਰ ਦੇ ਪੱਤਰ ਨੰ. 470, ਮਿਤੀ 10 ਮਾਰਚ, 1872 ਦੇ ਹਵਾਲੇ ਨਾਲ ਮੈਨੂੰ ਸੇਵਕ ਨਾਨੂ ਸਿੰਘ ਤੋਂ ਇੱਕ ਲਿਖਤੀ ਵਾਅਦਾ (ਸਰਕਾਰ ਦੇ ਹੁਕਮ ਉਸ ਨੂੰ ਪੂਰੀ ਤਰ੍ਹਾਂ ਸਮਝਾ ਦਿੱਤੇ ਗਏ ਹਨ) ਨੱਥੀ ਕਰਨ ਦਾ ਮਾਣ ਮਿਲਿਆ ਹੈ, ਉਸ ਦੀ ਬਾਬਾ ਰਾਮ ਸਿੰਘ ਜੀ ਨਾਲ ਸਮੇਂ-ਸਮੇਂ 'ਤੇ ਸਰਕਾਰ ਵੱਲੋਂ ਲੱਗਣ ਵਾਲੀਆਂ ਪਾਬੰਦੀਆਂ 'ਚ ਰਹਿਣ ਦੀ ਆਪਣੀ ਖ਼ੁਦ ਦੀ ਇੱਛਾ ਦੀ ਤਸਦੀਕ ਹੋ ਗਈ ਹੈ।

## 180

ਰੰਗੂਨ 'ਚ ਸਰਕਾਰੀ ਕੈਦੀ ਤੇ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਨੂੰ ਮੁਹੱਈਆ ਕਰਵਾਈ ਗਈ ਜਗ੍ਹਾ।

*ਨੰ. 290-53 ਪ., ਮਿਤੀ ਰੰਗੂਨ, 13 ਅਪ੍ਰੈਲ, 1872*

*ਵੱਲੋਂ*

ਆਈ. ਟਾਲਬੁਆਏਜ਼ ਵ੍ਹੀਲਰ, ਐਸਕ.,
ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

*ਵੱਲ*

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਪਿਛਲੇ ਮਹੀਨੇ ਦੀ 16 ਤਰੀਕ ਦੇ ਮੇਰੇ ਪੱਤਰ ਨੰ. 121 ਦੀ ਨਿਰੰਤਰਤਾ 'ਚ, ਜੋ ਰੰਗੂਨ ਦੀ ਕੇਂਦਰੀ ਜੇਲ੍ਹ 'ਚ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਨੂੰ ਮੁਹੱਈਆ ਕਰਵਾਈ ਗਈ ਜਗ੍ਹਾ ਦੇ ਸਬੰਧ 'ਚ ਹੈ। ਚੀਫ਼ ਕਮਿਸ਼ਨਰ ਨੇ ਮੈਨੂੰ ਭਾਰਤ ਸਰਕਾਰ ਦੀ ਜਾਣਕਾਰੀ ਹਿਤ ਇਸ ਵਿਸ਼ੇ 'ਤੇ ਇਸੇ ਮਹੀਨੇ ਦੀ 12 ਤਰੀਕ ਦਾ ਇੱਕ ਪੱਤਰ ਨੰ. 312 ਜੇਲ੍ਹਾਂ ਦੇ ਇੰਸਪੈਕਟਰ ਜਨਰਲ ਵੱਲੋਂ ਹਾਸਲ ਹੋਇਆ ਹੈ।

2. ਡਾ. ਕੈਲੀ ਦੇ ਪੱਤਰ ਤੋਂ ਇਹ ਨੋਟ ਕੀਤਾ ਜਾਵੇਗਾ ਕਿ ਬਾਬਾ ਰਾਮ ਸਿੰਘ ਜੀ ਨੂੰ ਜੇਲ੍ਹ ਦੀ ਚਾਰਦੀਵਾਰੀ ਅੰਦਰ ਲੱਕੜਾਂ ਦੀ ਵਾੜ ਵਾਲੇ ਇੱਕ ਵੱਖਰੇ ਘਰ 'ਚ ਰੱਖਿਆ ਗਿਆ ਹੈ ਤੇ ਉਹ ਆਪਣੇ ਘਰ 'ਚ ਪੂਰੀ ਤਰ੍ਹਾਂ ਆਜ਼ਾਦ ਹਨ ਤੇ ਉਨ੍ਹਾਂ ਦੀ ਸੁਰੱਖਿਅਤ ਹਿਰਾਸਤ ਲਈ ਹਰ ਵਾਜਬ ਸੁਵਿਧਾ ਉਨ੍ਹਾਂ ਨੂੰ ਦਿੱਤੀ ਗਈ ਹੈ।

3. ਕਾਰਜਕਾਰੀ ਚੀਫ਼ ਕਮਿਸ਼ਨਰ ਇੱਕ ਵਾਰ ਬਾਬਾ ਰਾਮ ਸਿੰਘ ਜੀ ਨੂੰ ਮਿਲਣ ਲਈ ਗਏ ਸਨ, ਜੋ ਆਪਣੀ ਇਸ ਕੈਦ ਤੋਂ ਡਾਢੇ ਨਿਰਾਸ਼ ਜਾਪਦੇ ਸਨ ਅਤੇ ਉਨ੍ਹਾਂ ਆਪਣੇ 'ਤੇ ਲੱਗੀ ਪਾਬੰਦੀ, ਜੋ ਉਨ੍ਹਾਂ 'ਤੇ ਲੱਗਣੀ ਹੀ ਸੀ, ਦੀਆਂ ਕਈ ਸ਼ਿਕਾਇਤਾਂ ਕੀਤੀਆਂ। ਸ੍ਰੀ ਈਡਨ ਨੇ ਉਨ੍ਹਾਂ ਦੀਆਂ ਸ਼ਿਕਾਇਤ ਹਰ ਸੰਭਵ ਹੱਦ ਤੱਕ ਦੂਰ ਕਰਨ ਦੀ ਕੋਸ਼ਿਸ਼ ਕੀਤੀ ਪਰ ਬਾਬਾ ਰਾਮ ਸਿੰਘ ਜੀ ਦੀਆਂ ਮੁੱਖ ਸ਼ਿਕਾਇਤਾਂ ਇਹੋ ਹਨ ਕਿ ਉਨ੍ਹਾਂ ਨੂੰ ਜੇਲ੍ਹ 'ਚ ਕੈਦ ਕਰ ਕੇ ਰੱਖਿਆ ਗਿਆ ਹੈ ਤੇ ਦੂਜੇ ਗਰਮੀ ਬਹੁਤ ਹੈ।

4. ਕਾਰਜਕਾਰੀ ਚੀਫ਼ ਕਮਿਸ਼ਨਰ ਨੂੰ ਗਰਮੀ ਦੀ ਸ਼ਿਕਾਇਤ ਦੀ ਕੋਈ ਬਹੁਤੀ ਪਰਵਾਹ ਨਹੀਂ ਹੈ ਅਤੇ ਉਨ੍ਹਾਂ ਦਾ ਆਮ ਤੌਰ 'ਤੇ ਇਹੋ ਮੰਨਣਾ ਹੈ ਕਿ ਰੰਗੂਨ ਦਾ

ਮੌਸਮ ਪੰਜਾਬ ਵਰਗਾ ਨਹੀਂ ਹੈ ਅਤੇ ਸ਼ਾਇਦ ਹੁਣ ਗਰਮੀ ਕੁਝ ਹੋਰ ਹਫ਼ਤੇ ਹੀ ਜਾਰੀ ਰਹੇਗੀ।

5. ਜਿੱਥੋਂ ਤੱਕ (ਗੁਰੂ) ਰਾਮ ਸਿੰਘ ਜੀ 'ਤੇ ਲੱਗਣ ਵਾਲੀਆਂ ਬੰਦਸ਼ਾਂ ਦਾ ਸੁਆਲ ਹੈ, ਸ੍ਰੀ ਈਡਨ ਨੂੰ ਡਰ ਹੈ ਕਿ ਇਸ ਨਾਲ ਕਿਤੇ ਉਨ੍ਹਾਂ ਦੀ ਸਿਹਤ ਨੂੰ ਕੋਈ ਨੁਕਸਾਨ ਨਾ ਪੁੱਜੇ ਕਿਉਂਕਿ ਉਨ੍ਹਾਂ ਨੂੰ ਕੁਝ ਬੁਖ਼ਾਰ ਜਾਪਦਾ ਹੈ ਤੇ ਉਹ ਚਿੜਚਿੜੇ ਵੀ ਲੱਗਦੇ ਹਨ ਅਤੇ ਹੋ ਸਕਦਾ ਹੈ ਕਿ ਉਹ ਸਰਕਾਰ ਦੀਆਂ ਮਰਜ਼ੀਆਂ ਪ੍ਰਤੀ ਸੁਚੇਤ ਹੋਣ। ਜੇ ਇਸ ਮਾਮਲੇ ਦੇ ਹਾਲਾਤ ਨੇ ਕੁਝ ਨਰਮੀ ਵਿਖਾਈ, ਤਾਂ ਉਹ ਸੁਝਾਅ ਦੇਣਗੇ ਕਿ ਬਾਬਾ ਰਾਮ ਸਿੰਘ ਜੀ ਨੂੰ ਉਸ ਇਮਾਰਤ 'ਚ ਰੱਖਿਆ ਜਾਵੇ, ਜਿਸ ਨੂੰ ਹੁਣ ਛਾਉਣੀ ਡਾਕਘਰ ਵਜੋਂ ਵਰਤਿਆ ਜਾਂਦਾ ਹੈ, ਜੋ ਮੁੱਖ ਗਾਰਡ ਦੇ ਬਿਲਕੁਲ ਨਾਲ ਸਥਿਤ ਹੈ ਅਤੇ ਇਹ ਉਹ ਘਰ ਹੈ, ਜਿੱਥੇ ਦਿੱਲੀ ਦੇ ਸਾਬਕਾ ਬਾਦਸ਼ਾਹ ਨੂੰ ਕੈਦ ਕਰ ਕੇ ਰੱਖਿਆ ਗਿਆ ਸੀ। ਇਸ ਇਮਾਰਤ ਦੁਆਲੇ ਲੱਕੜਾਂ ਦੀ ਵਾੜ ਹੈ ਅਤੇ ਇਸ 'ਤੇ ਮੁੱਖ ਗਾਰਡ ਦੀ ਸਦਾ ਅੱਖ ਰਹਿੰਦੀ ਹੈ। ਜੇ ਇਸ ਉਦੇਸ਼ ਹਿਤ ਵਰਤਣ ਲਈ ਵਾਜਬ ਨਾ ਸਮਝਿਆ ਗਿਆ, ਤਾਂ ਲੱਕੜ ਦੀ ਵਾੜ ਦੀ ਮੁਰੰਮਤ ਦੀ ਲੋੜ ਪਵੇਗੀ।

6. ਜੇ (ਗੁਰੂ) ਰਾਮ ਸਿੰਘ ਜੀ ਨੂੰ ਉਨ੍ਹਾਂ ਕੁਆਰਟਰਾਂ 'ਚ ਰੱਖਿਆ ਗਿਆ, ਤਾਂ ਇੱਕ ਸਥਾਨਕ ਅਧਿਕਾਰੀ ਤੇ ਅੱਠ ਵਿਅਕਤੀਆਂ ਨੂੰ ਉਨ੍ਹਾਂ ਦੀ ਖ਼ਾਸ ਰਾਖੀ ਲਈ ਰੱਖਣਾ ਹੀ ਪਵੇਗਾ ਅਤੇ ਇਸ ਦਾ ਸਾਰਾ ਖ਼ਰਚਾ ਸਿਆਸੀ ਵਿਭਾਗ ਨੂੰ ਦੇਣਾ ਚਾਹੀਦਾ ਹੈ ਕਿਉਂਕਿ ਉਹ ਇਸ ਸੂਬੇ ਦੇ ਪ੍ਰਸ਼ਾਸਨਾਂ ਨਾਲ ਸੰਬੰਧਤ ਕੈਦੀ ਨਹੀਂ ਹਨ। ਕਾਜਕਾਰੀ ਚੀਫ਼ ਕਮਿਸ਼ਨਰ ਦਾ ਇਹ ਵੀ ਵਿਚਾਰ ਹੈ ਕਿ ਬਾਬਾ ਰਾਮ ਸਿੰਘ ਜੀ ਲਈ ਭਾਰ-ਢੁਆਈ ਵਾਸਤੇ ਇੱਕ ਖੱਚਰ ਜ਼ਰੂਰ ਰੱਖਣਾ ਹੋਵੇਗਾ ਅਤੇ ਉਨ੍ਹਾਂ ਨੂੰ ਇੱਕ ਹਫ਼ਤੇ 'ਚ ਤਿੰਨ ਵਾਰ ਇੱਕ ਪੁਲਿਸ ਇੰਸਪੈਕਟਰ ਦੀ ਨਿਗਰਾਨੀ ਹੇਠ ਘੁੰਮਾਉਣ ਲਈ ਲਿਜਾਂਦਾ ਜਾ ਸਕਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਜੇਲ੍ਹ ਲਈ ਡਾਢਾ ਖ਼ਤਰਨਾਕ ਹੈ ਕਿ ਕੂਕਾ ਰਹਿਨੁਮਾ ਦੇ ਕਿਰਦਾਰ ਵਾਲਾ ਇੱਕ ਸਰਕਾਰੀ ਕੈਦੀ ਕੰਧਾਂ ਪਿੱਛੇ ਕੈਦ ਕਰ ਕੇ ਰੱਖਿਆ ਗਿਆ ਹੈ।

7. ਜੇ ਪ੍ਰਸਤਾਵਿਤ ਵਿਵਸਥਾ ਇਤਰਾਜ਼ਯੋਗ ਲੱਗੇ, ਤਾਂ ਸ੍ਰੀ ਈਡਨ ਸਿਰਫ਼ ਇਹੋ ਸੁਝਾਅ ਦੇ ਸਕਦੇ ਹਨ ਕਿ ਬਾਬਾ ਰਾਮ ਸਿੰਘ ਜੀ ਨੂੰ ਟੈਵੋਏ ਭੇਜ ਦਿੱਤਾ ਜਾਵੇ ਜਿੱਥੇ ਇੱਕ ਛੋਟੇ ਬੰਗਲੇ ਦੀ ਉਸਾਰੀ ਕੀਤੀ ਜਾ ਸਕਦੀ ਹੈ, ਜਿੱਥੇ ਉਨ੍ਹਾਂ ਨੂੰ ਰੱਖਿਆ ਜਾ ਸਕਦਾ ਹੈ।

### ਗਵਰਨਰ ਜਨਰਲ ਦਫ਼ਤਰ 'ਚ ਫ਼ਾਈਲ ਰਿਕਾਰਡ

ਸੁਆਲ ਇਹ ਹੈ ਕਿ ਕੀ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਜੇਲ੍ਹ 'ਚ ਹੀ ਰੱਖਣਾ ਹੈ ਕਿ ਜਾਂ ਰੰਗੂਨ ਦੀ ਕਿਸੇ ਹੋਰ ਇਮਾਰਤ 'ਚ ਜਾਂ ਟੈਵੋਏ ਭੇਜ ਦੇਣਾ ਹੈ।

ਐੱਚ.ਡਬਲਿਊ.ਡਬਲਿਊ.

ਪੈਰਾ 5 'ਚ ਸ੍ਰੀ ਈਡਨ ਦੀ ਤਜਵੀਜ਼ ਵਾਜਬ ਜਾਪਦੀ ਹੈ ਪਰ ਖੱਚਰ ਦੀ ਜ਼ਰੂਰਤ ਤਾਂ ਬਿਲਕੁਲ ਨਹੀਂ ਜਾਪਦੀ; ਬਾਬਾ ਰਾਮ ਸਿੰਘ ਜੀ ਲਈ ਸ਼ਾਇਦ ਇਹ

ਬਿਹਤਰ ਰਹੇਗਾ ਕਿ ਉਹ ਪੈਦਲ ਚੱਲਣ ਦੀ ਕਸਰਤ ਕਰਨ।

ਈ.ਸੀ.ਬੀ. 24 ਅਪ੍ਰੈਲ, 1872

ਹਰਗਿਜ਼ ਨਹੀਂ, ਪਰ ਇਹੋ ਇਕਲੌਤੀ ਐਸ਼ੋ-ਇਸ਼ਰਤ ਹੈ, ਜਿਸ ਦੀ ਇਜਾਜ਼ਤ ਉਨ੍ਹਾਂ ਦੇ ਆਪਣੇ ਖ਼ਰਚੇ 'ਤੇ ਦਿੱਤੀ ਜਾ ਸਕਦੀ ਹੈ। ਮੈਨੂੰ ਲੱਗਦਾ ਹੈ ਕਿ ਇੱਕ ਵੱਖਰੀ ਇਮਾਰਤ 'ਚ ਉਨ੍ਹਾਂ ਨੂੰ ਰੱਖਣ ਦੀ ਤਜਵੀਜ਼ ਦਰੁਸਤ ਹੈ।

ਖ਼ਰਚੇ ਦਾ ਫ਼ੈਸਲਾ ਵਿੱਤ ਵਿਭਾਗ ਕਰੇਗਾ; ਬਰਮਾ ਦੇ ਸੂਬਾਈ ਮਾਲ ਵਿਭਾਗ ਤੋਂ ਵਸੂਲੀ ਨਹੀਂ ਕੀਤੀ ਜਾ ਸਕਦੀ।

ਬੀ.ਐੱਚ.ਈ. 26 ਅਪ੍ਰੈਲ, 1872

ਮੈਂ ਉਨ੍ਹਾਂ ਨੂੰ ਵੱਖਰੇ ਘਰ 'ਚ ਰੱਖਾਂਗਾ ਅਤੇ ਉਨ੍ਹਾਂ ਨੂੰ ਖੱਚਰ ਨਹੀਂ ਦੇਵਾਂਗਾ, ਉਨ੍ਹਾਂ ਨੂੰ ਦੱਸ ਰਿਹਾ ਹਾਂ ਕਿ ਇਹ ਸਹੂਲਤਾਂ ਵਾਪਸ ਲੈ ਲਈਆਂ ਜਾਣਗੀਆਂ, ਜੇ ਕਿਤੇ ਉਨ੍ਹਾਂ ਆਪਣੇ ਕਿਸੇ ਵੀ ਥਾਂ ਦੇ ਪੈਰੋਕਾਰਾਂ ਨਾਲ ਕੋਈ ਚਿੱਠੀ-ਪੱਤਰੀ ਕੀਤੀ। ਇਸ ਨੂੰ ਟੈਲੀਗ੍ਰਾਫ਼ ਕਰੋ।

ਮੈਂ ਸ੍ਰੀ ਈਡਨ ਨੂੰ ਇਹ ਵੀ ਦੱਸਾਂਗਾ ਕਿ ਸਰਕਾਰ (ਗੁਰੂ) ਰਾਮ ਸਿੰਘ ਜੀ ਦੀਆਂ ਯੋਜਨਾਵਾਂ ਤੇ ਧਾਰਮਿਕ ਵਿਚਾਰਾਂ, ਉਨ੍ਹਾਂ ਵੱਲੋਂ ਆਪਣੀ ਮਿਸ਼ਨ ਨੂੰ ਦਿੱਤੇ ਕਿਰਦਾਰ ਬਾਰੇ ਹੋਰ ਜਾਣਕਾਰੀ ਲੈਣਾ ਚਾਹੇਗੀ, ਜੇ ਕਿਤੇ ਗੱਲਬਾਤ ਦੌਰਾਨ ਉਨ੍ਹਾਂ ਵੱਲੋਂ ਅਜਿਹੇ ਕੋਈ ਵੇਰਵਿਆਂ ਦਾ ਜ਼ਿਕਰ ਕੀਤਾ ਗਿਆ ਹੋਵੇ।

ਮੇਰਾ ਵਿਚਾਰ ਮਹਾਮਹਿਮ ਤੋਂ ਇਸ ਮਾਮਲੇ 'ਚ ਮਜਬੂਰਨ ਵੱਖ ਹੈ ਕਿ ਬਾਬਾ ਰਾਮ ਸਿੰਘ ਜੀ ਇੱਕ ਅਪਰਾਧੀ ਵਜੋਂ ਉਮਰ ਭਰ ਲਈ ਦੇਸ਼-ਨਿਕਾਲੇ ਤੋਂ ਮਸਾਂ ਬਚੇ ਹਨ, ਉਨ੍ਹਾਂ ਨੂੰ ਦੇਸ਼-ਨਿਕਾਲਾ ਦੇ ਦਿੱਤਾ ਜਾਂਦਾ, ਜੇ ਕਿਤੇ ਅਸੀਂ ਕਸਾਈ ਕਤਲ-ਕਾਂਡਾਂ 'ਚ ਉਨ੍ਹਾਂ ਗਵਾਹਾਂ 'ਤੇ ਭਰੋਸਾ ਕਰ ਲਿਆ ਹੁੰਦਾ, ਜਿਨ੍ਹਾਂ ਨੇ ਇਨ੍ਹਾਂ ਕਤਲਾਂ 'ਚ ਉਨ੍ਹਾਂ ਦੀ ਸ਼ਮੂਲੀਅਤ ਬਾਰੇ ਗਵਾਹੀ ਦਿੱਤੀ ਸੀ ਅਤੇ ਆਖ਼ਰੀ ਸੁਣਵਾਈ ਤੋਂ ਪਹਿਲਾਂ ਉਹ ਜੇ ਬਦਲ ਨਾ ਗਏ ਹੁੰਦੇ। ਮੈਨੂੰ ਸਮਝ ਨਹੀਂ ਆਉਂਦੀ ਕਿ ਸਾਨੂੰ ਅਜਿਹੇ ਵਿਅਕਤੀ ਨੂੰ ਖੱਚਰ ਦੀ ਸਹੂਲਤ ਕਿਉਂ ਦੇਣੀ ਚਾਹੀਦੀ ਹੈ?

ਵਿੱਤ ਵਿਭਾਗ ਨੂੰ ਜ਼ਰੂਰ ਇਸ ਸਭ 'ਤੇ ਹੋਣ ਵਾਲੇ ਖ਼ਰਚੇ 'ਤੇ ਜ਼ਰੂਰ ਗ਼ੌਰ ਕਰਨਾ ਚਾਹੀਦਾ ਹੈ।

ਬੀ.ਐੱਚ.ਈ. 29 ਅਪ੍ਰੈਲ, 1872

ਮੈਂ ਖੱਚਰ ਖ਼ਰੀਦਣ 'ਤੇ ਜ਼ੋਰ ਨਹੀਂ ਦਿੰਦਾ। ਮੈਂ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਸਵਾਰੀ ਲਈ ਜ਼ਰੂਰੀ ਅਭਿਆਸ ਦੇਵਾਂਗਾ। ਮੈਂ ਇਸ ਮਾਮਲੇ 'ਤੇ ਪੂਰੀ ਤਰ੍ਹਾਂ ਸਹਿਮਤ ਹਾਂ।

ਬੀ.ਐੱਚ.ਈ. 3 ਮਈ, 1872

**ਮੀਮੋ ਨੰ. 110**

*ਮਿਤੀ ਲਾਹੌਰ, 15 ਅਪ੍ਰੈਲ, 1872*

**ਸਮੂਹ ਡਿਪਟੀ ਇੰਸਪੈਕਟਰਜ਼ ਆੱਫ਼ ਪੁਲਿਸ**

ਬਦਨਾਮ ਵਿਅਕਤੀਆਂ ਨੂੰ ਉਨ੍ਹਾਂ ਦੇ ਆਪਣੇ ਜ਼ਿਲ੍ਹਿਆਂ 'ਚ ਭੇਜਣਾ ਹੋਵੇਗਾ

ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜ਼ਿਲ੍ਹਾ ਸੁਪਰਇੰਟੈਂਡੈਂਟਸ ਨੂੰ ਹਦਾਇਤਾਂ ਜਾਰੀ ਕਰਨ ਕਿ ਉਹ ਆਪਣੇ ਜ਼ਿਲ੍ਹੇ 'ਚ ਰਹਿ ਰਹੇ ਅਜਿਹੇ ਕਿਸੇ ਬਦਨਾਮ ਕੂਕਾ ਬਾਰੇ ਡਿਪਟੀ ਕਮਿਸ਼ਨਰਾਂ ਦੇ ਧਿਆਨ ਗੋਚਰੇ ਲਿਆਉਣ ਜੋ ਉਨ੍ਹਾਂ ਦੇ ਜ਼ਿਲ੍ਹੇ ਦੇ ਪੱਕੇ ਨਿਵਾਸੀ ਨਹੀਂ ਹਨ ਤੇ ਅਸਲ 'ਚ ਕਿਸੇ ਹੋਰ ਜ਼ਿਲ੍ਹੇ ਦੇ ਹਨ, ਤਾਂ ਜੋ ਅਜਿਹੇ ਕੂਕੇ ਨੂੰ ਉਸ ਦੇ ਆਪਣੇ ਜ਼ਿਲ੍ਹੇ 'ਚ ਵਾਪਸ ਭੇਜਿਆ ਜਾ ਸਕੇ, ਕੀ ਡਿਪਟੀ ਕਮਿਸ਼ਨਰ ਇਹ ਸਮਝਦੇ ਹਨ ਕਿ ਅਜਿਹੇ ਕੂਕੇ ਨੂੰ ਜ਼ਿਲ੍ਹੇ ਤੋਂ ਵਾਪਸ ਭੇਜਣਾ ਵਾਜਬ ਹੋਵੇਗਾ।

ਸੰਬੰਧਤ ਜ਼ਿਲ੍ਹੇ ਨੂੰ ਦੇਣੀ ਹੋਵੇਗੀ ਜਾਣਕਾਰੀ

ਅਜਿਹੇ ਜਿਹੜੇ ਵਿਅਕਤੀ ਨੂੰ ਉਸ ਦੇ ਆਪਣੇ ਜ਼ਿਲ੍ਹੇ 'ਚ ਵਾਪਸ ਭੇਜਣਾ ਹੈ, ਉਸ ਬਾਰੇ ਜਾਣਕਾਰੀ ਉਸ ਦੂਜੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤੇ ਜ਼ਿਲ੍ਹਾ ਸੁਪਰਇੰਟੈਂਡੈਂਟ ਨੂੰ ਭੇਜਣੀ ਹੋਵੇਗੀ।

**ਸਰਕੂਲਰ ਮੀਮੋ ਨੰ. 113**

ਵੱਲ

ਸਮੂਹ ਕਮਿਸ਼ਨਰਜ਼ ਅਤੇ

ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ।

ਧਰਮਸ਼ਾਲਾਵਾਂ 'ਚ ਕੂਕਿਆਂ ਦੇ ਇਕੱਠਾਂ ਬਾਰੇ ਪਿਛਲੇ ਮਹੀਨੇ ਦੀ 26 ਤਰੀਕ ਦੇ ਸਰਕੂਲਰ ਮੀਮੋ ਨੰ. 47 ਦੀ ਨਿਰੰਤਰਤਾ 'ਚ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਇੱਕ ਜਗ੍ਹਾ 'ਤੇ ਪੰਜ ਜਾਂ ਵਧੇਰੇ ਕੂਕਿਆਂ ਦੇ ਇਕੱਠੇ ਹੋਣ 'ਤੇ ਲਾਈ ਪਾਬੰਦੀ 'ਚ ਇਹ ਸੋਧ ਕਰਨ ਵਿੱਚ ਖ਼ੁਸ਼ੀ ਹੁੰਦੀ ਹੈ:

''ਕਿਸੇ ਪਰਿਵਾਰ 'ਚ ਜੇ ਕਿਸੇ ਖ਼ੁਸ਼ੀ ਜਾਂ ਗ਼ਮੀ ਮੌਕੇ ਪੰਜ ਜਾਂ ਵਧੇਰੇ ਕੂਕਿਆਂ ਦਾ ਕੋਈ ਅਜਿਹਾ ਇਕੱਠ ਹੁੰਦਾ ਹੈ, ਜਿੱਥੇ ਉਨ੍ਹਾਂ ਸਮਾਜਕ ਮੌਜੂਦਗੀ ਜ਼ਰੂਰੀ ਹੈ, ਤਾਂ ਅਜਿਹੇ ਮਾਮਲਿਆਂ 'ਚ ਦਖ਼ਲ ਨਹੀਂ ਦੇਣਾ ਚਾਹੀਦਾ; ਪਰ ਜੇ ਕੂਕੇ ਬਿਨਾਂ ਕਿਸੇ ਪਰਿਵਾਰਕ ਸਮਾਰੋਹ ਦੇ ਅਜਿਹਾ ਕੋਈ ਇਕੱਠ ਕਰਦੇ ਹਨ, ਭਾਵੇਂ ਉਹ ਕੋਈ ਸੂਬਾ ਹੋਵੇ ਜਾਂ ਨਾ, ਤਾਂ ਉਸ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।''

**ਪੁਲਿਸ 'ਚ ਸੇਵਾ ਨਿਭਾ ਰਹੇ ਕੂਕਿਆਂ ਦੀ ਬਰਖ਼ਾਸਤਗੀ**

**(ਗੁਪਤ)**

*ਨੰ. III,* *ਮਿਤੀ ਲਾਹੌਰ, 15 ਮਾਰਚ, 1872*

ਵੱਲੋਂ

ਲੈਫ਼ਟੀਨੈਂਟ ਕਰਨਲ ਜੀ. ਹਚਿਨਸਨ, ਸੀਐੱਸਆਈ,
ਅਧੀਨ ਸਕੱਤਰ, ਪੰਜਾਬ ਸਰਕਾਰ,
ਸਿਵਲ (ਪੁਲਿਸ) ਵਿਭਾਗ।

ਵੱਲ

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਇਸੇ ਮਹੀਨੇ ਦੀ 7 ਤਰੀਕ ਦੇ ਤੁਹਾਡੇ ਪੱਤਰ ਨੰ. 172 ਦੇ ਹਵਾਲੇ ਨਾਲ, ਜਿਸ ਵਿੱਚ ਥਲ ਸੈਨਾ 'ਚ ਸੇਵਾ ਨਿਭਾ ਰਹੇ ਜਾਂ ਅਜਿਹੀ ਸੇਵਾ ਲਈ ਸੂਚੀਬੱਧ ਹੋਣ ਦੇ ਚਾਹਵਾਨ ਕੂਕਾ ਸੰਪਰਦਾਇ ਦੇ ਮੈਂਬਰਾਂ ਬਾਰੇ ਫ਼ੌਜੀ ਵਿਭਾਗ ਵੱਲੋਂ ਕਾਂਸਟੇਬਿਊਲਰੀ ਬਲਾਂ ਲਈ ਲਾਗੂ ਤੈਅਸ਼ੁਦਾ ਸਿਧਾਂਤਾਂ ਦੀ ਉਚਿਤਤਾ ਬਾਰੇ ਵਿਚਾਰ ਮੰਗੇ ਗਏ ਸਨ, ਮੈਨੂੰ ਮਾਣਯੋਗ ਲੈਫ਼ਟੀਨੈਂਟ ਗਵਰਨਰ ਵੱਲੋਂ ਉਸ ਦਾ ਜਵਾਬ ਦੇਣ ਦੀ ਹਦਾਇਤ ਹੋਈ ਹੈ।

2. ਮਾਣਯੋਗ ਸਾਹਿਬ ਮਹਾਮਹਿਮ ਕਮਾਂਡਰ-ਇਨ-ਚੀਫ਼ ਇਸ ਵਿਚਾਰ ਨਾਲ ਸਹਿਮਤ ਹਨ ਕਿ ਸਾਰੇ ਕੂਕਿਆਂ ਨੂੰ ਸਥਾਨਕ ਥਲ ਸੈਨਾ ਦੇ ਅਹੁਦਿਆਂ ਤੋਂ ਬਰਤਰਫ਼ ਕਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਹੋਰ ਭਰਤੀ ਰੋਕ ਦੇਣੀ ਚਾਹੀਦੀ ਹੈ ਅਤੇ ਕਾਂਸਟੇਬਿਊਲਰੀ ਲਈ ਵੀ ਇਹੋ ਨਿਯਮ ਅਪਨਾਉਣਾ ਚਾਹੀਦਾ ਹੈ।

3. ਮਾਣਯੋਗ ਸਾਹਿਬ ਦਾ ਵਿਚਾਰ ਹੈ ਕਿ ਅਜਿਹਾ ਦਰਸਾਇਆ ਗਿਆ ਹੈ ਕਿ ਇਸ ਸੰਪਰਦਾਇ 'ਚ ਅਜਿਹੇ ਵਧੀਆ ਵਿਵਹਾਰ ਵਾਲੇ ਵਿਅਕਤੀ ਵੀ ਹੋਣਗੇ ਜੋ ਆਪਦੇ ਆਗੂਆਂ ਦੇ ਗੁਪਤ ਹੁਕਮਾਂ ਦੀ ਬੇਝਿਜਕ ਪਾਲਣਾ ਕਰਦੇ ਹੋਣਗੇ। ਹੁਣ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਸੰਪਰਦਾਇ ਦਾ ਮੰਤਵ ਬ੍ਰਿਟਿਸ਼ ਸਰਕਾਰ ਦਾ ਖ਼ਾਤਮਾ ਕਰ ਕੇ ਖ਼ਾਲਸਾ ਰਾਜ ਦੀ ਮੁੜ ਸਥਾਪਨਾ ਕਰਨਾ ਹੈ।

4. ਇਸੇ ਲਈ ਮਾਣਯੋਗ ਸਾਹਿਬ ਦਾ ਮੰਨਣਾ ਹੈ ਕਿ ਜਨਤਕ ਤੌਰ 'ਤੇ ਅਜਿਹਾ ਦਰਸਾਉਣਾ ਸਹੀ ਰਹੇਗਾ ਕਿ ਅਸੀਂ ਅਜਿਹੀਆਂ ਯੋਜਨਾਵਾਂ ਤੋਂ ਭਲੀਭਾਂਤ ਵਾਕਫ਼ ਹਾਂ ਅਤੇ ਅਸੀਂ ਉਨ੍ਹਾਂ ਨੂੰ ਸਰਕਾਰ ਦੀ ਹਥਿਆਰਬੰਦ ਬਲਾਂ ਦੀ ਸੇਵਾ 'ਚ ਨਹੀਂ ਰੱਖਾਂਗੇ, ਜੋ ਅਜਿਹੀਆਂ ਯੋਜਨਾਵਾਂ ਨੂੰ ਹੱਲਾਸ਼ੇਰੀ ਦਿੰਦੇ ਹੋਣ। ਜਦੋਂ ਤੱਕ ਅਜਿਹਾ ਵਿਸ਼ਵਾਸ ਕਾਇਮ ਰੱਖਣਾ ਸੰਭਵ ਹੈ ਕਿ ਕੂਕਾ ਸੰਪਰਦਾਇ ਇੱਕ ਧਾਰਮਿਕ ਸੰਗਠਨ ਹੈ, ਤਦ ਤੱਕ ਸਥਾਨਕ ਪ੍ਰਸ਼ਾਸਨ ਨੂੰ ਉਸ ਪ੍ਰਤੀ ਸੰਪੂਰਨ ਸਹਿਣਸ਼ੀਲਤਾ ਵਿਖਾਉਣੀ ਹੋਵੇਗੀ। ਮਾਣਯੋਗ ਸਾਹਿਬ ਦਾ ਵਿਚਾਰ ਹੈ ਕਿ ਜਦੋਂ ਵੀ ਇਸ ਦਾ ਇਹ ਝੂਠਾ ਕਿਰਦਾਰ ਜੱਗ ਜ਼ਾਹਿਰ ਹੋ ਜਾਵੇਗਾ, ਤਾਂ ਇਸ ਸੰਪਰਦਾਇ ਦੇ ਮੈਂਬਰਾਂ ਨਾਲ ਨਿਪਟਣ ਦੀ ਸਾਡੀ ਵਿਧੀ ਬਦਲ ਜਾਵੇਗੀ; ਅਤੇ ਇਹ ਮਹਿਜ਼ ਉਨ੍ਹਾਂ ਨੂੰ ਅਹੁਦਿਆਂ ਤੋਂ ਲਾਂਭੇ ਕਰਨ ਦਾ ਇੱਕ ਸੂਝਵਾਨ ਕਦਮ ਹੈ ਕਿਉਂਕਿ ਉਹ ਤਾਂ ਆਪਣੇ ਉਨ੍ਹਾਂ ਅਹੁਦਿਆਂ ਤੋਂ ਰਾਜ-ਧਰੋਹ ਦਾ ਪ੍ਰਚਾਰ ਕਰ ਰਹੇ ਹਨ, ਜਦ ਕਿ ਉਨ੍ਹਾਂ ਨੂੰ ਤਾਂ ਅਜਿਹੀ ਲਹਿਰ ਨੂੰ ਦਬਾਉਣਾ ਚਾਹੀਦਾ ਹੈ।

5. ਪੰਜਾਬ ਕਾਂਸਟੇਬਿਊਲਰੀ 'ਚ ਇਨ੍ਹਾਂ ਵਿਅਕਤੀਆਂ ਦੀ ਭਰਤੀ ਦੀ ਪ੍ਰਕਿਰਿਆ ਹੁਣ ਬੰਦ ਕਰ ਦਿੱਤੀ ਗਈ ਹੈ ਅਤੇ ਜਿਹੜੇ ਜ਼ਿਲ੍ਹਿਆਂ 'ਚ ਇਸ ਸੰਪਰਦਾਇ ਪ੍ਰਤੀ ਥੋੜ੍ਹੀ ਜਿੰਨੀ ਵੀ ਹਮਦਰਦੀ ਹੈ, ਉੱਥੋਂ ਕੂਕਾ ਸੰਪਰਦਾਇ ਨਾਲ ਜੁੜੇ ਪੁਲਿਸ ਅਧਿਕਾਰੀਆਂ ਦੇ ਤਬਾਦਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੀ ਗਿਣਤੀ ਜ਼ਿਆਦਾ ਨਹੀਂ ਹੈ, ਸ਼ਾਇਦ ਸਾਰੇ ਜ਼ਿਲ੍ਹਿਆਂ 'ਚ ਤੀਹ ਤੋਂ ਵੱਧ ਕੂਕੇ ਨਹੀਂ ਹਨ; ਪਰ ਉਨ੍ਹਾਂ ਬਾਰੇ ਹੁਣ ਮਾਣਯੋਗ ਸਾਹਿਬ ਚਾਹੁੰਦੇ ਹਨ ਕਿ ਪ੍ਰਮੁੱਖ ਸਰਕਾਰ ਦੀ ਪ੍ਰਵਾਨਗੀ ਨਾਲ ਉਨ੍ਹਾਂ ਨੂੰ ਆਪੋ-ਆਪਣੀ ਗ੍ਰੈਚਿਊਟੀ ਜਾਂ ਪੈਨਸ਼ਨਾਂ ਦੇ ਕੇ ਬਰਖ਼ਾਸਤ ਕਰਨ ਦੇ ਹੁਕਮ ਦੇ ਦਿੱਤੇ ਜਾਣ।

ਸੰਕਲਪਬੱਧ ਕੂਕੇ ਅਤੇ ਗੁਪਤ ਤੌਰ 'ਤੇ ਬੇਈਮਾਨ ਤੇ ਖ਼ਤਰਨਾਕ ਕੂਕੇ, ਸਮੁੱਚੇ ਸੰਪਰਦਾਇ ਨੂੰ ਭੜਕਾਉਣ ਵਾਲੇ ਕੂਕੇ; ਇਨ੍ਹਾਂ ਸਭਨਾਂ ਨੂੰ ਸਰਕਾਰ ਦੇ ਵਿਰੋਧੀਆਂ ਦੀ ਸੂਚੀ ਵਿੱਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਹੈ। *ਐੱਚ.ਡਬਲਿਊ.ਐੱਨ*

6. ਮਾਣਯੋਗ ਸਾਹਿਬ ਨੇ ਕਿਤੇ ਹੋਰ ਇਸ ਗੱਲ 'ਤੇ ਨਾਰਾਜ਼ਗੀ ਪ੍ਰਗਟਾਈ ਸੀ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਕੂਕਿਆਂ ਨੂੰ ਫ਼ਿਰੋਜ਼ਪੁਰ ਅਸਲਾਖਾਨੇ 'ਚ ਰੱਖਿਆ ਗਿਆ ਹੈ।

ਜਦੋਂ ਤੱਕ ਕੂਕਿਆਂ ਦਾ ਸੰਪਰਦਾਇ ਸਿਰਫ਼ ਧਾਰਮਿਕ ਸੁਧਾਰਵਾਦ ਤੱਕ ਸੀਮਤ ਸੀ, ਮੈਂ ਕਦੇ ਉਨ੍ਹਾਂ ਦੇ ਮਾਮਲਿਆਂ 'ਚ ਦਖ਼ਲ ਨਹੀਂ ਦੇਣਾ ਚਾਹਿਆ ਅਤੇ ਇਹੋ ਸਮਝਿਆ ਕਿ ਉਨ੍ਹਾਂ ਨੂੰ ਰੋਜ਼ੀ ਰੋਟੀ ਦੇ ਵਸੀਲਿਆਂ ਤੋਂ ਲਾਂਭੇ ਕਰ ਦੇਣ ਦਾ ਮਤਲਬ ਹੋਵੇਗਾ ਕਿ ਉਹ ਜਿਊਣ ਲਈ ਘੱਟ ਈਮਾਨਦਾਰ ਤਰੀਕੇ ਅਪਨਾਉਣੇ ਸ਼ੁਰੂ ਕਰ ਦੇਣਗੇ ਪਰ ਜਦੋਂ ਇਹ ਸੰਪਰਦਾਇ ਸਿਆਸੀ, ਬਾਗ਼ੀ ਤੇ ਹੰਗਾਮਾ ਭਰਪੂਰ ਹੋਇਆ, ਤਾਂ ਮੇਰੇ ਵਿਚਾਰ ਮੁਤਾਬਕ ਉਨ੍ਹਾਂ ਨੂੰ ਸਾਡੀ ਸੇਵਾ 'ਚੋਂ ਲਾਂਭੇ ਕਰਨ ਦਾ ਇਹ ਢੁਕਵਾਂ ਵੇਲਾ ਹੈ।

ਥੋੜ੍ਹੇ ਜਿਹੇ ਕੂਕੇ ਅੱਧੀ ਰੈਜਿਮੈਂਟ ਕੁਝ ਘੱਟ ਜਵਾਨਾਂ ਦਾ ਧਰਮ-ਪਰਿਵਰਤਨ ਕਰਵਾ ਕੇ ਉਨ੍ਹਾਂ ਨੂੰ ਕੂਕੇ ਬਣਾ ਸਕਦੇ ਹਨ ਜਾਂ ਫ਼ੌਜ ਵਿੱਚ ਕਿਸੇ ਤਰ੍ਹਾਂ ਸ਼ਾਮਲ ਹੋ ਸਕਦੇ ਹਨ। ਕੂਕਿਆਂ ਦੇ ਕਦਮ ਇੱਕ ਤੋਂ ਵੱਧ ਵਾਰ ਫ਼ਿਰੋਜ਼ਪੁਰ ਦੇ ਅਸਲਾਖਾਨੇ ਵੱਲ ਵਧਦੇ ਦੱਸੇ ਗਏ ਹਨ।

ਇਸ ਲਈ ਮੈਨੂੰ ਨਿਸ਼ਚਿਤ ਤੌਰ 'ਤੇ ਇਨ੍ਹਾਂ ਏਸ਼ੀਆਈ 'ਫ਼ੇਨੀਅਨਜ਼' *(ਆਇਰਲੈਂਡ ਦੇ ਬਾਗ਼ੀ-ਅਨੁਵਾਦਕ)* ਨੂੰ ਬਹੁਤ ਚੁੱਪ-ਚੁਪੀਤੇ ਅਜਿਹੀਆਂ ਸਾਰੀਆਂ ਸੇਵਾਵਾਂ ਤੇ ਪੁਲਿਸ 'ਚੋਂ ਬਰਖ਼ਾਸਤ ਕਰ ਦੇਣਾ ਚਾਹੀਦਾ ਹੈ।

*ਫ਼ਾਈਲ ਉੱਤੇ ਟਿੱਪਣੀਆਂ*

ਪਰ ਫਿਰ ਵੀ ਕੁਝ ਸਮੱਸਿਆ ਰਹੇਗੀ ਕਿਉਂਕਿ ਅਸੀਂ ਉਨ੍ਹਾਂ ਤੋਂ ਛੁਟਕਾਰਾ ਨਹੀਂ ਪਾ ਸਕਾਂਗੇ ਜੋ ਗੁਪਤ ਤੌਰ 'ਤੇ ਕੂਕੇ ਹਨ ਅਤੇ ਸ਼ਾਇਦ ਉਹ ਸਭ ਤੋਂ ਭੈੜੇ ਹਨ। ਮੈਨੂੰ ਯਕੀਨ ਨਹੀਂ ਹੈ ਕਿ ਅਸੀਂ ਥਲ ਸੈਨਾ ਤੇ ਪੁਲਿਸ 'ਚੋਂ ਸਾਰੇ ਕੂਕਿਆਂ ਨੂੰ ਬਰਤਰਫ਼ ਕਰ ਸਕਣ ਦੇ ਉਦੇਸ਼ ਦੀ ਪੂਰਤੀ ਕਰ ਸਕਾਂਗੇ।

ਬੀਐੱਚਈ 21 ਮਾਰਚ, 1872

ਮੇਰਾ ਵਿਚਾਰ ਹੈ ਕਿ ਲੈਫ਼ਟੀਨੈਂਟ ਗਵਰਨਰ ਨੂੰ ਉਹ ਕਰਨ ਦੇਣਾ ਚਾਹੀਦਾ ਹੈ, ਜੋ ਵੀ ਉਹ ਜ਼ਰੂਰੀ ਸਮਝਦੇ ਹੋਣ। ਜੇਐੱਸ 23 ਮਾਰਚ, 1872

ਮੈਂ ਸ੍ਰੀ ਸਟਾਰਕੀ ਨਾਲ ਸਹਿਮਤ ਹਾਂ ਕਿ ਬੇਸ਼ੱਕ ਅਸੀਂ ਗੁਪਤ ਕੂਕਿਆਂ ਨੂੰ ਬਰਤਰਫ਼ ਨਹੀਂ ਕਰ ਸਕਦੇ ਪਰ ਅਸੀਂ ਉਨ੍ਹਾਂ ਨੂੰ ਆਪਣੀਆਂ ਸੇਵਾਵਾਂ 'ਚ ਕਿਉਂ ਰੱਖੀਏ, ਜਿਹੜੇ ਸ਼ਰੇਆਮ ਕੂਕੇ ਹਨ?

ਮੈਂ ਲੈਫ਼ਟੀਨੈਂਟ ਗਵਰਨਰ ਦਾ ਸਮਰਥਨ ਕਰਾਂਗਾ।

ਆਰ.ਟੀ. 24 ਮਾਰਚ, 1872

ਮੇਰਾ ਮੰਨਣਾ ਹੈ ਕਿ ਸੰਕਲਪਬੱਧ ਕੂਕਿਆਂ ਤੋਂ ਜ਼ਿਆਦਾ ਤਾਂ ਗੁਪਤ ਕੂਕੇ ਹੀ ਹਨ, ਇੰਝ ਤਾਂ ਇਹ ਕਦਮ ਤਾਂ ਈਮਾਨਦਾਰਾਂ ਨੂੰ ਸਜ਼ਾ ਦੇਣ ਸਮਾਨ ਹੋਵੇਗਾ।

ਮੇਰਾ ਵਿਚਾਰ ਹੈ ਕਿ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੂੰ ਪੰਜਾਬ ਪੁਲਿਸ 'ਚੋਂ ਸਾਰੇ ਕੂਕਿਆਂ ਨੂੰ ਬਰਤਰਫ਼ ਕਰਨ ਦੀ ਪ੍ਰਵਾਨਗੀ ਦੇਣੀ ਚਾਹੀਦੀ ਹੈ। ਸੁਰੱਖਿਆ ਬਲਾਂ 'ਚ ਨਿਯੁਕਤ ਇਨ੍ਹਾਂ ਵਿਅਕਤੀਆਂ ਨੂੰ ਆਪਣੇ ਧਾਰਮਿਕ ਸਾਥੀ ਕੂਕਿਆਂ ਤੋਂ ਵੱਖਰੇ ਅਹੁਦੇ ਮਿਲੇ ਹੋਏ ਹਨ, ਜੋ ਦੇਸ਼ ਦੇ ਹੋਰਨਾਂ ਭਾਗਾਂ 'ਚ ਤਾਇਨਾਤ ਹਨ।

ਗਸ਼ਤੀ-ਪੱਤਰ--

ਵਿੱਤ ਵਿਭਾਗ ਜ਼ਰੂਰ ਗ਼ੌਰ ਕਰੇ। ਮੈਨੂੰ ਨਹੀਂ ਪਤਾ ਕਿ ਅਜਿਹੀਆਂ ਮੱਦਾਂ ਦਾ ਕੀ ਅਰਥ ਹੈ ਜੋ ਦਰੁਸਤ ਜਾਪ ਸਕਦੀਆਂ ਹਨ; ਉਹ ਬਹੁਤ ਅਸਪੱਸ਼ਟ ਹਨ।

ਬੀਐੱਚਈ 31 ਮਾਰਚ, 1872

ਮੈਂ ਆਮ ਤੌਰ 'ਤੇ ਸਹਿਮਤ ਹਾਂ ਪਰ ਮੈਂ ਜ਼ਰੂਰ ਕਹਾਂਗਾ ਕਿ ਪਹਿਲਾਂ ਵਿੱਤੀ ਮੱਦਾਂ ਤੈਅ ਕਰ ਲੈਣੀਆਂ ਚਾਹੀਦੀਆਂ ਹਨ। ਆਰ.ਟੀ.

## 181

*ਆਫ਼ਿਸ ਮੀਮੋ ਨੰ. 764,* *ਮਿਤੀ 6 ਅਪ੍ਰੈਲ, 1872*

ਵੱਲੋਂ ਪੰਜਾਬ ਸਰਕਾਰ ਨੰ. 111, ਮਿਤੀ 15 ਮਾਰਚ, ਜਵਾਬ ਖਰੜਾ।

ਨਿਮਨਹਸਤਾਖਰੀ ਨੂੰ ਇੱਥੇ ਹਾਸ਼ੀਏ 'ਤੇ ਦਿੱਤੇ ਦਸਤਾਵੇਜ਼ ਵਿੱਤ ਵਿਭਾਗ ਨੂੰ ਭੇਜਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਇਹ ਵਿਭਾਗ ਨਾਲ ਮਿਲ ਕੇ ਇੱਕ ਪੱਤਰ ਦਾ ਖਰੜਾ ਜਾਰੀ ਕਰਨ ਲਈ ਪ੍ਰਸਤਾਵਿਤ ਹੈ।

2. ਇਹ ਦਸਤਾਵੇਜ਼ ਵਾਪਸ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਐੱਚ. ਵੈਲਜ਼ਲੀ,
ਅਧੀਨ ਸਕੱਤਰ, ਭਾਰਤ ਸਰਕਾਰ,
ਵੱਲ ਵਿੱਤ ਵਿਭਾਗ

## 182

*ਆਫ਼ਿਸ ਮੀਮੋ ਨੰ. 2672,* *ਮਿਤੀ 11 ਅਪ੍ਰੈਲ, 1872*

ਗ੍ਰਹਿ ਵਿਭਾਗ ਦੇ ਇਸੇ ਮਹੀਨੇ ਦੀ 6 ਤਰੀਕ ਦੇ ਆਫ਼ਿਸ ਮੈਮੋਰੈਂਡਮ ਨੰ. 704 ਦੇ ਹਵਾਲੇ ਨਾਲ, ਨਿਮਨਹਸਤਾਖਰੀ ਇਹ ਦੱਸਣਾ ਚਾਹੁੰਦੇ ਹਨ ਕਿ ਇਸ ਪੱਤਰ ਦੀਆਂ ਮੱਦਾਂ ’ਤੇ ਇਸ ਵਿਭਾਗ ਨੂੰ ਕੋਈ ਇਤਰਾਜ਼ ਨਹੀਂ ਹੈ ਜੋ ਪੰਜਾਬ ਸਰਕਾਰ ਨੂੰ ਉਨ੍ਹਾਂ ਰਾਜਾਂ ਦੇ ਪੁਲਿਸ ਵਿਭਾਗ ’ਚੋਂ ਕੂਕਿਆਂ ਦੀ ਬਰਖ਼ਾਸਤਗੀ ਨਾਲ ਸੰਬੋਧਤ ਹੈ। ਖਰੜਾ ਤੇ ਹੋਰ ਅਸਲ ਦਸਤਾਵੇਜ਼ ਇਸ ਨਾਲ ਵਾਪਸ ਕੀਤੇ ਜਾਂਦੇ ਹਨ, ਕਾਪੀਆਂ ਰੱਖੀਆਂ ਜਾ ਰਹੀਆਂ ਹਨ।

ਆਰ.ਬੀ. ਚੈਪਮੈਨ
ਸਕੱਤਰ, ਭਾਰਤ ਸਰਕਾਰ,
ਵਿੱਤ ਵਿਭਾਗ

ਵੱਲ ਗ੍ਰਹਿ ਵਿਭਾਗ।

## 183

**(ਗੁਪਤ)**

*ਨੰ. 773,* *ਮਿਤੀ 16 ਅਪ੍ਰੈਲ, 1872*

*ਵੱਲੋਂ*

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

*ਵੱਲ*

ਸਕੱਤਰ, ਪੰਜਾਬ ਸਰਕਾਰ।

ਪਿਛਲੇ ਮਹੀਨੇ ਦੀ 15 ਤਰੀਕ ਦੇ ਤੁਹਾਡੇ ਪੱਤਰ ਨੰ. 111 ਦੇ ਜਵਾਬ ’ਚ, ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਗਵਰਨਰ ਜਨਰਲ-ਇਨ-ਕੌਂਸਲ ਨੂੰ ਪੰਜਾਬ ਪੁਲਿਸ ’ਚ ਸੇਵਾ ਨਿਭਾ ਰਹੇ ਸਾਰੇ ਕੂਕਿਆਂ ਨੂੰ ਬਰਖ਼ਾਸਤ ਕਰਨੇ ਅਧਿਕਾਰ ਦੇਣ ’ਚ ਖ਼ੁਸ਼ੀ ਹੁੰਦੀ ਹੈ ਅਤੇ ਲੈਫ਼ਟੀਨੈਂਟ ਗਵਰਨਰ ਨੂੰ ਇਸ ਸ਼ਰਤ ’ਤੇ ਉਨ੍ਹਾਂ ਦੀਆਂ ਗ੍ਰੈਚੁਇਟੀਜ਼ ਬਾਰੇ ਲੋੜੀਂਦਾ ਫ਼ੈਸਲਾ ਲੈਣ ਦੀ ਖੁੱਲ੍ਹ ਹੈ ਕਿ ਉਹ ਤੈਅਸ਼ੁਦਾ ਮੱਦਾਂ ਤੋਂ ਵੱਧ ਨਾ ਹੋਣ, ਜੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਨਿਯੁਕਤੀਆਂ ਦੀ ਕਟੌਤੀ ’ਤੇ ਬਰਤਰਫ਼ ਕੀਤਾ ਜਾਂਦਾ ਹੈ।

## 184

*ਨੰ. 207,* *ਮਿਤੀ ਲਾਹੌਰ, 30 ਅਪ੍ਰੈਲ, 1872*

*ਵੱਲੋਂ*

ਲੈਫ਼ਟੀਨੈਂਟ ਕਰਨਲ ਜੀ. ਹਚਿਨਸਨ, ਸੀਐੱਸਆਈ,
ਅਧੀਨ ਸਕੱਤਰ, ਪੰਜਾਬ ਸਰਕਾਰ।

*ਵੱਲ*

ਈ.ਸੀ. ਬੇਲੀ, ਐਸਕ., ਸੀਐੱਸਆਈ,

ਸਕੱਤਰ, ਭਾਰਤ ਸਰਕਾਰ।

ਲੈਫ਼ਟੀਨੈਂਟ ਗਵਰਨਰ ਵੱਲੋਂ ਮੈਨੂੰ ਤੁਹਾਡੇ ਇਸੇ ਮਹੀਨੇ ਦੀ 16 ਤਰੀਕ ਦੇ ਪੱਤਰ ਨੰ. 773 ਦੇ ਪ੍ਰਾਪਤ ਹੋਣ ਬਾਰੇ ਸੂਚਿਤ ਕਰਨ ਦੀ ਹਦਾਇਤ ਹੋਈ ਹੈ, ਜੋ ਪੁਲਿਸ 'ਚੋਂ ਕੂਕਿਆਂ ਦੀ ਬਰਖ਼ਾਸਤਗੀ ਬਾਰੇ ਸੀ ਅਤੇ ਉਸ ਸਬੰਧੀ ਦਿੱਤੀ ਪ੍ਰਵਾਨਗੀ ਦੇ ਹਵਾਲੇ ਨਾਲ ਇਹ ਕਹਿਣਾ ਹੈ ਕਿ ਮਾਣਯੋਗ ਸਾਹਿਬ ਦਾ ਹਾਲ ਦੀ ਘੜੀ ਕੋਈ ਕਾਰਵਾਈ ਨਾ ਕਰਨ ਦਾ ਪ੍ਰਸਤਾਵ ਹੈ ਕਿਉਂਕਿ ਹਾਲਾਤ ਹੁਣ ਬਦਲ ਗਏ ਹਨ ਪਰ ਉਨ੍ਹਾਂ ਨੂੰ ਜਦੋਂ ਵੀ ਜ਼ਰੂਰੀ ਜਾਪੇਗਾ ਤਾਂ ਉਨ੍ਹਾਂ ਨੂੰ ਇਸ ਕਾਰਜ-ਵਿਧੀ 'ਤੇ ਅਮਲ ਕਰ ਕੇ ਖ਼ੁਸ਼ੀ ਹਾਸਲ ਹੋਵੇਗੀ।

ਕੋਈ ਹੁਕਮ ਨਹੀਂ।

# 185

## ਕੂਕਾ ਰਹਿਨੁਮਾ ਬਾਬਾ (ਗੁਰੂ) ਰਾਮ ਸਿੰਘ ਜੀ

*ਨੰ. 921,* *ਮਿਤੀ ਕੈਂਪ ਅੰਮ੍ਰਿਤਸਰ, 16 ਮਾਰਚ, 1872*

*ਵੱਲੋਂ*

ਐੱਲ.ਐੱਚ. ਗ੍ਰਿਫਿਨ, ਐਸਕ.,

ਸਕੱਤਰ, ਪੰਜਾਬ ਸਰਕਾਰ।

*ਵੱਲ*

ਈ.ਸੀ. ਬੇਲੀ, ਐਸਕ., ਸੀਐੱਸਆਈ,

ਸਕੱਤਰ, ਭਾਰਤ ਸਰਕਾਰ।

ਮਾਣਯੋਗ ਲੈਫ਼ਟੀਨੈਂਟ ਗਵਰਨਰ ਨੇ ਮੈਨੂੰ ਇਹ ਦੱਸਣ ਦੀ ਹਦਾਇਤ ਕੀਤੀ ਹੈ ਕਿ ਉਨ੍ਹਾਂ ਨੂੰ ਇਹ ਸੂਚਨਾ ਮਿਲ ਗਈ ਹੈ ਕਿ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਦੋਸਤ ਪੰਜਾਬ ਨਾਲ ਆਪਣੇ ਦੋ ਸੇਵਕਾਂ ਤੇ ਇੱਕ ਬਾਣੀਏ ਰਾਹੀਂ ਗੱਲਬਾਤ ਕਰਦੇ ਹਨ, ਜਿਨ੍ਹਾਂ ਰਾਹੀਂ ਉਨ੍ਹਾਂ ਨੂੰ ਸਾਮਾਨ ਹਾਸਲ ਹੁੰਦਾ ਹੈ।

2. ਇਹ ਜਾਣਕਾਰੀ ਸਹੀ ਨਹੀਂ ਵੀ ਹੋ ਸਕਦੀ ਪਰ ਲੈਫ਼ਟੀਨੈਂਟ ਗਵਰਨਰ ਦਾ ਵਿਚਾਰ ਹੈ ਕਿ ਇਹ ਗੱਲ ਭਾਰਤ ਸਰਕਾਰ ਦੇ ਧਿਆਨ ਗੋਚਰੇ ਲਿਆਉਣੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਵਿਅਕਤੀਆਂ ਦੀਆਂ ਗਤੀਵਿਧੀਆਂ 'ਤੇ ਵੀ ਥੋੜ੍ਹੀ ਨਜ਼ਰ ਰੱਖੀ ਜਾ ਸਕਦੀ ਹੈ, ਜਿਨ੍ਹਾਂ ਦੀ ਬਾਬਾ ਰਾਮ ਸਿੰਘ ਜੀ ਤੱਕ ਪਹੁੰਚ ਹੈ ਅਤੇ ਕੋਈ ਵਡਮੁੱਲੀ ਜਾਣਕਾਰੀ ਵੀ ਹਾਸਲ ਹੋ ਸਕਦੀ ਹੈ।

### ਫ਼ਾਈਲ 'ਤੇ ਗਵਰਨਰ ਜਨਰਲ ਦੇ ਹੁਕਮ

ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ

ਜੇ ਧਿਆਨ ਰੱਖਿਆ ਜਾਵੇ, ਤਾਂ ਇੱਥੇ ਦਰਸਾਏ ਸਰੋਤਾਂ ਤੋਂ ਜਾਣਕਾਰੀ ਹਾਸਲ

ਕੀਤੀ ਜਾ ਸਕਦੀ ਹੈ। ਬਾਬਾ ਰਾਮ ਸਿੰਘ ਜੀ ਦੀ ਮਸ਼ੀਨਰੀ ਹਾਲੇ ਵੀ ਦੇਸ਼ ਦੇ ਬਹੁਤੇ ਹਿੱਸਿਆਂ 'ਚ ਸਹੀ-ਸਲਾਮਤ ਚੱਲ ਰਹੀ ਹੋਵੇਗੀ।

ਨੇਪੀਅਰ।
21 ਮਾਰਚ, 1872

## 186

*ਗ੍ਰਹਿ ਵਿਭਾਗ, ਕਾਰਵਾਈਆਂ, ਮਾਰਚ 1872*
ਇੱਕ ਦਰਬਾਰ 'ਚ ਸਿੱਖ ਮੁਖੀਆਂ ਦੇ ਇੱਕ ਸੰਬੋਧਨ ਦੀ ਪੇਸ਼ਕਸ਼,
ਜਿਸ 'ਚ ਉਨ੍ਹਾਂ ਕੂਕਿਆਂ ਤੇ ਉਨ੍ਹਾਂ ਦੇ ਸਿਧਾਂਤਾਂ ਦਾ ਵਿਰੋਧ ਕੀਤਾ
*ਤਾਰ ਮਿਤੀ 22 ਮਾਰਚ, 1872*

ਵੱਲੋਂ

ਪੰਜਾਬ ਸਰਕਾਰ, ਅੰਮ੍ਰਿਤਸਰ।

ਵੱਲ

ਗ੍ਰਹਿ ਸਕੱਤਰ, ਕਲਕੱਤਾ।

ਅੱਜ ਅੰਮ੍ਰਿਤਸਰ ਵਿਖੇ ਇੱਕ ਦਰਬਾਰ 'ਚ ਵੇਲਜ਼ ਦੇ ਸਤਿਕਾਰਤ ਸ਼ਾਹੀ ਸ਼ਹਿਜ਼ਾਦੇ ਦੀ ਸਲਾਮਤੀ ਲਈ ਅਰਦਾਸ ਕੀਤੀ ਗਈ, ਜਿੱਥੇ ਸਾਰੇ ਸਿੱਖ ਮੁਖੀਆਂ ਨੇ ਆਪਣੇ ਸੁਭਾਵਕ ਸੰਬੋਧਨ ਦੌਰਾਨ ਕੂਕਿਆਂ ਤੇ ਉਨ੍ਹਾਂ ਦੇ ਸਿਧਾਂਤਾਂ ਦਾ ਵਿਰੋਧ ਕੀਤਾ ਤੇ ਉਨ੍ਹਾਂ ਨੂੰ ਦਬਾਉਣ ਲਈ ਕੀਤੀ ਕਾਰਵਾਈ ਨੂੰ ਤਹਿ ਦਿਲੋਂ ਪ੍ਰਵਾਨ ਕੀਤਾ।

## 187

ਅੰਮ੍ਰਿਤਸਰ 'ਚ ਸਿੱਖ ਸਰਦਾਰਾਂ ਦਾ ਭਾਸ਼ਣ, ਸ਼ਹਿਰ ਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਸਿੱਖਾਂ ਵੱਲੋਂ ਨਿਯੁਕਤ ਸਿੱਖ ਕੁਲੀਨ ਵਰਗ ਤੇ ਗ੍ਰੰਥੀਆਂ ਦੇ ਵਫ਼ਦ ਵੱਲੋਂ ਸ. ਦਿਆਲ ਸਿੰਘ ਮਜੀਠੀਆ ਅੰਮ੍ਰਿਤਸਰ ਨੇ ਭਾਸ਼ਣ ਪੜ੍ਹਿਆ (ਭਾਸ਼ਣ ਉਰਦੂ 'ਚ ਹੈ)।

ਪੰਜਾਬ ਦੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਸਾਹਿਬ:-

''ਅਸੀਂ ਅੰਮ੍ਰਿਤਸਰ ਦੇ ਸਾਰੇ ਵਰਗਾਂ ਦੇ ਨਿਮਨਹਸਤਾਖਰੀ ਸਿੱਖ ਸਰਬਸੰਮਤੀ ਨਾਲ ਇਹ ਬੇਨਤੀ ਕਰਦੇ ਹਾਂ ਕਿ ਪਿੱਛੇ ਜਿਹੇ ਬਦਨਾਮ ਹੋਏ ਕੂਕਾ ਸੰਪਰਦਾਇ ਨਾਲ ਸਾਡਾ ਕੋਈ ਸਬੰਧ ਜਾਂ ਹਮਦਰਦੀ ਨਹੀਂ ਹੈ। ਇਸ ਦੇ ਉਲਟ ਸਾਡੇ ਤਾਂ ਬਹੁਤੇ ਧਾਰਮਿਕ ਸਿਧਾਂਤਾਂ 'ਤੇ ਮਤਭੇਦ ਹਨ। ਸਾਨੂੰ ਖ਼ੁਸ਼ੀ ਹੈ ਕਿ ਸਰਕਾਰ ਨੇ ਇਸ ਭੈੜੇ ਤੇ ਗੁੰਮਰਾਹਕੁੰਨ ਸੰਪਰਦਾਇ 'ਤੇ ਕਾਬੂ ਪਾਉਣ ਲਈ ਬਹੁਤ ਵਾਜਬ ਤੇ ਸ਼ਾਨਦਾਰ ਕਦਮ ਚੁੱਕੇ ਹਨ, ਇਹ ਕਦਮ ਭਵਿੱਖ 'ਚ ਭੈੜੇ ਲੋਕਾਂ ਤੇ ਦੁਸ਼ਟ ਸੰਪਰਦਾਇ ਨੂੰ ਗ਼ਲਤ ਕੰਮ ਤੇ ਅਜਿਹੇ ਅਪਰਾਧ ਕਰਨ ਤੋਂ ਵਰਜਣ ਲਈ ਹਨ, ਜਿਨ੍ਹਾਂ ਲਈ ਸ਼ੱਕ ਹੋਰ

ਸੰਪਰਦਾਇ ਦੇ ਲੋਕਾਂ 'ਤੇ ਜਾਂਦਾ ਹੈ, ਜਿਵੇਂ ਅੰਮ੍ਰਿਤਸਰ 'ਚ ਕਸਾਈਆਂ ਦੇ ਕਤਲਾਂ ਦੇ ਮਾਮਲੇ 'ਚ ਹੋਇਆ ਸੀ। ਇਸ ਤੋਂ ਇਲਾਵਾ ਕੂਕਿਆਂ ਨਾਲ ਸਾਡੇ ਧਾਰਮਿਕ ਸਿਧਾਂਤਾਂ ਦੇ ਮੁੱਦੇ 'ਤੇ ਹੀ ਮਤਭੇਦ ਨਹੀਂ, ਸਗੋਂ ਉਨ੍ਹਾਂ ਨੂੰ ਸਾਡੇ ਕੱਟੜ ਦੁਸ਼ਮਣ ਕਿਹਾ ਜਾ ਸਕਦਾ ਹੈ। ਉਨ੍ਹਾਂ ਆਪਣੇ ਮਾੜੇ ਵਿਵਹਾਰ ਤੇ ਕੋਝੀਆਂ ਹਰਕਤਾਂ ਕਾਰਣ ਸਰਕਾਰ ਦੀਆਂ ਨਜ਼ਰਾਂ 'ਚ ਸਾਡੇ ਆਦਰ-ਮਾਣ ਨੂੰ ਠੇਸ ਪਹੁੰਚਾਈ ਹੈ ਅਤੇ ਸਾਲ 1857 'ਚ ਅਸੀਂ ਆਪਣੀਆਂ ਜੋ ਸੇਵਾਵਾਂ ਦਿੱਤੀਆਂ ਸਨ, ਜਿਨ੍ਹਾਂ ਸਦਕਾ ਸਾਨੂੰ ਸਰਕਾਰ ਦੇ ਸ਼ੁਭਚਿੰਤਕ ਤੇ ਵਫ਼ਾਦਾਰ ਮੰਨਿਆ ਗਿਆ ਸੀ; ਉਸ ਸਭ 'ਤੇ ਹੁਣ ਉੱਚ ਪੱਧਰ ਤੱਕ ਖੇਹ ਪੈ ਗਈ ਹੈ। ਪਰ ਜਿਵੇਂ ਕਿ ਕਹਾਵਤ ਹੈ ਕਿ 'ਸੱਚ ਨੂੰ ਕਦੇ ਮਾਤ ਨਹੀਂ ਦਿੱਤੀ ਜਾ ਸਕਦੀ', ਤਿਵੇਂ ਹੀ ਸਰਕਾਰ ਨੂੰ ਹੁਣ ਇਹ ਪਤਾ ਲੱਗ ਗਿਆ ਹੈ ਕਿ ਇਸ ਸੰਪਰਦਾਇ ਦੀਆਂ ਗਤੀਵਿਧੀਆਂ 'ਚ ਸਾਡਾ ਕੋਈ ਯੋਗਦਾਨ ਨਹੀਂ ਹੈ। ਇਹ ਸੰਪਰਦਾਇ ਕਿਉਂਕਿ ਸਾਡਾ ਦੁਸ਼ਮਣ ਹੈ, ਇਸ ਲਈ ਚੁੱਕੇ ਗਏ ਕਦਮਾਂ ਵਾਸਤੇ ਅਸੀਂ ਸਰਕਾਰ ਦੇ ਧੰਨਵਾਦੀ ਹਾਂ ਕਿਉਂਕਿ ਇੰਝ ਸਾਡੀਆਂ ਦਿਲੀ ਖ਼ਾਹਿਸ਼ਾਂ ਪੂਰੀਆਂ ਹੋਈਆਂ ਹਨ।''

ਹਸਤਾਖਰ

(1) ਸਰਦਾਰ ਬਖ਼ਸ਼ੀਸ਼ ਸਿੰਘ ਸੰਧਾਂਵਾਲੀਆ
(2) ਸਰਦਾਰ ਭਗਵਾਨ ਸਿੰਘ
(3) ਸਰਦਾਰ ਦਿਆਲ ਸਿੰਘ ਮਜੀਠੀਆ
(4) ਸਰਦਾਰ ਜਵਾਹਰ ਸਿੰਘ ਜ਼ਫ਼ਰਵਾਲ
(5) ਸਰਦਾਰ ਮੰਗਲ ਸਿੰਘ ਰਾਮਗੜ੍ਹੀਆ (ਮੈਨੇਜਰ, ਦਰਬਾਰ ਸਾਹਿਬ (ਸਿੱਖ ਕੌਮੀ ਗੁਰਦੁਆਰਾ) ਨਾਲ ਸੰਬੰਧਤ ਮਾਮਲੇ)
(6) ਸਰਦਾਰ ਗੁਲਾਬ ਸਿੰਘ ਭਾਗੋਵਾਲੀਆ
(7) ਸਰਦਾਰ ਅਜੀਤ ਸਿੰਘ ਅਟਾਰੀਵਾਲਾ
(8) ਸਰਦਾਰ ਠਾਕੁਰ ਸਿੰਘ ਸੰਧਾਂਵਾਲੀਆ
(9) ਭਾਈ ਗੋਲਾਹ ਸਿੰਘ ਮਹੰਤ ਰਾਮਗੜ੍ਹ
(10) ਗੁਲਾਬ ਸਿੰਘ ਅਕਾਲ ਬੁੰਗਾ
(11) ਭਾਈ ਗੁਲਾਬ ਸਿੰਘ (ਬੜੇ ਡੇਰੇਵਾਲਾ)
(12) ਭਾਈ ਭਗਤ ਸਿੰਘ ਗ੍ਰੰਥੀ
(13) ਭਾਈ ਜੱਸਾ ਸਿੰਘ
(14) ਭਾਈ ਹੀਰਾ ਸਿੰਘ ਗ੍ਰੰਥੀ

(ਅ) ਰਾਜਪਾਲ ਦਾ ਜਵਾਬ

ਪੰਜਾਬ ਗਜ਼ਟ ਦਾ ਪੂਰਕ (ਪੰਨਾ 483)
*ਮਿਤੀ 16 ਮਈ, 1872*

''ਇਸ ਨਵੇਂ ਸੰਪਰਦਾਇ ਦੇ ਕੁਝ ਖ਼ਾਸ ਗੁੰਮਰਾਹਕੁੰਨ ਤੇ ਨਿਰਾਸ਼ ਮੈਂਬਰ ਅਤਿ ਦੁਸ਼ਟ ਕਿਸਮ ਦੇ ਅਪਰਾਧਾਂ ਦੇ ਦੋਸ਼ੀ ਰਹੇ ਹਨ। ਸਭ ਤੋਂ ਵੱਧ ਜ਼ਾਲਮਾਨਾ ਕੱਟੜਵਾਦ

ਇਹੋ ਰਿਹਾ ਹੈ ਕਿ ਉਨ੍ਹਾਂ ਨੇ ਸੁੱਤੇ ਪਏ ਮਰਦਾਂ, ਔਰਤਾਂ ਤੇ ਬੱਚਿਆਂ ਦੇ ਕਤਲ ਕੀਤੇ ਹਨ। ਉਨ੍ਹਾਂ ਲੁੱਟਮਾਰ ਦੇ ਇਰਾਦੇ ਨਾਲ ਰਾਤ ਦੇ ਹਨੇਰੇ 'ਚ ਇੱਕ ਬਹੁਤ ਹੀ ਸਤਿਕਾਰਯੋਗ ਸਿੱਖ ਮੁਖੀ ਦੀ ਰਿਹਾਇਸ਼ਗਾਹ 'ਤੇ ਹਮਲਾ ਕਰ ਦਿੱਤਾ ਸੀ, ਉਨ੍ਹਾਂ ਦੇ ਪੁੱਤਰ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਸੀ ਤੇ ਉਨ੍ਹਾਂ ਦੇ ਨੌਕਰਾਂ ਦਾ ਕਤਲ ਕਰ ਦਿੱਤਾ ਸੀ। ਉਨ੍ਹਾਂ ਮਲੇਰਕੋਟਲਾ ਸ਼ਹਿਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਤੇ ਉਨ੍ਹਾਂ ਦੀ ਮਨਸ਼ਾ ਉੱਥੋਂ ਹਥਿਆਰ ਤੇ ਖ਼ਜ਼ਾਨਾ ਲੁੱਟਣ ਦੀ ਸੀ। ਬ੍ਰਿਟਿਸ਼ ਵੱਲੋਂ ਹਰ ਤਰ੍ਹਾਂ ਦੇ ਧਾਰਮਿਕ ਪੂਜਾ-ਪਾਠ ਕਰਨ ਦੀ ਆਜ਼ਾਦੀ ਦਾ ਆਨੰਦ ਮਾਣਦਿਆਂ ਉਨ੍ਹਾਂ ਸਾਲਾਂ ਬੱਧੀ ਗੁਪਤ ਤਰੀਕੇ ਨਾਲ ਸਰਕਾਰ ਵਿਰੁੱਧ ਸਾਜ਼ਿਸ਼ ਰਚੀ ਤੇ ਧਾਰਮਿਕ ਬੈਠਕਾਂ ਦੇ ਪੱਜ ਕਤਲ, ਡਕੈਤੀ ਤੇ ਰਾਜਧ੍ਰੋਹ ਕਰਦੇ ਰਹੇ।

ਕੂਕਿਆਂ ਦੀ ਕਾਰਵਾਈ ਦੀ ਨਿਖੇਧੀ ਕਰਨ ਲਈ ਉਨ੍ਹਾਂ ਨੇ ਇਨ੍ਹਾਂ ਸਿੱਖਾਂ ਦੀ ਸ਼ਲਾਘਾ ਕੀਤੀ।

ਮੰਗਲ ਸਿੰਘ ਰਾਮਗੜ੍ਹੀਆ ਨੂੰ ਨਿਸ਼ਚਤ ਤੌਰ 'ਤੇ ਸ਼ਾਨਦਾਰ ਕਾਰਗੁਜ਼ਾਰੀ ਬਦਲੇ ਇਸ ਦਰਬਾਰ 'ਚ ਇੱਕ ਖਿਲਾਤ ਦਿੱਤਾ ਗਿਆ ਸੀ।" (ਸੰਕਲਨਕਰਤਾ)

## 188

*ਨੰ. 13,* *ਮਿਤੀ ਭਾਰਤ ਦਫ਼ਤਰ, ਲੰਦਨ, 26 ਮਾਰਚ, 1872*

*ਵੱਲੋਂ*

ਭਾਰਤ ਲਈ ਮਹਾਰਾਣੀ ਦੇ ਵਿਦੇਸ਼ ਮੰਤਰੀ।

*ਵੱਲ*

ਭਾਰਤ ਸਰਕਾਰ।

ਕੌਂਸਲ 'ਚ ਆਪ ਜੀ ਤੋਂ ਪਹਿਲਾਂ ਦੇ ਮਹਾਮਹਿਮ ਦੇ ਡਿਸਪੈਚਜ਼ ਮਿਤੀ 2 ਫ਼ਰਵਰੀ, 1872 ਦੇ ਨੰ. 9 ਅਤੇ 12, ਜੋ ਕੂਕਿਆਂ ਦੀਆਂ ਟੋਲੀਆਂ ਵੱਲੋਂ ਪਿੱਛੇ ਜਿਹੇ ਪੰਜਾਬ 'ਚ ਲੁਧਿਆਣਾ ਜ਼ਿਲ੍ਹੇ ਦੇ ਮਲੌਦ ਤੇ ਮਲੇਰਕੋਟਲਾ 'ਤੇ ਕੀਤੇ ਹਮਲਿਆਂ ਬਾਰੇ ਹਨ, 'ਤੇ ਮੇਰੇ ਵੱਲੋਂ ਕੌਂਸਲ 'ਚ ਵਿਚਾਰ-ਵਟਾਂਦਰਾ ਕੀਤਾ ਗਿਆ ਸੀ।

2. ਮੈਂ ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ 10 ਪ੍ਰਭਾਵਸ਼ਾਲੀ ਸੂਬਿਆਂ ਦੀ 1818 ਦੇ ਕਾਨੂੰਨ III ਦੀਆਂ ਵਿਵਸਥਾਵਾਂ ਅਧੀਨ ਗ੍ਰਿਫ਼ਤਾਰੀ ਨੂੰ ਪੂਰੀ ਤਰ੍ਹਾਂ ਪ੍ਰਵਾਨ ਕਰਦਾ ਹਾਂ।

3. ਮੈਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਦੀ ਮੁਅੱਤਲੀ ਨੂੰ ਪ੍ਰਵਾਨ ਕਰਦਾ ਹਾਂ, ਜਿਨ੍ਹਾਂ 'ਤੇ 49 ਬਾਗ਼ੀ ਕੂਕਿਆਂ ਨੂੰ ਬਿਨਾ ਸੁਣਵਾਈ ਮੌਤ ਦੀ ਸਜ਼ਾ ਦੇਣ ਦੇ ਮਾਮਲੇ 'ਚ ਉਨ੍ਹਾਂ ਦੇ ਵਿਵਹਾਰ ਦੀ ਸਾਰੀ ਜਾਂਚ ਮੁਲਤਵੀ ਪਈ ਹੈ। ਮੈਂ ਇਸ ਰਿਪੋਰਟ ਅਤੇ ਉਸ 'ਤੇ ਸਰਕਾਰ ਦੇ ਵਿਚਾਰ ਦੀ ਉਡੀਕ ਕਰਾਂਗਾ।

ਕੋਈ ਮੌਜੂਦਾ ਹੁਕਮ ਨਹੀਂ

## ਸਮਕਾਲੀ ਅਖ਼ਬਾਰਾਂ 'ਚੋਂ ਲਏ ਹਵਾਲੇ

### ਅੰਮ੍ਰਿਤ ਬਾਜ਼ਾਰ ਪੱਤ੍ਰਿਕਾ

*4 ਅਕਤੂਬਰ, 1872*

*''ਕਲਕੱਤਾ 'ਚ ਚੀਫ਼ ਜਸਟਿਸ ਨੌਰਮਨ ਦਾ ਕਤਲ''*

**ਸਿਆਸੀ ਰੁਖ:** ਮਾਹੌਲ ਕਿਹੋ ਜਿਹਾ ਹੈ? ਇਨ੍ਹਾਂ ਜੱਜਾਂ ਵਿਰੁੱਧ ਇਹ ਜਿਹਾਦ ਕਿਉਂ, ਬਰੇਲੀ ਦੇ ਦੰਗੇ ਅਤੇ ਪੰਜਾਬ 'ਚ ਕਸਾਈਆਂ ਦੇ ਕਤਲ ਕਿਉਂ? ਸਾਰਾ ਮਾਹੌਲ ਕਤਲਾਂ ਦੀ ਮਨਸ਼ਾ, ਕਾਲ਼ੀਆਂ ਸਾਜ਼ਿਸ਼ਾਂ ਤੇ ਰਾਜ-ਧਰੋਹ ਨਾਲ ਭਰਪੂਰ ਹੋਇਆ ਪਿਆ ਹੈ। ਚੀਫ਼ ਜਸਟਿਸ ਨੌਰਮਨ ਜਿਹੇ ਇੰਨੇ ਚੰਗੇ ਤੇ ਭਲੇ ਸ਼ਖ਼ਸ ਦਾ ਵਹਿਸ਼ੀਆਨਾ ਕਤਲ ਕਿਉਂ ਹੋਇਆ ਅਤੇ ਇਹ ਸਭ ਕੁਝ ਅਜਿਹੇ ਢੰਗ ਨਾਲ ਕੀਤਾ ਗਿਆ ਕਿ ਤਾਂ ਜੋ ਸਰਕਾਰੀ ਅਧਿਕਾਰੀ ਦੇ ਦਿਲਾਂ 'ਚ ਦਹਿਸ਼ਤ ਪੱਸਰ ਜਾਵੇ? ਕਾਤਲ ਅਬਦੁੱਲ੍ਹਾ ਹਰ ਸਮੇਂ ਚੁੱਪ ਕਿਉਂ ਰਿਹਾ, ਜਦ ਕਿ ਉਸ ਨੂੰ ਬੋਲਣ ਤੇ ਆਪਣਾ ਬਚਾਅ ਪੇਸ਼ ਕਰਨ ਦਾ ਪੂਰਾ ਮੌਕਾ ਦਿੱਤਾ ਗਿਆ ਸੀ? ਕੀ ਇਸ ਤੱਥ ਤੋਂ ਇਹ ਜ਼ਾਹਿਰ ਨਹੀਂ ਹੁੰਦਾ ਕਿ ਉਸ ਦੇ ਸਾਥੀ ਮੌਜੂਦ ਹਨ ਜਾਂ ਉਹ ਹੋਰਨਾਂ ਲੋਕਾਂ ਦੇ ਹੱਥਾਂ 'ਚ ਮਹਿਜ਼ ਇੱਕ ਕਠਪੁਤਲੀ ਹੈ? ਜੇ ਸਿਰਫ਼ ਕੋਈ ਕੱਟੜਪੰਥੀ ਹੁੰਦਾ, ਤਾਂ ਉਸ ਨੇ ਆਪਣੇ ਕੰਮਾਂ ਦੇ ਸੋਹਲੇ ਗਾਉਣੇ ਸਨ ਅਤੇ ਆਪਣੀ ਹਰੇਕ ਹਰਕਤ ਲਈ ਆਪਣੇ -ਆਪ ਦਾ ਖੁੱਲ੍ਹ ਕੇ ਪ੍ਰਚਾਰ ਕਰਨਾ ਸੀ ਅਤੇ ਜੇ ਉਸ ਨੇ ਬਦਲੇ ਦੀ ਭਾਵਨਾ ਨਾਲ ਅਜਿਹਾ ਕੀਤਾ ਹੁੰਦਾ ਤੇ ਨਿਜੀ ਗ਼ਲਤੀ ਸਦਕਾ ਇਹ ਭੈੜਾ ਕਾਰਜ ਕਰਨ ਲਈ ਪ੍ਰੇਰਿਤ ਹੋਇਆ ਹੁੰਦਾ ਤਾਂ ਉਸ ਨੇ ਆਪਣੇ-ਆਪ ਇਸ ਅਪਰਾਧ ਨੂੰ ਸਹੀ ਸਿੱਧ ਕਰਨ ਦੀ ਕੋਸ਼ਿਸ਼ ਕਰਨੀ ਸੀ ਅਤੇ ਆਪਣੇ ਸਾਥੀਆਂ ਦੀ ਹਮਦਰਦੀ ਹੀ ਲੈਣੀ ਸੀ। ਪਰ ਇਹ ਕਾਤਲ ਨਾ ਤਾਂ ਆਪਣੇ ਜੁਰਮ ਤੋਂ ਇਨਕਾਰ ਕਰ ਰਿਹਾ ਹੈ ਤੇ ਨਾ ਹੀ ਇਕਬਾਲ, ਉਹ ਕਿਸੇ ਕੱਟੜਪੰਥੀ ਵਾਂਗ ਖ਼ੁਸ਼ ਵੀ ਨਹੀਂ ਹੈ; ਉਹ ਕਿਸੇ ਪਸ਼ਚਾਤਾਪੀ ਵਾਂਗ ਕੁਝ ਬਕ ਵੀ ਨਹੀਂ ਰਿਹਾ, ਉਸ ਨੂੰ ਨਾ ਹਮਦਰਦੀ ਚਾਹੀਦੀ ਹੈ ਤੇ ਨਾ ਤਰਸ, ਉਹ ਆਪਣੇ-ਆਪ ਨੂੰ ਮੌਤ ਤੋਂ ਬਚਾਉਣ ਲਈ ਵੀ ਨਹੀਂ ਬੋਲ ਰਿਹਾ; ਅਜਿਹੇ ਹਾਲਾਤ 'ਚ ਅਜਿਹਾ ਵਿਚਾਰ ਹੀ ਸਹਿਜ-ਸੁਭਾਵਕ ਤੌਰ 'ਤੇ ਮਨ 'ਚ ਆਉਂਦਾ ਹੈ ਕਿ ਉਹ ਆਪਣੇ ਦੋਸਤਾਂ, ਸਾਥੀਆਂ ਜਾਂ ਆਪਣੇ ਬੌਸ ਤੋਂ ਡਰਦਾ ਹੈ। ਚੀਫ਼ ਜਸਟਿਸ ਦੇ ਕਤਲ ਪਿੱਛੇ ਕੀ ਮਨਸ਼ਾ ਹੋ ਸਕਦੀ ਹੈ ਅਤੇ ਬਿਨਾਂ ਕਿਸੇ ਮੰਤਵ ਦੇ ਤਾਂ ਕੋਈ ਸਿਰਫ਼ ਪਾਗ਼ਲ ਬੰਦਾ ਹੀ ਅਜਿਹਾ ਕੁਝ ਕਰ ਸਕਦਾ ਹੈ। ਜੇ ਉਸ ਦਾ ਕੋਈ ਮੰਤਵ ਹੈ ਤਾਂ ਉਹ ਗੁਪਤ ਹੈ ਅਤੇ ਜੇ ਇਸ ਦਾ ਭੇਤ ਖੁੱਲ੍ਹ ਗਿਆ ਤਾਂ ਇਸ ਨਾਲ ਹੋਰਨਾਂ ਨੂੰ ਨੁਕਸਾਨ ਪੁੱਜ ਸਕਦਾ ਹੈ। ਕਾਤਲ ਉਂਝ ਵੀ ਮੁਸਲਿਮ ਹੈ ਤੇ ਉਹ ਵੀ ਸ਼ਾਇਦ ਵਹਾਬੀ, ਇਸ ਤੱਥ ਤੋਂ ਸਾਰੇ ਹੀ ਵਾਕਫ਼ ਹਨ ਕਿ ਵਹਾਬੀਆਂ ਦੀ ਹੋਂਦ ਦਾ ਇੱਕੋ-ਇੱਕ ਉਦੇਸ਼ ਕਾਫ਼ਰਾਂ ਤੇ ਕਾਫ਼ਰ ਸਰਕਾਰਾਂ ਖ਼ਿਲਾਫ਼ ਸਾਜ਼ਿਸ਼ਾਂ ਰਚਣਾ ਹੀ ਹੁੰਦਾ ਹੈ? ਉਹ ਇਸ ਅੱਧੀ ਸਦੀ ਤੋਂ ਅੰਗਰੇਜ਼ ਸਰਕਾਰ ਵਿਰੁੱਧ ਰਾਜ-ਧਰੋਹ ਦਾ ਪ੍ਰਚਾਰ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਨੇ ਆਪਣੇ-ਆਪ ਨੂੰ ਇੱਕ ਸਮਾਜ ਵਿੱਚ ਜੱਥੇਬੰਦ

ਕਰ ਲਿਆ ਹੈ ਅਤੇ ਇਹ ਫ਼ੌਜੀ ਸਮਾਜ ਬਹੁਤ ਸਪੱਸ਼ਟ ਤੌਰ 'ਤੇ ਸਿੱਧ ਵੀ ਹੋ ਚੁੱਕਾ ਹੈ। ਉਹ ਬਹੁਤ ਸੋਚ-ਸਮਝ ਕੇ ਅੱਗੇ ਵਧਣ ਵਾਲੇ, ਬੁਝਾਰਤ ਵਰਗੇ, ਢੀਠ ਤੇ ਅਜਿਹਾ ਗੁਪਤ ਫ਼ਿਰਕਾ ਹਨ ਕਿ ਉਨ੍ਹਾਂ ਦੀਆਂ ਸਾਰੀਆਂ ਹਰਕਤਾਂ ਹੀ ਗੁਪਤ ਹੁੰਦੀਆਂ ਹਨ, ਇਹ ਵੀ ਕਿ ਸਿਤਾਣਾ ਤੋਂ ਫ਼ਰੀਦਪੁਰ ਤੱਕ ਹਰ ਥਾਂ 'ਤੇ ਉਨ੍ਹਾਂ ਦੀ ਹੋਂਦ ਬਾਰੇ ਕਦੇ ਸ਼ੱਕ ਵੀ ਨਹੀਂ ਹੋ ਸਕਦਾ, ਹੁਣ ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਪਟਨਾ ਦੀਆਂ ਸੁਣਵਾਈਆਂ ਤੋਂ ਉਹ ਭੜਕੇ ਸਨ, ਫਿਰ ਅਮੀਰਖ਼ਾਨ ਦੀ ਸੁਣਵਾਈ ਹੋਈ ਸੀ, ਜਿਸ ਨੂੰ ਲੈ ਕੇ ਦੁਨੀਆ 'ਚ ਖ਼ੂਬ ਹੰਗਾਮਾ ਮਚਿਆ ਸੀ। ਅਮੀਰਖ਼ਾਨ ਨੂੰ ਇੱਕ ਵਹਾਬੀ ਤੇ ਬੇਹੱਦ ਖ਼ਤਰਨਾਕ ਵਹਾਬੀ ਬਣਾਉਣ ਲਈ ਸ੍ਰੀ ਪ੍ਰਿੰਸੇਪ ਨੇ ਲੱਭਿਆ ਸੀ ਅਤੇ ਇਸੇ ਲਈ ਉਸ ਨੂੰ ਦੇਸ਼-ਨਿਕਾਲਾ ਦੇ ਦਿੱਤਾ ਗਿਆ ਸੀ। ਬੇਸ਼ੱਕ ਇਸੇ ਗੱਲ ਨੇ ਬਲ਼ਦੀ 'ਤੇ ਤੇਲ ਪਾ ਦਿੱਤਾ ਸੀ। ਇਹ ਮਰਹੂਮ ਚੀਫ਼ ਜਸਟਿਸ ਨੌਰਮਨ ਹੀ ਸਨ, ਜਿਨ੍ਹਾਂ ਨੂੰ ਅਮੀਰਖ਼ਾਨ ਦੀ ਤਰਫ਼ੋਂ ਸ੍ਰੀ ਐਂਸਟੇ ਨੇ ਇੱਕ ਜ਼ੋਰਦਾਰ ਅਪੀਲ ਕੀਤੀ ਸੀ ਪਰ ਉਨ੍ਹਾਂ ਨੇ ਉਨ੍ਹਾਂ ਦੀਆਂ ਸਾਰੀਆਂ ਦਲੀਲਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਸੀ ਅਤੇ ਇਸੇ ਲਈ ਵਹਾਬੀਆਂ ਨੇ ਸਰਕਾਰ ਤੇ ਲਾਰਡ ਮਾਯੋ ਲਈ ਇਨਸਾਫ਼ ਦੀ ਕੁਰਬਾਨੀ ਦੇ ਦਿੱਤੀ ਸੀ। ਇੰਝ ਸ੍ਰੀ ਨੌਰਮਨ ਦੀ ਜਾਨ ਗਈ ਸੀ। ਵਹਾਬੀਆਂ ਦੇ ਈਰਖਾਲੂ ਫ਼ਿਰਕੇ ਨੂੰ ਅਬਦੁੱਲ੍ਹਾ 'ਚ ਇੱਕ ਕਾਤਲ ਦੇ ਸਾਰੇ ਲੋੜੀਂਦੇ ਗੁਣ ਵਿਖਾਈ ਦਿੱਤੇ, ਉਨ੍ਹਾਂ ਨੂੰ ਉਹ ਦਲੇਰ, ਦ੍ਰਿੜ੍ਹ ਇਰਾਦੇ ਵਾਲਾ ਤੇ ਉਤਸ਼ਾਹੀ ਸਾਥੀ ਕਾਰਕੁੰਨ ਜਾਪਿਆ, ਉਸ ਨੂੰ ਵਾਅਦਾ ਕੀਤਾ ਗਿਆ ਕਿ ਉਹ ਜੰਨਤ 'ਚ ਜਾਵੇਗਾ, ਜਿੱਥੇ ਸੋਹਣੀਆਂ ਹੂਰਾਂ ਉਸ ਦਾ ਸੁਆਗਤ ਕਰਨਗੀਆਂ ਅਤੇ ਅਬਦੁੱਲ੍ਹਾ ਨੇ ਉਨ੍ਹਾਂ 'ਤੇ ਯਕੀਨ ਕਰ ਕੇ ਉਨ੍ਹਾਂ ਦੇ ਕਹਿਣ ਮੁਤਾਬਕ ਹੀ ਕੀਤਾ। ਉਸ ਨੇ ਕਤਲ ਕਰ ਦਿੱਤਾ ਤੇ ਫਿਰ ਉਹ ਜੰਨਤ 'ਚ ਜਾਣ ਲਈ ਮੌਤ ਉਡੀਕਣ ਲੱਗਾ, ਇਸੇ ਲਈ ਉਸ ਨੂੰ ਕੁਝ ਬੋਲਣ ਜਾਂ ਆਖਣ ਦੀ ਕੋਈ ਜ਼ਰੂਰਤ ਨਹੀਂ ਹੈ।

## ਦਿ ਇੰਗਲਿਸ਼ਮੈਨ

*ਮਿਤੀ 17 ਜਨਵਰੀ, 1872*

ਸਾਨੂੰ ਤਾਰ ਰਾਹੀਂ ਜਾਣਕਾਰੀ ਮਿਲੀ ਹੈ ਕਿ ਗੁਰੂ ਰਾਮ ਸਿੰਘ ਜੀ ਦੇ ਕੂਕਾ ਪੈਰੋਕਾਰਾਂ ਨੇ ਬਗ਼ਾਵਤ ਕਰ ਦਿੱਤੀ ਹੈ। ਉਨ੍ਹਾਂ ਮਲੇਰਕੋਟਲਾ 'ਤੇ ਹਮਲਾ ਬੋਲ ਦਿੱਤਾ ਹੈ। ਦਿੱਲੀ ਸਥਿਤ ਕੈਂਪ ਵਿੱਚ ਅੰਬਾਲਾ ਬ੍ਰਿਗੇਡ ਨੂੰ ਅੰਬਾਲਾ ਜਾਣ ਦੇ ਹੁਕਮ ਦਿੱਤੇ ਗਏ ਹਨ ਅਤੇ 17ਵੀਂ ਬੰਗਾਲ ਘੁੜਸਵਾਰ, 72ਵੀਂ ਹਾਈਲੈਂਡਰਜ਼ ਅਤੇ ਪਹਿਲੀ ਗੋਰਖਾ ਬਟਾਲੀਅਨਾਂ ਪਹਿਲਾਂ ਹੀ ਰਵਾਨਾ ਹੋ ਚੁੱਕੀਆਂ ਹਨ।

## ਦਿ ਇੰਗਲਿਸ਼ਮੈਨ

*ਮਿਤੀ 24 ਜਨਵਰੀ, 1872*

ਸਾਨੂੰ ਅਲਾਹਾਬਾਦ ਦੇ ਅਖ਼ਬਾਰ ਤੋਂ ਪਤਾ ਚੱਲਿਆ ਹੈ ਕਿ ਗੁਰੂ ਰਾਮ ਸਿੰਘ

ਜੀ ਅਤੇ ਹੋਰ ਕਈ ਕੂਕੇ ਕੈਦੀ ਬੀਤੇ ਸ਼ੁੱਕਰਵਾਰ ਨੂੰ ਉਸ ਸਟੇਸ਼ਨ 'ਤੇ ਆਏ ਸਨ (19 ਜਨਵਰੀ ਨੂੰ ਅਤੇ ਉਨ੍ਹਾਂ ਨੂੰ ਦੋਹਰੇ ਗਾਰਡਾਂ ਦੀ ਰਾਖੀ ਅਧੀਨ ਕਿਲ੍ਹੇ 'ਚ ਕੈਦ ਵਿੱਚ ਰੱਖਿਆ ਗਿਆ ਹੈ)।

## ਦਿ ਇੰਗਲਿਸ਼ਮੈਨ

*25 ਜਨਵਰੀ, 1872*

**ਕੂਕਾ ਬਗ਼ਾਵਤ।** (ਇੰਡੀਅਨ ਪਬਲਿਕ ਓਪੀਨੀਅਨ): ਹਾਲੀਆ ਕੂਕਾ ਬਗ਼ਾਵਤ ਦੇ ਮੁਕੰਮਲ ਤੇ ਸਹੀ ਵੇਰਵੇ ਇੱਥੇ ਹੇਠਾਂ ਦਿੱਤੇ ਜਾਂਦੇ ਹਨ। ਬਾਗ਼ੀਆਂ ਦੀ ਟੋਲੀ ਜਿਹੜੇ ਵੀ ਸਥਾਨਾਂ 'ਤੇ ਰਸਤੇ ਰਾਹੀਂ ਗਈ, ਉਸ ਨੂੰ ਸਮਝਾਉਣ ਲਈ ਅਸੀਂ ਇਸ ਅੰਕ 'ਚ ਇੱਕ ਨਕਸ਼ੇ ਦਾ ਖ਼ਾਕਾ ਛਾਪ ਰਹੇ ਹਾਂ, ਜੋ ਥੋੜ੍ਹਾ ਕਾਹਲ਼ੀ 'ਚ ਅੱਜ ਸਵੇਰੇ ਹੀ ਦਫ਼ਤਰ 'ਚ ਤਿਆਰ ਕੀਤਾ ਗਿਆ ਸੀ। ਸਾਡੇ ਪਾਠਕ ਸਾਨੂੰ ਜ਼ਰੂਰ ਮਾਫ਼ ਕਰ ਦੇਣਗੇ ਕਿਉਂਕਿ ਕੰਪਾਈਲਰ ਨੂੰ ਨਕਸ਼ਾ ਲੱਭਾ ਨਹੀਂ।

ਇਸੇ ਮਹੀਨੇ ਦੀ 12 ਤਰੀਕ ਭਾਵ ਬੀਤੇ ਸ਼ੁੱਕਰਵਾਰ ਨੂੰ ਕੂਕਿਆਂ ਦੇ ਰਹਿਨੁਮਾ ਬਾਬਾ (ਗੁਰੂ) ਰਾਮ ਸਿੰਘ ਜੀ ਨੇ ਲੁਧਿਆਣਾ 'ਚ ਪੁਲਿਸ ਨੂੰ ਸੂਚਨਾ ਘੱਲੀ ਸੀ ਕਿ ਲਗਭਗ 200 ਵਿਅਕਤੀਆਂ ਦੀ ਇੱਕ ਟੋਲੀ ਉਨ੍ਹਾਂ ਦੇ ਘਰ 'ਚ ਲੋਹੜੀ ਦਾ ਤਿਉਹਾਰ ਮਨਾਉਣ ਤੋਂ ਬਾਅਦ ਉਨ੍ਹਾਂ ਦੀ ਇਜਾਜ਼ਤ ਤੋਂ ਬਗ਼ੈਰ ਰਵਾਨਾ ਹੋਈ ਸੀ, ਜਿਨ੍ਹਾਂ ਦਾ ਮਕਸਦ ਉਸ ਸੂਬਾ ਗਿਆਨੀ ਸਿੰਘ ਦੀ ਮੌਤ ਦਾ ਬਦਲਾ ਲੈਣਾ ਸੀ, ਜੋ ਕੁਝ ਸਮਾਂ ਪਹਿਲਾਂ ਲੁਧਿਆਣਾ 'ਚ ਫਾਂਸੀ 'ਤੇ ਚਾੜ੍ਹੇ ਗਏ ਉਨ੍ਹਾਂ ਕੂਕਿਆਂ 'ਚ ਸ਼ਾਮਲ ਸੀ, ਜਿਹੜੇ ਰਾਏਕੋਟ ਹਮਲੇ 'ਚ ਸ਼ਾਮਲ ਸਨ ਅਤੇ ਉਨ੍ਹਾਂ ਦਾ ਮੰਨਣਾ ਸੀ ਕਿ ਉਨ੍ਹਾਂ ਦੀ ਮਨਸ਼ਾ ਹਮਲਾ ਕਰ ਕੇ ਕੋਟਲਾ ਨਗਰ 'ਤੇ ਕਬਜ਼ਾ ਕਰਨ ਦੀ ਸੀ। ਇਹ ਖ਼ਬਰ ਬੇਸ਼ੱਕ ਤੁਰੰਤ ਸਰਕਾਰ ਨੂੰ ਤੇ ਕੋਟਲਾ ਦੇ ਅਧਿਕਾਰੀਆਂ ਨੂੰ ਵੀ ਭੇਜੀ ਗਈ ਸੀ।

14 ਤਰੀਕ ਐਤਵਾਰ ਨੂੰ ਸੰਝ ਦੇ ਘੁਸਮੁਸੇ ਦੌਰਾਨ ਇਸ ਟੋਲੀ ਨੇ ਲੁਧਿਆਣਾ ਤੋਂ 22 ਮੀਲ ਦੂਰ ਦੱਖਣ-ਪੂਰਬ 'ਚ ਸਥਿਤ ਮਲੌਦ ਦੇ ਸਰਦਾਰ ਬਦਨ ਸਿੰਘ ਦੇ ਘਰ ਉੱਤੇ ਹਮਲਾ ਬੋਲ ਦਿੱਤਾ। ਇੱਕ ਛੋਟੀ ਟੋਲੀ ਬਾਕੀਆਂ ਨਾਲੋਂ ਥੋੜ੍ਹਾ ਪਹਿਲਾਂ ਚਾਰਦੀਵਾਰੀ ਵਾਲੇ ਇਸ ਕਸਬੇ ਦੇ ਗੇਟ 'ਤੇ ਪੁੱਜ ਗਈ ਸੀ ਤੇ ਉਨ੍ਹਾਂ ਕੂਕਾਂ ਮਾਰ ਕੇ ਆਖਿਆ ਸੀ,''ਲਓ ਗੁਰੂ ਰਾਮ ਸਿੰਘ ਜੀ ਆ ਗਏ ਨੇ, ਰਸਤਾ ਦੇਵੋ, ਰਸਤਾ ਦੇਵੋ?'' ਅਤੇ ਇਸ ਛਲ-ਬਲ ਨਾਲ ਉਹ ਕਸਬੇ ਅੰਦਰ ਦਾਖ਼ਲ ਹੋ ਗਏ ਤੇ ਉਨ੍ਹਾਂ ਦੇ ਪਿੱਛੇ-ਪਿੱਛੇ ਬਾਕੀ ਸਾਰੇ ਵੀ ਆ ਗਏ ਅਤੇ ਉਹ ਗੁੰਝਲਦਾਰ ਗਲ਼ੀਆਂ ਦੇ ਰਸਤਿਆਂ 'ਚੋਂ ਦੀ ਲੰਘਦੇ ਹੋਏ ਸਿੱਧੇ ਮੁਖੀ ਦੇ ਘਰ ਵੱਲ ਗਏ, ਜਿਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਮਾਰਗ-ਦਰਸ਼ਕ ਨੂੰ ਉੱਥੋਂ ਦੀ ਸਾਰੀ ਤੇ ਸਹੀ ਜਾਣਕਾਰੀ ਸੀ ਕਿਉਂਕਿ ਉਹ ਬਹੁਤ ਹੀ ਆਰਾਮ ਨਾਲ ਬਿਨਾਂ ਕਿਸੇ ਦੇਰੀ ਜਾਂ ਪਰੇਸ਼ਾਨੀ ਦੇ ਦੂਰ-ਦੁਰਾਡੇ ਤੇ ਇਕੱਲੇ-ਕਾਰੇ ਘਰ ਤੱਕ ਪੁੱਜ ਗਏ ਸਨ, ਉਨ੍ਹਾਂ ਰਾਹ ਵਿੱਚ ਕੋਚਵਾਨ ਅਤੇ ਮੁਨਸ਼ੀ ਦਾ ਕਤਲ ਕਰ ਦਿੱਤਾ। ਖ਼ੁਸ਼ਕਿਸਮਤੀ ਨਾਲ ਮੁਖੀ ਇਸ

ਸੰਘਰਸ਼ ਦੌਰਾਨ ਮਾਮੂਲੀ ਜ਼ਖ਼ਮੀ ਹੋਇਆ ਅਤੇ ਇੰਨੇ ਨੂੰ ਸਮੁੱਚੇ ਕਸਬੇ 'ਚ ਸਭ ਚੌਕਸ ਹੋ ਗਏ ਸਨ ਅਤੇ ਸਾਰੇ ਲੋਕ ਬਾਹਰ ਨਿਕਲ ਆਏ ਤੇ ਛੇਤੀ ਹੀ ਬਾਗ਼ੀਆਂ ਨੂੰ ਉੱਥੋਂ ਭਜਾ ਦਿੱਤਾ, ਜਿਨ੍ਹਾਂ ਦੇ ਦੋ ਵਿਅਕਤੀ ਮਾਰੇ ਗਏ ਅਤੇ ਛੇ ਨੂੰ ਕੈਦੀ ਬਣਾ ਲਿਆ ਗਿਆ, ਜਿਨ੍ਹਾਂ 'ਚੋਂ ਇੱਕ ਔਰਤ ਸੀ ਅਤੇ ਚਾਰ ਜਣੇ ਥੋੜ੍ਹੇ-ਬਹੁਤ ਜ਼ਖ਼ਮੀ ਸਨ। ਮਲੌਦ ਦੇ ਵੀ ਦੋ ਵਿਅਕਤੀ ਮਾਰੇ ਗਏ ਸਨ ਤੇ ਅੱਠ-ਦਸ ਹੋਰ ਜ਼ਖ਼ਮੀ ਹੋਏ ਸਨ। ਕੂਕਿਆਂ ਦਾ ਇਸ ਜਗ੍ਹਾ 'ਤੇ ਹਮਲੇ ਦਾ ਕਾਰਣ ਸ਼ਾਇਦ ਉਸ ਮੁਖੀ ਨੂੰ ਸਜ਼ਾ ਦੇਣਾ ਸੀ, ਜੋ ਪਟਿਆਲਾ ਦੇ ਮਹਾਰਾਜਾ ਦਾ ਰਿਸ਼ਤੇਦਾਰ ਸੀ, ਜਿਸ ਨੇ ਰਾਏਕੋਟ ਵਾਲੇ ਕਾਂਡ 'ਚ ਮਦਦ ਕੀਤੀ ਸੀ ਅਤੇ ਇਸ ਦੇ ਨਾਲ ਹੀ ਉਹ ਕੋਟਲਾ 'ਤੇ ਹਮਲਾ ਕਰਨ ਲਈ ਉੱਥੋਂ ਹਥਿਆਰ ਤੇ ਧਨ ਹਾਸਲ ਕਰਨਾ ਚਾਹੁੰਦੇ ਸਨ; ਤਦ ਕੋਟਲਾ ਰਿਆਸਤ ਦਾ ਕੋਈ ਵੀ ਮੁਖੀ ਨਹੀਂ ਸੀ (ਨਵਾਬ ਨਾਬਾਲਗ਼ ਹੈ) ਅਤੇ ਉਨ੍ਹਾਂ ਨੂੰ ਉੱਥੋਂ ਸਭ ਕੁਝ ਮਿਲਣ ਦੀ ਆਸ ਸੀ। ਪਰ ਉਨ੍ਹਾਂ ਦਾ ਦੋਵਾਂ 'ਚੋਂ ਕੋਈ ਮੰਤਵ ਵੀ ਪੂਰਾ ਨਾ ਹੋਇਆ, ਉਹ ਨਿਰਾਸ਼ ਹੋ ਗਏ ਕਿਉਂਕਿ ਉੱਥੇ ਪੁੱਜ ਕੇ ਉਹ ਕੁਝ ਵੀ ਹਾਸਲ ਨਹੀਂ ਕਰ ਸਕੇ ਸਨ।

ਮਲੌਦ ਤੋਂ ਰਵਾਨਾ ਹੋਣ ਪਿੱਛੋਂ ਬਾਗ਼ੀ ਕੋਟਲਾ ਵੱਲ ਵਧੇ ਅਤੇ ਉਨ੍ਹਾਂ ਰਾਤ ਉਸ ਸ਼ਹਿਰ ਤੋਂ ਡੇਢ ਕੁ ਮੀਲ ਦੀ ਦੂਰੀ 'ਤੇ ਇੱਕ ਪੁਰਾਣੇ ਬਾਗ਼ 'ਚ ਬਿਤਾਈ। ਅਗਲੀ ਸਵੇਰ, 15 ਤਰੀਕ ਨੂੰ ਸੂਰਜ ਚੜ੍ਹਦੇ ਸਾਰ ਉਹ ਚਾਰਦੀਵਾਰੀ ਵਾਲੇ ਸ਼ਹਿਰ ਕੋਟਲਾ 'ਚ ਜਾ ਘੁਸੇ ਅਤੇ ਮਰਹੂਮ ਨਵਾਬ ਦੇ ਮਹੱਲ ਵੱਲ ਵਧੇ, ਜਿਸ ਦੁਆਲੇ ਖ਼ਜ਼ਾਨੇ ਸਣੇ ਪ੍ਰਮੁੱਖ ਜਨਤਕ ਇਮਾਰਤਾਂ ਮੌਜੂਦ ਸਨ। ਮਲੇਰਕੋਟਲਾ ਦੇ ਅਧਿਕਾਰੀਆਂ ਨੂੰ ਕਿਉਂਕਿ ਪਹਿਲਾਂ ਹੀ ਕੂਕਿਆਂ ਦੀ ਸੰਭਾਵੀ ਆਮਦ ਦੀ ਸੂਚਨਾ ਮਿਲ ਗਈ ਸੀ, ਇਸੇ ਲਈ ਉਨ੍ਹਾਂ ਲੋੜੀਂਦੀ ਤਿਆਰੀ ਕੀਤੀ ਹੋਈ ਸੀ; ਫਿਰ ਵੀ ਉੱਥੇ ਗਹਿਗੱਚ ਲੜਾਈ ਹੋਈ ਅਤੇ ਆਖ਼ਰ ਬਾਗ਼ੀਆਂ ਨੂੰ ਉੱਥੋਂ ਭਜਾ ਦਿੱਤਾ ਗਿਆ; ਉੱਥੇ ਸੱਤ ਮੌਤਾਂ ਹੋਈਆਂ। ਕੋਟਲਾ ਦੇ ਸੁਰੱਖਿਆ ਬਲਾਂ ਨੇ ਬਾਅਦ 'ਚ ਉਨ੍ਹਾਂ ਦਾ ਪਿੱਛਾ ਕੀਤਾ ਪਰ ਉਹ ਤੇਜ਼ੀ ਨਾਲ ਪਟਿਆਲਾ ਖੇਤਰ ਦੇ ਪਿੰਡ ਰੜ੍ਹ ਵੱਲ ਨੂੰ ਵਧ ਗਏ। ਉਸ ਸੰਘਰਸ਼ ਦੌਰਾਨ ਕੋਟਲਾ ਦੇ ਅੱਠ ਵਿਅਕਤੀ ਮਾਰੇ ਗਏ ਸਨ ਤੇ ਉਸ ਤੋਂ ਦੁੱਗਣੇ ਥੋੜ੍ਹੇ ਜਾਂ ਬਹੁਤ ਜ਼ਖ਼ਮੀ ਹੋਏ ਸਨ।

ਕੋਟਲਾ ਦੇ ਅਧਿਕਾਰੀਆਂ ਨੇ ਤੁਰੰਤ ਰੜ੍ਹ ਤੋਂ ਕੁਝ ਮੀਲ ਦੀ ਦੂਰੀ 'ਤੇ ਸਥਿਤ ਸ਼ੇਰਪੁਰ (ਜੋ ਪਟਿਆਲਾ ਰਿਆਸਤ 'ਚ ਹੈ) ਦੇ ਤਹਿਸੀਲਦਾਰ ਨੂੰ ਖ਼ੁਫ਼ੀਆ ਜਾਣਕਾਰੀ ਭੇਜੀ; ਇਸ ਅਧਿਕਾਰੀ ਨੇ ਬਿਨਾ ਕੋਈ ਸਮਾਂ ਗੁਆਏ ਬਾਗ਼ੀਆਂ ਦਾ ਪਿੱਛਾ ਕੀਤਾ ਅਤੇ ਕੁਝ ਹਥਿਆਰਬੰਦ ਵਿਅਕਤੀਆਂ ਨੂੰ ਨਾਲ ਲੈ ਕੇ ਉਨ੍ਹਾਂ ਤੱਕ ਉਸੇ ਦਿਨ ਪੁੱਜ ਕੇ ਉਨ੍ਹਾਂ ਨੂੰ ਹੈਰਾਨ ਕਰ ਦਿੱਤਾ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ 'ਚ ਸਫ਼ਲ ਵੀ ਰਿਹਾ ਅਤੇ ਕਿਸੇ ਨੇ ਕੋਈ ਵਿਰੋਧ ਵੀ ਨਹੀਂ ਕੀਤਾ, ਉਨ੍ਹਾਂ ਸੱਤਰ ਕੁ ਜਣਿਆਂ 'ਚੋਂ ਲਗਭਗ ਅੱਧੇ ਤਾਂ ਜ਼ਖ਼ਮੀ ਸਨ - ਜਿਸ ਤੋਂ ਪਤਾ ਲੱਗਦਾ ਹੈ ਕਿ ਕੋਟਲਾ 'ਚ ਉਨ੍ਹਾਂ ਨੂੰ ਕਿੰਨੀ ਸਖ਼ਤ ਸਜ਼ਾ ਮਿਲੀ ਸੀ।

16 ਤਰੀਕ ਨੂੰ ਇਨ੍ਹਾਂ ਕੈਦੀਆਂ ਨੂੰ ਕੋਟਲਾ ਲਿਆਂਦਾ ਗਿਆ ਤੇ ਫਿਰ ਛੇਤੀ ਹੀ

ਬਾਅਦ 'ਚ ਉਨ੍ਹਾਂ ਵਿੱਚੋਂ 49 ਜਣਿਆਂ ਨੂੰ ਡਿਪਟੀ ਕਮਿਸ਼ਨਰ ਤੇ ਪੁਲਿਸ ਸੁਪਰਇੰਟੈਂਡੈਂਟ ਨੇ ਮੌਤ ਦੀ ਸਜ਼ਾ ਦੇ ਦਿੱਤੀ ਸੀ, ਇਹ ਅਧਿਕਾਰੀ ਇੱਕ ਦਿਨ ਪਹਿਲਾਂ ਹੀ ਮਲੌਦ ਤੋਂ ਅੱਪੜ ਗਏ ਸਨ।

49 ਜਣਿਆਂ ਨੂੰ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਦੀ ਮੌਜੂਦਗੀ 'ਚ ਤੋਪਾਂ ਨਾਲ ਉਡਾ ਕੇ ਮੌਤ ਦੀ ਸਜ਼ਾ ਦਿੱਤੀ ਗਈ ਸੀ। ਇੱਕ ਕੂਕੇ ਉਨ੍ਹਾਂ 'ਤੇ ਹਮਲਾ ਬੋਲ ਦਿੱਤਾ ਸੀ, ਜਿਸ ਦੇ ਤੁਰੰਤ ਟੋਟੇ-ਟੋਟੇ ਕਰ ਦਿੱਤੇ ਗਏ ਸਨ।

ਬਾਗ਼ੀਆਂ ਦੇ ਦਲ 'ਚੋਂ ਕੁਝ ਤਾਂ ਕ੍ਰਿਪਾਨਾਂ ਨਾਲ ਲੈਸ ਸਨ ਤੇ ਲਗਭਗ ਦੁੱਗਣਿਆਂ ਕੋਲ ਗੰਡਾਸੇ - ਇੱਕ ਕਿਸਮ ਦਾ ਵੱਡਾ ਕੁਹਾੜਾ, ਸਨ - ਕੁਝ ਕੋਲ ਡਾਂਗਾਂ ਸਨ ਅਤੇ ਬਾਕੀ ਖ਼ਾਲੀ ਹੱਥ ਸਨ; ਉਨ੍ਹਾਂ 'ਚ ਕੁਝ ਔਰਤਾਂ ਤੇ ਬੱਚੇ ਵੀ ਸਨ। ਇਹ ਦੱਸਿਆ ਜਾਂਦਾ ਹੈ ਕਿ ਰੜ੍ਹ ਵਿਖੇ ਸ਼ੇਰਪੁਰ ਦੇ ਤਹਿਸੀਲਦਾਰ ਨੇ ਜਿਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਸੀ, ਉਹ ਲਾਗਲੇ ਪਿੰਡਾਂ 'ਚ ਖਿੰਡ-ਪੁੰਡ ਗਏ ਸਨ ਪਰ ਸ਼ਾਇਦ ਉਹ ਸਾਰੇ ਜਾਂ ਲਗਭਗ ਸਾਰੇ ਹੀ ਪਟਿਆਲਾ ਦੇ ਗਸ਼ਤ ਕਰਨ ਵਾਲੇ ਅਧਿਕਾਰੀਆਂ ਨੇ ਫੜ ਲਏ ਸਨ।

ਇਸ ਸੰਭਾਵੀ ਬਗ਼ਾਵਤ ਦੀ ਪਹਿਲੀ ਸੂਚਨਾ ਮਿਲਣ 'ਤੇ ਹੀ ਸਰਕਾਰ ਨੇ ਬਹੁਤ ਕਾਰਜਕੁਸ਼ਲ ਇੰਤਜ਼ਾਮ ਕਰ ਲਏ ਸਨ। ਸੁਰੱਖਿਆ ਬਲਾਂ ਨੂੰ ਤੁਰੰਤ ਲੁਧਿਆਣਾ ਵੱਲ ਭੇਜਿਆ ਗਿਆ ਸੀ ਅਤੇ 16 ਤਰੀਕ ਨੂੰ ਕੁਝ ਯੂਰੋਪੀਅਨ ਵੀ ਉੱਥੇ ਪੁੱਜ ਗਏ ਸਨ; ਤਦ ਤੱਕ ਹੋਰ ਫ਼ੌਜੀ ਦਸਤੇ ਵੀ ਭੇਜ ਦਿੱਤੇ ਗਏ ਹਨ ਅਤੇ ਹੁਣ ਉੱਥੇ ਕਾਫ਼ੀ ਗਿਣਤੀ 'ਚ ਸੁਰੱਖਿਆ ਬਲ ਮੌਜੂਦ ਹਨ, ਜਿਨ੍ਹਾਂ ਵਿੱਚ ਤੋਪਖਾਨਾ, ਘੁੜਸਵਾਰ ਜਵਾਨ ਤੇ ਥਲ ਸੈਨਿਕ ਮੌਜੂਦ ਹਨ। ਡਿਵੀਜ਼ਨ ਦੇ ਕਮਿਸ਼ਨਰ ਮੌਕੇ 'ਤੇ ਹਨ ਅਤੇ ਅਮਨ ਤੇ ਸ਼ਾਂਤੀ ਕਾਇਮ ਰੱਖਣ ਲਈ ਹਰ ਇੰਤਜ਼ਾਮ ਕੀਤਾ ਗਿਆ ਹੈ। ਦਰਅਸਲ, ਸਰਕਾਰ ਵੱਲੋਂ ਸਮੁੱਚੇ ਰਾਜ 'ਚ ਚੁੱਕੇ ਜਾ ਰਹੇ ਕਦਮ ਬੇਹੱਦ ਸੁਭਾਵਕ ਕਿਸਮ ਦੇ ਹਨ, ਜਿਨ੍ਹਾਂ ਨਾਲ ਮੁਕੰਮਲ ਭਰੋਸਾ ਪੈਦਾ ਹੁੰਦਾ ਹੈ ਤੇ ਤੁਰੰਤ ਸ਼ਾਂਤੀ ਕਾਇਮ ਹੋਣ ਦੀ ਆਸ ਬੱਝਦੀ ਹੈ।

ਸਰਕਾਰ ਵੱਲੋਂ ਚੁੱਕਿਆ ਜਾ ਰਿਹਾ ਸਭ ਤੋਂ ਵੱਧ ਕਾਰਜਕੁਸ਼ਲ ਕਦਮ ਵੱਡੇ ਪੱਧਰ 'ਤੇ ਕੀਤੀਆਂ ਗ੍ਰਿਫ਼ਤਾਰੀਆਂ ਤੇ ਦੇਸ਼-ਨਿਕਾਲਿਆਂ ਦਾ ਹੈ, ਜਿਸ ਬਾਰੇ ਅਸੀਂ ਹਾਲੇ ਬਹੁਤਾ ਕੁਝ ਨਹੀਂ ਆਖ ਸਕਦੇ।

ਜਿਵੇਂ ਰਾਏਕੋਟ ਮਾਮਲੇ 'ਚ ਹੋਇਆ ਸੀ, ਡਿਪਟੀ ਕਮਿਸ਼ਨਰ, ਪੁਲਿਸ ਸੁਪਰਇੰਟੈਂਡੈਂਟ ਅਤੇ ਸਿਵਲ ਸਰਜਨ ਖ਼ਬਰ ਮਿਲਦਿਆਂ ਹੀ ਤੁਰੰਤ ਮਲੌਦ ਤੋਂ ਰਵਾਨਾ ਹੋ ਗਏ ਸਨ। ਉਹ ਛੇਤੀ ਹੀ ਅਗਲੇ ਦਿਨ ਬਾਅਦ ਦੁਪਹਿਰ ਪੁੱਜ ਗਏ ਸਨ ਤੇ ਅਗਲੀ ਸਵੇਰ ਨੂੰ ਸਿਵਲ ਸਰਜਨ ਇਕੱਲੇ ਹੀ ਕੋਟਲਾ ਲਈ ਰਵਾਨਾ ਹੋ ਗਏ ਅਤੇ ਬਾਕੀ ਦੇ ਦੋ ਅਧਿਕਾਰੀ ਨਿਆਂਇਕ ਪ੍ਰਕਿਰਿਆ ਮੁਕੰਮਲ ਕਰਨ ਲਈ ਮਲੌਦ 'ਚ ਰਹਿ ਗਏ ਸਨ, ਜਿਸ ਪਿੱਛੋਂ ਉਹ ਉਸੇ ਦਿਨ ਕੋਟਲਾ ਪੁੱਜ ਗਏ ਸਨ। ਲਾਸ਼ਾਂ ਤੇ ਜ਼ਖ਼ਮੀਆਂ ਦਾ ਨਿਰੀਖਣ ਕਰਨ ਪਿੱਛੋਂ ਉਹ ਲੁਧਿਆਣਾ ਪਰਤ ਗਏ ਸਨ।

(ਗੁਰੂ) ਰਾਮ ਸਿੰਘ ਜੀ ਅਤੇ ਚਾਰ ਹੋਰ ਪ੍ਰਮੁੱਖ ਵਿਅਕਤੀਆਂ ਨੂੰ ਫੜ ਕੇ

ਅਲਾਹਾਬਾਦ ਭੇਜ ਦਿੱਤਾ ਗਿਆ ਹੈ ਤੇ ਚਾਰ ਜਣੇ ਹੋਰ ਫ਼ੈਸਲੇ ਦੀ ਉਡੀਕ 'ਚ ਹਨ। ਲੁਧਿਆਣਾ 'ਚ ਵੱਡੀ ਗਿਣਤੀ 'ਚ ਸੁਰੱਖਿਆ ਬਲ ਹੁਣ ਇਕੱਠੇ ਹੋ ਚੁੱਕੇ ਹਨ ਤੇ ਹਾਲਾਤ ਭਾਵੇਂ ਹਾਲੇ ਵੀ ਤਣਾਅਪੂਰਣ ਹਨ ਪਰ ਭਰੋਸਾ ਪੂਰੀ ਤਰ੍ਹਾਂ ਬਹਾਲ ਹੋ ਗਿਆ ਹੈ।

## ਦਿ ਹਿੰਦੂ ਪੈਟ੍ਰੀਆੱਟ

*29 ਜਨਵਰੀ, 1872*

**ਕੂਕਾ ਬਗ਼ਾਵਤ।** ਭਾਰਤ 'ਚ ਅਸੀਂ ਜਵਾਲਾਮੁਖੀ 'ਤੇ ਬੈਠੇ ਹਾਂ ਅਤੇ ਕਿਸੇ ਨੂੰ ਪਤਾ ਨਹੀਂ ਹੈ ਕਿ ਦਿਨ 'ਚ ਕੀ ਵਾਪਰ ਜਾਵੇਗਾ। ਇਹ ਭਾਰਤ 'ਚ ਵਿਵਹਾਰਕ ਅੰਗਰੇਜ਼ਾਂ ਦਾ ਵਿਚਾਰ ਹੈ ਅਤੇ ਅਸੀਂ ਭਾਵੇਂ ਆਪਣੇ ਸਾਹਵੇਂ ਮੌਜੂਦ ਖ਼ਤਰਿਆਂ ਨੂੰ ਕਬੂਲ ਕਰਦੇ ਹਾਂ ਪਰ ਇਨ੍ਹਾਂ ਦਾ ਹੱਲ ਵੀ ਸਾਡੇ ਆਪਣੇ ਹਾਕਮਾਂ ਦੇ ਹੱਥ 'ਚ ਹੀ ਹੈ। ਪੰਜਾਬ ਜਿਹੇ ਆਦਰਸ਼ ਸੂਬੇ 'ਚ ਲੋਕਾਂ ਦੀ ਭਾਵਨਾ ਕੋਈ ਬਹੁਤੀ ਵਧੀਆ ਨਹੀਂ ਹੈ ਅਤੇ ਭਾਵੇਂ ਸਾਡਾ ਸਦਾ ਇਹੋ ਮੰਨਣਾ ਰਿਹਾ ਹੈ ਕਿ ਪ੍ਰਸਿੱਧ ਅਖਾਣ 'ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਉਣ ਦੇ ਹੋਰ' ਵਾਂਗ ਪੰਜਾਬ ਦੇ ਅਧਿਕਾਰੀਆਂ ਦੀਆਂ ਰਿਪੋਰਟਾਂ 'ਤੇ ਬਹੁਤਾ ਭਰੋਸਾ ਨਹੀਂ ਕਰਨਾ ਚਾਹੀਦਾ। ਭਾਰਤ ਸਰਕਾਰ ਵੇਖਣ ਨੂੰ ਸੰਤੁਸ਼ਟ ਜਾਪੇਗੀ ਪਰ ਉਹ ਆਪਣੇ ਸੁਹਾਵਣੇ ਸੁਫ਼ਨਿਆਂ 'ਚੋਂ ਬੁਰੀ ਤਰ੍ਹਾਂ ਹਿੱਲ ਚੁੱਕੀ ਹੈ। ਇਹ ਵੇਲਾ ਪੰਜਾਬ 'ਚ ਚੱਲ ਰਹੀ ਅਸੰਤੁਸ਼ਟੀ ਦੇ ਕਾਰਣਾਂ ਦਾ ਨਿਰੀਖਣ ਕਰਨ ਦਾ ਨਹੀਂ ਹੈ; ਸਗੋਂ ਇਹ ਅਸੀਂ ਇਹ ਉਨ੍ਹਾਂ ਸਾਰਿਆਂ ਦਾ ਫ਼ਰਜ਼ ਸਮਝਦੇ ਹਾਂ, ਜਿਨ੍ਹਾਂ ਦੀ ਪੂਰਬ 'ਚ ਬ੍ਰਿਟਿਸ਼ ਤਾਕਤ ਦੀ ਸਥਿਰਤਾ ਵਿੱਚ ਦਿਲਚਸਪੀ ਹੈ ਕਿ ਉਹ ਇੱਕਜੁਟ ਹੋਣ ਅਤੇ ਅਸੰਤੁਸ਼ਟੀ ਦੀ ਕਿਸੇ ਵੀ ਕਾਰਵਾਈ ਨੂੰ ਸਖ਼ਤੀ ਨਾਲ ਦਬਾਉਣ ਤੇ ਸ਼ਾਂਤੀ ਕਾਇਮ ਹੋਵੇ ਕਿਉਂਕਿ ਇਸ ਵੇਲੇ ਬਹੁਤਿਆਂ ਦੇ ਮਨਾਂ 'ਚ ਘਰ ਕਰ ਚੁੱਕੀ ਅਸੰਤੁਸ਼ਟੀ ਨੂੰ ਦੂਰ ਕਰਨ ਦਾ ਇਹੋ ਸਭ ਤੋਂ ਵਧੀਆ ਸਾਧਨ ਹੈ। ਕੂਕਾ ਬਗ਼ਾਵਤ ਇਸ ਅਸੰਤੁਸ਼ਟੀ ਦੀ ਤਾਜ਼ਾ ਮਿਸਾਲ ਹੈ, ਜੋ ਇਹ ਦਰਸਾਉਂਦਾ ਹੈ ਕਿ ਪੰਜਾਬ ਵਿੱਚ ਜਵਾਲਾਮੁਖੀ ਹੁਣ ਪੂਰੀ ਤਰ੍ਹਾਂ ਉਬਾਲ਼ੇ ਮਾਰ ਰਿਹਾ ਹੈ। ਅਸੀਂ ਸਥਾਨਕ ਅਖ਼ਬਾਰ 'ਚੋਂ ਹੇਠ ਲਿਖੇ ਵੇਰਵੇ ਲੈਂਦੇ ਹਾਂ:

(ਉਵੇਂ ਹੀ ਜਿਵੇਂ ਕਿ ਪੰਨਾ 410 ਤੋਂ 412 ਤੱਕ 'ਤੇ ਦਿੱਤਾ ਗਿਆ ਹੈ)

ਬਾਬਾ ਰਾਮ ਸਿੰਘ ਜੀ ਅਤੇ ਚਾਰ ਹੋਰ ਪ੍ਰਮੁੱਖ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਕੇ ਅਲਾਹਾਬਾਦ ਭੇਜ ਦਿੱਤਾ ਗਿਆ ਹੈ ਅਤੇ ਚਾਰ ਹੋਰ ਹੁਣ ਫ਼ੈਸਲੇ ਦੀ ਉਡੀਕ ਕਰ ਰਹੇ ਹਨ। ਲੁਧਿਆਣਾ 'ਚ ਵੱਡੀ ਗਿਣਤੀ 'ਚ ਸੁਰੱਖਿਆ ਬਲ ਹੁਣ ਇਕੱਠੇ ਹੋ ਗਏ ਹਨ ਅਤੇ ਹਾਲੇ ਭਾਵੇਂ ਹਾਲਾਤ ਤਣਾਅਪੂਰਨ ਹਨ ਪਰ ਭਰੋਸਾ ਪੂਰੀ ਤਰ੍ਹਾਂ ਬਹਾਲ ਹੋ ਗਿਆ ਹੈ।

'ਦਿ ਮੋਫ਼ਸਲਾਈਟ ਆੱਫ਼ ਦਿ ਪੰਜਾਬ' ਦਾ ਕਹਿਣਾ ਹੈ ਕਿ ਦਿੱਲੀ ਅਭਿਆਸ

ਕੈਂਪ 'ਚ ਕੋਟਲਾ ਦੇ ਨਵਾਬ ਦੇ ਪੁੱਤਰ ਮਿੱਤ ਸਿੰਘ ਦੀ ਤਾਰ ਮਿਲਣ 'ਤੇ ਲੈਫ਼ਟੀਨੈਂਟ ਗਵਰਨਰ ਨੇ ਪਟਿਆਲਾ ਦੇ ਮਹਾਰਾਜਾ, ਜੋ ਉਸ ਵੇਲੇ ਕੈਂਪ 'ਚ ਸਨ, ਨੂੰ ਬੇਨਤੀ ਕੀਤੀ ਕਿ ਉਹ ਹੰਗਾਮਾ ਸ਼ਾਂਤ ਕਰਨ ਲਈ ਖ਼ੁਦ ਮੌਕੇ 'ਤੇ ਜਾਣ। ਮਹਾਮਹਿਮ ਮਹਾਰਾਜਾ ਤਦ 16 ਤਰੀਕ ਨੂੰ ਸਵੇਰੇ 6 ਵਜੇ ਰਾਜਪੁਰ ਪੁੱਜੇ, ਜਿੱਥੋਂ ਉਨ੍ਹਾਂ ਤੁਰੰਤ ਜਨਰਲ ਇਨਾਇਤੁਲੀ ਦੀ ਕਮਾਂਡ ਹੇਠ ਥਲ ਸੈਨਾ ਦੀ ਇੱਕ ਰੈਜਿਮੈਂਟ, ਤੋਪਖਾਨੇ ਦੀ ਇੱਕ ਬੈਟਰੀ ਅਤੇ ਘੁੜਸਵਾਰ ਰੈਜਿਮੈਂਟ ਕੋਟਲਾ ਵੱਲ ਰਵਾਨਾ ਕੀਤੀ ਅਤੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਕੂਕਿਆਂ 'ਤੇ ਹਮਲਾ ਕਰ ਦਿੱਤਾ ਜਾਵੇ ਅਤੇ ਜੇ ਸੰਭਵ ਹੋਵੇ ਤਾਂ ਉਨ੍ਹਾਂ ਨੂੰ ਕੈਦੀ ਬਣਾ ਲਿਆ ਜਾਵੇ ਤੇ ਜੇ ਉਹ ਅਜਿਹਾ ਕਰਨ 'ਚ ਸਫ਼ਲ ਨਾ ਹੋਏ ਤਾਂ ਉਹ ਉਨ੍ਹਾਂ ਨੂੰ ਕ੍ਰਿਪਾਨ ਨਾਲ ਵੱਢ ਦੇਣਗੇ। ਜੀਂਦ ਤੇ ਨਾਭਾ ਦੇ ਰਾਜਿਆਂ ਨੂੰ ਵੀ ਪਟਿਆਲਾ ਦੇ ਮਹਾਰਾਜੇ ਦੀਆਂ ਅਜਿਹੀਆਂ ਹਦਾਇਤਾਂ ਮਿਲੀਆਂ। ਇਸ ਤੋਂ ਬਾਅਦ, ਮਹਾਰਾਜਾ ਨੇ ਲੈਫ਼ਟੀਨੈਂਟ ਗਵਰਨਰ ਨੂੰ ਤਾਰ ਰਾਹੀਂ ਉਹ ਸਭ ਦੱਸਿਆ, ਜੋ ਵੀ ਉਨ੍ਹਾਂ ਕੀਤਾ ਸੀ। ਸਾਨੂੰ ਪਤਾ ਲੱਗਾ ਹੈ ਕਿ ਮਹਾਮਹਿਮ ਨੇ ਆਪਣੇ ਇਲਾਕਿਆਂ 'ਚ ਸਾਰੇ ਕੂਕੇ ਫੜਨ ਦੀ ਹਦਾਇਤ ਜਾਰੀ ਕਰ ਦਿੱਤੀ ਹੈ। ਇਨ੍ਹਾਂ ਤੱਥਾਂ ਬਾਰੇ ਬਿਆਨ ਕਰਦਿਆਂ 'ਫ੍ਰੈਂਡ ਆੱਫ਼ ਇੰਡੀਆ' ਨੇ ਠੀਕ ਹੀ ਟਿੱਪਣੀ ਕੀਤੀ ਹੈ ਕਿ ''ਇਸ ਸਭ ਦੌਰਾਨ ਪ੍ਰਮੁੱਖ ਵਿਸ਼ੇਸ਼ਤਾ ਇਹੋ ਹੈ ਕਿ ਸਥਾਨਕ ਮੁਖੀਆਂ ਨੇ ਮਦਦ ਕੀਤੀ। ਉਨ੍ਹਾਂ ਨੇ ਕੰਮ ਕੀਤਾ ਤੇ ਉਹ ਵੀ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਅਤੇ ਜਦੋਂ ਬ੍ਰਿਟਿਸ਼ ਸੁਰੱਖਿਆ ਬਲ ਆ ਗਏ ਤਾਂ ਉਨ੍ਹਾਂ ਕੋਲ ਘਰ ਵਾਪਸ ਪਰਤਣ ਤੋਂ ਬਿਨਾਂ ਕਰਨ ਲਈ ਹੋਰ ਕੁਝ ਨਹੀਂ ਸੀ। ਅਤੇ ਫਿਰ ਵੀ ਇਹੋ ਲੋਕ ਸਾਨੂੰ ਜੋੜਨ ਦੀਆਂ ਗੱਲਾਂ ਕਰਦੇ ਹਨ। ਸਾਡਾ ਮੰਨਣਾ ਹੈ ਕਿ ਸਥਾਨਕ ਹਕੂਮਤਾਂ ਨੂੰ ਕਾਇਮ ਰੱਖਣਾ ਹੀ ਬ੍ਰਿਟਿਸ਼ ਹਕੂਮਤ ਦੀ ਸਭ ਤੋਂ ਵੱਡੀ ਸੁਰੱਖਿਆ ਹੈ; ਅਤੇ ਇਸ ਤੱਥ ਨੇ ਇਹ ਗੱਲ ਸਿੱਧ ਕਰ ਦਿੱਤੀ ਹੈ।'' ਡਿਪਟੀ ਕਮਿਸ਼ਨਰ ਸ੍ਰੀ ਕਾਵਨ ਦੀ ਮੌਜੂਦਗੀ 'ਚ 49 ਵਿਅਕਤੀਆਂ ਨੂੰ ਤੋਪਾਂ ਨਾਲ ਉਡਾ ਦੇਣ ਬਾਰੇ ਸਾਡਾ ਸਮਕਾਲੀ ਬੇਸ਼ੱਕ ਕੁਝ ਪੁੱਛਦਾ ਹੈ। ''ਉਹ ਅੱਗੇ ਆਖਦਾ ਹੈ ਕਿ 49 ਵਿਅਕਤੀਆਂ ਨੂੰ ਬੇਰਹਿਮੀ ਨਾਲ ਤੋਪਾਂ ਨਾਲ ਉਡਾ ਦੇਣ ਬਾਰੇ ਸੋਚਣ 'ਚ ਕੁਝ ਵੀ ਚੰਗਾ ਨਹੀਂ ਲਗਦਾ, ਉਨ੍ਹਾਂ ਬਗ਼ਾਵਤ ਤੋਂ ਇਲਾਵਾ ਹੋਰ ਕਿਹੜੀ ਵਧੀਕੀ ਕੀਤੀ ਸੀ। ਇਹ ਲੂਸ਼ਾਈ ਐਕਸਪੀਡਸ਼ਨਰੀ ਫ਼ੋਰਸ ਵੱਲੋਂ ਸਟੋਰਜ਼ ਸਾੜਨ ਦੇ ਮਾਮਲੇ ਤੋਂ ਬਹੁਤ ਵੱਖਰੀ ਕਿਸਮ ਦਾ ਮੁੱਦਾ ਹੈ ਅਤੇ ਸਾਨੂੰ ਆਸ ਹੈ ਕਿ ਇਸ ਦੀ ਬਹੁਤ ਨਿੱਠ ਕੇ ਜਾਂਚ ਕੀਤੀ ਜਾਵੇਗੀ ਅਤੇ ਇਸ ਦੇ ਕਾਰਣ ਜਨਤਕ ਕੀਤੇ ਜਾਣਗੇ। ਸਾਨੂੰ ਪਤਾ ਹੈ ਕਿ ਕੂਕਿਆਂ ਨਾਲ ਨਿਪਟਦਿਆਂ ਅਸੀਂ ਇੱਕ ਕੱਟੜ ਸੰਪਰਦਾਇ ਨਾਲ ਸਿੱਝ ਰਹੇ ਹੁੰਦੇ ਹਾਂ ਪਰ ਅਸੀਂ ਖ਼ੁਦ ਨੂੰ ਵਹਿਸ਼ੀ ਦੈਂਤ ਤਾਂ ਨਹੀਂ ਅਖਵਾ ਸਕਦੇ। ਹੈਰਾਨੀ ਦੀ ਗੱਲ ਇਹ ਹੈ ਕਿ ਥੋਕ ਦੇ ਭਾਅ ਇਨ੍ਹਾਂ ਫ਼ੌਜੀ ਮੌਤ ਦੀਆਂ ਸਜ਼ਾਵਾਂ ਵਿਰੁੱਧ ਇੱਕ ਵੀ ਆਵਾਜ਼ ਨਹੀਂ ਉਠਾਈ ਗਈ ਜਾਂ ਇੱਕ ਸਤਰ ਤੱਕ ਨਹੀਂ ਲਿਖੀ ਗਈ। ਯਕੀਨੀ ਤੌਰ 'ਤੇ ਇਸ ਵਿੱਚ ਜ਼ਰੂਰ ਕੋਈ ਗ਼ਲਤੀ ਹੋਵੇਗੀ ਕਿ ਬਗ਼ਾਵਤ ਦਬਾਉਣ ਤੋਂ ਬਾਅਦ 49 ਵਿਅਕਤੀਆਂ ਨੂੰ ਇੱਕਦਮ ਖ਼ਤਮ ਕਰ ਦਿੱਤਾ ਗਿਆ। ਜੇ ਤਦ ਨਹੀਂ, ਅਸੀਂ ਆਖਦੇ ਹਾਂ ਕਿ ਸ੍ਰੀ ਕਾਵਨ ਨੂੰ ਜਨਤਕ

ਵਿਚਾਰ ਅਨੁਸਾਰ ਇਹ ਦੱਸਣ ਲਈ ਸੱਦਿਆ ਜਾਵੇ ਕਿ ਉਹ ਇਸ ਮਾਮਲੇ ਬਾਰੇ ਸਹੀ-ਸਹੀ ਬਿਆਨ ਕਰੇ ਕਿ ਉਹ ਮੌਤ ਦੀਆਂ ਸਜ਼ਾਵਾਂ ਦਿੱਤੇ ਜਾਣ ਸਮੇਂ ਉੱਥੇ ਕਿਉਂ ਹਾਜ਼ਰ ਸੀ।'' ਇਸ ਕਥਨ ਵਿੱਚ ਇਨਸਾਫ਼ ਤੇ ਜ਼ਿੰਮੇਵਾਰੀ ਦੀ ਭਾਵਨਾ ਹੈ, ਜਿਸ ਦੀ ਅਸੀਂ ਬਹੁਤੀ ਸ਼ਲਾਘਾ ਨਹੀਂ ਕਰ ਸਕਦੇ। ਇਹ ਉਸੇ ਭਾਵਨਾ ਨੂੰ ਦਰਸਾਉਂਦਾ ਹੈ, ਜਿਵੇਂ ਕਿ ਚੀਫ਼ ਜਸਟਿਸ ਨੌਰਮਨ ਦੇ ਕਤਲ ਦੀ ਨਿਰਾਸ਼ਾਜਨਕ ਖ਼ਬਰ ਮਿਲਣ 'ਤੇ ਅੰਗਰੇਜ਼ੀ ਪ੍ਰੈੱਸ ਨੇ ਤੁਰੰਤ ਇੱਕਮਤ ਨਾਲ ਅਮੀਰ ਖ਼ਾਨ ਦੀ ਸੁਣਵਾਈ ਦੀ ਮੰਗ ਕੀਤੀ ਸੀ, ਤਦ ਅਪੀਲ ਅਧੀਨ ਨਾਲ ਬੇਹੱਦ ਨਿਰਪੱਖਤਾ ਨਾਲ ਵਿਵਹਾਰ ਹੋਵੇ ਕਿ ਤਾਂ ਜੋ ਕਿਤੇ ਇਹ ਸ਼ੱਕ ਨਾ ਕੀਤਾ ਜਾਵੇ ਕਿ ਕਾਤਲ ਇੱਕ ਵਹਾਬੀ ਸਾਜ਼ਿਸ਼ਕਾਰ ਸੀ ਤੇ ਉਹ ਬ੍ਰਿਟਿਸ਼ ਨਿਆਂ ਦੀ ਰੰਗਤ 'ਚ ਰੰਗਿਆ ਹੋਇਆ ਸੀ। ਸਾਡਾ ਸਮਕਾਲੀ ਆਖਦਾ ਹੈ ਕਿ ਇਨਸਾਫ਼ ਹੋਣਾ ਚਾਹੀਦਾ ਹੈ, ਸਾਮਰਾਜ ਭਾਵੇਂ ਢਹਿ-ਢੇਰੀ ਹੋ ਜਾਵੇ । ਦਰਅਸਲ, ਜਿਵੇਂ ਸ੍ਰੀ ਸਟੀਫ਼ਨ ਨੇ ਦੂਜੇ ਦਿਨ ਕਿਹਾ ਸੀ ਅਤੇ ਜੋ ਅਸੀਂ ਸਾਰੇ ਆਖਦੇ ਰਹੇ ਹਾਂ ਕਿ ਇਨਸਾਫ਼ ਉਹ ਚੱਟਾਨ ਹੈ, ਜਿਸ ਉੱਤੇ ਪੂਰਬ 'ਚ ਬ੍ਰਿਟਿਸ਼ ਸਾਮਰਾਜ ਦੀ ਸਥਿਰਤਾ ਕਾਇਮ ਹੈ, ਭਾਵੇਂ ਜੋ ਮਰਜ਼ੀ ਹੋ ਜਾਵੇ, ਸਾਨੂੰ ਆਸ ਹੈ ਕਿ ਸਾਡੇ ਹਾਕਮ ਇਸ ਤੋਂ ਪਿੱਛੇ ਨਹੀਂ ਹਟਣਗੇ। ਪੰਜਾਬ 'ਚ ਕੂਕਿਆਂ ਦਾ ਖ਼ਤਰਾ ਗੰਭੀਰ ਹੋ ਸਕਦਾ ਹੈ ਪਰ ਇਨਸਾਫ਼ ਦੇ ਹਿਤ ਉਸ ਤੋਂ ਵੀ ਜ਼ਿਆਦਾ ਗੰਭੀਰ ਹਨ।

## ਪਾਇਓਨੀਅਰ

*29 ਜਨਵਰੀ, 1872*

ਸੰਚਾਰ ਦੀ ਘਾਟ: ''ਦਿ ਇੰਡੀਅਨ ਪਬਲਿਕ ਓਪੀਨੀਅਨ'' ਨੇ ਜਨਤਾ ਦਾ ਧਿਆਨ ਇਸ ਤੱਥ ਵੱਲ ਦਿਵਾਇਆ ਹੈ ਕਿ ਵੱਡੇ ਅਸਲਾਖਾਨੇ ਫ਼ਿਰੋਜ਼ਪੁਰ ਅਤੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚਾਲੇ ਨਾ ਤਾਂ ਟੈਲੀਗ੍ਰਾਫ਼ ਤੇ ਨਾ ਹੀ ਸਰਕਾਰੀ ਡਾਕ ਰਾਹੀਂ ਕੋਈ ਸੰਪਰਕ ਹੈ। ਬੀਤੇ ਐਤਵਾਰ ਨੂੰ ਇਨ੍ਹਾਂ ਦੋਵੇਂ ਥਾਵਾਂ 'ਤੇ ਬੇਚੈਨੀ ਵਾਲੇ ਹਾਲਾਤ ਬਣੇ ਰਹੇ ਅਤੇ ਕੂਕਿਆਂ ਦੀ ਆਮ ਬਗ਼ਾਵਤ ਫੈਲਣ ਦੀਆਂ ਅਫ਼ਵਾਹਾਂ ਉੱਡਦੀਆਂ ਰਹੀਆਂ।

## ਇੰਡੀਅਨ ਸਟੇਟਸਮੈਨ

*30 ਜਨਵਰੀ, 1872*

**ਕੂਕੇ।** ਹਿੰਦੂਵਾਦ, ਆਪਣੀ ਬਹੁਤ ਜ਼ਿਆਦਾ ਖ਼ੁਸ਼ਹਾਲੀ ਵਾਲੇ ਹਾਲਾਤ 'ਚ ਵੀ ਕਦੇ ਇੱਕਜੁਟ ਨਹੀਂ ਹੋਇਆ। ਇਹ ਹਮੇਸ਼ਾ ਧੜਿਆਂ 'ਚ ਵੰਡਿਆ ਰਿਹਾ ਹੈ। ਚਾਰ ਸੌ ਸਾਲ ਪਹਿਲਾਂ (ਸ੍ਰੀ ਗੁਰੂ) ਨਾਨਕ (ਦੇਵ ਜੀ) ਨੇ ਪੁਰਾਣੀਆਂ ਸਾਧਾਰਣ ਗੱਲਾਂ ਸਿਖਾਈਆਂ ਸਨ। ਉਨ੍ਹਾਂ ਦੇ ਜੋਤੀ-ਜੋਤਿ ਸਮਾਉਣ ਦੇ ਤੁਰੰਤ ਬਾਅਦ ਸਿੱਖਵਾਦ ਕਈ ਗੁੱਟਾਂ 'ਚ ਵੰਡਿਆ ਗਿਆ ਸੀ ਅਤੇ ਤਦ ਤੋਂ ਉਹੀ ਕੁਝ ਚਿਰਕਾਲੀ ਚੱਲਿਆ ਆ ਰਿਹਾ ਹੈ। ਆਖ਼ਰੀ ਵੱਡਾ ਸੰਪਰਦਾਇ ਜੋ ਪੰਜਾਬ 'ਚ ਉੱਠਿਆ ਹੈ, ਉਹ ਕੂਕੇ

ਹਨ। ਇਸ ਸ਼ਬਦ ਦਾ ਅਰਥ ਹੈ ਜੋ ਰੌਲਾ ਪਾਉਂਦੇ ਹਨ, ਸ਼ੁਰੂਆਤ ਦੇ ਕਾਰਜ ਵਿੱਚ – ਜੋ ਇਸ ਸੰਪਰਦਾਇ ਦੀ ਸ਼ੁਰੂਆਤ ਵਿੱਚ ਮੌਜੂਦ ਹੁੰਦੀ ਹੈ। ਇਹ ਨਾਂਅ ਕਿਉਂਕਿ ਬਹੁਤਾ ਵਧੀਆ ਨਹੀਂ ਹੈ, ਇਸੇ ਲਈ ਕੁਝ ਸਮਾਂ ਪਹਿਲਾਂ ਇਸ ਨੂੰ ਵਧੇਰੇ ਗੁੰਜਾਇਮਾਨ ਅਤੇ ਅਰਥਪੂਰਨ ਬਣਾ ਕੇ – ਨਾਮਧਾਰੀ ਕਰ ਦਿੱਤਾ ਗਿਆ ਸੀ, ਜਿਸ ਦਾ ਮਤਲਬ ਹੈ ''ਨਾਮ ਦਾ ਧਾਰਕ'' (ਈਸ਼ਵਰ ਨੂੰ ਸਮਝ ਲਿਆ)। ਇਸ ਸੰਪਰਦਾਇ ਦੇ ਬਾਨੀ ਦਾ ਨਾਮ ਰਾਮ ਸਿੰਘ ਹੈ, ਜੋ ਬਹੁਤ ਵਰ੍ਹੇ ਪਹਿਲਾਂ ਤਰਖਾਣ ਸਨ ਤੇ ਲੁਧਿਆਣਾ ਮਿਸ਼ਨ 'ਚ ਕੰਮ ਕਰਦੇ ਸਨ। ਤਦ ਉਹ ਮਾਣਯੋਗ ''ਇੱਕ ਆਸਵੰਦ ਕਿਰਦਾਰ'' ਸਨ। ਉਹ ਮਿਸ਼ਨਰੀਆਂ ਵੱਲੋਂ ਕੀਤੀਆਂ ਜਾਂਦੀਆਂ ਮਸੀਹੀ ਪ੍ਰਾਰਥਨਾ-ਸਭਾਵਾਂ 'ਚ ਸ਼ਾਮਲ ਹੁੰਦੇ ਸਨ ਅਤੇ ਉਨ੍ਹਾਂ ਦਾ ਝੁਕਾਅ ਬਹੁਤ ਜ਼ਿਆਦਾ ਈਸਾਈਅਤ ਵੱਲ ਸੀ। ਕੁਝ ਸਮੇਂ ਬਾਅਦ ਉਹ ਆਪਣੇ ਸਾਥੀ ਸਿੱਖਾਂ ਨੂੰ ਉਹ ਸਾਰੀਆਂ ਨੈਤਿਕ ਨਸੀਹਤਾਂ ਦੇਣ ਲੱਗ ਪਏ, ਜੋ ਵੀ ਉਨ੍ਹਾਂ ਸਿੱਖੀਆਂ ਸਨ। ਉਨ੍ਹਾਂ ਦੀ ਚੋਖੀ ਇੱਛਾ ਸਮੁੱਚੀ ਸਿੱਖ ਕੌਮ ਵਿੱਚ ਸੁਧਾਰ ਲਿਆਉਣ ਦੀ ਸੀ। ਉਨ੍ਹਾਂ ਦੇ ਆਪਣੇ ਪੈਰੋਕਾਰਾਂ ਦੀ ਗਿਣਤੀ ਨਿੱਤ ਵਧਦੀ ਰਹੀ ਤੇ ਉਨ੍ਹਾਂ ਨੂੰ ਸਿੱਖਾਂ ਦੀ ਮੌਜੂਦਾ ਸਥਿਤੀ ਨਾਲੋਂ ਨੈਤਿਕਤਾ ਦੇ ਕਿਤੇ ਜ਼ਿਆਦਾ ਉਚੇਰੇ ਪੜਾਅ 'ਤੇ ਪੁੱਜ ਕੇ ਇੱਕ ਨਿਯਮ ਵਜੋਂ ਸਭ ਸਿਖਾਇਆ ਜਾਣ ਲੱਗਾ; ਬਾਅਦ ਦੇ ਸਾਲਾਂ ਦੌਰਾਨ ਪੰਜਾਬ ਦੀ ਖ਼ੁਸ਼ਹਾਲੀ ਲਈ ਸਿੱਖ ਕਿਰਦਾਰ ਵਿੱਚ ਜੋ ਥੋੜ੍ਹੀ ਚੰਗਿਆਈ ਬਚੀ ਸੀ, ਉਸ ਨੂੰ ਬਰਬਾਦ ਕਰਨ ਲਈ ਬਹੁਤ ਕੁਝ ਕੀਤਾ ਗਿਆ ਅਤੇ ਬੇਸ਼ੱਕ ਇਸ ਵਿੱਚ ਸੁਧਾਰ ਦੀ ਗੁੰਜਾਇਸ਼ ਸੀ। ਇਹ ਸਭ ਹੋ ਜਾਣਾ ਸੀ ਜੇ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰ ਨੈਤਿਕ ਸਿੱਖਿਆਵਾਂ ਦੇ ਸੁਧਾਰ ਤੋਂ ਸੰਤੁਸ਼ਟ ਹੁੰਦੇ। ਪਰ ਜਿਉਂ-ਜਿਉਂ ਉਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਵਧਦੀ ਗਈ, ਉਨ੍ਹਾਂ ਵਿੱਚ ਅੰਮ੍ਰਿਤਸਰ ਸਥਿਤ ਸ੍ਰੀ ਦਰਬਾਰ ਸਾਹਿਬ 'ਤੇ ਕਬਜ਼ਾ ਕਰਨ ਦੀ ਇੱਛਾ ਮਜ਼ਬੂਤ ਹੁੰਦੀ ਚਲੀ ਗਈ, ਇਹ ਦਰਬਾਰ ਸਾਹਿਬ ਇੱਕ ਸਰੋਵਰ ਦੇ ਵਿਚਕਾਰ ਟਾਪੂ 'ਤੇ ਬਣਿਆ ਸੁੰਦਰ ਗੁਰੂਘਰ ਹੈ। ਇਸ ਦੇ ਨਾਲ ਹੀ ਮਕਬਰੇ ਤੇ ਸਮਾਧਾਂ ਦੇ ਨਾਲ-ਨਾਲ ਪੂਜਾ-ਪਾਠ ਦੀਆਂ ਹੋਰ ਸਾਰੀਆਂ ਵਸਤਾਂ ਢਾਹੁਣ ਦੀ ਇੱਛਾ ਸੀ। ਸੰਖੇਪ 'ਚ ਕੂਕੇ ਸਿੱਖ ਧਰਮ ਦੇ ਵਹਾਬੀ ਬਣ ਗਏ। ਇਹ ਵੇਖਦਿਆਂ ਕਿ ਨੈਤਿਕ ਸਿੱਖਿਆਵਾਂ 'ਚ ਹੁਣ ਦਮ ਨਹੀਂ ਰਿਹਾ, ਇਸੇ ਲਈ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਤਾਕਤ ਵਰਤਣ ਦਾ ਫ਼ੈਸਲਾ ਕੀਤਾ। ਉਨ੍ਹਾਂ ਬਹਾਰ ਦੇ ਮੌਸਮ ਮੌਕੇ ਲੱਗਦੇ ਇੱਕ ਵੱਡੇ ਮੇਲੇ ਦੌਰਾਨ ਅੰਮ੍ਰਿਤਸਰ ਨੂੰ ਆਪਣੇ ਕਬਜ਼ੇ 'ਚ ਲੈਣ ਅਤੇ ਸ੍ਰੀ ਦਰਬਾਰ ਸਾਹਿਬ ਨੂੰ ਉਸ ਦੇ ਸੁਸਤ ਤੇ ਦੁਸ਼ਟ ਪੁਜਾਰੀਆਂ ਤੋਂ ਛੁਡਾਉਣ ਅਤੇ ਸ਼ਰਧਾਲੂਆਂ ਦੀਆਂ ਭੇਟਾਂ ਆਪਣੇ ਕੋਲ ਰੱਖਣ ਅਤੇ ਆਪਣੇ ਖ਼ੁਦ ਦੇ ਸਿਧਾਂਤਾਂ ਦਾ ਪਾਸਾਰ ਕਰਨ ਦਾ ਫ਼ੈਸਲਾ ਕੀਤਾ। ਬੇਸ਼ੱਕ ਸਰਕਾਰ ਨੇ ਦਖ਼ਲ ਦਿੱਤਾ ਅਤੇ ਭਾਵੇਂ ਬਾਬਾ ਰਾਮ ਸਿੰਘ ਜੀ ਆਪਣੇ ਬਹੁਤ ਸਾਰੇ ਪੈਰੋਕਾਰਾਂ ਨਾਲ ਅੰਮ੍ਰਿਤਸਰ ਗਏ ਅਤੇ ਰੀਤ ਅਨੁਸਾਰ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤਾ, ਤੇ ਉਥੇ ਬੱਸ ਇਹੋ ਹੋਇਆ।

ਪਰ ਅੱਗ ਤਾਂ ਅੰਦਰੋਂ-ਅੰਦਰ ਸੁਲਘ ਰਹੀ ਸੀ, ਉਹ ਬੁਝੀ ਨਹੀਂ ਸੀ। ਉਸ

ਦਾ ਭਾਂਬੜ ਦੂਜੀ ਦਿਸ਼ਾ ਵਿੱਚ ਬਲ਼ ਉੱਠਿਆ। ਕੂਕਿਆਂ ਤੇ ਉਨ੍ਹਾਂ ਦੇ ਰਹਿਨੁਮਾ ਦਾ ਰੋਹ ਕਸਾਈਆਂ ਵਿਰੁੱਧ ਭੜਕ ਪਿਆ ਕਿਉਂਕਿ ਸਿੱਖ ਆਖ਼ਰ ਹਨ ਤਾਂ ਹਿੰਦੂ ਹੀ ਅਤੇ ਉਨ੍ਹਾਂ ਆਪਣੇ ਵੱਖਰੇ ਸਿਧਾਂਤਾਂ ਵਿੱਚ ਵੀ ਹਿੰਦੂਆਂ ਦੀਆਂ ਬਹੁਤ ਸਾਰੀਆਂ ਧਾਰਾਵਾਂ ਸ਼ਾਮਲ ਕੀਤੀਆਂ ਹੋਈਆਂ ਹਨ। ਕੂਕਿਆਂ ਨੇ ਅੰਮ੍ਰਿਤਸਰ ਦੇ ਸਿੱਖਾਂ ਨੂੰ ਇਸ ਮੁੱਦੇ ’ਤੇ ਕੋਈ ਹੁੰਗਾਰਾ ਨਾ ਦੇਣ ਦਾ ਵਿਅੰਗ ਕੱਸਿਆ। ਕਿਉਂਕਿ ਅਸਲ ’ਚ ਸਿੱਖਾਂ ਨੇ ਕਸਾਈਆਂ ਨੂੰ ਆਪਣੇ ਕਾਰੋਬਾਰ, ‘ਅਮਰਤਾ ਦੇ ਫੁਹਾਰੇ’ ਇਸ ਨਗਰ ਅੰਮ੍ਰਿਤਸਰ ਦੀ ਚਾਰਦੀਵਾਰੀ ਦੇ ਬਾਹਰ ਸਥਾਪਤ ਕਰਨ ਦੀ ਇਜਾਜ਼ਤ ਦਿੱਤੀ ਸੀ। ਪਿਛਲੇ ਵਰ੍ਹੇ ਜੂਨ ’ਚ ਕਸਾਈਆਂ ’ਤੇ ਹਮਲਾ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਚਾਰ ਵਾਰ ਹਮਲੇ ਕਰਨ ਦੀ ਕੋਸ਼ਿਸ਼ ਹੋਈ ਸੀ ਤੇ ਸਿਰਫ਼ ਪੰਜਵੀਂ ਵਾਰ ਜਾ ਕੇ ਕਿਤੇ ਸਫ਼ਲਤਾ ਮਿਲੀ ਸੀ, ਜਦੋਂ ਚਾਰ ਜਣਿਆਂ ਦੇ ਟੋਟੇ-ਟੋਟੇ ਕਰ ਦਿੱਤੇ ਗਏ ਸਨ ਅਤੇ ਤਿੰਨ ਹੋਰ ਬਹੁਤ ਬੁਰੀ ਤਰ੍ਹਾਂ ਫੱਟੜ ਹੋਏ ਸਨ। ਉਸ ਦੇ ਕੁਝ ਸਮੇਂ ਪਿੱਛੋਂ ਲੁਧਿਆਣਾ ਜ਼ਿਲ੍ਹੇ ’ਚ ਰਾਏਕੋਟ ਵਿਖੇ ਰਾਤ ਨੂੰ ਕੁਝ ਕਸਾਈਆਂ ਦਾ ਕਤਲ ਕਰ ਦਿੱਤਾ ਗਿਆ ਸੀ। ਇਨ੍ਹਾਂ ਖ਼ੌਫ਼ਜ਼ਦਾ ਅਪਰਾਧਾਂ ਦੇ ਸਾਜ਼ਿਸ਼ਘਾੜਿਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ।

ਇਸ ਸਭ ਦੌਰਾਨ ਇਹ ਮਹਿਸੂਸ ਕੀਤਾ ਗਿਆ ਕਿ ਇਸ ਅੰਦੋਲਨ ਦਾ ਮੰਤਵ ਜੱਗ ਜ਼ਾਹਿਰ ਹੋ ਗਿਆ ਹੈ। ਬੀਤੇ ਬਹਾਰ ਦੇ ਮੌਸਮ ਦੌਰਾਨ ਅਨੰਦਪੁਰ ਸਾਹਿਬ* ਦੇ ਮੇਲੇ ਮੌਕੇ ਇੱਕ ਵੱਡਾ ਪ੍ਰਦਰਸ਼ਨ ਹੋਇਆ ਸੀ। 15,000 ਕੂਕਿਆਂ ਨੇ ਸ਼ਹਿਰ ’ਚ ਬਿਲਕੁਲ ਫ਼ੌਜੀ ਵਿਵਸਥਾ ਵਿੱਚ ਮਾਰਚ ਕੱਢਿਆ ਸੀ। ਉਨ੍ਹਾਂ ਦੀ ਅਗਵਾਈ ਉਨ੍ਹਾਂ ਦੇ ਸੂਬੇ ਜਾਂ ਤਿੰਨ ਤੋਂ ਚਾਰ ਸੌ ਘੁੜਸਵਾਰ ਆਗੂ ਕਰ ਰਹੇ ਸਨ। ਤਦ ਸ਼ਾਂਤੀ ਭੰਗ ਕਰਨ ਜਿਹਾ ਕੁਝ ਵੀ ਨਹੀਂ ਵਾਪਰਿਆ ਸੀ, ਉਦੋਂ ਸਿਰਫ਼ ਇੱਕ ਘਟਨਾ ਇਹ ਵਾਪਰੀ ਸੀ ਕਿ ਇੱਕ ਕੱਟੜ ਵਿਅਕਤੀ ਇੱਕ ਅੰਗਰੇਜ਼ ਅਧਿਕਾਰੀ ਦੇ ਤੰਬੂ ਦੇ ਸਾਹਮਣੇ ਜਾ ਕੇ ਬੈਠ ਕੇ ਆਖਣ ਲੱਗਾ ਸੀ ਕਿ ‘ਕੁਰਸੀ ਸਾਡੀ ਤੇ ਰਾਜ ਗੱਦੀ ਵੀ ਸਾਡੀ’ ਅਤੇ ਇੱਕ ਮਿਸ਼ਨਰੀ ਦੇ ਤੰਬੂ ਸਾਹਮਣੇ ਇੱਕ ਬਹੁਤ ਹੀ ਨਸ਼ੇੜੀ ਕਿਸਮ ਦਾ ਵਿਅਕਤੀ ਜਾ ਕੇ ਨੱਚ-ਨੱਚ ਕੇ ਆਖਣ ਲੱਗਾ ਕਿ ਅੰਗਰੇਜ਼ੀ ਰਾਜ ਦਾ ਖ਼ਾਤਮਾ ਹੋਣ ਜਾ ਰਿਹਾ ਹੈ।

ਪੰਜਾਬ ’ਚ ਇਸ ਗੱਲ ਤੋਂ ਸਾਰੇ ਵਾਕਫ਼ ਹਨ ਕਿ (ਗੁਰੂ) ਰਾਮ ਸਿੰਘ ਜੀ ਨੇ ਡਾਕ ਪ੍ਰਣਾਲੀ ਸੰਗਠਤ ਕੀਤੀ ਸੀ ਤੇ ਅਤੇ ਉਨ੍ਹਾਂ ਦੇ ਸਮੂਹ ਪੈਰੋਕਾਰ ਪੂਰੀ ਤਰ੍ਹਾਂ ਉਨ੍ਹਾਂ ਨੂੰ ਅਤੇ ਆਪਣੇ ਨਵੇਂ ਸਿਧਾਂਤ ਨੂੰ ਸਮਰਪਿਤ ਹਨ। ਅੰਮ੍ਰਿਤਸਰ ਤੇ ਰਾਏਕੋਟ ਦੀਆਂ ਗੜਬੜੀਆਂ ਫ਼ਸਾਦੀ ਭਾਵਨਾਵਾਂ ਨਾਲ ਕੀਤੀਆਂ ਗਈਆਂ ਸਨ, ਇਹ ਸੱਚ ਹੈ ਪਰ ਬਾਬਾ ਜੀ ਦੀ ਜਾਣਕਾਰੀ ਤੇ ਪ੍ਰਵਾਨਗੀ ਤੋਂ ਬਗ਼ੈਰ ਕੁਝ ਵੀ ਨਹੀਂ ਸੀ ਕੀਤਾ ਗਿਆ। ਇਸ ਵਿੱਚ ਕੋਈ ਵੀ ਸ਼ੱਕ ਨਹੀਂ ਹੈ। ਇਸ ਦੇ ਬਾਵਜੂਦ ਹੈਰਾਨ ਇਹ ਹੈ

* ਅੱਠ ਵਰ੍ਹੇ ਪਹਿਲਾਂ ਇਸ ਮੇਲੇ ’ਚ ਇੱਕ ਅਕਾਲੀ ਸਿੱਖ ਨੇ ਸ੍ਰੀ ਜਾਨਵੀਅਰ ਨਾਂਅ ਦੇ ਇੱਕ ਮਿਸ਼ਨਰੀ ਦਾ ਕਤਲ ਕਰ ਦਿੱਤਾ ਸੀ। ਪਰ ਅੰਮ੍ਰਿਤਸਰ ਦੇ ਸਿੱਖਾਂ ਨੇ ਇਸ ਕਾਰੇ ਪ੍ਰਤੀ ਨਫ਼ਰਤ ਪ੍ਰਗਟਾਉਂਦਿਆਂ ਧਨ ਇਕੱਠਾ ਕਰ ਕੇ ਸ੍ਰੀ ਜਾਨਵੀਅਰ ਦੀ ਵਿਧਵਾ ਨੂੰ ਭੇਟ ਕੀਤਾ ਸੀ।

ਕਿ ਉਸ ਨੂੰ ਸਖ਼ਤ ਚੌਕਸੀ ਅਧੀਨ ਨਹੀਂ ਰੱਖਿਆ ਗਿਆ ਸੀ। ਜੇ ਕਿਤੇ ਉਨ੍ਹਾਂ ਨੂੰ ਕਲਕੱਤਾ, ਸਿੰਗਾਪੁਰ ਜਾਂ ਅੰਡੇਮਾਨ ਭੇਜ ਦਿੱਤਾ ਜਾਂਦਾ, ਤਾਂ ਸਾਨੂੰ ਹਾਲੀਆ ਗੜਬੜੀਆਂ ਦਾ ਸਾਹਮਣਾ ਨਾ ਕਰਨਾ ਪੈਂਦਾ, ਜਿਨ੍ਹਾਂ ਲਈ ਬਿਨਾ ਸ਼ੱਕ (ਗੁਰੂ) ਰਾਮ ਸਿੰਘ ਜੀ ਹੀ ਜ਼ਿੰਮੇਵਾਰ ਸਿੱਧ ਹੋਣਗੇ। ਮਲੌਦ ਦੇ ਕਿਲ੍ਹੇ 'ਤੇ ਹਮਲਾ 14 ਤਰੀਕ ਦੀ ਸ਼ਾਮ ਨੂੰ ਕੀਤਾ ਗਿਆ ਸੀ। ਇਹ ਕਿਲ੍ਹਾ ਲੁਧਿਆਣਾ ਜ਼ਿਲ੍ਹੇ 'ਚ ਹੈ ਅਤੇ ਇਹ ਸਿੱਖ ਜਗੀਰਦਾਰ ਬਦਨ ਸਿੰਘ ਦੀ ਜਾਇਦਾਦ ਹੈ। ਇਹ ਭੱਦਰ-ਪੁਰਸ਼ ਜ਼ਖ਼ਮੀ ਹੋ ਗਿਆ ਸੀ ਅਤੇ ਉਨ੍ਹਾਂ ਦੇ ਦੋ ਵਿਅਕਤੀ ਕਤਲ ਕਰ ਦਿੱਤੇ ਗਏ ਸਨ। ਕੂਕਿਆਂ ਦਾ ਇੱਕ ਵਿਅਕਤੀ ਮਾਰਿਆ ਗਿਆ ਸੀ। ਉਸ ਦੇ ਛੇਤੀ ਪਿੱਛੋਂ ਪੰਜ ਸੌ ਕੂਕਿਆਂ ਨੇ ਮੁਸਲਮਾਨਾਂ ਦੇ ਸ਼ਹਿਰ ਮਲੇਰਕੋਟਲਾ 'ਤੇ ਹਮਲਾ ਕਰ ਦਿੱਤਾ ਸੀ, ਜੋ ਮਲੌਦ ਦੇ ਨੇੜੇ ਹੀ ਹੈ। ਉਨ੍ਹਾਂ ਦਾ ਮਕਸਦ ਉੱਥੋਂ ਸਿਰਫ਼ ਹਥਿਆਰ ਹਾਸਲ ਕਰਨਾ ਸੀ। ਉਹ ਦਿੱਲੀ ਅਤੇ ਇਸ ਦੇ ਕੈਂਪ ਨੂੰ ਭੁੱਲ ਗਏ ਸਨ ਅਤੇ ਸਮੁੱਚਾ ਜ਼ਿਲ੍ਹਾ ਜੋ ਕੂਕਿਆਂ ਨਾਲ ਭਰ ਗਿਆ ਸੀ, ਉੱਥੇ ਦਿੱਲੀ ਦੀ ਫ਼ੌਜ ਦੇ ਜਵਾਨਾਂ ਨਾਲ ਭਰ ਗਿਆ ਸੀ। ਹਾਲੇ ਇਹ ਪਤਾ ਨਹੀਂ ਹੈ ਕਿ ਫ਼ੌਜ ਕੀ ਕਦਮ ਚੁੱਕੇਗੀ ਪਰ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਉਹ ਕਦਮ ਉਨ੍ਹਾਂ ਲੋਕਾਂ ਦੀ ਫ਼ਸਾਦੀ ਸੋਚ ਨੂੰ ਬਰਬਾਦ ਕਰ ਦੇਣਗੇ, ਜਿਨ੍ਹਾਂ ਨੂੰ ਸਤਲੁਜ ਦੇ ਦੱਖਣ 'ਚ ਲੰਮਾ ਸਮਾਂ ਆਪਣੇ ਹਿਸਾਬ ਨਾਲ ਵਿਚਰਨ ਦੀ ਇਜਾਜ਼ਤ ਦਿੱਤੀ ਗਈ ਹੈ। ਹੁਣ ਕੂਕਿਆਂ ਨੇ ਆਪਣੇ ਅਸਲ ਰੰਗ ਵਿਖਾਏ ਹਨ, ਇਸੇ ਲਈ ਸਰਕਾਰ ਕੋਲ ਸਿਰਫ਼ ਇੱਕੋ ਰਾਹ ਬਚਿਆ ਹੈ। ਬਾਬਾ ਰਾਮ ਸਿੰਘ ਜੀ ਨੂੰ ਜੇ ਫਾਂਸੀ ਨਹੀਂ ਦਿੱਤੀ ਜਾ ਸਕਦੀ, ਤਾਂ ਉਨ੍ਹਾਂ ਨੂੰ ਇੱਥੋਂ ਹਟਾਉਣਾ ਤਾਂ ਜ਼ਰੂਰ ਪੈਣਾ ਹੈ। ਉਨ੍ਹਾਂ ਦੇ ਪੈਰੋਕਾਰ ਭਰਮਾਏ ਗਏ ਗ਼ਰੀਬ ਪ੍ਰਾਣੀ ਹਨ ਤੇ ਉਹ ਵੀ ਬਾਬਾ ਦੀ ਕਿਸਮਤ ਸਾਂਝੀ ਕਰਨਗੇ ਕਿਉਂਕਿ ਉਨ੍ਹਾਂ ਖ਼ੁਦ ਨੂੰ ਸਿਰਫ਼ ਕਾਤਲਾਂ ਤੇ ਇਨਕਲਾਬੀਆਂ ਦੇ ਇੱਕ ਗਿਰੋਹ ਵਜੋਂ ਹੀ ਦਰਸਾਇਆ ਹੈ ਤੇ ਉਨ੍ਹਾਂ ਨੂੰ ਨਤੀਜੇ ਵੀ ਹਰ ਹਾਲਤ 'ਚ ਭੁਗਤਣੇ ਹੀ ਪੈਣਗੇ।

ਜਦੋਂ ਲੁਧਿਆਣਾ ਜ਼ਿਲ੍ਹੇ 'ਚ ਇਹ ਗੜਬੜੀ ਹੋ ਰਹੀ ਸੀ, ਅੰਮ੍ਰਿਤਸਰ ਵਿਖੇ ਸਿੱਖ ਤਦ ਕਮਿਸ਼ਨਰ ਮੇਜਰ ਡੇਵੀਸ ਨੂੰ ਆਦਰ-ਮਾਣ ਵਜੋਂ ਭੇਟਾਂ ਦੇ ਰਹੇ ਸਨ, ਜਿਨ੍ਹਾਂ ਨੇ ਪਿੱਛੇ ਜਿਹੇ ਕੂਕਾ ਕਾਤਲਾਂ ਨੂੰ ਮੌਤ ਦੀ ਸਜ਼ਾ ਦਿੱਤੀ ਸੀ ਅਤੇ ਜੋ ਹੁਣ ਇੰਗਲੈਂਡ ਲਈ ਰਵਾਨਾ ਹੋ ਰਹੇ ਹਨ। ਅੰਮ੍ਰਿਤਸਰ ਦੀ ਵਫ਼ਾਦਾਰੀ ਪ੍ਰਤੀ ਕੋਈ ਸ਼ੱਕ ਨਹੀਂ ਹੋ ਸਕਦਾ। ਸਰਦਾਰਾਂ ਨੂੰ ਜਦੋਂ ਤੱਕ ਸ਼ਾਂਤੀ ਨਾਲ ਆਪਣੀਆਂ ਆਮਦਨਾਂ ਮਾਣਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਦ ਤੱਕ ਉਹ ਵਫ਼ਾਦਾਰ ਹਨ, ਉਨ੍ਹਾਂ ਦੇ ਗ੍ਰੰਥੀਆਂ ਤੋਂ ਬਹੁਤਾ ਡਰਨ ਦੀ ਲੋੜ ਨਹੀਂ ਹੈ ਅਤੇ ਸਮੁੱਚੇ ਪੰਜਾਬ ਦੀ ਸਿੱਖ ਜਨਤਾ ਨੂੰ ਬੇਹੱਦ ਸਤਿਕਾਰਯੋਗ ਵਫ਼ਾਦਾਰ ਮੰਨਿਆ ਜਾ ਸਕਦਾ ਹੈ। ਜੇ ਰਾਤ ਨੂੰ ਕਤਲ ਕਰਨ ਤੇ ਹਮਲੇ ਦੀ ਸਾਜ਼ਿਸ਼ ਰਚਣ ਵਾਲਿਆਂ ਨੂੰ ਸਜ਼ਾ ਤੁਰੰਤ ਤੇ ਯਕੀਨੀ ਦਿੱਤੀ ਜਾਂਦੀ ਹੈ, ਤਾਂ ਪੰਜ ਦਰਿਆਵਾਂ ਦੀ ਧਰਤੀ ਆਪਣੇ ਰੇਗਿਸਤਾਨਾਂ ਦੇ ਉਜਾੜਾਂ 'ਤੇ ਆਪਣਾ ਰੋਹ ਸ਼ਾਂਤੀ ਨਾਲ ਹੀ ਦਰਸਾਏਗੀ, ਭਾਵੇਂ ਕਿ ਇੱਥੇ ਰੇਲ-ਗੱਡੀਆਂ ਦੀ ਆਵਾਜਾਈ ਘੱਟ ਹੈ ਤੇ ਇਸ ਦੇ ਲੋਕ ਅਗਿਆਨੀ ਹਨ।

## ਦਿ ਇੰਗਲਿਸ਼ਮੈਨ

*31 ਜਨਵਰੀ, 1872*

**ਕੂਕਾ ਰਾਮ ਸਿੰਘ ਜੀ ਦੀ ਗ੍ਰਿਫ਼ਤਾਰੀ।** ਸਾਨੂੰ ਪਤਾ ਲੱਗਾ ਹੈ ਕਿ ਇਸ ਨੂੰ ਪੁੱਛਿਆ ਸੀ ਕਿ ਜੇ ਕੂਕਾ ਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਹਾਲੀਆ ਬਗ਼ਾਵਤ ਦੀ ਚੇਤਾਵਨੀ ਦੇ ਕੇ ਸਰਕਾਰ ਦੀ ਸੇਵਾ ਕੀਤੀ ਸੀ, ਤਾਂ ਉਨ੍ਹਾਂ ਨੂੰ ਫੜ ਕੇ ਇੱਕ ਅਪਰਾਧੀ ਵਾਂਗ ਅਲਾਹਾਬਾਦ ਕਿਉਂ ਭੇਜਿਆ ਗਿਆ ਸੀ। ਸਾਡਾ ਮੰਨਣਾ ਹੈ ਕਿ ਇਸ ਦਾ ਕਾਰਣ ਇਹ ਹੈ ਕਿ ਉਨ੍ਹਾਂ ਤਦ ਤੱਕ ਇਸ ਬਾਰੇ ਰਿਪੋਰਟ ਨਹੀਂ ਕੀਤੀ ਸੀ, ਜਦੋਂ ਤੱਕ ਕਿ ਉਹ ਹੱਦੋਂ ਜ਼ਿਆਦਾ ਨਹੀਂ ਹੋ ਗਈ ਸੀ – ਭਾਵ, ਬਗ਼ਾਵਤ ਹੋਣ ਤੱਕ ਉਨ੍ਹਾਂ ਨੇ ਕੁਝ ਨਹੀਂ ਦੱਸਿਆ ਸੀ। – *ਪਾਇਓਨੀਅਰ*

## ਦਿ ਇੰਗਲਿਸ਼ਮੈਨ

*31 ਜਨਵਰੀ, 1872*

**ਰੂੜ ਸਿੰਘ ਦੀ ਗ੍ਰਿਫ਼ਤਾਰੀ:** ਅਲਾਹਾਬਾਦ ਕਿਲ੍ਹੇ 'ਚ ਹੁਣ ਮੌਜੂਦ ਕੂਕਾ ਮੁਖੀਆਂ 'ਚੋਂ ਸਭ ਤੋਂ ਵੱਧ ਅਹਿਮ ਸੂਬਾ ਰੂੜ ਸਿੰਘ ਦੀ ਗ੍ਰਿਫ਼ਤਾਰੀ ਲਈ ਨਿਮਨਲਿਖਤ ਤਰੀਕਾ ਵਰਤਿਆ ਗਿਆ ਸੀ। ਇਸ ਅਹਿਮ ਕੰਮ ਦੀ ਜ਼ਿੰਮੇਵਾਰੀ ਪੁਲਿਸ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਸ੍ਰੀ ਲੀ ਮਰਚੈਂਟ ਨੂੰ ਸੌਂਪੀ ਗਈ ਸੀ। ਇਹ ਅਧਿਕਾਰੀ 10 ਹਥਿਆਰਬੰਦ ਕਾਂਸਟੇਬਲਾਂ ਨਾਲ ਸੂਬੇ ਦੇ ਘਰ ਪੁੱਜਾ ਤੇ ਵੇਖਿਆ ਕਿ ਉਹ ਕੂਕਾ ਕੌਂਸਲ 'ਚ ਲਗਭਗ 20 ਪੈਰੋਕਾਰਾਂ ਨਾਲ ਘਿਰੇ ਬੈਠੇ ਸਨ। ਉਸ ਮਹਾਨ ਪੁਰਖ ਨੂੰ ਬਾਹਰ ਲਿਆਉਣ ਲਈ ਇੱਕ ਕਾਂਸਟੇਬਲ ਨੂੰ ਅੰਦਰ ਭੇਜਿਆ ਗਿਆ, ਜਿਨ੍ਹਾਂ ਨੇ ਪਹਿਲਾਂ ਤਾਂ ਹੁਕਮ ਮੰਨਣ ਤੋਂ ਕੁਝ ਝਿਜਕ ਵਿਖਾਈ। ਅਖ਼ੀਰ, ਉਹ ਦਰਵਾਜ਼ੇ 'ਤੇ ਆਏ ਅਤੇ ਜਿਵੇਂ ਹੀ ਉਨ੍ਹਾਂ ਦਾ ਸਿਰ ਦਿਸਿਆ, ਸ੍ਰੀ ਲੀ ਮਰਚੈਂਟ, ਜੋ ਖ਼ੁਦ ਲੁਕ ਕੇ ਖੜ੍ਹੇ ਸਨ, ਉਨ੍ਹਾਂ ਨੂੰ ਗਰਦਨ ਤੋਂ ਫੜ ਲਿਆ ਤੇ ਉਨ੍ਹਾਂ ਨੂੰ ਸੜਕ ਵੱਲ ਧੱਕ ਦਿੱਤਾ, ਜਿੱਥੇ ਹਥਿਆਰਬੰਦ ਜਵਾਨਾਂ ਨੇ ਉਨ੍ਹਾਂ ਨੂੰ ਤੁਰੰਤ ਘੇਰਾ ਪਾ ਲਿਆ। ਦੂਜੇ ਕੂਕੇ ਬਚਾਅ ਲਈ ਬਾਹਰ ਨੂੰ ਨੱਸੇ ਪਰ ਅੱਗਿਓਂ ਬੰਦੂਕਾਂ ਦੀਆਂ ਬੈਰਲਾਂ ਦੀ ਕਤਾਰ ਨਾਲ ਉਨ੍ਹਾਂ ਦਾ ਟਾਕਰਾ ਹੋਇਆ ਤੇ ਉਹ ਉੱਥੇ ਹੀ ਰੁਕਣ ਲਈ ਮਜਬੂਰ ਹੋ ਗਏ ਅਤੇ ਅੰਤ ਉਹ ਪਿੱਛੇ ਹਟ ਗਏ। ਅਗਲੇ ਅੱਧੇ ਘੰਟੇ 'ਚ ਹੀ ਰੂੜ ਸਿੰਘ ਹੁਰਾਂ ਨੂੰ ਅਲਾਹਾਬਾਦ ਲਈ ਰਵਾਨਾ ਕਰ ਦਿੱਤਾ ਗਿਆ।

## ਦਿ ਇੰਗਲਿਸ਼ਮੈਨ

*31 ਜਨਵਰੀ, 1872*

**ਕੂਕਾ ਬਗ਼ਾਵਤ।** ਲੁਧਿਆਣਾ ਜ਼ਿਲ੍ਹੇ ਤੋਂ ਤਾਜ਼ਾ ਖ਼ਬਰ ਅਨੁਸਾਰ ਹੁਣ ਬਿਲਕੁਲ ਸ਼ਾਂਤੀ ਹੈ ਅਤੇ ਹੁਣ ਹੋਰ ਕਿਸਮ ਦੀਆਂ ਗਤੀਵਿਧੀਆਂ ਜਾਂ ਪ੍ਰਦਰਸ਼ਨ ਨਹੀਂ ਕੀਤੇ

ਜਾ ਰਹੇ। ਇੱਥੇ ਇਕੱਠੇ ਹੋਏ ਸੁਰੱਖਿਆ ਬਲ ਹੁਣ ਆਪੋ-ਆਪਣੇ ਟਿਕਾਣਿਆਂ ਨੂੰ ਪਰਤਣ ਵਾਲੇ ਹਨ। ਸਾਨੂੰ ਹੁਣੇ ਫ਼ਿਰੋਜ਼ਪੁਰ 'ਚ ਚੇਤਾਵਨੀ ਦੇ ਕੁਝ ਵੇਰਵੇ ਮਿਲੇ ਹਨ। ਲੁਧਿਆਣਾ ਸਟੇਸ਼ਨ 'ਤੇ ਇਹ ਪਾਇਆ ਗਿਆ ਹੈ ਕਿ ਟੈਲੀਗ੍ਰਾਫ਼ ਬਾਬੂ ਸੌਂ ਗਿਆ ਸੀ ਤੇ ਫ਼ਿਰੋਜ਼ਪੁਰ ਤੋਂ ਭੇਜੇ ਗਏ ਕਈ ਜ਼ਰੂਰੀ ਸੁਨੇਹਿਆਂ ਦਾ ਜਵਾਬ ਨਹੀਂ ਦੇ ਸਕਿਆ ਸੀ। ਇਸ ਤੋਂ ਫ਼ਿਰੋਜ਼ਪੁਰ 'ਚ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋ ਗਏ ਕਿ ਕਿਤੇ ਕੂਕਿਆਂ ਨੇ ਤਾਰ ਤਾਂ ਨਹੀਂ ਕੱਟ ਦਿੱਤੀ ਸੀ। ਪੁਲਿਸ ਨੇ ਉਸੇ ਸਮੇਂ ਆਪਣੀ ਰੋਜ਼ਮੱਰਾ ਦੀ ਖ਼ੁਫ਼ੀਆ ਜਾਣਕਾਰੀ ਭੇਜ ਦਿੱਤੀ ਕਿ ਬਾਗ਼ੀਆਂ ਦੀ ਇੱਕ ਟੋਲੀ ਫ਼ਿਰੋਜ਼ਪੁਰ 'ਚ ਘੁੰਮ ਰਹੀ ਹੈ। ਫ਼ਿਰੋਜ਼ਪੁਰ ਦੀ ਚੇਤਾਵਨੀ ਦੇਣ ਤੋਂ ਪਹਿਲਾਂ ਸਾਨੂੰ ਕਿਲੇ ਦੀਆਂ ਬੰਦੂਕਾਂ ਨੂੰ ਚਾਲੂ ਹਾਲਤ 'ਚ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਦੱਸਿਆ ਜਾਂਦਾ ਹੈ ਕਿ ਪਹਿਲਾਂ ਤਾਂ ਲੋੜ ਪੈਣ 'ਤੇ ਉਨ੍ਹਾਂ ਲਈ ਕੋਈ ਗੋਲ਼ੀ-ਸਿੱਕਾ ਨਹੀਂ ਮਿਲਿਆ ਸੀ ਅਤੇ ਦੂਜੇ ਕਿਲੇ ਦੀ ਤੋਪਾਂ ਬੀੜਨ ਵਾਲੀ ਇੱਕ ਖਿੜਕੀ ਨੂੰ ਬਹੁਤ ਹੀ ਧਿਆਨਪੂਰਵਕ ਰਸੋਈ ਘਰ ਨਾਲ ਢਕਿਆ ਗਿਆ ਸੀ, ਜਿਸ ਨੂੰ ਇੱਕ ਹੁਨਰਮੰਦ ਸ਼ਾਹੀ ਇੰਜੀਨੀਅਰ ਨੇ ਪਿੱਛੇ ਜਿਹੇ ਉਸਾਰਿਆ ਸੀ, ਇਹ ਮੰਨਿਆ ਜਾਂਦਾ ਹੈ ਕਿ ਰਣਨੀਤਕ ਮੰਤਵ ਲਈ ਇਸ ਦੇ ਸਾਹਮਣੇ ਨਿਰਮਾਣ ਕੀਤਾ ਗਿਆ ਸੀ। ਇੱਕ ਐਕਸਪ੍ਰੈਸ ਸੰਦੇਸ਼ ਲਾਹੌਰ ਭੇਜਿਆ ਗਿਆ ਸੀ, ਜਿੱਥੋਂ ਇਹ ਖ਼ਬਰ ਟੈਲੀਗ੍ਰਾਫ਼ ਰਾਹੀਂ ਦਿੱਲੀ ਭੇਜੀ ਗਈ। ਫ਼ਿਰੋਜ਼ਪੁਰ 'ਚ ਫ਼ੌਜੀ ਦਸਤੇ ਤਿਆਰ ਹੋ ਗਏ, ਮਿਲਣ ਦਾ ਸਮਾਂ ਤੈਅ ਕੀਤਾ ਗਿਆ, ਇਕੱਠੇ ਹੋਣ ਲਈ ਤਿੰਨ ਤੋਪਾਂ ਦਾ ਸੰਕੇਤ ਦਿੱਤਾ ਜਾਣਾ ਸੀ। ਪਤੀਆਂ ਨੇ ਆਖ਼ਰੀ ਵਾਰ ਆਪਣੀਆਂ ਪਤਨੀਆਂ ਨੂੰ ਗਲਵਕੜੀ ਪਾਈ, ਕੁੱਤੇ ਬੇਚੈਨੀ ਨਾਲ ਘੁੰਮਦੇ ਵੇਖੇ ਗਏ, ਕਈ ਬੱਚੇ ਰੋਏ ਤੇ ਇੱਕ ਔਰਤ ਨੂੰ ਚਿਮਨੀ ਤੱਕ ਜਾਂਦਿਆਂ ਵੇਖਿਆ ਗਿਆ ਤੇ ਉਸ ਤੋਂ ਬਾਅਦ ਉਹ ਕਦੇ ਨਹੀਂ ਦਿਸੀ।

ਮਲੇਰਕੋਟਲਾ 'ਚ ਕੂਕਿਆਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਸਮੇਂ ਉਹ ਖ਼ੌਫ਼ਨਾਕ ਦ੍ਰਿਸ਼ ਵੇਖਣ ਲਈ ਸਥਾਨਕ ਨਿਵਾਸੀਆਂ ਦਾ ਬਹੁਤ ਜ਼ਿਆਦਾ ਇਕੱਠ ਹੋ ਗਿਆ ਸੀ ਅਤੇ ਸਾਨੂੰ ਸਥਾਨਕ ਸੂਤਰਾਂ ਤੋਂ ਪਤਾ ਲੱਗਾ ਕਿ ਇਸ ਦਾ ਸਾਰੇ ਲੋਕਾਂ 'ਤੇ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਅਸਰ ਪਿਆ। ਨੌਂ ਤੋਪਾਂ ਬੀੜੀਆਂ ਗਈਆਂ ਸਨ, ਜਿਨ੍ਹਾਂ 'ਚੋਂ ਸੱਤ ਨੂੰ ਮੌਤ ਦੀ ਸਜ਼ਾ ਦੇਣ ਲਈ ਰੱਖਿਆ ਸੀ, ਜਦ ਕਿ ਦੋ ਨੇ ਪਰੇਡ ਨੂੰ ਕਵਰ ਕੀਤਾ ਸੀ। ਥਲ ਸੈਨਾ ਦੀਆਂ ਛੇ ਕੰਪਨੀਆਂ ਤੇ 400 ਘੁੜਸਵਾਰਾਂ ਨੇ ਮੈਦਾਨ ਦੀ ਰਾਖੀ ਕੀਤੀ। ਦਰਸ਼ਕਾਂ 'ਚ ਮਲੇਰਕੋਟਲਾ ਅਤੇ ਲਾਗਲੇ ਕਸਬਿਆਂ ਤੇ ਪਿੰਡਾਂ ਦੇ ਸਾਰੇ ਹੀ ਮਰਦ ਸ਼ਾਮਲ ਸਨ ਤੇ ਬਹੁਤ ਸਾਰੀਆਂ ਔਰਤਾਂ ਵੀ ਸਨ। ਉੱਥੇ ਜੋ ਕੁਝ ਵੀ ਵਾਪਰਿਆ, ਉਹ ਉਨ੍ਹਾਂ ਨੇ ਡਰ ਤੇ ਭੈਅ ਨਾਲ ਤੱਕਿਆ।

ਜਦੋਂ ਇਸ ਬਗ਼ਾਵਤ ਦੀ ਸਾਰੀ ਕਹਾਣੀ ਪੂਰੀ ਤਰ੍ਹਾਂ ਲਿਖੀ ਗਈ, ਤਾਂ ਸਾਨੂੰ ਭਰੋਸਾ ਹੈ ਕਿ ਪਟਿਆਲਾ, ਨਾਭਾ ਤੇ ਜੀਂਦ ਦੇ ਅਧਿਕਾਰੀਆਂ ਦੀ ਸ਼ਲਾਘਾਯੋਗ ਕਾਰਵਾਈ ਲਈ ਪੂਰਾ ਨਿਆਂ ਕੀਤਾ ਜਾਵੇਗਾ। ਉਨ੍ਹਾਂ ਤੋਂ ਸਹਿਯੋਗ ਲੈਣ ਲਈ ਖ਼ਾਸ ਹਰਕਾਰੇ ਭੇਜੇ ਗਏ ਸਨ, ਜਿਵੇਂ ਹੀ ਉਨ੍ਹਾਂ ਦੇ ਸਿਵਲ ਅਧਿਕਾਰੀ ਆ ਗਏ ਸਨ, ਤਿਵੇਂ ਹੀ ਇਸ ਗੜਬੜਗ੍ਰਸਤ ਮੋਰਚੇ 'ਤੇ ਉਨ੍ਹਾਂ ਦੇ ਫ਼ੌਜੀ ਦਸਤੇ ਪੁੱਜ ਗਏ ਸਨ। ਸੰਦੇ

ਸ਼ ਪੁੱਜਣ ਦੇ ਅੱਧੇ ਘੰਟੇ ਦੇ ਅੰਦਰ-ਅੰਦਰ ਇਨ੍ਹਾਂ ਰਿਆਸਤਾਂ ਤੋਂ ਹਥਿਆਰ, ਤੋਪਾਂ, ਘੁੜਸਵਾਰ ਤੇ ਥਲ ਸੈਨਾਵਾਂ ਮਲੇਰਕੋਟਲਾ ਵੱਲ ਰਵਾਨਾ ਹੋ ਗਈਆਂ ਸਨ, ਉਨ੍ਹਾਂ ਕੋਲ ਕੋਈ ਲੋੜੀਂਦਾ ਸਾਮਾਨ ਜਾਂ ਤੰਬੂ ਵੀ ਨਹੀਂ ਸਨ ਤੇ ਉਨ੍ਹਾਂ ਨੂੰ ਦੇਸ਼ ਦੇ ਹੜ੍ਹ ਮਾਰੇ ਇਲਾਕਿਆਂ ਤੇ ਭਾਰੀ ਮੀਂਹ ਵਿੱਚੋਂ ਦੀ ਲੰਘਣਾ ਪੈ ਰਿਹਾ ਸੀ – *ਇੰਡੀਅਨ ਪਬਲਿਕ ਓਪੀਨੀਅਨ।*

## ਦਿ ਫ਼ਰੈਂਡ ਆੱਫ਼ ਇੰਡੀਆ

*1 ਫ਼ਰਵਰੀ, 1872*

**ਕੂਕਾ ਬਗ਼ਾਵਤ।** ਅਸੀਂ ਅਧਿਕਾਰਤ ਦਸਤਾਵੇਜ਼ਾਂ ਦੀ ਉਡੀਕ ਕੀਤੇ ਬਗ਼ੈਰ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਦੇ ਹੁਕਮ ਨਾਲ ਤੇ ਉਨ੍ਹਾਂ ਦੀ ਮੌਜੂਦਗੀ 'ਚ ਥੋਕ ਦੇ ਭਾਅ ਫ਼ੌਜੀ ਤਰੀਕੇ ਦਿੱਤੀਆਂ ਗਈਆਂ ਮੌਤ ਦੀਆਂ ਸਜ਼ਾਵਾਂ ਦਾ ਵਿਰੋਧ ਕਰਦੇ ਹਾਂ। 'ਇੰਡੀਅਨ ਪਬਲਿਕ ਓਪੀਨੀਅਨ' ਦਾ ਕਹਿਣਾ ਹੈ ਕਿ ਸਾਡੇ ਵਿਚਾਰ ਮੁਤਾਬਕ ਦੋਵਾਂ 'ਚੋਂ ਕੌਣ ਸਖ਼ਤ ਸਜ਼ਾ ਦਾ ਹੱਕਦਾਰ ਹੈ। ਜਿਵੇਂ ਕਿ ਦੱਸਿਆ ਗਿਆ ਹੈ ਕਿ 49 ਮਰਦ ਰੰਗੇ ਹੱਥੀਂ ਫੜੇ ਗਏ ਸਨ, ਜੋ ਕਿ ਸਹੀ ਨਹੀਂ ਹੋ ਸਕਦਾ, ਜਦੋਂ ਤੱਕ ਕਿ ਰੰਗੇ ਹੱਥੀਂ ਦਾ ਮਤਲਬ ਬਗ਼ਾਵਤ 'ਚ ਸ਼ਾਮਲ ਹੋਣ ਤੋਂ ਨਾ ਹੋਵੇ, ਇਹ ਵਿਚਾਰ ਕਰਦਿਆਂ ਕਿ ਤੁਲਨਾਤਮਕ ਤੌਰ 'ਤੇ ਕਿੰਨੇ ਕੁ ਮਾਰੇ ਗਏ ਸਨ ਤੇ ਕਿੰਨੇ ਜ਼ਖ਼ਮੀ ਹੋਏ ਸਨ, ਉਸ ਮਾਮਲੇ 'ਚ ਹਥਿਆਰਾਂ ਸਮੇਤ ਫੜੇ ਗਏ ਹਰੇਕ ਵਿਅਕਤੀ ਨੂੰ ਤੋਪ ਨਾਲ ਉਡਾਉਣਾ ਚਾਹੀਦਾ ਸੀ। ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਮੌਕੇ 'ਤੇ ਸ੍ਰੀ ਕਾਵਨ ਨੂੰ ਉਨ੍ਹਾਂ ਵਿਅਕਤੀਆਂ ਨੂੰ ਉਡਾਉਣ ਦਾ ਅਧਿਕਾਰ ਕਿਸ ਨੇ ਦਿੱਤਾ ਸੀ, ਜੋ ਪਹਿਲਾਂ ਹੀ ਉਸ ਦੇ ਕਾਬੂ ਹੇਠ ਸਨ ਤੇ ਕੋਈ ਵੀ ਉਨ੍ਹਾਂ ਨੂੰ ਉੱਥੋਂ ਬਚਾ ਨਹੀਂ ਸਕਦਾ ਸੀ। ਸਾਨੂੰ ਆਸ ਹੈ ਕਿ ਭਾਰਤ ਤੇ ਇੰਗਲੈਂਡ 'ਚ ਆਮ ਜਨਤਾ ਇਸ ਸੁਆਲ ਦਾ ਜਵਾਬ ਜ਼ਰੂਰ ਮੰਗੇਗੀ। ਵੱਡੇ ਗ਼ਦਰ ਸਮੇਂ ਤਾਂ ਬਹੁਤ ਕੁਝ ਕਰਨ ਦੀ ਇਜਾਜ਼ਤ ਸੀ ਕਿਉਂਕਿ ਉਸ ਵੇਲੇ ਹੰਗਾਮੀ ਕਿਸਮ ਦਾ ਖ਼ਤਰਾ ਸੀ ਪਰ ਅਜਿਹਾ ਕੁਝ ਇਸ ਆਮ ਬਗ਼ਾਵਤ ਦੇ ਮਾਮਲੇ 'ਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਜਦ ਕਿ ਕੁਝ ਲੋਕਾਂ ਦਾ ਮੰਨਣਾ ਹੈ ਕਿ ਇਸ ਦੇਸ਼ 'ਚ ਸਾਡੀ ਸਰਕਾਰ ਬਹੁਤ ਮਜ਼ਬੂਤ ਸਥਿਤੀ 'ਚ ਹੈ। ਇਹ ਗੱਲ ਮੰਨੀ ਜਾ ਸਕਦੀ ਹੈ ਕਿ ਭਾਰਤ 'ਚ ਸਾਨੂੰ ਹਰ ਹਾਲਤ 'ਚ ਮਜ਼ਬੂਤ ਹੋਣਾ ਪਵੇਗਾ ਅਤੇ ਜਾਂ ਇਸ ਦੇਸ਼ ਨੂੰ ਛੱਡ ਕੇ ਚਲੇ ਜਾਣਾ ਹੋਵੇਗਾ ਪਰ ਕੀ ਕੋਈ ਅਜਿਹਾ ਸੋਚ ਸਕਦਾ ਹੈ ਕਿ ਇਹ ਗੱਲ ਭਾਰਤ ਜਾਂ ਇੰਗਲੈਂਡ ਦੇ ਭਲੇ 'ਚ ਹੋਵੇਗੀ ਕਿ ਅਸੀਂ ਵੱਡੀ ਗਿਣਤੀ 'ਚ ਤੋਪਾਂ ਨਾਲ ਉਡਾ ਦੇਈਏ ਤੇ ਇੰਝ ਲੋਕਾਂ ਨੂੰ ਡਰਾ ਕੇ ਅਸੀਂ ਆਪਣੇ -ਆਪ ਨੂੰ ਮਜ਼ਬੂਤ ਬਣਾਈਏ? ਅਸੀਂ ਇਹ ਕਿਸੇ ਵੀ ਹਾਲਤ 'ਚ ਨਹੀਂ ਮੰਨ ਸਕਦੇ ਅਤੇ ਜੇ 'ਇੰਡੀਆ ਪਬਲਿਕ ਓਪੀਨੀਅਨ' 'ਚ ਦਿੱਤੀ ਇਹ ਗੱਲ ਦਰੁਸਤ ਹੈ ਅਤੇ ਸਾਨੂੰ ਇਸ ਦੇ ਸਹੀ ਹੋਣ 'ਚ ਕੋਈ ਸ਼ੱਕ ਵਿਖਾਈ ਨਹੀਂ ਦਿੰਦਾ, ਇਸ ਮਾਮਲੇ 'ਚ ਹਾਲੇ ਸਖ਼ਤ ਕਾਰਵਾਈ ਕਰਨੀ ਹੋਵੇਗੀ।

ਇਹ ਕਿਹਾ ਜਾ ਸਕਦਾ ਹੈ - ਇਹ ਕਿਹਾ ਗਿਆ ਹੈ - ਸਖ਼ਤ ਸਜ਼ਾ ਨੇ ਬਗ਼ਾਵਤ ਨੂੰ ਕੁਚਲ ਕੇ ਰੱਖ ਦਿੱਤਾ ਹੈ। ਪਰ ਜੇ ਅਜਿਹਾ ਹੈ ਵੀ, ਫਿਰ ਵੀ ਅਸੀਂ ਉਸ ਸਜ਼ਾ ਨੂੰ ਦੇਣ ਦੇ ਅਧਿਕਾਰ ਤੋਂ ਇਨਕਾਰ ਕਰਦੇ ਹਾਂ, ਜੋ ਰੂਸ ਵੱਲੋਂ ਦਿੱਤਾ ਗਿਆ ਸੀ ਅਤੇ ਅੰਗਰੇਜ਼ਾਂ ਨੂੰ ਇਸ ਬਾਰੇ ਪਤਾ ਸੀ, ਅਜਿਹਾ ਪੂਰੀ ਦੁਨੀਆ ਨੂੰ ਦਰਸਾਉਣ ਲਈ ਕੀਤਾ ਗਿਆ ਹੋਵੇਗਾ। ਕੀ ਸੱਚਮੁਚ ਅਜਿਹਾ ਹੋ ਗਿਆ ਹੈ ਕਿ ਸ਼ਾਂਤੀ ਦੇ ਇਸ ਸਮੇਂ ਦੌਰਾਨ ਇੱਕ ਕੱਟੜ ਸੰਪਰਦਾਇ ਦੀ ਅਜਿਹੀ ਬਗ਼ਾਵਤ ਹੋਈ, ਜਿਸ ਨੂੰ ਪ੍ਰਬਲ ਤਾਕਤ ਦਾ ਘੇਰਾ ਪਿਆ ਹੋਇਆ ਹੈ ਤੇ ਉਸ ਨੂੰ ਇੰਝ ਸਮਝਿਆ ਗਿਆ ਕਿ ਜਿਵੇਂ ਸਮੁੱਚਾ ਸਾਮਰਾਜ ਹੀ ਢਹਿ-ਢੇਰੀ ਹੋਣ ਕੰਢੇ ਆ ਗਿਆ ਹੋਵੇ, ਜਿਵੇਂ ਕਿ ਔਰਤਾਂ ਨਾਲ ਮਾੜਾ ਵਿਵਹਾਰ ਹੋਇਆ ਹੋਵੇ ਜਾਂ ਕੋਈ ਹੋਰ ਖ਼ਾਸ ਹੀ ਵਹਿਸ਼ੀਆਨਾ ਕਾਰਾ ਕਰ ਦਿੱਤਾ ਗਿਆ ਹੋਵੇ ? ਸਭ ਤੋਂ ਵੱਡੀ ਗੱਲ ਇਹ ਕਿ ਇਹ ਸਭ ਕੁਝ ਡਿਪਟੀ ਕਮਿਸ਼ਨਰ ਦੇ ਹੁਕਮ ਨਾਲ ਉਸ ਦੀ ਆਪਣੀ ਜ਼ਿੰਮੇਵਾਰੀ 'ਤੇ ਵਾਪਰੀਆਂ: ਉਨ੍ਹਾਂ ਦੇ ਕਿਤੇ ਬਚ ਨਿਕਲਣ ਦਾ ਕੋਈ ਡਰ ਨਹੀਂ ਸੀ। ਇਹ ਬਗ਼ਾਵਤ ਮੰਨਦੇ ਹਾਂ ਕਿ ਗੰਭੀਰ ਸੀ - ਪਰ ਇਸ ਨੂੰ ਸਾਡੇ ਸਥਾਨਕ ਭਾਈਵਾਲਾਂ ਨੇ ਮਹਾਰਾਣੀ ਦੀਆਂ ਫ਼ੌਜਾਂ ਦੇ ਮੌਕੇ 'ਤੇ ਅੱਪੜਨ ਤੋਂ ਪਹਿਲਾਂ ਹੀ ਦਬਾ ਦਿੱਤਾ ਸੀ। ਇਹ ਸਾਰਾ ਕੁਝ ਸਿਰਫ਼ ਕੁਝ ਘੰਟਿਆਂ ਅੰਦਰ ਹੀ 15,000 ਹਥਿਆਰਬੰਦ ਵਿਅਕਤੀਆਂ ਦੇ ਇੱਕ ਕੈਂਪ ਨੇੜੇ ਵਾਪਰ ਗਿਆ। ਇਸ ਕਹਾਣੀ ਬਾਰੇ ਕੋਈ ਸਹਿਜੇ ਹੀ ਸਮਝ ਸਕਦਾ ਹੈ। ਦੋ ਤੋਂ ਤਿੰਨ ਸੌ ਦੀ ਗਿਣਤੀ ਵਿੱਚ ਕੂਕਿਆਂ, ਜਿਨ੍ਹਾਂ 'ਚ ਕੁਝ ਔਰਤਾਂ ਵੀ ਸ਼ਾਮਲ ਹਨ, ਪਟਿਆਲਾ ਦੇ ਮਹਾਰਾਜਾ ਦੇ ਇੱਕ ਰਿਸ਼ਤੇਦਾਰ ਦੇ ਮਲੌਦ ਵਾਲੇ ਕਿਲ੍ਹੇ 'ਤੇ ਹਮਲਾ ਕੀਤਾ। ਉਨ੍ਹਾਂ ਦਾ ਮੰਤਵ ਜਾਂ ਤਾਂ ਹਥਿਆਰ ਲੈਣਾ ਸੀ ਤੇ ਜਾਂ ਰਾਏਕੋਟ ਦੀ ਬਗ਼ਾਵਤ ਦੇ ਮਾਮਲੇ ਵਿੱਚ ਉਸ ਕਿਲ੍ਹੇ ਦੇ ਮਾਲਕ ਵੱਲੋਂ ਕੀਤੇ ਗਏ ਵਿਰੋਧ ਦਾ ਬਦਲਾ ਲੈਣਾ ਸੀ। ਮਲੌਦ ਦੇ ਕਿਲ੍ਹੇ ਤੋਂ ਉਨ੍ਹਾਂ ਨੂੰ ਭਜਾ ਦਿੱਤਾ ਗਿਆ ਸੀ ਤੇ ਫਿਰ ਬਾਗ਼ੀ ਕੋਟਲਾ ਪੁੱਜੇ ਪਰ ਉਹ ਹਮਲੇ ਬਾਰੇ ਕੁਝ ਦੋਚਿੱਤੀ 'ਚ ਸਨ ਕਿਉਂਕਿ ਉਹ ਸ਼ਹਿਰ ਤੋਂ ਕੁਝ ਦੂਰੀ 'ਤੇ ਮੌਜੂਦ ਇੱਕ ਬਾਗ਼ ਵਿੱਚ ਸਾਰੀ ਰਾਤ ਟਿਕੇ ਰਹੇ ਸਨ। ਇਹ ਸਭ ਕੁਝ ਬਹੁਤ ਜ਼ਿਆਦਾ ਉਤਸ਼ਾਹੀਆਂ ਵਾਲਾ ਸੰਕੇਤ ਨਹੀਂ ਸੀ। ਸਵੇਰ ਤੋਂ ਬਹੁਤ ਪਹਿਲਾਂ ਕੋਟਲਾ ਪਹਿਲਾਂ ਹੀ ਪੂਰੀ ਤਰ੍ਹਾਂ ਸੁਚੇਤ ਸੀ ਅਤੇ ਬਗ਼ਾਵਤ ਦੀ ਖ਼ਬਰ ਉਨ੍ਹਾਂ ਤੱਕ ਪੁੱਜ ਚੁੱਕੀ ਸੀ। ਨਗਰ ਨਿਵਾਸੀਆਂ ਨੇ ਉਸ ਹਮਲੇ ਦਾ ਟਾਕਰਾ ਕੀਤਾ; ਪਟਿਆਲਾ ਤੇ ਨਾਭਾ ਦੇ ਲੋਕ ਮੌਕੇ 'ਤੇ ਪੁੱਜੇ; ਬਾਗ਼ੀਆਂ ਨੂੰ ਘੇਰਾ ਪਾ ਲਿਆ ਗਿਆ, ਗੋਲ਼ੀਆਂ ਚੱਲੀਆਂ ਤੇ ਫਿਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮਜ਼ਬੂਤ ਬ੍ਰਿਟਿਸ਼ ਸੁਰੱਖਿਆ ਬਲਾਂ 'ਚ ਇੰਨਾ ਕੁ ਦਮ ਮੌਜੂਦ ਹੈ ਕਿ ਉਹ ਅਜਿਹੇ ਹਜ਼ਾਰਾਂ ਦੁਸ਼ਮਣਾਂ ਨੂੰ ਤਿੱਤਰ-ਬਿੱਤਰ ਕਰ ਸਕਦੇ ਹਨ, ਉਹ ਵੀ ਮੌਜੂਦ ਸੀ। ਕੂਕਾ ਸੰਪਰਦਾਇ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਜਾਂ ਉਹ ਫੜੇ ਜਾਣ ਵਾਲੇ ਸਨ। ਉਹ ਬਗ਼ਾਵਤ ਪਹਿਲਾਂ-ਪਹਿਲ ਜਿੰਨੀ ਰੋਹ ਭਰਪੂਰ ਸੀ, ਉਹ ਬਾਅਦ 'ਚ ਹਾਸੋਹੀਣੀ ਹੱਦ ਤੱਕ ਕਮਜ਼ੋਰ ਹੋ

ਕੇ ਰਹਿ ਗਈ ਸੀ। ਫਿਰ ਵੀ ਸ੍ਰੀ ਕਾਵਨ ਉੱਥੇ ਪੁੱਜਦੇ ਹਨ (ਜੇ ਇੰਡੀਆ ਓਪੀਨੀਅਨ ਦਰੁਸਤ ਹੈ) ਤੇ 49 ਵਿਅਕਤੀਆਂ ਨੂੰ ਖ਼ੌਫ਼ਨਾਕ ਮੌਤ ਦੀ ਸਜ਼ਾ ਦਾ ਹੁਕਮ ਦੇ ਦਿੰਦੇ ਹਨ। ਜੇ ਸ੍ਰੀ ਕਾਵਨ ਨੇ ਅਜਿਹਾ ਕੋਈ ਹੁਕਮ ਨਹੀਂ ਦਿੱਤਾ, ਤਾਂ ਫਿਰ ਵੀ ਉਨ੍ਹਾਂ ਦੀ ਭੂਮਿਕਾ ਵਿਚਾਰਨਯੋਗ ਹੈ ਜੇ ਉਹ ਮੌਤ ਦੀ ਸਜ਼ਾ ਵੇਲੇ ਮੌਜੂਦ ਸਨ। ਇੰਗਲੈਂਡ ਦੇ ਇੱਕ ਅਧਿਕਾਰੀ ਦਾ ਅਜਿਹੀ ਥਾਂ ’ਤੇ ਮੌਜੂਦ ਰਹਿਣ ਦਾ ਕੋਈ ਮਤਲਬ ਹੀ ਨਹੀਂ ਹੈ।

ਅਸੀਂ ‘ਇੰਗਲਿਸ਼ਮੈਨ’ ’ਚ ਇਹ ਸ਼ਬਦ ਵੇਖ ਕੇ ਚੁੱਪ-ਚੁਪੀਤੇ ਹੈਰਾਨ ਹੋਏ ਸਾਂ: ਅਸੀਂ ਇਸ ਵਿਸ਼ੇ ’ਤੇ ‘ਫ਼ਰੈਂਡ ਆੱਫ਼ ਇੰਡੀਆ’ ਦੇ ਗ਼ੈਰ-ਪਰਪੱਕ ਫ਼ੈਸਲੇ ਦੀ ਨਿਖੇਧੀ ਜ਼ਰੂਰ ਕਰਾਂਗੇ ਅਤੇ ਉਨ੍ਹਾਂ ਇਸ ਮਾਮਲੇ ਦੀ ਜਿਹੜੀ ਤੁਲਨਾ ਲੁਸ਼ਾਈ ਅਨਾਜ ਦੀ ਅੰਨ੍ਹੇਵਾਹ ਤਬਾਹੀ ਨਾਲ ਕੀਤੀ ਹੈ।’’ ਸਾਨੂੰ ਹੈਰਾਨੀ ਨਹੀਂ ਹੋਈ ਸੀ, ਸਗੋਂ ਸਾਨੂੰ ਇਹ ਗੱਲ ਹੀ ਸਮਝ ਨਹੀਂ ਆ ਰਹੀ ਸੀ ਕਿ ਇਸ ਅੰਗਰੇਜ਼ ਨੇ ਕਿਹੜੇ ਸਿਧਾਂਤ ਨਾਲ ਲੁਸ਼ਾਈ ਮੁਹਿੰਮ ਬਲ ਰਾਹੀਂ ਅਨਾਜ ਦੀ ਅੰਸ਼ਕ ਤਬਾਹੀ ਕਰਨ ਅਤੇ ਜੰਗ ਤੋਂ ਬਿਨਾਂ ਮਨੁੱਖੀ ਜਾਨਾਂ ਦੀ ਥੋਕ ਦੇ ਭਾਅ ਤਬਾਹੀ ਦਾ ਵਿਚਾਰ ਬਣਾਇਆ ਸੀ, ਇਹ ਗੱਲ ਵੀ ਨਹੀਂ ਸੀ ਕਿ ਉੱਥੇ ਕਿਸੇ ਨੂੰ ਬਚਾਉਣ ਲਈ ਅਜਿਹਾ ਕੀਤਾ ਗਿਆ ਸੀ, ਸਗੋਂ ਬ੍ਰਿਟਿਸ਼ ਡਿਪਟੀ ਕਮਿਸ਼ਨਰ ਨੇ ਇਹ ਸਭ ਵਹਿਸ਼ੀਆਨਾ ਢੰਗ ਨਾਲ ਅੰਜਾਮ ਦਿੱਤਾ। ਜੰਗ ਤਾਂ ਜੰਗ ਹੀ ਹੁੰਦੀ ਹੈ ਤੇ ਉਸ ਵੇਲੇ ਤੁਸੀਂ ਜਾਇਦਾਦਾਂ ਬਰਬਾਦ ਹੋਣ ਤੋਂ ਰੋਕ ਨਹੀਂ ਸਕਦੇ ਪਰ ਲੁਸ਼ਾਈ ਜਿਹੇ ਮਾਮਲੇ ਵਿੱਚ ਅਜਿਹਾ ਕੁਝ ਨਹੀਂ ਹੁੰਦਾ; ਅਤੇ ਜਦੋਂ ਜੰਗ ਚੱਲ ਰਹੀ ਹੁੰਦੀ ਹੈ ਤਾਂ ਤੁਸੀਂ ਮਨੁੱਖੀ ਜਾਨਾਂ ਅਜਾਈਂ ਜਾਣ ਤੋਂ ਰੋਕ ਨਹੀਂ ਸਕਦੇ। ਪਰ ਇਹ ਬਹਾਦਰ ਫ਼ੌਜੀ ਜਵਾਨਾਂ ਦੀ ਆਦਤ ਨਹੀਂ ਹੁੰਦੀ ਅਤੇ ਇਹ ਕੋਈ ਸਭਿਅਕ ਨਿਯਮ ਵੀ ਨਹੀਂ ਹੈ ਕਿ ਜੰਗ ਖ਼ਤਮ ਹੋਣ ਤੋਂ ਬਾਅਦ, ਜਦੋਂ ਕਿਸੇ ਤੋਂ ਕੋਈ ਡਰ ਨਹੀਂ ਰਹਿ ਗਿਆ ਹੋਵੇ ਤਾਂ ਬਿਨਾਂ ਕੋਈ ਦੋਸ਼ ਲਾਇਆਂ 49 ਵਿਅਕਤੀਆਂ ਨੂੰ ਇੰਝ ਵਹਿਸ਼ੀਆਨਾ ਤਰੀਕੇ ਤੋਪਾਂ ਨਾਲ ਉਡਾ ਕੇਮਾਰ ਮੁਕਾਇਆ ਜਾਵੇ; ਜਦ ਕਿ ਇਹ ਸਿਰਫ਼ ਕੁਝ ਕੱਟੜ ਲੋਕਾਂ ਦੀ ਬਗ਼ਾਵਤ ਸੀ। ‘ਇੰਗਲਿਸ਼ਮੈਨ’ (ਅਖ਼ਬਾਰ) ਆਪਣੀ ਖ਼ੁਸ਼ੀ ਨਾਲ ਇਸ ਦੀ ਨਿਖੇਧੀ ਕਰਦਾ ਹੋ ਸਕਦਾ ਹੈ ਪਰ ਭਾਰਤ ’ਚ ਰਹਿੰਦੇ 10 ਵਿੱਚੋਂ ਨੌਂ ਸਭਿਅਕ ਅੰਗਰੇਜ਼ ਲੁਸ਼ਾਈ ਮੁਹਿੰਮ ਦੌਰਾਨ ਅਨਾਜ ਦੀ ਅੰਸ਼ਕ ਤਬਾਹੀ ਨੂੰ ਜੰਗ ਦਾ ਕੋਈ ਜ਼ਰੂਰੀ ਅੰਗ ਕਹਿਣਗੇ ਪਰ ਤੋਪਾਂ ਦੇ ਮੂੰਹਾਂ ਨਾਲ ਬੰਨ੍ਹ ਕੇ ਇਨ੍ਹਾਂ ਵਿਅਕਤੀਆਂ ਨੂੰ ਖ਼ਤਮ ਕਰ ਦੇਣ ਨੂੰ ਸਭਿਅਤਾ ’ਤੇ ਹੀ ਹਮਲਾ ਹੈ। ਸਰਕਾਰੀ ਦਸਤਾਵੇਜ਼ ਆਉਣ ਦੇਵੋ, ਬ੍ਰਿਟਿਸ਼ ਡਿਪਟੀ ਕਮਿਸ਼ਨਰ ਦੇ ਅਜਿਹਾ ਹੁਕਮ ਦੇਣ ਜਾਂ ਮੌਤ ਦੀ ਅਜਿਹੀ ਸਜ਼ਾ ਦੇਣ ਦੇ ਸਮੇਂ ਉਸ ਦੇ ਉੱਥੇ ਮੌਜੂਦ ਰਹਿਣ ਨੂੰ ਕਦੇ ਦਰੁਸਤ ਕਰਾਰ ਨਹੀਂ ਦਿੱਤਾ ਜਾ ਸਕਦਾ; ਅਜਿਹੀ ਕਾਰਵਾਈ ਨੂੰ ਦਰੁਸਤ ਠਹਿਰਾਉਣ ਲਈ ਕੋਈ ਕਮਜ਼ੋਰ ਜਿਹੀ ਵਿਆਖਿਆ ਨਹੀਂ, ਸਗੋਂ ਕੋਈ ਬਹੁਤ ਮਜ਼ਬੂਤ ਦਲੀਲ ਚਾਹੀਦੀ ਹੋਵੇਗੀ। ਭਾਰਤ ’ਚ ਇੰਗਲੈਂਡ ਦਾ ਇੱਕ ਫ਼ਰਜ਼ ਇਹ ਵੀ ਹੈ ਕਿ ਉਹ ਕਿਸੇ ਪੂਰਬੀ ਦੇਸ਼ ਨੂੰ ਮਨੁੱਖੀ ਜੀਵਨ ਦੀ ਕੀਮਤ ਬਾਰੇ ਪੱਛਮੀ ਦੇਸ਼ਾਂ ਦੇ ਵਿਚਾਰ ਤੋਂ ਜਾਣੂ ਕਰਵਾਏ। ਪੱਛਮੀ ਦੇਸ਼ ਬਹੁਤ ਜ਼ਾਲਮ ਹਨ ਪਰ ਅਜਿਹਾ

ਕੋਈ ਵੀ ਸਭਿਅਕ ਪੱਛਮੀ ਦੇਸ਼ ਨਹੀਂ ਹੈ, ਜਿੱਥੇ ਕਿਸੇ ਆਮ ਵਿਅਕਤੀ ਦਾ ਜੀਵਨ ਵੀ ਕਾਨੂੰਨ ਸਾਹਮਣੇ ਮਹਾਰਾਜੇ ਜਾਂ ਮਹਾਰਾਣੀ ਜਿੰਨਾ ਪਾਕ-ਸਾਫ਼ ਨਾ ਮੰਨਿਆ ਜਾਂਦਾ ਹੋਵੇ।

ਅਸੀਂ ਇਸ ਸਭ ਦੇ ਜਵਾਬ ਤੋਂ ਵਾਕਫ਼ ਹਾਂ। ਸਾਨੂੰ ਇਹ ਆਖਿਆ ਜਾਵੇਗਾ ਕਿ ਸਾਨੂੰ ਪੂਰਬੀ ਦੇਸ਼ਾਂ ਤੇ ਆਦਤਾਂ ਉੱਤੇ ਪੂਰਬੀ ਰਵਾਇਤਾਂ ਮੁਤਾਬਕ ਹੀ ਰਾਜ ਕਰਨਾ ਹੋਵੇਗਾ ਅਤੇ ਸਾਨੂੰ ਜਦੋਂ ਵੀ ਠੀਕ ਜਾਪਿਆ, ਅਸੀਂ ਕਾਨੂੰਨ ਦੀ ਉਲੰਘਣਾ ਕਰ ਦਿੱਤੀ ਹੈ। ਆਪਣੀ ਮਰਜ਼ੀ ਮੁਤਾਬਕ ਕਾਨੂੰਨ ਤੋੜਨਾ ਸਾਡਾ ਹੰਕਾਰ ਹੋ ਸਕਦਾ ਹੈ। ਕੂਕਿਆਂ ਦੀ ਬਗ਼ਾਵਤ ਨੂੰ ਪੂਰਬੀ ਦੇਸ਼ਾਂ ਦੇ ਹਿਸਾਬ ਨਾਲ ਸਖ਼ਤੀ ਵਰਤ ਕੇ ਹੀ ਦਬਾਉਣਾ ਠੀਕ ਹੈ। ਪੱਛਮੀ ਤਰੀਕੇ ਦੇ ਸਿੱਧੇ ਇਨਸਾਫ਼ ਨਾਲ ਵੀ ਇਸ ਨੂੰ ਦਬਾਇਆ ਜਾ ਸਕਦਾ ਸੀ ਕਿ ਸੰਬੰਧਤ ਵਿਅਕਤੀਆਂ ਦੀ ਸੁਣਵਾਈ ਕੀਤੀ ਜਾਂਦੀ ਤੇ ਫਿਰ ਉਨ੍ਹਾਂ ਨੂੰ ਸਜ਼ਾ ਸੁਣਾ ਦਿੱਤੀ ਜਾਂਦੀ, ਭਾਵੇਂ ਜੋ ਮਰਜ਼ੀ ਹੁੰਦੀ ਪਰ ਉਹ ਕਾਨੂੰਨੀ ਤਰੀਕੇ ਹੁੰਦੀ ਤੇ ਅਜਿਹਾ ਸਮੁੱਚੇ ਮਾਮਲੇ ਦੇ ਤੱਥਾਂ 'ਤੇ ਮੁਕੰਮਲ ਵਿਚਾਰ-ਵਟਾਂਦਰੇ ਤੋਂ ਬਾਅਦ ਹੁੰਦਾ। ਇਸ ਦੇ ਉਲਟ ਉਨ੍ਹਾਂ ਫੜ ਕੇ ਕੈਦ ਕਰ ਲਿਆ ਗਿਆ ਤੇ ਮਹਾਰਾਣੀ ਦੇ ਇੱਕ ਸਿਵਲ ਅਧਿਕਾਰੀ ਨੇ ਬ੍ਰਿਟਿਸ਼ ਕਾਨੂੰਨ ਦੇ ਨਾਂਅ ਹੇਠ ਉਨ੍ਹਾਂ ਨੂੰ ਤੋਪਾਂ ਨਾਲ ਉਡਾ ਦਿੱਤਾ। ਜੇ ਭਾਰਤ ਸਰਕਾਰ ਸ੍ਰੀ ਕਾਵਨ ਦੀ ਇਸ ਕਾਰਵਾਈ ਦੀ ਜ਼ਿੰਮੇਵਾਰੀ ਲੈਂਦੀ ਹੈ ਤਾਂ ਉਸ ਨੂੰ ਆਪਣੇ ਵਤਨ ਇੰਗਲੈਂਡ 'ਚ ਜਨਤਕ ਟ੍ਰਿਬਿਊਨਲ ਸਾਹਵੇਂ ਇਸ ਦਾ ਜਵਾਬ ਦੇਣਾ ਹੋਵੇਗਾ। ਜੇ ਭਾਰਤ ਸਰਕਾਰ ਆਪਣਾ ਫ਼ਰਜ਼ ਨਿਭਾ ਰਹੀ ਹੈ, ਤਾਂ ਉਹ ਸ੍ਰੀ ਕਾਵਨ ਨੂੰ ਸੱਦ ਕੇ ਉਸ ਦੀ ਇਸ ਕਾਰਵਾਈ ਦੇ ਸਾਰੇ ਕਾਰਣ ਜਾਣੇਗੀ। ਇਹ ਕਬੂਲ ਕਰੋ ਕਿ ਇੱਕ ਡਿਪਟੀ ਕਮਿਸ਼ਨਰ ਕੋਲ ਅਜਿਹਾ ਅਧਿਕਾਰ ਹੈ ਅਤੇ ਉਹ ਸਾਧਾਰਣ ਹਮਲੇ ਬਦਲੇ ਲੋਕਾਂ ਨੂੰ ਤੋਪਾਂ ਨਾਲ ਉਡਾਉਣ ਲਈ ਬ੍ਰਿਟਿਸ਼ ਜਨਤਾ ਵੱਲੋਂ ਪੂਰੀ ਤਰ੍ਹਾਂ ਅਧਿਕਾਰਤ ਹੈ ਅਤੇ ਅਸੀਂ ਇੰਗਲੈਂਡ ਦੀ ਸਭਿਅਤਾ ਨੂੰ ਬੇਰਹਿਮੀ ਤੇ ਜੰਗਲ਼ੀਪੁਣੇ ਦੇ ਸਮਿਆਂ ਵੱਲ ਵਾਪਸ ਲਿਜਾ ਰਹੇ ਹਾਂ। ਸਾਡਾ ਮੰਨਣਾ ਹੈ ਕਿ ਜੇ ਕਿਤੇ ਗਵਰਨਰ ਜਨਰਲ ਖ਼ੁਦ ਉਸ ਮੌਕੇ ਮੌਜੂਦ ਹੁੰਦੇ, ਤਾਂ ਉਨ੍ਹਾਂ ਜ਼ਰੂਰ ਵੱਡੇ ਧਰਮ-ਸੰਕਟ 'ਚ ਫਸ ਜਾਣਾ ਸੀ ਕਿ ਕੀ ਉਹ ਦੀਵਾਨੀ ਕਾਨੂੰਨ ਦੀ ਪ੍ਰਵਾਨਗੀ ਤੋਂ ਬਗ਼ੈਰ ਮੌਤ ਦੀ ਅਜਿਹੀ ਸਜ਼ਾ ਦਾ ਹੁਕਮ ਦੇਣ ਜਾਂ ਨਾ। ਸੱਚਮੁਚ ਸੜ ਰਹੇ ਲੁਸ਼ਾਈ ਅਨਾਜ ਨਾਲ ਤੁਲਨਾ ਇਹ ਤੁਲਨਾ ਹੋ ਹੀ ਨਹੀਂ ਸਕਦੀ। ਇਨ੍ਹਾਂ ਦੋਵੇਂ ਕਾਰਜਾਂ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਇਨ੍ਹਾਂ 'ਚੋਂ ਇੱਕ ਸਦਾ ਜੰਗ ਵੇਲੇ ਹੀ ਸੰਭਵ ਹੈ। ਦੂਜੇ ਦੀ ਕੋਈ ਹੋਂਦ ਨਹੀਂ ਹੋ ਸਕਦੀ, ਬਹੁਤ ਜ਼ਿਆਦਾ ਖ਼ਤਰੇ 'ਚ ਰਾਸ਼ਟਰ ਨੂੰ ਠੇਸ ਪਹੁੰਚਾਏ ਬਗ਼ੈਰ ਬਚ ਨਹੀਂ ਸਕਦਾ।

## ਫ਼ਰੈਂਡ ਆੱਫ਼ ਇੰਡੀਆ

*ਫ਼ਰਵਰੀ, 1872*

ਸਾਨੂੰ ਜਾਪਦਾ ਹੈ ਕਿ ਖ਼ਤਰਨਾਕ ਡਿਊਟੀਆਂ ਨਿਭਾਉਣ ਵਾਲੇ ਸਾਡੇ ਅਧਿਕਾਰੀਆਂ

ਦੇ ਹੱਥ ਨਾ ਬੰਨ੍ਹਣ ਦੀ ਜ਼ਰੂਰਤ ਬਾਰੇ ਅਸੀਂ ਕਿਸੇ ਵੀ ਹੱਦ ਤੱਕ ਬਕਵਾਸ ਕਰਾਂਗੇ, ਹੌਸਲੇ ਦੀ ਘਾਟ ਨਾਲ ਸਾਮਰਾਜ ਨੂੰ ਖ਼ਤਰਾ ਹੋ ਸਕਦਾ ਹੈ। ਪਰ ਸਾਡਾ ਮੰਨਣਾ ਹੈ ਕਿ ਹੌਸਲੇ ਦੀ ਘਾਟ ਸਦਕਾ ਹੀ ਇਸ ਕਿਸਮ ਦੀਆਂ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ। ਹੌਸਲੇ ਵਾਲਾ ਵਿਅਕਤੀ ਖ਼ਤਰੇ ਦਾ ਸਾਹਮਣਾ ਕਰਨ ਲਈ ਤਿਆਰ ਰਹਿੰਦਾ ਹੈ, ਨਾ ਕਿ ਬੇਪਰਵਾਹੀ ਨਾਲ ਕੋਈ ਮਨੁੱਖੀ ਜਾਨ ਲੈ ਲੈਂਦਾ ਹੈ। ਜਿਸ ਵਿਅਕਤੀ 'ਚ ਦਲੇਰੀ ਦੀ ਘਾਟ ਹੁੰਦੀ ਹੈ, ਉਹੀ ਥੋੜ੍ਹੇ ਜਿੰਨੇ ਖ਼ਤਰੇ ਦੇ ਸ਼ੰਕੇ ਤੋਂ ਹੀ ਦੁਸ਼ਮਣ ਬਣਨ ਲਈ ਤਿਆਰ ਰਹਿੰਦਾ ਹੈ। ਅਸੀਂ ਕਿਸੇ ਵੀ ਤਰ੍ਹਾਂ 'ਇੰਗਲਿਸ਼ਮੈਨ' ਦੇ ਨਾਲ ਨਹੀਂ ਸਾਂ, ਜਦੋਂ ਉਸ ਨੇ ਉਚਿਤ ਜੰਗ ਦੇ ਸਾਧਾਰਣ ਨਿਯਮ ਨੂੰ ਅੰਜਾਮ ਦੇਣ ਲਈ ਫ਼ੌਜੀ ਜਵਾਨਾਂ ਦੀ ਤਿੱਖੀ ਆਲੋਚਨਾ ਕੀਤੀ ਸੀ, ਅਤੇ ਨਾ ਹੀ ਅਸੀਂ ਨਾਕਾਮ ਕੱਟੜ ਬਗ਼ਾਵਤ ਤੋਂ ਬਾਅਦ ਨਿਹੱਥੇ ਕੈਦੀਆਂ ਨੂੰ ਵਹਿਸ਼ੀਆਨਾ ਢੰਗ ਨਾਲ ਤੋਪਾਂ ਨਾਲ ਉਡਾਉਣ ਦੇ ਹੱਕ 'ਚ ਹਾਂ। ਜੇ ਸ੍ਰੀ ਕਾਵਨ ਮੌਤ ਦੀਆਂ ਸਜ਼ਾਵਾਂ ਦੇਣ ਵੇਲੇ ਮੌਜੂਦ ਨਾ ਹੁੰਦੇ, ਤਾਂ ਸਰਕਾਰ ਨੇ ਤੁਰੰਤ ਅਫ਼ਵਾਹ ਦਾ ਖੰਡਨ ਕਰ ਦੇਣਾ ਸੀ। ਜੇ ਉਹ ਸੰਤੁਸ਼ਟ ਸਨ – ਅਤੇ ਸਾਨੂੰ ਖ਼ਦਸ਼ਾ ਹੈ ਤੇ ਇਸ 'ਚ ਕੋਈ ਸ਼ੱਕ ਨਹੀਂ ਕਿ ਉਹ ਇਸ ਮੁੱਦੇ 'ਤੇ ਪੂਰੀ ਤਰ੍ਹਾਂ ਸੰਤੁਸ਼ਟ ਸਨ ਉਨ੍ਹਾਂ ਕਿਸੇ ਇਤਿਹਾਸਕ ਕੰਮ ਨੂੰ ਅੰਜਾਮ ਦੇ ਦਿੱਤਾ ਹੈ ਕਿ ਜਿਸ ਦੀ ਅਜਿਹੀ ਜਾਂਚ ਕੀਤੀ ਜਾਵੇਗੀ ਕਿ ਜੋ ਬ੍ਰਿਟਿਸ਼ ਅਧਿਕਾਰੀ ਦੀ ਤਾਕਤ ਨੂੰ ਇੱਕ ਨਵੇਂ ਆਧਾਰ 'ਤੇ ਪਹੁੰਚਾ ਦੇਵੇਗੀ। ਵੱਡੀ ਬਗ਼ਾਵਤ (1857 ਦੀ) ਦੇ ਨਾਇਕਾਂ ਵੱਲੋਂ ਪ੍ਰਵਾਨ ਕੀਤੀ ਗਈ ਜ਼ਿੰਮੇਵਾਰੀ ਅਤੇ ਉਨ੍ਹਾਂ ਦੇ ਨਾਮ ਅਮਰ ਹੋ ਗਏ ਸਨ ਪਰ ਜ਼ਿੰਮੇਵਾਰੀ ਸਜ਼ਾਵਾਂ ਨਾਲ ਪ੍ਰਵਾਨ ਕੀਤੀ ਜਾਂਦੀ ਹੈ ਅਤੇ ਜੇ ਕੋਈ ਵਿਅਕਤੀ ਗ਼ਲਤੀ ਕਰਦਾ ਹੈ ਤਾਂ ਜਿੱਥੇ ਕਿਤੇ ਵੀ ਮਨੁੱਖੀ ਜੀਵਨ ਦਾ ਸਬੰਧ ਹੈ, ਤਾਂ ਉਸ ਨੂੰ ਉਹ ਮੰਨਣੀ ਚਾਹੀਦੀ ਹੈ। ਅਸੀਂ ਇਹ ਨਹੀਂ ਮੰਨਦੇ ਕਿ ਭਾਰਤ 'ਚ ਸਾਡਾ ਰਾਜ ਤੇ ਸਾਡੀ ਸਰਦਾਰੀ ਦੇ ਜਾਰੀ ਰਹਿਣ ਲਈ ਅਜਿਹੇ ਕਾਰਜਾਂ ਦੀ ਕੋਈ ਜ਼ਰੂਰਤ ਹੈ। ਅਸੀਂ ਇਹ ਮੰਨ ਸਕਦੇ ਹਾਂ ਕਿ ਉਹ ਅਜਿਹੀ ਕਿਸੇ ਵੀ ਚੀਜ਼ ਤੋਂ ਵੱਧ ਖ਼ਤਰਨਾਕ ਹਨ ਜੋ ਅਸੀਂ ਕਰ ਸਕਦੇ ਹਾਂ। ਕਿਉਂਕਿ ਜੇ ਅਸੀਂ ਇਹ ਨਹੀਂ ਦਰਸਾ ਸਕਦੇ ਕਿ ਸਾਡੀ ਹਕੂਮਤ ਅਧੀਨ ਮਨੁੱਖੀ ਜ਼ਿੰਦਗੀ ਵਧੇਰੇ ਕੀਮਤੀ ਹੈ ਤੇ ਨਿਆਂ ਮਿਲਣਾ ਯਕੀਨੀ ਹੈ ਤਾਂ ਅਸੀਂ ਉਨ੍ਹਾਂ ਭੈੜੇ ਤੋਂ ਭੈੜੇ ਹਾਕਮਾਂ ਦੇ ਹੀ ਸਮਾਨ ਹੋਵਾਂਗੇ ਜੋ ਭਾਰਤ ਨੂੰ ਜਿੱਤਣ ਲਈ ਆਏ ਸਨ। ਇੱਕ ਚੰਗੀ ਸਰਕਾਰ ਦੀ ਵਧੀਆ ਹਕੂਮਤ ਦੀ ਬੁਨਿਆਦ ਦਾ ਮਾਣ ਸਮਝੇ ਜਾਂਦੇ ਇਨਸਾਫ਼ ਦੇ ਨਿਯਮਾਂ, ਸੰਜਮ ਤੇ ਸੰਤੁਲਨ ਤੋਂ ਜੇ ਅਸੀਂ ਲਾਂਭੇ ਹੋਵਾਂਗੇ ਤਾਂ ਪ੍ਰਬੰਧਕੀ ਤਾਕਤ ਤੇ ਯੋਗਤਾ ਵੀ ਕੰਮ ਨਹੀਂ ਆਵੇਗੀ। ਭਾਰਤ ਸਰਕਾਰ ਸਮੇਂ-ਸਮੇਂ 'ਤੇ ਇਸ ਫ਼ੌਜੀ ਸਿੱਖਿਆ ਦੀ ਮੁਕੰਮਲ ਤੇ ਖੋਜ-ਭਰਪੂਰ ਜਾਂਚ ਨਹੀਂ ਕਰਵਾਏਗੀ। ਜਿਹੜਾ ਅਨਾਜ ਅਸੀਂ ਨਸ਼ਟ ਕੀਤਾ, ਅਸੀਂ ਉਸ ਨੂੰ ਥੋੜ੍ਹਾ ਧਨ ਖ਼ਰਚ ਕੇ ਮੁੜ ਪੈਦਾ ਕਰ ਸਕਦੇ ਹਾਂ; ਪਰ ਜਿਹੜੀਆਂ ਜਾਨਾਂ ਅਸੀਂ ਖ਼ਤਮ ਕਰ ਦਿੱਤੀਆਂ, ਉਨ੍ਹਾਂ ਨੂੰ ਅਸੀਂ ਵਾਪਸ ਨਹੀਂ ਲਿਆ ਸਕਦੇ। ਸਭਿਅਤਾ ਤੇ ਜੰਗਲ਼ੀ ਅਸੱਭਿਅਕਪੁਣੇ ਵਿਚਾਲੇ ਇਹੋ ਫ਼ਰਕ ਹੈ ਅਤੇ ਯਕੀਨੀ ਤੌਰ 'ਤੇ ਅਸੀਂ ਇਨ੍ਹਾਂ 'ਚੋਂ ਕਿਸੇ ਇੱਕ ਪਾਸੇ ਤਾਂ ਜ਼ਰੂਰ ਹਾਂ, ਕੀ ਅਸੀਂ ਜੰਗਲ਼ੀਪੁਣੇ ਵੱਲ ਹਾਂ ਕਿ ਸਭਿਅਕ ਪਾਸੇ।

## ਦਿ ਇੰਗਲਿਸ਼ਮੈਨ

*10 ਫ਼ਰਵਰੀ, 1872*

**ਕੂਕਾ ਬਗ਼ਾਵਤ।** ਸਾਨੂੰ ਜਾਣਕਾਰੀ ਮਿਲੀ ਹੈ ਕਿ ਦੋ ਜਾਂ ਤਿੰਨ ਮਹੀਨੇ ਪਹਿਲਾਂ ਉੱਚ ਅਧਿਕਾਰੀਆਂ ਨੂੰ ਅਜਿਹੀ ਜਾਣਕਾਰੀ ਮਿਲ ਗਈ ਸੀ ਕਿ ਕੂਕੇ ਆਮ ਬਗ਼ਾਵਤ ਬਾਰੇ ਵਿਚਾਰ-ਚਰਚਾ ਕਰ ਰਹੇ ਹਨ। ਹਾਲੀਆ ਘਟਨਾਵਾਂ ਨੇ ਹੁਣ ਇਹ ਸਿੱਧ ਕਰ ਦਿੱਤਾ ਹੈ ਕਿ ਉਨ੍ਹਾਂ ਅਫ਼ਵਾਹਾਂ 'ਚ ਕੁਝ ਸੱਚਾਈ ਸੀ। ਸਾਨੂੰ ਇਸ ਗੱਲ 'ਚ ਰੱਤੀ ਭਰ ਵੀ ਸ਼ੱਕ ਨਹੀਂ ਹੈ ਕਿ ਇੱਕ ਬਹੁਤ ਭਿਆਨਕ ਕਿਸਮ ਦੀ ਬਗ਼ਾਵਤ ਨੂੰ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤਾ ਗਿਆ ਸੀ।

ਫ਼ਾਰਸਿਥ ਤੇ ਕਾਵਨ ਜਿਹੇ ਅਧਿਕਾਰੀਆਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਨਾ ਬਣਦਾ ਹੈ ਤੇ ਭਾਰਤ 'ਚ ਅੰਗਰੇਜ਼ ਭਾਈਚਾਰੇ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਕਿੰਨੇ ਮਹਾਨ ਹੌਸਲੇ ਨਾਲ 49 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦੀ ਭਾਰੀ ਜ਼ਿੰਮੇਵਾਰੀ ਆਪਣੇ 'ਤੇ ਲਈ। ਜਿਵੇਂ ਕਿ ਅਸੀਂ ਪਹਿਲਾਂ ਵੀ ਆਖਿਆ ਹੈ ਕਿ ਜੇ ਕਿਤੇ ਅਸੀਂ 1857 ਦੀ ਬਗ਼ਾਵਤ ਦੇ ਪਹਿਲੇ ਸੰਕੇਤ ਮਿਲਦੇ ਸਾਰ ਹੀ ਅਜਿਹੇ ਕਦਮ ਚੁੱਕ ਲੈਂਦੇ, ਤਾਂ ਅਸੀਂ ਇੱਕ ਖ਼ੌਫ਼ਨਾਕ ਵਿਦਰੋਹ ਤੋਂ ਬਚ ਸਕਦੇ ਸਾਂ। ਸਾਡਾ ਮੰਨਣਾ ਹੈ ਕਿ ਸਰਕਾਰ ਨੂੰ ਇਸ ਤੱਥ ਦੀ ਪੂਰੀ ਜਾਣਕਾਰੀ ਹੈ ਕਿ ਸਿੱਖਾਂ ਦੀ ਆਮ ਬਗ਼ਾਵਤ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। ਸਾਨੂੰ ਪੂਰੀ ਆਸ ਹੈ ਕਿ ਲਾਰਡ ਮਾਯੋ ਹੁਣ ਸ੍ਰੀ ਕਾਵਨ ਵੱਲੋਂ ਚੁੱਕੇ ਗਏ ਕਦਮਾਂ ਦੀ ਪੁਸ਼ਟੀ ਕਰ ਕੇ ਜ਼ਿਲ੍ਹਾ ਅਧਿਕਾਰੀਆਂ ਦੇ ਹੱਥ ਮਜ਼ਬੂਤ ਕਰਨਗੇ। ਇਸ ਦੇਸ਼ ਦੇ ਨਾਗਰਿਕਾਂ ਨੂੰ ਇਹ ਵਿਖਾਉਣਾ ਚਾਹੀਦਾ ਹੈ ਕਿ ਸਰਕਾਰ ਬਾਗ਼ੀਆਂ ਨਾਲ ਬਿਲਕੁਲ ਕੋਈ ਨਰਮੀ ਨਹੀਂ ਵਰਤੇਗੀ ਭਾਵੇਂ ਉਹ ਸਿੱਖ ਹੋਣ ਤੇ ਚਾਹੇ ਮੁਸਲਿਮ। *ਦਿੱਲੀ ਗਜ਼ਟ*

## ਦਿ ਇੰਗਲਿਸ਼ਮੈਨ

*14 ਫ਼ਰਵਰੀ, 1872*

**ਕੂਕਿਆਂ ਬਾਰੇ ਹੋਰ ਜਾਣਕਾਰੀ।** ਸਰਕਾਰ ਨੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਨੂੰ ਉਸ ਜ਼ਿਲ੍ਹੇ ਦੀਆਂ ਹਾਲੀਆ ਘਟਨਾਵਾਂ ਅਤੇ ਉਨ੍ਹਾਂ ਦੀਆਂ ਹਦਾਇਤਾਂ ਨਾਲ ਮੌਤ ਦੀਆਂ ਸਜ਼ਾਵਾਂ ਦਿੱਤੇ ਜਾਣ ਦੇ ਕਾਰਣਾਂ ਬਾਰੇ ਬਿਆਨ ਦੇਣ ਲਈ ਕਿਹਾ ਹੈ। ਇਨ੍ਹਾਂ ਨੂੰ ਛੇਤੀ ਹੀ ਹਰ ਹਾਲਤ 'ਚ ਛਾਪਣਾ ਹੋਵੇਗਾ, ਸਾਨੂੰ ਇਨ੍ਹਾਂ ਦਾ ਹੋਰ ਹਵਾਲਾ ਦੇਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਆਮ ਪ੍ਰਵਾਨਗੀ ਮਿਲ ਹੀ ਜਾਵੇਗੀ।

ਹੋਰ ਨਿਰੀਖਣ ਲਈ ਲੁਧਿਆਣਾ ਲਿਆਂਦੇ ਗਏ ਕੈਦੀਆਂ ਵਿੱਚੋਂ ਚਾਰ ਹੋਰਨਾਂ ਦੀ ਸੁਣਵਾਈ ਕਮਿਸ਼ਨਰ ਸਾਹਵੇਂ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ (ਹਵਾਲਗੀ ਕਾਨੂੰਨ ਅਧੀਨ) ਮੌਤ ਦੀ ਸਜ਼ਾ ਦਿੱਤੀ ਗਈ ਸੀ। ਭਾਵੇਂ ਚੀਫ਼ ਕੋਰਟ ਨੇ ਉਨ੍ਹਾਂ ਦੀ ਸਜ਼ਾ ਨੂੰ ਉਮਰ ਲਈ ਦੇਸ਼-ਨਿਕਾਲ਼ੇ 'ਚ ਤਬਦੀਲ ਕਰ ਦਿੱਤਾ ਸੀ।

ਇਸੇ ਮਹੀਨੇ ਦੀ ਪਹਿਲੀ ਤਰੀਕ ਨੂੰ ਪਟਿਆਲਾ ਦੇ ਅਧਿਕਾਰੀਆਂ ਨੇ 19 ਹੋਰ ਭਗੌੜੇ ਬਾਗ਼ੀਆਂ ਨੂੰ ਗ੍ਰਿਫ਼ਤਾਰ ਕਰ ਕੇ ਪਟਿਆਲਾ ਦੇ ਫ਼ੌਜੀ ਦਸਤਿਆਂ ਦੀ ਨਿਗਰਾਨੀ ਹੇਠ ਲੁਧਿਆਣਾ ਲਿਆਂਦਾ ਗਿਆ ਸੀ। ਡਿਪਟੀ ਕਮਿਸ਼ਨਰ ਵੱਲੋਂ ਹਰ ਵਿਅਕਤੀ ਦਾ ਬਹੁਤ ਧਿਆਨ ਨਾਲ ਨਿਰੀਖਣ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ, ਤਾਂ ਜੋ ਇਹ ਸਹੀ-ਸਹੀ ਪਤਾ ਲਾਇਆ ਜਾ ਸਕੇ ਕਿ ਕੀ ਉਹ ਮਲੌਦ ਤੇ ਮਲੇਰਕੋਟਲਾ ’ਤੇ ਹਮਲੇ ਕਰਨ ਵਾਲੀ ਟੋਲੀ ਦੇ ਮੈਂਬਰ ਸਨ ਵੀ ਜਾਂ ਨਹੀਂ। ਮੰਦੇਭਾਗੀਂ ਅਜਿਹਾ ਕੋਈ ਵੀ ਹਾਂ-ਪੱਖੀ ਸਾਧਨ ਮੌਜੂਦ ਨਹੀਂ ਸੀ ਕਿ ਜਿਸ ਨਾਲ ਉਨ੍ਹਾਂ ਦੀ ਸ਼ਨਾਖ਼ਤ ਕੀਤੀ ਜਾ ਸਕੇ ਕਿ ਉਹ ਹਮਲਿਆਂ ’ਚ ਸ਼ਾਮਲ ਸਨ ਜਾਂ ਨਹੀਂ; ਉਨ੍ਹਾਂ ਦੀ ਸ਼ਨਾਖ਼ਤ ਸਿਰਫ਼ ਉਹੀ ਕੂਕੇ ਕਰ ਸਕਦੇ ਸਨ, ਜਿਨ੍ਹਾਂ ਨੂੰ ਪਹਿਲਾਂ ਇਸ ਮਾਮਲੇ ’ਚ ਦੋਸ਼ੀ ਠਹਿਰਾਇਆ ਜਾ ਚੁੱਕਾ ਸੀ। ਜਿਵੇਂ ਕੀ ਆਸ ਸੀ, ਪਹਿਲਾਂ ਤੋਂ ਦੋਸ਼ੀ ਕਰਾਰ ਦਿੱਤੇ ਗਏ ਚਾਰ ਕੂਕਿਆਂ ਨੇ ਉਨ੍ਹਾਂ ’ਚੋਂ ਕਿਸੇ ਨੂੰ ਨਹੀਂ ਪਛਾਣਿਆ ਅਤੇ ਕੁਝ ਹੋਰ ਪੁੱਛਗਿੱਛ ਤੋਂ ਬਾਅਦ ਉਨ੍ਹਾਂ 19 ਖ਼ੁਸ਼ਕਿਸਮਤ ਕੈਦੀਆਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਉਨ੍ਹਾਂ ਦੇ ਨਾਮ ਤੇ ਪਤੇ ਲੈ ਲਏ ਗਏ ਸਨ ਅਤੇ ਫਿਰ ਉਨ੍ਹਾਂ ਨੂੰ ਆਪੋ-ਆਪਣੇ ਘਰ ਜਾਣ ਦਿੱਤਾ ਗਿਆ ਸੀ।

ਜਿਸ ਦਿਨ ਬਾਬਾ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਇੱਥੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ, ਉਸੇ ਦਿਨ ਉਨ੍ਹਾਂ ਦੇ ਪਿੰਡ ਭੈਣੀ ਤੋਂ ਪੁਲਿਸ ਨੇ ਲਗਭਗ 150 ਹੋਰ ਕੂਕਿਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਸੀ। ਇਹ ਵੇਖਿਆ ਗਿਆ ਸੀ ਕਿ ਉਨ੍ਹਾਂ ’ਚੋਂ ਬਹੁਤੇ ਵੇਖਣ ਨੂੰ ਬਹੁਤ ਹੀ ਉੱਤਮ ਅਤੇ ਸਤਿਕਾਰਯੋਗ ਕਿਸਮ ਦੇ ਲੋਕ ਵੀ ਸਨ ਜੋ ਚੰਗੇ ਸਿੱਖ ਪਰਿਵਾਰਾਂ ਨਾਲ ਸੰਬੰਧਤ ਜਾਪਦੇ ਸਨ। ਇਹ ਪਾਇਆ ਗਿਆ ਸੀ ਕਿ ਉਹ ਪੰਜਾਬ ਦੇ ਵੱਖੋ-ਵੱਖਰੇ ਭਾਗਾਂ ਤੋਂ ਲੋਹੜੀ ਮੇਲੇ ਜਾਂ (ਗੁਰੂ) ਰਾਮ ਸਿੰਘ ਜੀ ਦੀ ਰਿਹਾਇਸ਼ਗਾਹ ’ਤੇ ਲੱਗੇ ਮੇਲੇ ’ਚ ਸ਼ਾਮਲ ਹੋਣ ਲਈ ਪੁੱਜੇ ਹੋਏ ਸਨ। ਉਹ ਆਪਣੇ ਜੀਵਨ ਦੇ ਜ਼ਿਆਦਾਤਰ ਹਿੱਸੇ ਦਾ ਚੰਗਾ ਲੇਖਾ-ਜੋਖਾ ਦੇ ਸਕਦੇ ਸਨ ਅਤੇ ਨਾਲ ਹੀ ਭਵਿੱਖ ’ਚ ਆਪਣੇ ਚੰਗੇ ਵਿਵਹਾਰ ਲਈ ਵਾਜਬ ਜ਼ਮਾਨਤ ਦੇਣ ਦੇ ਵੀ ਸਮਰੱਥ ਸਨ ਅਤੇ ਲਗਭਗ 20 ਜਣਿਆਂ ਨੂੰ ਛੱਡ ਕੇ ਉਨ੍ਹਾਂ ਨੂੰ ਆਪੋ-ਆਪਣੇ ਘਰ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ। ਬਾਕੀ ਦੇ ਜਿਹੜੇ ਤਸੱਲੀਬਖ਼ਸ਼ ਜ਼ਮਾਨਤ ਨਹੀਂ ਦੇ ਸਕੇ ਸਨ, ਉਨ੍ਹਾਂ ਨੂੰ ਅਗਲੇ ਹੁਕਮਾਂ ਤੱਕ ਜੇਲ੍ਹ ਭੇਜ ਦਿੱਤਾ ਗਿਆ ਸੀ। ਉਨ੍ਹਾਂ ’ਚੋਂ ਇੱਕ (ਗੁਰੂ) ਰਾਮ ਸਿੰਘ ਜੀ ਦਾ ਆਪਣਾ ਖ਼ਜ਼ਾਨਚੀ ਜਾਂ ਭੰਡਾਰੀ ਸੀ। ਇਹ ਵਿਅਕਤੀ ਖ਼ਜ਼ਾਨੇ ਅਤੇ ਅਨਾਜ-ਭੰਡਾਰ ਦਾ ਇੰਚਾਰਜ ਸੀ ਅਤੇ ਉਹ ਜ਼ਮਾਨਤ ਲੈਣ ਦਾ ਇੱਛੁਕ ਨਹੀਂ ਸੀ ਪਰ ਉਸ ਨੂੰ ਤਿੰਨ ਤਰੀਕ ਨੂੰ ਰਿਹਾਅ ਕਰ ਕੇ ਭੈਣੀ ਵਾਪਸ ਭੇਜ ਦਿੱਤਾ ਗਿਆ ਸੀ। ਭਾਵੇਂ ਹਾਲ ਦੀ ਘੜੀ ਉਸ ਦਾ ਰੁਜ਼ਗਾਰ ਚਲਾ ਗਿਆ ਸੀ ਪਰ ਅਧਿਕਾਰੀ ਉਸ ’ਤੇ ਨਜ਼ਰ ਰੱਖਣੀ ਚਾਹੁੰਦੇ ਸਨ ਕਿਉਂਕਿ ਅਜਿਹੀ ਅਫ਼ਵਾਹ ਹੈ ਕਿ (ਗੁਰੂ) ਰਾਮ ਸਿੰਘ ਜੀ ਦੀ ਰਿਹਾਇਸ਼ਗਾਹ ਨੇੜੇ ਕਿਤੇ ਭਾਰੀ ਮਾਤਰਾ ’ਚ ਖ਼ਜ਼ਾਨਾ ਲੁਕਾ ਕੇ ਰੱਖਿਆ ਗਿਆ ਹੈ। ਇਸ ਦੀ ਭਾਲ਼ ਪਹਿਲਾਂ ਵੀ ਕੀਤੀ ਗਈ ਹੈ; ਪਰ ਕੁਝ ਵੀ ਨਹੀਂ ਮਿਲਿਆ ਸੀ। ਪਰ ਅਧਿਕਾਰੀ ਉੱਥੇ ਮੌਜੂਦ ਬਹੁਤ ਜ਼ਿਆਦਾ

ਭਾਰੀ ਮਾਤਰਾ 'ਚ ਅਨਾਜ ਨੂੰ ਵੇਖ ਕੇ ਹੈਰਾਨ ਹੋਏ ਸਨ। ਉਸ ਭੰਡਾਰ ਨੂੰ ਕੁਰਕ ਕਰ ਕੇ ਅਗਲੇ ਹੁਕਮਾਂ ਤੱਕ ਆਪਣੇ ਕਬਜ਼ੇ 'ਚ ਲੈ ਲਿਆ ਗਿਆ ਸੀ। ਸਰਕਾਰ ਨੇ ਕਿਉਂਕਿ ਬਾਬਾ ਰਾਮ ਸਿੰਘ ਜੀ 'ਤੇ ਹੋਰ ਮੇਲਿਆਂ ਆਦਿ 'ਚ ਜਾਣ 'ਤੇ ਪਾਬੰਦੀ ਲਾਈ ਹੋਈ ਸੀ, ਇਸੇ ਲਈ ਲੋਹੜੀ ਮੇਲੇ ਮੌਕੇ ਉਨ੍ਹਾਂ ਦੀ ਆਪਣੀ ਰਿਹਾਇਸ਼ਗਾਹ 'ਤੇ ਬਹੁਤ ਵੱਡੀ ਗਿਣਤੀ 'ਚ ਸ਼ਰਧਾਲੂ ਪਹਿਲਾਂ ਪੁੱਜਦੇ ਰਹੇ ਸਨ। ਅਧਿਕਾਰੀਆਂ ਨੂੰ ਨਹੀਂ ਲੱਗਦਾ ਸੀ ਕਿ ਕੋਈ ਗੰਭੀਰ ਕਿਸਮ ਦਾ ਹਮਲਾ ਹੋਵੇਗਾ ਪਰ ਸਾਰੇ ਚੌਕਸ ਸਨ। ਸਥਾਨਕ ਹਲਕਿਆਂ 'ਚ ਲੰਮੇ ਸਮੇਂ ਤੋਂ ਚੱਲੀ ਆ ਰਹੀ ਬੇਚੈਨੀ ਹੋਰ ਵੀ ਜ਼ਿਆਦਾ ਮਹਿਸੂਸ ਕੀਤੀ ਜਾ ਰਹੀ ਸੀ। ਕੂਕਾ ਮੁਖ਼ਬਰਾਂ ਨੇ ਐਲਾਨ ਕੀਤਾ ਹੈ ਕਿ ਇਸ ਸੰਪਰਦਾਇ ਦਾ ਇੱਕ ਸੁਫ਼ਨਾ ਸਰਕਾਰ ਗਿਰਾਉਣਾ ਅਤੇ ਪਦਕ੍ਰਮ ਕਾਇਮ ਕਰਨਾ ਸੀ ਅਜਿਹਾ ਵਿਚਾਰ ਬਹੁਤ ਹਾਸੋਹੀਣਾ ਸੀ ਕਿ ਇਹ ਮੰਨ ਲਿਆ ਗਿਆ ਸੀ ਕਿ ਇਸ ਪਾਸਿਓਂ ਕੋਈ ਕੋਸ਼ਿਸ਼ ਨਹੀਂ ਕੀਤੀ ਜਾਵੇਗੀ। ਪਰ ਕੱਟੜ ਲੋਕਾਂ ਲਈ ਕੋਈ ਵੀ ਪਾਗਲਪਣ ਕਰਨਾ ਸੰਭਵ ਨਹੀਂ ਅਤੇ ਸਥਾਨਕ ਨਿਵਾਸੀਆਂ ਦਾ ਜ਼ਿਆਦਾਤਰ ਇਹ ਪੱਕਾ ਮੰਨਣਾ ਸੀ ਕਿ ਰਾਜਧਰੋਹੀ ਸੰਪਰਦਾਇ ਨਾਲ ਸੰਬੰਧਤ ਕੂਕਿਆਂ ਵੱਲੋਂ ਅਜਿਹੀ ਕੋਸ਼ਿਸ਼ ਦੇਰ-ਸਵੇਰ ਕੀਤੀ ਜਾਵੇਗੀ। ਬਗ਼ਾਵਤ ਦੌਰਾਨ ਲੁਧਿਆਣਾ 'ਚ ਕਾਫ਼ੀ ਖ਼ੌਫ਼ ਬਣਿਆ ਰਿਹਾ ਸੀ। ਸ਼ਿਕਾਰੀਆਂ ਤੇ ਮਛੇਰਿਆਂ ਦਾ ਜੰਗਲ਼ਾਂ 'ਚ ਜਾਂ ਦਰਿਆ ਤੱਕ ਜਾਣ ਦਾ ਜੇਰਾ ਨਹੀਂ ਸੀ ਪੈਂਦਾ ਪਰ ਹੁਣ ਉਹ ਆਪੋ-ਆਪਣੇ ਕਾਰੋਬਾਰਾਂ 'ਚ ਪਰਤਣੇ ਸ਼ੁਰੂ ਹੋ ਗਏ ਹਨ। ਬਾਬਾ ਰਾਮ ਸਿੰਘ ਜੀ ਨੂੰ ਇੱਥੋਂ ਬਾਹਰ ਭੇਜ ਦੇਣ ਨਾਲ ਸ਼ਾਇਦ ਕੂਕਿਆਂ ਦੀ ਏਕਤਾ ਟੁੱਟ ਜਾਵੇਗੀ। ਉਂਝ ਉਹ ਆਪ ਤਾਂ ਇਹੋ ਆਖ ਰਹੇ ਹਨ ਕਿ ਇਸ ਧਰਤੀ 'ਤੇ ਅਕਾਲ ਪੁਰਖ ਦੇ ਦਾਸ ਨੂੰ ਕੋਈ ਵੀ ਜੇਲ੍ਹ 'ਚ ਕੈਦ ਕਰ ਕੇ ਨਹੀਂ ਰੱਖ ਸਕਦਾ। ਜੇ ਬਾਬਾ ਜੀ ਜੇਲ੍ਹ 'ਚ ਰਹਿੰਦੇ ਹਨ, ਤਾਂ ਉਨ੍ਹਾਂ ਦੇ ਪਵਿੱਤਰ ਕਿਰਦਾਰ 'ਤੇ ਸ਼ੰਕੇ ਉਪਜਣਗੇ ਅਤੇ ਸ਼ਾਇਦ ਉਨ੍ਹਾਂ ਦਾ ਵੱਡਾ ਪ੍ਰਭਾਵ ਛੇਤੀ ਭੁਲਾ ਦਿੱਤਾ ਜਾਵੇ। – *ਇੰਡੀਅਨ ਪਬਲਿਕ ਓਪੀਨੀਅਨ।*

## ਦਿ ਇੰਗਲਿਸ਼ਮੈਨ

*15 ਫ਼ਰਵਰੀ, 1872*

'ਇੰਡੀਅਨ ਪਬਲਿਕ ਓਪੀਨੀਅਨ' ਅਨੁਸਾਰ ਇੰਝ ਜਾਪਦਾ ਹੈ ਕਿ 'ਦਿ ਔਰੋਰਾ ਬੋਰਿਐਲਿਸ' ਨੇ ਰਾਏਕੋਟ 'ਚ ਪਿਛਲੀਆਂ ਗਰਮੀਆਂ ਦੇ ਮੌਸਮ ਦੌਰਾਨ ਕਸਾਈਆਂ ਦੇ ਕਤਲਾਂ ਦੇ ਮਾਮਲੇ 'ਤੇ ਉੱਥੋਂ ਦੇ ਕੂਕਿਆਂ 'ਚ ਕੁਝ ਜੋਸ਼ ਭਰਿਆ ਹੈ। ਸਾਡਾ ਸਮਕਾਲੀ ਲਿਖਦਾ ਹੈ,''ਲਗਭਗ ਇੱਕ ਸੌ ਪਰਿਵਾਰ ਬਹੁਤ ਜੋਸ਼ੀਲੀ ਹਾਲਤ 'ਚ ਵਿਖਾਈ ਦਿੰਦੇ ਹਨ ਤੇ ਉਨ੍ਹਾਂ ਆਪਣੇ ਨਾਮ ਕੂਕਾ ਮੁਤਾਬਕ ਜੰਗਲ਼ੀ ਕਿਸਮ ਦੇ ਮੁਜ਼ਾਹਰੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਮਰਦਾਂ ਨੇ ਆਪਣੀਆਂ ਦਸਤਾਰਾਂ ਪਾੜ ਦਿੱਤੀਆਂ, ਆਪਣੇ ਕੇਸ ਖੋਲ੍ਹ ਦਿੱਤੇ ਤੇ ਨੱਚਣ ਲੱਗ ਪਏ ਅਤੇ ਆਪਣੀਆਂ ਬਾਹਾਂ ਇੱਧਰ-ਉੱਧਰ ਮਾਰਨ ਲੱਗੇ ਅਤੇ ਉੱਚੀ-ਉੱਚੀ ਚੀਕ ਕੇ ਆਖਿਆ ਕਿ ਇਹ

ਸੰਕੇਤ ਸੀ ਕਿ (ਗੁਰੂ) ਰਾਮ ਸਿੰਘ ਜੀ ਘਰ ਪਰਤ ਆਏ ਸਨ। ਪਰ ਤਦ ਉਹ ਡਾਢੇ ਨਿਰਾਸ਼ ਹੋ ਗਏ ਸਨ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਖ਼ਬਰ ਗ਼ਲਤ ਸੀ ਪਰ ਸਾਨੂੰ ਭਰੋਸਾ ਹੈ ਕਿ ਸਥਾਨਕ ਅਧਿਕਾਰੀ ਇਨ੍ਹਾਂ ਜੋਸ਼ੀਲੇ ਰਸੂਖ਼ਦਾਰਾਂ 'ਤੇ ਨਜ਼ਰ ਰੱਖਣਗੇ।''

## ਦਿ ਇੰਗਲਿਸ਼ਮੈਨ

*28 ਫ਼ਰਵਰੀ, 1872*

'ਦਿ ਮੁਫ਼ਸਲਾਈਟ' ਅਨੁਸਾਰ ਅੰਬਾਲਾ ਦੇ ਹਿੰਦੂਆਂ ਨੇ ਮੁਸਲਿਮ ਕਸਾਈਆਂ ਦੇ ਆਚਾਰ-ਵਿਹਾਰ ਨੂੰ ਲੈ ਕੇ ਸ਼ਿਕਾਇਤ ਕੀਤੀ ਹੈ ਕਿ ਜਦੋਂ ਉਹ ਆਪਣੀਆਂ ਦੁਕਾਨਾਂ ਵੱਲ ਸਦਰ ਬਾਜ਼ਾਰ ਨੂੰ ਜਾ ਰਹੇ ਹੁੰਦੇ ਹਨ, ਤਾਂ ਉਹ ਕਸਾਈ ਛਾਉਣੀ ਦੇ ਬੁੱਚੜਖਾਨੇ 'ਚ ਜ਼ਿਬ੍ਹਾ ਕੀਤਾ ਗਊ ਦਾ ਮਾਸ ਲਿਜਾ ਰਹੇ ਹੁੰਦੇ ਹਨ ਅਤੇ ਪੰਜਾਬ ਸਰਕਾਰ ਨੇ ਇਸ ਮਾਮਲੇ 'ਤੇ ਸ੍ਰੀ ਫ਼ਾਰਸਿਥ ਤੋਂ ਸਪੱਸ਼ਟੀਕਰਣ ਮੰਗ ਲਿਆ ਹੈ। ਕੀ ਇਹ ਹਿੰਦੂ ਵੀ ਕੂਕਿਆਂ ਦੀਆਂ ਪੈੜ-ਚਾਲਾਂ 'ਤੇ ਚੱਲਣ ਜਾ ਰਹੇ ਹਨ?

## ਦਿ ਫ਼੍ਰੈਂਡਜ਼ ਆੱਫ਼ ਇੰਡੀਆ

*8 ਫ਼ਰਵਰੀ, 1872*

**ਕੂਕਿਆਂ ਨੂੰ ਮੌਤ ਦੀਆਂ ਸਜ਼ਾਵਾਂ।** ਸਾਡੇ ਵੱਲੋਂ ਕੀਤੀ ਜਾ ਰਹੀ ਜਾਂਚ ਹਾਲੇ ਚੱਲ ਰਹੀ ਹੈ, ਬੇਸ਼ੱਕ ਉਹ ਸਖ਼ਤ ਤੇ ਤੁਰੰਤ ਹੋਵੇਗੀ, ਅਸੀਂ ਪਿਛਲੇ ਹਫ਼ਤੇ ਆਪਣੇ ਕਾਲਮਾਂ 'ਚ ਸ੍ਰੀ ਕਾਵਨ ਨੂੰ ਪ੍ਰਮੁੱਖਤਾ ਦਿੰਦਿਆਂ ਉਨ੍ਹਾਂ ਦੇ ਬਚਾਅ 'ਚ ਲਿਖਿਆ ਸੀ ਅਤੇ ਸਾਡੇ ਇੱਕ ਸਮਕਾਲੀ ਰੋਜ਼ਾਨਾ ਅਖ਼ਬਾਰ ਨੇ ਮੌਤ ਦੀਆਂ ਸਜ਼ਾਵਾਂ ਦੀ ਨਿੰਦਾ ਵਿੱਚ ਸਾਡੀ ਆਪਣੀ ਮਜ਼ਬੂਤ ਤੇ ਬੇਝਿਜਕ ਰਾਇ ਦੇ ਰੂਪ ਵਿੱਚ ਬਿਨਾਂ ਕੋਈ ਸ਼ਬਦ (ਚਿੱਠੀ) ਲਿਖਿਆਂ ਉਸ ਬਚਾਅ ਦਾ ਨਤੀਜਾ ਕੱਢਿਆ। ਸਾਨੂੰ ਇਸ 'ਚ ਕੋਈ ਸ਼ੱਕ ਨਹੀਂ ਕਿ ਇਹ ਇੱਕ ਦੁਰਘਟਨਾ ਸੀ ਕਿਉਂਕਿ 'ਇੰਡੀਅਨ ਡੇਲੀ ਨਿਊਜ਼' ਨੂੰ ਲੋਕਾਂ ਦੇ ਵਿਚਾਰ ਗ਼ਲਤ ਤਰੀਕੇ ਨਾਲ ਪੇਸ਼ ਕਰਨ ਦੀ ਆਦਤ ਨਹੀਂ ਹੈ। ਫਿਰ ਵੀ ਨੋਟਿਸ ਲਈ ਵਿਸ਼ਾ ਬਦਤਰ ਨਹੀਂ ਹੋਵੇਗਾ, ਅਸੀਂ ਭਾਰਤ 'ਚ ਸਭਨਾਂ ਦੇ ਹਿਤਾਂ ਲਈ ਸ੍ਰੀ ਕਾਵਨ ਦੀ ਕਾਰਵਾਈ ਦੇ ਹੱਕ 'ਚ ਇੱਕ ਸ਼ਬਦ ਵੀ ਨਹੀਂ ਲਿਖਾਂਗੇ ਜਾਂ ਆਪਣੇ ਕਾਲਮ 'ਚ ਇੱਕ ਸ਼ਬਦ ਨਹੀਂ ਲਿਖਾਂਗੇ ਅਤੇ ਰਿਕਾਰਡ ਵਿੱਚ ਵਿਰੋਧ 'ਚ ਆਪਣਾ ਕੋਈ ਨਿਜੀ ਵਿਚਾਰ ਨਹੀਂ ਰੱਖਾਂਗੇ। ਅਸੀਂ ਅੱਜ ਇੱਕ ਅਜਿਹੇ ਪੁਰਾਣੇ ਫ਼ੌਜੀ ਦੀ ਚਿੱਠੀ ਛਾਪ ਰਹੇ ਹਾਂ, ਜਿਸ ਨੂੰ ਆਪਣੇ ਤੋਂ ਡਰਨ ਦੀ ਜ਼ਰੂਰਤ ਨਹੀਂ ਹੈ, ਜਿੱਥੋਂ ਤੱਕ ਸਾਡਾ ਸਬੰਧ ਹੈ, ਅਤੇ ਸਾਨੂੰ ਆਸ ਹੈ ਕਿ 'ਰਿਕਾਰਡਿੰਗ ਏਂਜਲ' ਵੀ ਇਸ ਜਾਂ ਕਿਸੇ ਵੀ ਹੋਰ ਮਾਮਲੇ 'ਚ ਓਨਾ ਹੀ ਨਰਮ ਹੋਵੇਗਾ, ਜਿੱਥੇ ਇੱਕ ਵਿਅਕਤੀ ਨੂੰ ਇਨਸਾਨੀਅਤ ਲਈ ਬੋਲਣਾ ਪੈਂਦਾ ਹੈ। ਅਸੀਂ ਪਿਛਲੇ ਹਫ਼ਤੇ ਆਪਣੇ ਪਾਠਕਾਂ ਸਾਹਮਣੇ ਉਨ੍ਹਾਂ 50 ਵਿਅਕਤੀਆਂ ਨੂੰ ਵਹਿਸ਼ੀਆਨਾ ਢੰਗ ਨਾਲ ਮੌਤ ਦੀ ਸਜ਼ਾ ਦੇਣ ਲਈ ਸ੍ਰੀ ਕਾਵਨ ਦੇ

ਡਰਾਉਣੇ ਹੁਕਮ ਦੇ ਪ੍ਰਮੁੱਖ ਤੱਥ ਪਾਠਕਾਂ ਸਾਹਵੇਂ ਰੱਖੇ ਸਨ। ਕੀ ਸਾਡੇ ਪਾਠਕ ਯਕੀਨ ਕਰਨਗੇ ਕਿ 66 ਮਰਦਾਂ ਅਤੇ ਦੋ ਔਰਤਾਂ ਦੀ ਸਮੁੱਚੀ ਟੋਲੀ ਨੂੰ ਪੂਰੀਆਂ ਕੋਸ਼ਿਸ਼ਾਂ ਨਾਲ ਆਖ਼ਰ ਲੱਭ ਲਿਆ ਗਿਆ ਸੀ ਤੇ ਉਸ ਵੇਲੇ ਉਹ ਟੋਲੀ ਭੋਜਨ ਖੁਣੋਂ ਅਤੇ ਕਈ ਕਿਸਮ ਦੀਆਂ ਔਕੜਾਂ ਕਾਰਣ ਅੰਦਰੋਂ ਇੰਨੀ ਬੁਰੀ ਤਰ੍ਹਾਂ ਟੁੱਟੀ ਪਈ ਸੀ ਕਿ ਉਸ ਨੂੰ ਸਿਰਫ਼ ਚਾਰ ਵਿਅਕਤੀਆਂ ਨੇ ਹੀ ਕਾਬੂ ਕਰ ਲਿਆ ਸੀ? ਸ੍ਰੀ ਕਾਵਨ ਦੀ ਦੋਸ਼-ਮੁਕਤੀ ਵਿੱਚ ਅਸੀਂ ਜੋ ਕੁਝ ਵੀ ਵੇਖਿਆ, ਉਸ ਤੋਂ ਉਹ ਸੰਭਾਵੀ ਅਸਥਿਰ ਕਿਸਮ ਦੇ ਕਿਰਦਾਰ ਦੇ ਮਾਲਕ ਹੀ ਸਿੱਧ ਹੋਏ ਹਨ। ਕੂਕਿਆਂ ਦਾ ਇੱਕ ਸੁਫ਼ਨਾ ਸੀ ਕਿ ਮੌਜੂਦਾ ਵਰ੍ਹਾ ਬਹੁਤ ਵੱਡੀਆਂ ਘਟਨਾਵਾਂ ਵਾਲਾ ਹੋਣਾ ਤੈਅ ਹੈ। ਅਜਿਹਾ ਡਰ ਪਾਇਆ ਜਾ ਰਿਹਾ ਸੀ ਕਿ ਬਗ਼ਾਵਤ ਫੈਲੇਗੀ। ਅਜਿਹੀ ਅਫ਼ਵਾਹ ਸੀ ਕਿ ਪਟਿਆਲਾ ਦੇ ਮਹਾਰਾਜਾ ਤਦ ਤੱਕ ਜ਼ਿਲ੍ਹੇ ਦੀ ਸ਼ਾਂਤੀ ਲਈ ਕੋਈ ਹੁੰਗਾਰਾ ਨਹੀਂ ਦੇਣਗੇ, ਜਦੋਂ ਤੱਕ ਕਿ ਮੌਤ ਦੀ ਸਜ਼ਾ ਦੇ ਨਹੀਂ ਦਿੱਤੀ ਜਾਂਦੀ। ਦੂਜੇ ਸ਼ਬਦਾਂ 'ਚ ਉੱਥੇ ਦਹਿਸ਼ਤ ਸੀ ਅਤੇ ਇੱਕ ਸਿਵਲ ਅਧਿਕਾਰੀ ਨੇ ਬੇਰਹਿਮੀ ਨਾਲ ਇੱਕੋ ਵਾਰੀ 'ਚ ਲੋਕਾਂ ਨੂੰ ਤੋਪਾਂ ਨਾਲ ਉਡਾ ਦਿੱਤਾ; ਇੱਕੋ ਵਾਰੀ ਇੰਨੀ ਵੱਡੀ ਗਿਣਤੀ 'ਚ ਤਾਂ ਕਦੇ ਵੱਡੇ ਗ਼ਦਰ ਵੇਲੇ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ, ਜਦੋਂ ਸਾਮਰਾਜ ਦੀਆਂ ਜੜ੍ਹਾਂ ਹੀ ਸਾਡੇ ਪੈਰਾਂ ਹੇਠੋਂ ਨਿਕਲਦੀਆਂ ਵਿਖਾਈ ਦੇ ਰਹੀਆਂ ਸਨ। ਜਦੋਂ ਸ੍ਰੀ ਕਾਵਨ ਲੋਕਾਂ ਨੂੰ ਤੋਪਾਂ ਨਾਲ ਉਡਾ ਕੇ ਆਪਣੇ ਦਿਲ ਦੀ ਇੱਛਾ ਪੂਰੀ ਕਰ ਚੁੱਕੇ ਸਨ, ਤਾਂ ਉਨ੍ਹਾਂ ਨੂੰ ਕਮਿਸ਼ਨਰ ਸ੍ਰੀ ਫ਼ਾਰਸਿਥ ਤੋਂ ਬਾਕੀ ਦੇ ਮੁਲਜ਼ਮਾਂ ਦੀ ਸੁਣਵਾਈ ਕਰਨ ਦੀ ਪ੍ਰਵਾਨਗੀ ਮਿਲ ਗਈ ਸੀ ਅਤੇ ਫਿਰ 16 ਹੋਰਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਦੋ ਜਣਿਆਂ ਨੂੰ ਦੇਸ਼-ਨਿਕਾਲਾ ਦਿੱਤਾ ਗਿਆ ਸੀ ਅਤੇ 10 ਨੂੰ ਬਰੀ ਕਰ ਦਿੱਤਾ ਗਿਆ ਸੀ।

ਜੇ ਸਖ਼ਤੀ ਨਾਲ ਗੱਲ ਕਰੀਏ, ਤਾਂ ਸ੍ਰੀ ਕਾਵਨ ਨੇ ਆਪੇ ਹੀ ਮੌਤ ਦੀਆਂ ਸਜ਼ਾਵਾਂ ਦੀ ਪੁਸ਼ਟੀ ਕਰ ਕੇ ਕਾਨੂੰਨ ਤੋੜਿਆ ਸੀ। ਕਿਉਂਕਿ ਇੱਕ ਕਮਿਸ਼ਨਰ ਕੋਲ ਤਾਂ ਅਜਿਹੀ ਪੁਸ਼ਟੀ ਕਰਨ ਦੀ ਤਾਕਤ ਹੁੰਦੀ ਹੈ ਪਰ ਡਿਪਟੀ ਕਮਿਸ਼ਨਰ ਕੋਲ ਨਹੀਂ ਹੁੰਦੀ ਅਤੇ ਸਾਡੇ ਕੋਲ ਇਹ ਮੰਨਣ ਦਾ ਹਰੇਕ ਕਾਰਣ ਹੈ ਕਿ ਸ੍ਰੀ ਕਾਵਨ ਨੇ ਜੋ ਕੁਝ ਵੀ ਕੀਤਾ, ਆਪਣੀ ਖ਼ੁਦ ਦੀ ਜ਼ਿੰਮੇਵਾਰੀ 'ਤੇ ਕੀਤਾ। ਅਸੀਂ ''ਹੈਵਲੌਕ ਦੇ ਬਜ਼ੁਰਗ ਫ਼ੌਜੀ ਜਵਾਨ'' ਦੇ 'ds' ਨੂੰ ਦੋਹਰਾਵਾਂਗੇ - ਅਸੀਂ ਵੀ (ਬੁਰਾ ਨਾ ਮਨਾਇਓ ਪਰ ਇਹ ਇੱਕ ਬਾਕਾਇਦਾ ਗੰਭੀਰ ਤੇ ਪਵਿੱਤਰ ਹਲਫ਼ ਹੋਵੇਗਾ), ਅਸੀਂ ਅਜਿਹੇ ਹਾਲਾਤ 'ਚ ਹੁਕਮ ਦੇਣ ਅਤੇ ਉਨ੍ਹਾਂ ਗ਼ਰੀਬ, ਅਗਿਆਨੀ, ਭੁੱਖੇ-ਭਾਣੇ ਅਤੇ ਬਹੁਤ ਬੁਰੀ ਤਰ੍ਹਾਂ ਡਰੇ ਹੋਏ ਬਦਕਿਸਮਤ ਲੋਕਾਂ ਨੂੰ ਡਰਾਉਣੇ ਢੰਗ ਨਾਲ, ਜੇ ਕਿਤੇ ਕਿਸੇ ਵੀ ਤਰ੍ਹਾਂ ਦੇ ਹਾਲਾਤ 'ਚ ਅਜਿਹਾ ਤਰੀਕਾ ਅਪਨਾਉਣਾ ਪੈ ਵੀ ਜਾਂਦਾ, ਸਦਾ ਦੀ ਨੀਂਦਰ ਸੁਆਉਣ ਤੋਂ ਪਹਿਲਾਂ ਇਹੋ ਸੋਚਿਆ ਜਾਂਦਾ ਕਿ ਇਹ ਕੁਝ ਨਾ ਕੀਤਾ ਜਾਵੇ ਭਾਵੇਂ ਕੁਝ ਖ਼ਾਸ ਹਾਲਾਤ ਵੀ ਕਿਉਂ ਨਾ ਹੋਣ, ਅਜਿਹੀ ਸਥਿਤੀ ਕਿਸੇ ਵੀ ਵਿਅਕਤੀ ਦੀ ਜ਼ਿੰਦਗੀ 'ਚ ਦੋਬਾਰਾ ਆਵੇ। ਇਸ ਡਰਾਉਣੀ ਘਟਨਾ ਦੇ ਵਿਸ਼ੇ ਦੇ ਕਿਸੇ ਵੀ ਤੱਥ 'ਤੇ ਗ਼ੌਰ ਕਰਨ 'ਤੇ ਸਾਡੀ ਨਫ਼ਰਤ ਤੇ ਡਰ ਹੋਰ ਵੀ ਜ਼ਿਆਦਾ ਡੂੰਘੇਰੇ ਹੁੰਦੇ ਜਾਂਦੇ

ਹਨ। ਕੀ ਤੁਸੀਂ ਇਸ ਨੂੰ ਸਰਕਾਰ ਆਖਦੇ ਹੋ? -- ਕਿ ਅਨਪੜ੍ਹ, ਮਾਰਗ-ਦਰਸ਼ਨ ਤੋਂ ਵਿਹੂਣੇ ਲੋਕਾਂ ਦੇ ਇੰਨੇ ਵੱਡੇ ਸੰਗਠਨਾਂ ਨੂੰ ਆਪਣੀ ਮਰਜ਼ੀ ਮੁਤਾਬਕ ਕੱਟੜਵਾਦ ਦਾ ਪ੍ਰਚਾਰ ਜਾਰੀ ਰੱਖਣ ਦੀ ਖੁੱਲ੍ਹ ਦੇਣਾ ਅਤੇ ਫਿਰ ਬਗ਼ਾਵਤ ਵਰਗੀ ਕਿਸੇ ਪਹਿਲੀ ਹੀ ਕੋਸ਼ਿਸ਼ ਮੌਕੇ ਉਨ੍ਹਾਂ ਨੂੰ ਤੋਪਾਂ ਦੇ ਮੂੰਹਾਂ ਅਗੇ ਖਲਾਰ ਕੇ ਉਡਾ ਦੇਣਾ ਅਤੇ ਮੌਤ ਦੀ ਸਜ਼ਾ ਵਾਲੀ ਥਾਂ ਨੂੰ ਬੁੱਚੜਖਾਨਾ ਬਣਾ ਦੇਣਾ; ਕੀ ਸਰਕਾਰ ਅਜਿਹੀ ਹੁੰਦੀ ਹੈ। ਅੰਗਰੇਜ਼ਾਂ ਦੇ ਮਾਣ ਤੇ ਅਣਖ ਨੂੰ ਬਰਕਰਾਰ ਰੱਖਣ ਲਈ ਅਸੀਂ ਅਜਿਹੀ ਵਧੀਕੀ ਦਾ ਵਿਰੋਧ ਕਰਦੇ ਹਾਂ ਅਤੇ ਸੁਹਿਰਦਤਾ ਨਾਲ ਆਸ ਕਰਦੇ ਹਾਂ ਕਿ ਜਦੋਂ ਤੱਕ ਇਸ ਮਾਮਲੇ ਦੀ ਮਹਿਜ਼ ਜਾਂਚ ਹੀ ਨਹੀਂ ਹੋ ਜਾਂਦੀ ਅਤੇ ਇਸ ਬਦਲੇ ਸਖ਼ਤ ਸਜ਼ਾ ਨਹੀਂ ਦੇ ਦਿੱਤੀ ਜਾਂਦੀ, ਤਦ ਤੱਕ ਸਾਡੇ ਦੇਸ਼ ਵਾਸੀ ਚੈਣ ਨਾਲ ਨਹੀਂ ਬੈਠਣਗੇ। ਅਸੀਂ ਇਸ ਵਿਸ਼ੇ 'ਤੇ ਹੋਰ ਕੁਝ ਨਹੀਂ ਆਖਣਾ ਚਾਹੁੰਦੇ, ਖ਼ਾਸ ਤੌਰ 'ਤੇ ਇਸ ਕਰਕੇ ਵੀ ਕਿਉਂਕਿ ਸਰਕਾਰ ਨੇ ਜਾਂਚ ਸ਼ੁਰੂ ਕਰਵਾ ਦਿੱਤੀ ਹੈ ਪਰ ਸਾਨੂੰ ਤਸੱਲੀ ਹੈ ਕਿ ਇਸ ਖ਼ਬਰ ਦੀ ਇੰਗਲੈਂਡ 'ਚ ਇੰਨੀ ਜ਼ਿਆਦਾ ਚਰਚਾ ਹੋਵੇਗੀ, ਜਿੰਨੀ ਕਿ ਪਹਿਲਾਂ ਭਾਰਤ ਦੀ ਕਿਸੇ ਵੀ ਖ਼ਬਰ ਦੀ ਨਹੀਂ ਹੋਈ ਹੋਵੇਗੀ। ਜੇ ਸਾਡੇ 'ਚ ਥੋੜ੍ਹੀ ਜਿੰਨੀ ਵੀ ਇਨਸਾਨੀਅਤ ਹੋਵੇਗੀ, ਅਸੀਂ ਈਸਾਈਅਤ ਦੀ ਗੱਲ ਨਹੀਂ ਕਰ ਰਹੇ, ਤਾਂ ਅਸੀਂ ਇਸ ਦੀ ਤਹਿ ਤੱਕ ਨਿੱਠ ਕੇ ਜਾਂਚ ਕਰਵਾਵਾਂਗੇ। ਕਿਉਂਕਿ ਸਾਡੇ ਕੋਲ ਬਗ਼ਾਵਤ ਅਤੇ ਫਿਰ ਉਸ ਤੋਂ ਬਾਅਦ ਦੇ ਤੱਥਾਂ ਬਾਰੇ ਵਿਚਾਰ ਕਰਨ ਦਾ ਸਬਰ ਨਾਮਾਤਰ ਹੀ ਹੁੰਦਾ ਹੈ। ਅਜਿਹਾ ਵੀ ਸਮਾਂ ਸੀ, ਜੋ ਸਭ ਨੂੰ ਯਾਦ ਹੈ ਜਦੋਂ ਇੰਗਲੈਂਡ ਨੂੰ ਪੰਜਾਬ 'ਚ ਬਗ਼ਾਵਤ ਦੇ ਵੱਡੇ ਖ਼ਤਰੇ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਜਦੋਂ ਮੌਤ ਦੀਆਂ ਇਹ ਸਜ਼ਾਵਾਂ ਦਿੱਤੀਆਂ ਗਈਆਂ। ਪਰ ਇੰਗਲੈਂਡ ਦਾ ਰਾਜ ਚੱਲਦਾ ਰਿਹਾ ਸੀ। ਬਗ਼ਾਵਤ ਦੇ ਖ਼ਤਰੇ ਦਾ ਟਾਕਰਾ ਕਰਨ ਲਈ ਹਰ ਥਾਂ 'ਤੇ ਲੋਕ ਸਨ ਤੇ ਇਸ ਮਾਮਲੇ ਦਾ ਸਭ ਤੋਂ ਭੈੜਾ ਪੱਖ ਇਹੋ ਹੈ ਕਿ ਸਿਰਫ਼ ਇੱਕ ਵਿਅਕਤੀ ਦੀ ਮਰਜ਼ੀ ਨਾਲ ਅਪਰਾਧੀਆਂ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ। ਭਾਰਤ 'ਚ ਇਹੋ ਚੀਜ਼ ਵਾਰ-ਵਾਰ ਵਾਪਰ ਰਹੀ ਹੈ ਅਤੇ ਇਸ ਕਸਾਈਪੁਣੇ ਵੱਲ ਕਦੇ ਕਿਸੇ ਦਾ ਧਿਆਨ ਨਹੀਂ ਗਿਆ। ਭਾਰਤ 'ਚ ਸਾਡੀ ਸਥਿਤੀ ਦੀ ਕੋਈ ਕੀਮਤ ਨਹੀਂ ਹੈ ਪਰ ਸੱਭਿਅਕ ਦੇਸ਼ਾਂ 'ਚ ਸਾਡੀ ਸਥਿਤੀ ਦੀ ਬਹੁਤ ਕੀਮਤ ਹੈ, ਜਦੋਂ ਅਸੀਂ ਅਜਿਹੀ ਕਿਸੇ ਘਟਨਾ 'ਤੇ ਗ਼ੌਰ ਹੀ ਨਹੀਂ ਕਰਦੇ , ਉਸ ਨੂੰ ਲੁਕਾ ਲੈਂਦੇ ਹਾਂ ਜਾਂ ਭੁਲਾ ਦਿੰਦੇ ਹਾਂ ਜਾਂ ਅਜਿਹੇ ਕਤਲੇਆਮ ਲਈ ਵੀ ਮੁਆਫ਼ੀ ਦੇ ਦਿੰਦੇ ਹਾਂ। ਇਸ 'ਤੇ ਸਾਨੂੰ ਖ਼ੁਸ਼ੀ ਹੋਈ ਹੈ ਕਿ ਸ੍ਰੀ ਕਾਵਨ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

**ਕੂਕਿਆਂ ਨੂੰ ਮੌਤ ਦੀ ਸਜ਼ਾ।** ਪਿਆਰੇ ਸ੍ਰੀਮਾਨ ਜੀ - ਤੁਸੀਂ ਇਸ ਕੂਕਾ ਕਤਲੇਆਮ ਬਾਰੇ ਆਪਣੇ ਅਖ਼ਬਾਰ 'ਚ ਲਿਖਿਆ,''ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਥੋਕ ਦੇ ਭਾਅ ਇਸ ਕਸਾਈਪੁਣੇ ਵਿਰੁੱਧ ਇੱਕ ਵੀ ਆਵਾਜ਼ ਨਹੀਂ ਉੱਠੀ ਅਤੇ ਕਿਸੇ ਨੇ ਇੱਕ ਸਤਰ ਤੱਕ ਨਹੀਂ ਲਿਖੀ।'' ਹੁਣ ਸ੍ਰੀਮਾਨ ਜੀ, ਮੈਂ ਇਨਸਾਨੀਅਤ ਖ਼ਾਤਰ ਆਪਣੀ ਕਲਮ ਚੁੱਕੀ ਹੈ ਪਰ ਮੈਂ ਸੋਚਿਆ ਕਿ ਭਾਰਤ ਦੀ ਪ੍ਰੈੱਸ ਦੇ ਵਿਚਾਰਾਂ ਦੀ ਉਡੀਕ ਕਰ ਲੈਣੀ ਚਾਹੀਦੀ ਹੈ ਅਤੇ ਮੈਂ ਇਹ ਇਕਬਾਲ ਕਰਦਾ ਹਾਂ ਕਿ ਮੈਨੂੰ

ਇਸ ਬੇਰਹਿਮ ਦੁਖਾਂਤ 'ਤੇ ਆਏ ਬਹੁਤੇ ਫ਼ੈਸਲਿਆਂ ਨੇ (ਤੁਹਾਨੂੰ ਅਤੇ ਦਿ ਟਾਈਮਜ਼ ਆੱਫ਼ ਇੰਡੀਆ ਨੂੰ ਛੱਡ ਕੇ) ਪ੍ਰਭਾਵਿਤ ਨਹੀਂ ਕੀਤਾ, ਉਨ੍ਹਾਂ 'ਚੋਂ ਕੁਝ ਵੰਨਗੀਆਂ ਮੈਂ ਇੱਥੇ ਦਿੰਦਾ ਹਾਂ। ਪਹਿਲੀ ਵੰਨਗੀ– 'ਦਿ ਪਾਇਓਨੀਅਰ' ਲਿਖਦਾ ਹੈ ''ਇਸ ਦੌਰਾਨ, ਹਾਲੇ ਜਦੋਂ ਪੂਰੀ ਜਾਣਕਾਰੀ ਆਉਣੀ ਬਾਕੀ ਹੈ, ਬ੍ਰਿਟਿਸ਼ ਅਧਿਕਾਰੀਆਂ ਦੇ ਉੱਚ ਕਿਰਦਾਰ ਹੋਣ ਕਾਰਣ ਇਹ ਮੰਨ ਲਿਆ ਗਿਆ ਕਿ ਇਸ ਮਾਮਲੇ 'ਚ ਇਹ ਮੰਨ ਲਿਆ ਗਿਆ ਕਿ ਹੱਦੋਂ ਵੱਧ ਹੋ ਗਿਆ ਸੀ, ਇਸ ਲਈ ਪ੍ਰਵਾਨਗੀ ਦੇਣੀ ਹੋਵੇ ਗੀ।'' ਸੰਪਾਦਕ ਤਜਰਬੇਕਾਰ ਹੈ ਅਤੇ ਉਸ ਨੇ ਬਹੁਤ ਧਿਆਨ ਨਾਲ ਲਿਖਿਆ ਹੈ। ਦੂਜੀ– 'ਦਿ ਡੇਲੀ ਐਗਜ਼ਾਮੀਨਰ' ਲਿਖਦਾ ਹੈ ''ਅਧਿਕਾਰੀਆਂ ਨੇ ਬਗ਼ਾਵਤ ਦੀ ਇਸ ਕੋਸ਼ਿਸ਼ ਵਿਰੁੱਧ ਜਿੰਨੀ ਮੁਸਤੈਦੀ ਨਾਲ ਕਾਰਵਾਈ ਕੀਤੀ, ਉਸ ਤੋਂ ਸਾਹਮਣੇ ਆਉਣ ਵਾਲੀ ਗੰਭੀਰ ਔਕੜ ਤੋਂ ਬਚਾਅ ਹੋ ਗਿਆ।'' ਮੈਨੂੰ ਆਸ ਹੈ ਕਿ ਉਹ ਸਾਨੂੰ ਉਸ ਗੰਭੀਰ ਕਿਸਮ ਦੀ ਔਕੜ ਦੇ ਰੂ–ਬ–ਰੂ ਕਰਵਾਏਗਾ, ਜਿਸ ਕਾਰਣ ਮੌਕੇ 'ਤੇ ਤੁਰੰਤ ਕਾਰਵਾਈ ਕਰਨੀ ਪਈ ਅਤੇ ਉਸ ਘਟਨਾ–ਸਥਾਨ ਨੂੰ ਕਸਾਈਆਂ ਦਾ ਬੁੱਚੜਖਾਨਾ ਬਣਾਉਣਾ ਪਿਆ। ਤੀਜੀ– 'ਦਿ ਇੰਗਲਿਸ਼ਮੈਨ' ''ਨੂੰ ਜਾਪਦਾ ਹੈ ਕਿ ਇਸ ਅੰਦੋਲਨ ਨਾਲ ਹਮਦਰਦ ਉਨ੍ਹਾਂ ਦੀ ਆਪਣੀ ਸਰਕਾਰ ਲਈ ਬਹੁਤ ਜ਼ਿਆਦਾ ਖ਼ਤਰਨਾਕ ਹੈ (ਮੈਂ ਮੰਨਦਾ ਹਾਂ ਕਿ ਉਨ੍ਹਾਂ ਦੀ ਆਪਣੀ ਸਥਾਨਕ ਸਰਕਾਰ) ਕਿਹੜੇ ਮਾਮਲੇ 'ਚ ਇਹ ਠੀਕ ਸੀ ਕਿ 65 ਮਨੁੱਖਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਜਾਵੇ ਅਤੇ ਸਾਡੇ ਅਧਿਕਾਰੀ ਅਜਿਹੇ ਵਹਿਸ਼ੀਪੁਣੇ ਦੀ ਇਜਾਜ਼ਤ ਦੇਣ।'' ਚੌਥੀ– 'ਦਿ ਮੁਫ਼ਸਲਾਈਟ' ਲਿਖਦਾ ਹੈ ''ਬਾਗ਼ੀਆਂ ਵਿਰੁੱਧ ਕੀਤੀ ਗਈ ਤੁਰਤ–ਫੁਰਤ ਤੇ ਡਰਾਉਣੀ ਕਾਰਵਾਈ ਨੇ ਉਨ੍ਹਾਂ ਦੀਆਂ ਜਿੱਤਾਂ ਦੇ ਸਾਰੇ ਸੁਫ਼ਨੇ ਚਕਨਾਚੂਰ ਕਰ ਦਿੱਤੇ '' ਅਤੇ ''ਪੰਜਾਬ ਦੀ ਸ਼ਾਂਤੀ ਕੁਝ ਹੋਰ ਸਮੇਂ ਲਈ ਭੰਗ ਹੋਣ ਦੀ ਸੰਭਾਵਨਾ ਨਹੀਂ ਹੈ।'' ਜਿੱਤਾਂ! ਸੰਪਾਦਕ ਦਾ ਇਸ ਤੋਂ ਕੀ ਭਾਵ ਹੈ ਤੇ ਉਨ੍ਹਾਂ ਨੇ ਕਿਸ 'ਤੇ ਜਿੱਤ ਹਾਸਲ ਕਰਨੀ ਸੀ? ਜੇ ਕੂਕਿਆਂ ਵਿਰੁੱਧ ਇੰਝ ਹੀ ਕਾਹਲ਼ੀ 'ਚ ਕਾਰਵਾਈ ਕੀਤੀ ਗਈ, ਤਾਂ ਉਹ ਯਕੀਨੀ ਤੌਰ 'ਤੇ ਪੰਜਾਬ 'ਚ ਕੋਈ ਗੜਬੜੀ ਨਹੀਂ ਕਰਨਗੇ। ਪੰਜਵੀਂ– ਦਿ ਟਾਈਮਜ਼ ਆੱਫ਼ ਇੰਡੀਆ ਲਿਖਦਾ ਹੈ ''ਇਹ ਗੱਲ ਦਿਲ ਨਹੀਂ ਲੱਗਦੀ ਕਿ ਵੱਡੀ ਗਿਣਤੀ 'ਚ ਨਿਹੱਥੇ ਵਿਅਕਤੀਆਂ ਵਿਰੁੱਧ ਕੀਤੀ ਗਈ ਬਦਲਾ–ਲਊ ਕਾਰਵਾਈ ਕਮਿਸ਼ਨਰ ਦੇ ਹੁਕਮ ਨਾਲ ਕੀਤੀ ਗਈ ਸੀ।'' ਠੀਕ ਹੈ, ਅਜਿਹੀ ਆਸ ਨਹੀਂ ਕੀਤੀ ਜਾ ਸਕਦੀ। ਜੇ ਅਜਿਹਾ ਹੁੰਦਾ, ਤਾਂ ਮੰਦੇ ਤੇ ਨਾਜਾਇਜ਼ ਵਹਿਸ਼ੀ ਕਾਨੂੰਨ ਨੂੰ ਸਭ ਤੋਂ ਪਹਿਲਾਂ ਉਸ ਦੇ ਸਿਰ 'ਤੇ ਬੰਨ੍ਹਿਆ ਗਿਆ ਮੁਸਤੈਦੀ ਦਾ ਸਿਹਰਾ ਜ਼ਰੂਰ ਹਟਾ ਦੇਣਾ ਚਾਹੀਦਾ ਹੈ। ਛੇਵੀਂ– 'ਦਿ ਇੰਡੀਅਨ ਡੇਲੀ ਨਿਊਜ਼' ਲਿਖਦਾ ਹੈ,''ਸ੍ਰੀ ਕਾਵਨ ਸਿਰਫ਼ 49 ਜਣਿਆਂ ਨੂੰ ਤੋਪਾਂ ਨਾਲ ਉਡਾਣ ਲਈ ਹੀ ਮੌਕੇ 'ਤੇ ਪੁੱਜੇ ਸਨ,'' ਉਸ ਤੋਂ ਬਾਅਦ ਮੈਨੂੰ ਲੱਗਦਾ ਹੈ ਕਿ ਉਹ ਹੰਭ ਗਏ ਸਨ ਅਤੇ ਸ੍ਰੀ ਫ਼ਾਰਸਿਥ ਨੇ ਖੇ ਡ ਉਨ੍ਹਾਂ ਦੇ ਹੱਥੋਂ ਲੈ ਲਈ ਸੀ ਅਤੇ 16 ਹੋਰਨਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਸੀ, ਜਿਸ ਦਾ ਜ਼ਿਕਰ ਉਨ੍ਹਾਂ ਨਹੀਂ ਕੀਤਾ ਸੀ। ਲੇਖਕ ਨੂੰ ਭਾਵੇਂ ਇਸ 'ਤੇ ਕੁਝ ਸ਼ੱਕ ਵੀ ਹੈ ਕਿਉਂਕਿ ਉਹ ਲਿਖਦਾ ਹੈ ਕਿ ਚੁੱਕੇ ਗਏ ਕਦਮਾਂ ਦੀ ਹਿੰਸਾ 'ਤੇ ਸੁਆਲ ਖੜ੍ਹਾ ਕੀਤਾ

ਗਿਆ ਹੈ, ਜਦ ਕਿ ਉਹ ਬਗ਼ਾਵਤ ਇੰਨੀ ਅਹਿਮ ਨਹੀਂ ਸੀ ਅਤੇ ਉਸ ਨੂੰ ਅਜਿਹੇ ਕਦਮ ਚੁੱਕਣ ਤੋਂ ਪਹਿਲਾਂ ਹੀ ਪੂਰੀ ਤਰ੍ਹਾਂ ਦਬਾ ਦਿੱਤਾ ਗਿਆ ਸੀ। ਸੱਤਵੀਂ– 'ਇੰਡੀਅਨ ਪਬਲਿਕ ਓਪੀਨੀਅਨ' ਲਿਖਦਾ ਹੈ ਕਿ ''ਸ੍ਰੀ ਕਾਵਨ ਨੇ ਬਹੁਤ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਬਾਅਦ (ਅਸੀਂ ਇਹ ਕਲਪਨਾ ਕਰਾਂਗੇ ਕਿ ਉਨ੍ਹਾਂ ਨੇ ਸੋਚ–ਵਿਚਾਰ ਲਈ ਤਮਾਕੂ ਵਾਲਾ ਪਾਈਪ ਪੀਤਾ ਹੋਵੇਗਾ) ਉਨ੍ਹਾਂ ਨੂੰ ਮੌਤ ਦੀ ਇੱਕ ਡਰਾਉਣੀ ਸਜ਼ਾ ਦਿੱਤੀ ਸੀ। ਇਸ ਦਾ ਦੇਸ਼ 'ਤੇ ਡਾਢਾ ਜਾਦੂਮਈ ਅਸਰ ਪਿਆ।'' ਮੈਨੂੰ ਨਹੀਂ ਲੱਗਦਾ ਕਿ ਕੋਈ ਇਸ ਗੱਲ ਤੋਂ ਇਨਕਾਰ ਕਰੇਗਾ। ਪਰ ਉਨ੍ਹਾਂ ਬਿਲਕੁਲ ਸਹੀ, ਸੂਝਵਾਨ ਤੇ ਵਿਚਾਰਵਾਨ ਅਧਿਕਾਰੀ ਵਜੋਂ ਕੰਮ ਕੀਤਾ, ਬਿਲਕੁਲ ਉਵੇਂ ਹੀ ਜਿਵੇਂ ਕਿ ਖ਼ਤਰੇ ਅਤੇ ਮੁਸੀਬਤ ਵੇਲੇ ਇੱਕ ਬ੍ਰਿਟਿਸ਼ ਅਧਿਕਾਰੀ ਕਰਦਾ ਹੈ; ਉਨ੍ਹਾਂ ਉਵੇਂ ਹੀ ਕਾਰਵਾਈ ਨੂੰ ਅੰਜਾਮ ਦਿੱਤਾ, ਜਿਵੇਂ ਕਿ ਹਰੇਕ ਅੰਗਰੇਜ਼ ਨੂੰ ਦੇਣਾ ਚਾਹੀਦਾ ਹੈ ਆਦਿ – ਠੀਕ ਹੈ ਕਿ ਮੈਂ ਆਪਣੇ ਅੰਕਲ ਟੌਬੀ ਨੂੰ ਆਖ ਸਕਦਾ ਹੈ। ਮੈਂ ਡ...ਡ ਹਾਂ ਜੇ ਮੈਂ ਅਜਿਹਾ ਕੀਤਾ ਹੋਵੇ, ਚਾਹੇ ਮੈਂ ਇੱਕ ਅੰਗਰੇਜ਼ ਹਾਂ। ਮੈਨੂੰ ਆਸ ਹੈ ਕਿ ਤੁਸੀਂ ਇਸ ਮੌਕੇ ਰਿਕਾਰਡਿੰਗ ਫ਼ਰਿਸ਼ਤੇ ਹੋਵੋਗੇ ਅਤੇ ਇਨ੍ਹਾਂ ਦੋ ਪਾਪੀਆਂ ਲਈ ਇੱਕ ਹੰਝੂ ਤਾਂ ਵਹਾ ਦੇਵੋਗੇ। ਹੁਣ ਅੱਠਵੀਂ ਤੇ ਆਖ਼ਰੀ ਵੰਨਗੀ– 'ਫ਼ਰੈਂਡ ਆੱਫ਼ ਇੰਡੀਆ'। ਤੁਹਾਡੀਆਂ ਟਿੱਪਣੀਆਂ ਕੁਝ ਵਿਅੰਗਾਤਮਕ ਹਨ; ਤੁਸੀਂ ਆਖਦੇ ਹੋ ਕਿ ਕੋਈ ਜਾਂਚ ਜ਼ਰੂਰ ਹੋਵੇਗੀ ਕਿਉਂਕਿ 49 ਇਨਸਾਨਾਂ ਨੂੰ ਤੋਪਾਂ ਨਾਲ ਉਡਾ ਦੇਣ ਬਾਰੇ ਸੋਚਣਾ ਬਿਲਕੁਲ ਵੀ ਚੰਗਾ ਨਹੀਂ ਲੱਗਦਾ (ਉਨ੍ਹਾਂ ਵਿੱਚ 16 ਹੋਰ ਜੋੜ ਲਵੋ ਜੇ ਤੁਹਾਨੂੰ ਖ਼ੁਸ਼ੀ ਮਿਲੇ, ਜਿਨ੍ਹਾਂ ਨੂੰ ਸ੍ਰੀ ਫ਼ਾਰਸਿਥ ਨੇ ਖ਼ਤਮ ਕੀਤਾ ਅਤੇ ਜਿਨ੍ਹਾਂ ਦਾ ਜ਼ਿਕਰ ਕਰਨਾ ਤੁਸੀਂ ਭੁੱਲ ਗਏ)। ਇਹ ਕੁਝ ਵਿਚਾਰ ਹਨ, ਜੋ ਮੈਂ ਭਾਰਤ 'ਚ ਛਪਦੇ ਅਖ਼ਬਾਰਾਂ ਤੋਂ ਲਏ ਹਨ, ਕੁਝ ਤਾਂ ਸੱਚਮੁਚ ਇਸ ਵਧੀਕੇ ਵਾਲੇ ਕਾਰੇ ਨੂੰ ਮੁਆਫ਼ ਕਰ ਰਹੇ ਹਨ। ਇਸ 'ਚ ਕੋਈ ਸ਼ੱਕ ਨਹੀਂ ਕਿ ਇਹ ਮਲੇਰਕੋਟਲਾ 'ਤੇ ਕੂਕਿਆਂ ਦਾ ਇੱਕ ਵਹਿਸ਼ੀਆਨਾ ਤੇ ਕਾਤਲਾਨਾ ਹਮਲਾ ਸੀ ਪਰ ਨਿਆਂ ਉਸ ਹਾਲਤ 'ਚ ਹੋਇਆ ਮੰਨਿਆ ਜਾਂਦਾ, ਜੇ ਸਿਰਫ਼ ਕੁਝ ਆਗੂਆਂ ਨਾਲ ਬਿਨਾਂ ਸੁਣਵਾਈ ਅਜਿਹਾ ਕੁਝ ਕੀਤਾ ਜਾਂਦਾ ਤੇ ਹੋਰਨਾਂ ਲਈ ਮਿਸਾਲ ਕਾਇਮ ਹੁੰਦੀ। ਇਸ ਨਾਲ ਕਾਵਨ ਤੇ ਫ਼ਾਰਸਿਥ ਐਂਡ ਕੰਪਨੀ ਨੂੰ ਆਪਣੀ ਮੁਸਤੈਦੀ, ਊਰਜਾ, ਦ੍ਰਿੜ੍ਹ ਇਰਾਦਾ ਵਿਖਾਉਣ ਦੀ ਕਾਫ਼ੀ ਗੁੰਜਾਇਸ਼ ਮਿਲ ਜਾਂਦੀ, ਜਿਵੇਂ ਕਿ ਅਖ਼ਬਾਰਾਂ ਨੇ ਇਸ ਘਟਨਾਕ੍ਰਮ ਸਬੰਧੀ ਅੱਤ ਦੇ ਹੌਲਨਾਕ ਕਦਮਾਂ ਬਾਰੇ ਬਿਆਨ ਕੀਤਾ ਹੈ। ਮੈਂ ਖ਼ੁਦ ਤਿੰਨ ਵਿਅਕਤੀਆਂ ਨੂੰ ਤੋਪਾਂ ਨਾਲ ਉਡਾਏ ਜਾਣ ਦੇ ਦਰਦਨਾਕ ਦ੍ਰਿਸ਼ ਨੂੰ ਬੇਦਿਲੀ ਨਾਲ ਵੇਖ ਚੁੱਕਾ ਹਾਂ ਪਰ ਇਹ ਵੱਡੇ ਗ਼ਦਰ ਵੇਲੇ ਹੋਇਆ ਸੀ ਪਰ ਜੇ ਨਿਰਪੱਖ ਹੋ ਕੇ ਪਰਖੀਏ, ਤਾਂ ਇਹ ਸਭ ਬਿਲਕੁਲ ਵੀ ਚੰਗਾ ਨਹੀਂ ਲੱਗਾ ਸੀ। ਮੈਨੂੰ ਚੇਤੇ ਹੈ ਕਿ ਇੰਗਲੈਂਡ ਦੀ ਪ੍ਰੈੱਸ ਨੇ ਅਲਜੀਅਰ ਦੀ ਜੰਗ ਸਮੇਂ ਫ਼ਰਾਂਸ ਦੇ ਫ਼ੌਜੀ ਜਰਨੈਲ ਦੀ ਤਿੱਖੀ ਆਲੋਚਨਾ ਕੀਤੀ ਸੀ ਕਿਉਂਕਿ ਉਸ ਦੇ ਹੁਕਮ ਨਾਲ ਹੀ ਵੱਡੀ ਗਿਣਤੀ 'ਚ ਅਰਬ ਦੇਸ਼ਾਂ ਦੇ ਵਿਅਕਤੀਆਂ ਨੂੰ ਤਦ ਧੂੰਏਂ ਨਾਲ ਸਾਹ ਘੋਟ ਕੇ ਮਾਰ ਦਿੱਤਾ ਗਿਆ ਸੀ, ਜਦੋਂ ਉਹ ਗੁਫ਼ਾਵਾਂ 'ਚ ਲੁਕੇ ਹੋਏ ਸਨ ਅਤੇ ਹੁਣ ਪਿੱਛੇ ਜਿਹੇ ਸਮੂਹ ਪੱਧਰ 'ਤੇ

ਵਹਿਸ਼ੀਆਨਾ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ ਹੈ; ਪਰ ਉਹ ਇਹ ਸਭ ਡਕੈਤੀਆਂ ਤੇ ਹਿੰਸਾ ਦੇ ਦੌਰ ਵੇਲੇ ਹੋਇਆ ਸੀ ਅਤੇ ਹੁਣ ਅਜਿਹੇ ਕੰਮ ਸਿਆਸੀ ਆਗੂਆਂ ਦੇ ਕਰਨ ਲਈ ਛੱਡ ਦਿੱਤੇ ਗਏ ਹਨ, ਉਹ ਵੀ ਉਦੋਂ ਜਦੋਂ ਮੁਕੰਮਲ ਅਮਨ-ਚੈਣ ਕਾਇਮ ਹੈ। ਜਦੋਂ ਸਾਡੇ ਕੋਲ ਇੰਗਲੈਂਡ ਦੇ ਸਹੀ ਨਿਸ਼ਾਨਾ ਵਿੰਨ੍ਹਣ ਵਾਲੀਆਂ ਬੰਦੂਕਾਂ ਤੇ ਕਿਲ੍ਹੇਬੰਦੀਆਂ, ਗੋਲ਼ੀ-ਸਿੱਕੇ ਤੇ ਤੋਪਖਾਨਿਆਂ ਨਾਲ ਲੈਸ 60,000 ਫ਼ੌਜੀ ਜਵਾਨ ਮੌਜੂਦ ਹਨ, ਤਾਂ ਕੀ ਅਸੀਂ ਕੂਕਿਆਂ ਦੇ ਤਰਸਯੋਗ ਹਾਲਤ ਵਾਲੇ ਕਬੀਲੇ ਤੋਂ ਡਰ ਕੇ ਇੰਨੇ ਜ਼ਿਆਦਾ ਕੰਬ ਜਾਵਾਂਗੇ ਕਿ ਉਨ੍ਹਾਂ ਨੂੰ ਬੇਰਹਿਮੀ ਨਾਲ ਸਜ਼ਾਵਾਂ ਦੇ ਦੇਣੀਆਂ ਚਾਹੀਦੀਆਂ ਹਨ? ਮੈਨੂੰ ਇਹ ਆਖਣ ਦੀ ਜ਼ਰੂਰਤ ਨਹੀਂ ਹੈ ਕਿ 1857 'ਚ ਹਾਲਾਤ ਇਸ ਦੇ ਬਿਲਕੁਲ ਉਲਟ ਸਨ; ਤਦ ਬਹੁਤ ਥੋੜ੍ਹੇ ਜਿਹੇ ਫ਼ੌਜੀ ਸਨ, ਜਿਨ੍ਹਾਂ ਕੋਲ ਸਿਰਫ਼ ਪੁਰਾਣੀਆਂ ਬੰਦੂਕਾਂ ਸਨ, ਪਰ ਹਾਂ ਹੁਣ ਬਜ਼ੁਰਗ ਹੋ ਚੁੱਕੇ ਬਹਾਦਰ ਨੀਲ ਦੀ ਅਗਵਾਈ ਹੇਠਲੇ ਮਦਰਾਸ ਦੇ ਫ਼ੌਜੀਆਂ (ਫ਼ਿਊਜ਼ਿਲੀਅਰਸ) ਕੋਲਪੂਰਾ ਗੋਲ਼ੀ-ਸਿੱਕਾ ਤੇ ਤੋਪਾਂ ਮੌਜੂਦ ਸਨ ਅਤੇ ਸਥਾਨਕ ਫ਼ੌਜ ਦੀ ਗਿਣਤੀ ਅੱਜ ਦੇ ਮੁਕਾਬਲੇ ਦੁੱਗਣੀ ਸੀ ਅਤੇ ਜੇ ਚੀਨੀ ਫ਼ੌਜ ਦਾ ਟਾਕਰਾ ਕਰਨ ਲਈ ਇਹ ਫ਼ੌਜ ਪਰਮੇਸ਼ਵਰ ਦੀ ਮਦਦ ਵਾਂਗ ਸਮੇਂ 'ਤੇ ਬਹੁੜ ਕੇ ਮਦਦ ਨਾ ਕਰਦੀ, ਤਾਂ ਭਾਰਤ ਸਾਡੇ ਹੱਥੋਂ ਨਿਕਲ ਜਾਣਾ ਸੀ। ਮੈਂ ਆਪਣੇ ਪੁਰਾਣੇ ਤਜਰਬੇ ਦੇ ਆਧਾਰ 'ਤੇ ਸੋਚਿਆ ਯੂਰੋਪੀਅਨ ਜਨਤਾ ਨਾਲ ਅੱਜ-ਕੱਲ੍ਹ ਖ਼ੌਫ਼ਜ਼ਦਾ ਕੀਤਾ ਜਾ ਰਿਹਾ ਹੈ। ਮੇਰਠ 'ਚ ਦੋ ਵਰ੍ਹੇ ਪਹਿਲਾਂ ਕੀਤੀ ਮੂਰਖਾਨਾ ਘਟਨਾ ਨੂੰ ਯਾਦ ਕਰੋ, ਅਲਾਹਾਬਾਦ ਦੀ ਇੱਕ ਹੋਰ ਮੂਰਖਾਨਾ ਹਰਕਤ ਨੂੰ ਯਾਦ ਕਰੋ ਜਦੋਂ ਐੱਨ.ਆਈ. ਕੋਰ ਇੱਥੇ ਠਹਿਰੀ ਹੋਈ ਸੀ ਅਤੇ ਅੰਤ 'ਚ ਇਹ ਬੇਰਹਿਮ ਮਾਮਲਾ, ਕਿਸੇ ਉਦਾਰ ਤੇ ਮਸੀਹੀ ਸਰਕਾਰ ਦੀ ਥਾਂ ਕਾਲੀਗੁਲਾ ਵਰਗੇ ਕਾਰੇ ਕਰਨ ਵਾਲੀ ਸਰਕਾਰ ਦਾ ਹੀ ਹੋ ਸਕਦਾ ਹੈ। ਸ੍ਰੀਮਾਨ ਸੰਪਾਦਕ ਜੀਓ, ਸਿੱਟਾ ਇਹੋ ਨਿਕਲਦਾ ਹੈ ਕਿ ਮੈਂ ਪੂਰੀ ਈਮਾਨਦਾਰੀ ਨਾਲ ਤੁਹਾਡੇ ਅਤੇ ਅਜਿਹੇ ਹਮ-ਖ਼ਿਆਲ ਪੱਤਰਕਾਰਾਂ ਦੇ ਵਿਚਾਰ ਨਾਲ ਸਹਿਮਤ ਹਾਂ ਕਿ ਅਜਿਹੀਆਂ ਭਿਆਨਕ ਕੱਟੜ ਚਾਲਾਂ ਦੀ ਨਿੱਠ ਕੇ ਜਾਂਚ ਕਰਵਾਈ ਜਾ ਸਕਦੀ ਹੈ; ਚੇਤੇ ਕਰੋ 'ਜੂਨੀਅਸ ਅਨੁਸਾਰ ਇੱਕ ਅੰਗਰੇਜ਼ ਦੇ ਸਾਰੇ ਸ਼ਹਿਰੀ ਅਧਿਕਾਰਾਂ ਤੇ ਆਜ਼ਾਦੀਆਂ ਦਾ ਗੜ੍ਹ ਹੁੰਦੀ ਹੈ ਪ੍ਰੈੱਸ।'

ਮੈਂ ਹਾਂ ਤੁਹਾਡਾ ਵਿਸ਼ਵਾਸਪਾਤਰ,

*ਅਲਾਹਾਬਾਦ, 30 ਜਨਵਰੀ, 1872* ਹੈਵਲੌਕ ਦਾ ਫ਼ੌਜੀ

**ਕੂਕਿਆਂ ਨੂੰ ਮੌਤ ਦੀ ਸਜ਼ਾ:** ਅਸੀਂ ਇੱਕ ਹੋਰ ਪੰਨੇ 'ਤੇ 'ਕੂਕਾ ਬਗ਼ਾਵਤ ਦਾ ਬਿਰਤਾਂਤ' ਦੇ ਸਿਰਲੇਖ ਹੇਠ ਲੇਖ ਛਾਪ ਰਹੇ ਹਾਂ, ਜੋ ਸਪੱਸ਼ਟ ਤੌਰ 'ਤੇ ਉਨ੍ਹਾਂ ਵਿਅਕਤੀ ਦਾ ਬਚਾਅ ਪੱਖ ਪੇਸ਼ ਕਰਦਾ ਹੈ, ਜਿਨ੍ਹਾਂ ਨੂੰ ਸ੍ਰੀ ਕਾਵਨ ਵੱਲੋਂ ਕਾਨੂੰਨ ਤੋਂ ਬਾਹਰ ਜਾ ਕੇ 50 ਵਿਅਕਤੀਆਂ ਨੂੰ ਅਤੇ ਸ੍ਰੀ ਫ਼ਾਰਸਿਥ ਵੱਲੋਂ 16 ਹੋਰਨਾਂ ਨੂੰ ਕਾਨੂੰਨੀ ਤੌਰ 'ਤੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਸਾਡੇ ਪਾਠਕ ਇਹ ਨੋਟ ਕਰਨਗੇ ਕਿ ਸਾਰਾ ਬਚਾਅ ਅਜਿਹੀਆਂ ਅਫ਼ਵਾਹਾਂ ਨੂੰ ਲੈ ਕੇ ਹੈ ਕਿ ਆਉਂਦੇ ਮਾਰਚ ਮਹੀਨੇ

ਬਾਗ਼ੀਆਂ ਦੀਆਂ ਵੱਡੀਆਂ ਭੀੜਾਂ ਦੇ ਇਕੱਠ ਹੋਣਗੇ। ਇਹ ਵੀ ਨੋਟ ਕੀਤਾ ਜਾਵੇਗਾ ਕਿ ਵੱਡੇ ਪੱਧਰ 'ਤੇ ਫੈਲ ਰਹੀਆਂ ਇਨ੍ਹਾਂ ਅਫ਼ਵਾਹਾਂ ਦੇ ਬਾਵਜੂਦ ਆਪਣੇ ਮੁਖੀ ਤੋਂ ਬਗ਼ੈਰ ਹੀ ਅੱਗੇ ਵਧ ਰਹੇ ਬਾਗ਼ੀਆਂ ਨੂੰ ਬ੍ਰਿਟਿਸ਼ ਫ਼ੌਜੀਆਂ ਦੇ ਮੌਕੇ 'ਤੇ ਪੁੱਜਣ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਹ ਵੀ ਨੋਟ ਕੀਤਾ ਜਾਵੇਗਾ ਕਿ ਭਾਵੇਂ ਵੇਰਵੇ ਇਹ ਬਿਆਨ ਕਰਦੇ ਹਨ ਕਿ ਵੱਡੀ ਗਿਣਤੀ 'ਚ ਕੂਕੇ ਆਪਣੇ ਉਨ੍ਹਾਂ 300 ਸਾਥੀਆਂ ਦੀ ਮਦਦ ਲਈ ਤਿਆਰ ਸਨ, ਜਿਨ੍ਹਾਂ ਨੂੰ ਆਮ ਬਗ਼ਾਵਤ ਤੋਂ ਪਹਿਲਾਂ ਭੇਜਿਆ ਗਿਆ ਸੀ ਪਰ ਫਿਰ ਵੀ ਉਨ੍ਹਾਂ ਦੀ ਕੋਈ ਮਦਦ ਨਹੀਂ ਕੀਤੀ ਗਈ। ਇਸ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਤਿੰਨ ਸੌ ਵਿਅਕਤੀਆਂ ਤੋਂ ਬਿਨਾਂ ਕਿਸੇ ਨੇ ਵੀ ਬਗ਼ਾਵਤ ਦੀ ਕੋਈ ਤਿਆਰੀ ਨਹੀਂ ਕੀਤੀ ਸੀ ਅਤੇ ਸਥਾਨਕ ਹਾਕਮਾਂ ਨੂੰ ਇੰਨੀ ਕੁ ਬਗ਼ਾਵਤ ਦਬਾਉਣ 'ਚ ਕੋਈ ਔਖ ਨਹੀਂ ਆਉਣੀ ਸੀ। ਉਸ ਬਿਰਤਾਂਤ ਨੂੰ ਬਹੁਤ ਜ਼ਿਆਦਾ ਹੁਨਰਮੰਦੀ ਨਾਲ ਲਿਖਿਆ ਗਿਆ ਹੈ ਅਤੇ ਅਜਿਹੇ ਸਾਰੇ ਨੁਕਤਿਆਂ 'ਤੇ ਜਿੱਥੇ ਕਿਤੇ ਵੀ ਸ੍ਰੀ ਕਾਵਨ ਦੀ ਕਾਰਵਾਈ ਦਾ ਜ਼ਿਕਰ ਕੀਤਾ ਗਿਆ ਹੈ, ਉੱਥੇ ਹੀ ਕੁਝ ਅਜਿਹੀਆਂ ਸਤਰਾਂ ਜੋੜ ਦਿੱਤੀਆਂ ਗਈਆਂ ਹਨ ਕਿ ਜਿਨ੍ਹਾਂ ਤੋਂ ਜਾਪੇ ਕਿ ਖ਼ਤਰਾ ਸੱਚਮੁਚ ਬਹੁਤ ਭਿਆਨਕ ਕਿਸਮ ਦਾ ਸੀ, ਅਫ਼ਵਾਹਾਂ ਫੈਲ ਰਹੀਆਂ ਸਨ ਅਤੇ ਇਹ ਹੋ ਰਿਹਾ ਸੀ, ਉਹ ਹੋ ਰਿਹਾ ਸੀ। ਸਾਨੂੰ ਇੱਕ ਵਾਰ ਫਿਰ ਇਹ ਵੀ ਦੱਸਿਆ ਜਾਂਦਾ ਹੈ ਕਿ ਇਨ੍ਹਾਂ 50 ਵਿਅਕਤੀਆਂ ਵੱਲੋਂ ਕੀਤੇ ਅਪਰਾਧ 'ਤੇ ਕੋਈ ਸ਼ੱਕ ਨਹੀਂ ਸੀ ਕਿਉਂਕਿ ਉਹ ਰੰਗੇ-ਹੱਥੀਂ ਫੜੇ ਗਏ ਸਨ ਅਤੇ ਫਿਰ ਉਨ੍ਹਾਂ ਦੋ ਹਮਲਿਆਂ 'ਚ ਸ਼ਾਮਲ ਹੋਣ ਦਾ ਇਕਬਾਲ ਕੀਤਾ ਸੀ। ਅਸੀਂ ਇਸ ਗੱਲ 'ਤੇ ਯਕੀਨ ਕਰਾਂਗੇ ਕਿ ਜਦੋਂ ਸਾਡੇ ਕੋਲ ਸਬੂਤ ਮੌਜੂਦ ਹਨ। ਇਹ ਆਖਣਾ ਬਹੁਤ ਸੁਖਾਲ਼ਾ ਹੈ ਕਿ 50 ਵਿਅਕਤੀਆਂ ਨੇ ਦੋ ਹਮਲਿਆਂ 'ਚ ਸ਼ਾਮਲ ਹੋਣ ਦੇ ਆਪਣੇ ਗੁਨਾਹ ਦਾ ਇਕਬਾਲ ਕਰ ਲਿਆ ਹੈ ਪਰ ਇਹ ਅੰਗਰੇਜ਼ਾਂ ਦੀ ਆਦਤ ਹੈ ਕਿ ਉਹ ਅਜਿਹੇ ਇਕਬਾਲ ਦਾ ਵਾਜਬ ਰਿਕਾਰਡ ਬਣਾ ਕੇ ਰੱਖਦੇ ਹਨ ਅਤੇ ਫਿਰ ਕਾਨੂੰਨ ਅਨੁਸਾਰ ਕਾਰਵਾਈ ਕਰਦੇ ਹਨ ਪਰ ਸ੍ਰੀ ਕਾਵਨ ਨੇ ਕਾਨੂੰਨ ਮੁਤਾਬਕ ਕਾਰਵਾਈ ਨਹੀਂ ਕੀਤੀ, ਇਸ ਰਿਪੋਰਟ 'ਚ ਇਹ ਗੱਲ ਕਬੂਲ ਕੀਤੀ ਗਈ ਹੈ।

50 ਵਿਅਕਤੀਆਂ ਨੇ ਇਹ ਇਕਬਾਲ ਕਰ ਲਿਆ ਕਿ ਉਹ ਦੋ ਹਮਲਿਆਂ 'ਚ ਸ਼ਾਮਲ ਸਨ, ਤਾਂ ਕੀ ਇੰਨਾ ਕਾਫ਼ੀ ਹੈ ਕਿ ਉਨ੍ਹਾਂ ਨੂੰ ਇੱਕ ਅਜਿਹੇ ਅਧਿਕਾਰੀ ਦੀ ਪ੍ਰਵਾਨਗੀ ਦੇ ਤੋਪਾਂ ਨਾਲ ਉਡਾ ਦਿੱਤਾ ਜਾਵੇ, ਜਿਸ ਨੂੰ ਅਜਿਹੀ ਕਾਰਵਾਈ ਕਰਨ ਦਾ ਕੋਈ ਅਧਿਕਾਰ ਹੀ ਨਹੀਂ? ਕੀ ਇਸ ਤੋਂ ਇਹ ਸਮਝਿਆ ਜਾਵੇ ਕਿ ਹਰੇਕ ਬਗ਼ਾਵਤ ਦਾ ਇਹੋ ਜਿਹਾ ਪੱਧਰ ਹੁੰਦਾ ਹੈ? ਚਲੋ ਹੋਰ ਦ੍ਰਿਸ਼ਟੀਕੋਣ ਤੋਂ ਵੇਖਦੇ ਹਾਂ ਕਿ ਉਸ ਵੇਲੇ ਕੀ ਕੁਝ ਵਾਪਰਿਆ ਸੀ ਅਤੇ ਅਸੀਂ ਇਹ ਵੀ ਮੰਨਦੇ ਹਾਂ ਕਿ ਇਸ ਸਭ 'ਤੇ ਭਰੋਸਾ ਕੀਤਾ ਜਾ ਸਕਦਾ ਹੈ। ਇਹ ਦੱਸਿਆ ਗਿਆ ਕਿ 14 ਜਨਵਰੀ ਨੂੰ ਕੂਕਿਆਂ ਦੇ ਗੁਰੂ ਰਾਮ ਸਿੰਘ ਜੀ ਨੇ ਖ਼ੁਦ ਸ੍ਰੀ ਕਾਵਨ ਤੱਕ ਇਹ ਸੰਦੇਸ਼ ਪਹੁੰਚਾਇਆ ਕਿ ਕੂਕਿਆਂ ਦੀ ਇੱਕ ਟੋਲੀ ਜੋ ਮੌਜ਼ਾ ਭੈਣੀ ਵਿਖੇ ਇੱਕ ਤਿਉਹਾਰ ਮਨਾਉਣ ਲਈ ਆਈ ਸੀ, ਉਸ ਨੇ ਉਨ੍ਹਾਂ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਉਹ ਕਿਤੇ ਚਲੀ

ਗਈ ਹੈ, ਲੱਗਦਾ ਹੈ ਕਿ ਉਹ ਗੜਬੜੀ ਕਰੇਗੀ। ਹੁਣ ਜੇ ਇਹ ਦਰੁਸਤ ਹੈ, ਤਾਂ ਇਸ ਤੋਂ ਤਾਂ ਇਹੋ ਸਿੱਧ ਹੁੰਦਾ ਹੈ ਕਿ ਬਾਬਾ ਰਾਮ ਸਿੰਘ ਦੀ ਤਾਂ ਇਨ੍ਹਾਂ ਵਿਅਕਤੀਆਂ ਦੀ ਮਦਦ ਕਰਨ ਦੀ ਕੋਈ ਮਨਸ਼ਾ ਹੀ ਨਹੀਂ ਸੀ ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਦਾ ਤੁਰਤ-ਫੁਰਤ ਜਵਾਬ ਇਹੋ ਹੋਵੇਗਾ ਕਿ ਜੇ ਉਹ ਟੋਲੀ ਆਪਣੇ ਮਕਸਦ 'ਚ ਕਾਮਯਾਬ ਹੋ ਜਾਂਦੀ, ਤਾਂ ਬਾਬਾ ਜੀ ਨੇ ਉਨ੍ਹਾਂ ਦਾ ਲਾਹਾ ਲੈਣਾ ਸੀ। ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਕੀ ਬਾਬਾ ਰਾਮ ਸਿੰਘ ਜੀ ਨੇ ਅਜਿਹਾ ਬਿਆਨ ਦਿੱਤਾ ਸੀ? ਸਾਨੂੰ ਦੱਸਿਆ ਗਿਆ ਹੈ ਕਿ ਸੋਮਵਾਰ, 15 ਜਨਵਰੀ ਦੀ ਸਵੇਰ ਨੂੰ ਸ੍ਰੀ ਕਾਵਨ ਨੇ ਦੋ ਟੈਲੀਗ੍ਰਾਮ ਭੇਜੀਆਂ ਸਨ, ਇੱਕ ਅੰਬਾਲਾ ਨੂੰ ਤੇ ਦੂਜੀ ਜਲੰਧਰ ਨੂੰ, ਜਿਨ੍ਹਾਂ ਰਾਹੀਂ ਫ਼ੌਜੀ ਇਮਦਾਦ ਮੰਗੀ ਗਈ ਸੀ। ਅਗਲੇ ਦਿਨ ਉਨ੍ਹਾਂ ਨੇ ਇਹ ਆਖਦਿਆਂ ਫ਼ੌਜੀ ਇਮਦਾਦ ਦੀ ਮੰਗ ਵਾਪਸ ਲੈ ਲਈ ਸੀ ਕਿ ਬਗ਼ਾਵਤ ਨੂੰ ਦਬਾ ਦਿੱਤਾ ਗਿਆ ਸੀ। ਕੂਕਿਆਂ ਦੀ ਸਮੁੱਚੀ ਟੋਲੀ ਨੂੰ ਘੇਰਾ ਪਾ ਲਿਆ ਗਿਆ ਸੀ, ਉਸ ਦੇ ਮੈਂਬਰ ਨਿਰਾਸ਼ ਸਨ ਅਤੇ ਬੁਰੀ ਤਰ੍ਹਾਂ ਥੱਕ-ਟੁੱਟ ਚੁੱਕੇ ਸਨ। ਇਸ ਟੋਲੀ ਨੂੰ ਮਲੌਦ 'ਚ ਬਹੁਤ ਥੋੜ੍ਹੇ ਲੋਕਾਂ ਨੇ ਭਜਾ ਦਿੱਤਾ ਸੀ ਤੇ ਮਲੇਰਕੋਟਲਾ ਦੇ ਹਮਲੇ ਵੇਲੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਦਬਾ ਦਿੱਤਾ ਗਿਆ ਸੀ।

ਸਾਡੇ ਪਾਠਕ ਇਹ ਵੇਖਣਗੇ ਕਿ 'ਇੰਡੀਅਨ ਪਬਲਿਕ ਓਪੀਨੀਅਨ' ਨੇ ਪੂਰੀ ਤਰ੍ਹਾਂ ਇੱਕਪਾਸੜ ਬਿਰਤਾਂਤ (ਇਹ ਘਿਨਾਉਣਾ ਤੇ ਪਖੰਡੀ ਕਿਸਮ ਦਾ ਲੇਖ, ਜੋ ਕੁੱਲ ਮਿਲਾ ਕੇ ਵਹਿਸ਼ੀ ਕਿਸਮ ਦਾ ਸੀ, ਕੁਝ ਦਿਨ ਬਾਅਦ ਛਾਪਿਆ ਗਿਆ ਸੀ) ਪੇਸ਼ ਕੀਤਾ ਹੈ ਕਿ ਭਾਵੇਂ ਸ੍ਰੀ ਕਾਵਨ ਨੇ ਆਪਣੀ ਇੱਕ ਤਾਰ ਰਾਹੀਂ ਬਗ਼ਾਵਤ ਨੂੰ ਇੰਨਾ ਖ਼ਤਰਨਾਕ ਕਰਾਰ ਦਿੱਤਾ ਸੀ ਕਿ ਜਿਸ ਤੋਂ ਉਨ੍ਹਾਂ ਦੀ 50 ਵਿਅਕਤੀਆਂ ਨੂੰ ਬਿਨਾਂ ਕਿਸੇ ਸੁਣਵਾਈ ਦੇ ਤੋਪਾਂ ਨਾਲ ਉਡਾ ਦੇਣ ਦੀ ਕਾਰਵਾਈ ਦਰੁਸਤ ਦਿਸਦੀ ਹੈ- ਪਰ ਜਿਹੜੇ ਬ੍ਰਿਟਿਸ਼ ਫ਼ੌਜੀ ਮੌਕੇ 'ਤੇ ਉਨ੍ਹਾਂ ਦੀ ਮਦਦ ਲਈ ਪੁੱਜਦੇ ਹਨ, ਉਨ੍ਹਾਂ ਨੂੰ ਵਰਤਣ ਦੀ ਕੋਈ ਲੋੜ ਹੀ ਨਹੀਂ ਪੈਂਦੀ। ਕੀ ਕੋਈ ਵਿਸ਼ਵਾਸ ਕਰੇਗਾ ਕਿ ਜੇ ਖ਼ਤਰਾ ਇੰਨਾ ਜ਼ਿਆਦਾ ਹੋਵੇ, ਜਿੰਨਾ ਕਿ ਹੁਣ ਪੇਸ਼ ਕਰ ਦਿੱਤਾ ਗਿਆ ਹੈ ਪਰ ਉਸ ਨੂੰ ਇੱਕੋ ਦਿਨ 'ਚ ਦਬਾ ਦਿੱਤਾ ਗਿਆ ਸੀ ਅਤੇ ਲੋਕਾਂ ਦੀਆਂ ਵੱਡੀਆਂ ਟੋਲੀਆਂ ਇੱਧਰ-ਉੱਧਰ ਹਰ ਥਾਂ 'ਤੇ ਘੁੰਮ ਰਹੀਆਂ ਸਨ ਅਤੇ ਉੱਥੇ ਕੋਈ ਬ੍ਰਿਟਿਸ਼ ਫ਼ੌਜਾਂ ਤਾਇਨਾਤ ਨਹੀਂ ਸਨ ਤੇ ਸਭ ਕੁਝ ਸਥਾਨਕ ਭਾਈਵਾਲਾਂ ਦੇ ਸਹਾਰੇ ਸੀ। ਇਸ ਗੱਲ 'ਤੇ ਕੁਝ ਲੋਕ ਯਕੀਨ ਕਰਦੇ ਹਨ ਪਰ ਅਸੀਂ ਨਹੀਂ ਕਰਦੇ। ਜਨਤਾ ਨੂੰ ਇਹੋ ਯਕੀਨ ਦਿਵਾਉਣ ਦੀਆਂ ਕੋਸ਼ਿਸ਼ਾਂ ਹੋਈਆਂ ਹਨ ਕਿ ਇਸ ਬਗ਼ਾਵਤ ਨਾਲ ਤਾਂ ਬਹੁਤ ਵੱਡਾ ਸੰਕਟ ਪੈਦਾ ਹੋ ਜਾਣਾ ਸੀ ਅਤੇ ਸ੍ਰੀ ਕਾਵਨ ਨੇ ਸਾਰੀ ਜ਼ਿੰਮੇਵਾਰੀ ਲੈਂਦਿਆਂ ਗ਼ਦਰ ਵੇਲੇ ਦੇ ਕੁਝ ਨਾਇਕਾਂ ਵਾਂਗ ਕਾਰਵਾਈ ਕੀਤੀ ਸੀ। ਪਰ ਜਿਹੜਾ ਵੀ ਬਹੁਤ ਧਿਆਨ ਤੇ ਨਿਰਪੱਖਤਾ ਨਾਲ ਇਸ ਵਿਸ਼ੇ 'ਤੇ ਵਿਚਾਰ ਕਰੇਗਾ, ਤਾਂ ਉਸ ਨੂੰ ਇਹੋ ਜਾਪੇਗਾ ਕਿ ਇਨ੍ਹਾਂ ਦੋਵੇਂ ਸਥਿਤੀਆਂ 'ਚ ਕੁਝ ਵੀ ਸਾਂਝਾ ਨਹੀਂ ਸੀ। ਸ੍ਰੀ ਕਾਵਨ ਉੱਥੇ 'ਇਕਲੌਤੇ ਅੰਗਰੇਜ਼' ਨਹੀਂ ਸਨ ਕਿਉਂਕਿ ਉਨ੍ਹਾਂ ਦੇ ਬਿਲਕੁਲ ਗੁਆਂਢ 'ਚ ਵੱਡੀ ਬ੍ਰਿਟਿਸ਼ ਫ਼ੌਜ ਮੌਜੂਦ ਸੀ ਅਤੇ ਜੇ ਉਨ੍ਹਾਂ ਕੈਦੀਆਂ ਦੀ ਸੁਣਵਾਈ ਕਰਨੀ ਹੁੰਦੀ, ਤਾਂ

ਕੁਝ ਹੀ ਘੰਟਿਆਂ 'ਚ ਉਹ ਫ਼ੌਜ ਉੱਥੇ ਪੁੱਜ ਸਕਦੀ ਸੀ। ਪਰ ਉਨ੍ਹਾਂ ਨੇ ਉਸ ਫ਼ੌਜ ਨੂੰ ਵਰਤਣ ਦੀ ਕਦੇ ਕੋਸ਼ਿਸ਼ ਤੱਕ ਨਹੀਂ ਕੀਤੀ; ਬੱਸ ਉਨ੍ਹਾਂ ਨੇ ਲੋਕਾਂ ਨੂੰ ਤੋਪਾਂ ਨਾਲ ਉਡਾ ਦਿੱਤਾ।

ਇਸ ਸਭ ਦੇ ਕੀ ਕਾਰਣ ਸਨ, ਕੀ ਸਪੱਸ਼ਟੀਕਰਣ ਸੀ ਅਤੇ ਸ੍ਰੀ ਕਾਵਨ ਨੇ ਇਸ ਸਭ ਦੀ ਜ਼ਿੰਮੇਵਾਰੀ ਆਪਣੇ ਸਿਰ 'ਤੇ ਕਿਵੇਂ ਲੈ ਲਈ ਸੀ? ਕੀ ਕੋਈ ਕਲਪਨਾ ਕਰ ਸਕਦਾ ਹੈ ਕਿ ਸੰਸਦ ਕਦੇ ਕਿਸੇ ਡਿਪਟੀ ਕਮਿਸ਼ਨਰ ਨੂੰ ਅਜਿਹੀ ਹੌਲਨਾਕ ਤਾਕਤ ਦੇਵੇਗੀ, ਜਿਹੋ ਜਿਹੀ ਸ੍ਰੀ ਕਾਵਨ ਨੇ ਵਰਤੀ ਹੈ? ਸਾਨੂੰ ਪੂਰੀ ਤਸੱਲੀ ਹੈ ਕਿ ਅਜਿਹੀ ਕੋਈ ਕੋਸ਼ਿਸ਼ ਨਹੀਂ ਹੋਵੇਗੀ। ਭਾਰਤ 'ਚ ਬਹੁਤ ਸਾਰੇ ਯੋਗ ਸਿਵਲ ਅਧਿਕਾਰੀ ਮੌਜੂਦ ਹਨ ਪਰ ਉਨ੍ਹਾਂ ਵਿੱਚੋਂ ਨਾ ਸਿਰਫ਼ ਅਯੋਗ ਅਫ਼ਸਰ ਵੀ ਹੋਣਗੇ ਸਗੋਂ ਅਜਿਹੇ ਵੀ ਹੋਣਗੇ ਜਿਨ੍ਹਾਂ 'ਚ ਅਜਿਹੇ ਭਿਆਨਕ ਕਿਸਮ ਦੇ ਮਾਮਲਿਆਂ 'ਚ ਇਨਸਾਫ਼ ਦੇ ਆਧਾਰ 'ਤੇ ਫ਼ੈਸਲਾ ਲੈਣ ਦੀ ਸਮਰੱਥਾ ਨਹੀਂ ਹੋਵੇਗੀ। ਸਾਨੂੰ ਇਹ ਪਤਾ ਹੈ ਕਿ ਬਹੁਤੇ ਲੋਕ ਅਜਿਹੇ ਵਿਅਕਤੀਆਂ ਬਾਰੇ ਕੁਝ ਨਹੀਂ ਸੋਚਦੇ ਪਰ ਜੇ ਅਸੀਂ ਇਨ੍ਹਾਂ ਵਾਂਗ ਵਿਚਰਨ ਲੱਗ ਪਈਏ, ਤਾਂ ਸਾਨੂੰ ਕਦੇ ਨਾ ਕਦੇ ਕੌੜੇ ਜੁਰਮਾਨੇ ਅਦਾ ਕਰਨੇ ਪੈਣਗੇ। ਸਾਨੂੰ ਇਹ ਦੱਸਿਆ ਗਿਆ ਹੈ ਕਿ ਸਾਡਾ ਵਿਚਾਰ 'ਐਗਜ਼ੀਟਰ ਹੱਲ' ਵਰਗਾ ਹੈ ਅਤੇ ਇਹ ਵੀ ਕਿ ਅਸੀਂ ਮਾਮਲੇ ਨੂੰ ਸਮਝਦੇ ਹੀ ਨਹੀਂ। ਅਸੀਂ ਸੋਚਦੇ ਹਾਂ ਕਿ ਸਾਨੂੰ 'ਐਗਜ਼ੀਟਰ ਹੱਲ' ਜਿਹੇ ਜਿਹੇ ਬੇਲੋੜੇ ਰੁਝਾਨ ਕਰਕੇ ਕਦੇ ਕੋਈ ਜੁਰਮਾਨਾ ਨਹੀਂ ਹੋ ਸਕਦਾ ਪਰ ਅਸੀਂ ਇਹ ਪਰਵਾਹ ਨਹੀਂ ਕਰਦੇ ਕਿ ਕਿੱਥੇ ਇਸ ਦ੍ਰਿਸ਼ਟੀਕੋਣ ਮੁਤਾਬਕ ਕੰਮ ਹੋਇਆ ਹੈ ਤੇ ਕਿੱਥੇ ਨਹੀਂ; ਅਸੀਂ ਤਦ ਤੱਕ ਇੰਝ ਹੀ ਚੱਲੀ ਜਾਵਾਂਗੇ, ਜਦੋਂ ਤੱਕ ਕਿ ਸਾਨੂੰ ਕੁਝ ਵੱਖਰਾ ਸੋਚਣ ਦਾ ਕੋਈ ਠੋਸ ਕਾਰਣ ਨਹੀਂ ਮਿਲਦਾ; ਤੇ 'ਐਗਜ਼ੀਟਰ ਹੱਲ' ਨੇ ਅੱਜ ਪਹਿਲਾਂ ਹੀ ਸ੍ਰੀ ਕਾਵਨ ਜਿਹੇ ਕਾਰਜ ਕਰਨ ਦੇ ਮੁਕਾਬਲੇ ਆਪਣਾ ਇਨਸਾਨੀਅਤ ਪੱਖੀ ਸਟੈਂਡ ਲੈ ਲਿਆ ਹੈ। ਜਿਹੜੇ 16 ਵਿਅਕਤੀਆਂ ਨੂੰ ਸ੍ਰੀ ਫ਼ਾਰਸਿਥ ਨੇ ਬਾਅਦ 'ਚ ਮੌਤ ਦੀ ਸਜ਼ਾ ਦਿੱਤੀ ਸੀ, ਉਨ੍ਹਾਂ ਦੀ ਸੁਣਵਾਈ ਕੀਤੀ ਗਈ ਸੀ, ਇਸ ਲਈ ਉਹ ਸਜ਼ਾਵਾਂ ਕਾਨੂੰਨੀ ਸਨ ਅਤੇ ਅਸੀਂ ਇਹ ਆਖ ਸਕਦੇ ਹਾਂ ਕਿ ਇਹ ਕਾਨੂੰਨੀ ਹੈ ਜਾਂ ਨਹੀਂ ਹੈ ਪਰ ਅਸੀਂ ਸ੍ਰੀ ਕਾਵਨ ਦੀ ਗ਼ੈਰ-ਕਾਨੂੰਨੀ ਕਾਰਵਾਈ ਤੋਂ ਬਾਅਦ ਇੰਨੀ ਵੱਡੀ ਗਿਣਤੀ 'ਚ ਲੋਕਾਂ ਨੂੰ ਤੋਪਾਂ ਨਾਲ ਉਡਾਉਣ ਦੀ ਜ਼ਿੰਮੇਵਾਰੀ ਨਹੀਂ ਲਵਾਂਗੇ। ਸਾਡੇ ਤੋਂ ਪੁੱਛਿਆ ਜਾਂਦਾ ਹੈ ਕਿ ਕੀ ਸ੍ਰੀ ਕਾਵਨ ਨੂੰ ਅਜਿਹੇ ਅਹੁਦੇ 'ਤੇ ਕਾਇਮ ਰੱਖਣਾ ਜ਼ੁਲਮ ਨਹੀਂ ਹੈ ਅਤੇ ਜੇ ਹੈ ਤਾਂ ਫਿਰ ਸ੍ਰੀ ਕਾਵਨ ਵੱਲੋਂ ਅਜਿਹੀ ਜ਼ਿੰਮੇਵਾਰੀ ਦੀ ਨਿੰਦਾ ਕਰੋ। ਬੇਰਹਿਮੀ! ਕੀ ਇਸ ਸ਼ਬਦ ਨੂੰ ਅਜਿਹੇ ਅਧਿਕਾਰੀ ਲਈ ਵਰਤਣਾ ਮਜ਼ਾਕ ਨਹੀਂ ਹੈ, ਜਿਸ ਨੇ ਆਪਣੀ ਜ਼ਿੰਮੇ ਵਾਰੀ ਇੰਨਾ ਡਰ ਕੇ ਨਿਭਾਈ? ਅਸੀਂ ਜ਼ਿੰਮੇਵਾਰੀ ਦੀ ਵਾਜਬ ਵਰਤੋਂ ਦਾ ਬਚਾਅ ਸਭ ਤੋਂ ਪਹਿਲਾਂ ਕਰਾਂਗੇ; ਪਰ ਹੇ ਰੱਬਾ! ਕੀ ਅਸੀਂ ਉਸ ਅਧਿਕਾਰੀ ਦਾ ਬਚਾਅ ਕਰਨ ਲਈ ਹਾਂ, ਜਿਸ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ ਤੇ ਉਹ ਜੋ ਕੁਝ ਵੀ ਕਰਦਾ ਹੈ, ਅਸੀਂ ਉਸ ਨੂੰ ਦਰੁਸਤ ਕਰਾਰ ਦੇਈਏ। ਅਜਿਹੀ ਦਲੀਲਬਾਜ਼ੀ ਚੱਲਦੀ ਰਹਿੰਦੀ ਹੈ ਪਰ ਇਹ ਸਭ ਰੁਕਣਾ ਜ਼ਰੂਰ ਚਾਹੀਦਾ ਹੈ। ਪ੍ਰਮੁੱਖ ਬਾਗ਼ੀਆਂ ਨੂੰ ਗ੍ਰਿਫ਼ਤਾਰ ਕਰ

ਕੇ ਸ੍ਰੀ ਫ਼ਾਰਸਿਥ ਨੇ ਸੱਚਮੁਚ ਸ਼ਲਾਘਾਯੋਗ ਕਾਰਜ ਕੀਤਾ ਹੈ। ਇਹ ਉਸ ਕਿਸਮ ਦੀ ਜ਼ਿੰਮੇਵਾਰੀ ਹੈ ਕਿ ਜਿਸ ਦਾ ਦੇਸ਼ 'ਤੇ ਬਹੁਤ ਜ਼ਿਆਦਾ ਨੈਤਿਕ ਅਸਰ ਪੈਂਦਾ ਹੈ ਅਤੇ ਇਹ ਅਸਰ ਘਟਣਾ ਨਹੀਂ ਸੀ ਜੇ ਹਮਲਿਆਂ 'ਚ ਸ਼ਾਮਲ ਕੂਕਿਆਂ ਦੀ ਉਸ ਟੋਲੀ ਦੇ ਕੁਝ ਆਗੂਆਂ ਨੂੰ ਮੌਤ ਦੀ ਸਜ਼ਾ ਦੇ ਦਿੰਦੇ। ਪਰ ਉਹ ਵੀ ਸੁਣਵਾਈ ਤੋਂ ਬਾਅਦ, ਪਹਿਲਾਂ ਨਹੀਂ।

ਸਾਡਾ ਮੰਨਣਾ ਹੈ ਕਿ ਹੁਣ ਸਾਡੇ ਪਾਠਕਾਂ ਦੀ ਇਹ ਧਾਰਨਾ ਬਣ ਗਈ ਹੈ ਕਿ ਅਸੀਂ ਸ੍ਰੀ ਕਾਵਨ ਦੀ ਕਾਰਵਾਈ ਦੇ ਹੱਕ ਅਤੇ ਬਚਾਅ ਵਿੱਚ ਸਮੱਗਰੀ ਮੁੜ-ਮੁੜ ਛਾਪ ਰਹੇ ਹਾਂ ਪਰ ਅਸੀਂ ਕੇਵਲ ਇਹੋ ਆਖ ਸਕਦੇ ਹਾਂ ਕਿ ਇਹ ਬਿਲਕੁਲ ਵੀ ਬਚਾਅ ਨਹੀਂ ਹੈ। ਭਾਰਤ, ਵਿਸ਼ੇਸ਼ ਤੌਰ 'ਤੇ ਪੰਜਾਬ ਦੀ ਖ਼ਾਸੀਅਤ ਬਾਰੇ ਬਹੁਤ ਕੁਝ ਕਿਹਾ ਜਾ ਚੁੱਕਾ ਹੈ। ਸਾਡੇ 'ਚ ਅਜਿਹੀਆਂ ਦਲੀਲਾਂ ਪੜ੍ਹਨ ਜੋਗਾ ਸਬਰ ਨਹੀਂ ਹੈ। ਠੀਕ ਅਤੇ ਗ਼ਲਤ ਜਿਵੇਂ ਇੰਗਲੈਂਡ 'ਚ ਹੁੰਦੇ ਹਨ, ਭਾਰਤ 'ਚ ਵੀ ਉਵੇਂ ਹੀ ਹਨ। ਭਾਰਤ ਦੀ ਜਨਤਾ ਕਿਸੇ ਵਿਗਾੜ ਦੇ ਸਖ਼ਤ ਦਮਨ ਅਤੇ ਉਸ ਤੋਂ ਬਾਅਦ ਸਖ਼ਤ ਇਨਸਾਫ਼ ਨੂੰ ਸਮਝ ਸਕਦੀ ਹੈ ਪਰ ਇਹ ਕਾਰਵਾਈ ਕੋਈ ਵੱਡੀ ਬਗ਼ਾਵਤ ਨਹੀਂ ਸੀ; ਨਾ ਹੀ ਇਹ ਕੋਈ ਬਹੁਤ ਜ਼ਿਆਦਾ ਖ਼ਤਰਾ ਸੀ, ਬੱਸ ਮਹਿਜ਼ ਨਿਗੂਣੀ ਜਿਹੀ ਡਕੈਤੀ ਦੀ ਮੁਹਿੰਮ ਸੀ; ਪਰ ਇਸ ਖ਼ਿਲਾਫ਼ ਸਖ਼ਤ ਕਾਰਵਾਈ ਕਰੋੜਾਂ ਲੋਕਾਂ 'ਚ ਭੜਕਾਹਟ ਪੈਦਾ ਕਰੇਗੀ। ਭਾਰਤ 'ਚ ਇੰਗਲੈਂਡ ਦੇ ਇਤਿਹਾਸ ਵਿੱਚ ਕਦੇ ਅਜਿਹਾ ਕੋਈ ਸਮਾਂ ਨਹੀਂ ਆਇਆ, ਜਦੋਂ ਅੰਗਰੇਜ਼ਾਂ ਨੇ ਨਿਆਂਪੂਰਨ ਸਿਧਾਂਤਾਂ 'ਤੇ ਵਿਚਰਨ ਦਾ ਵਿਵਹਾਰ ਦਰਸਾਇਆ ਹੋਵੇ। ਸਮੁੱਚੇ ਦੇਸ਼ 'ਚ ਇੱਕ ਗ਼ੈਰ-ਸੁਭਾਵਕ ਜਿਹਾ ਅਹਿਸਾਸ ਹੀ ਘੁੰਮ ਰਿਹਾ ਹੈ ਅਤੇ ਕੋਈ ਵੀ ਅਧਿਕਾਰੀ ਪਹਿਲੀ ਵਾਰ ਬਗ਼ਾਵਤ ਨੂੰ ਦਬਾਉਣ ਲਈ ਇੰਨੀ ਜ਼ਿਆਦਾ ਮੁਸਤੈਦੀ ਤੇ ਜੋਸ਼ ਨਾਲ ਕਾਰਵਾਈ ਨਹੀਂ ਪਾਵੇਗਾ। ਕੋਈ ਅਜਿਹਾ ਅਧਿਕਾਰੀ ਜੋ ਆਪਣੀ ਖ਼ੁਦ ਦੀ ਜ਼ਿੰਮੇਵਾਰੀ 'ਤੇ ਕਾਰਵਾਈ ਪਾਉਂਦਾ ਹੈ, ਉਸ ਨੂੰ ਹਮਾਇਤ ਦੀ ਕਦੇ ਘਾਟ ਨਹੀਂ ਹੋਵੇਗੀ। ਪਰ ਇਹ ਮਾਮਲਾ ਵੱਖਰੀ ਕਿਸਮ ਦਾ ਹੈ। ਅਸੀਂ ਇਹ ਮੰਨਦੇ ਹਾਂ ਕਿ ਨੀਤੀ 'ਚ ਗ਼ਲਤੀ ਹੈ, ਇਹ ਸਰਕਾਰ ਨਹੀਂ, ਸਗੋਂ ਕੁਸ਼ਾਸਨ ਸੀ, ਇਹ ਕੋਈ ਤਾਕਤ ਨਹੀਂ ਸਗੋਂ ਕਮਜ਼ੋਰੀ ਸੀ, ਕੋਈ ਭਾਵਨਾ ਨਹੀਂ ਸਗੋਂ ਭਾਵਨਾਹੀਣਤਾ ਸੀ ਅਤੇ ਇਹ ਭਾਰਤ 'ਚ ਸਾਡੇ ਇਤਿਹਾਸ ਦੇ ਸਾਡੇ ਸਭ ਤੋਂ ਘਾਤਕ ਤੇ ਜਾਨਲੇਵਾ ਕਾਰਿਆਂ 'ਚੋਂ ਇੱਕ ਹੋਵੇ। ਅਸੀਂ ਸਮਝਦੇ ਹਾਂ ਕਿ ਅਸੀਂ ਕਦੇ ਇਹ ਨਹੀਂ ਚਾਹਾਂਗੇ ਕਿ ਕਦੇ ਇਸ ਬਾਰੇ ਵਿਚਾਰ ਹੋਵੇ ਜਾਂ ਇਸ ਦਾ ਜ਼ਿਕਰ ਹੋਵੇ ਕਿਉਂਕਿ ਇਹ ਭੈੜਾ ਲੱਗੇਗਾ, ਸੱਚਾਈ ਇਹੋ ਹੈ ਕਿ ਉਹ 66 ਵਿਅਕਤੀ ਚੰਗੇ ਪਰਿਵਾਰਾਂ ਨਾਲ ਹੀ ਸੰਬੰਧਤ ਹੋਣਗੇ। ਬੇਸ਼ੱਕ, ਇਹ ਸਭ ਬਕਵਾਸ ਹੈ। ਪੰਜਾਬ ਦੇ ਕਿਸੇ ਪਰਿਵਾਰ ਦੀ ਕੌਣ ਪਰਵਾਹ ਕਰਦਾ ਹੈ! ਨਹੀਂ ਅਸੀਂ ਇਸ ਵਿਸ਼ੇ 'ਤੇ ਕੋਈ ਗੱਲ ਨਹੀਂ ਕਰਾਂਗੇ – ਇਹ ਜਜ਼ਬਾਤੀ ਹੋਵੇਗਾ, ਤੁਹਾਨੂੰ ਪਤਾ ਹੀ ਹੈ ਕਿ ਭਾਰਤ 'ਚ ਜਜ਼ਬਾਤ ਦੀ ਕੋਈ ਲੋੜ ਹੀ ਨਹੀਂ ਹੈ। ਸਾਡੇ 'ਚ ਇਹ ਆਖਣ ਦਾ ਜੇਰਾ ਹੈ ਕਿ ਜਿਹੜੇ ਮਰਦਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ, ਉਨ੍ਹਾਂ ਦੀਆਂ ਪਤਨੀਆਂ ਤੇ ਬੱਚਿਆਂ ਨੇ ਤਾਂ ਆਨੰਦ ਮਨਾਇਆ ਸੀ ਅਤੇ ਉਹ ਇਹ ਸਭ ਮਾਣ

ਨਾਲ ਚੇਤੇ ਰੱਖਣਗੇ ਕਿ ਇਹ ਵੀ ਕਹਿਣਗੇ ਕਿ ਭਵਿੱਖ ’ਚ ਕਦੇ ਉਨ੍ਹਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਜਾਵੇ। ਕੌਣ ਪਰਵਾਹ ਕਰਦਾ ਹੈ! ਫਿਰ ਵੀ, ਸਾਨੂੰ ਇਹ ਆਸ ਹੈ। ਸਾਨੂੰ ਸੁਹਿਰਦਤਾ ਨਾਲ ਇਹ ਆਸ ਹੈ ਕਿ ਇੰਗਲੈਂਡ ਦੀ ਮਹਾਰਾਣੀ ਇਸ ਮਾਮਲੇ ’ਚ ਬਰੀ ਰਹਿਣਗੇ। ਸਾਨੂੰ ਆਸ ਹੈ ਕਿ ਰਿਕਾਰਡ ’ਚ ਕੁਝ ਅਜਿਹਾ ਫ਼ੈਸਲਾ ਰੱਖਿਆ ਜਾਵੇਗਾ ਕਿ ਸਮੇਂ ਨਾਲ ਸਭ ਕੁਝ ਭੁੱਲ ਜਾਵੇਗਾ ਅਤੇ ਅਗਲੇਰੇ ਵਾਰਸਾਂ ਨੂੰ ਬਹੁਤ ਸਿਆਣੇ, ਖ਼ੁਸ਼ਹਾਲ ਅਤੇ ਵਧੇਰੇ ਸੰਤੁਸ਼ਟ ਲੋਕ ਸਮਝਿਆ ਜਾਵੇਗਾ ਅਤੇ ਭਾਰਤ ’ਚ ਇਸ ਵੇਲੇ ਜਿਹੜੀ ਹਾਲਤ ਚੱਲ ਰਹੀ ਹੈ, ਉਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਹੀ ਨਹੀਂ ਹੋਵੇਗਾ। ਅਸੀਂ ਸ੍ਰੀ ਕਾਵਨ ਨੂੰ ਨਹੀਂ ਜਾਣਦੇ ਅਤੇ ਨਾ ਹੀ ਉਨ੍ਹਾਂ ਦੀ ਇਸ ਕਾਰਵਾਈ ਤੋਂ ਇਲਾਵਾ ਉਨ੍ਹਾਂ ਬਾਰੇ ਹੋਰ ਕੁਝ ਪਤਾ ਹੈ ਪਰ ਉਨ੍ਹਾਂ ਦੀ ਜਿਹੜੀ ਕਾਰਵਾਈ ਬਾਰੇ ਅਸੀਂ ਜਾਣਦੇ ਹਾਂ, ਉਸ ਬਾਰੇ ਇੱਕ ਬੱਚਾ ਵੀ ਸਮਝ ਸਕਦਾ ਹੈ ਅਤੇ ਸਮੁੱਚੇ ਵਿਸ਼ਵ ’ਚ ਹਰ ਤਰ੍ਹਾਂ ਦਲੀਲ ਦੇ ਬਾਵਜੂਦ ਇਸ ਨੂੰ ਇਵੇਂ ਹੀ ਸਮਝਿਆ ਜਾਵੇਗਾ।

**ਕੂਕਿਆਂ ਦਾ ਕਤਲੇਆਮ।** ਸ੍ਰੀਮਾਨ ਜੀ – ਪੂਰਬ ਦੇ ਸਾਰੇ ਹੀ ਪੜ੍ਹੇ-ਲਿਖੇ ਲੋਕ ਅਸੱਭਿਅਕ ਨਹੀਂ ਹਨ, ਉਹ ਜ਼ਰੂਰ ਹੀ ਤੁਹਾਡੇ ਵੱਲੋਂ ਕੂਕਾ ਕਤਲੇਆਮ ਦੀ ਕੀਤੀ ਗਈ ਨਿਖੇਧੀ ਲਈ ਸ਼ੁਕਰਗੁਜ਼ਾਰ ਹੋਣਗੇ। ਇਸ ਵਿਸ਼ੇ ’ਤੇ ਸਭ ਤੋਂ ਵੱਧ ਦੁਖਦਾਈ ਪੱਖਾਂ ’ਚੋਂ ਇੱਕ ਭਾਰਤੀ ਪ੍ਰੈੱਸ ਦੇ ਇੱਕ ਹਿੱਸੇ ਦੇ ਵਤੀਰੇ ਬਾਰੇ ਹੈ। ਇਹ ਪੂਰੀ ਤਰ੍ਹਾਂ ਨਿਖੇਧੀਯੋਗ ਹੈ ਕਿ ਬ੍ਰਿਟਿਸ਼ ਅਧਿਕਾਰੀਆਂ ਨੇ ਅਜਿਹਾ ਨਾਕਾਬਿਲੇ ਮੁਆਫ਼ੀ ਕਸਾਈਪੁਣਾ ਕੀਤਾ ਹੈ। ਇਹ ਵੀ ਪੂਰੀ ਤਰ੍ਹਾਂ ਨਿੰਦਾਯੋਗ ਹੈ ਕਿ ਬਹੁਤਾ ਐਂਗਲੋ-ਇੰਡੀਅਨ ਸਮਾਜ ਅਜਿਹੀਆਂ ਜ਼ਰੂਰਤਾਂ ਨੂੰ ਪ੍ਰਵਾਨ ਕਰ ਰਿਹਾ ਹੈ; ਪਰ ਇਹ ਗੱਲ ਹੋਰ ਵੀ ਦੁਖਦਾਈ ਹੈ ਕਿ ਭਾਰਤੀ ਪ੍ਰੈੱਸ ਦੇ ਕਿਸੇ ਛੋਟੇ ਜਿਹੇ ਹਿੱਸੇ ਨੂੰ ਵੀ ਅਜਿਹੀਆਂ ਵਾਰਦਾਤਾਂ ਦੇ ਵੇਰਵਿਆਂ ਨੂੰ ਅੱਖੋਂ ਪ੍ਰੋਖੇ ਨਹੀਂ ਕਰਨਾ ਚਾਹੀਦਾ ਕਿਉਂਕਿ ਉਸ ਵੱਲੋਂ ਅਜਿਹਾ ਕਰਨਾ ਵੀ ਵਹਿਸ਼ੀਆਨਾ ਕਾਰਾ ਹੈ ਅਤੇ ਉਸ ਨੂੰ ਤਾਂ ਇਹੋ ਚਾਹੀਦਾ ਹੈ ਕਿ ਉਹ ਜਾਂ ਤਾਂ ਕਿਸੇ ਘਟਨਾ ਦਾ ਨਿੱਘਾ ਸੁਆਗਤ ਕਰੇ ਅਤੇ ਜਾਂ ਸਖ਼ਤ ਨਿਖੇਧੀ ਕਰੇ, ਕੋਈ ਵੀ ਹਿੰਸਕ ਕਾਰਵਾਈ ਬ੍ਰਿਟਿਸ਼ ਨਾਮ ਨੂੰ ਬਦਨਾਮ ਕਰਦੀ ਹੈ ਅਤੇ ਇੰਝ ਇਸ ਨੂੰ ਸਭਿਅਕ ਸਮਾਜ ਵੱਲੋਂ ਤਾਂ ਸਦਾ ਨੀਚਤਾ ਹੀ ਆਖਿਆ ਜਾਵੇਗਾ।

ਸਹੀ ਵਿਚਾਰਾਂ ਵਾਲੇ ਸਾਰੇ ਵਿਅਕਤੀਆਂ ਨੂੰ ਤੁਹਾਡੇ ਨਾਲ ਜ਼ਰੂਰ ਸਹਿਮਤ ਹੋਣਾ ਚਾਹੀਦਾ ਹੈ। ਅਜਿਹੇ ਕਤਲੇਆਮ ਨੂੰ ਅੰਜਾਮ ਦੇਣ ਵਾਲੇ ਗੁੰਮਰਾਹਕੁੰਨ ਅਧਿਕਾਰੀਆਂ ਦੇ ਚੀਨੀ ਵਹਿਸ਼ੀਪੁਣੇ ਨੂੰ ਕੋਈ ਵੀ ਦਲੀਲ ਦਰੁਸਤ ਨਹੀਂ ਠਹਿਰਾ ਸਕਦੀ। ਵਹਿਸ਼ੀਪੁਣੇ ਨੂੰ ਪ੍ਰਵਾਨ ਕਰਨ ਤੇ ਫਿਰ ਅਜਿਹੀ ਘਟਨਾ ਨੂੰ ਅੱਖੋਂ ਪ੍ਰੋਖੇ ਕਰਨ ਤੋਂ ਵੱਧ ਹੋਰ ਕੋਈ ਵਹਿਸ਼ੀਪੁਣਾ ਤੇ ਅਗਿਆਨਤਾ ਨਹੀਂ ਹੋ ਸਕਦੀ; ਅਤੇ ਜੇ ਸਮਾਜ, ਪ੍ਰੈੱਸ ਜਾਂ ਭਾਰਤ ਸਰਕਾਰ ’ਚ ਸੱਚ ਬੋਲਣ ਦੀ ਤਾਕਤ ਹੀ ਨਹੀਂ ਬਚੀ ਜਾਂ ਅਜਿਹੇ ਕਾਰਿਆਂ ਨੂੰ ਦਬਾਉਣ ਤੇ ਲੁਕਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਈਮਾਨਦਾਰੀ ਨਾਲ ਇਹ ਆਸ ਵੀ ਕਰ ਲੈਣੀ ਚਾਹੀਦੀ ਹੈ ਕਿ ਅੰਗਰੇਜ਼ ਰਾਸ਼ਟਰ ਉਨ੍ਹਾਂ ਨੂੰ ਦਰੁਸਤ ਠਹਿਰਾਏਗਾ।

ਇਹ ਕਾਰਾ, ਭਾਰਤੀ ਸਮਾਜ ਵੱਲੋਂ ਇਸ ਨੂੰ ਦਿੱਤੀ ਗਈ ਪ੍ਰਵਾਨਗੀ, ਭਾਰਤੀ ਪ੍ਰੈੱਸ ਦੇ ਇੱਕ ਵਰਗ ਵੱਲੋਂ ਇਸ ਵਾਰਦਾਤ ਦੇ ਮਾਮਲੇ 'ਚ ਕੀਤਾ ਗਿਆ ਵਿਵਹਾਰ ਅਤੇ ਇਸ ਸਭ ਕੁਝ ਬਾਰੇ ਮੈਂ ਇਹ ਗੱਲ ਜ਼ਰੂਰ ਆਖਾਂਗਾ ਕਿ ਇਸ ਮਾਮਲੇ 'ਤੇ ਸਰਕਾਰ ਦੀ ਮਨਹੂਸ ਚੁੱਪੀ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ, ਉਹ ਘੱਟ ਹੈ ਅਤੇ ਇਸ ਤੋਂ ਇਹ ਵੀ ਜ਼ਾਹਿਰ ਹੁੰਦਾ ਹੈ ਕਿ ਸਿੱਖਿਆ ਅਤੇ ਨੈਤਿਕਤਾ ਦੇ ਮਿਆਰ 'ਚ ਹੁਣ ਕਿੰਨਾ ਨਿਘਾਰ ਆ ਗਿਆ ਹੈ, ਜਿਸ ਬਾਰੇ ਸੋਚ ਕੇ ਵੀ ਦੁੱਖ ਹੁੰਦਾ ਹੈ।

ਤੁਹਾਡੇ ਆਪਣੇ

## ਇੰਡੀਅਨ ਸਟੇਟਸਮੈਨ

*12 ਮਾਰਚ, 1872*

'ਇੰਡੀਅਨ ਸਟੇਟਸਮੈਨ' ਦੇ ਅੰਮ੍ਰਿਤਸਰ ਤੋਂ ਪੱਤਰਕਾਰ ਦਾ ਕਹਿਣਾ ਹੈ ''ਕੂਕਿਆਂ ਦਾ ਦਾਅਵਾ ਹੈ ਕਿ ਲਾਰਡ ਮਾਯੋ ਦੀ ਮੌਤ ਉਨ੍ਹਾਂ ਦੇ ਗੁਰੂ ਰਾਮ ਸਿੰਘ ਦੀ ਮਰਜ਼ੀ ਨਾਲ ਹੋਈ ਹੈ।'' ਇਸ ਨੂੰ ਬਾਬਾ (ਗੁਰੂ) ਜੀ ਦਾ ਚਮਤਕਾਰ ਆਖਿਆ ਜਾ ਰਿਹਾ ਹੈ! ਇਹੋ ਗੱਲ ਉਹ ਜਸਟਿਸ ਨੌਰਮਨ ਦੇ ਕਤਲ ਦੇ ਮਾਮਲੇ 'ਚ ਵੀ ਆਖ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਦੋਵੇਂ ਕਤਲ ਰਾਏਕੋਟ ਦੇ ਕਤਲਾਂ ਲਈ ਦਿੱਤੀ ਫਾਂਸੀ ਅਤੇ ਕੂਕਾ ਬਾਗ਼ੀਆਂ ਨੂੰ ਤੋਪਾਂ ਨਾਲ ਉਡਾਉਣ ਦੇ ਬਦਲੇ ਵਜੋਂ ਕੀਤੇ ਗਏ ਹਨ। ਉਹ ਇਹ ਵੀ ਆਖ ਰਹੇ ਹਨ ਕਿ ਉਨ੍ਹਾਂ ਦੇ ਭਰਾਵਾਂ ਦੇ ਖ਼ੂਨ ਨੇ ਸੁਰਗਾਂ 'ਚੋਂ ਬਦਲਾ ਲੈਣ ਦੀ ਗੱਲ ਆਖੀ ਸੀ। ਮੈਂ ਸਿਰਫ਼ ਇੱਕ ਧਰਮ ਦੀਆਂ ਅਨਿਸ਼ਚਿਤਤਾਵਾਂ ਦਰਸਾਉਣ ਲਈ ਇਸ ਸਭ ਦਾ ਜ਼ਿਕਰ ਕਰ ਰਿਹਾ ਹਾਂ ਕਿਉਂਕਿ ਇੰਝ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਤੇ ਅਭਿਆਸਾਂ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਨ੍ਹਾਂ ਨੇ ਸਿੱਖ ਕੌਮ ਨੂੰ ਇੱਕ ਲੜਾਕੂ ਤੇ ਜੰਗਜੂ ਕੌਮ ਬਣਾਇਆ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੂਕਿਆਂ ਦਾ ਮੰਤਵ ਇੱਕ ਫ਼ੌਜੀ ਸੰਗਠਨ ਵਜੋਂ ਖ਼ਾਲਸਾ ਰਾਜ ਦੀ ਆਪਣੀ ਪੁਰਾਣੀ ਤਾਕਤ ਤੇ ਸਰਗਰਮੀ ਨਾਲ ਬਹਾਲੀ ਹੈ। ਜਿਨ੍ਹਾਂ ਨੂੰ ਇਹ ਗੱਲ ਸਮਝ ਨਾ ਆਈ ਹੋਵੇ, ਉਹ ਸਿੱਖਾਂ ਦਾ ਇਤਿਹਾਸ ਪੜ੍ਹ ਲੈਣ ਅਤੇ ਜਾਣ ਲੈਣ ਕਿ ਕੂਕਿਆਂ ਦੀ ਇਸ ਬਗ਼ਾਵਤ ਨੂੰ ਦਬਾ ਕੇ ਅਸੀਂ ਕਿਹੜੀ ਆਫ਼ਤ ਤੋਂ ਬਚ ਗਏ ਹਾਂ। ਇਹ ਗੱਲ ਮੈਂ ਸ੍ਰੀ ਕਾਵਨ ਦੇ ਬਚਾਅ ਵਿੱਚ ਨਹੀਂ ਆਖ ਰਿਹਾ। ਮੈਂ ਉਸ ਭਲੇ ਪੁਰਖ ਨੂੰ ਨਹੀਂ ਜਾਣਦਾ ਅਤੇ ਨਾ ਹੀ ਮੈਂ ਕਦੇ ਉਸ ਨੂੰ ਮਿਲਿਆ ਹਾਂ ਪਰ ਮੈਨੂੰ ਪੰਜਾਬ ਦੀ ਜਨਤਾ ਬਾਰੇ ਜਾਣਨ ਦਾ ਮੌਕਾ ਮਿਲਿਆ ਹੈ ਅਤੇ ਮੈਂ ਇਹ ਜ਼ਰੂਰ ਕਹਾਂਗਾ ਕਿ ਇਹ ਸਿਆਣਪ ਹੋਵੇਗੀ ਜੇ ਲੋਕ ਸ੍ਰੀ ਕਾਵਨ ਦੀ ਨਿਖੇਧੀ ਕਰਨ ਤੋਂ ਪਹਿਲਾਂ ਇਸ ਮਾਮਲੇ ਦੇ ਸਾਰੇ ਤੱਥਾਂ ਨੂੰ ਸੁਨਿਸ਼ਚਿਤ ਕਰ ਲੈਣ। ਪੰਜਾਬ ਸਰਕਾਰ ਸਿਰਫ਼ ਇਸੇ ਕਰਕੇ ਉਸ ਭਲੇ ਪੁਰਖ ਦੀ ਹਮਾਇਤ ਕਰ ਰਹੀ ਹੈ ਕਿਉਂਕਿ ਇੰਝ ਇਸ ਸੂਬੇ ਤੋਂ ਦੂਰ ਰਹਿੰਦੇ ਲੋਕਾਂ 'ਤੇ ਹੋਰ ਤਰ੍ਹਾਂ ਅਸਰ ਪਵੇਗਾ। ਜੇ ਮੈਂ ਆਪਣੇ ਪੱਖ ਤੋਂ ਵੇਖਾਂ, ਤਾਂ ਭਾਵੇਂ ਮੈਨੂੰ ਉਨ੍ਹਾਂ ਵਿਚਾਰੇ ਕੂਕਿਆਂ 'ਤੇ ਤਰਸ ਆਉਂਦਾ ਹੈ ਜਿਨ੍ਹਾਂ ਨੂੰ

ਮੌਤ ਦੀ ਸਜ਼ਾ ਦਿੱਤੀ ਗਈ ਪਰ ਮੈਨੂੰ ਇਹ ਵੀ ਸਮਝ ਨਹੀਂ ਆਉਂਦੀ ਕਿ ਸ੍ਰੀ ਕਾਵਨ ਇਸ ਮਾਮਲੇ 'ਚ ਇੰਝ ਨਾ ਕਰਦੇ, ਤਾਂ ਹੋਰ ਕੀ ਕਰਦੇ। ਮੈਂ ਭਾਵੇਂ ਉਨ੍ਹਾਂ 'ਤੇ ਤਰਸ ਕੀਤਾ ਹੈ ਪਰ ਕੱਟੜ ਲੋਕਾਂ 'ਤੇ ਉਹ ਨਹੀਂ ਕੀਤਾ ਜਾਂਦਾ।

## ਦਿ ਇੰਗਲਿਸ਼ਮੈਨ

*14 ਮਾਰਚ, 1872*

ਕੂਕਾ ਮੁਖੀ (ਗੁਰੂ) ਰਾਮ ਸਿੰਘ ਜੀ ਸੋਮਵਾਰ ਸ਼ਾਮੀਂ ਇੱਕ ਸਰਕਾਰੀ ਕੈਦੀ ਵਜੋਂ ਕਲਕੱਤਾ ਪੁੱਜੇ ਸਨ ਅਤੇ ਉਨ੍ਹਾਂ ਨੂੰ ਤੁਰੰਤ ਰੰਗੂਨ ਭੇਜ ਦਿੱਤਾ ਗਿਆ ਸੀ। ਉਨ੍ਹਾਂ ਨੂੰ ਜਦੋਂ ਹਾਵੜਾ ਲਿਆਂਦਾ ਗਿਆ ਸੀ, ਉਨ੍ਹਾਂ ਨਾਲ ਇੱਕ ਨੌਕਰ, ਯੂਰੋਪੀਅਨ ਪੁਲਿਸ ਆਫ਼ੀਸਰ ਇੰਚਾਰਜ ਅਤੇ ਕੁਝ ਸਥਾਨਕ ਕਾਂਸਟੇਬਲ ਸਨ। ਗੁਰੂ ਜੀ ਦਾ ਕੱਦ ਛੇ ਫੁੱਟ ਤੋਂ ਜ਼ਿਆਦਾ ਹੈ ਅਤੇ ਉਹ ਕਾਫ਼ੀ ਬਜ਼ੁਰਗ ਜਾਪਦੇ ਹਨ। ਉਨ੍ਹਾਂ ਦੇ ਕੇਸ, ਦਾੜ੍ਹੀ, ਮੁੱਛਾਂ ਸਲੇਟੀ ਰੰਗੀਆਂ ਹਨ। ਸਾਨੂੰ ਆਸ ਹੈ ਕਿ ਰੰਗੂਨ 'ਚ ਉਨ੍ਹਾਂ ਦਾ ਚੰਗੀ ਤਰ੍ਹਾਂ ਧਿਆਨ ਰੱਖਿਆ ਜਾਵੇਗਾ।

## ਪੰਜਾਬ 'ਚ ਫ਼ੌਜੀਆਂ ਦੀ ਹਾਲੀਆ ਗਤੀਵਿਧੀ

*ਦਿੱਲੀ ਗਜ਼ਟ 15 ਮਾਰਚ, 1872*

'ਦਿੱਲੀ ਗਜ਼ਟ' ਦੇ ਇੱਕ ਪੱਤਰਕਾਰ ਦਾ ਕਹਿਣਾ ਹੈ: ਇਹ ਬਿਲਕੁਲ ਸੱਚ ਹੈ ਕਿ 14ਵੀਂ ਸਥਾਨਕ ਥਲ ਸੈਨਾ (ਬ੍ਰਾਸੇਅਰ'ਜ਼ ਸਿੱਖਸ) ਹੁਣ ਇੱਥੇ ਹਨ, ਉਨ੍ਹਾਂ ਨੂੰ ਰਾਵਲਪਿੰਡੀ ਭੇਜਿਆ ਜਾ ਰਿਹਾ ਹੈ, ਜਿਨ੍ਹਾਂ ਵਿੱਚ ਜ਼ਿਆਦਾਤਰ ਅੰਬਾਲਾ, ਲੁਧਿਆਣਾ ਤੇ ਫ਼ਿਰੋਜ਼ਪੁਰ ਦੇ ਸਿੱਖ ਹਨ ਅਤੇ 'ਪਾਂਡੀ' ਰੈਜਿਮੈਂਟ ਸੱਤਵੀਂ ਲਖਨਊ ਤੋਂ ਇੱਥੇ ਇਸੇ ਮਹੀਨੇ ਦੀ 8 ਤਰੀਕ ਨੂੰ ਪੁੱਜੀ ਹੈ। 4 ਮਈ ਦੇ 'ਪਾਇਓਨੀਅਰ' 'ਚ ਦੱਸਿਆ ਗਿਆ ਬਹਾਨਾ ਸੱਚ ਜਾਪਦਾ ਹੈ ਕਿ 14ਵੀਂ ਐੱਨ.ਆਈ. ਇਸ ਨੂੰ ਛੱਡ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਮਰੀ ਮਾਰਗ ਤੱਕ 'ਪਾਇਓਨੀਅਰਜ਼ ਦਾ ਸਥਾਨ' ਲੈਣ ਲਈ ਕਿਹਾ ਗਿਆ ਹੈ। ਲੋਕਾਂ ਨੂੰ ਇਹ ਯਕੀਨ ਕਰਨ ਦੇਵੋ ਕਿ ਉਨ੍ਹਾਂ ਦੀ ਪਸੰਦ ਮੁਤਾਬਕ ਇਹੋ ਹੀ ਅਸਲ ਕਾਰਣ ਹੈ, 14ਵੀਂ ਨੂੰ ਅਚਾਨਕ ਕਿਉਂ 18 ਤਰੀਕ ਨੂੰ ਜਲੰਧਰ ਛੱਡ ਕੇ ਜਾਣ ਦਾ ਹੁਕਮ ਦੇ ਦਿੱਤਾ ਗਿਆ ਹੈ, ਹਰੇਕ ਅਧਿਕਾਰੀ ਨੇ ਬੜੇ ਆਰਾਮ ਨਾਲ ਸਾਰੇ ਇੰਤਜ਼ਾਮ ਕਰ ਲਏ ਹਨ, ਕੁਝ ਆਪਣੇ ਘਰਾਂ ਆਦਿ ਨੂੰ ਅੰਤਿਮ ਛੋਹਾਂ ਦੇਣ 'ਚ ਲੱਗੇ ਹੋਏ ਹਨ। ਜਿਵੇਂ ਕਿ ਇੱਕ ਮਹੀਨਾ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਉਨ੍ਹਾਂ ਦੀ ਲੋੜ ਰਾਵਲਪਿੰਡੀ 'ਚ ਹੈ, ਇਹ ਪੱਕਾ ਹੈ ਕਿ ਉਨ੍ਹਾਂ ਦਿੱਲੀ ਤੋਂ ਮਾਰਚ ਕਰਨ ਦੇ ਹੁਕਮ ਮਿਲੇ ਹੋਣਗੇ, ਜਦੋਂ ਦਿੱਲੀ ਤੋਂ ਉਨ੍ਹਾਂ ਦੀ ਵਾਪਸੀ 'ਤੇ ਤਾਂ ਇਹ ਕੈਂਪ ਟੁੱਟਿਆ ਨਹੀਂ ਸੀ।

ਨਹੀਂ, ਨਹੀਂ, 'ਪਾਇਓਨੀਅਰ' ਆਮ ਵਾਂਗ ਜਨਤਾ ਨੂੰ ਗੁੰਮਰਾਹ ਕਰ ਰਿਹਾ ਹੈ। ਅਸਲੀ ਸੱਚਾਈ ਇਹ ਹੈ ਕਿ (1) 14ਵੀਂ ਐੱਨ.ਆਈ. ਦੇ ਇੱਕ ਨਾਇਕ ਨੂੰ

ਫ਼ਿਲੌਰ ਕਿਲ੍ਹੇ ਦੇ ਇੱਕ ਗਾਰਡ ਨੇ ਗ੍ਰਿਫ਼ਤਾਰ ਕਰ ਲਿਆ ਸੀ, ਜੋ ਇੱਕ ਕੂਕਾ ਫ਼ਕੀਰ ਨਾਲ ਗੱਲ ਕਰ ਰਿਹਾ ਸੀ ਜੋ ਮਲੇਰਕੋਟਲਾ 'ਤੇ ਹਮਲੇ ਦੇ ਸਮੇਂ ਹੀ ਪ੍ਰਗਟ ਹੋਇਆ ਸੀ, ਅਤੇ (2) ਬ੍ਰਾਸੀਅਰ ਦੇ ਸਿੱਖ ਮੁੱਖ ਤੌਰ 'ਤੇ ਕੂਕਾ ਜ਼ਿਲ੍ਹੇ ਤੋਂ ਹਨ ਅਤੇ ਇਹ ਠੀਕ ਹੀ ਸਮਝਿਆ ਜਾਂਦਾ ਹੈ ਕਿ ਲੁਧਿਆਣਾ 'ਚ ਸਿੱਖ ਰੈਜਿਮੈਂਟ ਨੂੰ ਰੱਖਣਾ ਉਸ ਹਾਲਤ 'ਚ ਮੂਰਖਤਾ ਹੋਵੇਗੀ, ਜਦੋਂ ਉੱਥੇ ਕੋਈ ਅੰਗਰੇਜ਼ੀ ਫ਼ੌਜੀ ਨਹੀਂ ਹਨ।

## ਦਿੱਲੀ ਗਜ਼ਟ

*16 ਮਾਰਚ, 1872*

**ਜੀਂਦ ਦਾ ਰਾਜਾ।** 'ਦਿ ਟਾਈਮਜ਼ ਆੱਫ਼ ਇੰਡੀਆ' ਸਾਡੇ ਨਾਲ ਸਹਿਮਤ ਹੈ ਕਿ ਜੀਂਦ ਦੇ ਰਾਜਾ ਨਾਲ ਸੰਬੰਧਤ ਅਫ਼ਵਾਹਾਂ ਉਸ ਮੁਖੀ ਦਾ ਅਪਮਾਨ ਹਨ। ਮਹਾਮਹਿਮ ਦੇ ਵਿਸ਼ੇ 'ਤੇ ਕੂਕਾ ਗੜਬੜੀ ਦੌਰਾਨ ਵਿਵਹਾਰ ਸਾਡਾ ਸਮਕਾਲੀ ਇੱਕ ਦਿਲਚਸਪ ਕਹਾਣੀ ਬਿਆਨ ਕਰਦਾ ਹੈ। ਜਦੋਂ ਜੀਂਦ ਦੀ ਫ਼ੌਜੀ ਟੁਕੜੀ ਕੋਟਲਾ ਤੋਂ ਵਾਪਸ ਆਈ ਸੀ, ਤਾਂ ਰਾਜੇ ਨੇ ਆਪਣੀ ਫ਼ੌਜ ਨਾਲ ਵਿਚਾਰ-ਵਟਾਂਦਰਾ ਕੀਤਾ ਸੀ, ਤਦ ਉਨ੍ਹਾਂ ਆਪਣੇ ਅਧੀਨ ਕੰਮ ਕਰਦੇ ਸਾਰੇ ਜਵਾਨ ਕੂਕਿਆਂ ਨੂੰ ਇੱਕ ਪਾਸੇ ਇਕੱਠੇ ਕਰ ਲਿਆ ਸੀ ਤੇ ਉਨ੍ਹਾਂ ਨੂੰ ਹਦਾਇਤ ਕੀਤੀ ਸੀ ਕਿ ਉਹ ਤੁਰੰਤ ਆਪਣੇ ਨਵੇਂ ਧਰਮ ਦਾ ਤਿਆਗ ਕਰ ਦੇਣ ਅਤੇ ਫਿਰ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰ ਕੇ ਮੁੜ ਅੰਮ੍ਰਿਤ ਛਕ ਕੇ ਚੰਗੇ ਸਿੱਖ ਵਜੋਂ ਵਿਚਰਨ ਦੇ ਹੁਕਮ ਦਿੱਤੇ ਸਨ। ਪਰ ਜੀਂਦ ਦੇ ਕੂਕੇ ਬਿਨਾਂ ਇਸ਼ਨਾਨ ਕੀਤਿਆਂ ਹੀ ਆਪਣੇ ਮਾਲਕ ਕੋਲ ਪਰਤੇ ਸਨ ਕਿਉਂਕਿ ਇਸ ਨੂੰ ਬ੍ਰਿਟਿਸ਼ ਅਧਿਕਾਰੀਆਂ ਨੇ ਧਾਰਮਿਕ ਅੱਤਿਆਚਾਰ ਮੰਨਿਆ ਸੀ - *ਪਾਇਓਨੀਅਰ।*

## ਦਿ ਇੰਗਲਿਸ਼ਮੈਨ, ਕਲਕੱਤਾ ਦਾ ਸਪਲੀਮੈਂਟ

*18 ਮਾਰਚ, 1872*

**ਮੁਸਲਿਮ, ਹਿੰਦੂ ਅਤੇ ਵਹਾਬੀ।** (ਟਾਈਮਜ਼) - ਹਾਲੀਆ ਘਟਨਾਵਾਂ ਨੇ ਭਾਰਤ ਦੀ ਜਨਤਾ ਦੇ ਦੋ ਵਿਰੋਧੀ ਸੰਪਰਦਾਵਾਂ - ਵਹਾਬੀਆਂ ਅਤੇ ਕੂਕਿਆਂ ਦੀਆਂ ਸਾਜ਼ਿਸ਼ਾਂ ਤੇ ਗਤੀਵਿਧੀਆਂ ਨੂੰ ਪ੍ਰਮੁੱਖਤਾ ਨਾਲ ਸਾਹਮਣੇ ਲਿਆਂਦਾ ਹੈ। ਸਾਡਾ ਵਿਚਾਰ ਹੈ ਕਿ ਹੁਣ ਵਹਾਬੀਆਂ ਨੂੰ ਲਾਰਡ ਮਾਯੋ ਦੇ ਕਤਲ ਵਿੱਚ ਮਿਲੀਭੁਗਤ ਦੇ ਦੋਸ਼ ਤੋਂ ਬਰੀ ਕਰ ਦੇਣਾ ਨਿਆਂਪੂਰਨ ਹੋਵੇਗਾ। ਪਿਛਲੇ ਹਫ਼ਤੇ ਸਾਡੀ ਚਿੱਠੀ-ਪੱਤਰੀ ਵਿੱਚ ਕਾਤਲ ਦੇ ਵੇਰਵੇ ਦਿੱਤੇ ਗਏ ਸਨ ਅਤੇ ਤਦ ਤੋਂ ਸਾਰੇ ਨੁਕਤਿਆਂ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਹੋ ਚੁੱਕੀ ਹੈ, ਉਸ ਤੋਂ ਬਾਅਦ ਹੁਣ ਇਹ ਕਤਲ ਕਰਨ ਦੇ ਮਕਸਦ ਬਾਰੇ ਕੋਈ ਸ਼ੱਕ ਬਾਕੀ ਨਹੀਂ ਰਹਿ ਗਿਆ ਹੈ। ਜੇ ਧਿਆਨ ਨਾਲ ਵਿਚਾਰਿਆ ਜਾਵੇ , ਤਾਂ ਸਿਆਸੀ ਸਾਜ਼ਿਸ਼ ਦੀ ਧਾਰਨਾ ਪਿੱਛੇ ਭਾਵੇਂ ਹਾਲਾਤ ਉਲਟ ਹੀ ਪਾਏ ਜਾਣਗੇ

। ਜੇ ਵਹਾਬੀਆਂ ਨੇ ਭਾਰਤ ਦੇ ਗਵਰਨਰ ਜਨਰਲ ਦਾ ਕਤਲ ਕਰਨ ਦੀ ਸਾਜ਼ਿਸ਼ ਘੜੀ ਹੁੰਦੀ, ਤਾਂ ਇਸ ਅਪਰਾਧ ਨੂੰ ਅੰਜਾਮ ਦੇਣ ਲਈ ਚੁਣੇ ਆਖ਼ਰੀ ਸਥਾਨ 'ਤੇ ਉਹ ਜ਼ਰੂਰ ਗਏ ਹੁੰਦੇ। ਅੰਡੇਮਾਨ 'ਚ ਮੌਜੂਦ ਦੋਸ਼ੀਆਂ 'ਚ ਵਹਾਬੀ ਮੌਜੂਦ ਹਨ, ਇਹ ਸੱਚ ਹੋ ਸਕਦਾ ਹੈ ਪਰ ਬੰਗਾਲ 'ਚ ਅਜਿਹੇ ਹੋਰ ਬਹੁਤ ਹਨ ਜੋ ਆਜ਼ਾਦ ਘੁੰਮ ਰਹੇ ਹਨ ਤੇ ਉਨ੍ਹਾਂ ਨੂੰ ਕੈਦੀਆਂ ਵਜੋਂ ਸਜ਼ਾ ਨਹੀਂ ਮਿਲੀ। ਸੰਖੇਪ 'ਚ, ਅਜਿਹਾ ਸੰਭਵ ਹੈ ਕਿ ਇਹ ਅਪਰਾਧ ਕਿਸੇ ਨਿਜੀ ਰੰਜਿਸ਼ ਦਾ ਨਤੀਜਾ ਹੈ। ਹਾਲ ਦੀ ਘੜੀ ਇਹ ਨੁਕਤਾ ਰੱਦ ਕਰਦਿਆਂ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਇਹ ਦੋਵੇਂ ਅੰਦੋਲਨ ਜੋ ਹੁਣ ਸਾਡਾ ਧਿਆਨ ਖਿੱਚ ਰਹੇ ਹਨ, ਸਾਡੇ ਅਧਿਕਾਰ-ਖੇਤਰ ਤੋਂ ਬਾਹਰਲੇ ਦੇਸ਼ 'ਚ ਅਰੰਭ ਹੋਏ ਸਨ ਅਤੇ ਉਨ੍ਹਾਂ ਨਾਲ ਸੰਬੰਧਤ ਘਟਨਾਵਾਂ 'ਤੇ ਸਾਡਾ ਕੋਈ ਕੰਟਰੋਲ ਨਹੀਂ ਹੈ।

ਹੁਣ ਤੱਕ ਬਹੁਤੇ ਪਾਠਕਾਂ ਨੂੰ ਇਹ ਪਤਾ ਲੱਗ ਚੁੱਕਾ ਹੈ ਕਿ ਕਿਉਂਕਿ ਮੁਸਲਮਾਨਾਂ ਨੇ ਕਈ ਸਦੀਆਂ ਤੱਕ ਭਾਰਤ 'ਤੇ ਰਾਜ ਕੀਤਾ ਸੀ ਅਤੇ ਵਹਾਬੀ ਖ਼ੁਦ ਨੂੰ ਇੱਕ ਮੁਸਲਿਮ ਤਾਕਤ ਨੂੰ ਮੁੜ-ਸਥਾਪਤ ਕਰਨ ਵਾਲੇ ਇੱਕ ਫ਼ਿਰਕੇ ਵਜੋਂ ਸਥਾਪਤ ਕਰਨ 'ਚ ਲੱਗੇ ਹੋਏ ਹਨ। ਇਸੇ ਤਰ੍ਹਾਂ ਕੂਕੇ ਵੀ ਹਿੰਦੂ ਧਾਰਮਿਕ ਪੁਨਰਉੱਥਾਨਵਾਦੀਆਂ ਦਾ ਹੀ ਸੰਪਰਦਾਇ ਹਨ ਅਤੇ ਉਹ ਵੀ ਧਰਮ ਨੂੰ ਆਪਣੀ ਗੁਆਚੀ ਸਿਆਸੀ ਚੜ੍ਹਤ ਨੂੰ ਬਹਾਲ ਕਰਨ ਲਈ ਵਰਤ ਰਹੇ ਹਨ। ਸੱਚਾਈ ਇਹੋ ਹੈ ਕਿ ਇਹ ਦੋਵੇਂ ਫ਼ਿਰਕੇ ਇੱਕੋ ਜਿਹੇ ਹੀ ਹਨ। ਸਾਲ 1824 ਦੌਰਾਨ ਭਾਰਤ 'ਚ ਵਹਾਬੀਵਾਦ ਦੇ ਪਹਿਲੇ ਪ੍ਰਚਾਰਕ ਨੇ ਉਨ੍ਹਾਂ ਖੇਤਰਾਂ ਵਿੱਚ ਫ਼ੌਜੀ ਇਕੱਠੀ ਕਰਨੀ ਸ਼ੁਰੂ ਕੀਤੀ ਸੀ, ਜਿੱਥੇ (ਪੰਜਾਬ ਦੀਆਂ ਸਰਹੱਦਾਂ 'ਤੇ) ਸਿੱਤਾਣਾ ਦੇ ਕੱਟੜਪੰਥੀਆਂ ਉੱਤੇ ਅਗਲੇ ਦਿਨ ਬ੍ਰਿਟਿਸ਼ ਫ਼ੌਜਾਂ ਨੇ ਹਮਲਾ ਬੋਲ ਦਿੱਤਾ ਸੀ। ਤਦ ਕਿਸੇ ਅੰਗਰੇਜ਼ ਅਧਿਕਾਰੀ ਨੇ ਸੁਫ਼ਨੇ 'ਚ ਵੀ ਨਹੀਂ ਸੋਚਿਆ ਸੀ ਕਿ ਦੂਰ-ਦੁਰਾਡੇ ਸਥਿਤ ਉਸ ਸੂਬੇ ਨੂੰ ਵੀ ਬ੍ਰਿਟਿਸ਼ ਹਕੂਮਤ 'ਚ ਸ਼ਾਮਲ ਕਰ ਲਿਆ ਜਾਵੇਗਾ। ਉੱਥੇ ਇੱਕ ਤਾਕਤਵਰ ਤੇ ਜੁਝਾਰੂ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਸੀ, ਜਿਨ੍ਹਾਂ ਦਾ ਜ਼ਿਕਰ ਕਰਦਿਆਂ ਸਾਡੇ ਅਧਿਕਾਰੀ ਕੁਝ ਬੇਚੈਨ ਹੋ ਜਾਂਦੇ ਸਨ। ਮਹਾਰਾਜਾ ਰਣਜੀਤ ਸਿੰਘ ਸਿੱਖਾਂ ਦੇ ਹਾਕਮ ਬਣਨਾ ਚਾਹੁੰਦੇ ਸਨ ਪਰ ਸਿੱਖ ਕੋਈ ਧਾਰਮਿਕ ਕੌਮ ਵਜੋਂ ਵਿਚਰਨ ਵਾਲਾ ਰਾਸ਼ਟਰ ਨਹੀਂ ਸਨ। ਉਨ੍ਹਾਂ ਨੂੰ ਵੱਖੋ-ਵੱਖਰੇ ਹਿੰਦੂ ਸੰਪਰਦਾਵਾਂ 'ਚੋਂ ਸ਼ਾਮਲ ਕੀਤਾ ਗਿਆ ਹੈ ਅਤੇ ਚਾਰ ਸਦੀਆਂ ਦੇ ਸਮੇਂ ਦੌਰਾਨ ਉਨ੍ਹਾਂ ਆਪਣੇ-ਆਪ ਨੂੰ ਇੱਕ ਸਿਆਸੀ ਤਾਕਤ ਵਜੋਂ ਇੱਕਜੁਟ ਕਰ ਲਿਆ ਹੈ। ਹੁਣ ਜਦੋਂ ਵਹਾਬੀ ਪ੍ਰਚਾਰਕ ਜਾਂ ਨਬੀ ਪਹਾੜੀ ਮੁਸਲਿਮ ਕਬੀਲਿਆਂ 'ਚ ਕਿਤੇ ਆਪਣਾ ਤੰਬੂ ਗੱਡਦਾ ਹੈ ਤੇ ਹੌਲੀ-ਹੌਲੀ ਇੱਕ ਫ਼ੌਜੀ ਤਾਕਤ ਇਕੱਠੀ ਕਰਦਾ ਹੈ, ਤਾਂ ਉਸ ਲਈ ਸੁਭਾਵਕ ਦੁਸ਼ਮਣ ਸਿੱਖ ਹੀ ਹੁੰਦੇ ਹਨ। ਉਨ੍ਹਾਂ ਨੇ ਸ਼ਰੀਕ ਧਰਮ ਦੇ ਸਭ ਤੋਂ ਵੱਧ ਅਡੰਬਰੀ ਪ੍ਰੋਫ਼ੈਸਰਾਂ ਦੀ ਨੁਮਾਇੰਦਗੀ ਕੀਤੀ ਸੀ, ਉਹ ਖ਼ਾਸ ਤੌਰ 'ਤੇ ਸੱਚੇ ਵਿਸ਼ਵਾਸੀਆਂ ਨੂੰ ਨਫ਼ਰਤ ਕਰਦੇ ਸਨ ਅਤੇ ਇਸ ਤੋਂ ਇਲਾਵਾ ਉਨ੍ਹਾਂ ਦੇ ਅਮੀਰ ਸ਼ਹਿਰ ਤੇ ਪ੍ਰਫੁੱਲਤ ਆਬਾਦੀਆਂ ਪਰਬਤਾਰੋਹੀਆਂ ਦੇ ਪੈਰਾਂ 'ਤੇ ਲੁਭਾਉਣੇ ਇਨਾਮ ਦਾ ਪ੍ਰਦਰਸ਼ਨ ਕਰਦੀਆਂ ਹਨ।

ਇਸ ਤਰ੍ਹਾਂ ਪਹਾੜਾਂ ਤੋਂ ਮੈਦਾਨਾਂ ਵੱਲੋਂ ਹਮਲਿਆਂ ਦੀ ਇੱਕ ਲੜੀ ਤੁਰੀ ਸੀ ਅਤੇ ਵਹਾਬੀ ਤਦ ਸਿੱਖ ਲੋਕਾਂ ਦੇ ਕੱਟੜ ਦੁਸ਼ਮਣ ਬਣ ਗਏ ਸਨ। ਅਸੀਂ ਇਨ੍ਹਾਂ ਤੱਥਾਂ ਵੱਲ ਦੋ ਕਾਰਣਾਂ ਕਰਕੇ ਧਿਆਨ ਦਿਵਾਉਂਦੇ ਹਾਂ। ਇਸ ਵੇਲੇ ਉਨ੍ਹਾਂ ਨੂੰ ਕੂਕਿਆਂ ਦੀ ਬਗ਼ਾਵਤ ਦੀ ਵਿਆਖਿਆ ਕਰਨ ਲਈ ਨਿਯੁਕਤ ਕੀਤਾ ਜਾਵੇਗਾ ਪਰ ਉਹ ਕੁਝ ਵਰ੍ਹੇ ਪਹਿਲਾਂ ਦੀ ਅੰਬਾਲਾ ਮੁਹਿੰਮ ਦੀਆਂ ਔਕੜਾਂ ਜਿਹੀਆਂ ਗੱਲਾਂ ਦੀ ਵੀ ਵਿਆਖਿਆ ਕਰਦੇ ਹਨ, ਜੋ ਸਮਝ ਨਹੀਂ ਪੈਂਦੀ। ਨਿਸ਼ਚਿਤ ਤੌਰ 'ਤੇ ਇਹ ਗੱਲ ਅਸਾਧਾਰਣ ਜਾਪ ਸਕਦੀ ਹੈ ਕਿ ਅਸੀਂ ਭਾਰਤ ਦੇ ਹਾਕਮ ਹੋਣ ਦੇ ਨਾਤੇ ਆਪਣੀਆਂ ਸਰਹੱਦਾਂ 'ਤੇ ਕੱਟੜਪੰਥੀਆਂ ਦੀਆਂ ਛੋਟੀਆਂ ਟੋਲੀਆਂ ਦੇ ਹਮਲਿਆਂ ਦੇ ਆਦੀ ਹੋਣੇ ਚਾਹੀਦੇ ਹਾਂ ਪਰ ਹਕੀਕਤ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ, ਜਦੋਂ ਆਪਣੀ ਤਾਕਤ ਦੇ ਸਿਖ਼ਰ 'ਤੇ ਸਨ, ਤਦ ਵੀ ਇਨ੍ਹਾਂ ਲੋਕਾਂ ਨੇ ਉਨ੍ਹਾਂ 'ਤੇ ਵੀ ਜ਼ੋਰ ਅਜ਼ਮਾਇਸ਼ਾਂ ਕੀਤੀਆਂ ਸਨ, ਜਿਵੇਂ ਸਾਡੇ ਨਾਲ ਹੋ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਤਾਕਤਵਰ ਫ਼ੌਜਾਂ ਦੀ ਵਰਤੋਂ ਕਰ ਸਕਦੇ ਸਨ, ਉਨ੍ਹਾਂ ਆਪਣੀ ਤਾਕਤ ਦੀ ਵਰਤੋਂ ਨਾਮਾਤਰ ਸ਼ੱਕ ਨਾਲ ਕੀਤੀ ਅਤੇ ਉਨ੍ਹਾਂ ਨੂੰ ਵਹਾਬੀਆਂ ਦੀ ਸਥਿਤੀ ਅਤੇ ਹਮਾਇਤ ਵੀ ਹਾਸਲ ਸੀ ਅਤੇ ਉਹ ਸਾਨੂੰ ਤਕਲੀਫ਼ਾਂ ਦੇਣ ਲਈ ਮਹਾਰਾਜੇ ਦੇ ਹਮਲਿਆਂ ਤੋਂ ਬਚ ਗਏ। ਉਹੀ ਸ਼ਹਿਜ਼ਾਦਾ, ਜਿਸ ਦੇ ਵਾਰਸ ਸਾਡੇ ਹਥਿਆਰਾਂ ਅੱਗੇ ਡਟੇ ਸਨ ਅਤੇ ਉਹ ਸਿਰਫ਼ ਖ਼ੂਨ ਦੀਆਂ ਪਿਆਸੀਆਂ ਮੁਹਿੰਮਾਂ ਨਾਲ ਹੀ ਸ਼ਾਂਤ ਹੋਏ ਸਨ ਅਤੇ ਉਸ ਨੇ ਕੱਟੜਪੰਥੀਆਂ ਦੇ ਇਸ ਝੁੰਡ ਦਾ ਖ਼ਾਤਮਾ ਕਰਨ ਤੋਂ ਖ਼ੁਦ ਨੂੰ ਅਯੋਗ ਪਾਇਆ ਸੀ, ਤਾਂ ਜੋ ਤੁਰੰਤ ਸਾਡੀ ਆਪਣੀ ਸਫ਼ਲਤਾ ਦੇ ਅਧੂਰੇਪਣ ਦਾ ਬਹਾਨਾ ਲਾਇਆ ਜਾ ਸਕੇ।

ਫਿਰ ਵੀ ਵੀਹ ਕੁ ਵਰ੍ਹੇ ਪਹਿਲਾਂ ਪੰਜਾਬ ਇੱਕ ਬ੍ਰਿਟਿਸ਼ ਸੂਬਾ ਬਣ ਗਿਆ ਪਰ ਸਰਹੱਦ 'ਤੇ ਮੁਸਲਿਮ ਅਪਰਾਧੀ ਕਿਸੇ ਵੀ ਤਰ੍ਹਾਂ ਸ਼ਾਂਤ ਨਹੀਂ ਹੋਏ ਸਨ। ਇਸ ਸੂਬੇ ਦੇ ਮੁਸਲਮਾਨ ਆਪਣੇ ਧਰਮ ਨਾਲ ਜੁੜੀਆਂ ਅਯੋਗਤਾਵਾਂ ਤੋਂ ਸ਼ਾਂਤ ਸਨ। ਸਿੱਖ ਲੋਕ, ਜਿਵੇਂ ਕਿ ਅਸੀਂ ਕਿਹਾ ਹੈ, ਸੁਧਰੇ ਹੋਏ ਹਿੰਦੂ ਸਨ ਜੋ ਆਪਣੇ ਅਸਲ ਧਰਮ ਦੀ ਪਾਲਣਾ ਕੁਝ ਸ਼ਰਤਾਂ ਤੇ ਸ਼ਰਧਾ ਨਾਲ ਕਰਦੇ ਸਨ। ਉਹ ਗਊ-ਹੱਤਿਆ ਜਾਂ ਅਜਿਹੇ ਕਿਸੇ ਜੁਰਮ ਦੀ ਇਜਾਜ਼ਤ ਨਹੀਂ ਦੇਣਗੇ ਅਤੇ ਉਹ ਮੁਸਲਮਾਨਾਂ 'ਤੇ ਭਾਰੂ ਪੈਂਦੇ ਸਨ, ਜਿਸ ਕਾਰਣ ਉਨ੍ਹਾਂ ਨੂੰ ਸਿੱਖਾਂ ਅੱਗੇ ਝੁਕਣਾ ਪੈਂਦਾ ਸੀ। ਪਰ ਅਸੀਂ ਉਨ੍ਹਾਂ 'ਤੇ ਲੱਗੀਆਂ ਸਾਰੀਆਂ ਪਾਬੰਦੀਆਂ ਹਟਾ ਦਿੱਤੀਆਂ ਅਤੇ ਅਸੀਂ ਸਿਆਸੀ ਸੂਝਬੂਝ ਨਾਲ ਸੀਮਾਵਾਂ 'ਚ ਰਹਿੰਦਿਆਂ ਮੁਸਲਿਮ ਲੋਕਾਂ ਨੂੰ ਉਨ੍ਹਾਂ ਦੀ ਆਜ਼ਾਦੀ ਦਿੱਤੀ। ਇਹ ਨੀਤੀ ਸੀ, ਜੋ ਆਪਣੇ-ਆਪ 'ਚ ਹੀ ਸੂਝਵਾਨ ਅਤੇ ਨਿਆਂਪੂਰਨ ਸੀ ਪਰ ਇਸ ਨਾਲ ਸਾਡੇ ਕੂਕੇ ਨਵੇਂ ਦੁਸ਼ਮਣ ਬਣ ਗਏ। ਸਿੱਖਾਂ ਨੇ ਆਪਣੀ ਧਾਰਮਿਕ ਚੜ੍ਹਤ ਦੇ ਨੁਕਸਾਨ ਵਿਰੁੱਧ ਰੋਹ ਪ੍ਰਗਟਾਇਆ ਅਤੇ ਹੁਣ ਸਿੱਖ ਧਰਮ ਦੀ ਪੁਨਰ-ਸੁਰਜੀਤੀ ਦੀ ਇੱਕ ਯੋਜਨਾ ਸਾਹਮਣੇ ਆਈ ਹੈ। ਇਸ ਦਾ ਇਤਿਹਾਸ ਦੋ ਪੱਤਰਕਾਰਾਂ ਨੇ ਸਾਡੇ ਕਾਲਮਾਂ 'ਚ ਬੇਹੱਦ ਸ਼ਲਾਘਾਯੋਗ ਢੰਗ ਨਾਲ ਚਿਤਰਿਆ ਹੈ। ਕਿਸੇ ਵੇਲੇ ਇਹ ਲਹਿਰ ਸ਼ਾਇਦ ਪੂਰੀ ਤਰ੍ਹਾਂ ਧਾਰਮਿਕ ਸੀ ਪਰ ਪੂਰਬ ਦੇ

ਅਜਿਹੇ ਹੋਰ ਸਾਰੇ ਅੰਦੋਲਨਾਂ ਵਾਂਗ ਇਸ ਨੇ ਛੇਤੀ ਹੀ ਸਿਆਸੀ ਰੰਗਤ ਅਖ਼ਤਿਆਰ ਕਰ ਲਈ ਅਤੇ ਕੁਝ ਮਹੀਨੇ ਪਹਿਲਾਂ ਕੂਕਿਆਂ ਨੇ ਪੰਜਾਬ ਦੇ ਇੱਕ ਸ਼ਹਿਰ ਦੇ ਮੁਸਲਿਮ ਕਸਾਈਆਂ ਉੱਤੇ ਹਮਲਾ ਕੀਤਾ। ਪਹਿਲੀ ਨਜ਼ਰੇ ਵੇਖਣ 'ਤੇ ਤਾਂ ਇਹ ਸਿਰਫ਼ ਇੱਕ ਬੇਤਰਕ ਦੰਗਾ ਹੀ ਜਾਪਦਾ ਹੈ ਪਰ ਉਸ ਦਾ ਵੀ ਸੱਚਮੁਚ ਇੱਕ ਅਰਥ ਸੀ। ਹਿੰਦੂ ਰਵਾਇਤਾਂ ਵਿਰੁੱਧ ਜਾਣ ਵਾਲਿਆਂ ਅਤੇ ਗਊ-ਹਤਿਆਰਿਆਂ ਤੋਂ ਬਦਲਾ ਲਿਆ ਗਿਆ ਸੀ। ਉਨ੍ਹਾਂ ਤੋਂ ਲਏ ਬਦਲੇ ਦਾ ਇਹ ਜੁਰਮ ਕੂਕਾ ਧਰਮ ਦੇ ਸਿਧਾਂਤ ਨੂੰ ਦਰਸਾਉਂਦਾ ਹੈ ਅਤੇ ਇਸ ਤੋਂ ਪੰਜਾਬ ਦੇ ਵੱਡੀ ਗਿਣਤੀ 'ਚ ਸਿੱਖਾਂ ਦੇ ਇਸ ਸੰਪਰਦਾਇ ਦਾ ਮਿਆਰ ਸਮਝ ਆਉਂਦਾ ਹੈ। ਇਹ ਹਮਲਾ ਆਮ ਲੋਕਾਂ ਦੀ ਹਮਾਇਤ ਲੈਣ, ਸਿਆਸੀ ਤਾਕਤ ਨੂੰ ਝਟਕਾ ਦੇਣ ਦੀ ਇੱਕ ਕੋਸ਼ਿਸ਼ ਸੀ ਅਤੇ ਅਧਿਕਾਰੀਆਂ ਨੂੰ ਉਸ ਹੰਗਾਮੀ ਹਾਲਾਤ ਦੌਰਾਨ ਪੂਰੀ ਤਰ੍ਹਾਂ ਭਾਜੜਾਂ ਪੈ ਗਈਆਂ ਸਨ। ਦੰਗਾਕਾਰੀਆਂ ਨੂੰ ਸਿਰਫ਼ ਕਤਲਾਂ ਲਈ ਸਜ਼ਾ ਦਿੱਤੀ ਗਈ ਸੀ ਪਰ ਉਨ੍ਹਾਂ ਬਿਨਾਂ ਕਿਸੇ ਤਰਸ ਦੇ ਸਜ਼ਾ ਦਿੱਤੀ ਗਈ। ਫਿਰ ਕੁਝ ਮਹੀਨਿਆਂ ਬਾਅਦ ਕੂਕਿਆਂ ਵੱਲੋਂ ਬਗ਼ਾਵਤ ਕਰਨ ਦੀ ਕੋਸ਼ਿਸ਼ ਹੋ ਗਈ, ਜਦੋਂ ਕੁਝ ਸੌ ਵਿਅਕਤੀ ਹਥਿਆਰਾਂ ਨਾਲ ਲੈਸ ਹੋ ਕੇ ਇੱਕ ਸਥਾਨਕ ਸ਼ਹਿਜ਼ਾਦੇ ਦੇ ਕਿਲ੍ਹੇ 'ਤੇ ਹੈਰਾਨੀਜਨਕ ਢੰਗ ਨਾਲ ਚੜ੍ਹਾਈ ਕਰਨ ਚਲੇ ਗਏ; ਉਨ੍ਹਾਂ ਦੇ ਗੁੱਝੇ ਮੰਤਵ ਜਾਣਨ ਲਈ ਸਾਨੂੰ ਜ਼ਰੂਰ ਉਡੀਕ ਕਰਨੀ ਪਵੇਗੀ।

ਇੰਝ ਇਹ ਵੇਖਿਆ ਜਾਵੇਗਾ ਕਿ 50 ਸਾਲਾਂ ਤੋਂ ਮੁਸਲਿਮ ਪੁਨਰ-ਜਾਗ੍ਰਿਤ ਹੋ ਰਹੇ ਹਨ ਅਤੇ 10 ਕੁ ਸਾਲਾਂ ਤੋਂ ਹਿੰਦੂ ਵੀ ਉਸੇ ਰਾਹ 'ਤੇ ਤੁਰੇ ਹੋਏ ਹਨ, ਉਹ ਆਪਸ 'ਚ ਭਾਵੇਂ ਇੱਕ-ਦੂਜੇ ਦੇ ਕੱਟੜ ਦੁਸ਼ਮਣ ਹਨ ਪਰ ਫਿਰ ਵੀ ਉਹ ਬ੍ਰਿਟਿਸ਼ ਤਾਕਤ ਨੂੰ ਹਰਾਉਣ ਲਈ ਉਸ ਦੇ ਵੀ ਓਨੇ ਹੀ ਦੁਸ਼ਮਣ ਹਨ ਕਿਉਂਕਿ ਉਸ ਨੂੰ ਹਰਾ ਕੇ ਉਨ੍ਹਾਂ ਦੇ ਧਰਮਾਂ ਦੀ ਚੜ੍ਹਤ ਹੋ ਜਾਵੇਗੀ ਅਤੇ ਇਸੇ ਕਾਰਣ ਹੁਣ ਉਹ ਆਪਣੀਆਂ ਆਪਸੀ ਦੁਸ਼ਮਣੀਆਂ ਭੁਲਾ ਕੇ ਸ਼ਾਂਤੀ ਨਾਲ ਰਹਿ ਰਹੇ ਹਨ। ਜੇ ਅਸੀਂ ਹਿੰਦੂਆਂ ਨੂੰ ਉਨ੍ਹਾਂ ਅਹੁਦਿਆਂ 'ਤੇ ਤਾਇਨਾਤ ਨਾ ਕੀਤਾ ਹੁੰਦਾ, ਜਿਨ੍ਹਾਂ 'ਤੇ ਕਿਸੇ ਵੇਲੇ ਸਿਰਫ਼ ਮੁਸਲਮਾਨਾਂ ਦਾ ਕਬਜ਼ਾ ਹੁੰਦਾ ਸੀ, ਤਾਂ ਸ਼ਾਇਦ ਭਾਰਤ 'ਚ ਕੋਈ ਸਰਗਰਮ ਵਹਾਬੀਅਤ ਨਾ ਹੁੰਦੀ, ਘੱਟੋ-ਘੱਟ ਬੰਗਾਲ 'ਚ ਤਾਂ ਇੰਝ ਨਹੀਂ ਸੀ ਹੋਣਾ। ਜੇ ਅਸੀਂ ਪੰਜਾਬ 'ਚ ਮੁਸਲਮਾਨਾਂ ਨੂੰ ਹਿੰਦੂਆਂ ਦੇ ਜਬਰ ਤੋਂ ਆਜ਼ਾਦ ਨਾ ਕਰਵਾਇਆ ਹੁੰਦਾ, ਤਾਂ ਕੂਕਿਆਂ ਨੂੰ ਪੁਨਰ-ਸੁਰਜੀਤ ਹੋਣ ਦੀ ਕੋਈ ਜ਼ਰੂਰਤ ਨਾ ਹੁੰਦੀ, ਘੱਟੋ-ਘੱਟ ਕੂਕਾ ਬਗ਼ਾਵਤ ਤਾਂ ਨਾ ਹੁੰਦੀ; ਪਰ ਸਾਨੂੰ ਉਨ੍ਹਾਂ ਲੋਕਾਂ ਨਾਲ ਤਾਂ ਜ਼ਰੂਰ ਨਿਪਟਣਾ ਹੀ ਪਵੇਗਾ, ਜਿਹੜੇ ਸਹਿਣਸ਼ੀਲਤਾ ਨੂੰ ਨਹੀਂ ਸਮਝ ਸਕਦੇ ਅਤੇ ਜੋ ਧਾਰਮਿਕ ਸਮਾਨਤਾ ਦੀ ਅਪੀਲ ਨੂੰ ਨਹੀਂ ਮੰਨਦੇ। ਇਨ੍ਹਾਂ ਅਸੰਤੁਸ਼ਟੀਆਂ 'ਚ ਬਹੁਤ ਵਾਰ ਬਿਨਾਂ ਕਿਸੇ ਤਰਕ ਦੇ ਵੀ ਸਿਆਸੀ ਤੱਤ ਦਾਖ਼ਲ ਹੋ ਜਾਂਦਾ ਹੈ। ਸਾਡੇ ਸਾਹਮਣੇ ਦੋ ਸੰਪਰਦਾਇ ਹਨ, ਇਹ ਆਖਣਾ ਔਖਾ ਹੋ ਸਕਦਾ ਹੈ ਕਿ ਇਨ੍ਹਾਂ 'ਚੋਂ ਗਿਣਤੀ ਦੇ ਪੱਖੋਂ ਕਿਹੜਾ ਮਹੱਤਵਹੀਣ ਹੈ। ਜਿੱਥੋਂ ਤੱਕ ਸਾਨੂੰ ਜਾਣਕਾਰੀ ਹੈ ਵਹਾਬੀਆਂ ਦੀ ਗਿਣਤੀ ਪੇਸ਼ਾਵਰ ਤੋਂ ਪਾਰ ਉਨ੍ਹਾਂ ਦੇ ਪਹਾੜੀ ਕੈਂਪਾਂ ਵਿੱਚ

ਸੈਂਕੜਿਆਂ 'ਚ ਕੀਤੀ ਜਾ ਸਕਦੀ ਹੈ ਅਤੇ ਉਹ ਸੱਚਮੁਚ ਮਜ਼ਬੂਤ ਹਨ। ਕੂਕਿਆਂ ਦੀ ਗਿਣਤੀ ਹੋਰ ਵੀ ਜ਼ਿਆਦਾ ਹੈ ਭਾਵੇਂ ਕਿਸੇ ਨੂੰ ਵੀ ਇਸ ਸੰਪਰਦਾਇ ਦੀ ਅਸਲ ਤਾਕਤ ਦਾ ਕੋਈ ਅੰਦਾਜ਼ਾ ਨਹੀਂ ਹੈ। ਇਹ ਗੱਲ ਤਾਂ ਪੱਕੀ ਹੈ ਕਿ ਇਹ ਸੰਪਰਦਾਇ ਬ੍ਰਿਟਿਸ਼ ਹਥਿਆਰਾਂ ਅੱਗੇ ਕਦੇ ਅੰਸ਼ਕ ਤੌਰ 'ਤੇ ਵੀ ਸਫ਼ਲ ਨਹੀਂ ਹੋ ਸਕਦਾ ਪਰ ਇਹ ਵੀ ਸਪੱਸ਼ਟ ਹੈ ਕਿ ਉਹ ਆਪਣੇ ਉਦੇਸ਼ਾਂ ਨਾਲ ਕਦੇ ਸਮਝੌਤਾ ਨਹੀਂ ਕਰਨਗੇ। ਫਿਰ ਵੀ, ਹੋ ਸਕਦਾ ਹੈ ਕਿ ਅਸੀਂ ਤਾਜ਼ਾ ਖ਼ੁਫ਼ੀਆ ਜਾਣਕਾਰੀ ਬਾਰੇ ਕੋਈ ਫ਼ੈਸਲਾ ਨਾ ਲਿਆ ਹੋਵੇ, ਸਾਨੂੰ ਲਾਰਡ ਮਾਯੋ ਦੇ ਦੁਖਦਾਈ ਕਤਲ ਨੂੰ ਇਨ੍ਹਾਂ ਹੋਰ ਸਾਜ਼ਿਸ਼ਾਂ ਨਾਲ ਨਹੀਂ ਜੋੜਨਾ ਚਾਹੀਦਾ ਪਰ ਇਹ ਸਪੱਸ਼ਟ ਹੈ ਕਿ ਭਾਰਤ 'ਚ ਸਾਡਾ ਸਾਹਮਣਾ ਇੱਕ ਅਜਿਹੀ ਭਾਵਨਾ ਨਾਲ ਹੈ, ਜਿਸ ਨੂੰ ਚੰਗੇ ਤੇ ਯੋਗ ਪ੍ਰਸ਼ਾਸਨ ਨਾਲ ਸ਼ਾਂਤ ਨਹੀਂ ਕੀਤਾ ਜਾ ਸਕਦਾ, ਪ੍ਰਸ਼ਾਸਨ ਸਿਰਫ਼ ਬਹੁਤ ਘੱਟ ਸੰਪਰਦਾਵਾਂ ਨੂੰ ਹੀ ਆਪਣੇ ਇਸ਼ਾਰਿਆਂ 'ਤੇ ਚਲਾ ਸਕਦਾ ਹੈ, ਇੰਨੀ ਜ਼ਿਆਦਾ ਆਬਾਦੀ 'ਚ ਕਿਸੇ ਵੀ ਵੇਲੇ ਕੋਈ ਗੜਬੜੀ ਪੈਦਾ ਹੋ ਸਕਦੀ ਹੈ।

## ਬ੍ਰਿਟਿਸ਼ ਸੰਸਦ 'ਚ ਕੂਕਾ ਨਰਸੰਘਾਰ ਦੀ ਗੂੰਜ

*'ਬੌਂਬੇ ਗਜ਼ਟ' ਦਾ ਲੰਦਨ ਸਥਿਤ ਪੱਤਰਕਾਰ ਲਿਖਦਾ ਹੈ*

ਸ੍ਰੀ ਹੈਵਿਲੈਂਡ ਬਰਕੇ ਵੱਲੋਂ ਬੀਤੀ ਰਾਤ ਹੈਰਾਨੀਜਨਕ ਢੰਗ ਨਾਲ ਸ੍ਰੀ ਗ੍ਰਾਂਟ ਡਫ਼ ਨੂੰ ਤਲਬ ਕੀਤਾ ਗਿਆ ਸੀ, ਜਿਨ੍ਹਾਂ ਤੋਂ ਪੁੱਛਿਆ ਗਿਆ ਸੀ ਕਿ ਕੀ ਸ੍ਰੀ ਕਾਵਨ ਨੇ 50 ਕੂਕਿਆਂ ਨੂੰ ਤੋਪਾਂ ਦੇ ਨਾਲ ਉਡਾਇਆ ਗਿਆ ਸੀ ਅਤੇ ਕੀ ਸ੍ਰੀ ਫ਼ਾਰਸਿਥ ਨੇ 16 ਹੋਰ ਜਣਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਸੀ ਅਤੇ ਜੇ ਅਜਿਹਾ ਸੀ ਤਾਂ ਕੀ ਇਨ੍ਹਾਂ 66 ਵਿਅਕਤੀਆਂ ਦੀ ਸੁਣਵਾਈ ਲਈ ਕੋਈ ਟ੍ਰਿਬਿਊਨਲ ਕੋਰਟ ਮੌਜੂਦ ਸੀ ਜਾਂ ਨਹੀਂ ਅਤੇ ਜੇ ਸੀ ਤਾਂ ਅਜਿਹੀ ਕਿਸੇ ਅਦਾਲਤ ਜਾਂ ਟ੍ਰਿਬਿਊਨਲ ਨੇ ਸੁਣਵਾਈ ਦੌਰਾਨ ਕੀ ਪਾਇਆ ਸੀ ਅਤੇ ਕੀ ਪਹਿਲਾਂ ਮੌਤ ਦੀਆਂ ਅਜਿਹੀਆਂ ਸਜ਼ਾਵਾਂ ਬਾਰੇ ਗਵਰਨਰ ਜਨਰਲ ਨੂੰ ਜਾਣਕਾਰੀ ਦਿੱਤੀ ਗਈ ਸੀ ਅਤੇ ਅਧਿਕਾਰੀ ਦਾ ਅੱਗਿਓਂ ਕੀ ਜਵਾਬ ਸੀ। ਅਜਿਹਾ ਕੁਝ ਟੌਂਕ ਮਾਮਲੇ ਦੀ ਸੁਣਵਾਈ 'ਚ ਵੀ ਪੁੱਛਿਆ ਗਿਆ ਸੀ, ਇਹ ਪ੍ਰਸ਼ਨ ਪੁੱਛਣ ਦਾ ਮੰਤਵ ਸਪੱਸ਼ਟ ਸੀ। ਸ੍ਰੀ ਗ੍ਰਾਂਟ ਡਫ਼ ਕੋਲ਼ ਬੇਸ਼ੱਕ ਕਹਿਣ ਨੂੰ ਕੁਝ ਨਹੀਂ ਸੀ; ਉਨ੍ਹਾਂ ਇਸ ਮਾਮਲੇ 'ਚ ਕੋਈ ਜ਼ਿੰਮੇਵਾਰੀ ਨਹੀਂ ਲਈ, ਫਿਰ ਵੀ ਉਨ੍ਹਾਂ ਨੇ ਜਵਾਬ ਦਿੱਤੇ। ਮੌਤ ਦੀਆਂ ਕਥਿਤ ਸਜ਼ਾਵਾਂ ਬਾਰੇ ਉਨ੍ਹਾਂ ਨੂੰ ਅਫ਼ਸੋਸ ਨਾਲ ਆਪਣਾ ਜਵਾਬ ਹਾਂ 'ਚ ਹੀ ਦੇਣਾ ਪਿਆ। ਇਸ ਪ੍ਰਸ਼ਨ ਦੇ ਦੂਜੇ ਹਿੱਸੇ ਭਾਵ ਸ੍ਰੀ ਫ਼ਾਰਸਿਥ ਦੀ ਕਾਰਵਾਈ ਅਨਿਯਮਤ ਨਹੀਂ ਸੀ (ਫਿਰ ਵੀ ਉਸ ਦੌਰਾਨ ਓਹ! ਓਹ! ਹੋਈ) – ਉਹ ਸਜ਼ਾਵਾਂ ਤਰਕਸੰਗਤ ਸਨ ਜਾਂ ਨਹੀਂ, ਇਸ ਉੱਤੇ ਉਨ੍ਹਾਂ ਕੋਈ ਵਿਚਾਰ ਨਹੀਂ ਪ੍ਰਗਟਾਏ। ਸ੍ਰੀ ਹੈਵਿਲੈਂਡ ਬਰਕੇ ਫਿਰ ਦੋਸ਼ ਵੱਲ ਪਰਤੇ ਅਤੇ ਕਿਹਾ ਕਿ ਉਸ ਮਾਣਯੋਗ ਭਲੇ ਪੁਰਖ ਨੇ ਉਨ੍ਹਾਂ ਦੇ ਉਸ ਪ੍ਰਸ਼ਨ ਦਾ ਕੋਈ ਉੱਤਰ ਨਹੀਂ ਦਿੱਤਾ, ਜਿਸ ਵਿੱਚ ਪੁੱਛਿਆ ਗਿਆ ਸੀ ਕਿ ਕੀ ਉੱਥੇ ਉਨ੍ਹਾਂ ਲੋਕਾਂ ਦੀ ਸੁਣਵਾਈ ਕਰਨ ਲਈ ਕੋਈ

ਅਦਾਲਤ ਜਾਂ ਟ੍ਰਿਬਿਊਨਲ ਸੀ। ਇਸ ਸੁਆਲ 'ਤੇ ਸ੍ਰੀ ਗ੍ਰਾਂਟ ਡਫ਼ ਨੇ ਬਹੁਤ ਚੁਸਤੀ-ਚਾਲਾਕੀ ਨਾਲ ਟਾਲ-ਮਟੋਲ ਕਰਦਿਆਂ ਜਵਾਬ ਦਿੱਤਾ,''ਜਿੰਨੀ ਕੁ ਉਨ੍ਹਾਂ ਨੂੰ ਜਾਣਕਾਰੀ ਸੀ, ਸ੍ਰੀ ਫ਼ਾਰਸਿਥ ਦੀਆਂ ਕਾਰਵਾਈਆਂ 'ਤੇ ਉਨ੍ਹਾਂ ਆਪਣਾ ਕੋਈ ਵਿਚਾਰ ਨਹੀਂ ਪ੍ਰਗਟਾਇਆ ਤੇ ਆਖਿਆ ਕਿ ਉਨ੍ਹਾਂ ਦੀ ਜਾਣਕਾਰੀ ਅਨੁਸਾਰ ਉਹ ਗ਼ੈਰ-ਕਾਨੂੰਨੀ ਨਹੀਂ ਸਨ।'' ਤਦ ਫਿਰ ਓਹ! ਓਹ! ਦੀਆਂ ਅਫ਼ਸੋਸਨਾਕ ਜਿਹੀਆਂ ਆਵਾਜ਼ਾਂ ਆਈਆਂ। ਸ੍ਰੀ ਹੈਵਿਲੈਂਡ ਬਰਕੇ ਦੋਬਾਰਾ ਦੋਸ਼ ਵੱਲ ਪਰਤੇ। ਉਨ੍ਹਾਂ ਕਿਹਾ ਕਿ ਉਹ ਹਾਲੇ ਤੱਕ ਇਸ ਮਾਣਯੋਗ ਭੱਦਰ ਪੁਰਖ ਦੇ ਜਵਾਬ ਨੂੰ ਸਮਝ ਨਹੀਂ ਸਕੇ ਹਨ। ਉਨ੍ਹਾਂ ਪੁੱਛਿਆ ਕਿ ਕੀ ਮੌਤ ਦੀ ਸਜ਼ਾ ਤੋਂ ਪਹਿਲਾਂ ਕੋਈ ਸੁਣਵਾਈ ਹੋਈ ਸੀ। ਤਦ ਗ੍ਰਾਂਟ ਡਫ਼ ਨੂੰ ਕੋਈ ਜਵਾਬ ਨਹੀਂ ਸੁੱਝ ਰਿਹਾ ਸੀ ਪਰ ਜਵਾਬ ਤਾਂ ਦੇਣਾ ਹੀ ਪੈਣਾ ਸੀ, ਪਹਿਲਾਂ ਪਹਿਲ ਤਾਂ ਉਨ੍ਹਾਂ ਨੇ ਸੱਚ ਦੱਸਣ ਤੋਂ ਟਾਲ਼ਾ ਵੱਟਣ ਦੀ ਹੀ ਕੋਸ਼ਿਸ਼ ਕੀਤੀ ਸੀ। ਪਰ ਫਿਰ ਉਨ੍ਹਾਂ ਜਵਾਬ ਦਿੱਤਾ ਕਿ ਉਨ੍ਹਾਂ ਨੂੰ ਜਿੱਥੋਂ ਤੱਕ ਜਾਣਕਾਰੀ ਹੈ ਕਿ ਉੱਥੇ ਕਿਸੇ ਕਿਸਮ ਦੀ ਕੋਈ ਸੁਣਵਾਈ ਨਹੀਂ ਹੋਈ ਸੀ। (ਓਹ! ਓਹ!)

## ਹਾਊਸ ਆੱਫ਼ ਕਾਮਨਜ਼

*1 ਮਾਰਚ*

**ਕੂਕਾ ਬਗ਼ਾਵਤ।** ਸ੍ਰੀ ਹੈਵਿਲੈਂਡ ਬਰਕੇ ਨੇ ਭਾਰਤ ਨਾਲ ਸੰਬੰਧਤ ਮਾਮਲਿਆਂ ਦੇ ਇੰਚਾਰਜ ਉੱਪ ਵਿਦੇਸ਼ ਮੰਤਰੀ ਤੋਂ ਪੁੱਛਿਆ ਕਿ ਕੀ ਡਿਪਟੀ ਕਮਿਸ਼ਨਰ ਨੇ ਉਸੇ ਤਰ੍ਹਾਂ ਕੀਤਾ ਸੀ, ਜਿਵੇਂ ਕਿ 5 ਫ਼ਰਵਰੀ ਦੇ 'ਦਿ ਟਾਈਮਜ਼' 'ਚ ਛਪਿਆ ਹੈ; ਕਿ ਕੂਕਾ ਬਗ਼ਾਵਤ ਨੂੰ ਪੂਰੀ ਤਰ੍ਹਾਂ ਦਬਾਉਣ ਤੋਂ ਬਾਅਦ 50 ਕੈਦੀਆਂ ਨੂੰ ਤੋਪਾਂ ਨਾਲ ਉਡਾ ਦੇਣ ਦੀ ਸਜ਼ਾ ਲਈ ਚੁਣਿਆ ਗਿਆ; ਕੀ ਉਨ੍ਹਾਂ 50 ਜਣਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ; ਕੀ ਅੰਬਾਲਾ ਦੇ ਕਮਿਸ਼ਨਰ ਸ੍ਰੀ ਫ਼ਾਰਸਿਥ ਨੇ ਉਸੇ ਬਗ਼ਾਵਤ ਨਾਲ ਜੁੜੇ 16 ਹੋਰ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਸੀ; ਅਤੇ ਜੇ ਅਜਿਹਾ ਹੋਇਆ ਸੀ ਤਾਂ ਕੀ ਇਨ੍ਹਾਂ 66 ਵਿਅਕਤੀਆਂ ਦੀ ਸੁਣਵਾਈ ਕੋਈ ਕੋਰਟ ਆੱਫ਼ ਟ੍ਰਿਬਿਊਨਲ ਸੀ ਅਤੇ ਕੀ ਪਹਿਲਾਂ ਮੌਤ ਦੀਆਂ ਅਜਿਹੀਆਂ ਸਜ਼ਾਵਾਂ ਦਿੰਦੇ ਸਮੇਂ ਉਨ੍ਹਾਂ ਬਾਰੇ ਜਾਣਕਾਰੀ ਭਾਰਤ ਦੇ ਉਦੋਂ ਦੇ ਗਵਰਨਰ ਜਨਰਲ ਨੂੰ ਭੇਜੀ ਗਈ ਸੀ ਅਤੇ ਫਿਰ ਅੱਗਿਓਂ ਕੀ ਜਵਾਬ ਆਇਆ ਸੀ, ਜੇ ਕੋਈ ਜਵਾਬ ਆਇਆ ਸੀ, ਜਾਂ ਕੀ ਮਹਾਮਹਿਮ ਵੱਲੋਂ ਕਦੇ ਕੁਝ ਆਖਿਆ ਗਿਆ ਸੀ; ਅਤੇ ਕੀ ਉਨ੍ਹਾਂ ਕੂਕਾ ਬਗ਼ਾਵਤ ਨਾਲ ਸੰਬੰਧਤ ਸਾਰੇ ਦਸਤਾਵੇਜ਼ ਜਾਂ ਚਿੱਠੀ-ਪੱਤਰੀ ਸਦਨ 'ਚ ਰੱਖੇ ਜਾਣ 'ਤੇ ਕਦੇ ਕੋਈ ਇਤਰਾਜ਼ ਪ੍ਰਗਟਾਇਆ ਸੀ।

ਸਰ ਡੀ. ਵੈਡਰਨਬਰਨ ਨੇ ਵੀ ਪੁੱਛਿਆ ਕਿ ਕੀ ਸਰਕਾਰ ਨੇ ਕੂਕਾ ਬਗ਼ਾਵਤ ਨਾਲ ਸੰਬੰਧਤ ਹਾਲਾਤ ਦੀ ਕੋਈ ਵਿਸ਼ੇਸ਼ ਜਾਂਚ ਕਰਨ ਦੀ ਕੋਸ਼ਿਸ਼ ਕੀਤੀ ਸੀ।

ਸ੍ਰੀ ਗ੍ਰਾਂਟ ਡਫ਼ – ਮਾਣਯੋਗ ਭਲੇ ਪੁਰਖ ਨੇ ਪਹਿਲਾ ਸੁਆਲ ਪੁੱਛਿਆ ਹੈ, ਜਿਸ ਦਾ ਜਵਾਬ ਮੈਂ ਜ਼ਰੂਰ ਦੇਵਾਂਗਾ, ਮੈਂ ਅਫ਼ਸੋਸ ਨਾਲ ਇਹ ਜਵਾਬ ਹਾਂ 'ਚ ਦਿੰਦਾ ਹਾਂ।

ਉਨ੍ਹਾਂ ਦੇ ਦੂਜੇ ਸੁਆਲ ਦਾ ਜੁਆਬ ਇਹੋ ਹੋਵੇਗਾ ਕਿ ਤੋਪਾਂ ਨਾਲ ਉਡਾਏ ਗਏ ਵਿਅਕਤੀਆਂ ਦੀ ਗਿਣਤੀ 49 ਸੀ, 50ਵੇਂ ਵਿਅਕਤੀ ਦੇ ਤਾਂ ਉਸ ਵੇਲੇ ਆਤਮ-ਰੱਖਿਆ 'ਚ ਟੋਟੇ-ਟੋਟੇ ਕਰ ਦਿੱਤੇ ਗਏ ਸਨ, ਜਦੋਂ ਉਸ ਨੇ ਇੱਕ ਸਥਾਨਕ ਰਿਆਸਤ ਦੇ ਅਧਿਕਾਰੀ 'ਤੇ ਹਮਲਾ ਕਰ ਦਿੱਤਾ ਸੀ। ਤੀਜੇ ਸੁਆਲ ਦੇ ਪਹਿਲੇ ਹਿੱਸੇ ਦਾ ਮੇਰਾ ਜਵਾਬ ਅਫ਼ਸੋਸਨਾਕ ਢੰਗ ਨਾਲ ਹਾਂ ਵਿੱਚ ਹੀ ਹੋਵੇਗਾ। ਦੂਜੇ ਹਿੱਸੇ ਦਾ ਜਵਾਬ ਇਹ ਹੈ ਕਿ ਮੇਰਾ ਯਕੀਨ ਹੈ ਕਿ ਮੈਂ ਅਦਾਲਤ ਦੀ ਕੋਈ ਕਾਰਵਾਈ ਨਹੀਂ ਵੇਖੀ ਪਰ ਮੇਰਾ ਮੰਨਣਾ ਹੈ ਕਿ ਸ੍ਰੀ ਫ਼ਾਰਸਿਥ ਦੀਆਂ ਕਾਰਵਾਈਆਂ ਤਰਕਸੰਗਤ ਹਨ ਜਾਂ ਨਹੀਂ, ਮੈਂ ਉਨ੍ਹਾਂ ਬਾਰੇ ਕੁਝ ਨਹੀਂ ਆਖਦਾ ਪਰ ਉਹ ਅਨਿਯਮਤ ਨਹੀਂ ਸਨ। ਚੌਥੇ ਸੁਆਲ ਲਈ ਮੇਰਾ ਜੁਆਬ ਇਹ ਹੋਵੇਗਾ ਕਿ ਮੌਤ ਦੀਆਂ ਸਜ਼ਾਵਾਂ ਦੇਣ ਤੋਂ ਪਹਿਲਾਂ ਸਵਰਗੀ ਵਾਇਸਰਾਏ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਜਾਪਦੀ। ਜਦੋਂ 19 ਜਨਵਰੀ ਨੂੰ ਉਨ੍ਹਾਂ ਨੂੰ ਉੱਥੇ ਵਰਤੇ ਭਾਣੇ ਬਾਰੇ ਜਾਣਕਾਰੀ ਮਿਲੀ, ਤਾਂ ਉਨ੍ਹਾਂ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੂੰ ਇਹ ਤਾਰ ਘੱਲੀ ਸੀ,''ਤੁਹਾਡੇ ਹੁਕਮਾਂ ਤੋਂ ਬਿਨਾਂ ਕੂਕਿਆਂ ਨੂੰ ਬਿਨਾਂ ਸੁਣਵਾਈ ਮੌਤ ਦੀ ਕੋਈ ਸਜ਼ਾ ਨਹੀਂ ਦੇਣੀ ਹੋਵੇਗੀ।'' (ਸੁਣੋ, ਸੁਣੋ) ਪੰਜਵੇਂ ਸੁਆਲ ਦਾ ਇਹੋ ਜਵਾਬ ਹੈ ਕਿ ਮੁਕੰਮਲ ਦਸਤਾਵੇਜ਼ਾਂ ਨੂੰ ਸਦਨ 'ਚ ਰੱਖਣ 'ਤੇ ਕੋਈ ਇਤਰਾਜ਼ ਨਹੀਂ ਹੋਵੇਗਾ। ਇਸ ਵੇਲੇ ਉਹ ਇੰਨੇ ਅਪੂਰਨ ਹਨ ਕਿ ਉਨ੍ਹਾਂ ਤੋਂ ਕੁਝ ਵੀ ਨਵਾਂ ਪਤਾ ਨਹੀਂ ਲੱਗਣਾ, ਉਨ੍ਹਾਂ 'ਚ ਉਹੀ ਸਭ ਕੁਝ ਹੈ ਜੋ ਮਾਣਯੋਗ ਮੈਂਬਰ ਪਹਿਲਾਂ ਹੀ ਜਾਣਦੇ ਹਨ। ਮੈਂ ਆਪਣੇ ਮਾਣਯੋਗ ਦੋਸਤ (ਸਰ ਡੀ. ਵੈਡਨਬਰਨ) ਨੂੰ ਇਹੋ ਕਹਿਣਾ ਹੈ ਕਿ ਮੌਕੇ 'ਤੇ ਇੱਕ ਵਿਸ਼ੇਸ਼ ਜਾਂਚ ਕੀਤੀ ਗਈ ਹੈ ਅਤੇ ਕੌਂਸਲ 'ਚ ਵਿਦੇਸ਼ ਮੰਤਰੀ ਨੇ ਭਾਰਤ ਸਰਕਾਰ ਨੂੰ ਸੂਚਿਤ ਕੀਤਾ ਹੈ ਕਿ ਉਨ੍ਹਾਂ ਨੂੰ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਦੀ ਰਿਪੋਰਟ ਦੀ ਫ਼ਿਕਰਮੰਦੀ ਨਾਲ ਉਡੀਕ ਹੈ। (ਸੁਣੋ, ਸੁਣੋ)

ਸ੍ਰੀ ਹੈਵਿਲੈਂਡ ਬਰਕੇ ਨੇ ਕਿਹਾ ਕਿ ਮਾਣਯੋਗ ਭਲੇ ਪੁਰਖ ਨੇ ਸਦਨ ਨੂੰ ਇਹ ਨਹੀਂ ਦੱਸਿਆ ਕਿ ਕੀ 66 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦੇਣ ਤੋਂ ਪਹਿਲਾਂ ਕੀ ਉਨ੍ਹਾਂ ਦੀ ਕੋਈ ਸੁਣਵਾਈ ਕੀਤੀ ਗਈ ਸੀ।

ਸ੍ਰੀ ਗ੍ਰਾਂਟ ਡਫ਼ - ਮੈਂ ਸੋਚਿਆ ਕਿ ਮੇਰੇ ਬਿਆਨ ਤੋਂ ਇਹ ਨਤੀਜਾ ਕੱਢ ਲਿਆ ਗਿਆ ਹੋਵੇਗਾ ਕਿ ਜਿੱਥੋਂ ਤੱਕ ਮੈਨੂੰ ਜਾਣਕਾਰੀ ਹੈ ਸ੍ਰੀ ਫ਼ਾਰਸਿਥ ਦੀਆਂ ਕਾਰਵਾਈਆਂ ਬਿਲਕੁਲ ਵਾਜਬ ਕਿਸਮ ਦੀਆਂ ਸਨ ਤੇ ਉਹ ਬਿਲਕੁਲ ਅਨਿਯਮਤ ਨਹੀਂ ਸਨ।

ਸ੍ਰੀ ਹੈਵਿਲੈਂਡ ਬਰਕੇ ਫਿਰ ਵੀ ਇਹ ਸਮਝ ਨਹੀਂ ਸਕੇ ਸਨ ਕਿ ਕੀ ਇਨ੍ਹਾਂ ਲੋਕਾਂ ਨੂੰ ਮੌਤ ਦੀ ਸਜ਼ਾ ਤੋਂ ਪਹਿਲਾਂ ਕੋਈ ਸੁਣਵਾਈ ਕੀਤੀ ਗਈ ਸੀ ਜਾਂ ਨਹੀਂ।

ਸ੍ਰੀ ਗ੍ਰਾਂਟ ਡਫ਼ - ਮੇਰਾ ਜਵਾਬ ਸ੍ਰੀ ਫ਼ਾਰਸਿਥ ਦੀਆਂ ਕਾਰਵਾਈਆਂ ਨਾਲ ਸੰਬੰਧਤ ਸੀ। ਜਿੱਥੋਂ ਤੱਕ ਸਾਨੂੰ ਜਾਣਕਾਰੀ ਹੈ ਕਿ ਸ੍ਰੀ ਕਾਵਨ ਨੇ ਕਿਸੇ ਤਰ੍ਹਾਂ ਦੀ ਕੋਈ ਸੁਣਵਾਈ ਨਹੀਂ ਕੀਤੀ ਸੀ; ਉਨ੍ਹਾਂ ਬਿਨਾਂ ਸੁਣਵਾਈ ਮੌਤ ਦੀ ਸਜ਼ਾ ਦਿੱਤੀ ਸੀ।

## ਦਿ ਫ਼ਰੈਂਡ ਆੱਫ਼ ਇੰਡੀਆ

*21 ਮਾਰਚ, 1872*

**ਕੂਕਾ ਬਗ਼ਾਵਤ।** ਦੇਸ਼ 'ਚ ਮੌਤ ਦੀਆਂ ਸਜ਼ਾਵਾਂ ਬਹੁਤ ਹੌਲ਼ੀ ਰਫ਼ਤਾਰ ਨਾਲ ਦਿੱਤੀਆਂ ਗਈਆਂ ਸਨ ਕਿ ਕੁਝ ਸਮਾਂ ਤਾਂ ਉਨ੍ਹਾਂ ਦਾ ਅਸਲ ਕਿਰਦਾਰ ਪਤਾ ਹੀ ਨਹੀਂ ਲੱਗਾ ਸੀ; ਅਤੇ ਅੱਜ ਜਨਤਾ ਨੂੰ ਸੱਚਮੁਚ ਕੁਝ ਵੀ ਨਹੀਂ ਪਤਾ ਕੀ ਕੁਝ ਵਾਪਰ ਚੁੱਕਾ ਹੈ ਅਤੇ ਪੰਜਾਬ ਦੀ ਧਰਤੀ ਨੂੰ ਇੱਕ ਬੁੱਚੜਖਾਨੇ 'ਚ ਤਬਦੀਲ ਕਰ ਕੇ ਰੱਖ ਦਿੱਤਾ ਗਿਆ ਹੈ। ਇਸ ਹਫ਼ਤੇ ਸਾਡਾ ਮੰਤਵ ਆਪਣੇ ਪਾਠਕਾਂ ਸਾਹਵੇਂ ਉਨ੍ਹਾਂ ਦਲੀਲਾਂ ਨੂੰ ਸੰਖੇਪ 'ਚ ਰੱਖਣਾ ਹੈ, ਜੋ ਮੌਤ ਦੀਆਂ ਸਜ਼ਾਵਾਂ ਬਾਰੇ ਰੱਖੀਆਂ ਗਈਆਂ ਸਨ ਅਤੇ ਉਨ੍ਹਾਂ ਦਲੀਲਾਂ ਦੇ ਆਧਾਰ 'ਤੇ ਸਾਡਾ ਪੱਕਾ ਨਿਸ਼ਚਾ ਹੈ ਕਿ ਮੌਤ ਦੀਆਂ ਸਜ਼ਾਵਾਂ ਨੀਤੀਗਤ ਅਤੇ ਇਨਸਾਨੀਅਤ ਦੇ ਤੌਰ 'ਤੇ ਮਾੜੀਆਂ ਸਨ ਅਤੇ ਜਿਹੜੇ ਵਿਅਕਤੀ ਨੇ ਇੰਨੀ ਵੱਡੀ ਗ਼ਲਤੀ ਕੀਤੀ ਹੈ, ਉਸ ਨੂੰ ਕਦੇ ਵੀ ਮਨੁੱਖੀ ਜਾਨਾਂ ਦੀ ਜਾਂ ਦੇਸ਼ ਦੇ ਵਡੇਰੇ ਹਿਤਾਂ ਵਾਲੀ ਜ਼ਿੰਮੇਵਾਰੀ ਨਹੀਂ ਸੌਂਪੀ ਜਾਣੀ ਚਾਹੀਦੀ।

ਮੌਤ ਦੀਆਂ ਸਜ਼ਾਵਾਂ ਬਾਰੇ ਪੇਸ਼ ਕੀਤੀਆਂ ਦਲੀਲਾਂ ਇਸ ਪ੍ਰਕਾਰ ਹਨ:

ਪਹਿਲੀ— ਤੁਰਤ-ਫੁਰਤ ਤੇ ਤਿੱਖੀ ਜਵਾਬੀ ਕਾਰਵਾਈ ਬਹੁਤ ਜ਼ਰੂਰੀ ਸੀ।

ਦੂਜੀ— ਜਨਰਲ ਹੈਵਿਟ ਨੇ ਜੇ ਮੇਰਠ 'ਚ ਅਜਿਹਾ ਕੁਝ ਕੀਤਾ ਹੁੰਦਾ, ਤਾਂ ਉੱਥੇ ਕੋਈ ਬਗ਼ਾਵਤ ਨਹੀਂ ਹੋਣੀ ਸੀ।

ਤੀਜੀ— ਪੰਜਾਬ ਦੇ ਅਧਿਕਾਰੀ ਸ੍ਰੀ ਕਾਵਨ ਦੀ ਹਮਾਇਤ 'ਚ ਹਨ - ਸਾਨੂੰ ਆਸ ਹੈ ਕਿ ਇਹ ਪੂਰੀ ਤਰ੍ਹਾਂ ਗ਼ਲਤ-ਬਿਆਨੀ ਹੈ।

ਚੌਥੀ— ਜੇ ਸ੍ਰੀ ਕਾਵਨ ਨੇ ਕਾਨੂੰਨ ਆਪਣੇ ਹੱਥ 'ਚ ਨਾ ਲਿਆ ਹੁੰਦਾ, ਤਾਂ ਕੈਦੀਆਂ ਨੂੰ ਦੋਸ਼ੀ ਤੱਕ ਨਹੀਂ ਠਹਿਰਾਇਆ ਜਾਣਾ ਸੀ - ਇਹ ਦਲੀਲ ਮਹਾਰਾਣੀ ਦੇ ਇੱਕ ਅੰਗਰੇਜ਼ ਅਧਿਕਾਰੀ ਵੱਲੋਂ ਜਾਅਲੀ ਦਸਤਖ਼ਤਾਂ ਨਾਲ ਬਚਾਅ ਤੇ ਸ਼ੇਖ਼ੀ ਮਾਰਨ ਤੇ ਨਫ਼ਰਤ ਫੈਲਾਉਣ ਲਈ ਵਰਤੀ ਗਈ ਸੀ, ਇਹੋ ਜਿਹੇ ਸ਼ਬਦ (ਕਿਉਂ, ਸਿਰਫ਼ ਰੱਬ ਨੂੰ ਹੀ ਪਤਾ ਹੈ, ਸਾਨੂੰ ਨਹੀਂ) ਕਿਸੇ ਪੇਸ਼ੇਵਾਰਾਨਾ ਲੇਖਕ ਦੇ ਲਿਖੇ ਜਾਪਦੇ ਹਨ। ਬੁਰਾ-ਭਲਾ ਆਖਣਾ ਕੋਈ ਦਲੀਲ ਨਹੀਂ ਹੁੰਦੀ ਅਤੇ ਨਾ ਹੀ ਲੰਮਾ ਸਮਾਂ ਨਿਭਦੀ ਹੈ ਅਤੇ ਨਾ ਇਸ ਨਾਲ ਮੌਤ ਦੀਆਂ ਸਜ਼ਾਵਾਂ ਦਰੁਸਤ ਠਹਿਰਾਈਆਂ ਜਾ ਸਕਣਗੀਆਂ ਜਾਂ ਇਸ ਨਾਲ ਸਾਡਾ ਧਿਆਨ ਉਸ ਫ਼ਰਜ਼ ਤੋਂ ਨਹੀਂ ਭਟਕੇਗਾ, ਜੋ ਅਸੀਂ ਸਾਰੇ ਤੱਥਾਂ ਤੇ ਸੱਚਾਈਆਂ ਨੂੰ ਜਨਤਾ ਸਾਹਵੇਂ ਲਿਆਉਣ ਲਈ ਨਿਭਾਉਣਾ ਹੈ। ਆਓ ਪਹਿਲਾਂ ਪੇਸ਼ ਕੀਤੀਆਂ ਗਈਆਂ ਦਲੀਲਾਂ 'ਤੇ ਗ਼ੌਰ ਕਰ ਲਈਏ।

"ਇੱਕ ਤਿੱਖੀ ਤੇ ਤੁਰਤ-ਫੁਰਤ ਕਾਰਵਾਈ ਕਰਨ ਦੀ ਜ਼ਰੂਰਤ ਸੀ।"

ਠੀਕ ਹੈ, ਉਹ ਕਾਰਵਾਈ ਕਰ ਦਿੱਤੀ ਗਈ ਹੈ। ਸਥਾਨਕ ਸੁਰੱਖਿਆ ਬਲਾਂ ਨੇ ਬ੍ਰਿਟਿਸ਼ ਫ਼ੌਜੀਆਂ ਦੇ ਆਉਣ ਤੋਂ ਪਹਿਲਾਂ ਬਾਗ਼ੀਆਂ ਦੀ ਭਾਲ਼ ਕਰ ਲਈ ਸੀ।

ਅੱਗੇ, ਸ੍ਰੀ ਫ਼ਾਰਸਿਥ ਸਿਰਫ਼ 15 ਮੀਲ ਦੀ ਦੂਰੀ 'ਤੇ ਸਨ ਅਤੇ ਉਨ੍ਹਾਂ ਕੋਲ ਜ਼ਿੰਦਗੀ ਤੇ ਮੌਤ ਦੀ ਤਾਕਤ ਸੀ।

ਅੱਗੇ, ਸ੍ਰੀ ਕਾਵਨ ਕੋਲ ਜ਼ਿੰਦਗੀ ਤੇ ਮੌਤ ਦੀ ਕੋਈ ਤਾਕਤ ਨਹੀਂ ਸੀ।

ਅੱਗੇ, ਉੱਥੇ ਕੈਦੀਆਂ ਦੇ ਨੱਸ ਜਾਣ ਦਾ ਕੋਈ ਡਰ ਨਹੀਂ ਸੀ। 'ਹਜ਼ਾਰਾਂ' ਦੀ ਗਿਣਤੀ 'ਚ ਜਿਹੜੇ ਕੂਕੇ ਕਥਿਤ ਤੌਰ 'ਤੇ ਆ ਰਹੇ ਸਨ, ਉਹ ਮੌਤ ਦੀ ਸਜ਼ਾ ਦਿੱਤੇ ਜਾਣ ਤੋਂ ਪਹਿਲੇ ਦਿਨ ਹੀ ਖਿੰਡ-ਪੁੰਡ ਗਏ ਸਨ।

ਅੱਗੇ, ਸ੍ਰੀ ਫ਼ਾਰਸਿਥ ਨੇ ਸੁਣਵਾਈ ਲਈ ਮੌਤ ਦੀਆਂ ਸਜ਼ਾਵਾਂ ਰੋਕਣ ਦੀ ਕੋਸ਼ਿਸ਼ ਕੀਤੀ ਸੀ।

ਅੱਗੇ, ਸ੍ਰੀ ਕਾਵਨ ਨੇ ਮੌਤ ਦੀਆਂ ਸਜ਼ਾਵਾਂ ਦੇਣ ਤੋਂ ਪਹਿਲਾਂ ਖ਼ੁਦ ਫ਼ੌਜ ਭੇਜਣ ਦੀ ਆਪਣੀ ਬੇਨਤੀ ਵਾਪਸ ਲੈ ਲਈ ਸੀ - ਭਾਵ ਬਗ਼ਾਵਤ ਖ਼ਤਮ ਹੋ ਗਈ ਸੀ।

ਅੱਗੇ, ਸਾਡੇ ਕੋਲ ਇਹ ਮੰਨਣ ਲਈ ਪੱਕੇ ਕਾਰਣ ਹਨ ਕਿ ਬਾਗ਼ੀਆਂ ਦੀ ਗਿਣਤੀ ਨੂੰ ਵਧਾ-ਚੜ੍ਹਾ ਕੇ ਦੱਸਿਆ ਗਿਆ ਸੀ ਅਤੇ ਅਸਲ ਗਿਣਤੀ 300 ਦੀ ਥਾਂ 150 ਹੀ ਸੀ। ਸਾਨੂੰ ਪੱਕਾ ਨਹੀਂ ਪਤਾ ਪਰ ਇਹੋ ਸੱਚ ਮੰਨਦੇ ਹਾਂ। ਖ਼ਤਰਾ ਹਰ ਹਾਲਤ 'ਚ ਟਲ਼ ਚੁੱਕਾ ਸੀ। ਬੱਸ ਸਿਰਫ਼ ਕਾਨੂੰਨ ਨੂੰ ਛਿੱਕੇ ਟੰਗ ਕੇ ਇੱਕ ਤਿੱਖੀ ਤੇ ਤੁਰਤ-ਫੁਰਤ ਕਾਰਵਾਈ ਦਾ ਝਟਕਾ ਦੇਣਾ ਬਾਕੀ ਸੀ, ਕਾਨੂੰਨ ਦੇ ਘੇਰੇ ਵਿੱਚ ਅਜਿਹੀ ਕਾਰਵਾਈ ਅਸੰਭਵ ਸੀ। ਹੁਣ ਮੰਨ ਲਵੋ ਕਿ ਜਨਰਲ ਹੈਵਿਟ ਨੇ ਮੇਰਠ 'ਚ ਕਾਰਵਾਈ ਕੀਤੀ ਹੁੰਦੀ, ਜਿਵੇਂ ਕਿ ਅਸੀਂ ਸੋਚਦੇ ਹਾਂ ਕਿ ਉਨ੍ਹਾਂ ਨੂੰ ਅਜਿਹਾ ਜ਼ਰੂਰ ਕਰਨਾ ਚਾਹੀਦਾ ਸੀ, ਤਾਂ ਉਨ੍ਹਾਂ ਦਾ ਸ਼ਿਕਾਰ ਕੌਣ ਹੁੰਦਾ? ਫ਼ੌਜੀ ਬਗ਼ਾਵਤ ਦੇ ਲੋਕ। ਆਮ ਨਾਗਰਿਕ ਨਹੀਂ ਅਤੇ ਕੈਦੀ ਜਿਨ੍ਹਾਂ ਦੇ ਕਿਤੇ ਨੱਸਣ ਦੀ ਕੋਈ ਸੰਭਾਵਨਾ ਨਹੀਂ ਸੀ ਪਰ ਬਾਗ਼ੀ ਤਾਂ ਫ਼ੌਜੀ ਸਨ। ਇਹ ਸੰਭਵ ਹੈ ਕਿ ਕੋਈ ਵੀ ਇਨਸਾਨ ਜਨਰਲ ਹੈਵਿਟ ਤੇ ਸ੍ਰੀ ਕਾਵਨ ਦੀਆਂ ਕਾਰਵਾਈਆਂ ਵਿਚਾਲੇ ਕੋਈ ਫ਼ਰਕ ਨਾ ਲੱਭ ਸਕੇ। ਇਸ ਤੋਂ ਇਲਾਵਾ ਜਨਰਲ ਹੈਵਿਟ ਕੋਲ ਬਗ਼ਾਵਤ ਦੇ ਮੱਦੇ ਨਜ਼ਰ ਹਰ ਤਰ੍ਹਾਂ ਦੀਆਂ ਵੱਧ ਤੋਂ ਵੱਧ ਤਾਕਤਾਂ ਸਨ ਅਤੇ ਜੇ ਸ੍ਰੀ ਕਾਵਨ ਬਗ਼ਾਵਤ ਸਮਝ ਕੇ ਹੀ ਕਾਰਵਾਈ ਕਰ ਰਹੇ ਸਨ ਜਾਂ ਕੀ ਉਹ ਖੇਤਰ ਵਿੱਚ ਐਵੇਂ ਹੀ ਲੋਕਾਂ ਦੇ ਵਿਰੁੱਧ ਸਨ ਕਿ ਦੇਸ਼ ਤਾਂ ਉਨ੍ਹਾਂ ਦੇ ਨਾਲ ਹੀ ਹੋਵੇਗਾ।

ਅਜਿਹਾ ਵੀ ਵੇਲਾ ਹੁੰਦਾ ਹੈ ਜਦੋਂ ਕਾਨੂੰਨ ਤੋੜ ਕੇ ਕੋਈ ਵਿਅਕਤੀ ਨਾਇਕ ਬਣ ਸਕਦਾ ਹੁੰਦਾ ਹੈ। ਪਰ ਇਸ ਮਾਮਲੇ 'ਚ ਅਜਿਹਾ ਕੋਈ ਸਮਾਂ ਜਾਂ ਹੰਗਾਮੀ ਹਾਲਾਤ ਨਹੀਂ ਸਨ। ਅਸੀਂ ਇਸ ਗੱਲ ਤੋਂ ਇਨਕਾਰ ਕਰਦੇ ਹਾਂ ਕਿ ਉੱਥੇ ਉਦੋਂ ਕੋਈ ਹੰਗਾਮੀ ਹਾਲਾਤ ਸਨ। ਜੇ ਕੈਦੀਆਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਹੁੰਦੀ, ਤਦ ਵੀ ਅਜਿਹੀ ਕੋਈ ਦਲੀਲ ਚੱਲ ਸਕਦੀ ਸੀ। ਜੇ ਬਾਗ਼ੀਆਂ ਨੇ ਕਿਸੇ ਔਰਤ ਜਾਂ ਬੱਚੇ ਨੂੰ ਬੁਰਾ-ਭਲਾ ਕਿਹਾ ਹੁੰਦਾ, ਤਾਂ ਵੀ ਇੱਕ ਬਹਾਨਾ ਹੋਣਾ ਸੀ। ਕਾਵਨ ਉਸ ਵੇਲੇ ਆਪਣੇ ਉੱਚ ਅਧਿਕਾਰੀ ਤੋਂ ਬਹੁਤ ਦੂਰੀ 'ਤੇ ਸੀ ਕਿ ਤੁਰੰਤ ਗੱਲ-ਬਾਤ ਅਸੰਭਵ ਸੀ ਅਤੇ ਜੇ ਭਾਰਤ ਸਰਕਾਰ ਨੇ ਤਾਰ ਪਾ ਕੇ ਸੰਪਰਕ ਨਾ ਕੀਤਾ ਹੁੰਦਾ, ਤਾਂ ਵੀ ਕਾਨੂੰਨ ਆਪਣੇ ਹੱਥਾਂ 'ਚ ਲੈਣ ਵਾਲੇ ਇੱਕ ਅਧਿਕਾਰੀ ਦੇ ਹੱਕ ਵਿੱਚ ਮਜ਼ਬੂਤ ਦਲੀਲਾਂ ਦਿੱਤੀਆਂ ਜਾ ਸਕਦੀਆਂ ਸਨ। ਪਰ ਇਸ ਕੇਸ ਵੱਲ ਵੇਖੋ।

1. ਕੈਦੀਆਂ ਦੇ ਨੱਸਣ ਦਾ ਕੋਈ ਖ਼ਤਰਾ ਨਹੀਂ ਸੀ। ਸ੍ਰੀ ਕਾਵਨ ਨੇ ਬਗ਼ਾਵਤ

ਦਾ ਖ਼ਾਤਮਾ ਕਰਨ ਦਾ ਐਲਾਨ ਕਰ ਦਿੱਤਾ ਸੀ; ਦਿੱਲੀ ਤੋਂ ਆ ਰਹੇ ਫ਼ੌਜੀ ਦਸਤਿਆਂ ਨੂੰ ਰਾਹ ਵਿੱਚ ਹੀ ਰੋਕ ਦਿੱਤਾ ਗਿਆ ਸੀ। ਮੌਤ ਦੀਆਂ ਸਜ਼ਾਵਾਂ ਉਸ ਤੋਂ ਅਗਲੇ ਦਿਨ ਦਿੱਤੀਆਂ ਗਈਆਂ ਸਨ।

2. ਸ੍ਰੀ ਕਾਵਨ ਨੂੰ ਮੌਤ ਦੀਆਂ ਸਜ਼ਾਵਾਂ ਦੇਣ ਲਈ ਬਾਕਾਇਦਾ ਇੱਕ ਅਧਿਕਾਰ ਭਾਵ ਅਥਾਰਟੀ ਦੀ ਲੋੜ ਸੀ ਤੇ ਉਹ ਖ਼ੁਦ ਅਜਿਹਾ ਨਹੀਂ ਕਰ ਸਕਦੇ ਸਨ। ਇਹ ਗੱਲ ਯਕੀਨੀ ਹੈ ਕਿ ਅਧਿਕਾਰਤ ਜੀਵਨ ਦੇ ਜ਼ਿਆਦਾਤਰ ਸਾਧਾਰਣ ਮਾਮਲਿਆਂ ਵਿੱਚ ਅਜਿਹਾ ਕੋਈ ਅਧਿਕਾਰ ਨਹੀਂ ਦਿੱਤਾ ਜਾਂਦਾ ਅਤੇ ਜਦੋਂ ਜ਼ਿੰਦਗੀ ਤੇ ਮੌਤ ਦਾ ਸੁਆਲ ਹੋਵੇ, ਤਦ ਤਾਂ ਅਜਿਹੀ ਪ੍ਰਵਾਨਗੀ ਦਿੱਤੀ ਹੀ ਨਹੀਂ ਜਾ ਸਕਦੀ। ਜੰਗ ਵਿੱਚ ਕਾਨੂੰਨ ਤੋੜਿਆ ਜਾ ਸਕਦਾ ਹੈ, ਤਾਂ ਜੋ ਕਾਨੂੰਨ ਦਾ ਆਧਾਰ ਰਾਸ਼ਟਰੀ ਸੁਰੱਖਿਆ 'ਚ ਰੱਖਿਆ ਜਾ ਸਕੇ। ਅਸੀਂ ਇਸ ਸਮੇਂ ਸੰਵਿਧਾਨਕ ਕਾਨੂੰਨ 'ਚ ਕੋਈ ਸੁਰਾਖ਼ ਨਹੀਂ ਲੱਭਾਂਗੇ। ਅਸੀਂ ਪਹਿਲਾਂ ਹੀ ਇਹ ਵੇਖ ਚੁੱਕੇ ਹਾਂ ਕਿ ਸ੍ਰੀ ਕਾਵਨ ਦੇ ਇਸ ਮਾਮਲੇ 'ਚ ਅਜਿਹਾ ਕੁਝ ਨਹੀਂ ਹੈ।

ਇੱਥੇ ਅਸੀਂ ਇਹ ਗੱਲ ਵੀ ਜੋੜਦੇ ਹਾਂ ਕਿ ਸਾਡੀਆਂ ਇਨ੍ਹਾਂ ਗੱਲਾਂ ਦਾ ਇਹ ਅਰਥ ਨਹੀਂ ਹੈ ਕਿ ਸ੍ਰੀ ਕਾਵਨ ਨੇ ਮਨੁੱਖੀ ਜੀਵਨ ਦੀ ਬੇਰੋਕ ਲਾਪਰਵਾਹੀ ਨਾਲ ਕੰਮ ਕੀਤਾ। ਅਸੀਂ ਅਜਿਹਾ ਕੁਝ ਨਹੀਂ ਜਾਣਦੇ। ਪਰ ਤੱਥ ਸਾਡੇ ਸਾਹਮਣੇ ਹਨ ਅਤੇ ਇੱਥੇ ਸਮਝ ਦੀ ਘਾਟ ਰਹੀ ਅਤੇ ਅਜਿਹੇ ਅਹੁਦੇ 'ਤੇ ਤਾਇਨਾਤ ਇੱਕ ਅਧਿਕਾਰੀ ਦਾ ਕਿੰਨਾ ਨਿੰਦਾਯੋਗ ਫ਼ੈਸਲਾ ਸੀ। ਇਹ ਇੱਕ ਅਜਿਹਾ ਕਾਰਾ ਹੈ, ਜਿਸ ਦੀ ਕੋਈ ਯੋਜਨਾ ਨਹੀਂ ਉਲੀਕੀ ਜਾ ਸਕਦੀ, ਅਤੇ ਜੇ ਕਿਸੇ ਦਿਨ ਮੰਦੇ ਭਾਗੀਂ ਸਰਕਾਰ ਨੇ ਸ੍ਰੀ ਕਾਵਨ ਦੇ ਇਸ ਕਾਰਜ ਦੀ ਪੁਸ਼ਟੀ ਕਰ ਦਿੱਤੀ ਭਾਵ ਮੌਤ ਦੀਆਂ ਸਜ਼ਾਵਾਂ ਨੂੰ ਸਹੀ ਕਰਾਰ ਦੇ ਦਿੱਤਾ, ਤਾਂ ਸ਼ਰਾਰਤੀ ਅਨਸਰ ਬਹਾਨੇ ਵਜੋਂ ਅਜਿਹੇ ਕਦਮ ਦੀ ਦਲੀਲ ਦਿਆ ਕਰਨਗੇ, ਜਦੋਂ ਸਾਡੀਆਂ ਔਰਤਾਂ ਤੇ ਬੱਚੇ ਮੁਸੀਬਤ ਜਾਂ ਖ਼ਤਰੇ 'ਚ ਹੋਣਗੇ ਅਤੇ ਵਿਆਪਕ ਸਮਾਨ ਨਿਆਂ ਤੇ ਇਨਸਾਨੀਅਤ ਲਈ ਰਾਸ਼ਟਰੀ ਕਿਰਦਾਰ ਵੱਲ ਜਾਣ ਦੀ ਜ਼ਰੂਰਤ ਹੋਵੇਗੀ। ਅਸੀਂ ਅਜਿਹੀਆਂ ਕੋਈ ਵੀ ਦਲੀਲਾਂ ਸਰਕਾਰ ਨੂੰ ਨਹੀਂ ਦਿੰਦੇ, ਜੋ ਤੱਥਾਂ ਤੋਂ ਰਹਿਤ ਹੋਣ ਅਤੇ ਜਿਨ੍ਹਾਂ ਬਾਰੇ ਕੋਈ ਸ਼ੱਕ ਹੋਵੇ। ਅਸੀਂ ਭਾਰਤ 'ਚ ਅੰਗਰੇਜ਼ ਲੋਕਾਂ ਭਾਵ ਗੋਰਿਆਂ ਨੂੰ ਸੰਬੋਧਤ ਹਾਂ। ਅਸੀਂ ਕੁਦਰਤੀ ਰੁਝਾਨ ਤੋਂ ਵਾਕਫ਼ ਹਾਂ, ਇੱਥੇ ਅੰਗਰੇਜ਼ ਰਹਿ ਰਹੇ ਹਨ ਜੋ ਕਿਸੇ ਅਜਿਹੇ ਅਧਿਕਾਰੀ ਦੀ ਮਦਦ ਕਰਦੇ ਹਨ, ਜਦੋਂ ਉਹ 'ਔਖੇ ਵੇਲੇ ਵਧੀਆ ਕਾਰਗੁਜ਼ਾਰੀ ਵਿਖਾਉਂਦਾ ਹੈ।' ਇਹ ਇੱਕ ਕੁਦਰਤੀ ਭਾਵਨਾ ਹੈ ਅਤੇ ਇਸ ਨੂੰ ਦਰੁਸਤ ਠਹਿਰਾਇਆ ਜਾ ਸਕਦਾ ਹੈ ਕਿ ਪੰਜਾਬ 'ਚ ਖ਼ਤਰਾ ਹੈ, ਕੀ ਮੌਤ ਦੀਆਂ ਇਨ੍ਹਾਂ ਸਜ਼ਾਵਾਂ ਨੇ ਖ਼ਤਰਾ ਘਟਾ ਦਿੱਤਾ ਹੈ? ਅਸੀਂ ਇਹ ਗੱਲ ਦ੍ਰਿੜ੍ਹਤਾਪੂਰਵਕ ਆਖਦੇ ਹਾਂ ਕਿ ਮੌਤ ਦੀਆਂ ਸਜ਼ਾਵਾਂ ਨੇ ਤਾਂ ਸਗੋਂ ਖ਼ਤਰੇ ਨੂੰ ਕਈ ਤਰੀਕਿਆਂ ਨਾਲ ਵਧਾ ਦਿੱਤਾ ਹੈ ਅਤੇ ਇਨ੍ਹਾਂ 'ਚੋਂ ਸਭ ਤੋਂ ਵੱਡਾ ਤਰੀਕਾ ਇਹ ਹੈ ਕਿ ਇੱਕ ਬ੍ਰਿਟਿਸ਼ ਅਧਿਕਾਰੀ ਨੇ ਬਹੁਤ ਹੀ ਜ਼ਿਆਦਾ ਤਰਕਹੀਣ ਤੇ ਅਣਅਧਿਕਾਰਤ ਕਾਰਾ ਕਰ ਦਿੱਤਾ ਹੈ, ਇਸ ਨਾਲ ਭਵਿੱਖ 'ਚ ਹੋਰਨਾਂ ਅਧਿਕਾਰੀਆਂ ਨੂੰ ਸਿੱਧੀ-ਸਾਦੀ ਤੇ ਗ਼ਲਤੀ ਤੋਂ ਰਹਿਤ ਡਿਊਟੀ ਨਿਭਾਉਣੀ ਔਖੀ

ਹੋਵੇਗੀ। ਅਜਿਹਾ ਹਮੇਸ਼ਾ ਹੁੰਦਾ ਹੈ। ਵਿਅਕਤੀਆਂ ਦਾ ਕੋਈ ਮੇਜ਼ਬਾਨ ਕਿਸੇ ਅਜਿਹੇ ਅਧਿਕਾਰ ਦੀ ਵਰਤੋਂ ਕਰ ਸਕਦਾ ਹੈ, ਜੋ ਤਾਨਾਸ਼ਾਹੀ ਦੇ ਨੇੜੇ ਹੋਵੇ ਜਾਂ ਤਾਨਾਸ਼ਾਹੀ ਦੇ ਉਲਟ ਹੋਵੇ। ਅਚਾਨਕ ਇੱਕ ਆਦਮੀ ਆਉਂਦਾ ਹੈ ਤੇ ਕਾਰਾ ਕਰ ਦਿੰਦਾ ਹੈ ਪਰ ਤਰਸ ਦੇ ਅਧਿਕਾਰ ਦੀ ਅਰਜ਼ੀ ਤਾਂ ਜ਼ਰੂਰ ਚੈੱਕ ਕੀਤੀ ਜਾਣੀ ਚਾਹੀਦੀ ਹੈ। ਬੇਸ਼ੱਕ ਸਾਡਾ ਇਹ ਮਤਲਬ ਨਹੀਂ ਹੈ ਕਿ ਸ੍ਰੀ ਕਾਵਨ ਨੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ ਕਿਉਂਕਿ ਕਾਨੂੰਨ 'ਚ ਖ਼ਾਸ ਵਿਵਸਥਾ ਹੈ ਕਿ ਜ਼ਿੰਦਗੀ ਤੇ ਮੌਤ ਦੀ ਤਾਕਤ ਉਸ ਦੇ ਹੱਥਾਂ 'ਚ ਨਹੀਂ ਚਾਹੀਦੀ, ਸਗੋਂ ਉਸ ਕੋਲ ਅਜਿਹੇ ਤਾਨਾਸ਼ਾਹੀ ਅਧਿਕਾਰ ਸਨ, ਜਿਨ੍ਹਾਂ ਦੀ ਵਰਤੋਂ ਭਾਰਤ 'ਚ ਅਕਸਰ ਪੂਰੀ ਤਰਸ ਭਾਵਨਾ ਨਾਲ ਕੀਤੀ ਜਾਂਦੀ ਹੈ ਪਰ ਇੱਕ ਮਾਮੂਲੀ ਜਿਹੀ ਬਗ਼ਾਵਤ ਨੂੰ ਕੋਈ ਵੱਡਾ ਗ਼ਦਰ ਸਮਝ ਲੈਣ ਕਾਰਣ ਉਸ ਅਧਿਕਾਰੀ ਨੇ ਅਜਿਹਾ ਕਾਰਾ ਕੀਤਾ ਕਿ ਲੰਮੇ ਸਮੇਂ ਤੱਕ ਉਹ ਬਹੁਤ ਸਾਰੇ ਅਧਿਕਾਰੀਆਂ ਨੂੰ ਕਈ ਤਰੀਕਿਆਂ ਨਾਲ ਪਰੇਸ਼ਾਨ ਕਰੇਗਾ।

ਸਾਨੂੰ ਸਰਕਾਰ ਦੇ ਫ਼ੈਸਲੇ ਦਾ ਡਰ ਨਹੀਂ। ਅਸੀਂ ਭਾਵੇਂ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਈਏ, ਅਸੀਂ ਉਸ ਦੇ ਕਿਸੇ ਵੀ ਫ਼ੈਸਲੇ 'ਤੇ ਆਪਣਾ ਕੋਈ ਪ੍ਰਭਾਵ ਨਹੀਂ ਪਾ ਸਕਦੇ। ਅਸੀਂ ਕੋਈ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਕੋਈ ਕਰ ਰਹੇ ਹਾਂ ਪਰ ਜਦੋਂ ਅਸੀਂ 'ਇੰਡੀਅਨ ਡੇਲੀ ਨਿਊਜ਼' ਜਿਹੇ ਅਖ਼ਬਾਰ ਦੇ ਕਾਲਮਾਂ 'ਚ ਅਜਿਹੀ ਬਕਵਾਸ ਖ਼ਬਰ ਪੜ੍ਹਦੇ ਹਾਂ, ਤਾਂ ਸਾਨੂੰ ਜਨਤਕ ਵਿਚਾਰ ਤੋਂ ਡਰ ਲੱਗਣ ਲੱਗ ਪੈਂਦਾ ਹੈ। ਇਹ ਖ਼ਬਰ ਤਾਂ ਪੂਰੀ ਤਰ੍ਹਾਂ ਉਸ ਦਲੀਲ ਨੂੰ ਰੱਦ ਕਰਦੀ ਹੈ ਕਿ ਸ੍ਰੀ ਕਾਵਨ ਨੇ ਬਿਨਾਂ ਸੁਣਵਾਈ ਦੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਕੇ ਠੀਕ ਕੀਤਾ ਕਿਉਂਕਿ ਉਨ੍ਹਾਂ ਨੂੰ ਤਾਂ ਦੋਸ਼ੀ ਵੀ ਨਹੀਂ ਠਹਿਰਾਇਆ ਜਾ ਸਕਣਾ ਸੀ। ਸੰਪਾਦਕ ਨੇ ਕਦੇ ਸ੍ਰੀ ਕਾਵਨ ਨੂੰ ਉਸ ਆਧਾਰ 'ਤੇ ਬਚਾਉਣ ਦਾ ਕਦੇ ਸੁਫ਼ਨਾ ਵੀ ਨਹੀਂ ਲਿਆ ਹੋਣਾ। ਇੱਥੇ ਇਸ ਅੰਗਰੇਜ਼ ਦੀ ਬਹਾਦਰੀ ਵੇਖਣ ਨੂੰ ਮਿਲੀ, ਜਿਸ ਨੇ ਆਪਣੀ ਲਿਖਤ 'ਤੇ ਆਪਣਾ ਨਾਂਅ ਦੇਣ ਜਾਂ ਹਸਤਾਖਰ ਕਰਨ ਦਾ ਜੇਰਾ ਨਹੀਂ ਕੀਤਾ। ਜਦੋਂ ਉਸ ਨੇ ਵੇਖਿਆ ਕਿ ਇਹ ਖ਼ਬਰ ਉਸ ਦੇ ਵਿਰੁੱਧ ਹੈ, ਤਾਂ ਉਹ ਵਾਪਸ ਆਇਆ, ਆਪਣੀ ਦਲੀਲ ਦੇ ਸਮੁੱਚੇ ਨੁਕਤੇ ਤੋਂ ਟਾਲ਼ਾ ਵੱਟਿਆ ਪਰ ਸ਼ਰਮਿੰਦੇ ਹੋਏ ਨੇ ਦਲੀਲ ਦਿੱਤੀ ਕਿ ਦੋਸਤ ਦੀ ਹਿੰਸਾ ਕਾਰਣ ਉਹ ਹਿੰਸਕ ਹੋ ਗਿਆ ਸੀ। ਜੇ ਅਸੀਂ ਹਿੰਸਕ ਹੋ ਗਏ ਹਾਂ, ਤਾਂ ਸਾਨੂੰ ਇਸ ਲਈ ਅਫ਼ਸੋਸ ਹੈ। ਅਸੀਂ ਨਿਸ਼ਚਿਤ ਤੌਰ 'ਤੇ ਅਜਿਹਾ ਮਹਿਸੂਸ ਨਹੀਂ ਕਰਦੇ ਪਰ ਸਾਡਾ ਦ੍ਰਿੜ੍ਹ ਇਰਾਦਾ ਹੈ ਕਿ ਇਸ ਮਾਮਲੇ ਦੇ ਤੱਥ ਸਾਹਮਣੇ ਆਉਣੇ ਚਾਹੀਦੇ ਹਨ। ਸਾਡਾ ਦ੍ਰਿੜ੍ਹ ਇਰਾਦਾ ਹੈ ਕਿ ਕਿਸੇ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਵੱਲੋਂ ਕੀਤਾ ਬੁਰਾ-ਭਲਾ ਜਾਂ ਅਜਿਹਾ ਲਿਖਿਆ ਸੁਆਰਥੀ ਮੰਤਵਾਂ ਲਈ ਸਾਨੂੰ ਸਾਡੀ ਡਿਊਟੀ ਨਿਭਾਉਣ ਤੋਂ ਨਹੀਂ ਰੋਕ ਸਕਦਾ। ਇੰਗਲੈਂਡ ਤਦ ਵੀ ਰਾਜ ਕਰੇਗਾ, ਜਦੋਂ ਸ੍ਰੀ ਕਾਵਨ ਤੇ ਅਸੀਂ ਵੀ ਨਹੀਂ ਹੋਵਾਂਗੇ। ਪਰ ਦੇਸ਼ ਦੀ ਹਕੂਮਤ ਜ਼ਰੂਰ ਹੀ ਨਿਆਂਪੂਰਨ ਤੇ ਨਿਡਰ ਹੋਣੀ ਚਾਹੀਦੀ ਹੈ ਅਤੇ ਕਾਰਣ ਜਾਣੇ ਬਗ਼ੈਰ ਇਨਸਾਫ਼ ਨੂੰ ਕਿਸੇ ਵੀ ਹਾਲਤ 'ਚ ਅੱਖੋਂ ਪ੍ਰੋਖੇ ਨਹੀਂ ਕਰਨਾ ਚਾਹੀਦਾ ਕਿ ਤਾਂ ਜੋ ਦੇਸ਼ 'ਤੇ ਕੋਈ ਸੁਆਲ ਨਾ ਖੜ੍ਹੇ ਹੋਣ।

## ਦਿ ਫ਼ਰੈਂਡ ਆੱਫ਼ ਇੰਡੀਆ

*28 ਮਾਰਚ, 1872*

**ਕੂਕਿਆਂ ਨੂੰ ਮੌਤ ਦੀ ਸਜ਼ਾ।** ਇੱਕ ਪੱਤਰਕਾਰ, ਜਿਸ ਦੇ ਵਿਚਾਰਾਂ ਦਾ ਸਾਡੇ ਪਾਠਕ ਆਦਰ ਕਰਨਗੇ ਜੇ ਅਸੀਂ ਉਸ ਦਾ ਨਾਂਅ ਦੇ ਸਕਦੇ, ਨੇ ਸਾਨੂੰ ਇੱਕ ਚਿੱਠੀ ਭੇਜੀ ਹੈ, ਜਿਸ ਵਿੱਚ ਇੱਥੇ ਹੇਠਾਂ ਦਿੱਤੇ ਪੈਰੇ ਦਰਜ ਹਨ (ਅਸੀਂ ਸਿਰਫ਼ ਉਹ ਗੱਲਾਂ ਹੀ ਨਹੀਂ ਦੇ ਰਹੇ, ਜਿਸ ਤੋਂ ਉਸ ਦਾ ਇੱਕ ਨਿਜੀ ਤੇ ਗੁਪਤ ਕਿਰਦਾਰ ਜੱਗ ਜ਼ਾਹਿਰ ਹੁੰਦਾ ਹੋਵੇ)।

ਮੈਂ ਕੁਝ ਸਤਰਾਂ ਲਿਖੇ ਬਗ਼ੈਰ ਨਹੀਂ ਰਹਿ ਸਕਦਾ ਕਿਉਂਕਿ ਮੈਨੂੰ ਲੱਗਦਾ ਹੈ ਕਿ ਕੂਕਾ ਕਤਲੇਆਮ ਦੇ ਮੁੱਦੇ 'ਤੇ ਤੁਸੀਂ ਜੋ ਸਟੈਂਡ ਲਿਆ ਹੈ (ਮੈਂ ਹੋਰ ਕੁਝ ਨਹੀਂ ਆਖ ਸਕਦਾ) ਬਿਲਕੁਲ ਦਰੁਸਤ ਹੈ ਅਤੇ ਮੈਨੂੰ ਭਰੋਸਾ ਹੈ ਕਿ ਤੁਸੀਂ ਆਪਣੀ ਪੁਜ਼ੀਸ਼ਨ ਦੀ ਵਰਤੋਂ ਕਰਦਿਆਂ ਕੋਈ ਧੱਕੇਸ਼ਾਹੀ ਨਹੀਂ ਕਰੋਗੇ। ਕਾਵਨ ਤੇ ਫ਼ਾਰਸਿਥ ਦੇ ਸਾਥੀਆਂ ਨੇ ਜੋ ਵੀ ਕਾਰੇ ਕੀਤੇ ਹਨ, ਉਨ੍ਹਾਂ ਨੂੰ ਇਸ ਧਰਤੀ 'ਤੇ ਕੋਈ ਵੀ ਵਿਅਕਤੀ ਜਾਂ ਵਿਰੋਧੀ ਧਿਰ ਦਰੁਸਤ ਕਰਾਰ ਨਹੀਂ ਦੇ ਸਕਦੀ। ਭਾਵੇਂ ਕੂਕਿਆਂ ਦੀ ਕਿੰਨੀ ਵੀ ਰਾਜ-ਧਰੋਹੀ ਮਨਸ਼ਾ ਹੋਵੇ – ਕਿੰਨਾ ਵੀ ਖ਼ਤਰਾ ਜੇ ਸੀ, ਤਾਂ ਉਹ ਖ਼ਤਮ ਹੋ ਚੁੱਕਿਆ ਸੀ – ਅਤੇ ਕੁਰਾਹੇ ਪਏ ਅਪਰਾਧੀਆਂ ਦਾ ਕਤਲੇਆਮ ਸਿਰਫ਼ ਤੇ ਸਿਰਫ਼ ਅਣਮਨੁੱਖੀ ਜ਼ੁਲਮ ਸੀ। ਦੇਸ਼ ਦੀ ਸ਼ਾਂਤੀ ਅਤੇ ਚੰਗੀ ਸਰਕਾਰ ਲਈ ਕੋਈ ਵੀ ਲੈਫ਼ਟੀਨੈਂਟ ਗਵਰਨਰ, ਕੋਈ ਵਾਇਸਰਾਏ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ, ਜੇ ਅਧੀਨ ਅਧਿਕਾਰੀਆਂ ਨੂੰ ਮਹਾਰਾਣੀ ਦੇ ਨਾਗਰਿਕਾਂ ਨੂੰ ਜਦੋਂ ਮਰਜ਼ੀ ਉਸ ਵੇਲੇ ਕਤਲੇਆਮ ਕਰਨ ਦੀ ਇਜਾਜ਼ਤ ਹੋਵੇ, ਜਦੋਂ ਵੀ ਕਦੇ ਉਹ ਲੋਕਾਂ ਦੇ ਦਿਲਾਂ 'ਚ ਦਹਿਸ਼ਤ ਪਾਉਣ ਲਈ ਅਜਿਹਾ ਕਰਨ ਦੀ ਲੋੜ ਮਹਿਸੂਸ ਹੋਵੇ। ਮੈਂ ਸਮਝਦਾ ਹਾਂ ਕਿ ਤੁਸੀਂ ਇਕੱਲੇ ਸ੍ਰੀ ਕਾਵਨ ਦੀ ਸੰਕੇਤਕ ਨਿਖੇਧੀ ਕਰ ਕੇ ਵੱਡੀ ਗ਼ਲਤੀ ਕਰ ਰਹੇ ਹੋ। ਜੇ ਉਸ ਦਾ ਅਪਰਾਧ ਵੱਡਾ ਸੀ, ਤਾਂ ਸ੍ਰੀ ਫ਼ਾਰਸਿਥ ਦਾ ਉਸ ਤੋਂ ਵੀ 10 ਗੁਣਾ ਜ਼ਿਆਦਾ ਵੱਡਾ ਸੀ। ਇਹ ਸੱਚ ਹੈ ਕਿ ਉਸ ਕੋਲ ਸਤਲੁਜ ਪਾਰ ਦੀਆਂ ਸਥਾਨਕ ਰਿਆਸਤਾਂ 'ਚ ਮੌਤ ਦੀਆਂ ਸਜ਼ਾਵਾਂ ਦੀ ਪੁਸ਼ਟੀ ਕਰਨ ਦੀ ਕਾਨੂੰਨੀ ਤਾਕਤ ਸੀ; ਪਰ ਜੇ ਅਜਿਹੇ ਕਿਸੇ ਬਹਾਨੇ ਦੀ ਮਦਦ ਲਈ ਗਈ ਕਿ ਸ੍ਰੀ ਕਾਵਨ ਨੇ ਦਹਿਸ਼ਤ 'ਚ ਆ ਕੇ ਇਹ ਕੁਝ ਕੀਤਾ, ਜਿਵੇਂ ਕਿ ਬਿਨਾਂ ਸ਼ੱਕ ਹੋਇਆ ਵੀ ਹੈ – ਤਾਂ ਸ੍ਰੀ ਫ਼ਾਰਸਿਥ ਨੂੰ ਵੀ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ ਕਿਉਂਕਿ ਉਹ ਦਿੱਲੀ ਤੋਂ ਦੋ ਦਿਨਾਂ ਪਿੱਛੋਂ ਹੀ ਮੌਕੇ 'ਤੇ ਪੁੱਜ ਗਏ ਸਨ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਲੁਧਿਆਣਾ 'ਚ ਇੰਨੇ ਕੁ ਫ਼ੌਜੀ ਬਲ ਮੌਜੂਦ ਹਨ, ਜਿਨ੍ਹਾਂ ਦੀ ਮਦਦ ਨਾਲ ਕੂਕਾ ਬਗ਼ਾਵਤ ਦੀ ਬਚੀ-ਖੁਚੀ ਛੋਟੀ ਜਿਹੀ ਚੰਗਿਆੜੀ ਨੂੰ ਵੀ ਬੁਝਾਇਆ ਜਾ ਸਕਦਾ ਹੈ। ''ਸ੍ਰੀ ਫ਼ਾਰਸਿਥ ਦਾ ਆਪਣਾ ਬਹਾਨਾ ਹੀ ਕਾਵਨ ਦੀਆਂ ਕਾਰਵਾਈਆਂ ਦੀ ਸਭ ਤੋਂ ਵੱਧ ਸੰਕੇਤਾਤਮਕ ਨਿਖੇਧੀ ਹੈ ਕਿ ਉਨ੍ਹਾਂ ਸੋਚਿਆ ਕਿ ਕਾਵਨ ਦੀ ਹਮਾਇਤ ਕਰਨੀ

ਚਾਹੀਦੀ ਹੈ, ਇਸੇ ਲਈ ਉਨ੍ਹਾਂ ਨੇ ਵੀ ਬਾਕੀ ਦੇ 16 ਕੂਕਿਆਂ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਸੀ। ਜੇ ਇਸ ਤੋਂ ਬਾਅਦ ਵੀ ਸ੍ਰੀ ਫ਼ਾਰਸਿਥ ਨੂੰ ਆਜ਼ਾਦਾਨਾ ਢੰਗ ਨਾਲ ਕਿਸੇ ਅਹੁਦੇ 'ਤੇ ਕਾਇਮ ਰੱਖਣਾ ਹੈ, ਤਾਂ ਭਾਰਤ 'ਚ ਬ੍ਰਿਟਿਸ਼ ਇਨਸਾਫ਼ ਮਿਲਣ ਦੇ ਸਾਰੇ ਸੁਫ਼ਨੇ ਭੁੱਲ ਜਾਓ।

ਇਹ ਸੱਚ ਨਹੀਂ ਹੈ ਕਿ ਇਸ ਕਤਲੇਆਮ ਨੂੰ ਸਾਰੇ ਹੀ ਮੁਖੀਆਂ ਨੇ ਪ੍ਰਵਾਨਗੀ ਦਿੱਤੀ ਸੀ। ਮੈਨੂੰ ਪਤਾ ਹੈ ਕਿ ਇੱਕ ਅਧਿਕਾਰੀ ਨੇ ਇਸ ਨੂੰ ਪੂਰੀ ਤਰ੍ਹਾਂ ਗ਼ੈਰ-ਜ਼ਰੂਰੀ ਮੰਨਿਆ ਸੀ ਕਿ ਇਹ ਬਹੁਤ ਮਾਮੂਲੀ ਜਿਹੀ ਬਗ਼ਾਵਤ ਹੈ ਤੇ ਇਸ ਤੋਂ ਕਦੇ ਕੋਈ ਖ਼ਤਰਾ ਨਹੀਂ ਹੋ ਸਕਦਾ।

ਆਮ ਲੋਕ ਬਹੁਤ ਵਧਾ-ਚੜ੍ਹਾ ਕੇ ਗੱਲਾਂ ਕਰ ਰਹੇ ਹਨ ਕਿ ਸਮੁੱਚਾ ਸੱਚ ਕਦੇ ਨਹੀਂ ਦੱਸਿਆ ਜਾ ਸਕਦਾ। ਮੈਨੂੰ ਆਸ ਹੈ ਕਿ ਤੁਸੀਂ ਆਪਣੇ ਅਹੁਦੇ 'ਤੇ ਕਾਇਮ ਰਹੋਗੇ - ਕਿਉਂਕਿ ਇਹ ਸੱਚ ਹੋ ਸਕਦਾ ਹੈ ਕਿ ਸੁਪਰੀਮ ਸਰਕਾਰ ਨੇ ਕਤਲੇਆਮ ਦੀ ਨਿਖੇਧੀ ਕੀਤੀ ਹੈ, ਉਨ੍ਹਾਂ ਨੂੰ ਹਮਾਇਤ ਦੀ ਜ਼ਰੂਰਤ ਹੋਵੇਗੀ ਕਿਉਂਕਿ ਮੈਂ ਵੇਖਿਆ ਹੈ ਕਿ ਸਮੂਹ ਪੰਜਾਬੀਆਂ ('ਦਿ ਟਾਈਮਜ਼' ਅਖ਼ਬਾਰ 'ਚ ਜਨਰਲ ਟੇਅਲਰ ਦੀਆਂ, ਮੈਕਨੈਬ ਦੀਆਂ ਤੇ ਸ੍ਰੀ ਫ਼ੋਰਡ ਦੀਆਂ ਚਿੱਠੀਆਂ ਪੜ੍ਹੋ) ਨੇ ਕਮਿਸ਼ਨਰ ਦਾ ਸਾਥ ਦਿੱਤਾ ਹੈ। ਫਿਰ ਵੀ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਮੈਗਡਾਲਾ ਦੇ ਲਾਰਡ ਨੇਪੀਅਰ ਦੇ ਸ਼ਬਦ ਸੱਚ ਹਨ ਕਿ ਸਾਨੂੰ ਆਮ ਜਨਤਾ ਦਾ ਕਦੇ ਥੋੜ੍ਹਾ ਜਿੰਨਾ ਵੀ ਪਿਆਰ ਨਹੀਂ ਮਿਲਿਆ ਅਤੇ ਜੋ ਕੁਝ ਅਸੀਂ ਗੁਆ ਚੁੱਕੇ ਹਾਂ, ਉਸ ਨੂੰ ਦੋਬਾਰਾ ਹਾਸਲ ਕਰਨ ਦਾ ਇਹ ਕੋਈ ਰਾਹ ਨਹੀਂ ਹੈ। ਇਸ ਤੋਂ ਬੇਸ਼ੱਕ ਕਮਜ਼ੋਰੀ ਹੀ ਸਾਹਮਣੇ ਆਉਂਦੀ ਹੈ, ਤਾਕਤ ਨਹੀਂ; ਇੱਕ ਪ੍ਰਭਾਵਸ਼ਾਲੀ ਸਥਾਨਕ ਨਾਗਰਿਕ ਨੇ ਕੱਲ੍ਹ ਮੇਰੇ ਨਾਲ ਗੱਲਬਾਤ ਦੌਰਾਨ ਆਖਿਆ - 'ਕੀ ! ਇੰਨੀ ਤਾਕਤਵਰ ਬ੍ਰਿਟਿਸ਼ ਸਰਕਾਰ 200 ਤੋਂ 300 ਨਿਹੱਥੇ ਤਰਖਾਣਾਂ ਤੇ ਰਾਜਗੀਰਾਂ ਤੋਂ ਡਰ ਗਈ ਅਤੇ ਅਜਿਹਾ ਕਾਰਜ ਕਰਨ ਲਈ ਮਜਬੂਰ ਹੋ ਗਈ ਜਿਵੇਂ ਹਾਈ ਕੋਰਟ, ਲੈਫ਼ਟੀਨੈਂਟ ਗਵਰਨਰ, ਵਾਇਸਰਾਏ ਅਤੇ ਸਾਰੀ ਕਾਨੂੰਨ ਤੇ ਵਿਵਸਥਾ ਇਸ ਧਰਤੀ ਤੋਂ ਅਲੋਪ ਹੋ ਗਏ ਹੋਣ?' ਇਹੋ ਸੱਚ ਹੈ ਤੇ ਸੋਚ-ਵਿਚਾਰ ਕਰਨ ਵਾਲੇ ਸਾਰੇ ਹੀ ਵਿਅਕਤੀ, ਯੂਰੋਪੀਅਨ ਜਾਂ ਸਥਾਨਕ ਨਾਗਰਿਕ, ਜੋ ਦਹਿਸ਼ਤ ਨਾਲ ਅੰਨ੍ਹੇ ਨਹੀਂ ਹੋ ਜਾਂਦੇ ਜਾਂ ਜਿਨ੍ਹਾਂ ਨੂੰ ਸਥਾਨਕ ਅਧਿਕਾਰੀਆਂ ਵੱਲੋਂ ਕੀਤੀ ਹਰੇਕ ਗ਼ਲਤੀ ਵਿੱਚ ਸਥਾਨਕ ਅਧਿਕਾਰੀਆਂ ਦੀ ਮਦਦ ਕਰਨ ਦੀ ਕੋਈ ਲੋੜ ਹੀ ਨਹੀਂ ਭਾਸਦੀ। ਕਤਲੇਆਮ ਨਾਲ ਕੂਕਿਆਂ ਦੀਆਂ ਯੋਜਨਾਵਾਂ ਦਾ ਕੋਈ ਸੁਆਲ ਹੀ ਨਹੀਂ, ਹੁਣ ਇਹ ਮੰਨ ਲੈਣਾ ਚਾਹੀਦਾ ਹੈ ਕਿ ਸਿਰਫ਼ ਅਜਿਹੀ ਕਿਸੇ ਮਨਸ਼ਾ ਲਈ ਲੋਕਾਂ ਨੂੰ ਫਾਂਸੀ ਦੇ ਦਿੱਤੀ ਜਾਣੀ ਚਾਹੀਦੀ ਹੈ।

ਭਾਰਤ ਦੀ ਚੰਗੀ ਸਰਕਾਰ ਵਿੱਚ ਮੇਰੀ ਡੂੰਘੀ ਦਿਲਚਸਪੀ ਹੈ ਅਤੇ ਮੈਨੂੰ ਡਾਢਾ ਅਫ਼ਸੋਸ ਹੈ ਕਿ 1857 ਦੇ ਗ਼ਦਰ ਵੇਲੇ ਜਿਹੜੇ ਪੰਜਾਬ 'ਚ ਸਾਡੀ ਮਜ਼ਬੂਤ ਪਕੜ ਸੀ, ਉਹ ਹੁਣ ਰਾਜ-ਧਰੋਹ ਦਾ ਕੇਂਦਰ ਬਣ ਗਿਆ ਹੈ। ਇਹ ਨਿਰਭਰ ਕਰਦਾ ਹੈ, ਇਸ ਲਈ ਕੁਝ ਨਾ ਕੁਝ ਦੋਸ਼ ਹਾਕਮਾਂ ਦਾ ਵੀ ਹੈ। ਮੈਂ ਲੰਮੇ ਸਮੇਂ ਤੋਂ ਇਸ

ਤੱਥ ਤੋਂ ਵਾਕਫ਼ ਹਾਂ ਕਿ ਉਨ੍ਹਾਂ 'ਤੇ ਪਕੜ ਬਹੁਤ ਢਿੱਲੀ ਰੱਖੀ ਗਈ ਸੀ; ਅਤੇ ਮੈਨੂੰ ਆਸ ਸੀ ਕਿ ਇੱਕ ਮਜ਼ਬੂਤ ਵਿਅਕਤੀ ਸਰ ਐਚ. ਡਿਊਰੰਡ ਦੀ ਸਰਕਾਰ ਅਧੀਨ ਹਾਲਾਤ ਬਦਲ ਜਾਣਗੇ; ਪਰ ਅਫ਼ਸੋਸ ਉਨ੍ਹਾਂ ਨੂੰ ਇੱਥੋਂ ਹਟਾ ਦਿੱਤਾ ਗਿਆ ਸੀ ਅਤੇ ਮੈਨੂੰ ਜਾਪਦਾ ਹੈ ਕਿ ਉਨ੍ਹਾਂ ਦੇ ਜਾਣ ਨਾਲ ਹੀ ਕਮਿਸ਼ਨਰਾਂ ਤੇ ਡਿਪਟੀ ਕਮਿਸ਼ਨਰਾਂ ਦੀ ਆਜ਼ਾਦੀ ਮੁੜ ਸਥਾਪਤ ਹੋ ਗਈ ਸੀ। ਜੇ ਨਵੇਂ ਵਾਇਸਰਾਏ ਨੇ ਦਖ਼ਲ ਨਾ ਦਿੱਤਾ, ਤਾਂ ਅੱਗੇ ਤੋਂ ਵੀ ਗ਼ਲਤੀਆਂ ਹੁੰਦੀਆਂ ਰਹਿ ਸਕਦੀਆਂ ਹਨ। ਇੱਥੇ ਇਹ ਦੱਸਣਾ ਯੋਗ ਹੈ ਕਿ ਮੈਨੂੰ ਇਹ ਨਹੀਂ ਪਤਾ ਕਿ ਇਸ ਮਾਮਲੇ 'ਤੇ ਸ੍ਰੀ ਡੇਵੀਜ਼ ਦੇ ਕੀ ਵਿਚਾਰ ਹਨ ਤੇ ਇਸ ਤੱਥ ਤੋਂ ਸਭ ਵਾਕਫ਼ ਹਨ ਕਿ ਉਹ ਬਿਲਕੁਲ ਸਹੀ ਵਿਅਕਤੀ ਹਨ, ਭਾਵੇਂ ਮੈਂ ਸੁਣਿਆ ਹੈ ਕਿ ਉਨ੍ਹਾਂ ਕਮਿਸ਼ਨਰ ਦੀ ਹਮਾਇਤ ਕੀਤੀ ਹੈ।

ਸਾਨੂੰ ਖ਼ੁਸ਼ੀ ਹੈ ਕਿ ਇਸ ਮੌਕੇ 'ਤੇ ਇਸ ਚਿੱਠੀ ਸਦਕਾ ਅਸੀਂ ਇਹ ਦੱਸ ਰਹੇ ਹਾਂ ਕਿ ਅਸੀਂ ਫ਼ਾਰਸਿਥ ਤੇ ਸ੍ਰੀ ਕਾਵਨ ਨੂੰ ਮਿਲਾ ਕੇ ਕਿਉਂ ਨਹੀਂ ਵੇਖਦੇ। ਅਸੀਂ ਚਾਹੁੰਦੇ ਸਾਂ ਤੇ ਚਾਹੁੰਦੇ ਹਾਂ ਕਿ ਇਹ ਸਪੱਸ਼ਟ ਤਸਵੀਰ ਸਾਹਮਣੇ ਆਵੇ, ਜੋ ਇੰਗਲੈਂਡ ਦੇ ਨਾਲ-ਨਾਲ ਭਾਰਤ ਨੂੰ ਵੀ ਸਮਝੀਂ ਪਵੇ ਅਤੇ ਦਲੀਲ ਦੇ ਹਿੱਸੇ ਵਜੋਂ ਇਹ ਸਮਝਾਵੇ ਕਿ ਸ੍ਰੀ ਕਾਵਨ ਨੇ ਬਿਨਾਂ ਸੁਣਵਾਈ ਦੇ ਕੀ ਕੀਤਾ ਸੀ। ਸ੍ਰੀ ਕਾਵਨ ਦੀ ਕਾਰਵਾਈ ਸਿੱਧ ਹੋਵੇ - ਅਤੇ ਇਹ ਭਾਰਤ 'ਚ ਕਿਸੇ ਅੰਗਰੇਜ਼ ਵੱਲੋਂ ਕੀਤਾ ਸਭ ਤੋਂ ਵੱਧ ਮੂਰਖਾਨਾ ਤੇ ਜ਼ਾਲਮਾਨਾ ਕਾਰਾ ਸਿੱਧ ਹੋਵੇਗਾ ਅਤੇ ਫਿਰ ਅਸੀਂ ਇਹ ਪੁੱਛਾਂਗੇ ਕਿ ਕੀ ਸ੍ਰੀ ਫ਼ਾਰਸਿਥ ਨੇ ਇਸ ਕਾਰਵਾਈ ਨੂੰ ਪ੍ਰਵਾਨ ਕੀਤਾ ਸੀ ਤੇ ਇਸ ਦੀ ਹਮਾਇਤ ਕੀਤੀ ਸੀ ਪਰ ਅਸੀਂ ਸ੍ਰੀ ਫ਼ਾਰਸਿਥ ਦੇ ਫ਼ੈਸਲੇ ਬਾਰੇ ਗੱਲ ਕਰਦਿਆਂ ਸਦਾ ਇਹ ਜ਼ਰੂਰ ਆਖਿਆ ਹੈ ਕਿ ਕਾਨੂੰਨ ਦੇ ਨਾਲ ਜਾਂ ਬਗ਼ੈਰ 50 ਵਿਅਕਤੀਆਂ ਦੇ ਕਤਲੇਆਮ ਤੋਂ ਬਾਅਦ ਸਾਨੂੰ ਇਸ ਵੇਲੇ ਕਦੇ ਵੀ ਅਜਿਹੀ ਗੱਲ ਨਹੀਂ ਕਹਿਣੀ ਚਾਹੀਦੀ। ਇਹ ਮਾਮਲਾ ਹੁਣ ਸੰਸਦ ਦੇ ਸਾਹਮਣੇ ਆ ਚੁੱਕਾ ਹੈ ਅਤੇ ਸਾਡੀ ਭਾਰਤ ਸਰਕਾਰ ਨੂੰ ਬੇਨਤੀ ਹੈ ਕਿ ਹਰ ਸੰਭਵ ਹੱਦ ਤੱਕ ਛੇਤੀ ਤੋਂ ਛੇਤੀ ਸਾਰੇ ਤੱਥ ਸਾਹਮਣੇ ਲਿਆਂਦੇ ਜਾਣ। ਅਸੀਂ ਨਹੀਂ ਚਾਹੁੰਦੇ ਕਿ ਇਸ ਮਾਮਲੇ 'ਚ ਸ੍ਰੀ ਕਾਵਨ ਜਾਂ ਸ੍ਰੀ ਫ਼ਾਰਸਿਥ ਦੀ ਥੋੜ੍ਹੀ ਜਿੰਨੀ ਵੀ ਕਿਸੇ ਵੀ ਤਰ੍ਹਾਂ ਕੋਈ ਤਰਫ਼ਦਾਰੀ ਕੀਤੀ ਜਾਵੇ। ਅਸੀਂ ਚਾਹੁੰਦੇ ਹਾਂ ਕਿ ਇੰਗਲੈਂਡ ਤੇ ਭਾਰਤ 'ਚ ਬੇਹੱਦ ਅਹਿਮੀਅਤ ਵਾਲੀ ਇੱਕ ਸਿਆਸੀ ਕਾਰਵਾਈ ਕੀਤੀ ਜਾਵੇ ਤੇ ਸਰਕਾਰ ਜੋ ਵੀ ਸਹੀ ਸਮਝੇ, ਉਹੀ ਕਰੇ ਕਿਉਂਕਿ ਹੁਣ ਤੱਕ ਇਸ ਮੁੱਦੇ ਨੂੰ ਲੈ ਕੇ ਬਹੁਤ ਹੰਗਾਮਾ ਹੋ ਚੁੱਕਾ ਹੈ; ਅਜਿਹੀ ਕਾਰਵਾਈ ਭਾਰਤ 'ਚ ਅੰਗਰੇਜ਼ ਹਕੂਮਤ ਦੇ ਹੱਕ 'ਚ ਰਹੇਗੀ, ਉਹ ਸੇਵਾਵਾਂ ਜੋ ਸਦਾ ਸੱਚੇ ਰਾਜ-ਨੇਤਾਵਾਂ ਨਾਲ ਜੁੜੀਆਂ ਰਹਿੰਦੀਆਂ ਹਨ। ਸਾਡਾ ਫ਼ਰਜ਼ ਪੂਰਾ ਹੋ ਜਾਵੇਗਾ, ਜਦੋਂ ਇਸ ਕਾਰਵਾਈ ਦੀ ਨਿਖੇਧੀ ਕਰ ਦਿੱਤੀ ਗਈ। ਉਸ ਤੋਂ ਬਾਅਦ ਭਾਵੇਂ ਸ੍ਰੀ ਕਾਵਨ ਨੂੰ ਕਿਤੇ ਬਿਸ਼ਪ ਨਿਯੁਕਤ ਕਰ ਦੇਵੋ, ਸਾਨੂੰ ਪਰਵਾਹ ਨਹੀਂ।

# 189

*ਨੰ. 391,* *ਮਿਤੀ ਲਾਹੌਰ, 2 ਅਪ੍ਰੈਲ, 1872*

**(ਗੁਪਤ)**

ਵੱਲੋਂ

ਲੈਪਲ ਐੱਚ. ਗ੍ਰਿਫਿਨ ਐਸਕ.,
ਆਫ਼ਿਸ਼ੀਏਟਿੰਘਗ ਸਕੱਤਰ, ਪੰਜਾਬ ਸਰਕਾਰ।

ਵੱਲ

ਸੀ.ਯੂ. ਐਚਿਸਨ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ।

ਮੈਂ ਤੁਹਾਡੇ ਪੱਤਰ ਨੰ. 712 ਪੀ, ਮਿਤੀ 22 ਮਾਰਚ ਦਾ ਜਵਾਬ ਦੇਣਾ ਚਾਹੁੰਦਾ ਹਾਂ, ਜਿਸ ਵਿੱਚ ਤੁਸੀਂ ਦੱਸਿਆ ਹੈ ਕਿ ਗਵਰਨਰ ਜਨਰਲ-ਇਨ-ਕੌਂਸਲ ਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਮਾਣਯੋਗ ਸਾਹਿਬ ਨੇ ਬਗ਼ਾਵਤ ਦੀ ਸੰਭਾਵਨਾ ਦੇ ਮੱਦੇ ਨਜ਼ਰ ਸਾਵਧਾਨੀ ਵਜੋਂ ਕਿਹੜੇ ਕਦਮ ਚੁੱਕੇ ਹਨ, ਜਿਸ ਦਾ ਜ਼ਿਕਰ 9 ਮਾਰਚ ਦੇ ਮੇਰੇ ਪੱਤਰ ਦੇ ਤੀਜੇ ਪੈਰ੍ਹੇ 'ਚ ਕੀਤਾ ਗਿਆ ਹੈ ਅਤੇ ਇਸ ਸਬੰਧੀ ਲੈਫ਼ਟੀਨੈਂਟ ਗਵਰਨਰ ਕੋਲ ਜੋ ਵੀ ਸੂਚਨਾ ਪੁੱਜੀ ਹੈ, ਉਸ ਦੀ ਕਿਸਮ ਤੇ ਭਰੋਸੇਯੋਗਤਾ ਬਾਰੇ ਉਨ੍ਹਾਂ ਦੇ ਵਿਚਾਰ ਨਾਲ ਦਰਜ ਹੋਣ।

2. ਇਸ ਵਿਸ਼ੇ 'ਤੇ ਪ੍ਰਾਪਤ ਹੋਈ ਜਾਣਕਾਰੀ ਜ਼ਿਆਦਾਤਰ ਆਮ ਕਿਸਮ ਦੀ ਹੈ। ਇਸ ਵਿੱਚ ਚਾਲੂ ਰਿਪੋਰਟਾਂ ਅਤੇ ਆਮ ਲੋਕਾਂ ਦੇ ਵਿਚਾਰ, ਮੁਖ਼ਬਰਾਂ ਦੇ ਬਿਆਨ, ਲਾਹੌਰ, ਅੰਮ੍ਰਿਤਸਰ, ਜਲੰਧਰ ਤੇ ਅੰਬਾਲਾ ਡਿਵੀਜ਼ਨਾਂ ਦੇ ਪੁਲਿਸ ਏਜੰਟਾਂ ਅਤੇ ਸਿਵਲ ਅਧਿਕਾਰੀਆਂ ਦੀਆਂ ਸਮਕਾਲੀ ਰਿਪੋਰਟਾਂ ਦਰਜ ਹਨ ਅਤੇ ਇਸ ਦਾ ਆਮ ਰੁਝਾਨ ਇਹ ਹੈ ਕਿ ਕੂਕਿਆਂ ਨੇ ਸਰਕਾਰ ਵਿਰੁੱਧ ਬਗ਼ਾਵਤ ਦੀ ਸਾਜ਼ਿਸ਼ ਰਚੀ ਸੀ ਅਤੇ ਇਸ ਨੂੰ ਹੋਲੀ ਜਾਂ ਵਿਸਾਖੀ ਦੇ ਕਿਸੇ ਤਿਉਹਾਰ ਮੌਕੇ ਆਪਣੀ ਸਹੂਲਤ ਮੁਤਾਬਕ ਸਿਆਲਕੋਟ, ਗੁਜਰਾਂਵਾਲਾ ਜ਼ਿਲ੍ਹਿਆਂ ਅਤੇ ਅੰਬਾਲਾ ਡਿਵੀਜ਼ਨ ਅਤੇ ਸਤਲੁਜ ਪਾਰ ਦੀਆਂ ਰਿਆਸਤਾਂ 'ਚ ਵੱਖੋ-ਵੱਖਰੇ ਸਮਿਆਂ 'ਤੇ ਹੋਣੀ ਸੀ ਅਤੇ ਗੜਬੜੀਆਂ ਦੀ ਸ਼ੁਰੂਆਤ ਅੰਮ੍ਰਿਤਸਰ ਜਾਂ ਅਨੰਦਪੁਰ ਸਾਹਿਬ ਤੋਂ ਹੋਣੀ ਸੀ। ਇਸ ਤੋਂ ਵੱਧ ਹੋਰ ਨਿਸ਼ਚਿਤ ਤੌਰ 'ਤੇ ਕੁਝ ਨਹੀਂ ਦੱਸਿਆ ਗਿਆ ਸੀ ਅਤੇ ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਕੂਕਿਆਂ ਨੇ ਬਗ਼ਾਵਤ ਦੀ ਇਹ ਸਾਜ਼ਿਸ਼ ਇਸ ਲਈ ਘੜੀ ਸੀ ਕਿਉਂਕਿ ਇਸ ਨਾਲ ਇੱਕ ਤਾਂ ਉਨ੍ਹਾਂ ਦੀ ਸਾਖ਼ ਕਾਇਮ ਰਹੇਗੀ ਅਤੇ ਦੂਜੇ ਉਨ੍ਹਾਂ ਦੇ ਸੰਪਰਦਾਇ ਦੇ ਪੈਰੋਕਾਰਾਂ 'ਚੋਂ ਝਿਜਕ ਨਿਕਲ ਜਾਵੇਗੀ ਅਤੇ ਉਨ੍ਹਾਂ ਨੇ ਇਸ ਲਈ ਕੋਈ ਖ਼ਾਸ ਸਥਾਨ ਤੇ ਸਮਾਂ ਮੁਕੱਰਰ ਨਹੀਂ ਕੀਤਾ ਸੀ ਪਰ ਗੜਬੜ ਕਰਨ ਲਈ ਕਿਸੇ ਵਧੀਆ ਮੌਕੇ ਦੀ ਭਾਲ਼ 'ਚ ਸਨ।

3. ਇਸ ਸਰਕਾਰ ਨੇ ਸਾਵਧਾਨੀ ਵਜੋਂ ਜਿਹੜੇ ਵੀ ਕਦਮ ਚੁੱਕੇ ਹਨ, ਉਹ ਇਸ ਕੱਟੜ ਕਿਸਮ ਦੇ ਸੰਪਰਦਾਇ ਦੀ ਕਿਸੇ ਵੀ ਤਰ੍ਹਾਂ ਦੀ ਬਗ਼ਾਵਤ ਨੂੰ ਰੋਕਣ

ਲਈ ਕਾਫ਼ੀ ਜਾਪਦੇ ਹਨ। ਕੁਝ ਮਹੀਨੇ ਪਹਿਲਾਂ ਅੰਕੜੇ ਬਹੁਤ ਧਿਆਨਪੂਰਵਕ ਤਿਆਰ ਕੀਤੇ ਗਏ ਸਨ, ਜਦੋਂ ਹਾਲੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ 'ਚ ਕੂਕਿਆਂ ਨੇ ਆਪਣੇ ਵਿਲੱਖਣ ਕਿਸਮ ਦੇ ਨਾਂਅ ਤੇ ਪਹਿਰਾਵੇ ਨੂੰ ਖ਼ਤਮ ਕਰਨ ਦੀ ਮੁਹਿੰਮ ਸ਼ੁਰੂ ਵੀ ਨਹੀਂ ਕੀਤੀ ਸੀ। ਲੈ. ਗਵਰਨਰ ਨੇ ਉਨ੍ਹਾਂ ਅੰਕੜਿਆਂ ਨੂੰ ਬਿਲਕੁਲ ਵੀ ਭਰੋਸੇ ਯੋਗ ਨਹੀਂ ਮੰਨਿਆ ਸੀ, ਫਿਰ ਵੀ ਉਹ ਸਮਝਦੇ ਹਨ ਕਿ ਸੂਬੇ 'ਚ ਖ਼ੁਦ ਨੂੰ ਕੂਕਿਆਂ ਵਜੋਂ ਜ਼ਾਹਿਰ ਕਰਨ ਵਾਲਿਆਂ ਦੀ ਗਿਣਤੀ ਵਧੀ ਹੈ ਤੇ ਉਹ ਵਿਵਹਾਰਕ ਮੰਤਵ ਤੇ ਪੁਲਿਸ ਨਿਗਰਾਨੀ ਲਈ ਵਾਜਬ ਤਰੀਕੇ ਨਾਲ ਸਹੀ ਵਾਪਸੀ ਕਰ ਰਹੇ ਹਨ।

4. ਕੂਕਿਆਂ ਦੇ ਪ੍ਰਮੁੱਖ ਆਗੂਆਂ ਨੂੰ ਸੂਬੇ ਤੋਂ ਬਾਹਰ ਭੇਜਿਆ ਜਾ ਚੁੱਕਾ ਹੈ। ਬਾਕੀ ਰਹਿ ਗਏ ਸਾਰੇ ਅਸਰ-ਰਸੂਖ਼ਦਾਰ ਕੂਕਿਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਉਨ੍ਹਾਂ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਧਿਆਨ ਨਾਲ ਵੇਖਿਆ ਜਾ ਰਿਹਾ ਹੈ। ਦਿਹਾਤੀ ਹਲਕਿਆਂ ਦੇ ਜ਼ੈਲਦਾਰਾਂ ਤੇ ਪਿੰਡਾਂ ਦੇ ਸਰਪੰਚਾਂ ਨੂੰ ਇਸ ਰਿਪੋਰਟ 'ਚ ਸ਼ਾਮਲ ਕੀਤਾ ਗਿਆ ਹੈ, ਪਿੰਡਾਂ ਦੇ ਜਿਹੜੇ ਅਜਿਹੇ ਮੁਖੀ ਆਪੋ-ਆਪਣੇ ਇਲਾਕਿਆਂ ਦੇ ਕੂਕਿਆਂ ਬਾਰੇ ਸਹੀ ਜਾਣਕਾਰੀ ਨਹੀਂ ਦੇਣਗੇ, ਉਨ੍ਹਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਬਰਤਰਫ਼ ਕਰ ਦਿੱਤਾ ਜਾਵੇਗਾ ਅਤੇ ਹੋਰ ਸਜ਼ਾਵਾਂ ਵੀ ਦਿੱਤੀਆਂ ਜਾਣਗੀਆਂ।

ਸਮੁੱਚੇ ਸੂਬੇ 'ਚ ਪੰਜ ਤੋਂ ਵੱਧ ਕੂਕਿਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਜਨਤਕ ਸਥਾਨਾਂ 'ਤੇ ਕੁਹਾੜੀਆਂ, ਲੋਹਾ ਲੱਗੀਆਂ ਡਾਂਗਾਂ ਤੇ ਹੋਰ ਹਥਿਆਰ ਭਾਵੇਂ ਹਥਿਆਰਾਂ ਬਾਰੇ ਕਾਨੂੰਨ ਦੀਆਂ ਵਿਵਸਥਾਵਾਂ ਅਧੀਨ ਨਹੀਂ ਆਉਂਦੇ ਪਰ ਕੋਈ ਦੰਗਾ ਹੋਣ ਦੀ ਹਾਲਤ 'ਚ ਉਹ ਹੱਦੋਂ ਖ਼ਤਰਨਾਕ ਹੁੰਦੇ ਹਨ, ਉਨ੍ਹਾਂ 'ਤੇ ਵੀ ਸਖ਼ਤੀ ਨਾਲ ਪਾਬੰਦੀ ਲਾ ਦਿੱਤੀ ਗਈ ਹੈ। ਚੌਕਸ ਨਜ਼ਰ ਰੱਖਣ ਦੀ ਇੱਕ ਮੁਕੰਮਲ ਪ੍ਰਣਾਲੀ ਸਥਾਪਤ ਕੀਤੀ ਗਈ ਹੈ ਅਤੇ ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਛੋਟੀ ਤੋਂ ਛੋਟੀ ਹਰ ਤਰ੍ਹਾਂ ਦੀ ਘਟਨਾ ਵੀ ਸਰਕਾਰ ਦੀ ਨਜ਼ਰ ਤੋਂ ਓਹਲੇ ਨਹੀਂ ਰਹਿਣੀ ਚਾਹੀਦੀ।

5. ਅੰਮ੍ਰਿਤਸਰ ਤੇ ਅਨੰਦਪੁਰ ਸਾਹਿਬ ਜਿਹੇ ਸਥਾਨਾਂ ਦੇ ਹਵਾਲੇ ਨਾਲ, ਜਿੱਥੇ ਵੀ ਕਿਸੇ ਤਰ੍ਹਾਂ ਦੀ ਬਗ਼ਾਵਤ ਦੀ ਸੰਭਾਵਨਾ ਹੈ, ਮੇਰਾ ਕਹਿਣਾ ਹੈ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਖ਼ੁਦ ਹੋਲੀ ਦੇ ਤਿਓਹਾਰ ਮੌਕੇ ਸਾਰਾ ਸਮਾਂ ਅੰਮ੍ਰਿਤਸਰ 'ਚ ਹੀ ਰਹੇ ਹਨ, ਜੋ ਬਹੁਤ ਅਮਨ-ਚੈਨ ਤੇ ਸੁੱਖੀਂ-ਸਾਂਦੀ ਲੰਘ ਗਿਆ ਅਤੇ ਇਸ ਨਗਰ ਤੇ ਆਲੇ-ਦੁਆਲੇ ਦੇ ਨਿਵਾਸੀਆਂ ਨੇ ਹਰ ਸੰਭਵ ਹੱਦ ਤੱਕ ਵੱਧ ਤੋਂ ਵੱਧ ਸਹਿਣਸ਼ੀਲਤਾ ਵਿਖਾਈ ਹੈ, ਜੋ ਸਰਕਾਰ ਪ੍ਰਤੀ ਬੇਹੱਦ ਦੋਸਤਾਨਾ ਰਵੱਈਏ ਨੂੰ ਦਰਸਾਉਂਦੀ ਹੈ। ਅਨੰਦਪੁਰ ਸਾਹਿਬ ਵਿਖੇ, ਜਿੱਥੇ ਸ਼ਰਧਾਲੂਆਂ ਦੀਆਂ ਵੱਡੀਆਂ ਭੀੜਾਂ ਜੁਟਦੀਆਂ ਹਨ, ਨਿਹੰਗਾਂ ਤੇ ਅਕਾਲੀਆਂ ਦੇ ਬਹੁਤ ਸਾਰੇ ਕੱਟੜ ਸੰਪਰਦਾਇ ਇਕੱਠੇ ਹੁੰਦੇ ਹਨ, ਉਨ੍ਹਾਂ ਸਾਰਿਆਂ ਨੇ ਐਤਕੀਂ ਰਵਾਇਤੀ ਤਰੀਕੇ ਹੋਲੀ ਦਾ ਤਿਉਹਾਰ ਮਨਾਇਆ ਹੈ, ਇਸ ਮੌਕੇ ਸਾਵਧਾਨੀ ਵਜੋਂ ਮੁਕੰਮਲ ਚੌਕਸੀ ਰੱਖੀ ਗਈ ਸੀ। ਪੁਲਿਸ ਬਲ ਨੂੰ ਮਜ਼ਬੂਤ ਕੀਤਾ ਗਿਆ ਸੀ। ਘੁੜਸਵਾਰ ਫ਼ੌਜੀ ਜਵਾਨਾਂ ਦੀ ਇੱਕ ਟੁਕੜੀ ਅੰਬਾਲਾ ਤੋਂ ਰੋਪੜ ਭੇਜੀ ਗਈ ਸੀ ਕਿ ਤਾਂ ਜੋ ਕਿਤੇ ਹੰਗਾਮੀ ਹਾਲਾਤ 'ਚ ਕੋਈ ਜ਼ਰੂਰਤ ਨਾ

ਪੈ ਜਾਵੇ ਤਾਂ ਉਹ ਪਹੁੰਚ ਵਿਚ ਰਹੇ ਅਤੇ ਡਿਵੀਜ਼ਨ ਦੇ ਕਮਿਸ਼ਨਰ ਅਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੀ ਉੱਥੇ ਮੌਜੂਦ ਰਹੇ ਸਨ। ਕਮਿਸ਼ਨਰ ਸ੍ਰੀ ਮੈਲਵਿਲ ਨੇ ਮੇਲੇ ਦੀ ਪ੍ਰਗਤੀ ਦੀਆਂ ਰਿਪੋਰਟਾਂ ਰੋਜ਼ਾਨਾ ਸਰਕਾਰ ਨੂੰ ਭੇਜੀਆਂ ਹਨ, ਜਿਨ੍ਹਾਂ 'ਚ ਉਹ ਲਿਖਦੇ ਹਨ ਕਿ ਸਭ ਕੁਝ ਸੁੱਖੀਂ-ਸਾਂਦੀ ਨਿੱਬੜ ਗਿਆ ਹੈ ਤੇ ਆਮ ਲੋਕਾਂ ਦਾ ਵਿਵਹਾਰ ਅਨੁਮਾਨ ਮੁਤਾਬਕ ਬਹੁਤ ਸ਼ਾਨਦਾਰ ਸੀ, ਵਿਸਾਖੀ ਦਾ ਮੇਲਾ ਜੋ ਅੰਮ੍ਰਿਤਸਰ 'ਚ ਲੱਗਣਾ ਹੈ, ਉਹ ਵੀ ਬਿਨਾ ਕਿਸੇ ਗੜਬੜੀ ਦੇ ਲੰਘ ਜਾਵੇਗਾ।

6. ਲੈਫ਼ਟੀਨੈਂਟ ਗਵਰਨਰ ਚਾਹੁੰਦੇ ਹਨ ਕਿ ਮੈਂ ਅੰਤ 'ਚ ਇਹ ਦੱਸ ਦੇਵਾਂ ਕਿ ਕੂਕਾ ਸੰਪਰਦਾਇ ਦੀਆਂ ਗਤੀਵਿਧੀਆਂ ਤੇ ਉਨ੍ਹਾਂ ਦੀਆਂ ਭਾਵਨਾਵਾਂ 'ਤੇ ਉਸੇ ਤਰ੍ਹਾਂ ਚੌਕਸ ਨਜ਼ਰ ਰੱਖੀ ਜਾਵੇ, ਜਿਵੇਂ ਪਹਿਲਾਂ ਵੀ ਪ੍ਰਭਾਵਸ਼ਾਲੀ ਢੰਗ ਨਾਲ ਰੱਖੀ ਗਈ ਸੀ, ਸਭ ਕੁਝ ਉਸੇ ਤਰ੍ਹਾਂ ਸਖ਼ਤੀ ਨਾਲ ਕਾਇਮ ਰੱਖਿਆ ਜਾਵੇਗਾ, ਭਾਵੇਂ ਚੰਗੇ ਕਿਰਦਾਰ ਵਾਲੇ ਕੂਕਿਆਂ 'ਤੋਂ ਕਿਤੇ ਆਉਣ-ਜਾਣ ਦੀਆਂ ਪਾਬੰਦੀਆਂ ਹਟਾਉਣਾ ਸਮਝਦਾਰੀ ਰਹੇਗੀ ਕਿਉਂਕਿ ਅਜਿਹੀਆਂ ਰੋਕਾਂ ਤੇ ਪਾਬੰਦੀਆਂ ਤੋਂ ਉਨ੍ਹਾਂ 'ਚ ਰੋਹ ਦੀ ਭਾਵਨਾ ਨਾ ਪੈਦਾ ਹੋਵੇ, ਸਗੋਂ ਉਨ੍ਹਾਂ ਨੂੰ ਇੱਕ ਵਾਰ ਫਿਰ ਸਮਾਜ ਦੇ ਅਮਨ-ਪਸੰਦ ਮੈਂਬਰਾਂ ਵਜੋਂ ਵਿਚਰਨ ਲਈ ਪ੍ਰੇਰਿਤ ਕੀਤਾ ਜਾਵੇ।

## 190

ਗਵਰਨਰ ਜਨਰਲ ਦੇ ਦਫ਼ਤਰ 'ਚ ਟਿੱਪਣੀਆਂ

*ਵੱਲੋਂ*

ਪੰਜਾਬ ਸਰਕਾਰ,

*ਨੰ. 391, ਮਿਤੀ 2 ਅਪ੍ਰੈਲ, 1872*

**ਕੂਕਾ ਬਗ਼ਾਵਤ**

ਬੀਤੀ 9 ਮਾਰਚ ਦੇ ਪੱਤਰ ਨੰ. III ਸੀ ਦੇ ਪੈਰਾਗ੍ਰਾਫ਼ 3 'ਚ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਕਿਹਾ ਸੀ: ''ਵੱਖੋ-ਵੱਖਰੇ ਸਥਾਨਾਂ ਤੋਂ ਜਾਣਕਾਰੀ ਮਿਲੀ ਹੈ ਕਿ ਅਗਲੇ ਮਹੀਨੇ (ਅਪ੍ਰੈਲ) ਪੂਰੀ ਇੱਕਜੁਟਤਾ ਨਾਲ ਬਗ਼ਾਵਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਲਈ ਵਾਜਬ ਸਾਵਧਾਨੀ ਰੱਖਣੀ ਹੋਵੇਗੀ ਅਤੇ ਸਰਕਾਰ ਨੂੰ ਇਸ ਸੰਪਰਦਾਇ ਦੇ ਸਾਰੇ ਹੀ ਪ੍ਰਭਾਵਸ਼ਾਲੀ ਮੈਂਬਰਾਂ ਦੀਆਂ ਗਤੀਵਿਧੀਆਂ 'ਤੇ ਪੂਰੀ ਨਜ਼ਰ ਰੱਖਣੀ ਹੋਵੇਗੀ ਅਤੇ ਜੇ ਬਗ਼ਾਵਤ ਦੀ ਕੋਈ ਵੀ ਕੋਸ਼ਿਸ਼ ਹੋਈ, ਤਾਂ ਉਸ ਨੂੰ ਤੁਰੰਤ ਦਬਾਉਣਾ ਹੋਵੇਗਾ।''

ਅਸੀਂ 22 ਮਾਰਚ ਦੇ ਸਾਡੇ ਪੱਤਰ ਨੰ. 712ਪੀ ਦੇ ਪੈਰਾ 3 'ਚ ਪੁੱਛਿਆ ਸੀ ਕਿ ਜਿਹੜੀ ਬਗ਼ਾਵਤ ਦੀ ਸੰਭਾਵਨਾ ਦੀ ਗੱਲ ਕੀਤੀ ਜਾ ਰਹੀ ਹੈ, ਉਸ ਦੇ ਮੱਦੇਨਜ਼ਰ ਮਾਣਯੋਗ ਸਾਹਿਬ ਨੇ ਸਾਵਧਾਨੀ ਵਜੋਂ ਕਿਹੜੇ ਕਦਮ ਚੁੱਕੇ ਹਨ ਤੇ ਇਹ ਬੇਨਤੀ ਕੀਤੀ ਸੀ ਕਿ ਜੇ ਉਹ ਮਿਲੀ ਜਾਣਕਾਰੀ ਦੀ ਕਿਸਮ ਤੇ ਭਰੋਸੇਯੋਗਤਾ ਬਾਰੇ ਆਪਣੇ ਵਿਚਾਰ ਸਾਡੇ ਨਾਲ ਸਾਂਝੇ ਕਰ ਲੈਣ, ਤਾਂ ਬੜੀ ਮਿਹਰਬਾਨੀ ਹੋਵੇਗੀ।

ਇਹ ਜਵਾਬ ਹੈ। ਇਸ ਜਾਣਕਾਰੀ ਵਿੱਚ ਚਲੰਤ ਰਿਪੋਰਟਾਂ ਅਤੇ ਲੋਕਾਂ ਦੇ ਵਿਚਾਰ, ਮੁਖ਼ਬਰਾਂ ਦੇ ਬਿਆਨ ਲਾਹੌਰ, ਅੰਮ੍ਰਿਤਸਰ, ਜਲੰਧਰ ਤੇ ਅੰਬਾਲਾ ਡਿਵੀਜ਼ਨਾਂ ਦੇ ਪੁਲਿਸ ਏਜੰਟਾਂ ਅਤੇ ਸਿਵਲ ਅਧਿਕਾਰੀਆਂ ਦੀਆਂ ਸਮਕਾਲੀ ਰਿਪੋਰਟਾਂ ਦਰਜ ਹਨ ਅਤੇ ਇਸ ਦਾ ਆਮ ਰੁਝਾਨ ਇਹ ਹੈ ਕਿ ਹੋਲੀ ਜਾਂ ਵਿਸਾਖੀ ਦੇ ਤਿਓਹਾਰ ਮੌਕੇ ਇੱਕ ਬਗ਼ਾਵਤ ਦੀ ਸਾਜ਼ਿਸ਼ ਰਚੀ ਗਈ ਸੀ, ਇਸ ਲਈ ਸਿਆਲਕੋਟ ਤੇ ਗੁਜਰਾਂਵਾਲਾ ਜ਼ਿਲ੍ਹੇ ਤੇ ਅੰਬਾਲਾ ਡਿਵੀਜ਼ਨ ਦੇ ਨਾਲ-ਨਾਲ ਸਤਲੁਜ ਪਾਰ ਦੀਆਂ ਰਿਆਸਤਾਂ ਦਾ ਸਥਾਨ ਤੈਅ ਕੀਤਾ ਗਿਆ ਸੀ; ਜਦ ਕਿ ਹੋਰ ਰਿਪੋਰਟਾਂ ਦੱਸਦੀਆਂ ਹਨ ਕਿ ਗੜਬੜੀਆਂ ਅੰਮ੍ਰਿਤਸਰ ਜਾਂ ਅਨੰਦਪੁਰ ਸਾਹਿਬ ਤੋਂ ਸ਼ੁਰੂ ਹੋਣਗੀਆਂ।

13 ਅਪ੍ਰੈਲ, 1872 (ਹਸਤਾਖਰ) ਸੀ.ਜੇ.ਐੱਲ.

ਇਸ ਦੀ ਇੱਕ ਕਾਪੀ ਗੁਪਤ ਤਰੀਕੇ ਨਾਲ ਗ੍ਰਹਿ ਤੇ ਫ਼ੌਜੀ ਵਿਭਾਗ ਦੋਵਾਂ ਨੂੰ ਭੇਜੀ ਜਾ ਸਕਦੀ ਹੈ।

ਬਗ਼ਾਵਤ ਦੀ ਸੰਭਾਵਨਾ ਦੀ ਗੱਲ 'ਚ ਕੋਈ ਬਹੁਤਾ ਆਧਾਰ ਨਹੀਂ ਜਾਪਦਾ।

13 ਅਪ੍ਰੈਲ, 1872 (ਹਸਤਾਖਰ) ਸੀ.ਯੂ.ਏ.

**ਹਾਂ**

**(ਹਸਤਾਖਰ) ਐੱਨ.**

ਸੂਚਨਾ ਹਿਤ ਸਰਕਾਰ ਦੇ ਮੈਂਬਰਾਂ ਤੱਕ ਪਹੁੰਚਾਓ। ਬਗ਼ਾਵਤ ਦਬਾਉਣ ਤੇ ਨਜ਼ਰ ਰੱਖਣ ਲਈ ਲੈਫ਼ਟੀਨੈਂਟ ਗਵਰਨਰ ਵੱਲੋਂ ਚੁੱਕੇ ਗਏ ਕਦਮ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਜਾਪਦੇ ਹਨ ਪਰ ਸਥਾਨਕ ਅਧਿਕਾਰੀਆਂ ਦੇ ਦਸਤਾਵੇਜ਼ੀ ਬਿਆਨਾਂ ਮੁਤਾਬਕ ਬਗ਼ਾਵਤ ਦੇ ਖ਼ਦਸ਼ਿਆਂ ਦੀ ਕੋਈ ਸੰਭਾਵਨਾ ਨਹੀਂ ਜਾਪਦੀ।

**ਹਾਂ**

**(ਹਸਤਾਖਰ) ਐੱਨ.**

**ਵੇਖਿਆ ਗਿਆ**

| | | |
|---|---|---|
| 13 ਅਪ੍ਰੈਲ, 1872 | (ਹਸਤਾਖਰ) | ਜੇ.ਐੱਫ਼.ਐੱਸ. |
| 18 ਅਪ੍ਰੈਲ, 1872 | (ਹਸਤਾਖਰ) | ਐੱਚ.ਡਬਲਿਊ.ਐੱਨ. |
| 19 ਅਪ੍ਰੈਲ, 1872 | (ਹਸਤਾਖਰ) | ਬੀ.ਐੱਚ.ਈ. |
| 20 ਅਪ੍ਰੈਲ, 1872 | (ਹਸਤਾਖਰ) | ਆਰ.ਟੀ. |
| 22 ਅਪ੍ਰੈਲ, 1872 | (ਹਸਤਾਖਰ) | ਜੇ.ਐੱਸ. |

1848 'ਚ ਪੰਜਾਬ ਦੀ ਬਗ਼ਾਵਤ ਤੋਂ ਪਹਿਲਾਂ ਵੀ ਅਜਿਹੀਆਂ ਰਿਪੋਰਟਾਂ ਮਿਲਦੀਆਂ ਹੁੰਦੀਆਂ ਸਨ। ਕਿਸੇ ਨੂੰ ਬਿਲਕੁਲ ਉਹੋ ਜਿਹੀ ਸਥਿਤੀ ਨਹੀਂ ਮਿਲਿਆ ਕਰਦੀ; ਲੋਕਾਂ ਦੀ ਇਹ ਮੌਜੂਦਾ ਰਿਪੋਰਟ ਸੀ ਕਿ ਕੁਝ ਨਾ ਕੁਝ ਵਾਪਰਨ ਵਾਲਾ ਹੈ। ਜੇ ਉਸ ਵੇਲੇ ਕੋਈ ਗੰਭੀਰ ਮਨਸ਼ਾ ਹੁੰਦੀ, ਤਾਂ ਕੀਤੀਆਂ ਤਿਆਰੀਆਂ ਰਾਹੀਂ ਇਸ ਨੂੰ ਪੂਰੀ ਤਰ੍ਹਾਂ ਅਲੱਗ-ਥਲੱਗ ਕਰ ਦਿੱਤਾ ਜਾਣਾ ਸੀ ਅਤੇ ਖ਼ਾਸ ਕਰਕੇ ਇਸ ਦੇ ਆਗੂਆਂ ਨੂੰ ਬਾਹਰ ਭੇਜਣ ਜਿਹੇ ਸਾਵਧਾਨੀ ਵਜੋਂ ਚੁੱਕੇ ਗਏ ਕਦਮ ਸਫ਼ਲ ਵੀ ਹੋ

ਸਕਦੇ ਹਨ, ਇਸੇ ਲਈ ਮੈਨੂੰ ਉਨ੍ਹਾਂ ਵਿਰੁੱਧ ਕੁਝ ਨਹੀਂ ਕਹਿਣਾ ਚਾਹੀਦਾ।

23 ਅਪ੍ਰੈਲ, 1872 (ਹਸਤਾਖਰ) ਐੱਮ. ਦਾ ਐੱਨ.

## 191

ਪੰਜਾਬ 'ਚ ਕੂਕਿਆਂ ਵੱਲੋਂ ਕੀਤੀਆਂ ਗੜਬੜੀਆਂ

*ਨੰ. 15,* *ਮਿਤੀ ਭਾਰਤੀ ਦਫ਼ਤਰ, ਲੰਦਨ, 4 ਅਪ੍ਰੈਲ, 1872*

ਵੱਲੋਂ

ਭਾਰਤ ਸਰਕਾਰ ਲਈ ਮਹਾਰਾਣੀ ਦਾ ਵਿਦੇਸ਼ ਮੰਤਰੀ

ਵੱਲ

ਭਾਰਤ ਸਰਕਾਰ

ਮਹਾਮਹਿਮ-ਇਨ-ਕੌਂਸਲ ਦਾ ਡਿਸਪੈਚ ਮਿਤੀ 16 ਫ਼ਰਵਰੀ, ਨੰ. 1872 ਦਾ 14, ਪੰਜਾਬ 'ਚ ਕੂਕਿਆਂ ਵੱਲੋਂ ਕੀਤੀਆਂ ਗਈਆਂ ਗੜਬੜੀਆਂ ਨਾਲ ਸੰਬੰਧਤ ਹੋਰ ਦਸਤਾਵੇਜ਼ਾਂ ਦੀ ਭੇਜੀ ਕਾਪੀ, ਜਿਨ੍ਹਾਂ 'ਤੇ ਮੈਂ ਕੌਂਸਲ 'ਚ ਵਿਚਾਰ ਕੀਤਾ ਹੈ।

(2) ਪੰਜਾਬ ਸਰਕਾਰ ਦੇ ਪਤੇ 'ਤੇ ਭਾਰਤ ਸਰਕਾਰ ਦੀ ਚਿੱਠੀ ਵਿੱਚ ਦਰਸਾਏ ਵਿਚਾਰਾਂ ਤੋਂ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਮੈਂ ਬਗ਼ਾਵਤ ਦਬਾਉਣ ਨਾਲ ਸੰਬੰਧਤ ਅਧਿਕਾਰੀਆਂ ਦੇ ਹੋਰ ਸਪੱਸ਼ਟੀਕਰਣਾਂ, ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਦਾ ਵਿਚਾਰ ਅਤੇ ਇਸ ਸਾਰੇ ਮਾਮਲੇ 'ਤੇ ਮਹਾਮਹਿਮ-ਇਨ-ਕੌਂਸਲ ਦੇ ਅੰਤਿਮ ਹੁਕਮਾਂ ਬਾਰੇ ਵਿਚਾਰਾਂ ਦੀ ਉਡੀਕ ਕਰਾਂਗਾ।

## 192

ਰੰਗੂਨ 'ਚ ਇੱਕ ਸਰਕਾਰੀ ਕੈਦੀ ਤੇ ਕੂਕਾ ਮੁਖੀ (ਗੁਰੂ) ਰਾਮ ਸਿੰਘ ਜੀ ਨੂੰ ਮੁਹੱਈਆ ਕਰਵਾਇਆ ਗਿਆ ਰਿਹਾਇਸ਼ੀ ਸਥਾਨ

*ਨੰ. 312,* *ਮਿਤੀ ਰੰਗੂਨ, 5 ਅਪ੍ਰੈਲ, 1872*

ਵੱਲੋਂ

ਡਬਲਿਯੂ.ਪੀ. ਕੈਲੀ, ਐਸਕ.,

ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ।

ਵੱਲ

ਸਕੱਤਰ, ਚੀਫ਼ ਕਮਾਂਡਰ, ਬ੍ਰਿਟਿਸ਼ ਬਰਮਾ।

ਤੁਹਾਡੀ ਚਿੱਠੀ ਨੰ. 154-53, ਪਿਛਲੇ ਮਹੀਨੇ ਦੀ 25 ਤਰੀਕ ਦੇ ਜਵਾਬ 'ਚ

ਮੈਨੂੰ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਸਰਕਾਰੀ ਕੈਦੀ (ਗੁਰੂ) ਰਾਮ ਸਿੰਘ ਜੀ ਨੂੰ ਇੱਕ ਉੱਪਰਲੀ ਮੰਜ਼ਿਲ 'ਤੇ ਰੱਖਿਆ ਗਿਆ ਹੈ, ਜਿਸ ਦੀ ਵਰਤੋਂ ਪਹਿਲਾਂ ਔਰਤਾਂ ਦੀ ਜੇਲ੍ਹ ਵਜੋਂ ਕੀਤੀ ਜਾਂਦੀ ਸੀ, ਜੋ ਇੱਥੋਂ ਦੀ ਕੇਂਦਰੀ

ਜੇਲ੍ਹ ਦੀ ਚਾਰਦੀਵਾਰੀ ਦੇ ਅੰਦਰ ਹੈ – ਜਿਸ ਇਮਾਰਤ 'ਚ ਉਨ੍ਹਾਂ ਨੂੰ ਰੱਖਿਆ ਗਿਆ ਹੈ, ਉਹ ਚਾਰੇ ਪਾਸਿਓਂ ਨੋਕੀਲੀਆਂ ਲੱਕੜਾਂ ਦੀ ਮੋਰਚਾਬੰਦੀ ਨਾਲ ਘਿਰੀ ਹੋਈ ਹੈ ਅਤੇ ਦੱਖਣ ਵਾਲੇ ਪਾਸਿਓਂ ਉਸ ਨੂੰ ਇੱਕ ਕੰਧ ਉਸਾਰ ਕੇ ਨਾਲ ਲੱਗਦੇ ਯੂਰੋਪੀਅਨ ਕੈਦੀਆਂ ਦੇ ਵਾਰਡ ਤੋਂ ਪੂਰੀ ਤਰ੍ਹਾਂ ਵੱਖ ਕੀਤਾ ਗਿਆ ਹੈ। ਉਸ ਇਮਾਰਤ ਵਿੱਚ ਰਸੋਈ-ਘਰ ਅਤੇ ਪਖਾਨਾ ਮੌਜੂਦ ਹੈ। ਬਾਬਾ (ਗੁਰੂ) ਜੀ ਨੂੰ ਇੱਕ ਬਿਸਤਰਾ, ਕੁਰਸੀਆਂ, ਪੱਖੇ ਆਦਿ ਜਿਹੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ; ਉਨ੍ਹਾਂ ਨੂੰ ਆਪਣੇ ਮੁਤਾਬਕ ਵਿਚਰਨ ਦੀ ਇਜਾਜ਼ਤ ਦਿੱਤੀ ਗਈ ਹੈ ਅਤੇ ਉਹ ਉਸ ਚਾਰਦੀਵਾਰੀ ਅੰਦਰ ਪੂਰੀ ਤਰ੍ਹਾਂ ਆਜ਼ਾਦ ਹਨ ਅਤੇ ਰਾਤ ਨੂੰ ਜਿੰਦਰਾ ਲਾ ਦਿੱਤਾ ਜਾਂਦਾ ਹੈ, ਉਹ ਗਰਮੀ ਦੇ ਮੌਸਮ ਦੌਰਾਨ ਬਾਹਰ ਜ਼ਮੀਨ 'ਤੇ ਸੌਣਾ ਪਸੰਦ ਕਰਦੇ ਹਨ। ਉਨ੍ਹਾਂ 'ਤੇ ਇੱਕੋ-ਇੱਕ ਪਾਬੰਦੀ ਇਹ ਹੈ ਕਿ ਉਨ੍ਹਾਂ ਨੂੰ ਬਾਹਰੀ ਦੁਨੀਆ ਨਾਲ ਕੋਈ ਗੱਲਬਾਤ ਕਰਨ ਦੀ ਇਜਾਜ਼ਤ ਨਹੀਂ ਹੈ।

2. ਉੱਚ ਜਾਤੀ ਦੇ ਤਿੰਨ ਹਿੰਦੂ ਕੈਦੀਆਂ ਨੂੰ ਬਾਬਾ ਜੀ ਦੇ ਸਹਾਇਕਾਂ ਵਜੋਂ ਰਹਿਣ ਦੀ ਇਜਾਜ਼ਤ ਦਿੱਤੀ ਗਈ ਹੈ ਕਿਉਂਕਿ ਭਾਰਤ ਤੋਂ ਉਨ੍ਹਾਂ ਨਾਲ ਸਿਰਫ਼ ਇੱਕੋ ਸੇਵਕ ਆਇਆ ਸੀ।

3. ਉਨ੍ਹਾਂ ਲਈ ਇੱਕ ਗਊ ਲਿਆਂਦੀ ਗਈ ਹੈ, ਉਸ ਨੂੰ ਬਾਬਾ ਜੀ ਦੇ ਘਰ 'ਚ ਹੀ ਰੱਖਿਆ ਗਿਆ ਹੈ; ਬਾਬਾ ਜੀ ਨੂੰ ਉਨ੍ਹਾਂ ਦੀ ਪਸੰਦ ਦਾ ਹਰ ਤਰ੍ਹਾਂ ਦਾ ਖਾਣਾ ਦਿੱਤਾ ਜਾਂਦਾ ਹੈ ਪਰ ਉਨ੍ਹਾਂ ਦੀਆਂ ਜ਼ਰੂਰਤਾਂ ਹੀ ਨਾਮਾਤਰ ਹੀ ਹਨ।

4. ਬਾਬਾ ਜੀ ਤੇ ਸੇਵਕ ਦੇ ਖਾਣੇ 'ਤੇ ਹਰ ਮਹੀਨੇ ਲਗਭਗ 40 ਰੁਪਏ ਦਾ ਖ਼ਰਚਾ ਆਉਂਦਾ ਹੈ; ਉਨ੍ਹਾਂ ਨੂੰ ਜੁੱਤੀਆਂ ਅਤੇ ਕੱਪੜੇ ਵੀ ਮੁਹੱਈਆ ਕਰਵਾਏ ਗਏ ਹਨ, ਜਿਨ੍ਹਾਂ 'ਤੇ 40 ਰੁਪਏ ਦਾ ਖ਼ਰਚਾ ਹੋਇਆ ਹੈ, ਗਊ 75 ਰੁਪਏ ਦੀ ਆਈ ਹੈ ਅਤੇ ਕੁਰਸੀਆਂ, ਮੇਜ਼, ਪੱਖਾ ਤੇ ਮੰਜਾ – ਜੋ ਜੇਲ੍ਹ ਵੱਲੋਂ ਮੁਹੱਈਆ ਕਰਵਾਏ ਗਏ ਹਨ, ਇਨ੍ਹਾਂ ਦੀ ਕੀਮਤ 50 ਰੁਪਏ ਹੈ।

5. ਬਾਬਾ ਰਾਮ ਸਿੰਘ ਜੀ ਦੀ ਸਿਹਤ ਬਹੁਤ ਵਧੀਆ ਜਾਪਦੀ ਹੈ ਪਰ ਉਹ ਨਿਰਾਸ਼ ਹਨ ਤੇ ਖ਼ਾਸ ਕਰਕੇ ਰਾਤ ਨੂੰ ਬੇਚੈਨ ਰਹਿੰਦੇ ਹਨ, ਬਹੁਤ ਜ਼ਿਆਦਾ ਗਰਮੀ ਦੀ ਸ਼ਿਕਾਇਤ ਕਰਦੇ ਹਨ, ਭਾਵੇਂ ਜਿਹੜੀ ਇਮਾਰਤ 'ਚ ਉਨ੍ਹਾਂ ਨੂੰ ਰੱਖਿਆ ਗਿਆ ਹੈ, ਉਹ ਬਹੁਤ ਠੰਢੀ ਹੈ, ਜਿੰਨੀ ਕਿ ਗਰਮੀਆਂ ਦੇ ਮੌਸਮ ਦੌਰਾਨ ਰੰਗੂਨ 'ਚ ਵੱਧ ਤੋਂ ਵੱਧ ਰਹਿ ਸਕਦੀ ਹੈ।

6. ਗ੍ਰਹਿ ਸਕੱਤਰ ਦੇ ਪੱਤਰ ਨੰ. 470, ਮਿਤੀ 10 ਮਾਰਚ, 1872 ਦੇ ਪੈਰਾ 4 ਦੇ ਹਵਾਲੇ ਨਾਲ, ਮੈਨੂੰ ਸੇਵਕ ਨਾਨੂ ਸਿੰਘ ਤੋਂ ਲਿਆ ਲਿਖਤੀ ਵਾਅਦਾ ਨਾਲ ਨੱਥੀ ਕਰਨ ਦਾ ਮਾਣ ਹਾਸਲ ਹੋਇਆ ਹੈ (ਉਸ ਨੂੰ ਸਰਕਾਰ ਦੇ ਹੁਕਮ ਚੰਗੀ ਤਰ੍ਹਾਂ ਸਮਝਾ ਦਿੱਤੇ ਗਏ ਹਨ), ਜਿਸ ਵਿੱਚ ਉਸ ਨੇ ਬਾਬਾ ਰਾਮ ਸਿੰਘ ਜੀ ਨਾਲ ਰਹਿਣ ਦੀ ਆਪਣੀ ਇੱਛਾ ਪ੍ਰਗਟਾਈ ਹੈ ਅਤੇ ਉਸ ਨੂੰ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਲਾਈਆਂ ਜਾ ਸਕਣ ਵਾਲੀਆਂ ਪਾਬੰਦੀਆਂ ਅਧੀਨ ਰਹਿਣਾ ਪੈ ਸਕਦਾ ਹੈ।

# 193

ਵੱਲੋਂ

ਜੇ ਟਾਲਬੁਆਇਜ਼ ਵ੍ਹੀਲਰ, ਐਸਕ,
ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਵੱਲ

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਪਿਛਲੇ ਮਹੀਨੇ ਦੀ 16 ਤਰੀਕ ਦੇ ਮੇਰੇ ਪੱਤਰ ਨੰ. 121 ਦੀ ਨਿਰੰਤਰਤਾ 'ਚ ਜੋ ਕੂਕਾ ਮੁਖੀ (ਗੁਰੂ) ਰਾਮ ਸਿੰਘ ਜੀ ਨੂੰ ਰੰਗੂਨ ਦੀ ਕੇਂਦਰੀ ਜੇਲ੍ਹ 'ਚ ਦਿੱਤੇ ਨਿਵਾਸ ਸਥਾਨ ਸੀ। ਮੈਨੂੰ ਕਾਰਜਕਾਰੀ ਚੀਫ਼ ਕਮਿਸ਼ਨਰ ਵੱਲੋਂ ਭਾਰਤ ਸਰਕਾਰ ਦੀ ਜਾਣਕਾਰੀ ਹਿਤ ਇਸ ਵਿਸ਼ੇ 'ਤੇ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਵੱਲੋਂ ਇਸੇ ਮਹੀਨੇ ਦੀ 5 ਤਰੀਕ ਦਾ ਪੱਤਰ ਨੰ. 32 ਭੇਜਣ ਦੀ ਹਦਾਇਤ ਕੀਤੀ ਗਈ ਗਈ ਹੈ।

2. ਡਾ. ਕੈਲੀ ਦੀ ਚਿੱਠੀ ਤੋਂ ਇਹ ਪਤਾ ਲੱਗੇਗਾ ਕਿ (ਗੁਰੂ) ਰਾਮ ਸਿੰਘ ਜੀ ਨੂੰ ਇੱਕ ਵੱਖਰੇ ਘਰ 'ਚ ਰੱਖਿਆ ਗਿਆ ਹੈ, ਜੋ ਜੇਲ੍ਹ ਦੀ ਚਾਰਦੀਵਾਰੀ ਦੇ ਅੰਦਰ ਵੀ ਚੁਫੇਰਿਓਂ ਨੋਕੀਲੀਆਂ ਲੱਕੜਾਂ ਦੀ ਵਾੜ ਨਾਲ ਘਿਰਿਆ ਹੋਇਆ ਹੈ; ਅਤੇ ਬਾਬਾ ਜੀ ਉੱਥੇ ਪੂਰੀ ਤਰ੍ਹਾਂ ਆਜ਼ਾਦ ਹਨ ਅਤੇ ਉਨ੍ਹਾਂ ਨੂੰ ਉੱਥੇ ਸੁਰੱਖਿਅਤ ਹਿਰਾਸਤ ਦੇ ਨਾਲ ਹਰ ਤਰ੍ਹਾਂ ਦੀ ਵਾਜਬ ਸੁਵਿਧਾ ਨਿਰੰਤਰ ਮਿਲਦੀ ਹੈ।

ਕਾਰਜਕਾਰੀ ਚੀਫ਼ ਕਮਿਸ਼ਨਰ ਉੱਥੇ ਬਾਬਾ ਜੀ ਕੋਲ ਗਏ ਸਨ, ਜੋ ਆਪਣੀ ਕੈਦ ਤੋਂ ਡਾਢੇ ਨਿਰਾਸ਼ ਵਿਖਾਈ ਦਿੰਦੇ ਹਨ ਅਤੇ ਉਨ੍ਹਾਂ ਆਪਣੇ 'ਤੇ ਲੱਗੀਆਂ ਪਾਬੰਦੀਆਂ ਬਾਰੇ ਕਈ ਸ਼ਿਕਾਇਤਾਂ ਕੀਤੀਆਂ ਹਨ। ਸ੍ਰੀ ਈਡਨ ਨੇ ਹਰ ਸੰਭਵ ਹੱਦ ਤੱਕ ਉਹ ਸ਼ਿਕਾਇਤਾਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਬਾਬਾ ਰਾਮ ਸਿੰਘ ਜੀ ਦੀ ਮੁੱਖ ਸ਼ਿਕਾਇਤ ਜੇਲ੍ਹ ਅੰਦਰ ਕੈਦ ਕਰ ਕੇ ਰੱਖਣ ਅਤੇ ਗਰਮੀ ਦੀ ਹੈ।

4. ਕਾਰਜਕਾਰੀ ਚੀਫ਼ ਕਮਿਸ਼ਨਰ (ਗੁਰੂ) ਰਾਮ ਸਿੰਘ ਜੀ ਦੀ ਸ਼ਿਕਾਇਤ 'ਤੇ ਕੋਈ ਬਹੁਤਾ ਜ਼ੋਰ ਨਹੀਂ ਦੇ ਰਹੇ ਕਿਉਂਕਿ ਉਹ ਕਦੇ ਇਹ ਸੋਚ ਹੀ ਨਹੀਂ ਸਕਦੇ ਕਿ ਰੰਗੂਨ ਦਾ ਜਲਵਾਯੂ ਪੰਜਾਬ ਜਿੰਨਾ ਗਰਮ ਹੋ ਹੀ ਨਹੀਂ ਸਕਦਾ ਅਤੇ ਸ਼ਾਇਦ ਇਹ ਗਰਮੀ ਸਿਰਫ਼ ਕੁਝ ਹਫ਼ਤੇ ਹੀ ਰਹੇਗੀ।

5. ਜੇਲ੍ਹ 'ਚ (ਗੁਰੂ) ਰਾਮ ਸਿੰਘ ਜੀ 'ਤੇ ਲਾਈ ਗਈ ਪਾਬੰਦੀ ਦੇ ਸਬੰਧ 'ਚ ਸ੍ਰੀ ਈਡਨ ਨੂੰ ਡਰ ਹੈ ਕਿ ਕਿਤੇ ਬਾਬਾ ਜੀ ਦੀ ਸਿਹਤ ਨੂੰ ਕੋਈ ਨੁਕਸਾਨ ਨਾ ਹੋ ਜਾਵੇ ਕਿਉਂਕਿ ਉਨ੍ਹਾਂ ਨੂੰ ਬੁਖ਼ਾਰ ਜਾਪਦਾ ਹੈ ਤੇ ਕੁਝ ਚਿੜਚਿੜੇ ਵੀ ਹੋ ਗਏ ਹਨ ਅਤੇ ਸਪੱਸ਼ਟ ਹੈ ਕਿ ਇੱਕ ਮਜ਼ਬੂਤ ਵਿਅਕਤੀ ਨਹੀਂ ਹਨ ਪਰ ਉਨ੍ਹਾਂ ਨੂੰ ਸਰਕਾਰ ਦੀਆਂ ਯੋਜਨਾਵਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਜੇ ਇਸ ਮਾਮਲੇ ਦੇ ਹਾਲਾਤ ਕੋਈ ਢਿੱਲ ਦੇਣ ਦੀ ਇਜਾਜ਼ਤ ਦੇਣ, ਤਾਂ ਉਹ ਇਹ ਸੁਝਾਅ ਦੇਣਾ ਚਾਹੁਣਗੇ ਕਿ (ਗੁਰੂ) ਰਾਮ ਸਿੰਘ ਜੀ ਨੂੰ ਉਸ ਇਮਾਰਤ 'ਚ ਰੱਖਿਆ ਜਾਵੇ, ਜਿਸ ਨੂੰ ਹੁਣ ਛਾਉਣੀ ਦੇ ਡਾਕ

ਘਰ ਵਜੋਂ ਵਰਤਿਆ ਜਾਂਦਾ ਹੈ, ਜੋ ਮੁੱਖ ਗਾਰਡ ਦੇ ਬਿਲਕੁਲ ਸਥਿਤ ਹੈ ਅਤੇ ਇਹ ਉਹੀ ਘਰ ਹੈ, ਜਿੱਥੇ ਦਿੱਲੀ ਦੇ ਸਵਰਗੀ ਤੇ ਸਾਬਕਾ ਸਮਰਾਟ ਨੂੰ ਕੈਦ ਕਰ ਕੇ ਰੱਖਿਆ ਗਿਆ ਸੀ। ਇਸ ਇਮਾਰਤ ਦੁਆਲੇ ਲੱਕੜਾਂ ਦੀ ਵਾੜ ਲੱਗੀ ਹੋਈ ਹੈ ਅਤੇ ਇਸ ਉੱਤੇ ਮੁੱਖ ਗਾਰਡ ਦੀ ਸਦਾ ਨਜ਼ਰ ਬਣੀ ਰਹਿੰਦੀ ਹੈ। ਜੇ ਸੁਝਾਏ ਗਏ ਮੰਤਵ ਲਈ ਇਸ ਇਮਾਰਤ ਦੀ ਵਰਤੋਂ ਕਰਨੀ ਹੈ, ਤਾਂ ਉਸ ਦੀ ਵਾੜ ਦੀ ਮੁਰੰਮਤ ਕਰਵਾਉਣ ਦੀ ਜ਼ਰੂਰਤ ਪਵੇਗੀ।

6. ਜੇ ਬਾਬਾ ਰਾਮ ਸਿੰਘ ਜੀ ਨੂੰ ਇਨ੍ਹਾਂ ਕੁਆਰਟਰਾਂ 'ਚ ਰੱਖਣਾ ਹੈ, ਤਾਂ ਇੱਕ ਸਥਾਨਕ ਅਧਿਕਾਰੀ ਅਤੇ ਅੱਠ ਵਿਅਕਤੀਆਂ ਨੂੰ ਉਨ੍ਹਾਂ ਦੀ ਖ਼ਾਸ ਰਾਖੀ ਲਈ ਤਾਇਨਾਤ ਕਰਨਾ ਪਵੇਗਾ ਅਤੇ ਪੁਲਿਸ ਵਿਭਾਗ ਨੂੰ ਇਸ ਉੱਤੇ ਹੋਣ ਵਾਲਾ ਖ਼ਰਚਾ ਵਿਸ਼ੇਸ਼ ਤੌਰ 'ਤੇ ਕਰਨਾ ਪਵੇਗਾ ਕਿਉਂਕਿ ਬਾਬਾ ਜੀ ਇਸ ਸੂਬੇ ਦੇ ਪ੍ਰਸ਼ਾਸਨ ਦੇ ਕਿਸੇ ਮਾਮਲੇ 'ਚ ਹਿਰਾਸਤ ਵਿੱਚ ਨਹੀਂ ਹਨ। ਕਾਰਜਕਾਰੀ ਚੀਫ਼ ਕਮਿਸ਼ਨਰ ਦਾ ਇਹ ਵੀ ਵਿਚਾਰ ਹੈ ਕਿ ਬਾਬਾ ਰਾਮ ਸਿੰਘ ਜੀ ਦੀ ਵਰਤੋਂ ਲਈ ਇੱਕ ਭਾਰ ਵਾਹਕ ਖੱਚਰ ਵੀ ਰੱਖਿਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਇੱਕ ਪੁਲਿਸ ਇੰਸਪੈਕਟਰ ਦੀ ਨਿਗਰਾਨੀ ਹੇਠ ਇੱਕ ਹਫ਼ਤੇ 'ਚ ਤਿੰਨ ਵਾਰ ਬਾਹਰ ਘੁਮਾਉਣ ਲਈ ਲਿਜਾਂਦਾ ਜਾ ਸਕਦਾ ਹੈ। ਇੱਥੇ ਵੀ ਇਹ ਦੱਸਣਯੋਗ ਹੈ ਕਿ ਜੇਲ੍ਹ ਦੇ ਅਨੁਸ਼ਾਸਨ ਲਈ ਇਹ ਬਹੁਤ ਖ਼ਤਰਾ ਹੈ ਕਿਉਂਕਿ ਕੂਕਾ ਮੁਖੀ ਦੇ ਵੇਰਵਿਆਂ ਤੇ ਕਿਰਦਾਰ ਵਰਗੇ ਇੱਕ ਸਰਕਾਰੀ ਕੈਦੀ ਨੂੰ ਚਾਰਦੀਵਾਰੀ ਦੇ ਅੰਦਰ ਰੱਖਿਆ ਜਾਣਾ ਚਾਹੀਦਾ ਹੈ।

7. ਜੇ ਇਹ ਪ੍ਰਸਤਾਵਿਤ ਇੰਤਜ਼ਾਮ ਦਰੁਸਤ ਨਾ ਜਾਪਣ, ਤਾਂ ਸ੍ਰੀ ਈਡਨ ਸਿਰਫ਼ ਇਹੋ ਸੁਝਾਅ ਦੇਣਗੇ ਕਿ ਬਾਬਾ ਰਾਮ ਸਿੰਘ ਜੀ ਨੂੰ ਟੈਵੋਏ ਲਿਜਾਂਦਾ ਜਾ ਸਕਦਾ ਹੈ, ਜਿੱਥੇ ਇੱਕ ਛੋਟੇ ਬੰਗਲੇ ਦੀ ਉਸਾਰੀ ਕੀਤੀ ਜਾਵੇ, ਜਿੱਥੇ ਉਨ੍ਹਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

## 194

### ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ

| ਸਾਬਕਾ ਕੇਸਾਂ ਦਾ ਹਵਾਲਾ | ਦਸਤਾਵੇਜ਼ਾਂ ਦੀ ਸੂਚੀ |
|---|---|
| ਪ੍ਰੋਗਸ. ਮਾਰਚ 1872, ਨੰ. 135 ਤੋਂ ਨੰ. 137 | ਵੱਲੋਂ ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ ਨੰ. 200-53, ਮਿਤੀ 13 ਅਪ੍ਰੈਲ, ਰੰਗੂਨ 'ਚ ਇੱਕ ਸਰਕਾਰੀ ਕੈਦੀ ਤੇ ਕੂਕਾ ਮੁਖੀ ਬਾਬਾ ਰਾਮ ਸਿੰਘ ਜੀ ਨੂੰ ਮੁਹੱਈਆ ਕਰਵਾਏ ਗਏ ਨਿਵਾਸ ਸਥਾਨ ਬਾਰੇ ਰਿਪੋਰਟਿੰਗ। |

ਸੁਆਲ ਇਹ ਹੈ ਕਿ ਕੀ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਦੀ ਜੇਲ੍ਹ 'ਚ ਹੀ ਰੱਖਿਆ ਜਾਣਾ ਹੈ ਕਿ ਜਾਂ ਉਨ੍ਹਾਂ ਨੂੰ ਰੰਗੂਨ ਦੀ ਕਿਸੇ ਹੋਰ ਇਮਾਰਤ 'ਚ ਭੇਜਿਆ ਜਾਣਾ ਹੈ ਜਾਂ ਟੈਵੋਏ ਭੇਜਣਾ ਹੈ। ਐੱਚ.ਡਬਲਿਉ.ਡਬਲਿਊ.

ਸ੍ਰੀ ਈਡਨ ਦੀ ਪੈਰਾ 5 'ਚ ਦਿੱਤੀ ਤਜਵੀਜ਼ ਦਰੁਸਤ ਜਾਪਦੀ ਹੈ ਪਰ ਭਾਰ-ਵਾਹਕ ਖੱਚਰ ਦੀ ਕੋਈ ਲੋੜ ਨਹੀਂ ਜਾਪਦੀ; ਬਾਬਾ ਰਾਮ ਸਿੰਘ ਜੀ ਦੀ ਸਿਹਤ ਲਈ ਸ਼ਾਇਦ ਪੈਦਲ ਸੈਰ ਕਰਨਾ ਜ਼ਿਆਦਾ ਬਿਹਤਰ ਰਹੇਗਾ।

ਐੱਫ਼.ਸੀ.ਬੀ., 24 ਅਪ੍ਰੈਲ, 1872

ਨਿਸ਼ਚਿਤ ਤੌਰ 'ਤੇ ਨਹੀਂ, ਪਰ ਇਹੋ ਇੱਕੋ-ਇੱਕ ਐਸ਼ ਹੈ, ਜਿਸ ਦੀ ਇਜਾਜ਼ਤ ਉਨ੍ਹਾਂ ਨੂੰ ਆਪਣੇ ਖ਼ੁਦ ਦੇ ਖ਼ਰਚੇ 'ਤੇ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਇੱਕ ਵੱਖਰੀ ਇਮਾਰਤ 'ਚ ਰੱਖਣ ਦੀ ਤਜਵੀਜ਼ ਸਹੀ ਹੈ। ਇਸ ਦੇ ਖ਼ਰਚੇ ਬਾਰੇ ਫ਼ੈਸਲਾ ਵਿੱਤ ਵਿਭਾਗ ਲਵੇਗਾ; ਇਸ ਦਾ ਖ਼ਰਚਾ ਬਰਮਾ ਦੀ ਸੂਬਾਈ ਆਮਦਨ 'ਚੋਂ ਨਹੀਂ ਲਿਆ ਜਾ ਸਕਦਾ।

ਬੀ.ਐੱਚ.ਈ. 26 ਅਪ੍ਰੈਲ, 1872

ਮੈਂ ਉਨ੍ਹਾਂ ਨੂੰ ਇੱਕ ਵੱਖਰੇ ਘਰ 'ਚ ਰੱਖਾਂਗਾ ਅਤੇ ਉਨ੍ਹਾਂ ਨੂੰ ਇੱਕ ਭਾਰ-ਵਾਹਕ ਖੱਚਰ ਦੇ ਦੇਵਾਂਗਾ, ਉਨ੍ਹਾਂ ਨੂੰ ਇਹ ਦੱਸ ਦਿੱਤਾ ਜਾਵੇਗਾ ਕਿ ਇਹ ਸਾਰੀਆਂ ਸਹੂਲਤਾਂ ਉਸ ਹਾਲਤ 'ਚ ਵਾਪਸ ਲੈ ਲਈਆਂ ਜਾਣਗੀਆਂ, ਜੇ ਕਿਤੇ ਉਹ ਆਪਣੇ ਕਿਸੇ ਵੀ ਸਥਾਨ 'ਤੇ ਰਹਿੰਦੇ ਪੈਰੋਕਾਰਾਂ ਨਾਲ ਚਿੱਠੀ-ਪੱਤਰੀ ਕਰਦੇ ਪਾਏ ਗਏ। ਮੈਂ ਇਹ ਤਾਰ ਰਾਹੀਂ ਭੇਜਾਂਗਾ।

(ਹਸਤਾਖਰ) ਐੱਨ.

ਮੈਂ ਸ੍ਰੀ ਈਡਨ ਨੂੰ ਇਹ ਵੀ ਦੱਸਾਂਗਾ ਕਿ ਬਾਬਾ ਰਾਮ ਸਿੰਘ ਜੀ ਦੀਆਂ ਯੋਜਨਾਵਾਂ ਤੇ ਉਨ੍ਹਾਂ ਦੇ ਧਾਰਮਿਕ ਵਿਚਾਰਾਂ ਬਾਰੇ ਹੋਰ ਵਧੇਰੇ ਜਾਣਨ ਵਿੱਚ ਸਰਕਾਰ ਦੀ ਦਿਲਚਸਪੀ ਰਹੇਗੀ ਤੇ ਇਹ ਵੀ ਕਿ ਉਨ੍ਹਾਂ ਦੀ ਆਪਣੀ ਮਿਸ਼ਨ ਦਾ ਕਿਰਦਾਰ ਕੀ ਹੈ, ਜੇ ਕਿਤੇ ਗੱਲੀਂ-ਬਾਤੀਂ ਉਨ੍ਹਾਂ ਤੋਂ ਇਹ ਸਭ ਗੱਲਾਂ ਜਾਣੀਆਂ ਜਾ ਸਕਣ।

(ਹਸਤਾਖਰ) ਐੱਮ.ਐੱਨ.

ਮੇਰਾ ਵਿਚਾਰ, ਮਹਾਮਹਿਮ ਤੋਂ ਕੁਝ ਵੱਖਰਾ ਹੈ। ਬਾਬਾ ਰਾਮ ਸਿੰਘ ਜੀ ਇੱਕ ਅਪਰਾਧੀ ਵਜੋਂ ਉਮਰ ਭਰ ਲਈ ਦੇਸ਼-ਨਿਕਾਲ਼ੇ ਤੋਂ ਵਾਲ-ਵਾਲ ਬਚ ਗਏ ਸਨ ਅਤੇ ਉਨ੍ਹਾਂ ਨੂੰ ਅਜਿਹੀ ਸਜ਼ਾ ਦੇ ਦਿੱਤੀ ਜਾਂਦੀ ਜੇ ਅਸੀਂ ਉਨ੍ਹਾਂ ਗਵਾਹਾਂ 'ਤੇ ਭਰੋਸਾ ਕਰਦੇ, ਜਿਨ੍ਹਾਂ ਨੇ ਕਸਾਈਆਂ ਦੇ ਕਤਲਾਂ 'ਚ ਬਾਬਾ ਜੀ ਦੀ ਸ਼ਮੂਲੀਅਤ ਬਾਰੇ ਆਪਣੀਆਂ ਗਵਾਹੀਆਂ ਦਿੱਤੀਆਂ ਸਨ ਅਤੇ ਆਖ਼ਰੀ ਸੁਣਵਾਈ ਤੋਂ ਪਹਿਲਾਂ ਤੱਕ ਉਨ੍ਹਾਂ 'ਤੇ ਕੋਈ ਦਬਾਅ ਨਾ ਪੈਂਦਾ। ਮੈਨੂੰ ਨਹੀਂ ਲੱਗਦਾ ਕਿ ਸਾਨੂੰ ਅਜਿਹੇ ਵਿਅਕਤੀ ਨੂੰ ਭਾਰ-ਵਾਹਕ ਖੱਚਰ ਕਿਉਂ ਦੇਣਾ ਚਾਹੀਦਾ ਹੈ।

ਵਿੱਤ ਵਿਭਾਗ ਨੂੰ ਇਸ ਮਾਮਲੇ 'ਚ ਹੋਣ ਵਾਲੇ ਖ਼ਰਚਿਆਂ 'ਤੇ ਜ਼ਰੂਰ ਗ਼ੌਰ ਕਰਨਾ ਹੋਵੇਗਾ।

ਬੀ.ਐੱਚ.ਈ., 29 ਅਪ੍ਰੈਲ, 1872

ਮੈਂ ਇੱਕ ਭਾਰ-ਵਾਹਕ ਖੱਚਰ ਖ਼ਰੀਦਣ 'ਤੇ ਜ਼ੋਰ ਨਹੀਂ ਦਿੰਦਾ। ਮੈਂ ਉਨ੍ਹਾਂ ਲਈ ਜਾਣ ਵਾਸਤੇ ਕੋਈ ਇੰਤਜ਼ਾਮ ਕਰ ਦੇਵਾਂਗਾ।

(ਹਸਤਾਖਰ) ਐੱਨ.

ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

ਬੀ.ਐੱਚ.ਈ., 29 ਅਪ੍ਰੈਲ, 1872

## 195

*ਨੰ. 872, ਮਿਤੀ, 3 ਮਈ, 1872*

ਗ੍ਰਹਿ ਵਿਭਾਗ ਵੱਲੋਂ ਪ੍ਰਵਾਨਿਤ।

ਚੀਫ਼ ਕਮਿਸ਼ਨਰ ਦੀਆਂ ਤਜਵੀਜ਼ਾਂ 'ਚ ਸ਼ਾਮਲ ਉਨ੍ਹਾਂ ਖ਼ਰਚਿਆਂ ਦੀ ਐਡਜਸਟਮੈਂਟ ਬਾਰੇ ਵਿਚਾਰ ਛੇਤੀ ਜਾਣਨ ਲਈ ਵਿੱਤ ਵਿਭਾਗ ਨੂੰ ਲਿਖਿਆ ਗਿਆ ਹੈ, ਜਿਨ੍ਹਾਂ ਨੂੰ ਸੂਬਾਈ ਆਮਦਨਾਂ 'ਚੋਂ ਨਹੀਂ ਲਿਆ ਜਾਣਾ ਚਾਹੀਦਾ। ਬਾਬਾ ਰਾਮ ਸਿੰਘ ਜੀ ਨੂੰ ਛਾਉਣੀ ਦੇ ਡਾਕਖਾਨੇ ਵਾਲੀ ਇਮਾਰਤ 'ਚ ਰੱਖਣ ਸਬੰਧੀ ਸ੍ਰੀ ਈਡਨ ਦੀ ਸਿਫ਼ਾਰਸ਼ ਪ੍ਰਵਾਨ ਕੀਤੀ ਜਾਂਦੀ ਹੈ। ਭਾਰ-ਵਾਹਕ ਖੱਚਰ ਦੀ ਖ਼ਰੀਦ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਪਰ ਜੇ ਮੈਡੀਕਲ ਅਧਿਕਾਰੀਆਂ ਦੀ ਸਲਾਹ ਮੁਤਾਬਕ ਅਜਿਹਾ ਕਰਨਾ ਜ਼ਰੂਰੀ ਸਮਝਿਆ ਗਿਆ, ਤਾਂ ਇਸ ਮੰਤਵ ਲਈ ਇੱਕ ਖ਼ੱਚਰ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ।

ਛੇਤੀ ਜਵਾਬ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ (ਅਸਲ ਦਸਤਾਵੇਜ਼ ਵਾਪਸ ਕਰਨੇ ਹੋਣਗੇ)।

## 196

*ਨੀਮ-ਅਧਿਕਾਰਤ* *ਮਿਤੀ, 10 ਅਪ੍ਰੈਲ, 1872*

*ਵੱਲੋਂ*

ਲੈਫ਼ਟੀਨੈਂਟ ਕਰਨਲ ਬੇਲੀ,
ਕਾਰਜਕਾਰੀ ਡਿਪਟੀ ਇੰਸਪੈਕਟਰ ਜਨਰਲ, ਪੁਲਿਸ,
ਲਾਹੌਰ ਸਰਕਲ।

*ਵੱਲ*

ਲੈਫ਼ਟੀਨੈਂਟ ਕਰਨਲ ਜੀ. ਹਚਿਨਸਨ,
ਇੰਸਪੈਕਟਰ ਜਨਰਲ, ਪੁਲਿਸ, ਪੰਜਾਬ

ਜਿਸ ਦਿਨ (ਗੁਰੂ) ਰਾਮ ਸਿੰਘ ਜੀ ਨੂੰ ਪੰਜਾਬ ਤੋਂ ਬਾਹਰ ਭੇਜਿਆ ਜਾ ਰਿਹਾ ਸੀ, ਉਸੇ ਦਿਨ ਖ਼ੁਦ ਮੇਰੇ ਭੈਣੀ ਜਾ ਕੇ ਉੱਥੇ ਇਕੱਠੇ ਹੋਏ ਕੂਕਿਆਂ ਨੂੰ ਖਿੰਡਾਉਣ ਲਈ ਜਾਣ ਤੋਂ ਪਹਿਲਾਂ ਮੈਂ ਭੈਣੀ ਤੋਂ ਮੁੱਖ ਸੂਬਿਆਂ ਨੂੰ ਸਾਹਨੇਵਾਲ ਥਾਣੇ 'ਚ ਆ ਕੇ ਮੈਨੂੰ ਮਿਲਣ ਲਈ ਸੱਦਿਆ ਸੀ। ਮੇਰੇ ਸੰਮਨਾਂ 'ਤੇ ਇਹ ਵਿਅਕਤੀ ਪੁੱਜੇ ਸਨ:

ਕਾਹਨ ਸਿੰਘ ਉਰਫ਼ ਨਿਹੰਗ ਸਿੰਘ, ਬ੍ਰਹਮਾ ਸਿੰਘ, ਪਹਾੜਾ ਸਿੰਘ, ਹੁਕਮਾ ਸਿੰਘ, ਗੋਪਾਲ ਸਿੰਘ ਤੇ ਸੁਜਾਨ ਸਿੰਘ।

ਆਖ਼ਰੀ ਦੋ ਜਣਿਆਂ ਦੇ ਨਾਂਅ ਬਾਹਰ ਭੇਜੇ ਜਾਣ ਵਾਲਿਆਂ 'ਚ ਸ਼ਾਮਲ ਨਹੀਂ ਸਨ। ਮੇਰੇ ਖ਼ਿਆਲ ਅਨੁਸਾਰ ਉਹ ਇੰਨੇ ਅਹਿਮ ਨਹੀਂ ਸਨ ਤੇ ਉਨ੍ਹਾਂ ਨੂੰ ਤੁਰੰਤ ਲੁਧਿਆਣਾ 'ਚ ਰਿਹਾਅ ਕਰ ਦਿੱਤਾ ਗਿਆ ਸੀ।

ਲੁਧਿਆਣਾ ਤੋਂ ਉਪਰੋਕਤ ਸੂਬਿਆਂ ਨੂੰ ਵਾਪਸ ਭੇਜਣ ਪਿੱਛੋਂ ਭੈਣੀ ਜਾਂਦਿਆਂ ਮੈਂ ਉੱਥੇ 150 ਤੋਂ 200 ਕੂਕੇ ਇਕੱਠੇ ਹੋਏ ਵੇਖੇ। ਉਨ੍ਹਾਂ 'ਚ ਨਿਮਨਲਿਖਤ ਸੂਬੇ ਮੌਜੂਦ ਸਨ, ਜਿਨ੍ਹਾਂ ਦੇ ਨਾਂਅ ਮੈਂ ਉਸੇ ਵੇਲੇ ਕਾਪੀ 'ਚ ਲਿਖ ਲਏ ਸਨ।

ਹਰਸਾ ਸਿੰਘ ਗ੍ਰੰਥੀ, ਧਰਮ ਸਿੰਘ, ਹਰਨਾਮ ਸਿੰਘ, ਗਿਆਨੀ ਸਿੰਘ ਦਾ ਭਰਾ, ਹੀਰਾ ਸਿੰਘ ਵਾਸੀ ਸਢਾਉਰਾ, ਸਰਮੁਖ ਸਿੰਘ, ਖ਼ਜ਼ਾਨ ਸਿੰਘ, ਸਮੁੰਦ ਸਿੰਘ।

ਉੱਥੇ ਕੁਝ ਅਜਿਹੇ ਵੀ ਸਨ, ਜਿਹੜੇ ਅੱਗੇ ਨਹੀਂ ਆਏ ਸਨ ਤੇ ਉਹ ਆਪਣੇ -ਆਪ ਨੂੰ ਸੂਬਾ ਕਬੂਲ ਹੀ ਨਹੀਂ ਕਰ ਰਹੇ ਸਨ। ਉਪਰੋਕਤ ਕੇਵਲ ਉਹੀ ਹਨ, ਜਿਨ੍ਹਾਂ ਦੇ ਨਾਂਅ ਮੈਂ ਕਾਪੀ 'ਚ ਨੋਟ ਕੀਤੇ ਸਨ।

ਬਾਅਦ 'ਚ ਸੂਬਾ ਮਲੂਕ ਸਿੰਘ, ਜੋ ਕਿ ਨਹਿਰੀ ਕੰਮਾਂ ਤੇ ਸੀ, ਜਿੱਥੇ ਉਸ ਨੇ ਇੱਕ ਠੇਕਾ ਲਿਆ ਹੋਇਆ ਸੀ, ਨੂੰ ਲਿਆਂਦਾ ਗਿਆ। ਇਸ ਵਿਅਕਤੀ ਦਾ ਨਾਂਅ ਉਨ੍ਹਾਂ ਸੂਬਿਆਂ 'ਚ ਸ਼ਾਮਲ ਸੀ, ਜਿਨ੍ਹਾਂ ਨੂੰ ਇੱਥੋਂ ਬਾਹਰ ਭੇਜਣਾ ਸੀ।

## 197

*ਨੰ. 192-53ਪੀ, ਮਿਤੀ ਰੰਗੂਨ, 13 ਅਪ੍ਰੈਲ, 1872*

ਵੱਲੋਂ

ਜੇ. ਟਾਲਬੁਆਏਜ਼ ਵ੍ਹੀਲਰ, ਐਸਕ.,
ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਵੱਲ

ਸੀ.ਯੂ. ਐਚਿਸਨ, ਐਸਕ.,
ਸੀਐੱਸਆਈ, ਸਕੱਤਰ, ਭਾਰਤ ਸਰਕਾਰ,
ਵਿਦੇਸ਼ ਵਿਭਾਗ।

ਕਾਰਜਕਾਰੀ ਚੀਫ਼ ਕਮਿਸ਼ਨਰ ਨੇ ਮੈਨੂੰ ਕਾਰਜਕਾਰੀ ਅਧੀਨ ਸਕੱਤਰ ਦੇ ਪਿਛਲੇ ਮਹੀਨੇ ਦੀ 28 ਤਰੀਕ ਦੇ ਪੱਤਰ ਨੰ. 627 ਦੇ ਪ੍ਰਾਪਤ ਹੋਣ ਦੀ ਸੂਚਨਾ ਦੇਣ ਦੀ ਹਦਾਇਤ ਕੀਤੀ ਹੈ, ਜਿਸ ਵਿੱਚ ਪੰਜਾਬ ਸਰਕਾਰ ਨੇ ਸ਼ੱਕ ਪ੍ਰਗਟਾਇਆ ਹੈ ਕਿ ਕੂਕਾ ਮੁਖੀ (ਗੁਰੂ) ਰਾਮ ਸਿੰਘ ਜੀ ਆਪਣੇ ਦੋ ਸੇਵਕਾਂ ਤੇ ਇੱਕ ਬਾਣੀਏ ਦੀ ਮਦਦ ਨਾਲ ਪੰਜਾਬ ਨਾਲ ਚਿੱਠੀ-ਪੱਤਰੀ ਕਰ ਰਹੇ ਹਨ।

2. ਜਵਾਬ 'ਚ ਸ੍ਰੀ ਈਡਨ ਨੇ ਭਾਰਤ ਸਰਕਾਰ ਦਾ ਧਿਆਨ ਇਸ ਤੱਥ ਵੱਲ ਦਿਵਾਇਆ ਹੈ ਕਿ ਪੰਜਾਬ ਸਰਕਾਰ ਨੇ ਚਿੱਠੀ ਪਿਛਲੇ ਮਹੀਨੇ ਦੀ 16 ਤਰੀਕ ਨੂੰ ਲਿਖੀ ਸੀ, ਉਸੇ ਦਿਨ ਬਾਬਾ ਰਾਮ ਸਿੰਘ ਜੀ ਰੰਗੂਨ ਪੁੱਜੇ ਸਨ। ਇੰਝ ਜਾਪਦਾ ਹੈ ਬਾਬਾ ਰਾਮ ਸਿੰਘ ਜੀ ਤੇ ਪੰਜਾਬ 'ਚ ਰਹਿੰਦੇ ਉਨ੍ਹਾਂ ਦੇ ਪੈਰੋਕਾਰਾਂ ਵਿਚਾਲੇ ਜੋ ਵੀ

ਚਿੱਠੀ-ਪੱਤਰੀ ਹੋਈ ਹੋਵੇਗੀ, ਉਹ ਜ਼ਰੂਰ ਬਾਬਾ ਜੀ ਦੇ ਕਲਕੱਤਾ ਤੋਂ ਰਵਾਨਗੀ ਪਾਉਣ ਤੋਂ ਪਹਿਲਾਂ ਹੀ ਹੋਈ ਹੋਵੇਗੀ। ਕੂਕਾ ਮੁਖੀ ਦੇ ਰੰਗੂਨ ਪੁੱਜਣ ਦੇ ਬਾਅਦ ਤੋਂ ਹੀ ਉਹ ਕੇਂਦਰੀ ਜੇਲ੍ਹ ਦੀ ਚਾਰਦੀਵਾਰੀ ਅੰਦਰ ਬਹੁਤ ਹੀ ਸਖ਼ਤ ਸੁਰੱਖਿਆ ਚੌਕਸੀ 'ਚ ਰਹਿ ਰਹੇ ਹਨ ਅਤੇ ਉਨ੍ਹਾਂ ਨਾਲ ਸਿਰਫ਼ ਇੱਕੋ ਸੇਵਕ ਹੈ।

*ਨੰ. 1003 ਪੀ, ਮਿਤੀ 24 ਅਪ੍ਰੈਲ, 1872*

ਵਿਦੇਸ਼ ਵਿਭਾਗ ਵੱਲੋਂ ਪ੍ਰਵਾਨਿਤ
ਗ੍ਰਹਿ ਵਿਭਾਗ ਨੂੰ ਟ੍ਰਾਂਸਫ਼ਰ ਕੀਤਾ
ਨੰ. ਹੁਕਮ

## 198

*ਨੰ. 1383, ਮਿਤੀ ਲਾਹੌਰ, 19 ਅਪ੍ਰੈਲ, 1872*

ਵੱਲੋਂ

ਸੀ.ਐੱਮ. ਰਿਵਜ਼, ਐਸਕ.,
ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ।

ਵੱਲ

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਪੰਜਾਬ ਸਰਕਾਰ।

ਮੈਂ ਭਾਰਤ ਸਰਕਾਰ ਦੀ ਜਾਣਕਾਰੀ ਲਈ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਦੇ ਇੱਕ ਪੱਤਰ ਦੀ ਕਾਪੀ ਭੇਜਣੀ ਚਾਹੁੰਦਾ ਹਾਂ, ਜਿਸ ਵਿੱਚ ਡੇਰਾ ਬਾਬਾ ਨਾਨਕ ਨਗਰ ਦੇ 8 ਬੇਦੀਆਂ ਵੱਲੋਂ ਕੂਕਾ ਸਿਧਾਂਤਾਂ ਦਾ ਜਨਤਕ ਤੌਰ 'ਤੇ ਤਿਆਗ ਕਰਨ ਅਤੇ ਰਵਾਇਤੀ ਸਿੱਖ ਭਾਈਚਾਰੇ 'ਚ ਵਾਪਸ ਜਾਣ ਦਾ ਵਰਨਣ ਹੈ।

## 199

*ਨੰ. 175, ਮਿਤੀ 6 ਅਪ੍ਰੈਲ, 1872*

ਵੱਲੋਂ

ਲੈਫ਼ਟੀਨੈਂਟ ਕਰਨਲ ਜੇ. ਫ਼ੈਂਡਾਲ,
ਡਿਪਟੀ ਕਮਿਸ਼ਨਰ, ਗੁਰਦਾਸਪੁਰ।

ਵੱਲ

ਲੈਫ਼ਟੀਨੈਂਟ ਕਰਨਲ, ਸੀ.ਐੱਚ. ਹਾੱਲ,
ਕਾਰਜਕਾਰੀ ਕਮਿਸ਼ਨਰ ਤੇ ਸੁਪਰਇੰਟੈਂਡੈਂਟ, ਅੰਮ੍ਰਿਤਸਰ ਡਿਵੀਜ਼ਨ।

ਮੈਨੂੰ ਆਪ ਜੀ ਨੂੰ ਇਹ ਜਾਣਕਾਰੀ ਦੇਣ ਦਾ ਮਾਣ ਹਾਸਲ ਹੋਇਆ ਹੈ ਕਿ ਬੀਤੇ ਵੀਰਵਾਰ ਨੂੰ ਜ਼ਿਲ੍ਹੇ ਦੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਸ੍ਰੀ ਕ੍ਰਿਸਟੀ ਨੇ ਮੈਨੂੰ ਦੱਸਿਆ

ਕਿ ਸਿੰਘਪੁਰਾ ਦੇ ਹਰੀ ਸਿੰਘ (ਕੰਪਾਈਲਰ), ਡੇਰਾ ਬਾਬਾ ਨਾਨਕ ਸਰਕਲ ਦੇ ਜ਼ੈਲਦਾਰ ਆਪਣੇ ਕੂਕਾ ਸਿਧਾਂਤ ਨੂੰ ਤਿਆਗਣ ਲਈ ਕਾਹਲ਼ੇ ਪਏ ਹੋਏ ਸਨ ਅਤੇ ਉਹ ਸਿੱਖ ਧਰਮ 'ਚ ਵਾਪਸ ਆ ਗਏ। ਮੈਂ ਉਨ੍ਹਾਂ ਨੂੰ ਤੁਰੰਤ ਸੱਦਿਆ ਅਤੇ ਸ੍ਰੀ ਕ੍ਰਿਸਟੀ ਦੀ ਮੌਜੂਦਗੀ 'ਚ ਉਸ ਨੂੰ ਪੁੱਛਿਆ ਕਿ ਕੀ ਉਹ ਆਪਣੇ ਸਿਧਾਂਤ ਦਾ ਤਿਆਗ ਕਰਨ ਪ੍ਰਤੀ ਸੁਹਿਰਦ ਸੀ ਅਤੇ ਉਸ ਨੂੰ ਚੇਤਾਵਨੀ ਦਿੱਤੀ ਕਿ ਸਰਕਾਰ ਨੂੰ ਇਸ ਤੋਂ ਕੋਈ ਸਮੱਸਿਆ ਨਹੀਂ ਕਿ ਉਸ ਦੇ ਨਾਗਰਿਕਾਂ ਦਾ ਕੀ ਧਰਮ ਹੈ ਪਰ ਜਨਤਕ ਸੁਰੱਖਿਆ ਲਈ, ਇਹ ਬਹੁਤ ਜ਼ਰੂਰੀ ਹੈ ਕਿ ਉਸ ਸੰਪਰਦਾਇ ਦੇ ਸਾਰੇ ਮੈਂਬਰਾਂ 'ਤੇ ਚੌਕਸ ਨਜ਼ਰ ਰੱਖੀ ਜਾਵੇ, ਜਿਸ ਦੇ ਸਿਧਾਂਤਾਂ ਸਦਕਾ *ਕਤਲ ਤੇ ਬਗ਼ਾਵਤ* ਤੱਕ ਹੋ ਚੁੱਕੇ ਹਨ, ਹੁਣ ਤੱਕ ਤਾਂ ਸਭ ਨੇ ਇਹੋ ਵੇਖਿਆ ਹੈ। ਹਰੀ ਸਿੰਘ ਨੇ ਜਵਾਬ ਦਿੱਤਾ ਕਿ ਉਹ ਖ਼ੁਦ, ਉਸ ਦੇ ਦੋ ਪੁੱਤਰ ਨਾਰਾਇਣ ਸਿੰਘ ਤੇ ਸ਼ਾਮ ਸਿੰਘ ਦਿਲੋਂ ਕੂਕਾਵਾਦ ਦਾ ਤਿਆਗ ਕਰਨਾ ਚਾਹੁੰਦੇ ਸਨ। ਮੈਂ ਇੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਹਰੀ ਸਿੰਘ ਨੂੰ ਆਮ ਤੌਰ 'ਤੇ ਡੇਰਾ ਬਾਬਾ ਨਾਨਕ ਦੇ ਕਰਤਾਰ ਸਿੰਘ ਅਧੀਨ ਨਾਇਬ ਸੂਬਾ ਵਜੋਂ ਜਾਣਿਆ ਜਾਂਦਾ ਸੀ ਅਤੇ ਉਸ ਨੂੰ ਸੂਬੇ ਦਾ ਸਭ ਤੋਂ ਕੱਟੜ ਮੈਂਬਰ ਸਮਝਿਆ ਜਾਂਦਾ ਸੀ। ਜਦੋਂ ਹਰੀ ਸਿੰਘ ਨੇ ਮੈਨੂੰ ਦੱਸਿਆ ਕਿ ਉਹ ਕੂਕਾ ਸਿਧਾਂਤ ਦਾ ਤਿਆਗ ਕਰਨਾ ਚਾਹੁੰਦਾ ਹੈ, ਤਾਂ ਮੈਂ ਕਿਹਾ ਕਿ ਆਮ ਵਾਪਸੀ ਹੀ ਕਾਫ਼ੀ ਨਹੀਂ ਹੋਵੇਗੀ, ਸਗੋਂ ਉਸ ਨੂੰ ਤੇ ਉਸ ਦੇ ਪੁੱਤਰਾਂ ਨੂੰ ਜ਼ਰੂਰ ਹੀ ਇਹ ਵਾਪਸੀ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਸਾਹਿਬ 'ਚ ਜਾ ਕੇ ਕਰਨੀ ਹੋਵੇਗੀ ਤੇ ਉੱਥੇ ਉਨ੍ਹਾਂ ਨੂੰ ਸਿੱਖ ਭਾਈਚਾਰੇ 'ਚ ਮੁੜ ਸ਼ਾਮਲ ਕੀਤਾ ਜਾਵੇ। ਉਸ ਨੇ ਵਾਅਦਾ ਕੀਤਾ ਕਿ ਉਹ ਇਸੇ ਤਰ੍ਹਾਂ ਹੀ ਕਰੇਗਾ। ਇਸੇ ਲਈ ਮੈਂ ਉਸ ਨੂੰ ਕਿਹਾ ਕਿ ਸ੍ਰੀ ਕ੍ਰਿਸਟੀ ਅਤੇ ਮੈਂ ਉੱਥੇ ਮੌਜੂਦ ਰਹਾਂਗੇ, ਤਾਂ ਜੋ ਇਹ ਪੱਕਾ ਹੋਵੇ ਕਿ ਉਨ੍ਹਾਂ ਨੇ ਸੱਚਮੁਚ ਕੂਕਾ ਸਿਧਾਂਤ ਨੂੰ ਸਦਾ ਲਈ ਛੱਡ ਦਿੱਤਾ ਹੈ ਅਤੇ ਅਸੀਂ ਸਨਿੱਚਰਵਾਰ ਸਵੇਰੇ ਡੇਰਾ ਬਾਬਾ ਨਾਨਕ ਪੁੱਜ ਜਾਵਾਂਗੇ।

2. ਅਸੀਂ ਇਸ ਸਵੇਰ ਨੂੰ ਸਹੀ ਸਮੇਂ ਉੱਥੇ ਪੁੱਜ ਗਏ, ਤੇ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਬਾਬਾ ਰਾਮ ਸਿੰਘ ਜੀ ਦੇ ਸੂਬਿਆਂ 'ਚੋਂ ਇੱਕ ਕਰਤਾਰ ਸਿੰਘ ਬੇਦੀ ਅਤੇ ਚਾਰ ਹੋਰ ਬੇਦੀ – ਅਮਰ ਸਿੰਘ, ਗੰਡਾ ਸਿੰਘ, ਪ੍ਰਤਾਪ ਸਿੰਘ ਅਤੇ ਜਗੀਰ ਸਿੰਘ ਨੇ ਵੀ ਕਿਹਾ ਕਿ ਉਹ ਵੀ ਘਰ-ਵਾਪਸੀ ਕਰਨੀ ਚਾਹੁੰਦੇ ਹਨ। ਮੈਂ ਉਹੀ ਸਾਰੀਆਂ ਗੱਲਾਂ ਉਨ੍ਹਾਂ ਨੂੰ ਵੀ ਆਖੀਆਂ, ਜੋ ਮੈਂ ਹਰੀ ਸਿੰਘ ਨੂੰ ਕਹਿ ਚੁੱਕਾ ਸਾਂ ਅਤੇ ਉਨ੍ਹਾਂ ਸਭਨਾਂ ਨੇ ਕਿਹਾ ਕਿ ਉਹ ਗੁਰਦੁਆਰਾ ਸਾਹਿਬ 'ਚ ਤਿਆਗ ਕਰਨਾ ਚਾਹੁੰਦੇ ਹਨ।

3. ਦੁਪਹਿਰ ਨੂੰ ਮੈਂ ਅਤੇ ਸ੍ਰੀ ਕ੍ਰਿਸਟੀ ਗੁਰਦੁਆਰਾ ਸਾਹਿਬ 'ਚ ਗਏ। ਉਪਰੋਕਤ ਸਾਰੇ ਅੱਠ ਵਿਅਕਤੀ ਇੱਕ ਪਾਸੇ ਬੈਠੇ ਸਨ ਤੇ ਗੁਰੂਘਰ ਦੇ ਗ੍ਰੰਥੀ ਵੱਲੋਂ ਇਕ-ਇਕ ਕਰ ਕੇ ਸਭ ਨੂੰ ਸੱਦਿਆ ਜਾ ਰਿਹਾ ਸੀ ਅਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਸੀ। ਉਨ੍ਹਾਂ ਤੋਂ ਪੁੱਛਿਆ ਗਿਆ ਕਿ ਉਹ ਕਿਸ ਲਈ ਆਏ ਹਨ ਅਤੇ ਉਨ੍ਹਾਂ ਜਵਾਬ ਦਿੱਤਾ ਕਿ ਉਹ ਇਹੋ ਬੇਨਤੀ ਲੈ ਕੇ ਆਏ ਹਨ ਕਿ ਉਨ੍ਹਾਂ ਨੂੰ ਸਿੱਖ ਭਾਈਚਾਰੇ 'ਚ ਦੋਬਾਰਾ ਸ਼ਾਮਲ ਕੀਤਾ ਜਾਵੇ। ਤਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੇ

ਕੂਕਾਵਾਦ ਦਾ ਤਿਆਗ ਕਿਉਂ ਕੀਤਾ ਹੈ; ਤਾਂ ਉਨ੍ਹਾਂ ਜਵਾਬ ਦਿੱਤਾ ਕਿ ਉਹ ਹੁਣ ਉਸ ਨੂੰ ਇੱਕ ਢੋਂਗੀ ਸਮਝਦੇ ਹਨ ਕਿਉਂਕਿ ਉਸ ਨੇ ਸਿੱਖਾਂ ਦੀ ਸਰਬਉੱਚਤਾ ਮੁੜ ਕਾਇਮ ਕਰਨ ਦਾ ਵਾਅਦਾ ਕੀਤਾ ਸੀ ਅਤੇ ਫਿਰ ਨਾਮਣਾ ਖੱਟਣ ਲਈ ਬਗ਼ਾਵਤ ਕੀਤੀ ਅਤੇ ਕਤਲ ਕਰਵਾਏ ਪਰ ਉਹ ਹੁਣ ਉਸ ਨੂੰ ਪੰਥ 'ਚੋਂ ਛੇਕਿਆ ਹੋਇਆ ਅਤੇ ਇੱਕ ਭੰਗੀ ਤੋਂ ਵੱਧ ਨਹੀਂ ਸਮਝਦੇ ਹਨ। ਫਿਰ ਉਹ ਇੱਕ-ਇੱਕ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਏ। ਹਰੀ ਸਿੰਘ ਨੂੰ 55 ਰੁਪਏ ਅਤੇ ਹੋਰਨਾਂ ਨੂੰ ਰਵਾਇਤੀ ਸਵਾ ਰੁਪਿਆ ਜੁਰਮਾਨਾ ਕੀਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਨੂੰ ਮੁੱਖ ਗ੍ਰੰਥੀ ਨੇ ਉਨ੍ਹਾਂ ਨੂੰ ਆਸ਼ੀਰਵਾਦ ਦੇ ਕੇ ਸਿੱਖ ਕੌਮ 'ਚ ਮੁੜ ਸ਼ਾਮਲ ਕਰ ਲਿਆ। ਉਸ ਸਮੇਂ ਉੱਥੇ ਪਹਿਲੀ ਅਵਧ ਪੁਲਿਸ ਦੇ ਕਮਾਂਡੈਂਟ ਬਾਬੂ ਜੀਵਨ ਸਿੰਘ, ਮਹੰਤ ਹਰੀ ਦਾਸ ਤੇ ਮਹੰਤ ਮਨੋਹਰ ਦਾਸ, ਹਰਦਾਸ ਸਿੰਘ ਬੇਦੀ, ਸੁੰਦਰ ਸਿੰਘ ਬੇਦੀ, ਗੁਰਬਖ਼ਸ਼ ਸਿੰਘ ਬੇਦੀ ਅਤੇ ਸੰਤ ਸਿੰਘ ਬੇਦੀ ਅਤੇ ਨੂਰ ਮੁਹੰਮਦ ਤੇ ਮਿਰਜ਼ਾ ਨਿਆਜ਼ ਬੇਗ ਅਤੇ ਮਿਉਂਸਪਲ ਕਮੇਟੀ ਦੇ ਸਾਰੇ ਮੈਂਬਰ ਵੀ ਮੌਜੂਦ ਸਨ। ਉੱਥੇ ਹੋਰ ਲੋਕਾਂ ਦੀ ਵੀ ਬਹੁਤ ਵੱਡੀ ਭੀੜ ਮੌਜੂਦ ਸੀ, ਗੁਰਦੁਆਰਾ ਸਾਹਿਬ ਦੇ ਸਾਹਮਣੇ ਦੀ ਸਾਰੀ ਥਾਂ ਖਚਾਖਚ ਭਰੀ ਹੋਈ ਸੀ।

4. ਇਨ੍ਹਾਂ ਅੱਠ ਜਣਿਆਂ 'ਚੋਂ ਕੁਝ ਦਾ ਤਾਂ ਬਹੁਤ ਜ਼ਿਆਦਾ ਸਮਾਜਕ ਪ੍ਰਭਾਵ ਹੈ ਅਤੇ ਇਨ੍ਹਾਂ ਸਭਨਾਂ ਨੇ ਜਨਤਕ ਤੌਰ 'ਤੇ ਸੱਚਮੁਚ ਕੂਕਾ ਸਿਧਾਂਤਾਂ ਦਾ ਤਿਆਗ ਕਰ ਦਿੱਤਾ ਹੈ ਅਤੇ ਬਾਬਾ ਰਾਮ ਸਿੰਘ ਜੀ ਨੂੰ ਢੋਂਗੀ ਆਖ ਕੇ ਉਨ੍ਹਾਂ ਦੀ ਨਿੰਦਾ ਕੀਤੀ। ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਜਿਸ ਸਥਾਨ 'ਤੇ ਅਤੇ ਜਿਹੜੇ ਲੋਕਾਂ ਦੇ ਸਾਹਮਣੇ ਕੂਕਾ ਸਿਧਾਂਤਾਂ ਦਾ ਤਿਆਗ ਕੀਤਾ ਗਿਆ ਹੈ, ਉਨ੍ਹਾਂ ਦੀ ਅਹਿਮੀਅਤ ਹੈ। ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ ਡੇਰਾ ਬਾਬਾ ਨਾਨਕ ਦਾ ਗੁਰਦੁਆਰਾ ਸਾਹਿਬ ਸਿੱਖ ਧਰਮ ਲਈ ਸਭ ਤੋਂ ਵੱਧ ਪ੍ਰਾਚੀਨ ਤੇ ਪਵਿੱਤਰ ਹੈ। ਅੰਮ੍ਰਿਤਸਰ ਦਾ ਸ੍ਰੀ ਹਰਿਮੰਦਰ ਸਾਹਿਬ ਕਿਤੇ ਜ਼ਿਆਦਾ ਅਮੀਰ ਤੇ ਬਹੁਤ ਹਰਮਨਪਿਆਰਾ ਸੰਸਥਾਨ ਹੈ ਪਰ ਡੇਰਾ ਬਾਬਾ ਨਾਨਕ ਦਾ ਗੁਰਦੁਆਰਾ ਸਾਹਿਬ ਉਹ ਅਸਥਾਨ ਹੈ, ਜਿੱਥੇ ਬਾਬਾ ਨਾਨਕ ਜੋਤਿ-ਜੋਤਿ ਸਮਾਏ ਸਨ ਅਤੇ ਇਸ ਗੁਰੂ ਘਰ ਦੀ ਸਥਾਪਨਾ ਖ਼ੁਦ ਗੁਰੂ ਸਾਹਿਬ ਨੇ ਹੀ ਕੀਤੀ ਸੀ ਤੇ ਇਸੇ ਲਈ ਇਹ ਪੰਜਾਬ ਦਾ ਸਭ ਤੋਂ ਪਵਿੱਤਰ ਸਿੱਖ ਤੀਰਥ ਅਸਥਾਨ ਹੈ। ਜਿਹੜੇ ਲੋਕਾਂ ਸਾਹਮਣੇ ਇਨ੍ਹਾਂ ਵਿਅਕਤੀਆਂ ਦੀ ਘਰ-ਵਾਪਸੀ ਹੋਈ ਹੈ, ਉਹ ਉਹੀ ਹਨ ਜਿਨ੍ਹਾਂ ਨੇ 1869 'ਚ ਬਾਬਾ ਰਾਮ ਸਿੰਘ ਜੀ ਨੇ ਇੱਥੇ ਪੁੱਜ ਕੇ ਡੇਰਾ ਬਾਬਾ ਨਾਨਕ ਦੇ ਮਹੰਤਾਂ ਨਾਲ ਗੱਲਬਾਤ ਕੀਤੀ ਸੀ ਕਿ ਤਾਂ ਜੋ ਆਪਸੀ ਸਿਧਾਂਤਕ ਮਤਭੇਦ ਦੂਰ ਕੀਤੇ ਜਾ ਸਕਣ। ਉਹ ਗੱਲਬਾਤ ਬਹੁਤ ਜ਼ਿਆਦਾ ਹਿੰਸਕ ਝਗੜੇ ਨਾਲ ਖ਼ਤਮ ਹੋਈ ਸੀ ਅਤੇ ਭਾਵੇਂ ਬਾਬਾ ਰਾਮ ਸਿੰਘ ਜੀ ਦੇ ਇੱਕ ਸੂਬੇ ਨੂੰ ਖ਼ਾਸ ਤੌਰ 'ਤੇ ਸਮਝੌਤੇ ਲਈ ਭੇਜਿਆ ਗਿਆ ਸੀ ਪਰ ਕੋਈ ਸਫ਼ਲਤਾ ਨਹੀਂ ਮਿਲੀ ਸੀ। ਇਹ ਇੱਕ ਵਰਨਣਯੋਗ ਤੱਥ ਹੈ ਕਿ ਅੱਠ ਕੂਕਿਆਂ ਨੇ ਆਪਣੇ ਸਿਧਾਂਤਾਂ ਦਾ ਉਸੇ ਗੁਰੂਘਰ 'ਚ ਉਨ੍ਹਾਂ ਹੀ ਲੋਕਾਂ ਸਾਹਮਣੇ ਤਿਆਗ ਕੀਤਾ, ਜਿਨ੍ਹਾਂ ਨਾਲ ਬਾਬਾ ਰਾਮ ਸਿੰਘ ਜੀ ਦਾ ਬਹੁਤ ਹਿੰਸਕ ਝਗੜਾ ਹੋਇਆ ਸੀ।

## 200

*ਨੰ. 20, ਮਿਤੀ ਭਾਰਤੀ ਦਫ਼ਤਰ, ਲੰਦਨ, 25 ਅਪ੍ਰੈਲ, 1872*

ਵੱਲੋਂ

ਮਹਰਾਣੀ ਦੇ ਸਕੱਤਰ, ਭਾਰਤ ਸਰਕਾਰ।

ਵੱਲ

ਭਾਰਤ ਸਰਕਾਰ।

ਮਹਾਮਹਿਮ-ਇਨ-ਕੌਂਸਲ ਵੱਲੋਂ ਭੇਜੇ ਮਿਤੀ 15 ਮਾਰਚ ਦੇ ਡਿਸਪੈਚ ਨੰ. 1872 ਦੇ 17 ਵਿੱਚ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਨੂੰ 1818 ਦੇ ਕਾਨੂੰਨ III ਦੀਆਂ ਵਿਵਸਥਾਵਾਂ ਅਧੀਨ ਬ੍ਰਿਟਿਸ਼ ਬਰਮਾ ਭੇਜਣ ਬਾਰੇ ਮੇਰੇ ਵੱਲੋਂ ਕੌਂਸਲ 'ਚ ਵਿਚਾਰ ਕੀਤਾ ਗਿਆ ਹੈ।

2. ਜਵਾਬ 'ਚ ਮੈਂ ਮਹਾਮਹਿਮ-ਇਨ-ਕੌਂਸਲ ਦੀਆਂ ਕਾਰਵਾਈਆਂ ਨੂੰ ਆਪਣੀ ਪ੍ਰਵਾਨਗੀ ਦਿੰਦਾ ਹਾਂ।

## 201

*ਸਰਕੂਲਰ ਮੀਮੋ ਨੰ. 199, ਮਿਤੀ ਲਾਹੌਰ, 29 ਅਪ੍ਰੈਲ, 1872*

ਵੱਲ

ਸਮੂਹ ਕਮਿਸ਼ਨਰ ਤੇ ਸੁਪਰਇੰਟੈਂਡੈਂਟਸ।

ਮਾਣਯੋਗ ਸਾਹਿਬ ਸਮਝਦੇ ਹਨ ਕਿ ਕੁਝ ਜ਼ਿਲ੍ਹਿਆਂ 'ਚ ਸਥਾਨਕ ਅਧਿਕਾਰੀਆਂ ਨੇ ਕੂਕਿਆਂ 'ਤੇ ਆਪਣੇ-ਆਪ ਹੀ ਕਈ ਤਰ੍ਹਾਂ ਦੀਆਂ ਸਖਤ ਪਾਬੰਦੀਆਂ ਲਾ ਦਿੱਤੀਆਂ ਹਨ, ਜਿਵੇਂ ਕਿ ਉਨ੍ਹਾਂ ਨੂੰ ਆਪਣੇ ਘਰਾਂ ਤੋਂ ਬਾਹਰ ਨਿਕਲਣ ਤੋਂ ਹੀ ਵਰਜ ਦਿੱਤਾ ਗਿਆ ਹੈ ਆਦਿ। ਮਹਾਮਹਿਮ ਚਾਹੁੰਦੇ ਹਨ ਕਿ ਇਸ ਸੰਪਰਦਾਇ ਦੇ ਸਿਰਫ਼ ਉਨ੍ਹਾਂ ਹੀ ਲੋਕਾਂ ਨੂੰ ਅਜਿਹੀਆਂ ਸਖ਼ਤ ਰੋਕਾਂ ਅਧੀਨ ਰੱਖਿਆ ਜਾਵੇ, ਜਿਨ੍ਹਾਂ ਨੂੰ ਅਧਿਕਾਰੀ ਖ਼ਤਰਨਾਕ ਸਮਝਦੇ ਹਨ।

ਸਿਰਫ਼ ਖ਼ਤਰਨਾਕ ਵਿਅਕਤੀ ਦੀਆਂ ਗਤੀਵਿਧੀਆਂ 'ਤੇ ਹੀ ਪਾਬੰਦੀ ਲਾਈ ਜਾਵੇ।

## 202

ਕੂਕਿਆਂ ਦੀ ਪੁਲਿਸ 'ਚੋਂ ਬਰਖ਼ਾਸਤਗੀ

*ਨੰ. 207, ਮਿਤੀ ਲਾਹੌਰ, 30 ਅਪ੍ਰੈਲ, 1872*

ਵੱਲੋਂ

ਲੈਫ਼ਟੀਨੈਂਟ ਕਰਨਲ ਜੀ. ਹਚਿਨਸਨ, ਸੀਐੱਸਆਈ,
ਅਧੀਨ ਸਕੱਤਰ, ਪੰਜਾਬ ਸਰਕਾਰ।

*ਵੱਲ*

ਈਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਲੈਫ਼ਟੀਨੈਂਟ ਗਵਰਨਰ ਨੇ ਮੈਨੂੰ ਹਦਾਇਤ ਦਿੱਤੀ ਹੈ ਕਿ ਮੈਂ ਇਸੇ ਮਹੀਨੇ ਦੀ 19 ਤਰੀਕ ਦੇ ਤੁਹਾਡੇ ਪੱਤਰ ਨੰ. 773 ਦੀ ਪ੍ਰਾਪਤੀ ਦੀ ਸੂਚਨਾ ਦੇਵਾਂ, ਜਿਸ ਵਿੱਚ ਕੂਕਿਆਂ ਦੀ ਪੁਲਿਸ 'ਚੋਂ ਬਰਖ਼ਾਸਤਗੀ ਦਾ ਜ਼ਿਕਰ ਹੈ, ਦਿੱਤੀ ਗਈ ਪ੍ਰਵਾਨਗੀ ਦੇ ਹਵਾਲੇ ਨਾਲ, ਇਹ ਦੱਸਿਆ ਜਾਂਦਾ ਹੈ ਕਿ ਮਾਣਯੋਗ ਸਾਹਿਬ ਹਾਲ ਦੀ ਘੜੀ ਇਸ 'ਤੇ ਕਾਰਵਾਈ ਨਹੀਂ ਚਾਹੁੰਦੇ ਹਨ ਕਿਉਂਕਿ ਹੁਣ ਹਾਲਾਤ ਕੁਝ ਤਬਦੀਲ ਹੋ ਚੁੱਕੇ ਹਨ ਪਰ ਉਹ ਇਸ ਨੂੰ ਆਪਣੇ ਧਿਆਨ ਗੋਚਰੇ ਰੱਖਣਗੇ ਕਿਉਂਕਿ ਜਦੋਂ ਵੀ ਕਦੇ ਅਜਿਹੀ ਲੋੜ ਪਈ, ਤਾਂ ਇਸ 'ਤੇ ਵਿਚਾਰ ਕੀਤਾ ਜਾਵੇਗਾ।

## 203

*ਨੰ. 875, ਮਿਤੀ 30 ਅਪ੍ਰੈਲ।*

*ਵੱਲੋਂ*

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

*ਵੱਲ*

ਸਕੱਤਰ, ਪੰਜਾਬ ਸਰਕਾਰ।

ਨੰ. 1270, ਮਿਤੀ 11 ਅਪ੍ਰੈਲ, 1872

ਬੀਤੀ 22 ਮਾਰਚ ਦੇ ਮੇਰੇ ਪੱਤਰ ਨੰ. 569 ਦੀ ਨਿਰੰਤਰਤਾ 'ਚ ਮੈਂ ਅਤੇ ਇੱਥੇ ਹਾਸ਼ੀਏ 'ਚ ਦਰਜ ਤੁਹਾਡੇ ਜਵਾਬ ਦੇ ਹਵਾਲੇ ਨਾਲ, ਜੋ ਮਲੇਰਕੋਟਲਾ ਦੇ ਕੈਦੀਆਂ ਦੇ ਵਿਸ਼ੇ ਨਾਲ ਸੰਬੰਧਤ ਹੈ, ਮੈਨੂੰ ਇਹ ਬਿਆਨ ਕਰਨ ਦੀ ਹਦਾਇਤ ਹੋਈ ਹੈ ਕਿ ਗਵਰਨਰ ਜਨਰਲ-ਇਨ-ਕੌਂਸਲ ਹੁਣ ਇਸ ਦਰਦਨਾਕ ਮਾਮਲੇ 'ਚ ਅੰਤਿਮ ਹੁਕਮ ਦੇਣ ਦੀ ਪੁਜ਼ੀਸ਼ਨ 'ਚ ਹਨ।

2. ਮਹਾਮਹਿਮ-ਇਨ-ਕੌਂਸਲ ਨੇ ਪਰਪੱਕਤਾ ਨਾਲ ਸ੍ਰੀ ਫ਼ਾਰਸਿਥ ਤੇ ਸ੍ਰੀ ਕਾਵਨ ਵੱਲੋਂ ਬਿਆਨੇ ਸਾਰੇ ਤੱਥਾਂ 'ਤੇ ਵਿਚਾਰ ਕੀਤਾ ਹੈ ਅਤੇ ਤੁਹਾਡੇ ਪੱਤਰਾਂ 19 ਜਨਵਰੀ ਨੰ. 23ਸੀ, 7 ਫ਼ਰਵਰੀ ਨੰ. 59 ਸੀ 'ਚ ਦਰਜ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੇ ਵਿਚਾਰ ਮੁਤਾਬਕ ਅਤੇ ਇਸ ਮਾਮਲੇ ਦੇ ਸਾਰੇ ਹਾਲਾਤ ਨੂੰ ਬਿਨਾਂ ਦੁਹਰਾਏ, ਜੋ ਨਾਲ ਨੱਥੀ ਮੈਮੋਰੈਂਡਮ 'ਚ ਦਿੱਤੇ ਗਏ ਹਨ, ਉਨ੍ਹਾਂ ਦਾ ਮੰਨਣਾ ਹੈ ਕਿ ਨਿਮਨਲਿਖਤ ਪ੍ਰਮੁੱਖ ਤੱਥਾਂ ਨੂੰ ਮੁੜ ਯਾਦ ਕਰਨਾ ਦਰੁਸਤ ਰਹੇਗਾ, ਜਿਨ੍ਹਾਂ 'ਤੇ ਉਨ੍ਹਾਂ ਦਾ ਫ਼ੈਸਲਾ ਦਿੱਤਾ ਜਾਣਾ ਹੈ।

3. 17 ਜਨਵਰੀ ਨੂੰ 49 ਵਿਅਕਤੀਆਂ ਨੂੰ, ਜਿਨ੍ਹਾਂ 'ਚੋਂ ਬਹੁਤੇ ਜ਼ਖ਼ਮੀ ਸਨ, ਸ੍ਰੀ ਕਾਵਨ ਦੇ ਹੁਕਮਾਂ ਅਨੁਸਾਰ ਮਲੇਰਕੋਟਲਾ ਵਿਖੇ ਬਿਨਾਂ ਸੁਣਵਾਈ ਦੇ ਤੋਪਾਂ ਨਾਲ

ਉਡਾ ਦਿੱਤਾ ਗਿਆ ਸੀ। ਇਹ ਵਿਅਕਤੀ ਬੇਸ਼ੱਕ ਵੱਡੇ ਅਪਰਾਧ ਦੇ ਦੋਸ਼ੀ ਸਨ ਪਰ ਉਨ੍ਹਾਂ ਨੂੰ ਜਿਸ ਹੱਦੋਂ ਵੱਧ ਸਖ਼ਤੀ ਨਾਲ ਅੰਨ੍ਹੇਵਾਹ ਮੌਤ ਦੀ ਸਜ਼ਾ ਦਿੱਤੀ ਗਈ, ਉਸ ਲਈ ਬਹੁਤ ਮਜ਼ਬੂਤ ਸਪੱਸ਼ਟੀਕਰਣ ਦੇਣਾ ਬਣਦਾ ਹੈ। ਮਹਾਮਹਿਮ-ਇਨ-ਕੌਂਸਲ ਦੇ ਵਿਚਾਰ ਅਨੁਸਾਰ ਅਜਿਹੀਆਂ ਕਾਰਵਾਈਆਂ ਨੂੰ ਕਿਸੇ ਵੀ ਤਰ੍ਹਾਂ ਦਰੁਸਤ ਕਰਾਰ ਨਹੀਂ ਦਿੱਤਾ ਜਾ ਸਕਦਾ। ਜੇ ਕੋਈ ਨਿਆਂਇਕ ਜਾਂਚ ਕੀਤੀ ਜਾਂਦੀ, ਤਾਂ ਪਮੁੱਖ ਆਗੂਆਂ ਤੇ ਪੈਰੋਕਾਰਾਂ ਵਿਚਾਲੇ ਫ਼ਰਕ ਜ਼ਰੂਰ ਸਾਹਮਣੇ ਆ ਸਕਦਾ ਸੀ ਤੇ ਫਿਰ ਸਜ਼ਾ ਦੀ ਬਣਦੀ ਕਾਰਜ-ਵਿਧੀ ਅਪਣਾਈ ਜਾ ਸਕਦੀ ਸੀ। ਨਿਆਂਇਕ ਪ੍ਰਕਿਰਿਆ ਤੋਂ ਬਿਨਾਂ ਮੌਤ ਦੀ ਸਜ਼ਾ ਦਿੱਤੇ ਜਾਣ ਸਮੇਂ ਤੱਕ ਤਾਂ ਗੜਬੜੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਬਾਇਆ ਵੀ ਜਾ ਚੁੱਕਾ ਸੀ। ਸ੍ਰੀ ਕਾਵਨ ਦੇ ਹੁਕਮਾਂ ਦੀ ਉਡੀਕ 'ਚ ਸੁਰੱਖਿਆ ਬਲਾਂ ਦੀਆਂ ਵਰਨਣਯੋਗ ਇਕਾਈਆਂ ਮੌਜੂਦ ਸਨ ਅਤੇ ਅਜਿਹਾ ਕੋਈ ਸਬੂਤ ਵੀ ਮੌਜੂਦ ਨਹੀਂ ਹੈ, ਜਿਸ ਰਾਹੀਂ ਇਹ ਦਰਸਾਇਆ ਜਾ ਸਕੇ ਕਿ ਅਸਲ 'ਚ ਤੁਰੰਤ ਕੋਈ ਖ਼ਤਰਾ ਮੌਜੂਦ ਸੀ ਜਾਂ ਕੈਦੀਆਂ ਵੱਲੋਂ ਕੁਝ ਵੀ ਕੀਤੇ ਜਾਣ ਦਾ ਖ਼ਦਸ਼ਾ ਸੀ ਜਾਂ ਉਨ੍ਹਾਂ ਕੈਦੀਆਂ ਦੇ ਸੰਪਰਦਾਇ ਦੇ ਹੋਰ ਮੈਂਬਰਾਂ ਦਾ ਕੋਈ ਖ਼ਤਰਾ ਸੀ। ਇੱਕੋ-ਇੱਕ ਖ਼ਤਰੇ ਦਾ ਤੱਥ ਇਹੋ ਹੈ ਕਿ ਸ਼ਹਿਰ ਮਲੇਰਕੋਟਲਾ ਦੇ ਨੇੜੇ-ਤੇੜੇ ਕੂਕਿਆਂ ਦੀਆਂ ਕਈ ਨਿੱਕੀਆਂ-ਨਿੱਕੀਆਂ ਟੋਲੀਆਂ ਨੂੰ ਵੇਖਿਆ ਗਿਆ ਸੀ, ਉਹ ਵੀ ਛੇਤੀ ਹੀ ਗ਼ਾਇਬ ਹੋ ਗਈਆਂ ਸਨ। ਮਹਿਮਹਿਮ-ਇਨ-ਕੌਂਸਲ ਨੂੰ ਇੰਝ ਜਾਪਦਾ ਹੈ ਕਿ ਇਹ ਟੋਲੀਆਂ ਬਿਨਾਂ ਸੁਣਵਾਈ ਮੌਤ ਦੀ ਸਜ਼ਾ ਕਾਰਨ ਨਹੀਂ, ਸਗੋਂ ਇਸ ਲਈ ਗ਼ਾਇਬ ਹੋ ਰਹੀਆਂ ਸਨ ਕਿਉਂਕਿ ਉਨ੍ਹਾਂ ਦੇ ਸਾਥੀ ਹਾਰ ਗਏ ਸਨ ਅਤੇ ਮਾਣਯੋਗ ਸਾਹਿਬ ਦਾ ਇਹ ਵਿਚਾਰ 7 ਫ਼ਰਵਰੀ ਵਾਲੀ ਤੁਹਾਡੀ ਚਿੱਠੀ ਦੇ ਪੈਰਾ 10 ਦੇ ਆਧਾਰ 'ਤੇ ਬਣਿਆ ਹੈ, ਜਿਸ ਵਿੱਚ ਲਿਖਿਆ ਗਿਆ ਹੈ-

''ਲੈਫ਼ਟੀਨੈਂਟ ਗਵਰਨਰ ਇਹ ਵਿਚਾਰ ਨਹੀਂ ਹੈ ਕਿ ਹੁਣ ਪੇਸ਼ ਕੀਤੇ ਸਬੂਤ ਦਰਸਾਉਂਦੇ ਹਨ ਕਿ ਕੋਟਲਾ ਵੱਲ ਆਉਂਦੀਆਂ ਕੂਕਿਆਂ ਦੀਆਂ ਟੋਲੀਆਂ ਸ੍ਰੀ ਕਾਵਨ ਵੱਲੋਂ ਸੁਣਾਈ ਗਈ ਮੌਤ ਦੀ ਸਜ਼ਾ ਕਾਰਣ ਤੁਰੰਤ ਅਲੋਪ ਹੋ ਰਹੀਆਂ ਸਨ ਕਿਉਂਕਿ ਉਹ 15 ਤਰੀਕ ਨੂੰ ਵਾਪਸ ਗਏ ਦੱਸੇ ਜਾਂਦੇ ਹਨ, ਜਿਸ ਦਿਨ ਹਮਲਾ ਹੋਇਆ ਸੀ, ਜਦ ਕਿ ਮੌਤ ਦੀਆਂ ਸਜ਼ਾਵਾਂ 17 ਤਰੀਕ ਦੀ ਸਵੇਰ ਨੂੰ ਦਿੱਤੀਆਂ ਗਈਆਂ ਸਨ। ਉਹ (ਟੋਲੀਆਂ) ਇਸ ਲਈ ਅਲੋਪ ਹੋ ਰਹੀਆਂ ਸਨ ਕਿਉਂਕਿ ਹਮਲੇ ਨੂੰ ਕੋਟਲਾ ਦੇ ਲੋਕਾਂ ਨੇ ਨਾਕਾਮ ਕਰ ਦਿੱਤਾ ਸੀ।''

4. ਸੰਖੇਪ 'ਚ, ਇਸ ਮਾਮਲੇ ਦੇ ਹਾਲਾਤ ਅਤੇ ਸ੍ਰੀ ਕਾਵਨ ਦੀਆਂ ਚਿੱਠੀਆਂ ਤੋਂ ਪ੍ਰਾਪਤ ਹੋਏ ਬਹੁਤ ਸਾਰੇ ਪ੍ਰਗਟਾਵਿਆਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਮੌਤ ਦੀਆਂ ਸਜ਼ਾਵਾਂ ਦੇਣ ਪਿੱਛੇ ਉਨ੍ਹਾਂ ਦਾ ਮੰਤਵ ਇੱਕ ਅਜਿਹੀ ਬਗ਼ਾਵਤ ਨੂੰ ਰੋਕਣਾ ਸੀ, ਜਿਸ ਬਾਰੇ ਉਨ੍ਹਾਂ ਬਹੁਤ ਜ਼ਰੂਰੀ ਸਮਝੀ ਸੀ ਕਿ ਤਾਂ ਜੋ ਸਮੁੱਚੇ ਕੂਕਾ ਸੰਪਰਦਾਇ 'ਚ ਦਹਿਸ਼ਤ ਫੈਲੇ। ਇਸ ਦੀ ਵਿਆਖਿਆ 'ਚ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸ੍ਰੀ ਫ਼ਾਰਸਿਥ ਅਤੇ ਸ੍ਰੀ ਕਾਵਨ ਦੋਵਾਂ ਨੇ ਇਸ ਤੱਥ ਨੂੰ ਉਭਾਰਿਆ ਸੀ ਕਿ ਰਾਏਕੋਟ ਦੇ ਕਾਤਲਾਂ ਨੂੰ ਮਿਲੀ ਮੌਤ ਦੀ ਸਜ਼ਾ ਦਾ ਬਹੁਤ ਥੋੜ੍ਹਾ ਪ੍ਰਭਾਵ ਪਿਆ ਸੀ ਤੇ ਉਹ ਕੂਕਿਆਂ

ਨੂੰ ਹੋਰ ਹਿੰਸਾ ਤੋਂ ਵਰਜ ਨਹੀਂ ਸਕਿਆ ਸੀ।

5. ਜਿਹੜੇ ਖ਼ਾਸ ਹਾਲਾਤ ਅਧੀਨ ਸ੍ਰੀ ਕਾਵਨ ਨੇ ਕਾਰਵਾਈ ਕੀਤੀ ਸੀ, ਉਨ੍ਹਾਂ ਵੱਲ ਧਿਆਨ ਦਿਵਾਉਣ ਤੋਂ ਪਹਿਲਾਂ ਗਵਰਨਰ ਜਨਰਲ-ਇਨ-ਕੌਂਸਲ ਉਸ ਸਿਧਾਂਤ ਨੂੰ ਦਰੁਸਤ ਕਰਾਰ ਦਿੱਤਾ, ਜਿਸ ਦੇ ਆਧਾਰ 'ਤੇ ਅਧਿਕਾਰੀ ਵੱਲੋਂ ਕਾਰਵਾਈ ਕੀਤੀ ਗਈ ਜਾਪਦੀ ਸੀ ਕਿਉਂਕਿ ਮਹਾਮਹਿਮ-ਇਨ-ਕੌਂਸਲ ਕੋਲ ਡਰ ਦਾ ਕਾਰਣ ਹੈ ਕਿ ਇਸ ਨਾਲ ਉਨ੍ਹਾਂ ਅਧਿਕਾਰੀਆਂ ਦੇ ਮਨਾਂ 'ਤੇ ਵਰਨਣਯੋਗ ਪ੍ਰਭਾਵ ਪੈ ਸਕਦਾ ਸੀ, ਜੋ ਔਖੀਆਂ ਘੜੀਆਂ 'ਚ ਖ਼ੁਦ ਨੂੰ ਜ਼ਿੰਮੇਵਾਰ ਸਮਝਦੇ ਹਨ। ਸ਼ਾਇਦ ਇਹ ਸਿਧਾਂਤ ਪ੍ਰਵਾਨਿਤ ਨਹੀਂ, ਸਗੋਂ ਮਹਿਸੂਸ ਕੀਤਾ ਜਾਂਦਾ ਹੈ ਕਿ - ਕਾਨੂੰਨ ਸਿਰਫ਼ ਅਮਨ-ਚੈਨ ਦੇ ਵੇਲਿਆਂ ਲਈ ਹੁੰਦਾ ਹੈ ਅਤੇ ਜਦੋਂ ਕਦੇ ਸਿਆਸੀ ਖ਼ਤਰੇ ਦਾ ਖ਼ਦਸ਼ਾ ਹੁੰਦਾ ਹੈ, ਤਾਂ ਅਧਿਕਾਰੀ ਕਾਨੂੰਨ ਦੀ ਪਾਲਣਾ ਪੂਰੀ ਤਰ੍ਹਾਂ ਨਹੀਂ ਵੀ ਕਰਦੇ, ਆਪਣੀ ਮਰਜ਼ੀ ਤੇ ਅਨੁਮਾਨ ਅਨੁਸਾਰ ਸਜ਼ਾਵਾਂ ਦੇ ਸਕਦੇ ਹਨ ਅਤੇ ਕਿਸੇ ਖ਼ਾਸ ਮਾਮਲੇ 'ਚ ਕੋਈ ਮਿਸਾਲ ਕਾਇਮ ਕਰਨ ਲਈ ਤੁਰਤ-ਫੁਰਤ ਰੋਹ ਦੇ ਦਬਾਅ ਹੇਠ ਆ ਕੇ ਮੌਕੇ 'ਤੇ ਫ਼ੈਸਲੇ ਲੈ ਲੈਂਦੇ ਹਨ, ਫਿਰ ਵੀ ਦਰੁਸਤ ਮੰਨੇ ਜਾਂਦੇ ਹਨ

6. ਮਹਾਮਹਿਮ-ਇਨ-ਕੌਂਸਲ ਨੂੰ ਇਹ ਵਿਚਾਰ ਗੰਭੀਰ ਗ਼ਲਤ ਜਾਪਦਾ ਹੈ।

7. ਮਹਾਮਹਿਮ-ਇਨ-ਕੌਂਸਲ ਸਾਰੇ ਸੰਬੰਧਤ ਸਿਵਲ ਤੇ ਫ਼ੌਜੀ ਅਧਿਕਾਰੀਆਂ 'ਤੇ ਇਸ ਵਿਆਪਕ ਸਿਧਾਂਤ ਦਾ ਪ੍ਰਭਾਵ ਛੱਡਣਾ ਚਾਹੁੰਦੇ ਹਨ ਕਿ ਸਥਾਪਤ ਅਦਾਲਤਾਂ ਵੱਲੋਂ ਲਾਗੂ ਕੀਤਾ ਜਾਣ ਵਾਲਾ ਦੇਸ਼ ਦਾ ਕਾਨੂੰਨ ਹੀ ਉਹ ਔਜ਼ਾਰ ਹੈ, ਜਿਸ ਨੂੰ ਸਰਕਾਰ ਅਪਰਾਧਕ ਵਾਰਦਾਤਾਂ ਨੂੰ ਦਬਾਉਣ, ਸ਼ਾਂਤੀ ਕਾਇਮ ਕਰਨ ਅਤੇ ਮਾੜੇ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਵਰਜਣ ਲਈ ਵੇਖਦੀ ਹੈ, ਜਿਸ 'ਤੇ ਭਰੋਸਾ ਕਰਦੀ ਹੈ; ਅਤੇ ਕਿਸੇ ਅਜਿਹੇ ਖ਼ਾਸ ਅਧਿਕਾਰੀ ਲਈ ਇਹ ਗੰਭੀਰ ਉਲੰਘਣਾ ਵਾਲੀ ਕਾਰਵਾਈ ਤੇ ਧਾਰਨਾ ਹੈ, ਜੋ ਕਿਸੇ ਖ਼ਾਸ ਛਿਣ ਲਈ ਖ਼ੁਦ ਹੀ ਕੋਈ ਫ਼ੈਸਲਾ ਲੈ ਲੈਂਦਾ ਹੈ, ਜਦੋਂ ਕਾਨੂੰਨ ਸਮਾਜ ਦੀ ਰਾਖੀ ਕਰਨ ਲਈ ਕਾਫ਼ੀ ਮਜ਼ਬੂਤ ਨਹੀਂ ਜਾਪਦਾ ਅਤੇ ਅਪਰਾਧੀਆਂ ਨੂੰ ਜੁਰਮ ਕਰਨ ਤੋਂ ਰੋਕਣ ਲਈ ਮਿਲਣ ਵਾਲੀਆਂ ਸਜ਼ਾਵਾਂ ਇੰਨੀਆਂ ਸਖ਼ਤ ਨਹੀਂ ਹੁੰਦੀਆਂ। ਅਜਿਹਾ ਕਰਨਾ ਇੱਕ ਤਰ੍ਹਾਂ ਸਰਕਾਰ ਦਾ ਉੱਚਤਮ ਅਧਿਕਾਰ-ਖੇਤਰ ਖੋਹ ਲੈਣਾ ਹੀ ਹੈ। ਅਜਿਹੇ ਮਾਮਲੇ ਸਾਹਮਣੇ ਆ ਸਕਦੇ ਹਨ, ਜਦੋਂ ਖ਼ਾਸ ਕਿਸਮ ਦੇ ਅਪਰਾਧਾਂ ਲਈ ਸਰਕਾਰ ਬਹੁਤ ਜ਼ਿਆਦਾ ਸਖ਼ਤ ਸਜ਼ਾਵਾਂ ਦੇਣ ਬਾਰੇ ਵਿਚਾਰ ਕਰ ਸਕਦੀ ਹੈ ਅਤੇ ਕੁਝ ਖ਼ਾਸ ਅਧਿਕਾਰੀਆਂ ਨੂੰ ਬਿਨਾਂ ਸੁਣਵਾਈ ਦੇ ਮੌਤ ਦੀਆਂ ਸਜ਼ਾਵਾਂ ਦੇਣ ਦੇ ਅਧਿਕਾਰ ਦੇ ਸਕਦੀ ਹੈ; ਪਰ ਜਦੋਂ ਤੱਕ ਇਹ ਕੀਤਾ ਜਾਂਦਾ ਹੈ, ਤਾਂ ਸਾਰੇ ਸਿਵਲ ਤੇ ਫ਼ੌਜੀ ਅਧਿਕਾਰੀਆਂ ਦਾ ਸਾਰੇ ਮਾਮਲੇ 'ਚ ਇਹ ਫ਼ਰਜ਼ ਹੁੰਦਾ ਹੈ ਕਿ ਜਦੋਂ ਅਪਰਾਧੀਆਂ ਨੂੰ ਨਿਯਮਤ ਕਾਨੂੰਨ ਅਨੁਸਾਰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ, ਤਾਂ ਉਨ੍ਹਾਂ ਦੀ ਸੁਣਵਾਈ ਵਾਜਬ ਟ੍ਰਿਬਿਊਨਲਾਂ ਰਾਹੀਂ ਕਰਵਾਉਣੀ ਚਾਹੀਦੀ ਹੈ।

8. ਇਹ ਦਰਸਾਉਣ ਲਈ ਕਿ ਇਹ ਰਾਹ ਕਿਸੇ ਵੀ ਤਰ੍ਹਾਂ ਦੇ ਜੋਸ਼ ਤੇ ਮੁਸਤੈਦੀ ਨਾਲ ਕੀਤੀ ਕਾਰਵਾਈ ਲਈ ਗ਼ੈਰ-ਵਾਜਬ ਨਹੀਂ ਹੈ, ਜੋ ਔਖੇ ਹਾਲਾਤ 'ਚ ਲੋੜੀਂਦੀ

ਹੋ ਸਕਦੀ ਹੈ, ਇਹ ਗੱਲ ਮਨ 'ਚ ਰੱਖਣੀ ਜ਼ਰੂਰੀ ਹੈ ਕਿ ਹਿੰਸਕ ਅਪਰਾਧ ਨੂੰ ਦਬਾਉਣ ਅਤੇ ਕਿਸੇ ਖ਼ਦਸ਼ੇ ਨੂੰ ਦਬਾਉਣ ਅਤੇ ਅਪਰਾਧੀਆਂ ਨੂੰ ਸੁਰੱਖਿਅਤ ਹਿਰਾਸਤ 'ਚ ਰੱਖਣ ਲਈ ਸੱਚਮੁਚ ਕਿਸੇ ਵੀ ਦਰਜੇ ਦੀ ਫ਼ੌਜੀ ਤਾਕਤ ਦੀ ਲੋੜ ਹੁੰਦੀ ਹੈ, ਜੋ ਇਸ ਮੰਤਵ ਲਈ ਜ਼ਰੂਰੀ ਹੋ ਸਕਦੀ ਹੈ। ਹਥਿਆਰਾਂ ਨਾਲ ਲੈਸ ਬਾਗ਼ੀਆਂ, ਡਾਕੇ ਮਾਰਨ ਤੇ ਕਤਲ ਕਰਨ ਦੇ ਮੰਤਵ ਨਾਲ ਇਕੱਠੇ ਹੋਏ ਡਕੈਤਾਂ ਦੇ ਗਿਰੋਹਾਂ, ਮਹਾਰਾਣੀ ਵਿਰੁੱਧ ਜੰਗ ਵਿੱਢਣ ਦੀ ਕਾਰਵਾਈ ਕਰਨ ਵਾਲੇ ਵਿਅਕਤੀ, ਜਿਹੜੇ ਵਿਅਕਤੀ ਉਨ੍ਹਾਂ ਦੀ ਮਦਦ ਕਰਦੇ ਹਨ ਜਾਂ ਉਨ੍ਹਾਂ ਨੂੰ ਉਕਸਾਉਂਦੇ ਹਨ; ਉਨ੍ਹਾਂ ਸਾਰਿਆਂ 'ਤੇ ਹਥਿਆਰਬੰਦ ਬਲਾਂ ਨਾਲ ਬਿਲਕੁਲ ਉਵੇਂ ਹੀ ਹਮਲਾ ਕੀਤਾ ਜਾ ਸਕਦਾ ਹੈ, ਜਿਵੇਂ ਕਿ ਹਥਿਆਰਬੰਦ ਧਾੜਵੀਆਂ 'ਤੇ ਕੀਤਾ ਜਾ ਸਕਦਾ ਹੈ। ਜੇ ਉਨ੍ਹਾਂ ਦਾ ਵਿਵਹਾਰ ਤੇ ਗਿਣਤੀ ਅਜਿਹੇ ਹੋਣ ਕਿ ਉਹ ਆਮ ਜੰਗ 'ਚ ਲੱਗੇ ਹੋਣ, ਤਾਂ ਉਨ੍ਹਾਂ ਨੂੰ ਕੋਈ ਹੋਰ ਮੌਕਾ ਦੇਣ ਦੀ ਜ਼ਰੂਰਤ ਨਹੀਂ ਹੈ, ਸਗੋਂ ਉਨ੍ਹਾਂ ਨੂੰ ਮੌਕੇ 'ਤੇ ਹੀ ਖ਼ਤਮ ਕੀਤਾ ਜਾ ਸਕਦਾ ਹੈ। ਸੰਖੇਪ 'ਚ, ਕੋਈ ਵੀ ਗੰਭੀਰਤਾ ਨਹੀਂ ਹੈ, ਜੋ ਜੰਗ ਦੇ ਉਪਯੋਗ ਰਾਹੀਂ ਦੁਸ਼ਮਣ ਦੀਆਂ ਫ਼ੌਜਾਂ ਨੂੰ ਹਰਾਉਣ ਤੇ ਉਨ੍ਹਾਂ ਨੂੰ ਤੋੜਨ ਦੇ ਉਦੇਸ਼ ਨਾਲ ਦਿੱਤੀ ਜਾ ਸਕਦੀ ਹੈ, ਜੋ ਕਾਨੂੰਨ ਮੁਤਾਬਕ ਸਖ਼ਤ ਨਹੀਂ ਹੋ ਸਕਦੀ, ਉਨ੍ਹਾਂ ਨੂੰ ਹਰਾਉਣ ਜਾਂ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਮੰਤਵ ਲਈ ਅਪਰਾਧੀਆਂ ਦੇ ਹੱਥਾਂ 'ਤੇ ਲਾਈ ਜਾ ਸਕਦੀ ਹੈ; ਉਹ ਭਾਵੇਂ ਬਾਗ਼ੀ ਹੋਣ ਚਾਹੇ ਨਾ।

9. ਇੱਕ ਚੀਜ਼, ਜਿਸ ਦੀ ਕਿਸੇ ਵੀ ਸਿਵਲ ਜਾਂ ਫ਼ੌਜੀ ਅਧਿਕਾਰੀ ਨੂੰ ਕਿਸੇ ਵੀ ਹਾਲਤ 'ਚ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ, ਭਾਵੇਂ ਕੁਝ ਵੀ ਹੋ ਜਾਵੇ, ਕਿਸੇ ਜੱਜ ਅਤੇ ਕਿਸੇ ਵਿਧਾਨਕਾਰ (ਸੰਸਦ ਮੈਂਬਰ ਜਾਂ ਵਿਧਾਇਕ ਆਦਿ ਚੁਣਿਆ ਹੋਇਆ ਕੋਈ ਕਾਨੂੰਨ-ਘਾੜਾ) ਬਾਰੇ ਅਨਿਯਮਤ ਤੌਰ 'ਤੇ ਕੋਈ ਅਗਾਊਂ ਧਾਰਨਾ ਨਹੀਂ ਬਣਾਉਣੀ। ਅਜਿਹੇ ਕਿਸੇ ਵੀ ਅਧਿਕਾਰੀ ਨੂੰ ਕਿਸੇ ਮਾਮਲੇ ਵਿਸ਼ੇਸ਼ ਵਿੱਚ ਆਪਣੇ ਖ਼ੁਦ ਦੇ ਬਣਾਏ ਕਾਨੂੰਨ ਅਨੁਸਾਰ ਆਪਣੇ ਕੈਦੀਆਂ ਨੂੰ ਸਜ਼ਾ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਅਧਿਕਾਰੀਆਂ ਨੂੰ ਕਾਨੂੰਨ ਇਹ ਅਧਿਕਾਰ ਦਿੰਦਾ ਹੈ ਕਿ ਅਪਰਾਧ ਨੂੰ ਦਬਾਉਣ ਤੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਜੋ ਕੁਝ ਵੀ ਕਰਨਾ ਜ਼ਰੂਰੀ ਹੋਵੇ, ਉਹ ਕੀਤਾ ਜਾਵੇ ਪਰ ਕੋਈ ਕਾਨੂੰਨ ਜਾਂ ਇਨਸਾਫ਼ ਜਾਂ ਨੀਤੀ ਦਾ ਕੋਈ ਸਿਧਾਂਤ ਉਨ੍ਹਾਂ ਨੂੰ ਕੈਦੀਆਂ ਨੂੰ, ਆਪਣੀ ਮਰਜ਼ੀ ਮੁਤਾਬਕ ਤੇ ਜਦੋਂ ਵੀ ਵਾਜਬ ਸਮਝਣ, ਸਜ਼ਾ ਦੇਣ ਦਾ ਅਧਿਕਾਰ ਨਹੀਂ ਦਿੰਦਾ।

10. ਅਧਿਕਾਰੀਆਂ ਨੂੰ ਸ਼ਾਇਦ ਕੋਈ ਖ਼ਾਸ ਮਾਮਲੇ ਸਮਝਣ, ਜਦੋਂ ਵੀ ਕਦੇ ਸਾਹਮਣੇ ਆਉਣ, ਅਤੇ ਉਨ੍ਹਾਂ 'ਤੇ ਕਾਨੂੰਨ ਲਾਗੂ ਕਰਨ ਵਿੱਚ ਸਹਾਇਤਾ ਕੀਤੀ ਜਾ ਸਕਦੀ ਹੈ, ਇੰਝ ਹੀ ਉਪਰੋਕਤ ਵਰਣਿਤ ਸਿਧਾਂਤਾਂ ਨੂੰ ਨੀਤੀ ਮੁਤਾਬਕ ਹੀ ਲਾਗੂ ਕਰਨ ਦੀ ਲੋੜ ਹੁੰਦੀ ਹੈ।

11. ਰਹਿਮ ਨਾਲ ਇਨਸਾਫ਼ ਕਰਨਾ ਭਾਰਤ ਸਰਕਾਰ ਦੀ ਇੱਕ ਤੈਅਸ਼ੁਦਾ ਭਾਵ ਮਿੱਥੀ ਹੋਈ ਨੀਤੀ ਹੈ ਪਰ ਪਰ ਇਹ ਵੀ ਬਹੁਤ ਜ਼ਰੂਰੀ ਹੈ ਕਿ ਜਾਣੇ-ਪਛਾਣੇ ਨਿਯਮਾਂ ਮੁਤਾਬਕ ਪੂਰੇ ਵਿਚਾਰ-ਵਟਾਂਦਰੇ ਤੋਂ ਬਾਅਦ ਇਨਸਾਫ਼ ਹੋਵੇ ਅਤੇ ਅਪਰਾਧੀ

ਵੱਲੋਂ ਕੀਤੇ ਗੁਨਾਹ ਦੇ ਦਰਜਿਆਂ ਵਿਚਾਲੇ ਵੀ ਫ਼ਰਕ ਕੀਤਾ ਜਾਵੇ। ਜੋਸ਼ ਜਾਂ ਰੋਹ ਅਤੇ ਕਾਹਲ਼ੀ 'ਚ ਆਖੇ ਗਏ ਵਾਕ ਨਾ ਤਾਂ ਕਦੇ ਨਿਆਂਪੂਰਨ ਹੁੰਦੇ ਹਨ ਤੇ ਨਾ ਹੀ ਇਹ ਕੋਈ ਸਿਆਣਪ ਹੈ। ਇਹ ਸੰਭਾਵਨਾ ਹੈ ਕਿ ਅਜਿਹੇ ਵਾਕਾਂ ਦਾ ਪ੍ਰਭਾਵ ਉਨ੍ਹਾਂ 'ਤੇ ਵਿਅਕਤੀਗਤ ਰੋਹ ਜਾਂ ਫ਼ਿਕਰ ਵਜੋਂ ਪਵੇ ਪਰ ਇਸ ਨੂੰ ਸੋਚ-ਸਮਝ ਕੇ ਦਿੱਤਾ ਇਨਸਾਫ਼ ਨਹੀਂ ਸਮਝਿਆ ਜਾਵੇਗਾ। ਬਿਨਾ ਕਿਸੇ ਸੁਣਵਾਈ ਦੇ ਦਿੱਤੇ ਗਏ ਹੁਕਮ ਅਕਸਰ ਜੋਸ਼ 'ਚ ਕੀਤੀ ਕਾਰਵਾਈ ਹੁੰਦੀ ਹੈ, ਜਦੋਂ ਕਿ ਅਸਲ 'ਚ ਇਹ ਕਮਜ਼ੋਰੀ ਹੀ ਹੁੰਦੇ ਹਨ ਅਤੇ ਜੇ ਅਜਿਹੇ ਹੁਕਮ ਵਾਰ-ਵਾਰ ਦਿੱਤੇ ਜਾ ਰਹੇ ਹੋਣ, ਤਾਂ ਇਹ ਇਹੋ ਦਰਸਾਉਂਦੇ ਹਨ ਕਿ ਜਿਹੜੇ ਅਧਿਕਾਰੀ ਅਜਿਹੇ ਹੁਕਮ ਦੇ ਰਹੇ ਹਨ, ਉਨ੍ਹਾਂ ਨੂੰ ਆਪਣੀ ਖ਼ੁਦ ਦੀ ਤਾਕਤ 'ਤੇ ਸ਼ੱਕ ਹੈ ਅਤੇ ਉਹ ਆਪਣੇ ਵਿਰੋਧੀਆਂ ਪ੍ਰਤੀ ਰਹਿਮ-ਦਿਲ ਹੋਣ ਤੋਂ ਡਰਦੇ ਹਨ।

12. ਗਵਰਨਰ ਜਨਰਲ-ਇਨ-ਕੌਂਸਲ ਅਜਿਹੇ ਕਿਸੇ ਵਤੀਰੇ ਦਾ ਅਗਾਊਂ ਅਨੁਮਾਨ ਲਾਉਂਦਿਆਂ ਪ੍ਰਵਾਨਗੀ ਨਹੀਂ ਦੇ ਸਕਦੇ, ਜਿਸ ਵਿੱਚ ਅਜਿਹੀਆਂ ਕਾਰਵਾਈਆਂ ਦੀ ਪੁਸ਼ਟੀ ਕਰ ਕੇ ਉਨ੍ਹਾਂ ਨੂੰ ਖ਼ੁਸ਼ੀ ਮਿਲਦੀ ਹੋਵੇ। ਮਹਾਮਹਿਮ-ਇਨ-ਕੌਂਸਲ ਨੂੰ ਇੱਕ ਪਾਸੇ ਤਾਂ ਇਹ ਭਰੋਸਾ ਹੈ ਕਿ ਇੱਕ ਨਿਆਂਪੂਰਨ ਅਤੇ ਰਹਿਮਦਿਲ ਹਕੂਮਤ ਦਾ ਆਮ ਜਨਤਾ ਦੇ ਮਨਾਂ 'ਤੇ ਵਧੀਆ ਪ੍ਰਭਾਵ ਸਿਰਜਿਆ ਜਾਂਦਾ ਹੈ। ਦੂਜੇ ਪਾਸੇ ਉਨ੍ਹਾਂ ਨੂੰ ਆਪਣੀ ਫ਼ੌਜੀ ਤਾਕਤ ਦੀ ਮੌਜੂਦਗੀ 'ਤੇ ਵੀ ਭਰੋਸਾ ਹੁੰਦਾ ਹੈ, ਜੋ ਅਮੀਰਾਂ ਤੇ ਰਸੂਖ਼ਦਾਰਾਂ ਦੀਆਂ ਬਹੁ-ਗਿਣਤੀਆਂ ਨੂੰ ਘੱਟ-ਗਿਣਤੀਆਂ ਵਿਰੁੱਧ ਕੋਈ ਕਾਰਵਾਈ ਜਾਂ ਧੱਕੇਸ਼ਾਹੀ ਹੋਣ, ਅਜਿਹੀ ਸਥਿਤੀ ਪੈਦਾ ਹੋਣ ਦੇ ਕਾਰਣ ਭਾਵੇਂ ਕੋਈ ਵੀ ਹੋਣ, ਤੋਂ ਰੋਕਣ ਦੇ ਸਮਰੱਥ ਹੁੰਦੀ ਹੈ ਕਿਉਂਕਿ ਅਜਿਹੇ ਹਾਲਾਤ ਕਈ ਵਾਰ ਦੇਸ਼ 'ਚ ਅਰਾਜਕਤਾ ਪੈਦਾ ਹੋ ਜਾਂਦੀ ਹੈ ਤੇ ਖਾਨਾਜੰਗੀ ਸ਼ੁਰੂ ਹੋ ਜਾਂਦੀ ਹੈ।

13. ਮਹਾਮਹਿਮ-ਇਨ-ਕੌਂਸਲ ਕੁਝ ਕੱਟੜਪੰਥੀਆਂ ਵੱਲੋਂ ਕੀਤੇ ਕਿਸੇ ਅਜਿਹੇ ਅਪਰਾਧ ਨੂੰ ਮਜਬੂਰਨ ਵੀ ਪ੍ਰਵਾਨਗੀ ਨਹੀਂ ਦੇ ਸਕਦੇ, ਜੋ ਬ੍ਰਿਟਿਸ਼ ਹਕੂਮਤ ਦੀ ਸਮੁੱਚੀ ਭਾਵਨਾ ਦੇ ਖ਼ਿਲਾਫ਼ ਜਾਂਦੀ ਹੋਵੇ। ਬ੍ਰਿਟਿਸ਼ ਸਰਕਾਰ ਇੰਨੀ ਕੁ ਮਜ਼ਬੂਤ ਹੈ ਕਿ ਉਹ ਕਾਨੂੰਨ ਤੇ ਵਿਵਸਥਾ ਨੂੰ ਕਾਇਮ ਰੱਖ ਸਕਦੀ ਹੈ ਅਤੇ ਅਪਰਾਧ ਨੂੰ ਦਬਾ ਸਕਦੀ ਹੈ ਅਤੇ ਇੱਥੇ ਅੰਨ੍ਹੇਵਾਹ ਸਖ਼ਤੀ ਕਰਨ ਦਾ ਕੋਈ ਮੌਕਾ ਹੀ ਨਹੀਂ ਹੈ; ਨਾ ਹੀ ਕਿਸੇ ਮਾਮਲੇ 'ਚ ਅਜਿਹੀ ਕੋਈ ਸਖ਼ਤੀ ਕਰਨ ਨਾਲ ਤਾਕਤ ਦਾ ਕੋਈ ਮੁਜ਼ਾਹਰਾ ਹੋ ਸਕਦਾ ਹੈ।

14. ਜੇ ਸ੍ਰੀ ਕਾਵਨ ਦੇ ਖ਼ਾਸ ਹਾਲਾਤ ਵਾਲੇ ਇਸ ਮਾਮਲੇ ਦੀ ਗੱਲ ਕਰੀਏ, ਤਾਂ ਮਹਾਮਹਿਮ-ਇਨ-ਕੌਂਸਲ ਨਿਮਨਲਿਖਤ ਅਨੁਸਾਰ ਵਿਚਾਰ ਕਰਨਾ ਹੋਵੇਗਾ।

15. ਮਹਾਮਹਿਮ ਦਾ ਸਭ ਤੋਂ ਪਹਿਲਾ ਵਿਚਾਰ ਤਾਂ ਇਹੋ ਸੀ ਕਿ ਸ੍ਰੀ ਕਾਵਨ ਦੀ ਸਪੱਸ਼ਟ ਡਿਊਟੀ ਤਾਂ ਕੈਦੀਆਂ ਨੂੰ ਕਾਨੂੰਨੀ ਸੁਣਵਾਈ ਹੋਣ ਤੱਕ ਹਿਰਾਸਤ 'ਚ ਰੱਖਣ ਦੀ ਸੀ। ਪਹਿਲਾਂ ਦੱਸੇ ਜਾ ਚੁੱਕੇ ਸਿਧਾਂਤ ਅਨੁਸਾਰ ਅਜਿਹੇ ਕੋਈ ਹਾਲਾਤ ਹੀ ਨਹੀਂ ਸਨ, ਜੋ ਸ੍ਰੀ ਕਾਵਨ ਦੇ ਵਿਵਹਾਰ ਨੂੰ ਦਰੁਸਤ ਠਹਿਰਾ ਸਕਣ ਜਾਂ ਉਨ੍ਹਾਂ ਲਈ ਬਹਾਨਾ ਬਣ ਸਕਣ। ਕੈਦੀ ਬਿਲਕੁਲ ਮਜਬੂਰ ਸਨ। ਉਨ੍ਹਾਂ 'ਚੋਂ ਬਹੁਤੇ ਤਾਂ

ਬੁਰੀ ਤਰ੍ਹਾਂ ਜ਼ਖ਼ਮੀ ਸਨ, ਉਨ੍ਹਾਂ ਨਾਮਾਤਰ ਵਿਅਕਤੀਆਂ ਸਾਹਮਣੇ ਆਤਮ-ਸਮਰਪਣ ਕੀਤਾ ਸੀ ਅਤੇ ਕੈਦ 'ਚ ਉਨ੍ਹਾਂ 'ਤੇ ਵਰਨਣਯੋਗ ਫ਼ੌਜੀ ਬਲਾਂ ਦੀ ਨਿਗਰਾਨੀ ਅਧੀਨ ਸਨ, ਜਿਨ੍ਹਾਂ ਦੀ ਗਿਣਤੀ ਲੋੜ ਪੈਣ 'ਤੇ ਕਿਸੇ ਵੀ ਹੱਦ ਤੱਕ ਵਧਾਈ ਜਾ ਸਕਦੀ ਸੀ। ਅਜਿਹੇ ਹਾਲਾਤ 'ਚ ਗ਼ੈਰ-ਕਾਨੂੰਨੀ ਤੇ ਅੰਨ੍ਹੇਵਾਹ ਤਰੀਕੇ ਨਾਲ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਨ ਦੇ ਕਦਮ ਲਈ ਕੋਈ ਬਹਾਨਾ ਨਹੀਂ ਬਣਾਇਆ ਜਾ ਸਕਦਾ। ਮਹਾਮਹਿਮ-ਇਨ-ਕੌਂਸਲ, ਸ੍ਰੀ ਕਾਵਨ ਦੇ ਇਸ ਵਿਸ਼ਵਾਸ ਨੂੰ ਇੱਕ ਬਹਾਨਾ ਕਰਾਰ ਨਹੀਂ ਦੇ ਸਕਦੇ ਕਿ ਮੌਤ ਦੀ ਸਜ਼ਾ ਦੇਣੀ ਸਿਆਸੀ ਤੌਰ 'ਤੇ ਜ਼ਰੂਰੀ ਸੀ। ਦਰਅਸਲ, ਮੌਜੂਦਾ ਕਾਨੂੰਨ ਨੂੰ ਲਾਂਭੇ ਕਰ ਕੇ ਰੱਖ ਦੇਣਾ ਸਿਰਫ਼ ਇਸ ਲਈ ਕਿ ਉਨ੍ਹਾਂ ਸੋਚਿਆ ਕਿ ਇਸ ਵਿਸ਼ੇਸ਼ ਵਿਵਹਾਰਕ ਮਾਮਲੇ 'ਚ ਅਜਿਹਾ ਕਰਨਾ ਜ਼ਰੂਰੀ ਸੀ; ਮਹਾਮਹਿਮ-ਇਨ-ਕੌਂਸਲ ਦਾ ਮੰਨਣਾ ਹੈ ਕਿ ਇਹੋ ਗੱਲ ਸ੍ਰੀ ਕਾਵਨ ਵੱਲੋਂ ਕੀਤੇ ਅਪਰਾਧ ਦਾ ਇੱਕ ਤੱਤ ਹੈ।

16. ਉਂਞ ਸ੍ਰੀ ਕਾਵਨ ਦੇ ਵਿਵਹਾਰ ਨਾਲ ਸੰਬੰਧਤ ਹੋਰ ਮਾਮਲੇ ਵੀ ਹਨ, ਜਿਨ੍ਹਾਂ ਨੂੰ ਅੱਖੋਂ ਪ੍ਰੋਖੇ ਕਰਨਾ ਅਸੰਭਵ ਹੈ ਅਤੇ ਜੋ ਪਹਿਲਾਂ ਹੀ ਕਾਰਵਾਈ ਰਿਪੋਰਟਾਂ ਦੌਰਾਨ ਮਹਾਮਹਿਮ ਦੇ ਧਿਆਨ ਗੋਚਰੇ ਲਿਆਂਦੇ ਜਾ ਚੁੱਕੇ ਹਨ। ਇਸ ਦਸਤਾਵੇਜ਼ 'ਚ ਹੇਠਾਂ ਦਿੱਤੇ ਹਵਾਲੇ ਇਸ 'ਤੇ ਚਾਨਣਾ ਪਾਉਣਗੇ।

17. 16 ਜਨਵਰੀ ਨੂੰ ਸ੍ਰੀ ਕਾਵਨ ਨੇ ਪੰਜਾਬ ਸਰਕਾਰ ਨੂੰ ਤਾਰ ਪਾਈ ਕਿ ਚਾਰ ਜਣਿਆਂ ਨੂੰ ਬਿਨਾਂ ਸੁਣਵਾਈ ਮੌਤ ਦੀ ਸਜ਼ਾ ਦੀ ਇਜਾਜ਼ਤ ਦਿੱਤੀ ਜਾਵੇ।

18. ਉਸੇ ਦਿਨ ਸ੍ਰੀ ਫ਼ਾਰਸਿਥ ਨੇ ਸ੍ਰੀ ਕਾਵਨ ਨੂੰ ਇੱਕ ਨੀਮ-ਅਧਿਕਾਰਤ ਨੋਟ ਲਿਖ ਕੇ ਭੇਜਿਆ ਸੀ, ਜੋ ਹੁਣ ਗੁਆਚ ਗਿਆ ਹੈ, ਜਿਸ ਵਿੱਚ ਸ੍ਰੀ ਫ਼ਾਰਸਿਥ ਨੇ ਸ੍ਰੀ ਕਾਵਨ ਨੂੰ ਹਦਾਇਤ ਕੀਤੀ ਸੀ ਕਿ ਉਹ ਕੈਦੀਆਂ ਨੂੰ ਉਦੋਂ ਤੱਕ ਸ਼ੇਰਪੁਰ ਦੀ ਜੇਲ੍ਹ 'ਚ ਭੇਜ ਦੇਣ, ਜਦੋਂ ਤੱਕ ਕਿ ਸ੍ਰੀ ਫ਼ਾਰਸਿਥ ਉਨ੍ਹਾਂ ਦੀ ਰਾਖੀ ਲਈ ਗਾਰਡ ਨਹੀਂ ਭੇਜ ਦਿੰਦੇ। ਸ੍ਰੀ ਫ਼ਾਰਸਿਥ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਚਿੱਠੀ ਵਿੱਚ ਲਿਖਿਆ ਸੀ ਕਿ ਉਨ੍ਹਾਂ ਗਾਰਡਾਂ ਦੀ ਨਿਗਰਾਨੀ ਹੇਠ ਹੀ ਉਨ੍ਹਾਂ ਕੈਦੀਆਂ ਨੂੰ ਸੁਣਵਾਈ ਲਈ ਲੁਧਿਆਣਾ ਲੈ ਕੇ ਜਾਣਾ ਸੀ। ਸ੍ਰੀ ਕਾਵਨ ਦਾ ਇਹ ਵੀ ਮੰਨਣਾ ਹੈ ਕਿ ਉਨ੍ਹਾਂ ਦਾ ਮਤਲਬ ਅਜਿਹੀ ਸੁਣਵਾਈ ਤੋਂ ਨਹੀਂ ਸੀ, ਜਿਵੇਂ ਕਿ ਹੋ ਸਕਦੀ ਸੀ, ਉਹ ਚਿੱਠੀ ਸ੍ਰੀ ਕਾਵਨ ਕੋਲ ਉਸ ਵੇਲੇ ਪੁੱਜੀ, ਜਦੋਂ ਹਾਲੇ ਕਿਸੇ ਵੀ ਕੈਦੀ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ ਸੀ। ਉਹ ਕਹਿੰਦੇ ਹਨ... ''ਮੈਂ ਉਸ ਨੋਟ ਨੂੰ ਆਪਣੀ ਜੇਬ 'ਚ ਰੱਖ ਲਿਆ ਅਤੇ ਫਿਰ ਉਸ ਬਾਰੇ ਬਹੁਤਾ ਨਾ ਸੋਚਿਆ। ਇਸ 'ਚ ਸਿਰਫ਼ ਇਹੋ ਸੁਝਾਅ ਦਰਜ ਸੀ, ਜਿਸ 'ਤੇ ਅਮਲ ਨਹੀਂ ਕੀਤਾ ਜਾ ਸਕਦਾ ਸੀ ਕਿਉਂਕਿ ਗ੍ਰਿਫ਼ਤਾਰ ਕੀਤੇ ਗਏ ਕੂਕੇ ਤਦ ਬਿਲਕੁਲ ਕੋਟਲਾ ਦੇ ਨੇੜੇ ਪੁੱਜ ਚੁੱਕੇ ਸਨ।'' ਇਹ ਵਿਵਹਾਰ ਇਹੋ ਦਰਸਾਉਂਦਾ ਹੈ ਕਿ ਸ੍ਰੀ ਕਾਵਨ ਨੇ ਇਹੋ ਮੰਨ ਲਿਆ ਸੀ ਕਿ ਇਸ ਨੋਟ ਵਿੱਚ ਮੁੱਖ ਵਿਚਾਰ ਇਹੋ ਸੀ ਕਿ ਕੈਦੀਆਂ ਨੂੰ ਸ਼ੇਰਪੁਰ ਭੇਜ ਦੇਣਾ ਚਾਹੀਦਾ ਹੈ ਅਤੇ ਇਸ ਤੋਂ ਸ੍ਰੀ ਕਾਵਨ ਨੂੰ ਇਹ ਵੀ ਸਮਝ ਲੈਣਾ ਚਾਹੀਦਾ ਸੀ ਕਿ ਸ੍ਰੀ ਕਾਵਨ ਚਾਹੁੰਦੇ ਹਨ ਕਿ ਕੈਦੀਆਂ ਨੂੰ ਹਿਰਾਸਤ 'ਚ ਰੱਖਿਆ ਜਾਵੇ।

19. ਮੌਤ ਦੀ ਸਜ਼ਾ ਤਾਂ ਸ੍ਰੀ ਫ਼ਾਰਸਿਥ ਦੀਆਂ ਹਦਾਇਤਾਂ ਨਾਲ ਵੀ ਦਰੁਸਤ ਕਰਾਰ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਇੱਕ ਦਿਨ ਪਹਿਲਾਂ ਸ੍ਰੀ ਕਾਵਨ ਨੇ ਪੰਜਾਬ ਸਰਕਾਰ ਨੂੰ ਤਾਰ ਭੇਜ ਕੇ ਸਿਰਫ਼ ਚਾਰ ਜਣਿਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਇਜਾਜ਼ਤ ਮੰਗੀ ਸੀ ਤੇ ਉਸ ਤਾਰ ਦਾ ਜਵਾਬ ਆਉਣ ਤੋਂ ਪਹਿਲਾਂ ਕੁਝ ਵੀ ਨਹੀਂ ਕੀਤਾ ਜਾ ਸਕਦਾ ਸੀ।

20. ਕੈਦੀਆਂ ਨੂੰ ਮੌਤ ਦੀਆਂ ਸਜ਼ਾਵਾਂ ਦਾ ਕੰਮ ਨਿਬੇੜਨ ਤੋਂ ਪਹਿਲਾਂ, ਜਦੋਂ ਆਖ਼ਰੀ 6 ਜਾਂ 7 ਵਿਅਕਤੀਆਂ ਨੂੰ ਤੋਪਾਂ ਅੱਗੇ ਖਲਾਰਿਆ ਜਾ ਚੁੱਕਾ ਸੀ, ਤਦ ਸ੍ਰੀ ਕਾਵਨ ਨੂੰ ਇੱਕ ਅਧਿਕਾਰਤ ਪੱਤਰ ਮਿਲਿਆ, ਜਿਸ ਵਿੱਚ ਸ੍ਰੀ ਫ਼ਾਰਸਿਥ ਨੇ ਕਾਨੂੰਨ ਮੁਤਾਬਕ ਕਾਰਵਾਈ ਕਰਨ ਦਾ ਸਕਾਰਾਤਮਕ ਹੁਕਮ ਦਿੱਤਾ ਸੀ। ਸ੍ਰੀ ਫ਼ਾਰਸਿਥ ਦੇ ਸ਼ਬਦ ਇਸ ਪ੍ਰਕਾਰ ਸਨ ''ਮੇਰੀ ਬੇਨਤੀ ਹੈ ਕਿ ਤੁਸੀਂ ਤੁਰੰਤ ਉਨ੍ਹਾਂ ਸਾਰੇ ਕੈਦੀਆਂ ਦਾ ਕੇਸ ਤਿਆਰ ਕਰੋਗੇ, ਜਿਹੜੇ ਤੁਹਾਨੂੰ ਲੱਗਦਾ ਹੈ ਕਿ ਮੌਤ ਦੀ ਸਜ਼ਾ ਦੇ ਹੱਕਦਾਰ ਹਨ ਅਤੇ ਮੈਂ ਤਦ ਤੁਰੰਤ ਆਪਣੇ ਹੁਕਮ ਜਾਰੀ ਕਰ ਦੇਵਾਂਗਾ। ਪਰ ਜੋ ਤੁਸੀਂ ਮੁਸਤੈਦੀ ਨਾਲ ਤੁਰਤ-ਫੁਰਤ ਕਾਰਵਾਈ ਕਰਨ ਦੀ ਇੱਛਾ ਪ੍ਰਗਟਾਈ ਹੈ, ਇਹ ਮਾਮਲਾ ਇੰਨਾ ਜ਼ਿਆਦਾ ਜ਼ਰੂਰੀ ਨਹੀਂ ਹੈ ਕਿ ਅਸੀਂ ਕਾਨੂੰਨੀ ਕਾਰਵਾਈ ਦੀ ਸਾਦੀ ਪ੍ਰਕਿਰਿਆ ਨੂੰ ਹੀ ਲਾਂਭੇ ਕਰ ਦੇਈਏ।'' ਇਸ ਬਾਰੇ ਸ੍ਰੀ ਕਾਵਨ ਆਖਦੇ ਹਨ... ''ਸ੍ਰੀ ਫ਼ਾਰਸਿਥ ਦੀ ਚਿੱਠੀ ਪੜ੍ਹਨ ਤੋਂ ਬਾਅਦ ਮੈਂ ਉਹ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਕਰਨਲ ਪਰਕਿਨਜ਼ ਨੂੰ ਇਸ ਟਿੱਪਣੀ ਨਾਲ ਫੜਾ ਦਿੱਤੀ ਕਿ ਤੋਪਾਂ ਨਾਲ ਬੰਨ੍ਹੇ ਜਾ ਚੁੱਕੇ ਕੈਦੀਆਂ ਲਈ ਮੌਤ ਦੀ ਸਜ਼ਾ ਨੂੰ ਰੋਕਣਾ ਅਸੰਭਵ ਹੋਵੇਗਾ, ਇਸ ਦਾ ਸਾਡੇ ਆਲੇ-ਦੁਆਲੇ ਖੜ੍ਹੇ ਲੋਕਾਂ 'ਤੇ ਬਹੁਤ ਮਾੜਾ ਅਸਰ ਪਵੇਗਾ।''

21. ਮਹਾਮਹਿਮ-ਇਨ-ਕੌਂਸਲ ਨੂੰ ਅਜਿਹਾ ਕੁਝ ਨਹੀਂ ਲੱਗਦਾ ਕਿ ਆਲੇ-ਦੁਆਲੇ ਖੜ੍ਹੇ ਆਮ ਲੋਕਾਂ ਨੂੰ ਦੱਸੇ ਬਗ਼ੈਰ ਮੌਤ ਦੀ ਸਜ਼ਾ ਨੂੰ ਰੋਕਣ ਵਿੱਚ ਕੋਈ ਗੰਭੀਰ ਕਿਸਮ ਦੀ ਔਖ ਹੋਣੀ ਸੀ। ਸ੍ਰੀ ਕਾਵਨ ਦੀ ਇਹ ਸਪੱਸ਼ਟ ਡਿਊਟੀ ਸੀ ਕਿ ਉਹ ਸ੍ਰੀ ਫ਼ਾਰਸਿਥ ਦੇ ਹੁਕਮ ਤੁਰੰਤ ਮੰਨਦੇ, ਜਦੋਂ ਕਿ ਛੇ ਜਾਂ ਸੱਤ ਵਿਅਕਤੀਆਂ ਦੀਆਂ ਜਾਨਾਂ ਦਾ ਸੁਆਲ ਸੀ ਅਤੇ ਜਦੋਂ ਅਜਿਹਾ ਕਰਨ ਤੋਂ ਵਰਜਿਆ ਗਿਆ ਸੀ, ਤਾਂ ਉਹ ਕਾਰਵਾਈ ਗ਼ੈਰ-ਕਾਨੂੰਨੀ ਹੋਈ।

22. ਗਵਰਨਰ ਜਨਰਲ-ਇਨ-ਕੌਂਸਲ ਇਹ ਮੰਨਦੇ ਹਨ ਕਿ ਪੰਜਾਬ 'ਚ ਹੋਈ ਹਾਲੀਆ ਬਗ਼ਾਵਤ 'ਚ ਸ਼ਾਮਲ ਸਾਰੇ ਅਪਰਾਧੀਆਂ ਨੂੰ ਸਿਧਾਂਤਕ ਤੌਰ 'ਤੇ ਕਾਨੂੰਨੀ ਸਜ਼ਾ ਤਾਂ ਮਿਲਣੀ ਹੀ ਸੀ। ਮਹਾਮਹਿਮ ਨੂੰ ਬਹੁਤ ਦੁੱਖ ਨਾਲ ਇਹ ਮੰਨਣਾ ਪੈ ਰਿਹਾ ਹੈ ਕਿ ਸ੍ਰੀ ਕਾਵਨ ਵੱਲੋਂ ਅਪਣਾਇਆ ਗਿਆ ਰਾਹ ਗ਼ੈਰ-ਕਾਨੂੰਨੀ ਸੀ ਅਤੇ ਇਸ ਦੀ ਭਰਪਾਈ ਕਿਸੇ ਜਨਤਕ ਜ਼ਰੂਰਤ ਨਾਲ ਨਹੀਂ ਕੀਤੀ ਜਾ ਸਕਦੀ ਅਤੇ ਘਟਨਾਵਾਂ ਜਿਸ ਤਰੀਕੇ ਵਾਪਰਦੀਆਂ ਰਹੀਆਂ, ਉਨ੍ਹਾਂ ਨਾਲ ਇਸ ਸਾਰੇ ਮਾਮਲੇ ਨੂੰ ਨਿਰਦਈਪੁਣੇ ਦੀ ਰੰਗਤ ਮਿਲ ਗਈ ਕਿਉਂਕਿ ਅਜਿਹੀ ਕਾਰਵਾਈ ਕਰਨ ਦਾ ਉੱਚ ਅਧਿਕਾਰੀ ਨੇ ਵਿਰੋਧ ਕੀਤਾ ਸੀ ਅਤੇ ਉਨ੍ਹਾਂ ਕਿਸੇ ਤਰ੍ਹਾਂ ਦੀ ਕੋਈ ਮਨਜ਼ੂਰੀ ਵੀ ਨਹੀਂ ਦਿੱਤੀ ਸੀ ਪਰ ਫਿਰ ਵੀ ਅਗਲੇ ਹੁਕਮਾਂ ਦੀ ਕੋਈ ਉਡੀਕ ਨਹੀਂ ਕੀਤੀ ਗਈ ਅਤੇ ਇਹ

ਸਜ਼ਾਵਾਂ ਸਕਾਰਾਤਮਕ ਆਦੇਸ਼ਾਂ ਦੀ ਉਲੰਘਣਾ ਕਰ ਕੇ ਦਿੱਤੀਆਂ ਗਈਆਂ।

23. ਇਨ੍ਹਾਂ ਸਾਰੇ ਹਾਲਾਤ ਅਧੀਨ, ਮਹਾਮਹਿਮ-ਇਨ-ਕੌਂਸਲ ਇਹ ਹਦਾਇਤ ਦੇਣ ਲਈ ਮਜਬੂਰ ਹਨ ਕਿ ਸ੍ਰੀ ਕਾਵਨ ਦੀ ਸੇਵਾ ਖ਼ਤਮ ਕੀਤੀ ਜਾਵੇਗੀ। ਉਨ੍ਹਾਂ ਨੂੰ ਆਪਣੇ ਕੀਤੇ 'ਤੇ ਡਾਢਾ ਅਫ਼ਸੋਸ ਹੈ ਕਿਉਂਕਿ ਸ੍ਰੀ ਕਾਵਨ ਦਾ ਪਿਛਲਾ ਕਿਰਦਾਰ ਤੇ ਆਚਾਰ-ਵਿਹਾਰ ਵਚਿੱਤਰ ਰਿਹਾ ਹੈ ਅਤੇ ਉਨ੍ਹਾਂ ਨੇ ਕਿਉਂਕਿ ਅੰਦੋਲਨ ਨੂੰ ਦਬਾਉਣ ਲਈ ਮੁਸਤੈਦੀ ਨਾਲ ਕਦਮ ਚੁੱਕ ਲਏ ਸਨ।

24. ਹੁਣ ਸ੍ਰੀ ਫ਼ਾਰਸਿਥ ਦਾ ਕੇਸ ਵਿਚਾਰਨ ਵਾਲਾ ਰਹਿ ਗਿਆ ਹੈ ਕਿਉਂਕਿ ਉਨ੍ਹਾਂ ਨੇ ਸ੍ਰੀ ਕਾਵਨ ਦੀ ਕਾਰਵਾਈ ਨੂੰ ਪ੍ਰਵਾਨਗੀ ਦਿੱਤੀ ਸੀ ਅਤੇ ਉਨ੍ਹਾਂ ਹੀ ਅੰਬਾਲਾ ਦੇ ਕਮਿਸ਼ਨਰ ਦੀ ਹੈਸੀਅਤ ਨਾਲ ਮਲੇਰਕੋਟਲਾ ਰਿਆਸਤ ਦੇ ਸਥਾਨਕ ਅਧਿਕਾਰੀਆਂ ਵੱਲੋਂ ਦਿੱਤੀ ਸਜ਼ਾ ਨੂੰ ਸ੍ਰੀ ਕਾਵਨ ਦੁਆਰਾ ਅਮਲੀ ਰੂਪ ਦੇਣ ਅਤੇ 16 ਹੋਰ ਕੈਦੀਆਂ ਨੂੰ ਸਜ਼ਾ ਦੀ ਪੁਸ਼ਟੀ ਕੀਤੀ ਸੀ।

25. ਸਜ਼ਾ ਦੀ ਪੁਸ਼ਟੀ ਕਰਨ ਅਤੇ ਕੈਦੀਆਂ ਨੂੰ ਤੁਰੰਤ ਮੌਤ ਦੀ ਸਜ਼ਾ ਦਾ ਹੁਕਮ ਦੇਣ ਸਮੇਂ ਸ੍ਰੀ ਫ਼ਾਰਸਿਥ ਕਿਸੇ ਨਿਆਂਇਕ ਸਮਰੱਥਾ ਨਾਲ ਨਹੀਂ, ਸਗੋਂ ਸਿਆਸੀ ਕਾਰਵਾਈ ਨੂੰ ਅੰਜਾਮ ਦੇ ਰਹੇ ਸਨ। ਤਾਇਨਾਤ ਅਧਿਕਾਰੀਆਂ ਦਾ ਇਹ ਫ਼ਰਜ਼ ਹੁੰਦਾ ਹੈ ਕਿ ਉਹ ਆਪਣੀ ਨਿਗਰਾਨੀ ਅਧੀਨ ਆਉਂਦੀਆਂ ਸਥਾਨਕ ਰਿਆਸਤਾਂ ਨੂੰ ਅੰਗਰੇਜ਼ੀ ਹਕੂਮਤ ਦੀ ਭਾਵਨਾ ਤੋਂ ਉਲਟ ਕਿਸੇ ਕਿਸਮ ਦੀ ਵੱਧ ਸਖ਼ਤੀ ਕਰਨ ਦੀ ਇਜਾਜ਼ਤ ਨਾ ਦੇਣ; ਅਤੇ ਭਾਵੇਂ ਸ੍ਰੀ ਫ਼ਾਰਸਿਥ ਦੀਆਂ ਕਾਰਵਾਈਆਂ ਕਾਨੂੰਨੀ ਸਨ ਪਰ ਇਹ ਤੱਥ ਉਨ੍ਹਾਂ ਦੀ ਨਿੰਦਾ ਕੀਤੇ ਜਾਣ ਤੋਂ ਉਨ੍ਹਾਂ ਨੂੰ ਬਚਾ ਨਹੀਂ ਸਕਦਾ, ਜੇ ਉਨ੍ਹਾਂ ਦੀਆਂ ਕਾਰਵਾਈਆਂ ਵਿੱਚੋਂ ਤਰਸ ਦੀ ਉਹ ਭਾਵਨਾ ਗ਼ਾਇਬ ਸੀ, ਜੋ ਬ੍ਰਿਟਿਸ਼ ਨਿਆਂ ਪ੍ਰਸ਼ਾਸਨ ਦੇ ਸਾਰੇ ਮਾਮਲਿਆਂ 'ਚ ਮੁੱਖ ਵਿਸ਼ੇਸ਼ਤਾ ਵਜੋਂ ਮੌਜੂਦ ਹੋਣੀ ਚਾਹੀਦੀ ਸੀ। ਮਹਾਮਹਿਮ-ਇਨ-ਕੌਂਸਲ ਨੂੰ ਜਾਪਦਾ ਹੈ ਕਿ ਸ੍ਰੀ ਫ਼ਾਰਸਿਥ ਅਜਿਹਾ ਧਿਆਨ ਰੱਖਣ ਤੋਂ ਨਾਕਾਮ ਰਹੇ ਸਨ ਅਤੇ ਇਹ ਨਾਕਾਮੀ ਉਨ੍ਹਾਂ ਦੀ ਆਪਣੇ ਇੱਕ ਅਧੀਨ ਅਧਿਕਾਰੀ ਦੀ ਮਦਦ ਕਰਨ ਦੀ ਸੁਭਾਵਕ ਇੱਛਾ ਕਾਰਣ ਹੋਈ ਸੀ, ਜਿਸ ਦੇ ਚੱਲਦਿਆਂ ਉਨ੍ਹਾਂ ਇੱਕ ਅਜਿਹੇ ਮਾਮਲੇ 'ਚ ਉਸ ਨੂੰ ਬਿਲਕੁਲ ਬੇਲੋੜੀ ਪ੍ਰਮੁੱਖਤਾ ਦੇ ਦਿੱਤੀ ਸੀ, ਜਿਸ ਨਾਲ ਬਹੁਤ ਜ਼ਿਆਦਾ ਮਹੱਤਵ ਵਾਲੇ ਹਿਤ ਜੁੜੇ ਹੋਏ ਸਨ।

26. 17 ਜਨਵਰੀ ਦੀ ਸਵੇਰ ਨੂੰ ਸ੍ਰੀ ਫ਼ਾਰਸਿਥ ਨੇ ਪੰਜਾਬ ਸਰਕਾਰ ਨੂੰ ਨਿਮਨਲਿਖਤ ਅਨੁਸਾਰ ਤਾਰ ਭੇਜੀ ਸੀ:

"ਸ੍ਰੀ ਕਾਵਨ ਦੀ ਤਾਰ ਦੇ ਹਵਾਲੇ ਨਾਲ, ਜਿਸ ਵਿੱਚ ਚਾਰ ਵਿਅਕਤੀਆਂ ਨੂੰ ਤੁਰੰਤ ਮੌਤ ਦੀ ਸਜ਼ਾ ਦੇਣ ਦੀ ਇਜਾਜ਼ਤ ਮੰਗੀ ਗਈ ਹੈ। ਅਸੀਂ ਹੁਣ ਤੱਕ 70 ਵਿਅਕਤੀ ਹਾਸਲ ਕਰ ਚੁੱਕੇ ਹਾਂ। ਮੈਂ ਮੌਕੇ 'ਤੇ ਮੌਜੂਦ ਹਾਂ ਅਤੇ ਮਾਮਲਿਆਂ ਦਾ ਨਿਬੇੜਾ ਉਨ੍ਹਾਂ ਦੀ ਕਿਸਮ ਮੁਤਾਬਕ ਬਿਨਾਂ ਕਿਸੇ ਢਿੱਲ-ਮੱਠ ਕਰ ਸਕਦਾ ਹਾਂ। ਕਿਸੇ ਵਿਸ਼ੇਸ਼ ਕਾਰਵਾਈ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇੰਝ ਰੋਹ ਵਧੇਗਾ, ਇਸ ਲਈ ਬਿਹਤਰ ਇਹੋ ਰਹੇਗਾ ਕਿ ਸ਼ਾਂਤ ਕੀਤਾ ਜਾਵੇ।"

27. 16 ਜਨਵਰੀ ਦੀ ਰਾਤ ਨੂੰ ਉਨ੍ਹਾਂ ਇੱਕ ਨੀਮ-ਅਧਿਕਾਰਤ ਪੱਤਰ

ਲਿਖਿਆ ਸੀ, ਜੋ ਸ੍ਰੀ ਕਾਵਨ ਕੋਲ ਮੌਤ ਦੀ ਸਜ਼ਾ ਦਿੱਤੇ ਜਾਣ ਤੋਂ ਪਹਿਲਾਂ ਪੁੱਜ ਗਿਆ ਸੀ। ਫਿਰ 17 ਤਰੀਕ ਨੂੰ ਉਨ੍ਹਾਂ ਦੋ ਵੱਖੋ-ਵੱਖਰੇ ਪੱਤਰ ਲਿਖੇ, ਇੱਕ ਅਧਿਕਾਰਤ ਸੀ ਤੇ ਦੂਜਾ ਨੀਮ-ਅਧਿਕਾਰਤ ਸੀ; ਪਹਿਲੇ ਪੱਤਰ ਵਿੱਚ ਸ੍ਰੀ ਕਾਵਨ ਨੂੰ ਹਦਾਇਤ ਕੀਤੀ ਗਈ ਸੀ ਅਤੇ ਦੂਜੇ ਵਿੱਚ ਉਨ੍ਹਾਂ ਨੂੰ ਕਾਫ਼ੀ ਜ਼ਿਆਦਾ ਦਬਾਅ ਪਾਉਂਦਿਆਂ ਬੇਨਤੀ ਕੀਤੀ ਗਈ ਸੀ, ਭਾਵੇਂ ਉਸ ਦੀ ਭਾਸ਼ਾ ਬੇਹੱਦ ਦੋਸਤਾਨਾ ਸੀ ਤੇ ਇਹੋ ਸਲਾਹ ਦਿੱਤੀ ਗਈ ਸੀ ਕਿ ਕੋਈ ਗ਼ੈਰ-ਕਾਨੂੰਨੀ ਕਾਰਵਾਈ ਨਾ ਕੀਤੀ ਜਾਵੇ। ਫਿਰ 18 ਤਰੀਕ ਨੂੰ ਮੌਤ ਦੀਆਂ ਸਜ਼ਾਵਾਂ ਦਿੱਤੇ ਜਾਣ ਦਾ ਪਤਾ ਲੱਗਣ 'ਤੇ ਉਨ੍ਹਾਂ ਉਸ ਸਭ ਨੂੰ ਬਿਨਾਂ ਕਿਸੇ ਰੁਕਾਵਟ ਦੇ ਨਿਮਨਲਿਖਤ ਮੱਦਾਂ ਅਨੁਸਾਰ ਪ੍ਰਵਾਨਗੀ ਦੇ ਦਿੱਤੀ ਸੀ, ਜੋ ਕੁਝ ਵੀ ਸ੍ਰੀ ਕਾਵਨ ਨੇ ਕੀਤਾ ਸੀ: ''ਮੇਰੇ ਪਿਆਰੇ ਕਾਵਨ... ਮੈਂ ਉਹ ਸਭ ਪੂਰੀ ਤਰ੍ਹਾਂ ਪ੍ਰਵਾਨ ਕਰਦਾ ਹਾਂ ਤੇ ਉਸ ਦੀ ਪੁਸ਼ਟੀ ਕਰਦਾ ਹਾਂ, ਜੋ ਕੁਝ ਵੀ ਤੁਸੀਂ ਕੀਤਾ ਹੈ। ਤੁਸੀਂ ਬਹੁਤ ਸ਼ਲਾਘਾਯੋਗ ਕਾਰਜ ਕੀਤਾ ਹੈ। ਮੈਂ ਬੱਸ ਆ ਹੀ ਰਿਹਾ ਹਾਂ।'' ਇੰਝ ਸ੍ਰੀ ਫ਼ਾਰਸਿਥ ਨੇ ਬਿਨਾਂ ਕਿਸੇ ਲੋੜ ਦੇ ਲੈਫ਼ਟੀਨੈਂਟ ਗਵਰਨਰ ਤੇ ਭਾਰਤ ਸਰਕਾਰ ਦੇ ਵਿਚਾਰਾਂ ਬਾਰੇ ਅਨੁਮਾਨ ਲਾ ਲਿਆ ਸੀ, ਉੱਚ ਅਧਿਕਾਰੀਆਂ ਸਾਹਮਣੇ ਉਨ੍ਹਾਂ ਭਾਵਨਾਵਾਂ ਬਾਰੇ ਵੱਧ ਤੋਂ ਵੱਧ ਪ੍ਰਤੀਬੱਧਤਾ ਪ੍ਰਗਟਾਈ ਸੀ, ਜੋ ਉਨ੍ਹਾਂ ਦੇ ਫ਼ੈਸਲੇ ਦੇ ਉਲਟ ਹੋ ਸਕਦੀਆਂ ਸਨ ਅਤੇ ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਨੂੰ ਬਿਲਕੁਲ ਪਲਟਾ ਦਿੱਤਾ ਸੀ, ਜੋ ਵੀ ਉਸ ਛਿਣ ਦੱਸਿਆ ਗਿਆ ਸੀ। ਉਸੇ ਦਿਨ ਉਨ੍ਹਾਂ ਮਲੇਰਕੋਟਲਾ ਦੇ ਅਧਿਕਾਰੀਆਂ ਵਲੋਂ ਸਜ਼ਾ ਦੀ ਪੁਸ਼ਟੀ ਕੀਤੀ ਸੀ ਅਤੇ ਉਨ੍ਹਾਂ ਦੇ ਫ਼ੈਸਲੇ ਅਨੁਸਾਰ 16 ਵਿਅਕਤੀਆਂ ਨੂੰ ਤੁਰੰਤ ਮੌਤ ਦੀ ਸਜ਼ਾ ਦੇਣ ਦੇ ਹੁਕਮ ਦਿੱਤੇ ਸਨ, ਅਜਿਹਾ ਰਾਹ ਇੱਕ ਮਿਸਾਲ ਕਾਇਮ ਕਰਨ ਦੀ ਲੋੜ ਮੰਨਦਿਆਂ ਜਾਂ ਸੰਬੰਧਤ ਧਿਰਾਂ ਦੇ ਕਿਰਦਾਰ ਨੂੰ ਵੇਖਦਿਆਂ ਜ਼ਰੂਰੀ ਸਮਝਿਆ ਗਿਆ ਸੀ ਕਿਉਂਕਿ ਉਨ੍ਹਾਂ 'ਤੇ ਪਹਿਲਾਂ ਵੀ ਕਈ ਤਰ੍ਹਾਂ ਦੇ ਦੋਸ਼ ਲੱਗਦੇ ਰਹੇ ਸਨ, ਇਸੇ ਲਈ ਘੱਟ ਜਾਂਚ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਸੀ।

28. ਆਪਣੇ ਵੱਲੋਂ ਅਪਣਾਏ ਗਏ ਰਾਹ ਦੀ ਵਿਆਖਿਆ ਕਰਦਿਆਂ ਸ੍ਰੀ ਫ਼ਾਰਸਿਥ 18 ਅਪ੍ਰੈਲ, 1872 ਦੇ ਆਪਣੇ ਪੱਤਰ 'ਚ ਆਖਦੇ ਹਨ... ''ਮੈਂ 18 ਜਨਵਰੀ ਨੂੰ 16 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੀ ਵਿਆਖਿਆ ਵਜੋਂ ਕੁਝ ਟਿੱਪਣੀਆਂ ਕਰਨੀਆਂ ਚਾਹੁੰਦਾ ਹਾਂ।''

''ਜਦੋਂ ਇਹ ਮਾਮਲਾ ਮੇਰੇ ਹੁਕਮਾਂ ਲਈ ਪੁੱਜਾ ਸੀ, ਮੈਨੂੰ ਇਸ ਦੇ ਨਿਆਂਇਕ ਪੱਖ ਦੇ ਨਾਲ-ਨਾਲ ਸਿਆਸੀ ਦ੍ਰਿਸ਼ਟੀਕੋਣ ਤੋਂ ਵੀ ਇਸ ਬਾਰੇ ਵਿਚਾਰ ਕਰਨਾ ਪਿਆ।''

''ਇਸ ਮਾਮਲੇ ਦੇ ਨਿਆਂਇਕ ਪੱਖ ਤੋਂ ਜੇ ਵੇਖੀਏ, ਤਾਂ ਸਪੱਸ਼ਟ ਹੀ ਹੈ ਤੇ ਹੋਰ ਸਾਰੇ ਵਿਚਾਰ-ਵਟਾਂਦਰਿਆਂ ਤੋਂ ਵੱਖਰੀ ਕਿਸਮ ਦਾ ਹੈ, ਇੱਕ ਗਿਰੋਹ ਦੇ 16 ਵਿਅਕਤੀ, ਜਿਨ੍ਹਾਂ ਦੇ ਦੋ-ਦੋ ਵਾਰ ਕਤਲ ਕੀਤੇ ਸਨ, ਦੋਸ਼ੀ ਕਰਾਰ ਦਿੱਤੇ ਗਏ ਸਨ। ਉਨ੍ਹਾਂ ਦੇ ਅਪਰਾਧ ਦੀ ਸਜ਼ਾ ਮੌਤ ਸੀ ਅਤੇ ਜੇ ਇਸ ਮਾਮਲੇ ਦੀ ਸੁਣਵਾਈ ਸਾਡੀ ਕਾਨੂੰਨੀ ਅਦਾਲਤ 'ਚ ਹੁੰਦੀ, ਤਾਂ ਮੈਨੂੰ ਇਸ ਲਈ ਕੋਈ ਬਹੁਤ ਵਧੀਆ ਕਾਰਣ

ਲੱਭਣਾ ਪੈਂਦਾ ਕਿ ਇਹ ਸਜ਼ਾ ਕਿਉਂ ਘਟਾਈ ਜਾਣੀ ਚਾਹੀਦੀ ਹੈ। ਇਹ ਕਿਉਂਕਿ ਵੱਖਰੀ ਕਿਸਮ ਦਾ ਮਾਮਲਾ ਹੋਣਾ ਸੀ, ਇਸੇ ਲਈ ਇਨ੍ਹਾਂ 16 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦੇਣ ਸਮੇਂ ਅਜਿਹੀ ਕੋਈ ਝਿਜਕ ਨਹੀਂ ਹੋਣੀ ਸੀ, ਜਿਹੋ ਜਿਹੀ ਪਿਛਲੇ ਵਰ੍ਹੇ ਚੀਫ਼ ਕੋਰਟ ਨੂੰ ਕਸਾਈਆਂ ਦੇ ਕਤਲ ਲਈ 12 ਵਿਅਕਤੀਆਂ ਨੂੰ ਸਜ਼ਾ ਸੁਣਾਉਣ ਵੇਲੇ ਹੋਈ ਸੀ।''

''ਮੈਨੂੰ ਆਲੇ-ਦੁਆਲੇ ਦੇ ਸਾਰੇ ਹਾਲਾਤ ਵਿਚਾਰਨੇ ਪਏ ਸਨ ਅਤੇ ਸਭ ਤੋਂ ਪਹਿਲਾਂ ਤਾਂ ਇਸ ਇੱਕ ਅਪਰਾਧ ਨਾਲ ਕਿੰਨੇ ਜ਼ਿਆਦਾ ਲੋਕ ਪ੍ਰਭਾਵਿਤ ਹੋਏ ਸਨ, ਉਸ ਹਕੀਕੀ ਅਸਰ ਨੂੰ ਵੀ ਵੇਖਿਆ ਗਿਆ ਸੀ। ਪਰ ਉੱਥੇ ਕੁਝ ਬਰਾਬਰ ਦੀਆਂ ਦਲੀਲਾਂ ਵੀ ਸਨ, ਜੋ ਮੈਂ ਹੁਣ ਇੱਥੇ ਦੱਸਣਾ ਚਾਹੁੰਦਾ ਹਾਂ।''

''ਇੱਕ ਵਿਚਾਰ ਇਹ ਸੀ ਕਿ ਜੇ ਇਹ ਮਾਮਲਾ ਆ ਗਿਆ ਹੈ। ਸ੍ਰੀ ਕਾਵਨ ਦੀ ਜ਼ਰੂਰ ਹੀ ਹਮਾਇਤ ਕਰਨੀ ਹੋਵੇਗੀ। ਭਾਵੇਂ ਮੈਨੂੰ ਉਸ ਦੀ ਇਸ ਪ੍ਰਸਤਾਵਿਤ ਕਾਰਵਾਈ 'ਤੇ ਬਹੁਤ ਜ਼ਿਆਦਾ ਅਫ਼ਸੋਸ ਸੀ ਅਤੇ ਇਸ ਦੀ ਅੰਦਰੋਂ-ਅੰਦਰ ਡਾਢੀ ਨਿੰਦਾ ਕੀਤੀ ਸੀ, ਜਦੋਂ ਹਾਲੇ ਇਸ ਨੂੰ ਅੰਜਾਮ ਵੀ ਨਹੀਂ ਦਿੱਤਾ ਗਿਆ ਸੀ ਅਤੇ ਫਿਰ ਜਦੋਂ ਇਹ ਕਾਰਵਾਈ ਪੈ ਗਈ, ਤਾਂ ਮੈਂ ਖ਼ੁਦ ਨੂੰ ਬਹੁਤ ਹੀ ਵੱਖਰੀ ਕਿਸਮ ਦੀ ਹਾਲਤ 'ਚ ਪਾਇਆ ਅਤੇ ਇਸ ਨੂੰ ਬਹੁਤ ਔਖੀ ਹਾਲਤ ਵਿੱਚ ਤੁਰੰਤ ਪ੍ਰਵਾਨ ਕਰ ਲਿਆ ਜਾਵੇਗਾ। ਕੁਝ ਕਾਹਲ਼ੀ 'ਚ ਉਨ੍ਹਾਂ ਦੀਆਂ ਕਾਰਵਾਈਆਂ ਪੁਸ਼ਟੀ ਨਾ ਕਰਨਾ ਤੇ ਅਜਿਹੇ ਮੌਕੇ ਉਨ੍ਹਾਂ ਦੇ ਕਾਰਜਾਂ ਨੂੰ ਰੱਦ ਕਰਨਾ ਕੋਈ ਸਿਆਣਪ ਨਹੀਂ ਹੋਣੀ ਸੀ।''

ਉਹ ਅਗਲੇ ਪੈਰਿਆਂ 'ਚ ਇਹ ਵੀ ਲਿਖਦੇ ਹਨ ਕਿ ਉਨ੍ਹਾਂ ਬਾਬਾ (ਗੁਰੂ) ਰਾਮ ਸਿੰਘ ਜੀ ਨਾਲ ਗੱਲਬਾਤ ਕੀਤੀ ਸੀ; ਜਿਸ ਤੋਂ ਉਨ੍ਹਾਂ ਨੂੰ ਇਹੋ ਜਾਪਿਆ ਕਿ ਇਹ ਬਗ਼ਾਵਤ ਕਿੰਨੇ ਗੰਭੀਰ ਕਿਸਮ ਦੀ ਹੈ; ਅਤੇ ਜਦੋਂ ਸਜ਼ਾ ਦੀ ਪ੍ਰਵਾਨਗੀ ਹਾਲੇ ਮਿਲਣੀ ਸੀ, ਉਨ੍ਹਾਂ ਨੇੜੇ-ਤੇੜੇ ਕੂਕਿਆਂ ਦੀਆਂ ਟੋਲੀਆਂ ਮੌਜੂਦ ਹੋਣ ਦੀ ਖ਼ਬਰ ਸੁਣੀ; ਅਤੇ ਮਲੌਦ ਦੇ ਸਰਦਾਰ ਨੇ ਉਨ੍ਹਾਂ 'ਤੇ ਮੌਤ ਦੀ ਸਜ਼ਾ ਦੇਣ ਲਈ ਦਬਾਅ ਪਾਇਆ। ਉਨ੍ਹਾਂ ਦੇ ਮਨ 'ਚ ਸਭ ਤੋਂ ਵੱਡੀ ਭਾਵਨਾ ਇਹੋ ਜਾਪਦੀ ਰਹੀ ਹੈ ਕਿ ਸ੍ਰੀ ਕਾਵਨ ਦੀ ਉਸ ਕਾਰਜ 'ਚ ਹਮਾਇਤ ਕਰਨੀ ਚਾਹੀਦੀ ਹੈ, ਜਿਸ ਬਾਰੇ ਸ੍ਰੀ ਫ਼ਾਰਸਿਥ ਨੇ ਵਾਰ-ਵਾਰ ਵਰਜਿਆ ਸੀ।

29. ਉਪਰੋਕਤ ਵਿਚਾਰਾਂ ਦੀ ਪੁਸ਼ਟੀ 'ਚ, ਮਹਾਮਹਿਮ-ਇਨ-ਕੌਂਸਲ ਦਾ ਵਿਚਾਰ ਹੈ ਕਿ ਸ੍ਰੀ ਫ਼ਾਰਸਿਥ ਬੇਸ਼ੱਕ ਕਿਸੇ ਵੀ ਗ਼ੈਰ-ਕਾਨੂੰਨੀ ਦੇ ਦੋਸ਼ ਤੋਂ ਬਰੀ ਹਨ, ਉਨ੍ਹਾਂ ਖ਼ੁਦ ਨੂੰ ਸ੍ਰੀ ਕਾਵਨ ਵੱਲੋਂ ਕੀਤੀਆਂ ਗ਼ਲਤੀਆਂ 'ਚ ਘਿਰੇ ਪਾਇਆ ਸੀ; ਕਿ ਉਹ ਇੱਕ ਗੰਭੀਰ ਹੰਗਾਮੀ ਹਾਲਾਤ ਵਿੱਚ (ਮਲੇਰਕੋਟਲਾ ਦੀ) ਸਥਾਨਕ ਸਰਕਾਰ ਲਈ ਇੱਕ ਸਲਾਹਕਾਰ ਦੀ ਡਿਊਟੀ ਨਿਭਾਉਣ ਤੋਂ ਨਾਕਾਮ ਰਹਿ ਗਏ ਅਤੇ ਅੰਤ 'ਚ ਉਹ ਭਾਰਤ ਸਰਕਾਰ ਦੀ ਪ੍ਰਵਾਨਿਤ ਨੀਤੀ ਮੁਤਾਬਕ ਵਿਚਰ ਨਹੀਂ ਸਕੇ।

30. ਮਹਾਮਹਿਮ-ਇਨ-ਕੌਂਸਲ ਦਾ ਵਿਚਾਰ ਹੈ ਕਿ ਸ੍ਰੀ ਫ਼ਾਰਸਿਥ ਦੇ ਇਸ ਆਚਾਰ-ਵਿਹਾਰ ਨਾਲ ਕੁਝ ਇਸ ਤਰੀਕੇ ਨਿਪਟਿਆ ਜਾਵੇਗਾ ਕਿ ਉਨ੍ਹਾਂ ਤੋਂ ਅੰਬਾਲਾ ਦੇ ਕਮਿਸ਼ਨਰ ਦਾ ਅਹੁਦਾ ਵਾਪਸ ਲੈ ਲਿਆ ਜਾਵੇਗਾ ਅਤੇ ਉਨ੍ਹਾਂ ਨੂੰ ਕਿਸੇ ਹੋਰ ਸੂਬੇ

'ਚ ਅਜਿਹੇ ਅਹੁਦੇ 'ਤੇ ਨਿਯੁਕਤ ਕੀਤਾ ਜਾਵੇਗਾ ਕਿ ਜਿੱਥੇ ਉਹ ਕਿਸੇ ਵੀ ਸਥਾਨਕ ਰਿਆਸਤ ਦੀ ਨਿਆਂਇਕ ਕਾਰਵਾਈਆਂ ਦੀ ਨਿਗਰਾਨੀ ਨਹੀਂ ਕਰਨਗੇ ਅਤੇ ਭਾਰਤ ਸਰਕਾਰ ਦੇ ਵਿਚਾਰ ਮੁਤਾਬਕ ਉਨ੍ਹਾਂ ਨੂੰ ਭਵਿੱਖ 'ਚ ਕਦੇ ਵੀ ਅਜਿਹੇ ਕਿਸੇ ਅਹੁਦੇ 'ਤੇ ਤਾਇਨਾਤ ਨਹੀਂ ਹੋਣਗੇ, ਜਿੱਥੇ ਉਨ੍ਹਾਂ ਨੂੰ ਇਹੋ ਜਿਹਾ ਕੰਟਰੋਲ ਤੇ ਨਿਗਰਾਨੀ ਕਰਨੀ ਪਵੇ।

31. ਗਵਰਨਰ ਜਨਰਲ-ਇਨ-ਕੌਂਸਲ ਅਫ਼ਸੋਸ ਨਾਲ ਇਹ ਗੱਲ ਨੋਟ ਕਰਨ ਲਈ ਮਜਬੂਰ ਹਨ ਕਿ ਇਸ ਮਾਮਲੇ 'ਚ ਸੁਪਰੀਮ ਸਰਕਾਰ ਨੂੰ ਜਾਣਕਾਰੀ ਦੇਣ ਲਈ ਜ਼ਰੂਰੀ ਦੋ ਦਸਤਾਵੇਜ਼ ਨਿਯਮਤ ਪ੍ਰਕਿਰਿਆ 'ਚ ਉਨ੍ਹਾਂ ਦੇ ਧਿਆਨ ਗੋਚਰੇ ਨਹੀਂ ਲਿਆਂਦੇ ਗਏ ਸਨ ਅਤੇ ਇਸ ਚਿੱਠੀ-ਪੱਤਰੀ ਦੇ ਸ਼ੁਰੂ 'ਚ ਭਾਵ 16 ਜਨਵਰੀ ਨੂੰ ਸ੍ਰੀ ਫ਼ਾਰਸਿਥ ਵੱਲੋਂ ਸ੍ਰੀ ਕਾਵਨ ਨੂੰ ਲਿਖੀ ਨੀਮ-ਅਧਿਕਾਰਤ ਚਿੱਠੀ, ਜੋ ਗੁੰਮ ਹੋ ਗਈ ਸੀ ਤੇ ਇੱਕ ਉਹ ਚਿੱਠੀ ਜੋ ਸ੍ਰੀ ਫ਼ਾਰਸਿਥ ਨੇ ਸ੍ਰੀ ਕਾਵਨ ਨੂੰ 18 ਤਰੀਕ ਨੂੰ ਲਿਖੀ ਸੀ, ਜਿਸ 'ਚ ਉਨ੍ਹਾਂ ਦੀਆਂ ਕਾਰਵਾਈਆਂ ਦੀ ਪੁਸ਼ਟੀ ਕੀਤੀ ਗਈ ਸੀ।

32. ਇਹ ਵੱਡੀ ਚਿੰਤਾ ਦਾ ਵਿਸ਼ਾ ਹੈ ਕਿ ਮਹਾਮਹਿਮ-ਇਨ-ਕੌਂਸਲ ਨੂੰ ਮਜਬੂਰਨ ਅਜਿਹੇ ਹੁਕਮ ਦੇਣੇ ਪਏ ਹਨ, ਜੋ ਗੰਭੀਰ ਕਿਸਮ ਦੇ ਅਧਿਕਾਰੀਆਂ 'ਤੇ ਅਸਰ ਪਾਉਣਗੇ, ਜਿਨ੍ਹਾਂ ਤੋਂ ਬੇਸ਼ੱਕ ਸ਼ਾਂਤੀ ਤੇ ਵਿਵਸਥਾ ਕਾਇਮ ਕਰਦੇ ਸਮੇਂ ਕੁਝ ਵਧੇਰੇ ਉਤਸ਼ਾਹ 'ਚ ਕਸੂਰ ਹੋ ਗਿਆ ਪਰ ਉਨ੍ਹਾਂ ਦਾ ਮੰਨਣਾ ਹੈ ਕਿ ਅਜਿਹੇ ਹੁਕਮ ਜਾਰੀ ਕਰਨੇ ਬਹੁਤ ਜ਼ਰੂਰੀ ਹਨ ਕਿ ਤਾਂ ਜੋ ਇਹ ਗੱਲ ਸਮਝ ਆ ਸਕੇ ਕਿ ਚਾਹੇ ਹਰੇਕ ਅਧਿਕਾਰੀ ਦੀ ਹਰ ਮਾਮਲੇ 'ਚ ਪੂਰੀ ਹਮਾਇਤ ਕੀਤੀ ਜਾਵੇਗੀ, ਭਾਵੇਂ ਸ਼ਾਂਤੀ ਕਾਇਮ ਰੱਖਣ ਜਾਂ ਉਸ ਦੀ ਬਹਾਲੀ ਲਈ ਕਿੰਨਾ ਵੀ ਸਖ਼ਤ ਕਦਮ ਉਸ ਨੇ ਚੁੱਕਿਆ ਹੋਵੇ ਪਰ ਉਸ ਦੀ ਕਾਨੂੰਨੀ ਤੌਰ 'ਤੇ ਪੁਸ਼ਟੀ ਕੀਤੀ ਜਾ ਸਕਦੀ ਹੋਵੇ ਪਰ ਇਸ ਦੇ ਬਾਵਜੂਦ ਕਿਸੇ ਨੂੰ ਵੀ ਆਪਣੀ ਖ਼ੁਦ ਦੀ ਮਰਜ਼ੀ ਮੁਤਾਬਕ ਕਾਨੂੰਨ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾ ਸਕਦੀ। ਇਨ੍ਹਾਂ ਦੋਵੇਂ ਪੱਖਾਂ ਵਿਚਲੀ ਲਾਈਨ ਵਿਆਪਕ ਤੇ ਸਪੱਸ਼ਟ ਹੈ ਅਤੇ ਗਵਰਨਰ ਜਨਰਲ-ਇਨ-ਕੌਂਸਲ ਇਸ ਦੇ ਨਾਲ ਹੀ ਅਪਰਾਧ ਨੂੰ ਖ਼ਤਮ ਕਰਨ ਅਤੇ ਅਪਰਾਧੀਆਂ ਨੂੰ ਕਾਨੂੰਨੀ ਸ਼ਿਕੰਜੇ ਅਧੀਨ ਲਿਆਉਣ ਲਈ ਕਾਨੂੰਨ ਵੱਲੋਂ ਪ੍ਰਵਾਨਿਤ ਸਾਧਨਾਂ ਦੀ ਵਰਤੋਂ 'ਚ ਕਿਸੇ ਤਰ੍ਹਾਂ ਦੀ ਛੋਟ ਵੀ ਦੇਣਗੇ। ਉਨ੍ਹਾਂ ਨੂੰ ਅਜਿਹਾ ਕੋਈ ਡਰ ਨਹੀਂ ਹੈ ਕਿ ਇਸ ਮੌਜੂਦਾ ਮਾਮਲੇ 'ਚ ਜੋ ਵੀ ਰਾਹ ਅਖ਼ਤਿਆਰ ਕੀਤਾ ਗਿਆ ਹੈ, ਉਹ ਜ਼ਰੂਰੀ ਹੋ ਗਿਆ ਹੈ ਅਤੇ ਇਸ ਨਾਲ ਹੋਰ ਅਧਿਕਾਰੀ ਖ਼ਤਰਿਆਂ ਨਾਲ ਜੂਝਦੇ ਸਮੇਂ ਪੂਰੀ ਊਰਜਾ ਤੇ ਮੁਸਤੈਦੀ ਨਾਲ ਕੰਮ ਕਰਨ ਤੋਂ ਕਦੇ ਪਿੱਛੇ ਨਹੀਂ ਹਟਣਗੇ। ਦੂਜੇ ਪਾਸੇ ਮਹਾਮਹਿਮ-ਇਨ- ਕੌਂਸਲ ਇਹ ਵੀ ਮਹਿਸੂਸ ਨਹੀਂ ਕਰਦੇ ਕਿ ਹੁਣ ਅਪਣਾਏ ਗਏ ਰਾਹ ਨੂੰ ਸਥਾਨਕ ਜਨਤਾ ਗ਼ਲਤ ਸਮਝੇਗੀ। ਉਨ੍ਹਾਂ ਨੂੰ ਭਰੋਸਾ ਹੈ ਕਿ ਇਹ ਮਿਸਾਲ ਇਹੋ ਸਿਖਾਏਗੀ ਕਿ ਬ੍ਰਿਟਿਸ਼ ਹਕੂਮਤ ਅਧੀਨ ਹਰ ਹਾਲਤ ਵਿੱਚ ਕਾਨੂੰਨ ਦੀ ਪਾਲਣਾ ਕਰਨੀ ਹੈ ਅਤੇ ਲੋਕਾਂ ਨੂੰ ਇਹ ਵੀ ਯਕੀਨ ਹੋਵੇਗਾ ਕਿ ਕਾਨੂੰਨ ਤੋੜਨ ਵਾਲੇ ਅਧਿਕਾਰੀ ਨੂੰ ਹੁਣ ਜੋ ਸਜ਼ਾ ਦਿੱਤੀ ਗਈ ਹੈ, ਉਸ ਦਾ ਸਬੰਧ ਕਿਸੇ ਵੀ ਤਰ੍ਹਾਂ ਉਨ੍ਹਾਂ ਲੋਕਾਂ ਦੀ ਅਪਰਾਧ ਵਿੱਚ ਸ਼ਮੂਲੀਅਤ

ਜਾਂ ਉਦਾਸੀਨਤਾ ਨਾਲ ਨਹੀਂ ਹੈ, ਜਿਨ੍ਹਾਂ ਨੂੰ ਗ਼ੈਰ-ਕਾਨੂੰਨੀ ਤਰੀਕੇ ਸਜ਼ਾ ਦਿੱਤੀ ਗਈ ਸੀ। ਉਨ੍ਹਾਂ ਦੇ ਅਪਰਾਧ ਲਈ ਮਿਸਾਲੀ ਸਜ਼ਾ ਦੇਣੀ ਜ਼ਰੂਰੀ ਸੀ, ਭਾਵੇਂ ਕਿ ਇਹ ਕੁਝ ਵਾਜਬ ਤਰੀਕੇ, ਥੋੜ੍ਹੀ ਨਰਮੀ ਨਾਲ ਅਤੇ ਹਰ ਵਿਅਕਤੀ ਵੱਲੋਂ ਕੀਤੇ ਉਸ ਦੇ ਅਪਰਾਧਕ ਦਰਜੇ ਮੁਤਾਬਕ ਹੀ ਦਿੱਤੀ ਜਾਂਦੀ। ਅੰਤ 'ਚ, ਮਹਾਮਹਿਮ ਨੂੰ ਇਹ ਭਰੋਸਾ ਹੈ ਕਿ ਮੌਜੂਦਾ ਫ਼ੈਸਲਾ ਹਰੇਕ ਵਰਗ ਨੂੰ ਇਹ ਸਪੱਸ਼ਟ ਕਰ ਦੇਵੇਗਾ ਕਿ ਸ੍ਰੀ ਕਾਵਨ ਨੇ ਜਿਹੋ ਜਿਹੀ ਕਾਰਵਾਈ ਨੂੰ ਅੰਜਾਮ ਦਿੱਤਾ ਸੀ, ਉਨ੍ਹਾਂ 'ਤੇ ਕਾਨੂੰਨੀ ਪਾਬੰਦੀ ਹੈ ਅਤੇ ਇਹ ਮਾੜੀ ਨੀਤੀ ਹੈ ਕਿਉਂਕਿ ਉਸ ਨਾਲ ਨਰਮੀ ਦਰਸਾਉਣ ਤੇ ਵਿਚਾਰ-ਵਟਾਂਦਰਾ ਕਰਨ ਅਤੇ ਇਨਸਾਫ਼ ਦੀਆਂ ਜ਼ਰੂਰਤਾਂ ਅਤੇ ਜੋਸ਼ ਤੇ ਖ਼ਤਰੇ ਦੌਰਾਨ ਕਾਹਲ਼ੀ 'ਚ ਫ਼ੈਸਲਾ ਲੈਣ ਦਾ ਸਮਾਂ ਹੀ ਨਹੀਂ ਮਿਲਦਾ।

33. ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਦੇ ਆਚਾਰ-ਵਿਹਾਰ ਦੀ ਸਮੀਖਿਆ ਬਾਰੇ ਦੱਸਦਿਆਂ ਗਵਰਨਰ ਜਨਰਲ-ਇਨ-ਕੌਂਸਲ ਦਾ ਮੰਨਣਾ ਹੈ ਕਿ ਇਸ ਮਾਮਲੇ 'ਚ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੇ ਵਿਚਾਰ ਵੀ ਦਰਜ ਕੀਤੇ ਜਾਣ।

ਲੈਫ਼ਟੀਨੈਂਟ ਗਵਰਨਰ ਦਾ ਅਰੰਭ ਤੋਂ ਹੀ ਇਹੋ ਵਿਚਾਰ ਹੈ ਕਿ ਸ੍ਰੀ ਕਾਵਨ ਵੱਲੋਂ ਅੰਨ੍ਹੇਵਾਹ ਸਖ਼ਤੀ ਨਾਲ ਕੀਤੀ ਗਈ ਗ਼ੈਰ-ਕਾਨੂੰਨੀ ਕਾਰਵਾਈ ਦਾ ਆਚਾਰ-ਵਿਹਾਰ ਹਰ ਪੱਖੋਂ ਗ਼ੈਰ-ਵਾਜਬ ਸੀ। ਜਿਹੜੇ ਉਤੇਜਨਾਪੂਰਨ ਹਾਲਾਤ 'ਚ ਸ੍ਰੀ ਕਾਵਨ ਨੇ ਕਾਰਵਾਈ ਕੀਤੀ, ਉਹ ਸਿਆਸੀ ਖ਼ਤਰੇ ਦੇ ਖ਼ਦਸ਼ੇ ਅਧੀਨ ਕੀਤੀ ਅਤੇ ਜਦੋਂ ਕਿਸੇ ਅਧਿਕਾਰੀ ਨੇ ਚੰਗੇ ਭਰੋਸੇ ਅਤੇ ਜਨ ਹਿਤ ਨੂੰ ਵੇਖਦਿਆਂ ਭਾਵੇਂ ਬਹੁਤ ਜ਼ਿਆਦਾ ਸਖ਼ਤੀ ਵਰਤੀ ਹੋਵੇ, ਤਦ ਉਨ੍ਹਾਂ ਹਾਲਾਤ ਵਿੱਚ ਸਰਕਾਰ ਵੱਲੋਂ ਅਧਿਕਾਰੀਆਂ ਦੀ ਹਮਾਇਤ ਦੀ ਲੋੜ ਕਾਰਣ ਅਧਿਕਾਰੀਆਂ 'ਤੇ ਕੋਈ ਦੋਸ਼ ਨਹੀਂ ਮੜ੍ਹਨਾ ਚਾਹੁੰਦੇ, ਜਦ ਕਿ ਗਵਰਨਰ ਜਨਰਲ-ਇਨ-ਕੌਂਸਲ ਨੇ ਉਸ ਨੂੰ ਪ੍ਰਵਾਨਗੀ ਦੇ ਦੇਣੀ ਸੀ। ਉਂਝ ਮਹਾਮਹਿਮ ਇਹ ਮੰਨਦੇ ਹਨ ਕਿ ਗਵਰਨਰ ਜਨਰਲ-ਇਨ-ਕੌਂਸਲ ਤੇ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਦੇ ਵਿਚਾਰਾਂ 'ਚ ਕੋਈ ਫ਼ਰਕ ਨਹੀਂ ਹੈ ਅਤੇ ਪੰਜਾਬ ਵਰਗੇ ਸੂਬੇ ਦੀ ਸੁਰੱਖਿਆ ਜ਼ਿਆਦਾ ਅਹਿਮ ਹੈ।

ਨੰ. 863 ਪੀ, ਮਿਤੀ 2 ਮਈ, 1872

ਨੰ. 126

ਇਸ ਦੀ ਕਾਪੀ ਪੈਰਾ 23 ਦੇ ਹਵਾਲੇ ਨਾਲ ਇਸ ਬੇਨਤੀ ਸਮੇਤ ਵਿੱਤ ਵਿਭਾਗ ਨੂੰ ਭੇਜੀ ਜਾਂਦੀ ਹੈ ਕਿ ਮਹਾਰਾਣੀ ਦੇ ਵਿਦੇਸ਼ ਮੰਤਰੀ; ਸ੍ਰੀ ਕਾਵਨ ਨੂੰ 300 ਰੁਪਏ ਪ੍ਰਤੀ ਮਹੀਨਾ ਜਾਂ 3,600 ਰੁਪਏ ਸਾਲਾਨਾ ਦੀ ਪੈਨਸ਼ਨ ਪ੍ਰਵਾਨ ਕਰਨ ਦਾ ਅਧਿਕਾਰ ਦਿੱਤਾ ਜਾਵੇ।

## 204

*ਤਾਰ ਮਿਤੀ , 1 ਮਈ, 1872*

ਵੱਲੋਂ

ਵਾਇਸਰਾਏ।

ਵੱਲ

ਲੈਫ਼ਟੀਨੈਂਟ ਗਵਰਨਰ,

ਲਾਹੌਰ।

ਕੂਕਾ ਮਾਮਲੇ 'ਚ ਹੁਕਮ ਅੱਜ ਡਾਕ ਰਾਹੀਂ ਭੇਜ ਦਿੱਤੇ ਗਏ ਹਨ। ਗਵਰਨਰ ਜਨਰਲ-ਇਨ-ਕੌਂਸਲ ਨੂੰ ਮਜਬੂਰਨ ਸ੍ਰੀ ਕਾਵਨ ਤੇ ਸ੍ਰੀ ਫ਼ਾਰਸਿਥ ਦੇ ਆਚਾਰ-ਵਿਹਾਰ ਦੀ ਨਿਖੇਧੀ ਕਰਨੀ ਪੈ ਰਹੀ ਹੈ। ਸ੍ਰੀ ਕਾਵਨ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਜਾਣਗੀਆਂ, ਸ੍ਰੀ ਫ਼ਾਰਸਿਥ ਨੂੰ ਅਵਧ ਦਾ ਕਮਿਸ਼ਨਰ ਬਣਾ ਕੇ ਉਨ੍ਹਾਂ ਦਾ ਤਬਾਦਲਾ ਕੀਤਾ ਜਾਂਦਾ ਹੈ। ਵਿਦੇਸ਼ ਮੰਤਰੀ ਨੂੰ ਸ੍ਰੀ ਕਾਵਨ ਦੀ ਪੈਨਸ਼ਨ ਪ੍ਰਵਾਨ ਕਰਨ ਲਈ ਕਿਹਾ ਜਾਵੇਗਾ।

ਨੰ. 860 - ਡਾਕ ਰਾਹੀਂ ਕਾਪੀ ਸਿਫ਼ਰ ਵਿੱਚ (ਗੁਪਤ ਕੋਡ ਰਾਹੀਂ)।

## 205

*ਨੰ. 28, ਮਿਤੀ 2 ਮਈ, 1872*

ਜੁਡੀਸ਼ੀਅਲ ਟੂ ਸੈਕਰੇਟਰੀ ਆੱਫ਼ ਸਟੇਟ
ਨੰ. 7, ਮਿਤੀ 19 ਜਨਵਰੀ, 1872
'' ਨੰ. 9, ਮਿਤੀ 2 ਫ਼ਰਵਰੀ, 1872
'' ਨੰ. 12, ਮਿਤੀ 2 ਫ਼ਰਵਰੀ, 1872
'' ਨੰ. 14, ਮਿਤੀ 16 ਫ਼ਰਵਰੀ, 1872
'' ਨੰ. 17, ਮਿਤੀ 15 ਮਾਰਚ, 1872

ਵੱਲੋਂ

ਭਾਰਤ ਸਰਕਾਰ।

ਵੱਲ

ਮਹਾਰਾਣੀ ਦੇ ਸਕੱਤਰ, ਭਾਰਤ ਸਰਕਾਰ।

ਹਾਸ਼ੀਏ 'ਤੇ ਦਰਜ ਸਾਡੇ ਡਿਸਪੈਚਜ਼ ਦੀ ਨਿਰੰਤਰਤਾ 'ਚ, ਆਪ ਜੀ ਦੇ ਹਜ਼ੂਰ ਵਿੱਚ ਹੋਰ ਦਸਤਾਵੇਜ਼ਾਂ ਦੀਆਂ ਕਾਪੀਆਂ ਭੇਜ ਰਹੇ ਹਾਂ, ਜਿਨ੍ਹਾਂ ਦੀ ਜਾਣਕਾਰੀ ਨਾਲ ਨੱਥੀ ਸੂਚੀ ਵਿੱਚ ਦਰਜ ਹੈ, ਜੋ ਮਲੌਦ ਅਤੇ ਮਲੇਰਕੋਟਲਾ 'ਚ ਕੂਕਿਆਂ ਵੱਲੋਂ ਕੀਤੀਆਂ ਹਾਲੀਆ ਗੜਬੜੀਆਂ ਅਤੇ ਮਲੇਰਕੋਟਲਾ 'ਚ ਉਨ੍ਹਾਂ ਨੂੰ ਬਿਨਾਂ ਸੁਣਵਾਈ ਮੌਤ ਦੀ ਸਜ਼ਾ ਦੇਣ, ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਅਤੇ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਸ੍ਰੀ ਫ਼ਾਰਸਿਥ ਦੇ ਆਚਾਰ-ਵਿਹਾਰ ਨਾਲ ਸੰਬੰਧਤ ਹਨ।

2. ਅਸੀਂ ਪਿਛਲੇ ਮਹੀਨੇ ਦੀ 30 ਤਰੀਕ ਨੂੰ ਪੰਜਾਬ ਸਰਕਾਰ ਨੂੰ ਭੇਜੇ ਆਪਣੇ ਪੱਤਰ ਨੰ. 857 ਅਤੇ ਉਸ ਦੇ ਦੂਜੇ ਪੈਰੇ 'ਚ ਵਰਣਿਤ ਮੈਮੋਰੈਂਡਮ ਦੇ ਹਵਾਲੇ ਨਾਲ

ਬੇਨਤੀ ਕਰਦੇ ਹਾਂ ਕਿ ਉੱਥੇ ਇਸ ਦਰਦਨਾਕ ਮਾਮਲੇ ਦੇ ਸਾਰੇ ਹਾਲਾਤ ਦੇ ਮੁਕੰਮਲ ਵੇਰਵੇ ਅਤੇ ਉਹ ਆਧਾਰ ਮੌਜੂਦ ਹਨ, ਜਿਨ੍ਹਾਂ ਦੇ ਆਧਾਰ 'ਤੇ ਅਸੀਂ ਸ੍ਰੀ ਕਾਵਨ ਨੂੰ ਸੇਵਾ ਤੋਂ ਲਾਂਭੇ ਕਰਨ ਅਤੇ ਸ੍ਰੀ ਫ਼ਾਰਸਿਥ ਦਾ ਪੰਜਾਬ ਦੀ ਮੌਜੂਦਾ ਨਿਯੁਕਤੀ ਤੋਂ ਕਿਸੇ ਹੋਰ ਸੂਬੇ 'ਚ ਤਬਾਦਲਾ ਕਰਨ ਦਾ ਫ਼ੈਸਲਾ ਲਿਆ ਹੈ, ਜਿੱਥੇ ਉਹ ਕਿਸੇ ਸਥਾਨਕ ਰਿਆਸਤ ਦੀਆਂ ਨਿਆਂਇਕ ਪ੍ਰਕਿਰਿਆਵਾਂ ਦੀ ਨਿਗਰਾਨੀ ਨਹੀਂ ਕਰਨਗੇ। ਅਸੀਂ ਆਪਣਾ ਇਹ ਵਿਚਾਰ ਵੀ ਦਰਜ ਕਰ ਦਿੱਤਾ ਹੈ ਕਿ ਸ੍ਰੀ ਫ਼ਾਰਸਿਥ ਨੂੰ ਭਵਿੱਖ 'ਚ ਇਸੇ ਡਿਊਟੀ 'ਤੇ ਨਿਯੁਕਤ ਨਾ ਕੀਤਾ ਜਾਵੇ।

3. ਸ੍ਰੀ ਕਾਵਨ ਨੂੰ ਸੇਵਾ ਤੋਂ ਲਾਂਭੇ ਕਰਨ ਦੀ ਹਦਾਇਤ ਜਾਰੀ ਕਰਦਿਆਂ ਸਾਨੂੰ ਬਹੁਤ ਅਫ਼ਸੋਸ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਦਾ ਪਿਛਲਾ ਕਿਰਦਾਰ ਆਚਾਰ-ਵਿਹਾਰ ਵਧੀਆ ਸੀ ਅਤੇ ਕਿਉਂਕਿ ਉਨ੍ਹਾਂ ਕੂਕਾ ਅੰਦੋਲਨ ਨੂੰ ਦਬਾਉਣ ਤੁਰੰਤ ਮੁਸਤੈਦੀ ਨਾਲ ਕਾਰਵਾਈ ਨੂੰ ਅੰਜਾਮ ਦਿੰਦਿਆਂ ਕਦਮ ਚੁੱਕੇ ਸਨ। ਅਸੀਂ ਵਿੱਤ ਵਿਭਾਗ 'ਚ ਤੁਹਾਡੇ ਹਜ਼ੂਰ ਬੇਨਤੀ ਕਰਦੇ ਹਾਂ ਕਿ ਸ੍ਰੀ ਕਾਵਨ ਨੂੰ ਪੈਨਸ਼ਨ ਦਾ ਲਾਭ ਦੇਣ ਦੀ ਪ੍ਰਵਾਨਗੀ ਦਿੱਤੀ ਜਾਵੇ।

ਭਾਰਤ ਸਰਕਾਰ ਵੱਲੋਂ ਮਹਾਰਾਣੀ ਦੇ ਵਿਦੇਸ਼ ਮੰਤਰੀ ਨੂੰ ਭੇਜੇ ਗਏ ਨਿਆਂਇਕ ਡਿਸਪੈਚ ਨੰ. 28, ਮਿਤੀ 2 ਮਈ, 1872 ਨਾਲ ਮੌਜੂਦ ਦਸਤਾਵੇਜ਼ਾਂ ਦੀ ਸੂਚੀ

| | | | | | | |
|---|---|---|---|---|---|---|
| 1. | ਪੰਜਾਬ | ਵੱਲੋਂ | ਨੰ. 59ਸੀ, | ਮਿਤੀ 7 ਫ਼ਰਵਰੀ, 1872 | ਤੇ ਹੋਰ | ਨੱਥੀ ਦਸਤਾਵੇਜ਼ |
| 2. | ” | ” | 65 ਸੀ, | ” 18 ” | ” | ” |
| 3. | ” | ” | 68 ਸੀ, | ” 12 ” | ” | ” |
| 4. | ” | ” | 70 ਸੀ, | ” 12 ” | ” | ” |
| 5. | ” | ” | 72 ਸੀ, | ” 12 ” | ” | ” |
| 6. | ” | ” | 76 ਸੀ, | ” 14 ” | ” | ” |
| 7. | ” | ” | 89 ਸੀ, | ” 20 ” | ” | ” |
| 8. | ਵੱਲ | ” | 569 ਸੀ, | ” 22 ਮਾਰਚ, 1872 | ” | ” |
| 9. | ਵੱਲੋਂ | ” | 101 ਸੀ, | ” 24 ਫ਼ਰਵਰੀ, | ” | ” |
| 10. | ” | ” | 914 ਸੀ, | ” 15 ਮਾਰਚ, 1872 | ” | ” |
| 11. | ” | ” | 1270 ਸੀ, | ” 11 ਅਪ੍ਰੈਲ,1872 | ” | ” |
| 12. | ਵੱਲ | ” | 569 ਸੀ, | ” 22 ਮਾਰਚ, 1872 | ” | ” |

13. ਮੈਮੋਰੈਂਡਮ, ਪੰਜਾਬ ਸਰਕਾਰ ਨੂੰ ਪਹਿਲਾਂ ਭੇਜੇ ਪੱਤਰ 'ਚ ਦਰਜ ਹੈ।

## ਕੰਪਾਈਲਰ (ਸੰਕਲਨਕਰਤਾ) ਦੀ ਟਿੱਪਣੀ

## ਅਲਾਹਾਬਾਦ ਦੇ ਕਿਲ੍ਹੇ 'ਚ ਕੈਦ ਰੱਖੇ ਗਏ ਕੂਕਾ ਸੂਬਿਆਂ ਬਾਰੇ ਰਿਪੋਰਟਾਂ ਦੇ ਅਹਿਮ ਅੰਸ਼

ਇਹ ਰਿਪੋਰਟ ਸੰਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਅਤੇ ਪੁਲਿਸ ਸੁਪਰਇੰਟੈਂਡੈਂਟਸ ਵੱਲੋਂ ਸੰਕਲਿਤ ਕਰ ਕੇ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਨੂੰ ਭੇਜੀਆਂ ਗਈਆਂ ਸਨ। (ਮਾਰਚ-ਅਪ੍ਰੈਲ 1872)

ਮੇਰੇ ਕੋਲ 150 ਦੇ ਕਰੀਬ ਰਿਪੋਰਟਾਂ ਹਨ, ਜੋ ਪੰਨਿਆਂ 'ਤੇ ਦੋਹਰੀ ਸਪੇਸ ਨਾਲ ਟਾਈਪਡ ਹਨ। ਇਨ੍ਹਾਂ ਰਿਪੋਰਟਾਂ 'ਚ ਨਾਮਧਾਰੀਆਂ ਤੇ ਉਨ੍ਹਾਂ ਦੀ ਰਹਿਣੀ-ਬਹਿਣੀ ਆਦਿ ਬਾਰੇ ਵਡਮੁੱਲੀ ਇਤਿਹਾਸਕ ਸਮੱਗਰੀ ਦਰਜ ਹੈ।

**ਨਾਹਰ ਸਿੰਘ**

## 206

**ਗੁਪਤ**

*ਨੰ. 44, ਮਿਤੀ 29 ਮਾਰਚ, 1872*

ਵੱਲੋਂ

ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਗੁਜਰਾਂਵਾਲਾ।

ਵੱਲ

ਪੁਲਿਸ ਇੰਸਪੈਕਟਰ ਜਨਰਲ, ਪੰਜਾਬ।

1. 18 ਮਾਰਚ ਦਾ ਨੰ. 122
2. 22 " ਦਾ ਨੰ. 1131
3. 27 " ਦਾ ਨੰ. 143

ਮੈਨੂੰ ਹਾਸ਼ੀਏ 'ਤੇ ਦਰਜ ਤੁਹਾਡੀਆਂ ਸੂਚੀਆਂ ਤੇ ਹੋਰ ਦਸਤਾਵੇਜ਼ ਪ੍ਰਾਪਤ ਹੋਣ ਦੀ ਸੂਚਨਾ ਦੇਣ ਦਾ ਮਾਣ ਹਾਸਲ ਹੋਇਆ ਹੈ, ਜਿਨ੍ਹਾਂ ਵਿੱਚ ਅਲਾਹਾਬਾਦ ਦੇ ਕਿਲ੍ਹੇ 'ਚ ਕੈਦ ਕੀਤੇ ਕੂਕਾ ਸੂਬਿਆਂ ਦੀਆਂ ਪਿਛਲੀਆਂ ਘਟਨਾਵਾਂ ਦੀ ਜਾਣਕਾਰੀ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀਆਂ ਗਵਾਹੀਆਂ ਅਤੇ ਸੂਬਿਆਂ ਤੇ ਪ੍ਰਚਾਰਕਾਂ ਵਜੋਂ ਸ਼ਰਾਰਤਾਂ ਕਰਨ ਦੇ ਵੇਰਵੇ ਤੇ ਉਨ੍ਹਾਂ ਵੱਲੋਂ ਦਿੱਤੀ ਜਾਂਦੀ ਰਾਜ-ਧਰੋਹੀ ਸਿੱਖਿਆ ਦੇ ਰਿਕਾਰਡ ਮੰਗੇ ਗਏ ਹਨ।

2. ਮੈਨੂੰ ਅਫ਼ਸੋਸ ਹੈ ਕਿ ਤੁਹਾਡੀ ਸੂਚੀ ਨੰ. 122 'ਚ ਬ੍ਰਹਮਾ ਸਿੰਘ ਤੋਂ ਇਲਾਵਾ ਦਿੱਤੇ ਹੋਰ ਨਾਵਾਂ ਵਾਲੇ 10 ਵਿਅਕਤੀਆਂ ਦੀ ਜਾਣਕਾਰੀ ਇਕੱਠੀ ਕਰ ਕੇ ਨਹੀਂ ਦੇ ਸਕਿਆ। ਬ੍ਰਹਮਾ ਸਿੰਘ ਰਹਿਣ ਵਾਲੇ ਤਾਂ ਇਸ ਇਲਾਕੇ ਦੇ ਹੀ ਸਨ ਪਰ ਉਹ ਮੁੱਖ ਤੌਰ 'ਤੇ ਸਿਆਲਕੋਟ ਜ਼ਿਲ੍ਹੇ 'ਚ ਕੰਮ ਕਰਦੇ ਸਨ, ਭਾਵੇਂ ਉਹ ਇਸ ਜ਼ਿਲ੍ਹੇ ਦੇ ਵੀ ਦੌਰੇ ਕਰਦੇ ਹਨ।

3. ਇਸ ਤਰੀਕ ਦੀ ਮੇਰੀ ਸੂਚੀ ਨੰ. 43 ਨਾਲ ਮੈਂ ਇੱਕ ਸਾਰਣੀ ਭੇਜੀ ਹੈ, ਜਿਸ 'ਚ ਉਹ ਸਾਰੀ ਜਾਣਕਾਰੀ ਦਰਜ ਹੈ, ਜੋ ਬ੍ਰਹਮਾ ਸਿੰਘ ਜੀ ਦੀਆਂ ਪਿਛਲੀਆਂ ਘਟਨਾਵਾਂ ਬਾਰੇ ਇਕੱਠੀ ਕੀਤੀ ਜਾ ਸਕਦੀ ਸੀ ਅਤੇ ਨਾਲ ਇਸ ਸਬੰਧੀ ਸਬੂਤ ਵੀ ਮੌਜੂਦ ਹਨ। ਇਸ ਬਾਰੇ ਮੈਂ ਹੁਣ ਸਿਰਫ਼ ਬੀਤੇ ਜੁਲਾਈ ਮਹੀਨੇ ਤੋਂ ਆਪਣੀਆਂ ਗੁਪਤ ਰਿਪੋਰਟਾਂ ਦੀ ਸੰਖੇਪ ਜਾਣਕਾਰੀ ਜੋੜ ਸਕਦਾ ਹਾਂ, ਜਿਸ ਵਿੱਚ ਮੈਂ ਬ੍ਰਹਮਾ ਸਿੰਘ ਜੀ ਦੀਆਂ ਗਤੀਵਿਧੀਆਂ, ਬਿਆਨਾਂ ਤੇ ਕਾਰਵਾਈ ਬਾਰੇ ਉਹ ਸਾਰੀ ਜਾਣਕਾਰੀ ਸਮੇਂ-ਸਮੇਂ 'ਤੇ ਦਰਜ ਕਰਦਾ ਗਿਆ ਸਾਂ, ਜਿਵੇਂ-ਜਿਵੇਂ ਉਹ ਮੈਨੂੰ ਮਿਲਦੀ ਗਈ ਸੀ ਅਤੇ ਮੈਂ ਇਹ ਵਿਆਖਿਆ ਕਰ ਸਕਦਾ ਹਾਂ ਕਿ ਇਹ ਸਭ ਰਿਪੋਰਟਾਂ ਤਿਆਰ ਕਰਦੇ ਸਮੇਂ ਮੇਰਾ ਸਾਹਮਣਾ ਸਪੱਸ਼ਟ ਤੌਰ 'ਤੇ ਉਨ੍ਹਾਂ ਵੱਲੋਂ ਦਿੱਤੇ ਗਏ ਰਾਜ-ਧਰੋਹੀ ਅਤੇ ਖ਼ਤਰਨਾਕ ਕਿਸਮ ਦੇ ਭਾਸ਼ਣਾਂ ਤੇ ਸਿੱਖਿਆਵਾਂ ਨਾਲ ਹੋਇਆ ਅਤੇ ਉਨ੍ਹਾਂ ਤੋਂ ਮੇਰਾ ਪੱਕਾ ਯਕੀਨ ਹੋ ਗਿਆ ਕਿ ਕੂਕਿਆਂ ਬਾਰੇ ਜੇ ਉਨ੍ਹਾਂ ਦੇ ਚਾਲ-ਚਲਣ ਤੇ ਆਚਰਣ ਦੇ ਆਧਾਰ 'ਤੇ

ਅਨੁਮਾਨ ਲਾਇਆ ਜਾਵੇ ਅਤੇ ਉਨ੍ਹਾਂ ਦੇ ਧਾਰਮਿਕ ਗੁਰੂ ਜੋ ਕੁਝ ਵੀ ਉਨ੍ਹਾਂ ਨੂੰ ਗੁਪਤ ਤੌਰ 'ਤੇ ਜਾਂ ਖੁੱਲ੍ਹੇਆਮ ਸਿਖਾਉਂਦੇ ਹਨ, ਉਸ ਤੋਂ ਅਜਿਹਾ ਧਾਰਮਿਕ ਜੋਸ਼ ਪੈਦਾ ਹੁੰਦਾ ਹੈ, ਜੋ ਬਹੁਤ ਖ਼ਤਰਨਾਕ ਹੈ ਅਤੇ ਮੈਂ ਆਪਣਾ ਇਹ ਫ਼ਰਜ਼ ਮਹਿਸੂਸ ਕੀਤਾ ਕਿ ਇਸ ਬਾਰੇ ਜਾਣਕਾਰੀ ਮੈਂ ਸਿਆਲਕੋਟ ਦੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਦੇ ਧਿਆਨ ਗੋਚਰੇ ਲਿਆਵਾਂ ਤੇ ਇਸ ਸਬੰਧੀ ਸਾਵਧਾਨ ਕਰਾਂ।

4. ਮੇਰੀ 15 ਜੁਲਾਈ, 1871 ਦੀ ਰਿਪੋਰਟ ਵਿੱਚ ਮੈਂ ਬਿਆਨ ਕੀਤਾ ਸੀ ਕਿ ਬ੍ਰਹਮਾ ਸਿੰਘ ਪਿੱਛੇ ਜਿਹੇ ਸ਼ੇਖ਼ੂਪੁਰਾ ਜ਼ਿਲ੍ਹੇ ਦੇ ਵਰੁਣ ਵਿਖੇ ਆਏ ਸਨ ਅਤੇ ਕੂਕਾ ਸਿਧਾਂਤਾਂ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ ਸੀ; ਉਹ ਉੱਥੇ ਕਈ ਦਿਨ ਰਹੇ ਸਨ, ਆਲੇ-ਦੁਆਲੇ ਦੇ ਸਾਰੇ ਕੂਕੇ ਉਨ੍ਹਾਂ ਇਕੱਠੇ ਕਰ ਲਏ ਸਨ, ਕੁਝ ਨਵੇਂ ਲੋਕਾਂ ਨੂੰ ਕੂਕੇ ਬਣਾਇਆ ਗਿਆ ਸੀ ਅਤੇ (ਗੁਰੂ) ਰਾਮ ਸਿੰਘ ਜੀ ਦੇ ਹੇਠ ਲਿਖੇ ਹੁਕਮਾਂ ਦਾ ਐਲਾਨ ਕੀਤਾ ਗਿਆ ਸੀ, ਜੋ ਇਸ ਪ੍ਰਕਾਰ ਸਨ: ਪਹਿਲਾ, ਇਹ ਕਿ ਜਿਹੜੀ ਔਰਤ ਅੰਮ੍ਰਿਤ ਛਕ ਲੈਂਦੀ ਹੈ, ਉਸ ਨੂੰ ਆਪਣੇ ਸਿਰ 'ਤੇ ਜੂੜਾ ਨਹੀਂ ਕਰਨਾ ਚਾਹੀਦਾ; *ਚੁੰਡੇ-ਦੀ-ਗੁੱਤ (ਗਿਚੀ ਵਿਚ ਜੂੜਾ)*, ਦੂਜੇ, ਉਨ੍ਹਾਂ ਨੂੰ ਆਪਣੇ ਪੇਟੀਕੋਟ ਹੇਠਾਂ ਜਾਂਘੀਆ (ਕਛਹਿਰਾ) ਪਹਿਨਣਾ ਚਾਹੀਦਾ ਹੈ, ਤੀਜੇ, ਸਾਰੇ ਹੀ ਚੇਲੇ ਜੋ ਭਾਵੇਂ ਮਰਦ ਹੋਣ ਚਾਹੇ ਔਰਤਾਂ, ਉਨ੍ਹਾਂ ਨੂੰ ਆਪਣੇ ਖਾਤੇ ਅਤੇ ਕਰਜ਼ੇ ਤੁਰੰਤ ਬੰਦ ਕਰ ਦੇਣ ਅਤੇ ਉਹ ਨਾ ਤਾਂ ਕਿਸੇ ਨੂੰ ਉਧਾਰ ਦੇਣ ਤੇ ਨਾ ਹੀ ਕਿਸੇ ਤੋਂ ਲੈਣ। ਚੌਥੇ, ਉਨ੍ਹਾਂ ਨੂੰ ਅਗਲੇ ਹੁਕਮਾਂ ਤੱਕ ਕੋਈ ਮਕਾਨ ਨਹੀਂ ਉਸਾਰਨੇ ਚਾਹੀਦੇ, ਸਗੋਂ ਆਪਣੇ ਕੋਲ ਨਕਦੀ ਰੱਖਣੀ ਚਾਹੀਦੀ ਹੈ, ਪੰਜਵੇਂ, ਗੁਰੂ ਸਾਹਿਬ (ਰਾਮ ਸਿੰਘ ਜੀ) ਨੇ ਸੂਚਿਤ ਕੀਤਾ ਹੈ ਕਿ ਮਹੰਤ ਸਾਹਿਬ ਸਿੰਘ ਅਤੇ ਕਾਹਨ ਸਿੰਘ (ਉਨ੍ਹਾਂ ਦੇ ਵਜ਼ੀਰ) ਨੂੰ ਨੇਪਾਲ ਭੇਜਿਆ ਗਿਆ ਸੀ, ਜਿੱਥੇ ਨੇਪਾਲ ਨਰੇਸ਼ ਵੱਲੋਂ ਉਨ੍ਹਾਂ ਨੂੰ ਬਹੁਤ ਜ਼ਿਆਦਾ ਇੱਜ਼ਤ-ਮਾਣ ਦਿੱਤਾ ਗਿਆ; ਇਨ੍ਹਾਂ ਦੋਵਾਂ ਦੀ ਬੇਨਤੀ 'ਤੇ ਨੇਪਾਲ ਦੀ ਫ਼ੌਜ 'ਚ ਤਾਇਨਾਤ ਸਿੱਖ ਜਵਾਨਾਂ ਲਈ (ਸ੍ਰੀ ਗੁਰੂ) ਗ੍ਰੰਥ (ਸਾਹਿਬ) ਦਾ ਇੱਕ ਸਰੂਪ ਤੇ ਇਕ ਗ੍ਰੰਥੀ ਮੁਹੱਈਆ ਕਰਵਾਏ ਗਏ ਅਤੇ ਇਸ ਸਭ ਦਾ ਨਤੀਜਾ ਇਹ ਨਿਕਲਿਆ ਕਿ ਬਹੁਤੇ ਸਿੱਖ ਜਵਾਨ ਕੂਕੇ ਬਣ ਗਏ। ਇਸ ਦੇ ਨਾਲ ਹੀ ਨੇਪਾਲ ਨਰੇਸ਼ ਨੇ ਮੋਤੀਆਂ ਦਾ ਇੱਕ ਹਾਰ, ਇੱਕ ਘੋੜਾ, 5,000 ਰੁਪਏ ਨਕਦ ਤੇ ਹੋਰ ਛੋਟੇ-ਮੋਟੇ ਬਹੁਤ ਸਾਰੇ ਤੋਹਫ਼ੇ ਗੁਰੂ ਰਾਮ ਸਿੰਘ ਜੀ ਲਈ ਭੇਜੇ ਅਤੇ ਨਾਲ ਹੀ ਇਹ ਸੁਨੇਹਾ ਵੀ ਭੇਜਿਆ ਕਿ ਉਹ ਗੁਰੂ ਜੀ ਦੀ ਬਹੁਤ ਜ਼ਿਆਦਾ ਇੱਜ਼ਤ ਕਰਦਾ ਹੈ; ਅੰਤ 'ਚ ਬਾਬੇ (ਬ੍ਰਹਮ ਸਿੰਘ) ਨੇ ਕਿਹਾ ਕਿ ਅੰਮ੍ਰਿਤਸਰ 'ਚ ਕਸਾਈਆਂ ਦੇ ਕਤਲ ਸਿੱਖ ਧਰਮ ਅਨੁਸਾਰ ਬਹੁਤ ਸ਼ਲਾਘਾਯੋਗ ਕਾਰਵਾਈ ਹੈ। ਦੂਜੇ, ਔਰਤਾਂ ਨੂੰ ਜਾਂਘੀਏ (ਕਛਹਿਰਾ) ਪਹਿਨਣ ਦਾ ਹੁਕਮ ਦਿੱਤਾ ਗਿਆ ਹੈ, ਇਸ ਦਾ ਮੰਤਵ ਇਹ ਹੈ ਕਿ ਤਾਂ ਜੋ ਉਨ੍ਹਾਂ ਦੀ ਇੱਜ਼ਤ ਨੂੰ ਛੇਤੀ ਕਿਤੇ ਕੋਈ ਖ਼ਤਰਾ ਨਾ ਹੋਵੇ ਕਿਉਂਕਿ ਜੰਗ 'ਚ ਔਰਤਾਂ ਵੀ ਸਰਗਰਮੀ ਨਾਲ ਭਾਗ ਲੈਣਗੀਆਂ, ਘੱਟੋ-ਘੱਟ ਦੋ ਮਰਦਾਂ ਪਿੱਛੇ ਇੱਕ ਔਰਤ ਜ਼ਰੂਰ ਲੜੇਗੀ ਤੇ ਬਹੁਤੀਆਂ ਸ਼ਹਾਦਤ ਦਾ ਜਾਮ ਪੀਣਗੀਆਂ।

''ਸਾਡੀਆਂ ਭਵਿੱਖਬਾਣੀਆਂ ਪੂਰੀਆਂ ਹੋਣ ਦੇ ਦਿਨ ਹੁਣ ਆ ਗਏ ਹਨ ਅਤੇ

ਖ਼ਾਲਸੇ ਦਾ ਰਾਜ ਮੁੜ ਕਾਇਮ ਹੋਣ ਹੀ ਵਾਲਾ ਹੈ। ਇਸ ਲਈ ਤਿਆਰ ਰਹੋ ਤੇ ਵਫ਼ਾਦਾਰ ਬਣੇ ਰਹੋ।''

ਇਨ੍ਹਾਂ ਰਿਪੋਰਟਾਂ ਦੇ ਹਵਾਲੇ ਨਾਲ, ਮੈਂ 19 ਜੁਲਾਈ ਨੂੰ ਕਰਨਲ ਸਟੈਪਲਜ਼ ਨੂੰ ਲਿਖਿਆ ਕਿ ਮੇਰਾ ਮੰਨਣਾ ਹੈ ਕਿ ਬ੍ਰਹਮਾ ਸਿੰਘ ਨੇ ਇਸ ਜ਼ਿਲ੍ਹੇ 'ਚ ਰਾਜ-ਧਰੋਹੀ ਭਾਸ਼ਾ ਵਰਤੀ ਸੀ ਅਤੇ ਉਹ ਸਿਆਲਕੋਟ ਜ਼ਿਲ੍ਹੇ 'ਚ ਡਸਕਾ ਨੇੜੇ ਗਲੋਟੀ ਪਰਤ ਆਏ ਸਨ; ਮੈਂ ਸੋਚਿਆ ਕਿ ਇਸ ਬਾਰੇ ਕਰਨਲ ਸਟੈਪਲਜ਼ ਨੂੰ ਸਾਵਧਾਨ ਕਰਨਾ ਵਾਜਬ ਰਹੇਗਾ ਅਤੇ ਕੂਕਾ ਸੰਗਠਨ ਦਾ ਮਤਲਬ ਸ਼ੈਤਾਨੀ ਹੈ। ਇਸ ਦੇ ਨਾਲ ਹੀ ਮੈਂ ਕਰਨਲ ਸਟੈਪਲਜ਼ ਨੂੰ ਕਿਹਾ ਕਿ ਉਹ ਬ੍ਰਹਮਾ ਸਿੰਘ ਤੇ ਜੋਤਾ ਸਿੰਘ ਦੀਆਂ ਗਤੀਵਿਧੀਆਂ 'ਚ ਚੁੱਪ-ਚੁਪੀਤੇ ਪੂਰੀ ਨਜ਼ਰ ਰੱਖਣ ਅਤੇ ਜਦੋਂ ਵੀ ਕਦੇ ਉਹ ਇਸ ਪਾਸੇ ਆਉਣ, ਤਾਂ ਮੈਨੂੰ ਇਸ ਬਾਰੇ ਜਾਣਕਾਰੀ ਦੇਣ।

22 ਜੁਲਾਈ ਦੀ ਮੇਰੀ ਗੁਪਤ ਰਿਪੋਰਟ 'ਚ, ਮੈਂ ਨੋਟ ਕੀਤਾ ਸੀ ਕਿ ਬ੍ਰਹਮਾ ਸਿੰਘ 'ਤੇ ਨਜ਼ਰ ਰੱਖਣ ਲਈ ਇੰਤਜ਼ਾਮ ਕਰ ਦਿੱਤੇ ਗਏ ਹਨ ਅਤੇ ਮੇਰਾ ਮੰਨਣਾ ਹੈ ਕਿ ਕੂਕਿਆਂ ਦਾ ਮਤਲਬ ਸ਼ੈਤਾਨੀਅਤ ਹੈ ਅਤੇ ਮੇਰਾ ਇਹ ਵੀ ਵਿਚਾਰ ਹੈ ਕਿ ਉਹ ਸਾਰੇ ਹੁਣ ਇਹੋ ਸੋਚ ਤੇ ਸਮਝ ਰਹੇ ਹਨ ਕਿ ਬੱਸ ਹੁਣ ਪੰਜਾਬ 'ਚ ਸਿੱਖਾਂ ਦੇ ਰਾਜ ਦੀ ਬਹਾਲੀ ਹੋਣ ਹੀ ਵਾਲੀ ਹੈ।

5 ਅਗਸਤ ਦੀ ਰਿਪੋਰਟ 'ਚ ਮੈਂ ਸੂਚਿਤ ਕੀਤਾ ਸੀ ਕਿ ਬ੍ਰਹਮਾ ਸਿੰਘ ਕੁਝ ਵੱਡਾ ਕਰਨ ਵਾਲੇ ਸਨ ਕਿਉਂਕਿ ਉਹ ਇੱਕ-ਦੋ ਦਿਨਾਂ ਲਈ ਸਿਆਲਕੋਟ ਜ਼ਿਲ੍ਹੇ ਦੇ ਡਸਕਾ ਗਏ ਸਨ ਅਤੇ ਫਿਰ ਉੱਥੋਂ ਅਤੇ ਸ਼ੇਖ਼ੂਪੁਰਾ ਤੇ ਖਾਨਗਾਹ ਅਧਿਕਾਰ-ਖੇਤਰਾਂ ਅਧੀਨ ਆਉਂਦੇ ਬਾਰ ਇਲਾਕੇ 'ਚ ਚੂਹੜਕਾਣਾ ਤੇ ਵਰੁਣ ਗਏ ਸਨ; ਉਹ ਹੁਣ ਕੁਝ ਸਾਵਧਾਨੀ ਨਾਲ ਚੱਲ ਰਹੇ ਹਨ; ਦੋ ਹਰਕਾਰੇ ਭੈਣੀ ਤੋਂ ਯੱਕੇ ਰਾਹੀਂ ਰਾਵਲਪਿੰਡੀ ਤੇ ਪੇਸ਼ਾਵਰ ਦੀ ਯਾਤਰਾ ਕਰ ਰਹੇ ਹਨ।

19 ਅਗਸਤ ਦੀ ਰਿਪੋਰਟ 'ਚ, ਮੈਂ ਬ੍ਰਹਮਾ ਸਿੰਘ ਨਾਲ ਮੁਲਾਕਾਤ ਕਰ ਕੇ ਇਹ ਜਾਣਕਾਰੀ ਹਾਸਲ ਕੀਤੀ ਸੀ, ਜਿਸ ਵਿੱਚ ਉਨ੍ਹਾਂ ਦੱਸਿਆ ਸੀ ਕਿ ਉਹ ਅੰਬਾਲਾ ਜ਼ਿਲ੍ਹੇ ਦੇ ਕੈਥਲ ਲਾਗਲੇ ਪਿੰਡ ਰੋਲਾਣਾ ਦੇ ਵਸਨੀਕ ਹਨ ਅਤੇ ਉਨ੍ਹਾਂ ਹੁਣ ਤੱਕ ਲੋਕਾਂ ਵੱਲੋਂ ਵਿਆਹਾਂ 'ਤੇ ਕੀਤੀਆਂ ਜਾਣ ਵਾਲੀਆਂ ਫ਼ਜ਼ੂਲਖ਼ਰਚੀਆਂ ਬਚਾਈਆਂ ਹਨ ਅਤੇ ਆਪਣੇ ਧਰਮ ਦੇ ਸਾਥੀ ਸ਼ਰਧਾਲੂਆਂ ਦੀਆਂ ਨੈਤਿਕਤਾਵਾਂ 'ਚ ਸੁਧਾਰ ਲਿਆਂਦਾ ਹੈ ਪਰ ਉਨ੍ਹਾਂ ਇਹ ਬਹਾਨਾ ਮਾਰਿਆ ਕਿ ਉਨ੍ਹਾਂ ਨੂੰ ਕਸਾਈਆਂ ਦੇ ਕਤਲਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ, ਜਦ ਕਿ ਉਸ ਭੈੜੀ ਵਾਰਦਾਤ ਬਾਰੇ ਹਰੇਕ ਪਿੰਡ ਵਾਸੀ ਨੂੰ ਪੂਰੀ ਜਾਣਕਾਰੀ ਹੈ।

26 ਅਗਸਤ ਦੀ ਰਿਪੋਰਟ 'ਚ ਮੈਂ ਇਸ ਜੱਗ-ਜ਼ਾਹਿਰ ਤੱਥ ਬਾਰੇ ਦੱਸਿਆ ਕਿ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬੇ ਕੂਕਾ ਸੰਪਰਦਾਇ 'ਚ ਨਵੇਂ ਲੋਕਾਂ ਨੂੰ ਸ਼ਾਮਲ ਕਰਨ ਲਈ ਵੱਡੇ ਜਤਨ ਕਰ ਰਹੇ ਹਨ ਅਤੇ ਕੂਕਿਆਂ ਨੂੰ ਧਾਰਮਿਕ ਤੌਰ 'ਤੇ ਪੁਨਰ-ਸੁਰਜੀਤ ਕਰ ਰਹੇ ਹਨ, ਉਨ੍ਹਾਂ 'ਚੋਂ ਕਈ ਕੂਕੇ ਆਪਣੀ ਵਿਲੱਖਣ ਵਰਦੀ ਤੋਂ ਬਗ਼ੈਰ ਕੂਕਾ ਪ੍ਰੀਖਣਾਂ ਦੇ ਨਤੀਜੇ ਵੇਖਣ ਲਈ ਅੰਮ੍ਰਿਤਸਰ ਗਏ ਸਨ।

2 ਸਤੰਬਰ ਨੂੰ, ਮੈਂ ਇਸ ਜ਼ਿਲ੍ਹੇ ਦੇ ਕਾਮੋਕੀ ਇਲਾਕੇ ਦੇ ਪਿੰਡ ਗੁੱਡਣਵਾਲਾ 'ਚ ਕੂਕਿਆਂ ਦੇ ਇਕੱਠ ਬਾਰੇ ਜਾਣਕਾਰੀ ਕੀਤੀ ਸੀ, ਬ੍ਰਹਮਾ ਸਿੰਘ ਇੱਥੇ ਪੁੱਜੇ ਸਨ, ਸੂਬਿਆਂ ਜੋਤਾ ਸਿੰਘ ਤੇ ਜਮੀਅਤ ਸਿੰਘ ਦੇ ਪੁੱਜਣ ਦੀ ਆਸ ਸੀ; ਪ੍ਰਤੱਖ ਕਾਰਣ ਤਾਂ ਗੁੱਡਣਵਾਲਾ 'ਚ ਇੱਕ ਵਿਆਹ ਕਾਰਣ ਹੋਣ ਵਾਲਾ ਇਕੱਠ ਸੀ, ਸੂਬਿਆਂ ਨੇ ਚੂਹੜਕਾਣਾ ਜਾਣਾ ਸੀ ਕਿਉਂਕਿ ਉੱਥੇ ਵੀ ਇੱਕ ਵਿਆਹ ਸੀ। ਇਹ ਗੱਲ ਨੋਟ ਕੀਤੀ ਗਈ ਕਿ ਕੂਕੇ ਬਹੁਤ ਉਤੇਜਿਤ ਤੇ ਚਿੰਤਤ ਸਨ; (ਗੁਰੂ) ਰਾਮ ਸਿੰਘ ਜੀ ਕੋਲ ਭੈਣੀ ਵਿਖੇ ਹਰਕਾਰੇ ਭੇਜੇ ਗਏ ਸਨ। ਬ੍ਰਹਮਾ ਸਿੰਘ ਤੇ ਜੋਤਾ ਸਿੰਘ ਇੱਧਰ-ਉੱਧਰ ਘੁੰਮਦੇ ਰਹਿੰਦੇ ਹਨ ਤੇ ਉਹ ਕੂਕਿਆਂ ਦੇ ਦਿਮਾਗ਼ਾਂ ਨੂੰ ਉਤੇਜਿਤ ਤੇ ਪਰੇਸ਼ਾਨ ਕਰਦੇ ਰਹਿੰਦੇ ਹਨ; ਅਤੇ ਮੈਨੂੰ ਨਹੀਂ ਲੱਗਦਾ ਕਿ ਬ੍ਰਹਮਾ ਸਿੰਘ ਕਦੇ ਸਰਕਾਰ-ਪੱਖੀ ਗੱਲ ਕਰਦੇ ਹੋਣਗੇ।

19 ਸਤੰਬਰ ਦੀ ਰਿਪੋਰਟ 'ਚ ਮੈਂ ਬ੍ਰਹਮਾ ਸਿੰਘ, ਜੋਤਾ ਸਿੰਘ, ਜਮੀਅਤ ਸਿੰਘ ਦੀਆਂ ਗਤੀਵਿਧੀਆਂ ਤੇ ਉਨ੍ਹਾਂ ਦੇ ਕਾਰਜਾਂ ਦਾ ਜ਼ਿਕਰ ਕੀਤਾ ਸੀ। ਗੁੱਡਣਵਾਲਾ ਤੇ ਚੂਹੜਕਾਣਾ 'ਚ ਧਾਰਮਿਕ ਇਕੱਠ ਹੋਇਆ ਸੀ ਅਤੇ ਸੂਬਿਆਂ ਨੇ ਆਪਣੇ ਸੰਬੋਧਨਾਂ ਦੌਰਾਨ ਸ਼ਰਧਾਲੂਆਂ ਨੂੰ ਉਪਦੇਸ਼ ਦਿੱਤਾ ਕਿ ਉਹ ਆਪਣੇ ਧਾਰਮਿਕ ਵਿਸ਼ਵਾਸ, ਧਾਰਮਿਕ ਅਭਿਆਸਾਂ ਅਤੇ ਰੀਤੀ-ਰਿਵਾਜਾਂ 'ਚ ਦ੍ਰਿੜ੍ਹ ਬਣੇ ਰਹਿਣ।

23 ਸਤੰਬਰ ਨੂੰ ਮੈਂ ਰਿਪੋਰਟ ਭੇਜੀ ਕਿ ਬ੍ਰਹਮਾ ਸਿੰਘ ਬਾਰ ਦੇ ਚੂਹੜਕਾਣਾ ਤੋਂ ਅਕਾਲਗੜ੍ਹ ਲਾਗੇ ਸਹਾਰਨ ਚੱਟਾ ਗਏ, ਫਿਰ ਉੱਥੋਂ ਵਜ਼ੀਰਾਬਾਦ ਲਾਗਲੇ ਬੈਂਕਾ ਚੀਮਾ, ਉਸ ਤੋਂ ਬਾਅਦ ਖਾਨਗਾਹ ਨੇੜੇ ਬਾਰ 'ਚ ਟੁੰਡਾ ਗੁਰੂ ਗਏ ਅਤੇ ਇਨ੍ਹਾਂ ਸਾਰੀਆਂ ਥਾਵਾਂ 'ਤੇ ਕੂਕਿਆਂ ਦੇ ਇਕੱਠ ਹੋਏ। ਸਿਆਲਕੋਟ ਜ਼ਿਲ੍ਹੇ ਦੇ ਤਰਾਂਡੀ ਤੋਂ ਸੂਬਾ ਰਾਜਾ ਸਿੰਘ ਜੱਬਰ ਪੁੱਜੇ ਸਨ ਤੇ ਉਹ ਗੁੱਡਣਵਾਲਾ ਜਾਣਾ ਚਾਹੁੰਦੇ ਸਨ, ਜਿੱਥੇ ਇੱਕ ਧਾਰਮਿਕ ਬੈਠਕ ਸੀ ਅਤੇ ਇਹ ਵੇਖਿਆ ਗਿਆ ਹੈ ਕਿ ਕੂਕਾ ਸੂਬੇ ਪਿਛਲੇ ਕੁਝ ਸਮੇਂ ਤੋਂ ਵਧੇਰੇ ਹੀ ਸਰਗਰਮ ਹੋ ਗਏ ਹਨ, ਕੀ ਅਸੀਂ ਇਸ ਨੂੰ ਉਨ੍ਹਾਂ ਦੀ ਧਾਰਮਿਕ ਪੁਨਰ-ਸੁਰਜੀਤੀ ਦਾ ਅਭਿਆਸ ਮੰਨੀਏ ਕਿ ਜਾਂ ਧਰਮ ਦੀ ਆੜ ਹੇਠ ਇਹ ਕੋਈ ਸਿਆਸੀ ਸਾਜ਼ਿਸ਼ ਹੈ, ਕੁਝ ਵੀ ਹੋਵੇ ਇਹ ਵਰਨਣਯੋਗ ਹੈ।

7 ਅਕਤੂਬਰ ਨੂੰ ਮੈਂ ਰਿਪੋਰਟ ਭੇਜੀ ਸੀ ਕਿ ਜੰਮੂ ਸੇਵਾ 'ਚ ਦੋ ਕੂਕਾ ਕੰਪਨੀਆਂ ਭੰਗ ਕਰ ਦਿੱਤੀਆਂ ਗਈਆਂ ਹਨ ਅਤੇ 21 ਤਰੀਕ ਨੂੰ ਬ੍ਰਹਮਾ ਸਿੰਘ ਜੰਮੂ ਵੱਲ ਗਏ ਸਨ। ਉਸ ਤੋਂ ਬਾਅਦ ਮੈਂ ਬ੍ਰਹਮਾ ਸਿੰਘ ਨੂੰ ਨਹੀਂ ਵੇਖਿਆ ਤੇ ਮੈਨੂੰ ਲੱਗ ਰਿਹਾ ਸੀ ਕਿ ਉਹ ਜੰਮੂ ਤੋਂ ਸਿਆਲਕੋਟ ਜ਼ਿਲ੍ਹੇ ਦੇ ਆਪਣੇ ਰਿਹਾਇਸ਼ੀ ਸਥਾਨ ਚੱਕ ਰਿਹਾਨਾ ਪਰਤ ਆਏ ਸਨ, ਜਿੱਥੇ ਅਫ਼ਵਾਹ ਹੈ ਕਿ ਉਨ੍ਹਾਂ ਦਾ ਉਸ ਕੂਕਾ ਔਰਤ ਨਾਲ ਕੋਈ ਝਗੜਾ ਹੋ ਗਿਆ ਸੀ, ਜਿੱਥੇ ਉਹ ਰਹਿੰਦੇ ਸਨ। ਮੈਨੂੰ ਨਹੀਂ ਪਤਾ ਕਿ ਉਹ ਕਦੋਂ ਭੈਣੀ ਲਈ ਰਵਾਨਾ ਹੋ ਗਏ ਸਨ ਤੇ ਉਨ੍ਹਾਂ ਦੇ ਸਿਆਲਕੋਟ ਤੋਂ ਜਾਣ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਸੀ, ਭਾਵੇਂ ਜਦੋਂ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਹੋਏ ਸਨ, ਮੈਂ ਇਹ ਪੱਕਾ ਪਤਾ ਲਾਇਆ ਸੀ ਕਿ ਉਹ ਇੱਕ ਮਹੀਨਾ ਪਹਿਲਾਂ ਚੱਕ ਰੇਹਾਨਾ ਤੋਂ ਭੈਣੀ ਗਏ ਸਨ ਅਤੇ ਬਗ਼ਾਵਤ ਤੋਂ ਕੁਝ ਦਿਨ ਪਹਿਲਾਂ ਗੁਪਤ ਤਰੀਕੇ

ਪਰਤ ਆਏ ਸਨ ਪਰ ਸਿਰਫ਼ ਇੱਕੋ ਰਾਤ ਠਹਿਰੇ ਸਨ ਅਤੇ ਫਿਰ ਕਾਹਲ਼ੀ-ਕਾਹਲ਼ੀ 'ਚ ਆਪਣੇ ਘੋੜੇ ਤੇ ਘਰ-ਬਾਰ ਦੀਆਂ ਵਸਤਾਂ ਪਿੱਛੇ ਛੱਡ ਕੇ ਕਿਤੇ ਚਲੇ ਗਏ ਸਨ। ਸਤੰਬਰ ਮਹੀਨੇ ਤੋਂ ਬਾਅਦ ਉਨ੍ਹਾਂ ਨੂੰ ਇਸ ਜ਼ਿਲ੍ਹੇ 'ਚ ਕਿਤੇ ਵੀ ਘੁੰਮਦਿਆਂ ਨਹੀਂ ਵੇਖਿਆ ਗਿਆ ਅਤੇ ਉਨ੍ਹਾਂ ਅਸਲ 'ਚ ਆਪਣੇ ਪਿੱਛੇ ਪੁਲਿਸ ਚੌਕਸੀ ਨੂੰ ਨਾਪਸੰਦ ਕੀਤਾ ਸੀ ਤੇ ਉਸ ਦੀ ਸ਼ਿਕਾਇਤ ਵੀ ਕੀਤੀ ਸੀ।

ਪਰ ਮੇਰਾ ਮੰਨਣਾ ਹੈ ਕਿ ਉਨ੍ਹਾਂ 1865 'ਚ ਇਸ ਜ਼ਿਲ੍ਹੇ ਤੋਂ ਕੂਕਾ ਸੂਬਾ ਵਜੋਂ ਆਪਣਾ ਕਾਰਜ ਸ਼ੁਰੂ ਕੀਤਾ ਸੀ। ਬੀਤੇ ਜੁਲਾਈ ਮਹੀਨੇ ਤੋਂ ਮੈਨੂੰ ਉਨ੍ਹਾਂ ਦੀ ਕਿਸੇ ਗਤੀਵਿਧੀ ਬਾਰੇ ਕੋਈ ਜਾਣਕਾਰੀ ਨਹੀਂ ਹੈ, ਜਦੋਂ ਉਨ੍ਹਾਂ ਦੀਆਂ ਇਤਰਾਜ਼ਯੋਗ ਸਿੱਖਿਆਵਾਂ ਨੇ ਮੇਰਾ ਧਿਆਨ ਖਿੱਚਿਆ ਸੀ। ਉਨ੍ਹਾਂ ਦੀਆਂ ਪਿਛਲੀਆਂ ਘਟਨਾਵਾਂ ਲਗਭਗ ਸ਼ੱਕੀ ਹਨ ਅਤੇ ਨਾਲ ਨੱਥੀ ਗਵਾਹੀਆਂ ਇਹੋ ਦਰਸਾਉਂਦੀਆਂ ਹਨ ਕਿ ਉਹ ਛੇਤੀ ਕਿਤੇ ਆਪਣੇ ਸ਼ਰਧਾਲੂਆਂ ਤੇ ਮਨਪਸੰਦ ਨਿਜੀ ਸਹਾਇਕਾਂ ਨੂੰ ਵੀ ਆਪਣੇ ਜਨਮ-ਸਥਾਨ ਤੇ ਮਾਪਿਆਂ ਬਾਰੇ ਕਦੇ ਵੀ ਕੁਝ ਖੁੱਲ੍ਹ ਕੇ ਨਹੀਂ ਦੱਸਦੇ। ਇਸੇ ਲਈ ਅਜਿਹਾ ਵੀ ਸ਼ੱਕ ਕੀਤਾ ਜਾਂਦਾ ਹੈ ਕਿ ਉਹ ਸ਼ਾਇਦ 1857 ਦੇ ਉਨ੍ਹਾਂ ਬਾਗ਼ੀ ਸਿਪਾਹੀਆਂ ਜਾਂ ਘੁੜਸਵਾਰਾਂ 'ਚੋਂ ਇੱਕ ਹਨ, ਜਿਨ੍ਹਾਂ ਨੇ ਆਪਣੀ ਪਛਾਣ ਲੁਕਾਉਣ ਲਈ ਧਾਰਮਿਕ ਚੋਲ਼ਾ ਅਖ਼ਤਿਆਰ ਕਰ ਲਿਆ ਸੀ। ਉਂਝ ਉਨ੍ਹਾਂ ਨੂੰ ਇੱਕ ਚੰਗਾ ਘੁੜਸਵਾਰ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਫ਼ੌਜੀ ਪਰੇਡ ਤੇ ਅਜਿਹੇ ਹੋਰ ਰਣਨੀਤਕ ਦਾਅ-ਪੇਚਾਂ ਦੀ ਵੀ ਜਾਣਕਾਰੀ ਹੈ - ਇਹ ਗੁਣ (ਗੁਰੂ) ਰਾਮ ਸਿੰਘ ਜੀ ਅਤੇ ਸੂਬਾ ਲੱਖਾ ਸਿੰਘ 'ਚ ਵੀ ਹਨ।

ਮੈਂ ਕੋਈ ਝੂਠਾ ਦਾਅਵਾ ਨਹੀਂ ਕਰਦਾ, ਅਜਿਹੀ ਪੱਕੀ ਗਵਾਹੀ ਮਿਲ ਗਈ ਹੈ, ਬ੍ਰਹਮਾ ਸਿੰਘ ਜੀ ਨੇ ਵਰੁਣ ਵਿਖੇ ਜੋ ਰਾਜ-ਧਰੋਹੀ ਸਿੱਖਿਆਵਾਂ ਦਿੱਤੀਆਂ ਸਨ, ਉਹ ਹਰਫ਼-ਬ-ਹਰਫ਼ ਮਿਲ ਜਾਣਗੀਆਂ; ਪਰ ਨਾਲ ਨੱਥੀ ਗਵਾਹੀਆਂ ਤੋਂ ਇਹ ਪੱਕਾ ਸਬੂਤ ਮਿਲ ਗਿਆ ਹੈ ਕਿ ਉਨ੍ਹਾਂ ਆਪਣੇ ਸ਼ਰਧਾਲੂਆਂ ਨੂੰ ਇਹ ਦੱਸਿਆ ਸੀ ਤੇ ਇਸ ਗੱਲ 'ਤੇ ਯਕੀਨ ਕਰਨ ਲਈ ਕਿਹਾ ਸੀ ਕਿ ਹੁਣ ਸਿੱਖਾਂ ਦੀ ਸਰਬਉੱਚਤਾ ਤੇ ਤਾਕਤ ਇੱਕ ਵਾਰ ਫਿਰ ਉਨ੍ਹਾਂ ਦੇ ਗੁਰੂ ਰਾਮ ਸਿੰਘ ਜੀ ਰਾਹੀਂ ਬਹਾਲ ਹੋਣ ਵਾਲੀ ਹੈ ਅਤੇ ਉਨ੍ਹਾਂ ਇਹੋ ਆਖਿਆ ਸੀ ਕਿ ਉਹ ਗੁਰੂ ਜੀ ਦੀ ਤਾਕਤ ਨਾਲ ਹੀ ਨਵੇਂ ਕੂਕੇ ਬਣਾ ਰਹੇ ਹਨ ਤੇ ਕੂਕਾ ਸਿਧਾਂਤਾਂ ਦਾ ਪ੍ਰਚਾਰ ਤੇ ਪਾਸਾਰ ਕਰ ਰਹੇ ਹਨ, ਸੰਖੇਪ 'ਚ ਇਹੋ ਆਖ ਸਕਦੇ ਹਾਂ ਕਿ ਉਹ ਇੱਕ ਪ੍ਰਚਾਰਕ ਵਜੋਂ ਬਦਨਾਮ ਹਨ।

(9) ਸਿਆਲਕੋਟ ਜ਼ਿਲ੍ਹੇ 'ਚ ਨਿਮਨਲਿਖਤ ਸੂਬੇ ਹਾਲੇ ਵੀ ਮੌਜੂਦ ਹਨ; ਅਤੇ ਇਨ੍ਹਾਂ 'ਚੋਂ ਜੋਤਾ ਸਿੰਘ ਕਦੀ-ਕਦਾਈਂ ਬ੍ਰਹਮਾ ਸਿੰਘ ਜੀ ਨਾਲ ਤਾਲਮੇਲ ਬਿਠਾ ਕੇ ਕੰਮ ਕਰਦੇ ਰਹੇ ਹਨ। ਦਰਅਸਲ, ਜੋਤਾ ਸਿੰਘ ਦੀ ਨਾਮਜ਼ਦਗੀ ਸੂਬਾ ਦੇ ਅਹੁਦੇ ਲਈ ਬ੍ਰਹਮ ਸਿੰਘ ਹੁਰਾਂ ਤੋਂ ਵੀ ਜ਼ਿਆਦਾ ਪੁਰਾਣੀ ਹੈ ਪਰ ਬ੍ਰਹਮ ਸਿੰਘ ਕਿਉਂਕਿ ਵਧੇਰੇ ਊਰਜਾਵਾਨ ਸ਼ਖ਼ਸੀਅਤ ਦੇ ਮਾਲਕ ਹਨ, ਇਸੇ ਲਈ ਬਾਬਾ ਰਾਮ ਸਿੰਘ ਜੀ ਦੇ ਵਧੇਰੇ ਨੇੜੇ ਵੀ ਹਨ ਤੇ ਉਨ੍ਹਾਂ ਅੱਗੇ ਜੋਤਾ ਸਿੰਘ ਫਿੱਕੇ ਪੈ ਗਏ ਜਾਪਦੇ ਹਨ।

1. ਜੋਤਾ ਸਿੰਘ, ਨਿਵਾਸੀ ਢੈਪਈ, ਥਾਣਾ ਪਸਰੂਰ, ਜ਼ਿਲ੍ਹਾ ਸਿਆਲਕੋਟ।

2. ਜਮੀਅਤ ਸਿੰਘ, ਨਿਵਾਸੀ ਗਿੱਲਵਾਲਾ, ਥਾਣਾ ਪਸਰੂਰ, ਜ਼ਿਲ੍ਹਾ ਸਿਆਲਕੋਟ।
3. ਰਾਜਾ ਸਿੰਘ, ਨਿਵਾਸੀ ਤ੍ਰਾਂਡੀ, ਥਾਣਾ ਮਿਆਣਾ, ਜ਼ਿਲ੍ਹਾ ਸਿਆਲਕੋਟ।
4. ਗੁਰਚਰਨ ਸਿੰਘ, ਨਿਵਾਸੀ ਚੱਕ ਰਾਮ ਦਾਸ, ਥਾਣਾ ਸੱਤਰਾ, ਜ਼ਿਲ੍ਹਾ ਸਿਆਲਕੋਟ।

*ਅਤੇ ਨਿਮਨਲਿਖਤ ਵਿਅਕਤੀ ਇਨ੍ਹਾਂ ਸੂਬਿਆਂ ਦੇ ਅਧੀਨ ਮਹੰਤ ਜਾਂ ਗ੍ਰੰਥੀ ਹਨ:*

1. ਗੁਲਾਬ ਸਿੰਘ, ਬੱਬਰ ਦੇ ਤਰਖਾਣ, ਥਾਣਾ ਕਾਮੋਕੀ, ਜ਼ਿਲ੍ਹਾ ਗੁਜਰਾਂਵਾਲਾ।
2. ਬੋਲਾਕਾ ਸਿੰਘ, ਜੱਟ-ਜ਼ਿਮੀਂਦਾਰ, ਨਿਵਾਸੀ ਵਰੁਣ, ਥਾਣਾ ਸ਼ੇਖ਼ੂਪੁਰਾ, ਜ਼ਿਲ੍ਹਾ ਗੁਜਰਾਂਵਾਲਾ।

## ਸਤਿਕਾਰਯੋਗ ਵਿਅਕਤੀਆਂ ਦੀ ਗਵਾਹੀ

1. ਦਿਆ ਸਿੰਘ ਪੁੱਤਰ ਦਲ ਸਿੰਘ, ਜਾਤੀ ਜੱਟ ਵਰੁਣ, ਵਰੁਣ ਦਾ ਮੁੱਖ ਨੰਬਰਦਾਰ, ਥਾਣਾ ਸ਼ੇਖ਼ੂਪੁਰਾ:

''ਮੇਰੇ ਪਿੰਡ 'ਚ ਕੂਕੇ ਰਹਿੰਦੇ ਹਨ। ਕੂਕਾ ਸੂਬਾ ਬ੍ਰਹਮਾ ਸਿੰਘ ਕਈ ਵਾਰ ਮੇਰੇ ਪਿੰਡ ਆਏ ਹਨ। ਮੈਂ ਉਨ੍ਹਾਂ ਨੂੰ ਵੇਖਿਆ ਹੈ ਤੇ ਉਨ੍ਹਾਂ ਨੂੰ ਜਾਣਦਾ ਹਾਂ। ਧਾਰਮਿਕ ਤੇ ਵਿਆਹਾਂ ਦੇ ਇਕੱਠਾਂ ਮੌਕੇ ਉਹ ਅਕਸਰ ਸਾਰੇ ਵਿਅਕਤੀਆਂ ਨੂੰ ਕੂਕੇ ਬਣਨ ਲਈ ਆਖਦੇ ਹੋਏ ਇਹ ਵੀ ਕਹਿ ਦਿੰਦੇ ਹਨ ਕਿ ਬਾਅਦ 'ਚ ਉਨ੍ਹਾਂ ਨੂੰ ਪਛਤਾਉਣਾ ਪਵੇਗਾ ਕਿਉਂਕਿ ਖ਼ਾਲਸਾ (ਸਿੱਖ) ਰਾਜ ਛੇਤੀ ਹੀ ਆਉਣ ਵਾਲਾ ਹੈ। ਉਹ ਓਗੁੰਡ ਗੁੱਡਣਵਾਲਾ, ਝੱਬਰ, ਕੁਰੀਅਲ, ਮੂਦਾਰ, ਸ਼ਮਸ਼ਾ ਜਿਹੇ ਪਿੰਡਾਂ 'ਚ ਅਕਸਰ ਆਉਂਦੇ ਰਹੇ ਹਨ; ਉਨ੍ਹਾਂ ਕਈ ਔਰਤਾਂ ਨੂੰ ਵੀ ਕੂਕਾ ਸੰਪਰਦਾਇ 'ਚ ਸ਼ਾਮਲ ਕੀਤਾ ਹੈ ਅਤੇ ਉਨ੍ਹਾਂ ਨੂੰ ਇਹ ਆਖ ਕੇ ਜਾਂਘੀਏ (ਕਛਹਿਰੇ) ਪਹਿਨਣ ਲਈ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਵੀ ਇੱਕ ਦਿਨ ਸ਼ਹੀਦੀ ਪਾਉਣੀ ਹੈ ਅਤੇ ਤਦ ਉਨ੍ਹਾਂ ਦਾ ਲਿੰਗ ਕਿਸੇ 'ਤੇ ਜ਼ਾਹਿਰ ਨਾ ਹੋਵੇ। ਬ੍ਰਹਮਾ ਸਿੰਘ ਹੀ ਉਹ ਵਿਅਕਤੀ ਹਨ, ਜਿਨ੍ਹਾਂ ਮੇਰੇ ਪਿੰਡ ਦੇ ਵਾਸੀਆਂ ਨੂੰ ਪਹਿਲੀ ਵਾਰ ਕੂਕੇ ਬਣਾਇਆ ਸੀ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਸਦਕਾ ਹੀ ਲੋਕ ਕੂਕੇ ਬਣਨ ਲੱਗ ਪਏ ਸਨ। ਬ੍ਰਹਮਾ ਸਿੰਘ ਜੀ ਦੀ ਪਹਿਲੀ ਫੇਰੀ ਦੇ ਦੋ ਸਾਲਾਂ ਮਗਰੋਂ (ਗੁਰੂ) ਰਾਮ ਸਿੰਘ ਜੀ ਮੇਰੇ ਪਿੰਡ ਆਏ ਸਨ। ਜੋਤਾ ਸਿੰਘ ਨੇ ਵੀ ਨਵੇਂ ਕੂਕੇ ਬਣਾਏ ਸਨ। ਬ੍ਰਹਮਾ ਸਿੰਘ ਪਹਿਲੀ ਵਾਰ ਸੱਤ ਜਾਂ ਅੱਠ ਵਰ੍ਹੇ ਪਹਿਲਾਂ ਆਏ ਸਨ ਅਤੇ ਤਦ ਤੋਂ ਉਹ ਅਕਸਰ ਸਿਆਲਕੋਟ ਤੋਂ ਆਉਂਦੇ ਰਹਿੰਦੇ ਹਨ ਅਤੇ ਧਾਰਮਿਕ ਇਕੱਠ ਕਰਦੇ ਹਨ।''

2. ਸ਼ਾਹਬਾਜ਼ ਖ਼ਾਨ ਪੁੱਤਰ ਅਜ਼ੀਮ ਖ਼ਾਨ, ਜਾਤੀ ਪਠਾਨ, ਬੜੈਚ, ਮੁੱਖ ਨੰਬਰਦਾਰ, ਜੰਡਿਆਲਾ ਸ਼ੇਰੇ ਖ਼ਾਨ, ਨੇੜੇ ਵਰੁਣ:

''ਮੈਂ ਕੂਕਾ ਸੂਬਾ ਬ੍ਰਹਮਾ ਸਿੰਘ ਨੂੰ ਜਾਣਦਾ ਹਾਂ। ਤਿੰਨ ਵਰ੍ਹੇ ਪਹਿਲਾਂ ਮੈਨੂੰ ਪਤਾ ਲੱਗਾ ਕਿ ਵਰੁਣ 'ਚ ਕੂਕਿਆਂ ਦਾ ਇਕੱਠ ਹੋਣ ਵਾਲਾ ਹੈ ਤੇ ਉੱਥੇ ਬਹੁਤ ਵੱਡਾ 'ਤਮਾਸ਼ਾ' ਹੋ ਗਿਆ ਸੀ, ਜੋ ਵੇਖਣਯੋਗ ਸੀ। ਮੈਂ ਤੇ ਕੁਝ ਹੋਰ ਜਣੇ ਉੱਥੇ ਪੁੱਜੇ। ਗੁਰੂ ਰਾਮ ਸਿੰਘ ਜੀ ਉੱਥੇ ਸਨ। ਬ੍ਰਹਮਾ ਸਿੰਘ ਵੀ ਉੱਥੇ ਸਭ ਤੋਂ ਉਚੇਰੇ 'ਮੁਸਾਹਿਬ' ਜਾਂ ਨੁਮਾਇੰਦੇ ਵਜੋਂ ਮੌਜੂਦ ਸਨ। ਬ੍ਰਹਮਾ ਸਿੰਘ 500 ਦੇ ਲਗਭਗ ਵਿਅਕਤੀਆਂ,

ਕੂਕਿਆਂ ਤੇ ਹੋਰਨਾਂ ਦੀ ਮੌਜੂਦਗੀ 'ਚ ਪ੍ਰਚਾਰ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਕੂਕੇ ਬਣਨ ਲਈ ਆਖ ਰਹੇ ਸਨ। ਗੁਰੂ ਰਾਮ ਸਿੰਘ ਜੀ ਚੁੱਪ ਸਨ, ਬ੍ਰਹਮਾ ਸਿੰਘ ਜੀ ਵਾਰ-ਵਾਰ ਦੋਹਰਾ ਰਹੇ ਸਨ ਕਿ ਅਜਿਹਾ ਵੇਲਾ ਮੁੜ ਕੇ ਹੱਥ ਨਹੀਂ ਆਉਣਾ। ਇਸ ਤੋਂ ਬਾਅਦ ਬ੍ਰਹਮਾ ਸਿੰਘ ਕਈ ਵਾਰ ਵਰੁਣ, ਝੱਬਰ, ਓਗੁੰਡ, ਮੂਦਾਰ, ਕੁਰੀਅਲ, ਗੁੱਡਣਵਾਲਾ, ਚੂਹੜਕਾਣਾ ਆਏ; ਪਰ ਮੈਂ ਕਦੇ ਉਨ੍ਹਾਂ ਨੂੰ ਵੇਖਣ ਲਈ ਨਹੀਂ ਗਿਆ ਭਾਵੇਂ ਮੈਂ ਅਕਸਰ ਸੁਣਦਾ ਰਹਿੰਦਾ ਸਾਂ ਕਿ ਉਹ ਕੂਕਾਵਾਦ ਦਾ ਡੱਟ ਕੇ ਪ੍ਰਚਾਰ ਕਰ ਰਹੇ ਸਨ ਅਤੇ ਹਰੇਕ ਨੂੰ ਕੂਕਾ ਬਣਨ ਲਈ ਆਖਦੇ ਸਨ ਤੇ ਨਾਲ ਇਹ ਵੀ ਆਖ ਦਿੰਦੇ ਸਨ ਕਿ ਜੇ ਹੁਣ ਤੁਸੀਂ ਨਾ ਬਣੇ, ਤਾਂ ਬਾਅਦ 'ਚ ਪਛਤਾਉਣਾ ਪਵੇਗਾ ਕਿਉਂਕਿ ਖ਼ਾਲਸਾ ਰਾਜ (ਸਰਕਾਰ) ਹੁਣ ਕਾਇਮ ਹੋਣ ਹੀ ਵਾਲਾ ਹੈ। ਮੈਂ ਸੁਣਿਆ ਸੀ ਕਿ ਕਸਾਈਆਂ ਦੇ ਕਤਲਾਂ ਤੋਂ ਬਾਅਦ ਬ੍ਰਹਮਾ ਸਿੰਘ ਵਰੁਣ ਆਏ ਸਨ ਤੇ ਔਰਤਾਂ ਨੂੰ ਕੂਕਾ ਸੰਪਰਦਾਇ 'ਚ ਸ਼ਾਮਲ ਕੀਤਾ ਸੀ ਅਤੇ ਉਨ੍ਹਾਂ ਨੂੰ ਜਾਂਘੀਏ (ਕਛਹਿਰਾ) ਪਹਿਨਾਏ ਸਨ ਤੇ ਉਨ੍ਹਾਂ ਔਰਤਾਂ ਨੂੰ ਆਖਿਆ ਸੀ ਕਿ ਤੁਸੀਂ ਸ਼ਹਾਦਤ ਪਾਉਣ ਜਾ ਰਹੀਆਂ ਹੋ, ਇਸ ਲਈ ਨਗਨ ਨਾ ਰਹੋ।''

3. ਹੀਰਾ ਸਿੰਘ ਪੁੱਤਰ ਸੋਵਾਇਆ, ਜਾਤੀ ਜੱਟ ਵਿਰਕ, ਮੁੱਖ ਨੰਬਰਦਾਰ - ਪਿੰਡ ਝੱਬਰ:

ਮੈਂ ਕੂਕਿਆਂ ਦੇ ਸੂਬਾ ਬ੍ਰਹਮਾ ਸਿੰਘ ਨੂੰ ਜਾਣਦਾ ਹਾਂ ਅਤੇ ਉਨ੍ਹਾਂ ਨੂੰ ਵੇਖਿਆ ਵੀ ਹੈ। ਮੇਰੇ ਪਿੰਡ 'ਚ ਕੂਕੇ ਰਹਿੰਦੇ ਹਨ। ਉਹ ਮੇਰੇ ਪਿੰਡ ਪੰਜ-ਛੇ ਵਾਰ ਆ ਚੁੱਕੇ ਹਨ ਇਕੱਠਾਂ 'ਚ ਸ਼ਿਰਕਤ ਕਰਦੇ ਰਹੇ ਹਨ। ਉਹ ਅਕਸਰ ਆਖਿਆ ਕਰਦੇ ਸਨ,''ਕੂਕੇ ਬਣ ਜਾਓ, ਨਹੀਂ ਤਾਂ ਬਾਅਦ 'ਚ ਪਛਤਾਉਣਾ ਪਵੇਗਾ। ਜਦੋਂ ਵੀ ਕਦੇ ਬ੍ਰਹਮਾ ਸਿੰਘ ਆਉਂਦੇ ਸਨ, ਪੰਜ-ਛੇ ਜਣੇ ਜ਼ਰੂਰ ਕੂਕੇ ਬਣਦੇ ਸਨ। ਓਗੁੰਡ, ਗੁੱਡਣਵਾਲਾ, ਬੰਬਰ, ਝੱਬਰ, ਵਰੁਣ, ਚੂਹੜਕਾਣਾ, ਝਾਮਕੇ, ਸ਼ਮਸਾ ਤੇ ਹੋਰ ਸਾਰੀਆਂ ਥਾਵਾਂ 'ਤੇ ਬ੍ਰਹਮਾ ਸਿੰਘ ਅਕਸਰ ਉਹੀ ਕੁਝ ਸਿਖਾਉਂਦੇ ਸਨ, ਜੋ ਕੁਝ ਮੈਂ ਪਹਿਲਾਂ ਬਿਆਨ ਕਰ ਚੁੱਕਾ ਹਾਂ। ਉਹ ਔਰਤਾਂ ਨੂੰ ਜਾਂਘੀਏ ਕਛਹਿਰੇ ਪਵਾਉਂਦੇ ਸਨ।''

4. ਅਨੋਖ ਸਿੰਘ ਪੁੱਤਰ ਬੱਲ ਸਿੰਘ, ਜਾਤੀ ਵਿਰਕ ਜੱਟ, ਜ਼ੈਲਦਾਰ - ਪਿੰਡ ਚੂਹੜਕਾਣਾ: ''ਮੈਂ 10 ਵਰ੍ਹੇ ਪੁਲਿਸ ਜ਼ੈਲਦਾਰ ਰਹਿ ਚੁੱਕਾ ਹਾਂ। ਮੈਂ ਸੂਬਾ ਬ੍ਰਹਮਾ ਸਿੰਘ ਨੂੰ ਜਾਣਦਾ ਹਾਂ। ਸੰਮਤ 1928 ਦੇ ਜੇਠ ਜਾਂ ਹਾੜ੍ਹ ਮਹੀਨੇ ਅਤੇ 1871 ਦੇ ਜੂਨ ਜਾਂ ਜੁਲਾਈ 'ਚ ਚੂਹੜਕਾਣਾ ਦੇ ਕੂਕਾ ਅਮਰੀਕ ਸਿੰਘ ਦੇ ਪਰਿਵਾਰ 'ਚ ਵਿਆਹ ਸੀ ਤੇ ਤਦ ਸੂਬਾ ਬ੍ਰਹਮਾ ਸਿੰਘ ਵੀ ਪੁੱਜੇ ਸਨ। ਮੈਂ ਇਹ ਵੀ ਸੁਣਿਆ ਸੀ ਕਿ ਉਨ੍ਹਾਂ ਔਰਤਾਂ ਨੂੰ ਕੂਕਾ ਸੰਪਰਦਾਇ 'ਚ ਸ਼ਾਮਲ ਕੀਤਾ ਸੀ ਤੇ ਉਨ੍ਹਾਂ ਨੂੰ ਜਾਂਘੀਏ (ਕਛਹਿਰਾ) ਪਹਿਨਣ ਲਈ ਕਿਹਾ ਸੀ ਤੇ ਨਾਲ ਹੀ ਇਹ ਵੀ ਆਖਿਆ ਸੀ ਕਿ ਇਹ ਇੱਕ ਫ਼ਰਮਾਨ ਹੈ ਤੇ ਲਾਜ਼ਮੀ ਹੈ ਕਿਉਂਕਿ ਇਸ ਨਾਲ ਗੰਦਗੀ ਤੋਂ ਬਚਾਅ ਹੁੰਦਾ ਹੈ ਅਤੇ ਤੁਸੀਂ ਸ਼ਹਾਦਤ ਵੀ ਪਾਉਣੀ ਹੈ।''

5. ਦਿਆਲ ਸਿੰਘ ਪੁੱਤਰ ਪ੍ਰਧਾਨ ਸਿੰਘ, ਜਾਤੀ ਮੱਟੂ ਜੱਟ, ਨੰਬਰਦਾਰ, ਭਾਈ ਮੱਟੂ।

''ਬ੍ਰਹਮਾ ਸਿੰਘ ਤੇ ਜੋਤਾ ਸਿੰਘ ਸੂਬਾ ਅਕਸਰ ਸਿਆਲਕੋਟ ਜ਼ਿਲ੍ਹੇ ਤੋਂ ਮੇਰੇ ਪਿੰਡ 'ਚ ਆਉਂਦੇ ਰਹਿੰਦੇ ਸਨ। ਉਹ ਤਿੰਨ ਵਾਰ ਆਏ ਸਨ। ਉਨ੍ਹਾਂ ਦਾ ਮੁੱਖ ਮੰਤਵ ਨਵੇਂ ਲੋਕਾਂ ਨੂੰ ਕੂਕੇ ਬਣਾਉਣਾ ਹੁੰਦਾ ਸੀ। ਉਨ੍ਹਾਂ ਨੇ ਔਰਤਾਂ ਦੇ ਵੀ ਮਨ-ਪਰਿਵਰਤਨ ਕਰਵਾਏ ਸਨ ਅਤੇ ਉਨ੍ਹਾਂ ਨੂੰ ਜਾਂਘੀਏ (ਕਛਹਿਰੇ) ਪੁਆਏ ਸਨ ਅਤੇ ਮੇਰੇ ਆਪਣੇ ਪਿੰਡ 'ਚ ਤਿੰਨ-ਚਾਰ ਔਰਤਾਂ ਕੂਕਾ ਸੰਪਰਦਾਇ 'ਚ ਸ਼ਾਮਲ ਹੋ ਗਈਆਂ ਸਨ। ਔਰਤਾਂ ਦਾ ਮਨ-ਪਰਿਵਰਤਨ ਕਰਵਾਉਣ ਦਾ ਉਦੇਸ਼ ਉਨ੍ਹਾਂ ਨੂੰ ਧਰਮ 'ਚ ਰੱਖਣਾ ਸੀ।''

6. ਹਵੇਲਾ ਸਿੰਘ ਪੁੱਤਰ ਉੱਤਰ ਸਿੰਘ, ਜਾਤੀ ਦੂਲੋ ਜੱਟ, ਨੰਬਰ - ਖਾੜਾ,''ਇੱਥੇ ਮੇਰੇ ਪਿੰਡ 'ਚ 8 ਕੂਕੇ ਹਨ। ਮੈਂ ਸੂਬਿਆਂ ਬ੍ਰਹਮਾ ਸਿੰਘ ਤੇ ਜੋਤਾ ਸਿੰਘ ਨੂੰ ਵੇਖਿਆ ਹੈ। ਉਹ ਅਕਸਰ ਸਿਆਲਕੋਟ ਵਾਲੇ ਪਾਸਿਓਂ ਆਉਂਦੇ ਰਹੇ ਸਨ ਤੇ ਇੱਕ ਜਾਂ ਦੋ ਦਿਨ ਰਹਿੰਦੇ ਵੀ ਸਨ ਅਤੇ ਲੋਕਾਂ ਨੂੰ ਕੂਕੇ ਬਣਨ ਦੀ ਬੇਨਤੀ ਕਰਦੇ ਹੋਏ ਆਖਦੇ ਸਨ ਕਿ ਅਜਿਹਾ ਕਰਨ ਦਾ ਬਾਅਦ 'ਚ ਫ਼ਾਇਦਾ ਪੁੱਜੇਗਾ। ਉਹ ਅਕਸਰ ਆਪਣੇ ਸੰਪਰਦਾਇ 'ਚ ਵਾਧਾ ਕਰਨ ਲਈ ਜ਼ੋਰ ਲਾਉਂਦੇ ਰਹਿੰਦੇ ਸਨ। ਕੂਕਿਆਂ ਦਾ ਕਹਿਣਾ ਸੀ ਕਿ ਗੁਰੂ ਖ਼ਾਲਸਾ ਦਾ ਰਾਜ ਆਉਣ ਵਾਲਾ ਹੈ, ਕੂਕੇ ਬਣ ਜਾਓ, ਨਹੀਂ ਤਾਂ ਬਾਅਦ 'ਚ ਪਛਤਾਉਣਾ ਪਵੇਗਾ।'' ਇਹ ਇੱਕ ਆਮ ਅਫ਼ਵਾਹ ਸੀ। ਸੂਬੇ ਔਰਤਾਂ ਨੂੰ ਵੀ ਕੂਕਾ ਬਣਾਉਂਦੇ ਸਨ।

7. ਹੀਰਾ ਸਿੰਘ ਪੁੱਤਰ ਸੋਭਾ ਸਿੰਘ ਜਾਤੀ ਵਿਰਕ ਜੱਟ, ਨਿਵਾਸੀ ਸ਼ਮਸਾ: ''ਮੈਂ ਸੂਬਾ ਬ੍ਰਹਮਾ ਸਿੰਘ ਨੂੰ ਜਾਣਦਾ ਹਾਂ। ਸੰਮਤ 1927 ਦੇ ਕੱਤਕ ਮਹੀਨੇ (ਅਕਤੂਬਰ 1870) 'ਚ ਜਾਂ ਡੇਢ ਕੁ ਸਾਲ ਪਹਿਲਾਂ ਮੇਰੇ ਪਿੰਡ ਦੇ ਪਟਵਾਰੀ ਤੇਗ ਸਿੰਘ ਦੇ ਘਰ ਕੂਕਿਆਂ ਦੀ ਇੱਕ ਮੀਟਿੰਗ ਰੱਖੀ ਗਈ ਸੀ, ਤਦ ਬ੍ਰਹਮਾ ਸਿੰਘ ਵੀ ਪੁੱਜੇ ਸਨ ਤੇ ਦੋ ਦਿਨ ਰਹੇ ਸਨ। ਉਦੋਂ 100 ਦੇ ਲਗਭਗ ਕੂਕੇ ਇਕੱਠੇ ਹੋਏ ਸਨ ਤੇ 20 ਜਣੇ ਨਵੇ ਂ ਕੂਕੇ ਵੀ ਸ਼ਾਮਲ ਕੀਤੇ ਗਏ ਸਨ। ਫਿਰ ਸੰਮਤ 1928 ਦੇ ਜੇਠ ਮਹੀਨੇ (ਜੂਨ ਤੇ ਜੁਲਾਈ 1871) 'ਚ ਉਹ ਜਗਤ ਸਿੰਘ ਦੀਆਂ ਧੀਆਂ ਦੇ ਵਿਆਹ ਮੌਕੇ ਪੁੱਜੇ ਸਨ। ਉਸ ਵੇਲੇ ਉਹ ਅਕਸਰ ਇਹੋ ਗੱਲ ਆਖਿਆ ਕਰਦੇ ਸਨ। ਜਿਹੜੇ ਲੜਕੇ ਦਾ ਵਿਆਹ ਹੋਣਾ ਸੀ, ਉਹ ਕੂਕਾ ਨਹੀਂ ਸੀ। ਬ੍ਰਹਮਾ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਉਸ ਲੜਕੇ ਨਾਲ ਤਦ ਤੱਕ ਆਪਣੀ ਧੀ ਦਾ ਵਿਆਹ ਨਹੀਂ ਕਰਨਾ ਚਾਹੀਦਾ, ਜਦੋਂ ਤੱਕ ਕਿ ਉਹ ਕੂਕਾ ਨਾ ਬਣ ਜਾਵੇ ਅਤੇ ਫਿਰ ਉਸ ਤੋਂ ਬਾਅਦ ਉਨ੍ਹਾਂ ਲੜਕੇ ਨੂੰ ਕੂਕਾ ਬਣਾਇਆ। ਮੇਰੇ ਪਿੰਡ ਤੋਂ ਇਲਾਵਾ ਬ੍ਰਹਮਾ ਸਿੰਘ ਅਕਸਰ ਵਰੁਣ, ਝੱਬਰ, ਗੁੱਡਣਵਾਲਾ, ਬੱਬਰ, ਓਗੁੰਡ, ਮੂਦਾਰ, ਕੁਰੀਅਲ ਜਿਹੇ ਪਿੰਡਾਂ 'ਚ ਵੀ ਜਾਂਦੇ ਰਹੇ ਹਨ; ਮੈਂ ਸੁਣਿਆ ਸੀ ਕਿ ਉਹ ਸਾਰੇ ਲੋਕਾਂ ਨੂੰ ਕੂਕੇ ਬਣਨ ਲਈ ਕਹਿੰਦੇ ਸਨ। ਤਦ ਹੀ ਮੈਂ ਸੁਣਿਆ ਸੀ ਕਿ ਬ੍ਰਹਮਾ ਸਿੰਘ ਜੀ ਨੇ ਵਰੁਣ ਦੀਆਂ ਔਰਤਾਂ ਨੂੰ ਵੀ ਕੂਕਾ ਸੰਪਰਦਾਇ 'ਚ ਸ਼ਾਮਲ ਕੀਤਾ ਹੈ ਅਤੇ ਉਨ੍ਹਾਂ ਨੂੰ ਜਾਂਘੀਏ (ਕਛਹਿਰਾ) ਪਹਿਨਣ ਦਾ ਫ਼ਰਮਾਨ ਸੁਣਾਇਆ ਹੈ। ਮੈਂ ਪਟਵਾਰੀ ਤੇਗ ਸਿੰਘ ਤੋਂ ਇਹ ਵੀ ਸੁਣਿਆ ਸੀ ਕਿ ਬ੍ਰਹਮਾ ਸਿੰਘ ਨੇ ਔਰਤਾਂ ਨੂੰ ਇਹ ਵੀ ਆਖਿਆ ਸੀ ਕਿ ਉਹ ਸ਼ਹਾਦਤ ਪਾਉਣ ਜਾ ਰਹੀਆਂ ਹਨ ਤੇ ਉਨ੍ਹਾਂ ਨੂੰ ਨਗਨ ਨਹੀਂ ਰਹਿਣਾ ਚਾਹੀਦਾ।''

11. ਨਿਹਾਲ ਸਿੰਘ ਪੁੱਤਰ ਤੇਗ ਸਿੰਘ, ਜਾਤੀ ਜੱਟ ਵਿਰਕ, ਨੰਬਰਦਾਰ -

ਕੁਰੀਅਲ: ਇਹ ਵਿਅਕਤੀ ਖ਼ੁਦ ਵੀ ਕੂਕਾ ਹੈ।

''ਮੇਰੇ ਪਿੰਡ 'ਚ ਨਿਮਨਲਿਖਤ ਕੂਕੇ ਹਨ:

1. ਗੁਰਦਿੱਤ ਸਿੰਘ, ਜੱਟ ਵਿਰਕ
2. ਚਤਰ ਸਿੰਘ, ਜੱਟ ਵਿਰਕ
3. ਜੀਵਨ ਸਿੰਘ, ਜ਼ਰਗਾਰ, ਭਾਈ ਧਰਮਸਾਲੀਆ
4. ਹੀਰਾ ਸਿੰਘ ਖੱਤਰੀ।

ਇਨ੍ਹਾਂ ਨੂੰ ਸੂਬਾ ਬ੍ਰਹਮਾ ਸਿੰਘ ਨੇ ਚਾਰ ਜਾਂ ਪੰਜ ਵਰ੍ਹੇ ਪਹਿਲਾਂ ਝੱਬਰ ਤੇ ਗੁੱਡਣਵਾਲਾ ਵਿਖੇ ਕੂਕੇ ਬਣਾਇਆ ਸੀ। ਦੋ ਸਾਲ ਪਹਿਲਾਂ ਮੈਂ ਗੁਜਰਾਂਵਾਲਾ 'ਚ ਜੋਤਾ ਸਿੰਘ ਨੂੰ ਸਵਰਗੀ ਸਰਦਾਰ ਹਰੀ ਸਿੰਘ ਨਲਵਾ ਦੀ ਹਵੇਲੀ 'ਚ ਵੇਖਿਆ ਸੀ, ਜਦੋਂ ਭਾਈ ਲਹਿਣਾ ਸਿੰਘ ਗਿਰਜਾਖੀਆ ਦੀ ਧੀ ਦਾ ਵਿਆਹ ਸੀ। ਭਾਈ ਲਹਿਣਾ ਸਿੰਘ ਦਰਅਸਲ ਸਵਰਗੀ ਸਰਦਾਰ ਹਰੀ ਸਿੰਘ ਨਲਵਾ ਦੇ ਜਵਾਈ ਹਨ ਅਤੇ ਉਨ੍ਹਾਂ ਨੂੰ ਨਲਵਾ ਪਰਿਵਾਰ ਨਾਲ ਜੁੜੇ ਹੋਣ ਕਾਰਣ ਵੀ ਸਰਦਾਰ ਕਿਹਾ ਜਾਂਦਾ ਹੈ ਅਤੇ ਉਨ੍ਹਾਂ ਦੇ ਧਾਰਮਿਕ ਰੁਝਾਨ ਸਦਕਾ ਉਨ੍ਹਾਂ ਨੂੰ ਭਾਈ ਆਖਿਆ ਜਾਂਦਾ ਹੈ ਅਤੇ ਉਹ ਧਰਮਸਾਲ ਠਠਿਆਰਾਂ ਵੀ ਜਾਂਦੇ ਰਹੇ ਸਨ ਅਤੇ ਉਹ ਉਪਰੋਕਤ ਹਵੇਲੀ 'ਚ ਲਹਿਣਾ ਸਿੰਘ ਨਾਲ ਰਹੇ ਸਨ।''

12. ਤ੍ਰਿਲੋਕ ਸਿੰਘ ਪੁੱਤਰ ਉੱਤਰ ਸਿੰਘ, ਜਾਤੀ ਜੱਟ ਵਿਰਕ ਜ਼ੈਲਦਾਰ ਨਿਵਾਸੀ ਕਾਲੋਕੇ ਨੇ ਸੂਬਾ ਬ੍ਰਹਮ ਸਿੰਘ ਨੂੰ ਕਦੇ ਨਹੀਂ ਵੇਖਿਆ। ਉਹ ਅਕਸਰ ਸਿਆਲਕੋਟ ਵਾਲੇ ਪਾਸਿਓਂ ਮੇਰੇ ਪਿੰਡ ਤੋਂ ਦੋ ਕੋਹ ਦੀ ਦੂਰੀ 'ਤੇ ਸਥਿਤ ਵਰੁਣ 'ਚ ਮੀਟਿੰਗਾਂ ਅਤੇ ਵਿਆਹ ਸਮਾਰੋਹਾਂ ਆਦਿ ਮੌਕਿਆਂ 'ਤੇ ਆਉਂਦੇ ਰਹਿੰਦੇ ਸਨ। ਉਹ ਲੋਕਾਂ ਨੂੰ ਕੂਕੇ ਬਣਨ ਦੀ ਬੇਨਤੀ ਕਰਦੇ ਸਨ ਤੇ ਨਾਲ ਹੀ ਇਹ ਵੀ ਆਖ ਦਿੰਦੇ ਸਨ ਕਿ ਬਾਅਦ 'ਚ ਉਨ੍ਹਾਂ ਨੂੰ ਪਛਤਾਉਣਾ ਪਵੇਗਾ, ਜੇ ਉਹ ਹੁਣੇ ਕੂਕੇ ਨਾ ਬਣੇ ਕਿਉਂਕਿ ਗੁਰੂ ਖ਼ਾਲਸਾ ਰਾਜ ਹੁਣ ਆਉਣ ਵਾਲਾ ਹੈ। ਉਨ੍ਹਾਂ ਵਰੁਣ ਦੀਆਂ ਕੁਝ ਔਰਤਾਂ ਨੂੰ ਵੀ ਕੂਕਾ ਬਣਾਇਆ ਸੀ ਤੇ ਉਨ੍ਹਾਂ ਨੂੰ ਕਛਹਿਰੇ ਪਹਿਨਣ ਲਈ ਕਿਹਾ ਸੀ। ਜਦੋਂ ਵੀ ਕਦੇ ਉਹ ਆਏ, ਪੰਜ ਜਾਂ ਛੇ ਵਿਅਕਤੀ ਕੂਕੇ ਜ਼ਰੂਰ ਬਣੇ ਅਤੇ ਜੋਤਾ ਸਿੰਘ ਵੀ ਉਨ੍ਹਾਂ ਨਾਲ ਹੁੰਦੇ ਸਨ।

13. ਬ੍ਰਹਮਾ ਸਿੰਘ ਨਿੱਤ ਆਉਂਦੇ ਰਹਿੰਦੇ ਸਨ, ਜਦੋਂ ਵੀ ਕਦੇ ਕੂਕਿਆਂ ਦਾ ਕੋਈ ਧਾਰਮਿਕ ਇਕੱਠ ਹੁੰਦਾ ਸੀ ਜਾਂ ਵਿਆਹ ਸਮਾਰੋਹ ਹੁੰਦਾ ਸੀ। ਤਦ ਉਨ੍ਹਾਂ ਔਰਤਾਂ ਨੂੰ ਵੀ ਕੂਕੇ ਬਣਾਇਆ ਸੀ ਤੇ ਉਨ੍ਹਾਂ ਨੂੰ ਕਛਹਿਰੇ ਪਾਉਣ ਲਈ ਕਿਹਾ ਸੀ।

14. ਦੂਨੀ ਚੰਦ ਪੁੱਤਰ ਕਨ੍ਹੱਈਆ ਲਾਲ, ਜਾਤ ਖੱਤਰੀ, ਨਾਇਬ ਕਾਨੂੰਨਗੋ, ਸ਼ੇਖੂਪੁਰਾ – 'ਮੈਂ ਨਿਰੀਖਣ ਦੀ ਡਿਊਟੀ ਲਈ ਅਕਸਰ ਜੱਬਰ, ਵਰੁਣ, ਚੂਹੜਕਾਣਾ ਜਿਹੇ ਪਿੰਡਾਂ 'ਚ ਜਾਂਦਾ ਰਹਿੰਦਾ ਸਾਂ ਅਤੇ ਕੂਕਿਆਂ ਨੂੰ ਇਹ ਆਖਦਿਆਂ ਸੁਣਦਾ ਸਾਂ ਕਿ ਇੱਕ ਦਿਨ ਖ਼ਾਲਸਾ ਸਾਹਿਬ ਦਾ ਰਾਜ ਆਵੇਗਾ ਅਤੇ ਇਸ ਸਬੰਧੀ ਪ੍ਰਮਾਤਮਾ ਦਾ ਹੁਕਮ ਬੱਸ ਹੁਣ ਪੂਰਾ ਹੋਣ ਹੀ ਵਾਲਾ ਹੈ।।'

15. ਗੁਰਦਿੱਤ ਸਿੰਘ ਪੁੱਤਰ ਤਖ਼ਤ ਸਿੰਘ ਜ਼ੈਲਦਾਰ – ਪਿੰਡ ਮਿਰਜ਼ਾ: ਉਹ (ਬ੍ਰਹਮਾ ਸਿੰਘ) ਅਕਸਰ ਆਉਂਦੇ ਰਹਿੰਦੇ ਸਨ ਤੇ ਧਾਰਮਿਕ ਇਕੱਠ ਕਰਦੇ ਸਨ

ਅਤੇ ਕੂਕਿਆਂ ਦੇ ਵਿਆਹਾਂ 'ਚ ਸ਼ਾਮਲ ਹੁੰਦੇ ਸਨ। ਉਹ ਆਮ ਤੌਰ 'ਤੇ ਆਖਿਆ ਕਰਦੇ ਸਨ ਕਿ ਹੁਣ ਇਹ ਕੂਕੇ ਬਣਨ ਦਾ ਵੇਲਾ ਹੈ ਤੇ ਜਿਹੜੇ ਨਹੀਂ ਬਣਨਗੇ, ਉਨ੍ਹਾਂ ਨੂੰ ਪਛਤਾਉਣਾ ਪਵੇਗਾ ਕਿਉਂਕਿ ਢਾਈ ਕੁ ਮਹੀਨਿਆਂ 'ਚ ਗੁਰੂ ਖ਼ਾਲਸਾ ਰਾਜ (ਸਰਕਾਰ) ਕਾਇਮ ਹੋਣ ਵਾਲਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਵਰੁਣ 'ਚ ਔਰਤਾਂ ਨੂੰ ਵੀ ਕੂਕੇ ਬਣਾਇਆ ਸੀ।

16. ਮੁਨਸ਼ਾ ਸਿੰਘ ਕੂਕਾ ਪੁੱਤਰ ਦੀਵਾਨ ਸਿੰਘ, ਜਾਤ ਜ਼ਰਗਰ, ਨਿਵਾਸੀ ਪਿੰਡ ਮੱਟੂ। ਛੇ ਵਰ੍ਹੇ ਪਹਿਲਾਂ ਗੁਜਰਾਂਵਾਲੇ ਨੇੜੇ ਸੈਂਸਰਾ ਵਿਖੇ ਮੈਨੂੰ ਸੂਬਾ ਜੋਤਾ ਸਿੰਘ ਨੇ ਕੂਕਾ ਬਣਾਇਆ ਸੀ ਅਤੇ ਤਦ ਉਨ੍ਹਾਂ ਨਾਲ ਢਾਈ ਵਰ੍ਹਿਆਂ ਲਈ ਉਨ੍ਹਾਂ ਦੇ ਨਿਜੀ ਸਹਾਇਕ ਵਜੋਂ ਜੁੜ ਗਿਆ ਸਾਂ। ਜੋਤਾ ਸਿੰਘ ਜਾਤ ਦੇ ਘੁਮਿਆਰ ਹਨ ਤੇ ਸਿਆਲਕੋਟ ਜ਼ਿਲ੍ਹੇ ਦੇ ਢੈਪਈ 'ਚ ਰਹਿੰਦੇ ਹਨ; ਉਹ ਜ਼ਿਆਦਾਤਰ ਇਸੇ ਜ਼ਿਲ੍ਹੇ 'ਚ ਹੀ ਰਹੇ ਹਨ ਪਰ ਇਸ ਜ਼ਿਲ੍ਹੇ 'ਚ ਹੋਣ ਵਾਲੇ ਵਿਆਹਾਂ 'ਚ ਸ਼ਾਮਲ ਹੋਣ ਤੇ ਆਮ ਲੋਕਾਂ ਨੂੰ ਕੂਕੇ ਬਣਨ ਲਈ ਪ੍ਰੇਰਿਤ ਕਰਨ ਵਾਸਤੇ ਜਾਂਦੇ ਰਹੇ ਹਨ; ਉਨ੍ਹਾਂ ਸਦਾ ਪੰਥ ਦੀ ਚੜ੍ਹਦੀ ਕਲਾ ਲਈ ਉੱਦਮ ਕੀਤੇ ਹਨ। ਉਨ੍ਹਾਂ ਤੋਂ ਬਾਅਦ ਮੈਂ ਡੇਢ ਕੁ ਸਾਲ ਬ੍ਰਹਮਾ ਸਿੰਘ ਦਾ ਖ਼ਿਦਮਤਗਾਰ ਭਾਵ ਨਿਜੀ ਸਹਾਇਕ ਰਿਹਾ ਸਾਂ। ਉਹ ਜੱਟ ਹਨ ਪਰ ਮੈਨੂੰ ਉਨ੍ਹਾਂ ਦੇ ਮਾਪਿਆਂ ਤੇ ਮੂਲ ਜਨਮ-ਸਥਾਨ ਬਾਰੇ ਕੋਈ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਮੈਂ ਕਦੇ ਉਨ੍ਹਾਂ ਤੋਂ ਇਸ ਬਾਰੇ ਪੁੱਛਿਆ ਹੈ। ਉਂਝ ਉਹ ਪਹਿਲਾਂ ਉਦਾਸੀ ਨਾਂਗਾ ਫ਼ਕੀਰ ਅਤੇ ਉਸ ਸੰਪਰਦਾਇ ਦੇ ਮਹੰਤ ਜਾਂ ਪੁਜਾਰੀ ਵੀ ਰਹੇ ਹਨ ਅਤੇ ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ ਦੇ ਪੂਰਬੀ ਕੋਣੇ ਵਾਲੇ ਡੇਰਾ ਬ੍ਰਹਮਾ ਬੂਟ ਫ਼ਕੀਰ ਨਾਲ ਜੁੜੇ ਰਹੇ ਸਨ। ਦਸ ਜਾਂ ਬਾਰਾਂ ਵਰ੍ਹੇ ਪਹਿਲਾਂ ਬ੍ਰਹਮਾ ਸਿੰਘ ਨੂੰ ਬਾਬਾ ਬਾਲਕ ਦਾਸ (ਸਿੰਘ) ਜੀ ਨੇ ਹਜ਼ਰੋ ਵਿਖੇ ਕੂਕਾ ਬਣਾਇਆ ਸੀ ਤੇ ਉਸੇ ਬਾਬਾ ਜੀ ਨੇ ਹੀ ਗੁਰੂ ਰਾਮ ਸਿੰਘ ਜੀ ਨੂੰ ਵੀ ਇਸ ਸੰਪਰਦਾਇ 'ਚ ਸ਼ਾਮਲ ਕੀਤਾ ਸੀ ਅਤੇ ਉਨ੍ਹਾਂ ਨੂੰ ਆਪਣਾ ਸਾਰਾ ਜੀਵਨ ਤੇ ਕਿਰਤ ਨੂੰ ਲੋਕਾਂ ਦੀ ਸੇਵਾ 'ਚ ਅਰਪਣ ਕਰ ਦੇਣ ਲਈ ਆਖਿਆ ਸੀ। ਇੰਝ ਸਿਆਲਕੋਟ 'ਚ ਬ੍ਰਹਮਾ ਸਿੰਘ ਗੜਬੀ ਤਲਾਅ ਨੇੜੇ ਰਹਿੰਦੇ ਸਨ ਤੇ ਅਨਾਜ ਪੀਹ ਕੇ ਆਪਣਾ ਜੀਵਨ ਬਤੀਤ ਕਰਦੇ ਸਨ, ਉਹ ਉੱਥੇ ਇੱਕ ਸਾਲ ਰਹੇ ਸਨ ਤੇ ਫਿਰ ਬਾਬਾ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਇੱਕ ਮਹੰਤ ਤੇ ਸੂਬਾ ਥਾਪ ਦਿੱਤਾ ਸੀ ਤੇ ਉਸ ਤੋਂ ਬਾਅਦ ਉਹ ਜ਼ਿਆਦਾਤਰ ਜੱਟ ਕਬੀਲੇ ਦੀ ਇੱਕ ਕੂਕਾ ਔਰਤ ਨਾਲ ਥਾਣਾ ਧਰਮਕੋਟ, ਜ਼ਿਲ੍ਹਾ ਸਿਆਲਕੋਟ ਦੇ ਚੱਕ ਰਹਿਣਾ 'ਚ ਰਹਿਣ ਲੱਗ ਪਏ ਸਨ ਅਤੇ ਕਦੀ-ਕਦਾਈਂ ਉਹ ਸਿਆਲਕੋਟ ਦੇ ਉਗੂ ਚੱਕ ਤੇ ਗਿੱਲਵਾਲਾ 'ਚ ਵੀ ਰਹਿੰਦੇ ਸਨ, ਜਿੱਥੇ ਉਹ ਅਕਸਰ ਆਪਣੇ ਦੌਰਿਆਂ ਦੌਰਾਨ ਜਾਇਆ ਕਰਦੇ ਸਨ। ਸਿਆਲਕੋਟ ਜ਼ਿਲ੍ਹੇ ਤੋਂ ਉਹ ਆਮ ਤੌਰ 'ਤੇ ਗੁਜਰਾਂਵਾਲਾ ਜ਼ਿਲ੍ਹੇ ਦਾ ਦੌਰਾ ਕਰਨ ਲਈ ਵੀ ਜਾਂਦੇ ਹੁੰਦੇ ਸਨ, ਜਦੋਂ ਵੀ ਕਦੇ ਕੋਈ ਵਿਆਹ ਜਾਂ ਧਾਰਮਿਕ ਇਕੱਠ ਹੁੰਦੇ ਸਨ। ਦੋਵੇਂ ਸੂਬਾ (ਜੋਤਾ ਸਿੰਘ ਤੇ ਬ੍ਰਹਮਾ ਸਿੰਘ) ਜਦੋਂ ਵੀ ਕਦੇ ਗੁਜਰਾਂਵਾਲਾ ਪਾਸੇ ਜਾਂਦੇ ਸਨ, ਤਾਂ ਉਹ ਨਿਮਨਲਿਖਤ ਵਿਅਕਤੀਆਂ ਕੋਲ ਰਿਹਾ ਕਰਦੇ ਸਨ:

1. ਮੱਟੂ ’ਚ ਮੇਰੇ ਨਾਲ ਤੇ ਸ਼੍ਰਮ ਸਿੰਘ।
2. ਓਗੁੰਡ ’ਚ ਮੈਂ ਮੇਜ਼ਬਾਨ ਦਾ ਨਾਂਅ ਭੁੱਲ ਗਿਆ ਹਾਂ।
3. ਖੜ੍ਹਾ ’ਚ ਗੰਡਾ ਸਿੰਘ, ਜ਼ਿਮੀਂਦਾਰ ਕੋਲ।
4. ਗੁੱਡਣਵਾਲਾ ’ਚ ਜੀਵਨ ਸਿੰਘ, ਮੱਲੀ ਜੱਟ ਕੋਲ।
5. ਈਸੂਰਕੇ ’ਚ ਜੱਟ ਜ਼ਿਮੀਂਦਾਰਾਂ ਕੋਲ।
6. ਮੂਦਾਰ ’ਚ ਸਾਵਣ ਸਿੰਘ ਕੋਲ।
7. ਚੂਹੜਕਾਣਾ ’ਚ ਅਮਰੀਕ ਸਿੰਘ, ਜੱਟ ਵਿਰਕ ਕੋਲ।
8. ਬੱਬਰ ’ਚ ਗੁਲਾਬ ਸਿੰਘ ਤਰਖਾਣ ਕੋਲ।
9. ਝੱਬਰ ’ਚ ਗੰਡਾ ਸਿੰਘ ਕੋਲ।
10. ਚੱਕ ਹਿੰਦੂ ’ਚ, ਅਤਰ ਸਿੰਘ, ਨੰਬਰਦਾਰ ਕੋਲ।
11. ਸੈਂਸਰਾ ’ਚ ਸ਼ੇਰ ਸਿੰਘ ਅਰੋੜਾ ਕੋਲ।
12. ਬਾਯੂਕਾ ਘੀਮਾ ’ਚ, ਕਿਸ ਕੋਲ ਰਹਿੰਦੇ ਸਨ, ਚੇਤੇ ਨਹੀਂ ਆ ਰਿਹਾ।
13. ਸਹਾਰਨ ਚੂਲਥਾ ’ਚ ਉੱਤਰ ਸਿੰਘ ਤੇ ਗੁਲਾਬ ਸਿੰਘ ਨੰਬਰਦਾਰਾਂ ਕੋਲ।
14. ਧੂਮੇ ਸਰਾਏ ’ਚ ਸੁੱਧਾ ਸਿੰਘ ਤੇ ਸਾਧੂ ਸਿੰਘ ਕੋਲ।
15. ਗੁਜਰਾਂਵਾਲਾ ’ਚ ਭਾਈ ਜਾਂ ਸਰਦਾਰ ਲਹਿਣਾ ਸਿੰਘ ਗਿਰਜਾਖੀਆ ਕੋਲ (ਸਵਰਗੀ ਸਰਦਾਰ ਹਰੀ ਸਿੰਘ ਨਲਵਾ ਦੇ ਜਵਾਈ)
16. ਕਿਲ੍ਹਾ ਦੀਦਾਰ ਸਿੰਘ ’ਚ ਕਾਹਨ ਸਿੰਘ ਤੇ ਮਿਹਰ ਸਿੰਘ, ਨੰਬਰਦਾਰਾਂ ਕੋਲ
17. ਝਾਮਕੇ ’ਚ, ਮੇਜ਼ਬਾਨ ਦਾ ਨਾਂਅ ਯਾਦ ਨਹੀਂ ਆ ਰਿਹਾ।
18. ਸ਼ਮਸਾ ’ਚ ਤੇਗ ਸਿੰਘ ਪਟਵਾਰੀ ਕੋਲ।
19. ਕਾਮੋਕੀ ’ਚ ਜੋਧ ਸਿੰਘ ਤਰਖਾਣ ਕੋਲ।
20. ਵਰੁਣ ’ਚ ਬੁਲਾਕਾ ਸਿੰਘ ਜੱਟ ਕੋਲ।
21. ਰੁੱਤਾਲੀ ’ਚ ਹੇਮ ਸਿੰਘ ਜ਼ਰਗਰ ਕੋਲ।
22. ਮਾਨੇਸ ’ਚ ਗੁਰਮੁਖ ਸਿੰਘ ਅਰੋੜਾ ਕੋਲ।
22ੳ. ਰਾਜਾ ’ਚ ਭੋਲਾ ਸਿੰਘ, ਘੁਮਿਆਰ ਕੋਲ।
22ਅ. ਠੱਟਾ ਮਾਣਕ ’ਚ ਬੁਲਾਕਾ ਸਿੰਘ, ਤਰਖਾਣ ਕੋਲ।
23. ਮਰੀ ਭਿੰਡਰਾਂ ’ਚ ਇੱਕ ਔਰਤ ਕੋਲ, ਜਿਸ ਦਾ ਨਾਂਅ ਯਾਦ ਨਹੀਂ।
24. ਬਾਓੜੇ ’ਚ, -ਉਹੀ-
25. ਖੜਕ ’ਚ ਚੇਤ ਸਿੰਘ, ਜੱਟ ਕੋਲ।
26. ਮਲਕੇਹ ’ਚ ਬਾਬਾ ਵੈਦ ਕੋਲ।
27. ਲੰਡੇਹ ’ਚ ਭੈ ਸਿੰਘ, ਮਿਹਰਾ ਕੋਲ।
28. ਓਡੇਹ ’ਚ ਭਗਵਾਨ ਸਿੰਘ ਪਟਵਾਰੀ ਕੋਲ।
29. ਮਾਨਾਵਾਲਾ ’ਚ ਸਰਦਾਰ ਹੀਰਾ ਸਿੰਘ ਮਾਨ ਤੇ ਰਾਏ ਮਾਨ ਸਿੰਘ ਮਾਨ ਕੋਲ।
30. ਮੁਗ਼ਲ ਚੱਕ ’ਚ, -ਉਹੀ-
31. ਚੂਹਲ ’ਚ ਇੱਕ ਸਿੱਖ ਤਰਖਾਣ ਕੋਲ ਪਰ ਨਾਂਅ ਭੁੱਲ ਗਿਆ।

32. ਕੋਟ ਪਰੋਸ਼ਾਹ 'ਚ ਇੱਕ ਖੱਤਰੀ ਕੋਲ ਪਰ ਨਾਂਅ ਭੁੱਲ ਗਿਆ।
33. ਥੇਬਲ 'ਚ ਸ਼੍ਰਮ ਸਿੰਘ ਜੱਟ ਕੋਲ।
34. ਢਿੱਲੋਕੇ 'ਚ ਮਾਨ ਸਿੰਘ ਨਿਹੰਗ, ਅਰੋੜਾ ਕੋਲ।
35. ਵਿਆਣਕੀ 'ਚ ਫ਼ਤਹਿ ਸਿੰਘ, ਜ਼ਰਗਰ ਕੋਲ।

ਨਿਮਨਲਿਖਤ ਸਥਾਨਾਂ 'ਤੇ ਮੈਂ ਆਪਣੇ ਮੇਜ਼ਬਾਨਾਂ ਦੇ ਨਾਂਅ ਭੁੱਲ ਗਿਆ ਹਾਂ:

1. ਲੱਲੇਹਪੁਰ।
2. ਬੱਡੋ ਰੱਤਾ।
3. ਸਾਲੇਹਪੁਰ।
4. ਹਰਪੋਕੇ।
5. ਨੂਰਪੁਰ।
6. ਨੋਖੁਰ।
7. ਕੋਟ ਭਵਾਨੀ ਦਾਸ।

ਇਨ੍ਹਾਂ ਸਾਰੇ ਪਿੰਡਾਂ 'ਚ ਸਮੇਂ-ਸਮੇਂ 'ਤੇ ਧਾਰਮਿਕ ਇਕੱਠ ਹੁੰਦੇ ਰਹਿੰਦੇ ਸਨ ਅਤੇ ਦੋਵੇਂ ਸੂਬਾ (ਬ੍ਰਹਮਾ ਸਿੰਘ ਤੇ ਜੋਤਾ ਸਿੰਘ) ਅਕਸਰ ਉਨ੍ਹਾਂ 'ਚ ਸ਼ਿਰਕਤ ਕਰਨ ਲਈ ਜਾਇਆ ਕਰਦੇ ਸਨ ਤੇ ਕੂਕਾ ਸਿਧਾਂਤਾਂ ਦਾ ਪ੍ਰਚਾਰ ਕਰਦੇ ਹੋਏ ਲੋਕਾਂ ਨੂੰ ਇਸ ਸੰਪਰਦਾਇ 'ਚ ਆ ਕੇ ਸ਼ਾਮਲ ਹੋਣ ਲਈ ਪ੍ਰੇਰਦੇ ਸਨ।

"ਇਸ ਤੋਂ ਬਾਅਦ ਮੈਂ ਬ੍ਰਹਮ ਸਿੰਘ ਤੋਂ ਵੱਖ ਹੋ ਗਿਆ ਅਤੇ ਫ਼ਕੀਰ ਵਜੋਂ ਇੱਧਰ-ਉੱਧਰ ਵਿਚਰਨ ਲੱਗਾ। ਜਦੋਂ ਪਿੱਛੇ ਜਿਹੇ ਭੈਣੀ 'ਚ ਹੰਗਾਮਾ ਹੋਇਆ, ਮੈਂ ਉੱਥੇ ਹੀ ਸਾਂ ਤੇ ਗੁਰੂ ਰਾਮ ਸਿੰਘ ਜੀ ਲਈ ਕਈ ਰਸੋਈਏ ਕੰਮ ਕਰਦੇ ਰਹੇ ਹਨ, ਮੈਂ ਵੀ ਉਨ੍ਹਾਂ 'ਚੋਂ ਇੱਕ ਸਾਂ। ਗੁਰੂ ਰਾਮ ਸਿੰਘ ਸਾਹਿਬ ਤੇ ਨਿਮਨਲਿਖਤ ਸੂਬਿਆਂ ਨੂੰ ਗ੍ਰਿਫ਼ਤਾਰ ਕਰ ਕੇ ਪਿਰਾਗ਼ (ਅਲਾਹਾਬਾਦ) ਭੇਜ ਦਿੱਤਾ ਗਿਆ ਸੀ:

1. ਬਾਬਾ ਲੱਖਾ ਸਿੰਘ।
2. ਕਾਹਨ ਸਿੰਘ।
3. ਸਾਹਿਬ ਸਿੰਘ।
4. ਹੁਕਮਾ ਸਿੰਘ।
5. ਅਰੂੜ ਸਿੰਘ।
6. ਸਰਦਾਰ ਮੰਗਲ ਸਿੰਘ।
7. ਬਾਬਾ ਬ੍ਰਹਮਾ ਸਿੰਘ।
8. ਬਾਬਾ ਗੋਪਾਲ ਸਿੰਘ। ]
9. ਬਾਬਾ ਖ਼ਜ਼ਾਨ ਸਿੰਘ। ] ਇਨ੍ਹਾਂ ਨੂੰ ਇੱਕ-ਦੋ ਦਿਨਾਂ ਪਿੱਛੋਂ ਰਿਹਾਅ ਕਰ ਦਿੱਤਾ ਗਿਆ ਸੀ - (ਕੰਪਾਈਲਰ)
10. ਬਾਬਾ ਜੋਗ ਸਿੰਘ। ]
11. ਬਾਬਾ ਜਵਾਹਰ ਸਿੰਘ।
12. ਬਾਬਾ ਪਹਾੜਾ ਸਿੰਘ।

ਮੈਨੂੰ ਅਤੇ ਕੁਝ ਹੋਰ ਕੂਕਿਆਂ ਨੂੰ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਜਦੋਂ ਅਸੀਂ ਫ਼ਿਲੌਰ 'ਚ ਕਿਸ਼ਤੀ ਰਾਹੀਂ ਦਰਿਆ ਪਾਰ ਕਰ ਰਹੇ ਸਾਂ ਤੇ ਸਾਨੂੰ ਫ਼ਿਲੌਰ ਦੇ ਕਿਲ੍ਹੇ 'ਚ ਗਿਆਰਾਂ ਦਿਨ ਹਿਰਾਸਤ 'ਚ ਰੱਖਿਆ ਗਿਆ ਸੀ, ਫਿਰ ਸਾਨੂੰ ਰਿਹਾਅ ਕਰ ਦਿੱਤਾ ਗਿਆ ਤੇ ਅਸੀਂ ਘਰ ਆ ਗਏ ਸਾਂ। ਇਸ ਹਲਕੇ 'ਚ ਨਿਮਨਲਿਖਤ ਮਹੰਤ (ਗ੍ਰੰਥੀ) ਹਨ:

1. ਗੁਲਾਬ ਸਿੰਘ ਤਰਖਾਣ, ਨਿਵਾਸੀ ਬੱਬਰ।
2. ਬੁਲਾਕਾ ਸਿੰਘ, ਜੱਟ, ਨਿਵਾਸੀ ਵਰੁਣ, ਜਿਨ੍ਹਾਂ ਕੋਲ ਲੋਕਾਂ ਦੇ ਵਿਆਹ ਕਰਵਾਉਣ ਦਾ ਵੀ ਅਧਿਕਾਰ ਹੈ।

ਸਿਆਲਕੋਟ 'ਚ ਇਹ ਸੂਬਾ ਹਨ:-

1. ਰਾਜਾ ਸਿੰਘ, ਨਿਵਾਸੀ ਤ੍ਰਾਂਡੀ, ਥਾਣਾ ਮਿਆਣੀ।
2. ਜੋਤਾ ਸਿੰਘ, ਨਿਵਾਸੀ ਢੈਪਈ, ਥਾਣਾ ਪਸਰੂਰ।
3. ਜਮੀਅਤ ਸਿੰਘ, ਨਿਵਾਸੀ ਗਿੱਲਵਾਲਾ।
4. ''ਗੁਰਚਰਨ ਸਿੰਘ, ਨਿਵਾਸੀ ਚੱਕ ਰਾਮ ਦਾਸ, ਥਾਣਾ ਸੱਤਰਾ, ਜ਼ਿਲ੍ਹਾ ਸਿਆਲਕੋਟ – ਪਹਿਲੇ ਦੋ ਪ੍ਰਚਾਰਕ ਹਨ। ਜਦੋਂ ਅਸੀਂ ਅੰਮ੍ਰਿਤਸਰ ਗਏ ਸਾਂ, ਤਾਂ ਅਸੀਂ ਅਕਸਰ ਅੰਮ੍ਰਿਤਸਰ ਦੇ ਸੂਬਾ ਭਾਈ ਅਰੂੜ ਸਿੰਘ ਤਰਖਾਣ ਕੋਲ ਠਹਿਰਿਆ ਕਰਦੇ ਸਾਂ।

20. ਤੇਗ ਸਿੰਘ ਕੂਕਾ, ਪੁੱਤਰ ਫ਼ਤਹਿ ਸਿੰਘ, ਜਾਤ ਅਰੋੜਾ, ਪਿੰਡ ਸ਼ਮਸਾ ਦਾ ਪਟਵਾਰੀ। ''ਚਾਰ ਵਰ੍ਹੇ ਪਹਿਲਾਂ ਮੈਨੂੰ ਸ਼ਮਸਾ ਨੇੜੇ ਸੰਤਪੁਰਾ 'ਚ ਸੂਬਾ ਜੋਤਾ ਸਿੰਘ ਨੇ ਕੂਕਾ ਬਣਾਇਆ ਸੀ। ਉਸ ਵੇਲੇ ਬ੍ਰਹਮਾ ਸਿੰਘ ਮੌਜੂਦ ਸਨ ਅਤੇ ਉਨ੍ਹਾਂ ਮੇਰੀ ਕੂਕਾ ਸੰਪਰਦਾਇ 'ਚ ਸ਼ਮੂਲੀਅਤ ਦੀ ਪੁਸ਼ਟੀ ਕੀਤੀ ਸੀ। ਬਾਬਾ ਰਾਮ ਸਿੰਘ ਭੈਣੀ ਵਾਲੇ ਨਿਸ਼ਚਿਤ ਤੌਰ 'ਤੇ ਸਤਿਗੁਰੂ ਹਨ। ਮੈਂ ਬ੍ਰਹਮਾ ਸਿੰਘ ਦੇ ਮਾਪਿਆਂ ਤੇ ਉਨ੍ਹਾਂ ਦੇ ਮੂਲ ਜਨਮ-ਸਥਾਨ ਬਾਰੇ ਨਹੀਂ ਜਾਣਦਾ। ਕੁਝ ਲੋਕਾਂ ਦਾ ਕਹਿਣਾ ਹੈ ਕਿ ਉਹ ਜੱਟ ਜ਼ਿਮੀਂਦਾਰ ਹਨ, ਜਦ ਕਿ ਹੋਰਨਾਂ ਅਨੁਸਾਰ ਉਹ ਬ੍ਰਾਹਮਣ ਹਨ। ਮੈਂ ਇੱਕ ਵਾਰ ਜਦੋਂ ਉਨ੍ਹਾਂ ਦੇ ਜੱਦੀ ਘਰ ਬਾਰੇ ਪੁੱਛਿਆ ਸੀ, ਤਾਂ ਉਨ੍ਹਾਂ ਜਵਾਬ ਦਿੱਤਾ ਸੀ ਕਿ ਉਨ੍ਹਾਂ ਦਾ ਕੋਈ ਘਰ ਨਹੀਂ ਹੈ। ਜੋਤਾ ਸਿੰਘ ਦੀ ਜਾਤ ਘੁਮਿਆਰ ਹੈ ਤੇ ਉਹ ਸਿਆਲਕੋਟ ਜ਼ਿਲ੍ਹੇ ਦੇ ਢੈਪਈ 'ਚ ਰਹਿੰਦੇ ਹਨ, ਉਹ ਸਦਾ ਉੱਥੇ ਹੀ ਰਹਿੰਦੇ ਰਹੇ ਹਨ ਤੇ ਇੱਥੇ ਕਦੀ-ਕਦਾਈਂ ਦੌਰਿਆਂ 'ਤੇ ਆਉਂਦੇ ਸਨ। ਜ਼ਿਲ੍ਹਾ ਸਿਆਲਕੋਟ 'ਚ ਗਿੱਲਾਂਵਾਲੀ ਦੇ ਜਮੀਅਤ ਸਿੰਘ ਵੀ ਇੱਕ ਸੂਬਾ ਹਨ ਤੇ ਇੰਝ ਹੀ ਉਸੇ ਜ਼ਿਲ੍ਹੇ ਦੇ ਤ੍ਰਾਂਡੀ ਦੇ ਰਾਜਾ ਸਿੰਘ ਵੀ ਹਨ। ਬ੍ਰਹਮਾ ਸਿੰਘ ਤੇ ਜੋਤਾ ਸਿੰਘ ਦੋਵੇਂ ਸਿਆਲਕੋਟ ਤੇ ਗੁਜਰਾਂਵਾਲਾ ਜ਼ਿਲ੍ਹਿਆਂ ਦੇ ਸੂਬਾ ਸਨ ਪਰ ਉਹ ਸਾਰੇ ਸਿਆਲਕੋਟ ਜ਼ਿਲ੍ਹੇ ਦੇ ਹੀ ਵਸਨੀਕ ਸਨ ਤੇ ਗੁਜਰਾਂਵਾਲਾ ਜ਼ਿਲ੍ਹੇ 'ਚ ਦੌਰਿਆਂ ਮੌਕੇ ਹੀ ਆਇਆ ਕਰਦੇ ਸਨ। ਜਮੀਅਤ ਸਿੰਘ ਨੂੰ ਛੱਡ ਕੇ ਬਾਕੀ ਸਾਰੇ ਪ੍ਰਚਾਰਕ ਹਨ। ਨਿਮਨਲਿਖਤ ਮਹੰਤ (ਗ੍ਰੰਥੀ) ਹਨ ਤੇ ਲੋਕਾਂ ਦੇ ਵਿਆਹ ਕਰਵਾ ਸਕਦੇ ਹਨ:

1. ਬੁਲਾਕਾ ਸਿੰਘ।

2. ਗੁਲਾਬ ਸਿੰਘ।

ਪਰ ਉਹ ਲੋਕਾਂ ਨੂੰ ਕੂਕਾ ਸੰਪਰਦਾਇ 'ਚ ਸ਼ਾਮਲ ਨਹੀਂ ਕਰਵਾਉਂਦੇ। ਮੈਂ ਨਿਮਨਲਿਖਤ ਕੂਕਿਆਂ ਨੂੰ ਨਹੀਂ ਜਾਣਦਾ ਪਰ ਇੰਨਾ ਜ਼ਰੂਰ ਪਤਾ ਹੈ ਕਿ ਉਹ ਹਨ:

1. ਤੇਗ ਸਿੰਘ।
2. ਜਵਾਹਰ ਸਿੰਘ।
3. ਨਾਰਾਇਣ ਸਿੰਘ।
4. ਸੁਧ ਸਿੰਘ।
5. ਗੋਪਾਲ ਸਿੰਘ।
6. ਲੱਖਾ ਸਿੰਘ।
7. ਸਾਹਿਬ ਸਿੰਘ।
8. ਫ਼ਤਹਿ ਸਿੰਘ।
9. ਅਰੂੜ ਸਿੰਘ, ਨਿਵਾਸੀ ਅੰਮ੍ਰਿਤਸਰ, ਤਰਖਾਣ।
10. ਪਹਾੜਾ ਸਿੰਘ।

ਮੈਨੂੰ ਉਨ੍ਹਾਂ ਦੀ ਰਿਹਾਇਸ਼, ਮਾਪਿਆਂ, ਜ਼ਿਲ੍ਹਿਆਂ ਜਾਂ ਉਨ੍ਹਾਂ ਦੇ ਅਧਿਕਾਰ ਵਾਲੇ ਖੇਤਰਾਂ ਬਾਰੇ ਕੁਝ ਨਹੀਂ ਪਤਾ। ਬ੍ਰਹਮਾ ਸਿੰਘ, ਜੋਤਾ ਸਿੰਘ ਅਤੇ ਰਾਜਾ ਸਿੰਘ ਸਦਾ ਉਤਸ਼ਾਹੀ ਪ੍ਰਚਾਰਕ ਰਹੇ ਸਨ ਪਰ ਜਮੀਅਤ ਸਿੰਘ ਨਹੀਂ। ਉਨ੍ਹਾਂ ਦੀ ਮਨਸ਼ਾ ਕਦੇ ਵੀ ਮਾੜੀ ਨਹੀਂ ਰਹੇ ਜਾਂ ਕਦੇ ਕਿਸੇ ਨੂੰ ਬੁਰਾ-ਭਲਾ ਨਹੀਂ ਆਖਿਆ।

22. ਸ਼੍ਰਮ ਸਿੰਘ, ਕੂਕਾ ਪੁੱਤਰ ਉੱਤਰ ਸਿੰਘ ਜਾਤੀ ਜ਼ਰਗਰ, ਨਿਵਾਸੀ ਭਾਈ ਮੱਟੂ: ਮੈਂ ਦੋ ਸਾਲ ਕੂਕਾ ਰਿਹਾ ਹਾਂ ਤੇ ਮੈਨੂੰ ਗੰਡਿਆਂਵਾਲੀ 'ਚ ਸੂਬਾ ਜੋਤਾ ਸਿੰਘ ਨੇ ਕੂਕਾ ਬਣਾਇਆ ਸੀ ਤੇ ਤਦ ਤੋਂ ਮੈਂ ਕਦੇ ਵੀ ਗੁਰੂ ਰਾਮ ਸਿੰਘ ਜੀ ਨੂੰ ਮਿਲਿਆ ਨਹੀਂ ਸਾਂ ਤੇ ਗੜਬੜੀ ਹੋਣ ਤੋਂ ਠੀਕ ਚਾਰ-ਪੰਜ ਦਿਨ ਪਹਿਲਾਂ ਮੈਂ ਭੈਣੀ ਗਿਆ ਸਾਂ। ਉੱਥੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਤੇ ਫ਼ਿਲੌਰ ਦੇ ਕਿਲ੍ਹੇ 'ਚ ਗਿਆਰਾਂ ਦਿਨ ਹਿਰਾਸਤ 'ਚ ਰੱਖਿਆ ਗਿਆ। ਗ੍ਰਿਫ਼ਤਾਰ ਕੀਤੇ ਗਏ ਸੂਬਿਆਂ 'ਚੋਂ ਮੈਂ ਸਿਰਫ਼ ਬ੍ਰਹਮਾ ਸਿੰਘ ਨੂੰ ਹੀ ਜਾਣਦਾ ਹਾਂ, ਜੋ ਚੱਕ ਰੇਹਾਨ, ਜ਼ਿਲ੍ਹਾ ਸਿਆਲਕੋਟ 'ਚ ਮੁਸੰਮਤ ਭਾਗਵਾਨ ਕੂਕੀ ਨਾਲ ਰਹਿੰਦੇ ਰਹੇ ਸਨ ਅਤੇ ਕਦੇ ਉਸੇ ਜ਼ਿਲ੍ਹੇ 'ਚ ਗਿੱਲਵਾਲਾ 'ਚ ਰਹਿੰਦੇ ਸਨ। ਇਸ ਜ਼ਿਲ੍ਹੇ 'ਚ ਸੂਬੇ ਬ੍ਰਹਮਾ ਸਿੰਘ ਤੇ ਜੋਤਾ ਸਿੰਘ ਅਕਸਰ ਆਪਣੀ ਖ਼ੁਸ਼ੀ ਨਾਲ ਦੌਰਿਆਂ 'ਤੇ ਆਉਂਦੇ ਸਨ ਤੇ ਕੂਕਿਆਂ ਦੀ ਦੇਖਭਾਲ ਕਰਦੇ ਸਨ। ਮੈਂ ਕੂਕਾ ਰਿਹਾ ਹਾਂ ਤੇ ਬਹੁਤਾ ਕੁਝ ਨਹੀਂ ਜਾਣਦਾ; ਪਰ ਬ੍ਰਹਮਾ ਸਿੰਘ ਅਤੇ ਜੋਤਾ ਸਿੰਘ ਉਤਸ਼ਾਹੀ ਪ੍ਰਚਾਰਕ ਸਨ।

23. ਇੰਸਪੈਕਟਰ ਫ਼ਜ਼ਲ ਕਾਦਿਰ ਖ਼ਾਨ ਪੁੱਤਰ ਮਹਿਮੂਦ ਖ਼ਾਨ, ਜਾਤੀ ਪਠਾਨ, ਨਿਵਾਸੀ ਹੋਤੀ ਮਰਦਾਨ ਪਰਗਨਾ ਯੂਸਫ਼ਜ਼ਈ, ਜ਼ਿਲ੍ਹਾ ਪੇਸ਼ਾਵਰ ਦਾ ਕਹਿਣਾ ਹੈ: ਜੂਨ 1871 'ਚ, ਮੈਂ ਸ਼ੇਖ਼ੂਪੁਰਾ 'ਚ ਨਿਰੀਖਣ ਦੀ ਡਿਊਟੀ 'ਤੇ ਆਇਆ ਸਾਂ। ਅੰਮ੍ਰਿਤਸਰ 'ਚ ਕਤਲ ਹੋ ਚੁੱਕੇ ਸਨ। ਕਈ ਤਰ੍ਹਾਂ ਦੀ ਜਾਂਚ ਚੱਲ ਰਹੀ ਸੀ। ਸ਼ੇਖ਼ੂਪੁਰਾ, ਚੂਹੜਕਾਣਾ, ਵਰੁਣ 'ਚ ਤਦ ਤੋਂ ਹੀ ਥੋੜ੍ਹੇ-ਥੋੜ੍ਹੇ ਸਮੇਂ ਦੇ ਧਾਰਮਿਕ ਇਕੱਠ ਕੀਤੇ

ਜਾਣ ਲੱਗੇ ਸਨ ਤੇ ਉੱਥੇ ਪ੍ਰਚਾਰ ਦੌਰਾਨ ਬ੍ਰਹਮਾ ਸਿੰਘ ਨੇ ਕੂਕਿਆਂ ਨੂੰ ਆਖਿਆ ਸੀ ਕਿ ਗੁਰੂ ਸਾਹਿਬ ਨੇ ਜੋ ਵੀ ਫ਼ਰਮਾਨ ਜਾਰੀ ਕੀਤੇ ਸਨ ਜਾਂ ਜੋ ਵੀ ਭਵਿੱਖਬਾਣੀਆਂ ਕੀਤੀਆਂ ਸਨ, ਹੁਣ ਉਨ੍ਹਾਂ ਦੇ ਸੱਚ ਹੋਣ ਦਾ ਸਮਾਂ ਆ ਗਿਆ ਹੈ ਅਤੇ ਕੁਝ ਪੂਰੀਆਂ ਹੋ ਚੁੱਕੀਆਂ ਹਨ ਤੇ ਬਾਕੀ ਦੀਆਂ ਭਵਿੱਖਬਾਣੀਆਂ ਪੂਰੀਆਂ ਹੋਣ ਵਾਲੀਆਂ ਹਨ; ਇਹ ਵੀ ਆਖਿਆ ਸੀ ਕਿ ਅੰਮ੍ਰਿਤਸਰ 'ਚ ਗਊ-ਹੱਤਿਆ ਦਾ ਪਾਪ ਜਾਰੀ ਸੀ ਤੇ ਰਾਤ ਸਮੇਂ ਗੁਰੂ ਰਾਮ ਸਿੰਘ ਜੀ ਦੇ ਸ਼ਹੀਦ ਦੈਵੀ ਤਰੀਕੇ ਨਾਲ ਇਕੱਠੇ ਹੋ ਕੇ ਪ੍ਰਗਟ ਹੋਏ ਅਤੇ ਬੁੱਚੜਖਾਨੇ 'ਚ ਕਸਾਈਆਂ ਨੂੰ ਸਜ਼ਾ ਦਿੱਤੀ, ਜਿੱਥੇ ਉਹ ਸੁੱਤੇ ਪਏ ਸਨ; ਉਹ ਸ਼ਹੀਦ ਦੈਵੀ ਤਰੀਕੇ ਨਾਲ ਪ੍ਰਗਟ ਹੋਏ ਸਨ, ਇਸ ਦਾ ਸਬੂਤ ਇਹ ਸੀ ਕਿ ਮਰਦਾਂ ਤੇ ਘੋੜਿਆਂ ਦੇ ਨਿਸ਼ਾਨ ਬੁੱਚੜਖਾਨੇ ਦੇ ਅੰਦਰ ਤਾਂ ਪਾਏ ਗਏ ਪਰ ਬਾਹਰ ਕਿਤੇ ਅਜਿਹਾ ਕੋਈ ਨਿਸ਼ਾਨ ਨਹੀਂ ਸੀ; ਦੈਵੀ ਤਾਕਤਾਂ ਨਾਲ ਸਤਿਗੁਰੂ ਦੀ ਮਦਦ ਕੀਤੀ ਸੀ ਕਿ ਨਾਮਧਾਰੀ (ਕੂਕੇ) ਆਪਣੇ ਵਿਸ਼ਵਾਸ ਤੇ ਧਾਰਨਾ 'ਚ ਦ੍ਰਿੜ੍ਹ ਬਣੇ ਰਹਿਣ; ਜਿਸ ਨੇ ਵੀ ਹੁਣ ਕੂਕਾ ਬਣਨਾ ਹੈ, ਇਹ ਵੇਲਾ ਹੈ, ਬਾਅਦ 'ਚ ਕਿਸੇ ਨੂੰ ਵੀ ਇਸ ਸੰਪਰਦਾਇ 'ਚ ਸ਼ਾਮਲ ਨਹੀਂ ਕੀਤਾ ਜਾਵੇਗਾ ਤੇ ਫਿਰ ਪਛਤਾਉਣਾ ਪਵੇ ਗਾ। ਜਿਹੜੀਆਂ ਔਰਤਾਂ ਨੂੰ ਕੂਕਾ ਸੰਪਰਦਾਇ 'ਚ ਸ਼ਾਮਲ ਕਰ ਲਿਆ ਗਿਆ ਹੈ, ਉਨ੍ਹਾਂ ਨੂੰ ਕੋਈ ਗਹਿਣੇ ਨਹੀਂ ਪਾਉਣੇ ਚਾਹੀਦੇ ਅਤੇ ਜੂੜੇ ਨਹੀਂ ਬੰਨ੍ਹਣੇ ਚਾਹੀਦੇ (ਜੋ ਉਨ੍ਹਾਂ ਵੇਲਿਆਂ ਦਾ ਫ਼ੈਸ਼ਨ ਸੀ) ਅਤੇ ਉਨ੍ਹਾਂ ਨੂੰ ਜਾਂਘੀਏ (ਕਛਹਿਰੇ) ਪਹਿਨਣੇ ਚਾਹੀਦੇ ਹਨ ਕਿਉਂਕਿ ਹੁਣ ਸ਼ਹਾਦਤਾਂ ਪਾਉਣ ਦਾ ਸਮਾਂ ਨੇੜੇ ਆ ਗਿਆ ਹੈ ਅਤੇ ਔਰਤਾਂ ਵੀ ਸ਼ਹੀਦ ਹੋਣਗੀਆਂ ਤੇ ਸ਼ਹਾਦਤ ਪਾਉਣ ਸਮੇਂ ਉਹ ਨਗਨ ਨਹੀਂ ਹੋਣਗੀਆਂ; ਉਨ੍ਹਾਂ ਇਹ ਵੀ ਕਿਹਾ ਸੀ ਕਿ ਜ਼ਮੀਨ ਖ਼ਰੀਦਣ, ਵੇਚਣ ਤੇ ਇਮਾਰਤ ਉਸਾਰੀ ਦਾ ਕੰਮ ਰੋਕ ਦੇਣਾ ਚਾਹੀਦਾ ਹੈ ਅਤੇ ਕੋਈ ਧਨ ਨਹੀਂ ਖ਼ਰਚ ਨਹੀਂ ਕਰਨਾ ਚਾਹੀਦਾ ਕਿਉਂਕਿ ਉਸ ਦੀ ਲੋੜ ਪੈਣੀ ਹੈ; ਅਤੇ ਥੋੜ੍ਹੇ ਹੀ ਸਮੇਂ 'ਚ, ਜਿਹੜੀਆਂ ਹੋਰਨਾਂ ਥਾਵਾਂ 'ਤੇ ਗਊ-ਹੱਤਿਆ ਦਾ ਪਾਪ ਜਾਰੀ ਹੈ, ਉੱਥੇ ਗੁਰੂ ਜੀ ਦੇ ਸ਼ਹੀਦ ਪਾਪੀਆਂ ਨੂੰ ਪੂਰੀ ਸਜ਼ਾ ਦੇਣਗੇ। ਫ਼ਕੀਰੀ ਅਤੇ ਰਾਜ ਲਈ ਸਤਿਗੁਰੂ ਦਾ ਮਾਣ ਵਧੇਗਾ ਅਤੇ ਇਹ ਸਭ ਹੋ ਕੇ ਰਹੇਗਾ ਅਤੇ ਜੋ ਕੋਈ ਵੀ ਬ੍ਰਹਮਾ ਸਿੰਘ (ਭਾਵ ਕੂਕਾ ਸੰਪਰਦਾਇ) ਕੋਲ ਆਵੇ ਗਾ, ਉਸ ਨੂੰ ਆਰਾਮ ਮਿਲੇਗਾ ਤੇ ਜੋ ਨਹੀਂ ਆਉਣਗੇ, ਉਹ ਪਛਤਾਉਣਗੇ; ਸੰਮਤ 1928 'ਚ ਨਾਮਧਾਰੀਆਂ ਦੇ ਹਥਿਆਰ ਡਾਂਗਾਂ ਤੇ ਕੁਹਾੜੇ ਜਾਂ ਬਰਛੇ ਹੋਣਗੇ ਅਤੇ ਸੰਮਤ 1929 'ਚ ਜੰਗ ਦੇ ਸਾਰੇ ਹਥਿਆਰ ਉਨ੍ਹਾਂ ਨੂੰ ਦੇ ਦਿੱਤੇ ਜਾਣਗੇ ਤੇ ਉਨ੍ਹਾਂ ਨੂੰ ਕਿਸੇ ਚੀਜ਼ ਦੀ ਕਮੀ ਨਹੀਂ ਰਹੇਗੀ ਅਤੇ ਜਦੋਂ ਹੀ ਵੱਖੋ-ਵੱਖਰੀਆਂ ਥਾਵਾਂ 'ਤੇ ਗੜਬੜੀ ਸ਼ੁਰੂ ਹੋ ਗਈ ਤਾਂ ਕੂਕਿਆਂ ਨੂੰ ਦ੍ਰਿੜ੍ਹਤਾ ਨਾਲ ਡਟਣਾ ਹੋਵੇਗਾ ਕਿਉਂਕਿ ਔਖਾ ਵੇਲਾ ਛੇਤੀ ਹੀ ਲੰਘ ਜਾਵੇਗਾ ਅਤੇ ਹਰੇਕ ਰੁੱਖ ਦੇ ਹੇਠਾਂ 'ਅਕਾਲ' ਚੀਕਿਆ ਜਾਵੇਗਾ। ਇਹ ਖ਼ਬਰ ਮੈਂ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਨੂੰ ਦੇ ਦਿੱਤੀ ਸੀ। ਬ੍ਰਹਮਾ ਸਿੰਘ ਸੂਬਾ ਅਤੇ ਜੋਤਾ ਸਿੰਘ ਸੂਬਾ ਨੂੰ ਬਾਬਾ ਰਾਮ ਸਿੰਘ ਜੀ ਵੱਲੋਂ ਸਿਆਲਕੋਟ ਤੇ ਗੁਜਰਾਂਵਾਲਾ ਜ਼ਿਲ੍ਹਿਆਂ ਦਾ ਚਾਰਜ 1865 'ਚ ਦਿੱਤਾ ਗਿਆ ਸੀ। ਜੋਤਾ ਸਿੰਘ ਦਰਅਸਲ ਬ੍ਰਹਮਾ ਸਿੰਘ ਦੇ ਅਧੀਨ ਕੰਮ ਕਰਦੇ ਹਨ ਪਰ ਉਹ ਦੋਵੇਂ ਹੀ ਜ਼ਿਲ੍ਹਿਆਂ

'ਚ ਪ੍ਰਚਾਰਕ ਰਹੇ ਹਨ। ਜੋਤਾ ਸਿੰਘ ਦੀ ਜਾਤੀ ਘੁਮਿਆਰ ਹੈ ਤੇ ਉਨ੍ਹਾਂ ਦਾ ਪਿੰਡ ਸਿਆਲਕੋਟ ਜ਼ਿਲ੍ਹੇ 'ਚ ਢੈਪਈ ਹੈ।

ਬ੍ਰਹਮਾ ਸਿੰਘ ਦੇ ਮੂਲ ਸਥਾਨ ਤੇ ਉਨ੍ਹਾਂ ਦੇ ਮਾਪਿਆਂ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਹੈ। ਕੁਝ ਥਾਵਾਂ 'ਤੇ ਤਾਂ ਉਨ੍ਹਾਂ ਦੱਸਿਆ ਹੋਇਆ ਹੈ ਕਿ ਉਹ ਬ੍ਰਾਹਮਣ ਸਨ ਤੇ ਕੁਝ ਹੋਰਨਾਂ ਨੂੰ ਉਨ੍ਹਾਂ ਨੇ ਖ਼ੁਦ ਨੂੰ ਜੱਟ ਜ਼ਿਮੀਂਦਾਰ ਦੱਸਿਆ ਹੈ ਪਰ ਉਹ ਚੱਕ ਰੇਹਾਨ, ਥਾਣਾ ਧਰਮ ਕੋਟ, ਜ਼ਿਲ੍ਹਾ ਸਿਆਲਕੋਟ ਦੀ ਇੱਕ ਕੂਕੀ ਔਰਤ ਮੁਸੰਮਤ ਭਾਗਾਂ ਨਾਲ ਰਹਿੰਦੇ ਸਨ ਤੇ ਕਦੀ-ਕਦਾਈਂ ਉਹ ਚੱਕ ਹਿੰਦੂ ਤੇ ਕਦੇ ਜ਼ਿਲ੍ਹਾ ਸਿਆਲਕੋਟ 'ਚ ਸੰਗਰੀ ਵਿਖੇ ਰਹਿੰਦੇ ਸਨ ਪਰ ਜ਼ਿਆਦਾਤਰ ਉਹ ਚੱਕ ਰੇਹਾਨ 'ਚ ਹੀ ਰਹਿੰਦੇ ਸਨ, ਕਦੇ ਤਾਂ ਉਹ ਇਕੱਲੇ ਹੁੰਦੇ ਸਨ ਤੇ ਕਦੇ ਉਨ੍ਹਾਂ ਨਾਲ ਜੋਤਾ ਸਿੰਘ ਵੀ ਹੁੰਦੇ ਸਨ। ਨਿਮਨਲਿਖਤ ਪਿੰਡਾਂ 'ਚ ਉਨ੍ਹਾਂ ਧਾਰਮਿਕ ਇਕੱਠ ਕੀਤੇ ਸਨ:

| | |
|---|---|
| 1. ਹਿੰਦੂ ਚੱਕ ...... | ਥਾਣਾ ਗੁਜਰਾਂਵਾਲਾ |
| 2. ਸੈਂਸਰਾ ......... | ,, ,, |
| 3. ਗੁਜਰਾਂਵਾਲਾ ... | ਖ਼ਾਸ |
| 4. ਬਾਇੰਕਾ ਚੀਮਾ... | ਥਾਣਾ ਨਗਰਾਬਾਦ |
| 5. ਰੁਤਾਲੀ | |
| 6. ਧਮੇਸ਼ ਸਰਾਏ | |
| 7. ਮੱਟੂ ਭਾਈ ਕੇ | ਥਾਣਾ ਕੇਮੋਕੀ |
| 8. ਕਾਮੋਕੀ ਖ਼ਾਸ | |
| 9. ਰਾਜਾ | |
| 10. ਮਨੇਸ | |
| 11. ਬੱਬਰ | |
| 12. ਗੁੱਡਣਵਾਲਾ | |
| 13. ਠੱਟੇ ਮਾਣਕ | ਥਾਣਾ ਕਾਮੋਕੀ |
| 14. ਕੁਰੀਅਲ | |
| 15. ਮਲਕੇਹ | |
| 16. ਖੜਾ | |
| 17. ਹਰਪੋਕੇ | |
| 18. ਕੋਟ ਭਵਾਨੀ ਦਾਸ.. | ਥਾਣਾ ਗੁਜਰਾਂਵਾਲਾ |
| 19. ਕਿਲਾ ਦੀਦਾਰ ਸਿੰਘ ... | ਥਾਣਾ ਬੱਦੋਕੀ |
| 20. ਸ਼ਮਸਾ | |
| 21. ਵਰੁਣ | |
| 22. ਝੱਬਰ | ਥਾਣਾ ਸ਼ੇਖ਼ੂਪੁਰਾ |
| 22ੳ. ਮੂਦਾਰ | |
| 23. ਝੂਮੇਖ | |

24. ਸਹਾਰਨ ਚੱਟਾ... ਥਾਣਾ ਅਕਾਲਗੜ੍ਹ
25. ਵਾ-ਈਰਖ... ’’ ’’
26. ਓਗੁੰਡ
27. ਟੁੰਡੇਹ ਗੁਰੂ ਥਾਣਾ ਖਾਨਗਾ
28. ਚੂਹੜਕਾਣਾ

ਅਤੇ ਕੁਝ ਹੋਰ ਛੋਟੇ ਪਿੰਡਾਂ ’ਚ। ਮੈਨੂੰ 1863 ਤੋਂ ਇਹ ਪਤਾ ਸੀ ਕਿ ਕੂਕਾ ਸੰਪਰਦਾਇ ਦੀ ਮਨਸ਼ਾ ਮਾੜੀ ਹੈ ਅਤੇ ਵਰੁਣ ਦੇ ਹਾਲਾਤ ਬਿਆਨ ਕੀਤੇ ਗਏ ਸਨ। ਮੈਂ ... (ਨਾਮ ਜਾਣ-ਬੁੱਝ ਕੇ ਨਹੀਂ ਦਿੱਤਾ ਗਿਆ) ਅਤੇ ਚੂਹੜਕਾਣਾ ਦੇ ਅਮਰੀਕ ਸਿੰਘ ਕੂਕਾ, ਵਰੁਣ ਦੇ ਨੰਬਰਦਾਰ ਦਿਆ ਸਿੰਘ, ਜੱਬਰ ਦੇ ਨੰਬਰਦਾਰ ਹੀਰਾ ਸਿੰਘ, ਸੇਰੇਜ ਝੱਬਰ ਦੇ ਚੌਕੀਦਾਰ ਗੋਬਿੰਦਾ ਬ੍ਰਾਹਮਣ, ਝੰਡਿਆਲਾ ਸ਼ੇਰੇ ਖ਼ਾਨ ਦੇ ਨੰਬਰਦਾਰ ਸ਼ਾਹਬਲ ਖ਼ਾਨ, ਸ਼ਮਸਾ ਦੇ ਪੱਟੇਦਾਰ ਹੀਰਾ ਸਿੰਘ, ਕੁਰੀਅਲ ਦੇ ਬ੍ਰਾਹਮਣ ਕ੍ਰਿਪਾ ਰਾਮ, ਕੋਟ ਰਣਜੀਤ ਦੇ ਨੰਬਰਦਾਰ, ਗੁੱਡਣਵਾਲਾ ਦੇ ਪੱਟੇਦਾਰ ਉਤੀਸਾ ਤੋਂ ਸੁਣਿਆ ਸੀ। ਉਨ੍ਹਾਂ ਤੋਂ ਇਲਾਵਾ ਮੈਨੂੰ ਹੁਣ ਹਰਫ਼-ਬ-ਹਰਫ਼ ਚੇਤੇ ਨਹੀਂ ਕਿ ਮੈਂ ਉਸ ਵੇਲੇ ਕੀ ਰਿਪੋਰਟਿੰਗ ਕੀਤੀ ਸੀ ਪਰ ਪ੍ਰਚਾਰ ਦਾ ਅਸਲ ਮੰਤਵ ਗੜਬੜੀ ਫੈਲਾਉਣਾ ਹੀ ਹੁੰਦਾ ਸੀ। ਵਰੁਣ, ਝੱਬਰ ਤੇ ਹੋਰ ਲਾਗਲੇ ਸਥਾਨਾਂ ’ਤੇ, ਬ੍ਰਹਮਾ ਸਿੰਘ ਨੇ ਲਗਭਗ ਔਰਤਾਂ ਤੇ ਮਰਦਾਂ ਸਮੇਤ 30 ਜਣਿਆਂ ਨੂੰ ਕੂਕੇ ਬਣਾਇਆ ਸੀ।

26. ਗੁਲਾਬ ਪੁੱਤਰ ਮੁਹੰਮਦ ਸਾਹਿਬ, ਨੰਬਰਦਾਰ - ਬੁਤਾਲਾ ਸ਼ਾਮ ਸਿੰਘ: ਮੇਰੇ ਪਿੰਡ ’ਚ ਤਿੰਨ ਕੂਕੇ ਹਨ। ਮੇਰੇ ਪਿੰਡ ’ਚ ਕੋਈ ਸੂਬਾ ਨਹੀਂ ਠਹਿਰਿਆ। ਬ੍ਰਹਮਾ ਸਿੰਘ ਤੇ ਜੋਤਾ ਸਿੰਘ ਸੂਬੇ ਅਕਸਰ ਸਿਆਲਕੋਟ ਵਾਲੇ ਪਾਸਿਓਂ ਆਉਂਦੇ ਹੋਏ ਮੇਰੇ ਪਿੰਡ ’ਚੋਂ ਦੀ ਲੰਘਦੇ ਹੁੰਦੇ ਸਨ ਅਤੇ ਉਨ੍ਹਾਂ ਨਾਲ ਆਮ ਤੌਰ ’ਤੇ 40 ਤੋਂ 50 ਸ਼ਰਧਾਲੂ ਹੁੰਦੇ ਸਨ। ਇੱਕ ਵਾਰ ਗੁਰੂ ਰਾਮ ਸਿੰਘ ਜੀ ਵੀ ਲੰਘੇ ਸਨ, ਉਨ੍ਹਾਂ ਨਾਲ ਬਹੁਤ ਵੱਡੀ ਭੀੜ ਸੀ। ਸੂਬਿਆਂ ਬ੍ਰਹਮਾ ਸਿੰਘ ਤੇ ਜੋਤਾ ਸਿੰਘ ਨੂੰ ਆਦਤ ਸੀ ਕਿ ਉਹ ਸਾਰੇ ਹੀ ਲੋਕਾਂ, ਭਾਵੇਂ ਉਹ ਹਿੰਦੂ ਹੋਣ ਤੇ ਚਾਹੇ ਮੁਸਲਿਮ, ਨੂੰ ਕੂਕੇ ਬਣਨ ਲਈ ਜ਼ਰੂਰ ਆਖਦੇ ਸਨ।

28. ਹਾਵੁਲੀ ਪੁੱਤਰ ਹੁਕਮ ਚੰਦ, ਜਾਤੀ ਗੂਰਿਆ, ਜੱਟ ਚੱਕ ਹਿੰਦੂ ਦਾ ਨੰਬਰਦਾਰ। ਮੇਰੇ ਪਿੰਡ ’ਚ ਛੇ ਜਾਂ ਸੱਤ ਕੂਕੇ (ਵਿਅਕਤੀ) ਹਨ। ਬ੍ਰਹਮਾ ਸਿੰਘ ਅਕਸਰ ਮੇਰੇ ਪਿੰਡ ਆਉਂਦੇ ਰਹੇ ਹਨ। ਜੋਤਾ ਸਿੰਘ ਸੂਬਾ ਨੇ ਪਹਿਲਾਂ ਮੇਰੇ ਭਰਾ ਨੰਬਰਦਾਰ ਉੱਤਰ ਸਿੰਘ ਨੂੰ ਕੂਕਾ ਬਣਾਇਆ ਸੀ ਅਤੇ ਫਿਰ ਬ੍ਰਹਮਾ ਸਿੰਘ ਨੇ ਹੋਰਨਾਂ ਨੂੰ ਕੂਕੇ ਬਣਾਇਆ ਸੀ। ਗੁਰੂ ਰਾਮ ਸਿੰਘ ਜੀ ਇੱਕ ਵਾਰ ਆਏ ਸਨ। ਬ੍ਰਹਮਾ ਸਿੰਘ ਨੇ ਚਾਰ ਜਾਂ ਪੰਜ ਔਰਤਾਂ ਨੂੰ ਕੂਕਾ ਬਣਾਇਆ ਸੀ ਤੇ ਉਨ੍ਹਾਂ ਨੂੰ ਜਾਂਘੀਏ (ਕਛਹਿਰੇ) ਪੁਆਏ ਸਨ ਅਤੇ ਸ਼ਰੇਆਮ ਆਖਿਆ ਸੀ ਕਿ ‘ਮੈਂ ਕਿਸੇ ਅਜਿਹੀ ਔਰਤ ਦੇ ਹੱਥ ਦਾ ਖਾਣਾ ਨਹੀਂ ਖਾਵਾਂਗਾ, ਜਿਹੜੀ ਕੂਕਾ ਨਾ ਹੋਵੇ।’ ਦੋਵਾਂ ਸੂਬਿਆਂ ਨੇ ਆਪਣੇ ਸੰਪਰਦਾਇ ’ਚ ਵਾਧਾ ਕਰਨ ਲਈ ਹਰ ਸੰਭਵ ਜਤਨ ਕੀਤੇ ਸਨ।

29. ਨਿਹਾਲ ਸਿੰਘ ਪੁੱਤਰ ਚੰਦਾ ਸਿੰਘ, ਜਾਤੀ ਗੂਰਿਆ, ਜੱਟ, ਪਿੰਡ ਸੈਂਸਰਾ

ਦਾ ਨੰਬਰਦਾਰ: ਮੇਰੇ ਪਿੰਡ ਵਿੱਚ 13 ਮਰਦ ਕੂਕੇ ਤੇ ਪੰਜ ਜਾਂ ਛੇ ਔਰਤ ਕੂਕੇ ਹਨ। ਸਿਆਲਕੋਟ ਜ਼ਿਲ੍ਹੇ 'ਚ ਢੈਪਈ ਦੇ ਸੂਬਾ ਜੋਤਾ ਸਿੰਘ ਨੇ ਮੇਰੇ ਪਿੰਡ 'ਚ ਪਹਿਲੀ ਵਾਰ ਕਿਸੇ ਨੂੰ ਕੂਕਾ ਬਣਾਇਆ ਸੀ।

31. ਬਸੰਤ ਸਿੰਘ ਪੁੱਤਰ ਸਰਦਾਰ ਫ਼ਤਹਿ ਸਿੰਘ ਮਾਨ, ਜਾਤੀ ਮਾਨ, ਜੱਟ, ਨਿਵਾਸੀ ਮੁਗ਼ਲ ਚੱਕ: ''ਮੇਰੇ ਪਿਤਾ ਜੀ ਗੁਜਰਾਂਵਾਲਾ ਦੇ ਆਨਰੇਰੀ ਮੈਜਿਸਟ੍ਰੇਟ ਅਤੇ ਟੱਪਾ ਮੁਗ਼ਲ ਚੱਕ ਦੇ ਮਾਲ ਜ਼ੈਲਦਾਰ ਹਨ। ਮੈਂ ਆਪਣੇ ਪਿਤਾ ਦੇ ਮਾਲ ਏਜੰਟ ਵਜੋਂ ਕੰਮ ਕਰਦਾ ਹਾਂ ਤੇ ਉਨ੍ਹਾਂ ਦੀ ਜ਼ੈਲ 'ਚ ਜਾਂਦਾ ਰਹਿੰਦਾ ਹਾਂ ਤੇ ਮੈਨੂੰ ਪਤਾ ਹੈ ਕਿ ਕੋਟ ਪਾਰੋ ਸ਼ਾਹ, ਮਾਨ, ਹੀਰਾ, ਮੁਗ਼ਲ ਚੱਕ 'ਚ ਕੂਕੇ ਹਨ। ਮੇਰੇ ਰਿਸ਼ਤੇਦਾਰ ਸਰਦਾਰ ਹੀਰਾ ਸਿੰਘ ਮਾਨ ਅਤੇ ਰਾਏ ਸਿੰਘ ਮਾਨ ਵੀ ਕੂਕੇ ਹਨ। ਉਹ ਮਾਨਾਵਾਲਾ, ਥਾਣਾ ਮਿਆਣੀ, ਜ਼ਿਲ੍ਹਾ ਸਿਆਲਕੋਟ 'ਚ ਰਹਿੰਦੇ ਹਨ ਪਰ ਮੁਗ਼ਲ ਚੱਕ 'ਚ ਉਨ੍ਹਾਂ ਦੀ ਜ਼ਮੀਨ ਹੈ, ਜਿਸ ਕਾਰਣ ਉਹ ਮੇਰੇ ਪਿੰਡ ਆਉਂਦੇ ਰਹਿੰਦੇ ਹਨ। ਮੇਰੇ ਪਿੰਡ 'ਚ ਕਦੇ ਕੂਕਿਆਂ ਦਾ ਕੋਈ ਧਾਰਮਿਕ ਇਕੱਠ ਨਹੀਂ ਹੋਇਆ ਪਰ ਕਾਂਸਟੇਬਲ ਭਾਗ ਸਿੰਘ ਦੇ ਭਰਾ ਮਹਿਤਾਬ ਸਿੰਘ ਕੂਕਾ ਦੇ ਦਿਹਾਂਤ 'ਤੇ ਮੇਰੇ ਪਿੰਡ 'ਚ ਕੂਕੇ ਇਕੱਠੇ ਹੋਏ ਸਨ ਤੇ ਉਨ੍ਹਾਂ ਦੇ ਦਿਹਾਂਤ 'ਤੇ ਖ਼ੁਸ਼ੀਆਂ ਮਨਾਈਆਂ ਸਨ। ਸਰਦਾਰ ਸਿੰਘ ਹੀਰਾ ਸਿੰਘ ਤਦ ਮੇਰੇ ਪਿੰਡ 'ਚ ਮੌਜੂਦ ਸਨ। ਸਰਦਾਰ ਹੀਰਾ ਸਿੰਘ ਅਤੇ ਗੁਰੂ ਰਾਮ ਸਿੰਘ ਚੰਗੇ ਦੋਸਤ ਸਨ।''

# 207

## ਪੁਲਿਸ ਵਿਭਾਗ, ਜ਼ਿਲ੍ਹਾ ਫ਼ਿਰੋਜ਼ਪੁਰ

ਨਿਮਨਲਿਖਤ ਕੁਕਾ ਸੂਬਿਆਂ ਦੇ ਵੇਰਵੇ, ਜਿਨ੍ਹਾਂ ਨੂੰ ਬੀਤੇ ਦਿਨੀਂ ਅਲਾਹਾਬਾਦ ਭੇਜਿਆ ਗਿਆ ਹੈ

| ਲੜੀ ਨੰ. | ਨਾਮ | ਪਿਤਾ ਦਾ ਨਾਮ | ਰਿਹਾਇਸ਼ | | | ਕਿੱਤਾ ਜਾਂ ਵਿਹਾਰ | ਸੂਬਾ ਵਜੋਂ ਉਸ ਦੇ ਅਧਿਕਾਰ-ਖੇਤਰ 'ਚ ਆਉਂਦੇ ਡਿਵੀਜ਼ਨ ਦਾ ਸਰਕਲ | ਸੂਬਾ ਵਜੋਂ ਕਿਰਦਾਰ ਅਤੇ ਪ੍ਰਭਾਵ | ਉਨ੍ਹਾਂ ਕੁਝ ਜਾਣੇ-ਪਛਾਣੇ ਵਿਅਕਤੀਆਂ ਦੇ ਨਾਮ ਜੋ ਇਸ ਸੂਬੇ ਦੇ ਗੁਲਤ ਕੰਮਾਂ ਤੇ ਬਿਆਨ ਕੀਤੇ ਤੱਥਾਂ ਦੀ ਗਵਾਹੀ ਦੇਵੇ | ਆਮ ਟਿੱਪਣੀਆਂ ਤੇ ਹੋਰ ਵਾਧੂ ਵੇਰਵੇ ਜੋ ਇਸ ਕਥਨ ਦੇ ਕਾਲਮਾਂ 3 ਤੋਂ 10 ਤੱਕ 'ਚ ਮੁਹੱਈਆ ਨਹੀਂ ਕਰਵਾਏ ਗਏ |
|---|---|---|---|---|---|---|---|---|---|---|
| | | | ਪਿੰਡ | ਥਾਣਾ | ਜ਼ਿਲ੍ਹਾ | | | | | |
| 1 | 2 | 3 | 4 | 5 | 6 | 7 | 8 | 9 | 10 | 11 |
| 1. | ਸਾਹਿਬ ਸਿੰਘ | ... | ਦੁਰਗਾਪੁਰ | ਤਰਨਤਾਰਨ | ਅੰਮ੍ਰਿਤਸਰ | ਗ੍ਰੰਥੀ | ਦੁਰਗਾਪੁਰ, ਅੰਮ੍ਰਿਤਸਰ ਦੇ ਸੂਬਾ | ਇੱਕ ਵਰਨਣਯੋਗ ਸੂਬਾ | ਮਹਿਤਾਬ ਸਿੰਘ, ਨੰਬਰਦਾਰ – ਬੁਰਜ ਹਮੀਰਾ, ਰਾਮ ਸਿੰਘ, ਦਿਆਲ ਸਿੰਘ ਤੇ ਗੁਲਾਬ ਸਿੰਘ – ਨੰਬਰਦਾਰ, ਸੈਦੋਕੇ ਗੁਲਾਬ ਸਿੰਘ ਤੇ ਰਾਮ ਸਿੰਘ, ਨੰਬਰਦਾਰ – ਸੈਦੋਕੇ ਕਾਕੇਲਾ, ਨੰਬਰਦਾਰ – ਤਲਵੰਡੀ, ਇਲਾਕਾ ਪਟਿਆਲਾ | ਇਸ ਵਿਅਕਤੀ ਦੇ ਦਰੁਸਤ ਵੇਰਵੇ ਅੰਮ੍ਰਿਤਸਰ ਤੋਂ ਹਾਸਲ ਕੀਤੇ ਜਾ ਸਕਦੇ ਹਨ |
| 2. | ਰੂੜ ਸਿੰਘ | -ਉਹੀ- | -ਉਹੀ- | ... | ... | ਤਰਖਾਣ | ਅੰਮ੍ਰਿਤਸਰ ਦੇ ਇੰਚਾਰਜ | -ਉਹੀ- | | --- |

| | | | | | | | | | | |
|---|---|---|---|---|---|---|---|---|---|---|
| 3. | ਕਾਹਨ ਸਿੰਘ ਨਿਹੰਗ | ... | ਚੱਕ | ਮਲੇਰ-ਕੋਟਲਾ | ਕੋਟਲਾ | ਫ਼ਕੀਰ | ਸਮੁੱਚੇ ਮਾਲੇਰ-ਕੋਟਲਾ ਦਾ ਇੰਚਾਰਜ | -ਉਹੀ- | -ਉਹੀ- | ਵੇਰਵੇ ਮਾਲੇਰਕੋਟਲਾ ਤੋਂ ਲੈਣੇ ਹੋਣਗੇ |
| 4. | ਲੱਖਾ ਸਿੰਘ | ... | ਬੇਪਤਾ | ... | ... | ... | ... | ... | ... | ਇੱਥੇ ਕੁਝ ਪਤਾ ਨਹੀਂ |
| 5. | ਬ੍ਰਹਮਾ ਸਿੰਘ | ... | ... | ... | ... | ... | ... | ... | ... | ... |
| 6. | ਜਵਾਹਰ ਸਿੰਘ | ... | ਬਿਲਾਸਪੁਰ | ਬਾਘਾ ਪੁਰਾਣਾ | ਫ਼ਿਰੋਜ਼ਪੁਰ | ਕਾਸ਼ਤਕਾਰ | ਇਲਾਕਾ ਥਾਣਾ ਨਥਾਣਾ ਬਾਘਾ ਪੁਰਾਣਾ ਚੌਕੀ ਨਿਹਾਲ ਸਿੰਘ ਵਾਲਾ, ਫ਼ਰੀਦਕੋਟ | ਜ਼ਿਲ੍ਹੇ ਦੇ ਮੁੱਖ ਸੂਬਾ ਅਤੇ ਬਹੁਤ ਜ਼ਿਆਦਾ ਪ੍ਰਭਾਵ | ਕਰਮ ਸਿੰਘ, ਨੰਬਰਦਾਰ – ਬਿਲਾਸਪੁਰ, ਗੁਰਦਿੱਤ ਸਿੰਘ, ਨੰਬਰਦਾਰ – ਲੋਹਾਰਾ, ਨੂਪ ਸਿੰਘ ਤੇ ਭੀਮ ਸਿੰਘ, ਨੰਬਰਦਾਰ – ਤਖ਼ਤੂਪੁਰਾ | ਇਹ ਵਿਅਕਤੀ ਇੱਕ ਬਦਨਾਮ ਆਗੂ ਸਨ ਅਤੇ ਨਵੇਂ ਕੂਕੇ ਬਣਾਉਂਦੇ ਹਨ ਤੇ ਉਨ੍ਹਾਂ ਦਾ ਨਾ ਸਿਰਫ਼ ਇੱਥੇ, ਸਗੋਂ ਹੋਰ ਜ਼ਿਲ੍ਹਿਆਂ 'ਚ ਵੀ ਬਹੁਤ ਪ੍ਰਭਾਵ ਹੈ। |
| 7. | ਮਲੂਕ ਸਿੰਘ | ਸੁਖਨ ਸਿੰਘ | ਫੂਲੇਵਾਲਾ | ਫ਼ਿਰੋਜ਼ਪੁਰ | ਫ਼ਿਰੋਜ਼ਪੁਰ | ਕਾਸ਼ਤਕਾਰ | ਮੁਕਤਸਰ ਤੇ ਫ਼ਾਜ਼ਿਲਕਾ ਦੇ ਇੰਚਾਰਜ ਸਨ | ਕਿਸੇ ਵੇਲੇ ਵਰਨਣਯੋਗ ਸੂਬਾ ਸਨ ਪਰ ਬਾਅਦ 'ਚ ਕਿਸੇ ਨੇ ਬਹੁਤਾ ਗ਼ੌਰ ਨਹੀਂ ਕੀਤਾ | ਗੁਲਾਬ ਸਿੰਘ, ਕਰਮ ਸਿੰਘ, ਦਿਆਲ ਸਿੰਘ, ਨੰਬਰਦਾਰ – ਸੈਦੋਕੀ ਤੇ ਕਾਕੇਲਾ, ਨੰਬਰਦਾਰ – ਤਲਵੰਡੀ, ਪਟਿਆਲਾ | ਇੱਕ ਖ਼ਤਰਨਾਕ ਕਿਰਦਾਰ ਦੰਗਿਆਂ 'ਚ ਸ਼ਾਮਲ ਰਹੇ ਸਨ ਜੋ 1869 ਦੌਰਾਨ ਇਸ ਜ਼ਿਲ੍ਹੇ 'ਚ ਹੋਏ ਸਨ, ਜਦੋਂ ਪੁਲਿਸ ਦੀ ਇੱਕ ਟੀਮ 44 ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਭੇਜੀ ਗਈ ਸੀ |
| 8. | ਮਾਨ ਸਿੰਘ | ਮੱਖਣ ਸਿੰਘ | ਸੈਦੋਕੀ | ਬਾਘਾ ਪੁਰਾਣਾ | ... | ਫ਼ਕੀਰ | ਸੈਦਕੇ ਦੇ ਸੂਬਾ ਵਜੋਂ ਇੰਚਾਰਜ ਸਨ | ਇੱਕ ਮਾੜਾ ਕਿਰਦਾਰ ਤੇ ਬਦਨਾਮ ਕੂਕਾ, ਬਹੁਤ ਜ਼ਿਆਦਾ ਪ੍ਰਭਾਵ | ਕੂਕਿਆਂ 'ਚ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਵਿਅਕਤੀ ਅਤੇ ਖ਼ਤਰਨਾਕ ਕੂਕਾ | ਕੂਕਿਆਂ ਦੇ ਹਿਤਾਂ ਦਾ ਇੱਕ ਬਦਨਾਮ ਸ਼ੁਭਚਿੰਤਕ, ਜਨਵਰੀ 1872 'ਚ ਮਲੌਦ ਤੇ ਮਲੇਰਕੋਟਲਾ ਦੀ ਬਗ਼ਾਵਤ ਵੇਲੇ ਉੱਥੇ |

| | | | | | | | | | | |
|---|---|---|---|---|---|---|---|---|---|---|
| | | | | | | | | | | ਮੌਜੂਦ ਸਨ। ਉਸ ਤੋਂ ਬਾਅਦ ਪਿੰਡ ਪਰਤ ਆਏ ਸਨ। |
| 9. | ਹੁਕਮਾ ਸਿੰਘ | ... | ਪਿੱਥੋ | ਭੀਖੀ | ਪਟਿਆਲਾ | ਮਹੰਤ | ਪਿੱਥੋ ਅਤੇ ਪਟਿਆਲਾ ਦੇ ਇੰਚਾਰਜ | ਸੂਬਾ | ਦਿਆਲ ਸਿੰਘ, ਗੁਲਾਬ ਸਿੰਘ ਅਤੇ ਰਾਮ ਸਿੰਘ, ਨਿਵਾਸੀ ਸੈਦੋਕੀ | ਇਹ ਵਿਅਕਤੀ ਸਦਾ ਬਾਬਾ ਰਾਮ ਸਿੰਘ ਜੀ ਨਾਲ ਰਹੇ ਸਨ। |
| 10. | ਪਹਾੜਾ ਸਿੰਘ | ... | ਮਲੌਦ | ਡੇਹਲੋਂ | ਲੁਧਿਆਣਾ | ਫ਼ਕੀਰ | ਕਿਸੇ ਖ਼ਾਸ ਜ਼ਿਲ੍ਹੇ ਦੇ ਇੰਚਾਰਜ ਨਹੀਂ ਪਰ ਬਾਬਾ ਰਾਮ ਸਿੰਘ ਤੋਂ ਸੂਚਨਾ ਇਕੱਤਰ ਕਰਦੇ ਸਨ | ਵਰਨਣਯੋਗ ਸੂਬਾ | ਉਪਰੋਕਤ ਨੰਬਰਦਾਰ, ਤਲਵੰਡੀ ਦੇ ਕਾਕੇਲਾ ਵੀ | ਪਿਤਾ ਦਾ ਨਾਮ ਲੁਧਿਆਣਾ ਤੋਂ ਲੈਣਾ ਹੋਵੇਗਾ |
| 11. | ਸਰਦਾਰ ਮੰਗਲ ਸਿੰਘ, ਨਿਵਾਸੀ ਰਾਏਪੁਰ | ... | ਰਾਏਪੁਰ | -ਉਹੀ- | -ਉਹੀ- | ਸੇਵਕ | ਕੋਈ ਖ਼ਾਸ ਸਰਕਲ ਨਹੀਂ | ਵਰਨਣਯੋਗ ਕੂਕਾ | -ਉਹੀ- | ਪਟਿਆਲਾ ਦੇ ਰਾਜੇ ਦੇ ਰਿਸ਼ਤੇਦਾਰ, ਜਿਨ੍ਹਾਂ ਆਪਣੀ ਸਾਰੀ ਜਾਇਦਾਦ ਬਾਬਾ ਰਾਮ ਸਿੰਘ ਜੀ ਨੂੰ ਦੇ ਦਿੱਤੀ ਸੀ |

ਫ਼ਿਰੋਜ਼ਪੁਰ
30 ਮਾਰਚ, 1872

ਆਰ.ਐੱਚ. ਵਾਲ ਮੇਜਰ
ਜ਼ਿਲ੍ਹਾ ਸੁਪਰਇੰਟੈਂਡੈਂਟ ਆੱਫ਼ ਪੁਲਿਸ

## 208

**(ਗੁਪਤ)**

*ਨੰ. 98, ਮਿਤੀ 20 ਮਾਰਚ, 1872*

*ਮੀਮੋ, ਵੱਲੋਂ*

ਮੇਜਰ ਐੱਚ.ਆਰ. ਵਾੱਲ,
ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ,
ਫ਼ਿਰੋਜ਼ਪੁਰ।

*ਵੱਲ*

ਕਰਨਲ ਹਚਿਨਸਨ, ਸੀਐੱਸਆਈ,
ਇੰਸਪੈਕਟਰ ਜਨਰਲ ਆੱਫ਼ ਪੁਲਿਸ,
ਪੰਜਾਬ।

ਇਸ ਦੇ ਨਾਲ ਇਸ ਜ਼ਿਲ੍ਹੇ ਦੇ ਉਨ੍ਹਾਂ ਤਿੰਨ ਨਿਮਨਲਿਖਤ ਕੂਕਾ ਸੂਬਿਆਂ ਦੇ ਪਿਛੋਕੜ ਦੀ ਕਾਪੀ ਭੇਜੀ ਜਾਂਦੀ ਹੈ, ਜਿਨ੍ਹਾਂ ਨੂੰ ਅਲਾਹਾਬਾਦ ਭੇਜਿਆ ਗਿਆ ਹੈ:

| | |
|---|---|
| ਪਹਿਲਾ:- | ਮਾਨ ਸਿੰਘ। |
| ਦੂਜਾ:- | ਜਵਾਹਰ ਸਿੰਘ। |
| ਤੀਜਾ:- | ਮਲੂਕ ਸਿੰਘ। |

### ਮਾਨ ਸਿੰਘ, ਸੂਬਾ, ਪਿੰਡ ਸੈਦੋਕੀ

1. ਜਨਮ ਸੈਦੋਕੀ 'ਚ ਹੋਇਆ ਸੀ।
2. ਉੱਥੇ ਹੀ ਰਹਿੰਦੇ ਹਨ।
3. ਕਾਸ਼ਤਕਾਰੀ ਕਰਦੇ ਰਹੇ ਹਨ ਤੇ ਫਿਰ ਫ਼ਕੀਰ ਬਣ ਗਏ ਸਨ। ਉਹ ਪਹਿਲਾਂ ਸੈਦੋਕੀ 'ਚ ਆਪਣੇ ਪਰਿਵਾਰ ਨਾਲ ਰਹਿੰਦੇ ਸਨ; ਉਹ ਕੂਕੇ ਨਹੀਂ ਸਨ ਤੇ ਅਮੀਰ ਵੀ ਨਹੀਂ ਸਨ।
4. ਉਹ ਸਾਲਾਂ ਬੱਧੀ ਤੋਂ ਨਵੇਂ ਕੂਕੇ ਬਣਾਉਂਦੇ ਰਹੇ ਹਨ।
5. ਉਹ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਬਾਬਾ ਰਾਮ ਸਿੰਘ ਜੀ ਦੀ ਇਜਾਜ਼ਤ ਨਾਲ ਕੂਕਾ ਸੰਪਰਦਾਇ 'ਚ ਸ਼ਾਮਲ ਕਰਦੇ ਸਨ ਤੇ ਉਹ ਇਸ ਜ਼ਿਲ੍ਹੇ 'ਚ ਲੱਗਣ ਵਾਲੇ ਸਾਰੇ ਮੇਲਿਆਂ ਤੇ ਇਕੱਠਾਂ 'ਚ ਸ਼ਿਰਕਤ ਕਰਦੇ ਸਨ।
6. ਉਹ ਇੱਕ ਮਾਨਤਾ-ਪ੍ਰਾਪਤ ਕੂਕਾ ਸਨ।
7. ਉਹ ਪਹਿਲਾਂ ਕਿਸੇ ਅਪਰਾਧ ਲਈ ਪੁਲਿਸ ਰਿਕਾਰਡ 'ਚ ਨਹੀਂ ਰਹੇ, ਸਾਰੇ ਮੇਲਿਆਂ ਅਤੇ ਕੂਕਿਆਂ ਦੇ ਇਕੱਠਾਂ 'ਚ ਜਾਂਦੇ ਸਨ।
8. ਕਿਸੇ ਮਾਮਲੇ 'ਚ ਕਦੇ ਜ਼ਮਾਨਤ ਦੇਣ ਦੀ ਲੋੜ ਨਹੀਂ ਪਈ ਸੀ।
9. ਉਹ ਲਗਾਤਾਰ (ਗੁਰੂ) ਰਾਮ ਸਿੰਘ ਜੀ ਨੂੰ ਮਿਲਣ ਲਈ ਜਾਂਦੇ-ਆਉਂਦੇ ਰਹਿੰਦੇ ਸਨ। ਉਨ੍ਹਾਂ ਕੁਝ ਮਹੀਨੇ ਪਹਿਲਾਂ ਆਪਣੀ ਜ਼ਮੀਨ ਤੇ ਗਹਿਣੇ ਵੇਚ ਦਿੱਤੇ ਸਨ

ਅਤੇ ਉਹ ਇੱਕ ਕਟੜਵਾਦੀ ਪ੍ਰਚਾਰਕ ਸਨ ਤੇ ਉਨ੍ਹਾਂ ਦਾ ਬਹੁਤ ਪ੍ਰਭਾਵ ਰਿਹਾ ਹੈ।

10. ਨੰਬਰਦਾਰ ਜਵਾਹਰ ਸਿੰਘ ਸੂਮਦ ਭਾਈ; ਰਤਨ ਸਿੰਘ ਨਿਹਾਲ ਸਿੰਘ ਵਾਲਾ; ਰਾਮ ਸਿੰਘ ਸੈਦੋਕੀ; ਦਿਆਲ ਸਿੰਘ ਸੈਦੋਕੀ; ਸਦਾ ਸਿੰਘ ਸ਼ਾਮ ਸਿੰਘ, ਭਗਵਾਨ ਸਿੰਘ ਬਧਨੀ, ਗੁਰਮੁਖ ਸਿੰਘ ਕੋਟਲਾ ਉਪਰੋਕਤ ਦੀ ਤਸਦੀਕ ਕਰਦੇ ਹਨ।

*19 ਮਾਰਚ, 1872* ਆਰ.ਐੱਚ. ਵਾੱਲ, ਮੇਜਰ,
ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਫ਼ਿਰੋਜ਼ਪੁਰ।

## ਜਵਾਹਰ ਸਿੰਘ, ਸੂਬਾ

1. ਪਿਛਲੇ 45 ਸਾਲਾਂ ਤੋਂ ਇਸ ਜ਼ਿਲ੍ਹੇ ਦੇ ਥਾਣਾ ਬਾਘਾਪੁਰਾਣਾ ਦੇ ਪਿੰਡ ਬਿਲਾਸਪੁਰ 'ਚ ਰਹਿ ਰਹੇ ਹਨ।
2. ਉਨ੍ਹਾਂ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ 'ਚ ਤਰਨ ਤਾਰਨ ਦੇ ਪਿੰਡ ਸੋਹੇਲ 'ਚ ਹੋਇਆ ਸੀ; ਸੋਹੇਲ ਤੋਂ ਉਹ ਪਹਿਲਾਂ ਬਾਘਾਪੁਰਾਣਾ ਦੇ ਲੋਪੋਂ ਗਏ ਸਨ ਅਤੇ ਫਿਰ ਬਿਲਾਸਪੁਰ।
3. ਉਹ ਇੱਕ ਪਰਿਵਾਰਕ ਵਿਅਕਤੀ ਨਹੀਂ ਹਨ ਤੇ ਅਮੀਰ ਨਹੀਂ ਹਨ।
4. ਉਹ ਆਪਣੀ ਜਵਾਨੀ ਵੇਲੇ ਤੋਂ ਹੀ ਨੀਰ-ਮੁੱਲ੍ਹਾ ਜਾਤੀ ਦੇ ਫ਼ਕੀਰ ਰਹੇ ਹਨ; ਉਨ੍ਹਾਂ ਕਈ ਚੇਲਿਆਂ ਨੂੰ ਕੂਕਾ ਸੰਪਰਦਾਇ 'ਚ ਸ਼ਾਮਲ ਕੀਤਾ ਹੈ।
5. ਉਨ੍ਹਾਂ ਨੇ ਜ਼ਿਆਦਾਤਰ ਜ਼ਿਮੀਂਦਾਰਾਂ, ਚਮਾਰਾਂ, ਤਰਖਾਣਾਂ, ਮਜ਼ਹਬੀਆਂ, ਧੋਬੀਆਂ, ਮੁਸਲਮਾਨਾਂ ਨੂੰ ਕੂਕੇ ਬਣਾਇਆ ਹੈ। ਉਨ੍ਹਾਂ 400 ਵਿਅਕਤੀ ਕੂਕੇ ਬਣਾਏ ਹਨ ਤੇ ਉਹ ਸਦਾ ਸਾਰੇ ਮੇਲਿਆਂ 'ਚ ਭਾਗ ਲੈਂਦੇ ਹਨ।
6. ਉਨ੍ਹਾਂ ਕਦੇ ਆਪਣਾ ਧਰਮ ਨਹੀਂ ਲੁਕਾਇਆ ਤੇ ਇੱਕ ਬਹੁਤ ਜ਼ਿਆਦਾ ਸਰਗਰਮ ਪ੍ਰਚਾਰਕ ਹਨ।
7. ਉਨ੍ਹਾਂ ਖ਼ਿਲਾਫ਼ ਕਦੇ ਕੋਈ ਪੁਲਿਸ ਕੇਸ ਦਰਜ ਨਹੀਂ ਹੋਇਆ।
8. ਉਨ੍ਹਾਂ ਨੂੰ ਕਦੇ ਕਿਸੇ ਮਾਮਲੇ 'ਚ ਜ਼ਮਾਨਤ ਨਹੀਂ ਦੇਣੀ ਪਈ।
9. ਉਹ (ਗੁਰੂ) ਰਾਮ ਸਿੰਘ ਜੀ ਨੂੰ ਮਿਲਣ ਲਈ ਭੈਣੀ ਜਾਂਦੇ ਰਹੇ ਹਨ।

ਜਵਾਹਰ ਸਿੰਘ, ਨੰਬਰਦਾਰ ਪੁੱਤਰ ਸੂਮਦ ਭਾਈ; ਰਤਨ ਸਿੰਘ ਨੰਬਰਦਾਰ ਨਿਹਾਲਸਿੰਘਵਾਲਾ, ਧਰਮ ਸਿੰਘ ਨੰਬਰਦਾਰ ਬਿਲਾਸਪੁਰ; ਨਾਰਾਇਣ ਸਿੰਘ, ਨੰਬਰਦਾਰ, ਮਾਛੀਕੇ; ਬੱਧਣ ਸਿੰਘ ਨੰਬਰਦਾਰ, ਬਿਲਾਸਪੁਰ, ਸੂਬਾ ਸਿੰਘ ਨੰਬਰਦਾਰ, ਬੜਾ ਘੱਲ; ਭਗਵਾਨ ਸਿੰਘ ਬਧਨੀ ਉਪਰੋਕਤ ਦੀ ਤਸਦੀਕ ਕਰਦੇ ਹਨ।

*19 ਮਾਰਚ, 1872* ਆਰ.ਐੱਚ. ਵਾੱਲ, ਮੇਜਰ,
ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਫ਼ਿਰੋਜ਼ਪੁਰ।

## ਮਲੂਕ ਸਿੰਘ, ਸੂਬਾ

ਪੁੱਤਰ ਸਿਖੁਨ ਸਿੰਘ, ਕਿੱਤਾ –
ਕਾਸ਼ਤਕਾਰੀ, ਪਿੰਡ ਫੂਲਾਵਾਲਾ, ਥਾਣਾ
ਮੁਕਤਸਰ, ਜ਼ਿਲ੍ਹਾ ਫ਼ਿਰੋਜ਼ਪੁਰ।

1. 40 ਸਾਲਾਂ ਤੋਂ ਇਸ ਜ਼ਿਲ੍ਹੇ 'ਚ ਰਹਿੰਦੇ ਰਹੇ ਹਨ, ਫ਼ਰੀਦਕੋਟ ਜ਼ਿਲ੍ਹੇ ਦੇ ਅਬਲੂ (ਜਿੱਥੇ ਉਹ ਪੈਦਾ ਹੋਏ ਸਨ) ਤੋਂ ਆਏ ਸਨ।
2. ਉਹ ਥਾਣਾ ਮੁਕਤਸਰ ਦੇ ਫੂਲਾਵਾਲਾ 'ਚ ਰਹਿੰਦੇ ਰਹੇ ਹਨ।
3. ਉਹ ਆਪਣੇ ਪਰਿਵਾਰ, ਸਾਜ਼ੋ-ਸਾਮਾਨ ਤੇ ਪਸ਼ੂਆਂ ਨਾਲ ਰਹਿ ਰਹੇ ਸਨ, ਸੱਤ ਕੁ ਮਹੀਨੇ ਪਹਿਲਾਂ ਉਹ ਆਪਣੇ ਪਰਿਵਾਰ ਨਾਲ ਰੋਪੜ 'ਚ ਨਹਿਰ ਲਾਗੇ ਚਲੇ ਗਏ ਸਨ ਤੇ ਆਪਣੀ ਜ਼ਮੀਨ ਉਨ੍ਹਾਂ ਆਪਣੇ ਭਰਾਵਾਂ ਸਲੂਕ ਸਿੰਘ, ਭੂਪ ਸਿੰਘ, ਸ਼ੇਰ ਸਿੰਘ ਨੂੰ ਦੇ ਦਿੱਤੀ ਸੀ।
4. ਉਹ ਅਕਸਰ ਭਵਿੱਖਬਾਣੀਆਂ ਕਰਦੇ ਸਨ ਤੇ ਕਿਸਮਤ ਦਾ ਹਾਲ ਦੱਸਦੇ ਹੁੰਦੇ ਸਨ ਅਤੇ ਉਹ ਆਪਣੇ ਪੱਧਰ 'ਤੇ ਕੂਕਾ ਬਣਾਉਂਦੇ ਰਹਿੰਦੇ ਸਨ ਤੇ ਉਨ੍ਹਾਂ ਨੂੰ ਕੂਕੇ ਬਣਾਉਣ ਲਈ (ਗੁਰੂ) ਰਾਮ ਸਿੰਘ ਜੀ ਕੋਲ ਲਿਜਾਂਦੇ ਸਨ। ਉਨ੍ਹਾਂ 'ਚ ਉਨ੍ਹਾਂ ਦਾ ਬਹੁਤ ਪ੍ਰਭਾਵ ਸੀ।
5. ਉਹ ਜ਼ਿਆਦਾਤਰ ਜੱਟਾਂ ਤੇ ਜ਼ਿਮੀਂਦਾਰਾਂ ਦੀਆਂ ਜਾਤੀਆਂ 'ਚੋਂ ਨਵੇਂ ਕੂਕੇ ਬਣਾਉਂਦੇ ਸਨ ਅਤੇ ਉਹ ਮੇਲਿਆਂ 'ਚ ਸ਼ਿਰਕਤ ਕਰਨ ਤੇ ਕੂਕਿਆਂ ਦੀ ਭਲਾਈ ਲਈ ਕੁਝ ਵੀ ਕਰਨ ਲਈ ਸਦਾ ਸਰਗਰਮ ਰਹਿੰਦੇ ਸਨ।
6. ਉਹ ਅਕਸਰ ਖ਼ੁਦ ਦੇ ਕੂਕਾ ਹੋਣ ਦਾ ਐਲਾਨ ਕਰਦੇ ਹੁੰਦੇ ਸਨ; ਬਾਅਦ 'ਚ ਉਹ ਇਸ ਤੱਥ ਨੂੰ ਲੁਕਾਉਂਦਿਆਂ ਇਸ ਗੱਲੋਂ ਨਾਂਹ ਕਰ ਦਿੰਦੇ ਸਨ।
7. ਉਨ੍ਹਾਂ ਦਾ ਨਾਂਅ ਕਦੇ ਵੀ ਕਿਸੇ ਮਾਮਲੇ 'ਚ ਮਾੜੇ ਕਿਰਦਾਰ ਵਜੋਂ ਪੁਲਿਸ ਰਿਕਾਰਡ 'ਚ ਦਰਜ ਨਹੀਂ ਹੋਇਆ।
8. ਉਨ੍ਹਾਂ ਨੂੰ ਕਦੇ ਜ਼ਮਾਨਤ ਦੇਣ ਦੀ ਲੋੜ ਨਹੀਂ ਪਈ।
9. ਉਹ ਛੇ ਮਹੀਨਿਆਂ ਦੇ ਵਕਫ਼ੇ ਪਿੱਛੋਂ ਬਾਬਾ ਰਾਮ ਸਿੰਘ ਜੀ ਕੋਲ ਜ਼ਰੂਰ ਜਾਇਆ ਕਰਦੇ ਸਨ।
10. ਸੁਜਾਨ ਸਿੰਘ ਨੰਬਰਦਾਰ, ਮੁਕਤਸਰ, ਫੂਲਾਵਾਲਾ, ਖ਼ਜ਼ਾਨ ਸਿੰਘ, ਨੰਬਰਦਾਰ, ਊੜੀ ਕਰਨ, ਗੁਰਮੁਖ ਸਿੰਘ ਨੰਬਰਦਾਰ, ਰੁਪਾਣਾ – ਥਾਣਾ ਮੁਕਤਸਰ – ਉਪਰੋਕਤ ਦੀ ਤਸਦੀਕ ਕਰਦੇ ਹਨ।

*18 ਮਾਰਚ, 1872* ਆਰ.ਐੱਚ. ਵਾੱਲ, ਮੇਜਰ,
ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ, ਫ਼ਿਰੋਜ਼ਪੁਰ

## ਅੰਤਿਕਾ ਅ ਨੰ. 12

2:- ਕਰਮ ਸਿੰਘ, ਨਿਵਾਸੀ ਬਿਲਾਸਪੁਰ, ਜ਼ਿਲ੍ਹਾ ਫ਼ਿਰੋਜ਼ਪੁਰ, ਮਿਤੀ 7

ਅਪ੍ਰੈਲ, 1872 ਬਿਆਨ ਕਰਦੇ ਹਨ ਕਿ ਜਵਾਹਰ ਸਿੰਘ ਇੱਕ ਸੂਬਾ ਸਨ। ਕੂਕਾ ਸੰਪਰਦਾਇ 'ਚ ਸ਼ਾਮਲ ਹੋਣ ਤੋਂ ਪਹਿਲਾਂ ਉਹ ਇੱਕ ਜ਼ਿਮੀਂਦਾਰ ਸਨ।

ਥਾਣੇ ਨਥਾਣਾ, ਬਾਘਾਪੁਰਾਣਾ, ਚੌਕੀ ਨਿਹਾਲ ਸਿੰਘ ਵਾਲਾ ਤੇ ਫ਼ਰੀਦਕੋਟ ਦੀ ਰਿਆਸਤ ਇਲਾਕਿਆਂ 'ਚ ਨਵੇਂ ਕੂਕੇ ਬਣਾਇਆ ਕਰਦੇ ਸਨ; ਉਹ ਮੁੱਖ ਸੂਬਾ ਸਨ ਅਤੇ ਸਾਰੇ ਕੂਕੇ ਉਨ੍ਹਾਂ ਦੀ ਸੇਵਾ ਕਰਦੇ ਹੋਏ ਉਨ੍ਹਾਂ ਦਾ ਹੁਕਮ ਮੰਨਦੇ ਸਨ।

ਕਰਮ ਸਿੰਘ ਬਿਆਨ ਕਰਦੇ ਹਨ ਕਿ ਕੂਕਾ ਸੰਪਰਦਾਇ 'ਚ ਸ਼ਾਮਲ ਹੋਣ ਤੋਂ ਪਹਿਲਾਂ ਮਲੂਕ ਸਿੰਘ ਇੱਕ ਕਾਸ਼ਤਕਾਰ ਸਨ; ਉਨ੍ਹਾਂ ਕੋਲ ਮੁਕਤਸਰ ਅਤੇ ਬੰਗਲਾ ਫ਼ਾਜ਼ਿਲਕਾ ਦਾ ਚਾਰਜ ਸੀ; ਉਹ ਅਕਸਰ ਨਵੇਂ ਕੂਕੇ ਬਣਾਉਂਦੇ ਸਨ; ਉਨ੍ਹਾਂ ਦੇ ਕਿਰਦਾਰ ਬਾਰੇ ਜਾਣਕਾਰੀ ਮੁਕਤਸਰ ਤੋਂ ਲੈਣੀ ਚਾਹੀਦੀ ਹੈ।

## ਅੰਤਿਕਾ ਅ ਨੰ. 13

ਜ਼ਿਲ੍ਹਾ ਜਲੰਧਰ 'ਚ ਫ਼ਿਲੌਰ ਤੇ ਬੋਹਸੀਰ ਪਰਗਨਿਆਂ ਦੇ ਜੈਲਦਾਰਾਂ ਤੇ ਨੰਬਰਦਾਰਾਂ ਦਾ ਕੂਕਿਆਂ ਦੇ ਕਾਰਜਾਂ ਦੇ ਵਿਸ਼ੇ ਬਾਰੇ ਬਿਆਨ।

ਅਸੀਂ ਉਪਰੋਕਤ ਸਾਰੇ ਸੂਬਿਆਂ ਦੇ ਪਿਛੋਕੜ ਤੋਂ ਪੂਰੀ ਤਰ੍ਹਾਂ ਵਾਕਫ਼ ਨਹੀਂ ਹਾਂ ਪਰ ਲੱਖਾ ਸਿੰਘ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ ਕਿਉਂਕਿ ਇਸ ਇਲਾਕੇ 'ਚ ਉਹ (ਗੁਰੂ) ਰਾਮ ਸਿੰਘ ਜੀ ਦੇ ਸੂਬਾ ਸਨ ਅਤੇ ਸੰਮਤ 1918-19 'ਚ ਉਹ ਅਕਸਰ ਮੁਠੱਡਾ, ਧੂਲਤਾ ਤੇ ਮੋਰੋਂ 'ਚ ਆਉਂਦੇ ਰਹਿੰਦੇ ਸਨ। ਉਹ ਮਾਲਵਾ ਦੇ ਵਸਨੀਕ ਸਨ ਅਤੇ ਅਣਵਿਆਹੇ ਸਨ; ਅਤੇ ਇਹ ਵੀ ਕਿਹਾ ਜਾਂਦਾ ਸੀ ਕਿ (ਗੁਰੂ) ਰਾਮ ਸਿੰਘ ਜੀ ਦਾ ਚੇਲਾ ਬਣਨ ਤੋਂ ਪਹਿਲਾਂ ਉਹ ਸ਼ੇਰ ਦਿਲ ਰੈਜਿਮੈਂਟ 'ਚ ਨਿਯੁਕਤ ਸਨ ਤੇ ਬਾਅਦ 'ਚ ਜਲੰਧਰ ਪੁਲਿਸ ਦੇ ਥਾਣਾ ਬੰਗਾ 'ਚ ਕਾਂਸਟੇਬਲ ਲੱਗ ਗਏ ਸਨ, ਫਿਰ ਉਹ ਉੱਥੋਂ ਨੌਕਰੀ ਛੱਡ ਕੇ ਕੂਕਾ ਬਣੇ ਸਨ। (ਗੁਰੂ) ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਚੁਸਤ ਸਮਝਦਿਆਂ ਸੂਬਾ ਬਣਾ ਦਿੱਤਾ ਸੀ ਤੇ ਉਨ੍ਹਾਂ ਬਹੁਤ ਸਾਰੇ ਨਵੇਂ ਕੂਕੇ ਬਣਾਏ ਸਨ ਅਤੇ ਉਹ ਅਕਸਰ ਸਾਰੇ ਮੇਲਿਆਂ ਮੌਕੇ ਹਾਜ਼ਰ ਰਹਿੰਦੇ ਸਨ ਅਤੇ ਲੜਾਈ-ਝਗੜੇ ਲਈ ਸਦਾ ਹੀ ਤਿਆਰ ਰਹਿੰਦੇ ਸਨ। ਇੱਕ ਵਾਰ ਉਹ ਫ਼ਿਲੌਰ ਇਲਾਕੇ 'ਚ ਮੂਖਾ ਦੇ ਜ਼ਿਮੀਂਦਾਰਾਂ 'ਤੇ ਹਮਲਾ ਕਰਨ ਗਏ ਸਨ ਅਤੇ ਉੱਥੇ ਦੰਗਾ ਫੈਲਾਉਣ ਕਾਰਣ ਉਨ੍ਹਾਂ ਨੂੰ ਹੋਰਨਾਂ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ ਸੀ; ਅਤੇ ਉਨ੍ਹਾਂ ਦੀ ਟੋਲੀ 'ਤੇ ਸ੍ਰੀ ਸਾਂਡਰਸ ਨੇ 1,000/- ਰੁਪਏ ਜੁਰਮਾਨਾ ਕੀਤਾ ਸੀ; ਪਰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ, ਇਹ ਘਟਨਾ ਜੂਨ 1870 'ਚ ਵਾਪਰੀ ਸੀ। ਲੱਖਾ ਸਿੰਘ ਸਦਾ (ਗੁਰੂ) ਰਾਮ ਸਿੰਘ ਜੀ ਨਾਲ ਰਹਿੰਦੇ ਸਨ ਤੇ ਖ਼ੁਦ ਨੂੰ ਉਨ੍ਹਾਂ ਦਾ ਵਜ਼ੀਰ ਸਮਝਦੇ ਸਨ। ਉਹ ਲੋਕਾਂ ਨੂੰ ਸਦਾ ਕੂਕਾ ਸੰਪਰਦਾਇ 'ਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਦੇ ਰਹਿੰਦੇ ਸਨ ਅਤੇ ਉਹ ਆਖਿਆ ਕਰਦੇ ਸਨ ਕਿ ਗੁਰੂ ਰਾਮ ਸਿੰਘ ਜੀ ਹੁਣ ਰਾਜਾ ਬਣਨ ਜਾ ਰਹੇ ਹਨ ਤੇ ਉੱਤਰ, ਦੱਖਣ, ਪੂਰਬ ਤੇ ਪੱਛਮ ਸਭ ਪਾਸੇ ਰਾਜ ਕਰਨਗੇ ਪਰ ਹਾਲੇ ਇਹ ਸਮਾਂ ਆਉਣ 'ਚ ਢਾਈ ਸਾਲ, ਢਾਈ ਮਹੀਨੇ ਅਤੇ ਢਾਈ ਦਿਨ

ਬਾਕੀ ਰਹਿੰਦੇ ਹਨ; ਜਿਹੜੇ ਕੂਕੇ ਨਹੀਂ ਬਣਨਗੇ, ਉਹ ਪਛਤਾਉਣਗੇ ਤੇ ਫਿਰ ਬਾਅਦ 'ਚ ਉਨ੍ਹਾਂ ਨੂੰ ਕਿਸੇ ਘਾਹ ਖੋਤਣ ਦੇ ਕੰਮ 'ਤੇ ਵੀ ਨਹੀਂ ਰੱਖਣਾ। ਮੂਰਖ ਲੋਕ ਗੁੰਮਰਾਹ ਹੋ ਗਏ ਸਨ ਤੇ ਬਹੁਤਿਆਂ ਨੇ ਸੋਚ ਲਿਆ ਸੀ ਕਿ ਸਰਕਾਰ ਤਾਂ (ਗੁਰੂ) ਰਾਮ ਸਿੰਘ ਜੀ ਦਾ ਡਾਢਾ ਸਤਿਕਾਰ ਕਰਦੀ ਹੈ ਕਿਉਂਕਿ ਉਨ੍ਹਾਂ ਕੋਲ ਥਾਣੇਦਾਰ ਤੇ ਤਹਿਸੀਲਦਾਰ ਵੀ ਲਗਾਤਾਰ ਜਾਂਦੇ ਹਨ ਅਤੇ ਲੱਖਾ ਸਿੰਘ ਅਕਸਰ ਆਖਦੇ ਸਨ ਕਿ ਯੂਰੋਪੀਅਨਾਂ ਨੂੰ ਇਹ ਪਤਾ ਹੈ ਕਿ (ਗੁਰੂ) ਰਾਮ ਸਿੰਘ ਜੀ ਇੱਕ ਨਬੀ ਭਾਵ ਪੈਗ਼ੰਬਰ ਵਜੋਂ ਪੈਦਾ ਹੋਏ ਹਨ ਅਤੇ ਉਨ੍ਹਾਂ ਨੇ ਹੀ ਰਾਜ ਕਰਨਾ ਹੈ ਤੇ ਪੂਰੀ ਦੁਨੀਆ ਨੂੰ ਕੂਕੇ ਬਣਾਉਣਾ ਹੈ। ਬਿਨਾਂ ਸ਼ੱਕ ਲੱਖਾ ਸਿੰਘ ਦਾ ਵਿਵਹਾਰ ਮਾੜਾ ਰਿਹਾ ਸੀ ਕਿਉਂਕਿ ਉਨ੍ਹਾਂ ਨੇ ਮੁਸਲਮਾਨਾਂ ਦੀਆਂ ਕਬਰਾਂ, ਹਿੰਦੂ ਮੰਦਿਰ ਨਸ਼ਟ ਕੀਤੇ ਅਤੇ ਕਈ ਹੋਰ ਤਬਾਹਕੁੰਨ ਕੰਮ ਕੀਤੇ।

ਚਾਰ ਕੁ ਸਾਲ ਪਹਿਲਾਂ ਨਿਗਾਹ ਮੇਲੇ 'ਚ ਉਨ੍ਹਾਂ ਬਹੁਤ ਗ਼ਲਤ ਕੰਮ ਕੀਤੇ ਸਨ, ਉਨ੍ਹਾਂ ਨੇ ਉੱਥੇ ਕੁਝ ਲੋਕਾਂ ਦਾ ਢੋਲ ਪਾੜ ਦਿੱਤਾ ਸੀ ਜੋ ਉੱਥੇ ਵਜਾ ਰਹੇ ਸਨ; ਜਿਨ੍ਹਾਂ ਨੇ ਲਾਲ ਰੰਗ ਦੀਆਂ ਦਸਤਾਰਾਂ ਸਜਾਈਆਂ ਹੋਈਆਂ ਸਨ, ਉਹ ਜ਼ਬਰਦਸਤੀ ਲੁਹਾ ਦਿੱਤੀਆਂ ਸਨ ਅਤੇ ਤਦ ਹੀ ਉਹ ਆਪਣੇ 150 ਪੈਰੋਕਾਰਾਂ ਨਾਲ ਥਾਲਾ ਮੌਜ਼ਾ ਮੋਰੋਂ ਗਏ ਸਨ ਅਤੇ ਉੱਥੇ ਵੀ ਕਈਆਂ ਦੀਆਂ ਲਾਲ ਦਸਤਾਰਾਂ ਲੁਹਾ ਦਿੱਤੀਆਂ ਸਨ ਤੇ ਇੰਝ ਕਾਫ਼ੀ ਗੜਬੜੀ ਕੀਤੀ ਸੀ, ਉਦੋਂ ਪੰਜ-ਸੱਤ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਸਨ; ਉਹ ਲੋਕਾਂ ਦੀਆਂ ਧੀਆਂ ਜ਼ਬਰਦਸਤੀ ਲੈ ਗਏ ਸਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਪੈਰੋਕਾਰ ਬਣਾ ਦਿੱਤਾ ਸੀ। ਮੂਕਾ ਦੇ ਜ਼ਿਮੀਂਦਾਰਾਂ ਨਾਲ ਦੰਗਾ ਵਾਪਰਨ ਤੋਂ ਪਹਿਲਾਂ, ਉਹ ਫ਼ਿਲੌਰ ਇਲਾਕੇ 'ਚ ਮੌਜ਼ਾ ਅੱਟੀ ਦੇ ਤਰਖਾਣ ਮੇਹੰਗ ਸਿੰਘ ਦੀ ਧੀ ਨੂੰ ਜ਼ਬਰਦਸਤੀ ਚੁੱਕ ਕੇ ਲਿਜਾਣ ਲਈ ਮੁਠੱਡਾ ਤੋਂ ਆਪਣੇ 25 ਪੈਰੋਕਾਰਾਂ ਨੂੰ ਨਾਲ ਲੈ ਕੇ ਗਏ ਸਨ। ਉਸ ਦਿਨ ਏਕਾਦਸ਼ੀ ਸੀ, ਜਦੋਂ ਹਿੰਦੂ ਤਾਲਾਬ 'ਚੋਂ ਮਿੱਟੀ ਕੱਢ ਰਹੇ ਸਨ ਅਤੇ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ (ਲੱਖਾ ਸਿੰਘ) ਆ ਰਹੇ ਹਨ, ਤਾਂ ਉਹ ਆਪਣੀ ਬੇਇਜ਼ਤੀ ਹੋਣ ਤੋਂ ਬਚਾਉਣ ਲਈ ਸਾਰੇ ਇਕੱਠੇ ਹੋ ਗਏ ਅਤੇ ਉਸ ਟੋਲੀ ਨੂੰ ਹਰਾ ਦਿੱਤਾ। ਲੱਖਾ ਸਿੰਘ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਬੇਹੋਸ਼ ਹੋ ਗਏ ਸਨ। ਉਨ੍ਹਾਂ ਦੇ ਸਾਥੀ ਕੂਕੇ ਨੱਸ ਗਏ ਸਨ। ਇੰਝ ਉਹ ਸਦਾ ਲੜਦੇ -ਝਗੜਦੇ ਹੀ ਰਹਿੰਦੇ ਸਨ ਅਤੇ ਕਦੇ ਕਿਸੇ ਤੋਂ ਡਰਦੇ ਨਹੀਂ ਸਨ ਅਤੇ ਜਿਹੜੇ ਲੋਕ ਉਨ੍ਹਾਂ ਦੇ ਕੂਕਾ ਸੰਪਰਦਾਇ 'ਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੰਦੇ ਸਨ, ਉਹ ਉਨ੍ਹਾਂ ਨੂੰ ਧਮਕੀ ਦਿੰਦੇ ਸਨ ਕਿ ਜਦੋਂ ਗੁਰੂ ਰਾਮ ਸਿੰਘ ਜੀ ਦਾ ਰਾਜ ਆਵੇਗਾ, ਤਾਂ ਉਨ੍ਹਾਂ ਦੀਆਂ ਧੀਆਂ ਭੰਗੀਆਂ ਹਵਾਲੇ ਕਰ ਦਿੱਤੀਆਂ ਜਾਣਗੀਆਂ। ਜਿਵੇਂ ਦਿੱਲੀ ਦੇ ਰਾਜੇ ਦੇ 22 ਸੂਬੇ ਹਨ, ਤਿਵੇਂ ਹੀ ਬਾਬਾ ਰਾਮ ਸਿੰਘ ਜੀ ਦੇ ਵੀ ਹਨ। ਹੁਣ ਭਾਈ ਰਾਮ ਸਿੰਘ ਜੀ ਦੇ ਸਮਰਾਟ ਬਣਨ 'ਚ ਸਿਰਫ਼ ਥੋੜ੍ਹਾ ਜਿਹਾ ਸਮਾਂ ਰਹਿ ਗਿਆ ਹੈ। ਪਿਛਲੇ ਵਰ੍ਹੇ ਉਨ੍ਹਾਂ ਕੂਕਿਆਂ ਤੋਂ ਉਨ੍ਹਾਂ ਦੀ ਜ਼ਮੀਨ ਦੀ ਉਪਜ ਦਾ 1/10ਵਾਂ ਹਿੱਸਾ ਇਹ ਆਖਦਿਆਂ ਲੈ ਲਿਆ ਸੀ ਕਿ ਇਹ ਰਾਜਿਆਂ ਦੀ ਰੀਤ ਹੈ ਅਤੇ ਲੁਧਿਆਣਾ 'ਚ ਬਗ਼ਾਵਤ ਹੋਣ ਤੋਂ ਪਹਿਲਾਂ ਲੱਖਾ ਸਿੰਘ ਮੁਠੱਡਾ ਆਏ ਸਨ ਤੇ ਕੂਕਿਆਂ ਨੂੰ ਆਖਿਆ

ਸੀ ਕਿ ਉਹ ਆਪਣੀਆਂ ਕਣਕਾਂ ਨਾ ਬੀਜਣ ਕਿਉਂਕਿ ਹੁਣ ਭਾਈ ਰਾਮ ਸਿੰਘ ਜੀ ਰਾਜਾ ਬਣਨ ਵਾਲੇ ਹਨ ਤੇ ਉਦੋਂ ਹੰਗਾਮੇ ਦੌਰਾਨ ਘੋੜੇ ਉਹ ਸਾਰੀਆਂ ਫ਼ਸਲਾਂ ਮਿੱਧ ਦੇਣਗੇ।

ਸਾਹਿਬ ਸਿੰਘ – ਨੰ. 1 ਅਤੇ ਨਿਹੰਗ ਸਿੰਘ – ਨੰ. 6, ਸਰਦਾਰ ਮੰਗਲ ਸਿੰਘ – ਨੰ. 11 ਦੋ-ਤਿੰਨ ਵਾਰ ਇਸ ਇਲਾਕੇ 'ਚ ਆ ਕੇ ਆਖ ਚੁੱਕੇ ਹਨ ਕਿ ਲੱਖਾ ਸਿੰਘ ਨੇ ਜੋ ਕੁਝ ਵੀ ਕਿਹਾ ਹੈ, ਉਹ ਸਭ ਸੱਚ ਹੈ ਅਤੇ ਉਸ 'ਤੇ ਹਰ ਹਾਲਤ ਵਿੱਚ ਯਕੀਨ ਕਰੋ। ਭਾਈ ਰਾਮ ਸਿੰਘ ਜੀ ਰਾਜਾ ਬਣਨਗੇ; ਜਿਹੜਾ ਵੀ ਉਨ੍ਹਾਂ ਦੇ ਸੰਪਰਦਾਇ ਨੂੰ ਅਪਣਾਵੇਗਾ, ਉਸ ਨੂੰ ਜਗੀਰਾਂ ਮਿਲਣਗੀਆਂ। ਸਰਦਾਰ ਮੰਗਲ ਸਿੰਘ ਨੂੰ ਉਨ੍ਹਾਂ 'ਚ ਸ਼ਾਮਲ ਹੋਇਆ ਵੇਖ ਕੇ ਬਹੁਤ ਸਾਰੇ ਲੋਕ ਪ੍ਰਭਾਵਿਤ ਹੁੰਦੇ ਹਨ ਤੇ ਕੂਕੇ ਬਣ ਜਾਂਦੇ ਹਨ ਕਿ ਉਹ ਮਹਾਰਾਜਾ ਪਟਿਆਲਾ ਦੇ ਚਚੇਰੇ ਭਰਾ ਹਨ। ਇਨ੍ਹਾਂ ਸਾਰੇ ਸੂਬਿਆਂ ਦਾ ਇੱਕੋ ਮੰਤਵ ਹੈ ਅਤੇ ਭਾਈ ਰਾਮ ਸਿੰਘ ਇਸ ਸਾਰੀ ਬੁਰਾਈ ਦੀ ਜੜ੍ਹ ਹਨ। ਉਨ੍ਹਾਂ ਸਰਕਾਰ ਨੂੰ ਇਹੋ ਸੂਚਿਤ ਕੀਤਾ ਸੀ ਕਿ ਉਹ ਸ਼ਰਾਬ ਪੀਣ, ਬਿਗਾਨੀਆਂ ਇਸਤਰੀਆਂ ਨਾਲ ਵਿਭਚਾਰ, ਚੋਰੀ ਤੇ ਝੂਠ ਬੋਲਣ 'ਤੇ ਪਾਬੰਦੀ ਲਾਉਂਦੇ ਹਨ ਪਰ ਸੂਬਿਆਂ ਨੂੰ ਗੁਪਤ ਤਰੀਕੇ ਨਾਲ ਇਹੋ ਦੱਸਦੇ ਹਨ ਕਿ ਉਨ੍ਹਾਂ ਨੂੰ ਰਾਜਾ ਬਣਾਇਆ ਜਾਣਾ ਹੈ ਤੇ ਇਹ ਵੀ ਸੁਣਿਆ ਗਿਆ ਸੀ ਕਿ ਲੋਹਾ ਖ਼ਰੀਦ ਲਿਆ ਗਿਆ ਹੈ ਅਤੇ ਉਸ ਤੋਂ ਕ੍ਰਿਪਾਨਾਂ ਬਣਾਈਆਂ ਜਾਣੀਆਂ ਹਨ ਤੇ ਲੋੜ ਪੈਣ 'ਤੇ ਉਨ੍ਹਾਂ ਦੇ ਆਪਣੇ ਸ਼ਰਧਾਲੂਆਂ 'ਚ ਵੰਡੀਆਂ ਜਾਣਗੀਆਂ। ਉਨ੍ਹਾਂ ਗੋਰਖਿਆਂ ਦੇ ਨੇਪਾਲ ਤੇ ਜੰਮੂ ਦੇ ਮਹਾਰਾਜਿਆਂ ਨਾਲ ਦੋਸਤੀ ਕਾਇਮ ਕਰ ਲਈ ਹੋਈ ਹੈ ਅਤੇ ਉਨ੍ਹਾਂ ਵਿਚਾਲੇ ਅਕਸਰ ਚਿੱਠੀ-ਪੱਤਰੀ ਵੀ ਹੁੰਦੀ ਰਹਿੰਦੀ ਹੈ। ਉਨ੍ਹਾਂ ਇੱਕ ਸਰਦਾਰ ਦੀ ਕਮਾਂਡ ਹੇਠ ਦੋ ਤੋਂ 400 ਵਿਅਕਤੀਆਂ ਨੂੰ ਜੰਮੂ ਦੇ ਮੁਖੀ ਕੋਲ ਭੇਜਿਆ ਸੀ, ਜਿਨ੍ਹਾਂ ਨੇ ਉਨ੍ਹਾਂ ਨੂੰ ਨੌਕਰੀ 'ਤੇ ਰੱਖ ਲਿਆ ਸੀ ਪਰ ਜਦੋਂ ਗੜਬੜੀ ਹੋਣ ਦੀਆਂ ਖ਼ਬਰਾਂ ਮਿਲੀਆਂ, ਤਾਂ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਸੀ। ਪਿਛਲੇ ਵਰ੍ਹੇ ਉਨ੍ਹਾਂ ਸਾਹਿਬ ਸਿੰਘ ਤੇ ਨਿਹੰਗ ਸਿੰਘ ਦੇ ਨਾਲ ਤਿੰਨ ਖ਼ਿਦਮਤਗਾਰਾਂ ਨਾਲ ਦੋ ਮੱਝਾਂ ਤੇ ਦੋ ਖੱਚਰਾਂ ਨੇਪਾਲ ਦੇ ਮਹਾਰਾਜੇ ਲਈ ਭੇਜੀਆਂ ਸਨ ਅਤੇ ਮਹਾਰਾਜੇ ਨੇ ਬਦਲੇ 'ਚ ਸਾਹਿਬ ਸਿੰਘ ਤੇ ਨਿਹੰਗ ਸਿੰਘ ਲਈ ਰੋਜ਼ਾਨਾ ਪੰਜ ਰੁਪਏ ਦੇਣ ਦੀ ਇਜਾਜ਼ਤ ਦਿੱਤੀ ਸੀ, ਜਿੰਨੇ ਦਿਨ ਵੀ ਉਹ ਉੱਥੇ ਰਹਿਣ ਅਤੇ ਭਾਈ ਰਾਮ ਸਿੰਘ ਜੀ ਲਈ ਇੱਕ ਘੋੜਾ ਤੇ ਦੋਸ਼ਾਲਾ ਭੇਜਿਆ ਸੀ। ਹਕੀਕਤ ਇਹ ਹੈ ਕਿ ਭਾਈ ਰਾਮ ਸਿੰਘ ਜੀ ਨੇ ਵੱਡੀ ਧੋਖਾਧੜੀ ਕੀਤੀ ਹੈ, ਹਾਲ ਦੀ ਘੜੀ ਭਾਵੇਂ ਅਜਿਹਾ ਕੋਈ ਖ਼ਦਸ਼ਾ ਸਾਹਮਣੇ ਨਹੀਂ ਹੈ; ਪਰ ਯਕੀਨੀ ਤੌਰ 'ਤੇ ਕੋਈ ਵੱਡੀ ਗੜਬੜੀ ਕੀਤੀ ਜਾਣੀ ਸੀ ਕਿਉਂਕਿ ਆਮ ਲੋਕਾਂ ਦਾ ਦਿਮਾਗ਼ ਖ਼ਰਾਬ ਕੀਤਾ ਗਿਆ ਹੈ ਤੇ ਸਰਕਾਰ ਨਾਲ ਜੰਗ ਹੋ ਸਕਦੀ ਹੈ। ਸਾਡੇ ਸਭਨਾਂ 'ਤੇ ਇਹੋ ਪ੍ਰਭਾਵ ਸੀ ਕਿ ਸਰਕਾਰ ਨੂੰ ਉਸ ਸਭ ਦੀ ਜਾਣਕਾਰੀ ਹੈ, ਜੋ ਕੁਝ ਵੀ ਹੋ ਰਿਹਾ ਸੀ ਅਤੇ ਕੂਕਿਆਂ ਦੇ ਮੁੱਦੇ 'ਤੇ ਜੇ ਕੋਈ ਖ਼ਦਸ਼ਾ ਪ੍ਰਗਟ ਨਹੀਂ ਕੀਤਾ ਜਾ ਰਿਹਾ, ਤਾਂ ਇਸ ਦੇ ਪਿੱਛੇ ਜ਼ਰੂਰ ਕੋਈ ਕਾਰਣ ਹੀ ਹੋਵੇਗਾ, ਇਸੇ ਲਈ ਅਸੀਂ ਅਕਸਰ ਸਭ ਜਾਣਦੇ-ਬੁੱਝਦੇ ਹੋਏ ਵੀ ਚੁੱਪ ਰਹੇ।

**ਦੇਵਾ ਸਿੰਘ**

ਨੰਬਰਦਾਰ ਤੇ ਜ਼ੈਲਦਾਰ, ਨਗੂਰ, ਪਰਗਨਾ ਫ਼ਿਲੌਰ

**ਸਰਦਾਰ ਜੈਮਲ ਸਿੰਘ**

ਨੰਬਰਦਾਰ ਤੇ ਜ਼ੈਲਦਾਰ, ਮੌਜ਼ਾ ਥਲਾ, ਪਰਗਨਾ ਫ਼ਿਲੌਰ

**ਹਰਨਾਮ ਸਿੰਘ**

ਨੰਬਰਦਾਰ ਅਤੇ ਜ਼ੈਲਦਾਰ, ਮੋਠੱਡਾ, ਪਰਗਨਾ ਫ਼ਿਲੌਰ

**ਵਜ਼ੀਰ ਸਿੰਘ**

ਨੰਬਰਦਾਰ ਮੋਹਰੂ, ਪਰਗਨਾ ਫ਼ਿਲੌਰ

**ਭਗਵਾਨਾ**

ਨੰਬਰਦਾਰ, ਨੇਵਾਰੀ, ਪਰਗਨਾ ਫ਼ਿਲੌਰ

**ਜਵਾਹਰ ਸਿੰਘ**

ਨੰਬਰਦਾਰ ਅਤੇ ਜ਼ੈਲਦਾਰ, ਖ਼ਾਨ ਖ਼ਾਨਾ, ਪਰਗਨਾ ਬੋਹਸੀਰ

**ਮੀਆਂ ਹੁਸ਼ਿਆਰ ਸਿੰਘ**

ਜ਼ੈਲਦਾਰ ਮੌਜ਼ਾ ਸ਼ੇਖ਼ਪੁਰਾ, ਪਰਗਨਾ ਬੋਹਸੀਰ

**ਜਵਾਲਾ ਸਿੰਘ**

ਪੁੱਤਰ ਰਾਮ ਸਿੰਘ, ਜ਼ੈਲਦਾਰ, ਬੁਧਾਣਾ, ਪਰਗਨਾ ਬੋਹਸੀਰ

**ਉਮਰ ਸਿੰਘ**

ਸਪੁੱਤਰ ਰਾਜੂ, ਜੱਟ ਖੇਵਟਦਾਰ, ਮੋਟੰਡਾ, ਕਲਾਂ, ਪਰਗਨਾ ਫ਼ਿਲੌਰ

19 ਅਪ੍ਰੈਲ, 1872

ਸਰਦਾਰ ਯੀਜਮਲ ਸਿੰਘ, ਨੰਬਰਦਾਰ ਤੇ ਜ਼ੈਲਦਾਰ, ਥਾਲਾ, ਸਟੇਸ਼ਨ ਫ਼ਿਲੌਰ ਦਾ ਬਿਆਨ:

ਇੱਥੋਂ ਬਾਹਰ ਭੇਜੇ ਗਏ ਲਗਭਗ ਸਾਰੇ ਹੀ ਸੂਬਿਆਂ ਨੂੰ ਮੈਂ ਜਾਣਦਾ ਹਾਂ ਪਰ ਮੈਂ ਸੂਬਾ ਲੱਖਾ ਸਿੰਘ ਨੂੰ ਵਧੇਰੇ ਚੰਗੀ ਤਰ੍ਹਾਂ ਜਾਣਦਾ ਹਾਂ। ਉਹ ਪਹਿਲਾਂ ਥਾਣਾ ਬੰਗਾ ’ਚ ਪੁਲਿਸ ਕਾਂਸਟੇਬਲ ’ਚ ਤਾਇਨਾਤ ਹੁੰਦੇ ਸਨ। ਸੰਮਤ 1918 ਜਾਂ 1919 ’ਚ ਉਨ੍ਹਾਂ ਮਠੱਡੀ, ਢੋਲੇਤਾ ਤੇ ਮੋਰੋਂ ਜਿਹੇ ਪਿੰਡਾਂ ’ਚ ਜਾਣਾ ਸ਼ੁਰੂ ਕਰ ਦਿੱਤਾ ਸੀ। ਉਪਰੋਕਤ ਪਿੰਡਾਂ ’ਚ ਉਹ ਬਹੁਤ ਸਾਰੇ ਨਵੇ ਲੋਕਾਂ ਨੂੰ ਕੂਕੇ ਬਣਾਉਣ ’ਚ ਸਫ਼ਲ ਰਹੇ ਸਨ; ਉਹ ਅਕਸਰ ਮੇਲਿਆਂ ’ਚ ਜਾਂਦੇ ਸਨ; ਉਹ ਸਦਾ ਮੁਸੀਬਤ ’ਚ ਰਹਿੰਦੇ ਸਨ। ਸਾਲ 1879 ’ਚ ਉਨ੍ਹਾਂ ਨੂੰ ਦੰਗੇ ਦੇ ਇੱਕ ਮਾਮਲੇ ’ਚ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਤਦ ਉਹ ਭੀੜ ਦੇ ਆਗੂ ਸਨ ਪਰ ਉਦੋਂ ਬਰੀ ਕਰ ਦਿੱਤਾ ਗਿਆ ਸੀ। ਉਹ ਨਿਗਾਹਾ ਮੇਲੇ ਮੌਕੇ ਚੀਰੇ (ਲਾਲ ਦਸਤਾਰਾਂ) ਲੁਹਾਉਣ ਦੇ ਮਾਮਲੇ ਨੂੰ ਲੈ ਕੇ ਵੀ ਮੁਸੀਬਤ ’ਚ ਘਿਰ ਗਏ ਸਨ। ਮੋਰਾਂ ਅਤੇ ਮੁਠੱਡਾ ’ਚ ਉਨ੍ਹਾਂ

| | |
|---|---|
| ਸਾਹਿਬ ਸਿੰਘ | : ਜਵਾਹਰ ਸਿੰਘ |
| ਲੱਖਾ ਸਿੰਘ | : ਮਲੂਕ ਸਿੰਘ |
| ਰੂੜ ਸਿੰਘ | : ਮਾਨ ਸਿੰਘ |
| ਬ੍ਰਹਮਾ ਸਿੰਘ | : ਹੁਕਮਾ ਸਿੰਘ |
| ਪਹਾੜਾ ਸਿੰਘ | : ਸ. ਮੰਗਲ ਸਿੰਘ, ਕਾਹਨ ਸਿੰਘ |

150 ਪੈਰੋਕਾਰਾਂ ਨਾਲ ਮਿਲ ਕੇ ਉਹੀ ਕੁਝ ਕੀਤਾ ਸੀ, ਜਿਸ ਨਾਲ ਦੰਗਾ ਭੜਕ ਗਿਆ ਸੀ ਤੇ ਕਈ ਲੋਕ ਫੱਟੜ ਹੋ ਗਏ ਸਨ।

ਲੁਧਿਆਣਾ 'ਚ ਬਗ਼ਾਵਤ ਫੈਲਣ ਤੋਂ ਥੋੜ੍ਹਾ ਸਮਾਂ ਪਹਿਲਾਂ ਲੱਖਾ ਸਿੰਘ ਮਟੱਡੀ ਆਏ ਸਨ ਤੇ ਜ਼ਿਮੀਂਦਾਰਾਂ ਨੂੰ ਫ਼ਸਲਾਂ ਨਾ ਬੀਜਣ ਦੀ ਸਲਾਹ ਦਿੱਤੀ ਸੀ। ਇਸ ਲਈ ਉਨ੍ਹਾਂ ਦਲੀਲ ਇਹ ਦਿੱਤੀ ਸੀ ਕਿ ਉਨ੍ਹਾਂ ਤੋਂ ਇਹ ਫ਼ਸਲ ਵੱਢ ਨਹੀਂ ਹੋਣੀ ਕਿਉਂਕਿ ਗੁਰੂ ਰਾਮ ਸਿੰਘ ਜੀ ਦੀਆਂ ਫ਼ੌਜਾਂ ਫ਼ਸਲਾਂ ਨੂੰ ਪੈਰਾਂ ਹੇਠ ਮਿੱਧ ਦੇਣਗੀਆਂ ਅਤੇ ਹੁਣ ਛੇਤੀ ਹੀ ਸਰਕਾਰ ਨਾਲ ਜੰਗ ਛਿੜਨ ਵਾਲੀ ਹੈ। ਸਾਹਿਬ ਸਿੰਘ, ਮੰਗਲ ਸਿੰਘ ਅਤੇ ਕਾਹਨ ਸਿੰਘ ਵੀ ਇਲਾਕੇ 'ਚ ਆਏ ਸਨ ਅਤੇ ਉਨ੍ਹਾਂ ਨੂੰ ਆਖਿਆ ਸੀ ਕਿ ਇਹ ਸਭ ਸੱਚ ਹੋਣ ਵਾਲਾ ਹੈ ਅਤੇ ਜਿਹੜੇ ਬਾਬਾ ਰਾਮ ਸਿੰਘ ਜੀ ਦੀ ਮਦਦ ਕਰਨਗੇ, ਉਨ੍ਹਾਂ ਨੂੰ ਵੱਖੋ-ਵੱਖਰੇ ਸੂਬਿਆਂ ਦੀ ਸਿਫ਼ਾਰਸ਼ 'ਤੇ ਜਗੀਰਾਂ ਮਿਲਣਗੀਆਂ। ਲੱਖਾ ਸਿੰਘ ਨੇ ਰਾਜ-ਧਰੋਹੀ ਢੰਗ ਨਾਲ ਗੱਲ ਕੀਤੀ ਸੀ ਅਤੇ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ ਲੋਕ ਭੋਲੇ-ਭਾਲੇ ਸਨ; ਖ਼ਾਸ ਕਰਕੇ ਜਦੋਂ ਉਹ ਵੇਖਦੇ ਸਨ ਕਿ ਸਰਕਾਰੀ ਅਧਿਕਾਰੀ, ਤਹਿਸੀਲਦਾਰ ਤੇ ਥਾਣੇਦਾਰ ਸਭ ਹੀ ਬਾਬਾ ਜੀ ਨੂੰ ਇੰਨਾ ਜ਼ਿਆਦਾ ਮਾਣ-ਤਾਣ ਦਿੰਦੇ ਸਨ।

## ਜ਼ਿਲ੍ਹਾ ਲੁਧਿਆਣਾ ਦੇ ਮੈਜਿਸਟ੍ਰੇਟ ਦੀ ਅਦਾਲਤ 'ਚ

ਮਿਤੀ 16 ਅਪ੍ਰੈਲ, 1872

ਭੋਲਾ ਪੁੱਤਰ ਬਗ਼ਲਾ ਸਿੰਘ ਦੀ ਜਾਣਕਾਰੀ ਤੇ ਗਵਾਹੀ, ਜੋ ਮੇਰੇ, ਸੀ. ਬੀਡਨ ਮੈਜਿਸਟ੍ਰੇਟ ਵੱਲੋਂ 16 ਅਪ੍ਰੈਲ, 1872 ਨੂੰ ਸਹੁੰ ਚੁਕਾ ਕੇ ਨੋਟ ਕੀਤੀ ਗਈ; ਇਹ ਬਿਆਨ ਦਿੱਤਾ ਜਾਂਦਾ ਹੈ: ਮੈਂ ਇੱਕ ਜੱਟ ਸਿੱਖ, ਨਿਵਾਸੀ ਕਟਾਣੀ ਕਲਾਂ, ਥਾਣਾ ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ, ਉਮਰ 55. ਮੈਂ ਆਪਣੇ ਪਿੰਡ ਦਾ ਨੰਬਰਦਾਰ ਹਾਂ। ਮੇਰੇ ਪਿੰਡ ਦੀ ਜ਼ਮੀਨ ਭੈਣੀ ਨਾਲ ਲੱਗਦੀ ਹੈ। ਮੈਂ ਇਨ੍ਹਾਂ 11 ਸੂਬਿਆਂ ਨੂੰ ਜਾਣਦਾ ਹਾਂ – (1) ਸਾਹਿਬ ਸਿੰਘ (2) ਰੂੜ ਸਿੰਘ (3) ਲੱਖਾ ਸਿੰਘ (4) ਕਾਹਨ ਸਿੰਘ (5) ਬ੍ਰਹਮਾ ਸਿੰਘ (6) ਜਵਾਹਰ ਸਿੰਘ (7) ਮਲੂਕ ਸਿੰਘ (8) ਮਾਨ ਸਿੰਘ (9) ਹੁਕਮਾ ਸਿੰਘ (10) ਪਹਾੜਾ ਸਿੰਘ ਅਤੇ (11) ਸਰਦਾਰ ਸਿੰਘ ਮੰਗਲ ਸਿੰਘ। ਮੈਂ ਇਨ੍ਹਾਂ ਵਿਅਕਤੀਆਂ ਨੂੰ ਪਿਛਲੇ 11 ਵਰ੍ਹਿਆਂ ਤੋਂ ਉਨ੍ਹਾਂ ਦੇ ਨਾਵਾਂ ਤੇ ਦਿੱਖ ਤੋਂ ਜਾਣਦਾ ਹਾਂ। ਉਨ੍ਹਾਂ ਨੂੰ ਗੁਰੂ ਰਾਮ ਸਿੰਘ ਜੀ ਨੇ ਸੂਬੇ ਜਾਂ ਲੈਫ਼ਟੀਨੈਂਟ ਨਿਯੁਕਤ ਕੀਤਾ ਸੀ। ਭਾਈ ਰਾਮ ਸਿੰਘ ਜੀ ਨੇ ਬਿਲਕੁਲ ਉਵੇਂ 22 ਸੂਬੇ ਰੱਖਣੇ ਸਨ, ਜਿਵੇਂ ਕਿ ਮੁਗ਼ਲ ਸਮਰਾਟਾਂ ਵੇਲੇ ਹੋਇਆ ਕਰਦੇ ਸਨ। ਇਨ੍ਹਾਂ ਸੂਬਿਆਂ ਦੀ ਡਿਊਟੀ ਕੂਕਾ ਸੰਪਰਦਾਇ ਦਾ ਪ੍ਰਚਾਰ ਕਰਨਾ ਤੇ ਨਵੇਂ ਲੋਕਾਂ ਨੂੰ ਆਪਣੇ ਸਿਧਾਂਤ ਨਾਲ ਜੋੜਨਾ ਹੁੰਦਾ ਸੀ। ਉਨ੍ਹਾਂ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਜਿਵੇਂ ਹੀ ਬਾਬਾ ਰਾਮ ਸਿੰਘ ਜੀ ਰਾਜ ਸੰਭਾਲਣਗੇ, ਉਨ੍ਹਾਂ ਨੂੰ ਸੂਬਿਆਂ ਦਾ ਗਵਰਨਰ ਬਣਾ ਦਿੱਤਾ ਜਾਵੇਗਾ। ਮਿਸਾਲ ਦੇ ਤੌਰ 'ਤੇ, ਮੈਨੂੰ ਪਤਾ ਹੈ ਕਿ ਸਰਦਾਰ ਮੰਗਲ ਸਿੰਘ ਨੂੰ ਪਟਿਆਲਾ ਦੇਣ ਦਾ ਵਾਅਦਾ ਕੀਤਾ ਗਿਆ ਸੀ। ਮੈਨੂੰ ਸੂਬਿਆਂ ਵੱਲੋਂ ਕੀਤੇ ਕੰਮਾਂ ਦਾ ਨਿਜੀ ਤਜਰਬਾ ਹੈ। ਉਨ੍ਹਾਂ

ਮੈਨੂੰ ਅਤੇ ਮੇਰੇ ਪਿੰਡ ਨੂੰ ਕੂਕਾ ਬਣਨ ਵਾਸਤੇ ਲਾਲਚ ਦੇਣ ਦੀ ਬਹੁਤ ਜ਼ਿਆਦਾ ਕੋਸ਼ਿਸ਼ ਕੀਤੀ ਸੀ; ਪਹਿਲਾਂ ਉਨ੍ਹਾਂ ਵਾਅਦੇ ਕੀਤੇ ਤੇ ਫਿਰ ਧਮਕੀਆਂ ਵੀ ਦਿੱਤੀਆਂ। ਸੱਤਾਧਾਰੀ ਤਾਕਤ ਨੂੰ ਸੂਬੇ ਸਦਾ 'ਦੁਸ਼ਟ' ਦੱਸਦੇ ਸਨ ਅਤੇ ਕੂਕਾ ਗੁਰੂ ਨੂੰ ਈਸ਼ਵਰ ਦਾ ਅਜਿਹਾ ਰੂਪ ਕਰਾਰ ਦਿੰਦੇ ਸਨ, ਜੋ ਸੱਤਾਧਾਰੀਆਂ ਦਾ ਨਾਸ਼ ਕਰਨ ਲਈ ਆਇਆ ਹੈ। ਉਨ੍ਹਾਂ ਸ਼ਰੇਆਮ ਲੋਕਾਂ ਨੂੰ ਆਖਦੇ ਸਨ ਕਿ ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਕੂਕੇ ਛੇਤੀ ਹੀ ਦੇਸ਼ 'ਤੇ ਰਾਜ ਕਰਨਗੇ, ਜੋ ਕਲਕੱਤਾ ਤੋਂ ਲੈ ਕੇ ਗ਼ਜ਼ਨੀ ਤੱਕ ਹੋਵੇਗਾ। ਉਨ੍ਹਾਂ ਕੂਕਾ ਸੰਪਰਦਾਇ ਅਪਨਾਉਣ ਵਾਲੇ ਸਾਰੇ ਲੋਕਾਂ ਨੂੰ ਵੱਡੇ ਅਹੁਦੇ ਤੇ ਜਗੀਰਾਂ ਦੇਣ ਦੇ ਵਾਅਦੇ ਕੀਤੇ ਸਨ ਅਤੇ ਜੋ ਕੂਕੇ ਬਣਨ ਤੋਂ ਇਨਕਾਰ ਕਰਦੇ ਸਨ, ਉਨ੍ਹਾਂ ਨੂੰ ਸਜ਼ਾਵਾਂ ਦੇਣ ਦੀ ਧਮਕੀ ਦਿੱਤੀ ਜਾਂਦੀ ਸੀ। ਇਸ ਦੇ ਨਾਲ ਹੀ ਉਨ੍ਹਾਂ ਦੀ ਇਹ ਵੀ ਸ਼ਰਤ ਹੁੰਦੀ ਸੀ ਕਿ ਰਾਜ ਕਾਇਮ ਹੋਣ ਤੋਂ ਪਹਿਲਾਂ-ਪਹਿਲਾਂ ਹੀ ਕੂਕੇ ਬਣਨਾ ਹੋਵੇਗਾ, ਬਾਅਦ 'ਚ ਇਸ ਧਰਮ 'ਚ ਸ਼ਾਮਲ ਹੋਣ ਦੇਣ ਤੋਂ ਇਨਕਾਰ ਕਰ ਦਿੱਤਾ ਜਾਵੇਗਾ ਤੇ ਅਜਿਹੇ ਲੋਕਾਂ ਨਾਲ ਦੁਸ਼ਮਣਾਂ ਵਰਗਾ ਵਿਵਹਾਰ ਹੋਵੇਗਾ, ਉਨ੍ਹਾਂ ਦੇ ਪਿੰਡ ਤਬਾਹ ਕਰ ਦਿੱਤੇ ਜਾਣਗੇ ਅਤੇ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਭਾਰੀ ਟੈਕਸ ਲਾਏ ਜਾਣਗੇ।

ਸੰਮਤ 1917 'ਚ, ਪਟਿਆਲਾ ਦੇ ਸਵਰਗੀ ਮਹਾਰਾਜਾ ਦੇ ਇੱਕ ਰਿਸ਼ਤੇਦਾਰ (ਸਾਲ਼ੇ ਦਾ ਪੁੱਤਰ) ਮੰਗਲ ਸਿੰਘ ਕੂਕਾ ਬਣ ਗਏ ਸਨ ਅਤੇ ਤਦ ਤੋਂ ਹੀ ਬਾਬਾ ਰਾਮ ਸਿੰਘ ਜੀ ਦਾ ਨਾਮ ਤੇ ਰੁਤਬਾ ਤੇਜ਼ੀ ਨਾਲ ਵਧਣ ਲੱਗ ਪਿਆ ਸੀ। ਮੰਗਲ ਸਿੰਘ ਨੇ ਬਾਬਾ ਰਾਮ ਸਿੰਘ ਜੀ ਨੂੰ ਇੱਕ ਘੋੜੀ (400 ਰੁਪਏ), ਮੱਕੀ ਦੀ ਮਿੱਲ ਭਾਵ ਇੱਕ ਖਰਾਸ ਭੇਟ ਕੀਤੀ ਸੀ ਅਤੇ ਉਨ੍ਹਾਂ ਲਈ ਇੱਕ ਖੂਹ ਪੁਟਵਾ ਕੇ ਦਿੱਤਾ ਸੀ।

(ਗੁਰੂ) ਰਾਮ ਸਿੰਘ ਜੀ ਨਿਯਮਤ ਰੂਪ ਵਿੱਚ ਦਰਬਾਰ ਸਜਾਉਂਦੇ ਸਨ, ਜਿਸ ਵਿੱਚ ਉਨ੍ਹਾਂ ਦੇ 11 ਸੂਬੇ ਜ਼ਰੂਰ ਸ਼ਾਮਲ ਹੁੰਦੇ ਸਨ। ਇਨ੍ਹਾਂ ਮੀਟਿੰਗਾਂ 'ਚ ਅਨੁਮਾਨ ਲਾਇਆ ਗਿਆ ਸੀ ਕਿ ਸੰਪਰਦਾਇ ਦੇ ਮੈਂਬਰਾਂ ਦੀ ਕੁੱਲ ਗਿਣਤੀ 4,32,000 ਸੀ। ਸੂਬੇ ਅਕਸਰ ਤੇ ਨਿਯਮਤ ਰੂਪ ਵਿੱਚ ਨਵੇਂ ਕੂਕੇ ਬਣਾਉਂਦੇ ਰਹਿੰਦੇ ਸਨ, ਜੋ ਬਾਬਾ ਰਾਮ ਸਿੰਘ ਜੀ ਦਾ ਆਸ਼ੀਰਵਾਦ ਲੈਂਦੇ ਸਨ ਅਤੇ ਭਜਨ ਕਰਦੇ ਸਨ। ਇਸ ਤੋਂ ਬਾਅਦ ਉਨ੍ਹਾਂ ਦੇ ਪੈਰੋਕਾਰ ਅਕਸਰ ਇਹ ਪੁੱਛਿਆ ਕਰਦੇ ਸਨ ਕਿ ਕੂਕਾ ਰਾਜ ਕਦੋਂ ਆਵੇਗਾ, ਤੇ ਅੱਗਿਓਂ ਜਵਾਬ ਹੁੰਦਾ ਸੀ "ਬੱਸ ਹੁਣ ਥੋੜ੍ਹੀ ਦੇਰ ਹੋਰ।" ਮੈਂ ਧਰਤੀ 'ਤੇ ਚਾਰ ਜੀਵਨ ਬਿਤਾ ਚੁੱਕਾ ਹਾਂ ਅਤੇ ਹਰ ਵਾਰ ਪੂਰਨ ਧਾਰਮਿਕ ਬਿਰਤੀ ਵਾਲਾ ਮਨੁੱਖ ਰਿਹਾ ਹਾਂ – ਮੈਨੂੰ ਭਵਿੱਖਬਾਣੀ ਕਰਨ ਦਾ ਤੋਹਫ਼ਾ ਮਿਲਿਆ ਹੈ। ਥੋੜ੍ਹੇ ਹੀ ਸਮੇਂ 'ਚ ਖ਼ਾਲਸਾ ਰਾਜ ਸਥਾਪਤ ਹੋ ਜਾਵੇਗਾ।

ਉਪਰੋਕਤ ਵਰਣਿਤ ਸਾਰੇ 11 ਵਿਅਕਤੀ ਬਾਬਾ ਰਾਮ ਸਿੰਘ ਜੀ ਦੇ ਸੂਬੇ ਹਨ ਅਤੇ ਮੈਂ ਉਨ੍ਹਾਂ ਸਭਨਾਂ ਨੂੰ ਜਾਣਦਾ ਹਾਂ। ਉਹ ਸਾਰੇ ਨਵੇਂ ਕੂਕੇ ਬਣਾਉਣ ਲਈ ਗਏ ਹਨ। ਸਰਦਾਰ ਮੰਗਲ ਸਿੰਘ ਨੂੰ ਛੱਡ ਕੇ ਉਹ ਸਾਰੇ 11 ਅਤੇ 12 ਜਨਵਰੀ ਨੂੰ ਭਾਵ ਲੋਹੜੀ ਮੇਲੇ ਮੌਕੇ ਭੈਣੀ 'ਚ ਮੌਜੂਦ ਸਨ। ਸਰਦਾਰ ਮੰਗਲ ਸਿੰਘ ਨੂੰ ਪਟਿਆਲਾ ਅਧਿਕਾਰ-ਖੇਤਰ 'ਚ ਦਰਜ ਇੱਕ ਕੇਸ ਵਿੱਚ ਹਿਰਾਸਤ 'ਚ ਲਿਆ ਗਿਆ ਸੀ,

ਜਿਸ ਵਿੱਚ ਇਹ ਪਾਇਆ ਗਿਆ ਕਿ ਉਨ੍ਹਾਂ ਭੈਣੀ 'ਚ ਗੜਬੜੀਆਂ ਕਰਵਾਉਣ ਲਈ ਢੋਲੇਪੁਰ 'ਚ ਰਿਸ਼ਤੇਦਾਰਾਂ ਦੇ ਭਾਰੀ ਮਾਤਰਾ 'ਚ ਗਹਿਣਿਆਂ (3,00,000 ਰੁਪਏ ਕੀਮਤ ਦੇ) ਦੀ ਚੋਰੀ ਕੀਤੀ ਸੀ। ਭੈਣੀ 'ਚ ਸਾਰੇ 10 ਸੂਬਿਆਂ ਦਾ ਇੱਕ ਮਤ ਸੀ ਅਤੇ ਸਭ ਨੇ ਸਕਰੌਦੀ ਦੇ ਹੀਰਾ ਸਿੰਘ ਤੇ ਲਹਿਣਾ ਸਿੰਘ ਨੂੰ ਮਲੌਦ 'ਤੇ ਹਮਲਾ ਕਰਨ ਲਈ ਕਿਹਾ ਸੀ। ਪਰ ਬੇਸ਼ੱਕ ਸਾਹਿਬ ਸਿੰਘ, ਲੱਖਾ ਸਿੰਘ ਤੇ ਪਹਾੜਾ ਸਿੰਘ ਹੀ ਆਪਣੇ ਉਪਦੇਸ਼ਮਈ ਸੰਬੋਧਨਾਂ 'ਚ ਸਭ ਤੋਂ ਵੱਧ ਜੋਸ਼ ਵਿਖਾ ਰਹੇ ਸਨ। ਉੱਥੇ ਮੇਲੇ 'ਚ ਲਗਭਗ 180 ਮਸਤਾਨੇ ਸਨ ਅਤੇ 1,000–1,100 ਕੂਕੇ ਸਨ। ਮੈਂ ਖ਼ੁਦ ਵੀ ਲੋਹੜੀ ਮੇਲੇ 'ਚ ਮੌਜੂਦ ਸਾਂ। ਮੈਂ ਸਿਰਫ਼ ਇੱਕ ਟੋਲੀ ਬਾਰੇ ਜਾਣਦਾ ਹਾਂ, ਜੋ ਮਲੌਦ ਤੇ ਮਲੇਰਕੋਟਲਾ ਲਈ ਰਵਾਨਾ ਹੋਈ ਸੀ। ਮੈਂ ਬਠਿੰਡਾ ਦਾ ਕੋਈ ਜ਼ਿਕਰ ਨਹੀਂ ਸੁਣਿਆ ਸੀ। (ਗੁਰੂ) ਰਾਮ ਸਿੰਘ ਜੀ ਦੇ ਅਧਿਕਾਰੀਆਂ ਦੇ ਦਰਬਾਰ 'ਚ ਬਾਹਰੀ ਵਿਅਕਤੀਆਂ ਦੇ ਆਉਣ 'ਤੇ ਕੋਈ ਪਾਬੰਦੀ ਨਹੀਂ ਸੀ। ਕਿਸੇ ਨੂੰ ਵੀ ਆਉਣ ਲਈ ਸੱਦਿਆ ਜਾ ਸਕਦਾ ਸੀ ਅਤੇ ਉਹ ਦਰਬਾਰ 'ਚ ਬੈਠ ਸਕਦਾ ਸੀ ਅਤੇ ਕੂਕਾ ਬਣ ਸਕਦਾ ਸੀ। ਮੈਂ ਸਾਹਿਬ ਸਿੰਘ ਨੂੰ ਹੀਰਾ ਸਿੰਘ ਦੀਆਂ ਭਾਵਨਾਵਾਂ ਦੀ ਸ਼ਲਾਘਾ ਕਰਦਿਆਂ ਸੁਣਿਆ ਸੀ, ਜੋ ਆਖ ਰਹੇ ਸਨ ਕਿ ਇੱਥੇ ਸਿਰਫ਼ 13 ਤੋਂ 24 ਯੂਰੋਪੀਅਨ ਹੀ ਹਨ, ਜਿਨ੍ਹਾਂ ਤੋਂ ਖਹਿੜਾ ਛੁਡਾਉਣਾ ਹੈ। ਮੈਨੂੰ ਇਹ ਪੱਕਾ ਪਤਾ ਹੈ ਕਿ ਰਾਏਕੋਟ ਅਤੇ ਅੰਮ੍ਰਿਤਸਰ 'ਚ ਵੀ (ਗੁਰੂ) ਰਾਮ ਸਿੰਘ ਤੇ ਉਨ੍ਹਾਂ ਦੇ ਸੂਬਿਆਂ ਦੇ ਹੁਕਮਾਂ ਦੇ ਨਤੀਜੇ ਵਜੋਂ ਹੀ ਕਤਲ ਹੋਏ ਸਨ। (ਗੁਰੂ) ਰਾਮ ਸਿੰਘ ਜੀ ਦੇ ਹੁਕਮ ਸਨ ਕਿ ਖ਼ਾਲਸਾ ਰਾਜ 'ਚ ਗਊ-ਹੱਤਿਆ ਦੀ ਇਜਾਜ਼ਤ ਨਹੀਂ ਹੋਵੇਗੀ।

ਮੇਰੀ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਜਾਂ ਉਨ੍ਹਾਂ ਦੇ ਸੂਬਿਆਂ ਨਾਲ ਕੋਈ ਦੁਸ਼ਮਣੀ ਨਹੀਂ ਹੈ।

ਉਨ੍ਹਾਂ ਨਾਲ ਮੇਰੇ ਸਬੰਧ ਦੋਸਤਾਨਾ ਹੀ ਰਹੇ ਹਨ। ਇਸ ਵੇਲੇ ਕੂਕੇ ਬਾਬਾ ਰਾਮ ਸਿੰਘ ਜੀ ਦੀ ਰਿਹਾਈ ਤੇ ਉਨ੍ਹਾਂ ਦਾ ਰਾਜ ਆਉਣ ਦੀ ਉਡੀਕ ਕਰ ਰਹੇ ਹਨ। ਕੂਕੇ ਇਹ ਐਲਾਨ ਕਰਦੇ ਹਨ ਕਿ (ਗੁਰੂ) ਰਾਮ ਸਿੰਘ ਜੀ ਸਿਰਫ਼ ਸ਼ਹਾਦਤ ਲਈ ਇਹ ਮੌਜੂਦਾ ਕੈਦ ਕਬੂਲ ਕਰ ਰਹੇ ਹਨ ਅਤੇ ਜੇ ਉਹ ਚਾਹੁਣ, ਜਦੋਂ ਮਰਜ਼ੀ ਆਪਣੇ-ਆਪ ਨੂੰ ਰਿਹਾਅ ਕਰਵਾ ਸਕਦੇ ਹਨ। ਉਨ੍ਹਾਂ ਦਾ ਇਹ ਵੀ ਪੱਕਾ ਮੰਨਣਾ ਹੈ ਕਿ ਜਦੋਂ ਸਰਦਾਰ ਮੰਗਲ ਸਿੰਘ ਮੁੜ ਆਉਣਗੇ, ਤਾਂ ਬਾਕੀ ਦੇ ਸੂਬਿਆਂ ਨੂੰ ਵੀ ਰਿਹਾਅ ਕਰ ਦਿੱਤਾ ਜਾਵੇਗਾ ਅਤੇ ਉਸ ਤੋਂ ਬਾਅਦ ਖ਼ਾਲਸਾ ਰਾਜ ਸਥਾਪਤ ਹੋ ਜਾਵੇਗਾ।

ਘਮੰਡੇ ਦੀ ਗਵਾਹੀ ਸਹੁੰ ਚੁਕਾ ਕੇ ਮੇਰੇ, ਸੇਸਿਲ ਬੀਡਨ, ਮੈਜਿਸਟ੍ਰੇਟ ਲੁਧਿਆਣਾ ਵੱਲੋਂ 19 ਅਪ੍ਰੈਲ, 1872 ਨੂੰ ਲਈ ਗਈ ਹੈ, ਜਿਸ ਨੇ ਇੰਝ ਬਿਆਨ ਕੀਤਾ ਹੈ।

ਮੈਂ ਭੈਣੀ ਦਾ ਨੰਬਰਦਾਰ ਹਾਂ। ਮੈਂ 11 ਸੂਬਿਆਂ* ਨੂੰ ਜਾਣਦਾ ਹਾਂ, ਜਿਨ੍ਹਾਂ ਦੇ ਨਾਂਅ ਮੈਨੂੰ ਦੱਸੇ ਗਏ ਹਨ। ਉਨ੍ਹਾਂ ਸਭਨਾਂ ਦੇ ਕਿਰਦਾਰ ਮਾੜੇ ਹਨ ਅਤੇ ਉਨ੍ਹਾਂ ਦਾ ਪ੍ਰਮੁੱਖ ਕੰਮ ਰਾਜ-ਧਰੋਹ ਦਾ ਪ੍ਰਚਾਰ ਕਰਨਾ ਅਤੇ ਸਿਰਫ਼ ਇਸ ਦਲੀਲ ਨਾਲ ਕੂਕਾ ਸੰਪਰਦਾਇ ਦਾ ਪ੍ਰਚਾਰ ਕਰਨਾ ਹੈ ਕਿ ਕੂਕਿਆਂ ਦਾ ਰਾਜ ਬੱਸ ਆਉਣ ਹੀ ਵਾਲਾ ਹੈ।

*ਸਾਹਿਬ ਸਿੰਘ, ਲੱਖਾ ਸਿੰਘ ਤੇ ਹੋਰ ਜੇਲ੍ਹ ਵਿੱਚ

ਮੈਂ ਪਿਛਲੇ ਮਾਘੀ ਦੇ ਮੇਲੇ ਮੌਕੇ ਸਰਦਾਰ ਮੰਗਲ ਸਿੰਘ, ਰੂੜ ਸਿੰਘ ਤੇ ਇੱਕ ਹੋਰ* ਨੂੰ ਛੱਡ ਕੇ ਇਨ੍ਹਾਂ ਸਭਨਾਂ ਨੂੰ ਵੇਖਿਆ ਸੀ। ਮੈਂ ਉਨ੍ਹਾਂ ਦੇ ਮੂੰਹੋਂ ਕੁਝ ਵੀ ਆਖਦਿਆਂ ਨਹੀਂ ਸੁਣਿਆ ਪਰ ਖੂਹ 'ਤੇ, ਜਿੱਥੇ ਹੀਰਾ ਤੇ ਲਹਿਣਾ ਸਿੰਘ ਅਤੇ ਉਨ੍ਹਾਂ ਦੀ ਟੋਲੀ ਠਹਿਰੀ ਹੋਈ ਸੀ, ਮੈਂ ਸੁਣਿਆ ਸੀ ਕਿ ਉਹ ਟੋਲੀ ਲੜ ਕੇ ਕੋਟਲਾ 'ਤੇ ਕਬਜ਼ਾ ਕਰਨ ਲਈ ਚਾਲੇ ਪਾਉਣ ਜਾ ਰਹੀ ਸੀ। ਮੈਂ ਲੱਖਾ ਸਿੰਘ ਨੂੰ ਉਸ ਸਥਾਨ 'ਤੇ ਵੇਖਿਆ ਸੀ। ਮੈਨੂੰ ਹੋਰ ਕਿਸੇ ਗਤੀਵਿਧੀ ਬਾਰੇ ਕੁਝ ਪਤਾ ਨਹੀਂ।

*ਨਾਮ ਪਤਾ ਨਹੀਂ।
ਸੀ.ਬੀ.

ਮੈਂ ਸਮਝਦਾ ਹਾਂ ਕਿ 11 ਸੂਬਿਆਂ 'ਚੋਂ ਲੱਖਾ ਸਿੰਘ, ਕਾਹਨ ਸਿੰਘ, ਜਵਾਹਰ ਸਿੰਘ, ਮੰਗਲ ਸਿੰਘ ਅਤੇ ਪਹਾੜਾ ਸਿੰਘ ਸਭ ਤੋਂ ਭੈੜੇ ਹਨ। ਉਹ ਸਭ ਖ਼ਤਰਨਾਕ ਹਨ ਅਤੇ ਉਨ੍ਹਾਂ 'ਚੋਂ ਕਿਸੇ ਨੂੰ ਰਿਹਾਅ ਨਹੀਂ ਕੀਤਾ ਜਾਣਾ ਚਾਹੀਦਾ।

ਇਹ ਬਿਆਨ 19 ਅਪ੍ਰੈਲ, 1872 ਨੂੰ ਲਿਆ ਗਿਆ। ਗਵਾਹ ਨੂੰ ਅਨੁਵਾਦ ਕਰ ਕੇ ਪੜ੍ਹ ਕੇ ਸੁਣਾਇਆ ਤੇ ਉਸ ਨੇ ਸਮਝ ਕੇ ਮੰਨਿਆ ਕਿ ਇਹ ਦਰੁਸਤ ਹੈ।

ਬੇਲਾ ਬਾਰੇ ਜਾਣਕਾਰੀ ਤੇ ਉਸ ਦੀ ਗਵਾਹੀ 19 ਅਪ੍ਰੈਲ, 1872 ਨੂੰ ਮੇਰੇ, ਸੀਸਿਲ ਬੀਡਨ, ਮੈਜਿਸਟ੍ਰੇਟ, ਲੁਧਿਆਣਾ ਵੱਲੋਂ ਲਈ ਗਈ, ਜਿਸ ਨੇ ਕਿਹਾ – ਮੈਂ 11 ਸੂਬਿਆਂ ਨੂੰ ਜਾਣਦਾ ਹਾਂ।

ਸੰਖੇਪ 'ਚ ਮੈਂ ਆਮ ਹੀ ਸਾਰੇ ਸੂਬਿਆਂ ਤੋਂ ਇੱਕ ਰਾਜ-ਧਰੋਹੀ ਗੱਲਬਾਤ ਸੁਣੀ ਹੈ। ਪਰ ਉਹ ਸਾਰੇ ਵੱਧ ਜਾਂ ਘੱਟ ਖ਼ਤਰਨਾਕ ਹਨ ਅਤੇ ਮੈਂ ਸਮਝਦਾ ਹਾਂ ਕਿ ਉਨ੍ਹਾਂ 'ਚੋਂ ਕਿਸੇ ਨੂੰ ਵੀ ਹੁਣ ਜਾਂ ਬਾਅਦ 'ਚ ਕਿਸੇ ਵੇਲੇ ਖੁੱਲ੍ਹਾ ਛੱਡਣਾ ਨਾਸਮਝੀ ਹੋਵੇਗੀ।

ਪ੍ਰਤਾਪ ਸਿੰਘ ਬਾਰੇ ਜਾਣਕਾਰੀ ਤੇ ਉਸ ਦੀ ਗਵਾਹੀ 19 ਅਪ੍ਰੈਲ, 1872 ਨੂੰ ਮੇਰੇ, ਸੀਸਿਲ ਬੀਡਨ, ਮੈਜਿਸਟ੍ਰੇਟ, ਲੁਧਿਆਣਾ ਵੱਲੋਂ ਲਈ ਗਈ, ਜਿਸ ਨੇ ਹੇਠਾਂ ਲਿਖੇ ਅਨੁਸਾਰ ਗਵਾਹੀ ਦਿੱਤੀ: ਮੈਂ ਜੰਡਿਆਲਾ ਦਾ ਨੰਬਰਦਾਰ ਹਾਂ। ਮੈਨੂੰ ਦੱਸੇ ਗਏ 11* 'ਚੋਂ ਮੈਂ ਚਾਰ ਜਣਿਆਂ – ਸਾਹਿਬ ਸਿੰਘ, ਲੱਖਾ ਸਿੰਘ, ਮੰਗਲ ਸਿੰਘ ਅਤੇ ਕਾਹਨ ਸਿੰਘ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਹੋਰਨਾਂ ਨੂੰ ਮੈਂ ਅਸਰ-ਰਸੂਖ਼ ਕਾਰਣ ਜਾਣਦਾ ਹਾਂ ਕਿ ਉਹ (ਗੁਰੂ) ਰਾਮ ਸਿੰਘ ਜੀ ਦੇ ਸੂਬੇ ਹਨ ਤੇ ਕੂਕੇ ਹਨ। 12 ਤੇ 13 ਤਰੀਕ ਨੂੰ ਮਾਘੀ ਮੇਲੇ ਮੌਕੇ ਮੈਂ ਸਾਹਿਬ ਸਿੰਘ, ਲੱਖਾ ਸਿੰਘ ਤੇ ਕਾਹਨ ਸਿੰਘ ਨੂੰ ਉੱਥੇ ਵੇਖਿਆ ਸੀ। ਮੰਗਲ ਸਿੰਘ ਉੱਥੇ ਨਹੀਂ ਸਨ। ਬਾਬਾ ਰਾਮ ਸਿੰਘ ਜੀ ਦੀ ਸੂਤਰਿੰਜੀ (ਗਲੀਚਾ) 'ਤੇ 10-11 ਵਿਅਕਤੀ ਸਨ, ਤਿੰਨ ਜਣੇ ਤਾਂ ਇਹੋ ਸਨ, ਜਿਨ੍ਹਾਂ ਦਾ ਮੈਂ ਨਾਂਅ ਲਿਆ ਹੈ ਅਤੇ ਬਾਕੀ ਦਿਆਂ ਬਾਰੇ ਮੈਨੂੰ ਕੋਈ ਸ਼ੱਕ ਨਹੀਂ ਕਿ ਉਹ ਉਨ੍ਹਾਂ ਦੇ ਸੂਬੇ ਹੀ ਸਨ ਕਿਉਂਕਿ ਬਾਬਾ ਰਾਮ ਸਿੰਘ ਜੀ ਨੇ ਆਮ ਤੌਰ 'ਤੇ ਆਪਣੇ ਸੂਬਿਆਂ ਨੂੰ ਹੀ ਆਪਣੇ ਗਲੀਚੇ 'ਤੇ ਬੈਠਣ ਦੀ ਇਜਾਜ਼ਤ ਦਿੱਤੀ ਹੋਈ ਸੀ। ਮੈਂ ਅਕਸਰ ਆਪਣੇ ਚਾਰ ਜਾਣਕਾਰ ਸੂਬਿਆਂ ਤੋਂ ਇਹ ਐਲਾਨ ਕਰਦਿਆਂ ਸੁਣਿਆ ਹੈ ਕਿ ਇੱਥੇ ਕੂਕਾ ਰਾਜ ਹੋਵੇਗਾ ਅਤੇ ਜਿਹੜੇ ਕੂਕੇ ਬਣਨਗੇ, ਉਨ੍ਹਾਂ ਨੂੰ ਜਗੀਰਾਂ ਅਤੇ ਜ਼ਮੀਨਾਂ ਦੇ ਲਾਭ ਦਿੱਤੇ ਜਾਣੇ ਚਾਹੀਦੇ ਹਨ ਅਤੇ ਚੇਤ ਦੇ ਮਹੀਨੇ ਤੋਂ ਬਾਅਦ ਇਹ ਸਭ ਕੁਝ ਹੋਣ ਜਾ ਰਿਹਾ ਹੈ।

ਦੌਲਤ ਰਾਮ ਦਾ ਬਿਆਨ, ਜੋ 19 ਅਪ੍ਰੈਲ, 1872 ਨੂੰ ਮੇਰੇ, ਸੀਸਿਲ ਬੀਡਨ, ਮੈਜਿਸਟ੍ਰੇਟ, ਲੁਧਿਆਣਾ ਵੱਲੋਂ ਲਿਆ ਗਿਆ, ਜਿਸ ਨੇ ਕਿਹਾ ਕਿ ਮੈਂ ਬ੍ਰਾਹਮਣ ਹਾਂ ਅਤੇ ਭੈਣੀ ਦਾ ਨੰਬਰਦਾਰ ਹਾਂ। ਮੈਂ ਗ੍ਰਿਫ਼ਤਾਰ ਕੀਤੇ 11 ਸੂਬਿਆਂ 'ਚੋਂ ਅੱਠ ਨੂੰ ਜਾਣਦਾ ਹਾਂ। ਮੈਂ ਸੁਣਿਆ ਹੈ ਕਿ ਇਹ ਅੱਠ ਵਿਅਕਤੀ ਆਮ ਤੌਰ 'ਤੇ ਰਾਜ-ਧਰੋਹ ਦਾ ਹੀ ਪ੍ਰਚਾਰ ਕਰਦੇ ਹੁੰਦੇ ਸਨ।

ਸੁੱਖੂ ਦਾ ਹਲਫ਼ੀਆ ਬਿਆਨ, ਜੋ 19 ਅਪ੍ਰੈਲ, 1872 ਨੂੰ ਮੇਰੇ, ਸੀਸਿਲ ਬੀਡਨ, ਮੈਜਿਸਟ੍ਰੇਟ, ਲੁਧਿਆਣਾ ਵੱਲੋਂ ਲਿਆ ਗਿਆ, ਜਿਸ ਨੇ ਕਿਹਾ .... ਮੈਂ ਭੈਣੀ ਦਾ ਨੰਬਰਦਾਰ ਹਾਂ। ਮੈਂ ਸਾਰੇ ਸੂਬਿਆਂ ਨੂੰ ਨਿਜੀ ਤੌਰ 'ਤੇ ਜਾਣਦਾ ਹਾਂ। ਮੈਨੂੰ ਬਾਬਾ ਰਾਮ ਸਿੰਘ ਜੀ ਦੇ ਦਰਬਾਰਾਂ 'ਚ ਸ਼ਿਰਕਤ ਕਰਨ ਦੀ ਆਦਤ ਰਹੀ ਹੈ ਅਤੇ ਕੂਕਾ ਸੰਕਲਪ (ਬੱਜਣ) ਵੀ ਲਿਆ ਸੀ। ਮੈਂ ਇੱਕ ਜਣੇ ਨੂੰ ਰਾਜ-ਧਰੋਹ ਦਾ ਪ੍ਰਚਾਰ ਕਰਦੇ ਸੁਣਿਆ ਹੈ ਤੇ ਸਾਰੇ ਹੀ ਸੂਬੇ ਇੰਝ ਕਰਦੇ ਹਨ।

ਪਿਛਲੀ ਮਾਘੀ ਮੌਕੇ ਮੰਗਲ ਸਿੰਘ ਅਤੇ ਮਾਨ ਸਿੰਘ ਨੂੰ ਛੱਡ ਕੇ ਸਾਰੇ ਸੂਬੇ ਮੌਜੂਦ ਸਨ। ਮੈਂ ਤਦ ਖ਼ਾਸ ਤੌਰ 'ਤੇ ਰੂਸ ਅਤੇ ਇੰਗਲੈਂਡ ਬਾਰੇ ਗੱਲਬਾਤ ਸੁਣੀ ਸੀ ਪਰ ਮੈਂ ਇਹ ਪਹਿਲਾਂ ਵੀ ਸੁਣੀ ਹੈ। ਵਿਚਾਰ-ਵਟਾਂਦਰੇ ਦੌਰਾਨ, ਇਸ ਗੱਲ 'ਤੇ ਸਹਿਮਤੀ ਹੋਈ ਸੀ ਕਿ ਜੇ ਰੂਸ ਨੇ ਆਪਣੇ-ਆਪ ਇੰਗਲੈਂਡ ਨਾਲ ਜੰਗ ਨਾ ਕੀਤੀ, ਤਾਂ ਬਾਬਾ ਰਾਮ ਸਿੰਘ ਮਦਦ ਲਈ ਸਵਾਤ ਦੇ ਅਖੂੰਡ ਨੂੰ ਬੇਨਤੀ ਕਰਨਗੇ; ਅਤੇ ਅੰਗਰੇਜ਼ਾਂ 'ਤੇ ਅਖੂੰਡ ਤੇ ਕੂਕਿਆਂ ਦੀ ਜਿੱਤ ਯਕੀਨੀ ਹੈ।

ਬਸਵਾਨ ਸਿੰਘ ਬਾਰੇ ਜਾਣਕਾਰੀ ਤੇ ਗਵਾਹੀ 19 ਅਪ੍ਰੈਲ, 1872 ਨੂੰ ਮੇਰੇ, ਸੀਸਿਲ ਬੀਡਨ, ਮੈਜਿਸਟ੍ਰੇਟ, ਲੁਧਿਆਣਾ ਵੱਲੋਂ ਲਈ ਗਈ, ਜਿਸ ਨੇ ਹਲਫ਼ ਲੈ ਕੇ ਆਖਿਆ: ਮੈਂ ਮੌਜ਼ਾ ਨਾਰੰਗਵਾਲ ਦਾ ਨੰਬਰਦਾਰ ਹਾਂ। ਮੇਰਾ ਵਿਚਾਰ ਹੈ ਕਿ (ਗੁਰੂ) ਰਾਮ ਸਿੰਘ ਜੀ ਦੇ ਸੂਬੇ ਇੰਨੇ ਖ਼ਤਰਨਾਕ ਹਨ ਕਿ ਉਨ੍ਹਾਂ ਨੂੰ ਖੁੱਲ੍ਹੇ ਨਹੀਂ ਛੱਡਿਆ ਜਾ ਸਕਦਾ। ਉਹ ਲੋਕਾਂ ਨੂੰ ਕੂਕਾ ਸੰਪਰਦਾਇ 'ਚ ਸ਼ਾਮਲ ਕਰਨ ਤੋਂ ਬਿਨਾਂ ਹੋਰ ਕੁਝ ਨਹੀਂ ਕਰਦੇ ਪਰ ਅਜਿਹੀਆਂ ਰਿਪੋਰਟਾਂ ਮਿਲ ਰਹੀਆਂ ਹਨ ਕਿ (ਗੁਰੂ) ਰਾਮ ਸਿੰਘ ਜੀ ਛੇਤੀ ਹੀ ਭਾਰਤ 'ਤੇ ਰਾਜ ਕਰਨਗੇ ਅਤੇ ਜਦੋਂ ਉਹ ਅਜਿਹਾ ਕਰਨਗੇ ਤਾਂ ਉਨ੍ਹਾਂ ਦੇ ਚੇਲਿਆਂ ਨੂੰ ਇਨਾਮ ਮਿਲਣਗੇ। ਇਸ ਕਿਸਮ ਦੇ ਸਿਧਾਂਤ ਦਾ ਦੇਸ਼ ਦੇ ਇਸ ਭਾਗ ਦੇ ਜੱਟ ਸਿੱਖਾਂ ਦੇ ਸਾਦੇ ਮਨਾਂ 'ਤੇ ਬਹੁਤ ਜ਼ਿਆਦਾ ਪ੍ਰਭਾਵ ਪੈਂਦਾ ਹੈ।

ਸੁੱਖੂ ਪੁੱਤਰ ਜੌਰੀ, ਜਾਤੀ ਜੱਟ, ਭੈਣੀ ਦੇ ਨੰਬਰਦਾਰ ਨੇ ਗੰਗਾ-ਜਲ ਦੀ ਸਹੁੰ ਖਾਂਦਿਆਂ ਕਿਹਾ: ਲੋਹੜੀ ਤੋਂ ਅਗਲੇ ਦਿਨ ਭਾਵ ਸ਼ੁੱਕਰਵਾਰ, 12 ਤਰੀਕ ਨੂੰ ਸ਼ਾਮੀਂ ਬਾਬਾ ਰਾਮ ਸਿੰਘ ਜੀ ਦੇ ਦਰਬਾਰ 'ਚ ਚੋਣਵੀਂ ਕੌਂਸਲ ਜੁੜਨੀ ਸੀ। ਲਗਭਗ 30 ਤੋਂ 40 ਵਿਅਕਤੀ ਮੌਜੂਦ ਸਨ ਅਤੇ ਬੂਹੇ ਬੰਦ ਕੀਤੇ ਹੋਏ ਸਨ। ਬਾਬਾ ਰਾਮ ਸਿੰਘ ਜੀ ਅਤੇ ਹੁਣ ਬਾਹਰ ਭੇਜੇ 9 ਸੂਬੇ ਉੱਥੇ ਮੌਜੂਦ ਸਨ ਪਰ ਮਾਨ ਸਿੰਘ ਤੇ ਮੰਗਲ ਸਿੰਘ ਮੌਜੂਦ ਨਹੀਂ ਸਨ; ਮੰਗਲ ਸਿੰਘ ਨੂੰ ਤਾਂ ਕਿਉਂ ਪਟਿਆਲਾ ਦੇ ਮਹਾਰਾਜੇ ਨੇ ਹਿਰਾਸਤ 'ਚ ਲਿਆ ਹੋਇਆ ਸੀ। ਸੂਬੇ (1) ਉੱਤਮੀ ਅਤੇ (2) ਲੂੰਬੇਲਾ ਸਰਦਾਰਨੀ ਪਿੱਛੇ ਬੈਠੇ ਸਨ।

ਬਾਬਾ ਰਾਮ ਸਿੰਘ ਜੀ ਨੂੰ ਆਪਣਾ ਰਾਜ ਸੰਭਾਲਣ ਲਈ ਕਿਹਾ ਗਿਆ ਸੀ, ਤਾਂ ਉਨ੍ਹਾਂ ਆਖਿਆ ਸੀ ਕਿ ਉਹ ਰੂਸੀਆਂ ਤੇ ਅੰਗਰੇਜ਼ਾਂ ਦੀ ਲੜਾਈ 'ਚੋਂ ਇੱਕ ਦੇ ਹਾਰ ਜਾਣ ਤੋਂ ਬਾਅਦ ਅਖੂੰਡ ਸਾਹਿਬ ਦੀ ਮਦਦ ਨਾਲ ਅਜਿਹਾ ਕਰਨਗੇ।

ਮਸਤਾਨੇ ਜਦੋਂ ਰਵਾਨਗੀ ਪਾ ਰਹੇ ਸਨ, ਤਾਂ ਸਭ ਨੇ ਕਿਹਾ ਸੀ ਕਿ ਗੁਰੂ ਜੀ ਦੇ ਹੁਕਮ ਮਿਲ ਗਏ ਸਨ।

## ਜ਼ਿਲ੍ਹਾ ਹੁਸ਼ਿਆਰਪੁਰ

ਰਾਮ ਸਿੰਘ ਪੁੱਤਰ ਚੜ੍ਹਤ ਸਿੰਘ ਤਰਖਾਣ, ਨਿਵਾਸੀ ਚੁਗਰਾਂ, ਉਮਰ 51 ਵਰ੍ਹੇ ਦਾ ਹਲਫ਼ੀਆ ਬਿਆਨ ਮੇਰੇ ਵੱਲੋਂ 18 ਅਪ੍ਰੈਲ, 1872 ਨੂੰ ਲਿਆ ਗਿਆ, ਜਿਸ ਨੇ ਕਿਹਾ: ਮੈਂ ਆਪਣੇ ਪਿੰਡ 'ਚ ਬਿਸਵਾਦਾਰ ਹਾਂ। ਮੈਨੂੰ ਚੇਤੇ ਹੈ ਕਿ ਪਿਛਲੇ ਵਰ੍ਹੇ ਸਾਉਣ-ਭਾਦੋਂ 'ਚ ਨੰਬਰਦਾਰ ਕਰੋੜਾ ਸਿੰਘ ਨੇ ਸ੍ਰੀ ਅਖੰਡ ਪਾਠ ਰੱਖਿਆ ਸੀ, ਜਿੱਥੇ ਲਗਭਗ 150 ਕੂਕੇ (ਮਰਦ ਅਤੇ ਔਰਤਾਂ) ਮੌਜੂਦ ਸਨ; ਆਲੇ-ਦੁਆਲੇ ਦੇ ਪਿੰਡਾਂ ਤੋਂ ਆਏ 700 ਹੋਰ ਲੋਕ ਵੀ ਉੱਥੇ ਸਨ। ਤਦ ਨਿਹੰਗ ਸਿੰਘ ਵੀ ਮੌਜੂਦ ਸਨ। ਕੂਕਿਆਂ ਨੇ ਸ਼ਰੇਆਮ ਲੋਕਾਂ ਨੂੰ ਦੱਸਿਆ ਸੀ ਕਿ ਸੰਮਤ 1928 'ਚ, ਉਨ੍ਹਾਂ ਦਾ ਰਾਜ ਕਾਇਮ ਹੋ ਜਾਵੇਗਾ ਤੇ ਉਨ੍ਹਾਂ ਲੋਕਾਂ ਨੂੰ ਸਲਾਹ ਦਿੱਤੀ ਸੀ ਕਿ ਜੇ ਉਹ ਅਮੀਰ ਹੋਣਾ ਚਾਹੁੰਦੇ ਹਨ, ਤਾਂ ਉਹ ਉਨ੍ਹਾਂ ਦੇ ਸੰਪਰਦਾਇ 'ਚ ਸ਼ਾਮਲ ਹੋ ਜਾਣ।

ਲਹਿਣਾ ਪੁੱਤਰ ਰਮਨ, ਜਾਤੀ ਮਹਿਤੋਂ ਨਿਵਾਸੀ ਚੁਗਰਾਂ, ਉਮਰ 65 ਸਾਲ ਨੇ ਮੇਰੇ ਸਾਹਮਣੇ 18 ਅਪ੍ਰੈਲ, 1872 ਨੂੰ ਹਲਫ਼ੀਆ ਬਿਆਨ ਦਿੰਦਿਆਂ ਕਿਹਾ: ਮੈਂ ਆਪਣੇ ਪਿੰਡ 'ਚ ਬਿਸਵਾਦਾਰ ਹਾਂ ਅਤੇ ਮੇਰਾ ਚੌਥਾ ਹਿੱਸਾ ਹੈ। ਮੈਨੂੰ ਚੇਤੇ ਹੈ ਕਿ ਬੀਤੇ ਹਾੜ੍ਹ ਜਾਂ ਸਾਉਣ ਦੇ ਮਹੀਨੇ (ਜੂਨ ਜਾਂ ਜੁਲਾਈ) ਮੇਰੇ ਪਿੰਡ ਦੇ ਕੁਰਾੜਾ ਸਿੰਘ ਕੋਰਲੀਆ (ਨੰਬਰਦਾਰ) ਨੇ (ਸ੍ਰੀ ਗੁਰੂ) ਗ੍ਰੰਥ (ਸਾਹਿਬ) ਦਾ ਪਾਠ ਰਖਵਾਇਆਸੀ। ਲਗਭਗ 100 ਕੂਕੇ (ਮਰਦ ਅਤੇ ਔਰਤਾਂ) ਉੱਥੇ ਪੁੱਜੇ ਸਨ। ਉਨ੍ਹਾਂ ਸਾਨੂੰ ਸਭਨਾਂ ਨੂੰ ਕੂਕੇ ਬਣਨ ਦੀ ਨਸੀਹਤ ਦਿੱਤੀ ਸੀ ਕਿਉਂਕਿ ਸੰਮਤ 1928 'ਚ ਕੂਕਿਆਂ ਦਾ ਰਾਜ ਸਥਾਪਤ ਹੋ ਜਾਵੇਗਾ ਤੇ ਜਿਹੜੇ ਸਾਡੇ ਸੰਪਰਦਾਇ 'ਚ ਸ਼ਾਮਲ ਹੋ ਚੁੱਕੇ ਹੋਣਗੇ, ਉਹ ਅਮੀਰ ਹੋ ਜਾਣਗੇ। ਨਿਹੰਗ ਸਿੰਘ ਭਾਵ ਬਾਬਾ ਕਾਹਨ ਸਿੰਘ ਮੌਜੂਦ ਸਨ।

ਹੀਰਾ ਸਿੰਘ ਪੁੱਤਰ ਦਸੌਂਧੀ, ਨੰਬਰਦਾਰ - ਪਿੰਡ ਚੱਕ ਮਲੇਰ, ਉਮਰ 40 ਸਾਲ, ਜਾਤ ਜੱਟ ਨੇ ਮੇਰੇ ਸਾਹਮਣੇ 12 ਅਪ੍ਰੈਲ, 1872 ਨੂੰ ਹਲਫ਼ੀਆ ਬਿਆਨ ਦਿੰਦਿਆਂ ਕਿਹਾ: ਮੈਂ ਬੀਤੇ ਅੱਸੂ ਮਹੀਨੇ ਹੁਸ਼ਿਆਰਪੁਰ ਆ ਰਿਹਾ ਸੀ ਅਤੇ ਸਿੰਘਪੁਰ ਦੇ ਕੂਕਾ ਨਿਹਾਲ ਸਿੰਘ ਨੂੰ ਮਿਲਿਆ ਤੇ ਉਸ ਨੂੰ ਪੁੱਛਿਆ ਕਿ ਇਹ ਨਵਾਂ ਧਰਮ ਕੀ ਹੈ ਤਾਂ ਉਸ ਨੇ ਕਿਹਾ ਕਿ ਬਾਬਾ ਰਾਮ ਸਿੰਘ ਜੀ ਦਰਅਸਲ ਦਸਮ ਪਾਤਿਸ਼ਾਹ (ਸ੍ਰੀ) ਗੁਰੂ ਗੋਬਿੰਦ (ਸਿੰਘ ਜੀ) ਦੇ ਅਵਤਾਰ ਹਨ, ਜਿਹੜੇ ਇਸ ਗੱਲ 'ਚ ਯਕੀਨ ਕਰਦੇ ਹਨ, ਉਨ੍ਹਾਂ ਦਾ ਭਲਾ ਹੋਵੇਗਾ ਅਤੇ 1928 'ਚ ਕੂਕਾ ਰਾਜ ਸ਼ੁਰੂ ਹੋ ਜਾਵੇਗਾ। ਮੈਂ ਉਸ ਨੂੰ ਕਿਹਾ ਕਿ ਉਸ ਕੋਲ ਨਾ ਤਾਂ ਕੋਈ ਹਥਿਆਰ ਹਨ ਤੇ ਨਾ ਹੀ ਧਨ-ਦੌਲਤ; ਅਜਿਹੀ ਹਾਲਤ 'ਚ ਕਿਹੜੀ ਗੱਲ ਦੀ ਆਸ ਕਰ ਰਿਹਾ ਹੈ? ਇਹ

ਸੁਣ ਕੇ ਉਸ ਨੇ ਤੁਰੰਤ ਆਪਣੀ ਕਮਰ ਕੱਸ ਲਈ, ਆਪਣੀ ਛੋਟੀ ਕੁਹਾੜੀ (ਸਲੋਤਰਾ ਸਿੰਘ) ਕੱਢ ਲਈ ਅਤੇ ਕਿਹਾ ਕਿ ਸ਼ਾਹੀ ਘੋੜੇ ਦੌੜਨਗੇ ਅਤੇ ਫਿਰ ਉਸ ਨੇ ਮੇਰੇ ਸਾਹਮਣੇ ਤੇਜ਼ ਦੌੜ ਲਾ ਕੇ ਵਿਖਾਈ ਤੇ ਕਿਹਾ ਕਿ ਨਿੱਕੀ ਜਿਹੀ ਕੁਹਾੜੀ ਹੀ ਸਾਰੀਆਂ ਬੰਦੂਕਾਂ ਦਾ ਸਾਹਮਣਾ ਕਰ ਲਵੇਗੀ।

ਗਣੇਸ਼ਾ ਸਿੰਘ ਪੁੱਤਰ ਜੋਗਿਨ ਰਾਜਪੂਤ, ਨੰਬਰਦਾਰ – ਪਿੰਡ ਡਾਂਗੂ ਨੇ ਮੇਰੇ ਸਾਹਮਣੇ 13 ਅਪ੍ਰੈਲ, 1872 ਨੂੰ ਹਲਫ਼ੀਆ ਬਿਆਨ ਦਿੰਦਿਆਂ ਕਿਹਾ: ਮੈਂ ਇਲਾਕੇ ਦਾ ਜ਼ਿਲ੍ਹਾਦਾਰ ਹਾਂ। ਦੋ ਕੁ ਸਾਲ ਪਹਿਲਾਂ ਭਗਵਾਨ ਸਿੰਘ ਅਤੇ ਮੇਰੇ ਖ਼ਿਆਲ ਅਨੁਸਾਰ, ਖ਼ੁਸ਼ਹਾਲ ਸਿੰਘ – ਜੋ ਪਹਿਲਾਂ ਕਾਸਾਹਾਰ ਰਹਿੰਦਾ ਸੀ ਤੇ ਬਾਅਦ ’ਚ ਗਨਹਾੜੀ ਜਾ ਕੇ ਰਹਿਣ ਲੱਗ ਪਿਆ ਸੀ – ਅਤੇ ਅੰਬੋਟਾ ਦੇ ਮਹਿਤਾਬ ਸਿੰਘ ਨੇ ਮੈਨੂੰ ਕੂਕਾ ਸੰਪਰਦਾਇ ’ਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਸੀ ਤੇ ਮੈਨੂੰ ਉਨ੍ਹਾਂ ਦੇ ਸੂਬੇ ਨਾਲ ਜੁੜਨ ਲਈ ਕਿਹਾ ਸੀ।“ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਆਪਣੇ-ਆਪ ਬਾਰੇ ਖੁੱਲ੍ਹ ਕੇ ਕੁਝ ਦੱਸਣ ਪਰ ਉਨ੍ਹਾਂ ਕਿਹਾ ਕਿ ਉਹ ਇੰਝ ਨਹੀਂ ਕਰ ਸਕਦੇ; ਉਨ੍ਹਾਂ ਕਿਹਾ ਕਿ ਉਹ ਮੈਨੂੰ ਉਹੀ ਸਭ ਦੱਸਣਗੇ, ਜਿਵੇਂ ਕਿ ਉਨ੍ਹਾਂ ਨੂੰ ਸਮਝਾਇਆ ਗਿਆ ਹੈ, ਉਨ੍ਹਾਂ ਇੰਨਾ ਜ਼ਰੂਰ ਕਿਹਾ ਕਿ ਉਨ੍ਹਾਂ ਦੇ ਗੁਰੂ ਰਾਮ ਸਿੰਘ ਜੀ ਨੇ ਖ਼ਾਲਸਾ ਰਾਜ ਦੀ ਬਹਾਲੀ ਦਾ ਐਲਾਨ ਕੀਤਾ ਹੋਇਆ ਸੀ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਹਥਿਆਰਾਂ ਜਾਂ ਹੋਰ ਜ਼ਰੂਰੀ ਵਸਤਾਂ ਤੋਂ ਬਿਨਾਂ ਕੀ ਕਰਨਗੇ, ਤਾਂ ਉਨ੍ਹਾਂ ਜਵਾਬ ਦਿੱਤਾ ਕਿ ਗੁਰੂ ਜੀ ਸਿਰਫ਼ ਹੁਕਮ ਦੇਣਗੇ ਤੇ ਉਨ੍ਹਾਂ ਕੋਲ ਹਥਿਆਰ ਆ ਜਾਣਗੇ। ਮੈਂ ਇੱਕ ਦਿਨ ਸ੍ਰੀ ਪਰਕਿਨਜ਼ ਨੂੰ ਇਸ ਬਾਰੇ ਪੁੜੈਣ ਵਿਖੇ ਦੱਸ ਦਿੱਤਾ ਸੀ ਕਿ ਮੈਨੂੰ ਡਰ ਹੈ ਕਿ ਇਹ ਸੰਪਰਦਾਇ ਵਧਦਾ ਜਾ ਰਿਹਾ ਹੈ ਤੇ ਇੱਕ ਦਿਨ ਕੋਈ ਗੜਬੜੀ ਕਰ ਸਕਦਾ ਹੈ ਪਰ ਉਨ੍ਹਾਂ ਮੈਨੂੰ ਕਿਹਾ ਕਿ ਉਹ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ ਅਤੇ ਸੱਚਾਈ ’ਤੇ ਚੱਲਦੇ ਹਨ ਅਤੇ ਕਿਸੇ ਨੇ ਮੈਨੂੰ ਉਨ੍ਹਾਂ ਬਾਰੇ ਝੂਠ ਦੱਸ ਦਿੱਤਾ ਹੋਵੇਗਾ। ਬਾਅਦ ’ਚ ਮੈਂ ਇਹੋ ਗੱਲ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਨੂੰ ਵੀ ਦੱਸੀ ਸੀ, ਜਦੋਂ ਉਹ ਕੰਨਿਆ ਭਰੂਣ-ਹੱਤਿਆ ਬਾਰੇ ਕਿਸੇ ਜਾਣਕਾਰੀ ਦੀ ਭਾਲ ’ਚ ਸਨ ਅਤੇ ਉਨ੍ਹਾਂ ਵੀ ਅੱਗਿਓਂ ਇਹੋ ਜਵਾਬ ਦਿੱਤਾ ਸੀ।“ਮਹਿਤਾਬ ਸਿੰਘ ਇੱਕ ਤਰਖਾਣ ਲੁਹਾਰ ਹੈ ਅਤੇ ਇੱਟਾਂ ਦੀਆਂ ਤੈਹਾਂ ਵਿਛਾਉਣ ਦਾ ਕੰਮ ਕਰਦਾ ਹੈ। ਖ਼ੁਸ਼ਹਾਲ ਸਿੰਘ ਇੱਕ ਭਾਟੀ (ਕਾਸ਼ਤਕਾਰ) ਹੈ। ਭਗਵਾਨ ਸਿੰਘ ਇੱਕ ਰਾਜਪੂਤ ਹੈ। ਉਹ ਕਦੇ ਮੇਰੇ ਕੋਲ ਕਿਸੇ ਸੰਸਥਾ ਵੱਲੋਂ ਨਹੀਂ ਆਏ, ਸਗੋਂ ਘੁੰਮਦੇ-ਫਿਰਦੇ ਆ ਗਏ ਸਨ ਅਤੇ ਜਦੋਂ ਵੀ ਅਸੀਂ ਕਦੇ ਕੋਈ ਗੱਲਬਾਤ ਕੀਤੀ, ਤਾਂ ਇੰਝ ਹੀ ਕੀਤੀ ਹੈ; ਉਨ੍ਹਾਂ ਲੁਕ-ਛਿਪ ਕੇ ਕਦੇ ਕੁਝ ਨਹੀਂ ਆਖਿਆ।

ਹੀਰਾ ਪੁੱਤਰ ਬੂਟਾ ਸਿੰਘ, ਨੰਬਰਦਾਰ – ਬਿਚੋਈ, ਰਾਜਪੂਤ, ਉਮਰ 30 ਸਾਲ ਨੇ ਮੇਰੇ ਸਾਹਮਣੇ 12 ਅਪ੍ਰੈਲ, 1872 ਨੂੰ ਹਲਫ਼ੀਆ ਦਿੰਦਿਆਂ ਕਿਹਾ: ਭਾਦੋਂ ’ਚ ਅੱਠਵੇਂ ਮਹੀਨੇ ਮੈਂ ਗੜ੍ਹਸ਼ੰਕਰ ਤੋਂ ਆ ਰਿਹਾ ਸਾਂ ਤੇ ਲੈਲਾ ਨੇੜੇ ਲੱਖਾ ਸਿੰਘ ਅਤੇ ਪੰਜ-ਛੇ ਹੋਰ ਕੂਕੇ ਮਾਲੇਪੁਰ ਵੱਲ ਆ ਰਹੇ ਸਨ, ਜਿੱਥੇ ਹੋਰ ਵੀ ਕੂਕੇ ਰਹਿੰਦੇ ਸਨ। ਮੈਂ ਇਨ੍ਹਾਂ ’ਚੋਂ ਸਿਰਫ਼ ਫ਼ਤਹਿ ਸਿੰਘ ਨੂੰ ਜਾਣਦਾ ਸਾਂ ਅਤੇ ਉਸ ਦਾ ਘਰ ਮਾਲੇਪੁਰ

'ਚ ਸੀ। ਉਹ ਗੱਲਾਂ ਕਰਦੇ ਹੋਏ ਆਖ ਰਹੇ ਸਨ ਕਿ ਭਾਈ ਰਾਮ ਸਿੰਘ ਜੀ ਇੱਕ ਗੁਰੂ ਹਨ, ਜਿਵੇਂ ਕਿ (ਗੁਰੂ) ਗੋਬਿੰਦ ਸਿੰਘ (ਜੀ) ਸਨ ਅਤੇ 1927 ਜਾਂ 1928 'ਚ ਉਹ ਲਾਹੌਰ ਦੀ ਗੱਦੀ 'ਤੇ ਰਾਜ ਕਰਨਗੇ ਅਤੇ ਖ਼ਾਲਸਾ ਰਾਜ ਪਰਤ ਆਵੇਗਾ।

## 209

### ਨਾਨੂੰ ਸਿੰਘ ਦਾ ਇਕਰਾਰਨਾਮਾ

(ਅਸਲ ਇਕਰਾਰਨਾਮਾ ਫ਼ਾਰਸੀ ਲਿਪੀ 'ਚ ਉਰਦੂ ਭਾਸ਼ਾ ਵਿੱਚ ਹੈ। ਇੱਥੇ ਇਸ ਨੂੰ ਰੋਮਨ ਲਿਪੀ 'ਚ ਦਿੱਤਾ ਜਾਂਦਾ ਹੈ)।

ਮੈਂ ਨਾਨੂੰ ਸਿੰਘ, ਪੰਜਾਬ ਇਲਾਕਾ ਪਟਿਆਲਾ, ਗਾਓਂ ਰੁੜਕੀ ਕਾ ਰਹਿਨੇ ਵਾਲਾ ਹਾਲ ਮੁਕਾਮ ਰੰਗੂਨ ਜੇਲ੍ਹ, ਯੇਹ ਇਕਰਾਰ ਕਰਤਾ ਹੂੰ ਔਰ ਸਨਦਨਾਮਾ ਭੀ ਲਿਖ ਦੇਤਾ ਹੂੰ। ਕਿਸ ਵਾਸਤੇ ਤੋ ਯੇਹ ਜੇਲ੍ਹ ਮੇਂ ਅਪਨੀ ਖ਼ੁਸ਼ੀ ਸੇ ਰਾਜ਼ੀ-ਓ-ਰਜ਼ਾਮੰਦੀ ਕੇ ਸਾਥ ਯਹਾਂ ਰਹੂੰਗਾ। ਔਰ ਖ਼ਿਦਮਤ ਮੇਂ ਰਾਜਾ ਸਾਹਿਬ ਅਪਨੇ ਗੁਰੂ ਕੇ ਹਮਰਾਹ ਬਿਲਾ ਉਜ਼ਰ ਬਤੌਰ ਕੈਦ ਕੇ ਰਹੂੰਗਾ। ਕਭੀ ਕੋਈ ਬਾਤ ਕਾ ਉਜ਼ਰ ਨਹੀਂ ਕਰੂੰਗਾ ਔਰ ਜਿਧਰ ਭੀ ਰਾਜਾ ਸਾਹਿਬ ਰਹੇਂਗੇ, ਉਧਰ ਮੈਂ ਭੀ ਰਹੂੰਗਾ। ਕਭੀ ਕੋਈ ਬਾਤ ਕਾ ਉਜ਼ਰ ਕਰੂੰ ਤੋ ਬਾਤਲ ਹੈ। ਇਸ ਵਾਸਤੇ ਯੇਹ ਸਨਦਨਾਮਾ ਲਿਖ ਦੇਤਾ ਹੂੰ। ਲਿਹਾਜ਼ਾ ਸਰਕਾਰ ਕੇ ਕਾਮ ਆਏ।

ਨਿਸ਼ਾਨ ਅੰਗੂਠਾ ਮਾਰਚ 1872
ਨਾਨੂੰ ਸਿੰਘ

ਹਸਤਾਖਰ /- ਨਾਨੂੰ ਸਿੰਘ ਸਿੱਖ
ਮੇਰੀ ਮੌਜੂਦਗੀ 'ਚ ਹਸਤਾਖਰ ਕੀਤੇ
ਹਸਤਾਖਰ
ਕਾਰਜਕਾਰੀ ਸੁਪਰਇੰਟੈਂਡੈਂਟ

## 210

ਵੱਲੋਂ

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

*ਨੰ. 192' 53 ਪੀ, ਮਿਤੀ 15 ਅਪ੍ਰੈਲ*

ਇਹ ਦੱਸਿਆ ਜਾਂਦਾ ਹੈ ਕਿ ਬਾਬਾ ਰਾਮ ਸਿੰਘ ਜੀ ਅਤੇ ਪੰਜਾਬ 'ਚ ਰਹਿੰਦੇ ਉਨ੍ਹਾਂ ਦੇ ਪੈਰੋਕਾਰਾਂ ਵਿਚਾਲੇ ਕਿਸੇ ਵੀ ਤਰ੍ਹਾਂ ਦੀ ਚਿੱਠੀ-ਪੱਤਰੀ ਕਲਕੱਤਾ ਲਈ ਰਵਾਨਾ ਕੀਤੇ ਜਾਣ ਤੋਂ ਪਹਿਲਾਂ ਚੀਫ਼ ਨੂੰ ਜ਼ਰੂਰ ਵਿਖਾਈ ਜਾਵੇ।

*ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ*

ਚੀਫ਼ ਕਮਿਸ਼ਨਰ ਨੂੰ ਸੂਚਿਤ ਕਰ ਦੇਵੋ ਕਿ ''ਇਹ ਵਧੀਆ ਰਹੇਗਾ ਕਿ ਬਾਬਾ ਰਾਮ ਸਿੰਘ ਜੀ ਤੇ ਪੰਜਾਬ 'ਚ ਰਹਿੰਦੇ ਉਨ੍ਹਾਂ ਦੇ ਪੈਰੋਕਾਰਾਂ ਵਿਚਾਲੇ ਕਿਸੇ ਵੀ

ਚਿੱਠੀ-ਪੱਤਰੀ 'ਤੇ ਨਜ਼ਰ ਰੱਖੀ ਜਾਵੇ ਕਿਉਂਕਿ ਉਸ ਤੋਂ ਕੋਈ ਲਾਹੇਵੰਦ ਜਾਣਕਾਰੀ ਮਿਲ ਸਕਦੀ ਹੈ। ਅਜਿਹੀ ਚਿੱਠੀ 'ਤੇ ''ਗੁਪਤ'' 'ਲਿਖ ਦਿੱਤਾ ਜਾਵੇ'।''

ਐੱਚ.ਡਬਲਿਊ.ਡਬਲਿਊ.
ਆਰ.ਸੀ.ਬੀ. 10 ਮਈ, 1872

## ਦਸਤਾਵੇਜ਼ 210-ਏ

ਬ੍ਰਿਟਿਸ਼ ਬਰਮਾ, ਨੰ. 239/53 ਪੀ.
ਸਿਆਸੀ ਵਿਭਾਗ।

ਵੱਲੋਂ

ਕ੍ਰੱਅਫ਼ੋਰਡ, ਬੀ. ਕੁਕੇ; ਐਸਕ.,
ਕਾਰਜਕਾਰੀ ਸਹਾਇਕ ਸਕੱਤਰ, ਮੁੱਖ ਕਮਿਸ਼ਨਰ।

ਵੱਲ

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ,
ਗ੍ਰਹਿ ਵਿਭਾਗ,
ਮਿਤੀ 11 ਮਈ, 1872.

ਸ੍ਰੀਮਾਨ ਜੀ,

ਮੈਨੂੰ ਚੀਫ਼ ਕਮਿਸ਼ਨਰ ਨੇ ਸਰਕਾਰੀ ਕੈਦੀ ਬਾਬਾ (ਗੁਰੂ) ਰਾਮ ਸਿੰਘ ਜੀ ਕੂਕਾ ਵੱਲੋਂ ਮੰਗੀਆਂ ਕਿਤਾਬਾਂ ਦੀ ਇੱਕ ਸੂਚੀ ਭੇਜਣ ਦੀ ਹਦਾਇਤ ਕੀਤੀ ਹੈ ਤੇ ਇਹ ਬੇਨਤੀ ਕਰਨ ਲਈ ਕਿਹਾ ਹੈ ਕਿ ਜੇ ਭਾਰਤ ਸਰਕਾਰ ਨੂੰ ਕੋਈ ਇਤਰਾਜ਼ ਨਾ ਹੋਵੇ, ਤਾਂ ਇਹ ਕਿਤਾਬਾਂ ਖ਼ਰੀਦ ਕੇ ਕੈਦੀ ਦੀ ਵਰਤੋਂ ਲਈ ਰੰਗੂਨ ਭੇਜ ਦਿੱਤੀਆਂ ਜਾਣ।

ਆਪ ਜੀ ਦੀ ਸੇਵਾ 'ਚ ਮਾਣ ਨਾਲ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਵਿਸ਼ਵਾਸਪਾਤਰ ਸੇਵਕ,
ਹਸਤਾਖਰ/- ਕ੍ਰੱਅਫ਼ੋਰਡ ਬੀ. ਕੁਕੇ,
ਕਾਰਜਕਾਰੀ ਸਹਾਇਕ ਸਕੱਤਰ।

''ਬਾਬਾ ਰਾਮ ਸਿੰਘ ਜੀ ਨੂੰ ਲੋੜੀਂਦੀਆਂ ਕਿਤਾਬਾਂ''। ਇੱਕ ਕਿਤਾਬ ਵੱਡੀ ਹੈ, ਜਿਸ ਦੀਆਂ ਦੋ ਪੋਥੀਆਂ ਹਨ:-

ਆਦਿ ਪੰਜ ਗ੍ਰੰਥੀ ਇਨ੍ਹਾਂ ਨਾਲ (ੳ) ਜਪੁਜੀ, (ਅ) ਬਾਣੀ ਰਹਿਰਾਸ, (ੲ) ਕੀਰਤਨ ਸੋਹਿਲਾ, (ਸ) ਇਬਾਰਤ ਪੜ੍ਹਨਯੋਗ ਨਹੀਂ, (ਹ) ਬਾਵਨ ਅੱਖਰੀ, (ਕ) ਸੁਖਮਨੀ, (ਖ) ਆਸਾ ਦੀ ਵਾਰ, (ਗ) ਨੌਵੇਂ ਗੁਰੂ ਕੇ ਸ਼ਬਦ ਔਰ ਸ਼ਲੋਕ।

ਪਹਿਲੀ ਪੋਥੀ 'ਚ ਉਪਰੋਕਤ ਅਧਿਆਇ ਹੋਣੇ ਚਾਹੀਦੇ ਹਨ, ਤਾਂ ਇਹ ਮੁਕੰਮਲ ਹੋਵੇਗੀ। ਉਸ 'ਚ ਕੋਈ ਗ਼ਲਤੀਆਂ ਨਹੀਂ ਹੋਣੀਆਂ ਚਾਹੀਦੀਆਂ। ਛਪੀ ਹੋਈ ਨਹੀਂ, ਸਗੋਂ ਇੱਕ ਹੱਥ-ਲਿਖਤ ਕਾਪੀ ਭੇਜਣ ਲਈ ਕਿਹਾ ਗਿਆ ਹੈ।

ਦੂਜੀ ਪੋਥੀ 'ਚ ਇਹ ਹੈ:

(ੳ) ਜਪੁਜੀ, (ਅ) ਅਕਾਲ ਉਸਤਤਿ, (ੲ) ਵਾਰ, (ਸ) ਚੰਡੀ ਚਰਿਤਰ ਸਵੈਯੇ, (ਹ) ਬਚਿੱਤਰ ਨਾਟਕ, (ਕ) ਗਿਆਨ ਪ੍ਰਬੋਧ, (ਖ) ਇਬਾਰਤ ਪੜ੍ਹਨਯੋਗ ਨਹੀਂ- ਸਵੈਯੇ।

ਇਹ ਦੋ ਪੋਥੀਆਂ ਜੇ ਕਲਕੱਤਾ 'ਚ ਨਾ ਮਿਲੀਆਂ, ਤਾਂ ਇਹ ਸਿੱਖ ਭਾਈਚਾਰੇ ਦੇ ਗੁਰੂ ਜੀ ਤੋਂ ਜ਼ਰੂਰ ਮਿਲ ਜਾਣਗੀਆਂ, ਅੰਮ੍ਰਿਤਸਰ 'ਚ ਮਿਲ ਸਕਦੀਆਂ ਹਨ।

ਜੇ ਇਹ ਕਿਤਾਬਾਂ ਮੁੱਲ ਨਾ ਮਿਲਦੀਆਂ ਹੋਣ, ਤਾਂ ਉਨ੍ਹਾਂ ਦੀ ਭਾਲ ਕੀਤੀ ਜਾਵੇ ਅਤੇ ਅਸਲ ਦੀ ਕਾਪੀ ਕਰ ਕੇ ਉਹ ਜ਼ਰੂਰ ਭੇਜੀਆਂ ਜਾਣ।

## 211

ਗ੍ਰਹਿ 1875 ਵਿਭਾਗ (ਨਿਆਂਇਕ)
ਸ਼ਿਮਲਾ, 17 ਜੂਨ, 1872

ਵੱਲ

ਸਕੱਤਰ, ਪੰਜਾਬ ਸਰਕਾਰ।

ਸ੍ਰੀਮਾਨ ਜੀ,

ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਦੇ ਪੱਤਰ ਨੰ. 239/53 ਪੀ., ਮਿਤੀ ਇਸੇ ਮਹੀਨੇ ਦੀ 11, ਦੀ ਇੱਕ ਕਾਪੀ ਨਾਲ ਭੇਜੀ ਜਾਂਦੀ ਹੈ, ਇਸ ਦੇ ਹਵਾਲੇ ਨਾਲ ਮੈਨੂੰ ਇਹ ਪੁੱਛਣ ਦੀ ਹਦਾਇਤ ਹੋਈ ਹੈ ਕਿ ਕੀ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਉਨ੍ਹਾਂ ਪੁਸਤਕਾਂ 'ਤੇ ਕੋਈ ਇਤਰਾਜ਼ ਤਾਂ ਨਹੀਂ, ਜੋ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਕੂਕਾ ਨੂੰ ਭੇਜਣ ਲਈ ਕਿਹਾ ਗਿਆ ਹੈ।

ਸਤਿਕਾਰ ਨਾਲ ਮੈਂ ਹਾਂ ਤੁਹਾਡਾ,
ਹਸਤਾਖਰ/-
ਕਾਰਜਕਾਰੀ ਅਧੀਨ ਸਕੱਤਰ।

## 212

ਵੱਲੋਂ

ਸੀ.ਯੂ. ਰਿਵਾਜ਼ ਐਸਕੁਆਇਰ,
ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ।

ਵੱਲ

ਇਬਾਰਤ ਪੜ੍ਹਨਯੋਗ ਨਹੀਂ,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ,
ਗ੍ਰਹਿ ਵਿਭਾਗ

ਮਿਤੀ ਸ਼ਿਮਲਾ, 28 ਜੂਨ, 1872

ਗ੍ਰਹਿ

ਸ੍ਰੀਮਾਨ ਜੀ,

ਇਸੇ ਮਹੀਨੇ ਦੀ 17 ਤਰੀਕ ਨੂੰ ਲਿਖੇ ਤੁਹਾਡੇ ਪੱਤਰ ਨੰ. 1981 ਦੇ ਜਵਾਬ ਵਿੱਚ, ਅਸਲ ਲਿਫ਼ਾਫ਼ਾ ਜੋ ਇਸ ਨਾਲ ਵਾਪਸ ਕੀਤਾ ਜਾਂਦਾ ਹੈ, ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ 'ਬਚਿੱਤਰ ਨਾਟਕ' ਨੂੰ ਛੱਡ ਕੇ ਬਾਕੀ ਸਾਰੀਆਂ ਕਿਤਾਬਾਂ ਬਾਬਾ ਰਾਮ ਸਿੰਘ ਜੀ ਤੱਕ ਪਹੁੰਚਾਉਣ ਵਿੱਚ ਕੋਈ ਇਤਰਾਜ਼ ਨਹੀਂ ਹੈ, ਜੋ ਉਨ੍ਹਾਂ ਮੰਗੀਆਂ ਹਨ।

ਮਾਣ ਨਾਲ ਮੈਂ ਹਾਂ

ਸ੍ਰੀਮਾਨ ਜੀ,

ਤੁਹਾਡਾ ਬੇਹੱਦ ਆਗਿਆਕਾਰ ਸੇਵਕ

ਹਸਤਾਖਰ

ਕਾਰਜਕਾਰੀ ਅਧੀਨ ਸਕੱਤਰ,

ਪੰਜਾਬ ਸਰਕਾਰ।

## 213

ਵੱਲ

ਸਕੱਤਰ, ਪੰਜਾਬ ਸਰਕਾਰ।

ਸ੍ਰੀਮਾਨ ਜੀ,

ਪਿਛਲੇ ਮਹੀਨੇ ਦੀ 28 ਤਰੀਕ ਨੂੰ ਲਿਖੇ ਤੁਹਾਡੇ ਪੱਤਰ ਨੰ. 2265 ਦੇ ਹਵਾਲੇ ਨਾਲ, ਮੈਨੂੰ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ, ਮਾਣਯੋਗ ਲੈਫ਼ਟੀਨੈਂਟ ਜਨਰਲ ਦੀ ਪ੍ਰਵਾਨਗੀ ਨਾਲ, ਤੁਸੀਂ ਬਾਬਾ ਰਾਮ ਸਿੰਘ ਜੀ ਵੱਲੋਂ ਮੰਗੀਆਂ ਸਾਰੀਆਂ ਪੁਸਤਕਾਂ (ਦੇਸੀ ਭਾਸ਼ਾ 'ਚ ਸੂਚੀ ਭੇਜੀ ਜਾਂਦੀ ਹੈ 18/7), 'ਬਚਿੱਤਰ ਨਾਟਕ' ਨੂੰ ਛੱਡ ਕੇ, ਹਾਸਲ ਕਰ ਕੇ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਭੇਜੋ।

ਮੈਂ ਹਾਂ ਵਿਸ਼ਵਾਸਪਾਤਰ,

ਹਸਤਾਖਰ

13 ਜੁਲਾਈ, 1872

ਨੰ. 1285

ਇਸ ਦੀ ਕਾਪੀ ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ, ਨਾਲ ਨੱਥੀ ਉਨ੍ਹਾਂ ਦੀ ਹੀ ਚਿੱਠੀ ਨੰ. 239/53ਪੀ, ਮਿਤੀ 11 ਮਈ ਦੇ ਹਵਾਲੇ ਨਾਲ।

*ਹਸਤਾਖਰ*

## 214

ਨੰ. 28, ਮਿਤੀ ਸ਼ਿਮਲਾ, 21 ਮਈ, 1872

ਵੱਲੋਂ

ਐੱਲ.ਐੱਚ. ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

ਮੈਨੂੰ ਪਿਛਲੇ ਮਹੀਨੇ ਦੀ 30 ਤਰੀਕ ਨੂੰ ਲਿਖੇ ਤੁਹਾਡੇ ਪੱਤਰ ਨੰ. 857 ’ਚ ਦਰਜ ਯਾਦ-ਪੱਤਰ ਵਿੱਚ ਹੋਈ ਇੱਕ ਤੱਥ ਦੀ ਗ਼ਲਤੀ ਵੱਲ ਧਿਆਨ ਦਿਵਾਉਣ ਦੀ ਹਦਾਇਤ ਹੋਈ ਹੈ, ਜੋ ਕੂਕਿਆਂ ਨੂੰ ਦਿੱਤੀ ਮੌਤ ਦੀ ਸਜ਼ਾ ਬਾਰੇ ਹੈ।

2. ਮਲੇਰਕੋਟਲਾ ’ਚ ਅੰਬਾਲਾ ਦੇ ਕਮਿਸ਼ਨਰ ਵੱਲੋਂ 16 ਕੈਦੀਆਂ ਨੂੰ ਮੌਤ ਦੀ ਸਜ਼ਾ ਫਾਂਸੀ ਦੇ ਕੇ ਨਹੀਂ, ਸਗੋਂ ਤੋਪਾਂ ਨਾਲ ਉਡਾ ਕੇ ਦਿੱਤੀ ਗਈ ਸੀ।

## 215

*ਤਾਰ* *ਮਿਤੀ 6 ਜੂਨ, 1872*

ਵੱਲੋਂ

ਵਾਇਸਰਾਏ, ਸ਼ਿਮਲਾ।

ਵੱਲ

ਵਿਦੇਸ਼ ਮੰਤਰੀ, ਲੰਦਨ।

ਕੂਕਿਆਂ ਨੂੰ ਮੌਤ ਦੀ ਸਜ਼ਾ ਬਾਰੇ ਡਿਸਪੈਚ ਨੰ. 28, ਮਿਤੀ 2 ਮਈ ਤੇ ਹੋਰ ਦਸਤਾਵੇਜ਼ ’ਚ ਸੋਧ ਦੀ ਜ਼ਰੂਰਤ ਹੈ। ਇਹ ਪਹਿਲੀ ਵਾਰ ਪਤਾ ਲੱਗਾ ਹੈ ਕਿ ਸ੍ਰੀ ਫ਼ਾਰਸਿਥ ਦੇ ਹੁਕਮਾਂ ਨਾਲ 16 ਵਿਅਕਤੀਆਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ, ਫਾਂਸੀ ਨਹੀਂ ਦਿੱਤੀ ਗਈ ਸੀ। ਚਿੱਠੀ ਅਗਲੀ ਡਾਕ ’ਚ।

ਨੰ. 980- ਕਾਪੀ ਡਾਕ ਰਾਹੀਂ

## 216

*ਨੰ. 34,* *ਮਿਤੀ ਸ਼ਿਮਲਾ, 10 ਜੂਨ, 1872*

ਵੱਲੋਂ

ਭਾਰਤ ਸਰਕਾਰ।

ਵੱਲ

ਮਹਾਰਾਣੀ ਦੇ ਸਕੱਤਰ, ਭਾਰਤ ਦੇਸ਼ ਲਈ।

ਇਸੇ ਮਹੀਨੇ ਦੀ 6 ਤਰੀਕ ਨੂੰ ਆਪ ਜੀ ਮਿਹਰਬਾਨ ਨੂੰ ਭੇਜੀ ਗਈ ਤਾਰ ਦੇ

ਹਵਾਲੇ ਨਾਲ, ਜਿਸ ਦੀ ਇੱਕ ਕਾਪੀ, ਆਪ ਜੀ ਮਿਹਰਬਾਨ ਦੀ ਜਾਣਕਾਰੀ ਲਈ, ਇਸੇ ਡਿਸਪੈਚ ਨਾਲ ਭੇਜਣ ਦਾ ਮਾਣ ਹਾਸਲ ਕੀਤਾ ਜਾਂਦਾ ਹੈ, ਚਿੱਠੀ-ਪੱਤਰੀ ਦੀਆਂ ਕਾਪੀਆਂ ਹਾਸ਼ੀਏ 'ਤੇ ਦਰਜ ਕੀਤੀਆਂ ਗਈਆਂ ਹਨ। ਆਪ ਜੀ ਮਿਹਰਬਾਨ ਨੂੰ ਇਨ੍ਹਾਂ ਦਸਤਾਵੇਜ਼ਾਂ ਤੋਂ ਪਤਾ ਚੱਲ ਜਾਵੇਗਾ ਕਿ ਹੁਣ ਸਾਨੂੰ ਪਹਿਲੀ ਵਾਰ ਜਾਣਕਾਰੀ ਮਿਲੀ ਹੈ ਕਿ ਮਲੇਰਕੋਟਲਾ 'ਚ ਅੰਬਾਲਾ ਦੇ ਕਮਿਸ਼ਨਰ ਸ੍ਰੀ ਫ਼ਾਰਸਿਥ ਦੇ ਹੁਕਮਾਂ ਨਾਲ 16 ਕੈਦੀਆਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ, ਉਨ੍ਹਾਂ ਨੂੰ ਫਾਂਸੀ ਨਹੀਂ ਦਿੱਤੀ ਗਈ ਸੀ ਅਤੇ ਇਹ ਵੀ ਕਿ ਅਸੀਂ ਉਨ੍ਹਾਂ ਹਾਲਾਤ ਦੀ ਵਿਆਖਿਆ ਮੰਗੀ ਹੈ, ਜਿਨ੍ਹਾਂ ਕਰਕੇ ਇਹ ਅਹਿਮ ਤੱਥ ਭਾਰਤ ਸਰਕਾਰ ਨੂੰ ਦੱਸਿਆ ਹੀ ਨਹੀਂ ਗਿਆ ਸੀ। ਇਹ ਸਪੱਸ਼ਟੀਕਰਣ ਮਿਲਣ 'ਤੇ, ਅਸੀਂ ਆਪ ਜੀ ਮਿਹਰਬਾਨ ਨੂੰ ਅਗਲੇਰੀਆਂ ਕਾਰਵਾਈਆਂ ਬਾਰੇ ਦੱਸਾਂਗੇ, ਜੋ ਵੀ ਅਸੀਂ ਕਰਨੀਆਂ ਜ਼ਰੂਰੀ ਸਮਝਾਂਗੇ।

1. ਸਕੱਤਰ ਵੱਲੋਂ ਪੰਜਾਬ ਸਰਕਾਰ ਨੂੰ, ਨੰ. 28, ਮਿਤੀ 21 ਮਈ, 1872
2. ਸਕੱਤਰ ਵੱਲੋਂ ਪੰਜਾਬ ਸਰਕਾਰ ਨੂੰ, ਨੰ. 1012, ਮਿਤੀ 10 ਜੂਨ, 1982

## 217

*ਨੰ. 1012* *ਮਿਤੀ ਸ਼ਿਮਲਾ - 10 ਜੂਨ, 1872*

*ਵੱਲੋਂ*

ਈ.ਸੀ. ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

*ਵੱਲ*

ਸਕੱਤਰ, ਪੰਜਾਬ ਸਰਕਾਰ।

*ਮਿਤੀ 11 ਮਈ, 1872*

ਮੈਨੂੰ ਪਿਛਲੇ ਮਹੀਨੇ ਦੀ 21 ਤਰੀਕ ਨੂੰ ਲਿਖੇ ਤੁਹਾਡੇ ਪੱਤਰ ਨੰ. 28 ਦਾ ਜਵਾਬ ਦੇਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਉਸ ਯਾਦ-ਪੱਤਰ 'ਚ ਦਰਜ ਇੱਕ ਗ਼ਲਤੀ ਨੂੰ ਉਭਾਰਿਆ ਗਿਆ ਸੀ, ਜੋ ਮੇਰੇ ਉਸ ਪੱਤਰ ਨੰ. 857, ਮਿਤੀ 30 ਅਪ੍ਰੈਲ ਦੇ ਨਾਲ ਮੌਜੂਦ ਸੀ, ਜੋ ਮਲੇਰਕੋਟਲਾ 'ਚ ਕੂਕਾ ਕੈਦੀਆਂ ਦੀ ਬਿਨਾਂ ਸੁਣਵਾਈ ਮੌਤ ਦੀ ਸਜ਼ਾ ਦੇਣ ਅਤੇ ਇਸ ਮਾਮਲੇ 'ਚ ਮੈਸ. ਕਾਵਨ ਤੇ ਫ਼ਾਰਸਿਥ ਦੇ ਵਿਵਹਾਰ ਨਾਲ ਸੰਬੰਧਤ ਸੀ। ਤੁਸੀਂ ਕਿਹਾ ਹੈ ਕਿ ''ਮਲੇਰਕੋਟਲਾ 'ਚ ਅੰਬਾਲਾ ਦੇ ਕਮਿਸ਼ਨਰ ਵੱਲੋਂ 16 ਕੈਦੀਆਂ ਨੂੰ ਤੋਪਾਂ ਨਾਲ ਉਡਾ ਕੇ ਮੌਤ ਦੀ ਸਜ਼ਾ ਦਿੱਤੀ ਗਈ ਸੀ, ਫਾਂਸੀ ਦੇ ਕੇ ਨਹੀਂ।''

2. ਗਵਰਨਰ ਜਨਰਲ-ਇਨ-ਕੌਂਸਲ ਨੂੰ ਪਹਿਲੀ ਵਾਰ ਮਿਲੇ ਇਸ ਸੰਦੇਸ਼ ਤੋਂ ਡਾਢੀ ਹੈਰਾਨੀ ਹੋਈ ਹੈ ਅਤੇ ਹੁਣ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਹ ਪਤਾ ਲਾਇਆ ਜਾਵੇ ਕਿ ਇਸ ਦਰਦਨਾਕ ਮਾਮਲੇ ਬਾਰੇ ਪਿਛਲੀ ਚਿੱਠੀ-ਪੱਤਰੀ ਨੂੰ ਜ਼ਰੂਰ ਵੇਖਿਆ

ਜਾਵੇ, ਜੇ ਸੰਭਵ ਹੋਵੇ, ਮਹਾਮਹਿਮ-ਇਨ-ਕੌਂਸਲ ਦੇ ਮਨ 'ਚ ਅਜਿਹਾ ਪ੍ਰਭਾਵ ਕਿਵੇਂ ਸਿਰਜਿਆ ਗਿਆ ਕਿ 16 ਕੈਦੀਆਂ ਨੂੰ ਸਾਧਾਰਣ ਤਰੀਕੇ ਫਾਂਸੀ ਰਾਹੀਂ ਮੌਤ ਦੀ ਸਜ਼ਾ ਦਿੱਤੀ ਗਈ ਸੀ।

3. ਪਹਿਲੀ ਨਜ਼ਰੇ ਇੰਝ ਜਾਪਦਾ ਹੈ ਕਿ ਸ੍ਰੀ ਕਾਵਨ ਦੇ ਹੁਕਮਾਂ ਨਾਲ 49 ਕੈਦੀਆਂ ਨੂੰ ਦਿੱਤੀ ਗਈ ਮੌਤ ਦੀ ਸਜ਼ਾ ਬਾਰੇ ਵਾਰ-ਵਾਰ ਇਹ ਜ਼ਿਕਰ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ, ਚਿੱਠੀ-ਪੱਤਰੀ 'ਚ ਕਿਤੇ ਇੱਕ ਵਾਰ ਵੀ ਜ਼ਿਕਰ ਨਹੀਂ ਸੀ ਕਿ ਸ੍ਰੀ ਫ਼ਾਰਸਿਥ ਦੀ ਮਨਜ਼ੂਰੀ ਨਾਲ 16 ਕੈਦੀਆਂ ਨੂੰ ਦਿੱਤੀ ਗਈ ਮੌਤ ਦੀ ਸਜ਼ਾ ਲਈ ਇਹ ਮੱਦ ਨਹੀਂ ਵਰਤੀ ਗਈ ਸੀ। ਇਸੇ ਲਈ ਮੁਢਲਾ ਪ੍ਰਭਾਵ ਇਹੋ ਸਿਰਜਿਆ ਗਿਆ ਸੀ ਕਿ ਉਨ੍ਹਾਂ ਨੂੰ ਸਾਧਾਰਣ ਤਰੀਕੇ ਮੌਤ ਦੀ ਸਜ਼ਾ ਦਿੱਤੀ ਗਈ ਸੀ। ਇਹ ਪ੍ਰਭਾਵ ਕਰਨਲ ਪਰਕਿਨ ਦੀ 6 ਫ਼ਰਵਰੀ* ਵਾਲੀ ਰਿਪੋਰਟ ਤੋਂ ਹੋਰ ਮਜ਼ਬੂਤ ਹੋ ਗਿਆ ਸੀ, ਜਿਸ ਵਿੱਚ ਉਹ ਆਖਦੇ ਹਨ – ''ਡਿਪਟੀ ਕਮਿਸ਼ਨਰ ਵੱਲੋਂ ਗ੍ਰਿਫ਼ਤਾਰ ਕੀਤੇ 68 ਜਣਿਆਂ 'ਚੋਂ 50 ਨੂੰ ਤੁਰੰਤ ਤੋਪਾਂ ਨਾਲ ਉਡਾਉਣ ਨਾਲ ਮੌਤ ਦੀ ਸਜ਼ਾ ਦੇਣ ਦਾ ਫ਼ੈਸਲਾ ਕੀਤਾ ਗਿਆ ਅਤੇ ਬਾਕੀਆਂ ਨੂੰ ਮਲੌਦ ਜਾ ਕੇ ਫਾਂਸੀ ਦੇਣੀ ਸੀ।'' ਇਸ ਚਿੱਠੀ ਦੇ ਬਾਅਦ ਦੇ ਭਾਗ ਵਿੱਚ ਕਰਨਲ ਪਰਕਿਨਜ਼ ਲਿਖਦੇ ਹਨ ਕਿ ਬਾਕੀ ਦੇ ਕੈਦੀਆਂ ਨੂੰ ਰਸਮੀ ਸੁਣਵਾਈ ਤੋਂ ਬਾਅਦ ਮੌਤ ਦੀ ਸਜ਼ਾ ਦਿੱਤੀ ਜਾਣੀ ਸੀ ਪਰ ਕਿਤੇ ਇਹ ਜ਼ਿਕਰ ਨਹੀਂ ਕੀਤਾ ਸੀ ਕਿ ਉਨ੍ਹਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ।

*ਪੰਜਾਬ ਸਰਕਾਰ ਵੱਲੋਂ ਭਾਰਤ ਸਰਕਾਰ ਨੂੰ ਭੇਜੇ ਪੱਤਰ ਨਾਲ ਮੌਜੂਦ ਦਸਤਾਵੇਜ਼, ਨੰ. 914, ਮਿਤੀ 15 ਮਾਰਚ, 1872

4. ਦੋਬਾਰਾ, ਤੁਹਾਡਾ ਪੱਤਰ ਨੰ. 23ਸੀ, ਮਿਤੀ 19 ਜਨਵਰੀ, ਸਿਰਫ਼ ਇਹੋ ਦੱਸਦਾ ਹੈ ਕਿ ਸ੍ਰੀ ਫ਼ਾਰਸਿਥ ਨੇ ਕੋਟਲਾ 'ਚ ਰਸਮੀ ਸੁਣਵਾਈ ਤੋਂ ਬਾਅਦ 16 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ। ਤੁਹਾਡੇ ਪੱਤਰ ਨੰ. 36ਸੀ ਮਿਤੀ 26 ਜਨਵਰੀ 'ਚ ਇਹ ਦੱਸਿਆ ਗਿਆ ਸੀ ਕਿ ਸ੍ਰੀ ਫ਼ਾਰਸਿਥ ਨੇ 16 ਹੋਰ ਕੈਦੀਆਂ ਨੂੰ ਸੁਣਵਾਈ ਤੋਂ ਬਾਅਦ ਮੌਤ ਦੀ ਸਜ਼ਾ ਦੇ ਦਿੱਤੀ ਸੀ ਅਤੇ ਸ੍ਰੀ ਫ਼ਾਰਸਿਥ ਵੀ ਆਪਣੇ 22 ਜਨਵਰੀ ਦੇ ਪੱਤਰ ਵਿੱਚ 16 ਵਿਅਕਤੀਆਂ ਨੂੰ ਨਿਆਂਇਕ ਸੁਣਵਾਈ ਤੋਂ ਬਾਅਦ ਮੌਤ ਦੀ ਸਜ਼ਾ ਦਿੱਤੇ ਜਾਣ ਦੀ ਗੱਲ ਕਰਦੇ ਹਨ।

5. ਮੈਂ ਹੋਰ ਵੀ ਖ਼ਾਸ ਤੌਰ 'ਤੇ ਸ੍ਰੀ ਫ਼ਾਰਸਿਥ ਦੇ 19 ਜਨਵਰੀ ਵਾਲੇ ਪੱਤਰ ਵੱਲ ਤੁਹਾਡਾ ਧਿਆਨ ਦਿਵਾਉਂਦਾ ਹਾਂ, ਜਿਸ ਦੇ ਪੈਰਾ 7 'ਚ ਸ੍ਰੀ ਕਾਵਨ ਦੇ ਹੁਕਮ ਨਾਲ ਦਿੱਤੀਆਂ ਮੌਤ ਦੀਆਂ ਸਜ਼ਾਵਾਂ ਬਾਰੇ ਉਹ ਇੰਝ ਲਿਖਦੇ ਹਨ – ''ਕੋਟਲਾ 'ਚ ਇੰਨੇ ਜ਼ਿਆਦਾ ਵਿਅਕਤੀਆਂ ਨੂੰ ਫਾਂਸੀ ਦੇਣ ਦੇ ਕੋਈ ਇੰਤਜ਼ਾਮ ਨਹੀਂ ਹਨ ਅਤੇ ਇਸ ਮਾਮਲੇ ਦੇ ਹਾਲਾਤ 'ਤੇ ਵਿਚਾਰ ਕਰਦਿਆਂ ਅਤੇ ਇਹ ਸਥਾਨਕ ਰਿਆਸਤ 'ਚ ਵਾਪਰ ਰਿਹਾ ਹੈ, ਸ੍ਰੀ ਕਾਵਨ ਨੇ ਇਨ੍ਹਾਂ ਵਿਅਕਤੀਆਂ ਨੂੰ ਉਨ੍ਹਾਂ ਪਿਛਲੀਆਂ

ਮਿਸਾਲਾਂ ਦੇ ਆਧਾਰ 'ਤੇ ਤੋਪਾਂ ਨਾਲ ਉਡਾਇਆ ਸੀ, ਜਿਵੇਂ 1857 ਦੌਰਾਨ ਵੱਡੀ ਗਿਣਤੀ 'ਚ ਬਾਗ਼ੀਆਂ ਨੂੰ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਸਨ।'' ਇਸ ਪ੍ਰਕਾਰ ਫਾਂਸੀ ਦੀ ਸਜ਼ਾ ਦੀ ਵਿਧੀ ਵਰਤਣ ਲਈ ਸ੍ਰੀ ਕਾਵਨ ਦੀ ਕਾਰਵਾਈ ਨੂੰ ਮੁਆਫ਼ ਕਰਦਿਆਂ ਸ੍ਰੀ ਫ਼ਾਰਸਿਥ ਨੇ ਅਗਲੇ ਹੀ ਪੈਰੇ ਵਿੱਚ ਬਾਕੀ ਰਹਿੰਦੇ 16 ਕੈਦੀਆਂ ਬਾਰੇ ਕੁਝ ਇੰਝ ਬਿਆਨ ਕੀਤਾ ਸੀ: ਬਾਕੀ ਦੇ 16 ਕੈਦੀਆਂ ਦੀ ਨਿਯਮਤ ਸੁਣਵਾਈ ਸ੍ਰੀ ਕਾਵਨ ਨੇ ਮਲੇਰਕੋਟਲਾ ਰਿਆਸਤ ਦੇ ਨਾਜ਼ਿਮ ਤੇ ਤਹਿਸੀਲਦਾਰ ਨਾਲ ਨਿਆਂਇਕ ਬੈਂਚ ਵਜੋਂ ਤੇ ਉਸੇ ਲਈ ਕੀਤੀ ਸੀ। ਉਹ ਕਾਰਵਾਈਆਂ ਰਸਮੀ ਤੌਰ 'ਤੇ ਰਿਕਾਰਡ ਵਿੱਚ ਰੱਖੀਆਂ ਗਈਆਂ ਸਨ ਅਤੇ ਉਨ੍ਹਾਂ ਨੂੰ ਦਿੱਤੀ ਗਈ ਮੌਤ ਦੀ ਸਜ਼ਾ ਯੂਰੋਪੀਅਨ ਅਧਿਕਾਰੀਆਂ ਤੇ ਮਲੇਰਕੋਟਲਾ ਤੇ ਲਾਗਲੀਆਂ ਰਿਆਸਤਾਂ ਦੇ ਅਧਿਕਾਰੀਆਂ ਦੀ ਮੌਜੂਦਗੀ 'ਚ ਦਿੱਤੀ ਗਈ ਸੀ।''

ਇੰਝ ਇਹ ਵੇਖਿਆ ਜਾਵੇਗਾ ਕਿ ਸ੍ਰੀ ਫ਼ਾਰਸਿਥ ਨੇ ਜਿੱਥੇ ਸ੍ਰੀ ਕਾਵਨ ਵੱਲੋਂ ਵਰਤੀ ਗਈ ਸਜ਼ਾ ਦੇਣ ਦੀ ਵਿਧੀ ਨੂੰ ਜਿੱਥੇ ਬਿਆਨੀਆ ਤੌਰ 'ਤੇ ਬਚਾਇਆ, ਉੱਥੇ ਆਪਣੇ ਵੱਲੋਂ ਦਿੱਤੀ ਸਜ਼ਾ ਦਾ ਕੋਈ ਜ਼ਿਕਰ ਨਹੀਂ ਕੀਤਾ।

6. ਮੈਂ ਸ੍ਰੀ ਫ਼ਾਰਸਿਥ ਦੇ ਪੱਤਰ ਨੰ. 153 ਮਿਤੀ 8 ਅਪ੍ਰੈਲ, 1872 ਦੇ ਪੈਰਿਆਂ 7 ਤੋਂ 9 ਨੰ. ਤੱਕ ਦਾ ਹਵਾਲਾ ਵੀ ਦਿੰਦਾ ਹਾਂ। ਇਸ ਚਿੱਠੀ ਵਿੱਚ ਸ੍ਰੀ ਫ਼ਾਰਸਿਥ ਦੀ ਭਾਸ਼ਾ ਤੋਂ ਕੋਈ ਵੀ ਇਹ ਸਮਝੇਗਾ ਕਿ ਉਨ੍ਹਾਂ ਨੇ ਸਾਧਾਰਣ ਕਾਰਜ-ਵਿਧੀ ਨੂੰ ਨਹੀਂ ਅਪਣਾਇਆ ਸੀ।

7. ਮੈਂ ਇਹ ਬੇਨਤੀ ਕਰਦਾ ਹਾਂ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੇ ਹੁਕਮ ਨਾਲ ਸ੍ਰੀ ਫ਼ਾਰਸਿਥ ਨੂੰ ਇਹ ਸਪੱਸ਼ਟ ਕਰਨ ਲਈ ਸੱਦਿਆ ਜਾਵੇ ਕਿ ਇੰਨਾ ਅਹਿਮ ਤੱਥ ਰਿਪੋਰਟ ਕਿਉਂ ਨਹੀਂ ਕੀਤਾ ਗਿਆ ਸੀ। ਇਸ ਦੇ ਨਾਲ ਹੀ ਜੇ ਸ੍ਰੀ ਫ਼ਾਰਸਿਥ ਸਜ਼ਾ ਦੀ ਵਿਧੀ ਅਪਨਾਉਣ ਦੇ ਆਪਣੇ ਕਿਸੇ ਕਾਰਣਾਂ ਦਾ ਕੋਈ ਹੋਰ ਸਪੱਸ਼ਟੀਕਰਣ ਦੇਣਾ ਚਾਹੁਣ, ਤਾਂ ਉਨ੍ਹਾਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਹੈ। ਗਵਰਨਰ ਜਨਰਲ-ਇਨ-ਕੌਂਸਲ ਇਹ ਵੀ ਜਾਣਨਾ ਚਾਹੁੰਦੇ ਹਨ ਕਿ ਇਨ੍ਹਾਂ ਤੱਥਾਂ ਬਾਰੇ ਪਹਿਲਾਂ ਪੰਜਾਬ ਸਰਕਾਰ ਨੂੰ ਕਦੋਂ ਤੇ ਕਿਵੇਂ ਦੱਸਿਆ ਗਿਆ ਸੀ; ਅਤੇ ਮੈਂ ਇਹ ਬੇਨਤੀ ਕਰਦਾ ਹਾਂ ਕਿ ਜੇ ਇਸ ਵਿਸ਼ੇ 'ਤੇ ਅਜਿਹੀ ਕੋਈ ਹੋਰ ਚਿੱਠੀ-ਪੱਤਰੀ ਹੋਵੇ, ਜੋ ਪਹਿਲਾਂ ਭਾਰਤ ਸਰਕਾਰ ਸਾਹਮਣੇ ਨਹੀਂ ਰੱਖੀ ਗਈ, ਉਹ ਹੁਣ ਪੇਸ਼ ਕੀਤੀ ਜਾ ਸਕਦੀ ਹੈ।

8. ਮੈਨੂੰ ਇਹ ਪਤਾ ਲਾਉਣ ਦੀ ਵੀ ਹਦਾਇਤ ਹੋਈ ਹੈ ਕਿ ਕੀ ਕਮਿਸ਼ਨਰ ਸ੍ਰੀ ਫ਼ਾਰਸਿਥ ਵੱਲੋਂ 16 ਕੈਦੀਆਂ ਨੂੰ ਮੌਤ ਦੀ ਸਜ਼ਾ ਦੇਣ ਲਈ ਅਪਣਾਈ ਗਈ ਵਿਧੀ ਮਲੇਰਕੋਟਲਾ 'ਚ ਅਪਰਾਧਕ ਨਿਆਂ ਦੇ ਪ੍ਰਸ਼ਾਸਨ ਲਈ ਲਾਗੂ ਨਿਯਮਾਂ ਅਧੀਨ ਕਾਨੂੰਨੀ ਸੀ। ਇਹ ਜ਼ਰੂਰੀ ਹੈ ਕਿ ਇਹ ਨੁਕਤਾ ਪੂਰੀ ਤਰ੍ਹਾਂ ਸਪੱਸ਼ਟ ਕੀਤਾ ਜਾਵੇ ਕਿਉਂਕਿ ਗਵਰਨਰ ਜਨਰਲ-ਇਨ-ਕੌਂਸਲ ਨੇ ਤਦ ਹੀ ਇਹ ਸਮਝ ਲਿਆ ਸੀ, ਜੋ ਉਨ੍ਹਾਂ 30 ਅਪ੍ਰੈਲ ਦੇ ਮੇਰੇ ਪੱਤਰ ਦੇ ਪੈਰਾ 29 ਵਿੱਚ ਆਖਿਆ ਸੀ ਕਿ ''ਸ੍ਰੀ ਫ਼ਾਰਸਿਥ ਬਿਨਾਂ ਸ਼ੱਕ ਕਿਸੇ ਵੀ ਗ਼ੈਰ-ਕਾਨੂੰਨੀ ਕਾਰਵਾਈ ਦੇ ਅਪਰਾਧੀ ਨਹੀਂ ਹਨ।''

## 218

### ਮਲੇਰਕੋਟਲਾ ’ਚ 16 ਕੂਕਾ ਕੈਦੀਆਂ ਨੂੰ ਮੌਤ ਦੀ ਸਜ਼ਾ

*ਮਿਤੀ ਸ਼ਿਮਲਾ, 17 ਜੂਨ, 1872*

ਵੱਲੋਂ

ਟੀ.ਡੀ. ਫ਼ਾਰਸਿਥ ਐਸਕ., ਸੀਬੀ,
ਕਮਿਸ਼ਨਰ ਅਤੇ ਸੁਪਰਇੰਟੈਂਡੈਂਟ, ਅੰਬਾਲਾ ਡਿਵੀਜ਼ਨ।

ਵੱਲ

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਮੈਨੂੰ ਭਾਰਤ ਸਰਕਾਰ ਦੇ ਸਕੱਤਰ ਈ.ਸੀ. ਬੇਲੀ ਐਸਕ. ਦੇ ਪੱਤਰ ਨੰ. 1012, ਮਿਤੀ 10 ਜੂਨ ਦਾ ਜਵਾਬ ਦੇਣ ਦਾ ਮਾਣ ਹਾਸਲ ਹੋਇਆ ਹੈ, ਜੋ ਤੁਹਾਡੀ ਕਾਰਜ-ਸੂਚੀ ਨੰ. 208, ਮਿਤੀ 12 ਜੂਨ ਦੇ ਨਾਲ ਭੇਜਿਆ ਜਾਂਦਾ ਹੈ।

2. ਮੈਨੂੰ ਬੇਹੱਦ ਅਫ਼ਸੋਸ ਹੈ, ਜੇ ਮੁਢਲੇ ਪੜਾਅ ਦੀਆਂ ਕਾਰਵਾਈਆਂ ਲਿਖਣ ਵਿੱਚ ਕੋਈ ਗ਼ਲਤੀ ਰਹਿ ਗਈ ਅਤੇ ਉਸ ਕਾਰਣ ਦਿੱਤੀ ਗਈ ਮੌਤ ਦੀ ਸਜ਼ਾ ਦੀ ਵਿਧੀ ਬਾਰੇ ਕੋਈ ਸ਼ੱਕ ਪੈਦਾ ਹੋ ਗਿਆ ਹੈ। ਜਦੋਂ ਮੈਂ 19 ਜਨਵਰੀ ਨੂੰ ਚਿੱਠੀ ਲਿਖੀ ਸੀ, ਤਾਂ ਮੈਂ ਸੋਚਿਆ ਸੀ ਕਿ ਮੈਂ ਬਿਲਕੁਲ ਸਪੱਸ਼ਟ ਤਰੀਕੇ ਨਾਲ ਇਹ ਵਿਆਖਿਆ ਕਰ ਦਿੱਤੀ ਸੀ ਕਿ ਕੋਟਲਾ ’ਚ ਇੰਨੀ ਵੱਡੀ ਗਿਣਤੀ ’ਚ ਵਿਅਕਤੀਆਂ ਨੂੰ ਫਾਂਸੀ ਦੇਣ ਦੇ ਕੋਈ ਇੰਤਜ਼ਾਮ ਨਹੀਂ ਸਨ ਅਤੇ 7ਵੇਂ ਪੈਰੇ ਤੋਂ ਇਹ ਸਮਝ ਆ ਗਈ ਹੋਣੀ ਹੈ ਕਿ ਸਭ ਨੂੰ ਤੋਪਾਂ ਨਾਲ ਉਡਾ ਕੇ ਮੌਤ ਦੀ ਸਜ਼ਾ ਦੇਣ ਦੀ ਵਿਧੀ ਅਪਣਾਈ ਗਈ ਸੀ। ਜੇ ਕਿਤੇ 16 ਵਿਅਕਤੀਆਂ ਨੂੰ ਫਾਂਸੀ ਦੇਣ ਦੇ ਇੰਤਜ਼ਾਮ ਮੌਜੂਦ ਹੁੰਦੇ, ਤਾਂ ਤਿੰਨ ਬੈਚਾਂ ਵਿੱਚ ਉਨ੍ਹਾਂ ਨੂੰ ਤਿੰਨ ਵਾਰ ਫਾਂਸੀ ਦੇ ਦਿੱਤੀ ਜਾਂਦੀ ਅਤੇ ਮੈਂ ਇਸ ਮਾਮਲੇ ਦੀ ਹੋਰ ਵਿਆਖਿਆ ਕਰਨੀ ਚਾਹਾਂਗਾ ਕਿ ਮੈਨੂੰ ਫਾਂਸੀ ਦੀ ਸਜ਼ਾ ਨੂੰ ਤਰਜੀਹ ਦੇਣੀ ਚਾਹੀਦੀ ਸੀ।

3. ਪਰ ਸੱਚਾਈ ਇਹੋ ਹੈ ਕਿ ਮੇਰੇ ਮਨ ’ਚ ਕਦੇ ਵੀ ਇਹ ਨਹੀਂ ਆਇਆ ਕਿ ਇਸ ਮੁੱਦੇ ’ਤੇ ਕੋਈ ਸ਼ੱਕ ਪੈਦਾ ਹੋ ਸਕਦਾ ਹੈ; ਕਿਉਂਕਿ ਮੇਰੇ ਚਿੱਠੀ ਲਿਖਣ ਤੋਂ ਪਹਿਲਾਂ ਕਰਨਲ ਪਰਕਿਨਜ਼ ਨੇ 18 ਜਨਵਰੀ ਦੀ ਰਾਤ ਨੂੰ ਹੀ ਕੋਟਲਾ ਤੋਂ ਇਹ ਸੰਦੇਸ਼ ਭੇਜ ਦਿੱਤਾ ਸੀ, ਜੋ ਉਸ ਨੇ ਮੈਨੂੰ ਵਿਖਾਇਆ ਸੀ, ਜਿਸ ਵਿੱਚ ਇਹ ਤੱਥ ਬਿਆਨ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਉਸ ਨੇ ਉਸੇ ਤਰੀਕ ਨੂੰ ਦੀ ਡਾਇਰੀ ਵਿੱਚ ਇਸ ਬਾਰੇ ਰਿਪੋਰਟ ਕੀਤੀ ਸੀ, ਜੋ ਤੁਹਾਡੇ ਤੱਕ ਜ਼ਰੂਰ 20 ਜਨਵਰੀ ਨੂੰ ਪੁੱਜੀ ਹੋਵੇਗੀ। ਮੈਂ ਤੁਹਾਡੇ ਪੱਤਰ ਨੰ. 77ਸੀ, ਮਿਤੀ 14 ਫ਼ਰਵਰੀ ਦੇ ਪੈਰਾ 2 ਦਾ ਹਵਾਲਾ ਦੇਣਾ ਚਾਹੁੰਦਾ ਹਾਂ, ਜਿਸ ਵਿੱਚ ਤੁਸੀਂ ਮੈਨੂੰ ਦੱਸਿਆ ਸੀ ਕਿ ਪੁਲਿਸ ਰਿਪੋਰਟ ਤੋਂ ਮਾਣਯੋਗ ਸਾਹਿਬ ਇਹ ਸਮਝਦੇ ਹਨ ਕਿ ਇਨ੍ਹਾਂ ਵਿਅਕਤੀਆਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ।

15 ਫ਼ਰਵਰੀ ਨੂੰ, ਮੈਂ ਤੁਹਾਡੇ ਪੱਤਰ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ‘‘ਇਨ੍ਹਾਂ ਵਿਅਕਤੀਆਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ।’’

4. ਤਦ ਸਾਰੇ ਸ਼ੱਕ ਖ਼ਤਮ ਹੋ ਗਏ ਸਨ, ਜਦੋਂ ਮੈਂ 15 ਫ਼ਰਵਰੀ ਨੂੰ ਸਤਿਕਾਰ ਨਾਲ ਬੇਨਤੀ ਕੀਤੀ ਸੀ ਕਿ ਭਾਰਤ ਸਰਕਾਰ ਦੇ ਸਕੱਤਰ ਦੀ ਚਿੱਠੀ ਵਿੱਚ ਅਨਿਸ਼ਚਿਤਤਾ ਝਲਕਦੀ ਸੀ; ਜਦੋਂ ਤੁਹਾਡਾ ਪੱਤਰ ਨੰ. 914, 15 ਮਾਰਚ ਪ੍ਰਾਪਤ ਹੋਇਆ ਸੀ, ਉਹ ਮੇਰਾ ਚਾਰਜ ਨਹੀਂ ਹੋ ਸਕਦਾ।

ਇਸੇ ਤਰ੍ਹਾਂ ਸਕੱਤਰ ਦੇ ਪੱਤਰ ਦੇ 6ਵੇਂ ਪੈਰੇ 'ਚ ਸੀ, ਜਦੋਂ ਪੰਜਾਬ ਸਰਕਾਰ ਕੋਲ ਸੱਚਾਈ ਸੀ, ਮੈਂ ਸਤਿਕਾਰ ਨਾਲ ਇਹ ਬਿਆਨ ਕਰਦਾ ਹਾਂ ਕਿ ਇਹ ਨਹੀਂ ਸਮਝਿਆ ਜਾ ਸਕਦਾ ਕਿ 8 ਅਪ੍ਰੈਲ ਨੂੰ ਲਿਖਦੇ ਸਮੇਂ ਤੱਥ ਲੁਕਾਉਣ ਦੀ ਕੋਈ ਕੋਸ਼ਿਸ਼ ਕੀਤੀ ਗਈ ਸੀ ਅਤੇ ਮੈਨੂੰ ਇਸ ਤੋਂ ਡਾਢਾ ਦੁੱਖ ਹੋਇਆ ਹੈ ਕਿ ਭਾਰਤ ਸਰਕਾਰ ਨੇ ਮੇਰੀਆਂ ਕਾਰਵਾਈਆਂ ਤੋਂ ਇਹੋ ਜਿਹਾ ਵਿਚਾਰ ਬਣਾਇਆ ਹੈ।

5. ਜਿੱਥੋਂ ਤੱਕ ਸਜ਼ਾ ਦੀ ਇਹ ਵਿਧੀ ਅਪਨਾਉਣ ਦੇ ਕਾਰਣਾਂ ਦਾ ਸਬੰਧ ਹੈ, ਮੈਂ ਪਹਿਲਾਂ ਹੀ ਆਖ ਚੁੱਕਾ ਹਾਂ ਕਿ ਉੱਥੇ ਵੱਡੀ ਗਿਣਤੀ 'ਚ ਫਾਂਸੀ ਦੇਣ ਦਾ ਕੋਈ ਵਾਜਬ ਇੰਤਜ਼ਾਮ ਨਹੀਂ ਸੀ, ਅਸਲ ਵਿੱਚ ਮੈਂ ਧਿਆਨ ਨਾਲ ਨਿਜੀ ਤੌਰ 'ਤੇ ਜਾਂਚ ਕੀਤੀ ਸੀ। ਉਨ੍ਹਾਂ ਨੂੰ ਇਸ ਮੰਤਵ ਲਈ ਲੁਧਿਆਣਾ ਭੇਜਣਾ ਅਨਿਯਮਤ ਹੁੰਦਾ ਕਿਉਂਕਿ ਜਿਸ ਅਪਰਾਧ ਲਈ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ, ਉਹ ਇੱਕ ਸਥਾਨਕ ਰਿਆਸਤ 'ਚ ਵਾਪਰਿਆ ਸੀ ਅਤੇ ਉਸ ਲਈ ਸਜ਼ਾ ਵੀ ਉੱਥੇ ਹੀ ਮਿਲਣੀ ਚਾਹੀਦੀ ਸੀ ਅਤੇ ਇਹ ਮੰਨਿਆ ਜਾ ਸਕਦਾ ਹੈ ਕਿ ਤੇਜ਼ੀ ਨਾਲ ਅਜਿਹੇ ਇੰਤਜ਼ਾਮ ਕੀਤੇ ਜਾ ਸਕਦੇ ਸਨ। ਮੇਰਾ ਪਹਿਲਾਂ ਦਰਦਨਾਕ ਤਜਰਬਾ ਰਿਹਾ ਹੈ ਕਿ ਜੇ ਫਾਂਸੀ ਦੀ ਸਜ਼ਾ ਉਚਿਤ ਢੰਗ ਨਾਲ ਨਾ ਦਿੱਤੀ ਜਾਵੇ, ਤਾਂ ਉਸ ਨਾਲ ਪੀੜਤ ਨੂੰ ਲੰਮਾ ਸਮਾਂ ਤਸ਼ੱਦਦ ਝੱਲਣਾ ਪੈਂਦਾ ਹੈ ਅਤੇ ਆਲੇ-ਦੁਆਲੇ ਖੜ੍ਹੇ ਦਰਸ਼ਕਾਂ 'ਤੇ ਬੜਾ ਖ਼ੌਫ਼ਨਾਕ ਅਸਰ ਪੈਂਦਾ ਹੈ ਪਰ ਵਧੇਰੇ ਤੇਜ਼ੀ ਨਾਲ ਕੀਤੀ ਕਾਰਵਾਈ 'ਚ ਅਜਿਹਾ ਕੁਝ ਨਹੀਂ ਹੁੰਦਾ।

6. ਜਿੱਥੋਂ ਤੱਕ ਇਸ ਕਾਰਜ-ਵਿਧੀ ਦੀ ਕਾਨੂੰਨੀ ਵੈਧਤਾ ਦਾ ਸੁਆਲ ਹੈ, ਅਪਰਾਧਕ ਕਾਰਵਾਈ ਦਾ ਜ਼ਾਬਤਾ ਮਲੇਰਕੋਟਲਾ ਰਿਆਸਤ 'ਤੇ ਲਾਗੂ ਨਹੀਂ ਹੁੰਦਾ ਅਤੇ ਉੱਥੇ ਇਸ ਨੁਕਤੇ ਬਾਰੇ ਕੋਈ ਕਾਨੂੰਨ ਨਹੀਂ ਹੈ, ਇਸ ਲਈ ਮੌਤ ਦੀ ਸਜ਼ਾ ਦੀ ਇਹ ਵਿਧੀ ਗ਼ੈਰ-ਕਾਨੂੰਨੀ ਨਹੀਂ ਸੀ।

ਅਤੇ ਅਪਰਾਧ ਵੀ ਮਹਿਜ਼ ਕਤਲ ਨਹੀਂ ਸੀ, ਸਗੋਂ ਕਤਲ ਨਾਲ ਸਰਕਾਰ ਵਿਰੁੱਧ ਬਗ਼ਾਵਤ ਸੀ, ਸਥਾਨਕ ਰਿਆਸਤਾਂ 'ਚ ਆਮ ਤੌਰ 'ਤੇ ਇਸ ਜੁਰਮ ਲਈ ਤੋਪਾਂ ਨਾਲ ਉਡਾਉਣ ਦੀ ਸਜ਼ਾ ਨੂੰ ਵਾਜਬ ਮੰਨਿਆ ਜਾਂਦਾ ਹੈ ਅਤੇ ਵੱਖਰੀ ਕਿਸਮ ਦੇ ਮਾਮਲਿਆਂ 'ਚ ਇਸ ਵਿਧੀ ਨੂੰ ਅਪਣਾ ਲਿਆ ਜਾਂਦਾ ਹੈ।

ਜਿਹੜੇ ਲੋਕ ਪੰਜਾਬ ਤੋਂ ਵਾਕਫ਼ ਹਨ, ਉਨ੍ਹਾਂ ਨੂੰ ਪਤਾ ਹੈ ਕਿ ਰਿਆਸਤੀ ਅਪਰਾਧਾਂ ਦੇ ਮਾਮਲਿਆਂ 'ਚ ਜਾਂ ਹੋਰ ਕਿਸੇ ਮਾਮਲੇ 'ਚ; ਮਾਣਮੱਤੇ ਸਿੱਖ ਦਿਲੋਂ ਇਹੋ ਚਾਹੁੰਦੇ ਹੁੰਦੇ ਹਨ ਕਿ ਉਨ੍ਹਾਂ ਕਿਸੇ ਜੱਲਾਦ ਦੇ ਹੱਥੋਂ ਮੌਤ ਦੀ ਸਜ਼ਾ ਦੀ ਥਾਂ ਤੋਪਾਂ ਨਾਲ ਉਡਾਉਣ ਦੀ ਸਜ਼ਾ ਦਿੱਤੀ ਜਾਵੇ, ਤਾਂ ਜ਼ਿਆਦਾ ਵਧੀਆ ਸਮਝਦੇ ਹਨ ਅਤੇ ਸਜ਼ਾ ਦਿੱਤੇ ਜਾਣ ਸਮੇਂ ਅਜਿਹੀਆਂ ਬੇਨਤੀਆਂ ਆਮ ਕੀਤੀਆਂ ਜਾਂਦੀਆਂ ਹਨ।

# 219

(ਕੇਵਲ ਅਹਿਮ ਹਿੱਸਾ - ਸੰਕਲਨਕਰਤਾ)

*ਨੰ. 2275-54 ਐੱਸ.,* *ਮਿਤੀ 29 ਜੂਨ, 1872*

ਵੱਲੋਂ

ਲੀਪਲ ਗ੍ਰਿਫ਼ਿਨ ਐਸਕੁਆਇਰ,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਸਕੱਤਰ, ਭਾਰਤ ਸਰਕਾਰ,
ਗ੍ਰਹਿ ਵਿਭਾਗ।

ਮੈਨੂੰ ਤੁਹਾਡੇ ਇਸੇ ਮਹੀਨੇ ਦੀ 10 ਤਰੀਕ ਦੇ ਪੱਤਰ ਨੰ. 1012 ਦਾ ਜਵਾਬ ਦੇਣ ਦੀ ਹਦਾਇਤ ਹੋਈ ਹੈ, ਜੋ ਬੀਤੀ 30 ਅਪ੍ਰੈਲ ਦੇ ਤੁਹਾਡੇ ਪੱਤਰ ਨੰ. 857 ਨਾਲ ਨੱਥੀ ਯਾਦ-ਪੱਤਰ 'ਚ ਦਰਜ ਗ਼ਲਤੀ ਦੇ ਵਿਸ਼ੇ 'ਤੇ ਹੈ, ਜਿਸ ਵਿੱਚ ਇਹ ਕਥਨ ਦਰਜ ਹੈ ਕਿ ਕੋਟਲਾ 'ਚ ਸ੍ਰੀ ਫ਼ਾਰਸਿਥ ਵੱਲੋਂ 16 ਵਿਅਕਤੀਆਂ ਨੂੰ ਫਾਂਸੀ ਦੇ ਕੇ ਮੌਤ ਦੀ ਸਜ਼ਾ ਦਿੱਤੀ ਗਈ ਸੀ, ਜਦ ਕਿ ਅਸਲ ਵਿੱਚ ਉਨ੍ਹਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ।

7. ਸੁਣਵਾਈ ਦੀ ਨਿਆਂ1ਇਕਤਾ ਉੱਤੇ ਸਜ਼ਾ ਦੇਣ ਦੀ ਵਿਧੀ ਦਾ ਕੋਈ ਅਸਰ ਨਹੀਂ ਪਿਆ ਸੀ ਅਤੇ ਮੱਦ 'ਮੌਤ ਦੀ ਸਜ਼ਾ' (ਅੰਗਰੇਜ਼ੀ 'ਚ 'ਐਗਜ਼ੀਕਿਊਸ਼ਨ') ਤੋਪਾਂ ਨਾਲ ਉਡਾ ਕੇ ਦੇਣ ਅਤੇ ਫਾਂਸੀ ਦੇਣ; ਦੋਵਾਂ ਤਰੀਕਿਆਂ 'ਤੇ ਲਾਗੂ ਹੁੰਦੀ ਹੈ।

ਤੁਹਾਡੇ ਪੱਤਰ ਦੇ ਆਖ਼ਰੀ ਪੈਰੇ 'ਚ ਕੀਤੇ ਜਾਂਚ ਦੇ ਜ਼ਿਕਰ ਦੇ ਹਵਾਲੇ ਨਾਲ, ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਸ੍ਰੀ ਫ਼ਾਰਸਿਥ ਵੱਲੋਂ ਮਲੇਰਕੋਟਲਾ 'ਚ ਅਪਰਾਧਕ ਨਿਆਂ ਦੇ ਪ੍ਰਸ਼ਾਸਨ ਲਈ ਲਾਗੂ ਨਿਯਮਾਂ ਅਧੀਨ ਅਪਣਾਈ ਗਈ ਕਾਰਜ-ਵਿਧੀ, ਦੋਸ਼ੀ ਠਹਿਰਾਏ ਗਏ ਅਪਰਾਧੀਆਂ ਨੂੰ ਤੋਪਾਂ ਨਾਲ ਉਡਾਉਣ ਹਿਤ ਗ਼ੈਰ-ਕਾਨੂੰਨੀ ਨਹੀਂ ਸੀ। ਬ੍ਰਿਟਿਸ਼ ਅਧਿਕਾਰ-ਖੇਤਰ 'ਚ ਲਾਗੂ ਜ਼ਾਬਤਿਆਂ ਦੀ ਕਾਰਜ-ਵਿਧੀ ਨਾਲ ਰਿਆਸਤ ਪ੍ਰਭਾਵਿਤ ਨਹੀਂ ਹੁੰਦੀ ਅਤੇ ਕਮਿਸ਼ਨਰ ਦੇ ਮਾਰਗ-ਦਰਸ਼ਨ ਲਈ ਇੱਕੋ-ਇੱਕ ਵਿਵਸਥਾ ਇਹ ਹੈ ਕਿ ਰਿਆਸਤ ਦੇ ਸੱਤਾਧਾਰੀ ਅਧਿਕਾਰੀਆਂ ਦੇ ਮੁਖੀ ਵੱਲੋਂ ਦਿੱਤੀ ਮੌਤ ਦੀ ਸਜ਼ਾ ਉਨ੍ਹਾਂ (ਕਮਿਸ਼ਨਰ) ਦੀ ਪ੍ਰਵਾਨਗੀ ਨਾਲ ਦਿੱਤੀ ਜਾਵੇਗੀ। ਇਹ ਨਿਯਮ ਕਲਸੀਆ ਰਿਆਸਤ ਤੇ ਸ਼ਿਮਲਾ ਦੀਆਂ ਪਹਾੜੀ ਰਿਆਸਤਾਂ 'ਚ ਵੀ ਹੈ।

8. ਜਿੱਥੋਂ ਤੱਕ ਸਰਕਾਰੀ ਰਿਕਾਰਡ ਵਿਖਾਉਂਦੇ ਹਨ, ਮਲੇਰਕੋਟਲਾ 'ਚ ਜਦ ਤੋਂ ਬ੍ਰਿਟਿਸ਼ ਸਰਕਾਰ ਦਾ ਰਾਜ ਲਾਗੂ ਹੋਇਆ ਹੈ, ਤਦ ਤੋਂ ਉੱਥੇ ਮੌਤ ਦੀ ਸਜ਼ਾ ਕਿਸੇ ਨੂੰ ਨਹੀਂ ਦਿੱਤੀ ਗਈ। ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਕਿ ਮੌਤ ਦੀ ਸਜ਼ਾ ਵਾਸਤੇ ਮਲੇਰਕੋਟਲਾ ਦਾ ਨਿਯਮ ਫਾਂਸੀ ਦੇਣਾ ਸੀ। ਬੇਸ਼ੱਕ, ਆਮ ਤੌਰ 'ਤੇ ਇਹੋ ਕਾਰਜ-ਵਿਧੀ ਅਪਣਾਈ ਜਾਂਦੀ ਸੀ; ਪਰ ਸ੍ਰੀ ਫ਼ਾਰਸਿਥ ਦੀ ਕਾਰਵਾਈ ਵਿੱਚ ਕੁਝ

ਵੀ ਮਲੇਰਕੋਟਲਾ 'ਚ ਨਿਆਂ ਦੇ ਪ੍ਰਸ਼ਾਸਨ ਲਈ ਲਾਗੂ ਨਿਯਮਾਂ ਦੇ ਉਲਟ ਨਹੀਂ ਸੀ; ਜਦੋਂ ਇਹ ਪਤਾ ਲੱਗਾ ਸੀ ਕਿ ਮੌਤ ਦੀ ਸਜ਼ਾ ਲਾਗੂ ਕਰਨ ਲਈ ਜੇ ਫਾਂਸੀ ਦਿੱਤੀ ਜਾਂਦੀ, ਤਾਂ ਬਹੁਤ ਜ਼ਿਆਦਾ ਦੇਰੀ ਹੋ ਜਾਣੀ ਸੀ ਅਤੇ ਉਹ ਦੇਰੀ ਗ਼ੈਰ-ਵਾਜਬ ਹੋਣੀ ਸੀ, ਇਸੇ ਲਈ ਉਨ੍ਹਾਂ ਨੇ ਦੋਸ਼ੀਆਂ ਨੂੰ ਤੋਪਾਂ ਨਾਲ ਉਡਾ ਦਿੱਤਾ। ਅਸਲ 'ਚ ਕਾਨੂੰਨ ਦੀ ਚੁੱਪੀ ਮੌਤ ਦੀ ਸਜ਼ਾ ਦੀ ਪੁਸ਼ਟੀ ਦਾ ਅਧਿਕਾਰ ਰੱਖਣ ਵਾਲੇ ਇੱਕ ਬ੍ਰਿਟਿਸ਼ ਅਫ਼ਸਰ ਦੀ ਕਾਰਜ-ਵਿਧੀ ਨੂੰ ਕਾਨੂੰਨੀ ਨਹੀਂ ਬਣਾ ਸਕਦੀ; ਜੇ ਕਿਤੇ ਉਹ ਅਜਿਹੀ ਕਿਸੇ ਕਾਰਜ-ਵਿਧੀ ਦੀ ਹਦਾਇਤ ਦੇ ਦੇਵੇ, ਜਿਸ ਨਾਲ ਦੋਸ਼ੀਆਂ 'ਤੇ ਤਸ਼ੱਦਦ ਢਾਹਿਆ ਜਾ ਰਿਹਾ ਹੋਵੇ; ਜਿਵੇਂ ਕਿ ਸਥਾਨਕ ਰਿਆਸਤਾਂ 'ਚ ਮੌਤ ਦੀ ਸਜ਼ਾ ਦੇਣ ਵੇਲੇ ਕੀਤਾ ਜਾਂਦਾ ਹੈ; ਪਰ ਤੋਪ ਨਾਲ ਉਡਾਉਣਾ ਤਾਂ ਮੌਤ ਦੀ ਇੱਕ ਪ੍ਰਭਾਵਸ਼ਾਲੀ ਤੇ ਤਰਸਵਾਨ ਵਿਧੀ ਹੈ, ਜੋ ਕਿ ਆਲੇ-ਦੁਆਲੇ ਖੜ੍ਹੇ ਲੋਕਾਂ 'ਚ ਦਹਿਸ਼ਤ ਪੈਦਾ ਕਰਨ ਲਈ ਜਾਣਬੁੱਝ ਕੇ ਵਰਤੀ ਜਾਂਦੀ ਹੈ।

## 220

ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਕੀਤੀਆਂ ਟਿੱਪਣੀਆਂ
(ਸਿਰਫ਼ ਅਹਿਮ ਨੋਟਸ – ਸੰਕਲਨਕਰਤਾ)

ਮੈਂ ਸਮਝਦਾ ਹਾਂ ਕਿ ਜਿਸ ਮੁੱਦੇ 'ਤੇ ਹੋਰ ਵਿਚਾਰ-ਚਰਚਾ ਨੂੰ ਟਾਲ਼ਿਆ ਜਾ ਸਕਦਾ ਹੋਵੇ, ਉਸ 'ਚ ਘੁਸਣਾ ਬਹੁਤ ਗ਼ੈਰ-ਵਾਜਬ ਹੁੰਦਾ ਹੈ, ਮੈਨੂੰ ਇਹ ਜ਼ਰੂਰੀ ਜਾਪਦਾ ਹੈ ਕਿ ਭਾਰਤ ਸਰਕਾਰ ਨੂੰ ਬੇਹੱਦ ਸਪੱਸ਼ਟਤਾ ਨਾਲ ਲੈਫ਼ਟੀਨੈਂਟ ਗਵਰਨਰ ਦੇ ਉਸ ਵਿਚਾਰ ਨਾਲ ਅਸਹਿਮਤੀ ਪ੍ਰਗਟਾ ਦੇਣੀ ਚਾਹੀਦੀ ਹੈ, ਜੋ ਉਨ੍ਹਾਂ ਦੇ ਪੱਤਰ ਦੇ ਆਖ਼ਰੀ ਸ਼ਬਦਾਂ 'ਚ ਦਰਜ ਹੈ ਕਿ ''ਤੋਪ ਨਾਲ ਉਡਾਉਣਾ ਤਾਂ ਮੌਤ ਦੀ ਇੱਕ ਪ੍ਰਭਾਵਸ਼ਾਲੀ ਤੇ ਤਰਸਵਾਨ ਵਿਧੀ ਹੈ, ਜੋ ਕਿ ਆਲੇ-ਦੁਆਲੇ ਖੜ੍ਹੇ ਲੋਕਾਂ 'ਚ ਦਹਿਸ਼ਤ ਪੈਦਾ ਕਰਨ ਲਈ ਜਾਣਬੁੱਝ ਕੇ ਵਰਤੀ ਜਾਂਦੀ ਹੈ।'' ਇਹ ਦਸਤਾਵੇਜ਼ ਪ੍ਰਕਾਸ਼ਿਤ ਹੋਣਗੇ ਤੇ ਭਾਰਤ ਸਰਕਾਰ ਨੂੰ ਆਪਣੀ ਚੁੱਪੀ ਨਾਲ ਅਜਿਹੀ ਕੋਈ ਗੁੰਜਾਇਸ਼ ਨਹੀਂ ਛੱਡਣੀ ਚਾਹੀਦੀ ਕਿ ਉਹ ਅਜਿਹੇ ਬਿਆਨ ਨੂੰ ਨਿਆਂਪੂਰਨ ਮੰਨਦੀ ਹੈ। ਇਹ ਸੱਚ ਹੈ ਕਿ ਤੋਪਾਂ ਨਾਲ ਕਿਸੇ ਵਿਅਕਤੀ ਨੂੰ ਉਡਾ ਕੇ ਮੌਤ ਦੀ ਸਜ਼ਾ ਦੇਣ ਨਾਲ ਕੈਦੀ ਨੂੰ ਸਰੀਰਕ ਕਸ਼ਟ ਜ਼ਿਆਦਾ ਨਹੀਂ ਝੱਲਣਾ ਪੈਂਦਾ ਪਰ ਅਜਿਹੀ ਸਜ਼ਾ ਨਾਲ ਮੱਦ 'ਤਰਸਵਾਨ' ਨੂੰ ਜੋੜਨਾ ਤਾਂ ਭਾਸ਼ਾ ਦੀ ਇੱਕ ਅਜੀਬ ਦੁਰਵਰਤੋਂ ਹੈ। ਇਹ ਗੱਲ ਦਰੁਸਤ ਹੈ ਕਿ ਇਸ ਵਿਧੀ ਦੀ ਵਰਤੋਂ ''ਦਹਿਸ਼ਤ ਫੈਲਾਉਣ ਲਈ ਜਾਣ-ਬੁੱਝ ਕੇ ਕੀਤੀ ਜਾਂਦੀ ਹੈ।'' ਮੌਤ ਦੀ ਅਜਿਹੀ ਸਜ਼ਾ ਮੌਕੇ ਮੌਜੂਦ ਰਹਿਣ ਵਾਲੇ ਮੰਦਭਾਗੇ ਲੋਕਾਂ ਲਈ ਇਸ ਤੋਂ ਵਧ ਕੇ ਡਰਾਉਣੀ ਤੇ ਬਗ਼ਾਵਤੀ ਦ੍ਰਿਸ਼ ਕੋਈ ਹੋਰ ਹੋ ਹੀ ਨਹੀਂ ਸਕਦਾ। ਇਹ ਹਕੀਕਤ ਹੈ ਕਿ ਇਹ ਨਾ ਕੇਵਲ ਇਹ ਸਭ ਵੇਖਣ ਵਾਲਿਆਂ ਲਈ ਹੌਲਨਾਕ ਹੈ, ਸਗੋਂ ਇਹ ਇਨਸਾਨੀਅਤ ਲਈ ਵੀ ਘਿਨਾਉਣਾ ਹੈ ਅਤੇ ਸਭਿਅਕ ਲੋਕਾਂ ਲਈ ਇਹ ਸਜ਼ਾ ਦਰੁਸਤ ਨਹੀਂ ਹੈ।

ਬੇਸ਼ੱਕ, ਕਦੀ-ਕਦਾਈਂ ਅਜਿਹੀਆਂ ਸਜ਼ਾਵਾਂ ਜ਼ਰੂਰੀ ਵੀ ਹੋ ਜਾਂਦੀਆਂ ਹਨ ਪਰ ਭਾਰਤ ਸਰਕਾਰ ਇਹ ਕਬੂਲ ਨਹੀਂ ਕਰ ਸਕਦੀ ਕਿ ਮੌਜੂਦਾ ਮਾਮਲੇ 'ਚ ਇਸ ਦੀ ਕੋਈ ਜ਼ਰੂਰਤ ਸੀ।

ਸ੍ਰੀ ਫ਼ਾਰਸਿਥ ਵੱਲੋਂ ਬਿਆਨ ਕੀਤਾ ਤੱਥ ਕਿ ''ਕੋਟਲਾ 'ਚ ਇੰਨੇ ਜ਼ਿਆਦਾ ਲੋਕਾਂ ਨੂੰ ਇੱਕੋ ਵਾਰੀ 'ਚ ਫਾਂਸੀ ਦੇਣ ਦੇ ਕੋਈ ਇੰਤਜ਼ਾਮ ਨਹੀਂ ਸਨ,'' ਨੂੰ ਕੁਝ ਜਾਂ ਸਾਰੇ ਕੈਦੀਆਂ ਦੀਆਂ ਜਾਨਾਂ ਬਖ਼ਸ਼ਣ ਦਾ ਕੋਈ ਗ਼ੈਰ-ਵਾਜਬ ਕਾਰਣ ਨਹੀਂ ਮੰਨਿਆ ਜਾ ਸਕਦਾ ਪਰ ਜਿਸ ਤਰੀਕੇ ਸਜ਼ਾਵਾਂ ਦਿੱਤੀਆਂ ਗਈਆਂ, ਉਸ ਦਾ ਕੋਈ ਕਾਰਣ ਨਹੀਂ ਦਿਸਦਾ। ਭਾਰਤ ਸਰਕਾਰ ਨੇ ਸ੍ਰੀ ਫ਼ਾਰਸਿਥ ਦੀ ਕਾਰਵਾਈ ਦੀ ਨਿਖੇਧੀ ਕੀਤੀ ਸੀ, ਜਦੋਂ ਇਹ ਸਮਝਿਆ ਗਿਆ ਸੀ ਕਿ ਇਨ੍ਹਾਂ ਵਿਅਕਤੀਆਂ ਨੂੰ ਅੰਗਰੇਜ਼ੀ ਕਾਨੂੰਨ ਦੀਆਂ ਸਾਧਾਰਣ ਵਿਧੀਆਂ ਅਨੁਸਾਰ ਮੌਤ ਦੀ ਸਜ਼ਾ ਦਿੱਤੀ ਗਈ ਸੀ। ਉਸ ਕਾਰਵਾਈ ਨੂੰ ਸਰਕਾਰ ਨੂੰ ਹੋਰ ਵੀ ਜ਼ੋਰਦਾਰ ਢੰਗ ਨਾਲ ਨਖਿੱਧਣਾ ਚਾਹੀਦਾ ਹੈ ਕਿ ਉਸ ਅਧਿਕਾਰੀ ਨੇ ਇੱਕ ਗ਼ੈਰ-ਵਾਜਬ ਤੇ ਵਹਿਸ਼ੀਆਨਾ ਤਰੀਕੇ ਨਾਲ ਮੌਤ ਦੀ ਸਜ਼ਾ ਦੇਣ ਦਾ ਹੁਕਮ ਦਿੱਤਾ।

ਮੈਂ ਸਮਝਦਾ ਹਾਂ ਕਿ ਇਹ ਚਿੱਠੀ-ਪੱਤਰੀ ਗਜ਼ਟ 'ਚ ਛਪਣੀ ਚਾਹੀਦੀ ਹੈ।

ਜੇ.ਐੱਸ. 3 ਜੁਲਾਈ, 1872

ਜੇ ਕਈ ਲੋਕਾਂ ਨੂੰ ਇੱਕੋ ਵਾਰੀ 'ਚ ਮੌਤ ਦੀ ਸਜ਼ਾ ਦੇਣੀ ਹੈ, ਤਾਂ ਤੋਪਾਂ ਨਾਲ ਉਡਾਉਣਾ ਇੱਕ ਵਧੇਰੇ ਤੁਰਤ-ਫੁਰਤ ਪ੍ਰਕਿਰਿਆ ਹੈ ਤੇ ਇਸ ਨਾਲ ਕੈਦੀ ਨੂੰ ਫਾਂਸੀ ਦੇ ਮੁਕਾਬਲੇ ਦਰਦ ਵੀ ਘੱਟ ਹੁੰਦਾ ਹੈ।

ਬੰਦੂਕ ਦੀ ਗੋਲ਼ੀ ਨਾਲ ਮੌਤ ਦੀ ਸਜ਼ਾ ਤੋਂ ਘੱਟ ਦਰਦਨਾਕ ਹੈ, ਜਿਸ ਦੀ ਵਰਤੋਂ ਅਕਸਰ ਅਪਰਾਧੀ ਨੂੰ ਆਖ਼ਰੀ ਮੁਕਾਮ ਤੱਕ ਪਹੁੰਚਾਉਣ ਲਈ ਕੀਤੀ ਜਾਂਦੀ ਹੈ।

ਪਰ ਨਿਆਂਇਕ ਤਰੀਕੇ ਮਨੁੱਖੀ ਜਾਨ ਲੈਣ ਦੀ ਜ਼ਰੂਰਤ ਵੀ ਕਿੰਨੀ ਦਰਦਨਾਕ ਹੈ, ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਪਰ ਅਜਿਹਾ ਸਿਰਫ਼ ਵੱਡੀਆਂ ਬੁਰਾਈਆਂ ਤੋਂ ਬਚਣ ਲਈ ਕੀਤਾ ਜਾਂਦਾ ਹੈ।

ਪੰਜਾਬ ਸਰਕਾਰ ਨਾਲ ਇਸ ਮੁੱਦੇ 'ਤੇ ਵਿਚਾਰ-ਚਰਚਾ ਕਰਨਾ ਵਾਜਬ ਨਹੀਂ ਹੋਵੇਗਾ ਕਿ ਮੌਤ ਦੀ ਸਜ਼ਾ ਦੀ ਵਧੇਰੇ ਤਰਸਵਾਨ ਵਿਧੀ ਕਿਹੜੀ ਹੈ, ਅਜਿਹੀ ਚਰਚਾ ਜ਼ਰੂਰ ਹੀ ਬੰਦ ਹੋਣੀ ਚਾਹੀਦੀ ਹੈ। ਇਹ ਕਾਫ਼ੀ ਹੋਵੇਗਾ ਕਿ ਭਾਰਤ ਸਰਕਾਰ ਸਮਝਦੀ ਹੈ ਕਿ ਸਜ਼ਾ ਦੇਣ ਦੀ ਇਹ ਖ਼ਾਸ ਵਿਧੀ ਮੁੜ ਕੇ ਨਾ ਦੁਹਰਾਈ ਜਾਵੇ, ਹਾਂ ਕਿਸੇ ਬਹੁਤ ਜ਼ਿਆਦਾ ਜ਼ਰੂਰਤ ਵੇਲੇ ਗੱਲ ਹੋਰ ਹੈ।

ਸ੍ਰੀ ਫ਼ਾਰਸਿਥ ਨੂੰ ਬਰੀ ਕਰ ਦੇਣ ਬਾਰੇ ਹੁਕਮ ਅਗਲੀ ਡਾਕ ਰਾਹੀਂ ਭੇਜੇ ਜਾ ਸਕਦੇ ਹਨ, ਜਿਵੇਂ ਕਿ ਕੌਂਸਲ 'ਚ ਪ੍ਰਸਤਾਵਿਤ ਹੈ।

ਹਸਤਾਖਰ/-

ਐੱਨ. ਆੱਫ਼ ਐੱਮ. 4 ਜੁਲਾਈ, 1872,

(ਗਵਰਨਰ ਜਨਰਲ)

ਮੈਂ ਉਪਰੋਕਤ ਨੂੰ ਪ੍ਰਵਾਨ ਕਰਦਾ ਹਾਂ। ਆਰ.ਟੀ. 5 ਜੁਲਾਈ, 1872

## 221

*ਨੰ. 40,* *ਮਿਤੀ ਸ਼ਿਮਲਾ, 8 ਜੁਲਾਈ, 1872*

ਵੱਲੋਂ

ਭਾਰਤ ਸਰਕਾਰ।

ਵੱਲ

ਮਹਾਰਾਣੀ ਦੇ ਸਕੱਤਰ, ਭਾਰਤ ਦੇਸ਼ ਲਈ।

ਪਿਛਲੇ ਮਹੀਨੇ ਦੀ 10 ਤਰੀਕ ਦੇ ਸਾਡੇ ਡਿਸਪੈਚ ਨੰ. 34 ਦੀ ਨਿਰੰਤਰਤਾ 'ਚ, ਅਸੀਂ ਇਸ ਨਾਲ ਪੰਜਾਬ ਸਰਕਾਰ ਨਾਲ ਹੋਈ ਅਗਲੇਰੀ ਚਿੱਠੀ-ਪੱਤਰੀ* ਦੀ ਕਾਪੀ ਭੇਜ ਰਹੇ ਹਾਂ, ਜੋ ਅੰਬਾਲਾ ਦੇ ਕਮਿਸ਼ਨਰ ਸ੍ਰੀ ਫ਼ਾਰਸਿਥ ਦੇ ਹੁਕਮਾਂ ਅਨੁਸਾਰ ਮਲੇਰਕੋਟਲਾ ਵਿਖੇ 16 ਕੂਕਾ ਕੈਦੀਆਂ ਨੂੰ ਤੋਪਾਂ ਨਾਲ ਉਡਾ ਦੇਣ ਨਾਲ ਸੰਬੰਧਤ ਹੈ।

*ਪੰਜਾਬ ਵੱਲੋਂ ਨੰ. 64ਈ, ਮਿਤੀ 29 ਜੂਨ, 1872 ਅਤੇ ਨਾਲ ਹੋਰ ਦਸਤਾਵੇਜ਼

2. ਅਸੀਂ ਪੰਜਾਬ ਸਰਕਾਰ ਨੂੰ ਭੇਜੀ ਚਿੱਠੀ ਬਾਬਤ ਇਸ ਚਿੱਠੀ-ਪੱਤਰੀ, ਨੰ. 1012, ਮਿਤੀ 19 ਜੂਨ ਵੱਲ ਆਪ ਜੀ ਦੀ ਮਿਹਰ ਭਰੀ ਨਜ਼ਰ ਚਾਹੁੰਦੇ ਹਾਂ, ਜਿਸ ਦੀ ਇੱਕ ਕਾਪੀ ਸਾਡੇ ਉਪਰੋਕਤ ਵਰਣਿਤ ਡਿਸਪੈਚ ਨਾਲ ਭੇਜੀ ਗਈ ਹੈ। ਇਹ ਵੇਖਿਆ ਜਾਵੇਗਾ ਕਿ ਇਹ ਦਸਤਾਵੇਜ਼ ਤਾਂ ਸ੍ਰੀ ਫ਼ਾਰਸਿਥ ਨੂੰ ਤਾਂ ਹਰੇਕ ਦੋਸ਼ ਤੋਂ ਬਰੀ ਕਰਦੇ ਹਨ, ਜਦ ਕਿ ਜਦੋਂ ਅਸੀਂ 30 ਅਪੈਲ ਨੂੰ ਪੰਜਾਬ ਸਰਕਾਰ ਨੂੰ ਚਿੱਠੀ ਲਿਖੀ ਸੀ, ਤਾਂ ਉਸ ਤੋਂ ਪਹਿਲਾਂ ਅਖ਼ਬਾਰਾਂ ਨੇ ਸਾਡੇ ਮਨਾਂ 'ਚ ਮੌਤ ਦੀ ਸਜ਼ਾ ਦੀ ਵਿਧੀ ਬਾਰੇ ਗ਼ਲਤਫ਼ਹਿਮੀ ਪੈਦਾ ਕਰ ਦਿੱਤੀ ਸੀ।

## 222

### ਅਲਾਹਾਬਾਦ ਦੇ ਕਿਲ੍ਹੇ 'ਚ ਕੈਦ ਕੂਕਾ ਸੂਬਿਆਂ ਬਾਰੇ ਰਿਪੋਰਟ

*ਨੰ. 1046,* *ਸ਼ਿਮਲਾ, 13 ਜੂਨ, 1872*

ਵੱਲੋਂ

ਐੱਚ.ਡਬਲਿਊ. ਵੈਲਜ਼ਲੀ, ਅਧੀਨ ਸਕੱਤਰ, ਭਾਰਤ ਸਰਕਾਰ।

ਵੱਲ

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਮੈਨੂੰ 10 ਮਾਰਚ ਦੇ ਪੈਰਿਆਂ 3 ਤੇ 6 ਵੱਲ ਧਿਆਨ ਦਿਵਾਉਣ ਅਤੇ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਜਿਹੜੀ ਰਿਪੋਰਟ ਮੰਗੀ ਗਈ ਹੈ, ਉਹ ਹਰ ਸੰਭਵ ਹੱਦ ਤੱਕ ਬਿਨਾਂ ਕਿਸੇ ਦੇਰੀ ਦੇ ਭੇਜ ਦਿੱਤੀ ਜਾਵੇ। ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਦਾ ਕਹਿਣਾ ਹੈ ਕਿ ਇਸ ਵੇਲੇ ਹਿਰਾਸਤ 'ਚ ਰਹਿ ਰਹੇ ਕੂਕਾ ਕੈਦੀਆਂ ਲਈ ਅਲਾਹਾਬਾਦ 'ਚ ਵਾਜਬ ਜਗ੍ਹਾ ਹੀ ਨਹੀਂ ਹੈ ਅਤੇ ਉਨ੍ਹਾਂ ਨਾਲ ਸੰਬੰਧਤ ਹੁਕਮ ਛੇਤੀ ਜਾਰੀ ਕਰਨੇ ਜ਼ਰੂਰੀ ਹੋਣਗੇ।

# 223

*ਨੰ.* *ਮਿਤੀ ਸ਼ਿਮਲਾ, ਨੱਥੀ ਦਸਤਾਵੇਜ਼*

*ਵੱਲੋਂ*

ਜੇ.ਡਬਲਿਊ. ਮੈਕਨੈਬ,
ਡਿਪਟੀ ਕਮਿਸ਼ਨਰ, ਅੰਬਾਲਾ ਜ਼ਿਲ੍ਹਾ।

*ਵੱਲ*

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਤੁਹਾਡੇ ਨੰ. 118, ਮਿਤੀ 19 ਮਾਰਚ, 1872 ਦੇ ਜਵਾਬ ਵਿੱਚ, ਜੋ ਹੁਣ ਅਲਾਹਾਬਾਦ ਦੀ ਜੇਲ੍ਹ 'ਚ ਕੈਦ 11 ਕੂਕਾ ਸੂਬਿਆਂ ਬਾਰੇ ਹੈ, ਮੈਨੂੰ ਉਸ ਸਬੰਧੀ ਨਿਮਨਲਿਖਤ ਰਿਪੋਰਟ ਪੇਸ਼ ਕਰਨ ਦਾ ਮਾਣ ਹਾਸਲ ਹੋਇਆ ਹੈ।

ਮੈਨੂੰ ਹਦਾਇਤ ਹੋਈ ਹੈ ਕਿ ਜਾਂਚ ਕਰ ਕੇ ਇਹ ਪਤਾ ਲਾਇਆ ਜਾਵੇ ਕਿ ਕੀ ਇਹ ਸਾਰੇ ਵਿਅਕਤੀ ਵਿਅਕਤੀਗਤ ਤੌਰ 'ਤੇ ਖ਼ਤਰਨਾਕ ਕਿਰਦਾਰ ਵਾਲੇ ਹਨ ਜਾਂ ਨਹੀਂ, ਅਤੇ ਕਿਹੜੇ ਵਿਅਕਤੀ ਦੀ ਰਿਹਾਈ ਨਾਲ ਪੰਜਾਬ 'ਚ ਮਾਹੌਲ ਖ਼ਰਾਬ ਹੋ ਸਕਦਾ ਹੈ।

ਹਰੇਕ ਵਿਅਕਤੀ ਦਾ ਕੇਸ ਵੱਖਰ-ਵੱਖਰਾ ਪੇਸ਼ ਕਰਨਾ ਹੋਵੇਗਾ, ਜਿਵੇਂ ਕਿ ਹਦਾਇਤ ਜਾਰੀ ਹੋਈ ਹੈ ਪਰ ਉਨ੍ਹਾਂ ਵਿਰੁੱਧ ਆਮ ਰਾਇ ਵੀ ਦੇਣੀ ਜ਼ਰੂਰੀ ਹੈ, ਜਿਵੇਂ ਕਿ ਮੇਰੀਆਂ ਪਹਿਲਾਂ ਜਾਂਚਾਂ ਤੋਂ ਸਪੱਸ਼ਟ ਹੈ, ਜਿਨ੍ਹਾਂ ਦਾ ਨਤੀਜਾ ਮੈਂ ਬੀਤੀ 4 ਨਵੰਬਰ ਦੀ ਆਪਣੀ ਰਿਪੋਰਟ 'ਚ ਦਿੱਤਾ ਸੀ ਅਤੇ ਹੁਣ ਹਾਸਲ ਕੀਤੇ ਸਬੂਤਾਂ 'ਚ ਉਹ ਦਸਤਾਵੇਜ਼ ਹਨ, ਜੋ ਕੈਦੀਆਂ ਦੇ ਆਪਣੇ ਬਿਆਨਾਂ ਤੇ ਅੰਤਿਕਾ ਵਿੱਚ ਵਿਸਥਾਰਪੂਰਵਕ ਦਿੱਤੇ ਗਏ ਹਨ।

ਇਹ ਵੇਖਿਆ ਜਾਵੇਗਾ ਕਿ ਅੰਤਿਕਾ 'ਚ ਦਰਜ ਸਬੂਤ ਬਹੁਤ ਸਾਰੇ ਬਿਲਕੁਲ ਆਜ਼ਾਦ ਵਸੀਲਿਆਂ ਤੋਂ ਲਏ ਗਏ ਹਨ, ਜਿਸ ਨਾਲ ਇਸ ਦਾ ਵਜ਼ਨ ਵਧਦਾ ਹੈ, ਜਿੱਥੇ ਵੀ ਕਿਤੇ ਕੋਈ ਬਿਆਨ ਸਹਿਮਤ ਹੁੰਦੇ ਹਨ।

4 ਨਵੰਬਰ ਦੀ ਰਿਪੋਰਟ ਬਿਨਾਂ ਸ਼ੱਕ ਇਹ ਸਿੱਧ ਕਰਦੀ ਹੈ ਕਿ ਕੂਕਾ ਸੰਪਰਦਾਇ ਦਾ ਉਦੇਸ਼ ਸਿੱਖ ਰਾਜ ਦੀ ਬਹਾਲੀ ਅਤੇ ਲੋੜ ਮੁਤਾਬਕ ਅੰਗਰੇਜ਼ੀ ਤਾਕਤ ਨੂੰ ਘਟਾਉਣਾ ਹੈ।

ਮੈਂ ਇੱਥੇ ਇਹ ਨੋਟ ਕਰਾਂਗਾ ਕਿ ਕਿੱਥੇ ਗਵਾਹ ਅੰਗਰੇਜ਼ਾਂ ਤੋਂ ਬਾਅਦ ਸਿੱਖ ਰਾਜ ਬਾਰੇ ਗੱਲ ਕਰਦੇ ਹਨ, ਮਹਿਜ਼ ਕਿਸੇ ਰੂਹਾਨੀ ਰਾਜ ਦੀ ਨਹੀਂ, ਸਗੋਂ ਅਸਲ ਦੁਨਿਆਵੀ ਰਾਜ ਦੀ ਇੱਛਾ ਕੀਤੀ ਜਾਂਦੀ ਹੈ ਅਤੇ ਮੈਨੂੰ ਜਾਪਦਾ ਹੈ ਕਿ ਕੂਕਾ ਲੀਡਰਸ਼ਿਪ ਵੱਲੋਂ ਕੂਕਾ ਬਣਨ ਦੇ ਚਾਹਵਾਨ ਲੋਕਾਂ ਸਾਹਮਣੇ ਸਿੱਖ ਰਾਜ ਦੀ ਤੁਰੰਤ ਆਮਦ ਦੇ ਐਲਾਨ ਕੀਤੇ ਗਏ ਸਨ ਅਤੇ ਇਹ ਆਖਿਆ ਜਾਂਦਾ ਰਿਹਾ ਹੈ ਕਿ ਹੁਣ ਕੂਕਾ ਸੰਪਰਦਾਇ ਜੇਤੂ ਰਹੇਗਾ ਤੇ ਫਿਰ ਉਸ ਤੋਂ ਬਾਅਦ ਇਸ ਦੇ ਮੈਂਬਰਾਂ ਨੂੰ ਸਾਰੇ ਲਾਭ ਮਿਲਣਗੇ, ਅਜਿਹੀਆਂ ਸਿੱਖਿਆਵਾਂ ਇਸ ਲਈ ਦਿੱਤੀਆਂ ਜਾਂਦੀਆਂ ਹਨ ਕਿ

ਤਾਂ ਜੋ ਸਰੋਤਿਆਂ ਦੇ ਮਨਾਂ ਵਿੱਚ ਰਾਜ-ਧਰੋਹ ਦੀ ਚਿਣਗ ਫੁੱਟ ਪਵੇ ਅਤੇ ਮੈਂ ਇਨ੍ਹਾਂ ਨਾਲ ਨੱਥੀ ਦਸਤਾਵੇਜ਼ਾਂ ਵਿੱਚ ਸ਼ਬਦ 'ਰਾਜ-ਧਰੋਹ' ਵਰਤਿਆ ਹੈ।

ਇਹ ਸੰਪਰਦਾਇ ਅਤੇ ਇਸ ਦੇ ਸਿਧਾਂਤ ਸੂਬੇ ਦੇ ਅਮਨ-ਚੈਨ ਲਈ ਸੱਚਮੁਚ ਖ਼ਤਰਨਾਕ ਹਨ, ਇਹ ਗੱਲ ਫ਼ਰਵਰੀ 1869 'ਚ ਮੁਕਤਸਰ ਨੇੜੇ ਥਰਾਜਵਾਲਾ ਵਿਖੇ ਬਗ਼ਾਵਤ ਦੌਰਾਨ ਸਿੱਧ ਹੋ ਗਈ ਸੀ, ਜਿਸ ਵਿੱਚ ਨਕਦੀ ਤੇ ਅਨਾਜ ਇੱਕ ਥਾਂ 'ਤੇ ਇਕੱਠਾ ਕੀਤਾ ਗਿਆ ਸੀ, ਤਦ ਲਾਗਲੇ ਇਲਾਕਿਆਂ 'ਚ ਰਹਿੰਦੇ ਕੂਕਿਆਂ ਨੇ ਸਿੱਖ ਰਾਜ ਦਾ ਐਲਾਨ ਕਰ ਦਿੱਤਾ ਸੀ; ਦੂਜੇ, ਕਸਾਈਆਂ ਦੇ ਕਤਲ ਕਰ ਕੇ ਬ੍ਰਿਟਿਸ਼ ਅਥਾਰਟੀ ਦੀ ਉਲੰਘਣਾ ਕਰਨ ਦੀ ਸਿਆਸੀ ਚਾਲ ਚੱਲੀ ਗਈ ਸੀ ਕਿਉਂਕਿ ਗਊ-ਹੱਤਿਆਵਾਂ ਦੀ ਖ਼ਾਸ ਇਜਾਜ਼ਤ ਸਰਕਾਰ ਨੇ ਹੀ ਦਿੱਤੀ ਸੀ; ਤੀਜੇ - ਹੁਣ ਉਨ੍ਹਾਂ ਨੇ ਮਲੌਦ ਤੇ ਮਲੇਰਕੋਟਲਾ 'ਤੇ ਹਮਲਾ ਬੋਲ ਦਿੱਤਾ।

ਮਾਨ ਸਿੰਘ ਤੇ ਮੰਗਲ ਸਿੰਘ ਨੂੰ ਛੱਡ ਕੇ ਸਾਰੇ ਹੀ ਕੈਦੀ ਕਬੂਲ ਕਰਦੇ ਹਨ ਕਿ ਉਹ ਇਸ ਖ਼ਤਰਨਾਕ ਸੰਪਰਦਾਇ ਦੇ ਸੂਬੇ ਜਾਂ ਆਗੂ ਹਨ; ਅਤੇ ਇਨ੍ਹਾਂ ਦੋਵਾਂ ਦੇ ਸਾਹਮਣੇ ਉਨ੍ਹਾਂ ਦੀ ਲੀਡਰਸ਼ਿਪ ਬਾਰੇ ਇਸ ਆਧਾਰ 'ਤੇ ਇਹ ਪੂਰੀ ਤਰ੍ਹਾਂ ਸਿੱਧ ਹੁੰਦਾ ਹੈ ਕਿ ਉਨ੍ਹਾਂ ਨੂੰ ਜ਼ਰੂਰ ਹੀ ਖ਼ਤਰਨਾਕ ਕਰਾਰ ਦਿੱਤਾ ਜਾਣਾ ਚਾਹੀਦਾ ਹੈ।

ਪਰ ਇਸ ਤੋਂ ਇਲਾਵਾ ਬਹੁਤ ਵੱਡੀ ਗਿਣਤੀ 'ਚ ਪਿੰਡਾਂ ਦੇ ਜ਼ੈਲਦਾਰਾਂ ਤੇ ਨੰਬਰਦਾਰਾਂ ਜਾਂ ਮੁਖੀਆਂ ਦੀਆਂ ਗਵਾਹੀਆਂ ਇਹ ਸਿੱਧ ਕਰਦੀਆਂ ਹਨ ਕਿ ਸੂਬਿਆਂ ਦਾ ਆਪਣਾ ਪ੍ਰਚਾਰ ਆਮ ਤੌਰ 'ਤੇ ਰਾਜ-ਧਰੋਹੀ ਹੁੰਦਾ ਸੀ, ਉਹ ਆਖਿਆ ਕਰਦੇ ਸਨ ਕਿ ਸਾਰਿਆਂ ਨੂੰ ਤੁਰੰਤ ਕੂਕੇ ਬਣ ਜਾਣਾ ਚਾਹੀਦਾ ਹੈ, ਨਹੀਂ ਤਾਂ ਬਹੁਤ ਦੇਰੀ ਹੋ ਜਾਵੇਗੀ ਕਿਉਂਕਿ ਬਾਬਾ ਰਾਮ ਸਿੰਘ ਜੀ ਦੀ ਅਗਵਾਈ ਹੇਠ ਸਿੱਖ ਰਾਜ ਬੱਸ ਹੁਣ ਆਉਣ ਹੀ ਵਾਲਾ ਹੈ ਅਤੇ ਜਿਹੜੇ ਹੁਣ ਇਸ ਸੰਪਰਦਾਇ 'ਚ ਸ਼ਾਮਲ ਨਹੀਂ ਹੋਣਗੇ, ਉਨ੍ਹਾਂ ਨੂੰ ਬਾਅਦ 'ਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਮਿਲੇਗੀ; ਰਾਜ ਕਾਇਮ ਹੋਣ ਤੋਂ ਬਾਅਦ ਜਿੰਨਾ ਵੀ ਸੰਭਵ ਹੋਵੇਗਾ, ਓਨਾ ਜ਼ਿਆਦਾ ਧਨ ਮਿਲੇਗਾ; ਔਰਤਾਂ ਨੂੰ ਜਾਂਘੀਏ (ਕਛਹਿਰੇ) ਪਹਿਨਣੇ ਹੋਣਗੇ ਕਿ ਤਾਂ ਜੋ ਉਹ ਸ਼ਾਨ ਨਾਲ ਸ਼ਹੀਦ ਹੋ ਸਕਣ; ਅਤੇ ਪਹਿਲਾਂ ਹਰ ਹਾਲਤ 'ਚ ਜ਼ੁਲਮ ਝੱਲਣਾ ਪਵੇਗਾ, ਫਿਰ ਸਫ਼ਲਤਾ ਮਿਲੇਗੀ (ਸਾਰੀਆਂ ਉਲਟ ਗੱਲਾਂ ਲਈ ਇੱਕ ਸੁਵਿਧਾਜਨਕ ਸਿਧਾਂਤ)।

ਮੰਗਲ ਸਿੰਘ ਤੇ ਮਾਨ ਸਿੰਘ ਨੂੰ ਛੱਡ ਕੇ ਸਾਰੇ ਕੈਦੀ ਇਹ ਕਬੂਲ ਕਰਦੇ ਹਨ ਕਿ ਜਦੋਂ ਬਗ਼ਾਵਤ ਹੋਈ, ਤਾਂ ਉਹ ਭੈਣੀ 'ਚ ਸਨ। ਜਵਾਹਰ ਸਿੰਘ ਨੇ ਇਹ ਕਬੂਲ ਕੀਤਾ ਹੈ ਕਿ ਉਸ ਥਾਂ 'ਤੇ ਸਭ ਨੂੰ ਹੀ ਇਹ ਪਤਾ ਸੀ ਕਿ ਮਸਤਾਨਿਆਂ ਨੂੰ ਸਨਕੀ ਸ਼ੁਦਾਅ ਚੜ੍ਹਿਆ ਹੋਇਆ ਸੀ ਅਤੇ ਉਹ ਮਲੇਰਕੋਟਲਾ, ਨਾਭਾ, ਜੀਂਦ ਤੇ ਪਟਿਆਲਾ 'ਤੇ ਹਮਲਾ ਕਰਨ ਲਈ ਜਾ ਰਹੇ ਸਨ ਅਤੇ ਗਵਾਹਾਂ ਭੋਲਾ ਸਿੰਘ, ਦੇਵਾ ਸਿੰਘ, ਨਿਹਾਲ ਸਿੰਘ, ਭਗਵਾਨੀ ਅਤੇ ਲੱਖਾ ਸਿੰਘ ਬਿਆਨ ਕਰਦੇ ਹਨ ਕਿ ਮੰਗਲ ਸਿੰਘ ਨੂੰ ਛੱਡ ਕੇ ਬਾਕੀ ਸਾਰੇ ਕੈਦੀਆਂ ਦਾ ਇਸ ਇੱਛਤ ਹਮਲੇ ਪਿੱਛੇ ਹੱਥ ਸੀ।

ਇੰਝ ਇਹ ਕੈਦੀ ਖ਼ਤਰਨਾਕ ਵਿਅਕਤੀ ਸਿੱਧ ਹੁੰਦੇ ਹਨ। ਮੈਂ ਦ੍ਰਿੜ੍ਹਤਾ ਨਾਲ

ਇਹ ਸਿਫ਼ਾਰਸ਼ ਕਰਦਾ ਹਾਂ ਕਿ ਉਨ੍ਹਾਂ ਨੂੰ ਹਾਲ ਦੀ ਘੜੀ ਪੰਜਾਬ ਪਰਤਣ ਦੀ ਇਜਾਜ਼ਤ ਨਾ ਦਿੱਤੀ ਜਾਵੇ।

ਉਹ ਤੇ ਉਨ੍ਹਾਂ ਦੇ ਪੈਰੋਕਾਰ ਦੋਵੇਂ ਹੀ ਇਸ ਨੂੰ ਤੁਰੰਤ ਆਪਣੇ ਗੁਰੂ ਦੀ ਤਾਕਤ ਦਾ ਤਾਜ਼ਾ ਪ੍ਰਦਰਸ਼ਨ ਕਰਾਰ ਦੇਣਗੇ ਅਤੇ ਕੂਕਿਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਤਾਜ਼ਾ ਵਾਰਦਾਤ ਬਦਲੇ ਅਧਿਕਾਰੀਆਂ ਨੂੰ ਸਜ਼ਾ ਦੇਣ ਨਾਲ ਇਸ ਸੰਪਰਦਾਇ ਦੀਆਂ ਆਸਾਂ ਤੇ ਗਤੀਵਿਧੀਆਂ ਤੁਰੰਤ ਮੁੜ-ਸੁਰਜੀਤ ਹੋ ਜਾਣਗੀਆਂ।

ਇੰਝ ਹਰੇਕ ਘਟਨਾ ਦਾ ਤੋੜ-ਮਰੋੜ ਕੇ ਨਿਵੇਕਲਾ ਹੀ ਅਰਥ ਕੱਢ ਲਿਆ ਜਾਂਦਾ ਹੈ ਕਿ ਤਾਂ ਜੋ ਉਨ੍ਹਾਂ ਦੇ ਗੁਰੂ ਦੀ ਮਹਿਮਾ ਦਾ ਮੁੜ ਗੁਣਗਾਣ ਹੋ ਸਕੇ, ਮੈਂ ਇਸ ਦੀ ਇੱਕ ਮਿਸਾਲ ਦੇ ਸਕਦਾ ਹਾਂ, ਜਦੋਂ ਰਾਏਕੋਟ ਮਾਮਲੇ ਦੀ ਸੁਣਵਾਈ ਹੋ ਰਹੀ ਸੀ, ਤਾਂ ਮੈਂ (ਗੁਰੂ) ਰਾਮ ਸਿੰਘ ਜੀ ਨੂੰ ਬਚਾਅ ਲਈ ਗਵਾਹ ਵਜੋਂ ਸੱਦਿਆ ਸੀ। ਉਹ ਆਏ ਅਤੇ ਉਨ੍ਹਾਂ ਨੂੰ ਆਪਣੀ ਵਾਰੀ ਆਉਣ ਤੱਕ ਇੱਕ ਤੰਬੂ ਵਿੱਚ ਬਿਠਾ ਕੇ ਉਡੀਕ ਕਰਵਾਈ ਸੀ। ਉਨ੍ਹਾਂ ਦੇ ਪੈਰੋਕਾਰਾਂ ਨੂੰ ਪਤਾ ਸੀ (ਜੋ ਤਦ ਮੈਨੂੰ ਪਤਾ ਨਹੀਂ ਸੀ) ਕਿ ਉਨ੍ਹਾਂ ਦੀ ਇਸ ਮਾਮਲੇ 'ਚ ਕਿੰਨੀ ਡੂੰਘੀ ਸ਼ਮੂਲੀਅਤ ਸੀ, ਇਸੇ ਲਈ ਉਨ੍ਹਾਂ ਨੂੰ ਹੈਰਾਨੀ ਹੋਈ ਸੀ, ਜਦੋਂ ਉਨ੍ਹਾਂ ਨੂੰ ਉੱਥੋਂ ਜਾਣ ਦਿੱਤਾ ਗਿਆ ਸੀ ਅਤੇ ਤਦ ਤੁਰੰਤ ਹਰ ਪਾਸੇ ਇਹ ਕਹਾਣੀ ਫੈਲਾ ਦਿੱਤੀ ਗਈ ਕਿ ਉਹ ''ਚਮਤਕਾਰੀ ਢੰਗ ਨਾਲ ਤੰਬੂ 'ਚੋਂ ਅਲੋਪ ਹੋ ਗਏ ਸਨ, ਜਿੱਥੇ ਉਨ੍ਹਾਂ ਨੂੰ ਕੈਦੀ ਵਜੋਂ ਰੱਖਿਆ ਗਿਆ ਸੀ ਅਤੇ ਇਹ ਵੀ ਕਿਹਾ ਗਿਆ ਕਿ ਪੁਲਿਸ ਨੇ ਬਹੁਤਾ ਲੰਮਾ ਸਮਾਂ ਉਨ੍ਹਾਂ ਦੀ ਰਾਖੀ ਕਰਨ ਤੋਂ ਨਾਂਹ ਕਰ ਦਿੱਤੀ ਸੀ ਅਤੇ ਤਦ ਸਾਹਿਬ ਲੋਕਾਂ ਨੇ ਉਨ੍ਹਾਂ ਨੂੰ ਜਾਣ ਦਿੱਤਾ – (ਵੇਖੋ ਕਾਪੀ ਐੱਲ)। ਮੈਂ ਸਿਫ਼ਾਰਸ਼ ਕਰਾਂਗਾ ਕਿ (1) ਸਾਹਿਬ ਸਿੰਘ (3) ਲੱਖਾ ਸਿੰਘ ਅਤੇ (4) ਕਾਹਨ ਸਿੰਘ ਨੂੰ ਉਮਰ ਭਰ ਲਈ ਦੇਸ਼-ਨਿਕਾਲੇ ਵਿੱਚ ਹਿਰਾਸਤ 'ਚ ਰੱਖਿਆ ਜਾਣਾ ਚਾਹੀਦਾ ਹੈ ਤੇ ਹੋਰਨਾਂ ਦੇ ਮਾਮਲਿਆਂ 'ਤੇ ਪੰਜਾਬ 'ਚ ਉਸ ਵੇਲੇ ਕੂਕਾਵਾਦ ਦੀ ਸਥਿਤੀ ਦੇ ਹਿਸਾਬ ਨਾਲ ਮੁੜ-ਵਿਚਾਰ ਕੀਤਾ ਜਾਵੇ, ਜਦੋਂ ਉਨ੍ਹਾਂ ਨੂੰ ਰਿਹਾਅ ਕਰਨ ਦਾ ਵੇਲਾ ਆਵੇ ਤੇ ਜੇ ਉਨ੍ਹਾਂ ਨੂੰ ਰਿਹਾਅ ਕਰ ਕੇ ਵਾਪਸ ਭੇਜਣਾ ਹੋਵੇ, ਤਾਂ ਵੀ ਉਨ੍ਹਾਂ ਦੇ ਘਰਾਂ ਨੂੰ ਪੁਲਿਸ ਚੌਕਸੀ ਅਧੀਨ ਰੱਖਿਆ ਜਾਵੇ ਅਤੇ ਉਹ ਕੋਈ ਮੇਲੇ ਜਾਂ ਮੀਟਿੰਗਾਂ ਵਿੱਚ ਸ਼ਾਮਲ ਨਾ ਹੋ ਸਕਣ; (6) ਜਵਾਹਰ ਸਿੰਘ ਨੂੰ ਉਮਰ ਲਈ ਉਦੋਂ ਤੱਕ ਹਿਰਾਸਤ 'ਚ ਰੱਖਿਆ ਜਾਵੇ, ਜਦੋਂ ਤੱਕ ਕਿ ਕੂਕਾਵਾਦ ਦਾ ਖ਼ਾਤਮਾ ਨਾ ਹੋ ਜਾਵੇ ਅਤੇ ਇਸ ਨੂੰ ਲੈ ਕੇ ਕੋਈ ਸਿਆਸੀ ਚਿੰਤਾ ਬਾਕੀ ਨਾ ਰਹੇ, (5) ਬ੍ਰਹਮਾ ਸਿੰਘ ਅਤੇ (10) ਪਹਾੜਾ ਸਿੰਘ, 10 ਸਾਲ, ਮਾਨ ਸਿੰਘ, ਤਿੰਨ ਸਾਲ (2) ਰੂੜ ਸਿੰਘ ਅਤੇ (7) ਹੁਕਮਾ ਸਿੰਘ, ਇੱਕ ਸਾਲ (ਰਿਹਾਈ 'ਤੇ ਇਸ ਵਿਅਕਤੀ ਨੂੰ ਨਾਭਾ ਦੇ ਰਾਜੇ ਹਵਾਲੇ ਕਰ ਦੇਣਾ ਚਾਹੀਦਾ ਹੈ)। (11) ਸਰਦਾਰ ਮੰਗਲ ਸਿੰਘ ਨੂੰ ਅਸੀਂ ਮਹਾਰਾਜਾ ਪਟਿਆਲਾ ਹਵਾਲੇ ਕਰ ਦਿੱਤਾ ਸੀ ਅਤੇ ਉਨ੍ਹਾਂ ਦੇ ਕੈਦੀ ਵਜੋਂ ਮੈਨੂੰ ਉਨ੍ਹਾਂ ਬਾਰੇ ਕੋਈ ਵਿਚਾਰ ਦੇਣ ਲਈ ਨਹੀਂ ਕਿਹਾ ਗਿਆ ਸੀ, ਉਸ ਬਾਰੇ ਇਹੋ ਕਹਿਣਾ ਸੀ ਕਿ ਉਸ ਦੀ ਵੀ ਹੋਰਨਾਂ ਵਰਗੀ ਪੁਜ਼ੀਸ਼ਨ ਸੀ ਅਤੇ ਮੈਂ ਸਿਫ਼ਾਰਸ਼ ਕਰਾਂਗਾ ਕਿ ਉਸ ਵੱਲੋਂ ਦੀਆਂ ਸ਼ਰਤਾਂ ਦੇ ਆਧਾਰ 'ਤੇ ਉਸ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਜੇ ਇਸ

ਦੀ ਪ੍ਰਵਾਨਗੀ ਨਹੀਂ ਮਿਲਦੀ, ਤਾਂ ਉਸ ਨੂੰ ਉਮਰ ਭਰ ਲਈ ਦੇਸ਼-ਨਿਕਾਲ਼ੇ 'ਚ ਹਿਰਾਸਤ 'ਚ ਰੱਖਿਆ ਜਾਣਾ ਚਾਹੀਦਾ ਹੈ। ਮੈਨੂੰ ਨਹੀਂ ਲੱਗਦਾ ਕਿ ਉਹ ਉਸ ਬਾਰੇ ਪਟਿਆਲਾ ਦੀ ਕਾਰਵਾਈ ਦੇ ਮੁਕਾਬਲੇ ਸਾਡੀ ਕਾਰਵਾਈ ਤੋਂ ਇੱਧਰ-ਉੱਧਰ ਹੋਣਗੇ।

## 224

*ਨੰ. 2217,* *ਮਿਤੀ 28 ਜੂਨ, 1872*

*ਵੱਲੋਂ*

ਲੀਪਲ ਐੱਚ. ਗ੍ਰਿਫ਼ਿਨ,

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

ਮੈਨੂੰ ਤੁਹਾਡੇ ਪੱਤਰਾਂ ਨੰ. 472 ਮਿਤੀ 10 ਮਾਰਚ ਅਤੇ ਨੰ. 1046, ਮਿਤੀ 13 ਜੂਨ ਦੇ ਪ੍ਰਾਪਤ ਹੋਣ ਦੀ ਹਦਾਇਤ ਹੋਈ ਹੈ, ਜੋ ਅਲਾਹਾਬਾਦ ਦੇ ਕਿਲ੍ਹੇ 'ਚ ਕੈਦ ਕੂਕਾ ਸੂਬਿਆਂ ਦੇ ਮਾਮਲਿਆਂ ਬਾਰੇ ਇੱਕ ਰਿਪੋਰਟ ਭੇਜਣ ਨਾਲ ਸੰਬੰਧਤ ਸਨ। ਇਹ ਰਿਪੋਰਟ ਸੀ.ਐੱਸ. ਸ੍ਰੀ ਜੇਮਸ ਮੈਕਨੈਬ ਵੱਲੋਂ ਤਿਆਰ ਕੀਤੀ ਗਈ ਹੈ, ਜਿਨ੍ਹਾਂ ਨੂੰ ਇਸ ਮੰਤਵ ਲਈ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖ਼ਾਸ ਤੌਰ 'ਤੇ ਨਿਯੁਕਤ ਕੀਤਾ ਗਿਆ ਸੀ ਅਤੇ ਜੋ 1871 ਦੇ ਜ਼ਿਆਦਾਤਰ ਸਮੇਂ ਦੌਰਾਨ ਅੰਬਾਲਾ ਦੇ ਕਾਰਜਕਾਰੀ ਕਮਿਸ਼ਨਰ ਰਹੇ ਸਨ ਅਤੇ ਉਨ੍ਹਾਂ ਨੂੰ ਕੂਕਾ ਸੰਪਰਦਾਇ ਅਤੇ ਉਸ ਦੇ ਆਗੂਆਂ ਦੇ ਸੰਬੰਧਤ ਮਹੱਤਵ ਬਾਰੇ ਆਮ ਤੌਰ 'ਤੇ ਇੱਕ ਭਰੋਸੇਯੋਗ ਵਿਚਾਰ ਕਾਇਮ ਕਰਨ ਦਾ ਸਭ ਤੋਂ ਵਧੀਆ ਮੌਕਾ ਮਿਲਿਆ ਸੀ।

2. ਇਸ ਰਿਪੋਰਟ ਦੇ ਨਤੀਜਿਆਂ ਬਾਰੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਆਮ ਤੌਰ 'ਤੇ ਸਹਿਮਤ ਹਨ। ਇਸ ਵਿੱਚ ਹਿਰਾਸਤ ਅਧੀਨ ਹਰੇਕ ਕੂਕਾ ਸੂਬੇ ਤੋਂ ਦਰਪੇਸ਼ ਸੰਭਾਵੀ ਖ਼ਤਰੇ ਦੇ ਦਰਜਿਆਂ ਦਾ ਵਰਨਣ ਬੇਹੱਦ ਧਿਆਨਪੂਰਵਕ ਕੀਤਾ ਗਿਆ ਹੈ ਪਰ ਮਾਣਯੋਗ ਸਾਹਿਬ ਨੂੰ ਉਨ੍ਹਾਂ ਦਰਜਿਆਂ ਅਨੁਸਾਰ ਕੈਦ ਦੀਆਂ ਵੱਖੋ-ਵੱਖਰੀਆਂ ਮਿਆਦਾਂ ਤੈਅ ਕਰਨ ਵਿੱਚ ਕੋਈ ਫ਼ਾਇਦਾ ਨਹੀਂ ਜਾਪਦਾ। ਇਨ੍ਹਾਂ ਵਿਅਕਤੀਆਂ ਨੂੰ ਰਿਹਾਅ ਕਰਨ ਦੀ ਉਚਿਤਤਾ ਮੁੱਖ ਤੌਰ 'ਤੇ ਸੂਬੇ ਦੀ ਜਨਤਾ ਦੀ ਭਾਵਨਾ ਦੀ ਹਾਲਤ 'ਤੇ ਨਿਰਭਰ ਕਰੇਗੀ ਅਤੇ ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਅਜਿਹਾ ਕਦਮ ਕਦੇ ਵੀ ਸਥਾਨਕ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਨਹੀਂ ਚੁੱਕਿਆ ਜਾਣਾ ਚਾਹੀਦਾ; ਬਸ਼ਰਤੇ ਉਨ੍ਹਾਂ ਦੇ ਮਾਮਲਿਆਂ ਦੀ ਹਰ ਵਰ੍ਹੇ ਸਮੀਖਿਆ ਹੋਵੇ ਅਤੇ ਉਸ ਦੀ ਇੱਕ ਰਿਪੋਰਟ ਭਾਰਤ ਸਰਕਾਰ ਨੂੰ ਭੇਜੀ ਜਾਵੇ।

3. ਖ਼ਾਸ ਤੌਰ 'ਤੇ ਸਰਦਾਰ ਮੰਗਲ ਸਿੰਘ ਦੇ ਸਬੰਧ ਵਿੱਚ, ਭਾਵੇਂ ਉਨ੍ਹਾਂ ਨੂੰ ਬ੍ਰਿਟਿਸ਼ ਅਧਿਕਾਰ-ਖੇਤਰ 'ਚ ਕੈਦ ਵਿੱਚ ਰੱਖਣ ਲਈ ਮਹਾਰਾਜਾ ਪਟਿਆਲਾ

ਹਵਾਲੇ ਕਰ ਦਿੱਤਾ ਗਿਆ ਹੈ ਪਰ ਸ੍ਰੀ ਮੈਕਨੈਬ ਵੱਲੋਂ ਇਕੱਠੇ ਕੀਤੇ ਸਬੂਤਾਂ ਤੋਂ ਸਪੱਸ਼ਟ ਹੈ ਕਿ ਉਹ ਵੀ ਪ੍ਰਮੁੱਖ ਸਾਜ਼ਿਸ਼ਘਾੜਿਆਂ 'ਚੋਂ ਹੀ ਇੱਕ ਹਨ, ਉਨ੍ਹਾਂ ਦੇ ਦਰਜੇ ਤੇ ਰੁਤਬੇ ਦੇ ਬਾਵਜੂਦ ਉਨ੍ਹਾਂ 'ਤੇ ਰਾਜ-ਧਰੋਹ ਦੇ ਦੋਸ਼ ਹਨ, ਜਿਨ੍ਹਾਂ ਲਈ ਕੋਈ ਮੁਆਫ਼ੀ ਜਾਂ ਨਰਮੀ ਨਹੀਂ ਹੈ। ਲੈਫ਼ਟੀਨੈਂਟ ਗਵਰਨਰ ਕਿਸੇ ਵੀ ਹਾਲਤ 'ਚ ਸ੍ਰੀ ਮੈਕਨੈਬ ਦੇ ਉਸ ਵਿਚਾਰ ਨਾਲ ਸਹਿਮਤ ਨਹੀਂ ਹੋ ਸਕਦੇ ਕਿ ਕਿਉਂਕਿ ਮੰਗਲ ਸਿੰਘ ਨੇ ਕੂਕਾ ਸੰਪਰਦਾਇ ਨੂੰ ਜਨਤਕ ਤੌਰ 'ਤੇ ਤਿਆਗ ਦਿੱਤਾ ਹੈ, ਇਸ ਲਈ ਉਨ੍ਹਾਂ ਨੂੰ ਰਿਹਾਅ ਕਰਨ ਦਾ ਚੋਖਾ ਲਾਭ ਮਿਲੇਗਾ। ਉਨ੍ਹਾਂ ਦੀ ਰਿਹਾਈ ਅਣਉਚਿਤ ਹੋਵੇਗੀ। ਇਹੋ ਠੀਕ ਰਹੇਗਾ ਕਿ ਉਨ੍ਹਾਂ ਨੂੰ ਕੈਦ 'ਚ ਰੱਖ ਕੇ ਇੱਕ ਮਿਸਾਲ ਕਾਇਮ ਕੀਤੀ ਜਾਵੇ ਤੇ ਉਹ ਬਿਹਤਰ ਵਰਗ ਦੇ ਸਾਜ਼ਿਸ਼ਘਾੜਿਆਂ ਲਈ ਇੱਕ ਚੇਤਾਵਨੀ ਵੀ ਹੋਵੇ।

4. ਦੇਰੀ ਤੋਂ ਬਚਾਅ ਲਈ ਅੰਤਿਕਾਵਾਂ ੳ ਅਤੇ ਚ ਨੂੰ ਅਸਲ ਰੂਪ ਵਿੱਚ ਹੀ ਭੇਜਿਆ ਜਾ ਰਿਹਾ ਹੈ।

## 225

**ਨੋਟ:** ਰਿਪੋਰਟ ਬਾਰੇ (ਕੰਪਾਈਲਰ)

ਅਸਲ ਰਿਪੋਰਟ ਬਹੁਤ ਜ਼ਿਆਦਾ ਲੰਮੀ-ਚੌੜੀ ਹੈ, ਇਸ ਵਿੱਚ ਦਰਜ ਹਨ:

(ੳ) ਚੋਣਵੇਂ ਦਸਤਾਵੇਜ਼, 1867, 68, 69, 70.

(ਅ) ਪੁਲਿਸ ਅਧਿਕਾਰੀਆਂ ਦੀਆਂ ਰਿਪੋਰਟਾਂ।

(ੲ) ਲੁਧਿਆਣਾ, ਹੁਸ਼ਿਆਰਪੁਰ, ਲਾਹੌਰ, ਗੁਜਰਾਂਵਾਲਾ, ਫ਼ਿਰੋਜ਼ਪੁਰ ਤੇ ਜਲੰਧਰ ਦੇ ਜ਼ਿਲ੍ਹਾ ਸੁਪਰਇੰਟੈਂਡੈਂਟਸ ਵੱਲੋਂ ਦਰਜ ਕੀਤੀਆਂ ਗਵਾਹੀਆਂ ਤੇ ਬਿਆਨ।

(ਸ) ਲੁਧਿਆਣਾ, ਹੁਸ਼ਿਆਰਪੁਰ, ਗੁਜਰਾਂਵਾਲਾ ਦੇ ਡਿਪਟੀ ਕਮਿਸ਼ਨਰਾਂ ਅਤੇ ਸਿਆਲਕੋਟ, ਫ਼ਿਰੋਜ਼ਪੁਰ ਦੇ ਸਹਾਇਕ ਕਮਿਸ਼ਨਰਾਂ ਵੱਲੋਂ ਦਰਜ ਕੀਤੀਆਂ ਗਵਾਹੀਆਂ ਤੇ ਬਿਆਨ (ਅੰਸ਼ ਮੌਜੂਦਾ ਪੁਸਤਕ ਵਿੱਚ ਛਾਪੇ ਗਏ ਹਨ)।

(ਹ) ਅਲਾਹਾਬਾਦ ਦੇ ਕਿਲ੍ਹੇ 'ਚ ਸ੍ਰੀ ਮੈਕਨੈਬ ਸਾਹਮਣੇ ਕੂਕਾ ਸੂਬਿਆਂ ਵੱਲੋਂ 23, 24 ਅਤੇ 25 ਅਪ੍ਰੈਲ, 1872 ਨੂੰ ਦਿੱਤੇ ਬਿਆਨ।

ਹਰੇਕ ਵਿਅਕਤੀ ਦੇ ਸਬੰਧ ਵਿੱਚ ਗਵਾਹੀ ਦਾ ਖ਼ੁਲਾਸਾ ਬਹੁਤ ਧਿਆਨ ਤੇ ਮਿਹਨਤ ਨਾਲ ਕੀਤਾ ਗਿਆ ਹੈ। ਇਸ ਦੇ ਅਹਿਮ ਹਿੱਸੇ ਮੌਜੂਦਾ ਸੰਸਕਰਣ ਵਿੱਚ ਪ੍ਰਕਾਸ਼ਿਤ ਕੀਤੇ ਜਾਂਦੇ ਹਨ। (ਸੰਕਲਨਕਰਤਾ: ਨਾਹਰ ਸਿੰਘ)

(1) ਸਾਹਿਬ ਸਿੰਘ (ਆਪਣਾ ਖ਼ੁਦ ਦਾ ਬਿਆਨ) ਪੁੱਤਰ ਦਿਆਲ ਸਿੰਘ, ਨਿਵਾਸੀ ਬਨਵਾਲੀਪੁਰ, ਤਰਨ ਤਾਰਨ, ਅੰਮ੍ਰਿਤਸਰ – ਉਮਰ 38, ਜਾਤ ਤਰਖਾਣ। ਕੂਕਾ ਬਣਨ ਤੋਂ 9 ਵਰ੍ਹੇ ਪਹਿਲਾਂ ਉਦਾਸੀ ਸਾਧ ਬਣ ਗਿਆ ਸਾਂ। ਸੰਮਤ 1916 'ਚ ਹਜ਼ਰੋ ਗਿਆ ਤੇ ਬਾਬਾ ਬਾਲਕ ਸਿੰਘ ਜੀ (ਬਾਨੀ) ਮੈਨੂੰ ਕੂਕਾ ਬਣਾਇਆ, ਜੋ 1919 'ਚ ਜੋਤਿ ਜੋਤ ਸਮਾਏ। ਬਾਬਾ ਬਾਲਕ ਸਿੰਘ ਜੀ ਨੇ (ਗੁਰੂ) ਰਾਮ ਸਿੰਘ ਜੀ ਨੂੰ ਆਪਣਾ ਵਾਰਸ ਬਣਾਇਆ। (ਗੁਰੂ) ਰਾਮ ਸਿੰਘ ਜੀ ਨੇ ਕਿਸੇ ਨੂੰ ਵਾਰਸ ਨਿਯੁਕਤ ਨਹੀਂ ਕੀਤਾ।

ਮੈਨੂੰ ਪੰਜ-ਛੇ ਵਰ੍ਹੇ ਪਹਿਲਾਂ ਸੂਬਾ ਬਣਾਇਆ ਗਿਆ ਸੀ। ਪਹਿਲਾਂ ਕਾਹਨ ਸਿੰਘ, ਸੁਧ ਸਿੰਘ ਤੇ ਜਵਾਹਰ ਸਿੰਘ.... ਨੂੰ ਸੂਬੇ ਬਣਾਇਆ ਜਾ ਚੁੱਕਾ ਸੀ। ਸਵਾ ਕੁ ਸਾਲ ਪਹਿਲਾਂ ਮੈਂ ਕਾਹਨ ਸਿੰਘ, ਅਤਰ ਸਿੰਘ, ਜੀਵਨ ਸਿੰਘ ਤੇ ਦੋ ਹੋਰਨਾਂ ਨਾਲ ਦੋ ਖੱਚਰਾਂ ਤੇ ਦੋ ਮੱਝਾਂ ਲੈ ਕੇ ਨੇਪਾਲ ਗਿਆ ਸਾਂ। ਖੱਚਰਾਂ ਟਿੱਕਾ ਸਾਹਿਬ ਲਈ ਸਨ ਤੇ ਮੱਝਾਂ ਨੇਪਾਲ ਦੇ ਰਾਜੇ ਲਈ ਸਨ... ਨੇਪਾਲ ਦੇ ਰਾਜਾ ਦੀ ਸੇਵਾ 'ਚ 15 ਤੋਂ 20 ਸਿੱਖ ਨਿਯੁਕਤ ਹਨ। ਇੱਕ ਫ਼ੌਜ ਦਾ ਉੱਚ ਅਧਿਕਾਰੀ (ਐਜੂਟੈਂਟ) ਹੈ, ਇੱਕ ਹੋਰ ਜਮਾਂਦਾਰ ਹੈ...। ਸੂਬਾ ਵਜੋਂ ਮੇਰੀਆਂ ਡਿਊਟੀਆਂ ਪਸ਼ੂ ਸ਼ਾਲਾ ਦੀ ਸਥਾਪਨਾ ਨੂੰ ਸਥਿਰ ਰੱਖਣਾ ਤੇ ਉਸ ਦਾ ਪੋਸ਼ਣ ਕਰਨਾ ਅਤੇ ਪਸ਼ੂ ਵੇਚਣਾ ਹੈ। ਕੁਝ ਵਰ੍ਹੇ ਪਹਿਲਾਂ ਮੈਂ ਹਰਿਦੁਆਰ ਵਿਖੇ ਕਈ ਘੋੜੇ ਵੇਚੇ ਸਨ। ਸਾਰਾ ਮੁਨਾਫ਼ਾ ਲੰਗਰ ਖਾਨਾ (ਲੰਗਰ ਹਰ ਸਮੇਂ ਚੱਲਦਾ ਹੈ) ਨੂੰ ਗਿਆ ਸੀ। ਮੈਂ (ਗੁਰੂ) ਰਾਮ ਸਿੰਘ ਜੀ ਨਾਲ ਜਾਂਦਾ ਹਾਂ। ਮੈਂ ਕੂਕੇ ਬਣਾਉਂਦਾ ਹਾਂ।

**ਨੋਟ:** ਹੁਸ਼ਿਆਰ, ਚਾਲਾਕ ਤੇ ਦ੍ਰਿੜ੍ਹ ਇਰਾਦੇ ਵਾਲਾ ਜਾਪਦਾ ਹੈ, ਯੋਗ ਸੂਬਿਆਂ 'ਚੋਂ ਇੱਕ ਹੈ। – ਹਸਤਾਖਰ/– ਜੇ.ਡਬਲਿਊ. ਮੈਕਨੈਬ

(2) ਰੂੜ ਸਿੰਘ ਪੁੱਤਰ ਦਿਆਲ ਸਿੰਘ, ਜਾਤ ਤਰਖਾਣ, ਉਮਰ 41, ਨਿਵਾਸੀ ਬਨਵਾਲੀਪੁਰ। ਮੈਂ ਹੁਣ ਅੰਮ੍ਰਿਤਸਰ 'ਚ ਰਹਿ ਕੇ ਕੰਮ ਕਰਦਾ ਹਾਂ। ਮੇਰਾ ਪਰਿਵਾਰ ਹੈ। ਬਾਬਾ (ਗੁਰੂ) ਰਾਮ ਸਿੰਘ ਜੀ ਨੇ ਮੈਨੂੰ ਪੰਜ ਕੁ ਵਰ੍ਹੇ ਪਹਿਲਾਂ ਸੰਮਤ 1917 'ਚ ਧਰਮ ਦਾ ਮਾਰਗ-ਦਰਸ਼ਕ ਬਣਾਇਆ ਸੀ। ਮੈਂ ਅਨੰਦਪੁਰ ਸਾਹਿਬ ਮੇਲੇ 'ਚ (ਗੁਰੂ) ਰਾਮ ਸਿੰਘ ਜੀ ਨਾਲ ਗਿਆ ਸਾਂ। ਉਸ ਮੇਲੇ ਪਿੱਛੋਂ ਹੀ ਮੈਨੂੰ 'ਨਾਮ ਦੇਣ' ਦੀ ਪ੍ਰਵਾਨਗੀ ਦਿੱਤੀ ਗਈ ਸੀ। ਮੈਂ ਸਿਰਫ਼ ਸ਼ਹਿਰ 'ਚ ਪੜ੍ਹਾਉਂਦਾ ਹਾਂ।

**ਨੋਟ:** ਇਹ ਕਿਸੇ ਵਿਲੱਖਣ ਗੁਣ ਜਾਂ ਕਿਰਦਾਰ ਦਾ ਮਾਲਕ ਨਹੀਂ ਜਾਪਦਾ, ਸ਼ਾਇਦ ਇਸ ਦਾ ਰੁਤਬਾ ਸਾਹਿਬ ਸਿੰਘ ਦੇ ਭਰਾ ਵਜੋਂ ਵਧੇਰੇ ਹੈ। 24 ਅਪ੍ਰੈਲ, 1872. – ਹਸਤਾਖਰ/– ਜੇ.ਡਬਲਿਊ. ਮੈਕਨੈਬ

(3) ਲੱਖਾ ਸਿੰਘ ਪੁੱਤਰ ਰਾਣਾ ਸਿੰਘ, ਉਮਰ 36 ਸਾਲ, ਨਿਵਾਸੀ ਮਲੌਦ, ਲੁਧਿਆਣਾ। ਮੈਂ ਪਹਿਲਾਂ ਸ਼ੇਰ-ਦਿਲ ਰੈਜਿਮੈਂਟ 'ਚ ਹੁੰਦਾ ਸਾਂ ਅਤੇ ਜਦੋਂ ਉਸ ਨੂੰ ਭੰਗ ਕਰ ਦਿੱਤਾ ਗਿਆ, ਤਾਂ ਪੁਲਿਸ 'ਚ ਭਰਤੀ ਹੋ ਗਿਆ ਸਾਂ। ਮੈਂ 1918 'ਚ ਅਸਤੀਫ਼ਾ ਦੇ ਦਿੱਤਾ ਸੀ।

ਮੈਨੂੰ 1916 ਜਾਂ 1917 'ਚ ਲੁਧਿਆਣਾ ਵਿਖੇ (ਗੁਰੂ) ਰਾਮ ਸਿੰਘ ਜੀ ਨੇ ਕੂਕਾ ਬਣਾਇਆ ਸੀ। ਮੈਂ ਭੈਣੀ 'ਚ ਰਹਿ ਕੇ ਉਨ੍ਹਾਂ ਦੇ ਪਸ਼ੂਆਂ ਦੀ ਦੇਖਭਾਲ ਕਰਦਾ ਸਾਂ ਤੇ ਉਨ੍ਹਾਂ ਦੇ ਲੰਗਰ-ਪਾਣੀ 'ਚ ਮਦਦ ਕਰਦਾ ਸਾਂ।

ਮੈਂ ਫ਼ਿਰੋਜ਼ਪੁਰ 'ਚ ਖੋਟਾ ਵਿਖੇ ਹੋਲੀ ਮੇਲੇ ਮੌਕੇ ਮੌਜੂਦ ਸਾਂ, ਵਿਸਾਖੀ ਮੌਕੇ ਦਮਦਮਾ ਸਾਹਿਬ 'ਚ ਵੀ ਸਾਂ।

**ਨੋਟ:** ਠੀਕ ਹੈ ਪਰ ਕੋਈ ਖ਼ਾਸ ਗੱਲ ਨਹੀਂ ਜਾਪਦੀ।

**ਵਿਚਾਰ:** ਇਹ ਸਾਰੇ ਸੂਬਿਆਂ 'ਚੋਂ ਸਭ ਤੋਂ ਵੱਧ ਗੜਬੜਗ੍ਰਸਤ ਵਿਅਕਤੀ ਹੈ। ਉਸ ਦੇ ਰਾਜ-ਧਰੋਹੀ ਪ੍ਰਚਾਰ ਬਾਰੇ ਕੋਈ ਸ਼ੱਕ ਨਹੀਂ ਹੈ ਅਤੇ ਉਸ ਨੂੰ ਹੀਰਾ

ਸਿੰਘ ਦਾ ਹੌਸਲਾ ਵਧਾਉਂਦਿਆਂ ਵੇਖਿਆ ਗਿਆ ਸੀ। ਉਸ ਨੂੰ ਲਗਾਤਾਰ ਦੇਸ਼-ਨਿਕਾਲੇ 'ਚ ਹੀ ਰੱਖਣਾ ਚਾਹੀਦਾ ਹੈ।

*23 ਅਪ੍ਰੈਲ, 1872* – ਹਸਤਾਖਰ/- ਜੇ.ਡਬਲਿਊ. ਮੈਕਨੈਬ

(4) ਕਾਹਨ ਸਿੰਘ ਉਰਫ਼ ਨਿਹੰਗ ਸਿੰਘ, ਉਮਰ 60 ਸਾਲ, ਜਾਤ ਜੱਟ, ਨਿਵਾਸੀ ਮਲੇਰਕੋਟਲਾ 'ਚ ਚੱਕ।

ਮੈਂ ਨੌਨਿਹਾਲ ਸਿੰਘ ਦੀ ਰੈਜਿਮੈਂਟ 'ਚ ਹੌਲਦਾਰ ਸਾਂ ਅਤੇ ਬਾਬਾ ਰਾਮ ਸਿੰਘ ਜੀ ਸਿਪਾਹੀ ਸਨ ਅਤੇ ਅਕਸਰ ਬ੍ਰਿਗੇਡ ਮੇਜਰ ਮੈਕਸਨ ਨਾਲ ਡਿਊਟੀ 'ਤੇ ਰਹਿੰਦਾ ਸਾਂ। ਮੈਨੂੰ ਹਜ਼ਰੋ ਵਿਖੇ ਬਾਬਾ ਬਾਲਕ ਸਿੰਘ ਜੀ ਦੁਆਰਾ ਸ਼ੇਰ ਸਿੰਘ ਦੇ ਸਮੇਂ 1898 'ਚ ਕੂਕਾ ਬਣਾਇਆ ਗਿਆ ਸੀ। ਫੌਜ ਛੱਡ ਦਿੱਤੀ ਸੀ, ਜਦੋਂ ਉਸ ਨੇ ਰਾਵਲਪਿੰਡੀ 'ਚ ਆਪਣੇ ਹਥਿਆਰ ਸੁੱਟੇ ਸਨ।

ਜਦੋਂ (ਗੁਰੂ) ਰਾਮ ਸਿੰਘ ਜੀ ਨੂੰ ਭੈਣੀ 'ਚ ਨਜ਼ਰਬੰਦ ਕਰ ਦਿੱਤਾ ਗਿਆ ਸੀ, ਮੈਂ ਤਦ ਮੈਕਲਿਓਡ ਸਾਹਿਬ (ਲੈਫ਼ਟੀਨੈਂਟ ਗਵਰਨਰ) ਕੋਲ ਗਿਆ ਸਾਂ ਤੇ ਉਨ੍ਹਾਂ ਨੂੰ ਆਖਿਆ ਸੀ ਕਿ ਲੋਕ ਡਾਢੇ ਔਖੇ ਹਨ ਕਿਉਂਕਿ ਬਾਬਾ (ਰਾਮ ਸਿੰਘ) ਜੀ ਨਾ ਤਾਂ ਵਿਆਹਾਂ-ਸ਼ਾਦੀਆਂ ਦੇ ਮੌਕੇ 'ਤੇ ਕਿਤੇ ਜਾ ਸਕਦੇ ਹਨ ਤੇ ਨਾ ਹੀ ਕਿਤੇ ਅਰਦਾਸ ਕਰਵਾ ਸਕਦੇ ਹਨ।

ਮੈਂ ਗੜਬੜੀਆਂ ਵਾਪਰਨ ਸਮੇਂ ਬਾਬਾ ਨੈਣਾ ਸਿੰਘ ਨਾਲ ਨਹੀਂ ਸਾਂ, ਸਾਰਾ ਹੰਗਾਮਾ ਉਨ੍ਹਾਂ ਦੇ ਚੇਲੇ ਨੇ ਕੀਤਾ ਸੀ, ਬਾਬਾ ਜੀ ਨੇ ਨਹੀਂ। ਮੈਂ ਆਪਣੀ ਰੈਜਿਮੈਂਟ ਨਾਲ ਸਾਂ। ਮੈਂ ਸਾਹਿਬ ਸਿੰਘ ਨਾਲ ਮੱਝਾਂ ਤੇ ਖੱਚਰਾਂ ਵੇਚਣ ਨੇਪਾਲ ਗਿਆ ਸਾਂ।

...ਅੰਮ੍ਰਿਤਸਰ ਦੇ ਕਤਲਾਂ ਵੇਲੇ ਹੁਸ਼ਿਆਰਪੁਰ 'ਚ ਸਾਂ। ...ਮੈਨੂੰ ਚੌਕਸ ਨਿਗਰਾਨੀ ਅਧੀਨ ਰੱਖਿਆ ਗਿਆ ਸੀ''। ਰਾਏਕੋਟ ਦੇ ਕਤਲਾਂ ਵੇਲੇ, ਮੈਨੂੰ ਪੁਲਿਸ ਵੱਲੋਂ ਹੁਸ਼ਿਆਰਪੁਰ 'ਚ ਕਿਤੇ ਵੀ ਜਾਣ ਦੀ ਇਜਾਜ਼ਤ ਨਹੀਂ ਸੀ''। ਮੈਂ ਹੁਸ਼ਿਆਰਪੁਰ ਪੁਲਿਸ ਦੇ ਇੱਕ ਹੌਲਦਾਰ ਅਤੇ 15 ਹੋਰ ਜਵਾਨਾਂ ਨੂੰ ਕੂਕੇ ਬਣਾਇਆ ਸੀ। ਮੇਰੀ ਹੱਡੀ ਟੁੱਟੀ ਹੋਈ ਹੈ। ਮੈਂ ਪੇਚਿਸ਼ ਤੋਂ ਵੀ ਪੀੜਤ ਹਾਂ।

**ਨੋਟ:** ਮੈਨੂੰ ਇਸ ਵਿਅਕਤੀ ਬਾਰੇ ਪਤਾ ਲਾਉਣ 'ਚ ਬਹੁਤ ਔਖ ਪੇਸ਼ ਆਈ ਹੈ। ਉਹ ਬਹੁਤ ਚਾਲਾਕ ਵਿਅਕਤੀ ਹੈ, ਕਾਫ਼ੀ ਕੁਝ ਲੱਖਾ ਸਿੰਘ ਨਾਲ ਮਿਲਦਾ ਹੈ – ਸਾਹਿਬ ਸਿੰਘ ਜਿੰਨਾ ਸੂਝਵਾਨ ਨਹੀਂ ਹੈ।

**ਵਿਚਾਰ**

ਕਾਹਨ ਸਿੰਘ ਬਹੁਤ ਮਹੱਤਵਪੂਰਣ ਵਿਅਕਤੀ ਹੈ, ਉਸ ਨੇ ਮੰਗਲ ਸਿੰਘ ਨੂੰ ਲਾਂਭੇ ਕਰ ਦਿੱਤਾ ਹੈ, ਹੁਣ ਸੂਬਿਆਂ 'ਚ ਤੀਜੇ ਨੰਬਰ ਦੇ ਮਹੱਤਵ ਵਾਲਾ ਵਿਅਕਤੀ ਹੈ। ਮੈਂ ਉਸ ਨੂੰ ਬਾਕੀ ਦੇ ਸਾਰੇ ਜੀਵਨ ਲਈ ਦੇਸ਼-ਨਿਕਾਲੇ 'ਚ ਰੱਖਾਂਗਾ।

*25 ਅਪ੍ਰੈਲ, 1872* – ਹਸਤਾਖਰ/- ਜੇ.ਡਬਲਿਊ. ਮੈਕਨੈਬ

(5) ਬ੍ਰਹਮਾ ਸਿੰਘ ਪੁੱਤਰ ਗੁਲਾਬ ਸਿੰਘ, ਉਮਰ 50 ਵਰ੍ਹੇ, ਜੱਟ, ਨਿਵਾਸੀ ਪਿੰਡ ਦਰਿਆਪੁਰ, ਜ਼ਿਲ੍ਹਾ ਕੈਥਲ।

''ਮੇਰੀ ਹਾਲੇ ਦਾੜ੍ਹੀ-ਮੁੱਛ ਵੀ ਨਹੀਂ ਆਈ ਸੀ, ਜਦੋਂ ਮੈਂ ਉਦਾਸੀ ਸਾਧ ਬਣ ਗਿਆ ਸਾਂ। ਸੰਮਤ 1916 'ਚ ਕਸ਼ਮੀਰ ਤੋਂ ਪਰਤਦੇ ਸਮੇਂ ਹਜ਼ਰੋ ਵਿਖੇ (ਗੁਰੂ) ਬਾਲਕ ਸਿੰਘ ਜੀ ਨੂੰ ਮਿਲਿਆ ਸਾਂ ਅਤੇ ਉਨ੍ਹਾਂ ਮੈਨੂੰ ਕੂਕਾ ਬਣਾਇਆ ਸੀ। ਮੈਨੂੰ ਨਾਮ (ਭਾਵ ਰਾਮ ਨਾਮ) ਬਾਰੇ ਦੱਸਿਆ ਗਿਆ ਸੀ।

ਮੈਂ 1921 'ਚ ਗਿੱਲ ਵਿਖੇ ਰਹਿ ਰਿਹਾ ਸਾਂ ਤੇ ਅੰਮ੍ਰਿਤਸਰ 'ਚ (ਗੁਰੂ) ਰਾਮ ਸਿੰਘ ਜੀ ਨੂੰ ਮਿਲਿਆ ਤੇ ਫਿਰ ਉਨ੍ਹਾਂ ਨਾਲ ਭੈਣੀ ਆ ਗਿਆ। ਉਨ੍ਹਾਂ ਮੈਨੂੰ ਦੱਸਿਆ ਕਿ ਲੋਕਾਂ ਨੂੰ ਕੂਕੇ ਬਣਨ ਲਈ ਸਿਆਲਕੋਟ ਤੇ ਗੁਜਰਾਂਵਾਲਾ ਤੋਂ ਭੈਣੀ ਆਉਣ ਤੱਕ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਇਹ ਕੰਮ ਮੈਨੂੰ ਸੰਭਾਲ ਦਿੱਤਾ ਗਿਆ ਸੀ। ਮੈਂ ਮੁਆਫ਼ੀ ਮੰਗਦਿਆਂ ਕਿਹਾ ਕਿ ਮੈਂ ਏਕਾਂਤ 'ਚ ਰਹਿਣਾ ਚਾਹੁੰਦਾ ਹਾਂ। ਉਨ੍ਹਾਂ ਕਿਹਾ ਕਿ ਇਹ ਕੰਮ ਤੂੰ ਹੀ ਕਰੇਂਗਾ ਤੇ ਫਿਰ ਮੈਂ ਇਹ ਕੰਮ ਸੰਭਾਲ ਲਿਆ। ਮੈਂ ਉੱਥੇ ਹੀ ਜਾਂਦਾ ਹਾਂ, ਜਿੱਥੇ ਵੀ ਲੋਕ ਮੈਨੂੰ ਜਾਣ ਲਈ ਆਖਦੇ ਹਨ। ਜੋਤਾ ਸਿੰਘ ਵੀ ਇਸੇ ਜ਼ਿਲ੍ਹੇ ਦੇ ਹਨ ਤੇ ਕਦੇ-ਕਦੇ ਅਸੀਂ ਇਕੱਠੇ ਜਾਂਦੇ ਹਾਂ ਤੇ ਕਦੇ ਵੱਖੋ-ਵੱਖਰੇ ਵੀ ਜਾਂਦੇ ਹਾਂ।

ਮੈਂ ਔਰਤਾਂ ਨੂੰ ਜਾਂਘੀਆ (ਕਛਹਿਰਾ) ਪਹਿਨਣ ਦੀ ਸਿੱਖਿਆ ਦਿੱਤੀ ਸੀ। ਲੋਕ ਮੈਨੂੰ ਨਫ਼ਰਤ ਕਰਦੇ ਹਨ ਕਿਉਂਕਿ ਮੈਂ ਉਨ੍ਹਾਂ ਨੂੰ ਚੋਰੀ ਨਾ ਕਰਨ ਜਾਂ ਆਪਣੀਆਂ ਨਵਜੰਮੀਆਂ ਬੱਚੀਆਂ ਨਾ ਮਾਰਨ ਜਾਂ ਆਪਣੀਆਂ ਧੀਆਂ-ਭੈਣਾਂ ਨਾ ਵੇਚਣ ਲਈ ਕਹਿੰਦਾ ਹਾਂ, ਇਸੇ ਲਈ ਉਹ ਮੇਰੇ ਬਾਰੇ ਝੂਠ ਬੋਲਦੇ ਹਨ।

**ਨੋਟ:** ਮੈਨੂੰ ਸੱਚਮੁਚ ਇੱਕ ਧਾਰਮਿਕ ਵਿਅਕਤੀ ਜਾਪਦਾ ਹੈ। ਉਤੇਜਨਾ ਦੀ ਹਾਲਤ ਵਿੱਚ ਉਤਸ਼ਾਹੀ ਹੋ ਸਕਦਾ ਹੈ।

*24 ਅਪ੍ਰੈਲ, 1872* – ਹਸਤਾਖਰ/– ਜੇ.ਡਬਲਿਊ. ਮੈਕਨੈਬ

ਮੇਰੇ ਵਿਚਾਰ ਅਨੁਸਾਰ, ਤੇ ਇਸ ਵਿੱਚ ਕੋਈ ਵੀ ਸ਼ੱਕ ਨਹੀਂ ਕਿ ਬ੍ਰਹਮਾ ਸਿੰਘ ਪਿਛਲੇ ਕੁਝ ਸਾਲਾਂ ਦੌਰਾਨ ਬਹੁਤ ਪ੍ਰਣਾਲੀਬੱਧ ਤਰੀਕੇ ਨਾਲ ਰਾਜ-ਧਰੋਹ ਦਾ ਪ੍ਰਚਾਰ ਕਰਦਾ ਰਿਹਾ ਹੈ।

...ਉਹ ਮੈਨੂੰ ਧਾਰਮਿਕ ਉਤਸ਼ਾਹੀ ਵੱਧ ਜਾਪਦਾ ਹੈ ਅਤੇ ਉਹ ਹੋਰਨਾਂ ਵਾਂਗ ਮਹਿਜ਼ ਸਿਆਸੀ ਖੇਡ ਨਹੀਂ ਖੇਡਦਾ। ਉਤੇਜਨਾ ਵਧਣ ਦੇ ਸਮੇਂ ਅਜਿਹੀ ਸਿੱਖ ਮਾਨਸਿਕਤਾ ਸਿਰਫ਼ ਵਧੇਰੇ ਖ਼ਤਰਨਾਕ ਹੀ ਹੋਵੇਗੀ।

ਸਾਹਿਬ ਸਿੰਘ, ਕਾਹਨ ਸਿੰਘ ਤੇ ਲੱਖਾ ਸਿੰਘ ਦੇ ਮਾਮਲਿਆਂ ਵਾਂਗ ਉਮਰ ਭਰ ਲਈ ਦੇਸ਼-ਨਿਕਾਲ਼ਾ।

– ਹਸਤਾਖਰ/– ਜੇ.ਡਬਲਿਊ. ਮੈਕਨੈਬ

(6) ਜਵਾਹਰ ਸਿੰਘ ਪੁੱਤਰ ਦਲ ਸਿੰਘ, ਨਿਵਾਸੀ ਡਰੋਲੀ (ਭਾਈ), ਪੁਲਿਸ ਥਾਣਾ ਡਕਰੂ, ਤਹਿਸੀਲ ਮੋਗਾ, ਉਮਰ 50 ਸਾਲ, ਜਾਤ ਜੱਟ।

ਮੇਰੇ ਪਿਤਾ ਜੀ ਦਾ ਦਿਹਾਂਤ ਹੋ ਗਿਆ ਸੀ, ਜਦੋਂ ਮੈਂ 5 ਸਾਲਾਂ ਦਾ ਸਾਂ। ਮੈਂ ਖੇਤੀਬਾੜੀ ਕਰਦਾ ਸਾਂ ''ਪਰ ਸੰਮਤ 1905 'ਚ ਨਿਰਮਲਾ ਸਾਧ ਬਣ ਗਿਆ ਸਾਂ ਅਤੇ ਸਾਰੇ ਦੇਸ਼ 'ਚ ਘੁੰਮਿਆ ਸਾਂ, ਚਾਰ ਵਰ੍ਹੇ ਬਨਾਰਸ 'ਚ ਰਿਹਾ ਸਾਂ।''

ਮੈਂ ਸੰਮਤ 1917 'ਚ ਕੂਕਾ ਬਣ ਗਿਆ ਸਾਂ। ਮੈਂ ਵੇਖਿਆ ਕਿ ਉਹ ਚੰਗੇ ਲੋਕ ਸਨ। ਮੈਂ ਵੀ ਮੋਗਾ 'ਚ ਬਿਲਾਸਪੁਰ ਵਿਖੇ ਇੱਕ ਖੂਹ 'ਤੇ ਸਾਧ ਬਣ ਗਿਆ।

ਸੱਤ ਵਰ੍ਹੇ ਪਹਿਲਾਂ ਸੂਬਾ ਬਣਾਇਆ ਗਿਆ ਸੀ... ਨਰਾਇਣ ਸਿੰਘ ਦੱਖਣ ਵੱਲ ਗਿਆ ਸੀ'' ...ਮੈਂ ਸਾਰੇ ਮੇਲਿਆਂ 'ਤੇ (ਗੁਰੂ) ਰਾਮ ਸਿੰਘ ਜੀ ਨਾਲ ਜਾਂਦਾ ਹਾਂ। ਮੈਂ ਦੀਵਾਲੀ, ਮਾਘੀ ਤੇ ਅਨੰਦਪੁਰ 'ਚ ਸਾਂ।

**ਨੋਟ:** ਜਵਾਹਰ ਸਿੰਘ ਇੱਕ ਸੱਚਾ ਫ਼ਕੀਰ ਹੈ ਤੇ ਮੈਨੂੰ ਖ਼ਤਰਨਾਕ ਨਹੀਂ ਜਾਪਦਾ ਪਰ ਸਪੱਸ਼ਟ ਤੌਰ 'ਤੇ ਉਸ ਕੋਲ ਕਾਫ਼ੀ ਜ਼ਿਆਦਾ ਜਾਣਕਾਰੀ ਹੈ। ਉਸ ਤੋਂ ਕਾਫ਼ੀ ਜਾਣਕਾਰੀ ਕਾਫ਼ੀ ਔਖੀ ਕਢਵਾਈ ਹੈ।

*25 ਅਪ੍ਰੈਲ, 1872* – ਹਸਤਾਖਰ/– ਜੇ.ਡਬਲਿਊ. ਮੈਕਨੈਬ

**ਵਿਚਾਰ**

ਮੈਂ ਸਿਫ਼ਾਰਸ਼ ਕਰਦਾ ਹਾਂ ਕਿ ਜਵਾਹਰ ਸਿੰਘ ਦਾ ਦੇਸ਼-ਨਿਕਾਲਾ ਜਾਰੀ ਰੱਖਿਆ ਜਾਵੇ।

– ਹਸਤਾਖਰ/– ਜੇ.ਡਬਲਿਊ. ਮੈਕਨੈਬ

(7) ਮਲੂਕ ਸਿੰਘ ਪੁੱਤਰ ਸੁੱਖਾ ਸਿੰਘ, ਉਮਰ 39 ਵਰ੍ਹੇ, ਪਿੰਡ ਫੁੱਲੇਵਾਲਾ, ਮੁਕਤਸਰ, ਜ਼ਿਲ੍ਹਾ ਫ਼ਿਰੋਜ਼ਪੁਰ।

''ਬਾਬਾ ਰਾਮ ਸਿੰਘ ਜੀ ਨੇ ਮੈਨੂੰ ਸੰਮਤ 1921 'ਚ ਭੈਣੀ ਵਿਖੇ ਕੂਕਾ ਬਣਾਇਆ ਸੀ। ਦੋ ਸਾਲਾਂ ਬਾਅਦ, ਮੈਨੂੰ ਸੂਬਾ ਬਣਾਇਆ ਗਿਆ ਸੀ।''

23 ਅਪ੍ਰੈਲ, 1872

**ਵਿਚਾਰ**

ਇੰਝ ਜਾਪਦਾ ਹੈ ਕਿ ਫ਼ਰਵਰੀ 1869 'ਚ ਮਲੂਕ ਸਿੰਘ ਇੱਕ ਪ੍ਰਭਾਵਸ਼ਾਲੀ ਤੇ ਕੱਟੜ ਰਾਜ-ਧਰੋਹੀ ਸੀ। ''ਉਸ ਨੂੰ 2 ਸਾਲਾਂ ਬਾਅਦ ਇਸ ਸ਼ਰਤ 'ਤੇ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਕਿ ਉਹ ਪੁਲਿਸ ਦੀ ਨਿਗਰਾਨੀ 'ਚ ਆਪਣੇ ਘਰ ਹੀ ਰਹੇਗਾ ਅਤੇ ਕਿਸੇ ਵੀ ਕਿਸਮ ਦੇ ਮੇਲਿਆਂ ਜਾਂ ਮੀਟਿੰਗਾਂ ਵਿੱਚ ਕਦੇ ਸ਼ਾਮਲ ਨਹੀਂ ਹੋਵੇਗਾ।

– ਹਸਤਾਖਰ/– ਜੇ.ਡਬਲਿਊ. ਮੈਕਨੈਬ

(8) ਮਾਨ ਸਿੰਘ ਪੁੱਤਰ ਮੱਖਣ ਸਿੰਘ, ਨਿਵਾਸੀ ਸੈਦੇਕੀ ਜ਼ਿਲ੍ਹਾ ਫ਼ਿਰੋਜ਼ਪੁਰ, ਉਮਰ 40 ਸਾਲ, ਜੱਟ।

ਮੈਨੂੰ ਸੰਮਤ 1922 'ਚ ਬਾਬਾ ਰਾਮ ਸਿੰਘ ਜੀ ਨੇ ਕੂਕਾ ਬਣਾਇਆ ਸੀ। ਮੈਂ ਇੱਕ ਕਾਸ਼ਤਕਾਰ ਹਾਂ। ਮੈਂ ਸੂਬਾ ਨਹੀਂ, ''ਨਾਮ ਦੇਣ ਵਾਲਾ'' ਹਾਂ। ਬਾਕੀ ਦੇ ਕੈਦੀ ਸੂਬੇ ਹਨ। ਮੈਨੂੰ ਪੱਕਾ ਪਤਾ ਨਹੀਂ ਕਿ ਮੰਗਲ ਸਿੰਘ ਇੱਕ ਸੂਬਾ ਹੈ ਜਾਂ ਨਹੀਂ ਪਰ ਉਹ ਇੱਕ ਮਹਾਨ ਸਿੱਖ ਹੈ। ਨਾਮ ਹੈ ''ਵਾਹਿਗੁਰੂ''।

**ਨੋਟ:** ਉਹ ਇਹ ਸਭ ਦੱਸਦਿਆਂ ਕਾਫ਼ੀ ਹੰਗਾਮਾ ਕਰਦਾ ਹੈ ਅਤੇ ਵਾਰ-ਵਾਰ ਆਪਣੇ ''ਦੰਦ ਭੀਚ ਕੇ'' ਦੁਹਰਾਉਂਦਾ ਹੈ, ਜਿਵੇਂ ਕਿ ਮੈਨੂੰ ਪਹਿਲਾਂ ਦੱਸਿਆ ਗਿਆ ਸੀ ਕਿ ਇਹ ''ਬਾਬਾ ਰਾਮ ਸਿੰਘ ਜੀ ਦਾ ਹੁਕਮ ਹੈ।''

**ਨੋਟ:** ਇਹ ਵਿਅਕਤੀ ਕੋਈ ਗੜਬੜੀ ਨਾ ਕਰਨ ਵਾਲਾ ਸ਼ਾਂਤ-ਚਿੱਤ ਵਿਅਕਤੀ ਜਾਪਦਾ ਹੈ - ਇੱਕ ਸਾਧਾਰਣ ਜੱਟ ਸਿੱਖ ਹੈ।

*23 ਅਪ੍ਰੈਲ, 1872* - ਹਸਤਾਖਰ/- ਜੇ.ਡਬਲਿਊ. ਮੈਕਨੈਬ

**ਵਿਚਾਰ**

ਭਾਵੇਂ ਸੂਬਾ ਨਹੀਂ ਹੈ ਪਰ ਉਸ ਦੀ ਸਥਿਤੀ ਲਗਭਗ ਉਸ ਦੇ ਬਰਾਬਰ ਹੀ ਹੈ ਅਤੇ ਇੱਕ ਸਰਗਰਮ ਪ੍ਰਚਾਰਕ ਹੈ... ਮੈਂ ਉਸ ਨੂੰ ਤਿੰਨ ਸਾਲਾਂ ਬਾਅਦ ਭੇਜਣ ਦੀ ਸਿਫ਼ਾਰਸ਼ ਕਰਦਾ ਹਾਂ, ਜੇ ਤਦ ਸ਼ਾਂਤੀ ਹੋਵੇ। ਉਸ ਨੂੰ ਕਿਸੇ ਵੀ ਹਾਲਤ 'ਚ ਮਲੂਕ ਸਿੰਘ ਦੇ ਨਾਲ ਵਾਪਸ ਨਾ ਭੇਜਿਆ ਜਾਵੇ ਕਿਉਂਕਿ ਦੇਸ਼ ਦੇ ਇੱਕੋ ਭਾਗ 'ਚ ਰਹਿੰਦੇ ਹਨ।

ਜੇ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾਵੇ, ਤਾਂ ਉਸ 'ਤੇ ਵੀ ਉਹੀ ਪਾਬੰਦੀਆਂ ਚਾਹੀਦੀਆਂ ਹਨ, ਜਿਨ੍ਹਾਂ ਦੀ ਸਿਫ਼ਾਰਸ਼ ਹੋਰਨਾਂ ਲਈ ਕੀਤੀ ਗਈ ਹੈ।

- ਹਸਤਾਖਰ/- ਜੇ.ਡਬਲਿਊ. ਮੈਕਨੈਬ

(9) ਹੁਕਮਾ ਸਿੰਘ, ਪਿੱਥੋਕੇ - ਨਾਭਾ ਰਿਆਸਤ 'ਚ, ਉਮਰ 35, ਜਾਤ ਜੱਟ।

''ਮੈਨੂੰ ਸੰਮਤ 1914 'ਚ ਬਾਬਾ ਰਾਮ ਸਿੰਘ ਜੀ ਨੇ ਭੈਣੀ 'ਚ ਕੂਕਾ ਬਣਾਇਆ ਸੀ ਤੇ ਸੰਮਤ 1923 'ਚ ਸੂਬਾ ਬਣਾ ਦਿੱਤਾ ਸੀ। ਕੂਕਾ ਬਣਨ ਤੋਂ ਪਹਿਲਾਂ ਮੈਂ ਨਿਰਮਲਾ ਸਾਧ ਸਾਂ ਅਤੇ ਪਿਛਲੇ 20 ਸਾਲਾਂ ਦੌਰਾਨ ਆਪਣੇ ਪਿੰਡ ਕਦੀ-ਕਦਾਈਂ ਹੀ ਗਿਆ ਹਾਂ। ਮੈਂ ਭੈਣੀ 'ਚ ਰਹਿੰਦਾ ਹਾਂ ਤੇ ਪਵਿੱਤਰ ਗ੍ਰੰਥ (ਪੋਥੀਆਂ) ਕਾਪੀ ਕਰ ਕੇ ਲਿਖਦਾ ਹਾਂ ਅਤੇ ਜੇ ਕੋਈ ''ਨਾਮ'' ਲੈਣਾ ਚਾਹੁੰਦਾ ਹੈ, ਤਾਂ ਮੈਂ ਉਹ ਦਿੰਦਾ ਹਾਂ।''

ਗਵਾਹੀ ਦੇ ਖ਼ੁਲਾਸੇ ਬਾਰੇ ਟਿੱਪਣੀਆਂ

''ਇੱਕ ਉਤਸ਼ਾਹੀ ਸੂਬਾ, ਸਦਾ ਬਾਬਾ ਰਾਮ ਸਿੰਘ ਜੀ ਨਾਲ ਰਹਿਣ ਵਾਲਾ... ਆਮ ਤੌਰ 'ਤੇ ਰਾਜ-ਧਰੋਹ ਦਾ ਪ੍ਰਚਾਰ ਕਰਦਾ ਹੈ।''

*23 ਅਪ੍ਰੈਲ, 1872* - ਹਸਤਾਖਰ/- ਜੇ.ਡਬਲਿਊ. ਮੈਕਨੈਬ

***ਵਿਚਾਰ***

ਹੁਕਮਾ ਸਿੰਘ ਕੋਈ ਬਹੁਤੀ ਵਿਲੱਖਣਤਾ ਤੇ ਮਹੱਤਵ ਵਾਲਾ ਵਿਅਕਤੀ ਨਹੀਂ ਜਾਪਦਾ... ਉਹ ਕਈ ਵਰ੍ਹੇ ਬਾਬਾ ਰਾਮ ਸਿੰਘ ਜੀ ਦਾ ਨੇੜਲਾ ਸਹਾਇਕ ਰਿਹਾ ਹੈ ਅਤੇ ਪੋਥੀਆਂ (ਪਵਿੱਤਰ ਗ੍ਰੰਥ) ਕਾਪੀ ਕਰਦਾ ਰਿਹਾ ਹੈ ਅਤੇ ਕੂਕਿਆਂ ਕੋਲ ਮੌਜੂਦ ਪੁਸਤਕਾਂ ਦਾ ਰੁਝਾਨ ਆਮ ਤੌਰ 'ਤੇ ਰਾਜ-ਧਰੋਹੀ ਹੈ... ਮੈਨੂੰ ਲੱਗਦਾ ਹੈ ਕਿ ਜੇ ਸਭ

ਪਾਸੇ ਸ਼ਾਂਤੀ ਹੋਵੇ, ਤਾਂ ਉਸ ਨੂੰ ਇੱਕ ਸਾਲ ਬਾਅਦ ਵਾਪਸ ਭੇਜਿਆ ਜਾ ਸਕਦਾ ਹੈ ਅਤੇ ਉਸ ਨੂੰ ਨਾਭਾ ਦੇ ਰਾਜੇ ਹਵਾਲੇ ਕੀਤਾ ਜਾ ਸਕਦਾ ਹੈ, ਉਹੀ ਫ਼ੈਸਲਾ ਕਰਨਗੇ ਕਿ ਉਹ ਪੁਲਿਸ ਦੀ ਨਿਗਰਾਨੀ ਹੇਠ ਆਪਣੇ ਪਿੰਡ ਪਿਥੋਕੀ 'ਚ ਸ਼ਾਂਤੀ ਨਾਲ ਰਹਿੰਦਾ ਰਹੇ ਅਤੇ ਕਦੇ ਕੋਈ ਬੈਠਕਾਂ ਜਾਂ ਮੇਲਿਆਂ 'ਚ ਨਾ ਜਾਵੇ।

– ਹਸਤਾਖਰ/– ਜੇ.ਡਬਲਿਊ. ਮੈਕਨੈਬ

(10) ਪਹਾੜਾ ਸਿੰਘ ਪੁੱਤਰ ਹੇਮਾ, ਜਾਤ ਜੱਟ, ਉਮਰ 42, ਨਿਵਾਸੀ ਮਲੌਦ।

''ਮੈਂ ਸਰਦਾਰ ਮਿੱਤ ਸਿੰਘ ਦੀ ਸੇਵਾ 'ਚ ਸਾਂ ਪਰ ਗ਼ਦਰ ਵਾਲੇ ਵਰ੍ਹੇ 'ਚ ਮੈਂ ਨੌਕਰੀ ਛੱਡ ਦਿੱਤੀ ਸੀ ਅਤੇ ਨਿਰਮਲਾ ਸਾਧ ਬਣ ਗਿਆ ਸਾਂ... ਬਾਬਾ ਰਾਮ ਸਿੰਘ ਜੀ ਨੇ ਮੈਨੂੰ ਸੰਮਤ 1917 'ਚ ਕੂਕਾ ਬਣਾ ਦਿੱਤਾ ਸੀ ਅਤੇ ਪੰਜ ਸਾਲ ਪਹਿਲਾਂ ਮੈਨੂੰ ਸੂਬਾ ਬਣਾਇਆ ਗਿਆ ਸੀ।

ਤਦ ਤੋਂ ਮੈਂ ਸਿਆੜ (ਲੁਧਿਆਣਾ ਜ਼ਿਲ੍ਹੇ ਦੇ ਡੇਹਲੋਂ ਪੁਲਿਸ ਥਾਣੇ ਦਾ ਇੱਕ ਪਿੰਡ) 'ਚ ਰਹਿੰਦਾ ਰਿਹਾ ਸਾਂ। ਸਿਆੜ 'ਚ, ਮੇਰੇ ਕਈ ਰਿਸ਼ਤੇਦਾਰ ਹਨ ਅਤੇ ਬਹੁਤ ਸਾਰੇ ''ਨਾਮ-ਭਾਈ'' ਕੂਕੇ ਹਨ। ਮੈਂ ਸਾਰੇ ਮੇਲਿਆਂ 'ਤੇ ਬਾਬਾ ਰਾਮ ਸਿੰਘ ਜੀ ਨਾਲ ਜਾਂਦਾ ਹਾਂ, ਅੰਮ੍ਰਿਤਸਰ 'ਚ, ਅਨੰਦਪੁਰ ਸਾਹਿਬ, ਕੋਠਾ 'ਚ ਵੀ ਉਨ੍ਹਾਂ ਦੇ ਨਾਲ ਸਾਂ ਪਰ ਦਮਦਮਾ 'ਚ ਨਹੀਂ ਸਾਂ।''

**ਨੋਟ:** ਇੱਕ ਕੱਟੜ, ਖ਼ਤਰਨਾਕ ਦਿਸਣ ਵਾਲਾ ਵਿਅਕਤੀ... ਉਂਝ ਉਸ ਦੇ ਚਿਹਰੇ 'ਤੇ ਦ੍ਰਿੜ੍ਹ ਇਰਾਦਾ ਚੰਗਾ ਝਲਕਦਾ ਹੈ।

– ਹਸਤਾਖਰ/– ਜੇ.ਡਬਲਿਊ. ਮੈਕਨੈਬ

**ਵਿਚਾਰ**

ਪਹਾੜਾ ਸਿੰਘ ਬੇਸ਼ੱਕ ਬਹੁਤ ਹੀ ਪ੍ਰਭਾਵਸ਼ਾਲੀ ਸੂਬਾ ਹੈ ਤੇ ਨਿਸ਼ਚਿਤ ਤੌਰ 'ਤੇ ਖ਼ਤਰਨਾਕ ਕਿਰਦਾਰ ਵਾਲਾ ਵਿਅਕਤੀ ਹੈ।

ਉਸ ਦਾ ਪ੍ਰਭਾਵ ਘੱਟ ਹੋ ਸਕਦਾ ਹੈ ਪਰ ਮੈਨੂੰ ਉਹ ਬ੍ਰਹਮਾ ਸਿੰਘ ਨਾਲੋਂ ਵੱਧ ਖ਼ਤਰਨਾਕ ਜਾਪਦਾ ਹੈ ਅਤੇ ਮੈਂ ਉਸ ਨੂੰ 10 ਵਰ੍ਹਿਆਂ ਲਈ ਦੇਸ਼-ਨਿਕਾਲੇ 'ਚ ਰੱਖਣ ਦੀ ਸਿਫ਼ਾਰਸ਼ ਕਰਾਂਗਾ, ਉਸ ਤੋਂ ਬਾਅਦ ਵੀ ਦੇਸ਼ ਦੀ ਹਾਲਤ ਵੇਖ ਕੇ ਕੋਈ ਫ਼ੈਸਲਾ ਲਿਆ ਜਾ ਸਕਦਾ ਹੈ, ਜੇ ਹਾਲਾਤ ਉਸ ਦੀ ਵਾਪਸੀ ਦੇ ਜਾਪਣ, ਤਾਂ ਉਸ ਨੂੰ ਪਿੰਡ 'ਚ ਹੀ ਪੁਲਿਸ ਦੀ ਨਿਗਰਾਨੀ ਹੇਠ ਰੱਖਿਆ ਜਾਣਾ ਚਾਹੀਦਾ ਹੈ ਤੇ ਉਸ 'ਤੇ ਮੀਟਿੰਗਾਂ ਕਰਨ ਜਾਂ ਮੇਲਿਆਂ 'ਚ ਸ਼ਾਮਲ ਹੋਣ 'ਤੇ ਰੋਕ ਹੋਣੀ ਚਾਹੀਦੀ ਹੈ।

– ਹਸਤਾਖਰ/– ਜੇ.ਡਬਲਿਊ. ਮੈਕਨੈਬ

(11) ਸਰਦਾਰ ਮੰਗਲ ਸਿੰਘ, ਨਿਵਾਸੀ ਬਿਸ਼ਨਪੁਰਾ – ਪਟਿਆਲਾ ਅਤੇ ਰਾਏਪੁਰ-ਲੁਧਿਆਣਾ ਦਾ *ਬਿਆਨ।* ਪੰਜ ਜਾਂ ਸ਼ਾਇਦ ਵੱਧ ਸਾਲ ਪਹਿਲਾਂ ਮੇਰਾ ਪੁੱਤਰ ਬੀਮਾਰ ਸੀ ਤੇ ਮੈਨੂੰ ਸਲਾਹ ਦਿੱਤੀ ਗਈ ਕਿ ਮੈਂ ਉਸ ਨੂੰ (ਗੁਰੂ) ਰਾਮ ਸਿੰਘ ਜੀ ਕੋਲ ਲੈ ਜਾਵਾਂ। ਉਨ੍ਹਾਂ ਨੇ ਉਸ ਨੂੰ ਠੀਕ ਕਰ ਦਿੱਤਾ ਅਤੇ ਮੈਂ (ਗੁਰੂ) ਰਾਮ ਸਿੰਘ

ਜੀ ਦਾ ਵਿਸ਼ਵਾਸੀ ਬਣ ਗਿਆ ਪਰ ਰਸਮੀ ਤੌਰ 'ਤੇ ਕਦੇ ਕੂਕਾ ਨਾ ਬਣਿਆ। ਬਿਨਾ ਸ਼ੱਕ, ਮੈਂ ਬਾਬਾ ਰਾਮ ਸਿੰਘ ਜੀ ਨੂੰ ਅਕਸਰ ਮੋਟੀ ਰਕਮ ਕਦੇ 200/- ਰੁਪਏ, ਕਦੇ 300/- ਰੁਪਏ ਜਾਂ 400/- ਰੁਪਏ ਦਿੰਦਾ ਰਹਿੰਦਾ ਸਾਂ ਕਿਉਂਕਿ ਉਹ ਇੱਕ ਪਵਿੱਤਰ ਵਿਅਕਤੀ ਹਨ। ਮੈਂ ਕਦੇ ਨਾ ਤਾਂ ਸੂਬਾ ਬਣਿਆ ਤੇ ਨਾ ਹੀ ਮੈਂ ਕੂਕਾ ਹਾਂ... ਜਦੋਂ ਮੈਂ ਵੇਖਿਆ ਕਿ ਕੂਕੇ ਤਾਂ ਮੁਸੀਬਤਾਂ ਖੜ੍ਹੀਆਂ ਕਰ ਰਹੇ ਹਨ ਤੇ ਸਰਕਾਰ ਉਨ੍ਹਾਂ ਤੋਂ ਨਾਖ਼ੁਸ਼ ਹੈ, ਤਾਂ ਮੈਂ ਕੂਕਾਵਾਦ ਤਿਆਗ ਦਿੱਤਾ। ਇਹ ਡੇਢ ਕੁ ਸਾਲ ਪਹਿਲਾਂ ਦੀ ਗੱਲ ਹੈ। ਜੇ ਸਰਕਾਰ ਮੈਨੂੰ ਰਿਹਾਅ ਕਰ ਦਿੰਦੀ ਹੈ, ਤਾਂ ਮੈਂ ਵਾਪਸ ਜਾ ਕੇ ਅੰਮ੍ਰਿਤਸਰ ਵਿਖੇ ਅਕਾਲ ਬੁੰਗਾ 'ਤੇ ਜਨਤਕ ਤੌਰ 'ਤੇ ਕੂਕਾ ਸੰਪਰਦਾਇ ਨੂੰ ਤਿਆਗ ਦੇਵਾਂਗਾ। ਮੈਂ ਮਾਸ ਖਾਣ ਲੱਗ ਪਿਆ ਹਾਂ ਤੇ ਸ਼ਰਾਬ ਵੀ ਪੀਂਦਾ ਹਾਂ ਕਿਉਂਕਿ ਮੈਂ ਕੂਕਾ ਵਿਸ਼ਵਾਸ ਤਿਆਗ ਦਿੱਤਾ ਹੈ।

*ਕੰਪਾਈਲਰ ਦਾ ਨੋਟ।* ''ਲਗਭਗ ਸਾਰੇ ਹੀ ਅਮੀਰ ਵਿਅਕਤੀ ਹਰ ਸਮੇਂ ਅਜਿਹੇ ਮੌਕਿਆਂ 'ਤੇ ਅਜਿਹਾ ਹੀ ਵਿਵਹਾਰ ਕਰਦੇ ਹਨ, ਜਿਵੇਂ ਸਰਦਾਰ ਮੰਗਲ ਸਿੰਘ ਨੇ ਕੀਤਾ ਸੀ। ਉਹ ਮੌਕਾਪ੍ਰਸਤ ਹੁੰਦੇ ਹਨ ਅਤੇ ਉਹ ਆਪਣੇ ਦੁਨਿਆਵੀ ਮੰਤਵਾਂ ਦੀ ਪੂਰਤੀ ਲਈ ਪਵਿੱਤਰ ਵਿਅਕਤੀਆਂ ਅਤੇ ਧਾਰਮਿਕ ਬਿਰਤੀਆਂ ਵਾਲੇ ਆਮ ਲੋਕਾਂ, ਖ਼ਾਸ ਕਰ ਕੇ ਸਿੱਖਾਂ ਦਾ ਸ਼ੋਸ਼ਣ ਕਰਦੇ ਹਨ। ਸਾਲ 1920 ਤੋਂ 1925 ਤੱਕ ਅਕਾਲੀ ਅੰਦੋਲਨ ਵੇਲੇ ਵੀ ਅਜਿਹੀਆਂ ਦਰਜਨਾਂ ਉਦਾਹਰਣਾਂ ਸਾਹਮਣੇ ਆਈਆਂ ਸਨ - ਪੰਜਾਬੀ ਸੂਬਾ ਦੇ ਹਾਲੀਆ ਮੋਰਚੇ ਮੌਕੇ ਭਾਵ 1952 ਤੋਂ 1956 ਤੱਕ ਬਹੁਤ ਜ਼ਿਆਦਾ ਸਿੱਖ ਭੱਦਰ-ਪੁਰਖ ਔਖੇ ਵੇਲੇ ਸਾਹਮਣੇ ਆਏ ਸਨ ਤੇ ਉਨ੍ਹਾਂ ਆਪਣੇ ਨਿਜੀ ਮੁਫ਼ਾਦਾਂ ਤੇ ਫ਼ਾਇਦਿਆਂ ਲਈ ਆਮ ਜਨਤਾ ਦਾ ਸ਼ੋਸ਼ਣ ਕੀਤਾ।''

(ਨਾਹਰ ਸਿੰਘ)

**ਨੋਟ:** ਇਹ ਵਿਅਕਤੀ ਕੱਦ ਦਾ ਤਾਂ ਛੋਟਾ ਹੈ ਪਰ ਜੀਭ ਬਹੁਤ ਲੰਮੀ ਹੈ।

**ਵਿਚਾਰ:** ਇਸ 'ਚ ਕੋਈ ਸ਼ੱਕ ਨਹੀਂ ਕਿ ਸਰਦਾਰ ਮੰਗਲ ਸਿੰਘ ਕੁਝ ਮਾਮਲਿਆਂ 'ਚ (ਗੁਰੂ) ਰਾਮ ਸਿੰਘ ਜੀ ਦੇ ਅਹਿਮ ਸ਼ਰਧਾਲੂ ਹਨ। ਕੂਕਾ ਸੰਪਰਦਾਇ 'ਚ ਉਨ੍ਹਾਂ ਦੀ ਆਮਦ ਦਾ ਇਸ ਲਹਿਰ ਨੂੰ ਇੰਨਾ ਫ਼ਾਇਦਾ ਹੋਇਆ ਕਿ ਪਿੱਛੇ ਜਿਹੇ ਤੱਕ ਵਾਪਰੀ ਘਟਨਾ ਸਮੇਤ ਤੱਕ ਉਹ ਅਸਰ ਮਹਿਸੂਸ ਕੀਤਾ ਗਿਆ...।

ਦੂਜੇ ਪਾਸੇ, ਮੰਗਲ ਸਿੰਘ ਇੱਕ ਅਜਿਹੇ ਵਿਅਕਤੀ ਵਜੋਂ ਵਿਖਾਈ ਦਿੰਦੇ ਹਨ, ਜੋ ਵੱਡੇ ਉੱਦਮ ਵਿੱਢ ਸਕਦੇ ਹਨ ਤੇ ਬਾਬਾ ਰਾਮ ਸਿੰਘ ਜੀ ਵੀ ਕੂਕਾ ਸਾਧਨਾਂ ਰਾਹੀਂ ਸਿੱਖ ਰਾਜ ਦੀ ਬਹਾਲੀ ਨਾਲ ਇੰਨਾ ਫ਼ਾਇਦਾ ਨਹੀਂ ਕਰਵਾ ਸਕਦੇ...

ਭਾਵੇਂ ਸਰਦਾਰ ਮੰਗਲ ਸਿੰਘ ਮਹਾਰਾਜੇ ਦੇ ਕੈਦੀ ਹਨ, ਸਾਡੇ ਨਹੀਂ ਤੇ ਮੇਰਾ ਮੰਨਣਾ ਹੈ ਕਿ ਇਸ ਦ੍ਰਿਸ਼ਟੀਕੋਣ ਤੋਂ ਇਸ ਮਾਮਲੇ 'ਚ ਮੇਰੇ ਵੱਲੋਂ ਕੋਈ ਵਿਚਾਰ ਪ੍ਰਗਟਾਏ ਜਾਣ ਦੀ ਆਸ ਨਹੀਂ ਰੱਖਣੀ ਚਾਹੀਦੀ।

ਮੈਂ ਤਾਂ ਇਸ ਖ਼ਾਸ ਵਿਅਕਤੀ ਨਾਲ ਅੱਧ-ਵਿਚਾਲੇ ਲਟਕਾਉਣ ਦਾ ਵਿਰੋਧ ਹੀ ਕਰਾਂਗਾ। ਉਸ ਨੂੰ ਜਾਂ ਤਾਂ ਤੁਰੰਤ ਵਾਪਸ ਜਾਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ

ਤੇ ਜਾਂ ਉਸ ਨੂੰ ਲਗਾਤਾਰ ਦੇਸ਼-ਨਿਕਾਲੇ 'ਚ ਰੱਖਣਾ ਚਾਹੀਦਾ ਹੈ।

– ਹਸਤਾਖਰ/- ਜੇ.ਡਬਲਿਊ. ਮੈਕਨੈਬ

## 226

*ਜਨਰਲ ਦੇ ਦਫ਼ਤਰ 'ਚ ਰਿਪੋਰਟ 'ਤੇ ਨੋਟ ਤੇ ਟਿੱਪਣੀਆਂ*

| ਅਲਾਹਾਬਾਦ ਕੇਂਦਰੀ ਜੇਲ੍ਹ 'ਚ ਕੈਦ ਕੂਕਾ ਕੈਦੀਆਂ ਦੇ ਨਾਂਅ | ਵਿਸ਼ੇਸ਼ ਡਿਊਟੀ 'ਤੇ ਅੰਬਾਲਾ ਦੇ ਡਿਪਟੀ ਕਮਿਸ਼ਨਰ ਸ੍ਰੀ ਡਬਲਿਊ ਮੈਕਨੈਬ ਦੀ ਸਿਫ਼ਾਰਸ਼ |
|---|---|
| 1. ਸਾਹਿਬ ਸਿੰਘ | ਉਮਰ ਭਰ ਲਈ ਦੇਸ਼-ਨਿਕਾਲੇ 'ਚ ਕੈਦ ਰੱਖਿਆ ਜਾਵੇ। |
| 2. ਰੂੜ ਸਿੰਘ | ਦੋ ਸਾਲਾਂ ਲਈ ਕੈਦ ਰੱਖਿਆ ਜਾਵੇ ਅਤੇ ਨੋਟ ਵੇਖੋ। |
| 3. ਲੱਖਾ ਸਿੰਘ | ਬਿਲਕੁਲ ਨੰ. 1 ਵਾਂਗ ਹੀ। |
| 4. ਕਾਹਨ ਸਿੰਘ | -ਉਹੀ- |
| 5. ਬ੍ਰਹਮਾ ਸਿੰਘ | ਦੋ ਸਾਲਾਂ ਲਈ ਕੈਦ ਰੱਖਿਆ ਜਾਵੇ ਅਤੇ ਨੋਟ ਵੇਖੋ। |
| 6. ਜਵਾਹਰ ਸਿੰਘ | ਉਮਰ ਭਰ ਲਈ ਕੈਦ ਰੱਖਿਆ ਜਾਵੇ, ਜਦੋਂ ਤੱਕ ਕਿ ਕੂਕਾ ਸੰਪਰਦਾਇ ਦਾ ਖ਼ਾਤਮਾ ਨਹੀਂ ਹੋ ਜਾਂਦਾ, ਤਾਂ ਜੋ ਸਿਆਸੀ ਚਿੰਤਾ ਖ਼ਤਮ ਹੋਵੇ। |
| 7. ਮਲੂਕ ਸਿੰਘ | ਦੋ ਸਾਲਾਂ ਲਈ ਕੈਦ ਰੱਖਿਆ ਜਾਵੇ ਤੇ ਨੋਟ ਵੇਖੋ। |
| 8. ਮਾਨ ਸਿੰਘ | ਤਿੰਨ ਸਾਲਾਂ ਲਈ ਕੈਦ ਰੱਖਿਆ ਜਾਵੇ ਤੇ ਨੋਟ ਵੇਖੋ। |
| 9. ਹੁਕਮਾ ਸਿੰਘ | ਇੱਕ ਸਾਲ ਲਈ ਕੈਦ ਰੱਖਿਆ ਜਾਵੇ। (ਇਸ ਵਿਅਕਤੀ ਨੂੰ ਰਿਹਾਅ ਕਰ ਕੇ ਨਾਭਾ ਦੇ ਰਾਜੇ ਹਵਾਲੇ ਕੀਤਾ ਜਾਵੇ)। |
| 10. ਪਹਾੜਾ ਸਿੰਘ | 10 ਸਾਲਾਂ ਲਈ ਕੈਦ ਰੱਖਿਆ ਜਾਵੇ ਤੇ ਨੋਟ ਵੇਖੋ। |
| 11. ਸ. ਮੰਗਲ ਸਿੰਘ | ਇਸ ਕੈਦੀ ਦੇ ਹਵਾਲੇ ਨਾਲ ਸ੍ਰੀ ਮੈਕਨੈਬ ਨਿਮਨਲਿਖਤ ਅਨੁਸਾਰ ਲਿਖਦੇ ਹਨ: ਸ. ਮੰਗਲ ਸਿੰਘ ਨੂੰ ਮਹਾਰਾਜਾ ਪਟਿਆਲਾ ਨੇ ਆਪਣੇ ਕੈਦੀ ਵਜੋਂ ਸਾਡੇ ਹਵਾਲੇ ਕੀਤਾ ਸੀ। ਉਸ ਬਾਰੇ ਮੈਂ ਕੋਈ ਵਿਚਾਰ ਨਹੀਂ ਦੇ ਸਕਦਾ। ਮੈਂ ਇਹ ਵੀ ਬਿਆਨ ਕਰਦਾ ਹਾਂ ਕਿ ਜੇ ਉਹ ਵੀ ਉਸੇ ਪੁਜ਼ੀਸ਼ਨ 'ਤੇ ਹੋਣ, ਜਿਵੇ ਂ ਕਿ ਹੋਰ ਵੀ ਹਨ, ਮੈਂ ਉਸ ਦੀ ਤੁਰੰਤ ਰਿਹਾਈ ਦੀ ਸਿਫ਼ਾਰਸ਼ ਕਰ ਦੇਵਾਂ। ਜੇ ਉਸ ਵੱਲੋਂ ਰੱਖੀਆਂ ਸ਼ਰਤਾਂ ਪ੍ਰਵਾਨ ਨਹੀਂ ਕਰਨੀਆਂ, ਤਾਂ ਉਸ ਨੂੰ ਉਮਰ ਭਰ ਲਈ ਦੇਸ਼-ਨਿਕਾਲੇ 'ਚ ਕੈਦ ਵਿੱਚ ਰੱਖਣਾ ਹੋਵੇਗਾ। |

**ਨੋਟ:** ਮੈਕਨੇਬ ਅੱਗੇ ਸਿਫ਼ਾਰਸ਼ ਕਰਦੇ ਹਨ ਕਿ ਇਨ੍ਹਾਂ ਵਿਅਕਤੀਆਂ ਦੀ ਕੈਦ ਦੀ ਮਿਆਦ ਜਦੋਂ ਪੁੱਗ ਜਾਵੇ, ਤਾਂ ਉਨ੍ਹਾਂ ਦੇ ਮਾਮਲਿਆਂ 'ਤੇ ਪੰਜਾਬ 'ਚ ਉਦੋਂ

ਕੂਕਾਵਾਦ ਦੀ ਸਥਿਤੀ ਦੇ ਮੱਦੇਨਜ਼ਰ ਮੁੜ-ਵਿਚਾਰ ਕੀਤਾ ਜਾਵੇ, ਉਸ ਵੇਲੇ ਇਸ ਮਾਮਲੇ 'ਤੇ ਗ਼ੌਰ ਕੀਤਾ ਜਾਵੇ ਕਿ ਕੀ ਉਨ੍ਹਾਂ ਦੀ ਵਾਪਸੀ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਜਾਂ ਨਹੀਂ, ਉਨ੍ਹਾਂ ਨੂੰ ਪੁਲਿਸ ਦੀ ਨਿਗਰਾਨੀ ਅਧੀਨ ਉਨ੍ਹਾਂ ਦੇ ਹੀ ਘਰਾਂ 'ਚ ਰਹਿਣਾ ਚਾਹੀਦਾ ਹੈ ਤੇ ਉਹ ਨਾ ਤਾਂ ਕਿਸੇ ਮੇਲੇ 'ਚ ਜਾਣ ਤੇ ਨਾ ਹੀ ਕੋਈ ਬੈਠਕਾਂ ਵਿੱਚ ਸ਼ਾਮਲ ਹੋਣ।

### ਸ੍ਰੀ ਮੈਕਨੈਬ ਦੀ ਰਿਪੋਰਟ ਬਾਰੇ ਪੰਜਾਬ ਸਰਕਾਰ

''ਲੈਫ਼ਟੀਨੈਂਟ ਗਵਰਨਰ ਆਮ ਤੌਰ 'ਤੇ ਸ੍ਰੀ ਮੈਕਨੈਬ ਵੱਲੋਂ ਕੱਢੇ ਨਤੀਜਿਆਂ ਤੋਂ ਸਹਿਮਤ ਹਨ ਪਰ ਉਨ੍ਹਾਂ ਲਈ... ਹਰੇਕ ਕੈਦੀ ਤੋਂ ਦਰਪੇਸ਼ ਖ਼ਤਰੇ ਦੇ ਦਰਜੇ ਦੇ ਅਨੁਪਾਤ ਅਨੁਸਾਰ ਕੈਦ ਦੀ ਮਿਆਦ ਨਿਰਧਾਰਤ ਕਰਨ ਵਿੱਚ ਕੋਈ ਫ਼ਾਇਦਾ ਨਹੀਂ ਜਾਪਦਾ। ਉਹ ਆਖਦੇ ਹਨ ਕਿ ਉਨ੍ਹਾਂ ਨੂੰ ਰਿਹਾਅ ਕਰਨ ਦੀ ਉਚਿਤਤਾ ਉਸ ਵੇਲੇ ਸੂਬੇ ਦੇ ਹਾਲਾਤ 'ਤੇ ਨਿਰਭਰ ਕਰੇਗੀ ਅਤੇ ਅਜਿਹਾ ਕੋਈ ਕਦਮ ਸਥਾਨਕ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਨਹੀਂ ਚੁੱਕਿਆ ਜਾਣਾ ਚਾਹੀਦਾ, ਨਾਲ ਹੀ ਇਹ ਸ਼ਰਤ ਵੀ ਹੈ ਕਿ ਇਨ੍ਹਾਂ ਸਾਰੇ ਮਾਮਲਿਆਂ ਦੀ ਸਾਲਾਨਾ ਆਧਾਰ 'ਤੇ ਸਮੀਖਿਆ ਕੀਤੀ ਜਾਵੇ ਤੇ ਉਸ ਦੀ ਰਿਪੋਰਟ ਭਾਰਤ ਸਰਕਾਰ ਨੂੰ ਭੇਜੀ ਜਾਵੇ।''

ਜਿੱਥੋਂ ਤੱਕ ਸ. ਮੰਗਲ ਸਿੰਘ ਦੇ ਮਾਮਲੇ ਦਾ ਸਬੰਧ ਹੈ, ਲੈਫ਼ਟੀਨੈਂਟ ਗਵਰਨਰ, ਸ੍ਰੀ ਮੈਕਨੈਬ ਦੀ ਸਿਫ਼ਾਰਸ਼ ਨਾਲ ਸਹਿਮਤ ਨਹੀਂ ਹਨ। ਪਰ ਉਨ੍ਹਾਂ ਦੇ ਵਿਚਾਰ ਮੁਤਾਬਕ ਉਹ ਇਹ ਠੀਕ ਸਮਝਦੇ ਹਨ ਕਿ ਉਸ ਨੂੰ ਇੱਕ ਮਿਸਾਲ ਵਜੋਂ ਕੈਦ 'ਚ ਰੱਖਿਆ ਜਾਵੇ, ਤਾਂ ਜੋ ਅਮੀਰ ਵਰਗ ਦੇ ਜੇ ਕੋਈ ਵੀ ਸਾਜ਼ਿਸ਼ਘਾੜੇ ਹੋਣ, ਤਾਂ ਉਨ੍ਹਾਂ ਲਈ ਚੇਤਾਵਨੀ ਬਣੀ ਰਹੇ।

2 ਜੁਲਾਈ, 1872 ਡਬਲਿਊ.ਡਬਲਿਊ.ਐੱਸ.

ਦਫ਼ਤਰ 'ਚ ਤਿਆਰ ਕੀਤਾ ਗਿਆ ਇਹ ਨੋਟ ਸ੍ਰੀ ਮੈਕਨੈਬ ਦੀ ਸਿਫ਼ਾਰਸ਼ ਨੂੰ ਸਰਬਪੱਖੀ ਦਰਸਾਉਂਦਾ ਹੈ।

2 ਜੁਲਾਈ, 1872 ਐੱਚ.ਡਬਲਿਊ.

ਇਸ ਕੇਸ ਦਾ ਅਧਿਐਨ ਮਾਣਯੋਗ ਮੈਂਬਰ ਵੱਲੋਂ ਕੀਤਾ ਜਾਵੇਗਾ। ਮੈਨੂੰ ਕੁਝ ਵੀ ਜੋੜਨ ਦੀ ਜ਼ਰੂਰਤ ਨਹੀਂ ਹੈ। ਮੈਂ ਵੇਖਦਾ ਹਾਂ ਕਿ ਕੈਦ 'ਚ ਰੱਖਣ ਦੇ ਸੁਆਲ 'ਤੇ ਕੋਈ ਫ਼ੈਸਲਾ ਨਹੀਂ ਲਿਆ ਜਾ ਸਕਿਆ। ਕੀ ਮੈਂ ਕੇਂਦਰੀ ਰਾਜਾਂ ਦੇ ਚੀਫ਼ ਕਮਿਸ਼ਨਰ ਨੂੰ ਤਾਰ ਭੇਜ ਕੇ ਪੁੱਛਾਂ ਕਿ ਕੀ ਉਹ ਅਸੀਰਗੜ੍ਹ ਦੀ ਇਮਾਰਤ ਖ਼ਾਲੀ ਕਰਵਾ ਕੇ ਉਪਲਬਧ ਕਰਵਾ ਸਕਦੇ ਹਨ।

3 ਜੁਲਾਈ, 1872 ਐੱਚ.ਐੱਲ.ਡੀ.

''ਸ੍ਰੀ ਮੈਕਨੈਬ ਤੋਂ ਜਾਂਚ ਕਰਵਾਉਣ ਦੇ ਹੁਕਮ ਦੇਣ ਦਾ ਉਦੇਸ਼ ਇਹੋ ਸੀ ਕਿ ਅੰਬਾਲਾ ਡਿਵੀਜ਼ਨ 'ਚ ਵਾਪਰੀਆਂ ਹਾਲੀਆ ਘਟਨਾਵਾਂ ਦੇ ਤੁਰੰਤ ਬਾਅਦ ਪੈਦਾ ਹੋਏ ਤਣਾਅਪੂਰਣ ਹਾਲਾਤ ਕਾਰਨ ਜੇ ਕਦੇ ਜ਼ਰੂਰੀ ਮਹਿਸੂਸ ਹੁੰਦਾ ਹੋਵੇ, ਤਾਂ (ਗੁਰੂ)

ਰਾਮ ਸਿੰਘ ਜੀ ਦੇ ਸੂਬਿਆਂ ਨੂੰ ਹਿਰਾਸਤ 'ਚ ਲੈਣਾ ਹੋਵੇ, ਤਾਂ ਉਸ ਵਿੱਚ ਮਦਦ ਲਈ ਹਰ ਪੱਖੋਂ ਮੁਕੰਮਲ ਤੇ ਲੋੜੀਂਦੇ ਸਬੂਤ ਸਰਕਾਰ ਕੋਲ ਹੋਣੇ ਚਾਹੀਦੇ ਹਨ ਪਰ ਉਹ ਮੰਤਵ ਤਾਂ ਹੁਣ ਖ਼ਤਮ ਹੋ ਚੁੱਕਾ ਹੈ।''

ਇਹ ਹੁਕਮ ਦਿੱਤਾ ਗਿਆ ਸੀ ਕਿ ਜਾਂਚ ਕਰਨ ਵਾਲੇ ਅਧਿਕਾਰੀਆਂ ਨੂੰ ਸਬੂਤ ਇਕੱਠੇ ਕਰਨੇ ਚਾਹੀਦੇ ਹਨ ਅਤੇ ਨਾਲ ਹੀ ਕੈਦੀਆਂ ਦਾ ਬਚਾਅ ਪੱਖ ਵੀ ਦਰਜ ਕਰਨਾ ਚਾਹੀਦਾ ਹੈ ਅਤੇ ਹਰੇਕ ਵਿਅਕਤੀ ਦੇ ਕੇਸ ਵਿੱਚ ਸਬੂਤਾਂ ਦਾ ਖ਼ੁਲਾਸਾ ਕਰਨਾ ਚਾਹੀਦਾ ਹੈ ਤੇ ਸ੍ਰੀ ਮੈਕਨੈਬ ਨੂੰ ਹਰੇਕ ਕੈਦੀ ਵੱਲੋਂ ਕੀਤੇ ਗੁਨਾਹ ਦਾ ਦਰਜਾ (ਡਿਗਰੀ) ਵੀ ਤੈਅ ਕਰਨ ਬਾਰੇ ਆਪਣੇ ਵਿਚਾਰ ਪ੍ਰਗਟਾਉਣੇ ਚਾਹੀਦੇ ਹਨ ਤੇ ਹਰੇ ਕ ਕੈਦੀ ਨਾਲ ਅਜਿਹਾ ਕਰਨ 'ਤੇ ਕੀ ਕੋਈ ਫ਼ਾਇਦਾ ਹੋਵੇਗਾ, ਜੇ ਨਹੀਂ ਤਾਂ ਉਸ ਨੂੰ ਰਿਹਾਅ ਕੀਤਾ ਜਾ ਸਕੇ।

ਪੰਜਾਬ ਸਰਕਾਰ ਨੂੰ ਹਰੇਕ ਵਿਅਕਤੀ (ਕੈਦੀ) ਨਾਲ ਸੰਬੰਧਤ ਸਬੂਤਾਂ ਜਾਂ ਗਵਾਹੀਆਂ ਤੇ ਉਸ ਦੀ ਸਥਿਤੀ ਅਤੇ ਸਮਾਜ 'ਤੇ ਪੈਣ ਵਾਲੇ ਉਸ ਦੇ ਅਸਰ ਦੇ ਹਵਾਲੇ ਆਪਣੇ ਵਿਚਾਰ ਪ੍ਰਗਟਾਉਣ ਲਈ ਵੀ ਕਿਹਾ ਗਿਆ ਸੀ – ਕਿ ਕੀ ਉਸ ਨੂੰ ਤੁਰੰਤ ਰਿਹਾਅ ਕਰ ਦੇਣਾ ਚਾਹੀਦਾ ਹੈ ਜਾਂ ਉਸ ਨੂੰ ਹਿਰਾਸਤ 'ਚ ਹੀ ਰੱਖਣਾ ਚਾਹੀਦਾ ਹੈ ਅਤੇ ਜੇ ਹਿਰਾਸਤ 'ਚ ਰੱਖਣਾ ਹੈ, ਤਾਂ ਕਿੰਨੇ ਸਮੇਂ ਲਈ।

ਅਜਿਹੇ ਹਾਲਾਤ 'ਚ ਜਾਂਚ ਅਧਿਕਾਰੀ ਇਸ ਤੋਂ ਵੀ ਅਗਾਂਹ ਚਲਾ ਗਿਆ ਅਤੇ ਉਸ ਨੇ ਫ਼ੈਸਲਾ ਕਰ ਲਿਆ ਕਿ ਹਰੇਕ ਕੈਦੀ ਨੂੰ ਹਿਰਾਸਤ 'ਚ ਹੀ ਰੱਖਣਾ ਚਾਹੀਦਾ ਹੈ ਅਤੇ ਉਸ ਨੇ ਹਰੇਕ ਕੈਦੀ ਦੀ ਹਿਰਾਸਤ 'ਚ ਰੱਖਣ ਦਾ ਇੱਕ ਖ਼ਾਸ ਸਮਾਂ ਤੈਅ ਕੀਤਾ।

ਉੱਧਰ ਪੰਜਾਬ ਸਰਕਾਰ ਨੇ ਸ੍ਰੀ ਮੈਕਨੈਬ ਵੱਲੋਂ ਤੈਅ ਕੀਤੇ ਹਿਰਾਸਤ ਦੇ ਸਮਿਆਂ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਉਨ੍ਹਾਂ ਵੱਲੋਂ ਕੱਢੇ ਬਾਕੀ ਦੇ ਜ਼ਿਆਦਾਤਰ ਨਤੀਜੇ ਪ੍ਰਵਾਨ ਕਰ ਲਏ (ਸ. ਮੰਗਲ ਸਿੰਘ ਨੂੰ ਛੱਡ ਕੇ, ਜਿਸ ਬਾਰੇ ਉਨ੍ਹਾਂ ਸੋਚਿਆ ਸੀ ਕਿ ਉਸ ਨੂੰ ਕੁਝ ਖ਼ਾਸ ਸ਼ਰਤਾਂ ਨਾਲ ਰਿਹਾਅ ਕੀਤਾ ਜਾ ਸਕਦਾ ਹੈ) ਅਤੇ ਇਸ ਤੋਂ ਇਲਾਵਾ ਉਨ੍ਹਾਂ ਆਪਣੇ-ਆਪ ਕੋਈ ਸਮਾਂ ਤੈਅ ਕਰਨ ਤੋਂ ਵੀ ਇਨਕਾਰ ਕਰ ਦਿੱਤਾ। ਮਾਣਯੋਗ ਸਾਹਿਬ ਕਹਿੰਦੇ ਹਨ,''ਇਨ੍ਹਾਂ ਵਿਅਕਤੀਆਂ ਨੂੰ ਰਿਹਾਅ ਕਰਨਾ ਮੁੱਖ ਤੌਰ 'ਤੇ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਸੂਬੇ 'ਚ ਕਿਹੋ ਜਿਹੇ ਹਾਲਾਤ ਹਨ ਅਤੇ ਲੈਫ਼ਟੀਨੈਂਟ ਗਵਰਨਰ ਦਾ ਵਿਚਾਰ ਹੈ ਕਿ ਅਜਿਹਾ ਕਦਮ ਸਥਾਨਕ ਸਰਕਾਰ ਦੀ ਸਹਿਮਤੀ ਤੋਂ ਬਗ਼ੈਰ ਕਿਸੇ ਵੀ ਹਾਲਤ 'ਚ ਨਹੀਂ ਉਠਾਉਣਾ ਹੋਵੇਗਾ, ਇਸ ਦੇ ਨਾਲ ਇਹ ਸ਼ਰਤ ਵੀ ਜੋੜੀ ਗਈ ਕਿ ਸਾਰੇ ਮਾਮਲਿਆਂ ਦੀ ਸਾਲਾਨਾ ਸਮੀਖਿਆ ਕੀਤੀ ਜਾਵੇਗੀ ਅਤੇ ਉਸ ਦੀ ਰਿਪੋਰਟ ਭਾਰਤ ਸਰਕਾਰ ਕੋਲ ਭੇਜੀ ਜਾਵੇਗੀ।''

ਜਿਵੇਂ ਮੰਗਲ ਸਿੰਘ ਬਾਰੇ ਪੰਜਾਬ ਸਰਕਾਰ ਦਾ ਮੰਨਣਾ ਹੈ ਕਿ ਸਾਜ਼ਿਸ਼-ਘਾੜਿਆਂ 'ਚੋਂ ਉਹੀ ਪ੍ਰਮੁੱਖ ਹੈ ਤੇ ਉਸ ਨੂੰ ਮੁਆਫ਼ ਨਹੀਂ ਕਰਨਾ ਚਾਹੀਦਾ।

ਪੰਜਾਬ ਸਰਕਾਰ ਦਾ ਵਿਚਾਰ ਨਿਆਂਪੂਰਨ ਜਾਪਦਾ ਹੈ; ਅਤੇ ਮੇਰੇ ਖ਼ਿਆਲ

ਮੁਤਾਬਕ ਸ੍ਰੀ ਮੈਕਨੈਬ ਦਾ ਹਰੇਕ ਵਿਅਕਤੀ ਦੇ ਮਾਮਲੇ ਬਾਰੇ ਵਿਚਾਰ ਕੋਈ ਬਹੁਤਾ ਠੀਕ ਨਹੀਂ ਜਾਪਦਾ। ਇਸੇ ਲਈ ਮੇਰਾ ਸੁਝਾਅ ਹੈ ਕਿ ਇਹ ਮਾਮਲਾ ਕਿਉਂਕਿ ਅਤਿ ਅਹਿਮ ਹੈ, ਇਸ ਲਈ ਉਨ੍ਹਾਂ ਦੀਆਂ ਤਜਵੀਜ਼ਾਂ ਦੀ ਰਤਾ ਵਿਸਥਾਰ ਨਾਲ ਸਮੀਖਿਆ ਕਰ ਲਈ ਜਾਵੇ।

ਮੈਨੂੰ ਲੱਗਦਾ ਹੈ ਕਿ ਸ੍ਰੀ ਮੈਕਨੈਬ ਨੇ ਆਪਣਾ ਅੰਤਿਮ ਫ਼ੈਸਲਾ ਦਿੰਦੇ ਸਮੇਂ ਕੁਝ ਹੱਦ ਤੱਕ (ਅੰਸ਼ਕ ਤੌਰ 'ਤੇ) ਕੂਕਿਆਂ ਦੇ ਖੇਤਰ ਵਿੱਚ ਕੈਦੀਆਂ ਦੀ ਗਵਾਹੀ ਤੇ ਉਨ੍ਹਾਂ ਦੇ ਨਿਜੀ ਕਿਰਦਾਰ ਦੇ ਪ੍ਰਭਾਵ ਹੇਠ ਆ ਗਏ ਹਨ। ਮੈਨੂੰ ਇੰਝ ਜਾਪਦਾ ਹੈ ਕਿ ਉਨ੍ਹਾਂ ਕੈਦੀਆਂ ਦੇ ਸਥਾਨਕ ਪ੍ਰਭਾਵ ਤੇ ਰੁਤਬੇ ਬਹੁਤ ਹੀ ਗੰਭੀਰ ਨੁਕਤੇ ਹਨ, ਜਿਨ੍ਹਾਂ 'ਤੇ ਸ਼ਾਇਦ ਸ੍ਰੀ ਮੈਕਨੈਬ ਪੂਰੀ ਤਰ੍ਹਾਂ ਗ਼ੌਰ ਨਹੀਂ ਕਰ ਸਕੇ।

ਇਹ ਬਿਲਕੁਲ ਸੰਭਵ ਹੈ ਕਿ ਕੋਈ ਵਿਅਕਤੀ ਕੇਵਲ ਆਪਣੀ ਪੁਜ਼ੀਸ਼ਨ ਕਾਰਣ ਖ਼ਤਰਨਾਕ ਹੋ ਸਕਦਾ ਹੈ ਅਤੇ ਇਸ ਦੇ ਨਾਲ-ਨਾਲ ਸਮਾਜ 'ਤੇ ਉਸ ਦੇ ਪੈਣ ਵਾਲਾ ਪ੍ਰਭਾਵ ਵੀ ਨਾਲ ਮਿਲ ਕੇ ਕੰਮ ਕਰ ਰਿਹਾ ਹੁੰਦਾ ਹੈ। ਉਦਾਹਰਣ ਵਜੋਂ, ਸਾਹਿਬ ਸਿੰਘ ਨੂੰ ਹੀ ਬਾਬਾ ਰਾਮ ਸਿੰਘ ਦਾ ਸੰਭਾਵੀ ਵਾਰਸ ਮੰਨਿਆ ਜਾਂਦਾ ਹੈ ਅਤੇ ਰੂੜ ਸਿੰਘ ਉਸ ਦਾ ਭਰਾ ਹੈ (ਭਾਵੇਂ ਰੂੜ ਸਿੰਘ ਕਸਾਈਆਂ ਦੇ ਕਤਲਾਂ ਦੇ ਮਾਮਲੇ 'ਚ ਕਮਿਸ਼ਨ ਨੂੰ ਵਧੇਰੇ ਕੁਝ ਜਾਣਦਾ ਜਾਪਦਾ ਹੈ) ਕਿਉਂਕਿ ਉਸ ਦੇ ਕਿਰਦਾਰ ਦੀ ਕਿਸੇ ਵਿਲੱਖਣਤਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਅਤੇ ਉਹ ਇੱਕ ਪਰਿਵਾਰਕ ਵਿਅਕਤੀ ਹੈ। ਸ੍ਰੀ ਮੈਕਨੈਬ ਤਾਂ ਉਸ ਨੂੰ ਹੋਰਨਾਂ ਵਿਅਕਤੀਆਂ ਦੇ ਮੁਕਾਬਲੇ ਕਿਤੇ ਛੇਤੀ ਰਿਹਾਅ ਕਰ ਦੇਣਗੇ। ਅੱਗੇ ਵਧੀਏ, ਤਾਂ ਪਹਿਲਾ ਵਿਅਕਤੀ ਸਾਹਿਬ ਸਿੰਘ ਹੈ। ਸਾਹਿਬ ਸਿੰਘ ਨੇਪਾਲ ਵਾਲੀ ਹਾਲੀਆ ਮਿਸ਼ਨ ਵਿੱਚ (ਗੁਰੂ) ਰਾਮ ਸਿੰਘ ਜੀ ਦਾ ਦੂਤ ਸੀ। ਉਸ ਦਾ ਨਾਂਅ ਸਾਰੇ ਪੁਲਿਸ ਅਧਿਕਾਰੀਆਂ ਦੇ ਰਿਕਾਰਡ 'ਚ ਕੁਝ ਇੰਝ ਬੋਲਦਾ ਹੈ ਕਿ 'ਉਹੀ ਬਾਬਾ ਰਾਮ ਸਿੰਘ ਜੀ ਦਾ ਸੰਭਾਵੀ ਵਾਰਿਸ ਹੈ।' ਉਹ ਬਾਬਾ ਜੀ ਦਾ ''ਭਰੋਸੇਯੋਗ ਸੂਬਾ ਹੈ। ਬਾਬਾ ਰਾਮ ਸਿੰਘ ਜੀ ਦਾ ਲੈਫ਼ਟੀਨੈਂਟ ਹੈ'', ''ਸਦਾ ਬਾਬਾ ਰਾਮ ਸਿੰਘ ਜੀ ਨਾਲ ਰਹਿੰਦੇ ਹਨ,'' ''ਸਾਰੇ ਸੂਬਿਆਂ 'ਚੋਂ ਸਭ ਤੋਂ ਵੱਧ ਪ੍ਰਸਿੱਧ'' - ਸਾਹਿਬ ਸਿੰਘ ਬਾਰੇ ਇਹ ਧਾਰਨਾਵਾਂ ਪ੍ਰਚਲਿਤ ਹਨ ਪਰ ਸ੍ਰੀ ਮੈਕਨੈਬ ਉਸ ਨੂੰ ''ਪੜ੍ਹਿਆ-ਲਿਖਿਆ, ਉਦੇਸ਼ਮੁਖੀ, ਸਲੀਕੇਦਾਰ, ਬਾਬਾ ਰਾਮ ਸਿੰਘ ਜੀ ਦੀਆਂ ਤਾਜ਼ਾ ਮੁਹਿੰਮਾਂ 'ਚ ਅੱਗੇ'' ਦੱਸਦੇ ਹਨ।

ਅਜਿਹਾ ਸਿੱਧਾ ਸਬੂਤ (ਅੰਤਿਕਾ ੲ) ਮੌਜੂਦ ਹੈ ਕਿ ਕੂਕਿਆਂ ਦੇ ਪ੍ਰਚਾਰ ਵਿੱਚ ਉਹ ਸਭ ਤੋਂ ਵੱਧ ਸਰਗਰਮ ਹਨ। ਪਰ ਅਜਿਹੀ ਵੀ ਗਵਾਹੀ ਹੈ, ਜਿਸ ਨੂੰ ਮੇਰੇ ਵਿਚਾਰ ਅਨੁਸਾਰ ਅਸੀਂ ਲਾਂਭੇ ਨਹੀਂ ਕਰ ਸਕਦੇ। ਉਹ ਇਹ ਹੈ ਕਿ ਲੋਹੜੀ ਦੇ ਮੇਲੇ ਮੌਕੇ ਉਹ ਭੈਣੀ 'ਚ ਮੌਜੂਦ ਸੂਬਿਆਂ 'ਚੋਂ ਇੱਕ ਸੀ ਅਤੇ ਉਸ ਨੇ ਲਹਿਣਾ ਸਿੰਘ ਤੇ ਹੀਰਾ ਸਿੰਘ ਦੀ ਟੋਲੀ ਨੂੰ ਹੱਲਾਸ਼ੇਰੀ ਦਿੱਤੀ ਸੀ ਤੇ ਪ੍ਰੇਰਿਤ ਕੀਤਾ ਸੀ, ਜਦੋਂ ਉਹ ਮਲੇਰਕੋਟਲਾ ਲਈ ਰਵਾਨਗੀ ਪਾ ਰਹੇ ਸਨ।

ਅਜਿਹੇ ਵੀ ਕੁਝ ਸਬੂਤ ਹਨ ਪਰ ਸ਼ਾਇਦ ਉਹ ਬਹੁਤੇ ਭਰੋਸੇਯੋਗ ਨਹੀਂ ਕਿ ਇਸ ਮੌਕੇ ਇੱਕ ਗੁਪਤ ਕੌਂਸਲ ਵਿੱਚ ਹੋਰਨਾਂ ਦੇ ਨਾਲ-ਨਾਲ ਸਾਹਿਬ ਸਿੰਘ ਨੇ

ਮੋਹਰੀ ਭੂਮਿਕਾ ਨਿਭਾਈ ਸੀ, ਜਿਸ ਵਿੱਚ ਬਾਬਾ ਰਾਮ ਸਿੰਘ ਜੀ ਨੂੰ ਖ਼ੁਦ ਨੂੰ ਰਾਜਾ ਐਲਾਨਣ ਅਤੇ ''ਆਪਣਾ ਰਾਜ ਸੰਭਾਲਣ''* ਲਈ ਕਿਹਾ ਗਿਆ ਸੀ।

ਸ੍ਰੀ ਮੈਕਨੈਬ ਦਾ ਵਿਚਾਰ ਹੈ ਕਿ ਜੇ ਉਸ ਨੂੰ ਕਦੇ ਵੀ ਪੰਜਾਬ ਵਾਪਸੀ ਦੀ ਇਜਾਜ਼ਤ ਦਿੱਤੀ ਜਾਵੇਗੀ, ਤਾਂ ''ਕੂਕਾਵਾਦ ਇੱਕ ਦਮ ਮੁੜ ਸੁਰਜੀਤ ਹੋਣਾ ਸ਼ੁਰੂ ਹੋ ਜਾਵੇਗਾ ਅਤੇ ਇੰਝ ਕਰਨਾ ਮੁਸੀਬਤਜ਼ਦਾ ਹੋਵੇਗਾ'', ਇਸੇ ਲਈ ਉਨ੍ਹਾਂ ਨੇ ਉਸ ਨੂੰ ਸਦਾ ਜੇਲ੍ਹ 'ਚ ਰੱਖਣ ਦੀ ਸਿਫ਼ਾਰਸ਼ ਕੀਤੀ ਹੈ।

ਇਹ ਤਜਵੀਜ਼ ਸ਼ਾਇਦ ਦਰੁਸਤ ਹੈ। ਇਹ ਵਿਅਕਤੀ ਇੱਕ ਖ਼ਤਰਨਾਕ ਰਾਜ-ਧਰੋਹੀ ਹੈ ਅਤੇ ਪੰਜਾਬ ਦੀ ਬਹੁਤੀ ਜਨਤਾ ਕਿਉਂਕਿ ਅਗਿਆਨੀ ਤੇ ਕੱਟੜ ਹੈ, ਇਸੇ ਲਈ ਉਹ ਕਿਸੇ ਵੀ ਸਮੇਂ ਉਨ੍ਹਾਂ ਨੂੰ ਭੜਕਾਹਟ ਦੀ ਚੰਗਿਆੜੀ ਵਿਖਾ ਕੇ ਭਾਂਬੜ ਮਚਾ ਸਕਦਾ ਹੈ। ਉਹ ਸ਼ਾਇਦ ਇਸ ਸੰਪਰਦਾਇ ਦੇ ਸਰਗਰਮ ਤੇ ਸਿਆਸੀ ਹਿੱਸੇ ਦਾ ਮੁੱਖ ਆਗੂ ਸੀ।

**ਰੂੜ ਸਿੰਘ।** ਰੂੜ ਸਿੰਘ ਬਾਰੇ ਮੈਂ ਪਹਿਲਾਂ ਹੀ ਗੱਲ ਕਰ ਚੁੱਕਾ ਹਾਂ। ਉਸ ਨੂੰ ਅੰਮ੍ਰਿਤਸਰ 'ਚ ਹੋਏ ਕਸਾਈਆਂ ਦੇ ਕਤਲ ਕਾਂਡ 'ਚ ਸਹਿਯੋਗੀ ਮੰਨਿਆ ਜਾਂਦਾ ਰਿਹਾ ਹੈ। ਉਹ ਬੀਤੀ 16 ਜਨਵਰੀ ਨੂੰ 16 ਕੂਕਿਆਂ ਨਾਲ ਅਚਾਨਕ ਸ਼ੱਕੀ ਹਾਲਤ 'ਚ ਭੈਣੀ ਤੋਂ ਅੰਮ੍ਰਿਤਸਰ ਚਲਾ ਗਿਆ ਸੀ, ਮਕਸਦ ਸੀ ਕਿ ਜੇ ਮਲੇਰਕੋਟਲਾ 'ਤੇ ਹਮਲਾ ਕਾਮਯਾਬ ਰਿਹਾ, ਤਾਂ ਫਿਰ ਉੱਥੋਂ ਦੇ ਕੂਕਿਆਂ ਨੂੰ ਉਕਸਾ ਕੇ ਬਗ਼ਾਵਤ ਕਰਵਾਉਣੀ ਸੀ। ਉਹ ਮੰਨਦਾ ਹੈ ਕਿ ਉਹ ਇੱਕ ਸੂਬਾ ਹੈ। ਉਹ ਉਸ ਸਾਹਿਬ ਸਿੰਘ ਦਾ ਭਰਾ ਹੈ, ਜਿਸ ਦਾ ਮਹੱਤਵ ਬਾਬਾ ਰਾਮ ਸਿੰਘ ਜੀ ਤੋਂ ਘੱਟ ਨਹੀਂ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਸ੍ਰੀ ਮੈਕਨੈਬ ਨੇ ਉਸ ਨੂੰ ਇੰਨੀ ਘੱਟ ਅਹਿਮੀਅਤ ਕਿਉਂ ਦਿੱਤੀ ਹੈ। ਉਹ ਭਾਵੇਂ ਕੋਈ ਮੋਹਰੀ ਸਾਜ਼ਿਸ਼ਘਾੜਾ ਨਹੀਂ ਹੋ ਸਕਦਾ ਪਰ ਉਹ ਸਪੱਸ਼ਟ ਤੌਰ 'ਤੇ ਬਹੁਤ ਹੀ ਖ਼ਤਰਨਾਕ ਸਿੱਧ ਹੋ ਸਕਦਾ ਹੈ। ਮੈਨੂੰ ਲੱਗਦਾ ਹੈ ਕਿ ਉਸ ਨੂੰ ਤਦ ਤੱਕ ਰਿਹਾਅ ਨਹੀਂ ਕੀਤਾ ਜਾਣਾ ਚਾਹੀਦਾ, ਜਦੋਂ ਤੱਕ ਕਿ ਇਹ ਸੰਪਰਦਾਇ ਉਸ ਹੱਦ ਤੱਕ ਖ਼ਤਮ ਨਾ ਹੋ ਜਾਵੇ ਕਿ ਉਹ ਦੋਬਾਰਾ ਕਦੇ ਨਾ ਉੱਠ ਸਕਦਾ ਹੋਵੇ, ਫਿਰ ਵੀ ਉਸ ਨੂੰ ਸਖ਼ਤ ਨਿਗਰਾਨੀ ਅਧੀਨ ਰੱਖਿਆ ਜਾਵੇ।

**ਲੱਖਾ ਸਿੰਘ।** ਸ੍ਰੀ ਮੈਕਨੈਬ ਨੇ ਇਸ ਵਿਅਕਤੀ ਦੇ ਕੇਸ ਦਾ ਨਿੱਠ ਕੇ ਅਧਿਐਨ ਕੀਤਾ ਹੈ। ਬੇਸ਼ੱਕ ਉਹ ਇੱਕ ਸਰਗਰਮ ਆਗੂ ਹੈ ਅਤੇ ਖ਼ਾਸ ਤੌਰ 'ਤੇ ਰਾਜ-ਧਰੋਹੀ ਜਾਪਦਾ ਹੈ ਤੇ ਹੰਗਾਮਾਖ਼ੇਜ਼ ਹੈ ਅਤੇ ਗੜਬੜੀ ਫੈਲਾਉਣ ਲਈ ਤਿਆਰ ਰਹਿੰਦਾ ਹੈ। ਸਾਰੇ ਸਬੂਤ ਤੇ ਗਵਾਹੀਆਂ ਉਸ ਨੂੰ ਖ਼ਤਰਨਾਕ ਕਿਰਦਾਰ ਵਾਲਾ ਵਿਅਕਤੀ ਗਰਦਾਨਦੀਆਂ ਹਨ ਅਤੇ ਉਹ ਮਲੇਰਕੋਟਲਾ 'ਤੇ ਹਮਲਾ ਕਰਨ ਲਈ

---

* ਇਹ ਮੁੱਖ ਗਵਾਹੀ ਭੈਣੀ ਦੇ ਸਰਪੰਚ ਨੇ ਖ਼ੁਦ ਦਿੱਤੀ ਹੈ। ਪਹਿਲੀ ਨਜ਼ਰੇ ਹੀ ਇਹ ਵਡਮੁੱਲੀ ਜਾਪਦੀ ਹੈ ਕਿਉਂਕਿ ਕਿੱਥੇ ਕੀ ਵਾਪਰ ਰਿਹਾ ਹੈ, ਉਨ੍ਹਾਂ ਨੂੰ ਇਸ ਦੀ ਸਾਰੀ ਜਾਣਕਾਰੀ ਹੁੰਦੀ ਹੈ। ਦੂਜੇ ਪਾਸੇ ਉਹ ਬਾਬਾ ਰਾਮ ਸਿੰਘ ਜੀ ਦੇ ਹੱਕ 'ਚ ਨਹੀਂ ਸਨ ਕਿਉਂਕਿ ਬਾਬਾ ਜੀ ਕਾਰਣ ਇੱਕ ਤਰ੍ਹਾਂ ਅੰਸ਼ਕ ਤੌਰ 'ਤੇ ਉਨ੍ਹਾਂ ਦੀ ਸਥਾਨਕ ਅਥਾਰਟੀ ਘਟੀ ਹੋਈ ਸੀ ਅਤੇ ਬਾਬਾ ਜੀ ਨੇ ਪਿੰਡ ਦੀ ਕੁਝ ਜ਼ਮੀਨ ਆਪਣੇ ਪੈਰੋਕਾਰਾਂ ਨੂੰ ਵੀ ਦਿੱਤੀ ਹੋਈ ਸੀ।

ਜਾਣ ਵਾਲੇ ਲੋਕਾਂ ਦੀ ਟੋਲੀ ਨੂੰ ਭੇਜਣ ਤੇ ਹੱਲਾਸ਼ੇਰੀ ਦੇਣ 'ਚ ਮੋਹਰੀ ਸੀ। ਸ੍ਰੀ ਮੈਕਨੈਬ ਨੇ ਉਸ ਨੂੰ ਲਗਾਤਾਰ ਦੇਸ਼-ਨਿਕਾਲੇ 'ਚ ਰੱਖਣ ਦੀ ਸਿਫ਼ਾਰਸ਼ ਕੀਤੀ ਹੈ। ਮੈਂ ਵੀ ਇਸ ਨਾਲ ਸਹਿਮਤ ਹਾਂ ਕਿ ਉਸ ਨੂੰ ਕਿਸੇ ਵੀ ਹਾਲਤ 'ਚ ਤਦ ਤੱਕ ਰਿਹਾਅ ਨਹੀਂ ਕੀਤਾ ਜਾਣਾ ਚਾਹੀਦਾ, ਜਦੋਂ ਤੱਕ ਦੇਸ਼ ਅਤੇ ਉਸ ਦੇ ਵਿਵਹਾਰ ਵਿੱਚ ਕੋਈ ਬਹੁਤ ਵੱਡੀ ਤਬਦੀਲੀ ਨਾ ਆ ਜਾਵੇ।

**ਕਾਹਨ ਸਿੰਘ।** ਇਹ ਵੀ ਲੱਖਾ ਸਿੰਘ ਵਾਲੇ ਵਰਗ 'ਚ ਹੀ ਆਉਂਦਾ ਹੈ ਅਤੇ ਸ੍ਰੀ ਮੈਕਨੈਬ ਨੇ ਉਸ ਉਸੇ ਤਰ੍ਹਾਂ ਰੱਖਿਆ ਹੈ ਅਤੇ ਉਸ ਲਈ ਉਹੀ ਸਿਫ਼ਾਰਸ਼ ਵੀ ਕੀਤੀ ਹੈ। ਇਹ ਸ਼ਾਇਦ ਦਰੁਸਤ ਹੈ।

**ਬ੍ਰਹਮਾ ਸਿੰਘ।** ਇਸ ਵਿਅਕਤੀ ਬਾਰੇ ਜਿੰਨੇ ਵੀ ਸਬੂਤ ਹਨ, ਉਸ ਤੋਂ ਉਹ ਸਭ ਤੋਂ ਵੱਧ ਮਜ਼ਬੂਤ ਕਿਰਦਾਰ ਵਾਲੇ ਵਿਅਕਤੀ ਵਜੋਂ ਉੱਭਰਦਾ ਹੈ। ਉਸ ਵਿਰੁੱਧ ਵਿਲੱਖਣ ਗਵਾਹੀ ਵੀ ਆਈ ਸੀ (ਜਿਸ ਦਾ ਹਿੱਸਾ ਸਰਕਾਰ ਨੂੰ ਇੱਕ ਸਾਲ ਪਹਿਲਾਂ ਭੇਜ ਦਿੱਤਾ ਗਿਆ ਸੀ, ਮੈਂ ਉਸ ਨੂੰ ਵੇਖ ਸਕਦਾ ਹਾਂ) ਕਿ ਉਸ ਨੇ ਕਈ ਸਾਲਾਂ ਤੱਕ ਬਾਕਾਇਦਾ ਰਾਜ-ਧਰੋਹ ਦਾ ਪ੍ਰਚਾਰ ਕੀਤਾ ਸੀ, ਤਾਂ ਜੋ ਬਗ਼ਾਵਤ ਹੋ ਸਕੇ। ਉਹ ਗੁਜਰਾਂਵਾਲਾ ਤੇ ਸਿਆਲਕੋਟ ਜ਼ਿਲ੍ਹਿਆਂ ਦੇ ਨਾਲ-ਨਾਲ ਦੇਸ਼ ਦੇ ਹੋਰਨਾਂ ਹਿੱਸਿਆਂ 'ਚ ਸਰਗਰਮ ਰਿਹਾ ਹੈ, ਉਸ ਦਾ ਰੁਤਬਾ ਹੋਰਨਾਂ ਮੋਹਰੀ ਸੂਬਿਆਂ ਦੇ ਸਮਾਨ ਹੈ। ਉਸ ਨੂੰ ਸਪੱਸ਼ਟ ਤੌਰ 'ਤੇ ਕਸਾਈਆਂ ਦੇ ਕਤਲ ਹੋਣ ਤੋਂ ਪਹਿਲਾਂ ਹੀ ਅਜਿਹੀ ਮਨਸ਼ਾ ਬਾਰੇ ਪੂਰੀ ਜਾਣਕਾਰੀ ਸੀ ਅਤੇ ਉਸ ਨੇ ਬਾਅਦ 'ਚ ਪ੍ਰਚਾਰ ਦੌਰਾਨ ਕਾਤਲਾਂ ਦੀ ਸ਼ਰ੍ਹੇਆਮ ਸ਼ਲਾਘਾ ਕੀਤੀ ਸੀ। ਉਸ ਵੱਲੋਂ ਸੱਦੀਆਂ ਮੀਟਿੰਗਾਂ ਤੋਂ ਬਾਅਦ ਕੱਟੜ ਕੂਕਿਆਂ ਨੇ ਕਈ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਅੰਜਾਮ ਦਿੱਤਾ ਸੀ, ..., ਉਨ੍ਹਾਂ ਕਬਰਾਂ ਨਸ਼ਟ ਕੀਤੀਆਂ ਤੇ ਮਸਜਿਦਾਂ ਢਾਹੀਆਂ। ਨਾਰਾਇਣ ਸਿੰਘ (ਅੰਤਿਕਾ ਅ ਨੰ. 2) ਨੇ ਤਾਂ ਇੱਥੋਂ ਤੱਕ ਵੀ ਕਿਹਾ ਹੈ ਕਿ ਇਹੀ ਉਹ ਵਿਅਕਤੀ ਹੈ, ਜਿਸ ਨੇ ਮਲੇਰਕੋਟਲਾ ਤੇ ਮਲੌਦ 'ਤੇ ਹਮਲਿਆਂ ਦੀ ਯੋਜਨਾ ਉਲੀਕੀ ਸੀ, ਉਹ ਪਹਾੜਾਂ 'ਚ ਵਹਾਬੀਆਂ ਦੀਆਂ ਕਾਲੋਨੀਆਂ 'ਚ ਵੀ ਜਾ ਕੇ ਆਇਆ ਹੈ, ਕਾਬੁਲ ਵੀ ਜਾ ਕੇ ਆਇਆ ਹੈ ਅਤੇ ਉੱਥੇ ਇਸ ਨੇ ਇੱਕ ਸੂਬਾ ਨਿਯੁਕਤ ਕਰ ਦਿੱਤਾ ਸੀ। ਉਹ ਸਾਰੇ ਸੂਬਿਆਂ 'ਚੋਂ ਸਭ ਤੋਂ ਵੱਧ ਦਲੇਰ ਰਾਜ-ਧਰੋਹੀ ਤੇ ਆਪਣੇ ਇਰਾਦੇ ਦਾ ਪੱਕਾ ਜਾਪਦਾ ਹੈ।

ਸ੍ਰੀ ਮੈਕਨੈਬ ਫਿਰ ਵੀ ਉਸ ਨੂੰ ਹੋਰਨਾਂ ਤੋਂ ਘੱਟ ਖ਼ਤਰਨਾਕ ਸਮਝਦੇ ਹਨ ਕਿਉਂਕਿ ਉਹ ਕੱਟੜ ਵੱਧ ਹੈ ਤੇ ਸਿਆਸੀ ਘੱਟ; ਅਤੇ ਇਹ ਵੀ ਮੰਨਦੇ ਹਨ ਕਿ ਉਸ ਵਿਰੁੱਧ ਕੇਸ ਇਸ ਕਰਕੇ ਮਜ਼ਬੂਤ ਹਨ ਕਿਉਂਕਿ ਉਨ੍ਹਾਂ ਦੇ ਇਲਾਕੇ 'ਚ ਪੁਲਿਸ ਕੁਝ ਵਧੇਰੇ ਸਰਗਰਮ ਹੈ ਅਤੇ 10 ਵਰ੍ਹੇ ਕੈਦ 'ਚ ਰੱਖਣ ਤੋਂ ਬਾਅਦ ਉਨ੍ਹਾਂ ਨਿਗਰਾਨੀ ਅਧੀਨ ਰਿਹਾ ਕਰ ਦਿੱਤਾ ਜਾਣਾ ਚਾਹੀਦਾ ਹੈ।

ਮੇਰੇ ਖ਼ਿਆਲ ਮੁਤਾਬਕ ਤਾਂ ਉਹ ਇਸ ਲਈ ਵਧੇਰੇ ਖ਼ਤਰਨਾਕ ਹੈ ਕਿਉਂਕਿ ਉਹ ਵਧੇਰੇ ਸੁਹਿਰਦ ਹੈ ਤੇ ਮੈਨੂੰ ਲੱਗਦਾ ਹੈ ਕਿ ਉਸ ਨੂੰ ਉਸੇ ਵਰਗ 'ਚ ਰੱਖਣਾ ਚਾਹੀਦਾ ਹੈ, ਜਿਸ ਵਿੱਚ ਲੱਖਾ ਸਿੰਘ, ਕਾਹਨ ਸਿੰਘ, ਸਾਹਿਬ ਸਿੰਘ ਨੂੰ ਰੱਖਿਆ ਹੈ

ਅਤੇ ਦਰਅਸਲ ਉਸ ਵਰਗ 'ਚ ਰੱਖਣਾ ਚਾਹੀਦਾ ਹੈ ਖ਼ੁਦ ਬਾਬਾ ਰਾਮ ਸਿੰਘ ਜੀ ਤੋਂ ਸ਼ਾਇਦ ਹੀ ਘੱਟ ਖ਼ਤਰਨਾਕ ਹਨ।

**ਜਵਾਹਰ ਸਿੰਘ।** ਇਸ ਵਿਅਕਤੀ ਬਾਰੇ ਮੈਂ ਕੁਝ ਹੋਰ ਨਹੀਂ ਕਹਿਣਾ, ਜੋ ਕੁਝ ਵੀ ਸ੍ਰੀ ਮੈਕਨੈਬ ਨੇ ਆਖਿਆ ਹੈ, ਉਹ ਦਰੁਸਤ ਹੈ ਪਰ ਉਹ ਯਕੀਨੀ ਤੌਰ 'ਤੇ ਬ੍ਰਹਮਾ ਸਿੰਘ ਤੋਂ ਵਧੇਰੇ ਖ਼ਤਰਨਾਕ ਵਿਅਕਤੀ ਨਹੀਂ ਹੈ।

ਇੱਥੇ ਮੰਗਲ ਸਿੰਘ ਦਾ ਕੇਸ ਵਿਚਾਰਨਾ ਠੀਕ ਰਹੇਗਾ, ਜਿਸ ਨੂੰ ਕੂਕਿਆਂ ਦੇ ਪ੍ਰਮੁੱਖ ਆਗੂਆਂ 'ਚੋਂ ਆਖ਼ਰੀ ਕਿਹਾ ਜਾ ਸਕਦਾ ਹੈ। ਇਹ ਵਿਅਕਤੀ ਪਟਿਆਲਾ ਦੇ ਰਾਜੇ ਦਾ ਨਜ਼ਦੀਕੀ ਰਿਸ਼ਤੇਦਾਰ ਹੈ ਜਾਂ ਉਨ੍ਹਾਂ ਦਾ ਕਰੀਬੀ ਹੈ। ਉਸ ਨੂੰ ਰਾਜੇ ਨੇ ਗ੍ਰਿਫ਼ਤਾਰ ਕੀਤਾ ਸੀ ਤੇ ਰਾਜੇ ਨੇ ਉਸ ਨੂੰ ਦੇਸ਼ ਨਿਕਾਲਾ ਕਰਨ ਦੀ ਬੇਨਤੀ ਕੀਤੀ ਸੀ। ਉਹ ਮਰਜ਼ੀ ਨਾਲ ਕੂਕਾ ਸੰਪਰਦਾਇ ਦਾ ਤਿਆਗ ਕਰਨ ਲਈ ਸਹਿਮਤ ਹੋ ਗਿਆ ਸੀ ਅਤੇ ਸ੍ਰੀ ਮੈਕਨੈਬ ਨੇ ਉਸ ਨੂੰ ਇੰਝ ਕਰਨ ਦੀ ਇਜਾਜ਼ਤ ਦਿੱਤੀ ਸੀ। ਪੰਜਾਬ ਸਰਕਾਰ ਇਸ ਤੋਂ ਬਿਲਕੁਲ ਵੱਖਰੇ ਤਰੀਕੇ ਨਾਲ ਸੋਚਦੀ ਹੈ ਤੇ ਮੈਨੂੰ ਲੱਗਦਾ ਹੈ ਕਿ ਸਰਕਾਰੀ ਅਧਿਕਾਰੀ ਦਰੁਸਤ ਹਨ।

ਮੰਗਲ ਸਿੰਘ ਨੇ ਬਿਨਾਂ ਸ਼ੱਕ ਆਪਣੀ ਸ਼ਨਾਖ਼ਤ ਖ਼ੁਦ ਦੇ ਪੂਰੀ ਤਰ੍ਹਾਂ ਕੂਕਿਆਂ ਨਾਲ ਹੋਣ ਵਜੋਂ ਕੀਤੀ ਹੈ। ਉਸ ਦੇ ਜੁੜਨ ਨਾਲ ਇਸ ਸੰਪਰਦਾਇ ਨੂੰ ਵੱਡਾ ਹੁਲਾਰਾ ਮਿਲਿਆ ਹੈ। ਉਸ ਨੂੰ ਇਸ ਸੰਪਰਦਾਇ 'ਚ ਇੱਕ ਵੱਡੇ ਅਸਰ-ਰਸੂਖ਼ ਵਾਲਾ ਵਿਅਕਤੀ ਮੰਨਿਆ ਜਾਂਦਾ ਹੈ, ਜਿਸ ਨੇ ਇਸ ਸੰਗਠਨ ਦੀ ਪ੍ਰਗਤੀ ਲਈ ਬਹੁਤ ਕੁਝ ਕਰ ਰਿਹਾ ਹੈ। ਹੁਣ ਵੀ ਕੂਕਾ ਪੈਗ਼ੰਬਰ ਪਹਿਲਾਂ ਉਸ ਦੀ ਰਿਹਾਈ ਦੀ ਹੀ ਭਵਿੱਖਬਾਣੀ ਕਰ ਰਹੇ ਹਨ ਕਿ ਇਸ ਵੇਲੇ ਕੈਦ ਭੁਗਤ ਰਹੇ ਕੂਕਿਆਂ ਦੀ ਰਿਹਾਈ ਬਾਅਦ 'ਚ ਹੋਵੇਗੀ ਅਤੇ ਅੰਤ 'ਚ ਸੰਪਰਦਾਇ ਦੀ ਹੀ ਜਿੱਤ ਹੋਵੇਗੀ। ਉਹ ਜਨਤਕ ਤੌਰ 'ਤੇ ਇਸ ਸੰਪਰਦਾਇ ਦੇ ਸਿਧਾਂਤਾਂ ਦੀ ਗੱਲ ਕਰਦਾ ਹੈ ਤੇ ਉਨ੍ਹਾਂ ਨੂੰ ਅਪਨਾਉਣ ਦੀ ਸਿਫ਼ਾਰਸ਼ ਕਰਦਾ ਹੈ। ਉਸ ਨੇ ਬਾਬਾ ਰਾਮ ਸਿੰਘ ਜੀ ਨੂੰ ਵਡਮੁੱਲੇ ਤੋਹਫ਼ੇ ਦਿੱਤੇ ਹਨ, ਇਸ ਦੇ ਨਾਲ ਹੀ ਘੱਟੋ-ਘੱਟ ਇੱਕ ਵਾਰ ਉਸ ਨੇ ਮੋਟੀ ਰਕਮ ਵੀ ਦਿੱਤੀ ਸੀ, ਜਿਸ ਬਾਰੇ ਇੱਕ ਕਹਾਣੀ 'ਤੇ ਸ੍ਰੀ ਮੈਕਨੈਬ ਨੂੰ ਯਕੀਨ ਹੈ - ਕਿ ਉਸ ਨੇ ਬਾਬਾ ਰਾਮ ਸਿੰਘ ਜੀ ਨੂੰ ਕੋਈ ਖ਼ਾਸ ਬੇਸ਼ਕੀਮਤੀ ਗਹਿਣੇ (ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਕੀਮਤ 30,000 ਪੌਂਡ ਸੀ) ਦਿੱਤੇ ਸਨ ਅਤੇ ਉਸੇ ਰਕਮ ਨਾਲ ਬਾਬਾ ਜੀ ਨੇ ਧੌਲਪੁਰ ਵਿਖੇ ਆਪਣਾ ਮਿਸ਼ਨ ਚਲਾਇਆ ਸੀ, ਜਿੱਥੇ ਪਟਿਆਲਾ ਦੀ ਸ਼ਹਿਜ਼ਾਦੀ ਵਿਆਹੀ ਹੋਈ ਹੈ।

ਸੱਚਮੁਚ, ਕੂਕਿਆਂ 'ਚ ਅਜਿਹੀ ਗੱਲ ਫੈਲਾਈ ਗਈ ਸੀ ਕਿ ਮੰਗਲ ਸਿੰਘ ਤਾਂ ਰਾਜੇ ਦੇ ਨੁਮਾਇੰਦੇ ਵਜੋਂ ਸੰਪਰਦਾਇ 'ਚ ਸ਼ਾਮਲ ਹੋਇਆ ਹੈ ਅਤੇ ਰਾਜਾ ਅੰਦਰਖਾਤੇ ਉਨ੍ਹਾਂ ਦੇ ਨਾਲ ਹੀ ਹੈ। ਮੈਨੂੰ ਲੱਗਦਾ ਹੈ ਕਿ ਇਹ ਗੱਲ ਸਵਰਗੀ ਰਾਜੇ ਲਈ ਲਾਗੂ ਹੁੰਦੀ ਹੋਵੇਗੀ।

ਇਸ ਦੇ ਨਾਲ ਹੀ ਰਾਜੇ ਕੋਲ ਉਸ ਨੂੰ ਇੱਕ ਖ਼ਤਰਨਾਕ ਮਹੱਤਵ ਦੇ ਕੂਕਾ ਆਗੂ ਵਜੋਂ ਗ੍ਰਿਫ਼ਤਾਰ ਕਰਨ ਲਈ ਚੋਖੇ ਆਧਾਰ ਹਨ ਅਤੇ ਰਾਜੇ ਨੇ ਇਸ

ਸੰਪਰਦਾਇ ਦਾ ਵਿਰੋਧ ਕਦੇ ਵੀ ਪ੍ਰਗਟਾਇਆ ਨਹੀਂ ਹੋਵੇਗਾ ਜਾਂ ਬ੍ਰਿਟਿਸ਼ ਸਰਕਾਰ ਪ੍ਰਤੀ ਆਪਣੀ ਵਫ਼ਾਦਾਰੀ ਵਧੇਰੇ ਜ਼ੋਰਦਾਰ ਢੰਗ ਨਾਲ ਦਰਸਾਈ ਹੋਵੇਗੀ।

ਇਹ ਆਖਣ ਦੀ ਲੋੜ ਨਹੀਂ ਕਿ ਮੰਗਲ ਸਿੰਘ ਜ਼ਰੂਰ ਹੀ ਆਪਣੀ ਪੁਜ਼ੀਸ਼ਨ ਤੇ ਪ੍ਰਭਾਵ ਪੱਖੋਂ ਖ਼ਤਰਨਾਕ ਹੋ ਸਕਦਾ ਹੈ, ਉਸ ਦੀ ਯੋਗਤਾ ਭਾਵੇਂ ਜੋ ਵੀ ਹੋਵੇ (ਉਸ ਨੂੰ ਚਾਲਾਕ ਮੰਨਿਆ ਜਾਂਦਾ ਹੈ), ਭਾਵੇਂ ਉਹ ਮਹਿਜ਼ ਸਿਆਸੀ ਸਾਜ਼ਿਸ਼ ਹੀ ਰਚਦਾ ਰਿਹਾ ਹੋਵੇ ਤੇ ਕੂਕਿਆਂ ਨਾਲ ਅਸਲ 'ਚ ਕੋਈ ਹਮਦਰਦੀ ਨਾ ਵੀ ਹੋਵੇ। ਪਰ ਉਹ ਹੋਰ ਕਾਰਣਾਂ ਕਰਕੇ ਵੀ ਸਪੱਸ਼ਟ ਤੌਰ 'ਤੇ ਖ਼ਤਰਨਾਕ ਹੈ; ਉਹ ਇੱਕ ਅਜਿਹਾ ਲਾਪਰਵਾਹ ਤੇ ਦਲੇਰ ਵਿਅਕਤੀ ਹੈ, ਜੋ ਬੇਸ਼ੱਕ ਇੱਕ ਸੰਭਾਵੀ ਸਿਆਸੀ ਅੰਦੋਲਨ 'ਚ ਕੁੱਦਿਆ ਹੈ ਅਤੇ ਉਸ ਨੇ ਖ਼ੁਦ ਨੂੰ ਖੁੱਲ੍ਹ ਕੇ ਬੇਸ਼ੱਕ ਆਪਣੇ ਉੱਚ ਰੁਤਬੇ* ਕਾਰਣ ਰਾਜ-ਧਰੋਹੀ ਨਹੀਂ ਐਲਾਨਿਆ ਅਤੇ ਉਸ ਨੂੰ ਸ਼ਾਇਦ ਇਹ ਆਸ ਵੀ ਹੋਵੇ ਕਿ ਜੇ ਕੂਕਾ ਅੰਦੋਲਨ ਸਫ਼ਲ ਵੀ ਹੋ ਸਕਦਾ ਹੈ; ਸ਼ਾਇਦ ਉਸ ਨੂੰ ਅਜਿਹਾ ਅਨੁਮਾਨ ਹੋਵੇ ਜਾਂ ਕੱਟੜਪ੍ਰਸਤੀ ਕਾਰਣ ਜਾਂ ਅੰਸ਼ਕ ਤੌਰ 'ਤੇ ਦੋਵੇਂ ਕਾਰਣਾਂ ਕਰਕੇ ਉਹ ਇੰਝ ਸੋਚਦਾ ਹੋਵੇ।

ਮੇਰੇ ਖ਼ਿਆਲ ਮੁਤਾਬਕ ਪਟਿਆਲਾ ਦੇ ਰਾਜੇ ਵੱਲੋਂ ਕੀਤੀ ਗਈ ਗ੍ਰਿਫ਼ਤਾਰੀ ਦੇ ਮੱਦੇਨਜ਼ਰ ਇਸ ਕਿਸਮ ਦੇ ਵਿਅਕਤੀ ਨੂੰ ਰਿਹਾਅ ਕਰਨ ਅਤੇ ਵਾਪਸੀ ਦੀ ਬੇਨਤੀ ਕਰਨ 'ਚ ਕੋਈ ਸਿਆਣਪ ਨਹੀਂ ਹੋ ਸਕਦੀ। ਉਸ ਵੱਲੋਂ ਕੂਕਾ ਸੰਪਰਦਾਇ ਦੇ ਤਿਆਗ ਦਾ ਇਸ ਸੰਪਰਦਾਇ 'ਤੇ ਕੋਈ ਸਿਆਸੀ ਅਸਰ ਨਹੀਂ ਪਵੇਗਾ ਪਰ ਉਸ ਦੀ ਵਾਪਸੀ ਜ਼ਰੂਰ ਪਵੇਗਾ; ਭਾਵੇਂ ਇਸ ਸਿਧਾਂਤਕ-ਤਿਆਗ ਨੂੰ ਆਸਾਨੀ ਨਾਲ ਦਰੁਸਤ ਕੀਤਾ ਜਾ ਸਕਦਾ ਹੈ, ਮੁਆਫ਼ ਕੀਤਾ ਜਾ ਸਕਦਾ ਹੈ ਜਾਂ ਅਜਿਹਾ ਕੀਤੇ ਹੋਣ ਤੋਂ ਇਨਕਾਰ ਵੀ ਕੀਤਾ ਜਾ ਸਕਦਾ ਹੈ ਅਤੇ ਇਸ ਤਿਆਗ ਦਾ ਕੋਈ ਮਹੱਤਵ ਵੀ ਨਹੀਂ ਹੈ ਕਿਉਂਕਿ ਉਹ ਵੱਡੀਆਂ ਸੇਵਾਵਾਂ ਪਹਿਲਾਂ ਹੀ ਇਸ ਸੰਪਰਦਾਇ ਨੂੰ ਦੇ ਚੁੱਕਾ ਹੈ ਜਾਂ ਹੋਰ ਦੇ ਸਕਦਾ ਹੈ।

ਜੇ ਮੰਗਲ ਸਿੰਘ ਨੇ ਕੂਕਿਆਂ ਤੋਂ ਤੋੜ-ਵਿਛੋੜਾ ਕਰਨਾ ਹੀ ਹੈ, ਤਾਂ ਉਹ ਸਪੱਸ਼ਟ ਤੌਰ 'ਤੇ ਚੰਗੇ ਅਸਰ-ਰਸੂਖ਼ ਵਾਲਾ ਦਲੇਰ ਹੰਗਾਮਾਖ਼ੇਜ਼ ਵਿਅਕਤੀ ਹੈ ਅਤੇ ਉਸ ਨੇ ਖ਼ੁਦ ਨੂੰ ਇੱਕ ਬਿਹਤਰੀਨ ਸਾਹਸੀ ਵਿਅਕਤੀ ਵਜੋਂ ਵੇਚਣ ਜਾਂ ਗੜਬੜੀ ਫੈਲਾਉਣ ਵਾਲੀਆਂ ਪਾਰਟੀਆਂ ਦੇ ਇੱਕ ਆਗੂ ਵਜੋਂ ਤਿਆਰ ਕੀਤਾ ਹੈ ਅਤੇ ਉਸ ਦੇ ਕਾਮਯਾਬ ਹੋਣ ਦੀ ਸੰਭਾਵਨਾ ਵੀ ਹੋ ਸਕਦੀ ਹੈ।

ਮੈਨੂੰ ਜਾਪਦਾ ਹੈ ਕਿ ਉਸ ਨੂੰ ਤਦ ਤੱਕ ਰਿਹਾਅ ਨਹੀਂ ਕਰਨਾ ਚਾਹੀਦਾ, ਜਦੋਂ ਤੱਕ ਕਿ ਮਹਾਰਾਜਾ ਪਟਿਆਲਾ ਦੀ ਉਸ ਨੂੰ ਰਿਹਾਅ ਕਰਨ ਦੀ ਇੱਛਾ ਨਹੀਂ ਹੁੰਦੀ ਕਿਉਂਕਿ ਉਹ ਉਸ ਦੇ ਕਿਰਦਾਰ ਤੇ ਸ਼ੈਤਾਨੀ ਸਮਰੱਥਾਵਾਂ ਬਾਰੇ ਵੱਧ ਜਾਣਦੇ ਹਨ ਅਤੇ ਕੈਦ 'ਚੋਂ ਰਿਹਾਈ ਤੋਂ ਬਾਅਦ ਉਹੀ ਉਸ ਲਈ ਜ਼ਿੰਮੇਵਾਰ ਵੀ ਹੋਣਗੇ।

---

* ਗਵਾਹਾਂ ਅਨੁਸਾਰ ਉਸ ਨੂੰ ਹਿੱਸੇ ਵਜੋਂ ਨਾਭਾ-ਪਟਿਆਲਾ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਬਾਕੀ ਦੇ ਚਾਰ ਵਿਅਕਤੀ ਮਾਨ ਸਿੰਘ, ਮਲੂਕ ਸਿੰਘ, ਪਹਾੜਾ ਸਿੰਘ, ਹੁਕਮਾ ਸਿੰਘ ਵੀ ਸਪੱਸ਼ਟ ਤੌਰ 'ਤੇ ਅਹਿਮ ਹਨ ਅਤੇ ਜਿਹੋ ਜਿਹੀ ਉਨ੍ਹਾਂ ਨੇ ਭੂਮਿਕਾ ਨਿਭਾਈ ਹੈ, ਉਹੋ ਜਿਹਾ ਫ਼ੈਸਲਾ ਉਨ੍ਹਾਂ ਬਾਰੇ ਲਿਆ ਗਿਆ ਹੈ, ਇਨ੍ਹਾਂ ਦੀ ਹੋਰਨਾਂ ਦੇ ਮੁਕਾਬਲੇ ਕੁਝ ਘੱਟ ਸਮਰੱਥਾ ਹੈ। ਉਹ ਵਿਵੇਕਹੀਣ ਹਨ ਤੇ ਯੋਗ ਆਗੂ ਨਾਲੋਂ ਦਲੇਰ ਪਿਆਦੇ ਹਨ। ਉਨ੍ਹਾਂ ਦੀਆਂ ਸਾਰੀਆਂ ਗਤੀਵਿਧੀਆਂ, ਭਾਵੇਂ ਲੁਕੀਆਂ-ਛਿਪੀਆਂ ਹੋਣ ਤੇ ਚਾਹੇ ਸਪੱਸ਼ਟ ਹੋਣ, ਸਭ ਦੇ ਸਾਹਮਣੇ ਹਨ।

**ਮਲੂਕ ਸਿੰਘ** ਨੇ ਕਈ ਵਰ੍ਹੇ ਪਹਿਲਾਂ ਕੱਟੜਪੁਣੇ ਨਾਲ ਹੀ ਬਗ਼ਾਵਤ ਅਰੰਭੀ ਸੀ, ਜਿਸ ਦੀ ਮਨਸ਼ਾ ਉਸ ਵੇਲੇ ਦੀ ਸਰਕਾਰ ਨੂੰ ਡੇਗਣਾ ਸੀ, ਭਾਵੇਂ ਉਹ ਬੇਤੁਕਾ ਜਿਹਾ ਉਦੇਸ਼ ਸੀ, ਜਿਸ ਦੀ ਪੂਰਤੀ ਨਹੀਂ ਹੋ ਸਕਣੀ ਸੀ; ਉਸ ਕੋਸ਼ਿਸ਼ ਨਾਲ ਭਾਵੇਂ ਗੰਭੀਰ ਕਿਸਮ ਦਾ ਖ਼ੂਨ-ਖ਼ਰਾਬਾ ਹੋਇਆ ਪਰ ਇਸ ਤੋਂ ਸਥਾਨਕ ਅਧਿਕਾਰੀਆਂ ਦੀ ਮੁਸਤੈਦੀ, ਫ਼ੈਸਲਾ ਤੇ ਜੇਰਾ ਵੀ ਵੇਖਿਆ ਜਾ ਸਕਦਾ ਹੈ।

ਸ੍ਰੀ ਮੈਕਨੈਬ ਦਾ ਕਹਿਣਾ ਹੈ ਕਿ ਮਲੂਕ ਸਿੰਘ ਉਨ੍ਹਾਂ ਦੀ ਗੱਲ ਮੰਨਣ ਲੱਗ ਪਿਆ ਸੀ ਪਰ ਉਹ ਸੂਬਾ ਦੇ ਅਹੁਦੇ 'ਤੇ ਕਾਇਮ ਰਿਹਾ ਸੀ ਤੇ ਕੂਕਾ ਸਿਧਾਂਤਾਂ ਦਾ ਪ੍ਰਚਾਰ ਅਤੇ ਪਾਸਾਰ ਵੀ ਕਰਦਾ ਰਿਹਾ ਸੀ ਅਤੇ ਆਪਣੇ ਰਹਿਨੁਮਾ ਦਾ ਭਰੋਸੇਯੋਗ ਵੀ ਸੀ; ਉਸ ਦੀ ਬਗ਼ਾਵਤ ਦੀ ਕੋਸ਼ਿਸ਼ ਭਾਵੇਂ ਕਾਮਯਾਬ ਨਹੀਂ ਸੀ ਹੋ ਸਕੀ ਪਰ ਉਹ ਆਪਣੀ ਚਾਲੇ ਉਸੇ ਦਿਸ਼ਾ 'ਚ ਅੱਗੇ ਵਧਦਾ ਰਿਹਾ ਸੀ ਪਰ ਉਸ ਤੋਂ ਉਨ੍ਹਾਂ ਨੂੰ ਕੋਈ ਫ਼ਰਕ ਹੀ ਨਹੀਂ ਪਿਆ।

**ਮਾਨ ਸਿੰਘ** ਵੀ ਇਸੇ ਕਿਰਦਾਰ ਵਾਲਾ ਵਿਅਕਤੀ ਹੈ। ਉਹ 1869 ਦੀ ਬਗ਼ਾਵਤ ਨਾਲ ਜੁੜਿਆ ਹੋਇਆ ਸੀ ਤੇ ਉਸ ਵਿਰੁੱਧ ਪਿੱਛੇ ਜਿਹੇ ਰਾਜ-ਧਰੋਹੀ ਸਿੱਖਿਆ ਦੇਣ ਬਾਰੇ ਬਹੁਤ ਠੋਸ ਸਬੂਤ ਮੌਜੂਦ ਹਨ ਅਤੇ ਹਾਲੀਆ ਬਗ਼ਾਵਤ 'ਚ ਉਸ ਦੀ ਸਰਗਰਮ ਭੂਮਿਕਾ ਰਹੀ ਹੈ। ਭਾਵੇਂ ਆਖ਼ਰੀ ਵਾਰ ਸ਼ਾਇਦ ਸਬੂਤ ਇੰਨਾ ਪੁਖ਼ਤਾ ਨਹੀਂ ਹੈ ਤੇ ਉਸ ਵਿੱਚ ਕੁਝ ਵਿਰੋਧਾਭਾਸ ਹੈ ਕਿਉਂਕਿ ਕੁਝ ਨਾਵਾਂ ਨੂੰ ਲੈ ਕੇ ਭੰਬਲ਼ਭੂਸਾ ਹੈ।

**ਪਹਾੜਾ ਸਿੰਘ** ਬਾਰੇ ਜੇ ਕੁਝ ਆਖਣਾ ਹੋਵੇ, ਤਾਂ ਵਧੇਰੇ ਖ਼ਤਰਨਾਕ ਹੈ, ਉਸ ਨੇ ਬੇਸ਼ੱਕ ਅੰਮ੍ਰਿਤਸਰ 'ਚ ਕਸਾਈਆਂ ਦੇ ਕਤਲਾਂ ਦੀ ਯੋਜਨਾ ਉਲੀਕਣ 'ਚ ਸਰਗਰਮ ਭੂਮਿਕਾ ਨਿਭਾਈ ਸੀ, ਭਾਵੇਂ ਇਹ ਸਭ ਉਸ ਨੇ ਬ੍ਰਹਮਾ ਸਿੰਘ ਅਧੀਨ ਰਹਿ ਕੇ ਹੀ ਕੀਤਾ ਸੀ, ਜੋ ਆਪ ਵੀ ਪਿਛੋਕੜ 'ਚ ਹੀ ਰਿਹਾ ਸੀ ਅਤੇ ਜੇ ਗਵਾਹ ਨੂੰ ਭਰੋਸੇਯੋਗ ਮੰਨ ਲਈਏ, ਤਾਂ ਉਹ ਭੈਣੀ 'ਚ ਲੋਹੜੀ ਦੇ ਮੇਲੇ ਮੌਕੇ ਮਲੌਦ 'ਤੇ ਹਮਲਾ ਕਰਨ ਵਾਸਤੇ ਉਕਸਾਉਣ ਵਿੱਚ ਸਰਗਰਮ ਰਿਹਾ ਸੀ।

**ਹੁਕਮਾ ਸਿੰਘ।** ਉਸ ਦੀ ਅਹਿਮੀਅਤ ਨਾ ਸਿਰਫ਼ ਬਾਬਾ ਰਾਮ ਸਿੰਘ ਦੇ ਭਰੋਸੇਯੋਗ ਸਲਾਹਕਾਰ ਤੇ ਨਿਰੰਤਰ ਸਹਾਇਕ ਬਣੇ ਰਹਿਣ ਕਰਕੇ ਹੈ, ਸਗੋਂ ਉਹ ਨੀਮ-ਧਾਰਮਿਕ ਕਿਰਦਾਰ ਅਤੇ ਉਸ ਨੂੰ ਪਵਿੱਤਰ ਮੰਨੇ ਜਾਣ ਸਦਕਾ ਹੈ। ਇਹ ਆਖਣਾ ਅਸੰਭਵ ਹੈ ਕਿ ਇਸ ਸੰਪਰਦਾਇ ਵਿੱਚ ਉਸ ਨੇ ਕੀ ਯੋਗਦਾਨ ਪਾਇਆ ਹੈ ਪਰ ਫਿਰ ਉਸ ਨੂੰ ਸਭ ਜਾਣਕਾਰੀ ਰਹੀ ਹੈ ਜਾਂ ਨਾ ਹੀ ਉਸ ਨੇ ਕਦੇ ਉਨ੍ਹਾਂ ਦਾ

ਵਿਰੋਧ ਕੀਤਾ ਹੈ; ਉਸ ਨੇ ਕਦੇ ਵੀ ਉਨ੍ਹਾਂ ਦਾ ਵਿਰੋਧ ਕਰਨ ਲਈ ਕਦੇ ਬਾਬਾ ਰਾਮ ਸਿੰਘ ਜੀ ਨਾਲ ਆਪਣੀ ਸਪੱਸ਼ਟ ਨੇੜਤਾ ਨੂੰ ਨਹੀਂ ਵਰਤਿਆ।

ਇਨ੍ਹਾਂ ਚਾਰਾਂ ਨੂੰ ਸ਼ਾਇਦ ਰੂੜ ਸਿੰਘ ਦੇ ਵਰਗ 'ਚ ਰੱਖਿਆ ਜਾ ਸਕਦਾ ਹੈ ਅਤੇ ਜਦੋਂ ਤੱਕ ਇਹ ਅੰਦੋਲਨ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਜਾਂਦਾ ਅਤੇ ਉਸ ਦੇ ਪੁਨਰ-ਸੁਰਜੀਤ ਹੋਣ ਦੀ ਕੋਈ ਸੰਭਾਵਨਾ ਹੀ ਨਾ ਹੋਵੇ, ਤਦ ਤੱਕ ਉਨ੍ਹਾਂ ਨੂੰ ਕੈਦ ਵਿੱਚ ਰੱਖਿਆ ਜਾਵੇ।

ਇੱਥੇ ਉਪਰ ਪ੍ਰਗਟ ਕੀਤੇ ਗਏ ਵਿਚਾਰ ਸਖ਼ਤ ਜਾਪ ਸਕਦੇ ਹਨ ਅਤੇ ਵਿਚਾਰ ਅਧੀਨ ਹੱਦ ਤੱਕ 1818 ਦੇ ਕਾਨੂੰਨ III ਦੀ ਵਰਤੋਂ ਲਈ ਇਨ੍ਹਾਂ ਨੂੰ ਸ਼ਾਇਦ ਇੱਕ ਠੋਸ ਕਦਮ ਸਮਝਿਆ ਜਾ ਸਕਦਾ ਹੈ। ਪਰ ਇਹ ਚੇਤੇ ਰੱਖਣਾ ਹੋਵੇਗਾ ਕਿ ਬਿਨਾਂ ਕਿਸੇ ਨੈਤਿਕ ਸ਼ੱਕ ਦੇ ਇਹ ਸਾਰੇ ਹੀ ਕੈਦੀ ਅਜਿਹੇ ਅਪਰਾਧਾਂ 'ਚ ਸ਼ਾਮਲ ਰਹੇ ਹਨ ਕਿ ਉਨ੍ਹਾਂ ਨੂੰ ਉਮਰ ਭਰ ਲਈ ਦੇਸ਼-ਨਿਕਾਲਾ ਦਿੱਤਾ ਜਾ ਸਕਦਾ ਹੈ, ਜੇ ਕਿਤੇ ਉਨ੍ਹਾਂ 'ਤੇ ਲੱਗਾ ਮਹਾਰਾਣੀ ਵਿਰੁੱਧ ਜੰਗ ਵਿੱਢਣ ਦੀ ਸਾਜ਼ਿਸ਼ ਘੜਨ, ਰਾਜ-ਧਰੋਹੀ ਪ੍ਰਚਾਰ ਕਰਨ ਤੇ ਸਿਖਲਾਈ ਦੇਣ, ਕਤਲ ਲਈ ਉਕਸਾਉਣ ਅਤੇ ਕਤਲ ਕਰਨ ਦੇ ਨਾਲ-ਨਾਲ ਬਗ਼ਾਵਤ ਕਰਨ ਦੇ ਦੋਸ਼ ਸਿੱਧ ਹੋ ਜਾਣ। ਇਹ ਸਾਰੇ ਅਜਿਹੇ ਜੁਰਮ ਹਨ, ਜਿਹੜੇ ਹਰੇਕ ਕੈਦੀ 'ਤੇ ਇੱਕ ਜਾਂ ਵੱਧ ਲੱਗੇ ਹੋਏ ਹਨ ਅਤੇ ਉਨ੍ਹਾਂ 'ਤੇ ਬਹੁਤ ਠੋਸ ਆਧਾਰ ਨਾਲ ਇਹ ਦੋਸ਼ ਲਾਏ ਗਏ ਹਨ। ਹੁਣ ਇਹ ਸੰਭਵ ਜਾਪਦਾ ਹੈ ਕਿ ਜੇ ਉਨ੍ਹਾਂ ਦੀ ਸੁਣਵਾਈ ਸਿਆਸੀ ਆਧਾਰ 'ਤੇ ਕਰਨੀ ਹੋਵੇ, ਤਦ ਵੀ ਅਤੇ ਉਂਞ ਵੀ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਦੋਸ਼ੀ ਠਹਿਰਾਉਣਾ (ਉਦਾਹਰਣ ਵਜੋਂ ਬ੍ਰਹਮਾ ਸਿੰਘ ਨੂੰ) ਬਹੁਤ ਆਸਾਨ ਹੋ ਸਕਦਾ ਹੈ। ਇੰਞ ਕਾਨੂੰਨ ਅਧੀਨ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਕਰਨ 'ਚ ਕੋਈ ਵਿਵਹਾਰਕ ਨਾ-ਇਨਸਾਫ਼ੀ ਨਹੀਂ ਜਾਪਦੀ ਕਿਉਂਕਿ ਨੀਤੀਗਤ ਕਾਰਣਾਂ ਕਰਕੇ ਉਨ੍ਹਾਂ ਦੀ ਆਜ਼ਾਦੀ 'ਤੇ ਜੋ ਪਾਬੰਦੀਆਂ ਲਾਈਆਂ ਗਈਆਂ ਹਨ, ਉਸ ਦੇ ਉਹ ਹੱਕਦਾਰ ਹਨ ਕਿਉਂਕਿ ਉਨ੍ਹਾਂ ਨੇ ਅਪਰਾਧਕ ਕਾਨੂੰਨ ਦੀਆਂ ਉਲੰਘਣਾਵਾਂ ਕੀਤੀਆਂ ਹਨ। ਇਹ ਡਾਢਾ ਜ਼ਰੂਰੀ ਜਾਪਦਾ ਹੈ ਕਿ ਸਰਗਰਮ ਆਗੂਆਂ ਦਾ ਨਿਖੇੜ ਕਰ ਲਿਆ ਜਾਵੇ, ਜਿਹੜੇ ਕਿਸੇ ਵੀ ਹਾਲਤ 'ਚ ਖ਼ਤਰਨਾਕ ਸਿੱਧ ਹੋਣਗੇ, ਜਦੋਂ ਤੱਕ ਕਿ ਪੰਜਾਬ 'ਚ ਅਗਿਆਨਤਾ ਤੇ ਕੱਟੜਪ੍ਰਸਤੀ ਜਿਹੇ ਭੜਕਾਊ ਕਾਰਣ ਮੌਜੂਦ ਹਨ ਅਤੇ ਉਨ੍ਹਾਂ ਨੂੰ ਵੱਖਰੇ ਕੀਤਾ ਜਾਵੇ, ਜਿਹੜੇ ਸਿਰਫ਼ ਮੌਜੂਦਾ ਅੰਦੋਲਨ ਕਾਰਣ ਖ਼ਤਰਨਾਕ ਹਨ।

ਇੱਥੇ ਦੋ ਹੋਰ ਨੁਕਤੇ ਹਨ, ਜਿਨ੍ਹਾਂ ਦਾ ਨੋਟਿਸ ਲੈਣਾ ਬਣਦਾ ਹੈ - ਪਹਿਲਾ, ਕੂਕਾ ਅੰਦੋਲਨ ਦੀ ਪ੍ਰਕਿਰਤੀ ਤੇ ਮਹੱਤਵ ਅਤੇ ਖ਼ੁਦ (ਗੁਰੂ) ਰਾਮ ਸਿੰਘ ਜੀ ਦੇ ਕਾਰ ਵਿਹਾਰ ਅਤੇ ਚਰਿੱਤਰ ਬਾਰੇ ਮੌਜੂਦਾ ਸਬੂਤ ਜੋ ਕੁਝ ਵੀ ਦਰਸਾ ਰਹੇ ਹਨ; ਦੂਜਾ, ਕੈਦ 'ਚ ਰਹਿਣ ਦੌਰਾਨ ਕੈਦੀਆਂ ਦੀ ਸੁਰੱਖਿਆ ਲਈ ਚੁੱਕੇ ਜਾਣ ਵਾਲੇ ਅਸਲ ਕਦਮ ਕੀ ਹੋਣੇ ਚਾਹੀਦੇ ਹਨ।

ਜੇ ਅਸੀਂ ਇਹ ਮੰਨ ਵੀ ਲਈਏ, ਜੋ ਸ਼ਾਇਦ ਹੋ ਵੀ ਸਕਦਾ ਹੈ ਕਿ ਪਹਿਲਾਂ ਬਾਬਾ ਬਾਲਕ ਸਿੰਘ ਜੀ ਅਤੇ ਫਿਰ (ਗੁਰੂ) ਰਾਮ ਸਿੰਘ ਜੀ ਦੀ ਅਗਵਾਈ ਹੇਠ ਕੂਕਾ

ਸੰਪਰਦਾਇ ਪੂਰੀ ਤਰ੍ਹਾਂ ਧਾਰਮਿਕ ਹੈ; ਫਿਰ ਵੀ ਇਹ ਸਪੱਸ਼ਟ ਹੈ ਕਿ ਇਸ ਨੇ ਲੰਮੇ ਸਮੇਂ ਤੋਂ ਸਿਆਸੀ ਕਿਰਦਾਰ ਅਖ਼ਤਿਆਰ ਕੀਤਾ ਹੋਇਆ ਹੈ। ਇਹ ਪੱਕਾ ਪਤਾ ਨਹੀਂ ਕਿ ਇਹ ਤਬਦੀਲੀ ਕਦੋਂ ਆਈ, ਸ਼ਾਇਦ ਹੌਲੀ-ਹੌਲੀ, ਸ਼ਾਇਦ ਅਜਿਹੇ ਕੁਝ ਸ਼ਰਧਾਲੂਆਂ ਨੇ ਹੀ ਬਾਬਾ ਰਾਮ ਸਿੰਘ ਜੀ 'ਤੇ ਦਬਾਅ ਪਾਇਆ ਹੋਵੇ, ਜਿਹੜੇ ਸਿੱਖ ਧਰਮ ਦੀ ਸ਼ੁੱਧਤਾ ਨੂੰ ਪੁਨਰ-ਸੁਰਜੀਤ ਕਰਨ ਲਈ ਉਤਸ਼ਾਹੀ ਹੋਣ ਅਤੇ ਜੋ ਸਿਆਸੀ ਸਰਬਉੱਚਤਾ ਹਾਸਲ ਕਰਨ ਲਈ ਕਾਹਲ਼ੇ ਪਏ ਹੋਣ।

ਮੈਂ ਇਹ ਸੋਚਣ ਲਈ ਮਜਬੂਰ ਹਾਂ ਕਿ (ਗੁਰੂ) ਰਾਮ ਸਿੰਘ ਜੀ, ਜੋ ਨਿਜੀ ਤੌਰ 'ਤੇ ਬਹੁਤ ਸਾਵਧਾਨੀ ਨਾਲ ਅੱਗੇ ਵਧਣ ਵਾਲੀ ਸ਼ਖ਼ਸੀਅਤ ਹਨ, ਨੇ ਤਦ ਤੱਕ ਕਦੇ ਅਜਿਹੇ ਕਿਸੇ ਸ਼ੱਕ ਦਾ ਅਹਿਸਾਸ ਨਹੀਂ ਹੋਣ ਦਿੱਤਾ, ਜਦੋਂ ਤੱਕ ਕਿ ਉਨ੍ਹਾਂ ਦੇ ਕੁਝ ਖ਼ਾਸ ਮੁੱਖ ਸ਼ਰਧਾਲੂਆਂ ਨੇ ਆਪਣੇ ਗ਼ੈਰ-ਵਾਜਬ ਵਿਵਹਾਰ ਰਾਹੀਂ ਅਸਥਾਈ ਤੌਰ 'ਤੇ ਬਦਨਾਮੀ ਨਹੀਂ ਖੱਟ ਲਈ। ਇਹੋ ਲੱਗਦਾ ਹੈ ਕਿ ਅਜਿਹੇ ਕਿਸੇ ਸਮੇਂ ਹੀ ਉਨ੍ਹਾਂ ਆਪਣੇ ਸ਼ਰਧਾਲੂਆਂ 'ਚ ਇੱਕ ਵਿਵਹਾਰਕ ਨੈਤਿਕ ਅਨੁਸ਼ਾਸਨ ਲਾਗੂ ਕੀਤਾ ਸੀ ਅਤੇ ਉਸ ਤੋਂ ਬਾਅਦ ਹੀ ਉਨ੍ਹਾਂ ਦਾ ਧਿਆਨ ਲੋਕਾਂ 'ਚ ਸੁਧਾਰ ਲਿਆਉਣ ਦੀ ਥਾਂ ਉਨ੍ਹਾਂ ਦੀ ਗਿਣਤੀ ਵਧਾਉਣ ਵੱਲ ਰੁਚਿਤ ਹੋ ਗਿਆ। ਫਿਰ ਉਨ੍ਹਾਂ ਦੇ ਸ਼ਰਧਾਲੂਆਂ 'ਤੇ ਜਿਵੇਂ ਹੀ ਸਿਆਸਤ ਭਾਰੂ ਪੈਣ ਲੱਗੀ, ਤਾਂ ਉਹ ਦੇਰੀ ਕਾਰਣ ਬੇਚੈਨ ਹੋਣ ਲੱਗ ਪਏ; ਅਤੇ ਬਾਬਾ ਜੀ ਦੀਆਂ ਦੈਵੀ ਸ਼ਕਤੀਆਂ 'ਚ ਯਕੀਨ ਕਰਨ ਲੱਗ ਪਏ ਅਤੇ ਉਨ੍ਹਾਂ 'ਚ ਆਪਣੇ ਨਿਜੀ ਮੰਤਵਾਂ ਦੀ ਪੂਰਤੀ ਦੀ ਉਤਸੁਕਤਾ ਜਾਗ ਪਈ ਅਤੇ ਉਨ੍ਹਾਂ ਨੂੰ ਇਹ ਸਮਝ ਨਾ ਪਿਆ ਕਿ ਉਹ 'ਆਪਣਾ ਰਾਜ ਹਾਸਲ ਕਰਨ' ਵਿੱਚ ਦੇਰੀ ਕਿਉਂ ਕਰ ਰਹੇ ਹਨ। ਉੱਧਰ (ਗੁਰੂ) ਰਾਮ ਸਿੰਘ ਜੀ ਨੇ ਆਪਣੇ ਅੰਦੋਲਨ ਦੀ ਕਮਜ਼ੋਰੀ ਨੂੰ ਸਪੱਸ਼ਟ ਤੌਰ 'ਤੇ ਵੇਖ ਲਿਆ ਸੀ ਅਤੇ ਉਨ੍ਹਾਂ ਕੋਲ ਸਥਾਨਕ ਮੁਖੀਆਂ ਦੀ ਮਦਦ ਹਾਸਲ ਕਰਨ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਸੀ ਬਚਿਆ ਅਤੇ ਉਨ੍ਹਾਂ ਨੇ ਫ਼ੌਜ ਤੇ ਪੁਲਿਸ ਵਿੱਚ ਆਪਣੇ ਸ਼ਰਧਾਲੂਆਂ ਨੂੰ ਭਰਤੀ ਕਰਵਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦੋਵੇਂ ਉਦੇਸ਼ਾਂ ਦੀ ਪੂਰਤੀ ਲਈ ਹੀ ਉਹ ਕੋਸ਼ਿਸ਼ਾਂ ਕਰਦੇ ਜਾਪਦੇ ਹਨ ਅਤੇ ਦੋਵਾਂ 'ਚ ਹੀ ਉਹ ਨਾਕਾਮ ਵੀ ਹੋ ਗਏ ਹਨ।

ਮੈਨੂੰ ਨਹੀਂ ਜਾਪਦਾ ਕਿ ਉਨ੍ਹਾਂ ਨੇ ਕਦੇ ਚਾਹਿਆ ਹੋਵੇਗਾ ਕਿ ਉਹ ਆਪਣੇ ਹੀ ਕਿਸੇ ਵਾਰ ਨਾਲ ਢਹਿ-ਢੇਰੀ ਹੋ ਜਾਣ, ਇਸੇ ਲਈ ਉਨ੍ਹਾਂ ਨੇ ਅਜਿਹਾ ਕੋਈ ਕਦਮ ਤਦ ਹੀ ਚੁੱਕਣਾ ਸੀ, ਜਦੋਂ ਉਨ੍ਹਾਂ ਦੀ ਕਾਮਯਾਬੀ ਦੀ ਚੰਗੀ ਸੰਭਾਵਨਾ ਸਾਹਮਣੇ ਵਿਖਾਈ ਦਿੰਦੀ ਪਰ ਉਨ੍ਹਾਂ ਸ਼ਾਇਦ ਇੱਕ ਤਜਰਬੇ ਵਜੋਂ ਬਗ਼ਾਵਤ ਹੋਣ ਦਿੱਤੀ ਕਿ ਜੇ ਕਿਤੇ ਇਹ ਕੋਸ਼ਿਸ਼ ਸਫ਼ਲ ਹੋ ਗਈ, ਤਾਂ ਉਸ ਦਾ ਲਾਹਾ ਲਿਆ ਜਾ ਸਕੇਗਾ ਅਤੇ ਜੇ ਇਹ ਜਤਨ ਨਾਕਾਮ ਰਿਹਾ, ਤਾਂ ਕੁਝ ਵਧੇਰੇ ਹੀ ਬੇਚੈਨ ਹੋਏ ਸ਼ਰਧਾਲੂਆਂ ਨੂੰ ਕੰਟਰੋਲ ਕੀਤਾ ਜਾ ਸਕੇਗਾ।

ਫਿਰ ਵੀ, ਇਸ 'ਚ ਕੋਈ ਸ਼ੱਕ ਨਹੀਂ ਕਿ ਮੈਨੂੰ ਜੋ ਇਨ੍ਹਾਂ ਦਸਤਾਵੇਜ਼ਾਂ ਤੋਂ ਜਾਪਦਾ ਹੈ ਕਿ ਉਨ੍ਹਾਂ ਦਾ ਹੀ ਨਹੀਂ, ਸਗੋਂ ਸਮੁੱਚੇ ਸੰਪਰਦਾਇ ਦਾ ਹੀ ਅੰਤਿਮ ਨਿਸ਼ਾਨਾ ਸਾਰੀਆਂ ਮੌਜੂਦਾ ਸਰਕਾਰਾਂ ਤੇ ਸਥਾਪਨਾਵਾਂ ਨੂੰ ਢਹਿ-ਢੇਰੀ ਕਰਨਾ ਸੀ,

ਤਾਂ ਜੋ ਉਨ੍ਹਾਂ ਦੀ ਆਪਣੀ ਸਿਆਸੀ ਤੇ ਧਾਰਮਿਕ ਸਰਬਉੱਚਤਾ ਕਾਇਮ ਹੋ ਸਕੇ ਅਤੇ ਇਸੇ ਲਈ ਸਮੁੱਚੇ ਸੰਗਠਨ ਦੇ ਆਗੂਆਂ ਦੀ ਭਾਸ਼ਾ ਤੇ ਉਨ੍ਹਾਂ ਦਾ ਆਚਾਰ-ਵਿਹਾਰ ਵੱਧ ਤੋਂ ਵੱਧ ਰਾਜ-ਧਰੋਹੀ ਰੱਖਿਆ ਗਿਆ। (ਗੁਰੂ) ਰਾਮ ਸਿੰਘ ਜੀ ਸ਼ਾਇਦ ਕੁਝ ਹੱਦ ਤੱਕ ਜਾਣ-ਬੁੱਝ ਕੇ ਵੀ ਛਲ-ਕਪਟ ਨਾਲ ਭਰਪੂਰ ਰਹੇ ਹਨ (ਜਿਵੇਂ ਕਿ ਮੈਂ ਵੇਖ ਕੇ ਹੈਰਾਨ ਹਾਂ), ਇਹ ਦਸਤਾਵੇਜ਼ ਦਰਸਾਉਂਦੇ ਹਨ ਕਿ ਉਨ੍ਹਾਂ ਦਾ ਆਪਣਾ ਖ਼ੁਦ ਦਾ ਨੈਤਿਕ ਕਿਰਦਾਰ ਕਦੇ ਵੀ ਵਧੀਆ ਨਹੀਂ ਰਿਹਾ ਅਤੇ ਉਨ੍ਹਾਂ ਦੀ ਚਾਲਾਕੀ ਤੇ ਸਾਵਧਾਨੀ ਨੇ ਕਦੇ ਬਹੁਤਾ ਕੱਟੜਪ੍ਰਸਤੀ ਨਾਲ ਵੀ ਮੇਲ ਨਹੀਂ ਖਾਧਾ। ਫਿਰ ਵੀ ਉਨ੍ਹਾਂ ਨੇ ਆਪਣੀ ਮਿਸ਼ਨ ਨੂੰ ਇੱਕ ਸੁਹਿਰਦ ਧਾਰਮਿਕ ਸੁਧਾਰਕ ਵਜੋਂ ਰੱਖਣ ਦੀ ਕੋਸ਼ਿਸ਼ ਕੀਤੀ।

ਮੈਂ ਵੇਖਿਆ ਹੈ ਕਿ ਇਸ ਚਿੱਠੀ-ਪੱਤਰੀ ਵਿੱਚ ਕਈ ਜਣੇ ਰਾਜ-ਧਰੋਹੀ ਸਿੱਖਿਆ ਦੇਣ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਰਹੇ ਹਨ ਅਤੇ ਪੰਜਾਬ ਸਰਕਾਰ ਨੇ ਬ੍ਰਹਮਾ ਸਿੰਘ ਦੇ ਡਿਪਟੀ ਤੇ ਸਿਆਲਕੋਟ ਜ਼ਿਲ੍ਹੇ 'ਚ ਢੈਪਈ ਦੇ ਜੋਤਾ ਸਿੰਘ ਵਰਗਿਆਂ ਨੂੰ ਕਦੇ ਵੀ ਗ੍ਰਿਫ਼ਤਾਰ ਕਰਨ ਦੀ ਜ਼ਰੂਰਤ ਹੀ ਨਹੀਂ ਸਮਝੀ, ਜਿਹੜੇ ਹੁਣ ਕਿੰਨੇ ਅਗਾਂਹ ਜਾ ਚੁੱਕੇ ਹਨ। ਮੈਨੂੰ ਯਕੀਨ ਹੈ ਕਿ ਉਹ ਜ਼ਰੂਰ ਪੰਜਾਬ ਸਰਕਾਰ ਦੀ ਨਿਗਰਾਨੀ ਅਧੀਨ ਹੋਣਗੇ।

ਉਨ੍ਹਾਂ ਨੂੰ ਕੈਦ 'ਚ ਕਿੱਥੇ ਰੱਖਣਾ ਹੈ, ਉਹ ਜ਼ਰੂਰੀ ਹੈ ਪਰ ਇਹ ਸਪੱਸ਼ਟ ਹੈ ਕਿ ਇਸ ਮੰਤਵ ਲਈ ਅਲਾਹਾਬਾਦ ਕਈ ਕਾਰਣਾਂ ਕਰਕੇ ਠੀਕ ਨਹੀਂ ਹੈ। ਇਸ ਤੋਂ ਇਲਾਵਾ ਜੋ ਮੈਨੂੰ ਜਾਪਦਾ ਹੈ ਅਤੇ ਜੇ ਸੰਭਵ ਹੋਵੇ, ਤਾਂ ਇਨ੍ਹਾਂ ਛੇ ਪ੍ਰਮੁੱਖ ਆਗੂਆਂ - ਲੱਖਾ ਸਿੰਘ, ਸਾਹਿਬ ਸਿੰਘ, ਜਵਾਹਰ ਸਿੰਘ, ਬ੍ਰਹਮਾ ਸਿੰਘ, ਕਾਹਨ ਸਿੰਘ ਅਤੇ ਮੰਗਲ ਸਿੰਘ ਨੂੰ ਬਾਬਾ ਰਾਮ ਸਿੰਘ ਜੀ ਵਾਂਗ ਹੀ ਭਾਰਤੀ ਪ੍ਰਾਇਦੀਪ ਤੋਂ ਕਿਤੇ ਬਾਹਰ ਭੇਜ ਦੇਣਾ ਚਾਹੀਦਾ ਹੈ, ਜਿੱਥੇ ਪੰਜਾਬ ਤੋਂ ਉਨ੍ਹਾਂ ਦੇ ਸ਼ਰਧਾਲੂ ਨਾ ਤਾਂ ਕਦੇ ਕੋਈ ਚਿੱਠੀ-ਪੱਤਰੀ ਭੇਜ ਸਕਣ ਤੇ ਨਾ ਕਿਸੇ ਹੋਰ ਤਰੀਕੇ ਪਹੁੰਚ ਕਰ ਸਕਣ।

ਇਸ ਵੇਲੇ ਅੰਡੇਮਾਨ ਵੀ ਪੂਰੀ ਤਰ੍ਹਾਂ ਸੁਰੱਖਿਅਤ ਤੇ ਅਲੱਗ-ਥਲੱਗ ਪਨਾਹ ਨਹੀਂ ਜਾਪਦਾ ਪਰ ਉਨ੍ਹਾਂ 'ਚੋਂ ਤਿੰਨ ਜਣਿਆਂ ਨੂੰ ਮੌਲਮੀਨ ਅਤੇ ਤਿੰਨ ਨੂੰ ਅਕਯਾਬ ਭੇਜਿਆ ਜਾ ਸਕਦਾ ਹੈ। ਮੈਨੂੰ ਯਕੀਨ ਹੈ ਕਿ ਉੱਥੇ ਇੱਕ ਫ਼ੌਜੀ ਡੀਟੈਚਮੈਂਟ ਮੌਜੂਦ ਹੈ, ਜਿੱਥੇ ਲੋੜ ਪੈਣ 'ਤੇ ਉਹ ਲੋੜੀਂਦੀ ਰਾਖੀ ਵੀ ਮੁਹੱਈਆ ਕਰਵਾ ਸਕਦੇ ਹਨ।

ਬਾਕੀ ਦੇ ਪੰਜ ਜਣਿਆਂ ਲਈ ਅਸੀਰਗੜ੍ਹ ਜਾਂ ਚੁਨਾਰ ਠੀਕ ਰਹਿਣਗੇ ਜਾਂ ਉਨ੍ਹਾਂ ਨੂੰ ਵੀ ਇਨ੍ਹਾਂ ਦੋ ਸਥਾਨਾਂ 'ਚ ਵੰਡਿਆ ਜਾ ਸਕਦਾ ਹੈ। ਬੌਂਬੇ ਸਰਕਾਰ ਨੇ ਅਸੀਰਗੜ੍ਹ 'ਚ ਸਿਆਸੀ ਕੈਦੀਆਂ ਦੇ ਇੰਚਾਰਜ ਯੂਰੋਪੀਅਨ ਅਧਿਕਾਰੀਆਂ ਨੂੰ ਰੱਖਣ ਲਈ ਰਸਮੀ ਤੌਰ 'ਤੇ ਭੱਤੇ ਦੀ ਮੰਗ ਕੀਤੀ ਸੀ। ਪਰ ਹੁਣ ਉੱਥੇ ਫ਼ੌਜੀ ਸਟਾਫ਼ ਅਫ਼ਸਰ ਮੌਜੂਦ ਹਨ, ਜੋ ਸਿਵਲ ਡਿਊਟੀਆਂ ਵੀ ਦਿੰਦੇ ਹਨ ਅਤੇ ਉਨ੍ਹਾਂ ਨੂੰ ਇੰਚਾਰਜ ਲਾਇਆ ਜਾ ਸਕਦਾ ਹੈ, ਜੇ 50 ਰੁਪਏ ਦਾ ਭੱਤਾ ਦਿੱਤਾ ਜਾ ਸਕੇ, ਜੋ ਇਸ ਮਕਸਦ ਲਈ ਕਾਫ਼ੀ ਰਹੇਗਾ।

17 ਜੁਲਾਈ, 1872 (ਹਸਤਾਖਰ) ਈ.ਸੀ. ਬੇਲੀ

ਵੱਲ, ਮਹਾਮਹਿਮ ਗਵਰਨਰ ਜਨਰਲ ਅਤੇ ਸਰਕੂਲੇਟ।

ਸ੍ਰੀ ਹੌਬਹਾਊਸ - ਮੈਨੂੰ ਖ਼ੁਸ਼ੀ ਹੋਵੇਗੀ, ਜੇ ਤੁਸੀਂ ਕੈਦੀਆਂ ਵਿਰੁੱਧ ਗਵਾਹਾਂ ਦੀਆਂ ਗਵਾਹੀਆਂ 'ਤੇ ਨਜ਼ਰ ਮਾਰੋ ਤੇ ਮੈਨੂੰ ਆਪਣੇ ਵਿਚਾਰਾਂ ਤੋਂ ਜਾਣੂ ਕਰਵਾਓ ਕਿ ਕੀ ਉਨ੍ਹਾਂ ਨੂੰ 1870 ਦੇ ਕਾਨੂੰਨ ਅਧੀਨ ਦੋਸ਼ੀ ਠਹਿਰਾਉਣ ਜੋਗੇ ਸਬੂਤ ਮੌਜੂਦ ਹਨ ਜਾਂ ਨਹੀਂ।

19 ਜੁਲਾਈ, 1872 ਹਸਤਾਖਰ ਐੱਨ-

## 227

### ਕੂਕਾ ਕੈਦੀਆਂ ਦਾ ਕੇਸ

1. ਮੈਨੂੰ ਲੱਗਦਾ ਹੈ ਕਿ ਕੈਦੀਆਂ ਖ਼ਿਲਾਫ਼ ਦੰਡ ਸੰਘਤਾ ਦੀਆਂ ਕਈ ਧਾਰਾਵਾਂ ਅਧੀਨ ਦੋਸ਼ ਆਇਦ ਹੋ ਸਕਦੇ ਹਨ। ਉਨ੍ਹਾਂ ਵੱਲੋਂ ਨਿਮਨਲਿਖਤ ਅਪਰਾਧ ਸਿੱਧ ਕੀਤੇ ਜਾ ਸਕਦੇ ਹਨ:

(ੳ) ਮਹਾਰਾਣੀ ਵਿਰੁੱਧ ਜੰਗ ਵਿੱਢਣਾ, ਅਜਿਹੀ ਜੰਗ ਵਿੱਢਣ ਦੀ ਕੋਸ਼ਿਸ਼ ਕਰਨਾ ਜਾਂ ਅਜਿਹੀ ਜੰਗ ਲਈ ਲੋਕਾਂ ਨੂੰ ਉਕਸਾਉਣਾ। ਇਸ ਲਈ ਮੌਤ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ। 1860 ਦੇ ਕਾਨੂੰਨ XLV ਦਾ ਸੈਕਸ਼ਨ 121.

(ਅ) ਪੂਰਬਲੇ ਅਪਰਾਧਾਂ 'ਚੋਂ ਕਿਸੇ ਵੀ ਇੱਕ ਨੂੰ ਕਰਨ ਦੀ ਸਾਜ਼ਿਸ਼ ਰਚਣਾ ਜਾਂ ਮਹਾਰਾਣੀ ਨੂੰ ਪ੍ਰਭੂਸੱਤਾ ਲਾਗੂ ਕਰਨ ਤੋਂ ਰੋਕਣਾ ਜਾਂ ਤਾਕਤ ਨਾਲ ਸਰਕਾਰ 'ਤੇ ਰੋਹਬ ਜਮਾਉਣਾ। ਇਸ ਲਈ ਉਮਰ ਭਰ ਦੇਸ਼-ਨਿਕਾਲ਼ੇ ਦੀ ਸਜ਼ਾ ਦਿੱਤੀ ਜਾ ਸਕਦੀ ਹੈ। 1869 ਦੇ ਕਾਨੂੰਨ XXVII ਦਾ ਸੈਕਸ਼ਨ 121 ਏ।

(ੲ) ਜੰਗ ਵਿੱਢਣ ਦੀ ਤਿਆਰੀ ਕਰਨਾ। ਇਸ ਲਈ ਉਮਰ ਭਰ ਦੇਸ਼-ਨਿਕਾਲ਼ੇ ਦੀ ਸਜ਼ਾ ਦਿੱਤੀ ਜਾ ਸਕਦੀ ਹੈ। 1861 ਦੇ ਕਾਨੂੰਨ XLV ਦਾ ਸੈਕਸ਼ਨ 122.

(ਸ) ਇੱਕ ਮਿੱਤਰ ਏਸ਼ੀਆਈ ਤਾਕਤ ਵਿਰੁੱਧ ਜੰਗ ਵਿੱਢਣਾ, ਅਜਿਹੀ ਕਿਸੇ ਜੰਗ ਵਿੱਢਣ ਦੀ ਕੋਸ਼ਿਸ਼ ਕਰਨਾ ਜਾਂ ਜੰਗ ਲਈ ਉਕਸਾਉਣਾ। ਇਸ ਲਈ ਉਮਰ ਭਰ ਲਈ ਦੇਸ਼-ਨਿਕਾਲ਼ੇ ਦੀ ਸਜ਼ਾ ਦਿੱਤੀ ਜਾ ਸਕਦੀ ਹੈ। 1861 ਦੇ ਕਾਨੂੰਨ XLV ਦਾ ਸੈਕਸ਼ਨ 125.

(ਹ) ਅਜਿਹੀ ਕਿਸੇ ਤਾਕਤ ਦੇ ਅਧਿਕਾਰ-ਖੇਤਰ 'ਚ ਲੁੱਟਮਾਰ ਕਰਨਾ ਜਾਂ ਅਜਿਹੀ ਕੋਈ ਤਿਆਰੀ ਕਰਨਾ। ਇਸ ਲਈ 7 ਸਾਲ ਕੈਦ ਤੇ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ। 1860 ਦੇ ਕਾਨੂੰਨ XLV ਦਾ ਸੈਕਸ਼ਨ 126.

(ਕ) ਬੋਲ ਕੇ ਸਰਕਾਰ ਵਿਰੁੱਧ ਅਸੰਤੋਖ ਭੜਕਾਉਣਾ। ਇਸ ਲਈ ਉਮਰ ਭਰ ਦੇਸ਼-ਨਿਕਾਲ਼ੇ ਦੀ ਸਜ਼ਾ ਦਿੱਤੀ ਜਾ ਕਸਦੀ ਹੈ। 1860 ਦੇ ਕਾਨੂੰਨ XXVII ਦਾ ਸੈਕਸ਼ਨ 124ਏ.

(ਖ) ਅਜਿਹੇ ਕੋਈ ਅਪਰਾਧਾਂ ਲਈ ਉਕਸਾਉਣਾ। 1860 ਦੇ ਕਾਨੂੰਨ XLV ਦੇ ਸੈਕਸ਼ਨ 107, 108.

2. ਇਨ੍ਹਾਂ 'ਚੋਂ ਕਿਸੇ ਵੀ ਇੱਕ ਅਪਰਾਧ ਨੂੰ ਅੰਜਾਮ ਦਿੱਤੇ ਹੋਣ ਲਈ ਜਦੋਂ ਦੋਸ਼ ਆਇਦ ਕੀਤੇ ਜਾਂਦੇ ਹਨ, ਤਾਂ ਹੋਰ ਕਿਸੇ ਅਪਰਾਧ ਲਈ ਸਿੱਧੇ ਤੌਰ 'ਤੇ ਸਬੂਤ ਮਿਲਦੇ ਚਲੇ ਜਾਂਦੇ ਹਨ ਅਤੇ ਇਹ ਪ੍ਰਮੁੱਖ ਗਤੀਵਿਧੀਆਂ ਦਾ ਕਿਰਦਾਰ ਦਰਸਾਉਣ ਲਈ ਇਹ ਚੋਖੇ ਸਬੂਤ ਹੋਣਗੇ। ਉਦਾਹਰਣ ਵਜੋਂ ਜੇ ਇਨ੍ਹਾਂ ਕੈਦੀਆਂ ਵਿਰੁੱਧ (ਕ) ਸਿਰਲੇਖ ਅਧੀਨ ਦੋਸ਼ ਆਇਦ ਕੀਤੇ ਜਾਂਦੇ ਹਨ, ਤਾਂ ਉਨ੍ਹਾਂ ਦੇ ਭਾਸ਼ਣ ਹੀ ਸਿੱਧੇ ਸਬੂਤ ਹੋਣਗੇ; ਸਗੋਂ ਇਸ ਦੇ ਨਾਲ ਹੀ ਭੈਣੀ ਵਿਖੇ ਉਨ੍ਹਾਂ ਦੀ ਮੌਜੂਦਗੀ ਅਤੇ ਉਨ੍ਹਾਂ ਦਾ ਆਚਾਰ-ਵਿਹਾਰ ਉਨ੍ਹਾਂ ਦੇ ਭਾਸ਼ਣਾਂ ਲਈ ਨੁਕਤਾ ਤੇ ਮਹੱਤਵ ਦੇਵੇਗਾ। ਅਤੇ ਜੇ ਪਹਿਲੇ ਪੰਜ ਸਿਰਲੇਖਾਂ 'ਚੋਂ ਕਿਸੇ ਇੱਕ ਦੇ ਆਧਾਰ 'ਤੇ ਦੋਸ਼ ਆਇਦ ਕੀਤੇ ਜਾਂਦੇ ਹਨ, ਤਾਂ ਭੈਣੀ 'ਚ ਉਨ੍ਹਾਂ ਦੀਆਂ ਗਤੀਵਿਧੀਆਂ ਹੀ ਸਿੱਧਾ ਸਬੂਤ ਹੋਣਗੀਆਂ, ਸਗੋਂ ਉਨ੍ਹਾਂ ਦੇ ਪਿਛਲੇ ਭਾਸ਼ਣਾਂ ਦਾ ਵੀ ....ਉਨ੍ਹਾਂ ਕਾਰਵਾਈਆਂ ਨੂੰ ਦਰਸਾਉਣ ਲਈ ਵਾਜਬ ਹਵਾਲਾ ਦਿੱਤਾ ਜਾ ਸਕੇਗਾ। ਮੈਨੂੰ ਅਪਰਾਧਕ ਮਾਮਲਿਆਂ 'ਚ ਕਾਨੂੰਨੀ ਕਾਰਵਾਈ ਕਰਨ ਬਾਰੇ ਕੋਈ ਬਹੁਤੀ ਜਾਣਕਾਰੀ ਤਾਂ ਨਹੀਂ ਹੈ ਪਰ ਮੈਨੂੰ ਲੱਗਦਾ ਹੈ ਕਿ ਸਰਕਾਰੀ ਵਕੀਲ ਆਪਣੇ ਮੁਕੱਦਮੇ ਲਈ ਉਹੀ ਦੋਸ਼ ਚੁਣੇਗਾ, ਜਿਸ ਵਿਰੁੱਧ ਸਿੱਧੇ ਤੌਰ 'ਤੇ ਬਹੁਤ ਠੋਸ ਸਬੂਤ ਮੌਜੂਦ ਹੋਣਗੇ ਅਤੇ ਬਾਕੀ ਦੇ ਸਬੂਤਾਂ ਨੂੰ ਵਿਆਖਿਆ ਲਈ ਵਰਤੇਗਾ।

3. ਇਹ ਵਿਚਾਰ ਪੇਸ਼ ਕਰਦਿਆਂ, ਮੈਂ ਸ੍ਰੀ ਗ੍ਰਿਫ਼ਿਨ ਦੇ ਪਿਛਲੇ ਮਹੀਨੇ ਦੀ 24 ਤਰੀਕ ਦੇ ਪੱਤਰ ਨਾਲ ਨੱਥੀ ਅੰਤਿਕਾਵਾਂ 'ਚ ਦਿੱਤੀਆਂ ਸਾਰੀਆਂ ਗਵਾਹੀਆਂ ਨੂੰ ਪੜ੍ਹ ਲਿਆ ਹੈ। ਉਹ ਮੌਜੂਦਾ ਉਦੇਸ਼ ਲਈ ਨਹੀਂ ਲਈਆਂ ਗਈਆਂ ਸਨ ਅਤੇ ਉਨ੍ਹਾਂ 'ਚ ਬਹੁਤ ਜ਼ਿਆਦਾ ਗਵਾਹੀਆਂ ਮਹਿਜ਼ ਸੁਣੀਆਂ-ਸੁਣਾਈਆਂ ਗੱਲਾਂ ਜਾਂ ਅਫ਼ਵਾਹਾਂ 'ਤੇ ਹੀ ਆਧਾਰਤ ਹਨ ਅਤੇ ਜੇ ਕਿਤੇ ਸਖ਼ਤੀ ਨਾਲ ਸੁਣਵਾਈ ਹੋਈ, ਤਾਂ ਅਜਿਹੀਆਂ ਗਵਾਹੀਆਂ ਖੇਰੂੰ-ਖੇਰੂੰ ਹੋ ਕੇ ਰਹਿ ਜਾਣਗੀਆਂ। ਪਰ ਭੈਣੀ ਵਿਖੇ ਵਾਪਰੀਆਂ ਘਟਨਾਵਾਂ ਬਾਰੇ ਇੱਕ ਬਹੁਤ ਹੀ ਨਿਰੰਤਰ ਕਹਾਣੀ ਦੱਸੀ ਗਈ ਹੈ, ਜਿਸ ਵਿੱਚ ਸੱਚਾਈ ਮੌਜੂਦ ਹੈ। ਇਸ ਨੂੰ ਸਾਰੇ ਹੀ ਮਾਮਲਿਆਂ ਵਿੱਚ ਸਬੂਤ ਵਜੋਂ ਰੱਖਿਆ ਜਾ ਸਕਦਾ ਹੈ। ਇਸ ਖ਼ਦਸ਼ੇ ਨੂੰ ਲਾਂਭੇ ਰੱਖਦਿਆਂ ਕਿ ਜੇ ਇਸ ਨੂੰ ਮੌਜੂਦਾ ਸ਼ਕਲ ਵਿੱਚ ਪੇਸ਼ ਕੀਤਾ ਜਾਂਦਾ ਹੈ, ਤਾਂ ਕੋਈ ਅਦਾਲਤ ਉਸ ਨੂੰ ਰੱਦ ਕਰ ਦੇਵੇਗੀ, ਤਾਂ ਮੈਂ ਸਮਝਦਾ ਹਾਂ ਕਿ 10 ਕੈਦੀਆਂ ਵਿਰੁੱਧ ਸ਼ਾਇਦ ਸਿਰਲੇਖ (ੳ) ਅਤੇ ਯਕੀਨੀ ਤੌਰ 'ਤੇ ਸਿਰਲੇਖਾਂ (ਅ), (ੲ), (ਸ), (ਹ) ਅਤੇ (ਜ) ਅਧੀਨ ਦੋਸ਼ ਆਇਦ ਕਰਨ ਲਈ ਚੋਖੇ ਸਬੂਤ ਪੇਸ਼ ਕਰਨੇ ਪੈਣਗੇ, ਇਸੇ ਲਈ ਮੈਂ ਸਿਰਲੇਖ (ਕ) ਨੂੰ ਚੁਣਨ ਦੀ ਤਰਜੀਹ ਦਿੰਦਾ ਹਾਂ ਕਿਉਂਕਿ ਇਸ ਅਧੀਨ ਵਧੇਰੇ ਫ਼ੈਸਲਾਕੁੰਨ ਅਤੇ ਭਰੋਸੇਯੋਗ ਸਿੱਧੇ ਸਬੂਤ ਮੌਜੂਦ ਹਨ ਅਤੇ ਇਸ ਲਈ ਵੀ ਕਿਉਂਕਿ ਸਿਰਫ਼ ਇੱਕ ਨੂੰ ਛੱਡ ਕੇ ਬਾਕੀ ਸਾਰੇ ਕੈਦੀਆਂ ਦੇ ਸਮੂਹ 'ਤੇ ਇਹ ਲਾਗੂ ਹੋਣਗੇ।

4. ਸ੍ਰੀ ਬੀਡਨ ਵੱਲੋਂ 16 ਅਤੇ 19 ਅਪ੍ਰੈਲ, 1872 ਨੂੰ ਸਭ ਤੋਂ ਵੱਧ ਅਹਿਮ

ਗਵਾਹੀਆਂ ਲਈਆਂ ਗਈਆਂ ਹਨ, ਅੰਤਿਕਾ ੲ ਨੰ. 1. ਇਹ ਸਪੱਸ਼ਟ ਹੈ ਕਿ ਸਰਦਾਰ ਮੰਗਲ ਸਿੰਘ ਨੂੰ ਛੱਡ ਕੇ ਬਾਕੀ ਦੇ ਸਾਰੇ ਕੈਦੀ 11 ਤੇ 12 ਜਨਵਰੀ ਨੂੰ ਭੈਣੀ ਦੇ ਇਕੱਠ 'ਚ ਮੌਜੂਦ ਸਨ। ਅਨੇਕ ਗਵਾਹਾਂ ਨੇ ਵੱਖੋ-ਵੱਖਰੇ ਬਿਆਨਾਂ 'ਚ ਇਹੋ ਗੱਲ ਆਖੀ ਹੈ ਤੇ ਕੈਦੀਆਂ ਨੇ ਆਪ ਵੀ ਇਸ ਗੱਲੋਂ ਇਨਕਾਰ ਨਹੀਂ ਕੀਤਾ।

ਭੋਲਾ ਸਿੰਘ, ਜੋ ਉੱਥੇ ਮੌਜੂਦ ਸੀ, ਉਸ ਦਾ ਕਹਿਣਾ ਹੈ "ਭੈਣੀ ਵਿਖੇ ਸਾਰੇ ਹੀ 10 ਸੂਬੇ ਇੱਕਮਤ ਸਨ ਅਤੇ ਸਭ ਨੇ ਬਿਨਾਂ ਕਿਸੇ ਹੀਲ-ਹੁੱਜਤ ਦੇ ਸਕਰੌਦੀ ਦੇ ਹੀਰਾ ਅਤੇ ਲਹਿਣਾ ਸਿੰਘ ਨੂੰ ਮਲੌਦ 'ਤੇ ਹਮਲਾ ਕਰਨ ਦੀ ਬੇਨਤੀ ਕੀਤੀ ਸੀ।" ਨਿਹਾਲ ਸਿੰਘ ਦਾ ਕਹਿਣਾ ਹੈ,"ਮੈਂ ਉੱਥੇ ਮੌਜੂਦ ਸਾਂ ਜਦੋਂ ਸੂਬਿਆਂ, ਜੋ ਹੁਣ ਕੈਦ 'ਚ ਹਨ, ਨੇ ਹੀਰਾ ਸਿੰਘ, ਲਹਿਣਾ ਸਿੰਘ ਅਤੇ ਹੋਰਨਾਂ ਨੂੰ ਮਲੌਦ 'ਤੇ ਹਮਲਾ ਕਰ ਕੇ ਹਥਿਆਰ ਹਾਸਲ ਕਰਨ ਦੀ ਗੱਲ ਕੀਤੀ ਸੀ ਅਤੇ ਫਿਰ ਅੱਗੇ ਕੋਟਲਾ ਵੱਲ ਵਧਣ ਵਾਸਤੇ ਕਿਹਾ ਸੀ ਅਤੇ ਫਿਰ ਉਸ ਤੋਂ ਬਾਅਦ ਅੰਗਰੇਜ਼ਾਂ ਦੇ ਕਬਜ਼ੇ ਹੇਠਲੇ ਇਲਾਕਿਆਂ 'ਤੇ ਹਮਲੇ ਕੀਤੇ ਜਾਣੇ ਸਨ।" ਭਗਵਾਨਾ ਦਾ ਕਹਿਣਾ ਹੈ, "ਮੈਂ ਸਾਦੇ ਕੱਪੜਿਆਂ 'ਚ ਉਨ੍ਹਾਂ ਦੇ ਵਿੱਚ ਹੀ ਸਾਂ। ਬਾਬਾ ਰਾਮ ਸਿੰਘ ਜੀ ਤੇ ਸੂਬਿਆਂ ਨੇ ਲਹਿਣਾ ਤੇ ਹੀਰਾ ਸਿੰਘ ਨੂੰ ਕੋਟਲਾ ਤੇ ਨਾਭਾ ਜਾ ਕੇ ਹਥਿਆਰ ਅਤੇ ਘੋੜੇ ਲੈਣ ਲਈ ਆਖਿਆ ਸੀ।" ਜਾਪਦਾ ਹੈ ਕਿ ਸੁੱਖੂ ਉੱਥੇ ਮੌਜੂਦ ਸੀ ਕਿਉਂਕਿ ਉਸ ਦਾ ਕਹਿਣਾ ਹੈ ਉਸ ਨੇ ਇੱਕ ਖ਼ਾਸ ਗੱਲਬਾਤ ਸੁਣੀ ਸੀ, ਜਿਸ ਵਿੱਚ ਕਿਹਾ ਜਾ ਰਿਹਾ ਸੀ, "ਸਕਰੌਦੀ ਦੇ ਲਹਿਣਾ ਤੇ ਹੀਰਾ ਸਿੰਘ ਪਿਛਲੀ ਮਾਘੀ ਮੌਕੇ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਕੋਲ ਆਏ ਸਨ; ਤੇ ਉਹ ਸਾਰੇ ਹੀ ਦਰਬਾਰ 'ਚ ਸਨ, ਉਨ੍ਹਾਂ ਆਉਂਦਿਆਂ ਹੀ ਆਖਿਆ ਸੀ ਕਿ ਉਹ ਕੋਟਲਾ 'ਤੇ ਹਮਲਾ ਕਰਨਾ ਚਾਹੁੰਦੇ ਹਨ। ਇੰਝ ਉਹ ਹਥਿਆਰ ਖ਼ਰੀਦਣਗੇ ਤੇ ਫਿਰ ਨਾਭਾ, ਪਟਿਆਲਾ, ਜੀਂਦ, ਫ਼ਿਰੋਜ਼ਪੁਰ ਤੇ ਦਿੱਲੀ 'ਤੇ ਵੀ ਕਬਜ਼ਾ ਕਰ ਲਿਆ ਜਾਵੇਗਾ। ਉਨ੍ਹਾਂ ਬਾਬਾ ਰਾਮ ਸਿੰਘ ਜੀ ਤੋਂ ਮਦਦ ਮੰਗੀ। ਲੂਕਾ (ਲੱਖਾ) ਸਿੰਘ ਨੇ ਸਹਿਮਤੀ ਪ੍ਰਗਟਾ ਦਿੱਤੀ ਸੀ ਅਤੇ ਮਦਦ ਦਾ ਵਾਅਦਾ ਕੀਤਾ ਸੀ। ਬਾਕੀਆਂ ਨੇ ਕਿਹਾ ਸੀ ਕਿ ਲੂਕਾ (ਲੱਖਾ) ਸਿੰਘ ਵੱਲੋਂ ਦਿੱਤਾ ਗਿਆ ਜਵਾਬ ਉਨ੍ਹਾਂ ਦਾ ਹੀ ਸੀ। ਲਹਿਣਾ ਸਿੰਘ ਤੇ ਹੀਰਾ ਸਿੰਘ ਦੂਜੇ ਬੈਚ ਦੇ ਆਗੂ ਸਨ। ਜਦੋਂ ਇਹ ਸਾਰੀ ਗੱਲਬਾਤ ਹੋਈ, ਤਦ ਸੂਬੇ ਹੁਕਮਾ ਸਿੰਘ ਤੇ ਲੂਕਾ (ਲੱਖਾ) ਸਿੰਘ ਮੌਜੂਦ ਸਨ। ਮੈਂ ਹੀਰਾ ਤੇ ਲਹਿਣਾ ਨੂੰ ਹਰਨਾਮ ਸਿੰਘ ਨਾਲ ਇਹ ਗੱਲ ਕਰਦਿਆਂ ਸੁਣਿਆ ਸੀ ਕਿ ਉਹ ਹਰਨਾਮ ਸਿੰਘ ਦੇ ਭਰਾ ਗਿਆਨੀ ਸਿੰਘ (ਰਾਏਕੋਟ ਕਸਾਈ ਕਤਲ ਕਾਂਡ ਵਾਲਾ) ਦੀ ਮੌਤ ਦਾ ਬਦਲਾ ਲੈਣ ਜਾ ਰਹੇ ਸਨ। ਹਰਨਾਮ ਸਿੰਘ ਤੇ ਲੂਕਾ (ਲੱਖਾ) ਸਿੰਘ ਨੇ ਕਿਹਾ ਸੀ, "ਬਹੁਤ ਵਧੀਆ, ਅਸੀਂ ਵੀ ਬਦਲਾ ਲਵਾਂਗੇ।" ਮੈਨੂੰ ਗਵਾਹੀ ਦਾ ਇੱਕ ਹੋਰ ਹਿੱਸਾ ਚੇਤੇ ਹੈ, ਗਿਆਨੀ ਸਿੰਘ ਰਾਏਕੋਟ 'ਚ ਕਸਾਈਆਂ ਦੇ ਕਤਲ ਕਾਂਡ ਨਾਲ ਜੁੜਿਆ ਹੋਇਆ ਸੀ ਤੇ ਉਸ ਨੂੰ ਫਾਂਸੀ ਦੇ ਦਿੱਤੀ ਗਈ ਸੀ।

5. ਜੇ ਇਸ ਗਵਾਹੀ ਨੂੰ ਬਰਕਰਾਰ ਰੱਖਿਆ ਜਾਵੇ, ਤਾਂ ਇਹ ਬਿਲਕੁਲ ਮਹਾਰਾਣੀ ਦੇ ਭਾਈਵਾਲ ਦੇਸ਼ਾਂ ਤੇ ਖ਼ੁਦ ਮਹਾਰਾਣੀ ਖ਼ਿਲਾਫ਼ ਖੁੱਲ੍ਹੀ ਜੰਗ ਨੂੰ ਭੜਕਾਉਣ

ਵਾਂਗ ਹੀ ਹੈ। ਇਸ ਤੋਂ ਬਾਅਦ ਤਾਂ ਸਿੱਧੀ ਜੰਗ ਸ਼ੁਰੂ ਹੋ ਹੀ ਜਾਣੀ ਹੁੰਦੀ ਹੈ। ਜੇ ਇਹੋ ਵਿਅਕਤੀ ਪਹਿਲਾਂ ਵੀ ਜੰਗ ਦੇ ਖ਼ਤਰੇ ਵਜੋਂ ਪਾਏ ਗਏ ਸਨ, ਤਦ ਤਾਂ ਉਨ੍ਹਾਂ ਵਿਰੁੱਧ ਬਹੁਤ ਮਜ਼ਬੂਤ ਕੇਸ ਬਣਦਾ ਹੈ। ਇਸ ਨੁਕਤੇ 'ਤੇ ਹਰੇਕ ਕੈਦੀ ਦੀ ਗਵਾਹੀ ਵੱਖੋ-ਵੱਖਰੀ ਹੈ। ਇੱਕ-ਦੋ ਗਵਾਹ ਇਨ੍ਹਾਂ ਸਾਰੇ 11 ਜਣਿਆਂ ਲਈ ਬਹੁਤ ਗਰਮ ਸ਼ਬਦਾਵਲੀ ਵਰਤਦੇ ਹਨ, (ਵੇਖੋ ਭੋਲਾ ਸਿੰਘ, ਦੇਵਾ ਸਿੰਘ, ਨਿਹਾਲ ਸਿੰਘ ਤੇ ਸੁੱਖੂ ਸਿੰਘ ਦੀ ਗਵਾਹੀ (ਅੰਤਿਕਾ ੲ ਨੰ. 1)। ਪਰ ਉਨ੍ਹਾਂ 'ਤੇ ਕਦੇ ਭਰੋਸਾ ਕੀਤਾ ਹੀ ਨਹੀਂ ਜਾ ਸਕਦਾ।

6. ਸਾਹਿਬ ਸਿੰਘ ਵਿਰੁੱਧ ਨਿਹਾਲ ਸਿੰਘ, ਦੇਵਾ ਸਿੰਘ, ਪ੍ਰਤਾਪ ਸਿੰਘ ਤੇ ਦੌਲਤ ਰਾਮ ਦੀ ਗਵਾਹੀ ਹੈ। (ਅੰਤਿਕਾ ੲ ਨੰ. 1.)

7. ਬਾਬਾ ਰਾਮ ਸਿੰਘ ਜੀ ਵਿਰੁੱਧ ਇਸ ਕਿਸਮ ਦਾ/ਦੀ ਕੋਈ ਖ਼ਾਸ ਸਬੂਤ/ਗਵਾਹੀ ਨਹੀਂ ਹੈ।

8. ਲੂਕਾ (ਲੱਖਾ) ਸਿੰਘ ਵਿਰੁੱਧ ਦੇਵਾ ਸਿੰਘ, ਪ੍ਰਤਾਪ ਸਿੰਘ ਤੇ ਦੌਲਤ ਰਾਮ ਦੀ ਗਵਾਹੀ ਹੈ। (ਅੰਤਿਕਾ ੲ ਨੰ. 1.) ਇੱਕ ਗਵਾਹੀ ਸਰਦਾਰ ਯੀਜਮਲ ਸਿੰਘ ਦੀ ਵੀ ਹੈ, ਭਾਵੇਂ ਇਹ ਸਪੱਸ਼ਟ ਨਹੀਂ ਹੈ ਕਿ ਲੂਕਾ (ਲੱਖਾ) ਨੇ ਜੋ ਕੁਝ ਵੀ ਆਖਿਆ ਸੀ, ਉਹ ਉਸ ਨੇ ਖ਼ੁਦ ਸੁਣਿਆ ਹੈ ਜਾਂ ਨਹੀਂ। (ਅੰਤਿਕਾ ਅ ਨੰ. 1.)

9. ਕਾਹਨ ਜਾਂ ਨਿਹੰਗ ਵਿਰੁੱਧ ਕੋਈ ਬਹੁਤੀ ਗਵਾਹੀ ਨਹੀਂ ਹੈ ਪਰ ਪ੍ਰਤਾਪ ਸਿੰਘ ਤੇ ਦੌਲਤ ਰਾਮ ਸਭ ਤੋਂ ਖ਼ਾਸ ਹਨ। (ਅੰਤਿਕਾ ੲ ਨੰ. 1.) ਹੋਰ ਗਵਾਹਾਂ ਰਾਮ ਸਿੰਘ ਤੇ ਲਹਿਣਾ ਅਨੁਸਾਰ ਇੰਝ ਜਾਪਦਾ ਹੈ ਕਿ ਉਹ ਮੀਟਿੰਗ 'ਚ ਮੌਜੂਦ ਸੀ, ਜਦੋਂ ਕੂਕਾ ਰਾਜ ਸਥਾਪਤ ਕੀਤੇ ਜਾਣ ਦੀ ਗੱਲ ਕੀਤੀ ਗਈ ਸੀ। (ਅੰਤਿਕਾ ਅ.)

10. ਬ੍ਰਹਮਾ ਸਿੰਘ ਵਿਰੁੱਧ ਬਹੁਤ ਜ਼ਿਆਦਾ ਮਾਤਰਾ 'ਚ ਗਵਾਹੀਆਂ ਮੌਜੂਦ ਹਨ। ਵੇਖੋ ੲ, ਚੇਤ ਸਿੰਘ ਦੀ ਗਵਾਹੀ। (ਅੰਤਿਕ ਅ ਨੰ. 9) ਕੁਝ ਗਵਾਹੀਆਂ ਦਾ ਨਿਰੀਖਣ 30 ਅਪ੍ਰੈਲ, 1872 ਨੂੰ ਸ੍ਰੀ ਮਿੱਲਰ ਵੱਲੋਂ ਕੀਤਾ ਗਿਆ ਸੀ। (ਅੰਤਿਕਾ ਹ ਨੰ. 1); ਅਤੇ ਸ੍ਰੀ ਟ੍ਰੈਫੋਰਡ ਵੱਲੋਂ 19 ਅਪ੍ਰੈਲ, 1872 ਨੂੰ ਨਿਰੀਖਣ ਕੀਤਾ ਗਿਆ ਸੀ। (ਅੰਤਿਕਾ ਹ ਨੰ. 3.)

11. ਜਵਾਹਰ ਸਿੰਘ ਵਿਰੁੱਧ ਉਨ੍ਹਾਂ ਦੇ ਹੀ ਨਾਂਅ ਵਾਲੇ ਵਿਅਕਤੀ ਦੀ ਗਵਾਹੀ ਹੈ। (ਅੰਤਿਕਾ ਕ ਨੰ. 2) ਅਤੇ ਦੌਲਤ ਰਾਮ, (ਅੰਤਿਕਾ ੲ ਨੰ. 1.)

12. ਮਾਨ ਸਿੰਘ ਖ਼ਿਲਾਫ਼ ਬਸਾਵਰ ਸਿੰਘ ਦੀ ਗਵਾਹੀ ਹੈ। (ਅੰਤਿਕਾ ਕ ਨੰ. 3.)

13. ਮਾਨ ਸਿੰਘ ਵਿਰੁੱਧ ਜਵਾਹਰ ਸਿੰਘ, ਬੁੱਧ ਸਿੰਘ ਅਤੇ ਗੁਲਾਬ ਸਿੰਘ ਦੀ ਗਵਾਹੀ ਹੈ। (ਅੰਤਿਕਾ ਨੰ. 2 ਅਤੇ 3.)

14. ਹੁਕਮਾ ਸਿੰਘ ਤੇ ਪਹਾੜਾ ਸਿੰਘ ਵਿਰੁੱਧ ਮੈਨੂੰ ਕੋਈ ਅਜਿਹੀ ਗਵਾਹੀ ਨਹੀਂ ਮਿਲੀ, ਉਂਝ ਦੌਲਤ ਰਾਮ ਨੂੰ ਅਜਿਹਾ ਗਵਾਹ ਸਮਝਿਆ ਜਾਂਦਾ ਹੈ। (ਅੰਤਿਕਾ ੲ ਨੰ. 1.)

15. ਸ. ਮੰਗਲ ਸਿੰਘ ਦਾ ਆਮ ਕਿਰਦਾਰ ਬਹੁਤ ਮਾੜਾ ਹੈ ਪਰ ਉਹ ਭੈਣੀ ਦੇ ਇਕੱਠ ਅਤੇ ਉਸ ਦੇ ਨਤੀਜਿਆਂ ਤੋਂ ਪੂਰੀ ਤਰ੍ਹਾਂ ਵੱਖ ਹੈ। ਉਸ ਦੇ ਮਾਮਲੇ 'ਚ,

ਰਾਜ-ਧਰੋਹੀ ਭਾਸ਼ਾ ਹੀ ਉਸ ਮਾਮਲੇ 'ਚ ਮਿਲੀਭੁਗਤ ਵੱਲ ਇਸ਼ਾਰਾ ਕਰਦੀ ਹੈ, ਉਸ ਤੋਂ ਹੀ ਕੁਝ ਮਦਦ ਮਿਲਦੀ ਹੈ। ਦੇਵਾ ਤੇ ਪ੍ਰਤਾਪ ਸਿੰਘ ਨੇ ਉਸ ਬਾਰੇ ਦੱਸਿਆ ਹੈ ਕਿ ਉਸ ਨੇ ਅਜਿਹੀ ਭਾਸ਼ਾ ਵਰਤੀ ਹੈ। (ਅੰਤਿਕਾ ੲ ਨੰ. 1) ਅਤੇ ਯੀਜਮਲ ਸਿੰਘ ਨੇ ਵੀ ਇੰਝ ਹੀ ਕੀਤਾ ਹੈ, ਜਿਸ ਦੀ ਗਵਾਹੀ ਫ਼ੈਸਲਾਕੁੰਨ ਕਿਸਮ ਦੀ ਹੈ ਤੇ ਉਸ ਬਾਰੇ ਮੈਂ ਪਹਿਲਾਂ ਵੀ ਆਖ ਚੁੱਕਾ ਹਾਂ। (ਅੰਤਿਕਾ ਅ ਨੰ. 13.)

16. ਬੇਸ਼ੱਕ, ਇਹ ਵੀ ਹੋ ਸਕਦਾ ਹੈ ਕਿ ਕੁਝ ਗਵਾਹੀਆਂ, ਜਿਨ੍ਹਾਂ ਨੂੰ ਮੈਂ ਇਸ ਕਾਰਣ ਫ਼ਜ਼ੂਲ ਮੰਨਿਆ ਹੈ ਕਿਉਂਕਿ ਉਨ੍ਹਾਂ ਦੀ ਗਵਾਹੀ ਉਨ੍ਹਾਂ ਦੀ ਨਿਜੀ ਜਾਣਕਾਰੀ 'ਤੇ ਆਧਾਰਤ ਨਹੀਂ ਹੈ ਪਰ ਹੋ ਸਕਦਾ ਹੈ ਕਿ ਉਹ ਗਵਾਹੀ ਪਹਿਲੇ ਦਰਜੇ ਦੀ ਹੋਵੇ ਤੇ ਸੁਣੀ-ਸੁਣਾਈ ਗੱਲ 'ਤੇ ਆਧਾਰਤ ਨਾ ਹੋਵੇ। ਇਹ ਜਿਵੇਂ ਵੀ ਹੈ, ਜੇ ਇਸ ਨੂੰ ਇਵੇਂ ਹੀ ਮੰਨ ਲਿਆ ਜਾਵੇ ਤਾਂ ਮੈਨੂੰ ਇਹ ਸਮਝਣਾ ਚਾਹੀਦਾ ਹੈ ਕਿ ਸ. ਮੰਗਲ ਸਿੰਘ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਤੋਂ ਬਚ ਜਾਣਗੇ। ਸਿਰਲੇਖ (ਕ) ਅਧੀਨ ਮੈਂ ਸਮਝਦਾ ਹਾਂ ਕਿ ਰੂੜ ਸਿੰਘ, ਹੁਕਮਾ ਸਿੰਘ ਤੇ ਪਹਾੜਾ ਸਿੰਘ ਬਚ ਜਾਣਗੇ ਅਤੇ ਬਾਕੀਆਂ ਨੂੰ ਦੋਸ਼ੀ ਠਹਿਰਾਇਆ ਜਾਵੇਗਾ।

17. ਵੱਖੋ-ਵੱਖਰੇ ਵਿਅਕਤੀਆਂ ਦੀ ਭਾਸ਼ਾ ਦਾ ਕਿਰਦਾਰ ਪਦਾਰਥਕ ਤੌਰ 'ਤੇ ਨਹੀਂ ਬਦਲਦਾ। ਇਹ ਇਸ ਪ੍ਰਕਾਰ ਹੈ ਬ੍ਰਿਟਿਸ਼ ਰਾਜ ਦਾ ਖ਼ਾਤਮਾ ਛੇਤੀ ਹੀ ਕੂਕਿਆਂ ਦੇ ਹੱਕ 'ਚ ਹੋ ਜਾਵੇਗਾ ਜਾਂ ਖ਼ਾਲਸਾ ਰਾਜ ਅਤੇ ਕੂਕਿਆਂ ਨੂੰ ਫਿਰ ਪੁਰਸਕਾਰ ਮਿਲਣਗੇ ਜਾਂ ਖ਼ਾਲਸਾ ਰਾਜ ਤੇ ਕੂਕਿਆਂ ਨੂੰ ਤਦ ਇਨਾਮ ਮਿਲਣਗੇ।

18. ਜਿਹੜੀਆਂ ਬਹੁਤ ਸਾਰੀਆਂ ਥਾਵਾਂ ਦਾ ਜ਼ਿਕਰ ਕੀਤਾ ਗਿਆ ਹੈ, ਮੈਨੂੰ ਉਨ੍ਹਾਂ ਸਾਰੀਆਂ ਬਾਰੇ ਸਹੀ ਭੂਗੋਲਕ ਤੇ ਸਿਆਸੀ ਸਥਿਤੀ ਦੀ ਜਾਣਕਾਰੀ ਨਹੀਂ ਹੈ। ਜੋ ਕੁਝ ਵੀ ਪਹਿਲਾਂ ਹੋ ਚੁੱਕਾ ਹੈ, ਉਸ ਤੋਂ ਮੈਂ ਇਹੋ ਅਨੁਮਾਨ ਲਾਇਆ ਹੈ ਕਿ ਹਰੇਕ ਵਿਅਕਤੀ ਨੂੰ ਉਸ ਦੇ ਉਦੇਸ਼ ਵਾਲੀਆਂ ਗਤੀਵਿਧੀਆਂ ਅਨੁਸਾਰ ਹੀ ਦੰਡ ਸੰਘਤਾ ਦੇ ਖੇਤਰ 'ਚ ਰੱਖਿਆ ਗਿਆ ਹੈ।

19. ਇਸ ਗਵਾਹੀ ਦਾ ਅਗਾਊਂ ਨਿਰੀਖਣ ਕਿਸੇ ਵੀ ਹਾਲਤ 'ਚ ਉਸ ਦੀ ਕੀਮਤ ਤੋਂ ਵੱਧ ਨਹੀਂ ਕੀਤਾ ਜਾ ਸਕਦਾ। ਜੇ ਇਨ੍ਹਾਂ ਕੈਦੀਆਂ ਨੂੰ ਦੋਸ਼ੀ ਠਹਿਰਾਏ ਜਾਣ ਦੀਆਂ ਸੰਭਾਵਨਾਵਾਂ ਬਾਰੇ ਕੋਈ ਵਿਵਹਾਰਕ ਕਦਮ ਚੁੱਕਣਾ ਹੈ, ਤਾਂ ਇਸ ਵੇਲੇ ਅਪਰਾਧਕ ਕਾਰੋਬਾਰ ਦੀ ਪ੍ਰੈਕਟਿਸ ਕਰਨ ਵਾਲੇ ਵਕੀਲ ਦੀ ਸਲਾਹ ਲੈਣਾ ਸਮਝਦਾਰੀ ਹੋਵੇਗੀ।

ਏ.ਐੱਚ.,
22 ਜੁਲਾਈ, 1872

## ਸਰਕੂਲੇਟ

ਇਹ ਸੁਆਲ ਕਿ ਕੀ ਇਨ੍ਹਾਂ ਵਿਅਕਤੀਆਂ ਦੀ ਸੁਣਵਾਈ ਬਿਲਕੁਲ ਉਸੇ ਜ਼ਾਬਤੇ ਅਨੁਸਾਰ ਹੋਵੇਗੀ, ਜਿਵੇਂ ਬਾਬਾ ਰਾਮ ਸਿੰਘ ਜੀ ਦੀ ਸੁਣਵਾਈ 1818 ਦੇ

ਰੈਗੂਲੇਸ਼ਨਜ਼ III ਅਧੀਨ ਹੋਈ ਸੀ। ਮੇਰਾ ਮੰਨਣਾ ਹੈ ਕਿ ਇਹ ਇਸ ਦੀ ਜਨਤਕ ਸੁਣਵਾਈ ਦੇ ਸੰਭਾਵੀ ਪ੍ਰਭਾਵ ’ਤੇ ਨਿਰਭਰ ਕਰਦਾ ਹੈ। ਮੈਨੂੰ ਲੱਗਦਾ ਹੈ ਕਿ ਪੰਜਾਬ ਸਰਕਾਰ ਨਾਲ ਸਲਾਹ ਕਰ ਲੈਣਾ ਜ਼ਰੂਰੀ ਹੈ।

ਹਸਤਾਖਰ।
ਐੱਨ. 22 ਜੁਲਾਈ, 1872

ਮੈਨੂੰ ਲੱਗਦਾ ਹੈ ਕਿ ਮਾਣਯੋਗ ਸਾਹਿਬ ਵੱਲੋਂ ਪ੍ਰਸਤਾਵਿਤ ਕੀਤੇ ਜਾਣ ਵਾਲੇ ਰਾਹ ’ਤੇ ਚੱਲਣਾ ਚਾਹੀਦਾ ਹੈ। ਐੱਚ.ਡਬਲਿਊ.ਐੱਨ. 23 ਜੁਲਾਈ, 1872.

ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਪੰਜਾਬ ਸਰਕਾਰ ਦੀ ਰਾਇ ਜ਼ਰੂਰ ਲੈਣੀ ਚਾਹੀਦੀ ਹੈ ਪਰ ਮੈਨੂੰ ਹੋਰਨਾਂ ਦੀ ਲਿਖਤੀ ਰਾਇ ਲੈਣੀ ਚਾਹੀਦੀ ਹੈ ਕਿ ਜੇ ਜਨਤਕ ਸੁਣਵਾਈ ’ਤੇ ਕੋਈ ਸਿਆਸੀ ਇਤਰਾਜ਼ ਹੈ, ਜੋ ਕੁਝ ਜ਼ਿਲ੍ਹਿਆਂ ’ਚ ਕਰਵਾਉਣੀ ਸੰਭਵ ਹੈ, ਜਿੱਥੇ ਕੋਈ ਕੂਕੇ ਨਹੀਂ ਹਨ, ਉੱਥੇ ਉਨ੍ਹਾਂ ਕੈਦੀਆਂ ਦੀ ਸਾਧਾਰਣ ਸੁਣਵਾਈ ਕਰਵਾਉਣ ਦਾ ਬਹੁਤ ਲਾਭ ਹੋਵੇਗਾ, ਜਿਨ੍ਹਾਂ ਨੂੰ ਬਿਨਾਂ ਕਿਸੇ ਸ਼ੱਕ ਦੇ ਦੋਸ਼ੀ ਠਹਿਰਾਇਆ ਜਾ ਸਕਦਾ ਹੈ।

ਜੇ.ਐੱਸ.,
24 ਜੁਲਾਈ, 1872

ਮੈਂ ਰਾਇ ਲੈਣ ਲਈ ਪੰਜਾਬ ਸਰਕਾਰ ਨੂੰ ਰੈਫ਼ਰ ਕਰਾਂਗਾ। ਮੈਂ ਇਸ ਵੇਲੇ ਖ਼ੁਦ ਸੁਣਵਾਈ ਦੇ ਵਿਰੁੱਧ ਹੈ। ਇਸ ਸਾਰੇ ਮਾਮਲੇ ਨਾਲ ਸੰਬੰਧਤ ਹਾਲਾਤ ਤੋਂ ਵਕੀਲ ਆਪਣੀ ਸਾਖ਼ ਬਣਾਉਣ ਲਈ ਆਪਣੇ ਹਿਸਾਬ ਨਾਲ ਲਾਹਾ ਲੈਣਾ ਚਾਹੁਣਗੇ। ਸਥਾਨਕ ਗਵਾਹ ਅਨਿਸ਼ਚਿਤ ਹਨ ਅਤੇ ਜੇ ਨਾਕਾਮੀ ਹੱਥ ਲੱਗੀ, ਤਾਂ ਇਹ ਬਹੁਤ ਭਾਰੀ ਗ਼ਲਤੀ ਹੋਵੇਗੀ। ਸਾਰਿਆਂ ਨੂੰ ਰਿਹਾਅ ਕਰਨ ਨਾਲ ਹੰਗਾਮਾ ਖੜ੍ਹਾ ਹੋਵੇਗਾ ਪਰ ਜੇ ਸਿਰਫ਼ ਵਧੇਰੇ ਭੈੜਿਆਂ ਦੀ ਹੀ ਸੁਣਵਾਈ ਕਰ ਕੇ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਜਾਵੇ, ਤਾਂ ਹੋਰਨਾਂ ਨਾਲ ਕੀ ਕੀਤਾ ਜਾਵੇਗਾ। ਉਨ੍ਹਾਂ ਨੂੰ ਹਰ ਹਾਲਤ ’ਚ ਰਿਹਾਅ ਕਰਨਾ ਹੋਵੇਗਾ।

ਹਸਤਾਖਰ
ਐੱਨ,
25 ਜੁਲਾਈ, 1872
(ਗਵਰਨਰ ਜਨਰਲ)

ਮੈਂ ਸੁਣਵਾਈ ਦੇ ਖ਼ਿਲਾਫ਼ ਹਾਂ, ਜੇ ਇਹ ਟਲ਼ ਸਕੇ ਤਾਂ ਠੀਕ ਹੈ। ਮੈਂ ਇਹ ਗੱਲ ਬੇਹੱਦ ਅਫ਼ਸੋਸ ਨਾਲ ਆਖਦਾ ਹਾਂ ਕਿ ਇਸ ਤੱਥ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਜਦੋਂ ਵੀ ਕਦੇ ਸਿਆਸੀ ਅਪਰਾਧਾਂ ਦੀ ਸੁਣਵਾਈ ਹੁੰਦੀ ਹੈ, ਉੱਥੇ ਨਾਖ਼ੁਸ਼ਗਵਾਰ ਢੰਗ ਨਾਲ ਅਜਿਹੇ ਅੰਗਰੇਜ਼ ਵਕੀਲ ਪੁੱਜ ਹੀ ਜਾਂਦੇ ਹਨ, ਜਿਨ੍ਹਾਂ ਨੂੰ ਸਿਰਫ਼ ਆਪਣੇ ਮੁਵੱਕਿਲਾਂ ਦਾ ਬਚਾਅ ਕਰਕੇ ਹੀ ਚੈਨ ਨਹੀਂ ਮਿਲਦਾ (ਜੋ ਬਿਲਕੁਲ ਦਰੁਸਤ ਹੈ), ਸਗੋਂ ਉਹ ਸਾਰੀਆਂ ਵਾਜਬ ਸੀਮਾਵਾਂ ਉਲੰਘ ਜਾਂਦੇ ਹਨ ਅਤੇ ਇੱਕ

ਕਿਸਮ ਦੀ ਸਿਆਸੀ ਉਤੇਜਨਾ ਖੜ੍ਹੀ ਕਰ ਦਿੰਦੇ ਹਨ, ਜੋ ਸਥਾਨਕ ਲੋਕਾਂ 'ਚ ਭੜਕਾਹਟ ਪੈਦਾ ਕਰ ਦਿੰਦੀ ਹੈ। ਇਸ ਤੋਂ ਪਹਿਲਾਂ ਕਿ ਅਪਰਾਧੀ ਛੇਤੀ ਹੀ ਆਜ਼ਾਦ ਕਰ ਦਿੱਤੇ ਜਾਣ, ਮੈਂ ਸਰਕਾਰੀ ਮੁਕੱਦਮੇਬਾਜ਼ੀ ਦੀਆਂ ਬੁਰਾਈਆਂ ਦਾ ਟਾਕਰਾ ਕਰਨਾ ਵਾਜਬ ਸਮਝਾਂਗਾ।

ਹਸਤਾਖਰ
ਆਰਟੀ
27 ਫ਼ਰਵਰੀ, 1872
ਹਸਤਾਖਰ
ਕੇਸੀਡੀ
25 ਜੁਲਾਈ, 1872

## 228

*ਨੰ. 1460 –* *ਮਿਤੀ ਸ਼ਿਮਲਾ, 7 ਅਗਸਤ, 1872*

ਵੱਲੋਂ

ਐੱਚ.ਆਈ. ਡੈਂਪੀਅਰ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ

ਵੱਲ

ਸਕੱਤਰ, ਪੰਜਾਬ ਸਰਕਾਰ।

ਜਿਹੜੇ ਕੂਕਾ ਸਰਦਾਰ ਇਸ ਵੇਲੇ ਅਲਾਹਾਬਾਦ ਦੇ ਕਿਲ੍ਹੇ 'ਚ ਕੈਦ ਹਨ, ਉਨ੍ਹਾਂ ਦੇ ਕੇਸਾਂ ਬਾਰੇ ਸ੍ਰੀ ਜੇਮਸ ਮੈਕਨੈਬ ਦੀ ਜਾਂਚ ਨਾਲ ਸੰਬੰਧਤ ਦਸਤਾਵੇਜ਼ ਮਹਾਮਹਿਮ ਗਵਰਨਰ ਜਨਰਲ-ਇਨ-ਕੌਂਸਲ ਸਾਹਵੇਂ ਰੱਖੇ ਗਏ ਹਨ, ਤੁਹਾਡੇ ਪੱਤਰ ਨੰ. 2217, ਮਿਤੀ 24 ਜੂਨ ਰਾਹੀਂ, ਮੈਨੂੰ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਹੁਣ ਮਹਾਮਹਿਮ ਨੂੰ ਇਸ ਮਾਮਲੇ ਬਾਰੇ ਆਪਣੇ ਵਿਚਾਰ ਦੇਣਗੇ ਕਿ ਕੀ ਉਨ੍ਹਾਂ 'ਚੋਂ ਕਿਸੇ ਕੈਦੀ ਨੂੰ ਖ਼ਾਸ ਜੁਰਮਾਂ ਲਈ ਸੁਣਵਾਈ ਵਾਸਤੇ ਲਿਆਉਣਾ ਚਾਹੀਦਾ ਹੈ ਜਾਂ ਨਹੀਂ ਕਿ ਜਾਂ ਉਨ੍ਹਾਂ ਨੂੰ ਸਿਆਸੀ ਕੈਦੀਆਂ ਵਜੋਂ ਹਿਰਾਸਤ 'ਚ ਰੱਖਣਾ ਚਾਹੀਦਾ ਹੈ।

2. ਮਹਾਮਹਿਮ ਨੂੰ ਇਹ ਜਾਪਦਾ ਹੈ ਕਿ ਇਨ੍ਹਾਂ ਵਿਅਕਤੀਆਂ ਨੇ ਸਟੇਟ ਵਿਰੁੱਧ ਗੰਭੀਰ ਅਪਰਾਧ ਕੀਤਾ ਹੈ ਅਤੇ ਜੇ ਸ੍ਰੀ ਮੈਕਨੈਬ ਦੀ ਰਿਪੋਰਟ 'ਚ ਦਿੱਤੇ ਸਬੂਤ ਅਦਾਲਤਾਂ 'ਚ ਪੇਸ਼ ਕੀਤੇ ਜਾ ਸਕਦੇ ਹਨ ਅਤੇ ਜੇ ਜਨਤਕ ਸੁਣਵਾਈ 'ਤੇ ਕੋਈ ਬਹੁਤੇ ਜ਼ਿਆਦਾ ਰੋਹ ਭਰਪੂਰ ਸਿਆਸੀ ਇਤਰਾਜ਼ ਨਹੀਂ ਹੁੰਦੇ, ਜਿਵੇਂ ਕਿ ਕੁਝ ਜ਼ਿਲ੍ਹਿਆਂ 'ਚ ਅਜਿਹਾ ਹੋ ਸਕਦਾ ਹੈ ਜਿੱਥੇ ਕੋਈ ਕੂਕੇ ਨਹੀਂ ਰਹਿੰਦੇ; ਤਾਂ ਸਾਧਾਰਣ ਢੰਗ ਨਾਲ ਹੀ ਸੁਣਵਾਈ ਕਰਨ ਦਾ ਵੱਡਾ ਫ਼ਾਇਦਾ ਪੁੱਜੇਗਾ, ਇੰਝ ਕਿੰਨੀ ਵੀ ਗਿਣਤੀ 'ਚ ਲੋਕਾਂ ਨੂੰ ਬਿਨਾਂ ਸ਼ੱਕ ਦੋਸ਼ੀ ਕਰਾਰ ਦਿੱਤਾ ਜਾ ਸਕੇਗਾ।

## 229

*ਨੰ. 47,* *ਮਿਤੀ ਸ਼ਿਮਲਾ, 18 ਅਗਸਤ, 1872*

*ਵੱਲੋਂ*

ਭਾਰਤ ਸਰਕਾਰ।

*ਵੱਲ*

ਮਹਾਰਾਣੀ ਦੇ ਸਕੱਤਰ, ਭਾਰਤ ਦੇਸ਼ ਲਈ।

ਬੀਤੀ 15 ਮਾਰਚ ਦੇ ਸਾਡੇ ਡਿਸਪੈਚ ਨੰ. 17, ਜਿਸ ਵਿੱਚ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਭੇਜਣ ਦੀ ਰਿਪੋਰਟ ਕੀਤੀ ਗਈ ਸੀ, ਅਸੀਂ ਸੂਚਿਤ ਕੀਤਾ ਸੀ ਕਿ ਉਨ੍ਹਾਂ ਦੇ ਸੂਬਿਆਂ (ਲੈਫ਼ਟੀਨੈਂਟਸ) ਸਬੰਧੀ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਕੋਈ ਫ਼ੈਸਲਾ ਕਰਨ ਤੋਂ ਪਹਿਲਾਂ ਅਸੀਂ ਅਸੀਂ ਉਸ ਜਾਂਚ ਦੇ ਨਤੀਜੇ ਦੀ ਉਡੀਕ ਕਰਾਂਗੇ ਜਿਸ ਬਾਰੇ ਅਸੀਂ ਸੁਝਾਅ ਦਿੱਤਾ ਸੀ ਕਿ ਜੇ ਵਾਜਬ ਜਾਪੇ, ਤਾਂ ਗ੍ਰਿਫ਼ਤਾਰ ਕੀਤੇ ਹਰੇਕ ਵਿਅਕਤੀ ਨਾਲ ਜੁੜੇ ਅਪਰਾਧ ਦਾ ਦਰਜਾ ਨਿਰਧਾਰਤ ਕਰ ਲਿਆ ਜਾਵੇ; ਨਹੀਂ ਤਾਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇ।

2. ਪੰਜਾਬ ਸਰਕਾਰ ਨੇ ਸਿਵਲ ਸਰਵਿਸ ਦੇ ਸ੍ਰੀ ਜੇਮਸ ਮੈਕਨੈਬ ਨੂੰ ਸੌਂਪੀ ਸੀ ਅਤੇ ਆਪ ਜੀ ਮਿਹਰਬਾਨ ਦੀ ਜਾਣਕਾਰੀ ਲਈ ਉਸ ਰਿਪੋਰਟ ਅਤੇ ਉਸ ਦੀਆਂ ਅੰਤਿਕਾਵਾਂ ਦੀ ਇੱਕ ਕਾਪੀ ਨਾਲ ਨੱਥੀ ਕਰ ਦਿੱਤੀ ਹੈ, ਨਾਲ ਹੀ ਪੰਜਾਬ ਸਰਕਾਰ ਦੇ ਉਸ ਪੱਤਰ ਦੀ ਕਾਪੀ ਵੀ ਭੇਜੀ ਜਾ ਰਹੀ ਹੈ, ਜਿਸ ਅਧੀਨ ਇਹ ਦਸਤਾਵੇਜ਼ ਪ੍ਰਾਪਤ ਕੀਤੇ ਗਏ ਸਨ। (ਨੰ. 2217, ਮਿਤੀ 24 ਜੂਨ, 1872)।

3. ਗ੍ਰਿਫ਼ਤਾਰ ਕੀਤੇ ਗਏ ਸਾਰੇ 11 ਸੂਬਿਆਂ ਦੇ ਅਪਰਾਧ ਦੇ ਸਹੀ ਦਰਜੇ ਅਤੇ ਹਰੇਕ ਕੈਦੀ ਤੋਂ ਪੈਦਾ ਹੋ ਸਕਣ ਵਾਲੇ ਸੰਭਾਵੀ ਖ਼ਤਰੇ ਦੀ ਮਾਤਰਾ ਦਾ ਧਿਆਨਪੂਰਵਕ ਨਿਰੀਖਣ ਕਰਨ ਤੋਂ ਬਾਅਦ ਸ੍ਰੀ ਮੈਕਨੈਬ ਨੇ ਕੁਝ ਕੈਦੀਆਂ ਲਈ ਉਮਰ ਭਰ ਦੇਸ਼-ਨਿਕਾਲ਼ੇ ਅਤੇ ਬਾਕੀਆਂ ਨੂੰ 10 ਸਾਲ ਤੋਂ ਇੱਕ ਸਾਲ ਤੱਕ ਦੀ ਕੈਦ ਦੀ ਸਿਫ਼ਾਰਸ਼ ਕੀਤੀ ਸੀ।

4. ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਸ੍ਰੀ ਮੈਕਨੈਬ ਵੱਲੋਂ ਕੱਢੇ ਨਤੀਜਿਆਂ 'ਤੇ ਗ਼ੌਰ ਕਰਦਿਆਂ ਜਾਪਿਆ ਕਿ ਇਨ੍ਹਾਂ ਸੂਬਿਆਂ ਤੋਂ ਪੈਦਾ ਹੋ ਸਕਣ ਵਾਲੇ ਸੰਭਾਵੀ ਖ਼ਤਰੇ ਜਾਂ ਉਨ੍ਹਾਂ ਦੇ ਜੁਰਮ ਦੇ ਅਨੁਪਾਤ ਮੁਤਾਬਕ ਕੈਦ ਦੀ ਮਿਆਦ ਤੈਅ ਕਰਨ ਨਾਲ ਕੋਈ ਬਹੁਤਾ ਫ਼ਾਇਦਾ ਨਹੀਂ ਹੋਵੇਗਾ। ਮਾਣਯੋਗ ਸਾਹਿਬ ਦਾ ਵਿਚਾਰ ਸੀ ਕਿ ਇਨ੍ਹਾਂ ਕੈਦੀਆਂ ਦੀ ਰਿਹਾਈ ਪੰਜਾਬ ਰਾਜ ਵਿੱਚ ਆਮ ਲੋਕਾਂ ਦੀ ਭਾਵਨਾ ਅਤੇ ਸਥਾਨਕ ਸਰਕਾਰ ਦੀ ਸਹਿਮਤੀ 'ਤੇ ਨਿਰਭਰ ਕਰੇਗੀ।

5. ਅਸੀਂ ਸ੍ਰੀ ਮੈਕਨੈਬ ਦੀ ਰਿਪੋਰਟ ਅਤੇ ਕੈਦੀਆਂ ਵਿਰੁੱਧ ਇਕੱਠੇ ਕੀਤੇ ਸਬੂਤਾਂ 'ਤੇ ਧਿਆਨਪੂਰਵਕ ਵਿਚਾਰ ਕੀਤਾ ਹੈ। ਸਾਨੂੰ ਇਹ ਜਾਪਦਾ ਹੈ ਕਿ ਇਹ ਵਿਅਕਤੀ ਸਰਕਾਰ ਵਿਰੁੱਧ ਗੰਭੀਰ ਕਿਸਮ ਦੇ ਅਪਰਾਧਾਂ ਦੇ ਦੋਸ਼ੀ ਹਨ ਅਤੇ ਉਨ੍ਹਾਂ

---

* ਪੰਜਾਬ ਨੂੰ ਪੱਤਰ ਨੰ. 1460, ਮਿਤੀ 7 ਅਗਸਤ, 1872 (ਕਾਪੀ ਨਾਲ ਨੱਥੀ ਹੈ)

ਨੂੰ ਸਿਆਸੀ ਕੈਦੀਆਂ ਵਜੋਂ ਕੈਦ 'ਚ ਰੱਖਣ ਦੀ ਥਾਂ ਉਨ੍ਹਾਂ ਉੱਤੇ ਲੱਗੇ ਅਨੇਕ ਖ਼ਾਸ ਦੋਸ਼ਾਂ ਦੀ ਸੁਣਵਾਈ ਕਰਵਾਉਣ ਦਾ ਬਹੁਤ ਫ਼ਾਇਦਾ ਹੋਵੇਗਾ। ਇਹ ਸੋਚ ਕੇ ਅਸੀਂ ਇਸ ਵਿਸ਼ੇ* 'ਤੇ ਪੰਜਾਬ ਸਰਕਾਰ ਦਾ ਵਿਚਾਰ ਪ੍ਰਗਟਾ ਦਿੱਤਾ ਹੈ ਅਤੇ ਸਾਨੂੰ ਇਨ੍ਹਾਂ ਵਿਅਕਤੀਆਂ ਦੇ ਸਬੰਧ 'ਚ ਕਾਰਵਾਈ ਲਈ ਅੱਗੇ ਵਧਣ ਬਾਰੇ ਕੋਈ ਫ਼ੈਸਲਾ ਲੈਣ ਤੋਂ ਪਹਿਲਾਂ ਲੈਫ਼ਟੀਨੈਂਟ ਗਵਰਨਰ ਦੇ ਜਵਾਬ ਦੀ ਉਡੀਕ ਹੈ।

6. ਅਸੀਂ ਇਨ੍ਹਾਂ ਕਾਰਵਾਈਆਂ ਰਿਪੋਰਟ ਕਰਦੇ ਹਾਂ, ਭਾਵੇਂ ਉਹ ਅਧੂਰੀਆਂ ਹਨ ਪਰ ਅਸੀਂ ਤੁਹਾਨੂੰ ਇਸ ਬਾਰੇ ਆਪ ਮਿਹਰਬਾਨ ਜੀ ਨੂੰ ਸੂਚਿਤ ਕਰਨਾ ਚਾਹੁੰਦੇ ਹਾਂ। ਪੰਜਾਬ ਸਰਕਾਰ ਨੂੰ ਭੇਜੇ ਸਾਡੇ ਹਵਾਲੇ ਦਾ ਨਤੀਜਾ ਬਾਕਾਇਦਾ ਰਿਪੋਰਟ ਕੀਤਾ ਜਾਵੇਗਾ।

## 230

### ਗ੍ਰਹਿ ਵਿਭਾਗ (ਨਿਆਂਇਕ)

*ਨੰ. 364 ਐੱਸ,* *ਮਿਤੀ ਸ਼ਿਮਲਾ, 30 ਸਤੰਬਰ, 1872*

*ਵੱਲੋਂ*

ਐੱਲ. ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਐੱਚ.ਐੱਲ. ਡੈਂਪੀਅਰ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਮੈਂ ਤੁਹਾਨੂੰ ਤੁਹਾਡੇ ਪੱਤਰ ਨੰ. 1460, ਮਿਤੀ 7 ਅਗਸਤ ਦਾ ਜਵਾਬ ਅਤੇ ਇਹ ਬੇਨਤੀ ਕਰਦਿਆਂ ਚੇਤੇ ਕਰਵਾਉਣਾ ਚਾਹੁੰਦਾ ਹਾਂ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਹੁਣ ਮਹਾਮਹਿਮ ਗਵਰਨਰ ਜਨਰਲ-ਇਨ-ਕੌਂਸਲ ਨੂੰ ਇਸ ਬਾਰੇ ਆਪਣਾ ਵਿਚਾਰ ਦੱਸਣਗੇ ਕਿ ਕੀ ਇਸ ਵੇਲੇ ਅਲਾਹਾਬਾਦ ਜੇਲ੍ਹ 'ਚ ਕੈਦ ਕੂਕਾ ਕੈਦੀਆਂ 'ਚੋਂ ਨੂੰ ਉਨ੍ਹਾਂ ਦੇ ਖ਼ਾਸ ਜੁਰਮਾਂ ਲਈ ਸੁਣਵਾਈ ਵਾਸਤੇ ਲਿਆਉਣਾ ਚਾਹੀਦਾ ਹੈ ਕਿ ਨਹੀਂ ਅਤੇ ਜਾਂ ਉਨ੍ਹਾਂ ਨੂੰ ਸਿਆਸੀ ਕੈਦੀਆਂ ਵਜੋਂ ਕੈਦ 'ਚ ਹੀ ਰੱਖਣਾ ਚਾਹੀਦਾ ਹੈ।

2. ਜਵਾਬ 'ਚ, ਮੈਨੂੰ ਪੰਜਾਬ ਦੇ ਜ਼ਿਲ੍ਹਾ ਅਧਿਕਾਰੀਆਂ ਤੋਂ ਮਿਲੇ ਉਹ ਪੱਤਰ ਮਹਾਮਹਿਮ ਦੀ ਸੂਚਨਾ ਹਿਤ ਭੇਜਣ ਦੀ ਹਦਾਇਤ ਹੋਈ ਹੈ ਅਤੇ ਜਿਨ੍ਹਾਂ ਦੇ ਵੇਰਵੇ ਹਾਸ਼ੀਏ 'ਤੇ ਦਿੱਤੇ ਗਏ ਹਨ, ਜਿਨ੍ਹਾਂ ਸਾਹਮਣੇ ਗਵਾਹੀਆਂ ਲਈਆਂ ਗਈਆਂ ਸਨ ਤੇ ਜਿਨ੍ਹਾਂ ਦੇ ਆਧਾਰ 'ਤੇ ਕਾਨੂੰਨੀ ਕਾਰਵਾਈ ਨਿਰਭਰ ਕਰਦੀ ਹੈ।

ਮਿਤੀ 22 ਸਤੰਬਰ, 1872, ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵੱਲੋਂ।
ਮਿਤੀ 23 ਸਤੰਬਰ, 1872, ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਵੱਲੋਂ।
ਨੰ. 737, ਮਿਤੀ 23 ਸਤੰਬਰ, ਸਿਆਲਕੋਟ ਦੇ ਡਿਪਟੀ ਕਮਿਸ਼ਨਰ ਵੱਲੋਂ।
ਨੰ. 715, ਮਿਤੀ 23 ਸਤੰਬਰ, ਗੁਜਰਾਂਵਾਲਾ ਦੇ ਡਿਪਟੀ ਕਮਿਸ਼ਨਰ ਵੱਲੋਂ।

ਇਹ ਗਵਾਹੀਆਂ ਪਹਿਲਾਂ ਹੀ ਤੁਹਾਡੇ ਕੋਲ ਪਈਆਂ ਹਨ, ਜੋ ਅਲਾਹਾਬਾਦ 'ਚ ਸ੍ਰੀ ਜੇਮਸ ਮੈਕਨੈਬ ਦੀ ਜਾਂਚ ਦੇ ਵਿਸ਼ੇ ਨਾਲ ਮੇਰੇ ਪੱਤਰ ਨੰ. 2217, ਮਿਤੀ 24 ਜੂਨ ਦੇ ਨਾਲ ਅੰਤਿਕਾਵਾਂ ਵਜੋਂ ਭੇਜੀਆਂ ਗਈਆਂ ਸਨ।

3. ਮਾਣਯੋਗ ਸਾਹਿਬ ਦਾ ਵਿਚਾਰ ਇਸ ਨੁਕਤੇ 'ਤੇ ਨਿਮਨਲਿਖਤ ਹੈ:

ਜ਼ਿਆਦਾਤਰ ਕੇਸਾਂ ਵਿੱਚ ਗਵਾਹੀਆਂ ਪੁਲਿਸ ਅਧਿਕਾਰੀਆਂ, ਪਿੰਡਾਂ ਦੇ ਸਰਪੰਚਾਂ ਦੀਆਂ ਹਨ ਅਤੇ ਗਵਾਹ ਕੂਕਾ ਸੰਪਰਦਾਇ ਨਾਲ ਸੰਬੰਧਤ ਨਹੀਂ ਹਨ, ਇਸ ਲਈ ਉਹ ਅਦਾਲਤ 'ਚ ਵੀ ਗਵਾਹੀਆਂ ਦੇਣਗੇ ਕਿਉਂਕਿ ਇਸ ਵਰਗ ਦੀ ਕੂਕਾ ਲਹਿਰ ਨਾਲ ਕੋਈ ਹਮਦਰਦੀ ਨਹੀਂ ਹੈ। ਪਰ ਦੂਰ-ਦੁਰਾਡੇ ਰਹਿ ਕੇ ਅਸਲ ਗਵਾਹੀਆਂ ਲੈਣ ਤੋਂ ਲੰਮੇ ਸਮੇਂ ਬਾਅਦ ਸੁਣਵਾਈ ਕਰਨ ਨਾਲ ਸਬੂਤਾਂ 'ਚ ਉਕਾਈਆਂ ਤੇ ਆਪਾ-ਵਿਰੋਧ ਪੈਦਾ ਹੋਣ ਦੀ ਸੰਭਾਵਨਾ ਵਧੇਰੇ ਰਹੇਗੀ, ਜਿਸ ਦਾ ਪੂਰਾ ਫ਼ਾਇਦਾ ਬਚਾਅ ਪੱਖ ਨੂੰ ਮਿਲੇਗਾ।

4. ਕਿਸੇ ਕੂਕਾ ਗਵਾਹ ਦੀ ਗਵਾਹੀ 'ਤੇ ਭਰੋਸਾ ਨਹੀਂ ਰੱਖਣਾ ਹੋਵੇਗਾ, ਜਦੋਂ ਉਨ੍ਹਾਂ ਦੇ ਸਹਿ-ਧਰਮੀਆਂ ਦੀ ਸੁਣਵਾਈ ਹੋ ਰਹੀ ਹੋਵੇ; ਕਿਉਂਕਿ ਹੋ ਸਕਦਾ ਹੈ ਕਿ ਉਹ ਆਪਣੇ ਪਹਿਲੇ ਬਿਆਨਾਂ ਤੋਂ ਇਨਕਾਰ ਕੀਤੇ ਬਗ਼ੈਰ ਵੀ ਇਨ੍ਹਾਂ ਕੈਦੀਆਂ ਦੇ ਹੱਕ 'ਚ ਤੱਥਾਂ ਨੂੰ ਕੋਈ ਹੋਰ ਵੱਖਰੀ ਹੀ ਰੰਗਤ ਦੇ ਦੇਣ ਅਤੇ ਸਾਰੀ ਵਿਆਖਿਆ ਹੀ ਸ਼ੱਕੀ ਤਰੀਕੇ ਨਾਲ ਕਰ ਦੇਣ। ਲੈਫ਼ਟੀਨੈਂਟ ਗਵਰਨਰ ਦਾ ਕੁੱਲ ਮਿਲਾ ਕੇ ਵਿਚਾਰ ਇਹ ਹੈ ਕਿ ਸਾਰੇ ਹੀ ਕੂਕਾ ਕੈਦੀਆਂ ਵਿਰੁੱਧ ਕੇਸ ਬਹੁਤ ਹੀ ਮਜ਼ਬੂਤ ਹੈ ਅਤੇ ਜੇ ਕਿਸੇ ਮਾਮਲੇ 'ਚ ਗਵਾਹ ਮੁੱਕਰ ਵੀ ਜਾਣ, ਤਦ ਵੀ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਜਾ ਸਕੇਗਾ।

5. ਉਂਝ ਮਾਣਯੋਗ ਸਾਹਿਬ ਕੂਕਾ ਕੈਦੀਆਂ 'ਤੇ ਸਰਕਾਰੀ ਮੁਕੱਦਮਾ ਚਲਾਉਣ ਦੀ ਨੀਤੀ ਬਾਰੇ ਆਪਣਾ ਕੋਈ ਮਜ਼ਬੂਤ ਵਿਚਾਰ ਤੇ ਫ਼ੈਸਲਾ ਦੇਣਾ ਚਾਹੁਣਗੇ। ਸਮਰੱਥ ਯੂਰੋਪੀਅਨ ਤੇ ਸਥਾਨਕ ਅਧਿਕਾਰੀਆਂ ਤੇ ਗ਼ੈਰ-ਅਧਿਕਾਰੀਆਂ ਦੀਆਂ ਰਿਪੋਰਟਾਂ ਤੋਂ ਤਾਂ ਇਹੋ ਭਰੋਸੇਯੋਗ ਵਿਚਾਰ ਕਾਇਮ ਹੁੰਦਾ ਹੈ ਕਿ ਪੰਜਾਬ ਤੋਂ ਜਦ ਤੋਂ ਕੂਕਾ ਸੰਪਰਦਾਇ ਦੇ ਇਨ੍ਹਾਂ ਆਗੂਆਂ ਨੂੰ ਕੱਢਿਆ ਗਿਆ ਹੈ, ਤਦ ਤੋਂ ਹੀ ਇਹ ਸਿਧਾਂਤ ਬਦਨਾਮ ਹੋਇਆ ਹੈ ਅਤੇ ਪਿਛਲੇ ਕੁਝ ਸਾਲਾਂ ਦੌਰਾਨ ਅਤੇ ਮੌਜੂਦਾ ਵਰ੍ਹੇ ਦੇ ਅਰੰਭ ਵਿੱਚ ਜਿਹੋ ਜਿਹਾ ਉਤੇਜਨਾਪੂਰਨ ਤੇ ਖ਼ਤਰਨਾਕ ਰੋਹ ਵੇਖਣ ਨੂੰ ਮਿਲਦਾ ਰਿਹਾ ਹੈ, ਉਹ ਹੁਣ ਤੇਜ਼ੀ ਨਾਲ ਘਟਦਾ ਜਾ ਰਿਹਾ ਹੈ ਅਤੇ ਛੇਤੀ ਹੀ ਉਹ ਖ਼ਤਮ ਵੀ ਹੋ ਜਾਵੇਗਾ।

ਕੂਕਾ ਆਗੂਆਂ ਦੀ ਖੁੱਲ੍ਹੀ ਸੁਣਵਾਈ ਕਰਨ ਦੇ ਮੁੱਦੇ 'ਤੇ ਲੈਫ਼ਟੀਨੈਂਟ ਗਵਰਨਰ ਦਾ ਵਿਚਾਰ ਇਹ ਹੈ ਕਿ ਇੰਝ ਕਰਨ ਨਾਲ ਅਸ਼ਾਂਤੀ ਫੈਲੇਗੀ। ਬਿਨਾਂ ਸ਼ੱਕ ਵਕੀਲ ਇਨ੍ਹਾਂ ਕੈਦੀਆਂ ਦਾ ਬਚਾਅ ਕਰਨਗੇ; ਇਸ ਲਈ ਚੰਦੇ ਇਕੱਠੇ ਕੀਤੇ ਜਾਣਗੇ; ਜਿਹੜੇ ਅਸਰ-ਰਸੂਖ਼ਦਾਰ ਵਾਲੇ ਸਥਾਨਕ ਨਿਵਾਸੀਆਂ ਨੇ ਇਨ੍ਹਾਂ ਕੂਕਾ ਆਗੂਆਂ ਵਿਰੁੱਧ ਸਰਕਾਰੀ ਕਾਰਵਾਈ ਨੂੰ ਸਹੀ ਕਰਾਰ ਦੇ ਕੇ ਪ੍ਰਵਾਨਗੀ ਦਿੱਤੀ ਹੈ, ਉਹ ਉਨ੍ਹਾਂ ਨੂੰ ਬਚਾਉਣ ਲਈ ਖਲੋ ਜਾਣਗੇ, ਹੁਣ ਵੱਡੇ ਹਿੱਸੇ 'ਚ ਸ਼ਾਂਤੀ ਕਾਇਮ ਹੋ ਚੁੱਕੀ ਹੈ ਪਰ

ਇੰਝ ਕਰਨ ਨਾਲ ਕੜਵਾਹਟ ਮੁੜ ਫੈਲਣ ਲੱਗ ਪਵੇਗੀ ਅਤੇ ਜਿਹੜੇ ਮਾਮਲਿਆਂ 'ਚ ਮਜ਼ਬੂਤ ਸਬੂਤ ਮੌਜੂਦ ਹਨ, ਉਨ੍ਹਾਂ ਨੂੰ ਵੀ ਬਰੀ ਕੀਤੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਤੇ ਉਸ ਸਭ ਦਾ ਅਸਰ ਕੋਈ ਬਹੁਤਾ ਵਧੀਆ ਨਹੀਂ ਪਵੇਗਾ।

6. ਲੈਫ਼ਟੀਨੈਂਟ ਗਵਰਨਰ ਦਾ ਇਹ ਵੀ ਮੰਨਣਾ ਹੈ ਕਿ ਕੂਕਾ ਆਗੂਆਂ ਵਿਰੁੱਧ ਅਦਾਲਤਾਂ 'ਚ ਰਸਮੀ ਕਾਰਵਾਈ ਕਰਨ ਦੀ ਥਾਂ ਉਨ੍ਹਾਂ 'ਤੇ 1818 ਦੇ ਕਾਨੂੰਨ III ਅਧੀਨ ਕਾਰਵਾਈ ਕਰਨੀ ਬਿਹਤਰ ਰਹੇਗੀ।

ਜੇ ਨਿਆਂਪੂਰਨ ਗੱਲ ਕਰੀਏ, ਤਾਂ ਇਹ ਵਿਅਕਤੀ ਕਿਸੇ ਵੀ ਤਰ੍ਹਾਂ ਦੀ ਹਮਦਰਦੀ ਦੇ ਹੱਕਦਾਰ ਨਹੀਂ ਹਨ, ਕਾਨੂੰਨੀ ਅਦਾਲਤਾਂ ਦੇ ਵਿਚਾਰ ਜੋ ਵੀ ਹੋਣ, ਸਾਰੇ ਸਬੂਤ ਪੂਰੀ ਤਰ੍ਹਾਂ ਉਨ੍ਹਾਂ ਦੇ ਵਿਰੁੱਧ ਹਨ। ਪਿਛਲੇ ਕਈ ਵਰ੍ਹਿਆਂ ਤੋਂ ਉਨ੍ਹਾਂ ਰਾਜ-ਧਰੋਹੀ ਪ੍ਰਚਾਰ ਕੀਤਾ ਹੈ ਅਤੇ ਸਰਕਾਰ ਵਿਰੁੱਧ ਸਾਜ਼ਿਸ਼ਾਂ ਰਚੀਆਂ ਹਨ। ਫਿਰ ਵੀ ਕੋਈ ਬਦਲਾ-ਲਊ ਕਦਮ ਚੁੱਕਣ ਦੀ ਇੱਛਾ ਨਹੀਂ ਹੈ ਕਿਉਂਕਿ ਹੁਣ ਕੂਕਾ ਸੰਪਰਦਾਇ ਤੋਂ ਕਿਸੇ ਵੀ ਤਰ੍ਹਾਂ ਦਾ ਖ਼ਤਰਾ ਬਾਕੀ ਨਹੀਂ ਰਿਹਾ ਅਤੇ ਜਦੋਂ ਸਰਕਾਰ ਜਨਤਕ ਸੁਰੱਖਿਆ ਲਈ ਸੋਚ-ਵਿਚਾਰ ਕੇ ਅਜਿਹਾ ਫ਼ੈਸਲਾ ਲੈ ਸਕਦੀ ਹੈ ਕਿ ਆਗੂਆਂ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ। ਮਾਣਯੋਗ ਲੈਫ਼ਟੀਨੈਂਟ ਗਵਰਨਰ ਇਸ ਕਾਰਜ-ਵਿਧੀ ਸਬੰਧੀ ਮਹਾਮਹਿਮ ਗਵਰਨਰ ਜਨਰਲ-ਇਨ-ਕੌਂਸਲ ਨੂੰ ਇੱਕ ਸਿਫ਼ਾਰਸ਼ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੋਣਗੇ, ਜੋ ਇਨ੍ਹਾਂ ਗੁੰਮਰਾਹਕੁੰਨ ਵਿਅਕਤੀਆਂ ਦੇ ਹਿਤ 'ਚ ਹੋਵੇਗੀ, ਇਸ ਲਈ ਇੱਕ ਰਸਮੀ ਸੁਣਵਾਈ ਨੂੰ ਪਹਿਲ ਦੇਣੀ ਹੋਵੇਗੀ, ਜਿਸ ਵਿੱਚ ਦੋਸ਼ੀ ਠਹਿਰਾਏ ਜਾਣ 'ਤੇ ਉਮਰ ਭਰ ਲਈ ਦੇਸ਼- ਨਿਕਾਲੇ ਦੀ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ ਲੈਫ਼ਟੀਨੈਂਟ ਗਵਰਨਰ ਦਾ ਕਿਉਂਕਿ ਇਹ ਪੂਰੀ ਤਰ੍ਹਾਂ ਮੰਨਣਾ ਹੈ ਕਿ ਇਸ ਕਾਰਵਾਈ 'ਚ ਉਨ੍ਹਾਂ ਬਾਰੇ ਪੂਰੀ ਤਰ੍ਹਾਂ ਦੀ ਸਰਕਾਰ ਦੀ ਨੀਤੀ ਦੀ ਪਾਲਣਾ ਹੋਵੇਗੀ, ਉਨ੍ਹਾਂ ਨੂੰ ਭਰੋਸਾ ਹੈ ਕਿ ਮਹਾਮਹਿਮ -ਇਨ-ਕੌਂਸਲ ਧਿਆਨ ਨਾਲ ਵਿਚਾਰ ਕਰਨ ਉਪਰੰਤ ਉਨ੍ਹਾਂ ਦੇ ਵਿਚਾਰ ਨੂੰ ਆਪਣੀ ਪ੍ਰਵਾਨਗੀ ਦੇ ਦੇਣਗੇ।

## 231

*ਮਿਤੀ ਸਿਆਲਕੋਟ, 23 ਸਤੰਬਰ, 1872*

ਵੱਲੋਂ

ਆਰ.ਡਬਲਿਊ. ਟ੍ਰੈਫ਼ੋਰਡ, ਐਸਕ.,
ਕਾਰਜਕਾਰੀ ਡਿਪਟੀ ਕਮਿਸ਼ਨਰ, ਸਿਆਲਕੋਟ।

ਵੱਲ

ਸੀ.ਐੱਮ. ਰਿਵਾਜ਼, ਐਸਕ.,
ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ।

ਤੁਹਾਡੇ ਪੱਤਰ ਨੰ. 3158, ਮਿਤੀ 20 ਸਤੰਬਰ ਦੇ ਹਵਾਲੇ ਨਾਲ ਮੈਂ ਆਪਣਾ ਵਿਚਾਰ ਪ੍ਰਗਟ ਕਰਨਾ ਹੈ ਕਿ ਜਿਹੜੇ ਵੀ ਗਵਾਹਾਂ ਦੇ ਬਿਆਨ ਲਏ ਗਏ ਹਨ, ਉਹ

ਖੁੱਲ੍ਹੀ ਅਦਾਲਤ 'ਚ ਆਪਣੇ ਪਿਛਲੇ ਬਿਆਨਾਂ ਤੋਂ ਪਲਟਣਗੇ ਨਹੀਂ। ਉਨ੍ਹਾਂ ਦੇ ਪਿੰਡਾਂ 'ਚ ਵੀ ਸ਼ਾਇਦ ਸਭ ਨੂੰ ਪਤਾ ਹੈ ਕਿ ਉਨ੍ਹਾਂ ਨੇ ਅਜਿਹੀ ਗਵਾਹੀ ਦਿੱਤੀ ਹੈ। ਉਹ ਜ਼ਿਆਦਾਤਰ ਸਮਾਂ ਜ਼ੈਲਦਾਰਾਂ ਤੇ ਨੰਬਰਦਾਰਾਂ ਵਜੋਂ ਸਰਕਾਰ ਨਾਲ ਜੁੜੇ ਰਹੇ ਵਿਅਕਤੀ ਹਨ, ਜਿਨ੍ਹਾਂ ਨੂੰ ਆਪਣੀਆਂ ਪਹਿਲੀਆਂ ਗਵਾਹੀਆਂ ਤੋਂ ਮੁੱਕਰਨ ਨਾਲ ਕੋਈ ਫ਼ਾਇਦਾ ਨਹੀਂ ਹੋਵੇਗਾ।

ਮੇਰਾ ਮੰਨਣਾ ਹੈ ਕਿ ਅਲਾਹਾਬਾਦ 'ਚ ਕੂਕਿਆਂ ਵਿਰੁੱਧ ਖੁੱਲ੍ਹੀ ਸੁਣਵਾਈ ਕਰਨੀ ਠੀਕ ਨਹੀਂ ਹੋਵੇਗੀ। ਇਸ ਵੇਲੇ ਇਸ ਜ਼ਿਲ੍ਹੇ 'ਚ ਮੁਕੰਮਲ ਸ਼ਾਂਤੀ ਹੈ। ਜੇ ਇਨ੍ਹਾਂ ਮਾਮਲਿਆਂ ਨੂੰ ਹੁਣ ਜਿਉਂ ਦੀ ਤਿਉਂ ਛੱਡ ਦਿੱਤਾ ਜਾਵੇ, ਤਾਂ ਕੂਕਾ ਮਿਸ਼ਨਰੀ ਆਪਣੇ ਰਾਹ ਤੋਂ ਲਾਂਭੇ ਹੋ ਜਾਣਗੇ ਅਤੇ ਸ਼ਾਂਤੀ ਨਾਲ ਰਹਿ ਰਹੇ ਕੂਕਿਆਂ 'ਤੇ ਧਿਆਨਪੂਰਵਕ ਨਜ਼ਰ ਰੱਖੀ ਜਾਵੇਗੀ, ਤਾਂ ਮੈਨੂੰ ਲੱਗਦਾ ਹੈ ਕਿ ਸਮਾਂ ਪੈਣ ਨਾਲ ਇਹ ਲਹਿਰ ਖ਼ਤਮ ਹੋ ਜਾਵੇਗੀ ਤੇ ਲੋਕ ਇਸ ਨੂੰ ਭੁਲਾ ਦੇਣਗੇ। ਜੇ ਜਨਤਕ ਸੁਣਵਾਈ ਕੀਤੀ ਜਾਵੇਗੀ, ਤਾਂ ਉਸ ਸਾਜ਼ਿਸ਼ ਦੀ ਅਹਿਮੀਅਤ ਵਧ ਜਾਵੇਗੀ, ਜੋ ਪਹਿਲਾਂ ਹੀ ਕਾਫ਼ੀ ਬਦਨਾਮ ਹੋ ਚੁੱਕੀ ਹੈ। ਤਦ ਸਨਕੀ ਤਾਕਤਾਂ ਸਾਹਮਣੇ ਆ ਸਕਦੀਆਂ ਹਨ। ਮੁਲਜ਼ਮਾਂ ਦੇ ਬਚਾਅ ਲਈ ਫ਼ੰਡ ਵੀ ਇਕੱਠੇ ਕੀਤੇ ਜਾ ਸਕਦੇ ਹਨ ਅਤੇ ਅਦਾਲਤ 'ਚ ਪੇਸ਼ ਹੋਣ ਵਾਲੇ ਅਧਿਕਾਰੀਆਂ ਦੇ ਸਰਕਾਰ ਨਾਲ ਬਿਨਾਂ ਵਜ੍ਹਾ ਦੇ ਟਕਰਾਅ ਵੀ ਪੈਦਾ ਹੋ ਸਕਦੇ ਹਨ।

## 232

*ਮਿਤੀ ਫ਼ਿਰੋਜ਼ਪੁਰ, 23 ਸਤੰਬਰ, 1872*

ਵੱਲੋਂ

ਆਰ.ਟੀ. ਬਰਨੀ, ਐਸਕ.,
ਕਾਰਜਕਾਰੀ ਡਿਪਟੀ ਕਮਿਸ਼ਨਰ, ਫ਼ਿਰੋਜ਼ਪੁਰ।

ਵੱਲ

ਸੀ.ਐੱਮ. ਰਿਵਾਜ਼, ਐਸਕ.,
ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ।

ਤੁਹਾਡੇ ਪੱਤਰ ਨੰ. 3168, ਮਿਤੀ 20 ਸਤੰਬਰ ਦੇ ਜਵਾਬ 'ਚ ਮੈਨੂੰ ਇਹ ਦੱਸਣ ਦਾ ਮਾਣ ਹੋਇਆ ਹੈ ਕਿ ਸ੍ਰੀ ਰਿਵਾਜ਼ ਤੇ ਮੇਰੇ ਵੱਲੋਂ ਗਵਾਹਾਂ ਬੁਰਜ ਹਮੀਰਾ ਦੇ ਮਹਿਤਾਬ ਸਿੰਘ, ਲੋਹਾਰਾ ਦੇ ਗੁਰਦਿੱਤ ਸਿੰਘ, ਲੋਪੋ ਦੇ ਨਿਧਾਣਾ, ਬਧਨੀ ਦੇ ਸੁਧਾ ਸਿੰਘ, ਹਿੰਮਤਪੁਰਾ ਦੇ ਗੁਲਾਬ ਸਿੰਘ ਦਾ ਨਿਰੀਖਣ ਕੀਤਾ ਗਿਆ ਹੈ ਅਤੇ ਇਨ੍ਹਾਂ ਸਾਰੇ ਵਿਅਕਤੀਆਂ ਦੇ ਆਪਣੀਆਂ ਗਵਾਹੀਆਂ 'ਤੇ ਪੂਰੀ ਤਰ੍ਹਾਂ ਕਾਇਮ ਰਹਿਣ ਦੀ ਸੰਭਾਵਨਾ ਹੈ।

ਕੂਕੇ ਹੁਣ ਕਾਫ਼ੀ ਬਦਨਾਮ ਹੋ ਚੁੱਕੇ ਜਾਪਦੇ ਹਨ ਪਰ ਅਲਾਹਾਬਾਦ 'ਚ ਮੌਜੂਦ ਕੈਦੀਆਂ ਵਿਰੁੱਧ ਤਸੱਲੀਬਖ਼ਸ਼ ਸਬੂਤ ਹਾਸਲ ਕੀਤੇ ਜਾ ਸਕਦੇ ਹਨ। ਮੈਨੂੰ ਲੱਗਦਾ

ਹੈ ਕਿ ਉਨ੍ਹਾਂ ਨੂੰ ਸਜ਼ਾ ਦੇਣਾ ਹੀ ਠੀਕ ਰਹੇਗਾ ਕਿ ਤਾਂ ਜੋ ਇਸ ਸੰਪਰਦਾਇ ਦੇ ਬਾਕੀ ਰਹਿੰਦੇ ਸਾਰੇ ਨਿਸ਼ਾਨ ਵੀ ਸਦਾ ਲਈ ਮਿਟ ਜਾਣ।

## 233

*ਨੰ. 715,* *ਮਿਤੀ ਗੁਜਰਾਂਵਾਲਾ, 23 ਸਤੰਬਰ, 1872*

*ਵੱਲੋਂ*

ਮੇਜਰ ਐੱਫ਼.ਜੇ. ਮਿੱਲਰ,

ਡਿਪਟੀ ਕਮਿਸ਼ਨਰ, ਗੁਜਰਾਂਵਾਲਾ।

*ਵੱਲ*

ਸੀ.ਐੱਮ. ਰਿਵਜ਼, ਐਸਕ.,

ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ।

ਮੈਨੂੰ ਤੁਹਾਡੇ ਪੱਤਰ ਨੰ. 3125, ਮਿਤੀ 20 ਸਤੰਬਰ ਦੀ ਪ੍ਰਾਪਤੀ ਬਾਰੇ ਸੂਚਿਤ ਕਰਨ ਦਾ ਮਾਣ ਹਾਸਲ ਹੋਇਆ ਹੈ, ਜਵਾਬ ਵਿੱਚ ਇਹ ਕਹਿਣਾ ਹੈ ਕਿ:

ਪਹਿਲਾ ਨੁਕਤਾ– ਮੈਨੂੰ ਬਹੁਤ ਜ਼ਿਆਦਾ ਸ਼ੱਕ ਹੈ ਕਿ ਕੀ ਮੇਰੇ ਵੱਲੋਂ ਬੀਤੀ 20 ਅਤੇ 30 ਅਪ੍ਰੈਲ ਅਤੇ 22 ਮਈ ਨੂੰ ਕੂਕਾ ਸੂਬਿਆਂ ਦੇ ਸਬੰਧ 'ਚ ਲਈਆਂ ਗਵਾਹੀਆਂ ਦੇਣ ਵਾਲੇ ਗਵਾਹ ਖੁੱਲ੍ਹੀ ਅਦਾਲਤ 'ਚ ਕਾਇਮ ਰਹਿਣਗੇ ਜਾਂ ਨਹੀਂ।

ਮੇਰੇ ਅਜਿਹਾ ਸੋਚਣ ਪਿੱਛੇ ਕਾਰਣ ਇਹ ਹੈ ਕਿ ਕੁਝ ਸਮਾਂ ਪਹਿਲਾਂ ਕੁਝ ਖ਼ਾਸ ਵਿਅਕਤੀਆਂ ਤੋਂ ਪੁਲਿਸ ਨੂੰ ਇਹ ਪੱਕੀ ਸੂਚਨਾ ਮਿਲੀ ਸੀ ਕਿ ਇਸ ਜ਼ਿਲ੍ਹੇ 'ਚ ਇੱਕ ਵਹਾਬੀ ਮੌਲਵੀ ਨੇ ਸ਼ਰ੍ਹੇਆਮ ਰਾਜ-ਧਰੋਹੀ ਪ੍ਰਚਾਰ ਕੀਤਾ ਸੀ ਅਤੇ ਜਦੋਂ ਮੈਂ ਉਨ੍ਹਾਂ ਵਿਅਕਤੀਆਂ ਨੂੰ ਸੱਦਿਆ, ਤਾਂ ਉਨ੍ਹਾਂ ਨੇ ਬਿਲਕੁਲ ਵੱਖਰੀ ਕਿਸਮ ਦੇ ਬਿਆਨ ਦਿੱਤੇ ਸਨ, ਜਿਸ ਨਾਲ ਸਭ ਕੁਝ ਬਦਲ ਗਿਆ ਸੀ। ਮੈਨੂੰ ਇਹ ਵੀ ਪੱਕਾ ਪਤਾ ਸੀ ਕਿ ਪੁਲਿਸ ਨੇ ਤਾਂ ਆਪਣੀ ਰਿਪੋਰਟ 'ਚ ਬੇਹੱਦ ਪੁਖ਼ਤਾ ਜਾਣਕਾਰੀ ਦਿੱਤੀ ਸੀ ਪਰ ਉਹ ਵਿਅਕਤੀ ਇੱਕ ਨਿਆਂਇਕ ਜਾਂਚ ਦੇ ਨਾਂਅ ਤੋਂ ਹੀ ਡਰ ਗਏ ਸਨ, ਇਸੇ ਲਈ ਉਨ੍ਹਾਂ ਉਸ ਮੌਲਵੀ ਵਿਰੁੱਧ ਖੁੱਲ੍ਹੀ ਸੁਣਵਾਈ ਕਰ ਕੇ ਉਨ੍ਹਾਂ ਦੀਆਂ ਗਵਾਹੀਆਂ ਦੇ ਆਧਾਰ 'ਤੇ ਉਸ ਨੂੰ ਦੋਸ਼ੀ ਠਹਿਰਾਉਣ ਦੀ ਪ੍ਰਕਿਰਿਆ ਕਮਜ਼ੋਰ ਕਰ ਦਿੱਤੀ।

ਦੂਜਾ ਨੁਕਤਾ– ਮੇਰਾ ਵਿਚਾਰ ਹੈ ਕਿ ਅਲਾਹਾਬਾਦ 'ਚ ਕੂਕਾ ਕੈਦੀਆਂ ਦੀ ਸੁਣਵਾਈ ਕੇਵਲ ਤਦ ਹੀ ਕਰਵਾਈ ਜਾਵੇ, ਜੇ ਸਰਕਾਰ ਨੂੰ ਪੱਕਾ ਭਰੋਸਾ ਹੈ ਕਿ ਉਨ੍ਹਾਂ ਨੂੰ ਹਰ ਹਾਲਤ 'ਚ ਦੋਸ਼ੀ ਕਰਾਰ ਦੇ ਹੀ ਦਿੱਤਾ ਜਾਵੇਗਾ। ਰਸਮੀ ਸੁਣਵਾਈ ਤੋਂ ਬਾਅਦ ਉਨ੍ਹਾਂ ਨੂੰ ਬਰੀ ਕਰ ਦਿੱਤੇ ਜਾਣ ਤੋਂ ਤਾਂ ਇਹੋ ਪ੍ਰਭਾਵ ਸਿਰਜਿਆ ਜਾਵੇਗਾ ਕਿ ਉਨ੍ਹਾਂ ਨਾਲ ਪੱਖਪਾਤ ਹੋਇਆ ਸੀ।

# 235

*ਨੰ. 1045, ਮਿਤੀ ਸ਼ਿਮਲਾ, 12 ਜੂਨ, 1872*

*ਵੱਲੋਂ*

ਈਸੀ ਬੇਲੀ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ।

*ਵੱਲ*

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਮੈਨੂੰ ਤੁਹਾਡੇ ਸਕੱਤਰ ਦਾ ਪੱਤਰ ਨੰ. 200-53 ਪੀ, ਮਿਤੀ 13 ਅਪ੍ਰੈਲ ਮਿਲਣ ਦੀ ਸੂਚਨਾ ਦੇਣ ਦੀ ਹਦਾਇਤ ਹੋਈ ਹੈ, ਜੋ ਕੂਕਾ ਮੁਖੀ (ਗੁਰੂ) ਰਾਮ ਸਿੰਘ ਜੀ ਨੂੰ ਵਾਜਬ ਜਗ੍ਹਾ ਦਾ ਇੰਤਜ਼ਾਮ ਕਰਨ ਅਤੇ ਬ੍ਰਿਟਿਸ਼ ਬਰਮਾ 'ਚ ਉਨ੍ਹਾਂ ਨੂੰ ਕੈਦ ਕਰ ਕੇ ਰੱਖਣ 'ਤੇ ਹੋਣ ਵਾਲੇ ਖ਼ਰਚਿਆਂ ਦੀ ਐਡਜਸਟਮੈਂਟ ਕਰਨ ਨਾਲ ਸੰਬੰਧਤ ਸੀ।

ਜਵਾਬ 'ਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ (ਗੁਰੂ) ਰਾਮ ਸਿੰਘ ਜੀ ਨੂੰ ਛਾਉਣੀ ਵਾਲੇ ਡਾਕਘਰ ਦੀ ਇਮਾਰਤ 'ਚ ਰੱਖਣ ਬਾਰੇ ਪੈਰਾ 5 'ਚ ਕੀਤੀ ਗਈ ਸਿਫ਼ਾਰਸ਼ ਪ੍ਰਵਾਨ ਕੀਤੀ ਜਾਂਦੀ ਹੈ ਅਤੇ ਤੁਹਾਨੂੰ ਬੇਨਤੀ ਹੈ ਕਿ ਖ਼ਰਚੇ ਦਾ ਅਨੁਮਾਨ ਤਿਆਰ ਕਰ ਕੇ ਭੇਜੋ, ਜੋ ਲੋੜੀਂਦੀਆਂ ਮੁਰੰਮਤਾਂ 'ਚ ਪਾਇਆ ਜਾਵੇਗਾ। ਬਾਹਰ ਘੁੰਮਣ ਵਾਸਤੇ ਲਿਜਾਣ ਲਈ ਪੈਰਾ 6 'ਚ ਦਿੱਤਾ ਗਿਆ ਖੱਚਰ ਖ਼ਰੀਦਣ ਦਾ ਸੁਝਾਅ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਪਰ ਜੇ ਅਜਿਹੀ ਕਸਰਤ ਕਰਨ ਦੀ ਸਲਾਹ ਕਿਸੇ ਮੈਡੀਕਲ ਅਧਿਕਾਰੀ ਵੱਲੋਂ ਦਿੱਤੀ ਜਾਂਦੀ ਹੈ, ਤਾਂ ਅਜਿਹੀ ਕੋਈ ਸਾਧਨ ਕਦੀ-ਕਦਾਈਂ ਕਿਰਾਏ 'ਤੇ ਲਿਆ ਜਾ ਸਕਦਾ ਹੈ।

ਜਿੱਥੇ ਤੱਕ ਬਾਬਾ (ਗੁਰੂ) ਰਾਮ ਸਿੰਘ ਜੀ ਦੀ ਦੇਖਭਾਲ 'ਤੇ ਹੋਣ ਵਾਲੇ ਖ਼ਰਚਿਆਂ ਦੀ ਐਡਜਸਟਮੈਂਟ ਦਾ ਸੁਆਲ ਹੈ, ਮੈਂ ਤੁਹਾਡੀ ਜਾਣਕਾਰੀ ਤੇ ਮਾਰਗ-ਦਰਸ਼ਨ ਲਈ ਵਿੱਤ ਵਿਭਾਗ ਦੇ ਮਤੇ ਨੰ. 3458, ਮਿਤੀ 14 ਮਈ ਦੀ ਇੱਕ ਕਾਪੀ ਭੇਜਣੀ ਚਾਹੁੰਦਾ ਹਾਂ।

**ਮਤਾ:** ਇਸ ਵਿਭਾਗ ਦੇ ਵਿਚਾਰ ਅਨੁਸਾਰ ਐਡਜਸਟਮੈਂਟ ਦੀ ਬਿਹਤਰੀਨ ਯੋਜਨਾ ਇਹ ਹੋਵੇਗੀ ਕਿ ਬਾਬਾ ਰਾਮ ਸਿੰਘ ਜੀ ਨੂੰ ਕੈਦ 'ਚ ਰੱਖਣ ਦੀ ਅਸਲ ਲਾਗਤ ਨੂੰ ਹਰ ਵਰ੍ਹੇ 'ਬਰਮਾ ਪ੍ਰੋਵਿੰਸੀਅਲ ਸਰਵਿਸ ਗ੍ਰਾਂਟ' 'ਚ ਜੋੜ ਦਿੱਤਾ ਜਾਇਆ ਕਰੇ। ਇਸ ਸਬੰਧੀ ਅਸਲ ਲਾਗਤ ਦੀ ਰਾਸ਼ੀ ਬਾਰੇ ਹੁਕਮ ਇਸ ਵਿਭਾਗ ਨੂੰ ਜਾਰੀ ਕੀਤੇ ਜਾ ਸਕਦੇ ਹਨ।

**ਹੁਕਮ:** ਹੁਕਮ ਦਿੱਤਾ ਜਾਂਦਾ ਹੈ ਕਿ ਉਪਰੋਕਤ ਦੀ ਕਾਪੀ ਗ੍ਰਹਿ ਵਿਭਾਗ ਨੂੰ ਭੇਜ ਦਿੱਤੀ ਜਾਵੇ ਅਤੇ ਉਸ ਵਿਭਾਗ ਤੋਂ ਪ੍ਰਾਪਤ ਹੋਏ ਅਸਲ ਦਸਤਾਵੇਜ਼ ਵਾਪਸ ਕਰ ਦਿੱਤੇ ਜਾਣ।

(ਅਸਲ ਕਾਪੀ)
ਆਰ.ਐੱਚ. ਹੋਲਿੰਗਬਰੀ,
ਸਹਾਇਕ ਸਕੱਤਰ, ਭਾਰਤ ਸਰਕਾਰ, ਵਿੱਤ ਵਿਭਾਗ

## 236

*ਨੰ. 341-53, ਮਿਤੀ ਲੁਧਿਆਣਾ, 12 ਜੁਲਾਈ, 1872*
*ਨੰ. 3306*

ਵੱਲੋਂ

ਜੇ.ਐੱਸ. ਵ੍ਹੀਲਰ, ਐਸਕ.,
ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਵੱਲ

ਇੰਸਪੈਕਟਰ ਜਨਰਲ, ਜੇਲ੍ਹਾਂ,
ਬ੍ਰਿਟਿਸ਼ ਬਰਮਾ।

ਮੈਨੂੰ ਚੀਫ਼ ਕਮਿਸ਼ਨਰ ਵੱਲੋਂ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਪਿਛਲੇ ਮਹੀਨੇ ਦੀ 12 ਤਰੀਕ ਨੂੰ ਲਿਖੇ ਪੱਤਰ ਨੰ: 1045 ਦੇ ਕੁਝ ਅੰਸ਼ (ਪੈਰੇ 1 ਅਤੇ 2) ਭੇਜਣ ਦੀ ਹਦਾਇਤ ਹੋਈ ਹੈ, ਜੋ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਦੇ ਭਵਿੱਖ ਦੇ ਸਥਾਨ ਬਾਰੇ ਹਨ।

2. ਮੁੱਖ ਕਮਿਸ਼ਨਰ ਦੀ ਬੇਨਤੀ ਹੈ ਕਿ ਤੁਸੀਂ ਪੁਲਿਸ ਦੇ ਇੰਸਪੈਕਟਰ ਜਨਰਲ ਤੇ ਮੁੱਖ ਇੰਜੀਨੀਅਰ ਨਾਲ ਮਿਲ ਕੇ ਸਾਂਝੀ ਰਿਪੋਰਟ ਭੇਜੋ ਕਿ ਭਾਰਤ ਸਰਕਾਰ ਦੇ ਹੁਕਮ ਲਾਗੂ ਕਰਨ ਦੇ ਮੰਤਵ ਲਈ ਕਿਹੜੇ ਕਦਮ ਚੁੱਕਣੇ ਜ਼ਰੂਰੀ ਹਨ।

3. ਮੁੱਖ ਇੰਜੀਨੀਅਰ ਚਾਹੁੰਦੇ ਹਨ ਕਿ ਤੁਹਾਡੀ ਰਿਪੋਰਟ 'ਚ ਉਹ ਸਾਰੇ ਕਦਮ ਹੋਣ, ਜੋ ਤੁਸੀਂ ਕੈਦੀ ਨੂੰ ਸੁਰੱਖਿਅਤ ਰੱਖਣ ਅਤੇ ਕੈਦ ਵਾਲੀ ਥਾਂ ਤੋਂ ਬਾਅਦ ਹੋਰਨਾਂ ਕਿਸੇ ਲੋਕਾਂ ਜਾਂ ਧਿਰਾਂ ਨੂੰ ਹਰ ਤਰ੍ਹਾਂ ਦੀ ਗੱਲਬਾਤ ਜਾਂ ਸੁਨੇਹਾ ਆਉਣ-ਜਾਣ ਤੋਂ ਰੋਕਣ ਲਈ ਤੁਸੀਂ ਜ਼ਰੂਰੀ ਸਮਝਦੇ ਹੋ; ਇਸ ਦੇ ਨਾਲ ਹੀ ਬਾਬਾ ਰਾਮ ਸਿੰਘ ਜੀ ਦੀ ਖ਼ੁਰਾਕ ਦਾ ਇੰਤਜ਼ਾਮ ਕਰਨ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਅਤੇ ਪੁਲਿਸ ਜਾਂ ਫ਼ੌਜੀ ਗਾਰਡਾਂ ਰਾਹੀਂ ਉਨ੍ਹਾਂ ਦੀ ਰਾਖੀ ਦੇ ਬਿਹਤਰੀਨ ਸਾਧਨਾਂ ਦਾ ਪ੍ਰਬੰਧ ਕਰਨ ਦੇ ਵੇਰਵੇ ਵੀ ਹੋਣ।

## 237

*ਨੰ. 659, ਮਿਤੀ 16 ਜੁਲਾਈ, 1872*

ਵੱਲੋਂ

ਇੰਸਪੈਕਟਰ ਜਨਰਲ, ਜੇਲ੍ਹਾਂ,
ਬ੍ਰਿਟਿਸ਼ ਬਰਮਾ।

ਵੱਲ

ਜੇ.ਐੱਸ. ਵ੍ਹੀਲਰ, ਐਸਕ.,
ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਮੈਨੂੰ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਵੱਲੋਂ ਚੀਫ਼ ਕਮਿਸ਼ਨਰ ਨੂੰ ਲਿਖੀ ਇੱਕ ਚਿੱਠੀ ਭੇਜਣ ਦਾ ਮਾਣ ਹਾਸਲ ਹੋਇਆ ਹੈ ਅਤੇ ਨਾਲ ਇਹ ਬੇਨਤੀ ਹੈ ਕਿ

ਚੀਫ਼ ਕਮਿਸ਼ਨਰ ਨੂੰ ਸੂਚਨਾ ਹਿਤ ਦੱਸਿਆ ਜਾਵੇ ਕਿ ਬਾਬਾ ਰਾਮ ਸਿੰਘ ਜੀ ਇਸ ਵੇਲੇ ਬਹੁਤ ਬੀਮਾਰ ਹਨ ਤੇ ਉਨ੍ਹਾਂ ਨੂੰ ਤੀਖਣ ਕਿਸਮ ਦੀ ਪੇਚਿਸ਼ ਹੋ ਗਈ ਹੈ।

ਮੈਂ ਉਨ੍ਹਾਂ ਦੇ ਇਲਾਜ ਸਬੰਧੀ ਮੁਕੰਮਲ ਰਿਪੋਰਟ ਮੰਗ ਲਈ ਹੈ। ਮੈਂ ਬੀਤੇ ਕੱਲ੍ਹ ਸਵੇਰੇ ਵੇਖਿਆ ਸੀ ਤੇ ਉਨ੍ਹਾਂ ਦੀ ਇੱਛਾ ਮੁਤਾਬਕ ਹਰ ਚੀਜ਼ ਉਨ੍ਹਾਂ ਕੋਲ ਸੀ।

## 238

*ਨੰ. 352-53, ਮਿਤੀ 17 ਜੁਲਾਈ, 1872*

ਵੱਲੋਂ

ਜੇ.ਟੀ. ਵ੍ਹੀਲਰ, ਐਸਕ.,
ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਵੱਲ

ਚੀਫ਼ ਇੰਸਪੈਕਟਰ, ਡਾਕਘਰ, ਬ੍ਰਿਟਿਸ਼ ਬਰਮਾ।

ਮੈਨੂੰ ਚੀਫ਼ ਕਮਿਸ਼ਨਰ ਨੇ ਆਪ ਜੀ ਨੂੰ ਇਹ ਸੂਚਿਤ ਕਰਨ ਦੀ ਹਦਾਇਤ ਕੀਤੀ ਹੈ ਕਿ ਭਾਰਤ ਸਰਕਾਰ ਦੇ ਹੁਕਮਾਂ ਨਾਲ ਕੂਕਾ ਮੁਖੀ ਬਾਬਾ ਰਾਮ ਸਿੰਘ ਜੀ ਨੂੰ ਰੱਖਣ ਲਈ ਛਾਉਣੀ ਦਾ ਡਾਕਘਰ ਤੁਰੰਤ ਲੋੜੀਂਦਾ ਹੈ ਤੇ ਤੁਹਾਨੂੰ ਇਸ ਸਬੰਧੀ ਬੇਨਤੀ ਹੈ ਕਿ ਤੁਸੀਂ ਇਸ ਨੂੰ ਛੇਤੀ ਤੋਂ ਛੇਤੀ ਖਾਲੀ ਕਰਵਾਉਣ ਦੇ ਪ੍ਰਬੰਧ ਕਰੋ।

ਮੈਂ ਇਹ ਵੀ ਕਹਿਣਾ ਹੈ ਕਿ ਜੇ ਛਾਉਣੀ ਦੀਆਂ ਜ਼ਰੂਰਤਾਂ ਮੁਤਾਬਕ ਡਾਕ ਦਾ ਕੋਈ ਇੰਤਜ਼ਾਮ ਨਹੀਂ ਹੁੰਦਾ, ਤਾਂ ਮੇਰੀ ਬੇਨਤੀ ਹੈ ਕਿ ਤੁਸੀਂ ਕੈਪਟਨ ਈਵਾਨਸਨ ਨਾਲ ਮਿਲ ਕੇ ਛਾਉਣੀ ਦੇ ਕੋਰਟ ਹਾਊਸ 'ਚ ਡਾਕਘਰ ਬਣਾ ਲਵੋ।

## 239

*ਨੰ. 354-53, ਮਿਤੀ 17 ਜੁਲਾਈ, 1872*

ਵੱਲੋਂ

ਜੇ.ਟੀ. ਵ੍ਹੀਲਰ, ਐਸਕ.,
ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਵੱਲ

ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ।

ਮੈਨੂੰ ਤੁਹਾਡੇ ਇਸੇ ਮਹੀਨੇ ਦੀ 16 ਤਰੀਕ ਦੇ ਪੱਤਰ ਨੰ. 659 ਦੀ ਪ੍ਰਾਪਤੀ ਬਾਰੇ ਜਾਣਕਾਰੀ ਦੇਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਦੱਸਿਆ ਗਿਆ ਸੀ ਕਿ ਕੂਕਾ ਮੁਖੀ ਬਾਬਾ ਰਾਮ ਸਿੰਘ ਜੀ ਪੇਚਿਸ਼ ਰੋਗ ਤੋਂ ਪੀੜਤ ਹੋ ਗਏ ਹਨ।

2. ਜਵਾਬ 'ਚ ਮੇਰੀ ਬੇਨਤੀ ਹੈ ਕਿ ਤੁਸੀਂ ਡਾ. ਗ੍ਰਿਫ਼ਿਥਸ ਨਾਲ ਮਿਲ ਕੇ ਬਾਬਾ ਰਾਮ ਸਿੰਘ ਜੀ ਦੀ ਸਿਹਤ ਬਾਰੇ ਇੱਕ ਮੁਕੰਮਲ ਰਿਪੋਰਟ ਤਿਆਰ ਕਰੋ ਅਤੇ ਇਹ ਦੱਸੋ ਕਿ ਕੀ ਤੁਸੀਂ ਉਨ੍ਹਾਂ ਦੇ ਇਲਾਜ ਬਾਰੇ ਕੋਈ ਸੁਝਾਅ ਦੇਣਾ ਚਾਹੋਗੇ।

3. ਜੇ ਬਾਹਰ ਘੁਮਾਉਣ-ਫਿਰਾਉਣ ਦੀ ਜ਼ਰੂਰਤ ਹੈ, ਤਾਂ ਬਾਬਾ ਰਾਮ ਸਿੰਘ ਜੀ ਨੂੰ ਜੇਲ੍ਹ ਤੋਂ ਬਾਹਰ ਲਿਆ ਕੇ ਇੱਕ ਬੱਘੀ 'ਚ ਘੁਮਾਇਆ ਜਾ ਸਕਦਾ ਹੈ, ਬਸ਼ਰਤੇ, ਉਨ੍ਹਾਂ ਨੂੰ ਵਾਜਬ ਚਾਰਜ ਅਧੀਨ ਰੱਖਿਆ ਜਾਵੇ।

**ਬਾਬਾ ਰਾਮ ਸਿੰਘ ਜੀ ਦੀ ਸਿਹਤ ਦੀ ਹਾਲਤ ਬਾਰੇ ਰਿਪੋਰਟ**

ਅਸੀਂ ਕਈ ਵਾਰ ਬਾਬਾ (ਗੁਰੂ) ਰਾਮ ਸਿੰਘ ਜੀ ਦਾ ਬਹੁਤ ਧਿਆਨ ਨਾਲ ਨਿਰੀਖਣ ਕੀਤਾ ਹੈ; ਉਹ ਪੇਚਿਸ਼ ਰੋਗ ਤੋਂ ਪੀੜਤ ਹਨ, ਜੋ ਕੋਈ ਭੈੜੀ ਕਿਸਮ ਦੀ ਬੀਮਾਰੀ ਨਹੀਂ ਹੈ ਪਰ ਉਹ ਨਿਰਾਸ਼ ਹਨ ਅਤੇ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਇਸ ਜੇਲ੍ਹ ਤੋਂ ਬਾਹਰ ਕੱਢਿਆ ਜਾਵੇ। ਜਿਹੜੀ ਇਮਾਰਤ 'ਚ ਉਨ੍ਹਾਂ ਨੂੰ ਰੱਖਿਆ ਗਿਆ ਹੈ, ਉਹ ਪੂਰੀ ਤਰ੍ਹਾਂ ਹਵਾਦਾਰ ਤੇ ਠੰਢੀ ਹੈ ਅਤੇ ਖਿੜਕੀਆਂ ਨੂੰ ਹਵਾਦਾਰੀ ਲਈ ਬਾਕਾਇਦਾ ਸ਼ਟਰ ਲੱਗੇ ਹੋਏ ਹਨ।

ਇਹ ਇੱਕ ਵੱਡੇ ਵਿਹੜੇ 'ਚ ਦੋ-ਮੰਜ਼ਿਲਾ ਇਮਾਰਤ ਹੈ, ਜੋ ਬਾਕੀ ਜੇਲ੍ਹ ਤੋਂ ਪੂਰੀ ਤਰ੍ਹਾਂ ਵੱਖ ਹੈ, ਜਿਸ ਵਿੱਚ ਮੇਜ਼, ਕੁਰਸੀਆਂ, ਮੰਜੀਆਂ, ਪੱਖੇ ਸਜੇ ਹੋਏ ਹਨ ਅਤੇ ਉਨ੍ਹਾਂ ਦੀ ਸੁਵਿਧਾ ਲਈ ਹਰ ਚੀਜ਼ ਉੱਥੇ ਮੌਜੂਦ ਹੈ ਜਾਂ ਜਿਹੜੀ ਵੀ ਚੀਜ਼ ਉਹ ਮੰਗਦੇ ਹਨ, ਉਹ ਦਿੱਤੀ ਜਾਂਦੀ ਹੈ; ਪਰ ਅਪਰਾਧਕ ਜੇਲ੍ਹ ਦੇ ਅੰਦਰ ਕੈਦ ਰਹਿਣ ਨਾਲ ਉਹ ਨਿਰਾਸ਼ ਅਤੇ ਚਿੰਤਾਤੁਰ ਹੋ ਗਏ ਹਨ, ਜਿਸ ਕਾਰਣ ਉਹ ਜਿਹੋ ਜਿਹੇ ਹਨ, ਉਸ ਨਾਲੋਂ ਭੈੜੀ ਅਵਸਥਾ 'ਚ ਜਾਪਦੇ ਹਨ। ਇਸ ਲਈ ਅਸੀਂ ਸਿਫ਼ਾਰਸ਼ ਕਰਾਂਗੇ ਕਿ ਜਿੰਨੀ ਵੀ ਛੇਤੀ ਵਿਵਹਾਰਕ ਹੋਵੇ, ਉਨਾ ਜੇਲ੍ਹ ਤੋਂ ਬਾਹਰ ਕਿਸੇ ਸਥਾਨ 'ਤੇ ਲਿਜਾਂਦਾ ਜਾਵੇ, ਭੋਜਨ ਤੇ ਮੈਡੀਕਲ ਇਲਾਜ ਵਾਜਬ ਮਿਲ ਰਿਹਾ ਹੈ।

ਅਸੀਂ ਉਨ੍ਹਾਂ ਦੀ ਸਿਹਤ ਦੀ ਮੌਜੂਦਾ ਹਾਲਤ ਨੂੰ ਵੇਖਦਿਆਂ ਬੱਘੀ 'ਚ ਉਨ੍ਹਾਂ ਨੂੰ ਨਾ ਲਿਜਾਣ ਦੀ ਸਲਾਹ ਦਿੰਦੇ ਹਾਂ।

ਡਬਲਿਊ.ਪੀ. ਕੈਲੀ,
ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ।
20 ਜੁਲਾਈ, 1872 ਐੱਚ. ਗ੍ਰਿਫ਼ਿਥਸ, ਸਿਵਲ ਸਰਜਨ
ਮੈਡੀਕਲ ਇੰਚਾਰਜ, ਰੰਗੂਨ ਕੇਂਦਰੀ ਜੇਲ੍ਹ।

**ਕੋਈ ਹੁਕਮ ਨਹੀਂ**

## 240

*ਨੰ. 376-53, ਮਿਤੀ ਰੰਗੂਨ, 26 ਜੁਲਾਈ, 1872*

ਵੱਲੋਂ

ਜੇ.ਟੀ. ਵ੍ਹੀਲਰ, ਐਸਕ.,
ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਵੱਲ

ਐੱਚ.ਐੱਲ. ਡੈਂਪੀਅਰ, ਐਸਕ.,

ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਇਸ ਦਫ਼ਤਰ ਵੱਲੋਂ ਭੇਜੇ ਇਸੇ ਮਹੀਨੇ ਦੀ 18 ਤਰੀਕ ਦੇ ਪੱਤਰ ਨੰ. 359-53ਪੀ ਦੀ ਨਿਰੰਤਰਤਾ 'ਚ, ਮੈਨੂੰ ਕਾਰਜਕਾਰੀ ਚੀਫ਼ ਕਮਿਸ਼ਨਰ ਵੱਲੋਂ ਮਹਾਮਹਿਮ ਵਾਇਸਰਾਏ ਅਤੇ ਗਵਰਨਰ ਜਨਰਲ-ਇਨ-ਕੌਂਸਲ ਦੀ ਸੂਚਨਾ ਹਿਤ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਡਾ. ਕੈਲੀ ਅਤੇ ਰੰਗੂਨ ਕੇਂਦਰੀ ਜੇਲ੍ਹ ਦੇ ਮੈਡੀਕਲ ਇੰਚਾਰਜ ਤੇ ਸਿਵਲ ਸਰਜਨ ਡਾ. ਗ੍ਰਿਫ਼ਿਥਸ ਵੱਲੋਂ ਬਾਬਾ ਰਾਮ ਸਿੰਘ ਜੀ ਦੀ ਸਿਹਤ ਬਾਰੇ ਤਿਆਰ ਕੀਤੀ ਸਾਂਝੀ ਮੈਡੀਕਲ ਰਿਪੋਰਟ ਦੀ ਇੱਕ ਕਾਪੀ ਭੇਜਣ ਦੀ ਹਦਾਇਤ ਹੋਈ ਹੈ।

2. ਕਾਰਜਕਾਰੀ ਚੀਫ਼ ਕਮਿਸ਼ਨਰ ਚਾਹੁੰਦੇ ਹਨ ਕਿ ਮੈਂ ਦੱਸਾਂ ਕਿ ਬਾਬਾ ਰਾਮ ਸਿੰਘ ਜੀ ਨੂੰ ਛੇਤੀ ਤੋਂ ਛੇਤੀ ਮੌਜੂਦਾ ਸਥਾਨ ਤੋਂ ਤਬਦੀਲ ਕਰ ਕੇ ਹਾਲ ਹੀ 'ਚ ਹਾਸਲ ਕੀਤੀ ਛਾਉਣੀ ਡਾਕਘਰ ਦੀ ਇਮਾਰਤ 'ਚ ਭੇਜਣ ਦੇ ਇੰਤਜ਼ਾਮ ਕੀਤੇ ਜਾ ਰਹੇ ਹਨ।

## 241

*ਮੀਮੋ ਨੰ. 247, ਮਿਤੀ ਲਾਹੌਰ, 17 ਜੂਨ, 1872*

ਵੱਲ

ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ ਆੱਫ਼ ਪੁਲਿਸ।

ਜ਼ਿਲ੍ਹਾ ਜਲੰਧਰ ਦੇ ਪੁਲਿਸ ਸੁਪਰਇੰਟੈਂਡੈਂਟ ਦੀ ਰਿਪੋਰਟ ਹੈ ਕਿ ਵਿਆਹ ਸਮਾਰੋਹਾਂ ਦੇ ਬਹਾਨੇ ਕੂਕਿਆਂ ਦੀਆਂ ਕੁਝ ਅਸਾਧਾਰਣ ਕਿਸਮ ਦੀਆਂ ਗਤੀਵਿਧੀਆਂ ਵਿਖਾਈ ਦੇ ਰਹੀਆਂ ਹਨ।

ਕੂਕਿਆਂ ਨੇ ਦਰਸਾਏ ਹਿੱਲਜੁੱਲ ਦੇ ਚਿੰਨ੍ਹ

2. ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਮੂਹ ਜ਼ਿਲ੍ਹਾ ਸੁਪਰਇੰਟੈਂਡੈਂਟਸ ਨੂੰ ਚਿਤਾਵਨੀ ਦੇਣਗੇ ਕਿ ਉਹ ਕੂਕਿਆਂ 'ਚ ਜੋ ਕੁਝ ਵੀ ਚੱਲ ਰਿਹਾ ਹੈ, ਉਸ ਸਬੰਧੀ ਡਿਪਟੀ ਕਮਿਸ਼ਨਰਾਂ ਤੇ ਇਸ ਦਫ਼ਤਰ ਨੂੰ ਪੂਰੀ ਜਾਣਕਾਰੀ ਦਿੰਦੇ ਰਹਿਣ।

ਕੂਕਿਆਂ 'ਚ ਜੋ ਕੁਝ ਵੀ ਚੱਲ ਰਿਹਾ ਹੈ, ਉਸ ਬਾਰੇ ਹਰ ਕਿਸਮ ਦੀ ਰਿਪੋਰਟ ਦੇਣੀ ਹੋਵੇਗੀ।

## 242

### ਕਵਰ 'ਤੇ ਲਿਖਤ

ਰੰਗੂਨ ਤੋਂ ਆਏ ਪੱਤਰ ਦਾ ਤਰਜਮਾ ਲੁਧਿਆਣਾ ਜ਼ਿਲ੍ਹੇ ਦੇ ਥਾਣਾ ਸਾਹਨੇਵਾਲ ਅਧੀਨ ਪੈਂਦੇ ਪਿੰਡ ਭੈਣੀ 'ਚ ਗੋਪਾਲ ਸਿੰਘ ਤੇ ਬੁੱਧ ਸਿੰਘ ਨੂੰ ਦੇਣਾ ਹੋਵੇਗਾ।

ਬਾਬਾ (ਗੁਰੂ) ਰਾਮ ਸਿੰਘ ਜੀ ਤੇ ਨਾਨੂੰ ਸਿੰਘ ਵੱਲੋਂ ਭਾਈ ਗੋਪਾਲ ਸਿੰਘ ਤੇ ਬੁੱਧ ਸਿੰਘ ਨੂੰ ਲਿਖਿਆ ਗਿਆ।

ਮੇਰੇ ਭਾਈਚਾਰੇ ਦੇ ਸਮੂਹ ਮੈਂਬਰਾਂ ਨੂੰ ਸ਼ੁਭਕਾਮਨਾਵਾਂ ਅਤੇ ਬੀਬੀ ਨੰਦਾਂ ਨੂੰ ਰਾਮਸਤਿ (ਔਰਤਾਂ ਨੂੰ ਸ਼ੁਭਕਾਮਨਾਵਾਂ)।

ਮੈਂ ਸਰੀਰਕ ਤੌਰ 'ਤੇ ਤੰਦਰੁਸਤ ਹਾਂ। ਸਰਕਾਰ ਸਾਨੂੰ ਭੋਜਨ ਤੇ ਕੱਪੜੇ ਦਿੰਦੀ ਹੈ ਪਰ ਵਿਛੋੜੇ ਦੀ ਅੱਗ ਮੈਨੂੰ ਬਹੁਤ ਸਾੜਦੀ ਹੈ। ਅਸੀਂ ਕਲਕੱਤਾ ਤੋਂ ਸਾਢੇ ਚਾਰ ਦਿਨ ਦੀ ਦੂਰੀ 'ਤੇ ਹਾਂ। ਇਸ ਸ਼ਹਿਰ ਨੂੰ ਰੰਗੂਨ ਆਖਦੇ ਹਨ। ਇਹ ਇੱਕ ਸਮੁੰਦਰੀ ਬੰਦਰਗਾਹ ਹੈ। ਮੈਨੂੰ ਚਿੱਠੀ 'ਚ ਦੱਸੋ ਕਿ 'ਬੜਾ' ਬਾਬਾ ਕਿਵੇਂ ਹੈ। ਕੀ ਉਸ ਦਾ ਦਿਹਾਂਤ ਹੋ ਗਿਆ ਹੈ? ਸਾਡਾ ਭਰੋਸਾ ਸਿਰਫ਼ ਗੁਰੂ 'ਤੇ ਹੈ, ਜਿਨ੍ਹਾਂ ਨੇ ਸਾਨੂੰ ਮੌਜੂਦਾ ਮੰਦੇਭਾਗ ਵਿਖਾਏ ਹਨ। ਆਪਣੇ ਬਾਰੇ ਸਾਨੂੰ ਹਰੇਕ ਚੀਜ਼ ਬਾਰੇ ਦੱਸੋ। ਇਹ ਵੀ ਦੱਸਣਾ ਕਿ ਕੀ ਸਰਕਾਰ ਨੇ ਜਿਹੜੀ ਸੰਪਤੀ ਜ਼ਬਤ ਕੀਤੀ ਸੀ, ਕੀ ਉਹ ਸਾਰੀ ਵਾਪਸ ਦੇ ਦਿੱਤੀ ਹੈ ਕਿ ਜਾਂ ਉਸ ਦਾ ਕੁਝ ਹਿੱਸਾ ਦਿੱਤਾ ਹੈ।

ਕੀ ਰਾਏਪੁਰ ਤੇ ਸਢਾਉਰਾ ਦੇ ਲੋਕਾਂ ਤੇ ਕਾਹਨ ਸਿੰਘ ਦੇ ਦਲ 'ਚੋਂ ਕਿਸੇ ਨੂੰ ਰਿਹਾਅ ਕਰ ਦਿੱਤਾ ਗਿਆ ਹੈ? ਅਤੇ ਉਹ ਕਿੱਥੇ ਹਨ?

ਤੁਸੀਂ ਦੋਵੇਂ (ਗੋਪਾਲ ਸਿੰਘ ਤੇ ਬੁੱਧ ਸਿੰਘ) ਇਕੱਠੇ ਮਿਲ-ਜੁਲ਼ ਕੇ ਰਹਿਣਾ। ਨਾਸ਼ਵਾਨ ਜੀਵਾਂ ਨੂੰ ਅਜਿਹੀਆਂ ਬਹੁਤ ਮਿਲਣੀਆਂ ਤੇ ਵਿਛੋੜੇ ਝੱਲਣੇ ਪੈਂਦੇ ਹਨ।

ਕਿਸੇ ਵੀ ਤਰ੍ਹਾਂ ਦੀਆਂ ਮੱਝਾਂ, ਬਲਦ ਜਾਂ ਗਊਆਂ, ਜੋ ਵੀ ਤੁਸੀਂ ਇੱਕ ਧਾਰਮਿਕ ਭੇਟ ਵਜੋਂ ਹਾਸਲ ਕਰੋ, ਉਨ੍ਹਾਂ ਨੂੰ ਗੁਰੂ ਦੇ ਨਾਂਅ 'ਤੇ ਦਾਨ ਕਰ ਦੇਵੋ। ਉਨ੍ਹਾਂ ਨੂੰ ਰੱਖੋ ਨਾ। ਨੰਦਾਂ ਨੂੰ ਸੁੱਖ-ਸੁਵਿਧਾ ਦੇਵੋ--

ਆਪਣੀ ਚਿੱਠੀ ਸਿੱਧੀ ਮੈਨੂੰ ਇਸ ਪਤੇ 'ਤੇ ਭੇਜੋ:

ਵੱਲ

ਰਾਮ ਸਿੰਘ, ਰੰਗੂਨ,
ਜੇਲ੍ਹ ਆਫ਼ਿਸ,
ਮਾਰਫ਼ਤ ਸੁਪਰਇੰਟੈਂਡੈਂਟ।

ਇਹ ਪਤਾ ਗੁਰਮੁਖੀ ਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ 'ਚ ਲਿਖੋ।

ਨਾਨੂੰ ਸਿੰਘ ਦੇ ਪਰਿਵਾਰ ਬਾਰੇ ਵੀ ਲਿਖਣਾ। ਆਪਣੀ ਲਿਖੀ ਚਿੱਠੀ ਦੇ ਨਾਲ ਨਾਨੂੰ ਸਿੰਘ ਦੇ ਰੁੜਕੀ ਵਾਲੇ ਚਾਚੇ ਦੀ ਹੱਥੀਂ ਲਿਖੀ ਚਿੱਠੀ ਵੀ ਭੇਜੋ, ਜਿਸ ਵਿੱਚ ਨਾਨੂੰ ਸਿੰਘ ਦੇ ਪਰਿਵਾਰ ਦਾ ਹਾਲ-ਚਾਲ ਦਰਜ ਹੋਵੇ। ਸਤਿਗੁਰੂ ਬਾਰੇ ਵੀ ਲਿਖੋ, ਕੀ ਹਜ਼ਰੋ ਵਿਖੇ ਸਭ ਕੁਝ ਠੀਕਠਾਕ ਹੈ ਕਿ ਨਹੀਂ? ਹਰੇਕ ਚੀਜ਼ ਬਾਰੇ ਸਭ ਲਿਖੋ।

ਮੇਰੀ ਭਲਾਈ ਲਈ (ਸ੍ਰੀ ਗੁਰੂ) ਗ੍ਰੰਥ ਸਾਹਿਬ ਦਾ ਪਾਠ ਕਰਦੇ ਰਹੋ। ਮੇਰੇ ਲਾਭ ਲਈ ਭਿਖਿਆ ਵੀ ਦੇਵੋ। ਅਕਾਲ ਪੁਰਖ ਅੱਗੇ ਅਰਦਾਸ ਕਰੋ।

ਭੋਲੀ ਨੂੰ ਦੱਸਣਾ ਕਿ ਚੰਦੋ ਤੋਂ ਉਸ ਦਾ ਪੈਸਾ ਵਾਪਸ ਮਿਲਣ ਦੇ ਕੋਈ ਆਸਾਰ ਨਹੀਂ ਹਨ; ਇਸ ਲਈ ਬਿਹਤਰ ਰਹੇਗਾ ਕਿ ਉਹ ਸਮਝ ਲਵੇ ਕਿ ਉਸ ਭੋਲੀ ਦੇ ਭਲੇ ਲਈ ਚੰਦੋ ਨੂੰ ਖ਼ੈਰਾਤ ਦਾਨ ਕਰ ਦਿੱਤੀ।

ਬੁੱਧ ਸਿੰਘ ਤੇ ਨੰਦਾਂ ਮੇਰੇ ਕਮਰੇ 'ਚ ਰਹਿਣ, ਉਸ ਕਮਰੇ ਨੂੰ ਖਾਲੀ ਨਾ ਛੱਡਿਆ ਜਾਵੇ।

ਚਲੋ ਠੀਕ ਹੈ: ਰੱਬ ਦੀ ਮਰਜ਼ੀ ਪੂਰੀ ਹੋਵੇ।

ਚਿੱਠੀ ਲਿਖਦੇ ਰਹਿਣਾ ਤੇ ਨਾਨੂੰ ਸਿੰਘ ਦੇ ਪਰਿਵਾਰ ਬਾਰੇ ਲਿਖਣਾ ਨਾ ਭੁੱਲਣਾ।

ਮਿਤੀ ਹਾੜ੍ਹ ਵਦੀ 4, 1929 (24 ਜੂਨ, 1872)

ਆਪਣੇ ਲਿਫ਼ਾਫ਼ੇ 'ਤੇ ਹੇਠ ਲਿਖੇ ਅਨੁਸਾਰ ਲਿਖਣਾ:

ਇਹ ਚਿੱਠੀ ਰਾਮ ਸਿੰਘ ਨੂੰ ਮਿਲੇ।

ਰੰਗੂਨ ਜੇਲ੍ਹ, ਸੁਪਰਇੰਟੈਂਡੈਂਟ ਦਫ਼ਤਰ

ਇਹ ਸਭ ਗੁਰਮੁਖੀ ਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ 'ਚ ਲਿਖਿਆ ਜਾਵੇ।

## 243

*ਨੰ. 347-53ਪੀ, ਮਿਤੀ ਰੰਗੂਨ, 15 ਜੁਲਾਈ, 1872*

ਵੱਲੋਂ

ਜੇ.ਟੀ. ਵ੍ਹੀਲਰ, ਐਸਕ.,
ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਵੱਲ

ਸੀ.ਯੂ. ਐਚਿਸਨ, ਐਸਕ., ਸੀਐੱਸਆਈ,
ਸਕੱਤਰ, ਭਾਰਤ ਸਰਕਾਰ,
ਵਿਦੇਸ਼ ਵਿਭਾਗ।

ਮੈਨੂੰ ਕਾਰਜਕਾਰੀ ਚੀਫ਼ ਕਮਿਸ਼ਨਰ ਵੱਲੋਂ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਦਾ ਪੰਜਾਬ 'ਚ ਗੋਪਾਲ ਸਿੰਘ ਦੇ ਪਤੇ 'ਤੇ ਲਿਖਿਆ ਸੀਲਬੰਦ ਪੱਤਰ ਭਾਰਤ ਸਰਕਾਰ ਦੇ ਹੁਕਮਾਂ ਲਈ ਭੇਜਣ ਦੀ ਹਦਾਇਤ ਹੋਈ ਹੈ।

## 244

*ਨੰ. 1629, ਮਿਤੀ ਸ਼ਿਮਲਾ, 29 ਅਗਸਤ, 1872*

ਵੱਲੋਂ

ਐੱਚ.ਡਬਲਿਊ. ਵੈਲਜ਼ਲੀ, ਐਸਕ.,
ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ।

ਵੱਲ

ਸਕੱਤਰ, ਪੰਜਾਬ ਸਰਕਾਰ।

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ ਦੇ ਪਿਛਲੇ ਮਹੀਨੇ ਦੀ 15 ਤਰੀਕ ਦੇ ਪੱਤਰ ਨੰ. 347-53ਪੀ ਦੀ ਨਾਲ ਨੱਥੀ ਕਾਪੀ ਦੇ ਹਵਾਲੇ ਨਾਲ, ਜਿਸ ਵਿੱਚ ਕੂਕਾ

ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਦਾ ਪੰਜਾਬ 'ਚ ਕਿਸੇ ਗੋਪਾਲ ਸਿੰਘ ਦੇ ਨਾਂਅ ਲਿਖਿਆ ਸੀਲਬੰਦ ਪੱਤਰ ਮੌਜੂਦ ਹੈ। ਮੈਨੂੰ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਇਹ ਦੱਸਿਆ ਜਾ ਸਕਦਾ ਹੈ ਕਿ ਕੀ ਮਾਣਯੋਗ ਸਾਹਿਬ ਨੂੰ ਇਹ ਪੱਤਰ ਆਪਣੇ ਟਿਕਾਣੇ 'ਤੇ ਭੇਜਣ ਵਿੱਚ ਕੋਈ ਇਤਰਾਜ਼ ਤਾਂ ਨਹੀਂ ਹੈ।

## 245

*ਨੰ. 2950, ਮਿਤੀ ਸ਼ਿਮਲਾ, 4 ਸਤੰਬਰ, 1872*

*ਵੱਲੋਂ*

ਐੱਲ.ਐੱਚ. ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਐੱਚ.ਐੱਲ. ਡੈਂਪੀਅਰ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਪੱਤਰ ਨੰ. 1629, ਮਿਤੀ 29 ਅਗਸਤ ਦੇ ਜਵਾਬ 'ਚ, ਜਿਸ ਰਾਹੀਂ ਪੁੱਛਿਆ ਗਿਆ ਸੀ ਕਿ ਕੀ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਕੂਕਾ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਵੱਲੋਂ ਗੋਪਾਲ ਸਿੰਘ ਦੇ ਨਾਂਅ ਸੀਲਬੰਦ ਚਿੱਠੀ ਭੇਜਣ 'ਤੇ ਕੋਈ ਇਤਰਾਜ਼ ਤਾਂ ਨਹੀਂ ਹੈ, ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਲੈਫ਼ਟੀਨੈਂਟ ਗਵਰਨਰ ਦਾ ਕਹਿਣਾ ਹੈ ਕਿ ਅਜਿਹੀ ਚਿੱਠੀ ਨੂੰ ਟਿਕਾਣੇ 'ਤੇ ਭੇਜਣ ਉੱਤੇ ਬਹੁਤ ਸਖ਼ਤ ਇਤਰਾਜ਼ ਹੈ।

2. ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਮੌਜੂਦਾ ਹਾਲਾਤ 'ਚ ਤਾਂ ਬਿਨਾਂ ਸੀਲ ਸਿਆਸੀ ਪੱਖੋਂ ਮਹੱਤਵਹੀਣ ਚਿੱਠੀਆਂ ਰਾਹੀਂ ਕਿਸੇ ਵੀ ਤਰ੍ਹਾਂ ਦਾ ਸੁਨੇਹਾ ਕੂਕਾ ਆਗੂ ਤੇ ਪੰਜਾਬ 'ਚ ਉਨ੍ਹਾਂ ਦੇ ਸਾਥੀਆਂ ਤੱਕ ਪੁੱਜਣ ਦੀ ਇਜਾਜ਼ਤ ਦੇਣਾ ਠੀਕ ਨਹੀਂ ਹੈ।

## 246

*ਨੰ. 1750, ਮਿਤੀ ਸ਼ਿਮਲਾ, 17 ਸਤੰਬਰ, 1872*

*ਵੱਲੋਂ*

ਐੱਚ.ਡਬਲਿਊ. ਵੈਲਜ਼ਲੀ, ਐਸਕ.,
ਅਫ਼ਿਸ਼ੀਏਟਿੰਗ ਅਧੀਨ ਸਕੱਤਰ, ਭਾਰਤ ਸਰਕਾਰ।

*ਵੱਲ*

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਮੈਨੂੰ ਬੀਤੀ 15 ਜੁਲਾਈ ਦਾ ਤੁਹਾਡਾ ਪੱਤਰ ਨੰ. 347-53ਪੀ ਪ੍ਰਾਪਤ ਹੋਣ ਬਾਰੇ ਸੂਚਿਤ ਕਰਨ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਸਰਕਾਰੀ ਕੈਦੀ ਬਾਬਾ

ਰਾਮ ਸਿੰਘ ਜੀ ਵੱਲੋਂ ਪੰਜਾਬ 'ਚ ਕਿਸੇ ਗੋਪਾਲ ਸਿੰਘ ਨਾਂਅ ਦੇ ਵਿਅਕਤੀ ਦੇ ਨਾਂਅ ਭੇਜਿਆ ਸੀਲਬੰਦ ਪੱਤਰ ਸੀ।

ਜਵਾਬ 'ਚ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਗਵਰਨਰ ਜਨਰਲ-ਇਨ-ਕੌਂਸਲ ਦਾ ਮੰਨਣਾ ਹੈ ਕਿ ਅਜਿਹੀ ਕੋਈ ਵੀ ਚਿੱਠੀ ਨੂੰ ਉਸ ਦੇ ਟਿਕਾਣੇ 'ਤੇ ਭੇਜਣ 'ਤੇ ਬਹੁਤ ਗੰਭੀਰ ਇਤਰਾਜ਼ ਹੈ। ਗਵਰਨਰ ਜਨਰਲ-ਇਨ-ਕੌਂਸਲ ਦੇ ਵਿਚਾਰ ਅਨੁਸਾਰ ਮੌਜੂਦਾ ਹਾਲਾਤ 'ਚ ਤਾਂ ਬਿਨਾਂ ਸੀਲ ਸਿਆਸੀ ਪੱਖੋਂ ਮਹੱਤਵਹੀਣ ਚਿੱਠੀਆਂ ਰਾਹੀਂ ਕਿਸੇ ਵੀ ਤਰ੍ਹਾਂ ਦਾ ਸੁਨੇਹਾ ਕੂਕਾ ਆਗੂ ਤੇ ਪੰਜਾਬ 'ਚ ਉਨ੍ਹਾਂ ਦੇ ਸਾਥੀਆਂ ਤੱਕ ਪੁੱਜਣ ਦੀ ਇਜਾਜ਼ਤ ਦੇਣਾ ਠੀਕ ਨਹੀਂ ਹੈ।

ਉਸੇ ਅਨੁਸਾਰ ਮੈਂ ਉਹ ਕਵਰ ਵਾਪਸ ਭੇਜਣਾ ਚਾਹੁੰਦਾ ਹਾਂ।

## 247

*ਸ਼ਿਮਲਾ, 13 ਅਗਸਤ, 1872*

ਮੇਰੇ ਪਿਆਰੇ ਡੈਂਪੀਅਰ,

ਮੈਂ ਤੁਹਾਨੂੰ ਬਾਬਾ ਰਾਮ ਸਿੰਘ ਜੀ ਦੇ ਪੱਤਰ ਦਾ ਤਰਜਮਾ ਭੇਜ ਰਿਹਾ ਹਾਂ, ਜਿਸ 'ਚ ਲਿਖੀ ਇਬਾਰਤ ਬਿਲਕੁਲ ਵੀ ਨੁਕਸਾਨਦੇਹ ਨਹੀਂ ਜਾਪਦੀ ਅਤੇ ਇਸ ਦੇ ਨਾਲ ਹੀ ਜਿਹੜੀ ਵੀ ਚਿੱਠੀ ਜਾਂ ਚਿੱਠੀਆਂ ਪਹਿਲਾਂ ਸਿੱਧੀਆਂ ਬਾਬਾ ਰਾਮ ਸਿੰਘ ਜੀ ਤੋਂ ਮਿਲੀਆਂ ਹਨ, ਉਹ ਅੱਗੇ ਦਰਸਾਏ ਪਤਿਆਂ 'ਤੇ ਨਹੀਂ ਭੇਜੀਆਂ ਗਈਆਂ ਸਨ ਕਿਉਂਕਿ ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਸੀ ਕਿ ਬਾਬਾ ਰਾਮ ਸਿੰਘ ਜੀ ਤੇ ਪੰਜਾਬ ਨਾਲ ਉਨ੍ਹਾਂ ਸਾਰੇ ਸੰਪਰਕਾਂ ਨੂੰ ਤੋੜਨਾ ਹੀ ਵਧੀਆ ਰਹੇਗਾ।

ਹਸਤਾਖਰ/- ਗ੍ਰਿਫ਼ਿਨ

## 248

*ਨੰ. 1178, ਮਿਤੀ ਸ਼ਿਮਲਾ, 2 ਜੁਲਾਈ, 1872*

ਵੱਲੋਂ

ਐੱਲ.ਐੱਚ. ਡੈਂਪੀਅਰ, ਐਸਕ., ਸੀਐੱਸਆਈ,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਵੱਲ

ਐੱਲ.ਐੱਚ. ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਮੈਨੂੰ ਗਵਰਨਰ ਜਨਰਲ-ਇਨ-ਕੌਂਸਲ ਦੀ ਹਦਾਇਤ ਹੋਈ ਹੈ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਦਾ ਧਿਆਨ ਪਿਛਲੇ ਮਹੀਨੇ ਦੀ 21 ਤਰੀਕ ਦੇ 'ਇੰਡੀਅਨ ਪਬਲਿਕ ਓਪੀਨੀਅਨ' ਅਤੇ ਉਸੇ ਮਹੀਨੇ ਦੀ 25 ਤਰੀਕ ਦੇ 'ਦਿ ਪਾਇਓਨੀਅਰ' ਵੱਲ ਦਿਵਾਇਆ ਜਾਵੇ; ਦੋਵੇਂ ਅਖ਼ਬਾਰਾਂ 'ਚ ਕੂਕਿਆਂ ਦੇ ਵਿਸ਼ੇ 'ਤੇ

ਪਟਿਆਲਾ ਦੇ ਮਹਾਰਾਜੇ ਵੱਲੋਂ ਤੁਹਾਡੇ ਪਤੇ 'ਤੇ 15 ਫ਼ਰਵਰੀ ਨੂੰ ਲਿਖੀ ਚਿੱਠੀ ਦੀ ਕਾਪੀ ਛਪੀ ਹੈ।

2. ਗਵਰਨਰ ਜਨਰਲ-ਇਨ-ਕੌਂਸਲ ਦੀ ਬੇਨਤੀ ਹੈ ਕਿ ਜੇ ਮੁਮਕਿਨ ਹੋਵੇ, ਤਾਂ ਲੈਫ਼ਟੀਨੈਂਟ ਗਵਰਨਰ ਜੇ ਇਸ ਗੱਲ ਦੀ ਜਾਂਚ ਕਰਨ ਤਾਂ ਵਧੀਆ ਰਹੇਗਾ ਕਿ ਜ਼ੇਰੇ-ਗ਼ੌਰ ਚਿੱਠੀ ਜਨਤਕ ਅਖ਼ਬਾਰਾਂ ਤੱਕ ਕਿਵੇਂ ਪੁੱਜ ਗਈ ਤੇ ਆਪਣੀ ਜਾਂਚ ਦੇ ਨਤੀਜੇ ਦੀ ਰਿਪੋਰਟ ਦੇਣ।

## 249

*ਨੰ. 73 ਐੱਸ, ਮਿਤੀ ਸ਼ਿਮਲਾ, 9 ਜੁਲਾਈ, 1872*

*ਵੱਲੋਂ*

ਐੱਲ.ਐੱਚ. ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਐੱਚ.ਐੱਲ. ਡੈਂਪੀਅਰ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਮੈਨੂੰ ਤੁਹਾਡਾ ਪੱਤਰ ਨੰ. 1178, ਮਿਤੀ 2 ਜੁਲਾਈ ਪ੍ਰਾਪਤ ਹੋਣ ਬਾਰੇ ਸੂਚਿਤ ਕਰਨ ਦੀ ਹਦਾਇਤ ਹੋਈ ਹੈ, ਜਿਸ ਵਿੱਚ ਮਾਣਯੋਗ ਲੈਫ਼ਟੀਨੈਂਟ ਗਵਰਨਰ ਦਾ ਧਿਆਨ ਪਿਛਲੇ ਮਹੀਨੇ ਦੀ 25 ਤਰੀਕ ਦੇ ਅਖ਼ਬਾਰਾਂ 'ਇੰਡੀਅਨ ਪਬਲਿਕ ਓਪੀਨੀਅਨ' ਅਤੇ 25 ਤਰੀਕ ਦੇ 'ਦਿ ਪਾਇਓਨੀਅਰ' ਵੱਲ ਦਿਵਾਉਣ ਲਈ ਲਿਖਿਆ ਗਿਆ ਸੀ, ਅਤੇ ਜਿਨ੍ਹਾਂ 'ਚ ਮਹਾਰਾਜਾ ਪਟਿਆਲਾ ਵੱਲੋਂ ਮੇਰੇ ਪਤੇ 'ਤੇ ਪਿਛਲੇ ਮਹੀਨੇ ਦੀ 15 ਤਰੀਕ ਨੂੰ ਲਿਖੀ ਕੂਕਿਆਂ ਦੇ ਵਿਸ਼ੇ 'ਤੇ ਚਿੱਠੀ ਦੀ ਕਾਪੀ ਪ੍ਰਕਾਸ਼ਿਤ ਹੋਈ ਹੈ ਅਤੇ ਇਹ ਬੇਨਤੀ ਕੀਤੀ ਗਈ ਹੈ ਕਿ ਜੇ ਸੰਭਵ ਹੋਵੇ, ਤਾਂ ਇਹ ਪਤਾ ਲਾਇਆ ਜਾਵੇ ਕਿ ਉਹ ਚਿੱਠੀ ਪ੍ਰੈੱਸ ਤੱਕ ਕਿਵੇਂ ਪੁੱਜੀ।

## 250

*ਮਿਤੀ 27 ਜੂਨ, 1872*

*ਵੱਲੋਂ*

ਪੀ. ਸਕੌਟ, ਐਸਕ.,
ਸੰਪਾਦਕ, ਇੰਡੀਅਨ ਪਬਲਿਕ ਓਪੀਨੀਅਨ।

*ਵੱਲ*

ਐੱਲ.ਐੱਚ. ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਮਹਾਰਾਜਾ ਦੇ ਪੱਤਰ ਦੀ ਕਾਪੀ, ਜਿਹੋ ਜਿਹੀ ਮੈਂ ਹਾਸਲ ਕੀਤੀ ਸੀ, ਉਸ ਨੂੰ

ਉਵੇਂ ਹੀ ਪ੍ਰਕਾਸ਼ਿਤ ਕਰ ਦਿੱਤਾ ਗਿਆ ਸੀ। ਤੁਹਾਡਾ ਨਾਂਅ ਉਸ 'ਤੇ ਨਹੀਂ ਛਾਪਿਆ ਗਿਆ ਸੀ। ਉਸ ਚਿੱਠੀ ਦੀਆਂ ਕਾਪੀਆਂ ਸਾਡੇ ਵੱਲੋਂ ਛਾਪੇ ਜਾਣ ਤੋਂ ਪਹਿਲਾਂ ਇੱਥੋਂ ਦੇ ਅਤੇ ਇੰਗਲੈਂਡ ਦੇ ਬਹੁਤ ਸਾਰੇ ਵਿਅਕਤੀਆਂ ਕੋਲ ਸਨ। ਮੈਨੂੰ ਮੇਰੀ ਕਾਪੀ ਇੱਕ ਬਹੁਤ ਹੀ ਉਚਿਤ ਚੈਨਲ ਤੋਂ ਮਿਲੀ ਸੀ ਅਤੇ ਉਸ ਚਿੱਠੀ ਦੇ ਪਤੇ ਜਾਂ ਉਸ ਵਿਚਲੇ ਵਿਸ਼ਾ-ਵਸਤੂ ਤੋਂ ਅਜਿਹਾ ਬਿਲਕੁਲ ਵੀ ਜ਼ਾਹਿਰ ਨਹੀਂ ਹੋ ਰਿਹਾ ਸੀ ਕਿ ਉਸ ਵਿੱਚ ਅਜਿਹੀ ਕੋਈ ਨਿਜੀ ਤੇ ਗੁਪਤ ਗੱਲ ਲਿਖੀ ਗਈ ਹੈ, ਜੋ ਸਿਰਫ਼ ਤੁਹਾਡੇ ਲਈ ਹੀ ਹੋ ਸਕਦੀ ਸੀ। ਉਹ ਅਸਲ 'ਚ ਉਨ੍ਹਾਂ ਦਸਤਾਵੇਜ਼ਾਂ 'ਚੋਂ ਇੱਕ ਸੀ, ਜੋ ਇਸ ਮਾਮਲੇ 'ਤੇ ਕੋਈ ਵਿਚਾਰ ਕਾਇਮ ਕਰਨ ਲਈ ਸਰਕਾਰ ਦਾ ਮਾਰਗ ਦਰਸ਼ਨ ਵਾਸਤੇ ਸਨ ਅਤੇ ਉਹ ਜਨਤਾ ਲਈ ਵੀ ਡਾਢੀ ਦਿਲਚਸਪ ਸੀ।

ਇਸ ਸਭ ਤੋਂ ਵੀ ਵਧ ਕੇ, ਉਸ ਪੱਤਰ 'ਚ ਜਾਂ ਉਸ ਦੇ ਪ੍ਰਕਾਸ਼ਨ 'ਚ ਅਜਿਹਾ ਕੁਝ ਨਹੀਂ ਸੀ, ਜਿਸ ਨਾਲ ਮਹਾਰਾਜਾ, ਪੰਜਾਬ ਸਰਕਾਰ ਤੇ ਤੁਹਾਡੇ ਖ਼ੁਦ ਦੇ ਮਾਣ ਨੂੰ ਠੇਸ ਪੁੱਜ ਸਕਦੀ ਹੋਵੇ ਅਤੇ ਉਸ ਨੂੰ ਵੇਖਣ 'ਤੇ ਉਹ ਕੋਈ ਨਿਜੀ ਚਿੱਠੀ ਵੀ ਨਹੀਂ ਜਾਪ ਰਹੀ ਸੀ, ਸਗੋਂ ਸਿਰਫ਼ ਇੱਕ ਅਪ੍ਰਕਾਸ਼ਿਤ ਅਧਿਕਾਰਤ ਦਸਤਾਵੇਜ਼ ਜਾਪਦਾ ਸੀ, ਇਸੇ ਲਈ ਮੈਂ ਸੋਚਿਆ ਕਿ ਕਿਉਂ ਨਾਲ ਇਸ ਨੂੰ ਖ਼ਬਰ ਵਜੋਂ ਛਾਪਣ ਦਾ ਲਾਹਾ ਲਿਆ ਜਾਵੇ। ਇਸ ਨਾਲ ਆਮ ਜਨਤਾ ਨੂੰ ਵੀ ਲਾਭ ਪੁੱਜਣਾ ਸੀ ਅਤੇ "ਪਹਿਲਾਂ ਸਾਡੇ ਸਮਕਾਲੀਆਂ ਨੂੰ ਮਹਾਰਾਜੇ ਦੇ ਅਸਲ ਜਜ਼ਬਾਤ - ਜੋ ਪਹਿਲਾਂ ਸਾਡੇ ਵੱਲੋਂ ਐਲਾਨੇ ਗਏ ਸਨ ਅਤੇ ਇਨਕਾਰ - ਜੋ ਬਹੁਤ ਵਾਜਬ ਢੰਗ ਨਾਲ ਛਪਿਆ ਸੀ - ਜੋ ਉਨ੍ਹਾਂ ਪਿੱਛੇ ਜਿਹੇ ਕੁਝ ਗ਼ਲਤ ਬਿਆਨੀਆਂ ਲਈ ਕੀਤਾ ਸੀ ਤੇ ਜੋ 'ਇੰਡੀਅਨ ਪਬਲਿਕ ਓਪੀਨੀਅਨ' 'ਚ ਛਪਿਆ ਸੀ; ਵਿਚਾਲੇ ਨਿਖੇੜ ਕਰਨ ਦਾ ਮੌਕਾ ਮਿਲ ਸਕੇ ਅਤੇ ਖੰਡਨ ਨੇ ਕੁਝ ਅਜਿਹਾ ਖ਼ਾਸ ਪ੍ਰਭਾਵ ਸਿਰਜਿਆ ਸੀ ਕਿ ਜੋ ਅਸੀਂ ਉਨ੍ਹਾਂ ਬਾਰੇ ਕਿਹਾ ਸੀ, ਉਹ ਗ਼ੈਰ-ਵਾਜਬ ਸੀ ਤੇ ਮਲੇਰਕੋਟਲਾ ਕੇਸ ਬਾਰੇ ਉਨ੍ਹਾਂ ਦਾ ਵਿਚਾਰ ਬ੍ਰਿਟਿਸ਼ ਅਧਿਕਾਰੀਆਂ ਦੇ ਪੱਖ 'ਚ ਹੋਣ ਦੀ ਥਾਂ ਉਲਟ ਸੀ, ਜੋ ਜ਼ੇਰੇ-ਗ਼ੌਰ ਸੀ।

ਜਿੱਥੋਂ ਤੱਕ ਮੈਨੂੰ ਜਾਣਕਾਰੀ ਹੈ, ਮਹਾਰਾਜੇ ਨੇ ਉਹ ਚਿੱਠੀ ਛਾਪਣ ਦੀ ਕੋਈ ਖ਼ਾਸ ਪ੍ਰਵਾਨਗੀ ਨਹੀਂ ਦਿੱਤੀ ਸੀ ਪਰ ਦਰਅਸਲ ਉਸ ਦੀਆਂ ਕਾਪੀਆਂ ਸੂਬੇ 'ਚ ਤੇ ਉਸ ਤੋਂ ਬਾਹਰ ਹੋਰਨਾਂ ਕੋਲ ਵੀ ਮੌਜੂਦ ਸਨ; ਜਿਸ ਤੋਂ ਇਹ ਪਤਾ ਲੱਗਦਾ ਸੀ ਕਿ ਖ਼ੁਦ ਉਨ੍ਹਾਂ ਨੇ ਇਸ ਨੂੰ ਬਿਲਕੁਲ ਵੀ ਨਿਜੀ ਨਹੀਂ ਮੰਨਿਆ ਸੀ, ਜਦ ਕਿ ਤੁਸੀਂ ਇਸ ਨੂੰ ਨਿਜੀ ਮੰਨਦੇ ਹੋ।

ਮੈਨੂੰ ਅਫ਼ਸੋਸ ਹੈ ਕਿ ਤੁਸੀਂ ਇਸ ਪੱਤਰ ਦੇ ਪ੍ਰਕਾਸ਼ਨ ਤੋਂ ਖ਼ਫ਼ਾ ਹੋ, ਦਰਅਸਲ ਇਸ ਵਿੱਚ ਕੁਝ ਵੀ ਗੁਪਤ ਕਿਸਮ ਦਾ ਨਹੀਂ ਸੀ - ਹੋਰ ਤਾਂ ਕੁਝ ਨਹੀਂ ਸੀ, ਸਗੋਂ ਉਸ ਵਿਅਕਤੀ ਦੇ ਇੱਕ ਈਮਾਨਦਾਰਾਨਾ ਤੇ ਸਿੱਧੇ ਵਿਚਾਰ ਦਾ ਪ੍ਰਗਟਾਵਾ ਸੀ, ਜਿਸ ਦੇ ਇਸ ਵਿਸ਼ੇ 'ਤੇ ਵਿਚਾਰ ਦਾ ਹਰ ਹਾਲਤ 'ਚ ਵੱਡਾ ਮਹੱਤਵ ਹੈ।

## 251

*ਨੰ. 1701, ਮਿਤੀ ਸ਼ਿਮਲਾ, 6 ਸਤੰਬਰ, 1872*

ਵੱਲੋਂ

ਐਚ. ਵੈਲਜ਼ਲੀ, ਐਸਕ.,

ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ।

ਵੱਲ

ਐੱਲ.ਐੱਚ. ਗ੍ਰਿਫ਼ਿਨ, ਐਸਕ.,

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਬੀਤੀ 9 ਜੁਲਾਈ ਦੇ ਤੁਹਾਡੇ ਪੱਤਰ ਨੰ. 73ਐੱਸ ਦੇ ਤੀਜੇ ਪੈਰੇ ਦੇ ਹਵਾਲੇ ਨਾਲ, ਮੈਨੂੰ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੀ ਇਜਾਜ਼ਤ ਨਾਲ, ਤੁਸੀਂ ਆਪਣੀ ਜਾਂਚ ਦੇ ਨਤੀਜੇ ਬਾਰੇ ਜਾਣਕਾਰੀ ਦੇਵੋ ਤਾਂ ਉਹ ਵਧੀਆ ਰਹੇਗਾ ਕਿ ਮਹਾਰਾਜਾ ਪਟਿਆਲਾ ਵੱਲੋਂ ਤੁਹਾਡੇ ਪਤੇ 'ਤੇ ਲਿਖਿਆ ਪੱਤਰ ਕੀ ਮਹਾਮਹਿਮ ਦੀ ਇਜਾਜ਼ਤ ਨਾਲ ਛਾਪਿਆ ਗਿਆ ਸੀ।

## 252

*ਨੰ. 281 ਐੱਸ, ਮਿਤੀ ਸ਼ਿਮਲਾ, 14 ਸਤੰਬਰ, 1872*

ਵੱਲੋਂ

ਐੱਲ.ਐੱਚ. ਗ੍ਰਿਫ਼ਿਨ, ਐਸਕ.,

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਐੱਚ.ਐੱਲ. ਡੈਂਪੀਅਰ, ਐਸਕ.,

ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਮੈਨੂੰ ਤੁਹਾਡਾ ਪੱਤਰ ਨੰ. 1701, ਮਿਤੀ 6 ਸਤੰਬਰ ਪ੍ਰਾਪਤ ਹੋਣ ਦੀ ਜਾਣਕਾਰੀ ਦੇਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਜਾਂਚ ਦੇ ਨਤੀਜੇ ਬਾਰੇ ਪੁੱਛਿਆ ਗਿਆ ਸੀ ਕਿ ਕੀ ਮੇਰੇ ਪਤੇ 'ਤੇ ਮਹਾਰਾਜਾ ਪਟਿਆਲਾ ਵੱਲੋਂ ਲਿਖਿਆ ਪੱਤਰ, ਜੋ ਤੁਹਾਡੇ ਦਫ਼ਤਰ ਨਾਲ ਚਿੱਠੀ-ਪੱਤਰੀ ਦੇ ਵਿਸ਼ੇ ਅਨੁਸਾਰ, ਮਹਾਮਹਿਮ ਦੀ ਮਨਜ਼ੂਰੀ ਨਾਲ ਛਾਪਿਆ ਗਿਆ ਸੀ।

2. ਮਹਾਰਾਜੇ ਨੇ ਲੈਫ਼ਟੀਨੈਂਟ ਗਵਰਨਰ ਨੂੰ ਸੂਚਿਤ ਕਰ ਦਿੱਤਾ ਹੈ ਕਿ ਜ਼ੇਰੇ ਗ਼ੌਰ ਪੱਤਰ ਉਨ੍ਹਾਂ ਦੀ ਪ੍ਰਵਾਨਗੀ ਨਾਲ ਪ੍ਰਕਾਸ਼ਿਤ ਨਹੀਂ ਕੀਤਾ ਗਿਆ ਸੀ ਭਾਵ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਪਰ ਉਨ੍ਹਾਂ ਨੂੰ ਸ਼ੱਕ ਹੈ ਕਿ ਉਸ ਚਿੱਠੀ ਦੀ ਕਾਪੀ ਉਹ ਕਲਰਕ ਲੈ ਕੇ ਗਿਆ ਸੀ, ਜੋ ਪਟਿਆਲਾ ਦਫ਼ਤਰ 'ਚ ਅੰਗਰੇਜ਼ੀ ਦਾ ਕੰਮ ਕਰਦਾ ਸੀ ਪਰ ਉਹ ਤਦ ਤੋਂ ਹੀ ਮਹਾਮਹਿਮ ਦੀ ਨੌਕਰੀ ਛੱਡ ਕੇ ਚਲਾ ਗਿਆ ਹੈ।

**ਕੋਈ ਹੁਕਮ ਨਹੀਂ**

## 253

### ਕੂਕਾ ਗੜਬੜੀਆਂ

*ਨੰ. 32, ਮਿਤੀ ਭਾਰਤ ਦਫ਼ਤਰ, ਲੰਦਨ, 18 ਜੁਲਾਈ, 1872*

ਵੱਲੋਂ

ਮਹਾਰਾਣੀ ਦਾ ਸਕੱਤਰ, ਭਾਰਤ ਦੇਸ਼ ਲਈ।

ਵੱਲ

ਭਾਰਤ ਸਰਕਾਰ।

ਕੂਕਾ ਗੜਬੜੀਆਂ ਬਾਰੇ ਕੌਂਸਲ 'ਚ ਮਹਾਮਹਿਮ ਦੇ ਪਿਛਲੇ ਗਵਰਨਰ ਜਨਰਲ ਦੇ ਡਿਸਪੈਚ ਨੰ. 1872 ਦੇ 28, ਮਿਤੀ 2 ਮਈ 'ਤੇ ਮੈਂ ਕੌਂਸਲ 'ਚ ਬਹੁਤ ਧਿਆਨਪੂਰਵਕ ਵਿਚਾਰ-ਚਰਚਾ ਕੀਤੀ ਹੈ।

2. ਉਸ ਡਿਸਪੈਚ 'ਚ ਕੌਂਸਲ 'ਚ ਲੌਰਡ ਨੇਪੀਅਰ ਨੇ ਕਿਹਾ ਕਿ ਬਗ਼ਾਵਤ ਉੱਠਣ ਤੇ ਉਸ ਨੂੰ ਦਬਾਉਣ ਨਾਲ ਜੁੜੇ ਸਾਰੇ ਹਾਲਾਤ 'ਤੇ ਮੁਕੰਮਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਉਨ੍ਹਾਂ ਮਹਿਸੂਸ ਕੀਤਾ ਕਿ ਇਹ ਉਨ੍ਹਾਂ ਦਾ ਫ਼ਰਜ਼ ਹੋਵੇਗਾ ਕਿ ਸ੍ਰੀ ਕਾਵਨ ਨੂੰ ਸਰਕਾਰੀ ਸੇਵਾਵਾਂ ਤੋਂ ਬਰਤਰਫ਼ ਕਰ ਦਿੱਤਾ ਜਾਵੇ ਅਤੇ ਸ੍ਰੀ ਫ਼ਾਰਸਿਥ ਦਾ ਤੁਰੰਤ ਤਬਾਦਲਾ ਕਰ ਕੇ ਕਿਸੇ ਹੋਰ ਨਿਯੁਕਤੀ 'ਤੇ ਅਵਧ ਭੇਜ ਦਿੱਤਾ ਜਾਵੇ।

3. ਮੈਂ ਤੁਹਾਨੂੰ ਭਾਰਤ ਸਰਕਾਰ ਦੇ ਉਨ੍ਹਾਂ ਸਾਰੇ ਸਿਧਾਂਤਾਂ ਬਾਰੇ ਵੀ ਦੱਸਣਾ ਚਾਹਾਂਗਾ, ਜਿਨ੍ਹਾਂ 'ਤੇ ਮੈਂ ਨਾਲੋ-ਨਾਲ ਗ਼ੌਰ ਕੀਤਾ ਹੈ ਅਤੇ ਜੋ ਇਸ ਬੇਹੱਦ ਦਰਦਨਾਕ ਮਾਮਲੇ 'ਤੇ ਲਾਗੂ ਹੁੰਦੇ ਹਨ ਅਤੇ ਸ੍ਰੀ ਕਾਵਨ ਦੀ ਸਰਕਾਰੀ ਸੇਵਾ ਤੋਂ ਬਰਖ਼ਾਸਤਗੀ ਲਈ ਮੇਰੀ ਮੁਕੰਮਲ ਪ੍ਰਵਾਨਗੀ ਹੈ ਅਤੇ ਇਸੇ ਤਰ੍ਹਾਂ ਉਨ੍ਹਾਂ ਹੁਕਮਾਂ ਨੂੰ ਵੀ, ਜੋ ਤੁਸੀਂ ਸ੍ਰੀ ਫ਼ਾਰਸਿਥ ਦੇ ਸਬੰਧ 'ਚ ਜਾਰੀ ਕੀਤੇ ਹਨ।

4. ਉਨ੍ਹਾਂ ਦੀਆਂ ਪਿਛਲੀਆਂ ਸੇਵਾਵਾਂ 'ਤੇ ਗ਼ੌਰ ਕਰਦਿਆਂ, ਮੈਂ ਸ੍ਰੀ ਕਾਵਨ ਨੂੰ 300 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਨਜ਼ੂਰ ਕਰਦਾ ਹਾਂ, ਜਿਵੇਂ ਕਿ ਕੌਂਸਲ 'ਚ 3 ਮਈ ਨੂੰ ਨੰ. 1872 ਦੇ 151ਏ ਰਾਹੀਂ ਲੌਰਡ ਨੇਪੀਅਰ ਦੇ ਵਿੱਤੀ ਡਿਸਪੈਚ 'ਚ ਪ੍ਰਸਤਾਵਿਤ ਕਰ ਦਿੱਤੀ ਗਈ ਹੈ।

## 254

*ਮਿਤੀ 27 ਜੁਲਾਈ, 1872*

ਵੱਲੋਂ

ਟੀ.ਡਬਲਿਊ. ਸਮਿੱਥ, ਐਸਕ.,
ਕਾਰਜਕਾਰੀ ਡਿਪਟੀ ਕਮਿਸ਼ਨਰ, ਅੰਮ੍ਰਿਤਸਰ।

ਵੱਲ

ਕਮਿਸ਼ਨਰ ਅਤੇ ਸੁਪਰਇੰਟੈਂਡੈਂਟ, ਅੰਮ੍ਰਿਤਸਰ ਡਿਵੀਜ਼ਨ।

ਇਸ ਸ਼ਾਮ ਦੇ 'ਦਿ ਪਾਇਓਨੀਅਰ' ਦੀਆਂ ਟੈਲੀਗ੍ਰਾਫ਼ਿਕ ਖ਼ਬਰਾਂ 'ਚ ਇਹ

ਖ਼ਬਰ ਵੀ ਦਿੱਤੀ ਗਈ ਹੈ ਕਿ 'ਅੰਮ੍ਰਿਤਸਰ ਤੇ ਹੁਸ਼ਿਆਰਪੁਰ ਵਿਚਾਲੇ ਕੂਕੇ ਖੜ੍ਹੀ ਕਰ ਰਹੇ ਮੁਸੀਬਤ'। ਮੈਂ ਤਾਂ ਅਜਿਹਾ ਕੁਝ ਨਹੀਂ ਸੁਣਿਆ ਤੇ ਮੈਨੂੰ ਹੈਰਾਨੀ ਹੈ ਕਿ 'ਦਿ ਪਾਇਓਨੀਅਰ' ਅਜਿਹੀ ਜਾਣਕਾਰੀ ਕਿੱਥੋਂ ਹਾਸਲ ਕਰ ਲਈ ਹੈ।

ਰਾਜਾ ਸਾਹਿਬ ਦਿਆਲ ਨੇ ਮੈਨੂੰ ਇਸ ਸਵੇਰ ਨੂੰ ਦੱਸਿਆ ਕਿ ਕੂਕੇ ਹਾਲੇ ਸੁਸਤ ਹਨ ਅਤੇ ਜਿਹੜੀ ਜਾਣਕਾਰੀ ਅਧਿਕਾਰਤ ਤੇ ਗ਼ੈਰ-ਅਧਿਕਾਰਤ ਸੂਤਰਾਂ ਤੋਂ ਮੈਨੂੰ ਮਿਲੀ ਹੈ, ਉਹ ਵੀ ਇਹੋ ਹੈ। ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਕੋਲ ਵੀ ਅਜਿਹੀ ਕੋਈ ਸੂਚਨਾ ਨਹੀਂ ਹੈ ਅਤੇ ਜੇ ਅਜਿਹਾ ਕੁਝ ਹੁੰਦਾ ਤਾਂ ਉਨ੍ਹਾਂ ਕੋਲ ਜ਼ਰੂਰ ਜਾਣਕਾਰੀ ਹੋਣੀ ਸੀ ਕਿਉਂਕਿ ਉਨ੍ਹਾਂ ਦੇ ਸਕਾਊਟ (ਖੁਫੀਆ ਏਜੰਟ) ਪੂਰੇ ਜ਼ਿਲ੍ਹੇ 'ਚ ਫੈਲੇ ਹੋਏ ਹਨ।

ਕੀ ਸ਼ਿਮਲਾ 'ਚ ਅਧਿਕਾਰੀਆਂ ਨੂੰ ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਜਿੱਥੋਂ ਤੱਕ ਅੰਮ੍ਰਿਤਸਰ ਦਾ ਸਬੰਧ ਹੈ, ਅਜਿਹੀ ਟੈਲੀਗ੍ਰਾਮ ਦਾ ਕੋਈ ਆਧਾਰ ਨਹੀਂ ਹੈ।

(ਗੁਪਤ)

ਪੁਲਿਸ ਰਿਪੋਰਟ, ਹੁਸ਼ਿਆਰਪੁਰ ਜ਼ਿਲ੍ਹਾ, ਮਿਤੀ 27 ਜੁਲਾਈ, 1872

ਰਿਪੋਰਟ ਕਰਨ ਲਈ ਕੁਝ ਖ਼ਾਸ ਨਹੀਂ ਹੈ। ਸਭ ਪਾਸੇ ਸ਼ਾਂਤੀ ਹੈ। ਕੂਕਿਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਵਿਅਕਤੀਗਤ ਪੱਧਰ ਦੀ ਹਿੱਲਜੁੱਲ ਜ਼ਰੂਰ ਵਿਖਾਈ ਦੇ ਰਹੀ ਹੈ, ਜਿਸ 'ਤੇ ਧਿਆਨਪੂਰਵਕ ਗ਼ੌਰ ਕੀਤਾ ਜਾ ਰਿਹਾ ਹੈ; ਹੁਣ ਤੱਕ ਦੀ ਮੌਜੂਦਾ ਜਾਣਕਾਰੀ ਮਿਲਣ ਤੱਕ ਉਨ੍ਹਾਂ ਦੇ ਸਬੰਧ 'ਚ ਕੁਝ ਵੀ ਸ਼ੱਕੀ ਨਹੀਂ ਹੈ; ਸ਼ਿਮਲਾ ਤੋਂ 25 ਜੁਲਾਈ ਦੀ 'ਪਾਇਓਨੀਅਰ' ਟੈਲੀਗ੍ਰਾਮ ਬੇਬੁਨਿਆਦ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਹ ਸੰਪਰਦਾਇ ਇੱਥੋਂ ਤੇ ਅੰਮ੍ਰਿਤਸਰ ਵਿਚਾਲੇ ਮੁਸੀਬਤ ਖੜ੍ਹੀ ਕਰ ਰਿਹਾ ਹੈ।

ਮੇਰੇ ਪਿਆਰੇ ਗ੍ਰਿਫ਼ਿਨ – ਮੈਂ ਇਹ ਦੋ ਦਿਨ ਪਹਿਲਾਂ ਭੇਜਣਾ ਸੀ ਪਰ ਇਹ ਕਿਤੇ ਰਹਿ ਗਿਆ ਸੀ।

30 ਜੁਲਾਈ, 1872 ਆਰ. ਟੇਅਲਰ

**ਕੋਈ ਹੁਕਮ ਨਹੀਂ**

## 255

### ਕੂਕਿਆਂ ਬਾਰੇ ਸੂਚਨਾ

*ਨੰ. 149 ਐੱਸ, ਮਿਤੀ ਸ਼ਿਮਲਾ, 5 ਅਗਸਤ, 1872, ਨੰ. 1274*

ਵੱਲੋਂ

ਐੱਲ.ਐੱਚ. ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਐੱਚ.ਐੱਲ. ਡੈਂਪੀਅਰ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਤੁਹਾਡੇ ਨੰ. 1418, ਮਿਤੀ ਦੋ ਦੇ ਜਵਾਬ 'ਚ ਇਹ ਬਿਆਨ ਕੀਤਾ ਜਾਂਦਾ ਹੈ ਕਿ ਗਵਰਨਰ ਜਨਰਲ-ਇਨ-ਕੌਂਸਲ ਨੂੰ ਇਹ ਦੱਸਿਆ ਗਿਆ ਹੈ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਪਿੱਛੇ ਜਿਹੇ ਅੰਮ੍ਰਿਤਸਰ ਜ਼ਿਲ੍ਹੇ 'ਚ ਕੂਕਿਆਂ ਬਾਰੇ ਸੂਚਨਾਵਾਂ ਮਿਲੀਆਂ ਹਨ ਅਤੇ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਮਹਾਮਹਿਮ ਦੀ ਜਾਣਕਾਰੀ ਹਿਤ ਚਿੱਠੀ-ਪੱਤਰੀ ਕੀਤੀ ਜਾਵੇ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮਹਾਮਹਿਮ ਵਾਇਸਰਾਏ ਅਤੇ ਗਵਰਨਰ ਜਨਰਲ ਨੂੰ ਇਹ ਭਰੋਸਾ ਦਿਵਾਇਆ ਜਾ ਸਕਦਾ ਹੈ ਕਿ ਸਰਕਾਰ ਤੱਕ ਜਦੋਂ ਵੀ ਕੋਈ ਅਹਿਮ ਤੇ ਸੰਬੰਧਤ ਸੂਚਨਾ ਪੁੱਜੇਗੀ, ਉਹ ਤੁਰੰਤ ਭਾਰਤ ਸਰਕਾਰ ਕੋਲ ਪਹੁੰਚਾ ਦਿੱਤੀ ਜਾਵੇਗੀ - ਹੁਣ ਤੱਕ ਇੰਝ ਹੀ ਕੀਤਾ ਜਾਂਦਾ ਰਿਹਾ ਹੈ।

2. ਕਾਰਣ ਇਹ ਹੈ ਕਿ ਹਾਲੇ ਰਿਪੋਰਟ ਕਰਨ ਲਈ ਕੁਝ ਵੀ ਨਹੀਂ ਹੈ ਤੇ ਨਾ ਹੀ ਕੋਈ ਤਾਜ਼ਾ ਸੂਚਨਾ ਮਿਲੀ ਹੈ ਅਤੇ ਮਹਾਮਹਿਮ ਤੱਕ ਜੋ ਵੀ ਅਜਿਹੀ ਸੂਚਨਾ ਪੁੱਜੀ ਹੈ, ਉਹ ਗ਼ਲਤੀ ਨਾਲ ਪੁੱਜੀ ਹੈ, ਅਜਿਹਾ ਕੁਝ ਵੀ ਅਹਿਮ ਨਹੀਂ ਹੈ।

3. ਮੈਨੂੰ 'ਦਿ ਪਾਇਓਨੀਅਰ' ਅਖ਼ਬਾਰ 'ਚ ਛਪੇ ਪੂਰੀ ਤਰ੍ਹਾਂ ਗ਼ੈਰ-ਵਾਜਬ ਕਥਨਾਂ ਦੇ ਹਵਾਲੇ ਨਾਲ ਮੇਰੇ ਪਤੇ 'ਤੇ ਪੁੱਜੇ ਅੰਮ੍ਰਿਤਸਰ ਦੇ ਕਮਿਸ਼ਨਰ ਮੇਜਰ ਜਨਰਲ ਰੀਨੈਲ ਟੇਅਲਰ, ਸੀ.ਬੀ., ਸੀਐੱਸਆਈ, ਕਮਿਸ਼ਨਰ ਦੇ ਨੀਮ-ਅਧਿਕਾਰਤ ਪੱਤਰ ਨੂੰ ਭੇਜਣ ਦੀ ਹਦਾਇਤ ਹੋਈ ਹੈ, ਸ੍ਰੀ ਸਮਿੱਥ ਦੇ ਪੱਤਰ ਦੇ ਨਾਲ-ਨਾਲ ਹੁਸ਼ਿਆਰਪੁਰ ਜ਼ਿਲ੍ਹੇ ਦੀ 27 ਜੁਲਾਈ ਦੀ ਗੁਪਤ ਪੁਲਿਸ ਰਿਪੋਰਟ ਵੀ ਭੇਜੀ ਜਾ ਰਹੀ ਹੈ।

4. ਕੁਝ ਸਮਾਂ ਪਹਿਲਾਂ ਇਹ ਰਿਪੋਰਟ ਭੇਜੀ ਗਈ ਸੀ ਕਿ 100 ਕੂਕੇ ਗੁਰਦਾਸਪੁਰ ਜ਼ਿਲ੍ਹੇ 'ਚ ਇਕੱਠੇ ਹੋਏ ਸਨ। ਇਸ ਬਾਰੇ ਭਾਰਤ ਸਰਕਾਰ ਨੂੰ ਸੂਚਿਤ ਨਹੀਂ ਕੀਤਾ ਗਿਆ ਸੀ ਕਿਉਂਕਿ ਜਦੋਂ ਤੁਰੰਤ ਜਾਂਚ ਕੀਤੀ ਗਈ, ਤਾਂ ਉਹ ਕਹਾਣੀ ਝੂਠੀ ਸੀ। ਕੋਈ ਵੀ ਭਰੋਸੇਯੋਗ ਤੇ ਸੰਬੰਧਤ ਸੂਚਨਾ ਤੁਰੰਤ ਪਹੁੰਚਾਈ ਜਾਵੇਗੀ।

## 256

### ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਨੂੰ 100 ਰੁਪਏ ਪੇਸ਼ਗੀ

*ਟੈਲੀਗ੍ਰਾਮ ਮਿਤੀ ਰੰਗੂਨ, 1 ਅਗਸਤ, 1872*

*ਵੱਲੋਂ*

ਚੀਫ਼ ਕਮਿਸ਼ਨਰ, ਰੰਗੂਨ।

*ਵੱਲ*

ਭਾਰਤ ਸਰਕਾਰ, ਸ਼ਿਮਲਾ।

ਕੀ ਭਾਰਤ ਸਰਕਾਰ ਕੋਲ ਬਾਬਾ ਰਾਮ ਸਿੰਘ ਜੀ ਨਾਲ ਸੰਬੰਧਤ ਕੋਈ ਫ਼ੰਡ ਹਨ, ਜੇ ਹਨ ਤਾਂ ਮੈਂ ਉਨ੍ਹਾਂ ਨੂੰ ਇੱਕ ਸੌ ਰੁਪਏ ਪੇਸ਼ਗੀ ਦੇਵਾਂਗਾ ਕਿਉਂਕਿ ਉਨ੍ਹਾਂ ਇਸ ਲਈ ਅਰਜ਼ੀ ਦਿੱਤੀ ਹੈ।

## 257

*ਟੈਲੀਗ੍ਰਾਮ ਮਿਤੀ ਸ਼ਿਮਲਾ, 8 ਅਗਸਤ, 1872*

ਵੱਲੋਂ

ਐੱਚ.ਡਬਲਿਊ. ਵੈਲਜ਼ਲੀ, ਐਸਕ.,
ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ।

ਵੱਲ

ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਬਾਬਾ ਰਾਮ ਸਿੰਘ ਜੀ ਨੂੰ ਇੱਕ ਸੌ ਰੁਪਏ ਦੇ ਦਿੱਤੇ ਜਾਣ, ਜੇ ਤੁਹਾਨੂੰ ਤਸੱਲੀ ਹੈ ਕਿ ਇਸ ਰਕਮ ਦੀ ਜ਼ਰੂਰਤ ਕਿਸੇ ਉਚਿਤ ਮੰਤਵ ਲਈ ਹੈ।

ਨੰ. 1446,
ਕਾਪੀ ਡਾਕ ਰਾਹੀਂ

ਇਸ ਬੇਨਤੀ ਨਾਲ ਕਿ ਇਹ ਨਿਸ਼ਚਿਤ ਕਰ ਕੇ ਰਿਪੋਰਟ ਭੇਜੀ ਜਾਵੇ ਕਿ ਬਾਬਾ ਰਾਮ ਸਿੰਘ ਜੀ ਇਹ ਪੇਸ਼ਗੀ ਰਕਮ ਕਿਵੇਂ ਮੋੜਨਗੇ।

ਨੰ. 1447,
ਮਿਤੀ ਸ਼ਿਮਲਾ,
5 ਅਗਸਤ, 1872

## 258

*ਮਿਤੀ ਲੁਧਿਆਣਾ, 2 ਸਤੰਬਰ, 1872*

ਵੱਲੋਂ

ਐੱਚ.ਡਬਲਿਊ. ਵੈਲਜ਼ਲੀ, ਐਸਕ.,
ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ।

ਵੱਲ

ਸਕੱਤਰ, ਪੰਜਾਬ ਸਰਕਾਰ।

ਮੈਂ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਇਹ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਦੇ ਕਹਿਣ 'ਤੇ ਗਵਰਨਰ ਜਨਰਲ-ਇਨ-ਕੌਂਸਲ ਨੇ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਲਈ 100 ਰੁਪਏ ਪੇਸ਼ਗੀ ਪ੍ਰਵਾਨ ਕਰ ਦਿੱਤੇ ਹਨ ਅਤੇ ਮੇਰੀ ਬੇਨਤੀ ਹੈ ਕਿ ਉਹ ਰਕਮ ਵਸੂਲ ਕਰ ਲਈ ਜਾਵੇ ਜੇ ਉਨ੍ਹਾਂ ਨਾਲ ਸੰਬੰਧਤ ਕੋਈ ਫ਼ੰਡ ਉਪਲਬਧ ਹਨ।

2. ਚੀਫ਼ ਕਮਿਸ਼ਨਰ ਨੇ ਨਾਲ ਹੀ ਇਹ ਨਿਸ਼ਚਿਤ ਕਰ ਕੇ ਰਿਪੋਰਟ ਭੇਜਣ ਦੀ ਬੇਨਤੀ ਕੀਤੀ ਹੈ ਕਿ ਬਾਬਾ ਰਾਮ ਸਿੰਘ ਜੀ ਨੇ ਇਹ ਪੇਸ਼ਗੀ ਰਕਮ ਕਿਵੇਂ ਐਡਜਸਟ ਕਰਨਾ ਤਜਵੀਜ਼ ਕੀਤਾ ਹੈ।

ਨੰ. 1448
ਉਤਾਰਾ ਵਿੱਤ ਕਮਿਸ਼ਨਰ ਨੂੰ, ਸੂਚਨਾ ਹਿਤ

## 259

*ਮੈਮੋਰੈਂਡਮ ਨੰ. 288, ਮਿਤੀ 6 ਸਤੰਬਰ, 1872*

ਉਨ੍ਹਾਂ ਦੇ ਨੰ. 1278, ਮਿਤੀ 23 ਅਗਸਤ ਦੇ ਹਵਾਲੇ ਨਾਲ, ਨਿਮਨਹਸਤਾਖਰੀ ਨੂੰ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਇਸ ਵੇਲੇ ਲੁਧਿਆਣਾ ਦੇ ਸਰਕਾਰੀ ਖ਼ਜ਼ਾਨੇ ਦੀ ਸੰਪਤੀ 'ਚ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਦੇ ਲਗਭਗ 4,500 ਰੁਪਏ ਪਏ ਹਨ। ਇਸ ਵਿੱਚੋਂ 1,828-9 ਰੁਪਏ ਵੱਖੋ-ਵੱਖਰੀਆਂ ਕਰੰਸੀਆਂ 'ਚ ਹਨ, ਜਿਨ੍ਹਾਂ 'ਚੋਂ ਜ਼ਿਆਦਾਤਰ ਬ੍ਰਿਟਿਸ਼ ਹਨ।

ਸੀ. ਬੀਡਨ, ਕੈਪਟਨ,
ਡਿਪਟੀ ਕਮਿਸ਼ਨਰ, ਲੁਧਿਆਣਾ।

## 260

*ਨੰ. 1932, ਮਿਤੀ ਸ਼ਿਮਲਾ, 17 ਅਕਤੂਬਰ, 1872*

ਵੱਲੋਂ

ਕਮਿਸ਼ਨਰ ਅਤੇ ਸੁਪਰਇੰਟੈਂਡੈਂਟ,
ਅੰਬਾਲਾ ਡਿਵੀਜ਼ਨ।

ਗ੍ਰਹਿ ਵਿਭਾਗ ਵੱਲੋਂ ਪੁਸ਼ਟੀ ਕੀਤੀ ਗਈ

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ ਨੂੰ ਕਾਪੀ ਉਨ੍ਹਾਂ ਦੀ ਟੈਲੀਗ੍ਰਾਮ ਮਿਤੀ 1 ਅਗਸਤ ਦੇ ਹਵਾਲੇ ਨਾਲ ਸੂਚਨਾ ਹਿਤ ਭੇਜੀ ਜਾਂਦੀ ਹੈ।

## 261

*ਗ੍ਰਹਿ ਵਿਭਾਗ ਅਕਤੂਬਰ, 1872, ਨੰ. 169.*

*ਨੰ. 297 ਐੱਸ, ਮਿਤੀ ਸ਼ਿਮਲਾ, 18 ਸਤੰਬਰ, 1872*

ਵੱਲੋਂ

ਐੱਚ. ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਐੱਚ.ਐੱਲ., ਡੈਂਪੀਅਰ, ਐਸਕ.,
ਸਕੱਤਰ, ਭਾਰਤ ਸਰਕਾਰ।

ਤੁਹਾਡੇ ਪੱਤਰ ਨੰ. 1448, ਮਿਤੀ 5 ਅਗਸਤ ਦੇ ਹਵਾਲੇ ਨਾਲ, ਜਿਸ ਵਿੱਚ ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ ਵੱਲੋਂ ਬਾਬਾ ਰਾਮ ਸਿੰਘ ਜੀ ਨੂੰ ਪੇਸ਼ਗੀ ਦਿੱਤੇ 100 ਰੁਪਏ ਦੀ ਵਸੂਲੀ ਲਈ ਬੇਨਤੀ ਕੀਤੀ ਗਈ ਸੀ, ਮੈਂ ਇਸੇ ਮਹੀਨੇ ਦੀ 6 ਤਰੀਕ ਦੇ ਡਿਪਟੀ ਕਮਿਸ਼ਨਰ, ਲੁਧਿਆਣਾ ਦੇ ਪੱਤਰ ਨੰ. 288 ਦੇ ਪੱਤਰ ਦੀ ਕਾਪੀ ਭੇਜਣੀ ਚਾਹੁੰਦਾ ਹਾਂ, ਜਿਸ 'ਚ ਉੱਥੋਂ ਦੇ ਖ਼ਜ਼ਾਨੇ 'ਚ ਬਾਬਾ ਰਾਮ ਸਿੰਘ ਜੀ ਦੀ ਪਈ ਰਕਮ

ਬਾਰੇ ਦੱਸਿਆ ਗਿਆ ਹੈ। ਡੀ.ਸੀ. ਨੂੰ ਹਦਾਇਤ ਕਰ ਦਿੱਤੀ ਗਈ ਹੈ ਕਿ ਚੀਫ਼ ਕਮਿਸ਼ਨਰ ਵੱਲੋਂ ਮੰਗੀ ਪੇਸ਼ਗੀ ਰਾਸ਼ੀ ਬਰਮਾ ਭੇਜ ਦਿੱਤੀ ਜਾਵੇ।

## 262

ਗ੍ਰਹਿ ਵਿਭਾਗ (ਨਿਆਂਇਕ) ਨਵੰਬਰ 1872, ਨੰ. 121

*ਨੰ. 546-53ਪੀ, ਮਿਤੀ ਰੰਗੂਨ, 15 ਨਵੰਬਰ, 1872*

ਵੱਲੋਂ

ਜੇ.ਟੀ. ਵ੍ਹੀਲਰ, ਐਸਕ.,
ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਵੱਲ

ਐੱਚ.ਐੱਲ. ਡੈਂਪੀਅਰ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਮੈਨੂੰ ਚੀਫ਼ ਕਮਿਸ਼ਨਰ ਵੱਲੋਂ ਪਿਛਲੇ ਮਹੀਨੇ ਦੀ 29 ਤਰੀਕ ਦਾ ਤੁਹਾਡਾ ਰੀਮਾਈਂਡਰ ਨੰ. 1989 ਮਿਲਣ ਦੀ ਸੂਚਨਾ ਦੇਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਬੀਤੀ 5 ਅਗਸਤ ਦੀ ਤੁਹਾਡੀ ਚਿੱਠੀ ਨੰ. 1446 ਵੱਲ ਧਿਆਨ ਦਿਵਾਇਆ ਗਿਆ ਸੀ, ਜਿਸ ਵਿੱਚ ਇਹ ਰਿਪੋਰਟ ਕਰਨ ਦੀ ਬੇਨਤੀ ਗਈ ਸੀ ਕਿ ਬਾਬਾ ਰਾਮ ਸਿੰਘ ਜੀ ਨੂੰ ਪੇਸ਼ਗੀ ਦਿੱਤੇ ਜਾਣ ਵਾਲੇ 100 ਰੁਪਇਆਂ ਦੀ ਵਾਪਸੀ ਕਿਵੇਂ ਹੋਵੇਗੀ।

2. ਜਵਾਬ 'ਚ, ਮੈਂ ਗ੍ਰਹਿ ਵਿਭਾਗ ਦੀ ਪੁਸ਼ਟੀ ਨੰ. 1932 ਮਿਤੀ 17 ਅਕਤੂਬਰ, 1872 ਭੇਜ ਰਿਹਾ ਹਾਂ ਅਤੇ ਭਾਰਤ ਸਰਕਾਰ ਦੀ ਸੂਚਨਾ ਹਿਤ ਇਹ ਬਿਆਨ ਕਰਦਾ ਹਾਂ ਕਿ ਲੁਧਿਆਣਾ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ ਤੋਂ 100 ਰੁਪਏ ਦੀ ਰਾਸ਼ੀ ਪ੍ਰਾਪਤ ਕਰ ਲਈ ਗਈ ਹੈ, ਜੋ ਚੀਫ਼ ਕਮਿਸ਼ਨਰ ਵੱਲੋਂ ਬਾਬਾ ਰਾਮ ਸਿੰਘ ਜੀ ਨੂੰ ਦਿੱਤੀ ਪੇਸ਼ਗੀ ਰਾਸ਼ੀ ਲਈ ਐਡਜਸਟ ਕਰ ਦਿੱਤੀ ਜਾਵੇਗੀ।

**ਕੋਈ ਹੁਕਮ ਨਹੀਂ**

## 263

ਪੰਜਾਬ ਸਰਕਾਰ
(ਗ੍ਰਹਿ ਵਿਭਾਗ)
(ਗੁਪਤ) ਸਰਕੂਲਰ ਨੰ. 279 ਸੀ

*ਮਿਤੀ 28 ਅਗਸਤ, 1872*

ਵੱਲੋਂ

ਸਕੱਤਰ, ਪੰਜਾਬ ਸਰਕਾਰ।

ਵੱਲ

ਇੰਸਪੈਕਟਰ ਜਨਰਲ ਆੱਫ਼ ਪੁਲਿਸ, ਪੰਜਾਬ।

ਸਰਕਾਰ ਕੋਲ ਅਜਿਹੀ ਸੂਚਨਾ ਪੁੱਜੀ ਹੈ ਕਿ ਕੂਕਾ ਸੰਪਰਦਾਇ ਵੱਲੋਂ ਆਪਣੀ ਤਾਕਤ ਮੁੜ ਸੁਰਜੀਤ ਕੀਤੇ ਜਾਣ ਦੇ ਸੰਕੇਤ ਮਿਲੇ ਹਨ।

2. ਮਹਾਰਾਜਾ ਪਟਿਆਲਾ ਨੇ ਸੂਚਿਤ ਕੀਤਾ ਹੈ ਕਿ ਫ਼ਿਰੋਜ਼ਪੁਰ, ਸਿਰਸਾ ਤੇ ਲੁਧਿਆਣਾ ਦੇ 25 ਕੂਕਿਆਂ ਦੀ ਇੱਕ ਮੀਟਿੰਗ ਪਟਿਆਲਾ ਇਲਾਕੇ ਚੱਕਲੰਕੀ ਖ਼ੁਰਦ ਵਿਖੇ ਹੋਈ ਹੈ। ਇੱਕ ਹੋਰ ਮੀਟਿੰਗ ਮਿੰਟਗੁਮਰੀ ਜ਼ਿਲ੍ਹੇ ਦੇ ਦੀਪਾਲਪੁਰ 'ਚ ਹੋਈ ਦੱਸੀ ਗਈ ਹੈ; ਅਤੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਰਿਪੋਰਟ ਭੇਜੀ ਹੈ ਕਿ ਉਨ੍ਹਾਂ ਦੇ ਜ਼ਿਲ੍ਹੇ 'ਚ ਕੂਕੇ ਆਪਣੇ ਪਿੰਡਾਂ ਤੋਂ ਜਾ ਰਹੇ ਹਨ ਅਤੇ ਵੱਖੋ-ਵੱਖਰੇ ਸਥਾਨਾਂ 'ਤੇ ਘੁੰਮ ਰਹੇ ਹਨ; ਅਤੇ ਕਈ ਵਾਰ 25 ਜਾਂ ਵੱਧ ਕੂਕਿਆਂ ਦੀਆਂ ਮੀਟਿੰਗਾਂ ਵੀ ਹੋਈਆਂ ਹਨ; ਇੱਕ ਮੀਟਿੰਗ ਖ਼ਾਸ ਕਰਕੇ ਪਿੰਡ ਰਾਏਪੁਰ 'ਚ ਹੋਈ ਸੀ, ਜਿੱਥੇ 'ਚੰਡੀ ਕਾ ਪਾਠ' ਕੀਤਾ ਗਿਆ ਸੀ ਤੇ 'ਹੋਮ' ਦੀ ਰਸਮ ਹੋਈ ਸੀ।

ਕੁਝ ਮੀਟਿੰਗਾਂ ਤੇ ਰਸਮਾਂ ਕੀਤੀਆਂ ਜਾ ਰਹੀਆਂ ਹਨ।

3. ਬਾਅਦ ਦੇ ਨੁਕਤੇ ਅਹਿਮ ਹਨ ਕਿਉਂਕਿ 'ਹੋਮ' ਦੀ ਰਸਮ ਪਰਿਵਾਰਾਂ ਵੱਲੋਂ ਤਦ ਕਰਵਾਈ ਜਾਂਦੀ ਹੈ, ਜਦੋਂ ਕਿਸੇ ਮੰਤਵ ਦੀ ਪੂਰਤੀ ਦੀ ਇੱਛਾ ਹੋਵੇ, ਜਿਵੇਂ ਕਿ ਸੋਕਾ ਪੈ ਗਿਆ ਹੋਵੇ ਜਾਂ ਮਹਾਮਾਰੀ ਹੋਵੇ ਅਤੇ ਇਹ ਰਸਮ ਬਹੁਤ ਖ਼ਾਸ ਮੌਕਿਆਂ 'ਤੇ ਹੀ ਪਰਿਵਾਰਾਂ ਨਾਲੋਂ ਕੁਝ ਮਰਦਾਂ ਦੀਆਂ ਇਕਾਈਆਂ ਵੱਲੋਂ ਕਰਵਾਈ ਜਾਂਦੀ ਹੈ ਕਿ ਤਾਂ ਜੋ ਜਿਸ ਮੌਸਮ 'ਚ ਨਾ ਤਾਂ ਕੋਈ ਔੜ ਜਾਂ ਮਹਾਮਾਰੀ ਹੋਵੇ ਤੇ ਮਰਦਾਂ ਦੇ ਇਕੱਠਾਂ ਦੀ ਕਾਰਗੁਜ਼ਾਰੀ ਅਹਿਮ ਰਹੇ।

ਹੋਮ ਦਾ ਮਹੱਤਵ

ਇਹ ਵੀ ਦੱਸਿਆ ਜਾਂਦਾ ਹੈ ਕਿ ਚੰਡੀ ਦੇਵੀ, ਜਿਸ ਦਾ ਪਾਠ ਖ਼ਾਸ ਤੌਰ 'ਤੇ ਰਾਏਪੁਰ ਦੀ ਮੀਟਿੰਗ 'ਚ ਕੀਤਾ ਗਿਆ ਸੀ, ਇਹ ਉਹ ਦੇਵੀ ਹੈ, ਜਿਸ ਦੀ ਅਰਾਧਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕੀਤੀ ਸੀ, ਜਿਨ੍ਹਾਂ ਸਿੱਖ ਕੌਮ ਨੂੰ ਲਾਮਬੰਦ ਕਰਨ ਤੋਂ ਪਹਿਲਾਂ ਅਜਿਹਾ ਕੀਤਾ ਸੀ ਅਤੇ ਸਿੱਖਾਂ 'ਚ ਇਹ ਵਿਸ਼ਵਾਸ ਹੈ ਕਿ ਇਹ ਬਿਲਕੁਲ ਦਰੁਸਤ ਹੈ ਕਿਉਂਕਿ ਇੰਝ ਹੀ ਗੁਰੂ ਜੀ ਨੇ ਆਪਣੀ ਤਾਕਤ ਤੇ ਸਫ਼ਲਤਾ ਹਾਸਲ ਕੀਤੀ ਸੀ।

ਚੰਡੀ ਦੇਵੀ

4. ਅਜਿਹੇ ਹਾਲਾਤ 'ਚ, ਮਾਣਯੋਗ ਲੈਫ਼ਟੀਨੈਂਟ ਗਵਰਨਰ ਚਾਹੁੰਦੇ ਹਨ ਕਿ ਤੁਸੀਂ ਆਪਣੇ ਜ਼ਿਲ੍ਹਾ ਅਧਿਕਾਰੀਆਂ ਨੂੰ ਪੂਰੀ ਤਰ੍ਹਾਂ ਚੌਕਸ ਰਹਿਣ ਲਈ ਆਖ ਦੇਵੋ ਅਤੇ ਇਹ ਬੇਨਤੀ ਕਰੋ ਕਿ ਉਹ ਪੂਰੀ ਮੁਸਤੈਦੀ ਨਾਲ ਆਪਣੀ ਰਿਪੋਰਟ ਤੁਹਾਡੇ ਨਾਲ-ਨਾਲ ਇਸ ਦਫ਼ਤਰ 'ਚ ਵੀ ਸਿੱਧੀ ਭੇਜਣ, ਜਦੋਂ ਵੀ ਕਦੇ ਉਨ੍ਹਾਂ ਦੇ ਜ਼ਿਲ੍ਹਿਆਂ 'ਚ ਕਿਤੇ ਕੂਕਿਆਂ ਦੀ ਕੋਈ ਹਿੱਲਜੁੱਲ ਦੇ ਸੰਕੇਤ ਮਿਲਣ, ਉਨ੍ਹਾਂ ਦੀਆਂ ਬੈਠਕਾਂ ਦੇ ਸਾਰੇ ਵੇਰਵੇ ਭੇਜੇ ਜਾਣ।

ਪੁਲਿਸ ਚੌਕਸ ਰਹੇ ਤੇ ਮੁਸਤੈਦੀ ਨਾਲ ਰਿਪੋਰਟ ਕਰਦੀ ਰਹੇ

ਮੈਂ ਇਹ ਸੁਝਾਅ ਵੀ ਦੇਣਾ ਹੈ ਕਿ ਫ਼ੌਜਦਾਰੀ ਕਾਨੂੰਨ ਦੇ ਜ਼ਾਬਤੇ ਦੇ ਸੈਕਸ਼ਨ 505 ਨੂੰ ਉਨ੍ਹਾਂ ਖ਼ਤਰਨਾਕ ਕਿਸਮ ਦੇ ਕੂਕਿਆਂ 'ਤੇ ਸਖ਼ਤੀ ਨਾਲ ਲਾਗੂ ਕੀਤਾ

ਜਾਵੇ, ਜੇ ਉਹ ਅਜਿਹੇ ਹਾਲਾਤ 'ਚ ਪਾਏ ਜਾਣ, ਜੇ ਸੰਭਵ ਹੋਵੇ ਤਾਂ ਸੈਕਸ਼ਨ 518 ਲਾਗੂ ਕੀਤਾ ਜਾਵੇ, ਜੋ ਮੈਜਿਸਟ੍ਰੇਟਸ ਨੂੰ ਲਿਖਤੀ ਹੁਕਮ ਦੇਣ ਦੀ ਤਾਕਤ ਦਿੰਦਾ ਹੈ ਕਿ ਹਰ ਵਿਅਕਤੀ ਅਜਿਹੀ ਕਿਸੇ ਵੀ ਗਤੀਵਿਧੀ ਤੋਂ ਦੂਰ ਰਹੇ, ਜਿਸ ਨਾਲ ਕਾਨੂੰਨੀ ਤੌਰ 'ਤੇ ਨਿਯੁਕਤ ਲੋਕਾਂ ਨੂੰ ਕਿਸੇ ਕਿਸਮ ਦਾ ਖ਼ਤਰਾ ਜਾਂ ਸੱਟ ਲੱਗਣ ਦਾ ਡਰ ਹੋਵੇ ਤੇ ਇਹ ਕਾਨੂੰਨ ਉਨ੍ਹਾਂ ਕੂਕਿਆਂ 'ਤੇ ਲਾਗੂ ਕੀਤਾ ਜਾਵੇ, ਜਿਨ੍ਹਾਂ ਦੇ ਉਪਰੋਕਤ ਕਿਸਮ ਦੇ ਇਕੱਠਾਂ 'ਚ ਸ਼ਾਮਲ ਹੋਣ ਦੀ ਸੰਭਾਵਨਾ ਹੋਵੇ।

ਸ਼ਾਂਤੀ ਕਾਇਮ ਰੱਖਣ ਲਈ ਚੁੱਕੇ ਜਾਣ ਵਾਲੇ ਕਦਮ

5. ਮਾਣਯੋਗ ਸਾਹਿਬ ਦਾ ਮੰਨਣਾ ਹੈ ਕਿ ਇਹ ਵੀ ਦਰੁਸਤ ਰਹੇਗਾ ਕਿ ਜਿਹੜੇ ਪਿੰਡਾਂ 'ਚ ਕੋਈ ਵਰਨਣਯੋਗ ਕੂਕੇ ਰਹਿੰਦੇ ਹਨ, ਉਨ੍ਹਾਂ ਦੇ ਸਾਰੇ ਸਰਪੰਚਾਂ ਜਾਂ ਜ਼ੈਲਦਾਰਾਂ ਨੂੰ ਸ਼ਾਂਤੀ ਭੰਗ ਹੋਣ ਅਤੇ ਰੋਹ ਫੈਲਣ ਤੋਂ ਰੋਕਣ ਲਈ ਭਾਰਤੀ ਦੰਡ ਸੰਘਤਾ ਦਾ ਸੈਕਸ਼ਨ 124-ਏ ਲਾਗੂ ਕੀਤਾ ਜਾਵੇ ਅਤੇ ਫ਼ੌਜਦਾਰੀ ਕਾਨੂੰਨ ਦੇ ਜ਼ਾਬਤੇ ਦਾ ਸੈਕਸ਼ਨ 89 ਲਾਗੂ ਕੀਤਾ ਜਾਵੇ, ਜਿਸ ਰਾਹੀਂ ਸਾਰੇ ਵਿਅਕਤੀਆਂ ਨੂੰ ਖ਼ਾਸ ਕਿਸਮ ਦੇ ਅਪਰਾਧਾਂ ਬਾਰੇ ਜਾਣਕਾਰੀ ਦੇਣੀ ਹੁੰਦੀ ਹੈ, ਅਜਿਹੇ ਅਪਰਾਧ ਜਿਨ੍ਹਾਂ ਦਾ ਵਰਨਣ ਉਪਰੋਕਤ ਦੱਸੇ ਅਨੁਸਾਰ ਸੈਕਸ਼ਨ 124-ਏ 'ਚ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਆਪਣੇ ਫ਼ਰਜ਼ ਚੇਤੇ ਕਰਵਾਏ ਜਾਣ ਕਿ ਉਨ੍ਹਾਂ ਨੇ ਕੂਕਾ ਸੰਪਰਦਾਇ ਦੀਆਂ ਇਸ ਕਿਸਮ ਦੀਆਂ ਗਤੀਵਿਧੀਆਂ ਬਾਰੇ ਕਿਸੇ ਵੀ ਤਰ੍ਹਾਂ ਦੀ ਸੂਚਨਾ ਤੁਰੰਤ ਪਹੁੰਚਾਉਣੀ ਹੈ।

ਜ਼ੈਲਦਾਰਾਂ ਤੇ ਨੰਬਰਦਾਰਾਂ ਨੂੰ ਉਨ੍ਹਾਂ ਦੀ ਸਰਕਾਰੀ ਡਿਊਟੀ ਚੇਤੇ ਕਰਵਾਈ ਜਾਵੇ।

## 264

*ਨੰ. 221 ਐੱਸ, ਮਿਤੀ ਸ਼ਿਮਲਾ, 26 ਅਗਸਤ, 1872*

ਵੱਲੋਂ

ਐੱਲ.ਐੱਚ. ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਐੱਚ.ਐੱਲ. ਡੈਂਪੀਅਰ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਮੈਨੂੰ ਤੁਹਾਡਾ ਪੱਤਰ ਨੰ. 1454, ਮਿਤੀ 6 ਅਗਸਤ ਪ੍ਰਾਪਤ ਹੋਣ ਬਾਰੇ ਸੂਚਿਤ ਕਰਨ ਦੀ ਹਦਾਇਤ ਹੋਈ ਹੈ, ਜਿਸ ਵਿੱਚ ਇਹ ਪਤਾ ਲਾ ਕੇ ਰਿਪੋਰਟ ਕਰਨ ਲਈ ਕਿਹਾ ਗਿਆ ਸੀ ਕਿ ਇਸ ਦਫ਼ਤਰ ਤੋਂ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦੇ ਪਤੇ 'ਤੇ ਭੇਜਿਆ ਗਿਆ ਪੱਤਰ ਨੰ. 36 ਸੀ, ਮਿਤੀ ਬੀਤੀ 26 ਜਨਵਰੀ 'ਬੌਂਬੇ ਗਜ਼ਟ' ਤੱਕ ਕਿਵੇਂ ਪੁੱਜ ਗਿਆ।

2. ਜਵਾਬ 'ਚ ਮੈਂ ਇਹ ਕਹਿਣਾ ਹੈ ਕਿ ਲੈਫ਼ਟੀਨੈਂਟ ਗਵਰਨਰ ਦੀ ਹਦਾਇਤ 'ਤੇ ਇਸ ਪੱਤਰ ਦੀ ਇੱਕ ਕਾਪੀ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਸ੍ਰੀ ਫ਼ਾਰਸਿਥ

ਨੂੰ ਭਾਰਤ ਸਰਕਾਰ ਨੂੰ ਡਿਸਪੈਚ ਕਰਦੇ ਸਮੇਂ ਹੀ ਭੇਜ ਦਿੱਤੀ ਗਈ ਸੀ। ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਸ਼ਾਇਦ ਸ੍ਰੀ ਫ਼ਾਰਸਿਥ ਨੇ ਉਸ ਦੀ ਕਾਪੀ ਸ੍ਰੀ ਕਾਵਨ ਨੂੰ ਭੇਜੀ ਹੋਵੇ, ਹੋ ਸਕਦਾ ਹੈ ਕਿ ਉਨ੍ਹਾਂ ਨੇ ਉਹ 'ਬੌਂਬੇ ਗਜ਼ਟ' ਨੂੰ ਦੇ ਦਿੱਤੀ ਹੋਵੇ। ਇਹ ਮਹਿਜ਼ ਇੱਕ ਅਨੁਮਾਨ ਹੈ ਪਰ ਸ਼ਾਇਦ ਦਰੁਸਤ ਵੀ ਹੈ।

3. ਇਨ੍ਹਾਂ 'ਚੋਂ ਕੋਈ ਵੀ ਅਧਿਕਾਰੀ ਹੁਣ ਪੰਜਾਬ ਸਰਕਾਰ ਦੇ ਹੁਕਮਾਂ ਅਧੀਨ ਨਹੀਂ ਹੈ ਤੇ ਇਸੇ ਲਈ ਉਨ੍ਹਾਂ ਨੂੰ ਇਸ ਵਿਸ਼ੇ 'ਤੇ ਸੰਬੋਧਤ ਵੀ ਨਹੀਂ ਕੀਤਾ ਗਿਆ।

## 265

*ਸ਼ਿਮਲਾ, ਮਿਤੀ 15 ਅਕਤੂਬਰ, 1872*

*ਵੱਲੋਂ*

ਗ੍ਰਹਿ ਸਕੱਤਰ।

*ਵੱਲ*

ਮੁੱਖ ਸਕੱਤਰ, ਬੰਬਈ ਸਰਕਾਰ।

ਕੈਦੀਆਂ ਲਈ ਕ੍ਰਮਵਾਰ ਅਸੀਰਗੜ੍ਹ ਅਤੇ ਅਦਨ ਵਿਖੇ ਰੱਖਣ ਲਈ ਪ੍ਰਸਤਾਵਿਤ ਸਥਾਨ ਖ਼ਰੀਦਣ ਦੀ ਅਨੁਮਾਨਤ ਲਾਗਤ ਕੀ ਹੋਵੇਗੀ।

## 266

*ਸ਼ਿਮਲਾ, ਮਿਤੀ, 18 ਅਕਤੂਬਰ, 1872*

*ਵੱਲੋਂ*

ਸਿਆਸੀ ਸਕੱਤਰ, ਬੰਬਈ।

*ਵੱਲ*

ਗ੍ਰਹਿ ਸਕੱਤਰ।

ਮੁੱਖ ਸਕੱਤਰ ਨੂੰ ਤੁਹਾਡੀ 15 ਤਰੀਕ ਦੀ ਟੈਲੀਗ੍ਰਾਮ; ਅਸੀਰਗੜ੍ਹ ਵਿਖੇ ਮੌਜੂਦਾ ਸਰਕਾਰੀ ਕੈਦੀਆਂ ਦੇ ਰਸੋਈ ਘਰ ਨੂੰ ਤਬਦੀਲ ਕੀਤਾ ਜਾ ਸਕਦਾ ਹੈ ਅਤੇ ਇੱਕ ਕੁਆਰਟਰ ਤੇ ਦੋ ਹੋਰ ਅਜਿਹੇ ਕੁਆਰਟਰ ਤੇ ਰਸੋਈਏ ਦੇ ਕਮਰੇ ਦੀ ਉਸਾਰੀ ਲਗਭਗ ਸਾਢੇ ਚਾਰ ਸੌ ਰੁਪਏ 'ਚ ਕੀਤੀ ਜਾ ਸਕਦੀ ਹੈ।

ਮਿਤੀ: 19 ਅਕਤੂਬਰ, 1872

ਅਦਨ ਵਿਖੇ ਮੇਰੀ ਕੱਲ੍ਹ ਦੀ ਟੈਲੀਗ੍ਰਾਮ; ਕੈਦੀਆਂ ਨੂੰ ਰੱਖਣ ਲਈ ਸਥਾਨ ਦੀ ਲਾਗਤ ਦੋ ਸੌ ਰੁਪਏ ਤੋਂ ਘੱਟ ਹੋਵੇਗੀ।

## 267

*ਮਿਤੀ 19 ਅਕਤੂਬਰ, 1872*

*ਵੱਲੋਂ*

ਗ੍ਰਹਿ ਸਕੱਤਰ, ਸ਼ਿਮਲਾ, 15 ਅਕਤੂਬਰ, 1872.

*ਵੱਲ*

ਚੀਫ਼ ਕਮਿਸ਼ਨਰ, ਰੰਗੂਨ।

ਟੈਵੋਏ 2408 ਲਈ ਕਰੇਗਾ। ਜਾਂ 3239 'ਚ ਜਾਂ ਬਾਹਰ। ਉਹ ਸਿਰਫ਼ 3386 ਹਨ। ਉਨ੍ਹਾਂ ਨੂੰ ਤੁਸੀਂ ਕਦੋਂ ਅੰਦਰ ਲਿਜਾ ਸਕਦੇ ਹੋ।

ਐੱਚ.ਐੱਲ. ਡੈਂਪੀਅਰ

## 268

*ਮਿਤੀ 21 ਅਕਤੂਬਰ, 1872*

*ਵੱਲੋਂ*

ਮੁੱਖ ਕਮਿਸ਼ਨਰ।

*ਵੱਲ*

ਗ੍ਰਹਿ ਸਕੱਤਰ।

ਹਦਾਇਤ ਜਾਰੀ ਕਰੋ, ਜਦੋਂ ਤੁਹਾਨੂੰ ਪਸੰਦ ਹੋਵੇ ਕੂਕਾ ਕੈਦੀ ਤਦ ਹੀ ਰਵਾਨਗੀ ਪਾਉਣ, ਬੈਡ ਬਲੈਂਕ ਦਾ ਨਾਮ। ਮੈਂ ਉਨ੍ਹਾਂ ਨੂੰ ਜਾਂ ਤਾਂ ਮੌਲਮੀਨ ਜਾਂ ਟੈਵੋਏ 'ਚ ਰੱਖਾਂਗਾ ਜਾਂ ਇੰਸਪੈਕਟਕਰ ਜਨਰਲ ਗ਼ੈਰ-ਹਾਜ਼ਰ ਪਰ ਮੌਲਮੀਨ ਜੇਲ੍ਹ 'ਚ ਸਭ ਕੁਝ ਤਿਆਰ...।'' ਕਮਿਸ਼ਨਰ ਗ਼ੈਰ-ਹਾਜ਼ਰ।

## 269

*ਨੰ. 1168, ਮਿਤੀ ਅਸੀਰਗੜ੍ਹ, 17 ਅਕਤੂਬਰ, 1872*

*ਵੱਲੋਂ*

ਕਰਨਲ ਸਟ. ਜੇ.ਓ. ਮਿਊਟਰ, ਕਮਾਂਡੈਂਟ, ਅਸੀਰਗੜ੍ਹ।

*ਵੱਲ*

ਸਕੱਤਰ, ਬੰਬਈ ਸਰਕਾਰ,
ਸਿਆਸੀ ਵਿਭਾਗ।

ਪ੍ਰਾਪਤ ਹੋਈ ਤੁਹਾਡੀ ਟੈਲੀਗ੍ਰਾਮ ਤੇ ਇਸ ਦਿਨ ਡਿਸਪੈਚ ਹੋਏ ਮੇਰੇ ਜਵਾਬ ਦੇ ਹਵਾਲੇ ਨਾਲ। ਮੈਨੂੰ ਇਹ ਬਿਆਨ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਮੈਨੂੰ ਇਸ ਕਿਲੇ 'ਚ ਭੇਜੇ ਜਾ ਰਹੇ ਪ੍ਰਸਤਾਵਿਤ ਕੈਦੀਆਂ ਦੇ ਵਰਗ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਇੱਥੇ ਇਸ ਵੇਲੇ ਸਾਂਬਲਪੁਰ ਜ਼ਿਲ੍ਹੇ, ਕੇਂਦਰੀ ਸੂਬਿਆਂ ਦੇ ਗੱਦੀਓਂ ਲਾਹੇ ਰਾਜੇ ਸਰਕਾਰੀ ਕੈਦੀਆਂ ਵਜੋਂ ਬੰਦ ਹਨ ਅਤੇ ਉਨ੍ਹਾਂ ਨੂੰ ਸਾਗਵਾਨ ਦੀ ਲੱਕੜ

ਨਾਲ ਬਣੇ ਦਰਵਾਜ਼ਿਆਂ ਵਾਲੇ ਛੋਟੇ ਕਮਰਿਆਂ 'ਚ ਰੱਖਿਆ ਗਿਆ ਹੈ, ਜਿਨ੍ਹਾਂ ਦੇ ਉੱਪਰਲੇ ਹਿੱਸੇ 'ਤੇ ਲੋਹੇ ਦੀਆਂ ਹਲਕੀਆਂ ਛੜਾਂ ਲੱਗੀਆਂ ਹੋਈਆਂ ਹਨ। ਇਨ੍ਹਾਂ ਸੱਤ ਕੈਦੀਆਂ 'ਤੇ ਇੱਕ ਸੰਤਰੀ ਰੱਖਿਆ ਗਿਆ ਹੈ ਅਤੇ ਉਨ੍ਹਾਂ ਨੂੰ ਦਿਨ 'ਚ ਆਪਣੇ ਕੁਆਰਟਰਾਂ ਦੇ ਬਿਲਕੁਲ ਨੇੜੇ ਸਖ਼ਤ ਚੌਕਸੀ ਅਧੀਨ ਰਹਿਣ ਦੀ ਇਜਾਜ਼ਤ ਹੁੰਦੀ ਹੈ ਅਤੇ ਰਾਤ ਨੂੰ ਉਨ੍ਹਾਂ ਨੂੰ ਉਨ੍ਹਾਂ ਦੇ ਕੁਆਰਟਰਾਂ 'ਚ ਬੰਦ ਕਰ ਕੇ ਜਿੰਦਰੇ ਲਾ ਦਿੱਤੇ ਜਾਂਦੇ ਹਨ। ਇਨ੍ਹਾਂ ਸਰਕਾਰੀ ਕੈਦੀਆਂ ਦੇ ਕੁਆਰਟਰਾਂ ਦੁਆਲੇ ਕਿਸੇ ਕਿਸਮ ਦੀ ਕੋਈ ਕੰਧ ਜਾਂ ਵਲੇਵਾਂ ਨਹੀਂ ਹੈ।

2. ਮੈਂ ਹਵਾਲਾ ਅਧੀਨ ਤਿੰਨ ਸਰਕਾਰੀ ਕੈਦੀਆਂ ਨੂੰ ਰੱਖਣ ਲਈ ਵਾਧੂ ਸਥਾਨ ਮੁਹੱਈਆ ਕਰਵਾਉਣ ਦੀ ਸੰਭਾਵੀ ਲਾਗਤ ਬਾਰੇ ਕੱਚਾ ਅਨੁਮਾਨ ਭੇਜਣ ਦੀ ਬੇਨਤੀ ਕਰਦਾ ਹਾਂ, ਉਹ ਕੰਮ ਲਗਭਗ ਚੌਦਾਂ ਦਿਨਾਂ ਅੰਦਰ ਮੁਕੰਮਲ ਕੀਤਾ ਜਾ ਸਕਦਾ ਹੈ।

3. ਜੇ ਇਨ੍ਹਾਂ ਤਿੰਨ ਸਰਕਾਰੀ ਕੈਦੀਆਂ ਦੇ ਰਹਿਣ, ਉਨ੍ਹਾਂ ਦੇ ਕੱਪੜਿਆਂ ਦੇ ਖ਼ਰਚਿਆਂ ਦੇ ਮਾਸਿਕ ਬਿੱਲ ਤੁਹਾਨੂੰ ਭੇਜਣੇ ਜ਼ਰੂਰੀ ਹੋਣ, ਤਾਂ ਮੈਂ ਇਹੋ ਕਹਾਂਗਾ ਕਿ ਜਿਵੇਂ ਪਹਿਲਾਂ ਵੀ ਕੀਤਾ ਜਾਂਦਾ ਰਿਹਾ ਹੈ, ਇੱਕ ਭੱਤਾ ਕਿਲ੍ਹੇ ਦੇ ਐਜੂਟੈਂਟ ਨੂੰ ਭੇਜ ਦੇਣਾ ਚਾਹੀਦਾ ਹੈ।

4. ਇਸ ਕਿਲ੍ਹੇ 'ਚ ਕੈਦ ਸਰਕਾਰੀ ਕੈਦੀਆਂ ਵਾਸਤੇ ਰੱਖਣ ਲਈ ਪ੍ਰਵਾਨਿਤ ਸੇਵਕਾਂ ਦੀ ਸਥਾਪਨਾ ਨੂੰ ਨੀਮਾਰ ਦੇ ਡਿਪਟੀ ਕਮਿਸ਼ਨਰ ਵੱਲੋਂ ਭੁਗਤਾਨ ਕੀਤਾ ਜਾਂਦਾ ਹੈ ਅਤੇ ਜਦੋਂ ਤੱਕ ਇਨ੍ਹਾਂ ਕੈਦੀਆਂ ਲਈ ਸੇਵਕ ਉਪਲਬਧ ਰੱਖੇ ਜਾਣੇ ਹਨ, ਤਾਂ ਉਨ੍ਹਾਂ ਲਈ ਹੁਣ ਹੋਰ ਸੇਵਕ ਭੇਜਣੇ ਜ਼ਰੂਰੀ ਹੋਣਗੇ।

## 270

*ਨੰ. 920, ਮਿਤੀ ਅਸੀਰਗੜ੍ਹ, 17 ਅਕਤੂਬਰ, 1872*

*ਵੱਲੋਂ*

ਆਰ.ਜੇ.ਬੀ. ਥਾਮਸਨ ਐਸਕ., ਸੀ.ਈ.
ਅਸਿਸਟੈਂਟ ਇੰਜੀਨੀਅਰ।

*ਵੱਲ*

ਐਜੂਟੈਂਟ, ਅਸੀਰਗੜ੍ਹ ਕਿਲ੍ਹਾ।

ਅੱਜ ਦੀ ਤਰੀਕ ਦੇ ਤੁਹਾਡੇ ਨੰ. 1196 'ਚ ਜਿਹੜੀ ਬੇਨਤੀ ਕੀਤੀ ਗਈ ਸੀ, ਉਸ ਅਨੁਸਾਰ ਮੈਨੂੰ ਮੌਜੂਦਾ ਰਸੋਈ ਘਰ ਨੂੰ ਤਬਦੀਲ ਕਰ ਕੇ ਗਾਰਡ ਦੇ ਕਮਰੇ ਅਤੇ ਸਰਕਾਰੀ ਕੈਦੀਆਂ ਦੇ ਕੁਆਰਟਰਾਂ ਦੇ ਵਿਚਾਲ਼ੇ 18 ਫੁੱਟ ਲੰਮੇ ਬਿਲਕੁਲ ਉਹੋ ਜਿਹੇ ਇੱਕ ਹੋਰ ਵਾਧੂ ਕਮਰੇ ਦਾ ਨਿਰਮਾਣ ਕਰਨ 'ਤੇ ਆਉਣ ਵਾਲੀ ਲਾਗਤ ਦਾ ਅਨੁਮਾਨ ਭੇਜਣ ਦਾ ਮਾਣ ਹਾਸਲ ਹੋਇਆ ਹੈ, ਜਿਹੋ ਜਿਹੇ ਕਮਰੇ 'ਚ ਉਹ ਇਸ ਵੇਲੇ ਰਹਿ ਰਹੇ ਹਨ ਅਤੇ ਕੁਆਰਟਰਾਂ ਦੇ ਅਖ਼ੀਰ 'ਚ ਮੁੱਖ ਸੜਕ ਦੇ ਨਾਲ ਰਸੋਈ

ਘਰ ਵੀ ਬਣਾਉਣਾ ਹੋਵੇਗਾ।

2. ਤੁਹਾਡੀਆਂ ਜ਼ੁਬਾਨੀ ਹਦਾਇਤਾਂ ਦੀ ਪਾਲਣਾ ਕਰਦਿਆਂ ਇਸ ਸਵੇਰ ਨੂੰ ਗਾਰਡ ਦੇ ਕਮਰੇ ਅਤੇ ਕੈਦੀਆਂ ਦੇ ਕੁਆਰਟਰਾਂ ਦੇ ਵਿਚਾਲ਼ੇ, ਬੇਨਤੀ ਕੀਤੇ ਅਨੁਸਾਰ ਦੋ ਨਹੀਂ, ਸਗੋਂ ਸਿਰਫ਼ ਇੱਕ ਕਮਰਾ ਤਿਆਰ ਕਰਨ ਸਬੰਧੀ ਅਨੁਮਾਨ ਤਿਆਰ ਕਰ ਲਿਆ ਗਿਆ ਹੈ। ਜੇ ਮੌਜੂਦਾ ਰਸੋਈ ਘਰ ਤੋਂ ਇਲਾਵਾ ਦੋ ਕਮਰੇ ਚਾਹੀਦੇ ਹਨ, ਤਾਂ ਲਗਭਗ 160 ਰੁਪਏ ਹੋਰ ਖ਼ਰਚ ਹੋਣਗੇ।

## 271

### ਰਿਪੋਰਟ

ਪਹਿਲਾਂ ਕੁਆਰਟਰਾਂ 'ਚ ਰਹੇ ਕੈਦੀਆਂ ਤੋਂ ਇਲਾਵਾ ਤਿੰਨ ਹੋਰ ਸਰਕਾਰੀ ਕੈਦੀਆਂ ਦੇ ਪੁੱਜਣ ਦੀ ਸੰਭਾਵਨਾ ਹੈ, ਜਿਨ੍ਹਾਂ ਲਈ ਕੋਈ ਕੁਆਰਟਰ ਉਪਲਬਧ ਨਹੀਂ ਹਨ। ਇਸੇ ਲਈ ਮੌਜੂਦਾ ਰਸੋਈ ਘਰ ਨੂੰ ਕੁਆਰਟਰਾਂ ਵਜੋਂ ਵਰਤਣ ਅਤੇ ਖਾਣਾ ਬਣਾਉਣ ਦੇ ਮੰਤਵਾਂ ਲਈ ਇਮਾਰਤ ਦੇ ਅੰਤ 'ਤੇ ਇੱਕ ਹੋਰ ਕਮਰੇ ਦੀ ਉਸਾਰੀ ਕਰਨ ਦਾ ਪ੍ਰਸਤਾਵ ਰੱਖਿਆ ਜਾਂਦਾ ਹੈ, ਇੰਝ ਸਥਾਨਕ ਗਾਰਡ-ਰੂਮ ਅਤੇ ਸਰਕਾਰੀ ਕੈਦੀਆਂ ਦੇ ਮੌਜੂਦਾ ਕੁਆਰਟਰਾਂ ਦੇ ਵਿਚਾਲ਼ੇ ਦੀ ਜਗ੍ਹਾ ਵਲ਼ੀ ਜਾਵੇਗੀ।

## 272

*ਮਿਤੀ 18 ਅਕਤੂਬਰ, 1872*

*ਵੱਲੋਂ*

ਪੁਲਿਟੀਕਲ ਰੈਜ਼ੀਡੈਂਟ, ਅਦਨ।

*ਵੱਲ*

ਸਕੱਤਰ, ਬੰਬਈ ਸਰਕਾਰ।

ਸ੍ਰੀਮਾਨ ਜੀ,

ਮੈਨੂੰ ਇਹ ਸਲਾਹ ਦੇਣ ਦਾ ਮਾਣ ਹਾਸਲ ਹੋਇਆ ਹੈ ਕਿ ਮੈਂ ਅੱਜ ਹੀ ਤੁਹਾਨੂੰ ਸਾਂਝੀ ਤਾਰ ਭੇਜੀ ਹੈ।

"ਤੁਹਾਡੀ 16 ਤਰੀਕ ਦੀ ਤਾਰ। ਕੈਦੀਆਂ ਦੇ ਰਹਿਣ ਲਈ ਥਾਂ ਦੀ ਲਾਗਤ ਦੋ ਸੌ ਰੁਪਏ ਤੱਕ ਹੋਵੇਗੀ।"

2. ਇਸੇ ਮਹੀਨੇ ਦੀ 9 ਤਰੀਕ ਨੂੰ ਮੈਂ ਆਪਣੀ ਤਾਰ ਕਿਉਂਕਿ ਮੁੱਖ ਸਕੱਤਰ ਨੂੰ ਭੇਜੀ ਹੋਈ ਹੈ, ਮੈਂ ਇਹ ਯਕੀਨੀ ਬਣਾਇਆ ਹੈ ਕਿ ਜੇਲ੍ਹ ਅੰਦਰ ਇੱਕ ਵੱਖਰੀ ਇਮਾਰਤ ਹੈ, ਜਿਸ ਦੀ ਆਸਾਨੀ ਨਾਲ ਮੁਰੰਮਤ ਕਰਵਾਈ ਜਾ ਸਕਦੀ ਹੈ, ਕੂਕਾ ਕੈਦੀਆਂ ਨੂੰ ਇੱਥੇ ਹੀ ਰੱਖਿਆ ਜਾਣਾ ਹੈ।

3. ਇਹ ਇਮਾਰਤ 1838 'ਚ ਬਲੋਚ ਮੁਖੀਆਂ*

*1. ਦੁਰਗਾ ਖ਼ਾਨ, ਜਲਰਾਣੀਆਂ ਦਾ ਮੁਖੀ
2. ਦਿਲ ਮੁਰਾਦ ਖ਼ਾਨ, ਖੇੜਾ ਕਬੀਲੇ ਦਾ ਮੁਖੀ

ਦੀ ਵਰਤੋਂ ਲਈ ਸਥਾਪਤ ਕੀਤੀ ਗਈ ਸੀ, ਜੋ ਸਰਕਾਰ ਵੱਲੋਂ ਸਰਕਾਰੀ ਕੈਦੀਆਂ ਵਜੋਂ ਅਦਨ ਭੇਜੇ ਗਏ ਸਨ ਅਤੇ ਮੈਨੂੰ ਲੱਗਦਾ ਹੈ ਕਿ ਉਹ ਜਗ੍ਹਾ ਤਦ ਉਪਰੋਕਤ ਕੈਦੀਆਂ ਲਈ ਕਾਫ਼ੀ ਸਮਝੀ ਗਈ ਸੀ, ਤੇ ਹੁਣ ਕੂਕਾ ਕੈਦੀਆਂ ਲਈ ਵੀ ਕਾਫ਼ੀ ਸਹੀ ਰਹੇਗੀ।

ਮੈਂ ਹਾਂ ਆਪ ਮਾਣਯੋਗ
ਸ੍ਰੀਮਾਨ ਜੀ ਦਾ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ,
ਹਸਤਾਖਰ/–...

## 273

*ਫ਼ੋਰਟ ਵਿਲੀਅਮ, 1 ਜੂਨ, 1872*

ਵੱਲ

ਸਕੱਤਰ,
ਬੰਬਈ ਸਰਕਾਰ।

ਤੁਹਾਡੇ ਪੱਤਰ ਨੰ. 6322, ਮਿਤੀ ਬੀਤੀ 31 ਅਕਤੂਬਰ ਦੇ ਤੁਹਾਡੇ ਪੱਤਰ ਦੇ ਜੁਆਬ 'ਚ, ਮੈਨੂੰ ਇਹ ਬਿਆਨ ਕਰਨ ਦੀ ਹਦਾਇਤ ਹੋਈ ਹੈ ਕਿ ਅਦਨ ਜੇਲ੍ਹ 'ਚ ਵੱਖਰੀ ਇਮਾਰਤ ਉੱਥੇ ਭੇਜੇ ਜਾਣ ਵਾਲੇ ਕੂਕਾ ਕੈਦੀਆਂ ਲਈ ਕਾਫ਼ੀ ਰਹੇਗੀ।

ਹਸਤਾਖਰ/–...

## 274

*ਸ਼ਿਮਲਾ, 31 ਅਕਤੂਬਰ, 1872*

ਵੱਲੋਂ

ਐੱਚ.ਐੱਲ. ਡੈਂਪੀਅਰ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਵੱਲ

ਮੁੱਖ ਸਕੱਤਰ, ਬੰਬਈ ਸਰਕਾਰ।
ਗ੍ਰਹਿ ਵਿਭਾਗ, ਨਿਆਂਇਕ

ਸ੍ਰੀਮਾਨ ਜੀ,

ਇਸੇ ਮਹੀਨੇ ਦੀਆਂ 18 ਤੇ 24 ਤਰੀਕਾਂ ਦੀਆਂ ਤੁਹਾਡੀਆਂ ਤਾਰਾਂ ਦੇ ਹਵਾਲੇ ਨਾਲ, ਮੈਨੂੰ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਮਹਾਮਹਿਮ ਗਵਰਨਰ ਜਨਰਲ–ਇਨ–ਕੌਂਸਲ ਦੀ ਇਜਾਜ਼ਤ ਨਾਲ ਤਿੰਨ ਕੂਕਾ ਕੈਦੀਆਂ ਨੂੰ ਅਦਨ 'ਚ ਅਤੇ ਤਿੰਨ ਨੂੰ ਅਸੀਰਗੜ੍ਹ 'ਚ ਰੱਖਣ ਦੀ ਤਿਆਰੀ ਲਈ ਹੁਕਮ ਜਾਰੀ ਕੀਤੇ ਜਾ ਸਕਦੇ

ਹਨ। ਇਸ ਸਥਾਨ ਦੀ ਅਨੁਮਾਨਤ ਲਾਗਤ (ਅਸੀਰਗੜ੍ਹ 'ਚ ਲਗਭਗ 450 ਰੁਪਏ ਅਤੇ ਅਦਨ 'ਚ ਲਗਭਗ 200 ਰੁਪਏ), ਜਿਵੇਂ ਕਿ ਰਿਪੋਰਟ ਕੀਤੀ ਗਈ ਹੈ, ਪ੍ਰਵਾਨ ਕਰ ਦਿੱਤੀ ਗਈ ਹੈ ਅਤੇ ਇਸ ਤੋਂ ਬਾਅਦ ਸਾਰੇ ਖ਼ਰਚੇ ਐਡਜਸਟ ਕਰ ਦਿੱਤੇ ਜਾਣਗੇ।

*ਰੂੜ ਸਿੰਘ
ਮਲੂਕ ਸਿੰਘ
ਪਹਾੜਾ ਸਿੰਘ

2. ਜਿਵੇਂ ਕਿ ਤੁਹਾਡੀ ਇਸੇ ਮਹੀਨੇ ਦੀ 14 ਤਰੀਕ ਦੀ ਤਾਰ ਤੋਂ ਜਾਪਦਾ ਹੈ ਕਿ ਅਸੀਰਗੜ੍ਹ 'ਚ ਅਸਥਾਈ ਸਥਾਨ ਤੁਰੰਤ ਉਪਲਬਧ ਹੈ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਨੂੰ ਤੁਹਾਡੀ ਸਰਕਾਰ ਨਾਲ ਗੱਲ ਕਰ ਕੇ ਉਨ੍ਹਾਂ ਤਿੰਨ ਕੈਦੀਆਂ ਨੂੰ ਤੁਰੰਤ ਭੇਜਣ ਦੀ ਬੇਨਤੀ ਕਰ ਦਿੱਤੀ ਗਈ ਹੈ, ਜੋ ਅਸੀਰਗੜ੍ਹ ਜੇਲ੍ਹ 'ਚ ਕੈਦ ਰੱਖਣੇ ਹਨ। ਉਸੇ ਅਨੁਸਾਰ ਮੇਰੀ ਬੇਨਤੀ ਹੈ ਕਿ ਉਨ੍ਹਾਂ ਕੈਦੀਆਂ ਦੀ ਆਮਦ ਦੀ ਤਿਆਰੀ ਕਰ ਲਈ ਜਾਵੇ। ਤੁਹਾਡੀ ਇਸੇ ਮਹੀਨੇ ਦੀ ਤਾਰ ਵਿੱਚ ਕੀਤੀ ਬਿਨੈ ਅਨੁਸਾਰ ਅਸੀਰਗੜ੍ਹ ਦੇ ਆਫ਼ੀਸਰ-ਇਨ-ਕਮਾਂਡ ਨੂੰ 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਨੂੰ ਭੇਜ ਦਿੱਤੇ ਗਏ ਹਨ, ਜੋ ਕੈਦੀਆਂ ਨਾਲ ਅਸੀਰਗੜ੍ਹ ਭੇਜੇ ਜਾਣਗੇ। ਕਾਪੀਆਂ ਭੇਜ ਦਿੱਤੀਆਂ ਗਈਆਂ ਹਨ।

3. ਕੈਦੀਆਂ ਨੂੰ ਉਨ੍ਹਾਂ ਦੀ ਸਿਹਤ ਅਨੁਸਾਰ ਸਖ਼ਤ ਨਿਗਰਾਨੀ ਅਧੀਨ ਰੱਖਣਾ ਹੋਵੇਗਾ ਅਤੇ ਉਨ੍ਹਾਂ ਦੀ ਦੇਖਭਾਲ ਸਾਧਾਰਣ ਕਾਰੀਗਰਾਂ ਜਾਂ ਛੋਟੇ ਜ਼ਿਮੀਂਦਾਰਾਂ ਦੇ ਪੱਧਰ ਦੀ ਕੀਤੀ ਜਾਣੀ ਚਾਹੀਦੀ ਹੈ। ਤੁਹਾਨੂੰ ਹਰੇਕ ਕੈਦੀ ਲਈ ਮਾਸਿਕ ਭੱਤਾ ਰਿਪੋਰਟ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ, ਜੋ ਅਸੀਰਗੜ੍ਹ 'ਚ ਪ੍ਰਚਲਿਤ ਕੀਮਤਾਂ ਦੇ ਹਿਸਾਬ ਨਾਲ ਵਾਜਬ ਹੋਵੇ। ਜੇ ਕੈਦੀਆਂ ਦੀ ਆਪਣੀ ਮਰਜ਼ੀ ਮੁਤਾਬਕ ਕਿਸੇ ਹੋਰ ਐਸ਼ ਲਈ ਆਪਣੀ ਤਰਫ਼ ਤੋਂ ਧਨ ਖ਼ਰਚਣ ਦੀ ਇੱਛਾ ਹੋਵੇ, ਤਾਂ ਉਹ ਆਪਣੀ ਅਜਿਹੀ ਇੱਛਾ ਬਾਰੇ ਬੰਬਈ ਸਰਕਾਰ ਨੂੰ ਦੱਸਣ।

4. ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਇਹ ਇੱਛਾ ਪ੍ਰਗਟਾਉਂਦੀ ਰਹੀ ਹੈ ਕਿ ਕੈਦੀਆਂ ਦੇ ਨਾਲ ਇੱਕ ਸੇਵਕ ਭੇਜਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ, ਜੇ ਉਹ ਚਾਹੁੰਦੇ ਹੋਣ। ਜੇ ਇੱਕ ਸੇਵਕ ਨਾਲ ਜਾਂਦਾ ਹੈ ਅਤੇ ਇਨ੍ਹਾਂ ਵਿਅਕਤੀਆਂ ਦੇ ਨਾਲ ਰਹਿਣ ਦਾ ਇੱਛੁਕ ਹੈ, ਤਾਂ ਉਹ ਵੀ ਜ਼ਰੂਰ ਹੀ ਇਨ੍ਹਾਂ ਕੈਦੀਆਂ ਵਾਂਗ ਹੀ ਰਹੇਗਾ। ਕੈਦੀਆਂ ਜਾਂ ਉਨ੍ਹਾਂ ਦੇ ਸਹਾਇਕ ਨੂੰ ਕਿਸੇ ਵੀ ਤਰ੍ਹਾਂ ਦੀ ਚਿੱਠੀ-ਪੱਤਰੀ ਭੇਜਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਨੂੰ ਬੇਨਤੀ ਕਰ ਦਿੱਤੀ ਗਈ ਹੈ ਕਿ ਉਨ੍ਹਾਂ ਕੈਦੀਆਂ ਦੇ ਨਾਲ ਕਿਸੇ ਸੇਵਕ ਨੂੰ ਭੇਜਣ ਦੀ ਇਜਾਜ਼ਤ ਨਾ ਦਿੱਤੀ ਜਾਵੇ, ਜਿਨ੍ਹਾਂ ਨੇ ਨਿਰਧਾਰਤ ਸ਼ਰਤਾਂ ਤੇ ਪਾਬੰਦੀਆਂ ਦੀ ਪਾਲਣਾ ਕਰਨ ਦੇ ਲਿਖਤੀ ਇਕਰਾਰ 'ਤੇ ਦਸਤਖ਼ਤ ਨਾ ਕੀਤੇ ਹੋਣ।

5. ਤਿੰਨ ਕੈਦੀਆਂ ਨੂੰ ਤਦ ਤੁਰੰਤ ਅਦਨ ਭੇਜ ਦਿੱਤਾ ਜਾਵੇਗਾ, ਜਿਵੇਂ ਹੀ

ਬੰਬਈ ਸਰਕਾਰ ਭੇਜੇਗੀ ਕਿ ਉਨ੍ਹਾਂ ਨੂੰ ਰੱਖਣ ਲਈ ਸਥਾਨ ਤਿਆਰ ਹੈ। ਇਸ ਬਾਰੇ ਰਿਪੋਰਟ ਭੇਜਦੇ ਸਮੇਂ ਇਹ ਸੁਵਿਧਾਜਨਕ ਰਹੇਗਾ, ਜੇ ਇਨ੍ਹਾਂ ਵਿਅਕਤੀਆਂ 'ਤੇ ਨਿਗਰਾਨੀ ਰੱਖਣ ਵਾਲੇ ਅਧਿਕਾਰੀ ਦਾ ਅਹੁਦਾ ਵੀ ਦੱਸਿਆ ਜਾਵੇ, ਤਾਂ ਜੋ ਵਾਰੰਟ ਤਿਆਰ ਕਰਨ 'ਚ ਕੋਈ ਦੇਰੀ ਨਾ ਹੋਵੇ।

ਮੈਨੂੰ ਮਾਣ ਹੈ ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ,
ਐੱਚ.ਐੱਲ. ਡੈਂਪੀਅਰ,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ
ਨੰ. 2203ਏ

ਇਸ ਚਿੱਠੀ ਦੇ ਪੈਰਾ 1 ਦੀ ਕਾਪੀ ਵਿੱਤ ਵਿਭਾਗ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ।

ਹਸਤਾਖਰ/- ਐੱਚ.ਐੱਲ. ਡੈਂਪੀਅਰ,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ

## 275

**ਸੀਲ**
**ਨੰ. 50**

*ਵੱਲ*

**ਆਫ਼ੀਸਰ ਇੰਚਾਰਜ, ਅਸੀਰਗੜ੍ਹ**

ਗਵਰਨਰ ਜਨਰਲ-ਇਨ-ਕੌਂਸਲ ਨੇ ਕਿਉਂਕਿ ਚੰਗੇ ਤੇ ਚੋਖੇ ਕਾਰਣਾਂ ਕਰਕੇ ਇਹ ਤੈਅ ਕਰਨਾ ਸਹੀ ਸਮਝਿਆ ਹੈ ਕਿ ਰੂੜ ਸਿੰਘ ਨੂੰ ਅਸੀਰਗੜ੍ਹ 'ਚ ਨਿਜੀ ਬੰਦਸ਼ਾਂ ਅਧੀਨ ਰੱਖਿਆ ਜਾਵੇ, ਇਸ ਲਈ ਤੁਹਾਨੂੰ ਉਸੇ ਅਨੁਸਾਰ ਹੁਕਮ ਦਿੱਤਾ ਜਾਂਦਾ ਹੈ ਕਿ ਇਸ ਕੈਦੀ ਨੂੰ ਉਸੇ ਫ਼ੈਸਲੇ ਮੁਤਾਬਕ ਸਖ਼ਤ ਨਿਗਰਾਨੀ ਅਧੀਨ ਰੱਖੋ ਤੇ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮ ਦੀ 1811 ਦੇ ਰੈਗੂਲੇਸ਼ਨ III ਅਨੁਸਾਰ ਪਾਲਣਾ ਕਰੋ।

ਬਾਹੁਕਮ ਗਵਰਨਰ ਜਨਰਲ-ਇਨ-ਕੌਂਸਲ,
ਹਸਤਾਖਰ/- ...
ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ
'ਚ

*ਸ਼ਿਮਲਾ, 31 ਅਕਤੂਬਰ, 1872*

## 276

**ਸੀਲ**

**ਨੰ. 51**

ਵੱਲ

ਆਫ਼ੀਸਰ-ਇਨ-ਚਾਰਜ, ਅਸੀਰਗੜ੍ਹ।

ਕਿਉਂਕਿ ਗਵਰਨਰ ਜਨਰਲ-ਇਨ-ਕੌਂਸਲ ਨੇ ਸਹੀ ਤੇ ਚੋਖੇ ਕਾਰਣਾਂ ਕਰਕੇ ਇਹ ਤੈਅ ਕੀਤਾ ਹੈ ਕਿ ਮਲੂਕ ਸਿੰਘ ਨੂੰ ਅਸੀਰਗੜ੍ਹ 'ਚ ਨਿਜੀ ਬੰਦਸ਼ਾਂ ਅਧੀਨ ਰੱਖਿਆ ਜਾਵੇ, ਇਸ ਲਈ ਤੁਹਾਨੂੰ ਉਸੇ ਅਨੁਸਾਰ ਹੁਕਮ ਦਿੱਤਾ ਜਾਂਦਾ ਹੈ ਕਿ ਇਸ ਕੈਦੀ ਨੂੰ ਉਸੇ ਫ਼ੈਸਲੇ ਮੁਤਾਬਕ ਸਖ਼ਤ ਨਿਗਰਾਨੀ ਅਧੀਨ ਰੱਖੋ ਤੇ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮ ਦੀ 1811 ਦੇ ਰੈਗੂਲੇਸ਼ਨ III ਅਨੁਸਾਰ ਪਾਲਣਾ ਕਰੋ।

ਬਾਹੁਕਮ ਗਵਰਨਰ ਜਨਰਲ-ਇਨ-ਕੌਂਸਲ,
ਹਸਤਾਖਰ/- ...
ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ 'ਚ

*ਸ਼ਿਮਲਾ, 31 ਅਕਤੂਬਰ, 1872*

## 277

**ਸੀਲ**

**ਨੰ. 52**

*ਮਿਤੀ ਲੁਧਿਆਣਾ, 2 ਸਤੰਬਰ, 1872*

ਵੱਲ

ਆਫ਼ੀਸਰ-ਇਨ-ਚਾਰਜ, ਅਸੀਰਗੜ੍ਹ।

ਕਿਉਂਕਿ ਗਵਰਨਰ ਜਨਰਲ-ਇਨ-ਕੌਂਸਲ ਨੇ ਜ਼ਰੂਰੀ ਚੋਖੇ ਕਾਰਣਾਂ ਕਰਕੇ ਇਹ ਤੈਅ ਕੀਤਾ ਹੈ ਕਿ ਪਹਾੜਾ ਸਿੰਘ ਨੂੰ ਅਸੀਰਗੜ੍ਹ 'ਚ ਨਿਜੀ ਬੰਦਸ਼ਾਂ ਅਧੀਨ ਰੱਖਿਆ ਜਾਵੇ, ਇਸ ਲਈ ਤੁਹਾਨੂੰ ਉਸੇ ਅਨੁਸਾਰ ਹੁਕਮ ਦਿੱਤਾ ਜਾਂਦਾ ਹੈ ਕਿ ਇਸ ਕੈਦੀ ਨੂੰ ਉਸੇ ਫ਼ੈਸਲੇ ਮੁਤਾਬਕ ਸਖ਼ਤ ਨਿਗਰਾਨੀ ਅਧੀਨ ਰੱਖੋ ਤੇ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮ ਦੀ 1811 ਦੇ ਰੈਗੂਲੇਸ਼ਨ III ਅਨੁਸਾਰ ਪਾਲਣਾ ਕਰੋ।

ਬਾਹੁਕਮ ਗਵਰਨਰ ਜਨਰਲ-ਇਨ-ਕੌਂਸਲ,
ਹਸਤਾਖਰ/- ...
ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ 'ਚ

*ਸ਼ਿਮਲਾ, 31 ਅਕਤੂਬਰ, 1872*

## 278

## ਨੰ. 2004

ਵੱਲੋਂ

ਐੱਚ.ਐੱਲ. ਡੈਂਪੀਅਰ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਵੱਲ

ਸਕੱਤਰ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ।
ਗ੍ਰਹਿ ਵਿਭਾਗ

*ਸ਼ਿਮਲਾ, 31 ਅਕਤੂਬਰ, 1872*

ਜੁਡੀਸ਼ੀਅਲ

ਸ੍ਰੀਮਾਨ ਜੀ,

ਤੁਹਾਡੇ ਪੱਤਰ ਨੰ. 42ਏ, ਮਿਤੀ 8 ਮਾਰਚ ਅਤੇ ਦਸਤਾਵੇਜ਼ਾਂ ਦੇ ਹਵਾਲੇ ਨਾਲ, ਮੈਂ ਹੁਣ ਅਲਾਹਾਬਾਦ ਦੀ ਜੇਲ੍ਹ 'ਚ ਬੰਦ ਸਰਕਾਰੀ ਕੂਕਾ ਕੈਦੀਆਂ ਦਾ ਨਿਬੇੜਾ ਕਰਨ ਲਈ ਨਿਮਨਲਿਖਤ ਹਦਾਇਤਾਂ ਦੇਣੀਆਂ ਚਾਹੁੰਦਾ ਹਾਂ।

2. ਬੰਬਈ ਸਰਕਾਰ ਨਾਲ ਗੱਲ ਕਰ ਕੇ ਕੈਦੀਆਂ ਰੂੜ ਸਿੰਘ, ਮਲੂਕ ਸਿੰਘ ਤੇ ਪਹਾੜਾ ਸਿੰਘ ਨੂੰ ਅਸੀਰਗੜ੍ਹ ਭੇਜ ਦੇਣਾ ਚਾਹੀਦਾ ਹੈ।

3. ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਨਾਲ ਗੱਲਬਾਤ ਕਰ ਕੇ ਜਵਾਹਰ ਸਿੰਘ, ਲੱਖਾ ਸਿੰਘ ਤੇ ਬ੍ਰਹਮਾ ਸਿੰਘ ਨੂੰ ਮੌਲਮੀਨ ਭੇਜਣਾ ਚਾਹੀਦਾ ਹੈ।

4. ਕੈਦੀਆਂ ਨਾਲ 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ ਭੇਜੇ ਜਾਣਗੇ।

5. ਜੇ ਕੈਦੀਆਂ ਦੀ ਅਜਿਹੀ ਕੋਈ ਇੱਛਾ ਹੋਵੇ, ਤਾਂ ਕੈਦੀਆਂ ਦੇ ਹਰੇਕ ਬੈਚ ਨਾਲ ਇੱਕ ਸੇਵਕ ਵੀ ਭੇਜਿਆ ਜਾ ਸਕਦਾ ਹੈ; ਪਰ ਇਸ ਤੋਂ ਪਹਿਲਾਂ ਕਿ ਕਿਸੇ ਸੇਵਕ ਨੂੰ ਉਨ੍ਹਾਂ ਦੇ ਨਾਲ ਜਾਣ ਦੀ ਇਜਾਜ਼ਤ ਦਿੱਤੀ ਜਾਵੇ, ਤਾਂ ਉਸ ਨੂੰ ਵਿਸ਼ੇਸ਼ ਤਰੀਕੇ ਨਾਲ ਇਹ ਸਮਝਣਾ ਚਾਹੀਦਾ ਹੈ ਕਿ ਉਹ ਅਜਿਹਾ ਕੇਵਲ ਇਸ ਸ਼ਰਤ 'ਤੇ ਹੀ ਕਰ ਸਕੇਗਾ ਕਿ ਉਹ ਵੀ ਰਸਮੀ ਤੌਰ 'ਤੇ ਉਸੇ ਜੇਲ੍ਹ 'ਚ ਰਹਿਣ ਲਈ ਤਿਆਰ ਹੋਵੇ ਅਤੇ ਬਸ਼ਰਤੇ ਉਹ ਵੀ ਕੈਦੀਆਂ ਵਾਲੀਆਂ ਸਾਰੀਆਂ ਪਾਬੰਦੀਆਂ ਝੱਲ ਸਕਦਾ ਹੋਵੇ। ਅਜਿਹੀਆਂ ਰੋਕਾਂ ਬਹੁਤ ਜ਼ਰੂਰੀ ਹਨ ਕਿਉਂਕਿ ਅਜਿਹੀ ਸੰਭਾਵਨਾ ਵੀ ਹੋ ਸਕਦੀ ਹੈ ਕਿ ਸੇਵਕਾਂ ਨੂੰ ਰੱਖਣ ਦੇ ਬਹਾਨੇ ਉਨ੍ਹਾਂ ਰਾਹੀਂ ਪੰਜਾਬ 'ਚ ਕੈਦੀਆਂ ਦੇ ਜਾਣਕਾਰਾਂ ਨਾਲ ਰਾਬਤਾ ਕਾਇਮ ਕੀਤਾ ਜਾਂਦਾ ਰਹੇ। ਜੇ ਇਨ੍ਹਾਂ ਸ਼ਰਤਾਂ ਅਧੀਨ ਕੋਈ ਸੇਵਕ ਵੀ ਕੈਦੀਆਂ ਨਾਲ ਰਹਿਣਾ ਚਾਹੁੰਦਾ ਹੈ, ਤਾਂ ਉਸ ਨੂੰ ਇਸ ਸਾਰੀ ਵਿਆਖਿਆ ਦਾ ਲਿਖਤੀ ਇਕਰਾਰਨਾਮਾ ਦੇਣਾ ਹੋਵੇਗਾ ਅਤੇ ਆਪਣੀ ਇਹ ਇੱਛਾ ਦਰਸਾਉਣੀ ਹੋਵੇਗੀ ਕਿ ਉਹ ਸਾਰੀਆਂ ਲਾਗੂ ਸ਼ਰਤਾਂ ਮੰਨਣ ਦਾ ਪਾਬੰਦ ਹੋਵੇਗਾ; ਇਸ ਸਭ ਦੀ ਉਸ ਤੋਂ ਲਿਖਤੀ ਪ੍ਰਵਾਨਗੀ ਲੈ ਕੇ ਬੰਬਈ ਸਰਕਾਰ ਜਾਂ ਸਬੰਧਤ ਕੈਦੀਆਂ ਮੁਤਾਬਕ ਬ੍ਰਿਟਿਸ਼ ਬਰਮਾ ਦੇ ਮੁੱਖ ਕਮਿਸ਼ਨਰ ਨੂੰ ਭੇਜਣੀ ਹੋਵੇਗੀ। ਜੇ ਕੋਈ ਸੇਵਕ ਪਹਿਲਾਂ ਤਾਂ ਇਨ੍ਹਾਂ ਸਾਰੀਆਂ ਸ਼ਰਤਾਂ 'ਤੇ ਕਿਸੇ ਕੈਦੀ ਨਾਲ ਰਹਿਣ ਦੇ ਵਿਕਲਪ ਦੀ ਪੇਸ਼ਕਸ਼ ਕਰਦਾ ਹੈ ਪਰ ਬਾਅਦ 'ਚ ਅਜਿਹਾ

ਕਰਨ ਤੋਂ ਨਾਂਹ ਕਰ ਦਿੰਦਾ ਹੈ, ਤਾਂ ਉਸ ਨੂੰ ਇਹ ਗੱਲ ਸਪੱਸ਼ਟ ਕਰ ਦੇਣੀ ਹੋਵੇਗੀ ਕਿ ਫਿਰ ਇਸ ਤੋਂ ਬਾਅਦ ਉਹ ਕੈਦੀ ਨੂੰ ਕਦੇ ਵੀ ਨਹੀਂ ਮਿਲ ਸਕੇਗਾ ਤੇ ਉਸ ਦਾ ਅਜਿਹਾ ਕਰਨਾ ਅੰਤਿਮ ਤੇ ਮੁਕੰਮਲ ਹੋਵੇਗਾ।

6. ਕੈਦੀਆਂ ਮਾਨ ਸਿੰਘ ਤੇ ਹੁਕਮਾ ਸਿੰਘ ਨੂੰ ਚੁਨਾਰ ਭੇਜਣਾ ਚਾਹੀਦਾ ਹੈ; ਉਨ੍ਹਾਂ ਦੇ ਵਾਰੰਟ ਨਾਲ ਨੱਥੀ ਹਨ। ਉਨ੍ਹਾਂ ਦੀ ਸਿਹਤ ਦੇ ਮੱਦੇਨਜ਼ਰ ਉਨ੍ਹਾਂ ਨੂੰ ਚੌਕਸ ਨਿਗਰਾਨੀ ਅਧੀਨ ਰੱਖਣ ਦੀਆਂ ਹਦਾਇਤਾਂ ਦੇਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਨਾਲ ਸਾਧਾਰਣ ਕਾਰੀਗਰਾਂ ਜਾਂ ਛੋਟੇ ਜ਼ਿਮੀਂਦਾਰਾਂ ਵਾਲਾ ਵਿਵਹਾਰ ਰੱਖਣਾ ਚਾਹੀਦਾ ਹੈ। ਤੁਹਾਨੂੰ ਇਹ ਰਿਪੋਰਟ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ ਕਿ ਚੁਨਾਰ 'ਚ ਪ੍ਰਚਲਿਤ ਕੀਮਤਾਂ ਦੇ ਹਵਾਲੇ ਨਾਲ ਹੋਣ ਵਾਲੇ ਖ਼ਰਚਿਆਂ ਦੇ ਆਧਾਰ 'ਤੇ ਹਰੇਕ ਲਈ ਮਾਸਿਕ ਭੱਤਾ ਕਿੰਨਾ ਦੇਣਾ ਚਾਹੀਦਾ ਹੈ। ਜੇ ਉਹ ਕਿਸੇ ਵਾਧੂ ਐਸ਼ ਲਈ ਆਪਣੇ ਪੱਲਿਓਂ ਧਨ ਖ਼ਰਚਣਾ ਚਾਹੁੰਦੇ ਹਨ, ਤਾਂ ਉਹ ਅਜਿਹਾ ਲੈਫ਼ਟੀਨੈਂਟ ਗਵਰਨਰ ਦੇ ਕਹਿਣ 'ਤੇ ਕਰ ਸਕਦੇ ਹਨ।

7. ਬਾਕੀ ਦੇ ਤਿੰਨ ਕੈਦੀ ਮੰਗਲ ਸਿੰਘ, ਸਾਹਿਬ ਸਿੰਘ ਤੇ ਕਾਹਨ ਸਿੰਘ ਅਗਲੀਆਂ ਹਦਾਇਤਾਂ ਮਿਲਣ ਤੱਕ ਅਲਾਹਾਬਾਦ 'ਚ ਹੀ ਰਹਿਣਗੇ।

ਸ਼੍ਰੀਮਾਨ ਜੀ, ਮੈਂ ਹਾਂ ਮਾਣਮੱਤਾ
ਆਪ ਜੀ ਦਾ ਬੇਹੱਦ ਆਗਿਆਕਾਰ ਸੇਵਕ,
ਹਸਤਾਖਰ/- ਐੱਚ.ਐੱਲ. ਡੈਂਪੀਅਰ,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ

## 279
**ਸੀਲ**
**ਨੰ. 55**

ਵੱਲ

ਆਫ਼ੀਸਰ-ਇਨ-ਚਾਰਜ, ਚੁਨਾਰ ਕਿਲ੍ਹਾ।

ਕਿਉਂਕਿ ਗਵਰਨਰ ਜਨਰਲ-ਇਨ-ਕੌਂਸਲ ਨੂੰ ਬਿਹਤਰ ਤੇ ਚੋਖੇ ਕਾਰਣਾਂ ਕਰਕੇ ਇਹ ਫ਼ੈਸਲਾ ਲੈਣਾ ਦਰੁਸਤ ਲੱਗਾ ਕਿ ਹੁਕਮਾ ਸਿੰਘ ਨੂੰ ਚੁਨਾਰ ਦੇ ਕਿਲ੍ਹੇ 'ਚ ਨਿਜੀ ਬੰਦਸ਼ਾਂ ਅਧੀਨ ਰੱਖਿਆ ਜਾਣਾ ਚਾਹੀਦਾ ਹੈ, ਤੁਹਾਨੂੰ ਇਸ ਦੁਆਰਾ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਸ ਫ਼ੈਸਲੇ ਮੁਤਾਬਕ ਉਪਰੋਕਤ ਨਾਮ ਵਾਲੇ ਵਿਅਕਤੀ ਨੂੰ ਆਪਣੀ ਹਿਰਾਸਤ 'ਚ ਲੈ ਲਿਆ ਜਾਵੇ ਅਤੇ ਉਸ ਨਾਲ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮਾਂ ਅਤੇ 1818 ਦੇ ਰੈਗੂਲੇਸ਼ਨ III ਦੀਆਂ ਵਿਵਸਥਾਵਾਂ ਮੁਤਾਬਕ ਨਿਪਟਿਆ ਜਾਵੇ।

ਬਾਹੁਕਮ ਗਵਰਨਰ ਜਨਰਲ-ਇਨ-ਕੌਂਸਲ,
ਹਸਤਾਖਰ/-...
ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਸ਼ਿਮਲਾ, 31 ਅਕਤੂਬਰ, 1872*

**ਸੀਲ**

**ਨੰ. 56**

ਵੱਲ

ਆਫ਼ੀਸਰ-ਇਨ-ਚਾਰਜ, ਚੁਨਾਰ ਕਿਲ੍ਹਾ।

ਕਿਉਂਕਿ ਗਵਰਨਰ ਜਨਰਲ-ਇਨ-ਕੌਂਸਲ ਨੂੰ ਬਿਹਤਰ ਤੇ ਚੋਖੇ ਕਾਰਣਾਂ ਕਰਕੇ ਇਹ ਫ਼ੈਸਲਾ ਲੈਣਾ ਦਰੁਸਤ ਲੱਗਾ ਕਿ ਮਾਨ ਸਿੰਘ ਸਿੰਘ ਨੂੰ ਚੁਨਾਰ ਦੇ ਕਿਲ੍ਹੇ 'ਚ ਨਿਜੀ ਬੰਦਸ਼ਾਂ ਅਧੀਨ ਰੱਖਿਆ ਜਾਣਾ ਚਾਹੀਦਾ ਹੈ, ਤੁਹਾਨੂੰ ਇਸ ਦੁਆਰਾ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਸ ਫ਼ੈਸਲੇ ਮੁਤਾਬਕ ਉਪਰੋਕਤ ਨਾਮ ਵਾਲੇ ਵਿਅਕਤੀ ਨੂੰ ਆਪਣੀ ਹਿਰਾਸਤ 'ਚ ਲੈ ਲਿਆ ਜਾਵੇ ਅਤੇ ਉਸ ਨਾਲ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮਾਂ ਅਤੇ 1818 ਦੇ ਰੈਗੂਲੇਸ਼ਨ III ਦੀਆਂ ਵਿਵਸਥਾਵਾਂ ਮੁਤਾਬਕ ਨਿਪਟਿਆ ਜਾਵੇ।

ਬਾਹੁਕਮ ਗਵਰਨਰ ਜਨਰਲ-ਇਨ-ਕੌਂਸਲ,
ਹਸਤਾਖਰ/-...
ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਸ਼ਿਮਲਾ, 31 ਅਕਤੂਬਰ, 1872*

# 280

**ਨੰ. 2005**

ਵੱਲੋਂ

ਐੱਚ.ਐੱਲ. ਡੈਂਪੀਅਰ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਵੱਲ

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

**ਗ੍ਰਹਿ ਵਿਭਾਗ** ਸ਼ਿਮਲਾ, 31 ਅਕਤੂਬਰ, 1872

**ਨਿਆਂਇਕ**

ਸ੍ਰੀਮਾਨ ਜੀ,

ਜਵਾਹਰ ਸਿੰਘ, ਲੱਖਾ ਸਿੰਘ, ਹੁਕਮਾ ਸਿੰਘ

ਇਸੇ ਮਹੀਨੇ ਦੀ 21 ਤਰੀਕ ਦੀ ਤੁਹਾਡੀ ਟੈਲੀਗ੍ਰਾਮ ਦੇ ਹਵਾਲੇ ਨਾਲ, ਮੈਨੂੰ ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਨੂੰ ਇੱਥੇ ਹਾਸ਼ੀਏ 'ਤੇ ਲਿਖੇ ਤਿੰਨ ਕੂਕਾ ਕੈਦੀਆਂ ਦੇ ਨਾਂਅ ਮੌਲਮੀਨ ਭੇਜਣ ਦੀ ਬੇਨਤੀ ਕਰਨ ਦੀ ਹਦਾਇਤ ਕੀਤੀ ਗਈ ਹੈ, ਜਿੱਥੇ ਹਾਲ ਦੀ ਘੜੀ ਉਨ੍ਹਾਂ ਨੂੰ ਰੱਖਿਆ ਜਾਣਾ ਹੈ। 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ ਉਸ ਸਰਕਾਰ ਨੂੰ ਭੇਜ ਦਿੱਤੇ ਗਏ ਹਨ। ਜੇ ਤੁਹਾਨੂੰ ਠੀਕ ਲੱਗੇ, ਤਾਂ ਉਸ ਤੋਂ ਬਾਅਦ ਕੈਦੀਆਂ ਨੂੰ ਟੈਵੋਏ ਜਾਂ ਕਿਤੇ ਹੋਰ ਭੇਜਿਆ ਜਾ ਸਕਦਾ ਹੈ ਅਤੇ ਤਦ ਇਸ

ਸਬੰਧੀ ਸੂਚਨਾ ਇਸ ਦਫ਼ਤਰ ਨੂੰ ਭੇਜ ਦੇਣਾ, ਤਾਜ਼ਾ ਵਾਰੰਟ ਉਸੇ ਮੁਤਾਬਕ ਜਿਹੜੀ ਥਾਂ 'ਤੇ ਉਨ੍ਹਾਂ ਨੂੰ ਰੱਖਣਾ ਤੁਸੀਂ ਪ੍ਰਸਤਾਵਿਤ ਕਰੋਗੇ, ਉੱਥੋਂ ਦੇ ਮੁਖੀ ਜਾਂ ਨਿਗਰਾਨ ਦੇ ਨਾਂਅ 'ਤੇ ਜਾਰੀ ਕਰ ਦਿੱਤੇ ਜਾਣਗੇ। ਕਾਨੂੰਨ ਅਨੁਸਾਰ ਵਾਰੰਟ ਇੰਝ ਹੀ ਸੰਬੋਧਤ ਹੁੰਦੇ ਹਨ।

2. ਇਹ ਜ਼ਰੂਰੀ ਨਹੀਂ ਹੈ ਕਿ ਕੈਦੀਆਂ ਨੂੰ ਜੇਲ੍ਹ ਦੇ ਅੰਦਰ ਹੀ ਰੱਖਣਾ ਹੈ, ਸਗੋਂ ਉਨ੍ਹਾਂ ਨਾਲ ਮੇਲ-ਮਿਲਾਪ ਵਧਾਉਣ ਦੀ ਲੋੜ ਨਹੀਂ ਹੋਣੀ ਚਾਹੀਦੀ। ਉਨ੍ਹਾਂ ਦੀ ਸਿਹਤ ਕਾਰਣ ਉਨ੍ਹਾਂ 'ਤੇ ਚੌਕਸ ਨਿਗਰਾਨੀ ਰੱਖਣੀ ਹੋਵੇਗੀ। ਜੇ ਉਨ੍ਹਾਂ ਨੂੰ ਜੇਲ੍ਹ 'ਚ ਰੱਖਣਾ ਹੈ, ਤਾਂ ਉਨ੍ਹਾਂ ਨੂੰ ਕਿਸੇ ਵੀ ਹਾਲਤ 'ਚ ਹੋਰਨਾਂ ਕੈਦੀਆਂ ਨੂੰ ਮਿਲਣ ਦੀ ਇਜਾਜ਼ਤ ਨਹੀਂ ਦੇਣੀ ਹੋਵੇਗੀ। ਉਨ੍ਹਾਂ ਨਾਲ ਇੱਕ ਸਾਧਾਰਣ ਕਾਰੀਗਰ ਜਾਂ ਛੋਟੇ ਜ਼ਿਮੀਂਦਾਰ ਜਿਹਾ ਵਿਵਹਾਰ ਰੱਖਣਾ ਚਾਹੀਦਾ ਹੈ। ਤੁਹਾਨੂੰ ਬੇਨਤੀ ਹੈ ਕਿ ਤੁਸੀਂ ਆਪਦੀ ਜੇਲ੍ਹ ਦੇ ਸਥਾਨ 'ਚ ਪ੍ਰਚਲਿਤ ਕੀਮਤਾਂ ਦੇ ਹਿਸਾਬ ਨਾਲ ਇੱਕ ਵਾਜਬ ਮਾਸਿਕ ਭੱਤੇ ਸਬੰਧੀ ਰਿਪੋਰਟ ਭੇਜ ਦੇਵੋ। ਜੇ ਕੈਦੀ ਆਪਣੇ ਖ਼ੁਦ ਦੇ ਪੈਸੇ ਨਾਲ ਕੋਈ ਵਾਧੂ ਐਸ਼ ਲੈਣੀ ਚਾਹੁਣਗੇ, ਤਾਂ ਇਹ ਤੁਹਾਡੀ ਮਰਜ਼ੀ 'ਤੇ ਹੋਵੇਗਾ।

3. ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਜੇ ਚਾਹੁੰਦੀ ਹੋਵੇ, ਤਾਂ ਉਹ ਕੈਦੀਆਂ ਨਾਲ ਇੱਕ ਸੇਵਕ ਭੇਜਣ ਦੀ ਇਜਾਜ਼ਤ ਦੇ ਸਕਦੀ ਹੈ, ਜੇ ਉਹ ਕੈਦੀ ਅਜਿਹਾ ਚਾਹੁਣ। ਜੇ ਕੋਈ ਸੇਵਕ ਉਨ੍ਹਾਂ ਨਾਲ ਜਾਂਦਾ ਹੈ ਅਤੇ ਉਹ ਉਨ੍ਹਾਂ ਵਿਅਕਤੀਆਂ ਨਾਲ ਮੌਜੂਦ ਰਹਿਣ ਦਾ ਚਾਹਵਾਨ ਹੈ, ਤਾਂ ਉਸ ਨੂੰ ਉਹ ਸਾਰੀਆਂ ਪਾਬੰਦੀਆਂ ਮੰਨਣੀਆਂ ਹੋਣਗੀਆਂ, ਜਿਨ੍ਹਾਂ ਦਾ ਜ਼ਿਕਰ ਤੁਹਾਡੇ ਪਤੇ 'ਤੇ ਭੇਜੇ ਗਏ ਇਸ ਦਫ਼ਤਰ ਦੇ ਪੱਤਰ ਨੰ. 470, ਮਿਤੀ 10 ਮਾਰਚ 'ਚ ਕੀਤਾ ਗਿਆ ਹੈ।

4. ਕੈਦੀਆਂ ਜਾਂ ਉਨ੍ਹਾਂ ਦੇ ਸਹਾਇਕ/ਸੇਵਕ ਨੂੰ ਕਿਸੇ ਤਰ੍ਹਾਂ ਦੀ ਚਿੱਠੀ-ਪੱਤਰੀ ਦੀ ਕੋਈ ਇਜਾਜ਼ਤ ਨਹੀਂ ਦੇਣੀ ਚਾਹੀਦੀ। ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਦੀ ਇਹੋ ਮਰਜ਼ੀ ਰਹੀ ਹੈ ਕਿਸੇ ਵੀ ਅਜਿਹੇ ਸੇਵਕ ਨੂੰ ਕੈਦੀਆਂ ਦੇ ਨਾਲ ਜਾਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ, ਜਿਸ ਨੇ ਕੈਦੀਆਂ ਉੱਤੇ ਲਾਈਆਂ ਸ਼ਰਤਾਂ ਅਤੇ ਪਾਬੰਦੀਆਂ ਨੂੰ ਇੰਨ-ਬਿੰਨ ਮੰਨਣ ਦਾ ਲਿਖਤੀ ਇਕਰਾਰ ਨਹੀਂ ਕੀਤਾ।

ਸ੍ਰੀਮਾਨ ਜੀ, ਮੈਂ ਹਾਂ ਮਾਣਮੱਤਾ
ਆਪ ਜੀ ਦਾ ਬੇਹੱਦ ਆਗਿਆਕਾਰ ਸੇਵਕ,
ਹਸਤਾਖਰ/- ਐੱਚ.ਐੱਲ. ਡੈਂਪੀਅਰ,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ

## 281
### ਸੀਲ
### ਨੰ. 53

ਵੱਲ

ਆਫ਼ੀਸਰ-ਇਨ-ਚਾਰਜ, ਮੌਲਮੀਨ ਜੇਲ੍ਹ।

ਕਿਉਂਕਿ ਗਵਰਨਰ ਜਨਰਲ-ਇਨ-ਕੌਂਸਲ ਨੇ ਬਿਹਤਰ ਤੇ ਚੋਖੇ ਕਾਰਣਾਂ ਕਰਕੇ ਜਵਾਹਰ ਸਿੰਘ ਨੂੰ ਮੌਲਮੀਨ ਜੇਲ੍ਹ 'ਚ ਨਿਜੀ ਬੰਦਸ਼ਾਂ ਅਧੀਨ ਰੱਖਣ ਦਾ ਫ਼ੈਸਲਾ ਲਿਆ ਹੈ, ਇਸ ਦੁਆਰਾ ਤੁਹਾਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਤੁਸੀਂ ਇਸ ਫ਼ੈਸਲੇ ਮੁਤਾਬਕ ਹੀ ਉਪਰੋਕਤ ਨਾਮਿਤ ਵਿਅਕਤੀ ਨੂੰ ਆਪਣੀ ਹਿਰਾਸਤ 'ਚ ਲਵੋਗੇ ਅਤੇ ਉਸ ਨਾਲ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮਾਂ ਅਤੇ 1818 ਦੇ ਰੈਗੂਲੇਸ਼ਨ III ਦੀਆਂ ਵਿਵਸਥਾਵਾਂ ਮੁਤਾਬਕ ਹੀ ਸਿੱਝੋਗੇ।

ਬਾਹੁਕਮ ਗਵਰਨਰ ਜਨਰਲ-ਇਨ-ਕੌਂਸਲ,
ਹਸਤਾਖਰ/- ਐੱਚ.ਐੱਲ. ਡੈਂਪੀਅਰ,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ

ਸ਼ਿਮਲਾ, *31 ਅਕਤੂਬਰ, 1872*

## 282

### ਸੀਲ
### ਨੰ. 54

ਵੱਲ

ਆਫ਼ੀਸਰ-ਇਨ-ਚਾਰਜ, ਮੌਲਮੀਨ ਜੇਲ੍ਹ।

ਕਿਉਂਕਿ ਗਵਰਨਰ ਜਨਰਲ-ਇਨ-ਕੌਂਸਲ ਨੇ ਬਿਹਤਰ ਤੇ ਚੋਖੇ ਕਾਰਣਾਂ ਕਰਕੇ ਲੱਖਾ ਸਿੰਘ ਨੂੰ ਮੌਲਮੀਨ ਜੇਲ੍ਹ 'ਚ ਨਿਜੀ ਬੰਦਸ਼ਾਂ ਅਧੀਨ ਰੱਖਣ ਦਾ ਫ਼ੈਸਲਾ ਲਿਆ ਹੈ, ਇਸ ਦੁਆਰਾ ਤੁਹਾਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਤੁਸੀਂ ਇਸ ਫ਼ੈਸਲੇ ਮੁਤਾਬਕ ਹੀ ਉਪਰੋਕਤ ਨਾਮਿਤ ਵਿਅਕਤੀ ਨੂੰ ਆਪਣੀ ਹਿਰਾਸਤ 'ਚ ਲਵੋਗੇ ਅਤੇ ਉਸ ਨਾਲ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮਾਂ ਅਤੇ 1818 ਦੇ ਰੈਗੂਲੇਸ਼ਨ III ਦੀਆਂ ਵਿਵਸਥਾਵਾਂ ਮੁਤਾਬਕ ਹੀ ਸਿੱਝੋਗੇ।

ਬਾਹੁਕਮ ਗਵਰਨਰ ਜਨਰਲ-ਇਨ-ਕੌਂਸਲ,
ਹਸਤਾਖਰ/- ਐੱਚ.ਐੱਲ. ਡੈਂਪੀਅਰ,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ

ਸ਼ਿਮਲਾ, *31 ਅਕਤੂਬਰ, 1872*

## 283

### ਸੀਲ
### ਨੰ. 55

ਵੱਲ

ਆਫ਼ੀਸਰ-ਇਨ-ਚਾਰਜ, ਮੌਲਮੀਨ ਜੇਲ੍ਹ।

ਕਿਉਂਕਿ ਗਵਰਨਰ ਜਨਰਲ-ਇਨ-ਕੌਂਸਲ ਨੇ ਬਿਹਤਰ ਤੇ ਚੋਖੇ ਕਾਰਣਾਂ

ਕਰਕੇ ਬ੍ਰਹਮਾ ਸਿੰਘ ਨੂੰ ਮੌਲਮੀਨ ਜੇਲ੍ਹ 'ਚ ਨਿਜੀ ਬੰਦਸ਼ਾਂ ਅਧੀਨ ਰੱਖਣ ਦਾ ਫ਼ੈਸਲਾ ਲਿਆ ਹੈ, ਇਸ ਦੁਆਰਾ ਤੁਹਾਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਤੁਸੀਂ ਇਸ ਫ਼ੈਸਲੇ ਮੁਤਾਬਕ ਹੀ ਉਪਰੋਕਤ ਨਾਮਿਤ ਵਿਅਕਤੀ ਨੂੰ ਆਪਣੀ ਹਿਰਾਸਤ 'ਚ ਲਵੋਗੇ ਅਤੇ ਉਸ ਨਾਲ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮਾਂ ਅਤੇ 1818 ਦੇ ਰੈਗੂਲੇਸ਼ਨ III ਦੀਆਂ ਵਿਵਸਥਾਵਾਂ ਮੁਤਾਬਕ ਹੀ ਸਿੱਝੋਗੇ।

ਬਾਹੁਕਮ ਗਵਰਨਰ ਜਨਰਲ-ਇਨ-ਕੌਂਸਲ,
ਹਸਤਾਖਰ/- ਐੱਚ.ਐੱਲ. ਡੈਂਪੀਅਰ,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ

ਸ਼ਿਮਲਾ, *31 ਅਕਤੂਬਰ, 1872*

## 284

### ਸ੍ਰੀ ਟੀ.ਡੀ. ਫ਼ਾਰਸਿਥ ਦਾ ਪੰਜਾਬ ਤੋਂ ਅਵਧ ਦਾ ਤਬਾਦਲਾ

*ਮਿਤੀ 22 ਅਕਤੂਬਰ, 1872*

*ਨੰ. 3422*

*ਵੱਲੋਂ*

ਐੱਲ. ਗ੍ਰਿਫ਼ਿਨ ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਐੱਚ.ਐੱਲ. ਡੈਂਪੀਅਰ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਮਾਣਯੋਗ ਲੈਫ਼ਟੀਨੈਂਟ ਗਵਰਨਰ ਦੇ ਹੁਕਮਾਂ ਅਨੁਸਾਰ ਮੈਂ ਤੁਹਾਨੂੰ ਜਲੰਧਰ ਦੇ ਪਾਦਰੀ ਬੀ. ਗੋਲਕਨਾਥ ਵੱਲੋਂ 28 ਅਗਸਤ ਨੂੰ ਲਿਖੀ ਅਸਲ ਚਿੱਠੀ ਭੇਜ ਰਿਹਾ ਹਾਂ, ਜਿਸ ਦੇ ਨਾਲ ਟੀ.ਡੀ. ਫ਼ਾਰਸਿਥ, ਐਸਕ., ਸੀ.ਬੀ. ਨੂੰ ਹਟਾਉਣ ਦੇ ਖ਼ਿਲਾਫ਼ ਸਥਾਨਕ ਭਾਸ਼ਾ 'ਚ ਲਿਖੀਆਂ ਪਟੀਸ਼ਨਾਂ ਵੀ ਹਨ, ਜਿਨ੍ਹਾਂ ਨੂੰ ਮਹਾਮਹਿਮ ਵਾਇਸਰਾਏ ਅਤੇ ਗਵਰਨਰ ਜਨਰਲ-ਇਨ-ਕੌਂਸਲ ਸਾਹਵੇਂ ਪੇਸ਼ ਕੀਤਾ ਜਾ ਸਕਦਾ ਹੈ। ਉਨ੍ਹਾਂ ਪਟੀਸ਼ਨਾਂ ਦੇ ਤਰਜਮੇ ਵੀ ਨਾਲ ਨੱਥੀ ਕੀਤੇ ਜਾਂਦੇ ਹਨ।

ਇਸ ਦੇ ਨਾਲ ਮੌਜੂਦ ਅਰਜ਼ੀਆਂ ਜਿਹੜੇ ਕੇਸ ਨਾਲ ਸੰਬੰਧਤ ਹਨ, ਉਸ ਮਾਮਲੇ ਦਾ ਫ਼ੈਸਲਾ ਅਧਿਕਾਰਤ ਤੌਰ 'ਤੇ ਭਾਰਤ ਸਰਕਾਰ ਅਤੇ ਸਰਕਾਰ 'ਚ ਮਹਾਰਾਣੀ ਦੇ ਸਕੱਤਰ ਵੱਲੋਂ ਲਿਆ ਗਿਆ ਹੈ, ਜਿਸ ਕਾਰਣ ਲੈਫ਼ਟੀਨੈਂਟ ਗਵਰਨਰ ਨੇ ਇਹ ਦਸਤਾਵੇਜ਼ ਤੁਹਾਡੀਆਂ ਚਿੱਠੀਆਂ 'ਚ ਹਾਸ਼ੀਏ 'ਤੇ ਨੋਟ ਕੀਤੇ ਲੈਫ਼ਟੀਨੈਂਟ ਆਰ. ਬਾਰਥਲਮਿਊ ਦੇ ਕੇਸ 'ਚ ਖ਼ਾਸ ਹਵਾਲੇ ਕਾਰਣ ਭੇਜਣ 'ਚ ਝਿਜਕ ਵਿਖਾਈ ਸੀ; ਪਰ ਹੁਣ ਕਿਉਂਕਿ ਮਾਣਯੋਗ ਸਾਹਿਬ ਲਈ ਇਸ ਮਾਮਲੇ ਦੀ ਹਾਲੇ ਵੀ ਅਹਿਮੀਅਤ ਹੈ, ਜਿਸ ਕੇਸ ਬਾਰੇ ਫ਼ੈਸਲਾ ਉਨ੍ਹਾਂ ਵੱਲੋਂ ਨਹੀਂ, ਸਗੋਂ ਭਾਰਤ ਸਰਕਾਰ

ਵੱਲੋਂ ਲਿਆ ਗਿਆ ਸੀ, ਜਿਸ ਕਾਰਣ ਉਨ੍ਹਾਂ ਕੋਲ ਸੰਬੰਧਤ ਅਧਿਕਾਰੀ ਨਾਲ ਨਿਆਂਪੂਰਨ ਕਾਰਵਾਈ ਅਧੀਨ ਉਨ੍ਹਾਂ ਦੀ ਟਿੱਪਣੀ ਤੋਂ ਬਗ਼ੈਰ ਭਾਰਤ ਸਰਕਾਰ ਦੇ ਵਿਚਾਰਨ ਲਈ ਭੇਜਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਹੈ ਅਤੇ ਇਹ ਕਾਰਜ-ਵਿਧੀ, ਜੋ ਤੁਹਾਡੇ 25 ਅਪ੍ਰੈਲ ਵਾਲੇ ਪੱਤਰ ਵਿੱਚ ਦਰਜ ਹਦਾਇਤਾਂ 'ਚ ਅਖ਼ਤਿਆਰ 'ਤੇ ਛੱਡੀ ਗਈ ਸੀ, ਇਸੇ ਲਈ ਲੈਫ਼ਟੀਨੈਂਟ ਗਵਰਨਰ ਉਹੋ ਜਿਹੇ ਮਾਮਲੇ 'ਚ ਕੁਝ ਮਜਬੂਰ ਮਹਿਸੂਸ ਕਰਨਗੇ, ਜਿਸ ਬਾਰੇ ਫ਼ੈਸਲਾ ਪਹਿਲਾਂ ਸਰਬਉੱਚ ਸਰਕਾਰ ਕਰ ਚੁੱਕੀ ਸੀ।

## 285

*ਮਿਤੀ ਜਲੰਧਰ, 28 ਅਗਸਤ, 1872*

*ਵੱਲੋਂ*

ਪਾਦਰੀ ਬੀ. ਗੋਲਕਨਾਥ।

*ਵੱਲ*

ਐੱਲ. ਗ੍ਰਿਫ਼ਿਨ, ਐਸਕ.,<br>
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਬੀਤੇ ਮਈ ਮਹੀਨੇ ਇਸ ਜਗ੍ਹਾ ਦੇ ਤੇ ਹੋਰਨਾਂ ਸਥਾਨਾਂ ਦੇ ਕਈ ਸਥਾਨਕ ਭੱਦਰ-ਪੁਰਸ਼ਾਂ ਦੀ ਇੱਕ ਬੈਠਕ ਹੋਈ ਸੀ ਅਤੇ ਸਰਦਾਰ ਬਿਕਰਮ ਸਿੰਘ, ਬਹਾਦਰ, ਆਹਲੂਵਾਲੀਆ ਨੂੰ ਇਸ ਦੀ ਪ੍ਰਧਾਨਗੀ ਲਈ ਸੱਦਿਆ ਗਿਆ ਸੀ। ਇਸ ਬੈਠਕ ਦਾ ਉਦੇਸ਼ ਸ੍ਰੀ ਟੀ.ਡੀ. ਫ਼ਾਰਸਿਥ, ਜੋ ਪਿੱਛੇ ਜਿਹੇ ਤੱਕ ਅੰਬਾਲਾ ਦੇ ਕਮਿਸ਼ਨਰ ਤੇ ਸੁਪਰਇੰਟੈਂਡੈਂਟ 'ਤੇ ਤਾਇਨਾਤ ਰਹੇ ਹਨ, ਨੂੰ ਹਟਾਉਣ ਦੇ ਹਾਲੀਆ ਹੁਕਮਾਂ 'ਤੇ ਮੁੜ-ਵਿਚਾਰ ਕਰਨ ਲਈ ਭਾਰਤ ਸਰਕਾਰ ਨੂੰ ਬੇਨਤੀ ਕਰਨਾ ਸੀ, ਇਸ ਅਧਿਕਾਰੀ ਦਾ ਤਬਾਦਲਾ ਪੰਜਾਬ ਤੋਂ ਅਵਧ ਦਾ ਕਰ ਦਿੱਤਾ ਗਿਆ ਹੈ ਕਿਉਂਕਿ ਉਨ੍ਹਾਂ ਬੀਤੇ ਜਨਵਰੀ ਮਹੀਨੇ ਕੋਟਲਾ ਵਿਖੇ ਕੂਕਿਆਂ ਨੂੰ ਮੌਤ ਦੀ ਸਜ਼ਾ ਦੇਣ 'ਚ ਭੂਮਿਕਾ ਨਿਭਾਈ ਸੀ।

ਇਸ ਮੀਟਿੰਗ 'ਚ ਸ਼ਾਮਲ ਹੋਏ ਸਾਰੇ ਮੈਂਬਰਾਂ ਨੇ ਸ਼ੁਕਰਗੁਜ਼ਾਰੀ ਕਰਦਿਆਂ ਮੰਨਿਆ ਕਿ ਉਨ੍ਹਾਂ ਦੇ ਹਾਕਮਾਂ ਨੇ ਲੋਕਾਂ ਦੀ ਭਲਾਈ ਲਈ ਸੋਚਦਿਆਂ ਸਦਾ ਉਨ੍ਹਾਂ ਦੇ ਹਿਤ ਦਾ ਖ਼ਿਆਲ ਰੱਖਿਆ ਹੈ ਅਤੇ ਮਾਪਿਆਂ ਵਾਂਗ ਦੇਖਭਾਲ ਕੀਤੀ ਹੈ, ਪਰ ਉਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਇਸ ਮਾਮਲੇ ਦੇ ਖ਼ਾਸ ਹਾਲਾਤ ਅਧੀਨ, ਚਾਹੇ ਇਹ ਫ਼ੈਸਲਾ ਕਾਨੂੰਨੀ ਤੌਰ 'ਤੇ ਨਿਆਂਪੂਰਨ ਹੋ ਸਕਦਾ ਹੈ ਪਰ ਇਸ ਦੇ ਅਸਰ ਜ਼ਿਆਦਾਤਰ ਜਨਤਾ 'ਤੇ, ਖ਼ਾਸ ਕਰਕੇ ਜੋ ਅਸੰਤੁਸ਼ਟ ਹਨ ਤੇ ਇਸ ਫ਼ੈਸਲੇ ਨੂੰ ਦਰੁਸਤ ਨਹੀਂ ਮੰਨਦੇ, ਕਾਫ਼ੀ ਖ਼ਤਰਨਾਕ ਤੇ ਭੈੜੇ ਨਤੀਜਿਆਂ ਵਾਲੇ ਹੋਣਗੇ।

ਦੂਜੇ ਪਾਸੇ, ਮੀਟਿੰਗ 'ਚ ਮੌਜੂਦ ਜ਼ਿਆਦਾਤਰ ਮੈਂਬਰ ਕੂਕਿਆਂ ਦੇ ਅਸਲ ਕਿਰਦਾਰ ਤੇ ਉਨ੍ਹਾਂ ਦੀਆਂ ਯੋਜਨਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ ਤੇ ਇਹ ਵੇਖਦਿਆਂ ਕਿ ਮਲੇਰਕੋਟਲਾ 'ਚ ਬਣਦਾ ਝਟਕਾ ਲੱਗਣ ਤੱਕ ਉਨ੍ਹਾਂ ਦੀ ਗਿਣਤੀ ਨਿੱਤ ਵਧਦੀ

ਜਾ ਰਹੀ ਸੀ, ਇਸ ਮੀਟਿੰਗ 'ਚ ਉਨ੍ਹਾਂ ਤਾਜ਼ਾ ਹੁਕਮਾਂ 'ਤੇ ਬਹੁਤ ਅਫ਼ਸੋਸ ਪ੍ਰਗਟ ਕੀਤਾ ਗਿਆ ਕਿ ਜਿਹੜੇ ਅਧਿਕਾਰੀਆਂ ਨੇ ਪੂਰੇ ਭਰੋਸੇ ਨਾਲ ਇੱਕ ਬਾਗ਼ੀ ਸੰਪਰਦਾਇ ਨੂੰ ਰੋਕਣ ਲਈ ਆਪਣਾ ਫ਼ਰਜ਼ ਨਿਭਾਇਆ, ਜਿਨ੍ਹਾਂ ਦੀ ਸੰਕਲਪਬੱਧ ਮਨਸ਼ਾ ਪੰਜਾਬ 'ਚ ਬ੍ਰਿਟਿਸ਼ ਹਕੂਮਤ ਨੂੰ ਡੇਗਣਾ ਸੀ ਪਰ ਉਨ੍ਹਾਂ ਨੂੰ ਸਬਕ ਸਿਖਾਉਣ ਵਾਲੇ ਅਧਿਕਾਰੀਆਂ ਨੂੰ ਸਜ਼ਾ ਦੇ ਦਿੱਤੀ ਗਈ ਅਤੇ ਇੰਝ ਸਮੁੱਚੇ ਦੇਸ਼ ਸਾਹਮਣੇ ਉਨ੍ਹਾਂ ਨੂੰ ਅਪਮਾਨਿਤ ਕੀਤਾ ਗਿਆ।

ਮੀਟਿੰਗ 'ਚ ਪ੍ਰਧਾਨ ਦੀ ਹਦਾਇਤ ਅਨੁਸਾਰ ਮੈਂ ਦੇਸੀ ਭਾਸ਼ਾ 'ਚ ਲਿਖੀਆਂ ਪਟੀਸ਼ਨਾਂ ਭੇਜਣ ਦੀ ਖੁੱਲ੍ਹ ਲੈ ਰਿਹਾ ਹਾਂ, ਜਿਨ੍ਹਾਂ 'ਤੇ ਉਨ੍ਹਾਂ ਲੋਕਾਂ ਦੇ ਹਸਤਾਖਰ ਹਨ, ਜਿਹੜੇ ਇਸ ਮੀਟਿੰਗ 'ਚ ਇਸ ਮਾਮਲੇ 'ਤੇ ਪੂਰੀ ਤਰ੍ਹਾਂ ਇੱਕਜੁਟ ਸਨ ਤੇ ਉਹ ਤੁਹਾਡੇ ਨਾਲ ਪੰਜਾਬ ਦੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਵੀ ਬੇਨਤੀ ਕਰਦੇ ਹਨ ਕਿ ਰਤਾ ਦਿਆਲਤਾ ਨਾਲ ਵਿਚਾਰ ਕੀਤਾ ਜਾਵੇ ਤੇ ਭਾਰਤ ਦੇ ਮਹਾਮਹਿਮ ਗਵਰਨਰ ਜਨਰਲ-ਇਨ-ਕੌਂਸਲ ਨੂੰ ਵਿਚਾਰ ਲਈ ਇਹ ਅਰਜ਼ੀ ਭੇਜੀ ਜਾਵੇ।

**ਵੱਲ, ਪੰਜਾਬ ਦੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਸਾਹਿਬ**

ਮਾਣਯੋਗ ਸਾਹਿਬ ਦੀ ਸੇਵਾ 'ਚ ਬੇਨਤੀ ਹੈ ਕਿ - ਅਸੀਂ ਮਹਾਰਾਣੀ ਦੇ ਨਾਗਰਿਕ ਤੁਹਾਡੇ ਕੋਲ ਬੇਹੱਦ ਸਤਿਕਾਰ ਨਾਲ ਨਿਮਨਲਿਖਤ ਆਧਾਰ 'ਤੇ ਆਪਣੀ ਨਿਆਂਪੂਰਨ ਸਰਕਾਰ ਸਾਹਵੇਂ, ਖ਼ਾਸ ਤੌਰ 'ਤੇ ਲੌਰਡ ਨੌਰਥਬਰੁੱਕ ਨੂੰ ਉਸ ਹਾਲੀਆ ਹੁਕਮ ਖ਼ਿਲਾਫ਼ ਬੇਨਤੀ ਕਰਦੇ ਹਾਂ, ਜਿਸ ਰਾਹੀਂ ਸ੍ਰੀ ਕਾਵਨ ਨੂੰ ਸੇਵਾ ਤੋਂ ਬਰਤਰਫ਼ ਕਰ ਦਿੱਤਾ ਗਿਆ ਹੈ ਅਤੇ ਅੰਬਾਲਾ ਦੇ ਕਮਿਸ਼ਨਰ ਸ੍ਰੀ ਫ਼ਾਰਸਿਥ ਦਾ ਤਬਾਦਲਾ ਅਵਧ ਕਰ ਦਿੱਤਾ ਗਿਆ ਹੈ, ਸਾਡੀ ਬੇਨਤੀ ਹੈ ਕਿ ਇਹ ਜ਼ੇਰੇ ਗ਼ੌਰ ਹੁਕਮ ਰੱਦ ਕਰ ਦਿੱਤਾ ਜਾਵੇ।

ਸਰਕਾਰ ਦੇ ਤਜਰਬੇਕਾਰ ਅਧਿਕਾਰੀਆਂ ਲਈ ਇਹ ਕੋਈ ਲੁਕਵਾਂ ਤੱਥ ਨਹੀਂ ਹੈ ਕਿ ਕੂਕਾ ਸੰਪਰਦਾਇ ਨੇ ਕਦੇ ਨਹੀਂ ਚਾਹਿਆ ਕਿ ਬ੍ਰਿਟਿਸ਼ ਪ੍ਰਸ਼ਾਸਨ ਕਦੇ ਨਿਰੰਤਰ ਅਮਨ-ਚੈਨ ਨਾਲ ਕੰਮ ਕਰ ਸਕੇ, ਇਹ ਸਭ ਉਨ੍ਹਾਂ ਦੇ ਆਪਣੇ ਆਚਾਰ-ਵਿਹਾਰ ਤੋਂ ਹੀ ਸਪੱਸ਼ਟ ਹੈ; ਉਹ ਮੇਲਿਆਂ ਦੇ ਬਹਾਨੇ ਵੱਡੇ ਇਕੱਠ ਕਰਦੇ ਰਹੇ ਹਨ ਅਤੇ ਅਜਿਹੇ ਸਥਾਨਾਂ 'ਤੇ ਧਾਰਮਿਕ ਵਿਵਾਦ ਖੜ੍ਹੇ ਕਰਦੇ ਰਹੇ ਹਨ; ਉਨ੍ਹਾਂ ਨੇ ਵੱਖੋ-ਵੱਖਰੇ ਸਥਾਨਾਂ 'ਤੇ ਹਥਿਆਰਬੰਦ ਸੂਬੇ ਨਿਯੁਕਤ ਕੀਤੇ ਸਨ; ਉਨ੍ਹਾਂ ਨੇ ਆਪਣੀ ਨਿਜੀ ਡਾਕ-ਸੇਵਾ ਸਥਾਪਤ ਕਰ ਲਈ ਸੀ; ਉਹ ਨਿਮਨਲਿਖਤ ਅਨੁਸਾਰ (ਬਾਗ਼ੀਆਨਾ) ਗਾਉਂਦੇ ਸਨ:

''ਖ਼ਾਲਸਾ ਜੀ ਦਾ ਰਾਜ ਹੋਸੀ,
ਉਨਕੇ ਆਗੇ ਰਹੇ ਨਾ ਕੋਸੀ''

(ਖ਼ਾਲਸਾ ਜੀ ਰਾਜ ਕਰੇਗਾ, ਖ਼ਾਲਸਾ ਸਾਹਮਣੇ ਕੋਈ ਨਹੀਂ ਟਿਕੇਗਾ;)

ਉਹ ਆਪਣੇ ਸਥਾਨਾਂ 'ਤੇ ਸਰਕਾਰ ਵਿਰੁੱਧ ਮਾੜੀ ਮਨਸ਼ਾ ਨਾਲ ਹੀ ਬੋਲੇ। ਇਸ ਸਭ 'ਤੇ ਗ਼ੌਰ ਕਰਦਿਆਂ ਹੀ ਸਰਕਾਰ ਨੇ ਤਦ ਉਨ੍ਹਾਂ 'ਤੇ ਸਦਾ ਨਜ਼ਰ ਰੱਖੀ,

ਜਦੋਂ ਵੀ ਕਦੇ ਉਹ ਮੇਲਿਆਂ 'ਤੇ ਗਏ। ਸ਼ੁਰੂ 'ਚ, ਉਨ੍ਹਾਂ ਨੇ ਪੂਰੀ ਰਣਨੀਤੀ ਨਾਲ ਸਰਕਾਰੀ ਉਦੇਸ਼ਾਂ 'ਤੇ ਹਮਲੇ ਕੀਤੇ ਅਤੇ ਫਿਰ ਚੁੱਪ ਰਹਿ ਕੇ ਵੀ ਵੇਖਿਆ ਕਿ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈਆਂ ਕਿਸ ਹੱਦ ਤੱਕ ਹੁੰਦੀਆਂ ਹਨ। ਅੰਮ੍ਰਿਤਸਰ ਦੀਆਂ ਬਾਗ਼ੀਆਨਾ ਘਟਨਾਵਾਂ ਸਦਕਾ ਲੰਮੇ ਸਮੇਂ ਤੱਕ ਕਈ ਔਕੜਾਂ ਆਈਆਂ। ਅਖ਼ੀਰ, ਜਦੋਂ ਇਹ ਸਿੱਧ ਹੋ ਗਿਆ ਕਿ ਇਹ ਅਪਰਾਧ ਕੂਕਿਆਂ ਨੇ ਕੀਤਾ ਸੀ, ਫਿਰ ਇਸ ਸੰਪਰਦਾਇ ਦੇ ਸਾਰੇ ਮੈਂਬਰਾਂ ਨੂੰ ਨਹੀਂ ਉਲਝਾਇਆ ਗਿਆ, ਸਗੋਂ ਉਨ੍ਹਾਂ 'ਚੋਂ ਸਿਰਫ਼ ਕੁਝ ਕੁ ਨੂੰ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ। ਤਦ ਉਨ੍ਹਾਂ ਨੇ ਧਾਰਮਿਕ ਆਧਾਰ 'ਤੇ ਭੜਕਾਉਣ ਲਈ ਗਊ-ਹੱਤਿਆ ਦਾ ਮੁੱਦਾ ਫੜ ਲਿਆ, ਜਿਸ ਨਾਲ ਉਨ੍ਹਾਂ ਨੂੰ ਆਸ ਸੀ ਕਿ ਹਰੇਕ ਹਿੰਦੂ ਭੜਕੇਗਾ, ਫਿਰ ਉਸ ਵਿਅਕਤੀ 'ਤੇ ਹਮਲਾ ਕੀਤਾ ਗਿਆ, ਜਿਸ ਨੇ ਪਹਿਲੇ ਮਾਮਲੇ 'ਚ ਸਰਕਾਰ ਦੀ ਮਦਦ ਕੀਤੀ ਸੀ ਤੇ ਇੰਝ ਗੜਬੜ ਪੈਦਾ ਕੀਤੀ ਗਈ। ਇੰਝ ਉਨ੍ਹਾਂ ਆਪਣਾ ਸਿਰ ਚੁੱਕਦਿਆਂ ਦੂਜੀ ਵਾਰ ਸਰਕਾਰ ਦੀ ਪ੍ਰਸ਼ਾਸਕੀ ਤਾਕਤ ਨੂੰ ਪਰਖਿਆ। ਸਾਨੂੰ ਪੂਰੀ ਤਰ੍ਹਾਂ ਇੰਝ ਲੱਗਦਾ ਹੈ ਕਿ ਜੇ ਕਿਤੇ ਉਨ੍ਹਾਂ ਦੇ ਅਪਰਾਧ ਮੁਤਾਬਕ ਉਨ੍ਹਾਂ ਨੂੰ ਸਜ਼ਾ ਨਾ ਦਿੱਤੀ ਜਾਂਦੀ, ਤਾਂ ਉਨ੍ਹਾਂ ਤੋਂ ਸਾਡੀਆਂ ਜਾਇਦਾਦਾਂ, ਇੱਜ਼ਤ ਤੇ ਜਾਨਾਂ ਨੂੰ ਅੰਮ੍ਰਿਤਸਰ ਦੇ ਪਿਛਲੇ ਮਾਮਲੇ ਨਾਲ ਸੰਬੰਧਤ ਲੋਕਾਂ ਤੋਂ ਵੀ ਜ਼ਿਆਦਾ ਖ਼ਤਰਾ ਪੈਦਾ ਹੋ ਜਾਣਾ ਸੀ। ਪਰ ਕਿਉਂਕਿ ਸ੍ਰੀ ਫ਼ਾਰਸਿਥ ਇੱਕ ਅਨੁਭਵੀ ਅਧਿਕਾਰੀ ਸਨ ਅਤੇ ਉਹ ਇਨ੍ਹਾਂ ਲੋਕਾਂ ਦੇ ਕਿਰਦਾਰ ਤੋਂ ਚੰਗੀ ਤਰ੍ਹਾਂ ਵਾਕਫ਼ ਸਨ, ਉਨ੍ਹਾਂ ਨੇ ਅਜਿਹੇ ਖ਼ਦਸ਼ਿਆਂ ਨੂੰ ਸਮਝ ਲਿਆ ਸੀ; ਅਤੇ ਜਿਸ ਜਗ੍ਹਾ ਦੂਜੀ ਤਬਾਹੀ ਹੋਈ ਸੀ, ਉਸ ਜਗ੍ਹਾ ਉਹ ਖ਼ੁਦ ਮੌਜੂਦ ਸਨ, ਉਨ੍ਹਾਂ ਅਪਰਾਧੀ ਕੂਕਿਆਂ ਦੇ ਦਲ ਨੂੰ ਤੋਪਾਂ ਨਾਲ ਉਡਾਇਆ ਸੀ; ਅਤੇ ਇਸ ਤਰ੍ਹਾਂ ਉਨ੍ਹਾਂ ਪੰਜਾਬ 'ਚ ਇਸ ਸੰਪਰਦਾਇ ਦੇ ਵੱਡੀ ਗਿਣਤੀ ਮੈਂਬਰਾਂ ਦੇ ਹੌਸਲੇ ਪਸਤ ਕੀਤੇ ਸਨ, ਜੋ ਅਜਿਹੇ ਨਤੀਜੇ ਦੀ ਚਿੰਤਾ ਨਾਲ ਉਡੀਕ ਕਰ ਰਹੇ ਸਨ। ਇਸ ਤਰ੍ਹਾਂ ਅੱਗ ਦੇ ਜਿਹੜੇ ਭਾਂਬੜ ਨੇ ਸਮੁੱਚੇ ਪੰਜਾਬ ਨੂੰ ਆਪਣੀ ਲਪੇਟ 'ਚ ਲੈ ਲੈਣਾ ਸੀ, ਉਸ ਨੂੰ ਉਨ੍ਹਾਂ ਨੇ ਸ਼ੁਰੂ 'ਚ ਹੀ ਕਾਬੂ ਕਰ ਲਿਆ, ਇਸੇ ਲਈ ਉਪਰੋਕਤ ਸਾਰੇ ਤੱਥਾਂ 'ਤੇ ਗ਼ੌਰ ਕਰਦਿਆਂ, ਅਸੀਂ ਜੋ ਆਪਣੇ ਦੇਸ਼ ਦੇ ਦਸਤੂਰ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ, ਜਦੋਂ ਅਸੀਂ ਸ੍ਰੀ ਫ਼ਾਰਸਿਥ ਦੀ ਕਾਰਵਾਈ ਦੀ ਤੁਲਨਾ ਆਪਣੇ ਪ੍ਰਚਲਨ ਨਾਲ ਕਰਦੇ ਹਾਂ, ਤਾਂ ਸਾਨੂੰ ਇਹੋ ਲੱਗਦਾ ਹੈ ਕਿ ਜਿਹੜੇ ਵੀ ਕਦਮ ਚੁੱਕੇ ਗਏ ਸਨ, ਉਹ ਸਾਡੀ ਅਣਖ ਦੀ ਰਾਖੀ ਲਈ ਸਨ। ਸਰਕਾਰ ਲਈ ਉਨ੍ਹਾਂ ਦੀਆਂ ਸੇਵਾਵਾਂ ਤੇ ਲੋਕਾਂ ਲਈ ਕੀਤੀ ਉਨ੍ਹਾਂ ਦੀ ਭਲਾਈ ਬਦਲੇ ਸ੍ਰੀ ਫ਼ਾਰਸਿਥ ਨੂੰ ਅਪਰਾਧੀ ਠਹਿਰਾ ਦਿੱਤਾ ਗਿਆ ਹੈ। ਜਿਸ ਨਿਆਂਪੂਰਨ ਅਧਿਕਾਰੀ ਲਈ ਸਾਡੇ ਮਨਾਂ 'ਚ ਇੰਨਾ ਜ਼ਿਆਦਾ ਆਦਰ-ਮਾਣ ਹੈ ਤੇ ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਵੀ ਹਾਂ, ਅਸੀਂ ਉਸ ਨਿੰਦਾ ਲਈ ਆਪਣਾ ਦੁੱਖ ਤੇ ਅਫ਼ਸੋਸ ਪ੍ਰਗਟਾਉਣ ਦੀ ਇਜਾਜ਼ਤ ਚਾਹੁੰਦੇ ਹਾਂ, ਜਿਹੜੀ ਇਸ ਅਧਿਕਾਰੀ ਨੇ ਆਮ ਜਨਤਾ ਦੀ ਭਲਾਈ ਕਰ ਕੇ ਖੱਟ ਲਈ ਹੈ। ਸ੍ਰੀ ਫ਼ਾਰਸਿਥ ਦੀਆਂ ਪਿਛਲੀਆਂ ਸ਼ਲਾਘਾਯੋਗ ਸੇਵਾਵਾਂ ਉੱਤੇ ਵਿਚਾਰ ਕਰਨ ਤੋਂ ਇਲਾਵਾ ਸਾਡੇ ਕੋਲ ਸਰਕਾਰ ਕੋਲ ਆਪਣੀ ਅਪੀਲ ਪ੍ਰਵਾਨ ਕਰਵਾਉਣ ਦਾ ਇੱਕ ਆਧਾਰ ਹੋਰ ਹੈ ਕਿ ਕਿਸੇ ਨੇ ਵੀ ਇਸ ਅਧਿਕਾਰੀਆਂ ਦੀਆਂ

ਮੌਜੂਦਾ ਸੇਵਾਵਾਂ 'ਤੇ ਸਥਾਨਕ ਦ੍ਰਿਸ਼ਟੀਕੋਣ ਤੋਂ ਵਿਚਾਰ ਨਹੀਂ ਕੀਤਾ ਤੇ ਸਰਕਾਰ ਵੱਲੋਂ ਇਸ ਮਾਮਲੇ 'ਚ ਜਾਰੀ ਕੀਤੇ ਹੁਕਮ ਵਿੱਚ ਇੱਕ ਗ਼ਲਤੀ ਸੀ।

ਅਸੀਂ ਇੱਕ ਵੱਖਰੇ ਕਾਗਜ਼ 'ਤੇ ਆਪਣੇ ਹਸਤਾਖਰ ਕਰਦੇ ਹਾਂ।

ਵੱਖਰੇ ਕਾਗਜ਼ਾਂ 'ਤੇ ਇਨ੍ਹਾਂ ਦੇ ਦਸਤਖ਼ਤ ਹਨ:

ਹਰਨਾਮ ਸਿੰਘ, ਆਹਲੂਵਾਲੀਆ,

ਬਿਕਰਮ ਸਿੰਘ, -ਉਹੀ-

ਸੁਚੇਤ ਸਿੰਘ, -ਉਹੀ-

ਗੋਲਕਨਾਥ, ਮਿਸ਼ਨਰੀ,

ਅਤੇ 437 ਹੋਰ, ਵੱਖੋ-ਵੱਖਰੇ ਕਸਬਿਆਂ ਤੇ ਪਿੰਡਾਂ ਦੇ ਜਗੀਰਦਾਰ, ਮਿਉਂਸਪਲ ਕਮੇਟੀਆਂ ਦੇ ਮੈਂਬਰ, ਜ਼ੈਲਦਾਰ, ਸ਼ਾਹੂਕਾਰ ਆਦਿ।

## ਵੱਲ, ਮਾਣਯੋਗ ਲੈਫ਼ਟੀਨੈਂਟ ਗਵਰਨਰ, ਪੰਜਾਬ

ਆਪ ਮਾਣਯੋਗ ਜੀ ਦੀ ਖ਼ਿਦਮਤ 'ਚ ਬੇਨਤੀ ਕੀਤੀ ਜਾਂਦੀ ਹੈ - ਇਹ ਸਪੱਸ਼ਟ ਹੈ ਕਿ ਸਾਡੀ ਦਿਆਲੂ ਸਰਕਾਰ ਨੇ ਵੱਡਾ ਉਪਕਾਰ ਕਰਦਿਆਂ ਆਪਣੇ ਸਾਰੇ ਨਾਗਰਿਕਾਂ ਨੂੰ, ਖ਼ਾਸ ਤੌਰ 'ਤੇ ਅਖ਼ਬਾਰਾਂ ਦੇ ਲੇਖਕਾਂ ਨੂੰ ਇਸ ਲਈ ਖੁੱਲ੍ਹ ਦਿੱਤੀ ਹੈ ਕਿ ਜੇ ਉਹ ਦੇਸ਼ ਦੇ ਪ੍ਰਸ਼ਾਸਨ 'ਚ ਕਿਤੇ ਕੋਈ ਨੁਕਸ ਜਾਂ ਉਨ੍ਹਾਂ ਨੂੰ ਸਰਕਾਰ ਦੇ ਕਿਸੇ ਹੁਕਮਾਂ 'ਚ ਕੋਈ ਗ਼ਲਤੀ ਜਾਪੇ, ਤਾਂ ਉਹ ਬਿਨਾਂ ਕਿਸੇ ਡਰ ਦੇ ਆਪਣੇ ਵਿਚਾਰ ਤੇ ਸੰਬੰਧਤ ਇਤਰਾਜ਼ ਪ੍ਰਗਟਾ ਸਕਦੇ ਹਨ ਅਤੇ ਇੰਝ ਸਰਕਾਰ ਅਜਿਹੇ ਨੁਕਸਾਂ ਤੋਂ ਜਾਣੂ ਹੋ ਸਕਦੀ ਹੈ ਅਤੇ ਉਨ੍ਹਾਂ ਨੂੰ ਦਰੁਸਤ ਕਰਨ ਲਈ ਲੋੜੀਂਦੇ ਕਦਮ ਚੁੱਕ ਸਕਦੀ ਹੈ। ਹਾਲੀਆ ਕੂਕਾ ਮਾਮਲੇ 'ਚ ਸਰਕਾਰ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਦੇ ਸਬੰਧ 'ਚ ਅਖ਼ਬਾਰਾਂ ਦੇ ਸੰਪਾਦਕਾਂ ਵੱਲੋਂ ਬਹੁਤ ਇਤਰਾਜ਼ ਪ੍ਰਗਟਾਏ ਗਏ ਸਨ; ਅਤੇ ਸਾਡੇ ਵੀ ਅਜਿਹੇ ਇਤਰਾਜ਼ ਹਨ। ਫਿਰ ਜਦੋਂ ਸਾਡੇ ਦੇਸ਼ ਦੇ ਕਿਸੇ ਸੁਆਲ ਨਾਲ ਸੰਬੰਧਤ ਕਿਸੇ ਨੁਕਸ ਦਾ ਮਾਮਲਾ ਹੁੰਦਾ ਹੈ, ਤਾਂ ਸਰਕਾਰ ਦੇ ਨਾਗਰਿਕਾਂ ਕੋਲ ਤਾਂ ਇਤਰਾਜ਼ ਪ੍ਰਗਟਾਉਣ ਲਈ ਅਖ਼ਬਾਰ ਦੇ ਲੇਖਕਾਂ ਨਾਲੋਂ ਵੀ ਜ਼ਿਆਦਾ ਆਜ਼ਾਦੀ ਹੁੰਦੀ ਹੈ, ਅਸੀਂ ਸਰਕਾਰ ਕੋਲ ਸੁਹਿਰਦ ਵਿਸ਼ਵਾਸ ਨਾਲ ਕੋਈ ਵੀ ਮਾਮਲਾ ਉਠਾ ਸਕਦੇ ਹਾਂ। ਕੂਕਾ ਮਾਮਲੇ 'ਚ ਸਰਕਾਰ ਦੇ ਹੁਕਮਾਂ ਖ਼ਿਲਾਫ਼ ਅਖ਼ਬਾਰਾਂ ਦੇ ਲੇਖਕਾਂ ਵੱਲੋਂ ਕੀਤੇ ਗਏ ਇਤਰਾਜ਼ ਸਾਡੇ ਵਿਚਾਰ ਮੁਤਾਬਕ ਠੋਸ ਤੇ ਵਾਜਬ ਹਨ, ਸਰਕਾਰ ਨੂੰ ਬਿਨੈ-ਪੱਤਰ (ਪਟੀਸ਼ਨ) ਦੇਣ ਲਈ ਲੋਕਾਂ ਵੱਲੋਂ ਇੱਕ ਕਮੇਟੀ ਕਾਇਮ ਕੀਤੀ ਗਈ ਸੀ, ਜਿਨ੍ਹਾਂ ਦੇ ਨਾਂਅ ਅੰਤ 'ਚ ਜ਼ਿਲ੍ਹਿਆਂ ਅਨੁਸਾਰ ਦਿੱਤੇ ਗਏ ਹਨ ਅਤੇ ਉਹ ਸਾਰੇ ਸਰਬਸੰਮਤੀ ਨਾਲ ਇਸ ਨਤੀਜੇ 'ਤੇ ਅੱਪੜੇ ਹਨ ਕਿ ਉਸ ਮਾਮਲੇ 'ਚ ਸਰਕਾਰ ਵੱਲੋਂ ਜਾਰੀ ਕੀਤੇ ਗਏ ਹੁਕਮਾਂ 'ਤੇ ਸੱਚਮੁਚ ਮੁੜ-ਵਿਚਾਰ ਕਰਨ ਦੀ ਜ਼ਰੂਰਤ ਹੈ ਅਤੇ ਇਸੇ ਲਈ ਇਸ ਵਿਸ਼ੇ 'ਤੇ ਸਰਕਾਰ ਕੋਲ ਇਹ ਮਾਮਲਾ ਉਠਾਉਣਾ ਜ਼ਰੂਰੀ ਹੋ ਗਿਆ ਸੀ; ਕਿਉਂਕਿ ਅਸੀਂ ਦੇਸ਼ ਦੇ ਮਾਮਲਿਆਂ ਨੂੰ ਹੋਰ ਕਿਸੇ ਵੀ ਵਰਗ ਨਾਲੋਂ ਜ਼ਿਆਦਾ ਬਿਹਤਰ ਸਮਝਦੇ ਹਾਂ। ਇਹ ਗੱਲ ਸੰਸਦ 'ਚ ਪਹਿਲਾਂ ਹੀ ਮੰਨੀ ਜਾ ਚੁੱਕੀ

ਹੈ। ਕੂਕਿਆਂ ਨੇ ਈਸ਼ਵਰ ਦੀ ਅਰਾਧਨਾ ਕਰਨ ਤੇ ਪੈਰੋਕਾਰ ਹੋਣ ਦੇ ਪੱਜ ਬਾਗ਼ੀਆਨਾ ਤੇ ਵਿਦਰੋਹੀ ਆਚਾਰ-ਵਿਹਾਰ ਕੀਤਾ ਅਤੇ ਉਸ ਨੂੰ ਸਹੀ ਤਰੀਕੇ ਸਮਝਿਆ ਨਹੀਂ ਗਿਆ, ਜਿਵੇਂ ਕਿ ਸਮਝਣਾ ਚਾਹੀਦਾ ਸੀ ਅਤੇ ਨਾਲ ਤਜਰਬੇਕਾਰ ਅਧਿਕਾਰੀਆਂ ਦੀਆਂ ਰਿਪੋਰਟਾਂ ਵੱਲ ਕੋਈ ਬਣਦਾ ਧਿਆਨ ਦਿੱਤਾ ਗਿਆ। ਜਦ ਤੋਂ ਇਹ ਸੰਪਰਦਾਇ ਹੋਂਦ 'ਚ ਆਇਆ ਸੀ, ਤਦ ਤੋਂ ਹੀ ਪੰਜਾਬ ਸਮੇਤ ਹਿੰਦੁਸਤਾਨ ਦੇ ਨਾਗਰਿਕਾਂ ਦਾ ਇਹ ਮੰਨਣਾ ਸੀ ਕਿ ਉਨ੍ਹਾਂ ਦਾ ਅਸਲ ਮੰਤਵ ਦੇਸ਼ ਦੀ ਸਿਖ਼ਰਲੀ ਪ੍ਰਭੂਸੱਤਾ ਨੂੰ ਹਾਸਲ ਕਰਨਾ ਹੀ ਸੀ ਅਤੇ ਉਸ ਦੇ ਮੈਂਬਰ ਮੁੱਖ ਤੌਰ 'ਤੇ ਦੇਸ਼-ਧਰੋਹੀ ਸਨ। ਉਨ੍ਹਾਂ ਨੂੰ ਕਦੇ ਵੀ ਬੇਪਰਵਾਹ ਫ਼ਕੀਰ ਜਾਂ ਸੱਚੇ ਰੱਬ ਦੇ ਉਪਾਸ਼ਕ ਨਹੀਂ ਮੰਨਿਆ ਗਿਆ ਸੀ। ਉਹ ਆਪਣੇ ਸਿਧਾਂਤ ਦੇ ਸਮਰਥਨ 'ਚ ਮਜ਼ਬੂਤ ਦਲੀਲਾਂ ਵਰਤਦੇ ਸਨ, ਉਨ੍ਹਾਂ ਨੂੰ ਇੱਥੇ ਦਿੱਤਾ ਨਹੀਂ ਜਾ ਸਕਦਾ ਕਿਉਂਕਿ ਫਿਰ ਇਸ ਬਿਨੈ-ਪੱਤਰ ਦੇ ਬਹੁਤ ਜ਼ਿਆਦਾ ਲੰਮੇਰਾ ਹੋਣ ਦਾ ਡਰ ਰਹੇਗਾ ਪਰ ਉਨ੍ਹਾਂ ਦੀ ਕਿਸਮ ਨੂੰ ਦਰਸਾਉਣ ਲਈ ਇੱਕ ਜਾਂ ਦੋ ਮਿਸਾਲਾਂ ਦਿੱਤੀਆਂ ਜਾਣਗੀਆਂ। ਕੂਕਾ ਸੰਪਰਦਾਇ ਦੀ ਨੀਤੀ ਆਪਣੇ ਖ਼ੁਦ ਦੇ ਹਿਤਾਂ ਅਤੇ ਇਸ ਇਲਾਕੇ ਦਾ ਕਬਜ਼ਾ ਹਾਸਲ ਕਰਨ 'ਤੇ ਆਧਾਰਤ ਹੈ; ਦਿਖਾਵੇ ਲਈ ਭਾਵੇਂ ਉਹ ਸ਼ਰਾਬ ਪੀਣ 'ਤੇ ਪਾਬੰਦੀ ਲਾਉਂਦੇ ਹਨ ਅਤੇ ਚੋਰੀ ਕਰਨ ਤੇ ਝੂਠ ਬੋਲਣ ਤੋਂ ਮਨ੍ਹਾਂ ਕਰਦੇ ਹਨ ਪਰ ਅਸਲ 'ਚ ਉਹ ਅਜਿਹੀ ਪ੍ਰਣਾਲੀ ਅਨੁਸਾਰ ਚੱਲਦੇ ਹਨ, ਜੋ ਪ੍ਰਸ਼ਾਸਕੀ ਨੀਤੀ ਨਾਲ ਮੇਲ ਖਾਂਦੀ ਹੈ; ਕਿਉਂਕਿ ਉਨ੍ਹਾਂ ਨੇ ਹਰੇਕ ਇੱਕ ਲੱਖ ਕੂਕੇ ਪਿੱਛੇ ਸੂਬਾ ਤੇ ਸਹਾਇਕ ਸੂਬਾ ਅਤੇ ਹੋਰਨਾਂ ਨੂੰ ਬਿਲਕੁਲ ਫ਼ੌਜੀ ਪ੍ਰਣਾਲੀ ਵਾਂਗ ਹੀ ਨਿਯੁਕਤ ਕੀਤਾ ਹੋਇਆ ਸੀ ਅਤੇ ਹਰੇਕ ਸੂਬਾ ਗੁਰੂ ਰਾਮ ਸਿੰਘ ਜੀ ਕੋਲ ਰੋਜ਼ਾਨਾ ਰਿਪੋਰਟ ਪੇਸ਼ ਕਰਦਾ ਸੀ। ਜੇ ਕਦੇ ਮਾੜੇ ਹਾਲਾਤ ਕਾਰਣ ਸੰਪਰਦਾਇ ਦੇ ਕੋਈ ਮੈਂਬਰ ਗ਼ਰੀਬ ਹੋ ਜਾਂਦੇ ਸਨ, ਤਾਂ ਉਨ੍ਹਾਂ ਦੇ ਧਾਰਮਿਕ ਸਾਥੀ ਆਪੋ-ਆਪਣਾ ਅੰਸ਼ਦਾਨ ਪਾ ਕੇ ਮਦਦ ਕਰਦੇ ਸਨ, ਪਿੰਡ ਭੈਣੀ 'ਚ ਭੰਡਾਰ-ਘਰ ਸਥਾਪਤ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਸਾਮਾਨ ਨਾਲ ਲੈਸ ਕਰਨਾ ਸ਼ੁਰੂ ਕਰ ਦਿੱਤਾ ਗਿਆ ਸੀ। ਕੂਕੇ ਦਸ ਗੁਰੂ ਸਾਹਿਬਾਨ ਨੂੰ ਆਪਣੇ ਰੂਹਾਨੀ ਮਾਰਗ-ਦਰਸ਼ਕ ਮੰਨਦੇ ਹਨ ਤੇ ਉਨ੍ਹਾਂ ਨੂੰ 'ਪਾਤਿਸ਼ਾਹ' (ਬਾਦਸ਼ਾਹ ਜਾਂ ਸਮਰਾਟ) ਆਖਿਆ ਜਾਂਦਾ ਹੈ ਅਤੇ ਉਹ ਜੋਤੀ-ਜੋਤਿ ਸਮਾ ਚੁੱਕੇ ਹਨ, ਅਤੇ ਉਨ੍ਹਾਂ 'ਚੋਂ ਕੁਝ ਨੇ ਭਵਿੱਖਬਾਣੀ ਕੀਤੀ ਦੱਸੀ ਜਾਂਦੀ ਹੈ ਕਿ ਗਿਆਰ੍ਹਵਾਂ ਗੁਰੂ ਦਰਿਆ ਸਤਲੁਜ ਦੇ ਨੇੜੇ ਕਿਤੇ ਜਨਮ ਲਵੇਗਾ ਅਤੇ ਤਦ ਖ਼ਾਲਸਾ ਦੀ ਸਰਬਉੱਚਤਾ ਨੂੰ ਸਾਰੇ ਮੰਨਣਗੇ, ਜਦੋਂ ਉਨ੍ਹਾਂ ਕੂਕਾ ਸੰਪਰਦਾਇ ਦੇ ਬਾਨੀ ਬਾਬਾ ਰਾਮ ਸਿੰਘ ਜੀ ਨੂੰ ਵੇਖਿਆ, ਤਾਂ ਸਿੱਖਾਂ ਦੀਆਂ ਆਸਾਂ ਮੁੜ ਸੁਰਜੀਤ ਹੋ ਉੱਠੀਆਂ ਅਤੇ ਉਨ੍ਹਾਂ ਸਮਝਿਆ ਕਿ ਉਹੀ 11ਵੇਂ ਅਤੇ ਆਖ਼ਰੀ ਗੁਰੂ ਹਨ, ਜੋ ਦੁਨੀਆ 'ਤੇ ਆਏ ਹਨ ਅਤੇ ਉਨ੍ਹਾਂ ਦਾ ਮੰਨਣਾ ਸੀ ਕਿ ਉਨ੍ਹਾਂ ਦੀ ਪ੍ਰਭੂਸੱਤਾ ਤੇ ਧਰਮ ਚੁਫੇਰੇ ਫੈਲ ਜਾਵੇਗਾ ਅਤੇ ਦੁਨੀਆ ਤੋਂ ਬਾਕੀ ਸਾਰੇ ਧਰਮਾਂ ਦਾ ਸਫ਼ਾਇਆ ਹੋ ਜਾਵੇਗਾ। ਉਨ੍ਹਾਂ ਇਸ ਵਿਸ਼ੇ 'ਤੇ ਕਾਫ਼ੀ ਸੰਗ੍ਰਹਿ ਕੀਤਾ ਹੈ - ਉਨ੍ਹਾਂ ਦੀ ਇੱਕ ਕਹਾਵਤ ਹੈ ''ਢਾਰੇ ਮਸੀਤਾਂ ਢਾਇ ਕੇ ਕਰੋ ਮੈਦਾਨ'' (ਵੇਦੀਆਂ ਤੇ ਮਸੀਤਾਂ ਢਾਹ ਕੇ ਮਿੱਟੀ 'ਚ ਮਿਲਾ ਦੇਵੋ)। ਕੂਕਿਆਂ ਨੇ ਇਸ ਸ਼ਲੋਕ

ਦੇ ਅਰਥਾਂ 'ਤੇ ਚੱਲਦਿਆਂ ਹੀ ਬਹੁਤ ਸਾਰੀਆਂ ਧਾਰਮਿਕ ਇਮਾਰਤਾਂ ਤੇ ਢਾਂਚਿਆਂ ਨੂੰ ਢਾਹਿਆ ਸੀ ਤੇ ਕਈ ਜ਼ਿਲ੍ਹਿਆਂ, ਖ਼ਾਸ ਕਰਕੇ ਲੁਧਿਆਣਾ ਜ਼ਿਲ੍ਹੇ 'ਚ ਉਨ੍ਹਾਂ ਖ਼ਿਲਾਫ਼ ਅਜਿਹੇ ਮਾਮਲਿਆਂ ਦੀਆਂ ਬਹੁਤ ਸਾਰੀਆਂ ਫ਼ਾਈਲਾਂ ਮਿਲ ਜਾਣਗੀਆਂ।

ਹੁਣ ਤੱਥਾਂ ਦੀ ਗੱਲ ਕਰ ਲਈਏ; ਕੁਝ ਸਮਾਂ ਪਹਿਲਾਂ ਉਹ ਮੇਲਿਆਂ ਮੌਕੇ ਵੱਡੀ ਗਿਣਤੀ 'ਚ ਇਕੱਠੇ ਹੋਣ ਲੱਗ ਪਏ ਸਨ; ਅਤੇ ਸਰਕਾਰ ਨੇ ਉਨ੍ਹਾਂ ਦੇ ਅਜਿਹੇ ਆਚਾਰ-ਵਿਹਾਰ ਨੂੰ ਉਦਾਰਤਾ ਨਾਲ ਵੇਖਿਆ, ਉਨ੍ਹਾਂ ਨੇ ਸ਼ਰ੍ਹੇਆਮ ਗੜਬੜੀਆਂ ਕਰਨ ਦੀਆਂ ਤਿਆਰੀਆਂ ਕੀਤੀਆਂ। ਉਨ੍ਹਾਂ ਨੇ ਹੋਰ ਧਰਮਾਂ (ਮੁਸਲਮਾਨਾਂ ਤੇ ਅੰਗਰੇਜ਼ਾਂ, ਈਸਾਈਆਂ ਨੂੰ ਛੱਡ ਕੇ) ਦੇ ਅਜਿਹੇ ਲੋਕਾਂ ਨੂੰ ਵੀ ਭਰਮਾ ਕੇ ਆਪਣੇ ਨਾਲ ਰਲਾਉਣ ਦੀ ਕੋਸ਼ਿਸ਼ ਕੀਤੀ, ਜੋ ਗਊ-ਹੱਤਿਆ ਨੂੰ ਨਫ਼ਰਤ ਕਰਦੇ ਹਨ, ਉਨ੍ਹਾਂ ਨੇ ਕਸਾਈਆਂ ਦੇ ਕਤਲ ਕਰਨ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ। ਗੁਰੂ ਰਾਮ ਸਿੰਘ ਜੀ ਨੇ ਕਸਾਈਆਂ ਨੂੰ ਕਤਲ ਕਰਨ ਲਈ ਸੂਬਾ ਗਿਆਨੀ ਸਿੰਘ ਦੀ ਕਮਾਂਡਿੰਗ ਅਫ਼ਸਰਾਂ ਵਜੋਂ ਨਿਯੁਕਤੀ ਕੀਤੀ ਸੀ, ਫਿਰ ਜਦੋਂ ਉਸ ਨੂੰ ਗ੍ਰਿਫ਼ਤਾਰ ਕਰ ਕੇ ਫਾਂਸੀ ਦੇ ਦਿੱਤੀ ਗਈ, ਤਾਂ ਉਨ੍ਹਾਂ ਪੂਰੇ ਜੋਸ਼ ਨਾਲ ਐਲਾਨ ਕੀਤਾ ਕਿ ਉਸ ਦੀ ਮੌਤ ਦਾ ਬਦਲਾ ਲਿਆ ਜਾਵੇਗਾ ਅਤੇ ਛੇਤੀ ਹੀ ਲੋਕ ਵੇਖਣਗੇ ਕਿ ਕੀ ਕੁਝ ਹੋਣ ਵਾਲਾ ਹੈ। ਉਨ੍ਹਾਂ ਦੇ ਪੈਰੋਕਾਰਾਂ ਨੇ ਐਲਾਨ ਕੀਤਾ ਕਿ ਉਹ ਉਸ ਦੀ ਮੌਤ ਦਾ ਬਦਲਾ ਲੈਣ ਲਈ ਦ੍ਰਿੜ੍ਹ ਸੰਕਲਪਬੱਧ ਹਨ; ਅਤੇ ਭਾਵੇਂ ਇਹ ਮੰਨ ਲਿਆ ਗਿਆ ਸੀ ਕਿ ਉਹ ਮਸਤਾਨੇ ਸਨ ਅਤੇ ਬਾਬਾ ਰਾਮ ਸਿੰਘ ਜੀ ਨੇ ਉਨ੍ਹਾਂ ਦੀ ਉਤੇਜਿਤ ਸਥਿਤੀ ਬਾਰੇ ਪਹਿਲਾਂ ਹੀ ਦੱਸ ਦਿੱਤਾ ਸੀ, ਉਨ੍ਹਾਂ ਸੂਬਿਆਂ ਰਾਹੀਂ ਸਾਰੇ ਕੂਕਿਆਂ ਨੂੰ ਹੁਕਮ ਦਿੱਤੇ ਸਨ ਕਿ ਸਹੀ ਤੇ ਸੋਚਿਆ ਸਮਾਂ ਆਉਣ ਲਈ ਤਿਆਰ ਰਿਹਾ ਜਾਵੇ; ਅਤੇ ਇਹ ਗੱਲ ਸਿੱਧ ਹੋ ਚੁੱਕੀ ਹੈ। ਉਨ੍ਹਾਂ ਬਹੁਤ ਸੋਚ-ਸਮਝ ਕੇ ਹਮਲਾ ਕੀਤਾ ਸੀ ਕਿਉਂਕਿ ਪਟਿਆਲਾ ਦੇ ਮਹਾਰਾਜਾ ਨੂੰ ਅਚਾਨਕ ਦਿੱਲੀ ਜਾਣਾ ਪਿਆ ਸੀ, ਮਲੇਰਕੋਟਲਾ ਦਾ ਕੋਈ ਰਾਜਾ ਹੀ ਨਹੀਂ ਸੀ ਕਿਉਂਕਿ ਉਸ ਦੀ ਮੌਤ ਹੋ ਚੁੱਕੀ ਸੀ ਤੇ ਨਾਭਾ ਦੇ ਰਾਜਾ ਨੇ ਪਿੱਛੇ ਜਿਹੇ ਗੱਦੀ ਸੰਭਾਲੀ ਸੀ। ਉਨ੍ਹਾਂ ਆਪਸ 'ਚ ਇਹ ਮਤਾ ਪਕਾਇਆ ਕਿ ਉਹ ਪਹਿਲਾਂ ਮਲੇਰਕੋਟਲਾ ਰਿਆਸਤ 'ਤੇ ਕਬਜ਼ਾ ਕਰਨਗੇ ਅਤੇ ਉੱਥੋਂ ਹਥਿਆਰ, ਘੋੜੇ ਆਦਿ ਹਾਸਲ ਕਰਨਗੇ, ਫਿਰ ਦੁਲੱਦੀ ਸਥਿਤ ਪਟਿਆਲਾ ਦਾ ਕਿਲ੍ਹਾ ਫ਼ਤਹਿ ਕਰਨਗੇ ਤੇ ਫਿਰ ਅਚਾਨਕ ਨਾਭਾ ਰਿਆਸਤ 'ਤੇ ਹਮਲਾ ਕਰ ਦੇਣਗੇ। ਉਨ੍ਹਾਂ ਪਹਿਲਾਂ ਮਲੌਦ ਦੀ ਮਿਲਖ 'ਤੇ ਹਮਲਾ ਕੀਤਾ ਤੇ ਫਿਰ ਮਲੇਰਕੋਟਲਾ ਚਲੇ ਗਏ; ਪਰ ਉਨ੍ਹਾਂ ਨੂੰ ਉੱਥੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ, ਉਨ੍ਹਾਂ ਦੇ ਧਾਰਮਿਕ ਸਾਥੀ ਉਸ ਰਿਅਸਤ 'ਤੇ ਹਮਲੇ ਦੀ ਖ਼ਬਰ ਸੁਣ ਕੇ ਮਦਦ ਲਈ ਸਾਰੀਆਂ ਦਿਸ਼ਾਵਾਂ ਤੋਂ ਅੱਪੜ ਗਏ ਸਨ; ਪਰ ਸ੍ਰੀ ਕਾਵਨ ਦੇ ਚੰਗੇ ਇੰਤਜ਼ਾਮ ਸਦਕਾ, ਜਿਨ੍ਹਾਂ ਨੇ ਖ਼ੁਦ ਮਿਹਨਤ ਕਰ ਕੇ ਲਾਗਲੇ ਮੁਖੀਆਂ ਦੀਆਂ ਫ਼ੌਜਾਂ ਇਕੱਠੀਆਂ ਕੀਤੀਆਂ ਅਤੇ ਬ੍ਰਿਟਿਸ਼ ਫ਼ੌਜ ਵੀ ਸੱਦੀ, ਉੱਥੇ ਕਿਉਂਕਿ ਸ੍ਰੀ ਫ਼ਾਰਸਿਥ ਨੇ ਆਉਣਾ ਸੀ, ਇਸੇ ਲਈ ਉਨ੍ਹਾਂ ਬਾਗ਼ੀਆਂ ਨੂੰ ਉੱਥੇ ਹੀ ਰੋਕ ਲਿਆ।

## ਸਰਕਾਰ ਦੀ ਤਿੱਖੀ ਆਲੋਚਨਾ 'ਤੇ ਅਖ਼ਬਾਰਾਂ ਦੇ ਜਵਾਬਾਂ ਦੇ ਅੰਸ਼

ਕੂਕਾ ਗੜਬੜੀ ਦੋ ਥਾਵਾਂ 'ਤੇ ਹੋਈ – ਪਹਿਲੀ ਮਲੌਂਦ ਦੇ ਇੱਕ ਨਿਰਭਰ ਮੁਖੀ 'ਤੇ ਅਤੇ ਬਾਗ਼ੀਆਂ ਨੂੰ ਉੱਥੇ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਸੈਸ਼ਨ ਜੱਜ ਵੱਲੋਂ ਕਾਨੂੰਨ ਮੁਤਾਬਕ ਉਨ੍ਹਾਂ ਦੀ ਸੁਣਵਾਈ ਕੀਤੀ ਗਈ ਅਤੇ ਉਸ ਅਧਿਕਾਰੀ ਨੇ ਇਸ ਵਿਸ਼ੇ 'ਤੇ ਸਦਰ ਅਦਾਲਤ ਨੂੰ ਆਪਣੀ ਰਿਪੋਰਟ ਸੌਂਪੀ ਅਤੇ ਉੱਥੇ ਕੁਝ ਵੀ ਗ਼ੈਰ-ਕਾਨੂੰਨੀ ਨਹੀਂ ਕੀਤਾ ਗਿਆ ਸੀ। ਦੂਜੀ ਗੜਬੜੀ ਮਲੇਰਕੋਟਲਾ ਦੀ ਆਜ਼ਾਦ ਰਿਆਸਤ 'ਚ ਹੋਈ ਤੇ ਉੱਥੇ ਹਮਲਾ ਕਰਨ ਵਾਲੇ ਇੱਕ ਹੋਰ ਆਜ਼ਾਦ ਮੁਖੀ ਦੇ ਅਧਿਕਾਰ-ਖੇਤਰ ਪਟਿਆਲਾ 'ਚ ਗ੍ਰਿਫ਼ਤਾਰ ਕੀਤੇ ਗਏ ਸਨ। ਚਲੋ ਇਹ ਸਭ ਛੱਡ ਦਿੰਦੇ ਹਾਂ, ਸ੍ਰੀ ਕਾਵਨ ਨੂੰ ਤਾਂ ਕਤਲ ਕਰ ਦਿੱਤਾ ਜਾਣਾ ਸੀ, ਜੇ ਕਿਤੇ ਉਨ੍ਹਾਂ ਦਾ ਬਚਾਅ ਨਾ ਕੀਤਾ ਜਾਂਦਾ। ਅਭਿਆਸ ਮੁਤਾਬਕ ਮੁੱਖ ਦੋਸ਼ੀਆਂ ਨੂੰ ਉਸੇ ਰਿਆਸਤ 'ਚ ਸਜ਼ਾ ਦਿੱਤੀ ਜਾਣੀ ਸੀ ਅਤੇ ਇੰਝ ਹੀ ਹੋਇਆ – ਜਦੋਂ ਆਰਜ਼ੀ ਮੁਖੀ ਨੇ ਇਸ ਅਪਰਾਧ ਦੀ ਜਾਂਚ ਕੀਤੀ ਅਤੇ ਵਿਚਾਰ ਮਗਰੋਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇ ਭਾਗੀ ਮੰਨਿਆ, ਫਿਰ ਉਸ ਨੇ ਇਹ ਮਾਮਲਾ ਮੌਤ ਦੀ ਸਜ਼ਾ ਦੀ ਪੁਸ਼ਟੀ ਲਈ ਅੰਬਾਲਾ ਦੇ ਏਜੰਟਾਂ (ਸਤਲੁਜ ਦੇ ਨਾਲ ਲੱਗਦੇ ਰਾਜਾਂ ਦੇ) ਹਵਾਲੇ ਕਰ ਦਿੱਤਾ ਤੇ ਏਜੰਟ ਨੇ ਰਈਸ ਵੱਲੋਂ ਸੁਝਾਈ ਸਜ਼ਾ ਨੂੰ ਪ੍ਰਵਾਨਗੀ ਦੇ ਦਿੱਤੀ ਅਤੇ ਇਹ ਮਨਜ਼ੂਰੀ ਸਕੱਤਰ ਵੱਲੋਂ ਭਾਰਤ ਸਰਕਾਰ ਨੂੰ ਲਿਖੇ ਪੱਤਰ 2352, ਮਿਤੀ 7 ਅਕਤੂਬਰ, 1847 ਅਤੇ ਪੱਤਰ ਨੰ. 1110, ਮਿਤੀ 23 ਸਤੰਬਰ, 1870 ਦੇ ਆਧਾਰ 'ਤੇ ਦਿੱਤੀ ਗਈ ਸੀ ਕਿਉਂਕਿ ਇਹ ਦੋਵੇਂ ਪੱਤਰ ਫਾਂਸੀ ਆਦਿ ਦੀ ਸਜ਼ਾ ਨੂੰ ਪ੍ਰਵਾਨ ਕਰਨ ਦੀ ਇਜਾਜ਼ਤ ਦਿੰਦੇ ਹਨ। ਏਜੰਟ ਨੂੰ ਅਜਿਹੇ ਮਾਮਲਿਆਂ ਦੀ ਰਿਪੋਰਟ ਸਦਰ ਅਧਿਕਾਰੀਆਂ ਨੂੰ ਭੇਜਣ ਦੀ ਜ਼ਰੂਰਤ ਨਹੀਂ ਹੈ; ਇਸ ਵਿੱਚ ਅਜਿਹਾ ਕੋਈ ਹੁਕਮ ਨਹੀਂ ਹੈ ਕਿ ਕਿਸੇ ਅਪਰਾਧੀ ਨੂੰ ਤੋਪ ਨਾਲ ਬੰਨ੍ਹ ਕੇ ਉਡਾਇਆ ਨਹੀਂ ਜਾਣਾ ਚਾਹੀਦਾ ਹੈ, ਉਸ ਨੂੰ ਸਿਰਫ਼ ਫਾਂਸੀ ਦੀ ਸਜ਼ਾ ਹੀ ਦੇਣੀ ਚਾਹੀਦੀ ਹੈ; ਨਾ ਹੀ ਅਜਿਹੀ ਕੋਈ ਹਦਾਇਤ ਕੀਤੀ ਗਈ ਹੈ ਕਿ ਭਾਰਤੀ ਦੰਡ ਸੰਘਤਾ ਦੀਆਂ ਵਿਵਸਥਾਵਾਂ ਅਤੇ (1861 ਦਾ) ਕਾਨੂੰਨ XXV ਦੀ ਪਾਲਣਾ ਰਿਆਸਤਾਂ ਦੀਆਂ ਹੱਦਾਂ ਅੰਦਰ ਹੀ ਕਰਨੀ ਚਾਹੀਦੀ ਹੈ, ਇਸ ਦੇ ਨਾਲ ਹੀ ਅੰਬਾਲਾ ਏਜੰਸੀ ਨਾਲ ਸੰਬੰਧਤ ਮੁਖੀਆਂ 'ਤੇ ਕਿਸੇ ਅਪਰਾਧੀ ਦੇ ਅੰਗ ਭੰਗ ਕਰਨ 'ਤੇ ਪਾਬੰਦੀ ਹੈ। ਜਦੋਂ ਇਸ ਮਾਮਲੇ ਨਾਲ ਸੰਬੰਧਤ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਤਦ ਸ੍ਰੀ ਕਾਵਨ ਨੇ ਉਸ ਰਿਆਸਤ 'ਚ ਲਾਗੂ ਨਿਯਮਾਂ ਤੇ ਅਭਿਆਸ ਅਨੁਸਾਰ ਪ੍ਰਾਪਤ ਤਾਕਤਾਂ ਦੀ ਵਰਤੋਂ ਕੀਤੀ ਸੀ, ਜੋ ਉਨ੍ਹਾਂ ਨੇ ਕਰਨੀ ਹੀ ਸੀ, ਜਿਸ ਰਿਆਸਤ 'ਚ ਗੜਬੜੀ ਹੋਈ ਸੀ, ਉੱਥੋਂ ਦੇ ਅਤੇ ਹੋਰਨਾਂ ਰਿਆਸਤਾਂ ਦੇ ਅਧਿਕਾਰੀਆਂ ਸਭ ਦਾ ਇਹੋ ਵਿਚਾਰ ਸੀ ਕਿ ਬਾਗ਼ੀਆਂ ਨੂੰ ਤੋਪਾਂ ਨਾਲ ਉਡਾ ਦੇਣਾ ਚਾਹੀਦਾ ਹੈ, ਤਦ ਸ੍ਰੀ ਕਾਵਨ ਨੇ ਕਮਿਸ਼ਨਰ ਨੂੰ ਇੱਕ ਚਿੱਠੀ ਲਿਖੀ ਅਤੇ ਫਿਰ ਉਵੇਂ ਹੀ ਕੀਤਾ, ਜਿਵੇਂ ਕਿ ਸਭ ਨੇ ਮਿਲ ਕੇ ਫ਼ੈਸਲਾ ਕੀਤਾ ਸੀ। ਚਾਹੇ ਅਪਰਾਧੀਆਂ ਨੂੰ ਪ੍ਰਵਾਨਗੀ ਅੱਪੜਨ ਤੋਂ ਪਹਿਲਾਂ ਤੋਪਾਂ ਦੇ ਮੂੰਹਾਂ ਅੱਗੇ ਖੜ੍ਹੇ ਕਰ ਕੇ

ਉਡਾ ਦਿੱਤਾ ਗਿਆ ਸੀ, ਉਸ ਰਿਆਸਤ ਦੇ ਕਾਨੂੰਨ ਮੁਤਾਬਕ ਉਨ੍ਹਾਂ ਨੂੰ ਹਾਲਾਤ ਅਨੁਸਾਰ ਦਰੁਸਤ ਫ਼ੈਸਲਾ ਲੈਣ ਦਾ ਅਧਿਕਾਰ ਸੀ ਅਤੇ ਇਸੇ ਲਈ ਇਸ ਕਾਰਵਾਈ 'ਤੇ ਕੋਈ ਇਤਰਾਜ਼ ਪ੍ਰਗਟ ਕੀਤਾ ਹੀ ਨਹੀਂ ਜਾ ਸਕਦਾ।

ਕੂਕਿਆਂ ਨੂੰ ਉਨ੍ਹਾਂ ਦੇ ਅਪਰਾਧ ਲਈ ਮੌਤ ਦੀ ਸਜ਼ਾ ਦਿੱਤੀ ਗਈ ਸੀ ਅਤੇ ਉਸ ਰਿਆਸਤ 'ਚ ਅਜਿਹਾ ਕੋਈ ਹੁਕਮ ਕਦੇ ਜਾਰੀ ਨਹੀਂ ਕੀਤਾ ਗਿਆ ਕਿ ਅਪਰਾਧੀਆਂ ਨੂੰ ਤੋਪ ਨਾਲ ਉਡਾਇਆ ਨਹੀਂ ਜਾ ਸਕਦਾ; ਅਤੇ ਇਸ ਕਿਸਮ ਦੀ ਸਜ਼ਾ ਹੋਰਨਾਂ ਲਈ ਮਿਸਾਲ ਕਾਇਮ ਕਰਨ ਲਈ ਢੁਕਵੀਂ ਰਹਿੰਦੀ ਹੈ, ਉਂਝ ਵੀ ਸਜ਼ਾ ਦੇਣ ਦੀ ਇਹ ਵਿਧੀ ਰਿਆਸਤ ਦੇ ਅਧਿਕਾਰੀਆਂ ਦੀ ਮਰਜ਼ੀ ਅਨੁਸਾਰ ਅਪਣਾਈ ਗਈ ਸੀ। ਜੀਂਦ ਦੇ ਰਾਜੇ ਨੇ 1854 'ਚ ਦੋ ਪਿੰਡਾਂ ਦੇ ਨਿਵਾਸੀਆਂ ਨੂੰ ਇੰਝ ਹੀ ਤੋਪਾਂ ਨਾਲ ਉਡਾਇਆ ਸੀ ਕਿਉਂਕਿ ਉਨ੍ਹਾਂ ਨੇ ਸਰਕਾਰ ਪ੍ਰਤੀ ਆਪਣੀ ਵਫ਼ਾਦਾਰੀ ਨੂੰ ਛਿੱਕੇ 'ਤੇ ਟੰਗਦਿਆਂ ਇੱਕ ਤਹਿਸੀਲਦਾਰ ਦਾ ਕਤਲ ਕਰ ਦਿੱਤਾ ਸੀ ਅਤੇ ਅਧਿਕਾਰੀਆਂ ਦੀ ਇੱਕ ਇਮਾਰਤ ਨੂੰ ਅੱਗ ਲਾ ਦਿੱਤੀ ਸੀ। ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਵੱਲੋਂ ਕੀਤੀ ਗਈ ਕਾਰਵਾਈ ਪ੍ਰਮਾਣਿਤ ਸੀ ਅਤੇ ਉਹ ਆਮ ਲੋਕਾਂ ਦੀ ਭਲਾਈ ਅਤੇ ਪ੍ਰਸ਼ਾਸਨ ਦੇ ਫ਼ਾਇਦੇ ਲਈ ਸੀ। ਪ੍ਰਸ਼ਾਸਨ ਨੂੰ ਢਾਹ ਲਾਉਣ ਵਾਲੇ ਬਗ਼ਾਵਤ ਦੇ ਅਜਿਹੇ ਮਾਮਲਿਆਂ 'ਚ ਕਾਨੂੰਨ ਦੀਆਂ ਬਾਰੀਕੀਆਂ 'ਤੇ ਵਿਚਾਰ ਨਹੀਂ ਕੀਤਾ ਜਾਂਦਾ। ਪੇਸ਼ਾਵਰ ਡਿਵੀਜ਼ਨ, ਕੋਹਾਨ ਅਤੇ ਡੇਰਾਜਾਟ ਦੇ ਸੀਮਾਂਤਕ ਮਾਮਲਿਆਂ ਉੱਤੇ ਜ਼ਰੂਰ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਜਿੱਥੇ ਕਾਨੂੰਨ ਦੀ ਕੋਈ ਪਾਲਣਾ ਨਹੀਂ ਹੁੰਦੀ। ਸਾਲ 1857 ਦੇ ਗ਼ਦਰ ਦੀਆਂ ਘਟਨਾਵਾਂ ਦੌਰਾਨ ਸਭ ਤੋਂ ਪਹਿਲਾਂ ਚਾਰ ਘੁੜਸਵਾਰ ਫ਼ੌਜੀ ਜਵਾਨ ਦਿੱਲੀ 'ਚ ਦਾਖ਼ਲ ਹੋਏ ਸਨ; ਜੇ ਕਿਤੇ ਉਨ੍ਹਾਂ ਨੂੰ ਉਸੇ ਵੇਲੇ ਤੋਪ ਦੇ ਮੂੰਹ ਅੱਗੇ ਖੜ੍ਹਾ ਕੇ ਉਡਾ ਦਿੱਤਾ ਜਾਂਦਾ, ਕਿਉਂਕਿ ਤਦ ਇੰਝ ਹੀ ਕੀਤਾ ਜਾਂਦਾ ਸੀ, ਤਦ ਬਗ਼ਾਵਤ ਇੰਨੇ ਵੱਡੇ ਇਲਾਕੇ 'ਚ ਨਹੀਂ ਫੈਲਣੀ ਸੀ ਇਸੇ ਲਈ ਉਹ ਵਿਦਰੋਹ ਭੜਕਾਉਣ 'ਚ ਕਾਮਯਾਬ ਵੀ ਹੋਏ। ਕੂਕਾ ਗੜਬੜੀ ਦੀ ਕਿਸਮ 1857 ਦੇ ਗ਼ਦਰ ਵਰਗੀ ਹੀ ਸੀ ਅਤੇ ਜੇ ਕਿਤੇ ਉਸ ਨੂੰ ਰੋਕਣ 'ਚ ਹੋਰ ਢਿੱਲ ਹੋ ਜਾਂਦੀ, ਤਾਂ ਸਥਿਤੀਆਂ ਬਹੁਤ ਭਿਆਨਕ ਹੋਣੀਆਂ ਸਨ। ਅਸੀਂ ਸਮਝਦੇ ਹਾਂ ਕਿ ਇਹ ਗੜਬੜੀ ਦਬਾਉਣ 'ਚ ਸ੍ਰੀ ਫ਼ਾਰਸਿਥ ਦੇ ਦਫ਼ਤਰ ਨੇ ਭੂਮਿਕਾ ਨਿਭਾਉਣੀ ਹੀ ਸੀ ਅਤੇ ਉਨ੍ਹਾਂ ਜੋ ਕੁਝ ਵੀ ਕੀਤਾ, ਉਹ ਏਜੰਸੀ ਦੇ ਨਿਯਮਾਂ ਦੇ ਖ਼ਿਲਾਫ਼ ਨਹੀਂ ਸੀ ਪਰ ਇੰਨਾ ਜ਼ਰੂਰ ਹੈ ਕਿ ਉਨ੍ਹਾਂ ਸਦਰ ਅਦਾਲਤ ਨੂੰ ਰਿਪੋਰਟ ਨਹੀਂ ਸੀ; ਉਂਝ ਉਪਰੋਕਤ ਵਰਣਿਤ ਪੱਤਰਾਂ ਵਿੱਚ ਜਿਹੜੇ ਵੀ ਨਿਯਮ ਦਰਸਾਏ ਗਏ ਹਨ, ਉਨ੍ਹਾਂ ਮੁਤਾਬਕ ਅਜਿਹਾ ਕਰਨਾ ਜ਼ਰੂਰੀ ਵੀ ਨਹੀਂ ਸੀ ਅਤੇ ਤਦ ਅਜਿਹਾ ਵੀ ਖ਼ਦਸ਼ਾ ਸੀ ਕਿ ਜੇ ਕਿਤੇ ਦੇਰੀ ਹੋ ਜਾਂਦੀ, ਤਾਂ ਕੂਕਿਆਂ ਦੇ ਗਿਰੋਹ ਨੇ ਆਪਣੇ ਭਾਈਚਾਰੇ ਦੀ ਮਦਦ ਲਈ ਆ ਜਾਣਾ ਸੀ ਤੇ ਉਨ੍ਹਾਂ ਨੇ ਜ਼ਬਰਦਸਤੀ ਉਨ੍ਹਾਂ ਨੂੰ ਰਿਹਾਅ ਕਰਵਾ ਲੈਣਾ ਸੀ ਜਾਂ ਦੇ ਸ਼ ਦੇ ਹੋਰ ਭਾਗਾਂ 'ਚ ਵੀ ਗੜਬੜੀ ਫੈਲ ਜਾਣੀ ਸੀ।

ਇਸ ਤਰ੍ਹਾਂ ਦੀ ਕਾਰਵਾਈ ਕਾਰਣ ਹੀ ਕੂਕਾ ਸੰਪਰਦਾਇ ਦੇ ਮੈਂਬਰਾਂ 'ਚ ਦਹਿਸ਼ਤ ਫੈਲ ਗਈ ਸੀ ਅਤੇ ਇਹ ਆਸ ਕੀਤੀ ਜਾਣ ਲੱਗੀ ਸੀ ਕਿ ਹੁਣ ਕੋਈ

ਦੋਬਾਰਾ ਆਪਣਾ ਸਿਰ ਨਹੀਂ ਚੁੱਕੇਗਾ। ਇਸ ਸੰਪਰਦਾਇ ਦੇ ਬਹੁਤ ਸਾਰੇ ਪੈਰੋਕਾਰ ਇਸ ਸਿਧਾਂਤ ਨੂੰ ਅਲਵਿਦਾ ਵੀ ਆਖ ਚੁੱਕੇ ਹਨ। ਪਰ ਸ੍ਰੀ ਕਾਵਨ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ ਤੇ ਅਖ਼ੀਰ ਉਨ੍ਹਾਂ ਨੂੰ ਸੇਵਾ ਤੋਂ ਬਰਤਰਫ਼ ਵੀ ਕਰ ਦਿੱਤਾ ਗਿਆ ਸੀ ਅਤੇ ਸ੍ਰੀ ਫ਼ਾਰਸਿਥ ਦਾ ਤਬਾਦਲਾ ਕਰ ਦਿੱਤਾ ਗਿਆ ਸੀ, ਬੇਜਾਨ ਕੂਕਾਵਾਦ ਮੁੜ ਸੁਰਜੀਤ ਹੋ ਗਿਆ ਅਤੇ ਇਸ ਸੰਪਰਦਾਇ ਦੇ ਮੈਂਬਰ ਇਹ ਆਖਣ ਲੱਗ ਪਏ ਕਿ ਜੋ ਕੁਝ ਵੀ ਵਾਪਰਿਆ ਹੈ, ਉਹ ਉਨ੍ਹਾਂ ਦੀ ਖ਼ੁਸ਼ਹਾਲੀ ਕਾਰਣ ਵਾਪਰਿਆ ਹੈ, ਅਤੇ ਉਨ੍ਹਾਂ ਇਹ ਵੀ ਕਿਹਾ ਕਿ ਜੋ ਕੁਝ ਵੀ ਵਾਪਰਿਆ ਹੈ, ਉਹ ਉਨ੍ਹਾਂ ਦੇ ਗੁਰੂ ਦਾ ਚਮਤਕਾਰ ਸੀ, ਜੋ ਹੁਣ ਭਾਵੇਂ ਦੁੱਖ ਭੋਗ ਰਹੇ ਹਨ ਪਰ ਅੰਤ 'ਚ ਜਿੱਤ ਉਨ੍ਹਾਂ ਦੀ ਹੀ ਹੋਣੀ ਹੈ ਕਿਉਂਕਿ ਪਿਛਲੇ ਜੁੱਗਾਂ ਦੇ ਰੂਹਾਨੀ ਰਹਿਨੁਮਾਵਾਂ ਨਾਲ ਵੀ ਇੰਝ ਹੀ ਹੁੰਦਾ ਆਇਆ ਹੈ। ਉਹ ਹੁਣ (ਗੁਰੂ) ਰਾਮ ਸਿੰਘ ਜੀ ਨੂੰ ਰਿਹਾਅ ਕਰਵਾਉਣ ਲਈ ਧਨ ਇਕੱਠਾ ਕਰ ਰਹੇ ਹਨ ਅਤੇ ਇੱਕ ਵਧੀਆ ਸੂਬੇ ਦੀ ਭਾਲ਼ 'ਚ ਹਨ।

ਅਸੀਂ ਉੱਪਰ ਦੱਸ ਚੁੱਕੇ ਹਾਂ ਕਿ ਕੂਕਿਆਂ ਦੀ ਖ਼ਾਹਿਸ਼ ਦੇਸ਼ 'ਤੇ ਕਬਜ਼ਾ ਕਰਨ ਦੀ ਸੀ ਅਤੇ ਜੇ ਸ੍ਰੀ ਕਾਵਨ ਤੇ ਸ੍ਰੀ ਫ਼ਾਰਸਿਥ ਦੇ ਸਬੰਧ 'ਚ ਜਾਰੀ ਕੀਤੇ ਗਏ ਹੁਕਮਾਂ 'ਚ ਸੋਧ ਨਾ ਕੀਤੀ ਗਈ, ਤਾਂ ਸਾਨੂੰ ਖ਼ਤਰੇ ਦਾ ਖ਼ਦਸ਼ਾ ਹੈ ਕਿਉਂਕਿ ਇੰਝ ਪ੍ਰਸ਼ਾਸਕੀ ਢਾਂਚਾ ਕਮਜ਼ੋਰ ਹੁੰਦਾ ਜਾਪਦਾ ਹੈ, ਇੰਝ ਬਾਗ਼ੀਆਨਾ ਕਿਰਦਾਰ ਗ਼ਲਤ ਕੰਮ ਕਰਨ ਲਈ ਉਤਸ਼ਾਹਿਤ ਹੁੰਦੇ ਹਨ। ਚਲੋ ਇਹ ਵੀ ਮੰਨ ਲੈਂਦੇ ਹਾਂ ਕਿ ਇਨ੍ਹਾਂ ਦੋਵੇਂ ਅਧਿਕਾਰੀਆਂ ਨੇ ਜੋ ਕੁਝ ਵੀ ਕੀਤਾ, ਉਹ ਕਾਨੂੰਨ ਦੇ ਵਿਰੁੱਧ ਗ਼ਲਤ ਕੀਤਾ ਪਰ ਰੱਬ ਕਰੇ ਅਜਿਹਾ ਨਾ ਹੋਵੇ, ਇਹ ਸਭ ਕਿਸੇ ਸਵੈ-ਹਿਤ ਲਈ ਨਹੀਂ ਕੀਤਾ ਗਿਆ ਸੀ ਅਤੇ ਨਾ ਹੀ ਇਹ ਕਿਸੇ ਨਾਲ ਕੋਈ ਪੱਖਪਾਤ ਸੀ।

ਅਸੀਂ, ਸਰਕਾਰ ਦੇ ਨਾਗਰਿਕ ਕਿਸੇ ਵੀ ਪਾਰਟੀ ਪ੍ਰਤੀ ਪੱਖਪਾਤੀ ਨਹੀਂ ਹਾਂ ਅਤੇ ਨਾ ਹੀ ਸਾਡੇ ਆਪਣੇ ਕੋਈ ਹਿਤ ਹਨ ਪਰ ਅਸੀਂ ਬੇਹੱਦ ਸਤਿਕਾਰ ਨਾਲ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਕਿ ਦਿਆਲੂ ਸਰਕਾਰ ਇਸ ਮਾਮਲੇ 'ਚ ਜਾਰੀ ਕੀਤੇ ਹੁਕਮਾਂ 'ਚ ਸੋਧ ਕਰੇ ਤੇ ਉਨ੍ਹਾਂ ਨੂੰ ਰੱਦ ਕਰੇ ਅਤੇ ਇੰਝ ਸਾਨੂੰ ਸ਼ੁਭਚਿੰਤਕ ਬਣਾਇਆ ਜਾਵੇ ਤੇ ਖ਼ੁਸ਼ ਕੀਤਾ ਜਾਵੇ।

ਪਟੀਸ਼ਨਰਾਂ ਦੇ ਹਸਤਾਖਰ ਇਸ ਪਟੀਸ਼ਨ ਨਾਲ ਵੱਖਰੇ ਕਾਗਜ਼ਾਂ 'ਤੇ ਨੱਥੀ ਕੀਤੇ ਗਏ ਹਨ।

## ਨੱਥੀ ਦਸਤਾਵੇਜ਼

ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਸ੍ਰੀ ਫ਼ਾਰਿਸਦ ਅਤੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਨੇ ਕੂਕਿਆਂ ਵੱਲੋਂ ਕੀਤੀ ਸ਼ਰਾਰਤ ਤੇ ਗੜਬੜੀ ਨੂੰ ਦਬਾਉਣ ਲਈ ਸ਼ਲਾਘਾਯੋਗ ਤੇ ਸੂਝਬੂਝ ਨਾਲ ਭਰਪੂਰ ਕਦਮ ਚੁੱਕੇ ਸਨ ਅਤੇ ਇਸ ਲਾਪਰਵਾਹ ਸੰਪਰਦਾਇ ਨੂੰ ਮਿਸਾਲੀ ਸਜ਼ਾ ਦਿੱਤੀ; ਅਤੇ ਸੱਚਮੁਚ ਇਸੇ ਵਧੀਆ ਪ੍ਰਬੰਧ ਸਦਕਾ ਹੀ ਅਸੀਂ ਹੁਣ ਉਨ੍ਹਾਂ ਦੀਆਂ ਦੇਸ਼ 'ਤੇ ਕਬਜ਼ਾ ਕਰਨ ਦੀਆਂ ਮਾੜੀਆਂ ਮਨਸ਼ਾਵਾਂ ਤੇ

ਖ਼ਾਹਿਸ਼ਾਂ ਤੋਂ ਖਹਿੜਾ ਛੁਡਾ ਸਕੇ ਹਾਂ ਅਤੇ ਸੁਰੱਖਿਅਤ ਤੇ ਸਹੀ-ਸਲਾਮਤ ਹੋ ਸਕੇ ਹਾਂ। ਭਾਵੇਂ ਇਨ੍ਹਾਂ ਅਧਿਕਾਰੀਆਂ ਵੱਲੋਂ ਚੁੱਕੇ ਗਏ ਕਦਮਾਂ ਲਈ ਉਹ ਸ਼ਲਾਘਾ ਦੇ ਹੱਕਦਾਰ ਸਨ ਪਰ ਇਸ ਦੇ ਉਲਟ ਅਜਿਹੇ ਹੁਕਮ ਜਾਰੀ ਕਰ ਦਿੱਤੇ ਗਏ, ਜਿਨ੍ਹਾਂ ਨੂੰ ਲੈ ਕੇ ਨਾਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਅਫ਼ਸਰਾਂ ਵਿਰੁੱਧ ਜਾਰੀ ਕੀਤੇ ਹੁਕਮਾਂ 'ਤੇ ਇਤਰਾਜ਼ ਉੱਠ ਰਹੇ ਹਨ, ਜਿਸ ਨਾਲ ਪ੍ਰਸ਼ਾਸਨ ਨੂੰ ਢਾਹ ਲੱਗਣ ਦਾ ਵੱਡਾ ਖ਼ਦਸ਼ਾ ਹੈ ਅਤੇ ਇਸੇ ਗੱਲ ਨੇ ਉਸ ਬਾਗ਼ੀਆਨਾ ਸੰਪਰਦਾਇ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ, ਜਦ ਕਿ ਉਹ ਲਗਭਗ ਤਬਾਹ ਹੋ ਚੁੱਕਾ ਸੀ ਅਤੇ ਇਸ ਨਾਲ ਉਨਾਂ 'ਚ ਮੁੜ ਖ਼ੁਸ਼ਹਾਲੀ ਦੀਆਂ ਆਸਾਂ ਜਾਗ ਪਈਆਂ ਹਨ ਅਤੇ ਸਾਡੇ ਲਈ ਇੱਕ ਵਾਰ ਫਿਰ ਮਾੜੀਆਂ ਸਾਜ਼ਿਸ਼ਾਂ ਦਾ ਖ਼ਤਰਾ ਪੈਦਾ ਹੋ ਗਿਆ ਹੈ। ਇਸੇ ਲਈ ਅਸੀਂ ਇੱਕ ਪਟੀਸ਼ਨ ਤਿਆਰ ਕੀਤੀ ਹੈ, ਜਿਸ ਵਿੱਚ ਅਸੀਂ ਪੂਰੇ ਆਧਾਰ ਦਿੱਤੇ ਹਨ ਅਤੇ ਇਹ ਕਾਜ਼ੀ ਮੁਬਾਰਕ ਅਲੀ ਵੱਲੋਂ ਉਸ ਕਮੇਟੀ ਨੂੰ ਭੇਜੀ ਗਈ ਹੈ, ਜੋ ਜਲੰਧਰ ਜ਼ਿਲ੍ਹੇ 'ਚ ਬਣਾਈ ਗਈ ਸੀ ਕਿ ਤਾਂ ਜੋ ਸਾਡੀ ਬੇਨਤੀ ਸਰਕਾਰ ਦੇ ਵਿਚਾਰ ਅਧੀਨ ਭੇਜੀ ਜਾ ਸਕੇ। ਸਰਕਾਰ ਨੂੰ ਉਨ੍ਹਾਂ ਦੀ ਪਟੀਸ਼ਨ ਭੇਜਦੇ ਹੋਏ ਅਸੀਂ ਬੇਨਤੀ ਕਰਦੇ ਹਾਂ ਕਿ ਇਸ ਮਾਮਲੇ 'ਤੇ ਮੁੜ-ਵਿਚਾਰ ਕੀਤਾ ਜਾਵੇ ਤੇ ਪਟੀਸ਼ਨਰਾਂ ਨੂੰ ਧੰਨਵਾਦੀ ਬਣਾਇਆ ਜਾਵੇ।

ਸਰਦਾਰ ਬਿਸ਼ਨ ਸਿੰਘ,
ਮਿਤੀ 28 ਜੂਨ, 1872 ਰਈਸ, ਕਲਸੀਆ

ਅੰਬਾਲਾ ਦੇ ਕਮਿਸ਼ਨਰ ਸ੍ਰੀ ਫ਼ਾਰਸਿਥ ਅਤੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਵੱਲੋਂ ਕੂਕਿਆਂ ਵੱਲੋਂ ਕੀਤੇ ਕਾਰੇ ਅਤੇ ਗੜਬੜੀ ਨੂੰ ਦਬਾਉਣ ਲਈ ਚੁੱਕੇ ਗਏ ਸੂਝ-ਬੂਝ ਭਰਪੂਰ ਕਦਮਾਂ ਅਤੇ ਉਨ੍ਹਾਂ ਨੂੰ ਮਿਸਾਲੀ ਸਜ਼ਾ ਦਿੱਤੇ ਜਾਣ ਕਾਰਣ ਦੇਸ਼ 'ਚ ਵਿਵਸਥਾ ਬਹਾਲ ਹੋ ਸਕੀ ਹੈ ਅਤੇ ਉਨ੍ਹਾਂ ਦੀਆਂ ਦੇਸ਼ 'ਤੇ ਕਬਜ਼ਾ ਕਰਨ ਦੀਆਂ ਮਾੜੀਆਂ ਮਨਸ਼ਾਵਾਂ ਤੇ ਖ਼ਾਹਿਸ਼ਾਂ ਦੇ ਖ਼ਦਸ਼ਿਆਂ ਤੋਂ ਛੁਟਕਾਰਾ ਮਿਲਿਆ ਹੈ, ਅਸੀਂ ਸੁਰੱਖਿਅਤ ਤੇ ਸਲਾਮਤ ਹੋਏ ਹਾਂ। ਸਰਕਾਰ ਨੂੰ ਇਨ੍ਹਾਂ ਅਧਿਕਾਰੀਆਂ ਵੱਲੋਂ ਚੁੱਕੇ ਗਏ ਕਦਮਾਂ ਤੇ ਕਾਰਵਾਈਆਂ ਦੀ ਸ਼ਲਾਘਾ ਕਰਨੀ ਚਾਹੀਦੀ ਸੀ; ਪਰ ਇਸ ਦੇ ਉਲਟ ਨਾਖ਼ੁਸ਼ੀ ਪ੍ਰਗਟਾਉਣ ਵਾਲੇ ਤੇ ਉਨ੍ਹਾਂ ਦੀਆਂ ਕਾਰਵਾਈਆਂ ਦੀ ਨਿਖੇਧੀ ਕਰਨ ਵਾਲੇ ਹੁਕਮ ਜਾਰੀ ਕਰ ਦਿੱਤੇ ਗਏ, ਜਿਸ ਕਾਰਣ ਉਹ ਕੂਕਾ ਸੰਪਰਦਾਇ ਪੁਨਰ-ਸੁਰਜੀਤ ਹੋ ਗਿਆ, ਜਿਸ ਦੀ ਹਸਤੀ ਇਸ ਧਰਤੀ ਤੋਂ ਹੀ ਮਿਟ ਗਈ ਸੀ ਅਤੇ ਇਸ ਨਾਲ ਉਨ੍ਹਾਂ ਨੂੰ ਆਪਣਾ ਸਮਾਂ ਆਉਣ ਦੀ ਉਡੀਕ ਕਰਨ ਦੀਆਂ ਨਵੀਂਆਂ ਆਸਾਂ ਮਿਲ ਗਈਆਂ। ਇਹ ਹੁਕਮ ਕਿਉਂਕਿ ਪ੍ਰਸ਼ਾਸਨ ਦੇ ਹਿਤਾਂ ਲਈ ਘਾਤਕ ਹੈ ਅਤੇ ਵੱਖੋ-ਵੱਖਰੀ ਕਿਸਮ ਦੇ ਖ਼ਦਸ਼ੇ ਪੈਦਾ ਹੋ ਗਏ ਹਨ, ਇਸ ਲਈ ਇਹ ਹੁਕਮ ਲਾਂਭੇ ਕੀਤਾ ਜਾਣਾ ਚਾਹੀਦਾ ਹੈ, ਅਸੀਂ, ਸਮੁੱਚੇ ਪੰਜਾਬ ਦੇ ਲੋਕਾਂ ਅਤੇ ਸਰਕਾਰ ਦੇ ਨਾਗਰਿਕਾਂ ਨੇ ਜਲੰਧਰ ਜ਼ਿਲ੍ਹੇ 'ਚ ਇੱਕ ਕਮੇਟੀ ਕਾਇਮ ਕੀਤੀ ਹੈ, ਤਾਂ ਜੋ ਸਾਡੀ ਬੇਨਤੀ ਸਰਕਾਰ ਤੱਕ ਪੁੱਜ ਸਕੇ ਅਤੇ ਇੱਕ ਵਿਆਪਕ ਪਟੀਸ਼ਨ ਤਿਆਰ ਕਰ ਕੇ ਸਰਕਾਰ ਕੋਲ ਇਸ ਬੇਨਤੀ ਨਾਲ ਭੇਜੀ ਜਾਵੇ ਕਿ ਜ਼ੇਰੇ-ਗ਼ੌਰ ਹੁਕਮਾਂ 'ਚ ਸੋਧ ਕੀਤੀ

ਜਾਵੇ। ਇਹ ਪਟੀਸ਼ਨ ਭੇਜਦਿਆਂ, ਅਸੀਂ, ਕਰਨਾਲ ਜ਼ਿਲ੍ਹੇ ਦੇ ਰਈਸਾਂ ਤੇ ਲੋਕਾਂ ਦੀ ਬੇਨਤੀ ਹੈ ਕਿ ਅਸੀਂ ਜਲੰਧਰ ਕਮੇਟੀ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

ਨਵਾਬ ਸ਼ਮਸ਼ੇਰ ਅਲੀ ਖ਼ਾਨ, ਇਸਤਿਮਰਰਦਾਰ, ਕਰਨਾਲ
" ਮੁਹੰਮਦ ਅਲੀ ਖ਼ਾਨ, ਬਹਾਦੁਰ, ਰਈਸ ਤੇ ਇਸਤਿਮਰਰਦਾਰ, ਕਰਨਾਲ
" ਮਿਹਰ ਇਲਾਹੀ ਖ਼ਾਨ, ਇਸਤਿਮਰਰਦਾਰ ਅਤੇ ਰਈਸ, ਕਰਨਾਲ
" ਕਰਮ ਇਲਾਹੀ ਖ਼ਾਨ, ਇਸਤਿਮਰਰਦਾਰ, ਕਰਨਾਲ
" ਅਕਬਰ ਖ਼ਾਨ ਪੁੱਤਰ ਨਵਾਬ ਗ਼ੁਲਾਮ ਸ਼ਰੀਫ਼ ਖ਼ਾਨ, ਬਹਾਦੁਰ, ਇਸਤਿਮਰਰਦਾਰ ਤੇ ਰਈਸ, ਕਰਨਾਲ
" ਨਿਜਾਬਤ ਅਲੀ ਖ਼ਾਨ, ਇਸਤਿਮਰਰਦਾਰ, ਕਰਨਾਲ
" ਕਮਰੁੱਦੀਨ ਖ਼ਾਨ, ਇਸਤਿਮਰਰਦਾਰ ਅਤੇ ਰਈਸ, ਕਰਨਾਲ
" ਨੰਦੂ ਮੱਲ, ਮੈਂਬਰ, ਮਿਉਂਸਪਲ ਕਮੇਟੀ ਤੇ ਰਈਸ, ਕਰਨਾਲ
ਨਾਰਾਇਣ ਦਾਸ, ਮੈਂਬਰ ਮਿਉਂਸਪਲ ਕਮੇਟੀ ਤੇ ਰਈਸ, ਕਰਨਾਲ
ਦਵਾਰਕਾ ਦਾਸ, ਸ਼ਾਹੂਕਾਰ, ਕਰਨਾਲ
ਜਵਾਹਰ ਸਿੰਘ, ਸ਼ਾਹੂਕਾਰ, ਕਰਨਾਲ
ਲਾਲਾ ਮੱਖਣ ਮੱਲ, ਮੈਂਬਰ, ਮਿਉਂਸਪਲ ਕਮੇਟੀ ਤੇ ਰਈਸ, ਕਰਨਾਲ
ਜੁਗਲ ਕਿਸ਼ੋਰ, ਕਾਨੂੰਨਗੋ, ਕਰਨਾਲ
ਸਈਅਦ ਆਮਿਰ ਅਲੀ, ਰਈਸ, ਕਰਨਾਲ
ਸਈਅਦ ਵਜ਼ੀਰ ਅਲੀ, ਰਈਸ ਤੇ ਮੈਂਬਰ ਮਿਉਂਸਪਲ ਕਮੇਟੀ, ਕਰਨਾਲ
ਸਈਦ ਮੁਹੰਮਦ ਹਸਨ, ਰਈਸ, ਕਰਨਾਲ
ਸਈਦ ਇਨਾਇਤ ਅਲੀ, ਰਈਸ, ਕਰਨਾਲ
ਸ਼ਿਓਦਿਆਲ ਸਿੰਘ, ਮੈਂਬਰ, ਮਿਉਂਸਪਲ ਕਮੇਟੀ ਤੇ ਰਈਸ, ਕਰਨਾਲ
ਸਈਦ ਹਸ਼ਮਤ ਅਲੀ, ਜ਼ਿਮੀਂਦਾਰ, ਜਲਹਾਰ, ਜ਼ਿਲ੍ਹਾ ਕਰਨਾਲ
ਭੋਲਾ ਨਾਥ, ਮਹਾਜਨ, ਰਈਸ, ਕਰਨਾਲ

ਇੱਕ ਹੋਰ ਕਾਗਜ਼ 'ਤੇ ਅੰਤ 'ਚ ਉਹੀ ਸ਼ਬਦ ਲਿਖੇ ਹੋਏ ਹਨ; ਜੋ ਜਗਾਧਰੀ ਤਹਿਸੀਲ ਇਲਾਕੇ ਦੇ ਨਿਮਨਲਿਖਤ ਸਥਾਨਕ ਭੱਦਰ-ਪੁਰਸ਼ ਹਨ:

| | |
|---|---|
| ਬੰਸੀ ਲਾਲ, ਬੈਂਕਰ ਅਤੇ ਰਈਸ | ਵਾਸੀ, ਜਗਾਧਰੀ |
| ਲਾਲਾ ਦੇਵ ਚੰਦ | -ਉਹੀ- |
| " ਬਲਦਿਓ ਸਿੰਘ | -ਉਹੀ- |
| " ਪਰਕਾਨਾਥ ਰਾਏ | -ਉਹੀ- |
| " ਜਗਾਧਰ ਮੱਲ | -ਉਹੀ- |
| " ਰਾਮਧਾਰੀ ਮੱਲ, ਸ਼ਾਹੂਕਾਰ | -ਉਹੀ- |
| ਕੇਵਲ ਮੱਲ, ਚੌਧਰੀ | -ਉਹੀ- |
| ਲਾਲਾ ਦਾਨੀਆ ਲਾਲ, ਸ਼ਾਹੂਕਾਰ | ਜਗਾਧਰੀ |
| " ਜਮਨਾ ਦਾਸ | -ਉਹੀ- |

| | |
|---|---|
| ” ਬਾਲੀ ਮੱਲ | –ਉਹੀ– |
| ” ਕਸ਼ਮੀਰੀ ਦਾਸ, ਚੌਧਰੀ | –ਉਹੀ– |
| ” ਸ਼ਾਦੀ ਰਾਮ, ਚੌਧਰੀ | –ਉਹੀ– |
| ” ਨਾਨੂ ਮੱਲ, ਮੈਂਬਰ ਮਿਊਂਸਪਲ ਕਮੇਟੀ | –ਉਹੀ– |
| ” ਕੇਵਲ ਰਾਮ, ਸ਼ਾਹੂਕਾਰ | –ਉਹੀ– |
| ” ਵਜ਼ੀਰ ਮੱਲ | –ਉਹੀ– |
| ਲਾਲਾ ਸ਼ੰਕਰ ਦਾਸ, ਚੌਧਰੀ | –ਉਹੀ– |
| ” ਦਵਾਰਕਾ ਮੱਲ, ਸ਼ਾਹੂਕਾਰ | –ਉਹੀ– |
| ” ਬਲਦਿਓ ਦਾਸ | –ਉਹੀ– |
| ” ਸੀਤਾ ਰਾਮ | –ਉਹੀ– |
| ” ਲੇਖਰਾਜ | –ਉਹੀ– |
| ” ਰਾਜਾ ਰਾਮ, ਚੌਧਰੀ | –ਉਹੀ– |
| ” ਨਾਥਨ ਮੱਲ | –ਉਹੀ– |
| ਗੋਪਾਲ ਸਹਾਏ, ਸ਼ਾਹੂਕਾਰ | –ਉਹੀ– |
| ਲਾਲਾ ਸਵਾਈ ਮੱਲ | –ਉਹੀ– |
| ” ਭਗਵਾਨ ਦਾਸ | –ਉਹੀ– |
| ਕੇਵਲ ਰਾਮ, ਜ਼ਿਮੀਂਦਾਰ | –ਉਹੀ– |
| ਲਾਲਾ ਚੁੰਨੀ ਲਾਲ, ਸ਼ਾਹੂਕਾਰ | –ਉਹੀ– |
| ” ਨਾਨਕ ਚੰਦ | –ਉਹੀ– |
| ” ਭਗਵਾਨ ਦਾਸ | –ਉਹੀ– |
| ” ਬਨਵਾਰੀ ਦਾਸ | –ਉਹੀ– |
| ” ਮੂਲ ਰਾਜ | –ਉਹੀ– |
| ” ਬੰਸੀ ਲਾਲ, ਚੌਧਰੀ | –ਉਹੀ– |
| ” ਰਾਮ ਸਰਨ | –ਉਹੀ– |
| ” ਹੀਰਾ ਲਾਲ, ਸ਼ਾਹੂਕਾਰ | –ਉਹੀ– |
| ” ਰਾਮਜੀ ਦਾਸ | –ਉਹੀ– |
| ” ਚੁੰਨੀ ਲਾਲ ਪੁੱਤਰ ਲਾਲਾ ਨਾਥਨ, ਸ਼ਾਹੂਕਾਰ | –ਉਹੀ– |
| ” ਸੀਸਗੋਪਾਲ, ਸ਼ਾਹੂਕਾਰ | –ਉਹੀ– |
| ” ਹਰਸਹਾਏ ਮੱਲ | –ਉਹੀ– |
| ” ਨਾਹਰ ਸਿੰਘ | –ਉਹੀ– |
| ” ਜ਼ਾਹਰੂ ਮੱਲ, ਸ਼ਾਹੂਕਾਰ | –ਉਹੀ– |
| ” ਰਾਮਜੀਦਾਸ | –ਉਹੀ– |
| ” ਚਤਰ ਮੱਲ | –ਉਹੀ– |
| ਗੁਲਾਬ ਸਿੰਘ, ਜਗੀਰਦਾਰ | –ਉਹੀ– |

| | |
|---|---|
| ਲਾਲਾ ਠਾਕੁਰ ਦਾਸ, ਸ਼ਾਹੂਕਾਰ | -ਉਹੀ- |
| " ਬਿਹਾਰੀ ਲਾਲ | -ਉਹੀ- |
| " ਰਾਮਜੀ ਦਾਸ | -ਉਹੀ- |
| " ਮੁਰਲੀ ਲਾਲ | -ਉਹੀ- |
| ਜਮਨਾ ਦਾਸ, ਸ਼ਾਹੂਕਾਰ, ਨਿਵਾਸੀ ਬਿਲਾਸਪੁਰ | |
| ਛੱਜੂ ਮੱਲ, ਨੰਬਰਦਾਰ, ਨਿਵਾਸੀ ਕਰੀਰਾ | |
| ਮੁਰਤਜ਼ਾ ਖ਼ਾਨ, ਨੰਬਰਦਾਰ, ਨਿਵਾਸੀ ਬਿਲਾਸਪੁਰ | |
| ਜੀਵਨ ਮੱਲ, ਸ਼ਾਹੂਕਾਰ, ਨਿਵਾਸੀ ਜਗਾਧਰੀ | |
| ਮਲਖਾਨ, ਨਿਵਾਸੀ ਸਰਾਂ | |
| ਸੋਢਾ, ਨੰਬਰਦਾਰ, ਨਿਵਾਸੀ ਕੱਟੜਾ ਕਲਾਂ | |
| ਮੁਲਤਾਨ | ਨਿਵਾਸੀ ਕਹੇੜੀ |
| ਤਾਲਬ | -ਉਹੀ- |
| ਨਜਬ ਖ਼ਾਨ, ਨੰਬਰਦਾਰ | -ਉਹੀ- |
| ਅਲੀ ਬਖ਼ਸ਼ ਮਰਦਾਨ | -ਉਹੀ- |
| ਨਬੀ ਬਖ਼ਸ਼ | |
| ਮਥਰਾ ਦਾਸ, ਚੌਧਰੀ | ਨਿ. ਮੁਸਤਫ਼ਾਬਾਦ |
| ਲਾਲਾ ਘਾਸੀ ਰਾਮ | -ਉਹੀ- |
| " ਦੌਲਤ ਰਾਮ | -ਉਹੀ- |
| " ਚੁੰਨੀ ਲਾਲ | -ਉਹੀ- |
| ਸਰਦਾਰ ਤਿਲੋਕ ਸਿੰਘ, ਰਈਸ | -ਉਹੀ- |
| " ਸੁੰਦਰ ਸਿੰਘ | -ਉਹੀ- |
| " ਗੁਰਸਾਮ ਸਿੰਘ | -ਉਹੀ- |
| ਅਹਿਮਦ ਸਰਦਾਰ, ਨੰਬਰਦਾਰ | -ਉਹੀ- |
| ਨਬੀ ਬਖ਼ਸ਼, ਨੰਬਰਦਾਰ | -ਉਹੀ- |
| ਲਾਲਾ ਚੁੰਨੂ ਲਾਲ | -ਉਹੀ- |
| ਮਹਿਤਾਬ ਸਿੰਘ, ਨਿਵਾਸੀ ਖ਼ਾਨਪੁਰ | |
| ਅਲੀ ਬਖ਼ਸ਼ | |
| ਮਹਾਨ ਜੀ, ਨੰਬਰਦਾਰ | |

ਅਜਿਹੀ ਇੱਕ ਹੋਰ ਪਟੀਸ਼ਨ, ਜਿਸ 'ਤੇ ਬੁਰੀਆ ਕਸਬੇ ਦੇ ਹੇਠ ਲਿਖੇ ਭੱਦਰ-ਪੁਰਸ਼ਾਂ ਦੇ ਹਸਤਾਖਰ ਹਨ:

ਸਰਦਾਰ ਜੀਵਨ ਸਿੰਘ, ਆਨਰੇਰੀ ਮੈਜਿਸਟ੍ਰੇਟ, ਰਈਸ, ਬੁਰੀਆ
" ਗੁਰਬਖ਼ਸ਼ ਸਿੰਘ
ਹਰਦਿੱਤ ਸਿੰਘ, ਰਈਸ, ਨਿਵਾਸੀ ਦਿਆਲਗੜ੍ਹ
ਮੋਹਨ ਲਾਲ

ਸਵਾਈ ਸਿੰਘ
ਲਾਲਾ ਹਰਦਵਾਰੀ ਮੱਲ, ਸ਼ਾਹੂਕਾਰ, ਨਿਵਾਸੀ ਬੁਰੀਆ
" ਕੁੰਦਨ ਲਾਲ -ਉਹੀ-
" ਦੀਨਾ ਮੱਲ -ਉਹੀ-
" ਜ਼ੋਹੋਰੂ ਮੱਲ -ਉਹੀ-
ਭਵਾਤ, ਚੌਧਰੀ
ਠਾਕੁਰ ਦਾਸ, ਮਹਾਜਨ
ਕਾਜ਼ੀ ਜ਼ੀਆ-ਉਦ-ਦੀਨ, ਮੈਂਬਰ, ਮਿਉਂਸਪਲ ਕਮੇਟੀ
ਸ਼ੰਭੂ ਨਾਥ, ਹਕੀਮ
ਛੱਜੂ ਸਿੰਘ

ਬਿਲਕੁਲ ਅਜਿਹੇ ਸ਼ਬਦਾਂ ਵਾਲੀ ਇੱਕ ਹੋਰ ਪਟੀਸ਼ਨ, ਜਿਸ 'ਤੇ ਹੇਠ ਲਿਖੇ ਭੱਦਰ-ਪੁਰਸ਼ਾਂ ਦੇ ਹਸਤਾਖਰ ਹਨ:

ਸਰਦਾਰ ਪ੍ਰਤਾਪ ਸਿੰਘ, ਮਛਰੌਲੀ
" ਇੰਦਰ ਸਿੰਘ, ਨਿਵਾਸੀ ਨਰਵਾਹ ਕਲਾਂ
" ਜੈ ਸਿੰਘ, ਚੰਗੋਲੀ
" ਸੰਤੋਖ ਸਿੰਘ, ਜਗੀਰਦਾਰ, ਨਿਵਾਸੀ ਜਗਢੋਲੀ

| | |
|---|---|
| ਫ਼ਤਿਹ ਸਿੰਘ | ਜਗੀਰਦਾਰ |
| ਸੰਤ ਸਿੰਘ | -ਉਹੀ-, ਵਾਸੀ ਸਰਾਂ |
| ਕ੍ਰਿਪਾਲ ਸਿੰਘ | -ਉਹੀ- |
| ਇਬਾਨ ? ਸਿੰਘ | -ਉਹੀ- |
| ਲਹਿਣਾ ਸਿੰਘ | -ਉਹੀ-, ਨਿਵਾਸੀ ਧਰਮਕੋਟ |

ਬਿਲਕੁਲ ਅਜਿਹੇ ਸ਼ਬਦਾਂ ਵਾਲੀ ਇੱਕ ਹੋਰ ਪਟੀਸ਼ਨ, ਜੋ ਅੰਬਾਲਾ (ਜ਼ਿਲ੍ਹੇ) ਦੇ ਸਥਾਨਕ ਭੱਦਰ-ਪੁਰਸ਼ਾਂ ਵੱਲੋਂ ਹੈ:

ਰਾਜਾ ਭਗਵਾਨ ਸਿੰਘ, ਨਿਵਾਸੀ ਮਨੀ ਮਾਜਰਾ
" ਹੀਰਾ ਸਿੰਘ, ਨਿਵਾਸੀ ਪਭਾਤ
ਸਰਦਾਰ ਖੀਵਾਨ ਸਿੰਘ, ਮਲੋਆ
ਫ਼ਤਿਹ ਸਿੰਘ, ਜਗੀਰਦਾਰ
ਪਨੂੰ ਮੱਲ, ਚੌਧਰੀ, ਨਿਵਾਸੀ ਮਨੀ ਮਾਜਰਾ
ਜਵਾਹਰ ਲਾਲ, ਨਿਵਾਸੀ ਕੁਰੋਲੀ

| | |
|---|---|
| ਕਾਂਸ਼ੀ ਰਾਮ, | -ਉਹੀ- |
| ਚੁੰਨੀ | -ਉਹੀ- |
| ਚੂਹੜ ਸਿੰਘ | ਨੰਬਰਦਾਰ |
| ਭੋਲਾ ਸਿੰਘ | ਨੰਬਰਦਾਰ |
| ਖ਼ੁਦਾ ਬਖ਼ਸ਼ | -ਉਹੀ- |

ਕਾਲਾ ਸਿੰਘ -ਉਹੀ-
ਚੌਧਰੀ ਵਰਤ ਸਿੰਘ ਨੰਬਰਦਾਰ
" ਤਖ਼ਤ ਸਿੰਘ -ਉਹੀ-
ਹੀਰਾ ਲਾਲ
ਦੇਵਾ ਸਿੰਘ
ਕਾਹਨ ਸਿੰਘ
ਸੰਤੂ ਮੱਲ
ਚੌਧਰੀ ਬਹਾਦਰ ਸਿੰਘ
" ਚੜ੍ਹਤ ਸਿੰਘ
" ਵਜ਼ੀਰ ਸਿੰਘ
" ਨਿਵਾਸੀ ਮਲਾਕੀਆਹ
" ਸੰਤ ਸਿੰਘ ਜਗੀਰਦਾਰ
ਬਿਸ਼ਨ ਸਿੰਘ
ਈਸਰੀ, ਨੰਬਰਦਾਰ, ਨਿਵਾਸੀ ਸਾਲਾਹ
ਗੁਲਾਬ ਸਿੰਘ, -ਉਹੀ-
ਨੰਦ ਸਿੰਘ, -ਉਹੀ-
ਰਾਮ ਜੱਸ
ਸੰਦਲ, ਨੰਬਰਦਾਰ
ਚਰਾਗ਼ਾ, -ਉਹੀ-, ਨਿਵਾਸੀ ਬਨੂੜ
ਮਧੂ, -ਉਹੀ-, ਨਿਵਾਸੀ ਮਾਲੂ ਮਾਜਰਾ

ਵੱਲ, ਮਾਨਯੋਗ ਲੈਫ਼ਟੀਨੈਂਟ ਗਵਰਨਰ, ਪੰਜਾਬ, ਆਪ ਮਾਨਯੋਗ ਜੀ ਸਾਹਮਣੇ ਬੇਨਤੀ ਹੈ - ਅਸੀ, ਪੰਜਾਬ ਦੇ ਨਿਮਨਹਸਤਾਖਰੀ ਰਾਜੇ, ਸਰਦਾਰ ਅਤੇ ਰਈਸ, ਬੇਹੱਦ ਸਤਿਕਾਰ ਨਾਲ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਅਤੇ ਕਮਿਸ਼ਨਰ ਸ੍ਰੀ ਫ਼ਾਰਸਿਥ ਦੇ ਸਬੰਧ 'ਚ ਜਾਰੀ ਹੁਕਮ ਖ਼ਿਲਾਫ਼ ਇੱਕ ਅਪੀਲ ਪੇਸ਼ ਕਰਨ ਦੀ ਇਜਾਜ਼ਤ ਚਾਹੁੰਦੇ ਹਾਂ ਅਤੇ ਬੇਨਤੀ ਕਰਦੇ ਹਾਂ ਕਿ ਤੁਸੀਂ ਕ੍ਰਿਪਾ ਕਰ ਕੇ ਸਾਡੀ ਪਟੀਸ਼ਨ ਸੁਪਰੀਮ ਸਰਕਾਰ ਤੱਕ ਪਹੁੰਚਾਵੋ।

2. ਸਾਡੇ 'ਚੋਂ ਬਹੁਤੇ ਸ਼ਾਇਦ ਕਾਵਨ ਜਾਂ ਸ੍ਰੀ ਫ਼ਾਰਸਿਥ ਨੂੰ ਨਹੀਂ ਜਾਣਦੇ; ਪਰ ਕੂਕਿਆਂ ਦੀਆਂ ਗੜਬੜੀਆਂ ਅਤੇ ਉਨ੍ਹਾਂ ਨਾਲ ਸੰਬੰਧਤ ਮਾਮਲਿਆਂ ਤੋਂ ਕੋਈ ਵੀ ਨਾਵਾਕਫ਼ ਨਹੀਂ ਰਹਿ ਸਕਦਾ। ਸਾਡੀ ਬੇਨਤੀ ਕੋਈ ਸਵੈ-ਹਿਤਾਂ ਨਾਲ ਜੁੜੀ ਹੋਈ ਨਹੀਂ ਹੈ, ਸਗੋਂ ਦੇਸ਼ ਦੇ ਭਵਿੱਖ ਦੀ ਭਲਾਈ ਵਿਚਾਰ ਕਰਨ 'ਤੇ ਆਧਾਰਤ ਹੈ; ਕਿਉਂਕਿ ਜਦੋਂ ਕੋਈ ਵੀ ਸੰਪਰਦਾਇ ਕਿਸੇ ਦੇਸ਼ 'ਚ ਆਮ ਬਗ਼ਾਵਤ ਲਈ ਗੜਬੜੀ ਕਰਦਾ ਹੈ, ਤਾਂ ਹੋਰ ਕਬੀਲੇ ਤੇ ਸਤਿਕਾਰਯੋਗ ਨਾਗਰਿਕ ਵੀ ਪ੍ਰਭਾਵਿਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਡਾਢੀ ਤਕਲੀਫ਼ ਹੁੰਦੀ ਹੈ ਕਿ ਫਿਰ ਉਹ ਕਦੇ ਦਰੁਸਤ ਹੀ ਨਹੀਂ ਹੋ

ਪਾਉਂਦੇ ਅਤੇ ਅਜਿਹੇ ਸਮਿਆਂ ਦੌਰਾਨ ਅਧਿਕਾਰੀ ਇਹੋ ਸੋਚਦੇ ਹਨ ਕਿ ਭਾਵੇਂ ਕਿਸੇ ਇੱਕ ਧਿਰ ਨੇ ਸਰਕਾਰ ਖ਼ਿਲਾਫ਼ ਸਿਰ ਚੁੱਕਿਆ ਹੁੰਦਾ ਹੈ ਪਰ ਸਜ਼ਾ ਜ਼ਰੂਰ ਹੀ ਸਭ ਨੂੰ ਦਿੱਤੀ ਜਾਵੇ।

3. ਹਾਲੇ ਬਹੁਤਾ ਸਮਾਂ ਨਹੀਂ ਬੀਤਿਆ, ਜਦੋਂ ਕੂਕਿਆਂ ਨੇ ਅੰਮ੍ਰਿਤਸਰ 'ਚ ਕਸਾਈਆਂ ਦੇ ਕਤਲ ਕੀਤੇ ਸਨ, ਤਦ ਸ਼ਹਿਰ ਦੇ ਰਈਸ ਵੱਡੀਆਂ ਔਕੜਾਂ ਤੇ ਮੁਸੀਬਤਾਂ 'ਚ ਘਿਰ ਗਏ ਸਨ ਅਤੇ ਸਾਡੀ ਦਿਆਲੂ ਸਰਕਾਰ ਨੂੰ ਅਧਿਕਾਰੀਆਂ ਦੀਆਂ ਮਨਸ਼ਾਵਾਂ ਦੀ ਜਾਣਕਾਰੀ ਤਾਂ ਜ਼ਰੂਰ ਹੋਵੇਗੀ ਕਿ ਉਹ ਉਨ੍ਹਾਂ ਦੇ ਖ਼ਿਲਾਫ਼ ਸਨ ਤੇ ਸਾਨੂੰ ਇਹ ਪਤਾ ਵੀ ਨਹੀਂ ਸੀ ਕਿ ਕੂਕਿਆਂ ਦੇ ਬਾਗ਼ੀਆਨਾ ਵਿਵਹਾਰ ਕਾਰਣ ਸਮੁੱਚੇ ਪੰਜਾਬ ਦੇ ਲੋਕਾਂ ਨਾਲ ਪਤਾ ਨਹੀਂ ਕੀ ਕੁਝ ਵਾਪਰ ਸਕਦਾ ਸੀ, ਜੇ ਕਿਤੇ ਮਲੌਦ ਤੇ ਮਲੇਰਕੋਟਲਾ ਦੀਆਂ ਘਟਨਾਵਾਂ ਤੇਜ਼ੀ ਨਾਲ ਨਾ ਵਾਪਰਦੀਆਂ।

4. ਸਾਡੀ ਨਿਆਂਪੂਰਨ ਅਤੇ ਨਿਰਪੱਖ ਸਰਕਾਰ ਦਾ ਮੰਨਣਾ ਹੈ ਕਿ ਮਲੌਦ ਤੇ ਮਲੇਰਕੋਟਲਾ 'ਚ ਹੋਈਆਂ ਗੜਬੜੀਆਂ ਲਈ ਕੂਕਿਆਂ ਨੂੰ ਦਿੱਤੀ ਗਈ ਸਜ਼ਾ ਬਹੁਤ ਅੰਨ੍ਹੇਵਾਹ ਦਿੱਤੀ ਗਈ; ਪਰ ਅਸੀਂ ਇੱਥੇ ਇਹ ਬੇਨਤੀ ਕਰਨੀ ਚਾਹੁੰਦੇ ਹਾਂ ਕਿ ਸਾਡਾ ਦੇਸ਼ ਇੱਕ ਅਜਿਹੇ ਮੋਰਚੇ 'ਤੇ ਸਥਿਤ ਹੈ, ਜਿੱਥੇ ਖ਼ੂਨ-ਖ਼ਰਾਬਾ ਹੋਇਆ ਸੀ ਅਤੇ ਬਹੁਤ ਸਾਰੇ ਵਹਿਸ਼ੀਆਨਾ ਕਬੀਲੇ ਇਸ ਸੂਬੇ ਤੇ ਦੇਸ਼ ਦੀਆਂ ਸਰਹੱਦਾਂ 'ਤੇ ਰਹਿੰਦੇ ਹਨ, ਇਸ ਲਈ ਅਜਿਹੇ ਸਮਿਆਂ ਅਤੇ ਅਜਿਹੇ ਮੌਕੇ 'ਤੇ ਜੇ ਉਨ੍ਹਾਂ ਦੇ ਤੌਰ-ਤਰੀਕਿਆਂ, ਉਨ੍ਹਾਂ ਦੇ ਕਿਰਦਾਰ ਨੂੰ ਵੇਖਦਿਆਂ ਅਤੇ ਪਿਛਲੀ ਸਰਕਾਰ ਦੀ ਹਕੂਮਤ ਸਮੇਂ ਦੀਆਂ ਅਜਿਹੇ ਕਾਰਿਆਂ ਨੂੰ ਵੇਖੀਏ, ਤਾਂ ਅਸੀਂ ਇਸ ਸਜ਼ਾ ਨੂੰ ਸਖ਼ਤ ਨਹੀਂ ਸਮਝਦੇ; ਕਿਉਂਕਿ ਜਿਹੜੀ ਸਜ਼ਾ ਹਜ਼ਾਰਾਂ ਲੋਕਾਂ ਦਾ ਖ਼ੂਨ-ਖ਼ਰਾਬਾ ਹੋਣ ਤੋਂ ਬਚਾਅ ਕਰਦੀ ਹੋਵੇ ਤੇ ਦੇਸ਼ 'ਚ ਵਿਵਸਥਾ ਅਤੇ ਅਮਨ ਕਾਇਮ ਰੱਖਣ ਲਈ ਦਿੱਤੀ ਜਾ ਰਹੀ ਹੋਵੇ, ਤਾਂ ਉਸ ਨੂੰ ਸਖ਼ਤ ਨਹੀਂ ਸਮਝਿਆ ਜਾ ਸਕਦਾ।

5. ਕੂਕਿਆਂ ਦਾ ਆਚਾਰ-ਵਿਹਾਰ, ਵਿਚਾਰ ਤੇ ਤੌਰ-ਤਰੀਕੇ ਬੇਸ਼ੱਕ ਸ਼ੈਤਾਨੀਅਤ ਨਾਲ ਭਰਪੂਰ ਤੇ ਬਾਗ਼ੀਆਨਾ ਹਨ ਅਤੇ ਇਸ 'ਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਨੇ ਇੰਨੀ ਵੱਡੀ ਬਗ਼ਾਵਤ ਕਰਨੀ ਸੀ ਕਿ ਉਸ ਨਾਲ ਸਮੁੱਚੇ ਦੇਸ਼ ਦੀ ਅਣਖ ਤੇ ਸ਼ਾਂਤੀ ਨੂੰ ਵੱਡੀ ਢਾਹ ਲੱਗਣੀ ਸੀ। ਅਸੀਂ ਨਿਮਨਲਿਖਤ ਆਧਾਰ 'ਤੇ ਉਨ੍ਹਾਂ ਦੇ ਆਚਾਰ-ਵਿਹਾਰ ਨੂੰ ਬਾਗ਼ੀਆਨਾ ਸਮਝਦੇ ਹਾਂ;

ਸਭ ਤੋਂ **ਪਹਿਲਾ ਨੁਕਤਾ**, ਉਨ੍ਹਾਂ ਨੇ ਵੱਖੋ-ਵੱਖਰੀਆਂ ਥਾਵਾਂ 'ਤੇ ਸੂਬੇ ਨਿਯੁਕਤ ਕੀਤੇ ਹੋਏ ਸਨ ਅਤੇ ਉਨ੍ਹਾਂ ਦੇ ਸੰਬੰਧਤ ਅਧਿਕਾਰ-ਖੇਤਰਾਂ ਨੂੰ ਇਸ ਹੱਦ ਤੱਕ ਪਰਿਭਾਸ਼ਤ ਕੀਤਾ ਹੋਇਆ ਸੀ ਕਿ ਕੋਈ ਵੀ ਸੂਬਾ ਕਿਸੇ ਹੋਰ ਸੂਬੇ ਦੇ ਅਧਿਕਾਰ-ਖੇਤਰ 'ਚ ਦਖ਼ਲ ਨਹੀਂ ਦੇ ਸਕਦਾ ਸੀ ਅਤੇ ਇਸ ਵਿਵਸਥਾ ਨਾਲ ਉਹ ਕਿਸੇ ਵੀ ਸਮੇਂ ਪੂਰੇ ਦੇਸ਼ 'ਚ ਗੜਬੜੀ ਫੈਲਾ ਸਕਦੇ ਸਨ; **ਦੂਜਾ ਨੁਕਤਾ**, ਉਹ ਆਪਣੇ ਭੇਦ ਇਸ ਹੱਦ ਤੱਕ ਗੁਪਤ ਰੱਖਦੇ ਸਨ ਕਿ ਉਨ੍ਹਾਂ ਦੀ ਜਾਣਕਾਰੀ ਹੋਰਨਾਂ ਧਰਮਾਂ ਦੇ ਲੋਕਾਂ ਨੂੰ ਕਦੇ ਵੀ ਨਹੀਂ ਮਿਲਦੀ ਸੀ ਅਤੇ ਡਾਕ ਲਈ ਉਨ੍ਹਾਂ ਦੇ ਇੰਤਜ਼ਾਮ ਬਿਲਕੁਲ ਸਰਕਾਰੀ ਡਾਕ ਮਹਿਕਮੇ ਵਰਗੇ ਹੀ ਸਨ; **ਤੀਜਾ ਨੁਕਤਾ**, ਉਨ੍ਹਾਂ ਦੀ ਗਿਣਤੀ

ਰੋਜ਼ਾਨਾ ਇੰਨੀ ਜ਼ਿਆਦਾ ਵਧਦੀ ਸੀ ਕਿ ਭਾਵੇਂ ਅਰੰਭ 'ਚ ਉਨ੍ਹਾਂ ਦੀ ਗਿਣਤੀ ਸਿਰਫ਼ ਕੁਝ ਸੌ ਕੁ ਹੀ ਸੀ ਪਰ ਹੁਣ ਉਹ ਲੱਖਾਂ 'ਚ ਹਨ, ਉਨ੍ਹਾਂ ਨੇ ਅਜਿਹੇ ਤਰੀਕੇ ਧਾਰਮਿਕ ਗਤੀਵਿਧੀਆਂ ਅਰੰਭ ਕੀਤੀਆਂ ਕਿ ਸਾਰੇ ਸਿੱਖਾਂ ਦੇ ਧਾਰਮਿਕ ਵਲਵਲੇ ਉਤੇਜਿਤ ਹੋ ਸਕਣ। ਇਸ ਮੰਤਵ ਲਈ ਉਨ੍ਹਾਂ ਨੇ ਸਾਰੇ ਸਿੱਖ ਸਰਦਾਰਾਂ ਦੇ ਧਾਰਮਿਕ ਅਸਥਾਨ ਅੰਮ੍ਰਿਤਸਰ 'ਚ ਕਸਾਈਆਂ ਦੇ ਕਤਲ ਕੀਤੇ ਕਿ ਇੰਝ ਉਨ੍ਹਾਂ ਦੀ ਇਸ ਧਾਰਮਿਕ ਕਾਰਵਾਈ ਸਦਕਾ ਸ਼ਾਇਦ ਸਾਰੇ ਹੀ ਸਿੱਖਾਂ ਦੇ ਦਿਲ ਉਨ੍ਹਾਂ ਦੇ ਹੱਕ 'ਚ ਤਬਦੀਲ ਹੋ ਜਾਣਗੇ ਅਤੇ ਉਹ ਉਨ੍ਹਾਂ ਦੀ ਮਦਦ ਕਰਨ ਲੱਗ ਪੈਣਗੇ ਅਤੇ ਉਹ ਇਹ ਸੋਚਣਗੇ ਕੂਕੇ ਤਾਂ ਚੰਗੇ ਕਾਰਜ ਲਈ ਲੜ ਰਹੇ ਹਨ ਅਤੇ **ਪੰਜਵਾਂ ਨੁਕਤਾ**, ਉਹ ਇਹ ਸ਼ਲੋਕ ਗਾਉਂਦੇ ਸਨ:

"ਖ਼ਾਲਸਾ ਜੀ ਕਾ ਰਾਜ ਹੋਸੀ,
ਉਨਕੇ ਆਗੇ ਰਹੇ ਨਾ ਕੋਸੀ।"

(ਖ਼ਾਲਸਾ ਜੀ ਦਾ ਰਾਜ ਹੋਵੇਗਾ, ਉਨ੍ਹਾਂ ਸਾਹਮਣੇ ਹੋਰ ਕੋਈ ਨਹੀਂ ਰਹੇਗਾ)

6. ਅੰਮ੍ਰਿਤਸਰ ਅਤੇ ਰਾਏਕੋਟ ਦੀਆਂ ਘਟਨਾਵਾਂ ਵਾਪਰਨ ਤੋਂ ਬਾਅਦ, ਜਦੋਂ ਉਨ੍ਹਾਂ ਸੋਚਿਆ ਕਿ ਸਾਰੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਭੜਕ ਗਈਆਂ ਹਨ, ਤਾਂ ਉਨ੍ਹਾਂ ਨੇ ਸ਼ਰ੍ਹੇਆਮ ਬਗ਼ਾਵਤ ਕਰ ਦਿੱਤੀ ਅਤੇ ਮਲੌਦ ਤੇ ਮਲੇਰਕੋਟਲਾ 'ਤੇ ਹਮਲਾ ਬੋਲ ਦਿੱਤਾ। ਇਹ ਹਮਲਾ ਅਜਿਹੇ ਵੇਲੇ ਕੀਤਾ ਗਿਆ, ਜਦੋਂ ਸਾਰੇ ਫ਼ੌਜੀ ਦਸਤੇ ਦਿੱਲੀ ਗਏ ਹੋਏ ਸਨ ਅਤੇ ਇਹ ਸਪੱਸ਼ਟ ਸੀ ਕਿ ਦੇਸ਼ ਦੇ ਸਾਰੇ ਭਾਗਾਂ 'ਚ ਤਾਇਨਾਤ ਕੀਤੇ ਸੂਬੇ ਅਜਿਹੇ ਵੇਲੇ ਕੰਮ ਆਉਣੇ ਸਨ, ਉਹ ਆਪਣੇ ਸਿਰ ਚੁੱਕਣਗੇ ਅਤੇ ਇੱਕ ਆਮ ਬਗ਼ਾਵਤ ਛੇੜ ਦੇਣਗੇ। ਪਰ ਛੇਤੀ ਹੀ ਵਾਜਬ ਕਦਮ ਚੁੱਕ ਲਏ ਗਏ ਸਨ ਅਤੇ ਬਾਗ਼ੀਆਂ ਨੂੰ ਮੌਕੇ 'ਤੇ ਹੀ ਸਜ਼ਾ ਦੇ ਦਿੱਤੀ ਗਈ, ਜਿਸ ਕਾਰਣ ਗੜਬੜੀ ਦਬ ਗਈ ਤੇ ਸਰਕਾਰ ਹੁਣ ਇਸ ਨੂੰ ਮਾਮੂਲੀ ਮਾਮਲਾ ਦੱਸ ਰਹੀ ਹੈ।

7. ਇਸ 'ਚ ਕੋਈ ਸ਼ੱਕ ਨਹੀਂ ਕਿ ਭਾਵੇਂ ਉਹ 10 ਲੱਖ ਲੋਕਾਂ ਦਾ ਦਲ ਬਣਾ ਕੇ ਸਰਕਾਰ ਵਿਰੁੱਧ ਆ ਜਾਂਦੇ ਪਰ ਉਨ੍ਹਾਂ ਕਰ ਕੁਝ ਨਹੀਂ ਸੀ ਸਕਣਾ; ਪਰ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਜੇ ਕਿਤੇ ਇਹ ਗੜਬੜੀ ਅੱਗੇ ਹੋਰ ਫੈਲ ਜਾਂਦੀ ਅਤੇ ਇਸ ਨਾਲ ਸਖ਼ਤੀ ਨਾਲ ਤੁਰੰਤ ਨਾ ਨਿਪਟਿਆ ਜਾਂਦਾ, ਤਾਂ ਹਜ਼ਾਰਾਂ ਜਾਨਾਂ ਅਜਾਈਂ ਚਲੀਆਂ ਜਾਣੀਆਂ ਸਨ।

8. ਅਸੀਂ ਵੇਖਿਆ ਕਿ ਸਰਕਾਰ ਨੇ ਆਪਣੇ ਫ਼ੈਸਲੇ 'ਚ ਇਨ੍ਹਾਂ ਅਧਿਕਾਰੀਆਂ ਦੀਆਂ ਚੰਗੀਆਂ ਮਨਸ਼ਾਵਾਂ ਦੀ ਗੱਲ ਮੰਨੀ ਹੈ ਪਰ ਸਾਨੂੰ ਇਹ ਬਿਆਨਦਿਆਂ ਅਫ਼ਸੋਸ ਹੁੰਦਾ ਹੈ ਕਿ ਫਿਰ ਵੀ ਦੋਵਾਂ ਨੂੰ ਸਖ਼ਤ ਸਜ਼ਾ ਦਿੱਤੀ ਗਈ ਤੇ ਕੂਕੇ ਤਾਂ ਇਹੋ ਸੋਚਣਗੇ ਕਿ ਉਨ੍ਹਾਂ ਨੂੰ ਇਹ ਸਜ਼ਾ ਉਨ੍ਹਾਂ ਦੇ ਗੁਰੂ ਦੀ ਬਦਦੁਆ ਸਦਕਾ ਮਿਲੀ ਹੈ ਤੇ ਇਹ ਗੱਲ ਦੇਸ਼ ਦੇ ਹਿਤ 'ਚ ਨਹੀਂ ਕਿ ਉਹ ਅਜਿਹਾ ਕੋਈ ਵਿਚਾਰ ਫੈਲਾਉਣ।

9. ਸ੍ਰੀ ਫ਼ਾਰਸਿਥ, ਪਿਛਲੇ ਵੀਹ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਇਸ ਸੂਬੇ ਦੇ ਹਕੀਮ ਵਾਂਗ ਰਹੇ ਹਨ ਤੇ ਜਿਨ੍ਹਾਂ ਨੂੰ ਦੇਸ਼ ਦੇ ਹਰੇਕ ਕੋਨੇ 'ਚ ਆਦਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ, ਜਿਨ੍ਹਾਂ ਨੂੰ ਸਮੁੱਚੇ ਦੇਸ਼ 'ਚ ਲੋਕ ਆਪਣਾ ਸ਼ੁਭਚਿੰਤਕ ਸਮਝਦੇ

ਹਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਦੇਸ਼ ਦੀ ਭਲਾਈ ਕਰਨ ਤੇ ਸੁਧਾਰ ਲਿਆਉਣ 'ਚ ਬਿਤਾਇਆ ਹੈ ਅਤੇ ਜਿਨ੍ਹਾਂ ਦੀਆਂ ਚੰਗੀਆਂ ਮਨਸ਼ਾਵਾਂ ਤੋਂ ਸਾਰੇ ਹੀ ਵਾਕਫ਼ ਹਨ ਅਤੇ ਹੁਣ ਉਨ੍ਹਾਂ ਦੇ ਪੰਜਾਬ ਤੋਂ ਜਾਣਾ ਸਾਡੇ ਲਈ ਇੱਕ ਅਜਿਹਾ ਵੱਡਾ ਝਟਕਾ ਹੈ ਕਿ ਅਸੀਂ ਖ਼ੁਦ ਬਿਆਨ ਹੀ ਨਹੀਂ ਕਰ ਸਕਦੇ। ਅਸੀਂ, ਨਿਮਨਹਸਤਾਖਰੀ ਰਾਜੇ, ਸਰਦਾਰ, ਰਈਸ ਅਤੇ ਸਰਕਾਰ ਦੇ ਨਾਗਰਿਕ ਬੇਹੱਦ ਮਾਣ ਨਾਲ ਤੇ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਕਿ ਕੂਕਿਆਂ ਦੇ ਬਾਗ਼ੀਆਨਾ ਆਚਾਰ-ਵਿਹਾਰ ਅਤੇ ਜਨਾਬ ਕਾਵਨ ਅਤੇ ਫ਼ਾਰਸਿਥ ਵੱਲੋਂ ਦੇਸ਼ ਨੂੰ ਤਬਾਹੀ ਤੋਂ ਬਚਾਉਣ ਲਈ ਉਨ੍ਹਾਂ ਵੱਲੋਂ ਕੀਤੀ ਗਈ ਕਾਰਵਾਈ 'ਤੇ ਵਿਚਾਰ ਕਰਦਿਆਂ, ਸਰਕਾਰ ਨੂੰ ਕ੍ਰਿਪਾ ਕਰ ਕੇ ਆਪਣੇ ਫ਼ੈਸਲੇ 'ਚ ਸੋਧ ਕਰਨੀ ਚਾਹੀਦੀ ਹੈ।

ਰਾਜਾ ਹਮੀਦੁੱਲ੍ਹਾ ਖ਼ਾਨ, ਨਿਵਾਸੀ ਰਾਜੌਰੀ, ਹੁਸ਼ਿਆਰਪੁਰ।
ਅਮੀਨ ਚੰਦ, ਰਈਸ, ਨਿਵਾਸੀ ਬਜਵਾੜਾ -ਉਹੀ-
ਪੰਡਤ ਹਰੀ ਸ਼ੰਕਰ, ਵਾਧੂ ਸਹਾਇਕ -ਉਹੀ-
ਸ਼ਿਓਪ੍ਰਸ਼ਾਦ, ਤਹਿਸੀਲਦਾਰ -ਉਹੀ-
ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ 140 ਹੋਰ, ਜ਼ੈਲਦਾਰ, ਨੰਬਰਦਾਰ ਆਦਿ।
22 ਜੂਨ, 1872 -- ਦ

ਉਪਰੋਕਤ ਦਸਤਾਵੇਜ਼ ਅਨੰਦਪੁਰ ਸਾਹਿਬ ਦੇ 500 ਦੇ ਲਗਭਗ ਸੋਢੀਆਂ ਤੇ ਰਈਸਾਂ ਦੀ ਕਮੇਟੀ ਦੀ ਮੀਟਿੰਗ 'ਚ ਰੱਖੇ ਗਏ ਹਨ, ਜਿਸ ਵਿੱਚ ਹੁਸ਼ਿਆਰਪੁਰ ਅੰਜੁਮਨ ਦੇ ਵਿਚਾਰਾਂ 'ਤੇ ਗ਼ੌਰ ਕਰਦਿਆਂ ਕਿਹਾ ਗਿਆ ਕਿ ਕੂਕਿਆਂ ਨੂੰ ਦਿੱਤੀ ਗਈ ਸਜ਼ਾ ਨਿਆਂਪੂਰਨ ਤੇ ਵਾਜਬ ਸੀ; ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਜੇ ਕਿਤੇ ਉਨ੍ਹਾਂ ਨੂੰ ਸਜ਼ਾ ਨਾ ਦਿੱਤੀ ਜਾਂਦੀ, ਤਾਂ ਉਨ੍ਹਾਂ ਨੇ ਬਾਅਦ 'ਚ ਕਿਤੇ ਵੀ ਬਹੁਤ ਜ਼ਿਆਦਾ ਗੜਬੜੀ ਫੈਲਾਉਣੀ ਸੀ।

ਬੇਦੀ ਸੁਜਾਨ ਸਿੰਘ,
ਜੈਮਲ ਸਿੰਘ, ਮੈਂਬਰ, ਮਿਊਂਸਪਲ ਕਮੇਟੀ।
ਲਛਮਣਦਾਸ, ਸੁਪਰਇੰਟੈਂਡੈਂਟ ਆੱਫ਼ ਸੈਟਲਮੈਂਟ, ਪਰਗਨਾ ਊਨਾ ਅਤੇ ਊਨਾ ਦੇ 40 ਹੋਰ, ਜ਼ੈਲਦਾਰ, ਸ਼ਾਹੂਕਾਰ ਆਦਿ।

## 286

### ਸ੍ਰੀ ਟੀ.ਡੀ. ਫ਼ਾਰਸਿਥ ਨੂੰ ਹਟਾਉਣ ਲਈ ਹੁਕਮ ਜਾਰੀ
(ਗਵਰਨਰ ਜਨਰਲ ਦਾ ਦਫ਼ਤਰੀ ਨੋਟ)

ਵੱਲੋਂ

ਪੰਜਾਬ ਸਰਕਾਰ, ਨੰ. 3422

*ਮਿਤੀ 23 ਅਕਤੂਬਰ, 1872*

ਇਹ ਪਟੀਸ਼ਨਾਂ ਅਜਿਹਾ ਕੁਝ ਵੀ ਪੇਸ਼ ਨਹੀਂ ਕਰਦੀਆਂ, ਜਿਸ 'ਤੇ ਪੂਰੀ

ਤਰ੍ਹਾਂ ਵਿਚਾਰ-ਵਟਾਂਦਰਾ ਨਾ ਕੀਤਾ ਗਿਆ ਹੋਵੇ। ਉਨ੍ਹਾਂ ਨੂੰ ਸ਼ਾਇਦ ਉਸ ਪ੍ਰਭਾਵ ਨਾਲ ਟਿੱਪਣੀ ਸਮੇਤ ਵਿਦੇਸ਼ ਮੰਤਰੀ ਨੂੰ ਭੇਜ ਦਿੱਤਾ ਜਾਣਾ ਚਾਹੀਦਾ ਹੈ ਅਤੇ ਪੰਜਾਬ ਸਰਕਾਰ ਨੂੰ ਇਸ ਬਾਰੇ ਦੱਸ ਦਿੱਤਾ ਗਿਆ ਹੈ।

ਐੱਚਐੱਲਡੀ, 27 ਨਵੰਬਰ, 1872

ਮੈਨੂੰ ਯਕੀਨ ਨਹੀਂ ਹੈ ਕਿ ਇਸ ਨੂੰ ਵਿਦੇਸ਼ ਮੰਤਰੀ (ਜਿਸ ਨੂੰ ਇਹ ਮੈਮੋਰੀਅਲ ਸੰਬੋਧਤ ਨਹੀਂ ਹੈ) ਕੋਲ ਭੇਜਣ ਦੀ ਕੋਈ ਜ਼ਰੂਰਤ ਹੈ, ਪੂਰੀ ਵਿਸਥਾਰ 'ਚ ਵੀ ਨਹੀਂ। ਮੈਂ ਸਮਝਦਾ ਹਾਂ ਕਿ ਬਿਨੈ ਯਾਦ ਪੱਤਰ ਭੇਜਣ ਵਾਲਿਆਂ ਨੂੰ ਦੱਸ ਦੇਣਾ ਚਾਹੀਦਾ ਹੈ ਕਿ ਭਾਰਤ ਸਰਕਾਰ ਨੂੰ ਇਸ ਤੱਥ 'ਤੇ ਕੋਈ ਸ਼ੱਕ ਨਹੀਂ ਕਿ ਕੂਕਾ ਕਬੀਲੇ ਦੇ ਆਗੂ ਦੀਆਂ ਯੋਜਨਾਵਾਂ ਰਾਜ-ਧਰੋਹੀ ਸਨ ਪਰ ਇਸ ਤੱਥ ਨਾਲ ਉਸ ਆਧਾਰ ਨੂੰ ਕੋਈ ਫ਼ਰਕ ਨਹੀਂ ਪੈਂਦਾ, ਜਿਸ 'ਤੇ ਸਰਕਾਰ ਦਾ ਫ਼ੈਸਲਾ ਆਧਾਰਤ ਸੀ।

ਬੀ.ਸੀ.ਐੱਚ., 28 ਨਵੰਬਰ, 1872

## ਸਰਕੂਲੇਟ

ਮੈਂ ਸਦਾ ਹੀ ਕੂਕਿਆਂ ਨੂੰ ਮੌਤ ਦੀਆਂ ਸਜ਼ਾਵਾਂ ਦੇ ਮਾਮਲੇ ਦੀ ਮੈਰਿਟ ਦਾ ਸੁਆਲ ਮੁੜ ਖੋਲ੍ਹਣ ਤੋਂ ਇਨਕਾਰ ਕੀਤਾ ਹੈ। ਵਿਦੇਸ਼ ਮੰਤਰੀ ਦਾ ਆਪਣਾ ਫ਼ੈਸਲਾ ਹੈ, ਕੋਈ ਅਪੀਲ ਉਨ੍ਹਾਂ ਨੂੰ ਕੀਤੀ ਜਾ ਸਕਦੀ ਹੈ, ਭਾਰਤ ਸਰਕਾਰ ਨੂੰ ਨਹੀਂ।

ਇਸ ਦੇ ਨਾਲ ਹੀ, ਮੈਂ ਸਮਝਦਾ ਹਾਂ, ਸ੍ਰੀ ਫ਼ਾਰਸਿਥ ਤੇ ਸ੍ਰੀ ਕਾਵਨ ਲਈ ਨਿਆਂਪੂਰਨਤਾ 'ਚ, ਇਹ ਦਸਤਾਵੇਜ਼ ਵਿਦੇਸ਼ ਮੰਤਰੀ ਨੂੰ ਭੇਜਣੇ ਚਾਹੀਦੇ ਹਨ ਅਤੇ ਪੰਜਾਬ ਸਰਕਾਰ ਨੂੰ ਇਸ ਬਾਰੇ ਸੂਚਿਤ ਕਰਨਾ ਚਾਹੀਦਾ ਹੈ।

ਜਦੋਂ ਇਸ ਮਾਮਲੇ ਦਾ ਨਿਬੇੜਾ ਹੋ ਜਾਵੇ, ਤਾਂ ਮੈਂ ਇਹ ਜਾਣਨਾ ਚਾਹਾਂਗਾ ਕਿ ਲੈਫ਼ਟੀਨੈਂਟ ਬਰਤਲਮਿਊ ਦੇ ਮਾਮਲੇ 'ਚ ਲੈਫ਼ਟੀਨੈਂਟ ਗਵਰਨਰ ਨੇ ਕੀ ਹੁਕਮ ਦਿੱਤੇ ਸਨ ਕਿਉਂਕਿ ਇਹ ਮੈਮੋਮਰੀਅਲਜ਼ ਭੇਜਣ ਦੀ ਮਾਲਕੀ 'ਤੇ ਉਨ੍ਹਾਂ ਨੂੰ ਸ਼ੱਕੀ ਬਣਾਇਆ ਗਿਆ ਸੀ। ਐੱਨ, 16 ਦਸੰਬਰ, 1872

ਮੈਨੂੰ ਇਹ ਦਸਤਾਵੇਜ਼ ਵਿਦੇਸ਼ ਮੰਤਰੀ ਨੂੰ ਭੇਜਣ 'ਤੇ ਕੋਈ ਇਤਰਾਜ਼ ਨਜ਼ਰ ਨਹੀਂ ਆਉਂਦਾ। ਉਨ੍ਹਾਂ ਨੂੰ ਭੇਜਦੇ ਸਮੇਂ, ਮੈਂ ਸਿਰਫ਼ ਸ੍ਰੀ ਬੇਲੀ ਦੇ ਉਪਰੋਕਤ ਨੋਟ 'ਤੇ ਟਿੱਪਣੀ ਕਰਾਂਗਾ। ਬੀਐੱਚਈ., 18 ਦਸੰਬਰ, 1872

ਐੱਚਡਬਲਿਊਐੱਨ, 18 ਦਸੰਬਰ, 1872

ਏਐੱਚ, 19 ਦਸੰਬਰ, 1872

**ਮੁੜ ਪੇਸ਼ ਕੀਤਾ**, ਗਣਨਾ ਮਗਰੋਂ, ਮਹਾਮਹਿਮ ਦੇ ਹੁਕਮਾਂ ਲਈ।

ਐੱਚਐੱਲਡੀ, 20 ਦਸੰਬਰ, 1872

**ਕੌਂਸਲ – ਐਨ**

**ਕੌਂਸਲ ਦਾ ਹੁਕਮ**

1. ਵਿਦੇਸ਼ ਮੰਤਰੀ ਨੂੰ ਡ੍ਰਾਫ਼ਟ ਡਿਸਪੈਚ, ਇਸ ਟਿੱਪਣੀ ਨਾਲ ਪਟੀਸ਼ਨਾਂ ਭੇਜ ਰਿਹਾ ਹਾਂ ਕਿ ਉਨ੍ਹਾਂ ਵਿੱਚ ਅਜਿਹਾ ਕੁਝ ਵੀ ਨਹੀਂ ਜਾਪਦਾ, ਜਿਸ 'ਤੇ ਵਿਦੇਸ਼ ਮੰਤਰੀ ਤੇ ਗਵਰਨਰ ਜਨਰਲ-ਇਨ-ਕੌਂਸਲ ਨੇ ਪਹਿਲਾਂ ਹੀ ਪੂਰੀ ਤਰ੍ਹਾਂ ਵਿਚਾਰ-ਵਟਾਂਦਰਾ ਨਾ ਕੀਤਾ ਹੋਵੇ।

2. ਪੰਜਾਬ ਸਰਕਾਰ ਨੂੰ ਡ੍ਰਾਫ਼ਟ, ਇਸ ਬੇਨਤੀ ਨਾਲ ਕਿ ਪਟੀਸ਼ਨਰਾਂ ਨੂੰ ਸੂਚਿਤ ਕੀਤਾ ਜਾਵੇ ਕਿ ਭਾਵੇਂ (ਵਿਦੇਸ਼ ਮੰਤਰੀ ਨੂੰ ਕੀਤੀ ਉਪਰੋਕਤ ਟਿੱਪਣੀ ਅਨੁਸਾਰ), ਪਟੀਸ਼ਨਾਂ ਵਿਦੇਸ਼ ਮੰਤਰੀ ਨੂੰ ਭੇਜ ਦਿੱਤੀਆਂ ਗਈਆਂ ਹਨ।

ਐੱਚਐੱਲਡੀ, 26 ਦਸੰਬਰ, 1872

## 287

*6 ਜਨਵਰੀ, 1873* *ਨੰ. 1 ਮਿਤੀ ਫ਼ੋਰਟ ਵਿਲੀਅਮ,*

*ਵੱਲੋਂ*

ਐੱਚ. ਵੈਲਜ਼ਲੀ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

*ਵੱਲ*

ਐੱਲ.ਐੱਚ. ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਮੈਨੂੰ ਤੁਹਾਡਾ ਪੱਤਰ ਨੰ. 3422, ਮਿਤੀ 23 ਅਕਤੂਬਰ, 1872 ਪ੍ਰਾਪਤ ਹੋਣ ਬਾਰੇ ਸੂਚਿਤ ਕਰਨ ਦੀ ਹਦਾਇਤ ਹੋਈ ਹੈ, ਜਿਸ ਨਾਲ ਸ੍ਰੀ ਟੀ.ਡੀ. ਫ਼ਾਰਸਿਥ ਸੀ.ਬੀ. ਦਾ ਤਬਾਦਲਾ ਪੰਜਾਬ ਤੋਂ ਅਵਧ ਕਰਨ ਵਿਰੁੱਧ ਦਾਖ਼ਲ ਕੀਤੀਆਂ ਗਈਆਂ ਪਟੀਸ਼ਨਾਂ ਵੀ ਨੱਥੀ ਕੀਤੀਆਂ ਗਈਆਂ ਹਨ।

2. ਜਵਾਬ 'ਚ, ਮੇਰੀ ਬੇਨਤੀ ਹੈ ਕਿ ਤੁਸੀਂ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੀ ਪ੍ਰਵਾਨਗੀ ਨਾਲ ਸੂਚਿਤ ਕਰੋਗੇ ਕਿ ਉਨ੍ਹਾਂ ਦੀਆਂ ਪਟੀਸ਼ਨਾਂ ਮਾਣਯੋਗ ਵਿਦੇਸ਼ ਮੰਤਰੀ ਕੋਲ ਪੇਸ਼ ਕੀਤੀਆਂ ਜਾਣਗੀਆਂ, ਭਾਵੇਂ ਉਨ੍ਹਾਂ 'ਚ ਅਜਿਹਾ ਕੁਝ ਨਹੀਂ ਜਾਪਦਾ, ਜਿਨ੍ਹਾਂ 'ਤੇ ਇੰਗਲੈਂਡ 'ਚ ਮਹਾਰਾਣੀ ਦੀ ਸਰਕਾਰ ਤੇ ਗਵਰਨਰ ਜਨਰਲ-ਇਨ-ਕੌਂਸਲ ਨੇ ਪਹਿਲਾਂ ਹੀ ਪੂਰੀ ਤਰ੍ਹਾਂ ਵਿਚਾਰ-ਵਟਾਂਦਰਾ ਨਾ ਕੀਤਾ ਹੋਵੇ।

## 288

*10 ਜਨਵਰੀ, 1873* *ਮਿਤੀ ਫ਼ੋਰਟ ਵਿਲੀਅਮ*

*ਵੱਲੋਂ*

ਭਾਰਤ ਸਰਕਾਰ।

ਵੱਲ

ਭਾਰਤ ਲਈ ਮਹਾਰਾਣੀ ਦੇ ਵਿਦੇਸ਼ ਮੰਤਰੀ।

ਅਸੀਂ ਆਪ ਜੀ ਮਿਹਰਬਾਨ ਦੇ ਵਿਚਾਰਨ ਲਈ ਪੰਜਾਬ ਸਰਕਾਰ ਦਾ ਇੱਕ ਪੱਤਰ* ਭੇਜ ਰਹੇ ਹਾਂ, ਇਸ ਦੇ ਨਾਲ ਜਲੰਧਰ ਦੇ ਪਾਦਰੀ ਬੀ. ਗੋਲਕਨਾਥ ਦੇ ਇੱਕ ਪੱਤਰ ਦੀ ਕਾਪੀ ਹੈ ਤੇ ਉਸ ਦੇ ਨਾਲ ਦੇਸੀ ਭਾਸ਼ਾ 'ਚ ਦਾਖ਼ਲ ਕੀਤੀ ਗਈ ਪਟੀਸ਼ਨ ਦਾ ਤਰਜਮਾ ਵੀ ਭੇਜਿਆ ਜਾਂਦਾ ਹੈ, ਜੋ ਸ੍ਰੀ ਟੀ.ਡੀ. ਫ਼ਾਰਸਿਥ, ਸੀ.ਬੀ. ਦੇ ਪੰਜਾਬ ਤੋਂ ਅਵਧ ਕੀਤੇ ਗਏ ਹਾਲੀਆ ਤਬਾਦਲੇ ਵਿਰੁੱਧ ਹੈ।

*ਨੰ. 3422, 22 ਅਕਤੂਬਰ, 1872

2. ਇਹ ਦਸਤਾਵੇਜ਼ ਭੇਜਦੇ ਸਮੇਂ ਅਸੀਂ ਸਿਰਫ਼ ਇਹੋ ਟਿੱਪਣੀ ਕਰਨੀ ਹੈ ਕਿ ਉਨ੍ਹਾਂ ਵਿੱਚ ਅਜਿਹਾ ਕੁਝ ਵੀ ਨਹੀਂ ਹੈ, ਜਿਸ ਉੱਤੇ ਆਪ ਮਿਹਰਬਾਨ ਅਤੇ ਭਾਰਤ ਸਰਕਾਰ ਨੇ ਪਹਿਲਾਂ ਵਿਚਾਰ-ਵਟਾਂਦਰੇ ਨਾ ਕੀਤਾ ਹੋਵੇ।

ਅੰਬਾਲਾ ਸਰਕਾਰ ਦੇ ਡਿਪਟੀ ਇੰਸਪੈਕਟਰ ਜਨਰਲ ਮੇਜਰ ਏ.ਐੱਚ. ਬਾਮਫ਼ੀਲਡ ਵੱਲੋਂ ਆਈ.ਜੀ. ਪੁਲਿਸ ਨੂੰ 1 ਜੁਲਾਈ, 1872 ਨੂੰ ਲਿਖੇ ਗੁਪਤ ਪੱਤਰ ਦੀ ਕਾਪੀ।

## 289

ਤੁਹਾਡੇ ਗੁਪਤ ਨੰ. 227, ਮਿਤੀ ਬੀਤੀ 27 ਮਈ ਦੇ ਜਵਾਬ 'ਚ, ਮੈਨੂੰ ਹੁਣ ਇਹ ਬਿਆਨ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਸ੍ਰੀ ਵਾਰਬਰਟਨ ਨੇ ਨਿਜੀ ਤੌਰ 'ਤੇ ਅਤੇ ਸਾਥੀਆਂ ਨਾਲ ਮਿਲ ਕੇ ਬਹੁਤ ਧਿਆਨ ਨਾਲ ਜਾਂਚ ਕਰਨ ਉਪਰੰਤ ਪਾਇਆ ਹੈ ਕਿ ਇਸ ਰਿਪੋਰਟ 'ਚ ਕੋਈ ਸੱਚਾਈ ਨਹੀਂ ਹੈ ਕਿ ਕੂਕਿਆਂ ਵੱਲੋਂ ਲੁਧਿਆਣਾ ਜ਼ਿਲ੍ਹੇ 'ਚ ਰਾਏਪੁਰ ਵਿਖੇ ਬਾਰੂਦ ਤਿਆਰ ਕੀਤਾ ਜਾ ਰਿਹਾ ਹੈ।

ਸ੍ਰੀ ਵਾਰਬਰਟਨ ਅਨੁਸਾਰ, ਸੰਭਵ ਹੈ ਕਿ ਇਹ ਰਿਪੋਰਟ ਦਰਬਾਰਾ ਸਿੰਘ ਕੂਕਾ ਵੱਲੋਂ ਰਾਏਪੁਰ 'ਚ 26 ਮਈ, 1871 ਨੂੰ ਆਪਣੀ ਧੀ ਦੇ ਵਿਆਹ ਮੌਕੇ ਆਤਿਸ਼ਬਾਜ਼ੀ ਤਿਆਰ ਕਰਨ ਲਈ ਖ਼ਾਸ ਤੌਰ 'ਤੇ ਨਿਯੁਕਤ ਕੀਤੇ ਇੱਕ ਆਤਿਸ਼ਬਾਜ਼ ਕਾਰਣ ਨਿਕਲੀ ਹੋਵੇ। ਉਨ੍ਹਾਂ ਸੈਦੋਕੀ, ਜ਼ਿਲ੍ਹਾ ਅੰਮ੍ਰਿਤਸਰ ਦਾ ਇੱਕ ਵਿਅਕਤੀ ਅਹਿਮਦ ਬੁਰੀ ਤਰ੍ਹਾਂ ਸੜ (ਅਚਾਨਕ ਧਮਾਕਾ ਹੋਣ ਕਾਰਣ) ਵੀ ਗਿਆ ਸੀ ਅਤੇ ਉਸ ਹਾਦਸੇ ਦੇ ਤੀਜੇ ਦਿਨ ਉਸ ਦੀ ਮੌਤ ਹੋ ਗਈ ਸੀ।

(ਸਹੀ ਨਕਲਾਂ)

## 290

*ਡਾਕੇਟ ਨੰ. 307 ਦੀ ਕਾਪੀ,*

*ਮਿਤੀ 2 ਅਕਤੂਬਰ, 1872*

ਵੱਲੋਂ

ਲੈਫ਼ਟੀਨੈਂਟ ਕਰਨਲ ਸੀ. ਹਚਿਨਸਨ, ਸੀਐੱਸਆਈ,
ਇੰਸਪੈਕਟਰ ਜਨਰਲ ਆੱਫ਼ ਪੁਲਿਸ, ਪੰਜਾਬ।

*ਵੱਲ*

ਲੀਪਲ ਗ੍ਰਿਫ਼ਿਨ, ਐਸਕ.,

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਪਿਛਲੇ ਮਹੀਨੇ ਦੀ 10 ਤਰੀਕ ਦੇ ਉਨ੍ਹਾਂ ਦੇ ਨੰਬਰ 3020 ਦੇ ਜਵਾਬ ’ਚ, ਜਿਸ ਵਿੱਚ ਦਲ ਸਿੰਘ ਦੀ ਪਟੀਸ਼ਨ ਦੀ ਜਾਂਚ ਦੇ ਨਤੀਜੇ ਦੀ ਮੰਗ ਕੀਤੀ ਗਈ ਸੀ ਅਤੇ ਮੁੱਦਾ ਸੀ ਕਿ ਲੁਧਿਆਣਾ ਜ਼ਿਲ੍ਹੇ ’ਚ ਰਾਏਪੁਰ ਦੇ ਕੁਝ ਖ਼ਾਸ ਕੂਕਿਆਂ ਵੱਲੋਂ ਬਾਰੂਦ ਤਿਆਰ ਕੀਤਾ ਜਾ ਰਿਹਾ ਸੀ; ਮੈਨੂੰ ਅੰਬਾਲਾ ਸਰਕਲ ਦੇ ਡਿਪਟੀ ਇੰਸਪੈਕਟਰ ਜਨਰਲ ਆੱਫ਼ ਪੁਲਿਸ ਦੇ ਇੱਕ ਗੁਪਤ ਪੱਤਰ ਮਿਤੀ ਪਹਿਲੀ ਜੁਲਾਈ ਦੀ ਇੱਕ ਕਾਪੀ ਭੇਜਣ ਦਾ ਮਾਣ ਹਾਸਲ ਹੋਇਆ ਹੈ, ਜਿਸ ਵਿੱਚ ਦਰਜ ਹੈ ਕਿ ਲੁਧਿਆਣਾ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਦੀ ਰਿਪੋਰਟ ਮੁਤਾਬਕ ਬਹੁਤ ਹੀ ਧਿਆਨ ਨਾਲ ਕੀਤੀ ਗਈ ਇੱਕ ਨਿਜੀ ਜਾਂਚ ਤੋਂ ਬਾਅਦ ਉਨ੍ਹਾਂ ਪਾਇਆ ਕਿ ਉਸ ਰਿਪੋਰਟ ’ਚ ਭੋਰਾ ਵੀ ਸੱਚਾਈ ਨਹੀਂ ਹੈ।

## 291

*ਵੱਲੋਂ*

ਸੀ.ਯੂ. ਰਿਵਾਜ਼, ਐਸਕ.,

ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ।

*ਵੱਲ*

ਐੱਚ.ਐੱਲ. ਡੈਂਪੀਅਰ, ਐਸਕ.,

ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

*ਗ੍ਰਹਿ*

*ਮਿਤੀ ਲਾਹੌਰ, 30 ਅਕਤੂਬਰ, 1872*

ਤੁਹਾਡੇ ਨੰ. 3262, ਮਿਤੀ 10 ਅਗਸਤ, 1872 ਦੇ ਦੂਜੇ ਪੈਰ੍ਹੇ, ਨੰ. 296, ਮਿਤੀ ਬੀਤੀ 15 ਅਗਸਤ ਦੇ ਹਵਾਲੇ ਨਾਲ, ਮੈਨੂੰ ਇੰਸਪੈਕਟਰ ਜਨਰਲ ਆੱਫ਼ ਪੁਲਿਸ ਵੱਲੋਂ ਭੇਜੀ ਇੱਕ ਰਿਪੋਰਟ ਅਤੇ ਇਸ ਦਾ ਲਿਫ਼ਾਫ਼ਾ ਦੀ ਕਾਪੀ ਭੇਜਣ ਦੀ ਹਦਾਇਤ ਹੋਈ ਹੈ, ਜਿਸ ’ਚ ਇਹ ਦਰਜ ਹੈ ਕਿ ਲੁਧਿਆਣਾ ਜ਼ਿਲ੍ਹੇ ’ਚ ਰਾਏਪੁਰ ਦੇ ਦਲ ਸਿੰਘ ਵੱਲੋਂ ਦਿੱਤੀ ਗਈ ਇਹ ਜਾਣਕਾਰੀ ਕਿ ਨਗਰ ਦੇ ਕੁਝ ਖ਼ਾਸ ਕੂਕਿਆਂ ਵੱਲੋਂ ਬਾਰੂਦ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਇਹ ਰਿਪੋਰਟ ਸੱਚਾਈ ਤੋਂ ਕੋਹਾਂ ਦੂਰ ਹੈ।

ਮੈਨੂੰ ਮਾਣ ਹੈ ਸ੍ਰੀਮਾਨ ਜੀ,<br>
ਮੈਂ ਹਾਂ ਤੁਹਾਡਾ ਆਗਿਆਕਾਰ ਸੇਵਕ,<br>
ਹਸਤਾਖਰ ਸੀ.ਯੂ. ਰਿਵਾਜ਼,<br>
ਕਾਰਜਕਾਰੀ ਅਧੀਨ ਸਕੱਤਰ, ਪੰਜਾਬ ਸਰਕਾਰ

## 292

*ਨੰ. 1872 ਦ; 60, ਭਾਰਤ ਸਰਕਾਰ, ਗ੍ਰਹਿ ਵਿਭਾਗ, ਨਿਆਂ।*

*ਵੱਲ ਆਦਰਯੋਗ ਮਿਹਰਬਾਨ*

ਮਾਨਯੋਗ ਡਿਊਕ, ਆਰਗਾਈਲ, ਕੇ.ਟੀ.,
ਭਾਰਤ ਲਈ ਮਹਾਰਾਣੀ ਵਿਦੇਸ਼ ਮੰਤਰੀ।

*ਫ਼ੋਰਟ ਵਿਲੀਅਮ, 27 ਦਸੰਬਰ, 1872*

ਮੇਰੇ ਲਾਰਡ ਡਿਊਕ,

ਸਾਡੇ ਡਿਸਪੈਚ ਨੰ. 47, ਮਿਤੀ ਬੀਤੀ 19 ਅਗਸਤ ਦੇ 5ਵੇਂ ਪੈਰ੍ਹੇ 'ਚ ਅਸੀਂ ਵਰਣਨ ਕੀਤਾ ਸੀ ਕਿ ਅਸੀਂ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਦੇ ਸੂਬਿਆਂ ਨਾਲ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਪੰਜਾਬ ਸਰਕਾਰ ਨਾਲ ਚਿੱਠੀ-ਪੱਤਰੀ ਕੀਤੀ ਸੀ। ਸਾਡੀ 7 ਅਗਸਤ ਦੀ ਚਿੱਠੀ ਦਾ ਜਵਾਬ ਉਸ ਸਰਕਾਰ ਤੋਂ ਹੁਣ ਸਾਨੂੰ ਮਿਲਿਆ ਹੈ। ਅਸੀਂ ਦਸਤਾਵੇਜ਼* ਦੀ ਇੱਕ ਕਾਪੀ ਨਾਲ ਨੱਥੀ ਕਰ ਰਹੇ ਹਾਂ ਅਤੇ ਤੁਸੀਂ ਮਿਹਰਬਾਨ ਇਸ ਤੋਂ ਵੇਖੋਗੇ ਕਿ ਲੈਫ਼ਟੀਨੈਂਟ ਗਵਰਨਰ ਨਹੀਂ ਚਾਹੁੰਦੇ ਕਿ ਸਾਡੀ ਤਜਵੀਜ਼ ਅਨੁਸਾਰ ਕੂਕਾ ਸੂਬਿਆਂ 'ਤੇ ਖ਼ਾਸ ਦੋਸ਼ ਲਾ ਕੇ ਉਨ੍ਹਾਂ ਦੀ ਸੁਣਵਾਈ ਕੀਤੀ ਜਾਵੇ। ਮਾਣਯੋਗ ਸਾਹਿਬ ਸਗੋਂ ਇਹ ਮਜ਼ਬੂਤ ਸਿਫ਼ਾਰਸ਼ ਕਰਦੇ ਹਨ ਕਿ ਇਨ੍ਹਾਂ ਨੂੰ ਲਗਾਤਾਰ ਸਿਆਸੀ ਕੈਦੀਆਂ ਵਜੋਂ ਹਿਰਾਸਤ 'ਚ ਰੱਖਿਆ ਜਾਣਾ ਚਾਹੀਦਾ ਹੈ।

*ਪੰਜਾਬ ਸਰਕਾਰ ਦਾ ਪੱਤਰ ਨੰ. 3548, ਮਿਤੀ 30 ਸਤੰਬਰ, 1872, ਹੋਰ ਦਸਤਾਵੇਜ਼ਾਂ ਸਣੇ

2. ਚਿੱਠੀ ਵਿੱਚ ਲੈਫ਼ਟੀਨੈਂਟ ਗਵਰਨਰ ਵੱਲੋਂ ਦੱਸੇ ਕਾਰਣਾਂ ਅਨੁਸਾਰ, ਅਸੀਂ ਸੂਬਿਆਂ ਨੂੰ ਸਿਆਸੀ ਕੈਦੀਆਂ ਵਜੋਂ ਲਗਾਤਾਰ ਹਿਰਾਸਤ 'ਚ ਰੱਖਣ ਲਈ ਸਹਿਮਤ ਹੋ ਗਏ ਹਾਂ।

3. ਇਨ੍ਹਾਂ ਵਿਅਕਤੀਆਂ ਨੂੰ ਵੰਡ ਕੇ ਚੁਨਾਰ, ਅਸੀਰਗੜ੍ਹ ਅਤੇ ਮੌਲਮੀਨ ਅਦਨ ਭੇਜ ਦਿੱਤਾ ਜਾਵੇਗਾ, ਉਨ੍ਹਾਂ ਥਾਵਾਂ 'ਤੇ ਉਨ੍ਹਾਂ ਨੂੰ ਕੈਦ ਕਰ ਕੇ ਰੱਖਣ ਦੇ ਵਾਜਬ ਇੰਤਜ਼ਾਮ ਕੀਤੇ ਜਾ ਸਕਦੇ ਹਨ ਤੇ ਅਸੀਂ ਆਪ ਜੀ ਮਿਹਰਬਾਨ ਲਈ ਇਸ ਵਿਸ਼ੇ 'ਤੇ ਸਾਡੀਆਂ ਹਦਾਇਤਾਂ, ਜੋ ਹਾਸ਼ੀਏ 'ਤੇ ਦਰਜ ਹਨ, ਵਾਲੇ ਦਸਤਾਵੇਜ਼ਾਂ ਦੀ ਇੱਕ ਕਾਪੀ ਵੀ ਨੱਥੀ ਕਰ ਰਹੇ ਹਾਂ।

ਸਾਨੂੰ ਮਾਣ ਹੈ ਮੇਰੇ ਲਾਰਡ ਡਿਊਕ ਜੀਓ,
ਆਮ ਮਿਹਰਬਾਨ ਦਾ ਬੇਹੱਦ ਆਗਿਆਕਾਰ
ਸਨਿਮਰ ਸੇਵਕ,
ਨੌਰਥਬਰੁੱਕ
ਬੀ.ਐੱਚ. ਐਲਿਸ
ਐੱਚ.ਡਬਲਿਊ. ਨੌਰਮਨ,
ਏ. ਹੌਬਹਾਊਸ,
ਈ.ਸੀ. ਬੇਲੀ

# ਸਮਕਾਲੀ ਅਖ਼ਬਾਰਾਂ ਤੋਂ ਲਏ ਅੰਸ਼
# (ਅਪ੍ਰੈਲ ਤੋਂ ਨਵੰਬਰ 1872)

(1) ਫ਼੍ਰੈਂਡ ਆੱਫ਼ ਇੰਡੀਆ, (2) ਅੰਮ੍ਰਿਤ ਬਾਜ਼ਾਰ ਪੱਤ੍ਰਿਕਾ, (3) ਦਿ ਹਿੰਦੂ ਪੈਟ੍ਰੀਆੱਟ, (4) ਦਿ ਇੰਗਲਿਸ਼ਮੈਨ, ਜੋ ਕਾਲਕ੍ਰਮ ਅਨੁਸਾਰ ਦਿੱਤੇ ਗਏ ਹਨ।0

(ਕੰਪਾਈਲਰ)

*4 ਅਪ੍ਰੈਲ, 1872*

## ਦਿ ਫ੍ਰੈਂਡ ਆੱਫ਼ ਇੰਡੀਆ

**ਕੂਕਿਆਂ ਨੂੰ ਮੌਤ ਦੀ ਸਜ਼ਾ:** ਸ੍ਰੀਮਾਨ ਜੀ – ਪਿਛਲੇ ਹਫ਼ਤੇ ਦੇ ਅੰਕ 'ਚ, ਕੂਕਿਆਂ ਨੂੰ ਮੌਤ ਦੀ ਸਜ਼ਾ ਦੇ ਮੁੱਦੇ 'ਤੇ ਤੁਸੀਂ 'ਭਾਰਤ 'ਚ ਈਸਾਈ ਮਿਸ਼ਨਰੀਆਂ' ਨੂੰ ਬਹੁਤ ਸਮੇਂ ਸਿਰ ਤੇ ਸ਼ਾਂਤਮਈ ਅਪੀਲ ਕੀਤੀ ਸੀ। ਜੇ ਉਹ ਲੰਮਾ ਸਮਾਂ ਇਸ ਮਾਮਲੇ 'ਤੇ ਚੁੱਪੀ ਵੱਟ ਕੇ ਰੱਖਦੇ ਹਨ, ਤਾਂ ਇਸ ਨੂੰ ਫਿਰ ਉਸ ਦਰਦਨਾਕ ਕਾਰਜ ਵਿੱਚ ਸ੍ਰੀ ਕਾਵਨ ਨਾਲ ਹਮਦਰਦੀ ਦੇ ਸਮਾਨ ਹੀ ਸਮਝਿਆ ਜਾਵੇਗਾ। ਸਰਕਾਰ ਨੂੰ ਤਾਂ 'ਨੈਤਿਕ ਹਮਾਇਤ' ਦੀ ਜ਼ਰੂਰਤ ਹੋ ਸਕਦੀ ਹੈ ਪਰ ਜਿੱਥੋਂ ਤੱਕ ਮਿਸ਼ਨਰੀਆਂ ਦਾ ਸਬੰਧ ਹੈ, ਉਨ੍ਹਾਂ ਦੀ 'ਨੈਤਿਕ ਹਮਾਇਤ', ਜਿਵੇਂ ਤੁਸੀਂ ਆਖਿਆ ਹੈ,'ਬਹੁਤ ਦੇਰੀ ਨਾਲ ਆ ਸਕਦੀ ਹੈ।' ਇਸ ਮਾਮਲੇ ਦੇ ਤੱਥਾਂ ਬਾਰੇ ਜਿਵੇਂ ਤੁਸੀਂ ਕਈ ਵਾਰ ਬਿਆਨ ਕਰ ਚੁੱਕੇ ਹੋ ਤੇ ਹੁਣ ਵੀ ਉਨ੍ਹਾਂ ਨੂੰ ਸੰਖੇਪ 'ਚ ਬਿਆਨ ਕੀਤਾ ਜਾ ਸਕਦਾ ਹੈ ਤੇ ਉਨ੍ਹਾਂ ਦਾ ਕਦੇ ਵੀ ਵਿਰੋਧ ਨਹੀਂ ਹੋਇਆ। ਸ੍ਰੀ ਕਾਵਨ ਦੇ ਹੁਕਮ ਨਾਲ 49 ਵਿਅਕਤੀਆਂ ਨੂੰ ਤੋਪਾਂ ਨਾਲ ਉਨ੍ਹਾਂ ਦੇ ਚੀਥੜੇ ਉਡਾ ਦਿੱਤੇ ਗਏ ਸਨ ਅਤੇ ਉਹ ਵੀ ਬਿਨਾਂ ਸੁਣਵਾਈ ਦੇ। ਸ੍ਰੀ ਫ਼ਾਰਸਿਥ ਨੇ ਸੁਣਵਾਈ ਪਿੱਛੋਂ 16 ਹੋਰਨਾਂ ਨੂੰ ਮੌਤ ਦੇ ਘਾਟ ਉਤਾਰ ਕੇ ਇਸ ਕਾਰਵਾਈ ਨੂੰ ਲਗਭਗ ਪ੍ਰਵਾਨਗੀ ਦੇ ਦਿੱਤੀ ਸੀ। ਥੋਕ ਦੇ ਭਾਅ ਇਨ੍ਹਾਂ ਮੌਤ ਦੀਆਂ ਸਜ਼ਾਵਾਂ ਨੂੰ ਦਰੁਸਤ ਠਹਿਰਾਉਣ 'ਚ ਕੀ ਕੁਝ ਸੀ? ਮੈਂ ਤੁਹਾਡੇ ਪੱਤਰਕਾਰ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ, ਜਿਸ ਨੇ ਪਿਛਲੇ ਹਫ਼ਤੇ ਲਿਖਿਆ ਸੀ ਕਿ ''ਇਸ ਧਰਤੀ 'ਤੇ ਕੋਈ ਵੀ ਵਿਰੋਧੀ ਧਿਰ ਮੈਸ. ਕਾਵਨ ਤੇ ਫ਼ਾਰਸਿਥ ਦੇ ਕਾਰਿਆਂ ਨੂੰ ਦਰੁਸਤ ਨਹੀਂ ਠਹਿਰਾ ਸਕਦੀ।'' ਉਸ ਨੇ ਇਹ ਵੀ ਲਿਖਿਆ ਹੈ,''ਕੂਕਿਆਂ ਦੀਆਂ ਯੋਜਨਾਵਾਂ ਦੇ ਸੁਆਲ ਦਾ ਕਤਲੇਆਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਜਦੋਂ ਤੱਕ ਇਹ ਨਹੀਂ ਮੰਨ ਲਿਆ ਜਾਂਦਾ ਕਿ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਦੀ ਮਨਸ਼ਾ ਲਈ ਫਾਂਸੀ ਦੇਣੀ ਚਾਹੀਦੀ ਹੈ।'' ਇਹ ਮਾਮਲਾ ਬੜਾ ਸਿੱਧਾ ਹੈ ਤੇ ਮੈਂ ਮਿਸ਼ਨਰੀਆਂ ਦੀ ਚੁੱਪੀ ਤੋਂ ਇਹੋ ਸਮਝ ਸਕਦਾ ਹਾਂ ਕਿ ਉਹ ਇੱਕ ਅਜਿਹਾ ਸੰਗਠਨ ਹੈ, ਜੋ ਸਰਕਾਰ ਦੇ ਹੁਕਮ ਨੂੰ ਰੋਕਣਾ ਨਹੀਂ ਚਾਹੁੰਦਾ। ਉਹ ਇਸ ਹਕੀਕਤ ਤੋਂ ਵਾਕਫ਼ ਹਨ ਕਿ ਇੱਕ ਸਥਾਨਕ ਜਾਂਚ ਸ਼ੁਰੂ ਹੋ ਚੁੱਕੀ ਹੈ ਅਤੇ ਉਸ ਦਾ ਫ਼ੈਸਲਾ ਆਉਣ 'ਚ ਕੁਝ ਸਮਾਂ ਲੱਗੇਗਾ। ਹਰੇਕ ਹੰਗਾਮੀ ਹਾਲਾਤ 'ਚ ਮਿਸ਼ਨਰੀਆਂ ਦਾ ਉਦੇਸ਼ ਸਰਕਾਰ ਨੂੰ ਓਨੀ ਨੈਤਿਕ ਹਮਾਇਤ ਦੇਣਾ ਹੁੰਦਾ ਹੈ, ਜਿੰਨੀ ਉਹ ਸੱਚਾਈ ਤੇ ਇਨਸਾਫ਼ ਨਾਲ ਨਿਰੰਤਰ ਚਾਹੁੰਦੇ ਹੁੰਦੇ ਹਨ। ਪਰ ਇਸ ਮਾਮਲੇ 'ਚ ਉਨ੍ਹਾਂ ਦਾ ਮੌਨ ਕੁਝ ਵੱਧ ਲੰਮਾ ਹੋ ਗਿਆ ਹੈ। ਉਹ ਆਪਣੇ ਸਾਥੀ ਈਸਾਈਆਂ ਦੇ ਗ਼ਲਤ ਕੰਮਾਂ ਨੂੰ ਦਰੁਸਤ ਬਣਾਉਣ ਲਈ ਤਿਆਰ ਹਨ। ਜਦੋਂ ਉਨ੍ਹਾਂ 'ਤੇ ਜ਼ੁਲਮ ਹੁੰਦਾ ਹੈ, ਤਾਂ ਉਹ ਬਹੁਤ ਜ਼ੋਰਦਾਰ ਤਰੀਕੇ ਨਾਲ ਆਪਣੀ ਆਵਾਜ਼ ਉਠਾਉਂਦੇ ਹਨ। ਤਦ ਉਹ ਬਹੁਤ ਉੱਚੀ-ਉੱਚੀ ਬੋਲਦੇ ਹਨ ਤੇ ਕਦੇ

ਕਿਸੇ ਨੂੰ ਬਖ਼ਸ਼ਦੇ ਨਹੀਂ; ਤੇ ਹੁਣ ਉਹ ਕਿਉਂ ਨਹੀਂ ਬੋਲਦੇ? ਇੰਨੀ ਵੱਡੀ ਗ਼ਲਤੀ ਕਰ ਦਿੱਤੀ ਗਈ ਹੈ ਤੇ ਇਸ ਦੇ ਅਸਰ ਇੰਗਲੈਂਡ ਤੇ ਭਾਰਤ ਦੋਵਾਂ ਨੂੰ ਮਹਿਸੂਸ ਹੋਣਗੇ। ਮੈਂ ਇਨਸਾਨੀਅਤ ਪੱਖੋਂ ਇਸ ਦਾ ਵਿਰੋਧ ਕਰਦਾ ਹਾਂ ਤੇ ਇਸ ਨੂੰ ਈਸਾਈਅਤ ਲਈ ਢਾਹ ਮੰਨਦਾ ਹਾਂ।

ਇੱਕ ਮਿਸ਼ਨਰੀ

*ਮਿਤੀ 9 ਅਪ੍ਰੈਲ, 1872*

## ਦਿ ਇੰਗਲਿਸ਼ਮੈਨ

**ਇੱਕ ਕੂਕੇ ਦਾ ਮੱਤ-ਤਿਆਗ:** ਜਲੰਧਰ ਦੇ ਕਮਿਸ਼ਨਰ ਸ੍ਰੀ ਪੀ. ਮੈਲਵਿਲ ਪਿੱਛੇ ਜਿਹੇ ਅਨੰਦਪੁਰ ਸਾਹਿਬ ਜਾ ਕੇ ਆਏ ਹਨ ਅਤੇ ਉਨ੍ਹਾਂ ਰਿਪੋਰਟ ਦਿੱਤੀ ਹੈ ਕਿ ਇੱਕ ਕੂਕੇ ਨੇ ਕੇਸਗੜ੍ਹ 'ਚ ਆਪਣੇ ਮੱਤ ਦਾ ਤਿਆਗ ਕੀਤਾ ਹੈ।

ਇਸ ਮਾਮਲੇ ਦੇ ਵੇਰਵੇ ਨਿਮਨਲਿਖਤ ਅਨੁਸਾਰ ਹਨ:

ਜ਼ੇਰੇ-ਗ਼ੌਰ ਕੂਕਾ ਗੁਲਾਬ ਸਿੰਘ ਬੰਗਾ (ਜਲੰਧਰ) ਦਾ ਨਿਵਾਸੀ ਸੀ ਅਤੇ ਉਹ ਬਾਬਾ ਖੇਮ ਸਿੰਘ ਜੀ ਦੀ ਸੇਵਾ 'ਚ ਹੈ। ਉਸ ਨੇ ਗੁਰੂ ਰਾਮ ਸਿੰਘ ਜੀ ਕਰਕੇ ਕੁਝ ਸਮੇਂ ਲਈ ਆਪਣਾ ਵਿਸ਼ਵਾਸ ਤਿਆਗ ਦਿੱਤਾ ਸੀ ਪਰ ਉਸ ਦੇ ਮਾਲਕ ਨੇ ਉਸ ਨੂੰ ਜਨਤਕ ਤੌਰ 'ਤੇ ਕੂਕਾਵਾਦ ਦਾ ਤਿਆਗ ਕਰਨ ਲਈ ਕਿਹਾ ਸੀ। ਇਸੇ ਲਈ ਉਹ ਕੱਲ੍ਹ ਸਵੇਰੇ (26 ਮਾਰਚ ਨੂੰ) ਕੇਸਗੜ੍ਹ ਸਾਹਿਬ ਵਿਖੇ ਵੱਡੀ ਭੀੜ ਸਾਹਮਣੇ ਪੇਸ਼ ਹੋਇਆ, ਮੰਚ ਉੱਤੇ ਖੜ੍ਹਾ ਹੋਇਆ, ਜਿੱਥੇ ਉਸ ਨੇ ਜੁੱਤੀਆਂ ਲਾਹੀਆਂ ਹੋਈਆਂ ਸਨ ਅਤੇ ਗਲ਼ੇ ਵਿਚ ਪੱਲਾ ਪਾਇਆ ਹੋਇਆ ਸੀ; ਉਸ ਨੇ ਕਿਹਾ ਕਿ ਉਹ ਰੂਹਾਨੀ ਸ਼ਾਂਤੀ ਲਈ ਕੂਕਾ ਬਣ ਗਿਆ ਸੀ ਪਰ ਉਸ ਨੂੰ ਆਪਣੇ ਨਵੇਂ ਧਰਮ 'ਚ ਕਈ ਕਮੀਆਂ ਵਿਖਾਈਆਂ ਦਿੱਤੀਆਂ, ਇਸ ਲਈ ਉਹ ਦੋਬਾਰਾ ਸਿੱਖ ਬਣਨਾ ਚਾਹੁੰਦਾ ਹੈ ਅਤੇ ਉਹ ਇਸ ਲਈ ਕਿਸੇ ਵੀ ਤਰ੍ਹਾਂ ਦਾ ਜੁਰਮਾਨਾ ਅਦਾ ਕਰਨ ਲਈ ਵੀ ਤਿਆਰ ਹੈ। ਉਹ ਇੱਕ ਬੇਦੀ ਹੈ। ਉਸ ਨੇ 1-4.0 ਜੁਰਮਾਨਾ ਅਦਾ ਕੀਤਾ, ਜੋ ਉਸ 'ਤੇ ਲਾਇਆ ਗਿਆ ਸੀ ਅਤੇ ਉਸ ਨੇ ਜਦੋਂ ਆਪਣੀ ਉੱਨ ਦੀ ਮਾਲਾ ਵਾਪਸ ਕੀਤੀ, ਤਾਂ ਇਹ ਰਸਮ ਸੰਪੰਨ ਹੋਈ। ਉਸ ਨੂੰ ਸਿੱਖ ਧਰਮ 'ਚ ਮੁੜ ਸ਼ਾਮਲ ਕਰ ਲਿਆ ਗਿਆ।

ਇਸ ਦਾ ਹਰ ਸੰਭਵ ਹੱਦ ਤੱਕ ਵਧੀਆ ਅਸਰ ਪਵੇਗਾ। ਇਸ ਖ਼ਬਰ ਦੇ ਕਾਫ਼ੀ ਫੈਲਣ ਦੀ ਸੰਭਾਵਨਾ ਹੈ। ਬਾਬਾ ਖੇਮ ਸਿੰਘ ਇਸ ਮੌਕੇ ਮੌਜੂਦ ਸਨ।

*11 ਅਪ੍ਰੈਲ, 1872*

## ਦਿ ਫ਼੍ਰੈਂਡ ਆੱਫ਼ ਇੰਡੀਆ

**ਕੂਕਿਆਂ ਨੂੰ ਮੌਤ ਦੀ ਸਜ਼ਾ:** ਸ੍ਰੀਮਾਨ ਸੰਪਾਦਕ ਜੀਓ, - ਤੁਸੀਂ ਮੌਤ ਦੀਆਂ

ਉਨ੍ਹਾਂ ਭਿਆਨਕ ਸਜ਼ਾਵਾਂ ਦੀ ਗੱਲ ਕੀਤੀ ਹੈ,''ਅਸੀਂ ਇਹ ਮਾਮਲਾ ਭਾਰਤ ਦੇ ਈਸਾਈ ਮਿਸ਼ਨਰੀਆਂ ਤੱਕ ਪਹੁੰਚਾਉਣਾ ਚਾਹੁੰਦੇ ਹਾਂ, ਕੀ ਹੁਣ ਉਨ੍ਹਾਂ ਵੱਲੋਂ ਆਵਾਜ਼ ਚੁੱਕਣ ਦਾ ਵੇਲਾ ਨਹੀਂ ਆਇਆ ਹੈ।''***

''ਕਮਜ਼ੋਰਾਂ ਅਤੇ ਬੇਗਾਨਿਆਂ ਦੇ ਹੱਕ 'ਚ ਖਲੋਣਾ ਈਸਾਈਅਤ ਦੀ ਸ਼ਾਨ ਰਹੀ ਹੈ।''***

ਜੇ ਸ਼ਾਂਤੀ, ਨਿਆਂ, ਈਮਾਨਦਾਰਾਨਾ ਰਾਜਨੀਤਕ ਸ਼ਾਸਨ-ਕਲਾ ਲਈ ਈਸਾਈਅਤ ਇਸ ਮਾਮਲੇ 'ਚ ਕੋਈ ਸੁਣਵਾਈ ਨਹੀਂ ਕਰ ਸਕਦੀ, ਕੀ ਹੁਣ ਇਹ ਪੁਰਾਣੇ ਦਿਨਾਂ ਵਰਗੀ ਨਹੀਂ ਰਹੀ। ਤੁਸੀਂ ਇਸ ਮਾਮਲੇ 'ਚ ਬੋਲੇ, ਇਸ ਲਈ ਤੁਹਾਡਾ ਧੰਨਵਾਦ ਅਤੇ ਅਤੇ ਉਸ ਲਈ ਵੀ ਧੰਨਵਾਦ, ਜੋ ਕੁਝ ਤੁਸੀਂ ਈਸਾਈਅਤ, ਸੱਚੀ ਮਸੀਹੀਅਤ ਦੇ ਹੱਕ 'ਚ ਆਖਿਆ। ''ਜਿਵੇਂ ਕਿ ਪੁਰਾਣੇ ਦਿਨਾਂ 'ਚ ਹੁੰਦਾ ਸੀ,'' ਇਹ ਹੁਣ ਵੀ ਉਂਝ ਹੀ ਹੈ ਅਤੇ ਸਦਾ ਹੀ ਗ਼ਰੀਬਾਂ ਦੀ ਸੱਚੀ ਮਿੱਤਰ, ਇਨਸਾਨੀਅਤ ਦੀ ਡੂੰਘੀ ਹਮਦਰਦ ਅਤੇ ਈਮਾਨਦਾਰੀ ਦੀ ਬੁਨਿਆਦ ਰਹੇਗੀ। ਇਸ ਲਈ, ਇਨਸਾਨੀਅਤ ਲਈ, ਸਾਨੂੰ ਅਫ਼ਸੋਸ ਹੈ ਕਿ ਤੁਸੀਂ ਕਿਹਾ, ''ਸਾਡਾ ਫ਼ਰਜ਼ ਪੂਰਾ ਹੋ ਜਾਵੇਗਾ, ਜਦੋਂ ਇਸ ਕਾਰਵਾਈ ਦੀ ਨਿਖੇਧੀ ਕਰ ਦਿੱਤੀ ਜਾਵੇਗੀ। ਉਸ ਤੋਂ ਬਾਅਦ ਭਾਵੇਂ ਸ੍ਰੀ ਕਾਵਨ ਨੂੰ ਇੱਕ ਬਿਸ਼ਪ ਵੀ ਬਣਾ ਦੇਵੋ, ਸਾਨੂੰ ਕੋਈ ਪਰਵਾਹ ਨਹੀਂ।'' ਕ੍ਰਿਪਾ ਕਰਕੇ ਦੋਬਾਰਾ ਸੋਚੋ ਸ੍ਰੀਮਾਨ ਸੰਪਾਦਕ ਜੀਓ। ਇਹ ਸੱਚ ਨਹੀਂ ਹੋ ਸਕਦਾ - ਕੀ ਇਹ ਹੋ ਸਕਦਾ ਹੈ? ਕਿ ਤੁਹਾਨੂੰ ਕੋਈ ਪਰਵਾਹ ਹੀ ਨਹੀਂ ਹੋਵੇਗੀ ਕਿ ਸ੍ਰੀ ਕਾਵਨ ਨੂੰ ਜੇ ਬਿਸ਼ਪ ਬਣਾ ਦਿੱਤਾ ਜਾਵੇ? ਬਿਸ਼ਪ ਦੇ ਪਵਿੱਤਰ ਅਹੁਦੇ 'ਤੇ ਅਜਿਹੇ ਵਿਅਕਤੀ ਨੂੰ ਨਹੀਂ ਰੱਖਿਆ ਜਾ ਸਕਦਾ, ਜਿਸ ਨੇ ਉਸ (ਯਿਸੂ ਮਸੀਹ) ਦੇ ਸ਼ੁੱਧ ਧਰਮ 'ਤੇ ਸਦੀਵੀ ਲਾਹਨਤ ਪੁਆ ਦਿੱਤੀ, ਜਿਸ ਨੇ ਉਨ੍ਹਾਂ ਆਮ ਲੋਕਾਂ ਦੀਆਂ ਆਤਮਾਵਾਂ ਨੂੰ ਬਚਾਉਣ ਅਤੇ ਤੁਹਾਡੀ ਤੇ ਮੇਰੀ ਆਤਮਾ ਨੂੰ ਬਚਾਉਣ ਲਈ ਆਪਣਾ ਖ਼ੂਨ ਵਹਾ ਦਿੱਤਾ ਸੀ। ਨਹੀਂ, ਨਹੀਂ - ਕਿਸੇ ਅਜਿਹੇ ਵਿਅਕਤੀ ਨੂੰ ਬਿਸ਼ਪ ਨਾ ਬਣਾਓ, ਜਿਸ ਨੇ ਸੱਭਿਅਤਾ ਤੇ ਇਨਸਾਨੀਅਤ ਦੇ ਉਲਟ ਜਾ ਕੇ ਕਾਰਾ ਕੀਤਾ ਹੈ।

ਇੱਕ ਮਿਸ਼ਨਰੀ

(ਸਾਡੇ ਪੱਤਰਕਾਰ ਨੇ ਸਾਨੂੰ ਗ਼ਲਤ ਸਮਝ ਲਿਆ। ਅਸੀਂ ਸ੍ਰੀ ਕਾਵਨ ਦੀ 'ਕਾਰਵਾਈ' ਤੋਂ ਡਾਢੇ ਪਰੇਸ਼ਾਨ ਸਾਂ। ਅਸੀਂ ਤਾਂ ਇਹੋ ਕਹਿਣਾ ਚਾਹੁੰਦੇ ਸਾਂ ਕਿ ਅਸੀਂ ਸ੍ਰੀ ਕਾਵਨ ਦੀ ਕਿਸੇ ਵੀ ਤਰ੍ਹਾਂ ਦੀ ਕੋਈ ਪਰਵਾਹ ਨਹੀਂ ਕਰਦੇ, ਜਦੋਂ ਇੰਗਲੈਂਡ ਦੀ ਅਣਖ ਬਚ ਗਈ, ਤਾਂ ਸਾਨੂੰ ਉਹਦੇ ਬਾਰੇ ਕਦੇ ਕੁਝ ਸੋਚਣਾ ਹੀ ਨਹੀਂ ਚਾਹੀਦਾ। ਅਸੀਂ ਨਿਸ਼ਚਿਤ ਤੌਰ 'ਤੇ ਉਸ ਨੂੰ ਬਿਸ਼ਪ ਨਹੀਂ ਬਣਾਵਾਂਗੇ। ਸ਼ਾਇਦ ਕਿਸੇ ਨੂੰ ਅਜਿਹੇ ਵਿਸ਼ੇ 'ਤੇ ਇਨ੍ਹਾਂ ਅੰਕੜਿਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

- ਸੰਪਾਦਕ)

*ਮਿਤੀ 22 ਅਪ੍ਰੈਲ, 1872*

## ਦਿ ਫ਼੍ਰੈਂਡ ਅਤੇ ਸ੍ਰੀ ਕਾਵਨ

'ਦਿ ਫ਼੍ਰੈਂਡ ਆੱਫ਼ ਇੰਡੀਆ' ਹਾਲੇ ਵੀ ਸਮਕਾਲੀਆਂ ਨਾਲ ਬਹਿਸ ਕਰਦਾ ਹੋਇਆ ਕੂਕਿਆਂ ਨੂੰ ਮੌਤ ਦੀ ਸਜ਼ਾ ਦੇਣ ਲਈ ਅਪਣਾਏ ਗਏ ਬਹੁਤ ਜ਼ਿਆਦਾ ਅਸਾਧਾਰਣ ਤਰੀਕੇ ਦਾ ਬਚਾਅ ਕਰ ਰਿਹਾ ਹੈ। ਅਸੀਂ ਸਮਝਦੇ ਹਾਂ ਕਿ ਅਸੀਂ ਇਹ ਬਿਲਕੁਲ ਠੀਕ ਬਿਆਨੀ ਕਰ ਰਹੇ ਹਾਂ ਕਿ ਕਲਕੱਤਾ ਦੇ ਚਾਰ, ਮਦਰਾਸ ਦੇ ਚਾਰ ਅਤੇ ਬੰਬਈ ਦੇ ਤਿੰਨ ਅਖ਼ਬਾਰਾਂ ਦੇ ਨਾਲ-ਨਾਲ ਲਾਹੌਰ, ਆਗਰਾ ਤੇ ਅੰਬਾਲਾ ਦੇ ਪਰਚਿਆਂ ਨੇ ਵੀ 'ਦਿ ਪਾਇਓਨੀਅਰ' ਨਾਲ ਸਹਿਮਤੀ ਪ੍ਰਗਟਾਉਂਦਿਆਂ 'ਦਿ ਫ਼੍ਰੈਂਡ' ਦੀ ਭਾਸ਼ਾ ਤੇ ਨੀਤੀ ਦਾ ਵਿਰੋਧ ਕੀਤਾ ਹੈ। 'ਦਿ ਸੀਰਾਮਪੁਰ ਜਰਨਲ' ਤਦ 'ਨੇਟਿਵ ਪ੍ਰੈੱਸ' ਦੇ ਹੱਕ 'ਚ ਨਿੱਤਰ ਆਇਆ ਸੀ ਅਤੇ ਇੰਝ ਕਰਦਿਆਂ ਉਸ ਨੇ ਦੋਸਤਾਂ ਨਾਲੋਂ ਜ਼ਿਆਦਾ ਦੁਸ਼ਮਣ ਬਣਾ ਲਏ ਸਨ। ਅੰਤ 'ਚ ਇਸ ਨੇ ਮਿਸ਼ਨਰੀਆਂ ਨੂੰ ਅਪੀਲ ਕੀਤੀ ਸੀ ਪਰ ਇੱਥੇ ਦੋਬਾਰਾ, ਹੁੰਗਾਰਾ 'ਦਿ ਫ਼੍ਰੈਂਡ ਦੀ ਪਸੰਦ ਦਾ ਨਹੀਂ ਸੀ, ਦੋ ਮਿਸ਼ਨਰੀ ਅਖ਼ਬਾਰਾਂ ਨੇ ਇਸ ਦੀ ਕਾਰਵਾਈ ਦੀ ਨਿਖੇਧੀ ਕੀਤੀ ਸੀ। 'ਦਿ ਫ਼੍ਰੈਂਡ'' ਸੁਭਾਵਕ ਤੌਰ 'ਤੇ ਇਸ ਤੋਂ ਖ਼ਫ਼ਾ ਹੈ ਅਤੇ ਇਸ ਨੇ ਇਸੇ ਮਹੀਨੇ ਦੀ 18 ਤਰੀਕ ਦੇ ਅੰਕ 'ਚ ਆਪਣੀ 'ਹੈੱਲ ਐਂਡ ਪਿਗਸਕਿੱਨ' ਲੜੀ 'ਚ ਇੱਕ ਹੋਰ ਲੇਖ ਜੋੜਿਆ ਹੈ। ਸ੍ਰੀ ਕਾਵਨ ਦਾ ਬਦਲਾ ਲੈ ਲਿਆ ਗਿਆ ਹੈ - 'ਪਾਇਓਨੀਅਰ'

## ਅੰਮ੍ਰਿਤ ਬਾਜ਼ਾਰ ਪੱਤ੍ਰਿਕਾ

*9 ਮਈ, 1872*

**ਸ੍ਰੀ ਕਾਵਨ:** ਸ੍ਰੀ ਕਾਵਨ ਨੂੰ ਸੇਵਾ ਤੋਂ ਬਰਤਰਫ਼ ਕਰ ਦਿੱਤਾ ਗਿਆ ਹੈ ਅਤੇ ਸ੍ਰੀ ਫ਼ਾਰਸਿਥ ਨੂੰ ਅੰਬਾਲਾ ਦੀ ਕਮਿਸ਼ਨਰਸ਼ਿਪ ਤੋਂ ਲਾਂਭੇ ਕਰ ਕੇ ਕਿਸੇ ਹੋਰ ਸੂਬੇ ਦੇ ਇੱਕ ਅਜਿਹੇ ਅਹੁਦੇ 'ਤੇ ਭੇਜ ਦਿੱਤਾ ਗਿਆ ਹੈ, ਜਿੱਥੇ ਉਹ ਕਿਸੇ ਵੀ ਸਥਾਨਕ ਰਿਆਸਤ ਦੀਆਂ ਨਿਆਂਇਕ ਗਤੀਵਿਧੀਆਂ ਦੀ ਨਿਗਰਾਨੀ ਨਹੀਂ ਕਰ (ਭਾਵ ਸੁਪਰਇੰਟੈਂਡੈਂਟ ਨਹੀਂ ਬਣ) ਸਕਣਗੇ। ਸਰਕਾਰ ਦਾ ਇਹ ਵਿਚਾਰ ਵੀ ਹੈ ਕਿ ਸ੍ਰੀ ਫ਼ਾਰਸਿਥ ਨੂੰ ਭਵਿੱਖ 'ਚ ਕਦੇ ਵੀ ਕਿਸੇ ਅਜਿਹੇ ਅਹੁਦੇ 'ਤੇ ਤਾਇਨਾਤ ਨਹੀਂ ਕੀਤਾ ਜਾਵੇਗਾ, ਜਿੱਥੇ ਉਹ ਆਪਣਾ ਪਹਿਲਾਂ ਵਰਗਾ ਕੰਟਰੋਲ ਤੇ ਨਿਗਰਾਨ ਵਜੋਂ ਰੁਤਬਾ ਹਾਸਲ ਕਰ ਸਕਣ। ਪਰ ਕਤਲ ਕੀਤੇ 50 ਵਿਅਕਤੀਆਂ ਦੇ ਪੀੜਤ ਤੇ ਦੁਖੀ ਪਰਿਵਾਰਾਂ ਲਈ ਕੀ ਇੰਤਜ਼ਾਮ ਕੀਤੇ ਗਏ ਹਨ? 50 ਮਨੁੱਖੀ ਜਾਨਾਂ ਨੂੰ ਬਿਨਾਂ ਕਿਸੇ ਸੁਣਵਾਈ ਦੇ ਖ਼ਤਮ ਕਰਨ ਵਾਲੇ ਅਧਿਕਾਰੀਆਂ ਨੂੰ ਇਹ ਸਜ਼ਾਵਾਂ ਦਿੱਤੀਆਂ ਗਈਆਂ ਹਨ। ਪਰ ਅਸੀਂ ਪੱਖਪਾਤੀ ਨਹੀਂ ਹੋਣਾ ਚਾਹੁੰਦੇ, ਸਾਨੂੰ ਦੁੱਖ ਨਾਲ ਲਿਖਣਾ ਪੈ ਰਿਹਾ ਹੈ, ਅਸੀਂ ਜੋ ਇਨ੍ਹਾਂ 50 ਨਿਰਦੋਸ਼ ਵਿਅਕਤੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਲਈ ਮਹਿਸੂਸ ਕਰ ਰਹੇ ਹਾਂ - ਉਹ ਬੇਕਸੂਰ ਇਸ ਲਈ ਹਨ ਕਿਉਂਕਿ ਉਨ੍ਹਾਂ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਸੀ। ਸਾਨੂੰ ਇੱਕ ਸਿਧਾਂਤ ਦੀ ਪਰਵਾਹ ਹੈ - ਇੱਕ ਅਜਿਹੇ ਸਿਧਾਂਤ ਦੀ, ਕਿ ਜੇ ਉਸ ਨੂੰ ਅੱਖੋਂ ਪ੍ਰੋਖੇ ਕੀਤਾ ਗਿਆ, ਤਾਂ ਉਸ ਨਾਲ ਹਰੇਕ

ਨਾਗਰਿਕ ਲਈ ਭਾਰਤ ਅਸੁਰੱਖਿਅਤ ਹੋ ਜਾਵੇਗਾ। ਸ੍ਰੀ ਕਾਵਨ ਨੂੰ ਉੱਥੇ ਖ਼ਤਰਾ ਜਾਪਿਆ ਸੀ ਅਤੇ ਉਸੇ ਖ਼ਤਰੇ ਨੂੰ ਟਾਲਣ ਲਈ ਉਨ੍ਹਾਂ ਨੇ ਇੱਕ ਭਿਆਨਕ ਮਿਸਾਲ ਕਾਇਮ ਕਰਨ ਦੀ ਬਹੁਤ ਜ਼ਿਆਦਾ ਜ਼ਰੂਰਤ ਸਮਝੀ, ਸੰਖੇਪ 'ਚ ਉਨ੍ਹਾਂ ਨੇ ਇਹ ਦਲੀਲ ਦਿੱਤੀ ਕਿ ਉਨ੍ਹਾਂ ਦੀ ਮਨਸ਼ਾ ਚੰਗੀ ਸੀ। ਪਰ ਜੇ ਚੰਗੀਆਂ ਮਨਸ਼ਾਵਾਂ ਕਾਤਲਾਂ ਨੂੰ ਬਚਾਉਂਦੀਆਂ ਰਹਿਣਗੀਆਂ, ਤਾਂ ਇਸ ਦੁਨੀਆ 'ਚ ਕਿੰਨਿਆਂ ਕੁ ਨੂੰ ਸਜ਼ਾ ਹੋ ਸਕੇਗੀ? ਦਰਅਸਲ, ਜੇ ਕੋਈ ਹੋਰ ਦੇਸ਼ ਹੁੰਦਾ, ਤਾਂ ਸ੍ਰੀ ਕਾਵਨ ਅਤੇ ਉਨ੍ਹਾਂ ਦੇ ਸੀਨੀਅਰ ਅਧਿਕਾਰੀ ਨਾਲ ਬਿਲਕੁਲ ਵੱਖਰੀ ਕਿਸਮ ਦਾ ਵਿਵਹਾਰ ਹੋਣਾ ਸੀ ਪਰ ਜਿਵੇਂ ਕਿ ਅਸੀਂ ਆਖਿਆ ਹੈ ਕਿ ਅਸੀਂ ਪੱਖਪਾਤੀ ਨਹੀਂ ਹੋਵਾਂਗੇ। ਸਾਨੂੰ ਪੂਰੀ ਤਸੱਲੀ ਹੈ ਕਿ ਸਿਧਾਂਤ ਦੀ ਪਾਲਣਾ ਹੋਈ ਹੈ ਅਤੇ ਮਹਿਜ਼ ਚੰਗੀ ਮਨਸ਼ਾ ਨਾਲ ਥੋਕ ਦੇ ਭਾਅ ਕਤਲ ਕਰਨ ਵਾਲਿਆਂ ਨੂੰ ਮੁਆਫ਼ੀ ਨਹੀਂ ਦਿੱਤੀ ਜਾ ਸਕਦੀ। ਬ੍ਰਿਟਿਸ਼ ਲੋਕ ਬੇਸ਼ੱਕ 'ਦਿ ਫ੍ਰੈਂਡ' ਨੂੰ ਬੁਰਾ-ਭਲਾ ਆਖਦੇ ਹਨ ਤੇ ਸਰਕਾਰ ਅਤੇ ਸ੍ਰੀ ਕਾਵਨ ਦੇ ਫ਼ੈਸਲੇ ਦੀ ਨਿਖੇਧੀ ਕਰਦੇ ਹਨ ਅਤੇ ਉਨ੍ਹਾਂ ਦੀਆਂ ਦਲੀਲਾਂ ਦੀ ਪਹਿਲੀ ਬੁਨਿਆਦ ਦਾ ਜ਼ਿਕਰ ਕਰਦੇ ਹੋਏ ਆਖਦੇ ਹਨ: ''ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਸਿਰਫ਼ ਕੁਝ ਪੜ੍ਹੇ-ਲਿਖੇ ਬੰਗਾਲੀਆਂ ਨੂੰ ਛੱਡ ਕੇ ਦੇਸ਼ ਦੇ ਹਰੇਕ ਨਾਗਰਿਕ ਨੂੰ ਪੂਰਾ ਭਰੋਸਾ ਹੈ ਕਿ ਸ੍ਰੀ ਕਾਵਨ ਨੇ ਆਪਣੇ ਅਹੁਦੇ 'ਤੇ ਰਹਿ ਕੇ ਬਹੁਤ ਵਧੀਆ ਕਾਰਜ ਕੀਤਾ ਹੈ।'' ਨਹੀਂ, ਇਸ ਵਿੱਚ ਕੋਈ ਸ਼ੱਕ ਨਹੀਂ ਹੈ, ਸ੍ਰੀ ਕਾਵਨ ਨੂੰ ਬਚਾਉਣ ਲਈ ਅਜਿਹੀ ਇੱਕ ਮਾਨਤਾ ਡਾਢੀ ਜ਼ਰੂਰੀ ਹੈ। ਸ਼ਾਇਦ ਸਾਡੇ ਸਮਕਾਲੀ (ਅਖ਼ਬਾਰ) ਨੇ ਕੋਈ ਰਾਇਸ਼ੁਮਾਰੀ ਕਰਵਾਈ ਹੈ ਕਿਉਂਕਿ ਉਨ੍ਹਾਂ ਇਹ ਮੂਰਖਾਨਾ ਐਲਾਨ ਕਰ ਮਾਰਿਆ ਹੈ ਕਿ 'ਹਰੇਕ ਨਾਗਰਿਕ ਨੂੰ ਪੂਰਾ ਭਰੋਸਾ ਹੈ...'। ਪਰ ਅਸਲ 'ਚ ਇੱਥੇ ਸਿਰਫ਼ ਇੱਕ ਉਲਝੇ ਤੇ ਭੰਬਲਭੂਸੇ 'ਚ ਫ਼ਸੇ ਵਿਰੋਧੀ ਨੇ ਇੱਕ ਅਜਿਹੀ ਰੋਗੀ ਦਲੀਲ ਦਿੱਤੀ ਹੈ ਕਿ ਉਸ ਦਾ ਅੰਦਾਜ਼ਾ ਇਸ ਅਖ਼ਬਾਰ ਵੱਲੋਂ ਉਲਟੇ-ਪੁਲਟੇ ਢੰਗ ਨਾਲ ਕੱਢੇ ਨੈਤਿਕ ਫ਼ਲਸਫ਼ੇ ਤੋਂ ਹੀ ਲਾਇਆ ਜਾ ਸਕਦਾ ਹੈ। ਉਸ ਦਾ ਕਹਿਣਾ ਹੈ ਕਿ ਜੇ ਹਰੇਕ ਪ੍ਰਸ਼ਾਸਕੀ ਕਾਰਵਾਈ ਨੂੰ ਨੈਤਿਕਤਾ ਤੇ ਸਖ਼ਤੀ ਨਾਲ ਕੀਤਾ ਜਾਵੇ, ਤਾਂ ਪੂਰੀ ਦੁਨੀਆ 'ਚ ਸਰਕਾਰ ਦੇ ਰਾਜ ਦੀ ਥਾਂ ਅਰਾਜਕਤਾ ਫੈਲ ਜਾਵੇਗੀ। ਅਜਿਹਾ ਵਿਚਾਰ ਜਾਣਬੁੱਝ ਕੇ ਭਾਰਤ ਦੇ ਉਸ ਪ੍ਰਮੁੱਖ ਅਖ਼ਬਾਰ ਵੱਲੋਂ ਸਾਹਮਣੇ ਲਿਆਂਦਾ ਗਿਆ ਹੈ, ਜਿਸ ਦੇ ਸਰਪ੍ਰਸਤ ਐਂਗਲੋ-ਇੰਡੀਅਨ ਸਮਾਜ ਦੇ ਉੱਚ ਕਿਸਮ ਦੇ 10 ਵਿਅਕਤੀ ਹਨ। ਬੇਸ਼ੱਕ ਸਥਾਨਕ ਨਾਗਰਿਕਾਂ ਨੂੰ ਇੰਨੇ ਜ਼ਿਆਦਾ ਨੀਵੇਂ ਬਣਾ ਦਿੱਤਾ ਗਿਆ ਹੈ ਕਿ ਜਿੰਨੇ ਪਹਿਲਾਂ ਕਦੇ ਨਹੀਂ ਹੋਏ। 'ਐਜੂਕੇਸ਼ਨ ਗਜ਼ਟ' ਨੇ ਬਹੁਤ ਅਫ਼ਸੋਸ ਨਾਲ ਇਸ ਅਫ਼ਵਾਹ ਦਾ ਨੋਟਿਸ ਲਿਆ ਹੈ ਕਿ 'ਦਿ ਫ੍ਰੈਂਡ' ਦੇ ਮੌਜੂਦਾ ਸੰਪਾਦਕ ਇੰਗਲੈਂਡ ਜਾ ਰਹੇ ਹਨ ਅਤੇ ਸ੍ਰੀ ਸਮਿੱਥ ਇਸ ਅਖ਼ਬਾਰ ਦਾ ਚਾਰਜ ਸੰਭਾਲਣ ਲਈ ਆ ਰਹੇ ਹਨ। ਇੰਝ 'ਦਿ ਇੰਗਲਿਸ਼ਮੈਨ' ਦੇ ਸ੍ਰੀ ਹੰਟਰ ਨੂੰ ਦੇਸ਼ 'ਚੋਂ ਬਾਹਰ ਕੱਢ ਦਿੱਤਾ ਸੀ। 'ਦਿ ਫ੍ਰੈਂਡ' ਦੇ ਮੌਜੂਦਾ ਸੰਪਾਦਕ ਤੋਂ ਵਧੇਰੇ ਈਮਾਨਦਾਰ ਵਿਅਕਤੀ ਕਦੇ ਵੀ ਇਸ ਦੇਸ਼ 'ਚ ਨਹੀਂ ਆਇਆ ਪਰ ਹੁਣੇ ਹੀ ਭਾਰਤ ਈਮਾਨਦਾਰ ਲੋਕਾਂ ਲਈ ਬਹੁਤ ਗਰਮ ਸ਼ੈਅ ਬਣ ਗਿਆ ਹੈ। ਜੇ ਗਜ਼ਟ 'ਚ ਆਖੀ ਗਈ ਗੱਲ

ਸਹੀ ਸਿੱਧ ਹੁੰਦੀ ਹੈ, ਤਾਂ ਸਾਡੇ ਦੇਸ਼ ਦੇ ਨਾਗਰਿਕਾਂ ਨੂੰ ਐਂਗਲੋ-ਇੰਡੀਅਨਜ਼ ਨੂੰ ਇਹ ਸਿੱਧ ਕਰ ਕੇ ਵਿਖਾਉਣਾ ਹੋਵੇਗਾ ਕਿ ਉਹ ਬਹਾਦਰੀ, ਈਮਾਨਦਾਰੀ ਅਤੇ ਮਸੀਹੀ ਦਾਨ-ਪੁੰਨ ਦੀ ਸ਼ਲਾਘਾ ਕਰ ਸਕਦੇ ਹਨ, ਜਿਹੋ ਜਿਹਾ ਕਿਰਦਾਰ 'ਦਿ ਫ਼੍ਰੈਂਡ' ਦਾ ਇਸ ਦੇ ਮੌਜੂਦਾ ਪ੍ਰਬੰਧਕੀ ਅਮਲੇ ਅਧੀਨ ਰਿਹਾ ਹੈ।

## ਦਿ ਫ਼੍ਰੈਂਡ ਆੱਫ਼ ਇੰਡੀਆ

*9 ਮਈ, 1872*

**ਕੂਕਿਆਂ ਨੂੰ ਮੌਤ ਦੀਆਂ ਸਜ਼ਾਵਾਂ 'ਤੇ ਸਰਕਾਰੀ ਫ਼ੈਸਲਾ:** ਭਾਰਤ ਸਰਕਾਰ ਵੱਲੋਂ ਇੰਨਾ ਵਧੇਰੇ ਅਹਿਮ ਦਸਤਾਵੇਜ਼ ਪਹਿਲਾਂ ਕਦੇ ਵੀ ਸਰਕਾਰੀ ਗ਼ਜ਼ਟ 'ਚ ਜਾਰੀ ਨਹੀਂ ਕੀਤਾ, ਜਿੰਨਾ ਕਿ ਬੀਤੇ ਸਨਿੱਚਰਵਾਰ ਨੂੰ ਕੂਕਿਆਂ ਨੂੰ ਮੌਤ ਦੀਆਂ ਸਜ਼ਾਵਾਂ 'ਤੇ ਜਾਰੀ ਕੀਤਾ ਗਿਆ ਹੈ। ਜਦੋਂ ਭਾਰਤ 'ਚ ਇੱਕ ਬੇਹੱਦ ਖ਼ੁਦਗਰਜ਼ ਅਤੇ ਕੌੜੀ ਦਲੀਲਬਾਜ਼ੀ ਚੱਲ ਰਹੀ ਹੋਵੇ, ਤਾਂ ਇੱਕ ਅਜਿਹਾ ਦਸਤਾਵੇਜ਼ ਪੇਸ਼ ਕਰਨ ਲਈ ਤੱਥਾਂ ਦਾ ਬਹੁਤ ਵਿਸ਼ਵਾਸਪਾਤਰਤਾ ਅਤੇ ਪੂਰੀ ਈਮਾਨਦਾਰੀ ਨਾਲ ਨਿਰੀਖਣ ਕਰਨਾ ਪੈਂਦਾ ਹੈ। ਸਰਕਾਰ ਬਹੁਤ ਮਲਕੜੇ ਜਿਹੇ ਢੰਗ, ਸ਼ਾਂਤੀ, ਸਬਰ ਤੇ ਈਮਾਨਦਾਰੀ ਨਾਲ ਇੰਝ ਅੱਗੇ ਵਧੀ ਕਿ ਸਬੂਤ ਬਿਲਕੁਲ ਹੇਠਲੀ ਤਹਿ ਤੱਕ ਚਲੇ ਗਏ, ਇੱਕ ਗ਼ਲਤੀ ਜਾਂ ਅਪਰਾਧ ਦੇ ਸਾਹਮਣੇ ਲੰਮਾ ਕਿਰਦਾਰ ਤੋਲਿਆ ਗਿਆ ਅਤੇ ਸਾਨੂੰ ਸ਼ੱਕ ਹੈ ਕਿ ਕੋਈ ਸੁਣਵਾਈ ਨਹੀਂ ਕੀਤੀ ਗਈ ਕਿ ਤਾਂ ਜੋ ਸਭ ਕੁਝ ਆਪਣੇ ਅਧਿਕਾਰੀਆਂ ਦੇ ਹੱਕ ਵਿੱਚ ਭੁਗਤਾਇਆ ਜਾ ਸਕੇ ਪਰ ਅਜਿਹਾ ਕੁਝ ਹੋ ਨਾ ਸਕਿਆ। ਸ੍ਰੀ ਕਾਵਨ ਅਤੇ ਸ੍ਰੀ ਫ਼ਾਰਸਿਥ ਨੇ ਆਪਣੇ ਬਚਾਅ 'ਚ ਉਹ ਸਭ ਆਖਿਆ, ਜੋ ਕੁਝ ਵੀ ਕਹਿ ਸਕਦੇ ਸਨ। ਜਿਹੜੀ ਵੀ ਹਥਿਆਰਬੰਦ ਬਗ਼ਾਵਤ ਵਿਖਾਈ ਦਿੱਤੀ, ਉਸ ਪਿੱਛੇ ਕਿਤੇ ਜ਼ਿਆਦਾ ਭਿਆਨਕ ਤਾਕਤ ਲੱਗੀ ਹੋਈ ਸੀ। ਕਾਨੂੰਨ ਦੀ ਤਾਂ ਉਲੰਘਣਾ ਹੋਈ ਹੀ ਹੈ ਪਰ ਦੇਸ਼ ਬਚ ਗਿਆ ਹੈ - ਹਾਲਾਤ ਇਹੋ ਸਨ, ਬਹੁਤ ਹੀ ਗ਼ਲਤ, ਜਿਵੇਂ ਕਿ ਸਾਡੇ ਪਾਠਕਾਂ ਨੂੰ ਪਤਾ ਲੱਗ ਹੀ ਜਾਵੇਗਾ। ਨਤੀਜਾ ਇਹ ਹੈ ਕਿ ਸ੍ਰੀ ਕਾਵਨ ਨੂੰ ਸੇਵਾ ਤੋਂ ਬਰਤਰਫ਼ ਕਰ ਦਿੱਤਾ ਗਿਆ ਅਤੇ ਸ੍ਰੀ ਫ਼ਾਰਸਿਥ ਦਾ ਤਬਾਦਲਾ ਕਰ ਕੇ ਅਵਧ 'ਚ ਕਮਿਸ਼ਨਰ ਦੇ ਅਹੁਦੇ 'ਤੇ ਭੇਜ ਦਿੱਤਾ ਗਿਆ ਪਰ ਉੱਥੇ "ਉਹ ਆਪਣੀ ਨਿਗਰਾਨੀ ਹੇਠ ਕਿਸੇ ਵੀ ਸਥਾਨਕ ਰਿਆਸਤ ਦੀਆਂ ਨਿਆਂਇਕ ਗਤੀਵਿਧੀਆਂ ਨਹੀਂ ਕਰਵਾ ਸਕਣਗੇ" ਅਤੇ ਸਰਕਾਰ ਦਾ ਉਨ੍ਹਾਂ ਬਾਰੇ ਅਜਿਹਾ ਵਿਚਾਰ ਹੈ ਕਿ ਉਨ੍ਹਾਂ ਨੂੰ "ਭਵਿੱਖ 'ਚ ਕਿਸੇ ਅਜਿਹੇ ਅਹੁਦੇ 'ਤੇ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ, ਜਿੱਥੇ ਉਨ੍ਹਾਂ ਨੂੰ ਪਹਿਲਾਂ ਵਰਗਾ ਕੰਟਰੋਲ ਤੇ ਨਿਗਰਾਨੀ ਕਰਨ ਦਾ ਮੌਕਾ ਮਿਲੇ।"

ਸ੍ਰੀ ਕਾਵਨ ਤੇ ਸ੍ਰੀ ਫ਼ਾਰਸਿਥ ਦੀ ਸਜ਼ਾ ਵਿਚਲੇ ਫ਼ਰਕ ਦੇ ਆਧਾਰ ਸਪੱਸ਼ਟ ਤੇ ਚਿੰਨ੍ਹਿਤ ਹਨ। ਸ੍ਰੀ ਫ਼ਾਰਸਿਥ ਬਾਰੇ ਅਜਿਹਾ ਕਿਹਾ ਜਾ ਸਕਦਾ ਹੈ ਕਿ ਭਾਵੇਂ ਉਨ੍ਹਾਂ ਨੇ ਵੀ ਸਭ ਮੁਲਜ਼ਮਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਪਰ ਉਨ੍ਹਾਂ ਕਾਨੂੰਨ, ਭਾਵੇਂ ਹੌਲਨਾਕ

ਕਾਨੂੰਨ ਹੀ ਸੀ, ਦੀ ਹੱਦ 'ਚ ਰਹਿ ਕੇ ਇਹ ਕਾਰਵਾਈ ਕੀਤੀ ਤੇ ਬਹੁਤ ਭਿਆਨਕ ਜ਼ਿੰਮੇਵਾਰੀਆਂ ਨਿਭਾਈਆਂ ਪਰ ਫਿਰ ਵੀ ਸਭ ਕੁਝ ਕਾਨੂੰਨ ਦੇ ਘੇਰੇ 'ਚ ਰਹਿੰਦਿਆਂ ਕੀਤਾ। ਜੇ ਉਨ੍ਹਾਂ 66 ਜਣਿਆਂ ਨੂੰ ਮੌਤ ਦਾ ਹੁਕਮ ਦਿੱਤਾ ਸੀ ਅਤੇ ਜੇ ਉਨ੍ਹਾਂ ਸਾਰੇ ਮੁਲਜ਼ਮਾਂ ਨੂੰ ਇੱਕ ਫ਼ੌਜਦਾਰੀ ਅਦਾਲਤ ਸਾਹਵੇਂ ਪੇਸ਼ ਕੀਤਾ ਹੁੰਦਾ, ਤਾਂ ਉਨ੍ਹਾਂ ਦੀ ਕਿਸੇ ਨੇ ਵੀ ਨਿਖੇਧੀ ਨਹੀਂ ਸੀ ਕਰਨੀ। ਜੇ ਸ੍ਰੀ ਕਾਵਨ ਵਿਰੁੱਧ ਅਦਾਲਤੀ ਕਾਰਵਾਈ ਹੁੰਦੀ, ਜੋ ਕਿ ਨਹੀਂ ਹੋਈ, ਇਸ ਦਸਤਾਵੇਜ਼ ਨੂੰ ਵੇਖੀਏ, ਤਾਂ ਉਹ ਵੀ ਮੌਤ ਦੀ ਸਜ਼ਾ ਤੋਂ ਕਿਵੇਂ ਬਚ ਸਕਦੇ ਸਨ ਪਰ ਉਹ ਅਜਿਹੀ ਕਾਰਵਾਈ ਤੋਂ ਸਿਰਫ਼ ਸਿਆਸੀ ਤਾਕਤ ਕਰਕੇ ਬਚ ਗਏ। ਉਹੀ ਫ਼ਰਕ ਹੈ, ਜੋ ਸਰਕਾਰ ਪਾਉਣਾ ਚਾਹੁੰਦੀ ਸੀ। ਨੈਤਿਕ ਤੌਰ 'ਤੇ ਇਨ੍ਹਾਂ ਦੋਵੇਂ ਵਿਅਕਤੀਆਂ ਵਿਚਾਲੇ ਕੋਈ ਫ਼ਰਕ ਨਹੀਂ ਹੈ। ਸਿਆਸੀ ਤੌਰ 'ਤੇ ਦੋਵਾਂ 'ਚੋਂ ਸ੍ਰੀ ਫ਼ਾਰਸਿਥ ਦੀ 'ਗ਼ਲਤੀ' ਜ਼ਿਆਦਾ ਵੱਡੀ ਹੈ ਪਰ ਦੇਸ਼ ਦੇ ਕਾਨੂੰਨ ਅਨੁਸਾਰ ਉਹ ਕਾਰਵਾਈ ਕਰਨ ਲਈ ਅਧਿਕਾਰਤ, ਇੱਕ ਅਧਿਕਾਰਵਾਦੀ, ਸਨ; ਸਾਨੂੰ ਆਸ ਹੈ ਕਿ ਹੁਣ ਉਨ੍ਹਾਂ ਦੇ ਤਾਜ਼ਾ ਅਹੁਦੇ ਦੇ ਸੰਦਰਭ ਨਾਲ ਉਹ ਸੋਧਿਆ ਜਾਵੇਗਾ।

ਹੁਣ ਅਸੀਂ ਆਪਣੇ ਪਾਠਕਾਂ ਦੀ ਸਹੂਲਤ ਲਈ ਕੂਕਿਆਂ ਨੂੰ ਮੌਤ ਦੀ ਸਜ਼ਾ ਦੇਣ ਨਾਲ ਸੰਬੰਧਤ ਸਾਰੇ ਤੱਥਾਂ ਦਾ ਸਾਰ ਪੇਸ਼ ਕਰਾਂਗੇ, ਜਿਵੇਂ ਕਿ ਭਾਰਤ ਸਰਕਾਰ ਦੇ ਹੁਕਮ 'ਚ ਦਰਸਾਇਆ ਗਿਆ ਹੈ। 17 ਜਨਵਰੀ ਨੂੰ ਸ੍ਰੀ ਕਾਵਨ ਦੇ ਹੁਕਮਾਂ ਨਾਲ 49 ਵਿਅਕਤੀਆਂ, ਜਿਨ੍ਹਾਂ 'ਚੋਂ ਬਹੁਤੇ ਜ਼ਖ਼ਮੀ ਸਨ, ਨੂੰ ਬਿਨਾਂ ਕਿਸੇ ਸੁਣਵਾਈ ਦੇ ਹੀ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ। ''ਜੇ ਕੋਈ ਨਿਆਂਇਕ ਜਾਂਚ ਹੁੰਦੀ, ਭਾਵੇਂ ਕਾਹਲ਼ੀ 'ਚ ਹੀ ਕੀਤੀ ਜਾਂਦੀ, ਤਾਂ ਬਾਗ਼ੀਆਂ 'ਚੋਂ ਉਨ੍ਹਾਂ ਦੇ ਮੁੱਖ ਆਗੂਆਂ ਤੇ ਉਨ੍ਹਾਂ ਦੇ ਪਿੱਛੇ ਲੱਗੇ ਹੋਰ ਸ਼ਰਧਾਲੂਆਂ ਵਿਚਾਲੇ ਫ਼ਰਕ ਤਾਂ ਕੀਤਾ ਹੀ ਜਾ ਸਕਦਾ ਸੀ, ਪਰ ਅਜਿਹਾ ਕੁਝ ਨਹੀਂ ਕੀਤਾ ਗਿਆ ਸੀ। ਗਵਰਨਰ ਜਨਰਲ ਦਾ ਕਹਿਣਾ ਹੈ ਕਿ ''ਅਜਿਹੀਆਂ ਕਾਰਵਾਈ ਨੂੰ ਕੇਵਲ ਤਦ ਹੀ ਦਰੁਸਤ ਠਹਿਰਾਇਆ ਜਾ ਸਕਦਾ ਹੈ, ਜੇ ਅਜਿਹਾ ਕੁਝ ਕਰਨ ਦੀ ਬਹੁਤ ਜ਼ਿਆਦਾ ਲੋੜ ਸਿੱਧ ਹੁੰਦੀ ਹੋਵੇ।'' ਉਹ ਇਹ ਵੀ ਆਖਦੇ ਹਨ ਕਿ ਇਸ ਮਾਮਲੇ 'ਚ ਅਜਿਹੀ ਕੋਈ ਜ਼ਰੂਰਤ ਨਹੀਂ ਸੀ ਤੇ ਤਦ ਕੇਵਲ ਇੰਨਾ ਕੁ ਖ਼ਤਰਾ ਸੀ ਕਿ ਮਲੇਰਕੋਟਲਾ ਦੇ ਨੇੜੇ-ਤੇੜੇ ਕੂਕਿਆਂ ਦੀਆਂ ਨਿੱਕੀਆਂ-ਨਿੱਕੀਆਂ ਟੋਲੀਆਂ ਵੇਖੀਆਂ ਜਾ ਰਹੀਆਂ ਸਨ ਪਰ ਉਹ ਸਾਰੇ ਵਿਅਕਤੀ ਛੇਤੀ ਹੀ ਅਲੋਪ ਹੋ ਗਏ ਸਨ ਪਰ ਇਸ ਦਾ ਕਾਰਣ ਉਹ ਨਹੀਂ ਸੀ, ਜਿਵੇਂ ਕਿ ਕੌਂਸਲ 'ਚ ਮਹਾਮਹਿਮ ਨੂੰ ਜਾਪਦਾ ਹੈ ਕਿ 'ਸ੍ਰੀ ਕਾਵਨ ਵੱਲੋਂ ਚੁੱਕੇ ਕਦਮਾਂ ਸਦਕਾ ਕੂਕਿਆਂ ਦੀਆਂ ਨਿੱਕੀਆਂ ਟੋਲੀਆਂ ਆਪਣੇ ਸਾਥੀਆਂ ਨੂੰ ਮਿਲੀ ਕਰਾਰੀ ਹਾਰ ਕਰਕੇ ਖਿੰਡ-ਪੁੰਡ ਜਾਂਦੀਆਂ ਰਹੀਆਂ ਸਨ।' ਇਸ ਵਿਚਾਰ ਦਾ ਸਮਰਥਨ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਕੀਤਾ ਸੀ, ਜਿਨ੍ਹਾਂ ਦਾ ਕਹਿਣਾ ਹੈ ਕਿ ਕੂਕਿਆਂ ਦੀਆਂ ਜਿਹੜੀਆਂ ਟੋਲੀਆਂ ਮਲੇਰਕੋਟਲਾ ਦੇ ਨੇੜੇ-ਤੇੜੇ ਵੇਖੀਆਂ ਗਈਆਂ ਸਨ, ਉਹ ਸਭ 15 ਤਰੀਕ ਨੂੰ ਉਸੇ ਦਿਨ ਵਾਪਸ ਚਲੀਆਂ ਗਈਆਂ ਸਨ, ਜਿਸ ਦਿਨ ਹਮਲਾ ਹੋਇਆ ਸੀ, ਜਦ ਕਿ ਮੌਤ ਦੀਆਂ ਸਜ਼ਾਵਾਂ 17 ਤਰੀਕ ਨੂੰ ਦਿੱਤੀਆਂ ਗਈਆਂ ਸਨ।

ਇਹ ਦੋ ਵੱਖੋ-ਵੱਖਰੇ ਤਰੀਕਿਆਂ ਨਾਲ ਇੱਕ ਬੇਹੱਦ ਅਹਿਮ ਨੁਕਤਾ ਹੈ। ਇਹ ਬਹੁਤ ਭਿਆਨਕ ਤਰੀਕੇ ਨਾਲ ਸ੍ਰੀ ਕਾਵਨ ਦੇ ਵਿਰੁੱਧ ਹੈ ਅਤੇ ਇਹ ਪੰਜਾਬ ਦੇ ਮਾਨਯੋਗ ਲੈਫ਼ਟੀਨੈਂਟ ਗਵਰਨਰ ਦੀ ਬਹੁਤ ਆਦਰਯੋਗ ਗਵਾਹੀ ਹੈ, ਜਿਨ੍ਹਾਂ ਦੇ ਵਿਚਾਰ ਨੂੰ ਕਈ ਮਹੀਨਿਆਂ ਤੱਕ ਬਹੁਤ ਹੀ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਗਿਆ। ਵਾਰ-ਵਾਰ ਇਹੋ ਰਿਪੋਰਟਾਂ ਭੇਜੀਆਂ ਜਾਂਦੀਆਂ ਰਹੀਆਂ ਕਿ ਲੈਫ਼ਟੀਨੈਂਟ ਗਵਰਨਰ ਨੇ ਤਾਂ ਸ੍ਰੀ ਕਾਵਨ ਤੇ ਸ੍ਰੀ ਫ਼ਾਰਸਿਥ ਦੀ ਹਮਾਇਤ ਕੀਤੀ ਸੀ।

ਮੌਤ ਦੀਆਂ ਸਜ਼ਾਵਾਂ ਦੇ ਬਹੁਤ ਸਾਰੇ ਤੱਥਾਂ ਦੇ ਸਬੰਧ 'ਚ ਸਾਨੂੰ ਲੈਫ਼ਟੀਨੈਂਟ ਗਵਰਨਰ ਦੇ ਵਿਚਾਰ ਪ੍ਰਤੀ ਪੂਰੀ ਤਸੱਲੀ ਸੀ। ਸਾਨੂੰ ਯਕੀਨ ਨਹੀਂ ਸੀ ਆਉਂਦਾ, ਭਾਵੇਂ ਸਾਡੇ ਕੋਲ ਯਕੀਨ ਕਰਨ ਦਾ ਕਾਰਣ ਸੀ ਅਤੇ ਅਸੀਂ ਯਕੀਨ ਕੀਤਾ ਵੀ, ਪਰ ਜਿਵੇਂ ਕਿ ਗੱਲ ਫੈਲਾਈ ਗਈ ਸੀ, ਅਜਿਹਾ ਕੁਝ ਉਨ੍ਹਾਂ ਨੇ ਨਹੀਂ ਆਖਿਆ ਸੀ। ਪਰ ਫਿਰ ਵੀ ਇਹ ਸੰਵਿਧਾਨਕ ਕਾਨੂੰਨ ਦੇ ਹਰੇਕ ਦੋਸਤ ਲਈ ਇੱਕ ਵੱਡੀ ਰਾਹਤ ਹੋਵੇਗੀ ਕਿ ਤਰਸ ਦੀ ਗੱਲ ਨਹੀਂ ਕੀਤੀ ਗਈ ਸੀ, ਸਗੋਂ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਤਾਂ ਭਾਰਤ ਸਰਕਾਰ ਵਾਂਗ ਪੂਰੇ ਇਨਸਾਫ਼ ਤੇ ਇਨਸਾਨੀਅਤ ਦੇ ਸਿਧਾਂਤ ਅਨੁਸਾਰ ਅਜਿਹੀਆਂ ਕਾਰਵਾਈਆਂ ਦੀ ਨਿਖੇਧੀ ਕੀਤੀ ਸੀ। ਇੰਝ ਸ੍ਰੀ ਕਾਵਨ ਦੀ ਕਾਰਵਾਈ ਦਾ ਇੱਕ ਪ੍ਰਮੁੱਖ ਆਧਾਰ ਹੀ ਖਿਸਕ ਗਿਆ। ਜਿਹੜੇ ਕੂਕੇ ਬਗ਼ਾਵਤ ਦੇ ਇਰਾਦੇ ਨਾਲ ਇਕੱਠੇ ਹੋ ਰਹੇ ਸਨ, ਉਨ੍ਹਾਂ ਦੀ ਤਾਕਤ ਬਹੁਤ ਘੱਟ ਪਾਈ ਗਈ ਅਤੇ ਉਹ ਤਾਂ ਮੌਤ ਦੀਆਂ ਸਜ਼ਾਵਾਂ ਦੇਣ ਤੋਂ ਪਹਿਲਾਂ ਹੀ ਉੱਥੋਂ ਚਲੇ ਗਏ ਸਨ। ਮਹਾਮਹਿਮ ਆਖਦੇ ਹਨ ਕਿ ਇਹ ਸਪੱਸ਼ਟ ਹੈ ਕਿ ਇਸ ਮਾਮਲੇ ਦੇ ਸਾਰੇ ਹਾਲਾਤ ਅਤੇ ਸ੍ਰੀ ਕਾਵਨ ਦੀਆਂ ਚਿੱਠੀਆਂ 'ਚ ਪ੍ਰਗਟਾਏ ਵਿਚਾਰਾਂ ਮੁਤਾਬਕ ਮੌਤ ਦੀਆਂ ਸਜ਼ਾਵਾਂ ਦੇਣ ਪਿੱਛੇ ਮਕਸਦ ਬਗ਼ਾਵਤ ਨੂੰ ਰੋਕਣਾ ਸੀ, ਉਨ੍ਹਾਂ ਨੂੰ ਸਮੁੱਚੇ ਕੂਕਾ ਸੰਪਰਦਾਇ 'ਚ ਦਹਿਸ਼ਤ ਪੈਦਾ ਕਰਨ ਲਈ ਅਜਿਹਾ ਕਰਨਾ ਲਾਜ਼ਮੀ ਜਾਪਿਆ ਸੀ। ਸ੍ਰੀ ਫ਼ਾਰਸਿਥ ਅਤੇ ਸ੍ਰੀ ਕਾਵਨ ਦੋਵਾਂ ਨੇ ਰਾਏਕੋਟ ਕਤਲ ਕਾਂਡ ਦੇ ਮਾਮਲੇ 'ਚ ਕਾਨੂੰਨ ਮੁਤਾਬਕ ਦਿੱਤੀਆਂ ਮੌਤ ਦੀਆਂ ਸਜ਼ਾਵਾਂ ਨੂੰ ਪ੍ਰਭਾਵਹੀਣ ਮੰਨਿਆ ਹੈ। ਇਸੇ ਲਈ ਸ੍ਰੀ ਕਾਵਨ ਨੇ ਕਾਨੂੰਨ ਨੂੰ ਆਪਣੇ ਹੱਥਾਂ 'ਚ ਲੈ ਲਿਆ ਸੀ ਅਤੇ ਘੱਟ ਅਪਰਾਧ ਕਰਨ ਵਾਲਿਆਂ ਨੂੰ ਮੁੱਖ ਮੁਲਜ਼ਮਾਂ ਤੋਂ ਵੱਖ ਕਰਨ ਦਾ ਕੋਈ ਤਰੀਕਾ ਅਖ਼ਤਿਆਰ ਨਹੀਂ ਕੀਤਾ ਅਤੇ ਡਰਾਉਣੇ ਢੰਗ ਨਾਲ ਅੰਨ੍ਹੇਵਾਹ ਉਨ੍ਹਾਂ ਸਭਨਾਂ ਦਾ ਕਤਲ ਕਰ ਦਿੱਤਾ। ਇੱਥੇ ਅਸੀਂ ਅਜਿਹੀਆਂ ਕੁਝ ਗੱਲਾਂ ਦੇ ਰਹੇ ਹਾਂ, ਜਿਹੜੀਆਂ ਅਸੀਂ ਦੋਹਰਾਏ ਬਿਨਾਂ ਨਹੀਂ ਰਹਿ ਸਕਦੇ ਕਿ ਜੇ ਭਾਰਤ 'ਚ ਬ੍ਰਿਟਿਸ਼ ਹਕੂਮਤ ਕਾਇਮ ਰੱਖਣੀ, ਤਾਂ ਇਨ੍ਹਾਂ ਸਿਧਾਂਤਾਂ 'ਤੇ ਜ਼ਰੂਰ ਚੱਲਣਾ ਹੋਵੇਗਾ:

5. ਉਨ੍ਹਾਂ ਖ਼ਾਸ ਹਾਲਾਤ, ਜਿਨ੍ਹਾਂ ਕਰਕੇ ਸ੍ਰੀ ਕਾਵਨ ਨੂੰ ਅਜਿਹੀ ਕਾਰਵਾਈ ਕਰਨੀ ਪਈ, ਦਾ ਜ਼ਿਕਰ ਕਰਨ ਤੋਂ ਪਹਿਲਾਂ; ਗਵਰਨਰ ਜਨਰਲ-ਇਨ-ਕੌਂਸਲ ਉਸ ਸਿਧਾਂਤ ਬਾਰੇ ਥੋੜ੍ਹੀ ਆਮ ਰਾਏ ਬਣਾ ਲੈਣਾ ਦਰੁਸਤ ਸਮਝਦੇ ਹਨ, ਜਿਸ 'ਤੇ ਚੱਲ ਕੇ ਉਸ ਅਧਿਕਾਰੀ ਨੇ ਇਹ ਕਾਰਵਾਈ ਕੀਤੀ ਜਾਪਦੀ ਹੈ, ਮਹਾਮਹਿਮ ਇਨ-ਕੌਂਸਲ ਨੂੰ ਖ਼ਦਸ਼ਾ ਹੈ ਕਿ ਅਧਿਕਾਰੀਆਂ ਦੇ ਮਨਾਂ 'ਤੇ ਅਜਿਹਾ ਪ੍ਰਭਾਵ ਕੁਝ

ਜ਼ਿਆਦਾ ਹੈ ਕਿਉਂਕਿ ਉਹ ਸਮਝਦੇ ਹਨ ਕਿ ਉਨ੍ਹਾਂ ਨੂੰ ਔਖੀਆਂ ਸਥਿਤੀਆਂ 'ਚ ਭੇਜ ਦਿੱਤਾ ਜਾਂਦਾ ਹੈ। ਇਹ ਸਿਧਾਂਤ ਸ਼ਾਇਦ ਪ੍ਰਵਾਨ ਕੀਤੇ ਜਾਣ ਦੀ ਥਾਂ ਮਹਿਸੂਸ ਕੀਤਾ ਗਿਆ ਹੈ, ਜੋ ਇਹ ਹੈ ਕਿ ਕਾਨੂੰਨ ਤਾਂ ਸਿਰਫ਼ ਸ਼ਾਂਤ ਸਮੇਂ ਲਈ ਹੈ ਅਤੇ ਜਦੋਂ ਵੀ ਕਦੇ ਸਿਆਸੀ ਖ਼ਤਰੇ ਦਾ ਖ਼ਦਸ਼ਾ ਪੈਦਾ ਹੁੰਦਾ ਹੈ, ਤਾਂ ਅਧਿਕਾਰੀ ਉਸ ਦੀ ਉਲੰਘਣਾ ਕਰ ਸਕਦੇ ਹਨ ਅਤੇ ਸਜ਼ਾਵਾਂ ਬਦਲ ਦੇਣਾ ਉਨ੍ਹਾਂ ਦੇ ਅਖ਼ਤਿਆਰ 'ਚ ਹੈ ਅਤੇ ਉਹ ਆਪਣੇ ਖ਼ੁਦ ਦੇ ਅਨੁਮਾਨ ਤੋਂ ਬਿਨਾਂ ਹੋਰ ਕੋਈ ਕਦਮ ਨਹੀਂ ਚੁੱਕਦੇ, ਕਿਸੇ ਖ਼ਾਸ ਮਾਮਲੇ 'ਚ ਤੁਰਤ-ਫੁਰਤ ਪੈਦਾ ਹੋਈ ਉਤੇਜਨਾ ਦੇ ਦਬਾਅ ਅਧੀਨ ਕੋਈ ਮਿਸਾਲ ਕਾਇਮ ਕਰਨ ਲਈ ਨਵੀਂ ਸਜ਼ਾ ਘੜ ਲੈਂਦੇ ਹਨ। (ਇੱਕ ਸ਼ਲਾਘਾਯੋਗ ਸੈਕਸ਼ਨ। ਸੰਪਾਦਕ)

6. ਇਹ ਵਿਚਾਰ ਮਹਾਮਹਿਮ-ਇਨ-ਕੌਂਸਲ ਨੂੰ ਇੱਕ ਗੰਭੀਰ ਗ਼ਲਤੀ ਨੂੰ ਸ਼ਾਮਲ ਕਰਦਾ ਜਾਪਦਾ ਹੈ।

7. ਮਹਾਮਹਿਮ-ਇਨ-ਕੌਂਸਲ ਚਾਹੁੰਦੇ ਹਨ ਕਿ ਸਾਰੇ ਸਿਵਲ ਤੇ ਫ਼ੌਜੀ ਅਧਿਕਾਰੀਆਂ 'ਤੇ ਇਹ ਵਿਆਪਕ ਸਿਧਾਂਤ ਲਾਗੂ ਕਰ ਦਿੱਤਾ ਜਾਵੇ ਕਿ ਸਥਾਪਤ ਅਦਾਲਤਾਂ ਵੱਲੋਂ ਲਾਗੂ ਕੀਤਾ ਗਿਆ ਕਾਨੂੰਨ ਅਜਿਹਾ ਸਾਧਨ ਹੈ, ਜਿਸ ਦੇ ਆਧਾਰ 'ਤੇ ਸਰਕਾਰ ਚੱਲਦੀ ਹੈ ਅਤੇ ਅਪਰਾਧ ਖ਼ਤਮ ਕਰਨ, ਅਮਨ-ਚੈਨ ਕਾਇਮ ਰੱਖਣ ਅਤੇ ਅਪਰਾਧੀਆਂ ਦੀਆਂ ਪੈੜ-ਚਾਲਾਂ 'ਤੇ ਚੱਲਣ ਵਾਲੇ ਮਾੜੀ ਨੀਅਤ ਵਾਲੇ ਵਿਅਕਤੀਆਂ ਨੂੰ ਵਰਜਣ ਲਈ ਇਸੇ ਕਾਨੂੰਨ ਉੱਤੇ ਸਰਕਾਰ ਦਾ ਭਰੋਸਾ ਹੁੰਦਾ ਹੈ ਅਤੇ ਇਹ ਕਿਸੇ ਖ਼ਾਸ ਅਧਿਕਾਰੀ ਵੱਲੋਂ ਕੀਤੀ ਗਈ ਗੰਭੀਰ ਕਿਸਮ ਦੀ ਉਲੰਘਣਾ ਹੈ ਕਿ ਉਹ ਕਿਸੇ ਛਿਣ ਆਪਣੇ ਪੱਧਰ 'ਤੇ ਇਹ ਪੂਰਵ-ਧਾਰਨਾ ਮਿੱਥ ਲਵੇ ਕਿ ਸਮਾਜ ਦੀ ਸੁਰੱਖਿਆ ਲਈ ਕਾਨੂੰਨ ਓਨਾ ਮਜ਼ਬੂਤ ਨਹੀਂ ਹੈ ਜਾਂ ਇਹ ਸੋਚ ਲਵੇ ਕਿ ਜੇ ਸਾਧਾਰਣ ਤਰੀਕੇ ਸਜ਼ਾਵਾਂ ਦਿੱਤੀਆਂ ਗਈਆਂ, ਤਾਂ ਉਨ੍ਹਾਂ ਨਾਲ ਹੋਰ ਲੋਕਾਂ ਨੂੰ ਅਪਰਾਧ ਕਰਨ ਤੋਂ ਵਰਜਿਆ ਨਹੀਂ ਜਾ ਸਕਣਾ। ਅਜਿਹਾ ਕਰਨ ਤੋਂ ਸਿੱਧਾ ਇਹੋ ਭਾਵ ਹੈ ਕਿ ਸਰਕਾਰ ਦੇ ਉੱਚਤਮ ਅਧਿਕਾਰ-ਖੇਤਰ 'ਤੇ ਕਬਜ਼ਾ ਕਰ ਲੈਣਾ। ਅਜਿਹੇ ਮਾਮਲੇ ਸਾਹਮਣੇ ਆ ਸਕਦੇ ਹਨ, ਜਿਨ੍ਹਾਂ ਵਿੱਚ ਸਰਕਾਰ ਇਹ ਜ਼ਰੂਰੀ ਸਮਝ ਸਕਦੀ ਹੈ ਕਿ ਕਿਸੇ ਖ਼ਾਸ ਅਪਰਾਧਾਂ ਲਈ ਕੋਈ ਮਿਸਾਲੀ ਗੰਭੀਰ ਸਜ਼ਾ ਦਿੱਤੀ ਜਾਵੇ ਜਾਂ ਕਿਸੇ ਖ਼ਾਸ ਅਧਿਕਾਰੀ ਨੂੰ ਸੰਬੰਧਤ ਮਾਮਲੇ ਦੀ ਸੰਖੇਪ ਸੁਣਵਾਈ ਕਰ ਕੇ ਮੌਤ ਦੀ ਸਜ਼ਾ ਦੇਣ 1ਦੀ ਖ਼ਾਸ ਤਾਕਤ ਦੇ ਸਕਦੀ ਹੈ ਪਰ ਜਦੋਂ ਤੱਕ ਇਹ ਸਭ ਮੁਕੰਮਲ ਨਹੀਂ ਹੋ ਜਾਂਦਾ, ਸਾਰੇ ਮਾਮਲਿਆਂ 'ਚ ਸਾਰੇ ਸਿਵਲ ਤੇ ਫ਼ੌਜੀ ਅਧਿਕਾਰੀਆਂ ਦੀ ਇਹ ਡਿਊਟੀ ਹੁੰਦੀ ਹੈ ਕਿ ਆਮ ਨਿਯਮਤ ਹਾਲਤ ਵਿੱਚ ਕਾਨੂੰਨ ਮੁਤਾਬਕ ਚੱਲਣ ਲਈ ਅਪਰਾਧੀਆਂ ਨੂੰ ਸੁਣਵਾਈ ਲਈ ਵਾਜਬ ਟ੍ਰਿਬਿਊਨਲਾਂ ਹਵਾਲੇ ਕਰ ਦਿੱਤਾ ਜਾਵੇ।

(ਕੀ ਸਾਡੇ ਪਾਠਕ ਅਗਲੇ ਚਾਰ ਪੈਰੇ ਧਿਆਨ ਨਾਲ ਪੜ੍ਹਨਗੇ, ਜਿਨ੍ਹਾਂ 'ਚ ਉਨ੍ਹਾਂ ਲੋਕਾਂ ਲਈ ਜਵਾਬ ਦਰਜ ਹੈ ਜੋ ਇਹ ਆਖਦੇ ਹਨ ਕਿ ਸ੍ਰੀ ਕਾਵਨ ਦੀ ਬਰਤਰਫ਼ੀ ਨਾਲ ਕਿਸੇ ਵੀ ਤਰ੍ਹਾਂ ਦੇ ਖ਼ਤਰੇ ਸਮੇਂ ਹੋਰ ਅਧਿਕਾਰੀ ਕੋਈ ਕਾਰਵਾਈ ਨਹੀਂ ਕਰਨਗੇ?)

8. ਇਹ ਦਰਸਾਉਣ ਲਈ ਕਿ ਬਹੁਤ ਜ਼ਿਆਦਾ ਭੈੜੇ ਹਾਲਾਤ 'ਚ ਕਿਸੇ ਤਰ੍ਹਾਂ ਦਾ ਜੋਸ਼ ਤੇ ਮੁਸਤੈਦੀ ਵਿਖਾਉਣ ਵਾਸਤੇ ਇਹ ਰਾਹ ਗ਼ੈਰ-ਵਾਜਬ ਨਹੀਂ, ਪਰ ਫਿਰ ਵੀ ਇਹ ਗੱਲ ਦਿਮਾਗ਼ 'ਚ ਬਿਠਾਉਣੀ ਜ਼ਰੂਰੀ ਹੈ ਕਿ ਕਿਸੇ ਹਿੰਸਕ ਅਪਰਾਧ ਨੂੰ ਦਬਾਉਣ, ਅਪਰਾਧੀਆਂ ਨੂੰ ਸੁਰੱਖਿਅਤ ਹਿਰਾਸਤ 'ਚ ਰੱਖਣ ਅਤੇ ਉਨ੍ਹਾਂ ਦੇ ਭੱਜਣ ਦੇ ਖ਼ਦਸ਼ੇ ਨੂੰ ਰੋਕਣ ਲਈ ਕਾਨੂੰਨ ਕਿਸੇ ਵੀ ਹੱਦ ਤੱਕ ਫ਼ੌਜੀ ਤਾਕਤ ਵਰਤਣ ਦਾ ਅਧਿਕਾਰ ਦਿੰਦਾ ਹੈ। ਜਿਹੜੇ ਹਥਿਆਰਬੰਦ ਬਾਗ਼ੀ, ਡਕੈਤਾਂ ਦੇ ਗਿਰੋਹ ਮਹਾਰਾਣੀ ਵਿਰੁੱਧ ਜੰਗ ਵਿੱਢਣ ਲਈ ਲੁੱਟਾਂ-ਖੋਹਾਂ ਤੇ ਕਤਲ ਕਰਨ ਦੇ ਉਦੇਸ਼ ਨਾਲ ਇਕੱਠੇ ਹੁੰਦੇ ਹਨ ਅਤੇ ਜਿਹੜੇ ਉਨ੍ਹਾਂ ਦੀ ਮਦਦ ਕਰਦੇ ਹਨ ਤੇ ਉਨ੍ਹਾਂ ਨੂੰ ਉਕਸਾਉਂਦੇ ਹਨ, ਉਨ੍ਹਾਂ ਸਭਨਾਂ 'ਤੇ ਫ਼ੌਜੀ ਬਲ ਬਿਲਕੁਲ ਉਵੇਂ ਹੀ ਹਮਲਾ ਕਰ ਸਕਦੇ ਹਨ, ਜਿਵੇਂ ਕਿ ਹਥਿਆਰਬੰਦ ਧਾੜਵੀਆਂ 'ਤੇ ਹਮਲੇ ਕੀਤੇ ਜਾਂਦੇ ਹਨ। ਜੇ ਉਨ੍ਹਾਂ ਦਾ ਵਿਵਹਾਰ ਤੇ ਗਿਣਤੀ ਇੰਨੀ ਜ਼ਿਆਦਾ ਹੋਵੇ ਕਿ ਉਨ੍ਹਾਂ ਨਾਲ ਲੜਨ ਵਾਸਤੇ ਮੈਦਾਨ-ਏ-ਜੰਗ ਦੀ ਜ਼ਰੂਰਤ ਹੋਵੇ ਅਤੇ ਜੇ ਉਹ ਆਮ ਜੰਗ ਲੜਨੀ ਹੀ ਚਾਹੁੰਦੇ ਹੋਣ ਤਾਂ ਉਨ੍ਹਾਂ ਨੂੰ ਬਖ਼ਸ਼ਣਾ ਵਾਜਬ ਨਹੀਂ ਹੋਵੇਗਾ, ਉਸ ਹਾਲਤ 'ਚ ਉਨ੍ਹਾਂ ਨੂੰ ਮੌਕੇ 'ਤੇ ਤੁਰੰਤ ਖ਼ਤਮ ਕੀਤਾ ਜਾ ਸਕਦਾ ਹੈ। ਸੰਖੇਪ 'ਚ, ਅਜਿਹੀ ਕੋਈ ਸਖ਼ਤੀ ਨਹੀਂ ਹੈ, ਜਿਸ ਰਾਹੀਂ ਜੰਗ ਦੀ ਵਰਤੋਂ ਦੁਸ਼ਮਣਾਂ ਦੇ ਜਵਾਨਾਂ ਨੂੰ ਹਰਾਉਣ ਤੇ ਉਨ੍ਹਾਂ ਨੂੰ ਤੋੜਨ ਲਈ ਕੀਤੀ ਜਾ ਸਕੇ, ਜੋ ਕਾਨੂੰਨ ਮੁਤਾਬਕ ਅਪਰਾਧੀਆਂ ਜਾਂ ਬਾਗ਼ੀਆਂ ਦੀਆਂ ਟੋਲੀਆਂ ਨੂੰ ਹਰਾਉਣ ਜਾਂ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਕੀਤੀ ਜਾ ਸਕੇ।

9. ਇੱਕ ਚੀਜ਼ ਜਿਸ ਦੀ ਇਜਾਜ਼ਤ ਕਿਸੇ ਵੀ ਸਿਵਲ ਜਾਂ ਫ਼ੌਜੀ ਅਧਿਕਾਰੀ ਨੂੰ ਨਹੀਂ ਦਿੱਤੀ ਜਾ ਸਕਦੀ, ਭਾਵੇਂ ਕਿਹੋ ਜਿਹਾ ਵੀ ਮਾਮਲਾ ਕਿਉਂ ਨਾ ਹੋਵੇ; ਉਹ ਇਹ ਹੈ ਕਿ ਜੱਜ ਤੇ ਵਿਧਾਨਕਾਰ ਦੇ ਅਹੁਦੇ ਲਈ ਕੋਈ ਅਨਿਯਮਤ ਮਾਨਤਾ ਲਾਗੂ ਨਹੀਂ ਹੋ ਸਕਦੀ। ਕਿਸੇ ਵੀ ਅਧਿਕਾਰੀ ਨੂੰ ਕਿਸੇ ਖ਼ਾਸਾ ਮਾਮਲੇ ਦੇ ਹਾਲਾਤ ਦੇ ਸੰਦਰਭ 'ਚ ਆਪਣੇ ਕੈਦੀ ਨੂੰ ਆਪਣੇ ਬਣਾਏ ਕਿਸੇ ਕਾਨੂੰਨ ਰਾਹੀਂ ਸਜ਼ਾ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਕਾਨੂੰਨ ਅਧਿਕਾਰੀਆਂ ਨੂੰ ਅਪਰਾਧ ਨੂੰ ਦਬਾਉਣ ਤੇ ਅਪਰਾਧੀਆਂ ਦੀ ਗ੍ਰਿਫ਼ਤਾਰੀ ਲਈ ਲੋੜੀਂਦੀ ਕਾਰਵਾਈ ਕਰਨ ਦਾ ਹੱਕ ਦਿੰਦਾ ਹੈ ਪਰ ਕੋਈ ਵੀ ਕਾਨੂੰਨ ਤੇ ਨੀਤੀ ਦੇ ਨਿਆਂ ਦਾ ਕੋਈ ਸਿਧਾਂਤ ਉਨ੍ਹਾਂ ਵੱਲੋਂ ਕੈਦੀਆਂ ਨੂੰ ਜਦੋਂ ਮਰਜ਼ੀ ਵਾਜਬ ਸਮਝੇ ਜਾਣ 'ਤੇ ਸਜ਼ਾ ਦੇਣ ਦਾ ਅਧਿਕਾਰ ਨਹੀਂ ਦਿੰਦਾ।

10. ਅਧਿਕਾਰੀਆਂ ਨੂੰ ਸ਼ਾਇਦ ਸਮੇਂ-ਸਮੇਂ 'ਤੇ ਖ਼ਾਸ ਮਾਮਲੇ ਸਮਝਣ ਤੇ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਮਦਦ ਦਿੱਤੀ ਜਾ ਸਕਦੀ ਹੈ, ਨੀਤੀ 'ਤੇ ਉੱਪਰ ਕੀਤੀਆਂ ਕੁਝ ਟਿੱਪਣੀਆਂ 'ਚ ਦਰਸਾਏ ਸਿਧਾਂਤ ਲਾਗੂ ਕੀਤੇ ਜਾ ਸਕਦੇ ਹਨ।

11. ਦਯਾ ਭਾਵਨਾ ਨਾਲ ਨਿਆਂ ਦੇਣਾ ਭਾਰਤ ਸਰਕਾਰ ਦੀ ਇੱਕ ਤੈਅਸ਼ੁਦਾ ਅਤੇ ਸਥਾਪਤ ਨੀਤੀ ਹੈ ਪਰ ਇਸ ਵੱਡੇ ਉਦੇਸ਼ ਦੀ ਪਾਲਣਾ ਬਹੁਤ ਜ਼ਰੂਰੀ ਹੈ ਕਿ ਇਨਸਾਫ਼ ਸਿਰਫ਼ ਗਿਆਤ ਨਿਯਮਾਂ ਅਨੁਸਾਰ ਪੂਰੇ ਸੋਚ-ਵਿਚਾਰ ਤੋਂ ਬਾਅਦ ਅਤੇ ਅਪਰਾਧੀ ਵੱਲੋਂ ਕੀਤੇ ਗਏ ਗੁਨਾਹ ਦੇ ਦਰਜਿਆਂ ਵਿਚਾਲੇ ਫ਼ਰਕ ਨੂੰ ਸਮਝ ਕੇ ਹੀ ਦਿੱਤਾ ਜਾਣਾ ਚਾਹੀਦਾ ਹੈ। ਜੋਸ਼ ਵਿੱਚ ਆਖੇ ਗਏ ਵਾਕ ਅਤੇ ਤੱਤ-ਫਟ ਦਿੱਤਾ

ਪ੍ਰਤੀਕਰਮ ਨਿਆਂਪੂਰਨ ਤੇ ਸੂਝ-ਬੂਝ ਨਾਲ ਭਰਪੂਰ ਨਹੀਂ ਹੋ ਸਕਦਾ। ਇੰਝ ਕਰਨ ਨਾਲ ਇਹ ਸੰਭਾਵਨਾ ਹੈ ਕਿ ਉਨ੍ਹਾਂ 'ਤੇ ਵਿਅਕਤੀਗਤ ਕਿੜ ਜਾਂ ਗੁੱਸਾ ਕੱਢਣ ਜਾਂ ਕਿਸੇ ਫ਼ਿਕਰ 'ਚ ਡੁੱਬੇ ਹੋਣ ਦੀ ਮੋਹਰ ਲੱਗ ਜਾਵੇ ਅਤੇ ਇਹ ਆਖ ਦਿੱਤਾ ਜਾਵੇ ਕਿ ਇਨਸਾਫ਼ ਸੋਚ-ਸਮਝ ਕੇ ਨਹੀਂ ਦਿੱਤਾ ਗਿਆ। ਤੁਰਤ-ਫੁਰਤ ਦਿੱਤੇ ਹੁਕਮਾਂ ਨੂੰ ਅਕਸਰ ਜੋਸ਼ ਅਧੀਨ ਕੀਤੀ ਕਾਰਵਾਈ ਮੰਨਿਆ ਜਾਂਦਾ ਹੈ, ਜਦ ਕਿ ਅਸਲ 'ਚ ਉਹ ਕਮਜ਼ੋਰੀ ਦੀ ਹੀ ਨਿਸ਼ਾਨੀ ਹੁੰਦੀ ਹੈ। ਅਜਿਹੇ ਹੁਕਮ ਇਹੋ ਹੀ ਦਰਸਾਉਂਦੇ ਹਨ ਕਿ ਜੋ ਵੀ ਅਜਿਹੀ ਕਾਰਵਾਈ ਕਰਦੇ ਹਨ, ਉਨ੍ਹਾਂ ਨੂੰ ਆਪਣੀ ਤਾਕਤ 'ਤੇ ਸ਼ੱਕ ਹੁੰਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਵਿਰੋਧੀਆਂ ਪ੍ਰਤੀ ਦਯਾਵਾਨ ਬਣਨ ਤੋਂ ਡਰ ਲੱਗ ਰਿਹਾ ਹੁੰਦਾ ਹੈ।

12. ਗਵਰਨਰ ਜਨਰਲ-ਇਨ-ਕੌਂਸਲ ਅਜਿਹੇ ਕਿਸੇ ਵਿਵਹਾਰ ਨੂੰ ਪ੍ਰਵਾਨਗੀ ਨਹੀਂ ਦੇ ਸਕਦੇ, ਜਿਸ ਵਿੱਚ ਉਨ੍ਹਾਂ ਨੂੰ ਅਜਿਹੀਆਂ ਕਾਰਵਾਈਆਂ ਦੀ ਤਸਦੀਕ ਕਰਨੀ ਪਵੇ। ਮਹਾਮਹਿਮ-ਇਨ-ਕੌਂਸਲ ਦਾ ਇੱਕ ਪਾਸੇ ਤਾਂ ਇਹ ਮੰਨਣਾ ਹੈ ਕਿ ਇੱਕ ਨਿਆਂਪੂਰਨ ਤੇ ਦਯਾਵਾਨ ਹਕੂਮਤ ਹਮੇਸ਼ਾ ਆਮ ਲੋਕਾਂ ਦੇ ਮਨਾਂ 'ਚ ਵੱਸਦੀ ਹੈ। ਦੂਜੇ ਪਾਸੇ ਉਨ੍ਹਾਂ ਦਾ ਅਜਿਹਾ ਵਿਚਾਰ ਵੀ ਹੈ ਕਿ ਫ਼ੌਜੀ ਬਲ ਅਕਸਰ ਅਮਨ-ਚੈਨ ਨਾਲ ਰਹਿਣ ਵਾਲੀ ਜਨਤਾ ਤੇ ਅਮੀਰ ਲੋਕਾਂ ਨੂੰ ਉਨ੍ਹਾਂ ਮੁੱਠੀ ਭਰ ਲੋਕਾਂ ਤੋਂ ਸੁਰੱਖਿਆ ਮੁਹੱਈਆ ਕਰਵਾਉਂਦੇ ਹਨ, ਜਿਹੜੇ ਦੇਸ਼ ਨੂੰ ਅਰਾਜਕਤਾ ਤੇ ਖ਼ਾਨਾਜੰਗੀ ਵੱਲ ਧੱਕਣਾ ਚਾਹ ਰਹੇ ਹੁੰਦੇ ਹਨ।

13. ਮਹਾਮਹਿਮ-ਇਨ-ਕੌਂਸਲ ਕਦੇ ਵੀ ਕੁਝ ਮੁੱਠੀ ਭਰ ਕੱਟੜਪੰਥੀਆਂ ਦੇ ਕਿਸੇ ਅਪਰਾਧ ਜਾਂ ਉਨ੍ਹਾਂ ਦੀਆਂ ਅਜਿਹੇ ਕਾਰਿਆਂ ਨੂੰ ਪ੍ਰਵਾਨਗੀ ਨਹੀਂ ਦੇ ਸਕਦੇ ਜੋ ਬ੍ਰਿਟਿਸ਼ ਹਕੂਮਤ ਦੀ ਸਮੁੱਚੀ ਭਾਵਨਾ ਦੇ ਉਲਟ ਹੋਣ। ਬ੍ਰਿਟਿਸ਼ ਸਰਕਾਰ ਇੰਨੀ ਕੁ ਮਜ਼ਬੂਤ ਹੈ ਕਿ ਕਾਨੂੰਨ ਤੇ ਵਿਵਸਥਾ ਕਾਇਮ ਰੱਖ ਸਕੇ ਤੇ ਅਪਰਾਧ ਨੂੰ ਦਬਾ ਸਕੇ ਅਤੇ ਇੱਥੇ ਕਿਸੇ ਵੀ ਮੌਕੇ ਅੰਨ੍ਹੇਵਾਹ ਸਖ਼ਤੀ ਲਈ ਕੋਈ ਜਗ੍ਹਾ ਨਹੀਂ ਹੈ ਅਤੇ ਨਾ ਹੀ ਅਜਿਹੀ ਕਿਸੇ ਸਖ਼ਤੀ ਨੂੰ ਕਿਸੇ ਵੀ ਮਾਮਲੇ 'ਚ ਤਾਕਤ ਵਿਖਾਉਣ ਲਈ ਵਰਤਿਆ ਜਾ ਸਕਦਾ ਹੈ।

14. ਸ੍ਰੀ ਕਾਵਨ ਦੇ ਮਾਮਲੇ ਨਾਲ ਜੁੜੇ ਖ਼ਾਸ ਹਾਲਾਤ ਦੇ ਸੰਦਰਭ 'ਚ ਮਹਾਮਹਿਮ-ਇਨ-ਕੌਂਸਲ ਨੂੰ ਨਿਮਨਲਿਖਤ ਅਨੁਸਾਰ ਵਿਚਾਰ ਕਰਨਾ ਪਿਆ ਹੈ।

15. ਪਹਿਲੇ ਨੁਕਤੇ ਬਾਰੇ ਮਹਾਮਹਿਮ ਦਾ ਵਿਚਾਰ ਹੈ ਕਿ ਸ੍ਰੀ ਕਾਵਨ ਦਾ ਬੜਾ ਸਪੱਸ਼ਟ ਫ਼ਰਜ਼ ਇਹ ਸੀ ਕਿ ਉਹ ਕੈਦੀਆਂ ਨੂੰ ਤਦ ਤੱਕ ਹਿਰਾਸਤ 'ਚ ਰੱਖਦੇ ਜਦੋਂ ਤੱਕ ਕਿ ਕਾਨੂੰਨ ਮੁਤਾਬਕ ਉਨ੍ਹਾਂ ਵਿਰੁੱਧ ਕਾਰਵਾਈ ਮੁਕੰਮਲ ਨਾ ਹੋ ਜਾਂਦੀ। ਉਪਰੋਕਤ ਵਰਣਿਤ ਸਿਧਾਂਤਾਂ ਦੇ ਹਵਾਲੇ ਨਾਲ ਅਜਿਹੀ ਕੋਈ ਵੀ ਸਥਿਤੀ ਨਹੀਂ ਹੈ ਕਿ ਸ੍ਰੀ ਕਾਵਨ ਵੱਲੋਂ ਕੀਤੀ ਗਈ ਕਾਰਵਾਈ ਨੂੰ ਦਰੁਸਤ ਠਹਿਰਾਇਆ ਜਾ ਸਕੇ ਜਾਂ ਉਨ੍ਹਾਂ ਨੂੰ ਮੁਆਫ਼ ਕੀਤਾ ਜਾ ਸਕੇ। ਕੈਦੀ ਤਾਂ ਪੂਰੀ ਤਰ੍ਹਾਂ ਮਜਬੂਰ ਸਨ। ਉਨ੍ਹਾਂ 'ਚੋਂ ਬਹੁਤੇ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਵੀ ਸਨ। ਉਨ੍ਹਾਂ ਦੀ ਗਿਣਤੀ ਬਹੁਤ ਘੱਟ ਰਹਿ ਗਈ ਸੀ ਅਤੇ ਉਹ ਵੱਡੀ ਗਿਣਤੀ 'ਚ ਫ਼ੌਜੀ ਬਲਾਂ ਦੀ ਨਿਗਰਾਨੀ ਅਧੀਨ ਸਨ ਅਤੇ

ਉਨ੍ਹਾਂ ਦੀ ਗਿਣਤੀ ਹੋਰ ਵੀ ਲੋੜੀਂਦੇ ਪੱਧਰ ਤੱਕ ਵਧ ਸਕਦੀ ਸੀ। ਅਜਿਹੇ ਹਾਲਾਤ 'ਚ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਅੰਨ੍ਹੇਵਾਹ ਮੌਤ ਦੇ ਘਾਟ ਉਤਾਰ ਦੇਣ ਦੀ ਕਾਰਵਾਈ ਲਈ ਕੋਈ ਵੀ ਬਹਾਨਾ ਨਹੀਂ ਚੱਲ ਸਕਦਾ। ਸ੍ਰੀ ਕਾਵਨ ਦਾ ਇਹ ਆਖਣਾ ਕਿ ਮੌਤ ਦੀ ਸਜ਼ਾ ਦੇਣਾ ਸਿਆਸੀ ਤੌਰ 'ਤੇ ਜ਼ਰੂਰੀ ਸੀ। ਇੰਝ ਕਰਦਿਆਂ ਅਸਲ 'ਚ ਉਨ੍ਹਾਂ ਨੇ ਦੇਸ਼ ਦੇ ਕਾਨੂੰਨ ਨੂੰ ਤਾਂ ਲਾਂਭੇ ਹੀ ਕਰ ਛੱਡਿਆ ਸੀ ਕਿਉਂਕਿ ਉਨ੍ਹਾਂ ਇਹ ਸੋਚ ਲਿਆ ਸੀ ਕਿ ਇਸ ਖ਼ਾਸ ਮਾਮਲੇ 'ਚ ਇਹੋ ਕਾਰਵਾਈ ਜ਼ਰੂਰੀ ਹੈ ਅਤੇ ਮਹਾਮਹਿਮ-ਇਨ-ਕੌਂਸਲ ਦੇ ਵਿਚਾਰ ਅਨੁਸਾਰ ਸ੍ਰੀ ਕਾਵਨ ਨੇ ਇਹੋ ਅਪਰਾਧ ਕੀਤਾ ਹੈ।

ਇੱਥੇ ਹੀ ਬੱਸ ਨਹੀਂ। 16 ਜਨਵਰੀ ਨੂੰ ਸ੍ਰੀ ਕਾਵਨ ਨੇ ਪੰਜਾਬ ਸਰਕਾਰ ਨੂੰ ਇੱਕ ਤਾਰ ਭੇਜ ਕੇ ਚਾਰ ਵਿਅਕਤੀਆਂ ਨੂੰ ਤੁਰੰਤ ਫਾਂਸੀ ਦੇਣ ਦੀ ਇਜਾਜ਼ਤ ਮੰਗੀ ਸੀ। ਉਸੇ ਦਿਨ ਸ੍ਰੀ ਫ਼ਾਰਸਿਥ ਨੇ ਸ੍ਰੀ ਕਾਵਨ ਨੂੰ ਇੱਕ ਨੀਮ-ਅਧਿਕਾਰਤ ਚਿੱਠੀ ਲਿਖ ਕੇ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਉਹ ਕੈਦੀਆਂ ਨੂੰ ਸ਼ੇਰਪੁਰ ਭੇਜ ਦੇਣ। ਇਹ ਚਿੱਠੀ ਗੁੰਮ ਹੋ ਚੁੱਕੀ ਹੈ ਅਤੇ ਸ੍ਰੀ ਫ਼ਾਰਸਿਥ ਦਾ ਇਹ ਬਿਆਨ ਕਿ ਉਨ੍ਹਾਂ ਨੂੰ ਪੱਕਾ ਯਕੀਨ ਹੈ ਕਿ ਉਨ੍ਹਾਂ ਨੇ ਉਹ ਚਿੱਠੀ ਭੇਜੀ ਸੀ। ਸ੍ਰੀ ਕਾਵਨ ਦਾ ਕਹਿਣਾ ਹੈ ਕਿ 'ਸੁਣਵਾਈ ਲਈ' ਸ਼ਬਦਾਂ ਦੀ ਵਰਤੋਂ ਕੀਤੀ ਹੀ ਨਹੀਂ ਗਈ। ਚਾਰ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਪ੍ਰਵਾਨਗੀ ਲਈ ਸ੍ਰੀ ਕਾਵਨ ਵੱਲੋਂ ਪੰਜਾਬ ਸਰਕਾਰ ਨੂੰ ਭੇਜੇ ਤਾਰ-ਸੁਨੇਹੇ ਤੋਂ ਪਹਿਲਾਂ ਹਰ ਵਾਰ ਜਵਾਬ ਦਿੱਤਾ ਜਾਂਦਾ ਰਿਹਾ ਸੀ, ਸ੍ਰੀ ਕਾਵਨ ਨੇ 49 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਸੀ। ਚਾਰ ਵਿਅਕਤੀਆਂ ਨੂੰ ਫਾਂਸੀ ਦੇ ਣ ਦੀ ਇਜਾਜ਼ਤ ਲਈ ਉਨ੍ਹਾਂ ਵੱਲੋਂ ਅਰਜ਼ੀ ਦੇਣਾ ਇਹ ਦਰਸਾਉਂਦਾ ਹੈ ਕਿ ਉਨ੍ਹਾਂ ਨੂੰ ਇਹ ਪੂਰੀ ਜਾਣਕਾਰੀ ਸੀ ਕਿ ਉਨ੍ਹਾਂ ਕੋਲ ਕਿਸੇ ਵੀ ਵਿਅਕਤੀ ਨੂੰ ਮੌਤ ਦੇ ਘਾਟ ਉਤਾਰਨ ਦੇ ਅਧਿਕਾਰ ਨਹੀਂ ਸਨ। ਫਿਰ ਵੀ ਉਨ੍ਹਾਂ ਨੇ ਅਜਿਹੇ ਅਧਿਕਾਰ ਮਿਲਣ ਤੋਂ ਪਹਿਲਾਂ, ਜੋ ਕਿ ਹੁਣ ਪੂਰੀ ਤਰ੍ਹਾਂ ਨਿਸ਼ਚਿਤ ਹੋ ਗਿਆ ਹੈ ਕਿ ਉਨ੍ਹਾਂ ਨੂੰ ਉਹ ਅਧਿਕਾਰ ਨਹੀਂ ਮਿਲਣਾ ਸੀ, ਉਨ੍ਹਾਂ ਥੋਕ ਦੇ ਭਾਅ ਕਤਲੇਆਮ ਕਰਨ ਦਾ ਗੁਨਾਹ ਅੰਜਾਮ ਦੇ ਦਿੱਤਾ। ਅਜਿਹਾ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ, ਜਦੋਂ ਅਸੀਂ ਸਰਕਾਰੀ ਹੁਕਮ ਦੇ ਉਨ੍ਹਾਂ ਦੇ ਪੱਧਰ 'ਤੇ ਪੁੱਜਦੇ ਹਾਂ, ਤਾਂ ਸਾਨੂੰ ਅਜਿਹੇ ਕਿਸੇ ਅਧਿਕਾਰੀ ਵਿਰੁੱਧ ਇੰਨਾ ਭੈੜਾ ਕੇਸ ਹੋਇਆ ਨਹੀਂ ਮਿਲੇਗਾ ਪਰ ਅਜਿਹਾ ਕੇਸ ਸ੍ਰੀ ਕਾਵਨ ਵਿਰੁੱਧ ਹੋ ਗਿਆ ਹੈ।

ਮੌਤ ਦੀਆਂ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਸਨ; 42 ਜਾਂ 43 ਵਿਅਕਤੀਆਂ ਦੇ ਚੀਥੜੇ ਉਡਾ ਦਿੱਤੇ ਗਏ ਸਨ। ਕੋਈ ਸੋਚ ਸਕਦਾ ਹੈ ਕਿ ਕੋਈ ਵਿਅਕਤੀ ਚਾਹੇ ਡਿਊਟੀ ਨਿਭਾਉਣ ਸਮੇਂ ਕਿੰਨਾ ਵੀ ਸਖ਼ਤ ਕਿਉਂ ਨਾ ਹੋਵੇ, ਅਜਿਹੇ ਵੇਲੇ ਉਸ ਦੇ ਦਿਲ 'ਚ ਥੋੜ੍ਹੀ-ਬਹੁਤ ਕੋਈ ਭਾਵਨਾ ਤਾਂ ਆਈ ਹੋਵੇਗੀ ਅਤੇ ਉਹ ਖ਼ੁਸ਼ੀ ਨਾਲ ਬਾਕੀ ਰਹਿੰਦੇ ਵਿਅਕਤੀਆਂ ਨੂੰ ਛੱਡ ਵੀ ਸਕਦਾ ਸੀ। ਯਾਦ ਕਰੋ ਕਿ ਇਨ੍ਹਾਂ 49 ਵਿਅਕਤੀਆਂ 'ਚੋਂ ਜ਼ਿਆਦਾਤਰ ਪਹਿਲਾਂ ਹੀ ਜ਼ਖ਼ਮੀ ਹੋ ਚੁੱਕੇ ਸਨ, ਉਨ੍ਹਾਂ ਦੇ ਜ਼ਖ਼ਮਾਂ ਦਾ ਕੋਈ ਇਲਾਜ ਨਹੀਂ ਕੀਤਾ ਗਿਆ ਸੀ ਅਤੇ ਫਿਰ ਉਨ੍ਹਾਂ ਨੂੰ ਤੋਪਾਂ ਸਾਹਮਣੇ

ਲਿਜਾਂਦਾ ਗਿਆ, ਉਹ ਕਿੰਨੇ ਮਜਬੂਰ ਹੋਣਗੇ। ਜਦੋਂ 42 ਜਾਂ 43 ਜਣਿਆਂ ਨੂੰ ਖ਼ਤਮ ਕਰ ਦਿੱਤਾ ਗਿਆ ਸੀ, ਤਦ ਸ੍ਰੀ ਕਾਵਨ ਕੋਲ ਕੁਝ ਤਰਸ ਵਿਖਾਉਣ ਦਾ ਮੌਕਾ ਸੀ। ਸ੍ਰੀ ਫ਼ਾਰਸਿਥ ਦੀ ਚਿੱਠੀ ਅੱਪੜਦੀ ਹੈ, ਜਿਸ ਵਿੱਚ ਉਨ੍ਹਾਂ ਨੂੰ ਬੇਨਤੀ ਕੀਤੀ ਗਈ ਹੁੰਦੀ ਹੈ ਕਿ ਉਹ ਕਾਨੂੰਨੀ ਪ੍ਰਕਿਰਿਆ ਤੋਂ ਲਾਂਭੇ ਨਾ ਜਾਣ। ਸ੍ਰੀ ਕਾਵਨ ਬੜੇ ਆਰਾਮ ਨਾਲ ਉਹ ਚਿੱਠੀ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਕਰਨਲ ਪਰਕਿਨਜ਼ ਨੂੰ ਸੌਂਪ ਦਿੰਦੇ ਹਨ ਤੇ ਨਾਲ ਇਹ ਟਿੱਪਣੀ ਵੀ ਕਰਦੇ ਹਨ ਕਿ ''ਹੁਣ ਜਿਹੜੇ ਵਿਅਕਤੀ ਤੋਪਾਂ ਅੱਗੇ ਖੜੇ ਕੀਤੇ ਜਾ ਚੁੱਕੇ ਹਨ, ਉਨ੍ਹਾਂ ਦੀ ਮੌਤ ਦੀ ਸਜ਼ਾ 'ਤੇ ਰੋਕ ਲਾਉਣੀ ਅਸੰਭਵ ਹੈ; ਕਿਉਂਕਿ ਅਜਿਹੀ ਕਾਰਵਾਈ ਦਾ ਇੱਥੇ ਸਾਡੇ ਆਲੇ-ਦੁਆਲੇ ਖੜ੍ਹੇ ਲੋਕਾਂ 'ਤੇ ਮਾੜਾ ਅਸਰ ਪਵੇਗਾ।'' ਜੇ ਕੋਈ ਵਿਅਕਤੀ 49 ਕੁੱਤਿਆਂ ਨੂੰ ਖ਼ਤਮ ਕਰ ਚੁੱਕਾ ਹੋਵੇ, ਅਤੇ ਤਦ ਅਜਿਹਾ ਤਰਕ ਦੇਵੇ (ਭਾਵੇਂ ਉਨ੍ਹਾਂ ਨੂੰ ਮਾਰਨਾ ਹੀ ਉਸ ਦੀ ਸਖ਼ਤ ਡਿਊਟੀ ਦਾ ਹਿੱਸਾ ਹੋਵੇ) ਤਾਂ ਜੇ ਉਸ ਵਿੱਚ ਦਯਾ ਦਾ ਥੋੜ੍ਹਾ ਜਿੰਨਾ ਅੰਸ਼ ਵੀ ਬਚਿਆ ਹੋਵੇਗਾ, ਤਾਂ ਉਹ ਪਰਮਾਤਮਾ ਦਾ ਸ਼ੁਕਰੀਆ ਅਦਾ ਕਰੇਗਾ ਕਿ ਅਜਿਹੇ ਵੇਲੇ ਅਜਿਹੀ ਚਿੱਠੀ ਆ ਗਈ ਹੈ ਤੇ ਉਸ ਨੂੰ ਹੁਣ ਆਪਣਾ ਹੱਥ ਰੋਕ ਲੈਣਾ ਚਾਹੀਦਾ ਹੈ। ਮਹਾਮਹਿਮ-ਇਨ-ਕੌਂਸਲ ਤਾਂ ਉਸ ਤੋਂ ਵੀ ਉਤਾਂਹ ਉੱਠ ਕੇ ਸੋਚਦੇ ਹਨ ਕਿ ਸ੍ਰੀ ਕਾਵਨ ਨੂੰ ''ਇੰਝ ਲਗਦਾ ਹੋਵੇਗਾ ਕਿ ਉੱਥੇ ਆਲੇ-ਦੁਆਲੇ ਖੜ੍ਹੇ ਲੋਕਾਂ ਨੂੰ ਦੱਸੇ ਬਗ਼ੈਰ ਮੌਤ ਦੀਆਂ ਸਜ਼ਾਵਾਂ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ। ਇਹ ਸ੍ਰੀ ਕਾਵਨ ਦੀ ਬੜੀ ਸਪੱਸ਼ਟ ਡਿਊਟੀ ਸੀ ਕਿ ਉਹ ਸ੍ਰੀ ਫ਼ਾਰਸਿਥ ਦਾ ਹੁਕਮ ਮੰਨਦੇ, ਜਦੋਂ ਛੇ ਜਾਂ ਸੱਤ ਵਿਅਕਤੀਆਂ ਦੀ ਜ਼ਿੰਦਗੀ ਦਾ ਸੁਆਲ ਸੀ ਅਤੇ ਅਜਿਹੀ ਪਾਬੰਦੀਸ਼ੁਦਾ ਕਾਰਵਾਈ ਗ਼ੈਰ-ਕਾਨੂੰਨੀ ਸੀ।'' ਅਸੀਂ ਇਹ ਸਭ ਪਾਸਿਓਂ ਸੁਣਿਆ ਹੈ – ''ਸ੍ਰੀ ਕਾਵਨ ਲਈ ਸਾਨੂੰ ਅਫ਼ਸੋਸ ਹੈ। ਕੀ ਤੁਹਾਨੂੰ ਸ੍ਰੀ ਕਾਵਨ 'ਤੇ ਤਰਸ ਨਹੀਂ ਆਉਂਦਾ?'' ਨਹੀਂ, ਸਾਨੂੰ ਬਿਲਕੁਲ ਵੀ ਤਰਸ ਨਹੀਂ ਆਉਂਦਾ। ਇੱਕ ਵਿਅਕਤੀ ਜੋ ਇਹ ਕਹਿਣ 'ਚ ਕਾਹਲ਼ੀ ਕਰ ਸਕਦਾ ਹੈ ਕਿ ਸ੍ਰੀ ਕਾਵਨ ਨੇ ਮਨੁੱਖੀ ਖ਼ੂਨ ਵਹਾਉਣ 'ਚ ਕਾਹਲ਼ੀ ਕੀਤੀ, ਉਹ ਤਦ ਤੱਕ ਦਯਾ ਦਾ ਹੱਕਦਾਰ ਨਹੀਂ ਹੈ, ਜਦੋਂ ਤੱਕ ਕਿ ਉਸ ਨੂੰ ਇਸ ਦੀ ਜ਼ਰੂਰਤ ਮੌਜੂਦਾ ਸਮੇਂ ਤੋਂ ਵੱਧ ਨਹੀਂ ਹੈ। ਅਸੀਂ ਹੁਣ ਕੁਝ ਨਹੀਂ ਆਖਣਾ ਚਾਹੁੰਦੇ ਕਿਉਂਕਿ ਸ੍ਰੀ ਕਾਵਨ ਹੁਣ ਪੈਨਸ਼ਨ ਨਾਲ ਸੇਵਾ-ਮੁਕਤ ਹੋ ਰਹੇ ਹਨ। ਸਰਕਾਰ ਦੀ ਇਹ ਕਾਰਵਾਈ ਬਿਲਕੁਲ ਦਰੁਸਤ ਹੈ ਕਿ ਉਸ ਨੇ ਅਜਿਹਾ ਫ਼ੈਸਲਾ ਦਿੱਤਾ ਹੈ – ਜਿਸ ਦਾ ਨਿਆਂ ਤੇ ਕੁਲੀਨਤਾ ਉਦੋਂ ਬਰਕਰਾਰ ਰਹਿਣਗੇ, ਜਦੋਂ ਇਸ ਸਮੇਂ ਦੇ ਸਾਰੇ ਸੁਆਰਥੀ ਹਿਤ ਖ਼ਤਮ ਹੋ ਜਾਣਗੇ – ਕਿ ਅਸੀਂ ਸੰਤੁਸ਼ਟ ਹਾਂ ਕਿ ਇਹ ਕੂਕਿਆਂ ਨੂੰ ਕਲੰਕਿਤ ਕਰਨ ਅਤੇ ਮੌਤ ਦੀ ਸਜ਼ਾ ਦੇਣ ਦੇ ਮਾਮਲੇ 'ਚ ਲੋੜੀਂਦੀ ਗੰਭੀਰਤਾ ਦੀ ਮਾਤਰਾ ਦੇ ਆਪਣੇ ਵਿਸ਼ਵਾਸ ਅਨੁਸਾਰ ਕੰਮ ਕਰੇਗੀ। ਪਰ ਇਹ ਦੋਗਲਾਪਣ ਹੋਵੇਗਾ ਕਿ ਜੇ ਅਸੀਂ ਕਿਸੇ ਨੂੰ ਇਹ ਆਖਣ ਦਾ ਮੌਕਾ ਦੇਵਾਂਗੇ ਕਿ ਅਸੀਂ ਉਸ ਵਿਅਕਤੀ 'ਤੇ ਤਰਸ ਕਰ ਸਕਦੇ ਸਾਂ, ਜਿਸ ਨੇ 50 ਵਿਅਕਤੀਆਂ ਨੂੰ ਮਾਰਿਆ ਸੀ ਤੇ ਉਸ ਨੂੰ ਸਿਰਫ਼ ਸੇਵਾ ਤੋਂ ਬਰਖ਼ਾਸਤ ਹੀ ਕੀਤਾ ਗਿਆ ਸੀ। ਜਿਹੜੇ ਪੈਰੇ ਅਸੀਂ ਸਰਕਾਰੀ ਹੁਕਮ ਤੋਂ ਉਧ੍ਰਿਤ ਕੀਤੇ ਹਨ, ਉਹ ਭਾਰਤ ਦੇ 'ਮੈਗਨਾ-ਕਾਰਟਾ'

ਹੋਣੇ ਚਾਹੀਦੇ ਹਨ। ਭਾਰਤ ਦੇ ਨਾਗਰਿਕਾਂ ਨੂੰ ਇਹ ਪੈਰੇ ਸੁਨਹਿਰੀ ਅੱਖਰਾਂ 'ਚ ਛਪਵਾ ਕੇ ਰੱਖ ਲੈਣੇ ਚਾਹੀਦੇ ਹਨ ਅਤੇ ਉਹ ਇਹ ਸਭ ਆਪਣੇ ਬੱਚਿਆਂ ਹਵਾਲੇ ਕਰਦੇ ਹੋਏ ਦੱਸਣ ਕਿ ਇਹ ਇੰਗਲੈਂਡ ਦੇ ਤਾਜ ਅਧੀਨ ਨਿਆਂ ਅਤੇ ਦਯਾ ਲਈ ਭਾਰਤ ਦੇ ਹਰੇਕ ਨਾਗਰਿਕ ਦਾ ਅਧਿਕਾਰ ਸਥਾਪਤ ਕਰਨ ਦੀ ਕੀਮਤੀ ਵਿਰਾਸਤ ਹੈ। ਲਾਰਡ ਨੇਪੀਅਰ ਦਾ ਰਾਜ ਬਹੁਤ ਥੋੜ੍ਹਾ ਰਿਹਾ ਹੈ ਪਰ ਜਿਹੋ ਜਿਹਾ ਇਹ ਹੁਕਮ ਕੂਕਿਆਂ ਨੂੰ ਮੌਤ ਦੀ ਸਜ਼ਾ ਦੇਣ ਬਾਰੇ ਜਾਰੀ ਕੀਤਾ ਗਿਆ ਹੈ, ਉਹੋ ਜਿਹਾ ਪਹਿਲਾਂ ਕਦੇ ਲੰਮੀਆਂ ਹਕੂਮਤਾਂ ਵੇਲੇ ਵੀ ਜਾਰੀ ਨਹੀਂ ਹੋਇਆ ਕਿ ਜੋ ਲੰਮਾ ਸਮਾਂ ਵੱਧ ਤਾਕਤਵਰ ਪ੍ਰਭਾਵ ਸਿਰਜ ਸਕੇ ਅਤੇ ਸਰਕਾਰ ਲਈ ਵੀ ਇਹ ਹੁਕਮ ਮਾਨਯੋਗ ਹੈ। ਇਹ ਵੀ ਕੀਤਾ ਗਿਆ ਹੈ, ਇਸ ਤੋਂ ਵੱਧ ਰੌਲੇ-ਰੱਪੇ ਦੇ ਮੱਦੇਨਜ਼ਰ ਸਾਡੇ ਦੇਸ਼ ਵਾਸੀ ਕਦੇ ਵੀ ਸਹੀ ਢੰਗ ਨਾਲ ਸਮਝ ਨਹੀਂ ਸਕਣਗੇ। ਇਸ ਮਾਮਲੇ 'ਚ ਨੈਤਿਕ ਸਿਧਾਂਤ ਵਰਗੀ ਕੋਈ ਵੀ ਚੀਜ਼ ਲੱਭੀ ਗਈ ਹੈ। ਇਹ ਵਾਰ-ਵਾਰ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਭਾਰਤ 'ਤੇ ਸਿਰਫ਼ ਅਸਾਧਾਰਣ ਸਿਧਾਂਤਾਂ ਨਾਲ ਹੀ ਸ਼ਾਸਨ ਕੀਤਾ ਜਾ ਸਕਦਾ ਹੈ, ਭਾਵ ਸਰਕਾਰ ਦੇ ਬਿਲਕੁਲ ਝੂਠੇ ਸਿਧਾਂਤ। ਗਵਰਨਰ ਜਨਰਲ-ਇਨ-ਕੌਂਸਲ ਨੇ ਇਹ ਬਦਨਾਮ ਸਿਧਾਂਤ ਚੁੱਪਚਾਪ ਲਾਂਭੇ ਕਰ ਦਿੱਤੇ ਹਨ ਅਤੇ ਅਜਿਹਾ ਸਿਧਾਂਤ ਪੇਸ਼ ਕਰ ਦਿੱਤਾ ਹੈ, ਜੋ ਭਾਰਤ ਤੇ ਇੰਗਲੈਂਡ ਦੋਵਾਂ ਲਈ ਕੀਮਤੀ ਹੈ।

ਹੁਣ ਅਸੀਂ ਇੱਕ ਬਹੁਤ ਵੱਖਰੇ ਮਾਮਲੇ 'ਤੇ ਆਉਂਦੇ ਹਾਂ। ਸ੍ਰੀ ਫ਼ਾਰਸਿਥ ਕੋਲ ਅੰਬਾਲਾ ਦੇ ਕਮਿਸ਼ਨਰ ਦੀ ਹੈਸੀਅਤ ਨਾਲ ਜੀਵਨ ਤੇ ਮੌਤ ਦੇਣ ਦਾ ਅਧਿਕਾਰ ਸੀ ਪਰ ਸ੍ਰੀ ਕਾਵਨ ਕੋਲ ਅਜਿਹਾ ਕੋਈ ਅਧਿਕਾਰ ਨਹੀਂ ਸੀ। ਅਰੰਭ 'ਚ ਸ੍ਰੀ ਫ਼ਾਰਸਿਥ ਦੇ ਵਿਵਹਾਰ ਤੋਂ ਵੱਧ ਕੁਝ ਵੀ ਨਿਆਂਇਕ ਤੌਰ 'ਤੇ ਵਾਜਬ ਤੇ ਸਵੈ-ਕਾਬੂ ਵਾਲਾ ਨਹੀਂ ਸੀ। ਹਮਲੇ ਵਾਲੇ ਦਿਨ ਭਾਵ 16 ਤਰੀਕ ਨੂੰ ਉਨ੍ਹਾਂ ਸ੍ਰੀ ਕਾਵਨ ਨੂੰ ਇੱਕ ਨੀਮ-ਅਧਿਕਾਰਤ ਚਿੱਠੀ ਲਿਖ ਕੇ ਸ੍ਰੀ ਕਾਵਨ ਨੂੰ ਬੇਨਤੀ ਕੀਤੀ ਕਿ ਉਹ ਕਾਨੂੰਨ ਮੁਤਾਬਕ ਹੀ ਅੱਗੇ ਵਧਣ; ਫਿਰ 17 ਤਰੀਕ ਨੂੰ ਉਨ੍ਹਾਂ ਬਿਲਕੁਲ ਅਜਿਹਾ ਹੀ ਪ੍ਰਭਾਵ ਸਿਰਜਣ ਵਾਲੀਆਂ ਦੋ ਚਿੱਠੀਆਂ ਲਿਖੀਆਂ, ਜਿਨ੍ਹਾਂ 'ਚੋਂ ਇੱਕ ਅਧਿਕਾਰਤ ਸੀ ਤੇ ਦੂਜੀ ਨੀਮ-ਅਧਿਕਾਰਤ ਸੀ। ਉਸੇ ਦਿਨ, ਉਨ੍ਹਾਂ ਪੰਜਾਬ ਸਰਕਾਰ ਨੂੰ ਤਾਰ ਭੇਜੀ। "ਕਾਵਨ ਦੀ ਉਸ ਤਾਰ ਦੇ ਹਵਾਲੇ ਨਾਲ, ਜਿਸ ਰਾਹੀਂ ਚਾਰ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਇਜਾਜ਼ਤ ਮੰਗੀ ਗਈ ਹੈ। ਅਸੀਂ ਕਿਉਂਕਿ 70 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੈਂ ਮੌਕੇ 'ਤੇ ਮੌਜੂਦ ਹਾਂ ਅਤੇ ਇਹ ਮਾਮਲੇ ਬਿਨਾਂ ਕਿਸੇ ਦੇਰੀ ਦੇ ਇਨ੍ਹਾਂ ਦੀ ਕਿਸਮ ਅਨੁਸਾਰ ਨਿਬੇੜੇ ਜਾ ਸਕਦੇ ਹਨ। ਕਿਸੇ ਵਿਸ਼ੇਸ਼ ਕਾਰਵਾਈ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਸ ਨਾਲ ਉਤੇਜਨਾ ਵਧੇਗੀ, ਬਿਹਤਰ ਇਹੋ ਹੈ ਕਿ ਸ਼ਾਂਤੀ ਰੱਖੀ ਜਾਵੇ...। ਫਿਰ 18 ਤਰੀਕ ਨੂੰ ਸ੍ਰੀ ਫ਼ਾਰਸਿਥ ਨੂੰ ਮੌਤ ਦੀਆਂ ਸਜ਼ਾਵਾਂ ਦਿੱਤੇ ਜਾਣ ਦੇ ਵੇਰਵੇ ਮਿਲੇ ਅਤੇ ਤਦ ਉਨ੍ਹਾਂ ਲਿਖਿਆ – ਮੇਰੇ ਪਿਆਰੇ ਕਾਵਨ, ਤੁਸੀਂ ਜੋ ਕੁਝ ਵੀ ਕੀਤਾ ਹੈ, ਮੈਂ ਉਹ ਸਭ ਪ੍ਰਵਾਨ ਕਰਦਾ ਹਾਂ। ਤੁਸੀਂ ਸ਼ਲਾਘਾਯੋਗ ਢੰਗ ਨਾਲ ਕਾਰਵਾਈ ਕੀਤੀ ਹੈ। ਮੈਂ ਬਾਹਰ ਆ ਰਿਹਾ ਹਾਂ। ਇੰਝ ਜਾਪਦਾ ਹੈ ਕਿ ਸ੍ਰੀ ਫ਼ਾਰਸਿਥ ਨੇ ਇਨ੍ਹਾਂ ਦੋ ਚਿੱਠੀਆਂ ਦੇ ਵਕਫ਼ੇ ਦੌਰਾਨ ਅਜਿਹੀਆਂ

ਅਫ਼ਵਾਹਾਂ ਸੁਣ ਲਈਆਂ ਸਨ ਕਿ ਕੂਕੇ ਆਲੇ-ਦੁਆਲੇ ਇਕੱਠੇ ਹੋ ਰਹੇ ਹਨ। ''ਉਨ੍ਹਾਂ ਦੇ ਮਨ 'ਚ ਅਜਿਹੀ ਭਾਵਨਾ ਪ੍ਰਮੁੱਖਤਾ ਨਾਲ ਰਹੀ ਹੋਵੇਗੀ ਕਿ ਸ੍ਰੀ ਕਾਵਨ ਦੀ ਉਸ ਕਾਰਵਾਈ ਦੀ ਹਮਾਇਤ ਕਰਨੀ ਚਾਹੀਦੀ ਹੈ, ਜਿਸ ਦੀ ਨਿਖੇਧੀ ਸ੍ਰੀ ਫ਼ਾਰਸਿਥ ਕਈ ਵਾਰ ਕਰ ਚੁੱਕੇ ਸਨ। ਇਸ ਲਈ ਇਸ ਮਾਮਲੇ 'ਤੇ ਵਿਚਾਰ ਕਰਦਿਆਂ ਕਿ 'ਸ੍ਰੀ ਫ਼ਾਰਸਿਥ ਨੇ ਬਿਨਾਂ ਸ਼ੱਕ ਕੋਈ ਅਪਰਾਧ ਨਹੀਂ ਕੀਤਾ ਤੇ ਉਨ੍ਹਾਂ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਹੋਣੀ ਚਾਹੀਦੀ' – ਮਹਾਮਹਿਮ ਦਾ ਵਿਚਾਰ ਹੈ ਕਿ ਸ੍ਰੀ ਫ਼ਾਰਸਿਥ ਨੇ ਖ਼ੁਦ ਦੀ ਸ਼ਨਾਖ਼ਤ ਸ੍ਰੀ ਕਾਵਨ ਦੀਆਂ ਗ਼ਲਤੀਆਂ ਨਾਲ ਕੀਤੀ ਹੈ, ਉਹ ਇੱਕ ਗੰਭੀਰ ਹੰਗਾਮੀ ਹਾਲਾਤ ਦੌਰਾਨ ਇੱਕ ਸਥਾਨਕ ਰਿਆਸਤ 'ਚ ਆਪਣਾ ਫ਼ਰਜ਼ ਨਿਭਾਉਣ ਤੋਂ ਨਾਕਾਮ ਰਹੇ ਹਨ ਅਤੇ ਉਨ੍ਹਾਂ ਭਾਰਤ ਸਰਕਾਰ ਦੀ ਮਾਨਤਾ-ਪ੍ਰਾਪਤ ਨੀਤੀ ਅਨੁਸਾਰ ਕਾਰਵਾਈ ਨਹੀਂ ਕੀਤੀ।''

ਇਹ ਸ੍ਰੀ ਫ਼ਾਰਸਿਥ ਦੀ ਗ਼ਲਤੀ ਦਾ ਇੱਕ ਪੱਖ ਸੀ ਅਤੇ ਜੇ ਇਹ ਮਾਮਲਾ ਇੱਥੇ ਹੀ ਖ਼ਤਮ ਹੋ ਜਾਂਦਾ, ਤਾਂ ਇਸ ਨੂੰ ਬਿਲਕੁਲ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਣਾ ਸੀ ਪਰ ਹੁਣ ਇਹ ਬਿਲਕੁਲ ਵੱਖਰੀ ਥਾਂ 'ਤੇ ਪੁੱਜ ਗਿਆ ਹੈ, ਭਾਵੇਂ ਕਿਸੇ ਅਧੀਨ ਕਰਮਚਾਰੀ ਦੀਆਂ ਕਾਰਵਾਈਆਂ ਦੀ ਇੰਨੀ ਮਜ਼ਬੂਤੀ ਨਾਲ ਪੁਸ਼ਟੀ ਕਦੇ ਨਹੀਂ ਹੋਈ, ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਨੂੰ ਉੱਧ੍ਰਿਤ ਕੀਤਾ ਹੈ। ਪਰ ਸ੍ਰੀ ਫ਼ਾਰਸਿਥ ਵੀ ਆਏ ਅਤੇ ਪਾਇਆ ਕਿ 16 ਹੋਰ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ ਸੀ ਤੇ ਉਨ੍ਹਾਂ ਉਸ ਸਜ਼ਾ ਦੀ ਪੁਸ਼ਟੀ ਕਰ ਦਿੱਤੀ; ਇਸ ਪ੍ਰਕਾਰ ਉਨ੍ਹਾਂ ਦੋਵੇਂ ਹੀ ਮਾਮਲਿਆਂ 'ਚ ਆਪਣੇ ਸ਼ਬਦਾਂ ਤੇ ਕਾਰਵਾਈ ਪੱਖੋਂ ਉਨ੍ਹਾਂ ਖ਼ੁਦ ਨੂੰ ਸ੍ਰੀ ਕਾਵਨ ਦਾ ਸਾਥੀ ਹੀ ਦਰਸਾਇਆ। ਮਹਾਮਹਿਮ ਨੂੰ ਇਹ ਗੱਲ ਨੋਟ ਕਰ ਕੇ ਵੀ ਅਫ਼ਸੋਸ ਹੋਇਆ ਕਿ 'ਇਸ ਮਾਮਲੇ 'ਚ ਸੁਪਰੀਮ ਸਰਕਾਰ ਦੀ ਸੂਚਨਾ ਹਿਤ ਜ਼ਰੂਰੀ ਦੋ ਦਸਤਾਵੇਜ਼ ਆਮ ਕਾਰਵਾਈ ਦੌਰਾਨ ਮੁਹੱਈਆ ਹੀ ਨਹੀਂ ਕਰਵਾਏ ਅਤੇ ਇਸ ਚਿੱਠੀ-ਪੱਤਰੀ ਦੀ ਸ਼ੁਰੂਆਤ ਵੇਲੇ ਭਾਵ ਸ੍ਰੀ ਫ਼ਾਰਸਿਥ ਵੱਲੋਂ 16 ਜਨਵਰੀ ਨੂੰ ਸ੍ਰੀ ਕਾਵਨ ਨੂੰ ਲਿਖੀ ਨੀਮ-ਅਧਿਕਾਰਤ ਚਿੱਠੀ ਗ਼ਲਤ ਜਗ੍ਹਾ ਰੱਖੀ ਗਈ ਅਤੇ ਇੰਝ ਹੀ ਸ੍ਰੀ ਫ਼ਾਰਸਿਥ ਵੱਲੋਂ ਸ੍ਰੀ ਕਾਵਨ ਨੂੰ 18 ਤਰੀਕ ਨੂੰ ਸੰਬੋਧਨ ਕੀਤੀ ਚਿੱਠੀ, ਜਿਸ ਵਿੱਚ ਉਸ ਦੀਆਂ ਕਾਰਵਾਈਆਂ ਦੀ ਪੁਸ਼ਟੀ ਕੀਤੀ ਗਈ ਸੀ।' ਸਰਕਾਰੀ ਹੁਕਮ ਦਾ ਨਤੀਜਾ ਸਾਨੂੰ ਜ਼ਰੂਰ ਸਮੁੱਚਾ ਹੀ ਦੇਣਾ ਹੋਵੇਗਾ:

''ਇਹ ਵੱਡੀ ਚਿੰਤਾ ਦਾ ਵਿਸ਼ਾ ਹੈ ਕਿ ਮਹਾਮਹਿਮ-ਇਨ-ਕੌਂਸਲ ਨੂੰ ਮਜਬੂਰਨ ਅਜਿਹੇ ਹੁਕਮ ਜਾਰੀ ਕਰਨੇ ਪੈ ਰਹੇ ਹਨ, ਜੋ ਅਜਿਹੇ ਅਧਿਕਾਰੀਆਂ ਨੂੰ ਗੰਭੀਰਤਾ ਨਾਲ ਪ੍ਰਭਾਵਿਤ ਕਰਨਗੇ, ਜਿਹੜੇ ਬੇਸ਼ੱਕ ਸ਼ਾਂਤੀ ਤੇ ਵਿਵਸਥਾ ਕਾਇਮ ਰੱਖਣ ਲਈ ਬਹੁਤ ਜ਼ਿਆਦਾ ਉਤਸ਼ਾਹੀ ਰਹਿੰਦੇ ਹਨ ਪਰ ਉਨ੍ਹਾਂ ਦਾ ਵਿਚਾਰ ਹੈ ਕਿ ਇਸ ਤੱਥ ਨੂੰ ਸਮਝਣਾ ਵੀ ਬਹੁਤ ਜ਼ਿਆਦਾ ਜ਼ਰੂਰੀ ਹੈ ਕਿ ਕੋਈ ਅਧਿਕਾਰੀ ਭਾਵੇਂ ਕਿੰਨੇ ਵੀ ਸਖ਼ਤ ਕਦਮ ਚੁੱਕੇ, ਉਸ ਦੀ ਪੂਰੀ ਹਮਾਇਤ ਕੀਤੀ ਜਾਵੇਗੀ ਬਸ਼ਰਤੇ ਜੇ ਉਸ ਨੇ ਅਜਿਹੇ ਕਦਮ ਸੱਚਮੁਚ ਸ਼ਾਂਤੀ ਕਾਇਮ ਰੱਖਣ ਜਾਂ ਬਹਾਲ ਕਰਨ ਲਈ ਚੁੱਕੇ ਹੋਣਗੇ ਪਰ ਕਿਸੇ ਨੂੰ ਵੀ ਆਪਣੇ ਅਖ਼ਤਿਆਰ ਤੋਂ ਅਗਾਂਹ ਜਾ ਕੇ ਕਾਨੂੰਨ ਦੀ ਉਲੰਘਣਾ

ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਇਨ੍ਹਾਂ ਦੋਵਾਂ ਵਿਚਲੀ ਰੇਖਾ ਬੇਹੱਦ ਵਿਆਪਕ ਤੇ ਸਪੱਸ਼ਟ ਹੈ ਅਤੇ ਗਵਰਨਰ ਜਨਰਲ-ਇਨ-ਕੌਂਸਲ ਦੀ ਨਜ਼ਰ ਅਪਰਾਧ ਨੂੰ ਰੋਕਣ ਤੇ ਅਪਰਾਧੀਆਂ ਨੂੰ ਕਾਨੂੰਨੀ ਸ਼ਿਕੰਜੇ 'ਚ ਲਿਆਉਣ ਲਈ ਕਾਨੂੰਨ ਰਾਹੀਂ ਪ੍ਰਵਾਨਿਤ ਵਸੀਲਿਆਂ ਦੀ ਵਰਤੋਂ ਕਰਨ 'ਚ ਕਿਸੇ ਤਰ੍ਹਾਂ ਦੀ ਢਿੱਲ 'ਤੇ ਵੀ ਪੂਰੀ ਤਰ੍ਹਾਂ ਰਹੇਗੀ। ਉਨ੍ਹਾਂ ਨੂੰ ਅਜਿਹਾ ਕੋਈ ਡਰ ਨਹੀਂ ਹੈ ਕਿ ਮੌਜੂਦਾ ਮਾਮਲੇ 'ਚ ਕੀਤੀ ਗਈ ਲੋੜੀਂਦੀ ਕਾਰਵਾਈ ਹੋਰ ਅਧਿਕਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੇ ਖ਼ਤਰੇ ਵੇਲੇ ਊਰਜਾਵਾਨ ਤੇ ਮੁਸਤੈਦ ਬਣਨ ਤੋਂ ਵਰਜੇਗੀ। ਦੂਜੇ ਪਾਸੇ, ਮਹਾਮਹਿਮ-ਇਨ-ਕੌਂਸਲ ਨੂੰ ਇਹ ਵੀ ਡਰ ਨਹੀਂ ਹੈ ਕਿ ਹੁਣ ਜੋ ਕਾਰਵਾਈ ਕੀਤੀ ਗਈ ਹੈ, ਸਥਾਨਕ ਜਨਤਾ ਉਸ ਨੂੰ ਗ਼ਲਤ ਤਰੀਕੇ ਸਮਝੇਗੀ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਹ ਮਿਸਾਲ ਉਨ੍ਹਾਂ ਨੂੰ ਸਿਖਾਏਗੀ ਕਿ ਬ੍ਰਿਟਿਸ਼ ਹਕੂਮਤ ਅਧੀਨ ਸਭ ਇੱਕ-ਸਮਾਨ ਹਨ ਤੇ ਉਨ੍ਹਾਂ ਨੂੰ ਕਾਨੂੰਨ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਇਹ ਵੀ ਪੱਕਾ ਯਕੀਨ ਹੋ ਗਿਆ ਹੋਵੇਗਾ ਕਿ ਇੱਕ ਬ੍ਰਿਟਿਸ਼ ਅਧਿਕਾਰੀ ਨੂੰ ਕਾਨੂੰਨ ਤੋੜਨ ਲਈ ਜਿਹੜੀ ਸਜ਼ਾ ਦਿੱਤੀ ਗਈ ਹੈ, ਉਸ ਦਾ ਉਨ੍ਹਾਂ ਲੋਕਾਂ ਦੇ ਅਪਰਾਧਾਂ ਨਾਲ ਕੋਈ ਸਬੰਧ ਨਹੀਂ ਹੈ, ਜਿਨ੍ਹਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਸਜ਼ਾ ਦਿੱਤੀ ਗਈ ਹੈ। ਉਨ੍ਹਾਂ ਦੇ ਅਪਰਾਧ ਲਈ ਕੋਈ ਮਿਸਾਲੀ ਸਜ਼ਾ ਹੀ ਚਾਹੀਦੀ ਸੀ, ਭਾਵੇਂ ਕਿ ਇਹ ਵਾਜਬ ਢੰਗ ਤੇ ਵਧੇਰੇ ਸੰਜਮ ਨਾਲ ਅਤੇ ਹਰੇਕ ਮੁਲਜ਼ਮ ਵੱਲੋਂ ਕੀਤੇ ਅਪਰਾਧ ਦੇ ਦਰਜਿਆਂ ਮੁਤਾਬਕ ਦਿੱਤੀ ਜਾਂਦੀ। ਅਤੇ ਅੰਤ 'ਚ, ਮਹਾਮਹਿਮ ਦਾ ਵਿਸ਼ਵਾਸ ਹੈ ਕਿ ਮੌਜੂਦਾ ਫ਼ੈਸਲਾ ਸਾਰੇ ਵਰਗਾਂ ਨੂੰ ਇਹ ਸਪੱਸ਼ਟ ਕਰ ਦੇਵੇਗਾ ਕਿ ਜਿਹੋ ਜਿਹੀ ਕਾਰਵਾਈ ਸ੍ਰੀ ਕਾਵਨ ਨੇ ਕੀਤੀ ਸੀ, ਉਨ੍ਹਾਂ 'ਤੇ ਕਾਨੂੰਨੀ ਪਾਬੰਦੀ ਹੈ ਤੇ ਇਹ ਮਾੜੀ ਨੀਤੀ ਹੈ ਕਿਉਂਕਿ ਉਸ ਕਾਰਵਾਈ 'ਚ ਸੰਜਮ ਅਤੇ ਵਿਅਕਤੀਗਤ ਅਪਰਾਧ ਦੀ ਦਰਜਾਬੰਦੀ ਦੀ ਕੋਈ ਗੁੰਜਾਇਸ਼ ਨਹੀਂ ਹੈ ਅਤੇ ਇੰਝ ਇਨਸਾਫ਼ ਦੀਆਂ ਜ਼ਰੂਰਤਾਂ ਸੋਚ-ਵਿਚਾਰ ਕੇ ਤਸੱਲੀਬਖ਼ਸ਼ ਢੰਗ ਨਾਲ ਪੂਰੀਆਂ ਕੀਤੇ ਜਾਣ ਅਤੇ ਖ਼ਤਰੇ ਸਮੇਂ ਜੋਸ਼ ਨਾਲ ਤੁਰਤ-ਫੁਰਤ ਕੀਤੀ ਕਾਰਵਾਈ ਵਿਚਾਲੇ ਨਿਖੇੜ ਵੀ ਹੋ ਜਾਂਦਾ ਹੈ।

33. ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਦੇ ਵਿਵਹਾਰ ਦੀ ਇਸ ਸਮੀਖਿਆ ਬਾਰੇ ਜਾਣਕਾਰੀ ਦਿੰਦਿਆਂ ਗਵਰਨਰ ਜਨਰਲ-ਇਨ-ਕੌਂਸਲ ਦਾ ਇਹ ਮੰਨਣਾ ਹੈ ਕਿ ਕਿਉਂਕਿ ਮਹਾਮਹਿਮ-ਇਨ-ਕੌਂਸਲ ਚਾਹੁੰਦੇ ਸਨ ਕਿ ਮਾਨਯੋਗ ਲੈਫ਼ਟੀਨੈਂਟ ਗਵਰਨਰ ਵੱਲੋਂ ਪ੍ਰਗਟਾਈਆਂ ਗਈਆਂ ਭਾਵਨਾਵਾਂ ਰਿਕਾਰਡ 'ਤੇ ਲਿਆਉਣੀਆਂ ਚਾਹੀਦੀਆਂ ਹਨ। ਲੈਫ਼ਟੀਨੈਂਟ ਗਵਰਨਰ ਨੇ ਪਹਿਲੀ ਵਾਰ ਤਾਂ ਇਹੋ ਵਿਚਾਰ ਪ੍ਰਗਟਾਇਆ ਸੀ ਕਿ ਸ੍ਰੀ ਕਾਵਨ ਨੇ ਜਿਸ ਤਤਫੱਟ ਤਰੀਕੇ ਕਾਰਵਾਈ ਨੂੰ ਅੰਜਾਮ ਦਿੱਤਾ ਸੀ, ਉਸ ਮੁਤਾਬਕ ਉਨ੍ਹਾਂ ਦਾ ਵਿਵਹਾਰ ਗ਼ੈਰ-ਵਾਜਬ, ਗ਼ੈਰ-ਕਾਨੂੰਨੀ ਤੇ ਅੰਨ੍ਹੇਵਾਹ ਸਖ਼ਤੀ ਵਾਲਾ ਸੀ। ਦੂਜੇ ਪਾਸੇ ਜੇ ਉਨ੍ਹਾਂ ਉਤੇਜਨਾਪੂਰਨ ਹਾਲਾਤ ਅਤੇ ਉਦੋਂ ਉਨ੍ਹਾਂ ਨੂੰ ਮਹਿਸੂਸ ਹੋਏ ਸਿਆਸੀ ਖ਼ਦਸ਼ੇ 'ਤੇ ਗ਼ੌਰ ਕਰੀਏ, ਜਿਨ੍ਹਾਂ ਅਧੀਨ ਸ੍ਰੀ ਕਾਵਨ ਨੇ ਕਾਰਵਾਈ ਕੀਤੀ ਸੀ ਅਤੇ ਤਦ ਸਰਕਾਰੀ ਅਧਿਕਾਰੀਆਂ ਨੂੰ ਵੀ ਉਸ ਕਾਰਵਾਈ ਦਾ ਸਮਰਥਨ ਕਰਨ ਦੀ ਜ਼ਰੂਰਤ ਪਈ; ਭਾਵੇਂ ਉਹੀ ਬਹੁਤ ਸਖ਼ਤ ਕਾਰਵਾਈ ਸੀ

ਪਰ ਉਹ ਚੰਗੇ ਵਿਸ਼ਵਾਸ ਤੇ ਜਨ-ਹਿਤ 'ਚ ਕੀਤੀ ਗਈ ਸੀ – ਇਸੇ ਲਈ ਲੈਫ਼ਟੀਨੈਂਟ ਗਵਰਨਰ ਨੇ ਦੋਸ਼ ਲਾਉਣ ਦਾ ਵਿਚਾਰ ਛੱਡ ਦਿੱਤਾ, ਜਦ ਕਿ ਉਹ ਆਪਣੀਆਂ ਭਾਵਨਾਵਾਂ ਅਨੁਸਾਰ ਅਜਿਹਾ ਦੋਸ਼ ਲਾਉਣਾ ਚਾਹੁੰਦੇ ਸਨ ਅਤੇ ਗਵਰਨਰ ਜਨਰਲ-ਇਨ-ਕੌਂਸਲ ਨੇ ਵੀ ਉਨ੍ਹਾਂ ਦੇ ਅਜਿਹੇ ਪ੍ਰਗਟਾਵੇ ਨੂੰ ਪ੍ਰਵਾਨਗੀ ਦੇ ਦੇਣੀ ਸੀ। ਮਹਾਮਹਿਮ ਤਾਂ ਸਗੋਂ ਇਹ ਆਖਣ 'ਚ ਵੀ ਖ਼ੁਸ਼ੀ ਮਹਿਸੂਸ ਕਰਨਗੇ ਕਿ ਗਵਰਨਰ ਜਨਰਲ-ਇਨ-ਕੌਂਸਲ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਅਤੇ ਉੱਚ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਆਖੀਆਂ ਗੱਲਾਂ ਵਿਚਾਲੇ ਕੋਈ ਫ਼ਰਕ ਨਹੀਂ ਹੁੰਦਾ ਅਤੇ ਪੰਜਾਬ ਦੀ ਸੁਰੱਖਿਆ ਦਾ ਮਾਮਲਾ ਬਹੁਤ ਜ਼ਿਆਦਾ ਅਹਿਮ ਹੈ।''

ਇਸ ਸਪੱਸ਼ਟ ਤੇ ਸੰਖੇਪ ਦਸਤਾਵੇਜ਼ ਵਿੱਚ ਕੁਝ ਵੀ ਜੋੜਨਾ ਅਸੰਭਵ ਹੋਵੇਗਾ। ਸ੍ਰੀ ਕਾਵਨ ਤੇ ਸ੍ਰੀ ਫ਼ਾਰਸਿਥ ਨੂੰ ਦਿੱਤੀ ਗਈ ਸਜ਼ਾ ਦੇ ਮੁੱਦੇ 'ਤੇ ਬੇਸ਼ੱਕ ਵਿਚਾਰਧਾਰਕ ਮਤਭੇਦ ਹੋਣਗੇ। ਸ੍ਰੀ ਫ਼ਾਰਸਿਥ ਲਈ ਤਾਂ ਸਮੁੱਚੇ ਭਾਰਤ 'ਚ ਕਰੀਅਰ ਹਾਲੇ ਵੀ ਖੁੱਲ੍ਹਾ ਪਿਆ ਹੈ, ਜੇ ਉਹ ਚਾਹੁਣ ਪਰ ਸ੍ਰੀ ਕਾਵਨ ਲਈ ਅਜਿਹਾ ਨਹੀਂ ਹੈ ਅਤੇ ਜੇ ਸਿਆਸੀ ਪੱਖੋਂ ਗੱਲ ਕਰੀਏ, ਤਾਂ ਸ੍ਰੀ ਫ਼ਾਰਸਿਥ ਦੀ 'ਗ਼ਲਤੀ' ਵੀ ਯਕੀਨੀ ਤੌਰ 'ਤੇ ਸ੍ਰੀ ਕਾਵਨ ਨਾਲੋਂ ਘੱਟ ਨਹੀਂ ਸੀ। ਅਸੀਂ ਇਸ ਨੂੰ ਵਿਆਪਕ ਪੱਖੋਂ ਵੇਖਦੇ ਹਾਂ। ਇਸ ਦੇ ਨਾਲ ਹੀ, ਇੱਕ ਸਰਕਾਰ ਕਾਨੂੰਨ ਦੀ ਹਰੇਕ ਕਿਸਮ ਦਾ ਸਤਿਕਾਰ ਕਰਨ ਲਈ ਮਜਬੂਰ ਹੁੰਦੀ ਹੈ ਅਤੇ ਸ੍ਰੀ ਫ਼ਾਰਸਿਥ ਨੂੰ ਅਪਰਾਧੀਆਂ ਨੂੰ ਜ਼ਿੰਦਗੀ ਤੇ ਮੌਤ ਦੇਣ ਦਾ ਅਧਿਕਾਰ ਦਿੱਤਾ ਗਿਆ ਸੀ, ਇਸੇ ਲਈ ਜੇ ਸੌੜੇ ਨਜ਼ਰੀਏ ਨਾਲ ਵੇਖਿਆ ਜਾਵੇ ਤਾਂ ਜੋ ਕੁਝ ਵੀ ਉਨ੍ਹਾਂ ਕੀਤਾ, ਉਹ ਕਾਨੂੰਨ ਦੇ ਘੇਰੇ 'ਚ ਰਹਿ ਕੇ ਕੀਤਾ ਅਤੇ ਹੁਣ ਉਨ੍ਹਾਂ ਤੋਂ ਉਹ ਅਧਿਕਾਰ ਵਾਪਸ ਲੈ ਲਿਆ ਗਿਆ ਹੈ ਕਿਉਂਕਿ ਸਰਕਾਰ ਨੇ ਉਨ੍ਹਾਂ ਦੀ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ ਹੈ। ਅਸੀਂ ਇਹ ਵੀ ਸਮਝਦੇ ਹਾਂ ਕਿ ਸਾਡੇ ਪਾਠਕ ਇਨ੍ਹਾਂ ਸਾਰੇ ਦਸਤਾਵੇਜ਼ਾਂ ਦੀ ਘੋਖ-ਪੜਤਾਲ ਕਰਦੇ ਸਮੇਂ ਇਹ ਵੇਖਣਗੇ ਕਿ ਸ੍ਰੀ ਫ਼ਾਰਸਿਥ ਦੀ ਕਾਰਵਾਈ ਕਮਜ਼ੋਰੀ ਦੀ ਨਿਸ਼ਾਨੀ ਸੀ, ਜਦ ਕਿ ਸ੍ਰੀ ਕਾਵਨ ਦਾ ਇਰਾਦਾ ਬਹੁਤ ਖ਼ਤਰਨਾਕ ਸੀ। ਸਾਡਾ ਪੱਕਾ ਯਕੀਨ ਹੈ ਕਿ ਜੇ ਕਿਤੇ ਡਿਪਟੀ ਕਮਿਸ਼ਨਰ ਦੀ ਥਾਂ 'ਤੇ ਕਮਿਸ਼ਨਰ ਹੁੰਦੇ, ਤਾਂ ਉੱਥੇ ਕਿਸੇ ਨੂੰ ਵੀ ਬਿਨਾਂ ਸੁਣਵਾਈ ਦੇ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਣੀ ਸੀ। ਇੱਕ ਸਿਆਸਤਦਾਨ 'ਚ ਇਹ ਵੱਡਾ ਨੁਕਸ ਹੁੰਦਾ ਹੈ ਜਿਵੇਂ ਕਿ ਸ੍ਰੀ ਫ਼ਾਰਸਿਥ ਨੇ ਕੀਤਾ, ਜਦੋਂ ਉਹ ਪਹਿਲਾਂ ਸ੍ਰੀ ਕਾਵਨ ਦੇ ਫ਼ੈਸਲੇ ਦੀ ਨਿਖੇਧੀ ਕਰ ਚੁੱਕੇ ਸਨ, ਤਾਂ ਉਨ੍ਹਾਂ ਨੂੰ ਆਪਣੇ ਫ਼ੈਸਲੇ 'ਤੇ ਕਾਇਮ ਰਹਿਣਾ ਚਾਹੀਦਾ ਸੀ। ਉਂਝ ਅਸੀਂ ਦਿੱਤੀ ਗਈ ਸਜ਼ਾ ਦੀ ਉਚਿਤਤਾ ਜਾਂ ਅਣਉਚਿਤਤਾ ਦੀ ਬਹਿਸ 'ਚ ਨਹੀਂ ਪੈਂਦੇ। ਸਾਡਾ ਧਿਆਨ ਮੁੱਖ ਤੌਰ 'ਤੇ ਭਾਰਤ ਸਰਕਾਰ ਵੱਲੋਂ ਸ੍ਰੀ ਕਾਵਨ ਤੇ ਸ੍ਰੀ ਫ਼ਾਰਸਿਥ ਦੋਵਾਂ ਦੀਆਂ ਕਾਰਵਾਈਆਂ ਦੀ ਸਖ਼ਤ ਨਿਖੇਧੀ 'ਤੇ ਕੇਂਦ੍ਰਿਤ ਹੈ। ਜੇ ਅਸੀਂ ਇਨ੍ਹਾਂ ਦੋਵਾਂ ਅਧਿਕਾਰੀਆਂ ਨੂੰ ਨੌਕਰੀ ਤੋਂ ਕੱਢ ਦੇਵਾਂਗੇ, ਤਾਂ ਸਮੁੱਚੀ ਦੁਨੀਆ ਦੀ ਮਨੁੱਖਤਾ ਸਾਡੀ ਉਸ ਕਾਰਵਾਈ ਨੂੰ ਪ੍ਰਵਾਨਗੀ ਦੇ ਦੇਵੇਗੀ। ਇਸ ਲਈ ਅਸੀਂ ਇਸ ਮਾਮਲੇ 'ਚ ਕੀਤੀ ਗਈ ਕਾਰਵਾਈ ਨੂੰ ਨਾਮਨਜ਼ੂਰ ਕਰਨ ਬਾਰੇ ਕੁਝ ਨਹੀਂ ਆਖਾਂਗੇ। ਸਰਕਾਰੀ ਕਾਰਵਾਈ ਈਮਾਨਦਾਰਾਨਾ ਤੇ ਕਿਸੇ

ਰਾਜਨੇਤਾ ਵਰਗੀ ਹੈ। ਇਸ ਸਬੰਧੀ ਹੁਕਮ, ਜਿਵੇਂ ਕਿ ਅਸੀਂ ਪਹਿਲਾਂ ਵੀ ਆਖਿਆ ਹੈ, ਪੂਰੀ ਤਰ੍ਹਾਂ ਤਰਕਪੂਰਨ ਤੇ ਮਾਹਿਰਾਨਾ ਢੰਗ ਨਾਲ ਜਾਰੀ ਕੀਤਾ ਗਿਆ ਹੈ। ਇਸ ਹੁਕਮ ਦੀਆਂ ਭਾਵਨਾਵਾਂ ਮਹਾਰਾਣੀ ਦੇ ਆਦੇਸ਼ਾਂ ਦੇ ਜਜ਼ਬਾਤ ਹੀ ਹਨ ਅਤੇ ਇਸ 'ਚ ਭਾਰਤ ਦੇ 200,000,000 (20 ਕਰੋੜ) ਲੋਕਾਂ ਦੀ ਸਿਆਣੀ ਤੇ ਚੰਗੀ ਸਰਕਾਰ ਨੇ ਦੋਵੇਂ ਅਧਿਕਾਰੀਆਂ ਲਈ ਨਿਆਂ ਤੇ ਦਯਾ ਭਾਵਨਾ ਦੇ ਮਾਮਲੇ 'ਚ ਉਨ੍ਹਾਂ ਦੇ ਵਿਅਕਤੀਗਤ ਪੱਧਰ 'ਤੇ ਪੂਰਾ ਖ਼ਿਆਲ ਰੱਖਿਆ ਹੈ। ਜਦੋਂ ਅਸੀਂ ਇਨ੍ਹਾਂ ਭਾਵਨਾਵਾਂ ਤੋਂ ਲਾਂਭੇ ਹੁੰਦੇ ਹਾਂ, ਤਾਂ ਭਾਵੇਂ ਸਾਡੀ ਹਕੂਮਤ ਦੀ ਕਿੰਨੀ ਵੀ ਤਾਕਤ ਕਿਉਂ ਨਾ ਹੋਵੇ, ਸਾਡਾ ਭਾਰਤ 'ਚ ਕੋਈ ਅਧਿਕਾਰ ਨਹੀਂ ਹੋਵੇਗਾ।

ਇੱਥੇ ਇੱਕ ਹੋਰ ਗੱਲ ਜ਼ਰੂਰ ਕਹਿਣੀ ਹੋਵੇਗੀ ਕਿ ਸ੍ਰੀ ਫ਼ਾਰਸਿਥ ਤੇ ਸ੍ਰੀ ਕਾਵਨ ਨੂੰ ਉਨ੍ਹਾਂ ਗੱਲਾਂ 'ਤੇ ਬਹੁਤ ਛੇਤੀ ਖ਼ੁਸ਼ੀ ਹੋਵੇਗੀ, ਜੋ ਗੱਲਾਂ ਅਸੀਂ ਨਹੀਂ ਆਖੀਆਂ, ਅਸੀਂ ਇਹ ਗੱਲਾਂ ਆਪਣੀ ਖ਼ੁਦ ਦੀ ਤਸੱਲੀ ਲਈ ਆਖਦੇ ਹਾਂ। ਕੂਕਾ ਮਾਮਲਾ ਸਾਹਮਣੇ ਆਉਣ ਤੱਕ ਦੋਵੇਂ ਅਧਿਕਾਰੀਆਂ ਨੇ ਆਪਣੇ ਫ਼ਰਜ਼ ਬਹੁਤ ਵਧੀਆ ਢੰਗ ਨਾਲ ਨਿਭਾਏ; ਸ੍ਰੀ ਕਾਵਨ ਨੇ ਔੜ ਤੇ ਬੀਮਾਰੀਆਂ ਦੇ ਸਮੇਂ ਦੌਰਾਨ ਬਹੁਤ ਸਖ਼ਤ ਮਿਹਨਤ ਕਰ ਕੇ ਵਿਖਾਈ; ਸ੍ਰੀ ਫ਼ਾਰਸਿਥ ਨੇ ਬਹੁਤ ਹੀ ਹੁਨਰਮੰਦੀ ਨਾਲ ਕੂਟਨੀਤਕ ਕਾਰਜ ਰੂਸ ਦੇਸ਼ 'ਚ ਕਰ ਕੇ ਵਿਖਾਏ ਸਨ (ਜਿਨ੍ਹਾਂ ਦੀ ਸ਼ਲਾਘਾ ਲਾਰਡ ਕਲੇ ਅਰਨਡਨ ਨੇ ਵੀ ਕੀਤੀ ਸੀ) ਅਤੇ ਇੱਕ ਹੋਰ ਮੁਹਿੰਮ ਲਈ ਸਰ ਹੈਨਰੀ ਡਿਊਰੰਡ ਨੇ ਵੀ ਡਾਢੀ ਤਾਰੀਫ਼ ਕੀਤੀ ਸੀ। ਅਸੀਂ ਇਹ ਸਾਰੇ ਤੱਥ ਨੋਟ ਕਰ ਕੇ ਰੱਖੇ ਹਨ।

*ਸਨਿੱਚਰਵਾਰ, 11 ਮਈ, 1872*

**ਭਾਰਤ ਸਰਕਾਰ ਅਤੇ ਸ੍ਰੀ ਕਾਵਨ:** (ਪਾਇਓਨੀਅਰ, 9 ਮਈ)। ਕਾਵਨ ਮਾਮਲੇ 'ਚ ਭਾਰਤ ਸਰਕਾਰ ਦਾ ਨਾਂਅ ਡਾਢਾ ਬਦਨਾਮ ਹੋਇਆ ਹੈ। ਜੁਰਮ ਤੋਂ ਬਾਅਦ ਅਪਰਾਧੀ ਦੀ ਨਿਖੇਧੀ ਕਰ ਕੇ ਦੋਵੇਂ ਸੰਸਾਰਾਂ ਨੂੰ ਫ਼ਾਇਦਾ ਪੁੱਜ ਗਿਆ ਹੈ। ਇੱਕ ਰਾਜ-ਧਰੋਹ ਜੋ ਬਹੁਤ ਤਕਲੀਫ਼ਦੇਹ ਹੋ ਸਕਦਾ ਸੀ, ਜਿਸ ਨਾਲ ਧਨ ਤੇ ਪ੍ਰਤਿਸ਼ਠਾ ਦਾ ਨੁਕਸਾਨ ਹੋਣਾ ਸੀ - ਜਿਵੇਂ ਕਿ ਬ੍ਰਿਟਿਸ਼ ਸਰਕਾਰ ਨੇ ਇਸ ਸਾਰੇ ਮਾਮਲੇ ਨੂੰ ਪੇਸ਼ ਕੀਤਾ ਹੈ; ਜਦ ਕਿ ਕੁਝ ਹੋਰ ਲੋਕਾਂ ਦਾ ਕਹਿਣਾ ਹੈ ਕਿ ਇਹ ਸਿਰਫ਼ ਇੱਕ ਹਮਲਾ ਸੀ ਪਰ ਉਸ 'ਚ ਕੋਈ ਬਹੁਤਾ ਦਮ ਨਹੀਂ ਸੀ - ਜਿਸ ਉੱਤੇ ਇੱਕ ਰੁਪਿਆ ਵੀ ਖ਼ਰਚ ਕੀਤੇ ਬਿਨਾਂ ਸਖ਼ਤੀ ਨਾਲ ਦਬਾ ਦਿੱਤਾ ਗਿਆ ਤੇ ਕਿਸੇ ਫ਼ੌਜੀ ਜਵਾਨ ਦਾ ਜਾਨੀ ਨੁਕਸਾਨ ਨਹੀਂ ਹੋਇਆ; ਅਤੇ ਇਸ ਦੇ ਨਾਲ ਹੀ ਖ਼ੌਫ਼ਨਾਕ ਤਰੀਕੇ ਨਾਲ ਕੀਤੇ ਗਏ ਇਸ ਸਮੁੱਚੇ ਅਪਰਾਧ ਦਾ ਸਰਕਾਰ ਖੰਡਨ ਕਰ ਸਕਦੀ ਹੈ ਅਤੇ ਉਸੇ ਦਾ ਹੀ ਇਹ ਸੁਵਿਧਾਜਨਕ ਨਤੀਜਾ ਨਿਕਲਿਆ ਹੈ। ਜਿਵੇਂ ਕਿ ਅਸੀਂ ਆਖਿਆ ਹੈ ਕਿ ਇਹ ਕੋਈ ਖ਼ੁਸ਼ਕਿਸਮਤੀ ਨਹੀਂ, ਸਗੋਂ ਅਪਮਾਨਜਨਕ ਗੱਲ ਹੈ; ਕਿਉਂਕਿ ਜਨਤਕ ਸਮਝ ਤਾਂ ਇਹੋ ਮੰਨਦੀ ਹੈ ਕਿ ਜਦੋਂ ਤੱਕ ਤੁਸੀਂ ਕਿਸੇ ਵਿਅਕਤੀ ਦੇ ਫ਼ਾਇਦਿਆਂ ਨੂੰ ਲਾਂਭੇ ਨਹੀਂ ਕਰਦੇ, ਤੁਸੀਂ ਉਸ ਨੂੰ ਪੂਰੇ ਜੋਸ਼ ਨਾਲ ਬੁਰਾ-ਭਲਾ ਵੀ ਨਹੀਂ ਆਖ ਸਕਦੇ; ਭਾਵ ਜੇ ਤੁਹਾਨੂੰ ਕੋਈ ਫ਼ਾਇਦਾ ਪੁੱਜ ਰਿਹਾ ਹੈ, ਭਾਵੇਂ ਉਹ

ਇੱਛਾ ਨਾਲ ਨਾ ਵੀ ਹੋ ਰਿਹਾ ਹੋਵੇ, ਤੁਸੀਂ ਆਪਣੀ ਚੰਗਿਆਈ ਨੂੰ ਖੁੱਲ੍ਹ ਕੇ ਸਾਹਮਣੇ ਨਹੀਂ ਲਿਆ ਸਕਦੇ। ਫਿਰ ਵੀ ਇਸ ’ਚ ਕੋਈ ਸ਼ੱਕ ਨਹੀਂ ਹੈ ਕਿ ਸਰਕਾਰ ਇਸ ਮਾਮਲੇ ’ਚ ਬਹੁਤ ਸੁਰੱਖਿਅਤ ਢੰਗ ਨਾਲ ਚੱਲੀ ਹੈ। ਇਨਸਾਨੀਅਤ ਦੇ ਸਭ ਤੋਂ ਵੱਧ ਘਾਤਕ ਦੋਸਤਾਂ ਨੂੰ ਗਵਰਨਰ ਜਨਰਲ ਦੇ ਬੁਲੰਦ, ਸ਼ਾਨਦਾਰ ਤੇ ਗੁੰਜਾਇਮਾਨ ਭਾਸ਼ਣਾਂ ’ਚ ਕਿਤੇ ਇੱਕ ਵੀ ਸ਼ਬਦ ਅਜਿਹਾ ਨਹੀਂ ਲੱਭਦਾ, ਜਿਸ ਨਾਲ ਸ੍ਰੀ ਕਾਵਨ ਦੀ ਨਿਖੇਧੀ ਕੀਤੀ ਗਈ ਹੋਵੇ। ਦਰਅਸਲ, ਇਹ ਬਹੁਤ ਜ਼ਿਆਦਾ ਯੋਗ ਪੇਪਰ ਹੈ ਅਤੇ ਇਸ ਵਿੱਚ ਬਹੁਤ ਜ਼ਿਆਦਾ ਕੁਲੀਨ ਸੱਚਾਈ ਲਿਖੀ ਹੋਈ ਹੈ; ਅਤੇ ਜਿਸ ਤਰੀਕੇ ਸ੍ਰੀ ਕਾਵਨ ਵਿਰੁੱਧ ਕੇਸ ਪੇਸ਼ ਕੀਤਾ ਗਿਆ ਹੈ, ਅਸੀਂ ਇਹ ਗੱਲ ਕਹਿਣੀ ਚਾਹੁੰਦੇ ਹਾਂ ਕਿ ਇਹ ਬਿਲਕੁਲ ਬੇਰੋਕ ਹੈ। ਫਿਰ ਵੀ, ਅਸੀਂ ਇਸ ਸਮੁੱਚੇ ਪੇਪਰ ’ਤੇ ਇਤਰਾਜ਼ ਕਰਦੇ ਹਾਂ; ਅਸੀਂ ਇਸ ਵਿੱਚ ਦਰਜ ਕੁਝ ਬਿਆਨਾਂ ਵਿਰੁੱਧ ਰੋਹ ਦਰਜ ਕਰਵਾਉਂਦੇ ਹਨ, ਅਸੀਂ ਕੁਝ ਤਰਕਾਂ ਤੋਂ ਇਨਕਾਰ ਕਰਦੇ ਹਾਂ ਤੇ ਸਾਨੂੰ ਇਸ ਵਿੱਚ ਕੱਢੇ ਨਤੀਜੇ ਵੀ ਪ੍ਰਵਾਨ ਨਹੀਂ ਹਨ। ਸਾਨੂੰ ਲੱਗਦਾ ਹੈ ਕਿ ਸ੍ਰੀ ਕਾਵਨ ਨੂੰ ਸਜ਼ਾ ਮਿਲਣੀ ਚਾਹੀਦੀ ਸੀ ਪਰ ਲੱਗਦਾ ਹੈ ਕਿ ਉਸ ਨੂੰ ਸਜ਼ਾ ਨਹੀਂ ਦਿੱਤੀ ਜਾਣੀ। ਭਾਰਤ ਸਰਕਾਰ ਨੇ ਬਹੁਤ ਮੂਰਖਤਾ ਨਾਲ ਕਈ ਸਿਆਣੀਆਂ ਗੱਲਾਂ ਆਖੀਆਂ ਹਨ। ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵਿਰੁੱਧ ਬਹੁਤ ਚਲਾਕੀ ਨਾਲ ਦੋਸ਼ ਲਾਏ ਗਏ ਹਨ ਪਰ ਸ਼ਾਇਦ ਇਹ ਦੋਸ਼ ਲਾਏ ਹੀ ਨਹੀਂ ਜਾਣੇ ਸਨ। ਇਸ ਨੂੰ ਕੁਝ ਇੰਝ ਵੇਖਿਆ ਜਾਵੇਗਾ ਕਿ ਬਦਕਿਸਮਤੀ ਨਾਲ ਇਸ ਮਾਮਲੇ ’ਤੇ ਕਿਸੇ ਦਾ ਵਿਚਾਰ ਜਾਣਨ ਦਾ ਮੌਕਾ ਨਹੀਂ ਮਿਲਿਆ ਤੇ ਹਰੇਕ ਨੂੰ ਹੀ ਖ਼ਤਰਾ ਹੈ। ਸਭ ਤੋਂ ਪਹਿਲਾਂ ਸ੍ਰੀ ਕਾਵਨ ਦੀ ਹੀ ਗੱਲ ਕਰਦੇ ਹਾਂ, ਜੇ ਉਹ ਇਕੱਲੇ ਹਨ – ਜੇ ਫ਼ੈਸਲੇ ਦੀ ਜ਼ਿੰਮੇਵਾਰੀ ਉਨ੍ਹਾਂ ’ਤੇ ਹੀ ਪਾਈ ਗਈ ਹੈ; ਤਾਂ ਉਨ੍ਹਾਂ ਨੇ ਹੀ ਅਚਾਨਕ ਆਣ ਪਏ ਹੰਗਾਮੀ ਹਾਲਾਤ ’ਚ ਅਚਾਨਕ ਹੀ ਫ਼ੈਸਲਾ ਵੀ ਲੈਣਾ ਸੀ ਤੇ ਇਸ ਦੌਰਾਨ ਉਨ੍ਹਾਂ ਨੂੰ ਉੱਚ ਅਧਿਕਾਰੀ ਤੋਂ ਸਲਾਹ ਲੈਣ ਦਾ ਵੀ ਕੋਈ ਮੌਕਾ ਨਹੀਂ ਸੀ; ਅਤੇ ਜੇ ਇਸ ਅਖ਼ਤਿਆਰ ਦੀ ਵਰਤੋਂ ਕਰਦਿਆਂ ਉਨ੍ਹਾਂ ਸਖ਼ਤੀ ਵਰਤਣ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ – ਤਦ ਸਾਨੂੰ ਤਾਂ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਉਸ ਅਧਿਕਾਰੀ ਨੇ ਤਾਂ ਬਹੁਤ ਨਿਆਂਪੂਰਨ ਢੰਗ ਨਾਲ ਕਾਰਵਾਈ ਨੂੰ ਅੰਜਾਮ ਦਿੱਤਾ, ਤਾਂ ਜਨਤਕ ਨਿੰਦਾ ਤੋਂ ਬਚਿਆ ਜਾ ਸਕਦਾ ਸੀ। ਪਰ ਸ੍ਰੀ ਕਾਵਨ ਇਕੱਲੇ ਹੀ ਸਰਬਉੱਚ ਅਥਾਰਟੀ ਨਹੀਂ ਸਨ; ਉਨ੍ਹਾਂ ਦੀ ਕਾਰਵਾਈ ਪਰੇਸ਼ਾਨ ਕਰਨ ਵਾਲੀ ਸੀ; ਉੱਥੇ ਖ਼ੁਦ ਨਾਇਕ ਬਣਨ ਦਾ ਕੋਈ ਮੌਕਾ ਨਹੀਂ ਸੀ ਜਾਂ ਆਪਣੀ ਮਰਜ਼ੀ ਨਾਲ ਕੋਈ ਫ਼ੈਸਲਾ ਨਹੀਂ ਲੈਣਾ ਸੀ। ਦਰਅਸਲ, ਅਸੀਂ ਗਵਰਨਰ ਜਨਰਲ-ਇਨ-ਕੌਂਸਲ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਸ੍ਰੀ ਕਾਵਨ ਦਾ ਆਚਾਰ-ਵਿਹਾਰ ‘ਗੰਭੀਰ ਕਿਸਮ ਦੀ ਹੁਕਮ-ਅਦੂਲੀ ਅਤੇ ਗੁਸਤਾਖ਼ੀ ਸੀ’ ਪਰ ਇਹ ਹੁਕਮ-ਅਦੂਲੀ ਤੇ ਗੁਸਤਾਖ਼ੀ ਤੇ ਉਹੋ ਜਿਹੀ ਨਹੀਂ ਸੀ, ਜਿਵੇਂ ਕਿ ਗਵਰਨਰ ਜਨਰਲ ਸਮਝਦੇ ਹਨ ਕਿ ਉਸ ਨੇ ‘ਸਰਕਾਰ ਦੇ ਉੱਚਤਮ ਅਖ਼ਤਿਆਰ ਨੂੰ ਵੀ ਹੜੱਪ ਲਿਆ ਸੀ’ – ਹੋਰ ਹਾਲਾਤ ’ਚ ਸ੍ਰੀ ਕਾਵਨ ਅਜਿਹਾ ਕਰਨ ਦੇ ਬਾਵਜੂਦ ਦਰੁਸਤ ਵੀ ਹੋ ਸਕਦੇ ਸਨ – ਪਰ ਉਨ੍ਹਾਂ ਦੀ ਇਹ ‘ਹੁਕਮ-ਅਦੂਲੀ

ਤੇ ਗੁਸਤਾਖ਼ੀ' ਅਜਿਹੀ ਸੀ ਕਿ ਉਸ ਨੇ ਸ੍ਰੀ ਫ਼ਾਰਸਿਥ ਦੇ ਅਧਿਕਾਰਾਂ ਨੂੰ ਵੀ ਹੜੱਪ ਲਿਆ ਸੀ, ਜੋ ਉਨ੍ਹਾਂ ਦੇ ਤਤਕਾਲੀ ਅਧਿਕਾਰੀ ਸਨ ਤੇ ਜੋ ਉਨ੍ਹਾਂ ਦੇ ਨੇੜੇ ਵੀ ਸਨ ਤੇ ਉਨ੍ਹਾਂ ਨਾਲ ਆਸਾਨ ਤਰੀਕੇ ਗੱਲ ਕਰ ਸਕਦੇ ਸਨ। ਸ੍ਰੀ ਕਾਵਨ ਨਾ ਸਿਰਫ਼ ਇਸ ਮਾਮਲੇ ਨੂੰ ਅਜਿਹੀ ਪ੍ਰਮੁੱਖਤਾ 'ਚ ਲੈ ਗਏ, ਜੋ ਉਨ੍ਹਾਂ ਨਾਲ ਸੰਬੰਧਤ ਵੀ ਨਹੀਂ ਸੀ ਪਰ ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਆਪਣੇ ਉੱਚ ਅਧਿਕਾਰੀ ਦੇ ਬਿਲਕੁਲ ਸਿਆਣੇ ਤੇ ਵਿਵਹਾਰਕ ਹੁਕਮਾਂ ਦੀ ਉਲੰਘਣਾ ਕੀਤੀ। ਤਦ ਕੋਈ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ ਸੀ, ਜਦੋਂ ਸ੍ਰੀ ਫ਼ਾਰਸਿਥ ਨੇ ਉਨ੍ਹਾਂ ਸਾਰੇ ਕੈਦੀਆਂ ਨੂੰ ਲੁਧਿਆਣਾ ਭੇਜਣ ਦਾ ਹੁਕਮ ਦਿੱਤਾ ਸੀ; ਅਤੇ ਫਿਰ ਬਿਨਾਂ ਕਿਸੇ ਸੁਣਵਾਈ ਦੇ ਮੌਤ ਦੀ ਸਜ਼ਾ ਦੇਣ ਦੇ ਬੁਨਿਆਦੀ ਸੁਆਲ 'ਤੇ ਸ੍ਰੀ ਫ਼ਾਰਸਿਥ ਨੇ ਲਿਖਿਆ ਸੀ: 'ਇਹ ਮਾਮਲਾ ਕੋਈ ਇੰਨਾ ਜ਼ਰੂਰੀ ਨਹੀਂ ਕਿ ਜਿਸ ਦੇ ਆਧਾਰ 'ਤੇ ਅਸੀਂ ਆਪਣੇ ਕੋਲ ਮੌਜੂਦ ਸਾਧਾਰਣ ਕਾਰਜ-ਵਿਧੀ ਦਾ ਤਿਆਗ ਕਰਨ ਨੂੰ ਦਰੁਸਤ ਠਹਿਰਾ ਸਕੀਏ।' ਇਸੇ ਲਈ ਅਸੀਂ ਸ੍ਰੀ ਕਾਵਨ ਨੂੰ ਇਸ ਦਲੀਲ ਦਾ ਕੋਈ ਲਾਭ ਨਹੀਂ ਦੇ ਸਕਦੇ ਕਿ ਉਨ੍ਹਾਂ ਨੇ ਤਾਂ ਸਿਰਫ਼ ਆਪਣਾ ਫ਼ਰਜ਼ ਨਿਭਾਇਆ ਸੀ; ਜਦ ਕਿ ਉਹ ਇਹ ਕਿਸੇ ਹੋਰ ਵਿਅਕਤੀ ਦੀ ਡਿਊਟੀ ਸੀ, ਜਿਸ ਵਿੱਚ ਉਹ ਘੁਸਪੈਠ ਕਰ ਰਹੇ ਸਨ। ਪਿਛਲੇ ਵਰ੍ਹੇ ਪੀਲੀਭੀਤ 'ਚ ਜਿਵੇਂ ਸ੍ਰੀ ਵ੍ਹਾਈਟ ਨੇ ਪੂਰੀ ਮੁਸਤੈਦੀ ਨਾਲ ਇੱਕ ਭੀੜ 'ਤੇ ਗੋਲ਼ੀ ਚਲਾਉਣ ਦਾ ਹੁਕਮ ਦਿੱਤਾ ਸੀ, ਪੂਰੀ ਦੁਨੀਆ ਨੇ ਉਸ ਦੀ ਸ਼ਲਾਘਾ ਕੀਤੀ ਸੀ ਕਿਉਂਕਿ ਉੱਥੇ ਫ਼ੈਸਲਾ ਲੈਣ ਦੀ ਜ਼ਿੰਮੇਵਾਰੀ ਸਿਰਫ਼ ਤੇ ਸਿਰਫ਼ ਉਨ੍ਹਾਂ ਦੀ ਆਪਣੀ ਸੀ; ਜੇ ਕਿਤੇ ਉਹ ਅਜਿਹਾ ਨਾ ਕਰਦੇ, ਤਾਂ ਸਾਰਾ ਦੋਸ਼ 'ਤੇ ਉਨ੍ਹਾਂ ਸਿਰ ਹੀ ਮੜ੍ਹਿਆ ਜਾਣਾ ਸੀ। ਪਰ ਜੇ ਸ੍ਰੀ ਕਾਵਨ ਨੇ ਆਪਣੇ ਤਤਕਾਲੀ ਉੱਚ ਅਧਿਕਾਰੀ ਦਾ ਹੁਕਮ ਮੰਨਿਆ ਹੁੰਦਾ, ਭਾਵੇਂ ਕੁਝ ਵੀ ਵਾਪਰ ਚੁੱਕਿਆ ਹੁੰਦਾ – ਅਤੇ ਇਹ ਵੀ ਨਿਸ਼ਚਿਤ ਹੈ ਕਿ ਤਦ ਚੀਜ਼ਾਂ ਕੁਝ ਘੱਟ ਖ਼ੁਸ਼ੀ ਨਾਲ ਲਈਆਂ ਜਾਂਦੀਆਂ – ਪਰ ਕਿਸੇ ਨੇ ਵੀ ਉਨ੍ਹਾਂ ਦੀ ਕੋਈ ਨਿੰਦਾ ਨਹੀਂ ਕਰਨੀ ਸੀ। ਸਾਡਾ ਇਹ ਮੰਨਣਾ ਹੈ ਕਿ ਸ੍ਰੀ ਕਾਵਨ ਨੇ ਜਿਹੋ ਜਿਹੀ ਗੁਸਤਾਖ਼ੀ ਕੀਤੀ ਹੈ, ਉਹ ਅਸਲ 'ਚ ਇੱਕ ਅਜਿਹਾ ਦੁਰਲੱਭ ਕਿਸਮ ਦਾ ਜੇਰਾ ਹੈ, ਜੋ ਕਦੇ ਤਾਂ ਬਹੁਤ ਹੀ ਬੇਸ਼ਕੀਮਤ ਗੁਣ ਵੀ ਸਿੱਧ ਹੋ ਸਕਦਾ ਹੈ, ਖ਼ਾਸ ਤੌਰ 'ਤੇ ਉਨ੍ਹਾਂ ਸੁਸਤ ਜਿਹੇ ਦਿਨਾਂ 'ਚ ਜਦੋਂ ਬੰਦਿਆਂ 'ਚੋਂ ਕਿਸੇ ਵੀ ਤਰ੍ਹਾਂ ਦੀ ਪਹਿਲਕਦਮੀ ਕਰਨ ਦਾ ਗੁਣ ਹੀ ਖ਼ਤਮ ਹੋ ਗਿਆ ਸੀ। ਅਜਿਹਾ ਕਮਿਸ਼ਨ 'ਚ ਰਿਹਾ ਸੀ, ਉਹ ਕਿਸੇ ਨਾਜ਼ੁਕ ਜ਼ਿਲ੍ਹੇ 'ਚ ਕਿਸੇ ਤਰ੍ਹਾਂ ਦੀ ਕਾਰਵਾਈ ਲਈ ਲਾਹੇਵੰਦ ਵਿਅਕਤੀ ਹੋ ਸਕਦੇ ਹਨ ਤੇ ਚੰਗੀ ਤਰ੍ਹਾਂ 'ਟਿਕ ਸਕਦੇ ਹਨ'। ਇੰਝ ਇਹ ਵੇਖਿਆ ਜਾਵੇਗਾ ਕਿ ਜੇ ਅਸੀਂ ਸਰਕਾਰ ਦੀ ਕਾਰਵਾਈ ਦੀ ਸਖ਼ਤ ਨਿਖੇਧੀ ਕਰਦੇ ਹਾਂ, ਤਾਂ ਇਹ ਸ੍ਰੀ ਕਾਵਨ ਦੀ ਪ੍ਰਵਾਨਗੀ ਦਿੱਤੇ ਜਾਣ ਕਾਰਣ ਨਹੀਂ ਹੈ; ਸਗੋਂ ਪ੍ਰਸ਼ਾਸਨਿਕ ਸ਼ਕਤੀ ਦੀ ਹਕੂਮਤੀ ਸਮਰੱਥਾ ਦਾ ਨੁਕਸ ਹੈ ਕਿ ਜਿਸ ਦੀ ਕਾਰਵਾਈ ਨੇ ਵਿਸਵਾਸਘਾਤ ਕਰ ਦਿੱਤਾ। ਸਾਡੇ ਵਿਚਾਰ ਮੁਤਾਬਕ ਇਹ ਸ੍ਰੀ ਕਾਵਨ ਨਾਲ ਕੋਈ ਬੇਇਨਸਾਫ਼ੀ ਨਹੀਂ, ਜਿਸ ਵਿੱਚ ਸਰਕਾਰ ਗੁਨਾਹਗਾਰ ਰਹੀ ਹੈ, ਸਗੋਂ ਇਹ ਤਾਂ ਭਾਰਤ ਵਿੱਚ ਅੰਗਰੇਜ਼ਾਂ ਦੇ ਨਾਲ-ਨਾਲ ਇਸ ਦੇਸ਼ ਹਿੰਦੁਸਤਾਨ ਨਾਲ ਵਿਸ਼ਵਾਸਘਾਤ ਕਰਨ ਵਾਂਗ ਹੈ ਕਿਉਂਕਿ ਜਿਵੇਂ ਅੰਗਰੇਜ਼ਾਂ ਲਈ

ਸਰਕਾਰ ਜ਼ਰੂਰੀ ਹੈ, ਤਿਵੇਂ ਹੀ ਸਥਾਨਕ ਜਨਤਾ ਲਈ ਅਮਨ ਤੇ ਚੈਨ ਜ਼ਰੂਰੀ ਹੈ। ਭਾਰਤ ਦੇ ਗਜ਼ਟ 'ਚ ਪ੍ਰਕਾਸ਼ਿਤ ਪ੍ਰਸਤਾਵ ਬੇਸ਼ੱਕ ਬਹੁਤ ਹੀ ਵਧੀਆ ਤੇ ਸੁਖਾਵੀਂ ਸ਼ਬਦਾਵਲੀ ਨਾਲ ਲਿਖਿਆ ਗਿਆ ਬਾਦਲੀਲ ਅਲੰਕਾਰਕ ਵਰਣਨ ਹੈ। ਇਹ ਬੇਹੱਦ ਨਿਪੁੰਨਤਾ ਨਾਲ ਭਰਪੂਰ ਹੈ। ਕਿਸੇ ਥੋੜ੍ਹ-ਚਿਰੇ ਫ਼ਾਇਦੇ ਤੋਂ ਉਤਾਂਹ ਉੱਠ ਕੇ ਸ਼ਾਂਤ ਨਿਆਂਇਕ ਪ੍ਰਦਰਸ਼ਨ ਹੀ ਨਿਜੀ ਸੂਝ-ਬੂਝ ਦੇ ਵਧੀਆ ਨਮੂਨੇ ਰਹੇ ਹਨ। ਸਪੱਸ਼ਟ ਤੌਰ 'ਤੇ ਸਰਕਾਰ ਦੇ ਮੈਂਬਰਾਂ ਨੂੰ ਅਜਿਹੀਆਂ ਸਹੂਲਤਾਂ ਲਈ ਵਧੀਆਂ ਪੈੜਾਂ ਛੱਡਣੀਆਂ ਚਾਹੀਦੀਆਂ ਹਨ, ਜੋ ਗਵਰਨਰ ਆਇਰੀ ਨੂੰ ਦਿੱਤੀਆਂ ਗਈਆਂ ਸਨ। ਪਰ ਇਸ ਮਨੋਰਥ-ਪੱਤਰ 'ਚ ਜਿਹੜੀ ਸਮਝਦਾਰੀ ਦੀ ਅਸੀਂ ਗੱਲ ਕਰ ਰਹੇ ਹਾਂ, ਉਹ ਪੂਰੀ ਤਰ੍ਹਾਂ ਨਿਜੀ ਕਿਸਮ ਦੀ ਹੈ। ਜਿਵੇਂ ਐਕਸੀਟਰ ਹਾੱਲ 'ਚ ਸੰਬੋਧਨ ਕੀਤਾ ਗਿਆ ਸੀ, ਇਹ ਨੀਤੀ ਦਾ ਇੱਕ ਮਾੱਡਲ ਹੈ ਪਰ ਜਦੋਂ ਭਾਰਤ ਦੀ ਜਨਤਾ ਅਤੇ ਸਰਕਾਰੀ ਨੌਕਰਾਂ 'ਤੇ ਇਹ ਲਾਗੂ ਹੋਣਾ ਹੈ, ਤਾਂ ਇਹ ਬਿਲਕੁਲ ਉਲਟ ਹੈ। ਜਿੱਥੋਂ ਤੱਕ ਇਸ ਦਾ ਸਥਾਨਕ ਲੋਕਾਂ ਦੇ ਮਨਾਂ 'ਤੇ ਪੈਣ ਵਾਲੇ ਪ੍ਰਭਾਵ ਦਾ ਸੁਆਲ ਹੈ, ਇਹ ਬਿਲਕੁਲ ਮੂਰਖਤਾਪੂਰਣ ਹੈ ਕਿਉਂਕਿ ਇਹ ਸਖ਼ਤੀ ਨਾਲ ਤੁਰਤ-ਤੁਰਤ ਲਾਗੂ ਹੁੰਦਾ ਹੈ; ਜਿਸ ਨਾਲ ਵਫਾਦਾਰ ਲੋਕ ਨਿਰਉਤਸ਼ਾਹਿਤ ਹੋ ਜਾਂਦੇ ਹਨ ਤੇ ਅਸੰਤੁਸ਼ਟਾਂ ਨੂੰ ਹੱਲਾਸ਼ੇਰੀ ਮਿਲਦੀ ਹੈ। ਮਿਸਾਲ ਦੇ ਤੌਰ 'ਤੇ ਨਾਭਾ, ਜੀਂਦ ਤੇ ਪਟਿਆਲਾ ਦੇ ਫ਼ੌਜੀ ਦਸਤਿਆਂ 'ਤੇ ਜ਼ਰੂਰ ਹੀ ਅਜਿਹਾ ਪ੍ਰਭਾਵ ਪਿਆ ਹੋਵੇਗਾ ਕਿ ਉਹ ਤਾਂ ਹੁਣ ਤੱਕ ਇਹੋ ਸਮਝਦੇ ਰਹੇ ਸਨ ਕਿ ਉਹ ਤਾਕਤਵਰ ਸਰਕਾਰ ਦੀ ਵਫ਼ਾਦਾਰੀ ਨਾਲ ਸੇਵਾ ਕਰਦੇ ਰਹੇ ਸਨ ਪਰ ਹੁਣ ਉਹ ਸਮਝਦੇ ਹੋਣਗੇ ਕਿ ਅਸੀਂ ਤਾਂ ਉਨ੍ਹਾਂ ਨੂੰ ਕਤਲ ਕਰਨ ਵਿੱਚ ਮਹਿਜ਼ ਸਹਿਯੋਗੀ ਸਮਝਦੇ ਹੋਵਾਂਗੇ? ਇੰਝ ਉਹ ਸਾਡੇ ਨਾਸ਼ੁਕਰੇਪਣ ਤੋਂ ਜਿੱਥੇ ਨਾਰਾਜ਼ ਹੋਏ ਹੋਣਗੇ, ਉੱਥੇ ਸਾਡੀ ਮੂਰਖਤਾ ਨਾਲ ਹੋਰ ਵੀ ਅਪਮਾਨ ਹੋਇਆ ਹੋਵੇਗਾ। ਇਹ ਕਿਹੋ ਜਿਹਾ ਹਾਕਮ ਹੈ, ਜੋ ਉਨ੍ਹਾਂ ਨੂੰ ਨੀਂਵਾਂ ਦਰਸਾਉਣ ਲਈ ਬਾਗ਼ੀਆਂ ਤੋਂ ਮੁਆਫ਼ੀਆਂ ਮੰਗਦਾ ਫਿਰਦਾ ਹੈ? ਅਸੀਂ ਸਥਾਨਕ ਦਸਤਾਵੇਜ਼ਾਂ 'ਚ ਪਹਿਲਾਂ ਹੀ ਵੇਖਿਆ ਹੈ ਕਿ ਘੱਟ ਲੜਾਕੂ ਨਸਲਾਂ ਦੇ ਵਿਅਕਤੀ ਵੀ ਉਸ ਸਿਧਾਂਤ ਦਾ ਸੁਆਗਤ ਕਰਦੇ ਹਨ ਕਿ ਬਗ਼ਾਵਤ ਕੋਈ ਇੰਨਾ ਘਿਨਾਉਣਾ ਜੁਰਮ ਵੀ ਨਹੀਂ ਹੁੰਦਾ। ਜਿੱਥੋਂ ਤੱਕ ਸਰਕਾਰੀ ਨੌਕਰਾਂ ਦੇ ਭਵਿੱਖ ਦੇ ਵਿਵਹਾਰ 'ਤੇ ਸਰਕਾਰ ਦੇ ਅਸਰ ਦਾ ਸੁਆਲ ਹੈ, ਇਹ ਅਜਿਹਾ ਹੋਵੇਗਾ। ਸਰਕਾਰ ਇਹ ਆਖੇਗੀ: ''ਸੱਚਾਈ ਇਹ ਹੈ ਕਿ ਅਸੀਂ ਬਿਨਾਂ ਆਂਡੇ ਤੋੜਿਆਂ ਆਮਲੇਟ ਚਾਹੁੰਦੇ ਹਾਂ। ਅਸੀਂ ਜੋਸ਼ ਨੂੰ ਸਿਰਫ਼ ਇੱਕ ਨਿਸ਼ਚਿਤ ਹੱਦ ਤੱਕ ਹੀ ਪਸੰਦ ਕਰਦੇ ਹਾਂ; ਪਰ ਜੇ ਤੁਸੀਂ ਸਾਨੂੰ ਕਿਸੇ ਉਲਝਣ 'ਚ ਫਸਾਓਗੇ, ਤਾਂ ਅਸੀਂ ਤੁਹਾਨੂੰ ਹਰ ਹਾਲਤ 'ਚ ਵਗਾਹ ਮਾਰਾਂਗੇ, ਸਗੋਂ ਸਾਨੂੰ ਪਹਿਲਾ ਪੱਥਰ ਮਾਰਨ 'ਚ ਹੀ ਖ਼ੁਸ਼ੀ ਮਿਲੇਗੀ। ਇਸੇ ਲਈ, ਹਰ ਤਰ੍ਹਾਂ ਦੇ ਹੰਗਾਮੀ ਹਾਲਾਤ 'ਚ, ਆਪਣੇ ਖੇਤਰ 'ਚ ਮੌਜੂਦ ਨਰਮ-ਖ਼ਿਆਲੀ ਗਿਰੋਹ 'ਤੇ ਚੌਕਸ ਨਜ਼ਰ ਰੱਖੋ, ਜੋ ਆਪਣੇ ਸ਼ਿਕਾਰ ਨੂੰ ਉਦੋਂ ਤੱਕ ਹੀ ਸਦਾ ਚਿੰਤਾ 'ਚ ਪਾ ਕੇ ਰੱਖਣਾ ਚਾਹੁੰਦਾ ਹੁੰਦਾ ਹੈ, ਜਦੋਂ ਤੱਕ ਤੁਸੀਂ ਉਸ ਨੂੰ ਅਜਿਹਾ ਕਰਨ ਦੀ ਇਜਾਜ਼ਤ ਦਿੰਦੇ ਹੋ।'' ਘੱਟੋ-ਘੱਟ ਇਸ ਦੇਸ਼ 'ਚ ਤਾਂ ਇਹ ਅਨੁਮਾਨ ਲਾਉਣਾ ਔਖਾ ਹੈ ਕਿ ਕਿੱਥੇ

ਕਿਹੜਾ ਨੁਕਸਾਨ ਹੋ ਜਾਵੇ – ਚਾਹੇ ਗਵਰਨਰ ਜਨਰਲ ਵੱਲੋਂ ਦਿੱਤੇ ਵੇਰਵਿਆਂ ਦਾ ਚੰਗਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਭਵਿੱਖ 'ਚ ਕੂਕਿਆਂ ਦੇ ਕਿਸੇ ਕਿਸਮ ਦੇ ਰਾਜ-ਧਰੋਹਾਂ 'ਤੇ ਜਿੱਤ ਪਾਉਣ ਲਈ, ਉਨ੍ਹਾਂ ਨੂੰ ਇਹ ਦੱਸਣਾ ਹੋਵੇਗਾ ਕਿ ਪਿਛਲੀ ਵਾਰ ਉਨ੍ਹਾਂ ਨੂੰ ਬਹੁਤ ਸਜ਼ਾ ਦਿੱਤੀ ਗਈ ਸੀ, ਇਸ ਲਈ ਉਹ ਅਜਿਹੀ ਕਿਸੇ ਵੀ ਹਾਲਤ ਤੋਂ ਬਚ ਕੇ ਰਹਿਣ। ਪੰਜਾਬ 'ਚ ਹੋਰ ਵੀ ਤਾਂ ਸਿੱਖ ਤੇ ਮੁਸਲਿਮ ਹਨ, ਜੋ ਗਵਰਨਰਾਂ ਨੂੰ ਅਕਸਰ ਮਿਲਦੇ ਰਹਿੰਦੇ ਹਨ ਤੇ ਪੂਰੇ ਵਫ਼ਾਦਾਰ ਹਨ, ਜਿਨ੍ਹਾਂ ਦੀ ਚੌਕਸੀ ਤੇ ਜੋਸ਼ ਦੀ ਉਹ ਸ਼ਲਾਘਾ ਕਰ ਸਕਦੇ ਹਨ ਅਤੇ ਜੇ ਕੋਈ ਅਸੰਤੁਸ਼ਟੀ ਪਾਈ ਜਾਵੇ – ਕਿ ਬ੍ਰਿਟਿਸ਼ ਕੈਂਪ ਵਿੱਚ ਕੋਈ ਮਤਭੇਦ ਹਨ ਅਤੇ ਅਸੀਂ ਘਰ 'ਚ ਆਪਣੀ ਇਹ ਸਮੱਸਿਆ ਦੂਰ ਨਹੀਂ ਕਰ ਸਕਦੇ। ਇਹ ਆਖਣਾ ਹੁਣ ਫ਼ੈਸ਼ਨ ਹੋ ਗਿਆ ਹੈ ਕਿ ਪੰਜਾਬ 'ਚ ਜਿਵੇਂ ਪਹਿਲਾਂ ਮਜ਼ਬੂਤ ਸ਼ਾਸਨ ਹੁੰਦਾ ਸੀ, ਹੁਣ ਉਹੋ ਜਿਹਾ ਨਹੀਂ ਰਿਹਾ; ਇਸ ਦੇ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਚੰਗੇ ਲੋਕ ਤਾਂ ਇੱਥੋਂ ਜਾ ਚੁੱਕੇ ਹਨ ਤੇ ਹੁਣ ਸਿਰਫ਼ ਝਾੜੀਆਂ ਤੇ ਜੰਗਲ਼ੀ ਬੂਟੀਆਂ ਪਿੱਛੇ ਰਹਿ ਗਈਆਂ ਹਨ। ਪਰ ਇਹ ਵਰਨਣਯੋਗ ਹੈ ਕਿ ਇਸ ਮਾਮਲੇ 'ਚ ਸਥਾਨਕ ਸਰਕਾਰ ਦਾ ਆਚਾਰ-ਵਿਹਾਰ ਕਿੰਨਾ ਕੁਝ ਸੂਝ-ਬੂਝ ਵਾਲਾ ਰਿਹਾ ਹੈ, ਆਪਣੇ ਅਤਿ-ਉਤਸ਼ਾਹੀ ਸੇਵਕਾਂ 'ਤੇ ਦੋਸ਼ ਤਾਂ ਲਾਏ ਪਰ ਉਨ੍ਹਾਂ ਨੂੰ ਤਿਆਗਿਆ ਨਹੀਂ, ਸਾਰੇ ਵਰਗਾਂ ਦੀ ਸਥਾਨਕ ਜਨਤਾ ਪ੍ਰਤੀ ਵੀ ਵਿਸ਼ਾਲ ਕਿਸਮ ਦਾ ਰਵੱਈਆ ਰੱਖਿਆ ਤੇ ਸਰਬਉੱਚ ਸਰਕਾਰ ਦੀ ਕਿਸੇ ਕਿਸਮ ਦੀ ਕਮਜ਼ੋਰੀ ਨੂੰ ਵੀ ਲੁਕਾ ਕੇ ਰੱਖਿਆ। ਸ੍ਰੀ ਫ਼ਾਰਸਿਥ ਦੇ ਆਚਾਰ-ਵਿਹਾਰ ਦੀ ਵੀ ਆਲੋਚਨਾ ਹੋਣੀ ਚਾਹੀਦੀ ਹੈ, ਜਿਵੇਂ ਕਿ ਗਵਰਨਰ ਜਨਰਲ ਨੇ ਕੀਤੀ ਵੀ ਹੈ। ਭਾਵੇਂ ਮੌਤ ਦੀਆਂ ਸਜ਼ਾਵਾਂ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਜ਼ੋਰਦਾਰ ਢੰਗ ਨਾਲ ਮਨ੍ਹਾ ਕਰ ਰਹੇ ਸਨ, ਬਿਲਕੁਲ ਉਵੇਂ, ਜਿਵੇਂ ਭਾਰਤ ਸਰਕਾਰ ਹੁਣ ਸ੍ਰੀ ਕਾਵਨ ਵੱਲੋਂ ਆਪਣੀ ਮਰਜ਼ੀ ਨਾਲ ਕੀਤੀ ਕਾਰਵਾਈ ਦਾ ਵਿਰੋਧ ਕਰ ਰਹੀ ਹੈ; ਪਰ ਜਦੋਂ ਤੀਰ ਆਪਣੀ ਕਮਾਨ 'ਚੋਂ ਨਿਕਲ ਗਿਆ ਭਾਵ ਸ੍ਰੀ ਕਾਵਨ ਨੇ ਵੱਡੀ ਗਿਣਤੀ 'ਚ ਕੈਦੀਆਂ ਨੂੰ ਮੌਤ ਦੀ ਸਜ਼ਾ ਦੇ ਦਿੱਤੀ, ਤਾਂ ਸ੍ਰੀ ਫ਼ਾਰਸਿਥ ਨੇ ਆਪਣਾ ਬਚਾਅ ਕਰਨ ਦੀ ਥਾਂ ਉਸ ਸਾਰੀ ਕਾਰਵਾਈ ਦੀ ਸਾਰੀ ਜ਼ਿੰਮੇਵਾਰੀ ਆਪਣੇ ਉੱਤੇ ਲੈ ਲਈ। ਇਸ ਸਮੁੱਚੇ ਪ੍ਰਸ਼ਨ 'ਤੇ ਸਾਡੀਆਂ ਭਾਵਨਾਵਾਂ ਸਿਰਫ਼ ਇਸ ਪ੍ਰਕਾਰ ਹਨ: ਸੀਰਮਪੁਰ ਦੇ ਸਾਡੇ ਸੂਰ ਦੀ ਚਮੜੀ ਵਾਲੇ ਦੋਸਤ ਵਾਂਗ ਜਿਸ ਵਿਲੱਖਣ ਢੰਗ ਨਾਲ ਸ੍ਰੀ ਕਾਵਨ ਨੇ ਕੈਦੀਆਂ ਨੂੰ ਅੰਨ੍ਹੇਵਾਹ ਮੌਤ ਦੀ ਸਜ਼ਾ ਦਿੱਤੀ, ਅਸੀਂ ਉਸ ਨੂੰ ਨਾਮਨਜ਼ੂਰ ਕਰਦੇ ਹਾਂ; ਪਰ ਇਹ ਕਬੂਲ ਕਰਨਾ ਬਹੁਤ ਖ਼ੌਫ਼ਨਾਕ ਹੈ ਕਿ ਕਿਸੇ ਵੀ ਤਰੀਕੇ ਉੱਠੀ ਬਗ਼ਾਵਤ ਨੂੰ ਦਬਾਉਣ ਦੀ ਡਿਊਟੀ ਨਿਭਾਉਣ ਦੀ ਤੁਲਨਾ ਕਿਸੇ ਵੀ ਹਾਲਤ 'ਚ ਕਿਸੇ ਵੀ ਚੀਜ਼ ਨਾਲ ਨਹੀਂ ਕੀਤੀ ਜਾ ਸਕਦੀ। ਅਸੀਂ ਇੰਗਲੈਂਡ ਦੀ ਸਰਬਉੱਚਤਾ ਕਾਇਮ ਰੱਖਣ ਲਈ ਸਹੀ ਤੇ ਗ਼ਲਤ ਦਾ ਨਿਬੇੜਾ ਕਰਦੇ ਹਾਂ, ਜੇ ਅਜਿਹੇ ਕਿਸੇ ਮਾਮਲੇ 'ਚ ਕੁਝ 'ਗ਼ਲਤ' ਹੋਵੇਗਾ; ਪਰ ਇਹ ਮਾਮਲਾ ਕਿਉਂਕਿ ਸੁਰੱਖਿਆ ਦਾ ਹੈ ਤੇ ਵਿਵਸਥਾ ਦਾ ਵੀ ਖ਼ਿਆਲ ਰੱਖਣਾ ਹੈ, ਬ੍ਰਿਟਿਸ਼ ਹਕੂਮਤ ਇਹ ਸਭ ਝੱਲਦੀ ਹੈ ਕਿ ਭਾਰਤ 'ਚ ਚੁਪਾਸੇ ਪ੍ਰਗਤੀ ਤੇ ਸਹੀ-ਸਲਾਮਤੀ ਬਣੀ ਰਹੇ, ਇਸੇ

ਲਈ ਇੱਕ ਅੰਗਰੇਜ਼ ਵਿਅਕਤੀ ਨੂੰ ਤਾਂ ਉਹ ਸਾਰੇ ਹੀ ਸਾਧਨ ਦਰੁਸਤ ਜਾਪਣਗੇ, ਜੋ ਬ੍ਰਿਟਿਸ਼ ਤਾਕਤ ਨੂੰ ਸਦਾ ਸੁਰੱਖਿਅਤ ਰੱਖਣ ਲਈ ਪ੍ਰਭਾਵੀ ਹੋਣ। ਸੰਖੇਪ 'ਚ, ਅਸੀਂ ਸਰਕਾਰ ਦੀ ਕਾਰਵਾਈ ਪ੍ਰਤੀ ਬਿਲਕੁਲ ਉਵੇਂ ਹੀ ਆਪਣੀ ਅਸੰਤੁਸ਼ਟਤਾ ਪ੍ਰਗਟਾ ਸਕਦੇ ਹਾਂ, ਜਿਵੇਂ ਕਿ ਜੋਆਬ ਨੇ ਸਮਾਜਕ ਆਦਤਾਂ 'ਚ ਤਬਦੀਲੀ ਰਾਹੀਂ ਦਾਊਦ ਬਾਦਸ਼ਾਹ ਨੂੰ ਗ਼ੈਰ-ਵਾਜਬ ਆਖਿਆ ਸੀ *(ਇੱਥੇ ਅੱਗੇ ਦੀਆਂ ਸਤਰਾਂ ਬਾਈਬਲ 'ਚੋਂ ਲਈਆਂ ਗਈਆਂ ਹਨ: ਅਨੁਵਾਦਕ)* ''ਅੱਜ ਦੇ ਦਿਨ ਤੁਸੀਂ ਆਪਣੇ ਸਾਰੇ ਅਫ਼ਸਰਾਂ ਨੂੰ ਸ਼ਰਮਿੰਦਾ ਕਰ ਰਹੇ ਹੋ। ਵੇਖੋ, ਉਨ੍ਹਾਂ ਅਫ਼ਸਰਾਂ ਨੇ ਅੱਜ ਤੁਹਾਡੀ ਜਾਨ ਬਚਾਈ ਹੈ ਤੇ ਉਨ੍ਹਾਂ ਨੇ ਤੁਹਾਡੇ ਇਲਾਵਾ ਤੁਹਾਡੇ ਪੁੱਤਰਾਂ, ਧੀਆਂ ਤੇ ਤੁਹਾਡੀਆਂ ਪਤਨੀਆਂ ਅਤੇ ਦਾਸੀਆਂ ਦੀਆਂ ਜਾਨਾਂ ਨੂੰ ਵੀ ਬਚਾਇਆ। ਪਰ ਤੁਸੀਂ ਤਾਂ ਸਗੋਂ ਆਪਣੇ ਦੁਸ਼ਮਣਾਂ ਨਾਲ ਪ੍ਰੀਤ ਕਰ ਰਹੇ ਹੋ ਅਤੇ ਜੋ ਤੁਹਾਨੂੰ ਪ੍ਰੀਤ ਕਰਦੇ ਹਨ, ਉਨ੍ਹਾਂ ਨਾਲ ਨਫ਼ਰਤ ਕਰ ਰਹੇ ਹੋ।'' ਅਤੇ ਇਹ ਦਿਖਾਵਾ ਕੀਤੇ ਬਿਨਾਂ ਕਿ ਇਸ ਸਬਕ ਦਾ ਬਾਕੀ ਹਿੱਸਾ ਸ਼ਾਬਦਿਕ ਉਪਯੋਗ ਨੂੰ ਪ੍ਰਵਾਨ ਕਰਦਾ ਹੈ, ਇਸ ਵਿੱਚ ਸਾਡੇ ਹਾਕਮਾਂ ਦੇ ਗੰਭੀਰ ਧਿਆਨ ਗੋਚਰੇ ਲਿਆਉਣ ਯੋਗ ਕਾਫ਼ੀ ਸਮਾਨਤਾ ਹੈ। ''ਸੋ ਹੁਣ ਉੱਠੋ ਅਤੇ ਉੱਠ ਕੇ ਆਪਣੇ ਅਫ਼ਸਰਾਂ ਨੂੰ ਧੀਰਜ ਦੇਵੋ ਕਿਉਂਕਿ ਮੈਂ ਪਰਮੇਸ਼ਵਰ ਦੀ ਸਹੁੰ ਖਾਂਦਾ ਹਾਂ ਕਿ ਜੇ ਤੁਸੀਂ ਬਾਹਰ ਨਹੀਂ ਨਿਕਲੋਗੇ, ਤਾਂ ਰਾਤ ਤੀਕ ਤੁਹਾਡੇ ਨਾਲ ਇੱਕ ਵੀ ਬੰਦਾ ਨਹੀਂ ਰਹੇਗਾ।''

*ਮਿਤੀ 13 ਮਈ, 1872*

## ਦਿ ਹਿੰਦੂ ਪੈਟ੍ਰੀਆੱਟ

**ਕੂਕਿਆਂ ਨੂੰ ਮੌਤ ਦੀਆਂ ਸਜ਼ਾਵਾਂ:** ਕੂਕਿਆਂ ਨੂੰ ਮੌਤ ਦੀਆਂ ਸਜ਼ਾਵਾਂ ਬਾਰੇ ਸਰਕਾਰੀ ਹੁਕਮ ਇੱਕ ਬਹੁਤ ਉੱਤਮ ਤੇ ਸ਼ਾਨਦਾਰ ਦਸਤਾਵੇਜ਼ ਹੈ। ਇਹ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ, ਜਿਨ੍ਹਾਂ ਨੇ ਇਸ ਨੂੰ ਲਿਖਿਆ ਤੇ ਤਿਆਰ ਕੀਤਾ ਹੈ ਕਿਉਂਕਿ ਇਹ ਮਹਾਰਾਣੀ ਦੀ ਸਰਕਾਰ ਦੀ ਨਿਆਂਪੂਰਨ, ਦਿਆਵਾਨ ਤੇ ਸਦਾਚਾਰੀ ਨੀਤੀ ਨੂੰ ਗੁੰਜਾਇਮਾਨ ਸ਼ਬਦਾਂ 'ਚ ਦਰੁਸਤ ਠਹਿਰਾਉਂਦਾ ਹੈ। ਇਸ ਤੋਂ ਸਰਕਾਰੀ ਅਧਿਕਾਰੀਆਂ ਨੇ ਜਿਹੜੇ ਵੀ ਸਬਕ ਸਿੱਖੇ ਹਨ, ਉਨ੍ਹਾਂ ਨੂੰ ਹਰ ਤਰ੍ਹਾਂ ਦੇ ਭੂਗੋਲਕ ਹਿੱਸਿਆਂ 'ਚ ਹਰ ਵੇਲੇ ਸਤਿਕਾਰ ਨਾਲ ਯਾਦ ਰੱਖਿਆ ਜਾਵੇਗਾ। ਗਵਰਨਰ ਜਨਰਲ-ਇਨ-ਕੌਂਸਲ ਆਪਣੇ ਅਧੀਨ ਅਧਿਕਾਰੀਆਂ ਨੂੰ ਦੱਸਦੇ ਹਨ ਕਿ ਉਹ 'ਇੱਕ ਬਹੁਤ ਗੰਭੀਰ ਗ਼ਲਤੀ' ਨਾਲ ਮਿਹਨਤ ਕਰਦੇ ਹਨ, ਜੇ ਉਹ ਇਹ ਮੰਨ ਲੈਂਦੇ ਹਨ ਕਿ ''ਕਾਨੂੰਨ ਤਾਂ ਸਿਰਫ਼ ਸ਼ਾਂਤ ਸਮਿਆਂ ਲਈ ਹੈ ਅਤੇ ਅਧਿਕਾਰੀ ਜੇ ਕਦੇ ਕਿਸੇ ਸਿਆਸੀ ਖ਼ਤਰੇ ਦੇ ਖ਼ਦਸ਼ੇ ਦੇ ਮੱਦੇਨਜ਼ਰ ਕਾਨੂੰਨ ਦੀ ਉਲੰਘਣਾ ਵੀ ਕਰ ਲੈਂਦੇ ਹਨ, ਤਾਂ ਉਹ ਦਰੁਸਤ ਹੁੰਦੇ ਹਨ ਅਤੇ ਇਹ ਵੀ ਕਿ ਉਹ ਕਿਸੇ ਖ਼ਾਸ ਮਾਮਲੇ 'ਚ ਅਪਰਾਧੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ ਨੂੰ ਉਹ ਕਿਸੇ ਵੇਲੇ ਪੈਦਾ ਹੋਈ ਭੜਕਾਹਟ ਦੇ ਤੁਰਤ-ਫੁਰਤ ਦਬਾਅ ਹੇਠ ਹੋਰ ਕੋਈ ਲੋੜੀਂਦਾ ਕਦਮ ਚੁੱਕਣ ਦੀ ਥਾਂ

ਸਿਰਫ਼ ਕੋਈ ਮਿਸਾਲ ਪੈਦਾ ਕਰਨ ਲਈ ਆਪਣੀ ਮਰਜ਼ੀ ਨਾਲ ਬਦਲ ਵੀ ਸਕਦੇ ਹਨ।'' ਮਹਾਮਹਿਮ-ਇਨ-ਕੌਂਸਲ ਦੀ ਇਸ ਬਾਰੇ ਟਿੱਪਣੀ ਇੰਝ ਹੈ:

''ਮਹਾਮਹਿਮ-ਇਨ-ਕੌਂਸਲ ਹਰ ਤਰ੍ਹਾਂ ਦੇ ਸਾਰੇ ਸੰਬੰਧਤ ਸਿਵਲ ਤੇ ਫ਼ੌਜੀ ਅਧਿਕਾਰੀਆਂ ਨੂੰ ਦ੍ਰਿੜ੍ਹਤਾਪੂਰਵਕ ਇਸ ਵਿਆਪਕ ਸਿਧਾਂਤ ਬਾਰੇ ਇਹ ਕਹਿਣਾ ਚਾਹੁੰਦੇ ਹਨ ਕਿ ਸਥਾਪਤ ਕੀਤੀਆਂ ਅਦਾਲਤਾਂ ਵੱਲੋਂ ਇਸ ਦੇਸ਼ ਦੇ ਜਿਹੜੇ ਕਾਨੂੰਨ ਅਨੁਸਾਰ ਫ਼ੈਸਲੇ ਸੁਣਾਏ ਜਾਂਦੇ ਹਨ, ਉਹ ਸਰਕਾਰ ਲਈ ਅਜਿਹੇ ਦਸਤਾਵੇਜ਼ ਹਨ, ਜਿਨ੍ਹਾਂ ਦੇ ਆਧਾਰ 'ਤੇ ਉਹ ਅਪਰਾਧ ਦਾ ਖ਼ਾਤਮਾ ਕਰਦੀ ਹੈ, ਸ਼ਾਂਤੀ ਕਾਇਮ ਕਰਦੀ ਹੈ ਤੇ ਮਾੜੀ ਨੀਅਤ ਵਾਲੇ ਅਨਸਰਾਂ ਨੂੰ ਗ਼ਲਤ ਕੰਮ ਕਰਨ ਤੋਂ ਵਰਜਦੀ ਹੈ; ਅਤੇ ਇਹ ਕਿਸੇ ਖ਼ਾਸ ਅਧਿਕਾਰੀ ਵੱਲੋਂ ਘਮੰਡ 'ਚ ਕੀਤੀ ਜਾ ਸਕਣ ਵਾਲੀ ਸਰਾਸਰ ਗੰਭੀਰ ਉਲੰਘਣਾ ਹੈ, ਜੋ ਕਿਸੇ ਖ਼ਾਸ ਛਿਣ ਦੇ ਅਸਰ ਹੇਠ ਆ ਕੇ ਤੁਰੰਤ ਇਹ ਫ਼ੈਸਲਾ ਲੈ ਲੈਂਦਾ ਹੈ ਕਿ ਕਾਨੂੰਨ ਇਨ੍ਹਾਂ ਮਜ਼ਬੂਤ ਨਹੀਂ ਹੈ ਕਿ ਉਹ ਸਮਾਜ ਨੂੰ ਸੁਰੱਖਿਅਤ ਨਹੀਂ ਰੱਖ ਸਕਦਾ ਅਤੇ ਜਾਂ ਉਹ ਸੋਚ ਲੈਂਦਾ ਹੈ ਕਿ ਜੇ ਸਾਧਾਰਣ ਢੰਗ ਨਾਲ ਸਜ਼ਾਵਾਂ ਦਿੱਤੀਆਂ ਗਈਆਂ, ਤਾਂ ਉਹ ਅਪਰਾਧ ਨੂੰ ਰੋਕਣ ਲਈ ਗੰਭੀਰ ਸਿੱਧ ਨਹੀਂ ਹੋਣਗੀਆਂ ਤੇ ਨਾਕਾਫ਼ੀ ਰਹਿਣਗੀਆਂ। ਅਜਿਹਾ ਕਰਨਾ ਸਰਕਾਰ ਦੇ ਉੱਚਤਮ ਅਧਿਕਾਰ-ਖੇਤਰ ਨੂੰ ਹੜੱਪ ਲੈਣ ਦੇ ਸਮਾਨ ਹੈ। ਅਜਿਹੇ ਮਾਮਲੇ ਕਦੇ ਆ ਵੀ ਸਕਦੇ ਹਨ ਕਿ ਜਦੋਂ ਸਰਕਾਰ ਕੋਈ ਖ਼ਾਸ ਜੁਰਮਾਂ ਲਈ ਬਿਨਾਂ ਕਿਸੇ ਸੁਣਵਾਈ ਦੇ ਸਜ਼ਾ ਦੇਣਾ ਜ਼ਰੂਰੀ ਸਮਝ ਸਕਦੀ ਹੈ ਤੇ ਮੌਤ ਦੀ ਸਜ਼ਾ ਵੀ ਦੇ ਸਕਦੀ ਹੈ; ਪਰ ਆਮ ਹਾਲਤ ਵਿੱਚ ਸਾਰੇ ਸਿਵਲ ਤੇ ਫ਼ੌਜੀ ਅਧਿਕਾਰੀਆਂ ਦਾ ਹਰ ਤਰ੍ਹਾਂ ਦੇ ਮਾਮਲਿਆਂ 'ਚ ਇਹੋ ਫ਼ਰਜ਼ ਹੁੰਦਾ ਹੈ ਕਿ ਉਹ ਕਾਨੂੰਨ ਮੁਤਾਬਕ ਨਿਯਮਤ ਕਾਰਵਾਈ ਕਰਦੇ ਹੋਏ ਜਦੋਂ ਅਪਰਾਧੀਆਂ ਨੂੰ ਗ੍ਰਿਫ਼ਤਾਰ ਲੈਂਦੇ ਹਨ, ਤਾਂ ਉਨ੍ਹਾਂ ਨੂੰ ਸੁਣਵਾਈ ਲਈ ਵਾਜਬ ਟ੍ਰਿਬਿਊਨਲਾਂ ਹਵਾਲੇ ਕਰ ਦੇਣਾ ਚਾਹੀਦਾ ਹੈ।

ਇਹ ਦਰਸਾਉਣ ਲਈ ਕਿ ਇਹ ਨਿਯਮਤ ਪ੍ਰਕਿਰਿਆ ਕਿਸੇ ਬਹੁਤ ਜ਼ਿਆਦਾ ਗੰਭੀਰ ਕਿਸਮ ਦੇ ਹਾਲਾਤ ਦੌਰਾਨ ਕਿਸੇ ਖ਼ਾਸ ਕਿਸਮ ਦਾ ਜੋਸ਼ ਤੇ ਮੁਸਤੈਦੀ ਵਿਖਾਉਣ ਲਈ ਨਾਕਾਫ਼ੀ ਹੈ, ਤਾਂ ਇਹ ਗੱਲ ਮਨ 'ਚ ਰੱਖਣੀ ਚਾਹੀਦੀ ਹੈ ਕਿ ਹਿੰਸਕ ਕਿਸਮ ਦੇ ਅਪਰਾਧ ਨੂੰ ਖ਼ਤਮ ਕਰਨ ਅਤੇ ਅਪਰਾਧੀਆਂ ਨੂੰ ਸੁਰੱਖਿਅਤ ਹਿਰਾਸਤ 'ਚ ਰੱਖਣ ਲਈ; ਕਾਨੂੰਨ ਤੁਹਾਨੂੰ ਇਸ ਮੰਤਵ ਵਾਸਤੇ ਕਿਸੇ ਵੀ ਹੱਦ ਤੱਕ ਫ਼ੌਜੀ ਬਲਾਂ ਦੀ ਵਰਤੋਂ ਕਰਨ ਦਾ ਅਧਿਕਾਰ ਦਿੰਦਾ ਹੈ। ਹੱਥਾਂ 'ਚ ਹਥਿਆਰ ਲੈ ਕੇ ਲਹਿਰਾਉਣ ਵਾਲੇ ਬਾਗ਼ੀਆਂ, ਡਕੈਤੀ ਤੇ ਕਤਲ ਦੇ ਮਕਸਦ ਨਾਲ ਇਕੱਠੇ ਹੋਏ ਡਕੈਤਾਂ ਦੇ ਗਿਰੋਹਾਂ, ਮਹਾਰਾਣੀ ਵਿਰੁੱਧ ਜੰਗ ਵਿੱਢਣ ਦੀ ਕਾਰਵਾਈ ਕਰਨ ਵਾਲੇ ਵਿਅਕਤੀਆਂ ਅਤੇ ਉਨ੍ਹਾਂ ਦੀ ਮਦਦ ਕਰਨ ਤੇ ਉਨ੍ਹਾਂ ਨੂੰ ਉਕਸਾਉਣ ਵਾਲੇ ਲੋਕਾਂ 'ਤੇ ਹਥਿਆਰਬੰਦ ਬਲ ਬਿਲਕੁਲ ਉਵੇਂ ਹੀ ਹਮਲਾ ਕਰ ਸਕਦੇ ਹਨ, ਜਿਵੇਂ ਕਿ ਹਥਿਆਰਬੰਦ ਧਾੜਵੀਆਂ 'ਤੇ ਕੀਤਾ ਜਾਂਦਾ ਹੈ। ਜੇ ਮੈਦਾਨ-ਏ-ਜੰਗ 'ਤੇ ਉਨਾਂ ਦਾ ਵਿਵਹਾਰ ਠੀਕ ਨਾ ਹੋਵੇ ਅਤੇ ਗਿਣਤੀ ਜ਼ਿਆਦਾ ਹੋਵੇ ਅਤੇ ਜੇ ਉਹ ਸਾਧਾਰਣ ਜੰਗ ਕਰਨੀ ਚਾਹ ਰਹੇ ਹੋਣ, ਤਾਂ ਉਨ੍ਹਾਂ ਨੂੰ ਤੁਰੰਤ ਮੌਕੇ 'ਤੇ ਹੀ ਮਾਰ ਮੁਕਾਇਆ ਜਾ ਸਕਦਾ ਹੈ। ਸੰਖੇ

ਪ 'ਚ, ਜਿਵੇਂ ਜੰਗ ਦਾ ਲਾਹਾ ਲੈਂਦਿਆਂ ਦੁਸ਼ਮਣ ਦੇ ਫ਼ੌਜੀਆਂ ਨੂੰ ਹਰਾਉਣ ਤੇ ਉਨ੍ਹਾਂ ਨੂੰ ਤੋੜਨ ਲਈ ਸਖ਼ਤੀ ਵਰਤੀ ਜਾ ਸਕਦੀ ਹੈ, ਉਹੋ ਜਿਹੀ ਸਖ਼ਤੀ ਅਪਰਾਧਕ ਗਿਰੋਹਾਂ, ਭਾਵੇਂ ਉਹ ਬਾਗ਼ੀ ਹੋਣ ਚਾਹੇ ਨਾ, ਨੂੰ ਹਰਾਉਣ ਜਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੇ ਮੰਤਵ ਨਾਲ ਨਹੀਂ ਕੀਤੀ ਜਾ ਸਕਦੀ।

ਇੱਕ ਗੱਲ ਦੀ ਇਜਾਜ਼ਤ ਕਦੇ ਵੀ ਕਿਸੇ ਸਿਵਲ ਜਾਂ ਫ਼ੌਜੀ ਅਧਿਕਾਰੀ ਨੂੰ ਕਿਸੇ ਵੀ ਹਾਲਤ 'ਚ ਨਹੀਂ ਦਿੱਤੀ ਜਾ ਸਕਦੀ, ਉਹ ਹੈ ਇੱਕ ਜੱਜ ਤੇ ਵਿਧਾਨਕਾਰ ਦੇ ਅਹੁਦੇ ਦੀ ਅਨਿਯਮਤ ਮਾਨਤਾ। ਕਿਸੇ ਵੀ ਅਧਿਕਾਰੀ ਨੂੰ ਆਪਣੇ ਕੈਦੀਆਂ ਨੂੰ ਸਜ਼ਾ ਦੇਣ ਦਾ ਕੋਈ ਅਧਿਕਾਰ ਨਹੀਂ ਹੈ, ਜਦੋਂ ਤੱਕ ਕਿ ਉਸ ਨੂੰ ਕਿਸੇ ਖ਼ਾਸ ਮਾਮਲੇ ਦੇ ਹਾਲਾਤ ਦੇ ਸੰਦਰਭ 'ਚ ਆਪਣੇ ਖ਼ੁਦ ਵੱਲੋਂ ਬਣਾਏ ਕਾਨੂੰਨ ਅਨੁਸਾਰ ਸਜ਼ਾ ਦੇਣ ਦਾ ਹੱਕ ਨਾ ਹੋਵੇ। ਅਪਰਾਧ ਦਾ ਖ਼ਾਤਮਾ ਕਰਨ ਤੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਅਧਿਕਾਰੀਆਂ ਨੂੰ ਕਾਨੂੰਨ ਅਧਿਕਾਰ ਦਿੰਦਾ ਹੈ ਪਰ ਕੋਈ ਵੀ ਕਾਨੂੰਨ ਜਾਂ ਇਨਸਾਫ਼ ਦਾ ਕੋਈ ਸਿਧਾਂਤ ਜਾਂ ਕੋਈ ਨੀਤੀ ਉਨ੍ਹਾਂ ਨੂੰ ਅਜਿਹਾ ਕੋਈ ਹੱਕ ਨਹੀਂ ਦਿੰਦੀ ਹੈ ਕਿ ਜੇ ਉਹ ਕਿਸੇ ਹਾਲਤ 'ਚ ਭਾਵੇਂ ਵਾਜਬ ਵੀ ਸਮਝਦੇ ਹੋਣ, ਤਾਂ ਉਹ ਕਿਸੇ ਕੈਦੀ ਨੂੰ ਆਪਣੀ ਮਰਜ਼ੀ ਮੁਤਾਬਕ ਸਜ਼ਾ ਦੇ ਸਕਣ।

ਨੀਤੀ ਉੱਤੇ ਝਾਤ ਪਵਾਉਂਦਿਆਂ ਉੱਪਰ ਜਿਹੜੇ ਸਿਧਾਂਤਾਂ ਦਾ ਵਰਣਨ ਕੀਤਾ ਗਿਆ ਹੈ, ਉਨ੍ਹਾਂ ਨੂੰ ਜਦੋਂ ਕਦੇ ਲਾਗੂ ਕਰਨਾ ਹੋਵੇ, ਤਾਂ ਅਧਿਕਾਰੀਆਂ ਨੂੰ ਇਹ ਸਭ ਸਮਝਣ ਤੇ ਲਾਗੂ ਕਰਨ ਵਿੱਚ ਸ਼ਾਇਦ ਮਦਦ ਦਿੱਤੀ ਜਾ ਸਕਦੀ ਹੈ।

ਦਿਆ ਨਾਲ ਇਨਸਾਫ਼ ਕਰਨਾ ਹੀ ਭਾਰਤ ਸਰਕਾਰ ਦੀ ਇੱਕ ਨਿਸ਼ਚਿਤ ਤੇ ਤੈਅਸ਼ੁਦਾ ਨੀਤੀ ਹੈ ਪਰ ਇਸ ਮਾਮਲੇ 'ਚ ਸਭ ਤੋਂ ਵੱਡਾ ਉਦੇਸ਼ ਇਹੋ ਹੈ ਕਿ ਇਨਸਾਫ਼ ਪੂਰੀ ਤਰ੍ਹਾਂ ਸੋਚ-ਵਿਚਾਰਨ ਤੋਂ ਬਾਅਦ ਗਿਆਤ ਨਿਯਮਾਂ ਅਨੁਸਾਰ ਹੀ ਦੇਣਾ ਚਾਹੀਦਾ ਹੈ ਅਤੇ ਇਸ ਦੌਰਾਨ ਗੁਨਾਹ ਦੇ ਦਰਜੇ ਵੀ ਤੈਅ ਕਰ ਲੈਣੇ ਚਾਹੀਦੇ ਹਨ। ਬਿਨਾਂ ਸੋਚ-ਵਿਚਾਰ ਦੇ ਅਤੇ ਕੁਝ ਜੋਸ਼ 'ਚ ਆ ਕੇ ਆਖੇ ਗਏ ਵਾਕਾਂ ਨੂੰ ਨਿਆਂ ਜਾਂ ਸਿਆਣਪ ਨਹੀਂ ਕਿਹਾ ਜਾ ਸਕਦਾ। ਅਜਿਹੀ ਹਾਲਤ 'ਚ ਇਹ ਸੰਭਾਵਨਾ ਰਹਿੰਦੀ ਹੈ ਕਿ ਉਨ੍ਹਾਂ ਉੱਤੇ ਸੋਚ-ਸਮਝ ਕੇ ਦਿੱਤੇ ਇਨਸਾਫ਼ ਦੀ ਥਾਂ 'ਤੇ ਕੋਈ ਵਿਅਕਤੀਗਤ ਕਿੜ ਕੱਢਣ ਜਾਂ ਕਿਸੇ ਚਿੰਤਾ 'ਚ ਕੀਤੇ ਫ਼ੈਸਲੇ ਦੀ ਮੋਹਰ ਲੱਗ ਜਾਵੇ। ਬਿਨਾਂ ਸੁਣਵਾਈ ਦੇ ਦਿੱਤੇ ਹੁਕਮਾਂ ਨੂੰ ਅਕਸਰ ਜੋਸ਼ੀਲੀ ਕਾਰਵਾਈ ਮੰਨਿਆ ਜਾਂਦਾ ਹੈ, ਜਦ ਕਿ ਅਸਲ ਵਿੱਚ ਉਹ ਕਮਜ਼ੋਰੀ ਦੀ ਨਿਸ਼ਾਨੀ ਹੁੰਦੇ ਹਨ। ਜਿਹੜੇ ਅਧਿਕਾਰੀ ਅਜਿਹੇ ਹੁਕਮ ਵਾਰ-ਵਾਰ ਦਿੰਦੇ ਹਨ, ਉਹ ਇਹੋ ਦਰਸਾਉਂਦੇ ਹਨ ਕਿ ਉਨ੍ਹਾਂ ਨੂੰ ਆਪਣੀ ਖ਼ੁਦ ਦੀ ਸ਼ਕਤੀ 'ਤੇ ਸ਼ੱਕ ਹੁੰਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਵਿਰੋਧੀਆਂ ਪ੍ਰਤੀ ਤਰਸਵਾਨ ਬਣਨ ਤੋਂ ਡਰ ਲੱਗਦਾ ਹੈ।

ਗਵਰਨਰ ਜਨਰਲ-ਇਨ-ਕੌਂਸਲ ਅਜਿਹੇ ਵਤੀਰੇ ਨੂੰ ਪ੍ਰਵਾਨਗੀ ਨਹੀਂ ਦੇ ਸਕਦੇ, ਜਿਸ ਵਿੱਚ ਉਨ੍ਹਾਂ ਦੀਆਂ ਅਜਿਹੀਆਂ ਕਾਰਵਾਈਆਂ ਦੀ ਪੁਸ਼ਟੀ ਕਰ ਦਿੱਤੀ ਜਾਵੇਗੀ। ਇੱਕ ਪਾਸੇ ਤਾਂ ਮਹਾਮਹਿਮ-ਇਨ-ਕੌਂਸਲ ਦਾ ਵਿਸ਼ਵਾਸ ਹੈ ਕਿ ਇੱਕ ਨਿਆਂਪੂਰਨ ਤੇ ਦਿਆਵਾਨ ਹਕੂਮਤ ਸਮਾਂ ਬੀਤ ਜਾਣ ਦੇ ਬਾਵਜੂਦ ਲੋਕਾਂ ਦੇ ਮਨਾਂ

'ਚੋਂ ਧੁੰਦਲੀ ਨਹੀਂ ਹੋ ਸਕਦੀ। ਇਸ ਦੇ ਨਾਲ ਹੀ ਉਹ ਦੂਜੇ ਪਾਸੇ ਫ਼ੌਜੀ ਬਲਾਂ ਨੂੰ ਅਮਨ-ਪਸੰਦ ਤੇ ਅਮੀਰ ਵਿਅਕਤੀਆਂ ਨੂੰ ਅਜਿਹੇ ਮੁੱਠੀ-ਭਰ ਲੋਕਾਂ ਤੋਂ ਸੁਰੱਖਿਅਤ ਰੱਖਣ ਲਈ ਕਾਫ਼ੀ ਸਮਝਦੇ ਹਨ, ਜੋ ਪਤਾ ਨਹੀਂ ਕਿਹੜੇ ਕਾਰਣਾਂ ਕਰਕੇ ਦੇਸ਼ ਨੂੰ ਅਰਾਜਕਤਾ ਤੇ ਖਾਨਾਜੰਗੀ ਵੱਲ ਧੱਕ ਦੇਣਾ ਚਾਹੁੰਦੇ ਹਨ।

ਮਹਾਮਹਿਮ-ਇਨ-ਕੌਂਸਲ ਸਿਰਫ਼ ਕੁਝ ਕੁ ਕੱਟੜ ਲੋਕਾਂ ਦੇ ਅਪਰਾਧ ਦੇ ਦਬਾਅ ਹੇਠ ਅਜਿਹੀਆਂ ਕਾਰਵਾਈਆਂ ਨੂੰ ਪ੍ਰਵਾਨਗੀ ਨਹੀਂ ਦੇ ਸਕਦੇ, ਜੋ ਬ੍ਰਿਟਿਸ਼ ਹਕੂਮਤ ਦੀ ਸਮੁੱਚੀ ਭਾਵਨਾ ਦੇ ਉਲਟ ਹੋਣ। ਬ੍ਰਿਟਿਸ਼ ਸਰਕਾਰ ਇੰਨੀ ਕੁ ਮਜ਼ਬੂਤ ਹੈ ਕਿ ਉਹ ਅਪਰਾਧ ਦਾ ਖ਼ਾਤਮਾ ਕਰਨ ਲਈ ਵਿਵਸਥਾ ਨੂੰ ਕਾਇਮ ਕਰ ਕੇ ਰੱਖ ਸਕਦੀ ਹੈ ਅਤੇ ਅੰਨ੍ਹੇਵਾਹ ਸਖ਼ਤਾਈ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ; ਨਾ ਹੀ ਅਜਿਹੀ ਸਖ਼ਤੀ ਕਰਨ ਨਾਲ ਕਦੇ ਤਾਕਤ ਨੂੰ ਦਰਸਾਇਆ ਜਾ ਸਕਦਾ ਹੈ।''

ਇਹੋ ਸ਼ਾਨਦਾਰ ਸ਼ਬਦ ਸਹੀ ਸੋਚ ਵਾਲੇ ਸਾਰੇ ਲੋਕਾਂ ਦੀ ਪ੍ਰਵਾਨਗੀ ਤੇ ਸ਼ਲਾਘਾ ਹਾਸਲ ਕਰਨਗੇ। ਜਿਹੜੀ ਸਰਕਾਰ ਅਜਿਹੇ ਵਿਆਪਕ ਤੇ ਸਦਾਚਾਰਕ ਸਿਧਾਂਤਾਂ 'ਤੇ ਚੱਲਦੀ ਹੋਵੇ, ਉਸ ਨੂੰ ਕੁਝ ਮੁੱਠੀ-ਭਰ ਕੱਟੜ ਜਾਂ ਮਾੜੀ ਮਨਸ਼ਾ ਵਾਲੇ ਸਾਜ਼ਿਸ਼ਘਾੜੇ ਲੋਕਾਂ ਦੇ ਖ਼ਤਰੇ ਤੋਂ ਡਰਨ ਦੀ ਕੋਈ ਜ਼ਰੂਰਤ ਨਹੀਂ ਹੈ। ਜਿੰਨੇ ਇਹ ਸਿਧਾਂਤ ਵੱਧ ਤੋਂ ਵੱਧ ਪ੍ਰਚਾਰਿਤ ਕੀਤੇ ਜਾਣਗੇ, ਓਨਾ ਹੀ ਲੋਕਾਂ ਦੇ ਮਨਾਂ 'ਚ ਬ੍ਰਿਟਿਸ਼ ਸਰਕਾਰ ਦਾ ਕਿਰਦਾਰ ਉੱਚਾ ਹੁੰਦਾ ਚਲਾ ਜਾਵੇਗਾ। ਸਾਡਾ ਮੰਨਣਾ ਹੈ ਕਿ ਸਰਕਾਰ ਨੂੰ ਇਹ ਹੁਕਮ ਸਮੁੱਚੇ ਦੇਸ਼ ਦੀਆਂ ਸਾਰੀਆਂ ਸਥਾਨਕ ਤੇ ਖੇਤਰੀ ਭਾਸ਼ਾਵਾਂ ਦੇ ਅਖ਼ਬਾਰਾਂ 'ਚ ਅਨੁਵਾਦ ਕਰਵਾ ਕੇ ਵੱਡੇ ਪੱਧਰ 'ਤੇ ਪ੍ਰਕਾਸ਼ਿਤ ਕਰਵਾਉਣਾ ਚਾਹੀਦਾ ਹੈ। ਇਸ ਪ੍ਰਕਾਰ ਉਸ ਜ਼ਹਿਰ ਦੀ ਵਧੀਆ ਢੰਗ ਨਾਲ ਕਾਟ ਹੋਵੇਗੀ, ਜਿਹੜਾ ਵਹਾਬੀ ਮੁਸਲਮਾਨਾਂ ਖ਼ਿਲਾਫ਼ ਕਾਨੂੰਨੀ ਕਾਰਵਾਈਆਂ ਤੇ ਹੋਰ ਤਾਜ਼ਾ ਗ਼ਲਤੀਆਂ ਸਦਕਾ ਫੈਲ ਗਿਆ ਹੈ। ਇੰਝ ਮਹਾਰਾਣੀ ਦੀ ਸਰਕਾਰ ਦੀ ਨੈਤਿਕ ਸ਼ਾਨ ਤੇ ਵਡੱਪਣ ਦਾ ਵਧੀਆ ਢੰਗ ਨਾਲ ਲਾਹਾ ਮਿਲੇਗਾ। ਇਸ ਤੋਂ ਇਹ ਵੀ ਜ਼ਾਹਿਰ ਹੋਵੇਗਾ ਕਿ ਮਹਾਰਾਣੀ ਦੇ ਕੁਝ ਗੁੰਮਰਾਹਕੁੰਨ ਨਾਗਰਿਕ ਅਜਿਹਾ ਵਿਵਹਾਰ ਦਰਸਾ ਸਕਦੇ ਹਨ ਪਰ ਸਾਡੇ ਹਾਕਮ ਤਾਂ ਆਪਣੇ ਸੁਨਹਿਰੀ ਸਿਧਾਂਤਾਂ 'ਤੇ ਪੂਰੀ ਤਰ੍ਹਾਂ ਕਾਇਮ ਹਨ। ਇੰਝ ਇਹ ਵੀ ਪਤਾ ਲੱਗੇਗਾ ਕਿ ਇਸ ਦੇਸ਼ 'ਚ ਕੁਝ ਉੱਚ ਸ਼ਖ਼ਸੀਅਤਾਂ ਦੇ ਕਤਲਾਂ ਦੀਆਂ ਘਿਨਾਉਣੀਆਂ ਘਟਨਾਵਾਂ ਦੇ ਬਾਵਜੂਦ ਉਹ ਸੱਚ, ਨਿਆਂ ਤੇ ਦਿਆ ਦੇ ਰਾਹ ਤੋਂ ਇੱਕ ਇੰਚ ਵੀ ਨਹੀਂ ਹਿੱਲੇ। ਇਸ ਤੋਂ ਇਹ ਸੰਦੇਸ਼ ਵੀ ਜਾਵੇਗਾ ਕਿ ਜਿਨ੍ਹਾਂ ਦੀ ਡਿਊਟੀ ਮਹਾਰਾਣੀ ਦੇ ਸੂਝ-ਬੂਝ ਨਾਲ ਭਰਪੂਰ ਹੁਕਮਾਂ ਦੀ ਤਾਮੀਲ ਕਰਵਾਉਣ ਲਈ ਲੱਗੀ ਹੋਈ ਹੈ ਅਤੇ ਜੋ ਇਸ ਦੇਸ਼ 'ਚ ਮਹਾਰਾਣੀ ਦੀ ਸਿੱਧੀ ਨੁਮਾਇੰਦਗੀ ਕਰਦੇ ਹਨ; ਉਹ ਸਭ ਆਪਣੇ ਜ਼ਿੰਮੇਵਾਰ ਅਹੁਦਿਆਂ 'ਤੇ ਪੂਰੀ ਤਰ੍ਹਾਂ ਸਰਗਰਮ ਹਨ ਅਤੇ ਆਪਣਾ ਪਰਮ ਫ਼ਰਜ਼ ਨਿਭਾ ਰਹੇ ਹਨ, ਭਾਵੇਂ ਕਿ ਉਨ੍ਹਾਂ ਦੇ ਅਧੀਨ ਕੁਝ ਕਰਮਚਾਰੀ ਤੇ ਅਧਿਕਾਰੀ ਕਦੇ ਬਹੁਤ ਜ਼ਿਆਦਾ ਉਤਸ਼ਾਹ ਵਿਖਾ ਸਕਦੇ ਹਨ ਜਾਂ ਆਪਣੇ ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਬਾਰੇ ਕਦੇ ਥੋੜ੍ਹਾ ਗ਼ਲਤ ਸਮਝ ਸਕਦੇ ਹਨ। ਇਸ ਤੋਂ ਇਹ ਸਮਝਿਆ ਜਾਵੇਗਾ ਕਿ ਸਰਕਾਰ ਆਪਣੇ ਸਤਿਕਾਰਤ ਤੇ ਭਰੋਸੇਯੋਗ ਸੇ

ਵਕਾਂ ਦੀ ਕੁਰਬਾਨੀ ਦੇਣ ਤੋਂ ਵੀ ਨਹੀਂ ਝਿਜਕਦੀ ਜੇ ਕਦੇ ਉਹ ਉਨ੍ਹਾਂ ਸਦਾਚਾਰਕ ਸਿਧਾਂਤਾਂ ਤੋਂ ਥਿੜਕ ਜਾਂਦੇ ਹਨ, ਜਿਨ੍ਹਾਂ 'ਤੇ ਇਸ ਦੇਸ਼ 'ਚ ਬ੍ਰਿਟਿਸ਼ ਹਕੂਮਤ ਆਧਾਰਤ ਹੈ। ਸੰਖੇਪ 'ਚ ਆਖੀਏ, ਤਾਂ ਇੰਝ ਆਮ ਜਨਤਾ 'ਚ ਅਜਿਹਾ ਕੁਝ ਭਰੋਸਾ ਮਜ਼ਬੂਤ ਹੋਵੇਗਾ ਕਿ ਅੰਗਰੇਜ਼ਾਂ ਤੋਂ ਵਧੀਆ ਉਨ੍ਹਾਂ ਦੇ ਹੋਰ ਕੋਈ ਹਾਕਮ ਨਹੀਂ ਹੋ ਸਕਦੇ, ਭਾਵੇਂ ਉਨ੍ਹਾਂ 'ਚ ਕਿੰਨੀਆਂ ਵੀ ਕਮੀਆਂ ਕਿਉਂ ਨਾ ਹੋਣ, ਉਹ ਇਹੋ ਸੋਚਣਗੇ ਕਿ ਉਨ੍ਹਾਂ ਦੇ ਅੰਗਰੇਜ਼ ਹਾਕਮਾਂ ਦੀ ਸਭ ਤੋਂ ਵੱਡੀ ਤਰਜੀਹ ਇਨਸਾਫ਼ ਹੀ ਹੈ, ਬਿਨਾ ਕਿਸੇ ਪੱਖਪਾਤ ਦੇ ਸ਼ੁੱਧ ਇਨਸਾਫ਼ ਹੀ ਕਰਦੇ ਹਨ ਅਤੇ ਜੇ ਕਿਤੇ ਉਨ੍ਹਾਂ ਦੇ ਅਜਿਹੇ ਹਾਕਮ ਬਦਲ ਗਏ, ਤਾਂ ਉਨ੍ਹਾਂ ਨੂੰ ਨੁਕਸਾਨ ਹੀ ਹੋਵੇਗਾ, ਫ਼ਾਇਦਾ ਕੋਈ ਨਹੀਂ ਹੋਣਾ।

ਭਾਰਤ ਸਰਕਾਰ ਨੇ ਮੈਸ. ਕਾਵਨ ਤੇ ਫ਼ਾਰਸਿਥ 'ਤੇ ਜਿਹੜਾ ਫ਼ੈਸਲਾ ਲਿਆ ਹੈ, ਉਹ ਇੱਕ ਨਿਆਂਇਕ ਸਜ਼ਾ ਹੀ ਹੈ। ਇਹ ਫ਼ੈਸਲਾ ਪੂਰੀ ਤਰ੍ਹਾਂ ਨਿਆਂਪੂਰਨ ਤੇ ਪੱਖਪਾਤ ਤੋਂ ਮੁਕਤ ਹੈ ਤੇ ਉਸ ਦੀ ਸ਼ਲਾਘਾ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਇਸ ਤੋਂ ਇਹੋ ਜ਼ਾਹਿਰ ਹੁੰਦਾ ਹੈ ਕਿ ਹਰੇਕ ਕਦਮ 'ਤੇ ਸ੍ਰੀ ਕਾਵਨ ਨੇ ਕਾਨੂੰਨ, ਸਮੁੱਚੀ ਵਿਵਸਥਾ ਤੇ ਸਿਧਾਂਤ ਦਾ ਅਪਮਾਨ ਕੀਤਾ। ਗਵਰਨਰ ਜਨਰਲ-ਇਨ-ਕੌਂਸਲ ਦੀ ਟਿੱਪਣੀ ਪੜ੍ਹੋ:

''ਮਹਾਮਹਿਮ ਦਾ ਸਭ ਤੋਂ ਪਹਿਲਾ ਵਿਚਾਰ ਇਹੋ ਹੈ ਕਿ ਸ੍ਰੀ ਕਾਵਨ ਦੀ ਸਪੱਸ਼ਟ ਡਿਊਟੀ ਕੈਦੀਆਂ ਨੂੰ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਹੋਣ ਤੱਕ ਹਿਰਾਸਤ 'ਚ ਰੱਖਣ ਦੀ ਸੀ। ਪਹਿਲਾਂ ਸਾਰੇ ਸਿਧਾਂਤਾਂ ਦਾ ਜ਼ਿਕਰ ਕੀਤਾ ਜਾ ਚੁੱਕਾ ਹੈ, ਇਸੇ ਲਈ ਅਜਿਹੀ ਇੱਕ ਵੀ ਗੱਲ ਨਹੀਂ ਮਿਲਦੀ ਕਿ ਸ੍ਰੀ ਕਾਵਨ ਦੇ ਆਚਾਰ- ਵਿਹਾਰ ਨੂੰ ਦਰੁਸਤ ਕਰਾਰ ਦਿੱਤਾ ਜਾ ਸਕੇ ਜਾਂ ਉਨ੍ਹਾਂ ਨੂੰ ਕਿਸੇ ਬਹਾਨੇ ਮੁਆਫ਼ ਕੀਤਾ ਜਾ ਸਕੇ। ਕੈਦੀ ਤਾਂ ਪੂਰੀ ਤਰ੍ਹਾਂ ਮਜਬੂਰ ਸਨ। ਉਨ੍ਹਾਂ 'ਚੋਂ ਬਹੁਤੇ ਬੁਰੀ ਤਰ੍ਹਾਂ ਜ਼ਖ਼ਮੀ ਸਨ। ਉਨ੍ਹਾਂ ਬਹੁਤ ਥੋੜ੍ਹੇ ਵਿਅਕਤੀਆਂ ਸਾਹਮਣੇ ਵੀ ਆਤਮਸਮਰਪਣ ਕਰ ਦਿੱਤਾ ਸੀ ਤੇ ਉਨ੍ਹਾਂ 'ਤੇ ਵੱਡੀ ਗਿਣਤੀ 'ਚ ਫ਼ੌਜੀ ਬਲਾਂ ਦੀ ਨਿਗਰਾਨੀ ਸੀ ਤੇ ਲੋੜ ਪੈਣ 'ਤੇ ਇਨ੍ਹਾਂ ਬਲਾਂ ਦੀ ਗਿਣਤੀ ਨੂੰ ਹੋਰ ਵਧਾਇਆ ਵੀ ਜਾ ਸਕਦਾ ਸੀ। ਅਜਿਹੇ ਹਾਲਾਤ 'ਚ ਉਨ੍ਹਾਂ ਨੂੰ ਗ਼ੈਰ-ਕਾਨੂੰਨ ਤੇ ਅੰਨ੍ਹੇਵਾਹ ਮੌਤ ਦੀ ਸਜ਼ਾ ਦੇ ਦੇਣਾ ਤਾਂ ਅਜਿਹਾ ਕਦਮ ਹੈ ਕਿ ਜਿਸ ਲਈ ਕੋਈ ਬਹਾਨਾ ਹੋ ਹੀ ਨਹੀਂ ਸਕਦਾ। ਸ੍ਰੀ ਕਾਵਨ ਦਾ ਭਾਵੇਂ ਅਜਿਹਾ ਮੰਨਣਾ ਸੀ ਕਿ ਮੌਤ ਦੀਆਂ ਉਨ੍ਹਾਂ ਸਜ਼ਾਵਾਂ ਦਾ ਸਿਆਸੀ ਫ਼ਾਇਦਾ ਹੋਣਾ ਸੀ ਪਰ ਇਸ ਦੇ ਬਾਵਜੂਦ ਮਹਾਮਹਿਮ-ਇਨ-ਕੌਂਸਲ ਕਦੇ ਉਨ੍ਹਾਂ ਨੂੰ ਮੁਆਫ਼ ਨਹੀਂ ਕਰ ਸਕਦੇ। ਅਸਲ 'ਚ ਤਾਂ ਉਨ੍ਹਾਂ ਇਹੋ ਸੋਚ ਕੇ ਦੇਸ਼ ਦੇ ਲਾਗੂ ਕਾਨੂੰਨ ਨੂੰ ਲਾਂਭੇ ਹੀ ਕਰ ਦਿੱਤਾ ਸੀ ਕਿ ਉਹ ਤਾਂ ਇੱਕ ਖ਼ਾਸ ਮਾਮਲਾ ਸੀ ਤੇ ਅਜਿਹਾ ਕਰਨ ਦਾ ਲਾਹਾ ਮਿਲਣਾ ਸੀ ਅਤੇ ਮਹਾਮਹਿਮ-ਇਨ-ਕੌਂਸਲ ਦਾ ਮੰਨਣਾ ਹੈ ਕਿ ਸ੍ਰੀ ਕਾਵਨ ਨੇ ਬੱਸ ਇਹੋ ਅਪਰਾਧ ਕੀਤਾ ਹੈ।''

''ਗਵਰਨਰ ਜਨਰਲ-ਇਨ-ਕੌਂਸਲ ਦਾ ਮੰਨਣਾ ਹੈ ਕਿ ਪੰਜਾਬ 'ਚ ਹਾਲੀਆ ਬਗ਼ਾਵਤ 'ਚ ਸ਼ਾਮਲ ਸਾਰੇ ਅਪਰਾਧੀਆਂ ਦੇ ਜੀਵਨ ਤਾਂ ਪਹਿਲਾਂ ਹੀ ਸਿਧਾਂਤਕ ਤੌਰ

'ਤੇ ਕਾਨੂੰਨ ਦੇ ਸ਼ਿਕੰਜੇ 'ਚ ਸਨ, ਮਹਾਮਹਿਮ ਨੂੰ ਬਹੁਤ ਦੁਖ ਨਾਲ ਇਹ ਕਹਿਣਾ ਪੈ ਰਿਹਾ ਹੈ ਕਿ ਸ੍ਰੀ ਕਾਵਨ ਵੱਲੋਂ ਅਖ਼ਤਿਆਰ ਕੀਤਾ ਗਿਆ ਰਾਹ ਗ਼ੈਰ- ਕਾਨੂੰਨੀ ਸੀ, ਅਜਿਹਾ ਕਰਨ ਦੀ ਕੋਈ ਜਨਤਕ ਜ਼ਰੂਰਤ ਵੀ ਨਹੀਂ ਸੀ, ਜੇ ਹੁੰਦੀ ਤਾਂ ਮਾਮਲਾ ਸ਼ਾਂਤ ਵੀ ਹੋ ਸਕਦਾ ਸੀ ਅਤੇ ਫਿਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਚਲੀਆਂ ਗਈਆਂ ਕਿ ਇਸ ਨੂੰ ਜ਼ੁਲਮ ਦੀ ਰੰਗਤ ਮਿਲਦੀ ਚਲੀ ਗਈ। ਉੱਚ ਅਧਿਕਾਰੀ ਨੇ ਤਾਂ ਭਾਵੇਂ ਸਹੀ ਹਦਾਇਤਾਂ ਭੇਜੀਆਂ ਸਨ ਪਰ ਕੀਤਾ ਉਨ੍ਹਾਂ ਦੇ ਉਲਟ ਗਿਆ ਅਤੇ ਫਿਰ ਪ੍ਰਵਾਨਗੀ ਆਉਣ ਦੀ ਉਡੀਕ ਵੀ ਨਹੀਂ ਕੀਤੀ ਗਈ; ਸਕਾਰਾਤਮਕ ਹੁਕਮਾਂ ਦੀ ਉਲੰਘਣਾ ਕਰਨ ਕਰਕੇ ਹੀ ਇਹ ਮਾਮਲਾ ਚੱਲਿਆ।''

''ਮਹਾਮਹਿਮ-ਇਨ-ਕੌਂਸਲ ਮਜਬੂਰੀਵੱਸ ਇਹ ਹਦਾਇਤ ਜਾਰੀ ਕਰਦੇ ਹਨ ਕਿ ਸ੍ਰੀ ਕਾਵਨ ਨੂੰ ਸੇਵਾ ਤੋਂ ਬਰਖ਼ਾਸਤ ਕੀਤਾ ਜਾਵੇ। ਉਨ੍ਹਾਂ ਨੂੰ ਅਜਿਹੀ ਕਾਰਵਾਈ ਬਹੁਤ ਅਫ਼ਸੋਸ ਨਾਲ ਕਰਨੀ ਪਈ ਹੈ ਕਿ ਸ੍ਰੀ ਕਾਵਨ ਦਾ ਉਸ ਤੋਂ ਪਹਿਲਾਂ ਦਾ ਕਿਰਦਾਰ ਤੇ ਆਚਾਰ-ਵਿਹਾਰ ਬੇਹੱਦ ਵਿਲੱਖਣ ਰਿਹਾ ਹੈ ਅਤੇ ਉਨ੍ਹਾਂ ਉਸ ਬਗ਼ਾਵਤ ਨੂੰ ਦਬਾਉਣ ਲਈ ਬੇਹੱਦ ਮੁਸਤੈਦੀ ਨਾਲ ਸਾਰੇ ਕਦਮ ਚੁੱਕੇ।''

ਇਸ ਪ੍ਰਕਾਰ ਮਹਾਰਾਣੀ ਦਾ ਕਾਨੂੰਨ ਸਹੀ ਸਿੱਧ ਹੁੰਦਾ ਹੈ।

ਸ੍ਰੀ ਫ਼ਾਰਸਿਥ ਬਾਰੇ ਸਰਕਾਰੀ ਹੁਕਮ ਇਸ ਪ੍ਰਕਾਰ ਹੈ:

''ਉਪਰੋਕਤ ਵਰਣਿਤ ਵਿਚਾਰ ਅਨੁਸਾਰ, ਮਹਾਮਹਿਮ-ਇਨ-ਕੌਂਸਲ ਦਾ ਵਿਚਾਰ ਹੈ ਕਿ ਭਾਵੇਂ ਸ੍ਰੀ ਫ਼ਾਰਸਿਥ ਨੇ ਬਿਨਾਂ ਕਿਸੇ ਸ਼ੱਕ ਕੋਈ ਗ਼ੈਰ-ਕਾਨੂੰਨੀ ਕਾਰਵਾਈ ਨਹੀਂ ਕੀਤੀ, ਉਨ੍ਹਾਂ ਦੀਆਂ ਗ਼ਲਤੀਆਂ ਸ੍ਰੀ ਕਾਵਨ ਦੇ ਮੁਕਾਬਲੇ ਕੋਈ ਘੱਟ ਨਹੀਂ ਹਨ; ਕਿਉਂਕਿ ਉਹ ਗੰਭੀਰ ਹੰਗਾਮੀ ਹਾਲਾਤ 'ਚ ਸਥਾਨਕ ਸਰਕਾਰ ਦੇ ਉੱਚ ਅਧਿਕਾਰੀ ਹੋਣ ਦੇ ਨਾਤੇ ਆਪਣਾ ਫ਼ਰਜ਼ ਨਿਭਾਉਣ ਤੋਂ ਨਾਕਾਮ ਰਹੇ ਅਤੇ ਉਨ੍ਹਾਂ ਆਖ਼ਰ ਭਾਰਤ ਸਰਕਾਰ ਦੀ ਮਾਨਤਾ-ਪ੍ਰਾਪਤ ਨੀਤੀ ਦੇ ਅਨੁਸਾਰ ਕਾਰਵਾਈ ਨਹੀਂ ਕੀਤੀ।

ਮਹਾਮਹਿਮ-ਇਨ-ਕੌਂਸਲ ਦਾ ਵਿਚਾਰ ਹੈ ਕਿ ਸ੍ਰੀ ਫ਼ਾਰਸਿਥ ਦੇ ਆਚਾਰ-ਵਿਹਾਰ ਨਾਲ ਉਨ੍ਹਾਂ ਨੂੰ ਅੰਬਾਲਾ ਦੀ ਕਮਿਸ਼ਨਰਸ਼ਿਪ ਤੋਂ ਹਟਾ ਕੇ ਕਿਸੇ ਹੋਰ ਸੂਬੇ 'ਚ ਕਿਸੇ ਅਜਿਹੇ ਅਹੁਦੇ 'ਤੇ ਲਾ ਕੇ ਹੀ ਵਾਜਬ ਤਰੀਕੇ ਨਿਪਟਿਆ ਜਾ ਸਕਦਾ ਹੈ, ਜਿੱਥੇ ਉਹ ਕਿਸੇ ਸਥਾਨਕ ਰਿਆਸਤ 'ਚ ਨਿਆਂਇਕ ਪ੍ਰਕਿਰਿਆ ਦੇ ਨਿਗਰਾਨ ਬਣ ਕੇ ਨਾ ਜਾ ਸਕਣ ਅਤੇ ਭਾਰਤ ਸਰਕਾਰ ਦਾ ਵੀ ਮੰਨਣਾ ਹੈ ਕਿ ਭਵਿੱਖ 'ਚ ਕਦੇ ਵੀ ਉਨ੍ਹਾਂ ਨੂੰ ਕਿਸੇ ਅਜਿਹੇ ਅਹੁਦੇ 'ਤੇ ਤਾਇਨਾਤ ਨਾ ਕੀਤਾ ਜਾਵੇ, ਜਿੱਥੇ ਉਨ੍ਹਾਂ ਦੇ ਹੱਥ 'ਚ ਪਹਿਲਾਂ ਵਰਗਾ ਕੰਟਰੋਲ ਤੇ ਨਿਗਰਾਨੀ ਹੋਵੇ।''

ਉਂਝ ਸ੍ਰੀ ਕਾਵਨ ਤੇ ਸ੍ਰੀ ਫ਼ਾਰਸਿਥ ਨੂੰ ਦਿੱਤੀ ਗਈ ਸਜ਼ਾ ਬਾਰੇ ਕੁਝ ਵੱਖੋ-ਵੱਖਰੇ ਵਿਚਾਰ ਵੀ ਹਨ। ਸ੍ਰੀ ਕਾਵਨ ਨੇ ਤਾਂ ਨਿਸ਼ਚਿਤ ਤੌਰ 'ਤੇ ਕਾਨੂੰਨ ਨੂੰ ਆਪਣੇ ਹੱਥਾਂ 'ਚ ਲਿਆ ਪਰ ਸ੍ਰੀ ਫ਼ਾਰਸਿਥ ਦਾ ਆਚਾਰ-ਵਿਹਾਰ ਵੀ ਤਾਂ ਕੋਈ ਘੱਟ ਨਾ-ਕਾਬਿਲੇ ਮੁਆਫ਼ੀ ਨਹੀਂ ਸੀ। ਉਹ ਤਾਂ ਸਗੋਂ ਸੀਨੀਅਰ ਤੇ ਵਧੇਰੇ ਜ਼ਿੰਮੇਵਾਰ ਅਧਿਕਾਰੀ ਸਨ, ਇਸ ਕਰਕੇ ਉਨ੍ਹਾਂ ਨੂੰ ਤਾਂ ਬਹੁਤ ਗੰਭੀਰਤਾ ਨਾਲ ਅੱਗੇ ਵਧਣਾ

ਚਾਹੀਦਾ ਸੀ ਪਰ ਜੇ ਵੇਖੀਏ, ਤਾਂ ਉਨ੍ਹਾਂ ਦੋਵਾਂ ਦੀ ਸਜ਼ਾ ਵਿੱਚ ਇੱਕ ਸਮਾਨ ਨਿਆਂ ਵਿਖਾਈ ਨਹੀਂ ਦਿੰਦਾ। ਸਰਕਾਰੀ ਹੁਕਮ ਦੇ ਅੰਤਲੇ ਸ਼ਬਦ ਬਹੁਤ ਅਹਿਮ ਹਨ:

''ਇਹ ਬੇਹੱਦ ਗੰਭੀਰ ਮੁੱਦਾ ਹੈ ਕਿ ਮਹਾਮਹਿਮ-ਇਨ-ਕੌਂਸਲ ਨੂੰ ਮਜਬੂਰਨ ਅਜਿਹੇ ਹੁਕਮ ਜਾਰੀ ਕਰਨੇ ਪਏ ਹਨ, ਜੋ ਅਧਿਕਾਰੀਆਂ 'ਤੇ ਸਿਰਫ਼ ਇਸ ਲਈ ਗੰਭੀਰਤਾਪੂਰਵਕ ਅਸਰਅੰਦਾਜ਼ ਹੁੰਦੇ ਹਨ ਕਿਉਂਕਿ ਉਨ੍ਹਾਂ ਸ਼ਾਂਤੀ ਤੇ ਵਿਵਸਥਾ ਕਾਇਮ ਰੱਖਣ ਲਈ ਹੱਦ ਤੋਂ ਵੱਧ ਉਤਸ਼ਾਹ ਵਿਖਾਇਆ ਪਰ ਉਹ ਨਾਲ ਹੀ ਸਭ ਨੂੰ ਇਹ ਵੀ ਸਮਝਾਉਣਾ ਚਾਹੁੰਦੇ ਹਨ ਕਿ ਹਰੇਕ ਅਧਿਕਾਰੀ ਦਾ ਪੂਰਾ ਸਮਰਥਨ ਕੀਤਾ ਜਾਵੇਗਾ, ਭਾਵੇਂ ਉਹ ਕਿੰਨੀ ਵੀ ਸਖ਼ਤੀ ਕਰੇ ਪਰ ਬਸ਼ਰਤੇ ਉਸ ਦੀ ਕਾਰਵਾਈ ਸ਼ਾਂਤੀ ਕਾਇਮ ਰੱਖਣ ਜਾਂ ਬਹਾਲ ਕਰਨ ਲਈ ਕੀਤੀ ਗਈ ਹੋਵੇ ਤੇ ਉਹ ਕਾਨੂੰਨੀ ਵਲਗਣਾਂ ਦੇ ਅੰਦਰ ਹੀ ਹੋਵੇ ਪਰ ਕਿਸੇ ਨੂੰ ਵੀ ਆਪਣੀ ਮਰਜ਼ੀ ਮੁਤਾਬਕ ਹੀ ਕਾਨੂੰਨ ਦੀਆਂ ਹੱਦਾਂ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਨ੍ਹਾਂ ਦੋਵੇਂ ਨੁਕਤਿਆਂ ਵਿਚਲਾ ਫ਼ਰਕ ਹੁਣ ਬੜਾ ਹੀ ਵਿਆਪਕ ਤੇ ਸਪੱਸ਼ਟ ਹੈ ਅਤੇ ਇਸ ਦੇ ਨਾਲ ਹੀ ਗਵਰਨਰ ਜਨਰਲ-ਇਨ-ਕੌਂਸਲ ਅਪਰਾਧਾਂ ਨੂੰ ਰੋਕਣ ਤੇ ਅਪਰਾਧੀਆਂ ਨੂੰ ਕਾਨੂੰਨੀ ਸ਼ਿਕੰਜੇ 'ਚ ਲਿਆਉਣ ਦੇ ਮਾਮਲੇ 'ਚ ਵਰਤੀ ਗਈ ਕਿਸੇ ਵੀ ਤਰ੍ਹਾਂ ਦੀ ਢਿੱਲ 'ਤੇ ਵੀ ਪੂਰੀ ਚੌਕਸ ਨਜ਼ਰ ਰੱਖਣਗੇ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਡਰ ਨਹੀਂ ਹੈ ਕਿ ਮੌਜੂਦਾ ਮਾਮਲੇ 'ਚ ਕੀਤੀ ਗਈ ਕਾਰਵਾਈ ਨਾਲ ਹੋਰ ਅਧਿਕਾਰੀ ਕਿਸੇ ਵੀ ਤਰ੍ਹਾਂ ਦੇ ਖ਼ਤਰੇ ਦੀ ਹਾਲਤ 'ਚ ਆਪਣਾ ਜੋਸ਼ ਤੇ ਮੁਸਤੈਦੀ ਵਿਖਾਉਣ ਤੋਂ ਝਿਜਕਣਗੇ। ਦੂਜੇ ਪਾਸੇ ਮਹਾਮਹਿਮ-ਇਨ-ਕੌਂਸਲ ਨੂੰ ਇਸ ਗੱਲ ਦਾ ਵੀ ਕੋਈ ਡਰ ਨਹੀਂ ਹੈ ਕਿ ਹੁਣ ਕੀਤੀ ਗਈ ਇਸ ਕਾਰਵਾਈ ਨਾਲ ਸਥਾਨਕ ਜਨਤਾ ਤੱਕ ਕਿਸੇ ਕਿਸਮ ਦਾ ਗ਼ਲਤ ਸੰਦੇਸ਼ ਜਾਵੇਗਾ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਮਿਸਾਲ ਨਾਲ ਉਹ ਇਹੋ ਸਿੱਖਣਗੇ ਕਿ ਬ੍ਰਿਟਿਸ਼ ਹਕੂਮਤ ਅਧੀਨ ਸਭਨਾਂ ਨੇ ਹਰ ਹਾਲਤ 'ਚ ਕਾਨੂੰਨ ਦੀ ਪਾਲਣਾ ਤਾਂ ਜ਼ਰੂਰ ਕਰਨੀ ਹੈ ਅਤੇ ਉਨ੍ਹਾਂ ਨੂੰ ਇਹ ਪੱਕਾ ਯਕੀਨ ਵੀ ਹੋ ਸਕਦਾ ਹੈ ਕਿ ਕਾਨੂੰਨ ਤੋੜਨ ਵਾਲੇ ਬ੍ਰਿਟਿਸ਼ ਅਧਿਕਾਰੀ ਨੂੰ ਮਿਲੀ ਸਜ਼ਾ ਦਾ ਸਬੰਧ ਕਿਸੇ ਵੀ ਤਰ੍ਹਾਂ ਉਨ੍ਹਾਂ ਲੋਕਾਂ ਦੇ ਜੁਰਮਾਂ ਨਾਲ ਹੈ, ਜਿਨ੍ਹਾਂ ਨੂੰ ਗ਼ੈਰ-ਕਾਨੂੰਨੀ ਤਰੀਕੇ ਸਜ਼ਾ ਦਿੱਤੀ ਗਈ ਅਤੇ ਨਾ ਹੀ ਉਨ੍ਹਾਂ ਪ੍ਰਤੀ ਕੋਈ ਉਦਾਸੀਨਤਾ ਹੀ ਵਰਤੀ ਗਈ ਹੈ। ਉਨ੍ਹਾਂ ਦੇ ਅਪਰਾਧ ਲਈ ਕੋਈ ਮਿਸਾਲੀ ਸਜ਼ਾ ਹੀ ਬਣਦੀ ਸੀ ਪਰ ਉਹ ਇੱਕ ਵਾਜਬ ਵਿਧੀ ਅਧੀਨ ਤੇ ਬਹੁਤ ਸੋਚ-ਸਮਝ ਕੇ ਦਿੱਤੀ ਜਾਣੀ ਚਾਹੀਦੀ ਸੀ ਅਤੇ ਹਰੇਕ ਵਿਅਕਤੀ ਵੱਲੋਂ ਕੀਤੇ ਅਪਰਾਧ ਦੀ ਦਰਜਾਬੰਦੀ ਮੁਤਾਬਕ ਹੀ ਉਨ੍ਹਾਂ ਨੂੰ ਸਜ਼ਾ ਦੇਣੀ ਬਣਦੀ ਸੀ। ਅਤੇ ਅੰਤ 'ਚ, ਮਹਾਮਹਿਮ ਦਾ ਵਿਸ਼ਵਾਸ ਹੈ ਕਿ ਮੌਜੂਦਾ ਫ਼ੈਸਲਾ ਸਾਰੇ ਵਰਗਾਂ ਨੂੰ ਇਹ ਸਪੱਸ਼ਟ ਕਰ ਦੇਵੇਗਾ ਕਿ ਸ੍ਰੀ ਕਾਵਨ ਵੱਲੋਂ ਕੀਤੀਆਂ ਕਾਰਵਾਈਆਂ ਕਾਨੂੰਨ ਵੱਲੋਂ ਵਰਜਿਤ ਹਨ ਤੇ ਮਾੜੀ ਨੀਤੀ ਦਾ ਹਿੱਸਾ ਹਨ ਕਿਉਂਕਿ ਉਨ੍ਹਾਂ ਨੂੰ ਅੰਜਾਮ ਦਿੰਦੇ ਸਮੇਂ ਨਾ ਤਾਂ ਕੁਝ ਸੋਚਿਆ- ਸਮਝਿਆ ਗਿਆ ਤੇ ਨਾ ਹੀ ਅਪਰਾਧ ਦੀ ਕੋਈ ਦਰਜਾਬੰਦੀ ਕੀਤੀ ਗਈ ਕਿ ਜਿਸ ਨਾਲ ਇਨਸਾਫ਼ ਦੀਆਂ ਜ਼ਰੂਰਤਾਂ ਦੀ

ਸੰਤੁਸ਼ਟੀ ਤਾਂ ਹੁੰਦੀ ਤੇ ਸਿਰਫ਼ ਜੋਸ਼ ਤੇ ਹੜਬੜੀ ਕਾਰਣ ਸਭ ਕੁਝ ਕਾਹਲ਼ੀ 'ਚ ਹੀ ਕਰ ਦਿੱਤਾ ਗਿਆ।''

ਉਪਰੋਕਤ ਵਾਂਗ ਜਦੋਂ ਸਾਡੇ ਕੰਨੀਂ ਅਜਿਹੇ ਕੋਈ ਸ਼ਬਦ ਪੈਂਦੇ ਹਨ, ਤਾਂ ਕੁਝ ਖ਼ੁਦਗਰਜ਼ ਤੇ ਤੰਗ ਨਜ਼ਰੀਏ ਵਾਲੇ ਪੱਤਰਕਾਰਾਂ ਦੇ ਚੀਕ-ਚਿਹਾੜੇ ਦਾ ਸਾਡੇ 'ਤੇ ਕੋਈ ਅਸਰ ਨਹੀਂ ਹੁੰਦਾ, ਜਿਨ੍ਹਾਂ ਨੂੰ ਮਹਾਰਾਣੀ ਦੇ ਰਾਜ, ਉਨ੍ਹਾਂ ਦੇ ਇਨਸਾਫ਼ ਦੇ ਕਿਰਦਾਰ ਬਾਰੇ ਰੱਤੀ ਭਰ ਵੀ ਕੋਈ ਜਾਣਕਾਰੀ ਤਾਂ ਹੈ ਨਹੀਂ ਅਤੇ ਨਾ ਹੀ ਉਨ੍ਹਾਂ ਲਈ ਮਨੁੱਖੀ ਜੀਵਨ ਦੀ ਪਵਿੱਤਰਤਾ ਦਾ ਕੋਈ ਅਰਥ ਹੈ; ਅਜਿਹੀਆਂ ਅਤਿਕਥਨੀਆਂ ਸਿਰਫ਼ ਇੰਗਲੈਂਡ 'ਚ 5ਵੀਂ ਸਦੀ 'ਚ ਆ ਕੇ ਵੱਸਣ ਵਾਲੇ ਕੁਝ ਬੇਕਾਬੂ ਜਰਮਨਾਂ ਦੇ ਵੰਸ਼ਜਾਂ ਵੱਲੋਂ ਆਪਣੀ ਉੱਚਤਾ ਸਿੱਧ ਕਰਨ ਲਈ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦੇ ਅਪਵਿੱਤਰ ਵਿਚਾਰਾਂ ਦਾ ਸਹੀ ਸੋਚਣੀ ਵਾਲੇ ਅੰਗਰੇਜ਼ਾਂ ਦੇ ਮਨਾਂ 'ਤੇ ਬਿਲਕੁਲ ਵੀ ਕੋਈ ਅਸਰ ਨਹੀਂ ਹੁੰਦਾ। ਸਾਨੂੰ ਇਹ ਗੱਲ ਜੋੜਨ ਦੀ ਜ਼ਰੂਰਤ ਹੈ ਕਿ ਇਨ੍ਹਾਂ ਅੰਗਰੇਜ਼ਾਂ ਦੀ ਨੈਤਿਕ ਤਾਕਤ ਹੀ ਅੰਗਰੇਜ਼ ਰਾਸ਼ਟਰ ਦੀ ਸਰਬੋਤਮ ਸ਼ਕਤੀ ਹੈ ਅਤੇ ਜਦੋਂ ਤੱਕ ਉਹ ਰਾਸ਼ਟਰੀ ਵਿਚਾਰਾਂ ਤੇ ਖ਼ਾਹਿਸ਼ਾਂ ਦਾ ਮਾਰਗ-ਦਰਸ਼ਨ ਕਰਨਾ ਜਾਰੀ ਰੱਖਣਗੇ, ਤਦ ਤੱਕ ਰਾਸ਼ਟਰੀ ਕਿਰਦਾਰ ਤੇ ਇੰਗਲੈਂਡ ਦੀ ਸਰਬਉੱਚਤਾ ਨੂੰ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀਂ ਹੈ।

*ਮਿਤੀ 20 ਮਈ, 1872*

'ਦਿੱਲੀ ਗਜ਼ਟ' ਦੇ ਇੱਕ ਪੱਤਰਕਾਰ ਦਾ ਕਹਿਣਾ ਹੈ ਕਿ ਸ੍ਰੀ ਕਾਵਨ ਨੂੰ ਸਰਕਾਰੀ ਸੇਵਾ ਤੋਂ ਬਰਤਰਫ਼ ਕੀਤੇ ਜਾਣ 'ਤੇ ਲੁਧਿਆਣਾ ਲਾਗਲੇ ਇਲਾਕਿਆਂ 'ਚ ਰਹਿੰਦੇ ਕੂਕਿਆਂ 'ਚ ਡਾਢੀ ਖ਼ੁਸ਼ੀ ਪਾਈ ਜਾ ਰਹੀ ਹੈ ਅਤੇ ਉਨ੍ਹਾਂ ਦੀ ਇਹ ਆਸ ਹੁਣ ਹੋਰ ਵੀ ਪੱਕੀ ਹੋ ਗਈ ਹੈ ਕਿ ਉਨ੍ਹਾਂ ਦੇ ਗੁਰੂ ਰਾਮ ਸਿੰਘ ਜੀ ਰੰਗੂਨ ਤੋਂ ਵਾਪਸ ਆ ਜਾਣਗੇ ਤੇ ਉਨ੍ਹਾਂ ਬਾਰੇ ਅਜਿਹੀ ਗੱਲ ਫੈਲੀ ਹੋਈ ਹੈ।

## ਦਿ ਇੰਗਲਿਸ਼ਮੈਨ

*27 ਮਈ, 1872*

**ਇੱਕ ਵਾਰ ਫਿਰ ਕੂਕੇ:** ਪੰਜਾਬ ਸਰਕਾਰ ਨੂੰ ਕੂਕਿਆਂ ਵੱਲੋਂ ਕੀਤੀਆਂ ਗੜਬੜੀਆਂ ਵਾਲੇ ਖੇਤਰਾਂ ਲਾਗਲੇ ਜ਼ਿਲ੍ਹਿਆਂ ਤੋਂ ਅਜਿਹੀ ਕੁਝ ਗੁਪਤ ਰਿਪੋਰਟਾਂ ਮਿਲੀਆਂ ਹਨ ਕਿ ਕੂਕਾ ਮਾਮਲੇ 'ਚ ਸਰਕਾਰੀ ਫ਼ੈਸਲੇ ਦੀ ਖ਼ਬਰ ਸਮੁੱਚੇ ਦੇਸ਼ 'ਚ ਜੰਗਲ਼ ਦੀ ਅੱਗ ਵਾਂਗ ਫੈਲ ਗਈ ਹੈ ਅਤੇ ਇਸ ਦੇ ਤੁਰੰਤ ਪਿੱਛੋਂ ਕੂਕਿਆਂ 'ਚ ਇੱਕ ਵਾਰ ਫਿਰ ਵੱਡੀ ਹਿੱਲ-ਜੁੱਲ ਵੇਖੀ ਗਈ। ਮੌਤ ਦੀਆਂ ਸਜ਼ਾਵਾਂ ਦਿੱਤੇ ਜਾਣ ਤੋਂ ਬਾਅਦ ਜਿਹੜੀ ਧਾਰਮਿਕ ਤੇ ਕੱਟੜ ਕਿਸਮ ਦੀ ਰਸਮ ਬੰਦ ਕਰ ਦਿੱਤੀ ਗਈ ਸੀ, ਉਹ ਤੁਰੰਤ ਮੁੜ ਸ਼ੁਰੂ ਹੋ ਗਈ ਹੈ। ਸਮੁੱਚੇ ਸੰਪਰਦਾਇ ਦੀ ਸਹਿਮਤੀ ਨਾਲ ਇੱਕ ਪੋਲ-ਟੈਕਸ ਸਥਾਪਤ ਕੀਤਾ ਗਿਆ ਹੈ, ਜਿਸ ਅਧੀਨ ਮੋਟੀ ਰਕਮ ਇਕੱਠੀ ਕੀਤੀ

ਜਾ ਰਹੀ ਹੈ ਤੇ ਅਜਿਹਾ ਸਭ ਕਿਸ ਮੰਤਵ ਲਈ ਕੀਤਾ ਜਾ ਰਿਹਾ ਹੈ, ਇਸ ਬਾਰੇ ਕੋਈ ਪੁਖ਼ਤਾ ਜਾਣਕਾਰੀ ਨਹੀਂ ਮਿਲ ਸਕੀ।

ਪੰਜਾਬ ਸਰਕਾਰ ਨੂੰ ਉਸ ਦੇ ਬੇਹੱਦ ਵਿਲੱਖ ਅਧਿਕਾਰੀਆਂ ਨੇ ਚੇਤਾਵਨੀ ਵੀ ਦਿੱਤੀ ਹੈ ਕਿ ਛੇਤੀ ਹੀ ਕੂਕਿਆਂ ਦੀ ਇੱਕ ਹੋਰ ਬਗ਼ਾਵਤ ਪੱਕੀ ਹੈ – (ਇੰਡੀਅਨ ਪਬਲਿਕ ਓਪੀਨੀਅਨ)

*29 ਮਈ, 1872*

ਸ੍ਰੀ ਕਾਵਨ ਲਈ ਪੰਜਾਬ ਬੈਂਕ ਨੂੰ ਹੁਣ ਤੱਕ ਅਦਾ ਕੀਤੀ ਜਾ ਚੁੱਕੀ ਰਾਸ਼ੀ 1,669/– ਰੁਪਏ ਹੋ ਗਈ ਹੈ, ਹੋਰ ਵੀ ਕਈ ਰਾਸ਼ੀਆਂ ਦਾ ਵਾਅਦਾ ਕੀਤਾ ਗਿਆ ਹੈ ਪਰ ਹਾਲੇ ਬੈਂਕ ਨੂੰ ਉਨ੍ਹਾਂ ਦੀ ਅਦਾਇਗੀ ਨਹੀਂ ਕੀਤੀ ਗਈ।

## ਅੰਮ੍ਰਿਤ ਬਾਜ਼ਾਰ ਪੱਤ੍ਰਿਕਾ

*30 ਮਈ, 1872*

**ਸ੍ਰੀ ਕਾਵਨ:** ਕਾਵਨ ਮਾਮਲੇ ਨਾਲ ਦੋ ਅਹਿਮ ਤੱਥ ਸਾਹਮਣੇ ਆਏ ਹਨ, ਪਹਿਲਾ ਇਹ ਕਿ ਭਾਰਤ 'ਚ ਉਤਾਰ-ਚੜ੍ਹਾਵਾਂ ਦੇ ਬਾਵਜੂਦ ਬ੍ਰਿਟਿਸ਼ ਸਰਕਾਰ ਪੂਰੀ ਤਰ੍ਹਾਂ ਨਿਆਂਪੂਰਨ ਹੈ ਅਤੇ ਦੂਜਾ ਇਹ ਕਿ ਇੰਗਲੈਂਡ 'ਚ ਰਹਿੰਦੇ ਰਹੇ ਭਾਰਤੀਆਂ ਦੇ ਭਾਈਚਾਰੇ ਦੇ ਜਜ਼ਬਾਤ ਤੇ ਜੋਸ਼ ਜੇ ਕਦੇ ਉਬਾਲ਼ਾ ਖਾ ਗਏ, ਤਾਂ ਉਹ ਵੀ ਸਰਕਾਰ ਵਿਰੁੱਧ ਹਥਿਆਰ ਚੁੱਕ ਸਕਦੇ ਹਨ। ਉਂਝ ਇਨ੍ਹਾਂ ਦਾ ਇਹ ਅਸਾਧਾਰਣ ਜਿਹਾ ਵਿਚਾਰ ਵੀ ਹੈ ਕਿ ਸਥਾਨਕ ਲੋਕ ਉਨ੍ਹਾਂ ਨੂੰ ਨਫ਼ਰਤ ਕਰਦੇ ਹਨ, ਜੋ ਉਨ੍ਹਾਂ ਨਾਲ ਨਿਆਂਪੂਰਨ ਤੇ ਇਨਸਾਨੀਅਤ ਨਾਲ ਭਰਪੂਰ ਵਿਵਹਾਰ ਕਰਦੇ ਹਨ ਪਰ ਉਨ੍ਹਾਂ ਦੇ ਹੱਥ ਚੱਟਦੇ ਹਨ, ਜੋ ਉਨ੍ਹਾਂ 'ਤੇ ਕੋੜੇ ਵਰ੍ਹਾਉਂਦੇ ਹਨ। ਜੇ ਇਹ ਗੱਲ ਕੁੱਤਿਆਂ ਤੇ ਬਿੱਲੀਆਂ ਲਈ ਦਰੁਸਤ ਹੈ, ਤਾਂ ਇਹ ਸਥਾਨਕ ਲੋਕਾਂ ਲਈ ਵੀ ਹੋ ਸਕਦੀ ਹੈ, ਬਿਨਾਂ ਕਿਸੇ ਸ਼ੱਕ ਦੇ ਇਹ ਮੰਨਿਆ ਜਾ ਸਕਦਾ ਹੈ ਕਿ ਸਥਾਨਕ ਲੋਕ ਕੁੱਤਿਆਂ ਤੇ ਬਿੱਲੀਆਂ ਤੋਂ ਬਿਹਤਰ ਨਹੀਂ ਹਨ; ਪਰ ਕੁੱਤੇ ਅਤੇ ਬਿੱਲੀਆਂ ਤਾਂ ਚੰਗਿਆਈ ਦੀ ਤਾਂ ਸ਼ਲਾਘਾ ਕਰ ਸਕਦੇ ਹਨ ਪਰ ਅਜਿਹਾ ਕਹਿਣਾ ਠੀਕ ਨਹੀਂ ਜਾਪਦਾ ਕਿ ਸਥਾਨਕ ਨਿਵਾਸੀਆਂ 'ਚ ਅਜਿਹਾ ਗੁਣ ਨਹੀਂ ਹੈ। ਇਸ ਸਾਰੇ ਵਿਵਾਦ 'ਚ ਇਹ ਮੰਨ ਲਿਆ ਗਿਆ ਕਿ ਸ੍ਰੀ ਕਾਵਨ ਦੇ ਦਿਮਾਗ਼ ਨੇ ਤਾਂ ਗ਼ਲਤੀ ਕੀਤੀ ਸੀ ਪਰ ਉਨ੍ਹਾਂ ਦਾ ਦਿਲ ਬਿਲਕੁਲ ਸਹੀ ਸੀ।

ਅਸੀਂ ਇਸ ਸਥਿਤੀ ਨੂੰ ਸਹੀ ਸਿੱਧ ਕਰਨਾ ਚਾਹਾਂਗੇ। ਇਸ ਮਾਮਲੇ ਦੇ ਸਾਰੇ ਰਿਕਾਰਡਾਂ ਨੂੰ ਬਹੁਤ ਧਿਆਨ ਨਾਲ ਵਾਚਣ ਤੋਂ ਬਾਅਦ ਸਾਡੇ ਮਨਾਂ 'ਚ ਇਹ ਸ਼ੱਕ ਉਪਜਿਆ ਹੈ ਕਿ ਕੀ ਸ੍ਰੀ ਕਾਵਨ 50 ਵਿਅਕਤੀਆਂ ਦੇ ਚੀਥੜੇ ਉਡਾ ਕੇ ਸਰਕਾਰ ਦੀ ਸੇਵਾ ਕਰ ਰਹੇ ਸਨ ਕਿ ਜਾਂ ਆਪਣੇ-ਆਪ ਦੀ। ਉਨ੍ਹਾਂ ਨੂੰ ਇਹ ਭਲੀ-ਭਾਂਤ ਪਤਾ ਸੀ ਕਿ ਸਾਰਾ ਖ਼ਤਰਾ ਟਲ਼ ਚੁੱਕਾ ਸੀ, ਉਨ੍ਹਾਂ ਕੋਲ਼ ਆਪਣਾ ਦਿਮਾਗ਼ ਠੰਢਾ ਰੱਖਣ ਤੇ ਆਪਣਾ ਕੋਈ ਫ਼ੈਸਲਾ ਲੈਣ ਲਈ ਕਾਫ਼ੀ ਸਮਾਂ ਸੀ; ਆਪਣੇ ਭਿਆਨਕ ਕਿਸਮ ਦੇ ਕਰੀਅਰ ਦੌਰਾਨ ਉਨ੍ਹਾਂ ਦੇ ਉੱਚ ਅਧਿਕਾਰੀ ਤੋਂ ਉਨ੍ਹਾਂ ਨੂੰ ਹਾਂ-ਪੱਖੀ ਹੁਕਮ

ਮਿਲਿਆ ਸੀ ਕਿ ਉਹ ਕਾਨੂੰਨ ਮੁਤਾਬਕ ਹੀ ਅੱਗੇ ਵਧਣ ਅਤੇ ਬਿਨਾਂ ਸੁਣਵਾਈ ਦੇ ਕਿਸੇ ਨੂੰ ਸਜ਼ਾ ਨਾ ਦੇਣ ਪਰ ਇੰਝ ਜਾਪਦਾ ਹੈ ਕਿ ਉਨ੍ਹਾਂ ਨੇ ਆਪਣੀ ਮਰਜ਼ੀ ਕਰਨ ਅਤੇ ਹੋਡਸਨ ਵਾਂਗ ਆਪਣਾ ਨਾਂਅ ਪਿੱਛੇ ਛੱਡ ਕੇ ਜਾਣ ਦਾ ਦ੍ਰਿੜ੍ਹ ਇਰਾਦਾ ਕਰ ਲਿਆ ਸੀ ਅਤੇ ਉਨ੍ਹਾਂ ਨੂੰ ਲੱਗਦਾ ਸੀ ਕਿ ਉਹ ਮੁਸਤੈਦੀ, ਫ਼ੈਸਲਾ ਲੈਣ ਤੇ ਸਖ਼ਤੀ ਵਰਤਣ ਜਿਹੇ ਮਾਮਲਿਆਂ 'ਚ ਆਪਣਾ ਨਾਂਅ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਸ਼ਾਇਦ ਇਹੋ ਸੋਚਿਆ ਹੋਵੇਗਾ ਕਿ ਆਪਣੇ-ਆਪ ਨੂੰ ਵਿਲੱਖਣ ਦਰਸਾਉਣ ਦਾ ਕੋਈ ਹੋਰ ਮੌਕਾ ਸ਼ਾਇਦ ਉਨ੍ਹਾਂ ਨੂੰ ਜ਼ਿੰਦਗੀ 'ਚ ਦੋਬਾਰਾ ਕਦੇ ਨਾ ਮਿਲੇ। ਇਹ ਕੋਈ ਸਰਕਾਰੀ ਸੇਵਾ ਨਹੀਂ, ਸਗੋਂ ਆਪਣੇ-ਆਪ ਦੀ ਸੇਵਾ ਹੈ।

ਇੱਕ ਹੋਰ ਨੁਕਤਾ, ਜਿਹੜਾ ਤਸੱਲੀਬਖ਼ਸ਼ ਢੰਗ ਨਾਲ ਸਿੱਧ ਹੋਣਾ ਚਾਹੀਦਾ ਹੈ ਕਿ ਕੀ ਕੂਕਿਆਂ ਦੀ ਇੱਛਾ ਸੱਚਮੁਚ ਭਾਰਤ 'ਚ ਬ੍ਰਿਟਿਸ਼ ਸਰਕਾਰ ਵਿਰੁੱਧ ਬਗ਼ਾਵਤ ਕਰਨ ਦੀ ਸੀ ਕਿ ਜਾਂ ਐਵੇਂ ਕਾਨੂੰਨ ਤੋਂ ਬਾਹਰੇ ਹੋਏ ਕੁਝ ਵਿਅਕਤੀਆਂ ਜਾਂ ਡਕੈਤਾਂ ਦਾ ਕੋਈ ਗਿਰੋਹ ਸੀ, ਜਿਨ੍ਹਾਂ ਨੂੰ ਸੇਧ ਦੇਣ ਵਾਲਾ ਵੀ ਕੋਈ ਨਹੀਂ ਸੀ। ਸਰਕਾਰੀ ਦਸਤਾਵੇਜ਼ਾਂ ਦੀ ਪੜਤਾਲ ਤੋਂ ਬਾਅਦ ਇੰਝ ਜਾਪਦਾ ਹੈ ਕਿ ਕੂਕਿਆਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਸੀ ਕਿ ਉਹ ਕਿਸ ਨਾਲ ਲੜ ਰਹੇ ਸਨ ਕਿਉਂਕਿ ਉਨ੍ਹਾਂ ਵਧੀਆ ਢੰਗ ਨਾਲ ਲੜਾਈ ਨਹੀਂ ਲੜੀ; ਜਾਂ ਉਨ੍ਹਾਂ ਨੂੰ ਇਹ ਵੀ ਪਰਵਾਹ ਨਹੀਂ ਸੀ ਕਿ ਉਨ੍ਹਾਂ ਨੇ ਲੁੱਟਣਾ ਕਿਸ ਨੂੰ ਹੈ ਕਿਉਂਕਿ ਉਨ੍ਹਾਂ ਕੋਈ ਵੱਡੀ ਲੁੱਟ ਨਹੀਂ ਕੀਤੀ। ਸੰਖੇਪ 'ਚ, ਇੰਝ ਜਾਪਦਾ ਹੈ ਕਿ ਉਹ ਕੁਝ ਜੋਸ਼ੀਲੇ ਤੇ ਕਾਨੂੰਨ ਤੋਂ ਬਾਹਰੇ ਹੋਏ ਡਕੈਤਾਂ ਦਾ ਇੱਕ ਛੋਟਾ ਜਿਹਾ ਦਲ ਸੀ, ਜਿਨ੍ਹਾਂ ਨਾਲ ਜੇ ਕਾਨੂੰਨ ਮੁਤਾਬਕ ਨਿਪਟਿਆ ਜਾਂਦਾ, ਤਾਂ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਜੇਲ੍ਹਾਂ ਹੋ ਜਾਣੀਆਂ ਸਨ।

**ਕੂਕਾ ਮਾਮਲਾ**

*30 ਮਈ, 1872*

**ਸ੍ਰੀਮਾਨ ਜੀ,** – ਮੈਸ. ਕਾਵਨ ਅਤੇ ਫ਼ਾਰਸਿਥ ਬਾਰੇ ਭਾਰਤ ਸਰਕਾਰ ਦਾ ਫ਼ੈਸਲਾ ਭਾਵੇਂ ਬੇਹੱਦ ਪ੍ਰਮੁੱਖਤਾ ਨਾਲ ਸਹੀ ਸੋਚ ਵਾਲੇ ਸਾਰੇ ਲੋਕਾਂ ਨੂੰ ਰਾਹਤ ਦਿੰਦਾ ਹੈ ਪਰ ਉਸੇ ਕਾਰਣ ਭਾਰਤੀ ਪ੍ਰੈੱਸ ਅਤੇ ਜਨਤਾ ਦੇ ਇੱਕ ਵਰਗ 'ਚ ਰੋਹ ਦਾ ਤੂਫ਼ਾਨ ਉੱਠਿਆ ਹੋਇਆ ਹੈ; ਪ੍ਰੈੱਸ ਦਾ ਵਤੀਰਾ ਹੀ ਸ਼ਾਇਦ ਇਸ ਸਮੁੱਚੇ ਦੁਖਦਾਈ ਮਾਮਲੇ ਦਾ ਸਭ ਤੋਂ ਦੁਖਦਾਈ ਪੱਖ ਹੈ।

ਮੇਰੀ ਸਲਾਹ ਹੈ ਕਿ ਜਨਤਕ ਮਨਾਂ ਦੀ ਅਜਿਹੀ ਸਥਿਤੀ ਸ਼ਾਇਦ ਇਨ੍ਹਾਂ ਘਟਨਾਵਾਂ ਨਾਲੋਂ ਵੀ ਵਧੇਰੇ ਨਿਖੇਧੀਯੋਗ ਹੈ ਕਿਉਂਕਿ ਇਸ ਤੋਂ ਪ੍ਰੈੱਸ ਅਤੇ ਜਨਤਾ ਦੇ ਪਾਪੀ ਵਰਗ ਦੇ ਸਿੱਖਿਆ ਤੇ ਨੈਤਿਕਤਾ ਦੇ ਅਫ਼ਸੋਸਨਾਕ ਹੱਦ ਤੱਕ ਮਾੜੇ ਮਿਆਰ ਦਾ ਪਤਾ ਚੱਲਦਾ ਹੈ ਅਤੇ ਇਸ ਦੇ ਨਾਲ ਹੀ ਜਨਤਕ ਸੇਵਾ 'ਚ ਹੁਣ ਕਤਲੋ-ਗ਼ਾਰਤ ਦਾ ਵੀ ਭਿਆਨਕ ਖ਼ਤਰਾ ਮੌਜੂਦ ਹੈ।

ਭਾਰਤ ਦੇ ਫੁਟਕਲ ਜਿਹੇ ਵਧੇਰੇ ਅਗਿਆਨੀ ਕਿਸਮ ਦੇ ਅਤੇ ਮੂਰਖਾਨਾ ਅਖ਼ਬਾਰ ਅਜਿਹੇ ਸੁਆਲ ਉਠਾਉਣ ਤੋਂ ਅਸਮਰੱਥ ਹੋਣੇ ਚਾਹੀਦੇ ਹਨ, ਪਰ ਇਨ੍ਹਾਂ

ਤੋਂ ਹੈਰਾਨੀ ਵੀ ਨਹੀਂ ਹੋਣੀ ਚਾਹੀਦੀ। ਉਨ੍ਹਾਂ 'ਚੋਂ ਇੱਕ ਜਾਂ ਦੋ ਤਾਂ ਸਿਰਫ਼ ਆਪਣੇ ਗਾਹਕਾਂ ਦੀ ਸੂਚੀ 'ਚ ਵਾਧਾ ਕਰਨ ਲਈ ਆਪੋ-ਆਪਣੇ ਇਲਾਕਿਆਂ 'ਚ ਗੁੰਮਰਾਹਕੁੰਨ ਗੱਲਾਂ ਫੈਲਾਉਂਦੇ ਹਨ, ਇਸੇ ਲਈ ਉਹ ਜਾਣਬੁੱਝ ਕੇ ਹੀ ਇਸ ਮਾਮਲੇ ਨੂੰ ਹੋਰ ਤਰੀਕੇ ਪੇਸ਼ ਕਰ ਰਹੇ ਹਨ, ਤੇ ਉਹ ਗੱਲ ਤਾਂ ਸਮਝ ਆਉਂਦੀ ਹੈ। ਜਜ਼ਬਾਤੀ ਜਿਹੇ ਮਾਤਹਿਤ ਤੇ ਜੋਸ਼ੀਲੇ ਕਪਤਾਨ, ਜਿਨ੍ਹਾਂ ਕੋਲ ਤੱਥ ਤਾਂ ਪੂਰੀ ਤਰ੍ਹਾਂ ਮੌਜੂਦ ਨਹੀਂ ਹੁੰਦੇ, ਉਹ ਮੈਸ. ਕਾਵਨ ਤੇ ਫ਼ਾਰਸਿਥ ਨੂੰ ਨਾਇਕਾਂ ਤੇ ਸ਼ਹੀਦਾਂ ਵਜੋਂ ਪੇਸ਼ ਕਰਦਿਆਂ ਉਨ੍ਹਾਂ ਦੀ ਸ਼ਲਾਘਾ ਤੇ ਸਰਕਾਰੀ ਕਾਰਵਾਈ ਦੀ ਨਿਖੇਧੀ ਕਰ ਰਹੇ ਹਨ; ਸਾਨੂੰ ਤਾਂ ਹੁਣ ਨਾਖ਼ੁਸ਼ ਤਰੀਕੇ ਨਾਲ ਦਿਆਲੂ ਪਰ ਗੁੰਮਰਾਹਕੁੰਨ ਜੁਝਾਰੂਆਂ ਤੋਂ ਹੀ ਆਸ ਰੱਖਣੀ ਹੋਵੇਗੀ। ਪਰ ਜਿਹੜੇ ਅਖ਼ਬਾਰਾਂ ਦੀ ਕਿਤੇ ਕੋਈ ਵੁੱਕਤ ਹੀ ਨਹੀਂ ਹੈ, ਉਹ ਵੀ ਹੁਣ ਉਸੇ ਪਾਸੇ ਹੋਣਗੇ ਤੇ ਅਸੀਂ ਇਹ ਮੰਨ ਕੇ ਚੱਲਾਂਗੇ ਕਿ ਉਹ ਇਸ ਮਾਮਲੇ ਦੇ ਤੱਥਾਂ ਨੂੰ ਲੈ ਕੇ ਗੁੰਮਰਾਹ ਹਨ। ਜੇ ਇਹ ਸੱਚਮੁਚ ਸੱਚ ਹੋਵੇ ਕਿ ਸਿਵਲ ਸੇਵਾਵਾਂ ਦੇ ਥੋੜ੍ਹੇ ਜਿੰਨੇ ਵੀ ਅਧਿਕਾਰੀ ਇਸ ਗ਼ੈਰ-ਕਾਨੂੰਨੀ ਤੇ ਗ਼ੈਰ-ਜ਼ਰੂਰੀ ਕਤਲੇਆਮ ਨੂੰ ਪ੍ਰਵਾਨਗੀ ਨਹੀਂ ਦਿੰਦੇ, ਅਜਿਹੇ ਹਾਲਾਤ ਉਨ੍ਹਾਂ ਦੀ ਸ਼ੇਖ਼ੀਖੋਰ ਮਹਾਨ ਸਿੱਖਿਆ ਦੀ ਕੀਮਤ 'ਤੇ ਤੁਰੰਤ ਦਰਦਨਾਕ ਟੀਕਾ-ਟਿੱਪਣੀ; ਇਸ ਦੇਸ਼ ਦੇ ਪ੍ਰਸ਼ਾਸਨ ਲਈ ਉਨ੍ਹਾਂ ਦੀ ਅਫ਼ਸੋਸਨਾਕ ਅਸਮਰੱਥਾ ਦਾ ਇੱਕ ਗੰਭੀਰ ਲੱਛਣ ਤੇ ਉਸ ਸਰਬਉੱਚ ਜ਼ਰੂਰਤ ਦੀ ਅਸਾਧਾਰਣ ਵਿਆਖਿਆ ਹਨ, ਜੋ ਮੈਸ. ਕਾਵਨ ਤੇ ਫ਼ਾਰਸਿਥ ਦੀ ਸਖ਼ਤ ਨਿਖੇਧੀ ਤੇ ਉਨ੍ਹਾਂ ਨੂੰ ਦਿੱਤੀ ਗਈ ਸੰਕੇਤਕ ਸਜ਼ਾ ਲਈ ਮੌਜੂਦ ਸਨ।

ਇਹ ਸੋਚਣੀ ਡਾਢੀ ਉਦਾਸ ਕਰਦੀ ਹੈ ਕਿ ਦੋਵੇਂ ਆਦਮੀ ਇਸ ਸੇਵਾ 'ਚ ਹੋਣੇ ਚਾਹੀਦੇ ਸਨ, ਜੋ ਆਪਣੇ ਕੀਤੇ ਕੰਮਾਂ ਨੂੰ ਭੁਲਾਉਣ ਦੇ ਸਮਰੱਥ ਹੋਣ; ਪਰ ਇਸ ਮਾਮਲੇ ਦਾ ਦੁਖਦਾਈ ਤੇ ਵਧੇਰੇ ਗੰਭੀਰ ਪੱਖ ਇਹ ਸੋਚਣਾ ਹੈ ਕਿ ਸੇਵਾ 'ਚ ਤਾਂ ਸਪੱਸ਼ਟ ਤੌਰ 'ਤੇ ਸੈਂਕੜੇ ਹੋਰ ਵੀ ਹਨ, ਜੋ ਉਨ੍ਹਾਂ ਕਾਰਜਾਂ ਦੀ ਭੈੜੀ ਰੰਗਤ ਨੂੰ ਪਰਖਣ ਤੋਂ ਅਸਮਰੱਥ ਹਨ ਤੇ ਜੋ ਭਲਕੇ ਨੂੰ ਇਹੋ ਕੁਝ ਕਰਨਗੇ। ਅਜਿਹੇ ਹਾਲਾਤ 'ਚ, ਇੱਕੋ-ਇੱਕ ਉਪਲਬਧ ਜੋਸ਼ੀਲੀ ਰਾਹਤ ਇਸੇ ਗੱਲ 'ਚੋਂ ਲੱਭਣੀ ਚਾਹੀਦੀ ਹੈ ਕਿ ਜਿਹੜੇ ਵੱਡੀ ਗਿਣਤੀ 'ਚ ਲੋਕ ਐਵੇਂ ਗ਼ਲਤ ਧਾਰਨਾ ਪਾਲ਼ੀ ਬੈਠੇ ਹਨ ਅਤੇ ਐਵੇਂ ਹੀ ਗ਼ਲਤ ਤਰੀਕੇ ਦੀ ਹਮਦਰਦੀ ਪ੍ਰਗਟਾ ਰਹੇ ਹਨ, ਉਹ ਅਜਿਹਾ ਸਿਰਫ਼ ਇਸੇ ਕਰਕੇ ਕਰ ਰਹੇ ਹਨ ਕਿਉਂਕਿ ਉਹ ਇਸ ਮਾਮਲੇ ਦੇ ਤੱਥਾਂ ਤੋਂ ਪੂਰੀ ਤਰ੍ਹਾਂ ਅਣਜਾਣ ਹਨ। ਜੇ ਅਸੀਂ ਇਹ ਮੰਨੀਏ ਕਿ ਜਿਹੜੇ ਲੋਕ ਸੱਚ ਤੇ ਇਸ ਮਾਮਲੇ ਦੇ ਤੱਥਾਂ ਤੋਂ ਭਲੀ-ਭਾਂਤ ਵਾਕਫ਼ ਹਨ, ਉਹ ਹਾਲੇ ਵੀ ਮੈਸ. ਕਾਵਨ ਤੇ ਫ਼ਾਰਸਿਥ ਦੀ ਕਾਰਵਾਈ ਨੂੰ ਪ੍ਰਵਾਨ ਕਰ ਸਕਦੇ ਹਨ, ਤਦ ਮੈਂ ਕਹਾਂਗਾ ਕਿ ਮਾਮਲਾ ਸੱਚਮੁਚ ਨਿਰਾਸ਼ਾਜਨਕ ਹੈ।

ਰੱਬ ਦਾ ਸ਼ੁਕਰ ਹੈ ਕਿ ਸਰਕਾਰੀ ਫ਼ੈਸਲਾ ਸਾਡੇ ਹੱਕ 'ਚ ਹੈ; ਅਤੇ ਸਾਨੂੰ ਇਸ ਤੱਥ ਦੀ ਇੱਕ ਹੋਰ ਰਾਹਤ ਹੈ ਕਿ ਭਾਰਤ ਦੀਆਂ ਸਾਡੀਆਂ ਕਈ ਬਿਹਤਰੀਨ ਅਖ਼ਬਾਰਾਂ ਨੇ ਸੁਭਾਵਕ ਤੌਰ 'ਤੇ ਅਤੇ ਤੁਰਤ-ਫੁਰਤ ਉਨ੍ਹਾਂ ਘਟਨਾਵਾਂ ਦੀ ਅਸਲ ਰੰਗਤ ਦੀ ਸ਼ਲਾਘਾ ਕੀਤੀ ਤੇ ਪਹਿਲੇ ਹੀ ਦਿਨ ਤੋਂ ਉਨ੍ਹਾਂ ਦੀ ਬਦਮਾਸ਼ੀ ਕਿਹਾ।

ਸ੍ਰੀਮਾਨ ਜੀ, ਇਸ ਦੌਰਾਨ ਤੁਸੀਂ ਹੀ ਖ਼ਾਸ ਤੌਰ 'ਤੇ ਪ੍ਰਮੁੱਖਤਾ ਨਾਲ ਅਤੇ ਸ਼ਾਇਦ ਤੁਸੀਂ ਕੁਝ ਮੌਕਿਆਂ 'ਤੇ ਕੁਦਰਤੀ ਤੌਰ ਉੱਤੇ ਆਪਣਾ ਕਾਫ਼ੀ ਜ਼ਿਆਦਾ ਰੋਹ ਪ੍ਰਗਟਾਇਆ, ਤੁਸੀਂ ਫਿਰ ਆਪ ਹੀ ਬੜੀ ਬੇਬਾਕੀ ਨਾਲ ਇਸ 'ਤੇ ਅਫ਼ਸੋਸ ਵੀ ਪ੍ਰਗਟਾਇਆ ਸੀ ਅਤੇ ਮੈਨੂੰ ਲੱਗਦਾ ਹੈ ਕਿ ਤੁਸੀਂ ਇਨ੍ਹਾਂ ਕਾਰਵਾਈਆਂ ਦੀ ਵਾਰ-ਵਾਰ ਤੇ ਜ਼ੋਰਦਾਰ ਢੰਗ ਨਾਲ ਨਿਖੇਧੀ ਕੀਤੀ ਸੀ, ਜਿਸ ਲਈ ਤੁਸੀਂ ਸਮਾਜ ਦੇ ਧੰਨਵਾਦ ਦੇ ਹੱਕਦਾਰ ਹੋ। ਸਰਕਾਰ ਦੇ ਫ਼ੈਸਲੇ ਅਤੇ ਭਾਰਤੀ ਪ੍ਰੈੱਸ ਦੇ ਬਿਹਤਰ ਹਿੱਸੇ ਦੇ ਢਾਂਚਿਆਂ ਨੇ ਦੇਸ਼ ਦੀ ਇੱਜ਼ਤ ਨੂੰ ਬਚਾ ਲਿਆ ਹੈ ਅਤੇ ਸਹੀ ਸੋਚ ਵਾਲੇ ਲੋਕ ਹੁਣ ਖੁੱਲ੍ਹ ਕੇ ਸਾਹ ਲੈ ਸਕਦੇ ਹਨ।

ਦੋ ਬਰਬਾਦ ਵਿਅਕਤੀਆਂ ਮੈਸ. ਕਾਵਨ ਤੇ ਫ਼ਾਰਸਿਥ ਨਾਲ ਤਾਂ ਅਸੀਂ ਸਾਰੇ ਸੁਹਿਰਦਤਾ ਨਾਲ ਤਰਸ ਹੀ ਪ੍ਰਗਟਾ ਸਕਦੇ ਹਾਂ। ਪਰ ਇਹ ਬਰਬਾਦੀ ਉਨ੍ਹਾਂ ਦੀਆਂ ਆਪਣੀਆਂ ਗ਼ਲਤੀਆਂ ਕਰਕੇ ਹੀ ਹੋਈ ਹੈ, ਇਸੇ ਲਈ ਅਸੀਂ ਉਨ੍ਹਾਂ 'ਤੇ ਤਰਸ ਤਾਂ ਕਰ ਸਕਦੇ ਹਾਂ ਪਰ ਉਨ੍ਹਾਂ ਨਾਲ ਹਮਦਰਦੀ ਨਹੀਂ ਪ੍ਰਗਟਾ ਸਕਦੇ। ਸਾਡੇ ਕਿਤੇ ਜ਼ਿਆਦਾ ਮਜ਼ਬੂਤ ਸ਼ਕਤੀ ਦੇ ਹੁੰਦਿਆਂ, ਗੁੰਮਰਾਹ ਹੋਏ ਕੁਝ ਵਿਅਕਤੀਆਂ ਦੀ ਮਹੱਤਵਹੀਣ ਜਿਹੀ ਟੋਲੀ, ਜਿਨ੍ਹਾਂ ਕੋਲ ਨਾ ਤਾਂ ਹਥਿਆਰ ਸਨ ਤੇ ਨਾ ਹੀ ਕੋਈ ਹੋਰ ਸਰੋਤ, ਨੇ ਇੱਕ ਬੇਆਸ ਜਿਹੀ ਬਗ਼ਾਵਤ ਕਰ ਦਿੱਤੀ ਸੀ। ਉਨ੍ਹਾਂ 'ਤੇ ਤਾਂ ਇੱਕ ਨਿੱਕੀ ਜਿਹੀ ਸਥਾਨਕ ਰਿਆਸਤ ਦੀ ਪੁਲਿਸ ਨੇ ਹੀ ਆਸਾਨੀ ਨਾਲ ਕਾਬੂ ਪਾ ਲਿਆ ਸੀ, ਇਹ ਸਭ ਕੁਝ ਸ੍ਰੀ ਕਾਵਨ ਦੇ ਸਾਹਮਣੇ ਹੀ ਵਾਪਰਿਆ ਸੀ; 66 ਬਾਗ਼ੀਆਂ ਨੂੰ ਕਾਬੂ ਕਰ ਕੇ ਤੇ ਉਨ੍ਹਾਂ ਦੇ ਹੱਥ ਅਤੇ ਪੈਰ ਬੰਨ੍ਹ ਕੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਮਜਬੂਰ ਬਣਾ ਕੇ ਉਸ ਭੱਦਰਪੁਰਸ਼ ਦੇ ਸਾਹਮਣੇ ਲਿਆਂਦਾ; ਉਸ ਹਾਲਤ ਵਿੱਚ ਉਹ ਨਾ ਤਾਂ ਉੱਥੋਂ ਕਿਤੇ ਭੱਜ ਸਕਦੇ ਸਨ ਤੇ ਨਾ ਹੀ ਕੋਈ ਵਿਰੋਧ ਕਰ ਸਕਦੇ ਸਨ। ਇਹ ਠੀਕ ਹੈ ਕਿ ਉਹ ਮੌਤ ਦੀ ਸਜ਼ਾ ਦੇ ਹੱਕਦਾਰ ਹੋਣਗੇ; ਪਰ ਉਹ ਮੌਤ ਬਹੁਤ ਸੋਚ-ਸਮਝ ਕੇ ਤੇ ਨਿਆਂਇਕ ਤਰੀਕੇ ਦਿੱਤੀ ਜਾਣੀ ਚਾਹੀਦੀ ਸੀ। ਪਰ ਅਜਿਹਾ ਕਰਨ ਦੀ ਥਾਂ ਸ੍ਰੀ ਕਾਵਨ, ਜੋ ਇਸ ਸਥਿਤੀ ਤੋਂ ਨਿਰਾਸ਼ ਸਨ ਅਤੇ ਉਨ੍ਹਾਂ ਨੂੰ ਆਪਣੇ ਅੰਦਰ ਡਾਢੀ ਊਰਜਾ ਤੇ ਜੋਸ਼ ਹੋਣ ਦਾ ਭੁਲੇਖਾ ਜਿਹਾ ਪੈ ਗਿਆ ਸੀ, ਨੇ ਉਨ੍ਹਾਂ 'ਚੋਂ 50 ਜਣਿਆਂ ਨੂੰ ਤੋਪ ਨਾਲ ਉਡਾ ਦਿੱਤਾ; ਅਤੇ ਉਸ ਦੇ ਛੇਤੀ ਬਾਅਦ ਸ੍ਰੀ ਫ਼ਾਰਸਿਥ ਨੇ ਦਹਿਸ਼ਤ ਜਾਂ ਜੋਸ਼ ਦੇ ਕਿਸੇ ਬਹਾਨੇ ਤੋਂ ਬਗ਼ੈਰ ਹੀ ਉਸ ਕਾਰਜ ਦੀ ਪ੍ਰੋੜ੍ਹਤਾ ਕਰਦਿਆਂ 16 ਹੋਰਨਾਂ ਨੂੰ ਤੋਪਾਂ ਨਾਲ ਉਡਾ ਕੇ ਮੌਤ ਦੇ ਘਾਟ ਉਤਾਰ ਦਿੱਤਾ।

ਇਹ ਸਮਝਿਆ ਜਾਂਦਾ ਹੈ ਕਿ ਸ੍ਰੀ ਕਾਵਨ ਆਪਣੀ ਕਾਰਵਾਈ ਨੂੰ ਆਪਣੇ ਉਸ ਵਿਸ਼ਵਾਸ ਦੇ ਸਹਾਰੇ ਦਰੁਸਤ ਕਰਾਰ ਦੇਣਾ ਚਾਹੁੰਦੇ ਸਨ ਕਿ ਇੱਕ ਸਖ਼ਤ ਮਿਸਾਲ ਕਾਇਮ ਕਰਨ ਦੀ ਜ਼ਰੂਰਤ ਸੀ; ਉਨ੍ਹਾਂ ਨਾਲ ਹੀ ਇਹ ਵੀ ਆਖਿਆ ਸੀ ਕਿ ਇਹ ਵੀ ਖ਼ਦਸ਼ਾ ਸੀ ਕਿ ਉਨ੍ਹਾਂ ਨੂੰ ਕੋਈ ਛੁਡਾ ਕੇ ਨਾ ਲੈ ਜਾਵੇ ਅਤੇ ਫਿਰ ਹੋਰ ਭਿਆਨਕ ਕਿਸਮ ਦੀ ਬਗ਼ਾਵਤ ਵੀ ਜ਼ਰੂਰ ਹੋਣ ਵਾਲੀ ਸੀ। ਇਸ ਦਲੀਲ ਦਾ ਜਵਾਬ ਬਿਲਕੁਲ ਸਪੱਸ਼ਟ ਹੈ; ਬਹੁਤ ਸਖ਼ਤ, ਸੱਚਮੁਚ ਕਿਤੇ ਜ਼ਿਆਦਾ ਪ੍ਰਭਾਵਸ਼ਾਲੀ ਮਿਸਾਲ ਕਾਇਮ ਕਰਨਾ ਸੱਚਮੁਚ ਅਸੰਭਵ ਸੀ, ਜੇ ਕਿਤੇ ਖ਼ੌਫ਼ਨਾਕ ਤਰੀਕੇ ਮੌਤ ਦੀ

ਸਜ਼ਾ ਨਾ ਦਿੱਤੀ ਜਾਂਦੀ ਤੇ ਉਨ੍ਹਾਂ ਛਿਣਾਂ ਦੌਰਾਨ ਇਹੋ ਕੁਝ ਕੀਤਾ ਵੀ ਗਿਆ; ਅਤੇ ਇਹ ਸਭ ਕਿਵੇਂ ਹੋਇਆ, ਕੈਦੀਆਂ ਦਾ ਕਤਲੇਆਮ ਕਰਨ ਤੋਂ ਪਹਿਲਾਂ ਸ੍ਰੀ ਕਾਵਨ, ਜਿਵੇਂ ਕਿ ਸਾਨੂੰ ਦੱਸਿਆ ਗਿਆ ਹੈ, ਨੇ ਪਹਿਲਾਂ ਜਿਹੜੇ ਫ਼ੌਜੀ ਬਲ ਮੰਗੇ ਸਨ, ਆਪਣੀ ਉਹ ਬੇਨਤੀ ਵਾਪਸ ਲੈਂਦਿਆਂ ਆਖਿਆ ਸੀ ਕਿ ਹੁਣ ਉਨ੍ਹਾਂ ਨੂੰ ਹੋਰ ਬਲਾਂ ਦੀ ਜ਼ਰੂਰਤ ਨਹੀਂ ਰਹੀ; ਉਨ੍ਹਾਂ ਦੀਆਂ ਤੋਪਾਂ ਵੀ ਖ਼ੁਦ ਉਸ ਕਤਲੇਆਮ ਦਾ ਔਜ਼ਾਰ ਬਣੀਆਂ; ਹੁਣ ਇਹ ਸਮਝ ਨਹੀਂ ਆਉਂਦੀ ਕਿ ਇੱਕ ਅਜਿਹੇ ਵਿਅਕਤੀ ਕੋਲ ਜੇ ਕਈ ਤੋਪਾਂ ਮੌਜੂਦ ਹੋਣ, ਜਿਨ੍ਹਾਂ ਨੂੰ ਉਹ ਆਪਣੀ ਮਰਜ਼ੀ ਮੁਤਾਬਕ ਵਰਤ ਸਕਦਾ ਹੋਵੇ ਅਤੇ ਉਸ ਨੂੰ ਹੋਰ ਫ਼ੌਜੀ ਬਲਾਂ ਦੀ ਵੀ ਪੂਰੀ ਸਹਾਇਤਾ ਮਿਲ ਰਹੀ ਹੋਵੇ, ਤਾਂ ਉਹ ਕੁਝ ਮੁੱਠੀ-ਭਰ ਦਿਹਾਤੀ ਲੋਕਾਂ ਦੀਆਂ ਕੋਸ਼ਿਸ਼ਾਂ ਤੋਂ ਡਰ ਕਿਵੇਂ ਸਕਦਾ ਹੈ, ਸ੍ਰੀ ਕਾਵਨ ਦੀ ਨਿਖੇਧੀ ਇਸੇ ਗੱਲ ਤੋਂ ਹੀ ਹੋ ਸਕਦੀ ਹੈ!

ਸ੍ਰੀ ਫ਼ਾਰਸਿਥ ਲਈ, ਭਾਵੇਂ ਉਨ੍ਹਾਂ ਦੀ ਕਾਰਵਾਈ ਨੂੰ ਤਕਨੀਕੀ ਤੌਰ 'ਤੇ ਕਾਨੂੰਨ ਦਾ ਸਹਾਰਾ ਮਿਲ ਰਿਹਾ ਹੋਵੇ, ਫਿਰ ਵੀ ਜੇ ਉਨ੍ਹਾਂ ਦੇ ਸੀਨੀਅਰ ਅਹੁਦੇ, ਸਿਖਲਾਈ ਤੇ ਤਜਰਬੇ ਨੂੰ ਵੇਖਿਆ ਜਾਵੇ, ਤਾਂ ਹਕੀਕਤ ਇਹੋ ਹੈ ਕਿ ਇਹ ਕਾਰਵਾਈ ਬੇਰਹਿਮੀ ਨਾਲ ਕੀਤੀ ਗਈ, ਜਦ ਕਿ ਸੋਚਣ ਲਈ ਬਹੁਤ ਸਮਾਂ ਪਿਆ ਸੀ, ਸਗੋਂ ਉਨ੍ਹਾਂ ਦੀ ਕਾਰਵਾਈ ਤਾਂ ਉਨ੍ਹਾਂ ਦੇ ਮਾਤਹਿਤ ਅਧਿਕਾਰੀ (ਸ੍ਰੀ ਕਾਵਨ) ਤੋਂ ਵੀ ਜ਼ਿਆਦਾ ਨਿਖੇਧੀਯੋਗ ਹੈ, ਅਤੇ ਬਹੁਤਿਆਂ ਨੂੰ ਹੈਰਾਨੀ ਹੋਵੇਗੀ ਕਿ ਉਸ ਕਾਰਵਾਈ ਦੀ ਤੁਲਨਾਤਮਕ ਤੌਰ 'ਤੇ ਹਮਾਇਤ ਹੀ ਕੀਤੀ ਗਈ ਹੈ।

ਇਹ ਆਖਣਾ ਦਰੁਸਤ ਨਹੀਂ ਕਿ ਸ੍ਰੀ ਕਾਵਨ ਨੂੰ ਸਿਰਫ਼ ਇਸ ਲਈ ਬਰਤਰਫ਼ ਕਰ ਦਿੱਤਾ ਗਿਆ ਹੈ ਕਿਉਂਕਿ ਉਨ੍ਹਾਂ ਦੀ ਕਾਰਵਾਈ ਗ਼ੈਰ-ਕਾਨੂੰਨੀ ਅਤੇ ਗ਼ੈਰ-ਰਸਮੀ ਸੀ। ਦਰਅਸਲ, ਉਨ੍ਹਾਂ ਨੂੰ ਇਸ ਲਈ ਬਰਤਰਫ਼ ਕੀਤਾ ਗਿਆ ਹੈ ਕਿਉਂਕਿ ਉਨ੍ਹਾਂ ਦੀ ਕਾਰਵਾਈ ਅਣਮਨੁੱਖੀ, ਗ਼ੈਰ-ਵਾਜਬ, ਸਿੱਧੀ ਉਲੰਘਣਾ ਅਤੇ ਗ਼ੈਰ-ਜ਼ਰੂਰੀ ਸੀ। ਉਹ ਤਾਂ ਚੀਨੀ ਜ਼ੁਲਮ ਤੋਂ ਵੀ ਅਗਾਂਹ ਦੀ ਕਾਰਵਾਈ ਸੀ ਤੇ ਇੱਕ ਵੱਡੀ ਮੂਰਖਤਾ ਵੀ ਸੀ, ਜੋ ਹੇਨੌਸ ਹੇਨੌਅ ਨੂੰ ਯਾਦ ਕਰਵਾਉਂਦੀ ਸੀ। ਇਹ ਤਾਂ ਸਗੋਂ ਅਪਰਾਧ ਤੋਂ ਵੀ ਅਗਾਂਹ ਇੱਕ ਭਾਰੀ ਗ਼ਲਤੀ ਸੀ; ਜਿਸ ਦੀ ਕਦੇ ਕੋਈ ਭਰਪਾਈ ਵੀ ਨਹੀਂ ਹੋ ਸਕਦੀ ਕਿਉਂਕਿ ਕਿਸੇ ਵੀ ਮਨੁੱਖੀ ਜ਼ਾਬਤੇ 'ਚ, ਨੈਤਿਕਤਾ ਜਾਂ ਫ਼ਾਇਦੇ ਦੇ ਆਧਾਰ 'ਤੇ ਵੀ ਆਤਮਸਮਰਪਣ ਕਰ ਚੁੱਕੇ ਮਜਬੂਰ ਕੈਦੀਆਂ ਦੇ ਬਿਨਾਂ ਸੁਣਵਾਈ ਕਤਲੇਆਮ ਨੂੰ ਪ੍ਰਵਾਨਗੀ ਨਹੀਂ ਦਿੱਤੀ ਜਾ ਸਕਦੀ! ਭਵਿੱਖ 'ਚ ਅਜਿਹੇ ਆਤਮਸਮਰਪਣ ਨੂੰ ਕਿਸੇ ਵੀ ਤਰ੍ਹਾਂ ਹੱਲਾਸ਼ੇਰੀ ਨਹੀਂ ਮਿਲਣੀ ਚਾਹੀਦੀ।

ਕਾਨੂੰਨ ਤੇ ਅਜਿਹੇ ਕੇਸ ਦੀ ਆਮ-ਸਮਝ ਬਾਰੇ ਗਵਰਨਰ ਆਇਰ ਦੇ ਮਾਮਲੇ 'ਚ ਉੱਚਤਮ 'ਬ੍ਰਿਟਿਸ਼ ਟ੍ਰਿਬਿਊਨਲ' ਨੇ ਬੜੀ ਸਪੱਸ਼ਟ ਵਿਆਖਿਆ ਕੀਤੀ ਸੀ; ਅਤੇ ਵਧੇਰੇ ਮਹਾਨ ਸਿਧਾਂਤਾਂ ਵਾਂਗ ਇਹ ਬੇਹੱਦ ਸਪੱਸ਼ਟ ਤੇ ਸੰਖੇਪ ਹੈ। ਇਹ ਇਸ ਪ੍ਰਕਾਰ ਹੈ। ਜਦੋਂ ਤੱਕ ਤਾਂ ਬਗ਼ਾਵਤ ਤੇਜ਼ੀ ਨਾਲ ਫੈਲ ਰਹੀ ਹੈ ਅਤੇ ਬਾਗ਼ੀ ਪੂਰਾ ਮੁਕਾਬਲਾ ਕਰ ਰਹੇ ਹਨ, ਉਨ੍ਹਾਂ ਹਾਲਾਤ 'ਚ ਇਹ ਕਾਨੂੰਨੀ ਤੌਰ 'ਤੇ ਦਰੁਸਤ ਹੈ ਕਿ ਉਨ੍ਹਾਂ ਨੂੰ

ਬਿਨਾਂ ਕਿਸੇ ਤਰਸ ਦੇ ਤੁਰੰਤ ਗੋਲ਼ੀਆਂ ਨਾਲ ਭੁੰਨ ਦਿੱਤਾ ਜਾਵੇ; ਪਰ – ਜੇ ਇਹ ਬਗ਼ਾਵਤ ਤੁਰੰਤ ਰੁਕ ਜਾਂਦੀ ਹੈ – ਭਾਵੇਂ ਉਸ 'ਤੇ ਜਿੱਤ ਹਾਸਲ ਕਰ ਲਈ ਜਾਂਦੀ ਹੈ ਜਾਂ ਬਾਗ਼ੀ ਆਤਮਸਮਰਪਣ ਕਰ ਦਿੰਦੇ ਹਨ, ਤਦ ਉੱਥੇ ਸਖ਼ਤੀ ਵਰਤਣ ਦੀ ਜ਼ਰੂਰਤ ਨਹੀਂ ਹੋਣੀ ਚਾਹੀਦੀ – ਇਸ ਮਾਮਲੇ 'ਚ ਇੰਝ ਨਹੀਂ ਕੀਤਾ ਗਿਆ, ਕਾਨੂੰਨ ਤੇ ਵਿਵਸਥਾ ਦਾ ਢਾਂਚਾ ਪੂਰੀ ਤਰ੍ਹਾਂ ਕਾਇਮ ਹੈ, ਅਜਿਹੀ ਹਾਲਤ 'ਚ ਕੈਦੀਆਂ ਨੂੰ ਦੇਸ਼ ਦੀ ਅਦਾਲਤ 'ਚ ਸੁਣਵਾਈ ਲਈ ਭੇਜਣਾ ਚਾਹੀਦਾ ਹੈ।

ਅਜਿਹਾ ਵੀ ਇੱਕ ਹੰਗਾਮਾ ਖੜ੍ਹਾ ਕੀਤਾ ਜਾ ਰਿਹਾ ਹੈ ਕਿ ਸ੍ਰੀ ਕਾਵਨ ਖ਼ਿਲਾਫ਼ ਜਿਹੜੀ ਕਾਰਵਾਈ ਸਰਕਾਰ ਨੇ ਕੀਤੀ ਹੈ, ਉਸ ਨਾਲ ਭਵਿੱਖ 'ਚ ਜਦੋਂ ਵੀ ਕਦੇ ਹੰਗਾਮੀ ਹਾਲਾਤ ਪੈਦਾ ਹੋਣਗੇ, ਤਾਂ ਸਰਕਾਰੀ ਅਧਿਕਾਰੀਆਂ 'ਚ ਉਤਸ਼ਾਹ ਵੇਖਣ ਨੂੰ ਨਹੀਂ ਮਿਲੇਗਾ। ਪਰ ਮੈਨੂੰ ਨਹੀਂ ਲੱਗਦਾ ਕਿ ਮੋਟੀਆਂ ਤਨਖ਼ਾਹਾਂ ਲੈਣ ਵਾਲੇ ਤੇ ਉੱਚ-ਪੱਧਰੀ ਸਿੱਖਿਆ ਪ੍ਰਾਪਤ ਅਧਿਕਾਰੀ ਅਜਿਹਾ ਕੁਝ ਕਰਨਗੇ, ਉਹ ਉਪਰੋਕਤ ਸਾਦਾ ਸਿਧਾਂਤ ਸਮਝਣ ਤੇ ਉਸੇ ਹਿਸਾਬ ਨਾਲ ਆਪਣੀ ਕਾਰਵਾਈ ਤੈਅ ਕਰਨ ਦੇ ਯੋਗ ਹੋਣੇ ਚਾਹੀਦੇ ਹਨ – ਮੈਸ. ਕਾਵਨ ਤੇ ਫ਼ਾਰਸਿਥ ਨੂੰ ਸਿਰਫ਼ ਇਸੇ ਕਰਕੇ ਝੱਲਣਾ ਪਿਆ ਕਿਉਂਕਿ ਉਹ ਅਜਿਹਾ ਕਰਨ ਦੇ ਅਸਮਰੱਥ ਰਹੇ ਸਨ ਤੇ ਜਿਵੇਂ ਕਿ ਪਹਿਲਾਂ ਵੀ ਕਿਹਾ ਜਾ ਚੁੱਕਾ ਹੈ ਕਿ ਸਾਨੂੰ ਉਨ੍ਹਾਂ 'ਤੇ ਤਰਸ ਆਉਂਦਾ ਹੈ; ਪਰ ਸਾਡੇ ਇਸ ਤਰਸ ਵਿੱਚ ਹਮਦਰਦੀ ਜਾਂ ਸ਼ਲਾਘਾ ਦਾ ਕਿਤੇ ਕੋਈ ਅੰਸ਼ ਨਹੀਂ ਹੈ। ਅਸੀਂ ਉਨ੍ਹਾਂ ਦੀਆਂ ਮਨਸ਼ਾਵਾਂ ਦੀ ਚੰਗਿਆਈ ਦਾ ਸੁਆਲ ਨਹੀਂ ਉਠਾਉਂਦੇ; ਪਰ ਚੰਗੀ ਮਨਸ਼ਾ ਤੋਂ ਅਗਾਂਹ ਵੀ ਅਧਿਕਾਰੀਆਂ ਦੇ ਅਹੁਦੇ 'ਚੋਂ ਉਚਿਤਤਾ ਵੀ ਝਲਕਣੀ ਚਾਹੀਦੀ ਹੈ। ਉੱਚ ਅਧਿਕਾਰੀਆਂ ਨੂੰ ਮਹਿਜ਼ ਗ਼ਲਤੀਆਂ ਕਰਨ ਲਈ ਉਚੇਰੀਆਂ ਤਨਖ਼ਾਹਾਂ ਨਹੀਂ ਦਿੱਤੀਆਂ ਜਾਂਦੀਆਂ; ਇਸ ਲਈ ਵੀ ਨਹੀਂ ਕਿ ਸਿਰਫ਼ ਡਿਊਟੀ ਹੀ ਨਿਭਾਉਣੀ ਹੈ, ਹੋਰ ਕੁਝ ਨਹੀਂ ਕਰਨਾ, ਸਗੋਂ ਇਸ ਲਈ ਕਿਉਂਕਿ ਉਨ੍ਹਾਂ ਤੋਂ ਆਸ ਰੱਖੀ ਜਾਂਦੀ ਹੈ ਕਿ ਉਹ ਹੰਗਾਮੀ ਹਾਲਾਤ 'ਚ ਆਪਣੀ ਲੁਕੀ ਹੋਈ ਸਮਰੱਥਾ ਵਿਖਾਉਣਗੇ। ਇੱਕ ਹੋਰ ਗੱਲ। ਇਹ ਆਸ ਰੱਖੀ ਜਾਂਦੀ ਹੈ ਕਿ ਸਰਕਾਰ ਨੇ ਇਨ੍ਹਾਂ ਅਧਿਕਾਰੀਆਂ ਨੂੰ ਸਜ਼ਾਵਾਂ ਦੇ ਆਪਣਾ ਫ਼ਰਜ਼ ਨਿਭਾ ਦਿੱਤਾ ਹੈ, ਹੁਣ ਉਹ ਸ੍ਰੀ ਕਾਵਨ ਪ੍ਰਤੀ ਤਰਸ ਵੀ ਪ੍ਰਗਟਾਏਗੀ। ਹੋ ਸਕਦਾ ਹੈ ਕਿ ਇਸ ਭੱਦਰ-ਪੁਰਖ ਨੂੰ ਉਸ ਦੀਆਂ ਪਿਛਲੀਆਂ ਆਦਰਯੋਗ ਸੇਵਾਵਾਂ ਕਾਰਣ ਅਤੇ ਉਸ ਦੇ ਨਿਰਦੋਸ਼ ਪਰਿਵਾਰ ਦੀ ਮਦਦ ਲਈ ਚੋਖੀ ਪੈਨਸ਼ਨ ਵੀ ਮਿਲ ਜਾਵੇਗੀ। ਇਹ ਵੀ ਆਸ ਕੀਤੀ ਜਾ ਸਕਦੀ ਹੈ ਕਿ ਇਸ ਮੰਤਵ*

* ਸਾਨੂੰ ਇਹ ਗੱਲ ਬਹੁਤ ਘੱਟ ਆਖਣ ਦੀ ਲੋੜ ਪੈਂਦੀ ਹੈ ਕਿ ਅਸੀਂ ਇਸ ਨਾਲ ਸਹਿਮਤ ਨਹੀਂ ਹਾਂ। ਭਾਵੇਂ ਅਜਿਹੀ ਤਜਵੀਜ਼ ਬਾਰੇ ਹੋਰਨਾਂ ਅਖ਼ਬਾਰਾਂ 'ਚ ਪ੍ਰਕਾਸ਼ਿਤ ਹੋਇਆ ਸੀ, ਅਸੀਂ ਇਸ ਮਾਮਲੇ 'ਚ ਕੁਝ ਵੀ ਨਾ ਆਖਣ ਦਾ ਸੰਕਲਪ ਲਿਆ ਸੀ ਪਰ ਅਸੀਂ ਆਪਣੇ ਖ਼ੁਦ ਦੇ ਕਾਲਮਾਂ 'ਚ ਕੁਝ ਆਖੇ ਬਿਨਾਂ ਨਹੀਂ ਰਹਿ ਸਕਦੇ ਕਿਉਂਕਿ ਅਸੀਂ ਸ੍ਰੀ ਕਾਵਨ ਦੇ ਫ਼ੰਡ ਲਈ ਧੇਲਾ ਤੱਕ ਨਹੀਂ ਦੇਵਾਂਗੇ, ਇਸ ਦਾ ਚੁਪਾਸੇ ਵਿਰੋਧ ਵੀ ਹੋ ਰਿਹਾ ਹੈ – ਅਸੀਂ ਬਹੁਤ ਸਖ਼ਤ ਮੱਦ ਵਰਤੀ ਸੀ। ਸ੍ਰੀ ਕਾਵਨ ਕਾਰਣ 66 ਪਰਿਵਾਰ ਸੋਗ 'ਚ ਡੁੱਬੇ ਹੋਏ ਹਨ ਤੇ ਉਨ੍ਹਾਂ ਦੀ ਕਾਰਵਾਈ ਦਾ ਕੋਈ ਸਪੱਸ਼ਟੀਕਰਣ ਵੀ ਨਹੀਂ ਹੈ। ਜੇ ਉਨ੍ਹਾਂ ਨੂੰ ਅਜਿਹਾ ਫ਼ੰਡ ਮਿਲ ਜਾਂਦਾ ਹੈ, ਤਾਂ ਇਹ ਨਹੀਂ ਆਖਿਆ ਜਾਵੇਗਾ ਕਿ ਅਸੀਂ ਆਪਣੇ ਪੱਧਰ 'ਤੇ ਚੁੱਪ ਰਹੇ ਸਾਂ।

ਲਈ ਇੱਕ ਫੰਡ ਰੱਖ ਦਿੱਤਾ ਜਾਵੇ; ਪਰ ਪਤਾ ਨਹੀਂ ਗੱਲ ਹੋਵੇਗੀ ਜਾਂ ਨਹੀਂ, ਮੈਂ ਸੁਹਿਰਦਤਾ ਨਾਲ ਉਨ੍ਹਾਂ ਨੂੰ ਬਹੁਤ ਜਜ਼ਬਾਤੀ ਹਮਦਰਦ ਕਹਿਣਾ ਚਾਹਾਂਗਾ ਕਿ ਜੈ-ਜੈਕਾਰ ਵਾਲੇ ਕਿਰਦਾਰ ਤੋਂ ਗੁਰੇਜ਼ ਕਰੋ, ਸ੍ਰੀ ਕਾਵਨ ਦੀ ਇੱਕ ਨਾਇਕ ਤੇ ਇੱਕ ਸ਼ਹੀਦ ਵਜੋਂ ਸ਼ਲਾਘਾ ਕਰਨ ਤੋਂ ਬਚੋ, ਇਸ ਦੇ ਨਾਲ ਹੀ ਇਸ ਮਾਮਲੇ 'ਤੇ ਸਰਕਾਰੀ ਕਾਰਵਾਈ ਦੀ ਨਿਖੇਧੀ ਕਰੋ ਜਾਂ ਇਹ ਮੁਹਿੰਮ ਸ਼ਾਇਦ ਫ਼ੇਲ੍ਹ ਹੀ ਹੋ ਜਾਵੇ; ਅਤੇ ਸ੍ਰੀ ਕਾਵਨ ਕੋਲ ਆਪਣੇ ਸਾਹਮਣੇ ਮੌਜੂਦ ਹੋਰ ਬਹੁਤ ਸਾਰਿਆਂ ਵਾਂਗ ਆਪਣੇ ਦੋਸਤਾਂ ਦੇ ਉਤਸ਼ਾਹ 'ਤੇ ਅਫ਼ਸੋਸ ਹੋਵੇਗਾ; ਮੈਂ ਤੁਹਾਨੂੰ ਮੁਆਫ਼ ਕਰਨ ਲਈ ਆਖਦਾ ਹਾਂ, ਇਹ ਘੱਟੋ-ਘੱਟ ਇੱਕ ਸਬੂਤ ਹੈ ਕਿ ਅਜਿਹਾ ਮੰਨਣਾ ਵੀ ਕਿੰਨਾ ਗ਼ਲਤ ਹੈ ਅਤੇ ਅਲਾਹਾਬਾਦ ਦੇ ਇੱਕ ਯੋਗ ਅਖ਼ਬਾਰ ਵਿੱਚ ਦ੍ਰਿੜ੍ਹਤਾਪੂਰਵਕ ਇਹ ਆਖਣਾ ਕਿੰਨਾ ਗ਼ੈਰ-ਵਾਜਬ ਹੈ ਕਿ ''ਅੰਗਰੇਜ਼ਾਂ ਤੇ ਸਥਾਨਕ ਲੋਕਾਂ ਦਾ ਸਰਬਸੰਮਤ ਵਿਚਾਰ'', ਜੋ ਮੈਸ. ਕਾਵਨ ਤੇ ਫ਼ਾਰਸਿਥ ਦੇ ਹੱਕ ਵਿੱਚ ਹੈ। ਮੈਂ ਆਪਣਾ ਕਾਰਡ ਨੱਥੀ ਕਰਦਾ ਹਾਂ ਪਰ ਉਹ ਪ੍ਰਕਾਸ਼ਨ ਲਈ ਨਹੀਂ ਹੈ ਤੇ ਸਦਾ ਲਈ ਹਾਂ।

ਤੁਹਾਡਾ ਵਿਸ਼ਵਾਸਪਾਤਰ

×

## *ਕੂਕਿਆਂ ਨੂੰ ਮੌਤ ਦੀਆਂ ਸਜ਼ਾਵਾਂ ਬਾਰੇ ਸਰ ਡੋਨਾਲਡ ਮੈਕਲਿਓਡ*

*13 ਜੂਨ, 1872*

'ਹੋਮ ਨਿਊਜ਼' ਇਹ ਜਾਣਨ ਲਈ ਉਤਸੁਕ ਹੈ ਕਿ 'ਫ਼ਰੈਂਡ ਆੱਫ਼ ਇੰਡੀਆ' ਕੀ ਆਖੇਗਾ ''ਜਦੋਂ ਇੰਨੇ ਚੰਗੇ ਮਸੀਹੀ ਸਰ ਡੋਨਾਲਡ ਮੈਕਲਿਓ ਨੇ ਆਪਣੀ ਧਾਰਨਾ ਐਲਾਨ ਦਿੱਤੀ ਹੈ ਕਿ ਮੈਸ. ਕਾਵਨ ਤੇ ਫ਼ਾਰਸਿਥ ਨੂੰ ਦਿੱਤੀ ਸਜ਼ਾ ਨੂੰ ਹਰ ਪਾਸਿਓਂ ਵਿਚਾਰਿਆ, ਤਾਂ ਉਹ ਇੱਕ ਗ਼ਲਤੀ ਹੀ ਹੈ; ਜੇ ਬਹੁਤਾ ਮਾੜਾ ਨਹੀਂ ਵਾਪਰਿਆ।'' ਕਿਉਂ, ਅਸੀਂ ਕੀ ਆਖਦੇ ਹਾਂ ਕਿ ਸਰ ਡੋਨਾਲਡ ਮੈਕਲਿਓਡ ਦੀ ਮਸੀਹੀਅਤ ਬਾਰੇ ਸਾਨੂੰ ਕੁਝ ਵੀ ਪਤਾ ਨਹੀਂ ਤੇ ਨਾ ਹੀ ਕੋਈ ਪਰਵਾਹ ਹੈ, ਜਿੱਥੋਂ ਤੱਕ ਕੂਕਿਆਂ ਨੂੰ ਮੌਤ ਦੀਆਂ ਸਜ਼ਾਵਾਂ ਦਿੱਤੇ ਜਾਣ ਦਾ ਸਬੰਧ ਹੈ, ਕਿਉਂਕਿ ਇਸ ਦਾ ਇਸ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ - ਇਸ ਵਿੱਚ ਬਚਾਓ, ਕਿ ਸਾਨੂੰ ਪਤਾ ਹੈ ਕਿ ਮਸੀਹੀਅਤ ਕੀ ਸਿਖਾਉਂਦੀ ਹੈ ਅਤੇ ਕੀ ਸਰ ਡੋਨਾਲਡ ਮੈਕਲਿਓਡ ਕੋਈ ਹੋਰ ਇੰਜੀਲ ਦਾ ਪ੍ਰਚਾਰ ਕਰਦੇ ਹਨ, ਅਸੀਂ ਇਸ ਗੱਲ ਤੋਂ ਕੋਈ ਲੈਣਾ-ਦੇਣਾ ਨਹੀਂ ਹੈ, ਮਸੀਹੀਅਤ ਲਈ ਉਨ੍ਹਾਂ ਦਾ ਕਿਰਦਾਰ ਵੇਖੋ ਅਤੇ ਇਨਸਾਨੀਅਤ ਦੇ ਨਾਤੇ ਕੀ ਹੋਣਾ ਚਾਹੀਦਾ ਹੈ। ਅਤੇ ਉਹ ਅਜਿਹੀ ਬਾਈਬਲ ਪੜ੍ਹਾਉਂਦੇ ਹਨ, ਅਸੀਂ ਉਸ ਨੂੰ ਸਿੱਧ ਕਰਨ ਲਈ ਤਿਆਰ ਹਾਂ। ਸੰਸਦ 'ਚ ਇਸ ਵਿਸ਼ੇ 'ਤੇ ਸ੍ਰੀ ਆਰਥਰ ਕਿੰਨੇ ਅੜਭ ਨੇ ਇਸ ਵਿਸ਼ੇ ਦਾ ਜ਼ਿਕਰ ਕੀਤਾ ਸੀ, ਜੋ ਇੱਕ ਅਜਿਹੇ ਸੱਜਣ-ਪੁਰਖ ਹਨ, ਜਿਨ੍ਹਾਂ ਦਾ ਸੰਸਦੀ ਪ੍ਰਭਾਵ ਓਨਾ ਹੀ ਘੱਟ ਹੈ, ਜਿੰਨਾ ਕੁ ਇੱਕ ਉੱਚ ਵਿਵਸਥਾ ਵਾਲੇ ਵਿਅਕਤੀ ਦਾ ਹੁੰਦਾ ਹੈ। ਹੁਣ ਅਸੀਂ ਆਪਣੇ ਪਾਠਕਾਂ ਨੂੰ ਉਹ ਚਿੱਠੀ ਪੜ੍ਹਨ ਲਈ

ਆਖਦੇ ਹਾਂ। ਉਹ ਕੁਝ ਇੰਝ ਸ਼ੁਰੂ ਹੁੰਦੀ ਹੈ। ''ਮੈਨੂੰ ਸ੍ਰੀ ਫ਼ਾਰਸਿਥ ਤੇ ਸ੍ਰੀ ਕਾਵਨ ਬਾਰੇ ਭਾਰਤ ਸਰਕਾਰ ਦੇ ਫ਼ੈਸਲੇ ਬਾਰੇ ਜਾਣਕਾਰੀ ਮਿਲੀ ਹੈ – ਸ੍ਰੀ ਫ਼ਾਰਸਿਥ ਨੂੰ ਪੰਜਾਬ ਤੋਂ ਹਟਾ ਕੇ ਕਿਸੇ ਹੋਰ ਸੂਬੇ 'ਚ ਭੇਜ ਦਿੱਤਾ ਗਿਆ ਹੈ ਅਤੇ ਸ੍ਰੀ ਕਾਵਨ ਨੂੰ ਨੌਕਰੀ ਤੋਂ ਬਰਤਰਫ਼ ਕਰ ਦਿੱਤਾ ਗਿਆ ਹੈ।'' ਸਾਡੇ ਪਾਠਕ ਇਹ ਗੱਲ ਨੋਟ ਕਰਨਗੇ ਕਿ ਜਦੋਂ ਸਰ ਡੋਨਾਲਡ ਮੈਕਲਿਓਡ ਇਸ ਗੱਲ 'ਤੇ ਅਫ਼ਸੋਸ ਪ੍ਰਗਟਾਉਂਦੇ ਹਨ ਕਿ ਉਨ੍ਹਾਂ ਨੂੰ ਉਹ ਆਧਾਰ ਹੀ ਪਤਾ ਨਹੀਂ ਲੱਗਾ ਕਿ ਉਨ੍ਹਾਂ ਨੂੰ ਹਟਾਇਆ ਕਿਉਂ ਗਿਆ ਹੈ। ਕੁਝ ਸਮਾਂ ਪਹਿਲਾਂ ਸਾਡੇ 'ਤੇ ਇਹ ਦੋਸ਼ ਲਾਇਆ ਗਿਆ ਸੀ ਕਿ ਅਸੀਂ ਇਸ ਮਾਮਲੇ ਬਾਰੇ ਸਮੇਂ ਤੋਂ ਪਹਿਲਾਂ ਕੋਈ ਧਾਰਨਾ ਨਹੀਂ ਬਣਾਈ ਪਰ ਅਸੀਂ ਕਿਸੇ ਪੱਖਪਾਤ ਨਾਲ ਨਹੀਂ ਸੀ ਚੱਲੇ ਕਿਉਂਕਿ ਸਾਨੂੰ ਸਾਰੇ ਤੱਥਾਂ ਦੀ ਪੂਰੀ ਜਾਣਕਾਰੀ ਸੀ, ਜਿਉਂ-ਜਿਉਂ ਉਹ ਸਾਹਮਣੇ ਆਉਂਦੇ ਗਏ। ਸਗੋਂ ਸਰ ਡੋਨਾਲਡ ਮੈਕਲਿਓਡ ਨੇ ਇਸ ਮਾਮਲੇ 'ਤੇ ਆਪਣੀ ਧਾਰਨਾ ਬਣਾਈ ਹੈ ਅਤੇ ਜਿਹੋ ਜਿਹੀ ਇਹ ਧਾਰਨਾ ਹੈ, ਉਸ 'ਤੇ ਕੋਈ ਮਾਣ ਵੀ ਨਹੀਂ ਕਰ ਸਕਦੇ ਜਾਂ ਇੱਕ ਆਮ ਵਿਅਕਤੀ ਵਜੋਂ ਉਨ੍ਹਾਂ ਦੀ ਇਨਸਾਫ਼ ਦੀ ਭਾਵਨਾ ਜਾਂ ਭਾਰਤ ਸਰਕਾਰ ਪ੍ਰਤੀ ਆਪਣੀ ਵਫ਼ਾਦਾਰੀ ਜੋ ਉਨ੍ਹਾਂ ਪ੍ਰਗਟਾਈ ਹੈ। ਉਹ ਆਖਦੇ ਹਨ,''ਇਹ ਮੇਰਾ ਕੰਮ ਨਹੀਂ ਹੈ ਕਿ ਮੈਂ ਭਾਰਤ ਸਰਕਾਰ ਦੀਆਂ ਕਾਰਵਾਈਆਂ ਦੀ ਨਿਖੇਧੀ ਕਰਾਂ ਕਿਉਂਕਿ ਸਰਕਾਰ ਨੂੰ ਸਾਡੇ ਸਭਨਾਂ ਨਾਲੋਂ ਵਧੇਰੇ ਜਾਣਕਾਰੀ ਹੈ ਅਤੇ ਉਸ ਨੇ ਬਿਨਾਂ ਕਿਸੇ ਸ਼ੱਕ ਕਰਤੱਵ-ਨਿਸ਼ਠਾ ਨਾਲ ਹੀ ਸਰਕਾਰ ਦੇ ਹਿਤ ਵਿੱਚ ਕੁਝ ਸੋਚ-ਸਮਝ ਕੇ ਹੀ ਫ਼ੈਸਲਾ ਲਿਆ ਹੋਵੇਗਾ; ਪਰ ਕਿਉਂਕਿ ਇਸ ਮਾਮਲੇ 'ਤੇ ਬਹੁਤ ਜ਼ਿਆਦਾ ਵੱਖੋ-ਵੱਖਰੇ ਵਿਚਾਰ ਪਾਏ ਜਾਂਦੇ ਹਨ ਤੇ ਉਹ ਰਹਿਣਗੇ ਵੀ,'' – ਸਾਡੇ ਪਾਠਕ ਇਸ ਚਿੱਠੀ 'ਚ ਇਹ ਜ਼ਰੂਰ ਵੇਖਣਗੇ ਕਿ ਉਸ ਤੋਂ ਬਾਅਦ ਕਿਵੇਂ ਦਲੀਲਬਾਜ਼ੀ ਦਿੱਤੀ ਗਈ।

ਉਹ ਦੋ ਪੈਰੇ ਹੀ ਸਾਡੇ ਲਈ ਇਹ ਸਮਝਾਉਣ ਹਿਤ ਕਾਫ਼ੀ ਹਨ ਕਿ ਅਸੀਂ ਸਰ ਡੋਨਾਲਡ ਮੈਕਲਿਓਡ ਦੇ ਵਿਚਾਰ 'ਤੇ ਭਰੋਸਾ ਕਰ ਹੀ ਨਹੀਂ ਸਕਦੇ। ਪੰਜਾਬ ਬਾਰੇ ਉਨ੍ਹਾਂ ਦੇ ਗਿਆਨ 'ਤੇ ਅਸੀਂ ਭਰੋਸਾ ਕਰ ਲਵਾਂਗੇ। ਚੰਗੀਆਂ ਮਨਸ਼ਾਵਾਂ ਵਾਲੇ ਉਨ੍ਹਾਂ ਦੇ ਕਿਰਦਾਰ 'ਤੇ ਸਾਨੂੰ ਕੋਈ ਸ਼ੱਕ ਨਹੀਂ ਪਰ ਜਦੋਂ ਇੱਕ ਵਿਅਕਤੀ ਸਾਨੂੰ ਇਹ ਦੱਸਣਾ ਸ਼ੁਰੂ ਕਰਦਾ ਹੈ ਕਿ ਉਸ ਨੂੰ ਇਸ ਫ਼ੈਸਲੇ ਪਿਛਲੇ ਕਾਰਨਾਂ ਬਾਰੇ ਕੋਈ ਜਾਣਕਾਰੀ ਨਹੀਂ ਅਤੇ ਜਿਹੜੀ ਕਰਤੱਵ-ਨਿਸ਼ਠਾ 'ਤੇ ਉਨ੍ਹਾਂ ਨੂੰ ਕੋਈ ਸ਼ੱਕ ਨਹੀਂ, ਤਾਂ ਇਹ ਜ਼ਰੂਰ ਪਤਾ ਲੱਗ ਜਾਂਦਾ ਹੈ ਕਿ ਉਹ ਵਿਅਕਤੀ ਕਿਸ ਕਿਰਦਾਰ ਜਾਂ ਸਥਿਤੀ ਜਾਂ ਗਿਆਨ ਜਾਂ ਤਜਰਬੇ ਦਾ ਮਾਲਕ ਹੈ; ਸਾਡਾ ਤਾਂ ਇੱਥੋਂ ਤੱਕ ਵੀ ਮੰਨਣਾ ਹੈ ਕਿ ਉਸ ਦੇ ਵਿਚਾਰ ਉੱਤੇ ਅਖ਼ਬਾਰ 'ਚ ਕੁਝ ਲਿਖਿਆ ਵੀ ਜਾਵੇ। ਇਨ੍ਹਾਂ ਦੋ ਪੈਰਿਆਂ ਦੀ ਭਾਸ਼ਾ ਨੇ ਸਭ ਸਪੱਸ਼ਟ ਕਰ ਛੱਡਿਆ ਹੈ ਸਰ ਡੋਨਾਲਡ ਮੈਕਲਿਓਡ ਅਜਿਹੀ ਕੋਈ ਜਾਣਕਾਰੀ ਹੀ ਨਹੀਂ ਹੈ ਕਿ ਜਿਸ ਉੱਤੇ ਉਹ ਅਜਿਹਾ ਕੋਈ ਵਿਚਾਰ ਕਾਇਮ ਕਰ ਸਕਣ ਕਿ ਸਰਕਾਰ ਠੀਕ ਸੀ ਜਾਂ ਗ਼ਲਤ। ਇਹ ਵੀ ਬੇਹੱਦ ਸਪੱਸ਼ਟ ਹੈ ਕਿ ਮੌਤ ਦੀਆਂ ਸਜ਼ਾਵਾਂ ਦੀ 'ਸੂਝਬੂਝ' ਬਾਰੇ ਉਨ੍ਹਾਂ ਕੋਈ ਵਿਚਾਰ ਨਹੀਂ ਬਣਾਇਆ ਸੀ। ਇਹ ਸਪੱਸ਼ਟ ਹੀ ਹੈ ਕਿ ਅਜਿਹਾ ਮਨ ਬਣਾਇਆ ਸੀ ਕਿ ਠੀਕ

ਜਾਂ ਗ਼ਲਤ, ਸਰਕਾਰ ਆਪਣੇ ਅਧਿਕਾਰੀ ਦੀ ਹਮਾਇਤ ਕਰਨ ਲਈ ਪਾਬੰਦ ਸੀ, ਅਜਿਹਾ ਵਿਚਾਰ ਉਨ੍ਹਾਂ ਦੀ ਸਮੁੱਚੀ ਚਿੱਠੀ ਵਿੱਚ ਹੀ ਝਲਕਦਾ ਹੈ। ਜੇ ਸਾਡੇ ਪਾਠਕ ਆਖ਼ਰੀ ਪੈਰ੍ਹੇ 'ਤੇ ਨਜ਼ਰ ਮਾਰਨ, ਤਾਂ ਉੱਥੇ ਉਹ ਵੇਖਣਗੇ ਕਿ ਉਨ੍ਹਾਂ ਇਸ ਵਿਚਾਰ ਨੂੰ ਕਿੰਨੀ ਚੰਗੀ ਤਰ੍ਹਾਂ ਕਾਇਮ ਕੀਤਾ ਹੈ। ਸਰ ਡੋਨਾਲਡ ਮੈਕਲਿਓਡ ਆਖਦੇ ਹਨ– "ਮੈਂ ਇਸ ਮਾਮਲੇ 'ਤੇ ਕੋਈ ਫ਼ੈਸਲਾ ਨਹੀਂ ਦੇਣਾ ਚਾਹੁੰਦਾ ਕਿ ਕੀ ਕੂਕਿਆਂ ਨੂੰ ਮੌਤ ਦੀ ਸਜ਼ਾ ਬਹੁਤ ਸੋਚ-ਸਮਝ ਕੇ ਅਪਣਾਇਆ ਰਾਹ ਸੀ ਜਾਂ ਨਹੀਂ, ਪਰ ਜਦੋਂ ਇਸ ਰਾਹ ਨੂੰ ਬਹੁਤ ਸੋਚ-ਸਮਝ ਕੇ ਕਰਤੱਵ-ਨਿਸ਼ਠਾ, ਮਿਹਨਤੀ ਵਿਅਕਤੀਆਂ ਵੱਲੋਂ ਮੌਕੇ 'ਤੇ ਮੌਜੂਦ ਸਭਨਾਂ (ਉਹ ਕੌਣ ਸਨ) ਦੀ ਪ੍ਰਵਾਨਗੀ ਨਾਲ ਅਪਣਾਇਆ ਗਿਆ ਹੈ, ਸਖ਼ਤ ਸਜ਼ਾ ਦੇਣ ਦੀ ਨੀਤੀ ਇੱਕ ਬੇਹੱਦ ਵੱਖਰੀ ਕਿਸਮ ਦਾ ਸੁਆਲ ਹੈ। ਅਤੇ ਜੇ ਸਰਕਾਰ ਨੇ ਫ਼ੈਸਲਾ ਲੈ ਕੇ ਕਾਰਵਾਈ ਕੀਤੀ ਹੈ, ਤਾਂ ਮੇਰਾ ਮੰਨਣਾ ਹੈ ਕਿ ਉਨ੍ਹਾਂ ਨੇ ਪੰਜਾਬ ਦੇ ਲੋਕਾਂ, ਯੂਰੋਪੀਅਨ ਤੇ ਸਥਾਨਕ ਲੋਕਾਂ ਦੇ ਵਿਚਾਰਾਂ ਦੇ ਉਲਟ ਜਾ ਕੇ ਹੀ ਇਹ ਸਭ ਕੀਤਾ ਹੈ, ਮੇਰੇ ਖ਼ਿਆਲ ਮੂਜਬ ਉਨ੍ਹਾਂ ਬਹੁਤ ਗੰਭੀਰ ਜ਼ਿੰਮੇਵਾਰੀ ਨਿਭਾਈ ਹੈ – ਇਸ ਵਿਸ਼ੇ ਦਾ ਇੱਕ ਗੰਭੀਰ ਵਿਚਾਰ, ਜੋ ਮੈਨੂੰ ਲੱਗਦਾ ਹੈ ਕਿ ਜਿਸ ਨੂੰ ਭਾਰਤ ਸਰਕਾਰ ਤੋਂ ਇਲਾਵਾ ਹੋਰ ਕਿਸੇ ਦੀ ਜਾਣਕਾਰੀ ਪ੍ਰਭਾਵਿਤ ਕਰ ਸਕਦੀ ਹੈ।" ਸੰਖੇਪ 'ਚ, ਇਸ ਤੋਂ ਇਹੋ ਭਾਵ ਹੈ ਕਿ ਸ੍ਰੀ ਕਾਵਨ ਦੀ ਹਰ ਹਾਲਤ 'ਚ ਹਮਾਇਤ ਕੀਤੀ ਜਾਣੀ ਚਾਹੀਦੀ ਹੈ। ਬਹੁਤ ਜ਼ਿਆਦਾ ਸਤਿਕਾਰਤ ਸਰ ਡੋਨਾਲਡ ਮੈਕਲਿਓਡ ਵੱਲੋਂ ਇਹੋ ਕੁਝ ਆਖਿਆ ਗਿਆ ਹੈ! ਬਹੁਤ ਵਧੀਆ, ਜੇ ਇਹ ਸਭ ਮਸੀਹੀਅਤ ਅਨੁਸਾਰ ਕਿਹਾ ਗਿਆ ਹੈ, ਤਾਂ ਅਸੀਂ ਕੁਝ ਨਹੀਂ ਕਹਿੰਦੇ ਪਰ ਇੰਝ ਤਾਂ ਬਾਇਬਲ ਦਾ ਪਵਿੱਤਰ ਵਚਨ ਵੀ ਲਾਂਭੇ ਕਰ ਦਿੱਤਾ ਜਾਵੇਗਾ। ਜੇ ਅੰਗਰੇਜ਼ਾਂ ਦੀ ਇਹੋ ਸਿਆਸਤ ਹੈ, ਤੇ ਸਿਆਸਤ ਤੇ ਧਰਮ ਵਿੱਚ ਗੁੱਟਬਾਜ਼ੀ ਨਹੀਂ ਹੈ, ਤਾਂ ਸੱਭਿਅਕ ਰਾਸ਼ਟਰਾਂ ਦੀ ਸੂਝਬੂਝ ਦੇ ਸਾਹਮਣੇ ਅਜਿਹੀ ਦੋਗਲੀ ਰਾਜਨੀਤੀ ਤੋਂ ਕੋਈ ਆਸ ਨਹੀਂ ਰੱਖਣੀ ਚਾਹੀਦੀ। ਅਸੀਂ ਇਹ ਆਖਣ ਤੋਂ ਨਹੀਂ ਝਿਜਕਦੇ ਕਿ ਜੇ ਪੰਜਾਬ ਦੇ ਮਰਹੂਮ ਲੈਫ਼ਟੀਨੈਂਟ ਗਵਰਨਰ ਦੀ ਇਸ ਸਿੱਖਿਆ ਨੂੰ ਵਿਵਹਾਰਕ ਤੌਰ 'ਤੇ ਮਨੁੱਖੀ ਜੀਵਨ 'ਚ ਲਾਗੂ ਕਰ ਦਿੱਤਾ ਜਾਵੇ, ਤਾਂ ਸਭ ਓਨੇ ਹੀ ਅਸੁਰੱਖਿਅਤ ਹੋ ਜਾਣਗੇ, ਜਿੰਨੇ ਕਿ ਲੋਕ ਇਤਿਹਾਸ ਦੇ ਭੈੜੇ ਤੋਂ ਭੈੜੇ ਸਮੇਂ ਦੌਰਾਨ ਹੁੰਦੇ ਸਨ। ਜੇ ਕੋਈ ਅਜਿਹਾ ਅਧਿਕਾਰੀ 50 ਵਿਅਕਤੀਆਂ ਨੂੰ ਬਿਨਾਂ ਕਿਸੇ ਸੁਣਵਾਈ ਦੇ ਤੋਪਾਂ ਨਾਲ ਉਡਾਉਣ ਚੱਲਾ ਹੋਵੇ, ਜਿਸ ਨੂੰ ਜੀਵਨ ਜਾਂ ਮੌਤ ਦੇਣ ਦਾ ਕੋਈ ਅਧਿਕਾਰ ਹੀ ਨਹੀਂ ਅਤੇ ਕੁਝ ਹੀ ਘੰਟਿਆਂ ਅੰਦਰ ਉਸ ਦਾ ਉੱਚ ਅਧਿਕਾਰੀ ਆਉਣ ਵਾਲਾ ਹੋਵੇ ਅਤੇ ਇਸ ਤੋਂ ਇਲਾਵਾ ਜਿਸ ਦੇ ਅੱਪੜਨ ਤੋਂ ਪਹਿਲਾਂ ਹੀ ਬਗ਼ਾਵਤ ਦਬਾ ਦਿੱਤੀ ਗਈ ਹੋਵੇ ਅਤੇ ਹਰੇਕ ਬਾਗ਼ੀ ਸੁਰੱਖਿਅਤ ਹਿਰਾਸਤ 'ਚ ਹੋਵੇ ਅਤੇ ਉਸ ਦੇ ਇੱਕ ਇਸ਼ਾਰੇ 'ਤੇ ਮਜ਼ਬੂਤ ਬ੍ਰਿਟਿਸ਼ ਫ਼ੌਜ ਉੱਥੇ ਆ ਸਕਦੀ ਹੋਵੇ ਤੇ ਉਹ ਫ਼ੌਜ, ਬਾਗ਼ੀਆਂ ਨੂੰ ਇਸ ਧਰਤੀ ਤੋਂ ਮਲੀਆਮੇਟ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੋਵੇ -- ਇਸ ਸਭ ਨੂੰ ਉਨ੍ਹਾਂ ਕੁਝ ਵਿਅਕਤੀਆਂ ਦੀ ਸੂਝ-ਬੂਝ ਦੇ ਆਧਾਰ 'ਤੇ ਭੁਲਾ ਦਿੱਤਾ ਜਾਵੇ, ਜਿਨ੍ਹਾਂ ਨੇ ਅਜਿਹਾ ਫ਼ੈਸਲਾ ਲਿਆ ਸੀ ਤਾਂ ਕਿਸੇ ਨੈਤਿਕ ਕਾਨੂੰਨ ਤੇ ਕਿਸੇ ਸਿਆਸੀ ਜੀਵਨ ਦੇ

ਸਿਧਾਂਤ ਦੀ ਕੋਈ ਉਲੰਘਣਾ ਨਹੀਂ ਹੋਈ। ਸਾਡੇ ਪਾਠਕ ਇਹ ਗੱਲ ਵੀ ਨੋਟ ਕਰਨਗੇ ਕਿ ਸਰ ਡੋਨਾਲਡ ਮੈਕਲਿਓਡ ਨੂੰ ਉਨ੍ਹਾਂ ਬੁਨਿਆਦੀ ਗੱਲਾਂ ਦੀ ਬਿਲਕੁਲ ਕੋਈ ਜਾਣਕਾਰੀ ਨਹੀਂ ਸੀ, ਜਿਨ੍ਹਾਂ ਦੇ ਆਧਾਰ 'ਤੇ ਸਰਕਾਰ ਨੇ ਕਾਰਵਾਈ ਕੀਤੀ ਸੀ ਪਰ ਉਨ੍ਹਾਂ ਆਖਿਆ ਕਿ 'ਇੱਕ ਬਹੁਤ ਹੀ ਗੰਭੀਰ ਜ਼ਿੰਮੇਵਾਰੀ ਨਿਭਾਈ ਗਈ' ਅਤੇ 'ਸਰਕਾਰ ਤੋਂ ਵੱਧ ਹੋਰ ਕੌਣ ਸਾਨੂੰ ਜਾਣਕਾਰੀ ਦੇ ਸਕਦਾ ਹੈ।' ਇੰਝ ਤੱਥਾਂ ਤੋਂ ਜਾਣੂ ਹੋਏ ਬਿਨਾਂ ਹੀ ਸਰ ਡੋਨਾਲਡ ਮੈਕਲਿਓਡ ਨੇ ਸਰਕਾਰ ਦੀ ਨਿਖੇਧੀ ਕਰ ਦਿੱਤੀ ਅਤੇ ਇਹ ਨਹੀਂ ਵੇਖਿਆ ਕਿ ਜਿਹੜੀ ਜਾਣਕਾਰੀ ਸਰਕਾਰ ਦੇ ਸਕਦੀ ਸੀ, ਉਸ ਨਾਲ ਇਸ ਮਾਮਲੇ 'ਚ ਕਿੰਨੀ ਮਦਦ ਮਿਲਣੀ ਹੈ। ਇੱਕੋ-ਇੱਕ ਨਤੀਜਾ ਜਿਹੜਾ ਸਾਹਮਣੇ ਆਉਂਦਾ ਹੈ, ਉਹ ਇਸ ਮਾੜੇ ਸਿਧਾਂਤ ਦਾ ਹੀ ਹੈ ਕਿ - ਸਾਨੂੰ ਇਹ ਦੱਸਦਿਆਂ ਖ਼ੁਸ਼ੀ ਹੋ ਰਹੀ ਹੈ ਕਿ ਭਾਰਤ ਦੇ ਕੁਝ ਸਰਬੋਤਮ ਵਿਅਕਤੀਆਂ ਨੇ ਇਸ ਨੂੰ ਅਪ੍ਰਵਾਨ ਕੀਤਾ ਹੈ - ਇੱਕ ਅਧਿਕਾਰੀ ਭਾਵੇਂ ਠੀਕ ਹੋਵੇ ਜਾਂ ਗ਼ਲਤ, ਉਸ ਦੀ ਹਮਾਇਤ ਕਰਨੀ ਚਾਹੀਦੀ ਹੈ, ਜੇ ਕਦੇ ਉਸ ਨੇ ਕੋਈ ਅਜਿਹਾ ਕੰਮ ਕੀਤਾ ਹੈ ਕਿ ਉਸ ਨੂੰ ਸਜ਼ਾ ਮਿਲੇ ਤੇ ਅੱਗਿਓਂ ਉਸ ਸਜ਼ਾ ਨੂੰ ਕਮਜ਼ੋਰੀ ਸਮਝਿਆ ਜਾ ਸਕਦਾ ਹੋਵੇ। ਸਾਨੂੰ ਲੱਗਦਾ ਹੈ ਕਿ ਅਸੀਂ ਸਰ ਡੋਨਾਲਡ ਮੈਕਲਿਓਡ ਤੋਂ ਰਤਾ ਅਸੀਮਤ ਹੀ ਉਚੇਰੇ ਚਲੇ ਗਏ ਹਾਂ, ਜਦੋਂ ਅਸੀਂ ਇਹ ਆਖਦੇ ਹਾਂ ਕਿ ਇੱਕ ਰਾਜਨੇਤਾ ਜਾਂ ਕਿਸੇ ਵੀ ਵਿਅਕਤੀ ਦੀ ਸਭ ਤੋਂ ਭੈੜੀ ਕਮਜ਼ੋਰੀ ਉਹ ਹੁੰਦੀ ਹੈ ਜਦੋਂ ਉਹ ਕੋਈ ਗ਼ਲਤ ਕੰਮ ਕਰ ਦੇਵੇ, ਤਾਂ ਲੋਕ ਇਹ ਸਮਝ ਲੈਣ ਕਿ ਉਹ ਤਾਂ ਡਰਦਾ ਹੈ। ਇਹ ਸਰ ਡੋਨਾਲਡ ਮੈਕਲਿਓਡ ਦਾ ਸਿਧਾਂਤ ਤਾਂ ਹੋ ਸਕਦਾ ਹੈ ਪਰ ਇਹ ਇੰਗਲੈਂਡ ਦਾ ਸਿਧਾਂਤ ਨਹੀਂ ਹੈ।

ਸਿਰਫ਼ ਇੱਕ ਹੋਰ ਨੁਕਤੇ ਰਾਹੀਂ ਉਨ੍ਹਾਂ ਜੋ ਦੋਸ਼ ਲਾਇਆ ਹੈ ਤੇ ਭਾਰਤ 'ਚ ਪੂਰੀ ਤਰ੍ਹਾਂ ਵਿਸਫੋਟ ਕਰ ਦਿੱਤਾ ਹੈ ਤੇ ਹੁਣ ਤੱਕ ਕਿਸੇ ਨੇ ਵੀ ਇਸ ਗੱਲ ਨੂੰ ਚੁੱਕਿਆ ਵੀ ਨਹੀਂ ਹੈ, ਉਹ ਹੈ - ਇੱਕ ਬਗ਼ਾਵਤ ਨੂੰ ਤੁਰੰਤ ਮੁਸਤੈਦੀ ਨਾਲ ਦਬਾਉਣ ਦੀ ਜ਼ਰੂਰਤ। ਕੀ ਸਾਬਕਾ ਲੈਫ਼ਟੀਨੈਂਟ ਗਵਰਨਰ ਇਸ ਵੇਲੇ ਮਹਾਰਾਣੀ ਅਤੇ ਭਾਰਤ 'ਚ ਇੰਗਲੈਂਡ ਦੇ ਕਾਨੂੰਨ ਦੀ ਨੁਮਾਇੰਦਗੀ ਕਰ ਰਹੇ ਹਨ; ਸਾਨੂੰ ਦੱਸੋ ਕਿ ਜਿਹੜੀ ਬਗ਼ਾਵਤ ਖ਼ਤਮ ਕਰ ਦਿੱਤੀ ਗਈ ਸੀ - ਬ੍ਰਿਟਿਸ਼ ਅਧਿਕਾਰੀ ਦੇ ਆਉਣ ਤੋਂ ਪਹਿਲਾਂ ਹੀ ਪੂਰੀ ਤਰ੍ਹਾਂ ਦਬਾ ਦਿੱਤੀ ਗਈ ਸੀ ਤੇ ਫਿਰ ਉਸ ਨੂੰ ਇਹ ਸਮਝਿਆ ਜਾਵੇ ਕਿ ਉਸ ਨੂੰ ਤਾਂ ਪੂਰੀ ਤਰ੍ਹਾਂ ਦਬਾਇਆ ਨਹੀਂ ਸੀ ਗਿਆ, ਇਸ ਲਈ ਲੋਕਾਂ ਦਾ ਕਤਲੇਆਮ ਕਰ ਦਿੱਤਾ ਜਾਵੇ? ਕੀ ਇਹ ਇਨਸਾਫ਼ ਹੈ ਜਾਂ ਕੋਈ ਬਹੁਤ ਉੱਚੀ ਨੀਤੀ ਹੈ। ਕੀ ਕਿਸੇ ਸਭਿਅਕ ਰਾਸ਼ਟਰ 'ਚ ਕੋਈ ਇਸ ਗੱਲ ਨੂੰ ਕਬੂਲ ਕਰੇਗਾ? ਬਗ਼ਾਵਤ ਨੂੰ ਤੁਰਤ-ਫੁਰਤ ਮੁਸਤੈਦੀ ਨਾਲ ਦਬਾਉਣ ਵਿਰੁੱਧ ਕਿਸੇ ਨੇ ਇੱਕ ਸ਼ਬਦ ਤੱਕ ਨਹੀਂ ਕਿਹਾ। ਹਰੇਕ ਨੇ ਇਹੋ ਆਖਿਆ ''ਬਗ਼ਾਵਤ ਨੂੰ ਜਿੰਨੀ ਵੀ ਛੇਤੀ ਹੋ ਸਕਦਾ ਹੈ ਓਨੀ ਛੇਤੀ ਦਬਾ ਦੇਵੋ ਅਤੇ ਇਸ ਲਈ ਜਿੰਨੀ ਵੀ ਸਖ਼ਤੀ ਵਰਤ ਸਕਦੇ ਹੋ, ਵਰਤੋ।'' ਜਿਹੜੇ ਵਿਅਕਤੀਆਂ ਨੇ ਸ੍ਰੀ ਕਾਵਨ 'ਤੇ ਹਮਲਾ ਕੀਤਾ ਹੈ ਅਤੇ ਜਿਹੜੇ ਵਿਅਕਤੀਆਂ ਨੇ ਉਨ੍ਹਾਂ ਦੀ ਹਮਾਇਤ ਕੀਤੀ ਹੈ, ਉਨ੍ਹਾਂ ਵਿਚਲਾ ਫ਼ਰਕ ਉਸ ਦ੍ਰਿੜ੍ਹ ਸਟੈਂਡ 'ਚ ਹੈ ਜਿਸ ਰਾਹੀਂ ਹਮਾਇਤੀਆਂ ਨੇ ਇੱਕ ਅਜਿਹੇ

ਮਾਮਲੇ 'ਚ ਇੱਕ ਅਧਿਕਾਰੀ ਨੂੰ ਗ਼ੈਰ-ਕਾਨੂੰਨੀ ਤਰੀਕੇ ਕਾਰਵਾਈ ਕਰਨ ਦੀ ਇਜਾਜ਼ਤ ਦਿੱਤੀ, ਜੋ ਬਹੁਤ ਖ਼ਤਰੇ ਵਾਲੀ ਸਥਿਤੀ ਦਾ ਨਹੀਂ ਸੀ ਪਰ ਉਹ ਅਧਿਕਾਰੀ ਆਪਣੇ ਅਧਿਕਾਰ-ਖੇਤਰ ਤੇ ਆਪਣੇ ਹੁਕਮਾਂ ਤੋਂ ਕਿਤੇ ਅਗਾਂਹ ਚਲਾ ਗਿਆ। ਸਰਕਾਰ ਇਸ ਨੂੰ ਆਪਣੇ ਕੋਲ ਪ੍ਰਾਪਤ ਕਿਸੇ ਵੀ ਸੂਚਨਾ ਨਾਲ ਬਦਲ ਨਹੀਂ ਸਕਦੀ। ਜੇ ਅਸੀਂ ਭਾਰਤ 'ਤੇ ਉਸ ਸਿਧਾਂਤ ਨਾਲ ਰਾਜ ਕਰਨਾ ਹੈ, ਤਾਂ ਇਹ ਇੱਕ ਅਜਿਹੀ ਸਰਕਾਰ ਹੋਵੇਗੀ ਜਿਸ ਨੂੰ ਅਸੀਂ ਗ਼ੈਰ-ਮਸੀਹੀ ਤਾਂ ਨਹੀਂ ਆਖਾਂਗੇ, ਪਰ ਉਹ ਅਣਮਨੁੱਖੀ ਹੋਵੇਗੀ। ਅਜਿਹੀ ਸਰਕਾਰ ਟਿਕ ਨਹੀਂ ਸਕੇਗੀ। ਹਾਲੇ ਤੱਕ ਕੋਈ ਵੀ ਸਰਕਾਰ ਅਜਿਹੇ ਕਿਸੇ ਸਿਧਾਂਤ 'ਤੇ ਨਹੀਂ ਟਿਕੀ। ਪਰਮੇਸ਼ਵਰ ਅਤੇ ਵਿਅਕਤੀ ਦੇ ਕਾਨੂੰਨ ਇਸ ਤੋਂ ਉਲਟ ਹਨ। ਇਹ ਹਰੇਕ ਤਰ੍ਹਾਂ ਦੀ ਬੁਨਿਆਦੀ ਸੂਝ-ਬੂਝ ਤੇ ਮਨੁੱਖੀ ਖ਼ਾਹਿਸ਼ ਦੇ ਵਿਰੁੱਧ ਹੈ। ਅਜਿਹੀ ਸਰਕਾਰ ਤਾਂ ਕਦੇ ਜੰਗਲ਼ ਰਾਜ ਵੇਲੇ ਵੀ ਨਹੀਂ ਟਿਕ ਸਕਦੀ, ਸਭਿਅਕ ਸਮਾਜ ਵਿੱਚ ਤਾਂ ਇਸ ਨੇ ਕੀ ਟਿਕਣਾ ਹੈ। ਅਸੀਂ ਇਹ ਨਹੀਂ ਆਖਦੇ ਕਿ ਸਰ ਡੋਨਾਲਡ ਮੈਕਲਿਓਡ ਦੀ ਮਸੀਹੀਅਤ ਇਸ ਕਿਸਮ ਦੀ ਹੈ, ਜੋ ਇੰਝ ਖ਼ੁਦਗਰਜ਼ੀ ਨਾਲ ਇਸ ਭਾਵਨਾ 'ਚੋਂ ਨਿਕਲਦੀ ਹੈ, ਜੋ ਇਸ ਭਜਨ 'ਚ ਵਿਖਾਈ ਦਿੰਦੀ ਹੈ – ''ਰੱਬ ਹੀ ਮੇਰੀਆਂ ਚਰਾਗਾਹਾਂ ਤਿਆਰ ਕਰੇਗਾ ਤੇ ਮੈਨੂੰ ਇੱਕ ਆਜੜੀ ਵਜੋਂ ਆਪਣੇ ਇੱਜੜ ਦੀ ਦੇਖਭਾਲ ਦੇ ਯੋਗ ਬਣਾਵੇਗਾ। ਰੱਬ ਦੀ ਮੌਜੂਦਗੀ ਮੇਰੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਦੀ ਹੈ'' ਪਰ ਸਾਨੂੰ ਸਭ ਨੂੰ ਇਹ ਪਤਾ ਹੈ ਕਿ ਇਹ ਭਾਰਤ ਤੇ ਹੋਰ ਕਿਸੇ ਵੀ ਥਾਂ 'ਤੇ ਮਸੀਹੀਅਤ ਦੀ ਇੱਕ ਬੇਹੱਦ ਆਮ ਕਿਸਮ ਹੈ ਅਤੇ ਜਿਹੜੇ ਵਿਅਕਤੀ ਇਸ ਵਿੱਚ ਵਿਸ਼ਵਾਸ ਰੱਖਦੇ ਹਨ, ਉਹ ਉਸ ਵਰਗ 'ਚੋਂ ਹਨ, ਜੋ ਜੇ ''ਪਰਮੇਸ਼ਵਰ ਹੁਣ ਆਪਣਾ ਹੱਥ ਵਧਾ ਕੇ ਜੋ ਕੁਝ ਉਸ ਦਾ ਹੈ, ਉਸ ਨੂੰ ਛੋਹ, ਤਦ ਉਹ ਤੇਰੇ ਮੂੰਹ 'ਤੇ ਤੇਰੀ ਨਿੰਦਾ ਕਰੇਗਾ।'' ਅਤੇ ਅਸੀਂ ਇਹ ਗੱਲ ਨੋਟ ਨਹੀਂ ਕਰਵਾ ਸਕੇ ਕਿ ਭਾਰਤ ਦੇ ਮਸੀਹੀ ਧਾਰਮਿਕ ਨੁਮਾਇੰਦਿਆਂ ਨੇ ਕੂਕਿਆਂ ਨੂੰ ਮੌਤ ਦੀ ਸਜ਼ਾ ਦੀ ਕੁਝ ਹੱਦ ਤੱਕ ਹਮਾਇਤ ਹੀ ਕੀਤੀ ਗਈ ਹੈ ਤੇ ਉਸ ਦੀ ਆਲੋਚਨਾ ਬਹੁਤ ਘੱਟ ਕੀਤੀ ਹੈ ਤੇ ਜੇ ਕਿਤੇ ਕੀਤੀ ਵੀ ਹੈ, ਤਾਂ ਬਹੁਤ ਬਚ ਕੇ ਹੀ ਕੀਤੀ ਹੈ। ਇਸ ਪੱਤਰ ਰਾਹੀਂ ਵਿਚਾਰਾਂ ਦਾ ਬਾਹਰੀ ਜਿਹਾ ਪ੍ਰਗਟਾਵਾ ਕਿੰਨਾ ਕੁ ਜ਼ਰੂਰੀ ਸੀ। ਇੰਝ ਜਾਪਦਾ ਹੈ ਕਿ ਭਾਰਤ 'ਚ ਸਰ ਡੋਨਾਲਡ ਮੈਕਲਿਓਡ ਦੇ ਦੋਸਤਾਂ 'ਚੋਂ ਕਿਸੇ 'ਚ ਵੀ ਇੰਨਾ ਜੇਰਾ ਨਹੀਂ, ਜੋ ਉਨ੍ਹਾਂ ਨੂੰ ਅਸਲੀਅਤ ਸਮਝਾ ਸਕੇ, ਜੋ ਕੁਝ ਮਹੀਨੇ ਪਹਿਲਾਂ ਸਾਡੇ ਸਾਹਮਣੇ ਆ ਗਈ ਸੀ। ਅਸੀਂ ਇਸ ਸਿਧਾਂਤ ਦੇ ਵਿਕਾਸ 'ਤੇ ਉਤਸੁਕਤਾ ਨਾਲ ਨਜ਼ਰ ਰੱਖਾਂਗੇ ; ਕਿਉਂਕਿ ਜੇ ਇਹ ਮਸੀਹੀਅਤ ਹੈ, ਤਾਂ ਹੁਣ ਇਹ ਮੁਢਲੇ ਦਿਨਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਬਦਲ ਗਈ ਹੈ। ਕੀ ਯਿਸੂ ਮਸੀਹ ਦੇ ਪਵਿੱਤਰ ਵਚਨਾਂ ਵਿੱਚ ਕੋਈ ਸੱਚਾਈ ਹੈ, ਇਹ ਵਚਨ ਜੋ ਸਾਰੀਆਂ ਨਸਲਾਂ ਤੇ ਦੇਸ਼ਾਂ ਲਈ ਸੂਰਜ ਚੜ੍ਹਨ ਤੋਂ ਛਿਪਣ ਤੱਕ ਹਨ। ਅਤੇ ਜਦੋਂ ਸਰ ਡੋਨਾਲਡ ਮੈਕਲਿਓਡ ਸਾਨੂੰ ਦੱਸਦੇ ਹਨ ਕਿ ਇੱਕ ਅੰਗਰੇਜ਼ ਅਧਿਕਾਰੀ ਦੀ ਸਾਨੂੰ ਹਮਾਇਤ ਕਰਨੀ ਚਾਹੀਦੀ ਹੈ, ਉਹ ਭਾਵੇਂ ਠੀਕ ਹੋਵੇ ਚਾਹੇ ਗ਼ਲਤ; ਅਸੀਂ ਇਹ ਨਹੀਂ ਆਖਦੇ ਕਿ ਸਰ ਡੋਨਾਲਡ ਮੈਕਲਿਓਡ ਇੱਕ ਮਸੀਹੀ

ਨਹੀਂ ਹਨ (ਇੱਕ ਵਿਅਕਤੀ ਨੂੰ ਜ਼ਰੂਰ ਹੀ ਉਸ ਦੀ ਰੌਸ਼ਨੀ 'ਚ ਡਟਣਾ ਜਾਂ ਡਿੱਗਣਾ ਚਾਹੀਦਾ ਹੈ) ਪਰ ਅਸੀਂ ਆਖਦੇ ਹਾਂ ਕਿ ਜੋ ਕੁਝ ਵੀ ਉਹ ਸਮਝਾਉਣਾ ਚਾਹ ਰਹੇ ਹਨ, ਉਹ ਮਸੀਹੀਅਤ ਨਹੀਂ ਹੈ ਅਤੇ ਨਾ ਹੀ ਉਸ ਵਰਗੀ ਕੋਈ ਹੋਰ ਚੀਜ਼ ਹੈ, ਹੁਣ ਤੱਕ ਜਿਸ ਤਰ੍ਹਾਂ ਮਹਾਨ ਮਸੀਹੀ ਚਿੰਤਕਾਂ ਨੇ ਮਸੀਹੀਅਤ ਨੂੰ ਸਮਝਿਆ ਹੈ, ਉਸੇ ਨਾਲ ਇਸ ਧਰਮ ਦਾ ਨਾਂਅ ਪੂਰੀ ਦੁਨੀਆ 'ਚ ਕਾਇਮ ਹੋਇਆ ਹੈ। ਭਾਰਤ ਦੇ ਨਾਗਰਿਕਾਂ ਨੇ ਇਸ ਵੇਲੇ ਇੱਕ ਦੁਰਲੱਭ ਕਿਸਮ ਦੀ ਐਨਕ ਲਾਈ ਹੋਈ ਹੈ, ਅਤੇ ਸਾਨੂੰ ਆਸ ਹੈ ਕਿ ਉਹ ਇਸ ਗੱਲ ਦਾ ਧਿਆਨ ਰੱਖਣਗੇ ਅਤੇ ਅਜਿਹਾ ਕੁਝ ਆਖਣਗੇ ਕਿ ਅਸੀਂ ਆਉਣ ਵਾਲੇ ਸਮੇਂ 'ਚ ਇਸ ਬਾਰੇ ਦੱਸਾਂਗੇ। ਸਾਨੂੰ ਆਸ ਹੈ ਕਿ ਉਹ ਐਗਜ਼ੀਟਰ ਹਾੱਲ ਨੇੜੇ ਜਾ ਕੇ ਵੀ ਇਹ ਗੱਲਾਂ ਸੁਣਾਉਣਗੇ ਤੇ ਉਹ ਐਡਿਨਬਰਾ ਦੇ ਅਸੈਂਬਲੀ ਹਾੱਲਜ਼ ਕੋਲ ਵੀ ਜਾਣਗੇ ਭਾਵ ਜੋ ਕੁਝ ਵੀ ਉਹ ਕਰ ਸਕਦੇ ਹਨ – ਅਤੇ ਇਹ ਇੰਗਲੈਂਡ ਦੀ ਮਸੀਹੀਅਤ ਦੀ ਵੀ ਪ੍ਰੀਖਿਆ ਹੋਵੇਗੀ, ਜਦੋਂ ਉਹ ਇਹ ਆਖਣਗੇ ਕਿ ਮਸੀਹੀ ਧਾਰਮਿਕ ਨੁਮਾਇੰਦਿਆਂ ਨੇ ਉਸ ਕਾਰਵਾਈ ਦੀ ਕੋਈ ਨਿਖੇਧੀ ਹੀ ਨਹੀਂ ਕੀਤੀ; ਜੋ ਕਾਨੂੰਨੀ ਤੌਰ 'ਤੇ ਇੱਕ ਕਤਲ ਸੀ, ਸਿਆਸੀ ਤੌਰ 'ਤੇ ਇੱਕ ਅਪਰਾਧ ਸੀ ਜਾਂ ਕਿਸੇ ਅਪਰਾਧ ਤੋਂ ਵੀ ਭੈੜੀ ਕੋਈ ਗ਼ਲਤੀ ਸੀ ਅਤੇ ਇਨ੍ਹਾਂ ਧਾਰਮਿਕ ਨੁਮਾਇੰਦਿਆਂ ਦੀ ਜੇ ਕਦੇ ਕੋਈ ਆਵਾਜ਼ ਸੁਣਾਈ ਦਿੰਦੀ ਹੈ, ਤਾਂ ਉਹ ਅਕਸਰ ਮਸੀਹੀਅਤ ਦੇ ਹੱਕ 'ਚ ਤਾਂ ਨਹੀਂ ਹੁੰਦੀ, ਮਨੁੱਖਾਂ 'ਚ ਇੱਕਸਮਾਨ ਇਨਸਾਫ਼ ਬਾਰੇ ਨਹੀਂ ਹੁੰਦੀ, ਸਗੋਂ ਬੇਇਨਸਾਫ਼ੀ ਦੇ ਹੱਕ 'ਚ ਹੁੰਦੀ ਹੈ ਅਤੇ ਇਸ ਅਥਾਰਟੀ ਦੀ ਮਾਨਤਾ ਇੰਨੀ ਵਿਸ਼ਾਲ ਹੈ ਕਿ ਸੱਭਿਅਕ ਵਿਸ਼ਵ ਨੇ ਹਾਲੇ ਇਸ ਵਿਰੁੱਧ ਬਗ਼ਾਵਤ ਕਰਨੀ ਹੈ, ਪਿੱਛੇ ਰਹਿ ਜਾਣਗੇ ਅੰਗਰੇਜ਼ਾਂ ਦੇ ਨਾਂਅ 'ਤੇ ਵੱਡੇ ਧੱਬੇ – ਇੱਕ ਨਿਆਂਪੂਰਨ, ਕੁਲੀਨ ਤੇ ਇਤਿਹਾਸਕ ਫ਼ੈਸਲੇ ਰਾਹੀਂ ਇਹ ਸਭ ਠੀਕ ਵੀ ਹੋ ਜਾਂਦਾ ਹੈ ਪਰ ਇਸ ਸਰ ਡੋਨਾਲਡ ਮੈਕਲਿਓਡ ਨੇ ਜਿਹੋ ਜਿਹੇ ਸ਼ਬਦ ਵਰਤੇ ਹਨ, ਉਸ ਨਾਲ ਅੰਗਰੇਜ਼ ਹਕੂਮਤ ਦਾ ਮਾਣ ਵਧਿਆ ਨਹੀਂ ਸਗੋਂ ਘਟਿਆ ਹੈ। ਅਸੀਂ ਸਾਰੇ ਸਰ ਡੋਨਾਲਡ ਮੈਕਲਿਓਡ ਦੇ ਕਿਰਦਾਰ ਬਾਰੇ ਜਾਣਦੇ ਹਾਂ। ਉਹ ਵੱਖਰੀ ਚੀਜ਼ ਹੈ। ਤੱਥਾਂ ਦੀ ਗੱਲ ਹੋਰ ਹੁੰਦੀ ਹੈ ਅਤੇ ਅਸੀਂ ਇੱਕ ਪੱਤਰ ਦੇ ਆਧਾਰ 'ਤੇ ਕਿਸੇ ਵਿਅਕਤੀ ਦੇ ਕਿਰਦਾਰ ਬਾਰੇ ਕੋਈ ਗੱਲ ਨਹੀਂ ਆਖਦੇ ਪਰ ਉਨ੍ਹਾਂ ਦੀ ਹਾਲੀਆ ਚਿੱਠੀ ਵਿੱਚ ਬੇਸ਼ੱਕ ਉਸੇ ਸਰਕਾਰ ਦੀ ਆਲੋਚਨਾ ਕੀਤੀ ਗਈ ਹੈ, ਜਿਸ ਦਾ ਉਹ ਨਮਕ ਖਾਂਦੇ ਹਨ। ਸਰ ਡੋਨਾਲਡ ਇਸ ਚਿੱਠੀ 'ਚ ਸ੍ਰੀ ਫ਼ਾਰਸਿਥ ਦੀਆਂ ਪਿਛਲੀਆਂ ਬਾਰੇ ਜੋ ਕੁਝ ਆਖ ਰਹੇ ਹਨ, ਅਸੀਂ ਉਸ ਚਿੱਠੀ ਨਾਲ ਸਹਿਮਤ ਹਾਂ। ਇੱਕ ਵਧੀਆ ਕਰੀਅਰ ਦਾ ਮੁੱਲਾਂਕਣ ਕਦੇ ਕਿਸੇ ਇੱਕ ਕਾਰਵਾਈ ਦੇ ਆਧਾਰ 'ਤੇ ਨਹੀਂ ਕੀਤਾ ਜਾ ਸਕਦਾ। ਪਰ ਸ੍ਰੀ ਫ਼ਾਰਸਿਥ ਨਾਲ ਇਨਸਾਫ਼ ਕਰਦੇ ਸਮੇਂ ਸਰ ਡੋਨਾਲਡ ਮੈਕਲਿਓਡ ਦਾ ਇਹ ਵੀ ਕੋਈ ਅਧਿਕਾਰ ਨਹੀਂ ਬਣਦਾ ਕਿ ਉਹ ਭਾਰਤ ਸਰਕਾਰ ਨਾਲ ਬੇਇਨਸਾਫ਼ੀ ਕਰਨ।

ਸਰ ਡੋਨਾਲਡ ਮੈਕਲਿਓਡ ਨੇ ਜੋ ਕੁਝ ਵੀ ਆਖਣਾ ਹੈ, ਕਹਿ ਲੈਣ ਦੇਵੋ, ਸਾਨੂੰ ਇਹ ਲੱਗਦਾ ਹੈ ਕਿ ਭਾਰਤ 'ਚ ਇੰਗਲੈਂਡ ਦੀ ਸੱਚੀ ਨੀਤੀ ਇਹੋ ਹੈ ਕਿ ਤੁਰਤ–

ਫੁਰਤ ਤੇ ਤਿੱਖੇ ਢੰਗ ਨਾਲ ਹਮਲਾਵਰ ਕਾਰਵਾਈ ਕਰੋ – ਅਤੇ ਜੋ ਵੀ ਤੇਜ਼ੀ ਨਾਲ ਤਿੱਖਾ ਵਾਰ ਕਰਦਾ ਹੈ, ਮੈਦਾਨ 'ਚ ਕਿਸੇ ਦੁਸ਼ਮਣ ਖ਼ਿਲਾਫ਼ ਉਹੀ ਸਰਬੋਤਮ ਵਿਅਕਤੀ ਹੈ ਪਰ ਜਿਹੜੇ ਲੋਕਾਂ 'ਤੇ ਜਿੱਤ ਹਾਸਲ ਕੀਤੀ ਗਈ ਹੈ, ਉਨ੍ਹਾਂ 'ਤੇ ਤਰਸ ਕਰਨਾ। ਇਸ ਤੋਂ ਇਲਾਵਾ ਸਾਡਾ ਇਹ ਵੀ ਮੰਨਣਾ ਹੈ ਕਿ ਕੋਈ ਬਗ਼ਾਵਤ ਹੋਣ ਦੀ ਹਾਲਤ 'ਚ ਕੋਈ ਮਾੜਾ ਪ੍ਰਭਾਵ ਨਹੀਂ ਸਿਰਜਿਆ ਜਾਣਾ ਚਾਹੀਦਾ ਅਤੇ ਈਨ ਮੰਨ ਲੈਣ ਦਾ ਮਤਲਬ ਮੌਤ ਹੋਵੇਗਾ। ਕੋਈ ਬਗ਼ਾਵਤ ਹੋਣ ਦੀ ਹਾਲਤ 'ਚ ਮੁਸੀਬਤਾਂ ਕਈ ਗੁਣਾ ਵਧ ਜਾਣਗੀਆਂ ਅਤੇ ਫਿਰ ਇੱਕ ਵਾਰ ਪ੍ਰਭਾਵ ਸਿਰਜਿਆ ਜਾਵੇਗਾ। ਅਸੀਂ ਧੜੱਲੇ ਨਾਲ ਆਖਦੇ ਹਾਂ ਕਿ ਸਾਨੂੰ ਜਿੱਤਣਾ ਚਾਹੀਦਾ ਹੈ ਪਰ ਇਸ ਲਈ ਕੁਰਬਾਨੀਆਂ ਕਰਨੀਆਂ ਹੋਣਗੀਆਂ ਅਤੇ ਸਾਨੂੰ ਨਿਸ਼ਚਿਤ ਤੌਰ 'ਤੇ ਅਦਾਲਤ ਦੀ ਜ਼ਰੂਰਤ ਨਹੀਂ ਹੈ। ਅਸੀਂ ਇਹ ਕਬੂਲ ਕਰਦੇ ਹਾਂ ਕਿ ਪੰਜਾਬ ਬਾਰੇ ਸਰ ਡੋਨਾਲਡ ਮੈਕਲਿਓਡ ਨੂੰ ਕਿੰਨੀ ਕੁ ਜਾਣਕਾਰੀ ਹੈ ਪਰ ਪਰ ਅਸੀਂ ਇਤਿਹਾਸ ਬਾਰੇ ਜਾਣਦੇ ਹਾਂ ਅਤੇ ਸਾਨੂੰ ਤਸੱਲੀ ਹੈ ਕਿ ਇੱਥੇ ਕੁਝ ਖ਼ਾਸ ਨਿਯਮ ਹਨ ਜੋ ਸਾਰੇ ਦੇਸ਼ਾਂ 'ਚ ਹਰ ਵੇਲੇ ਲਾਗੂ ਰਹੇ ਹਨ; ਇਹ ਉਹ ਨਿਯਮ ਹਨ ਜਿਨ੍ਹਾਂ ਤੋਂ ਕਦੇ ਕਿਸੇ ਵੀ ਵਿਅਕਤੀ ਜਾਂ ਜੇਤੂ ਨੇ ਕਦੇ ਮੂੰਹ ਨਹੀਂ ਮੋੜਿਆ ਜਾਂ ਉਨ੍ਹਾਂ 'ਤੇ ਕੋਈ ਅਫ਼ਸੋਸ ਨਹੀਂ ਕੀਤਾ। ਇਹ ਅੱਜ ਜਿਵੇਂ ਭਾਰਤ 'ਚ ਹਨ, ਉਹ ਸਦਾ ਤੋਂ ਹਰੇਕ ਰਾਸ਼ਟਰ 'ਚ ਹਰ ਵਕਤ ਮੌਜੂਦ ਸਨ ਅਤੇ ਇਸ ਤੋਂ ਇਲਾਵਾ ਇਹ ਯਕੀਨੀ ਤੌਰ 'ਤੇ ਸਾਡੀ ਦਲੀਲ ਦੇ ਹੱਕ 'ਚ ਅਤੇ ਸਰ ਡੋਨਾਲਡ ਮੈਕਲਿਓਡ ਦੇ ਵਿਚਾਰਾਂ ਦੇ ਉਲਟ ਹਨ। ਇੰਝ ਕਰਨਾ ਤਦ ਤੱਕ ਦਲੇਰਾਨਾ ਕੰਮ ਹੋਵੇਗਾ, ਜਦੋਂ ਤੱਕ ਕਿ ਸਾਰੇ ਤੱਥ ਪੂਰੀ ਤਰ੍ਹਾਂ ਸਾਹਮਣੇ ਨਹੀਂ ਆ ਜਾਂਦੇ। ਜੇ ਇਸ ਲਈ ਹੁਕਮ ਲਾਰਡ ਮਾਯੋ ਵੱਲੋਂ ਉਨ੍ਹਾਂ ਦੀ ਬੇਵਕਤ ਮੌਤ ਤੋਂ ਪਹਿਲਾਂ ਜਾਰੀ ਹੁੰਦੇ, ਤਾਂ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਕੋਲ ਆਪਣੀ ਅਥਾਰਟੀ ਵਰਤਦੇ ਸਮੇਂ ਬਹੁਤ ਜ਼ਰੂਰੀ ਕਾਰਨ ਹੋਣੇ ਸਨ ਕਿਉਂਕਿ ਮੈਨੂੰ ਲਗਾਤਾਰ ਇਹ ਸਭ ਵੇਖਣ ਦਾ ਮੌਕਾ ਮਿਲਦਾ ਰਿਹਾ ਹੈ ਕਿ ਜਦੋਂ ਉਹ ਆਇਰਲੈਂਡ ਦੇ ਮੁੱਖ ਸਕੱਤਰ ਹੁੰਦੇ ਸਨ, ਖ਼ਾਸ ਤੌਰ 'ਤੇ ਜਦੋਂ ਫ਼ਿਨਾਇਨ ਔਕੜਾਂ ਦਾ ਸਿਖ਼ਰ ਸੀ, ਤਾਂ ਉਨ੍ਹਾਂ 'ਚ ਸਾਰੇ ਹੀ ਸਰਕਾਰੀ ਅਧਿਕਾਰੀਆਂ ਨੂੰ ਸ਼ਕਤੀਆਂ ਦੇਣ ਦੀ ਵੱਡੀ ਇੱਛਾ ਰਹਿੰਦੀ ਸੀ ਅਤੇ ਸਭ ਤੋਂ ਵੱਧ ਜੋਸ਼ ਨਾਲ ਜਾਰੀ ਕੀਤੇ ਜ਼ਰੂਰੀ ਹੁਕਮਾਂ ਤੋਂ ਕਦੇ ਵੀ ਨਾਰਾਜ਼ ਨਹੀਂ ਸੀ ਹੁੰਦੇ।

ਭਾਰਤ 'ਤੇ ਸਾਡੇ ਕਬਜ਼ੇ ਬਾਰੇ ਇਸ ਦੇਸ਼ ਦੇ ਸਥਾਨਕ ਨਾਗਰਿਕ ਸਾਡੀਆਂ ਨਰਮ ਕਾਰਵਾਈਆਂ ਨੂੰ ਕਾਇਰਤਾ ਮੰਨਦੇ ਹਨ ਜਦ ਕਿ ਉਹ ਕਾਨੂੰਨ ਦੇ ਪ੍ਰਸ਼ਾਸਨ ਵਿਚਲੇ ਜੋਸ਼ ਦੀ ਕੋਈ ਸ਼ਲਾਘਾ ਨਹੀਂ ਕਰਦੇ। ਉਸ ਦੇਸ਼ ਵਿੱਚ ਅਸੀਂ ਇੱਕ ਬਾਰੂਦੀ ਸੁਰੰਗ 'ਤੇ ਰਹਿ ਰਹੇ ਹਾਂ, ਜਿਸ ਵਿੱਚ ਕਿਸੇ ਵੀ ਛਿਣ ਧਮਾਕਾ ਹੋ ਸਕਦਾ ਹੈ। ਸਿਵਲ ਤੇ ਫ਼ੌਜੀ ਦੋਵੇਂ ਤਰ੍ਹਾਂ ਦੇ ਸਾਰੇ ਅਧਿਕਾਰੀਆਂ ਦੀ ਚੋਣ ਬਹੁਤ ਹੀ ਧਿਆਨਪੂਰਵਕ ਕੀਤੀ ਜਾਂਦੀ ਹੈ, ਜੋ ਉਸ ਦੇਸ਼ ਵਿੱਚ ਲਗਾਤਾਰ ਵੱਡੇ ਅਹੁਦੇ ਸੰਭਾਲ਼ਦੇ ਹਨ, ਇਸੇ ਲਈ ਉਨ੍ਹਾਂ ਦੇ ਪ੍ਰਸ਼ਾਸਨਿਕ ਨਤੀਜੇ ਲਗਭਗ ਇੱਕੋ ਜਿੰਨੇ ਸਫ਼ਲ ਹੁੰਦੇ ਹਨ ਪਰ ਖ਼ਤਰੇ ਅਤੇ ਔਕੜਾਂ ਦੇ ਇਸ ਸਮੇਂ ਉਨ੍ਹਾਂ ਦੇ ਵਰਗਾਂ ਦੀਆਂ ਗੰਭੀਰ ਜ਼ਿੰਮੇਵਾਰੀਆਂ ਤੋਂ ਜਿੰਨੀ ਛੇਤੀ ਹੋ ਸਕੇ, ਉਨ੍ਹਾਂ ਨੂੰ ਰਾਹਤ ਦੇਣਾ ਠੀਕ ਰਹੇਗਾ ਅਤੇ ਉਨ੍ਹਾਂ ਨੂੰ ਇਹ ਸਮਝਾਉਣਾ

ਹੋਵੇਗਾ ਕਿ ਹਰੇਕ ਭੱਤਾ ਉਨ੍ਹਾਂ ਦੇ ਉੱਚ ਅਧਿਕਾਰੀਆਂ ਵੱਲੋਂ ਦਿੱਤਾ ਜਾਵੇਗਾ ਅਤੇ ਜਿਹੜੇ ਅਧਿਕਾਰੀ ਜਦੋਂ ਘਟਨਾਵਾਂ ਬਾਰੇ ਫ਼ੈਸਲਾ ਲੈਣ ਦੇ ਯੋਗ ਬਣਦੇ ਹਨ, ਤਾਂ ਉਹ ਇਤਿਹਾਸ ਦਾ ਪੰਨਾ ਬਣ ਕੇ ਰਹਿ ਜਾਂਦੇ ਹਨ, ਕਿਉਂਕਿ ਜਿਨ੍ਹਾਂ ਨੂੰ ਉਸ ਅੱਗ ਦੇ ਪਹਿਲੇ ਲੱਛਣ ਦਬਾਉਣ ਲਈ ਪੂਰਾ ਜੋਸ਼ ਵਿਖਾਉਣ ਵਾਸਤੇ ਸੱਦਿਆ ਗਿਆ ਸੀ, ਜੇ ਉਸ ਅੱਗ ਹਵਾ ਥੋੜ੍ਹਾ ਜਿਹਾ ਬੁੱਲਾ ਵੀ ਮਿਲ ਜਾਂਦਾ, ਤਾਂ ਉਸ ਨੇ ਭਿਆਨਕ ਭਾਂਬੜ ਦਾ ਰੂਪ ਅਖ਼ਤਿਆਰ ਕਰ ਲੈਣਾ ਸੀ।

ਮੈਨੂੰ ਮਾਣ ਹੈ, ਸ੍ਰੀਮਾਨ ਜੀ, ਆਪ ਦਾ ਆਗਿਆਕਾਰੀ ਸੇਵਕ ਹੋਣ 'ਤੇ,

ਏ.ਟੀ. ਕੁਨੀਆਂਗ੍ਹੇਮ, ਲੈਫ਼ਟੀਨੈਂਟ-ਜਨਰਲ,

ਸੀਨੀਅਰ ਯੂਨਾਈਟਿਡ ਸਰਵਿਸ ਕਲੱਬ, 15 ਮਈ

ਪੰਜਾਬ ਦੇ ਇੱਕ ਸਟੇਸ਼ਨ ਤੋਂ ਇੱਕ ਨਿਜੀ ਚਿੱਠੀ ਵਿੱਚ, ਲੇਖਕ ਆਖਦਾ ਹੈ: ''ਕਾਵਨ ਦੇ ਹੱਕ 'ਚ ਜਨਤਕ ਭਾਵਨਾ ਸੱਚਮੁਚ ਮਜ਼ਬੂਤ ਹੈ - ਇਸ ਕਰਕੇ ਨਹੀਂ ਕਿ ਅਸੀਂ ਸਮਝਦੇ ਹਾਂ ਕਿ ਉਸ ਦੀ ਕਾਰਵਾਈ ਦਰੁਸਤ ਸੀ, ਸਗੋਂ ਇਸ ਲਈ ਕਿਉਂਕਿ ਸਰਕਾਰ ਦਾ ਉਸ ਪ੍ਰਤੀ ਵਿਵਹਾਰ ਜਿਹੋ ਜਿਹਾ ਸੀ, ਕਿਉਂਕਿ ਸਰਕਾਰੀ ਡਿਸਪੈਚ ਵਿੱਚ ਕੁਝ ਗ਼ਲਤ-ਬਿਆਨੀਆਂ ਕੀਤੀਆਂ ਗਈਆਂ ਸਨ, ਅਤੇ ਇਹ ਪੰਜਾਬ ਸਰਕਾਰ ਦੇ ਚਿਹਰੇ 'ਤੇ ਇੱਕ ਥੱਪੜ ਵੀ ਹੈ। ਪਟਿਆਲਾ ਖ਼ੁਦ ਨੂੰ ਅਪਮਾਨਿਤ ਮਹਿਸੂਸ ਕਰਦਾ ਹੈ ਅਤੇ ਦਰਬਾਰ 'ਚ ਅਗਲੇ ਦਿਨ ਉਸ ਨੇ ਆਪਣੇ ਸਰਦਾਰ ਨੂੰ ਕਿਹਾ ਕਿ ''ਸਰਕਾਰ ਨੇ ਉਸ ਦਾ ਮੂੰਹ ਕਾਲ਼ਾ ਕਰ ਛੱਡਿਆ ਹੈ।' ਜੀਂਦ, ਨਾਭਾ ਤੇ ਕਪੂਰਥਲਾ ਸਭ ਆਸਹੀਣ ਹਨ ਅਤੇ ਜੇ ਸਰਕਾਰ ਆਪਣੀ ਕਾਰਵਾਈ ਉਵੇਂ ਹੀ ਜਾਰੀ ਰੱਖਦੀ ਹੈ, ਜਿਵੇਂ ਕਿ ਉਸ ਨੇ ਹੁਣ ਤੱਕ ਕਾਰਵਾਈ ਪਾਈ ਹੈ, ਤਾਂ ਹੁਣ ਤੱਕ ਜਿਹੜੇ ਵੀ ਵਿਸ਼ਵਾਸਪਾਤਰ ਭਾਈਵਾਲ ਰਹੇ ਸਨ, ਉਹ ਸਭ ਛੱਡ ਕੇ ਚਲੇ ਜਾਣਗੇ। ਤੁਸੀਂ ਬੇਲਦਾਰ ਇਸ ਸੂਬੇ ਵਿੱਚ ਕਿਸੇ ਵੀ ਤਰ੍ਹਾਂ ਦੇ ਖ਼ਤਰੇ ਦੇ ਵਿਚਾਰ ਦਾ ਮਜ਼ਾਕ ਬਣਾ ਸਕਦੇ ਹੋ ਪਰ ਅਸਲ 'ਚ ਇਹੋ ਵਿਅਕਤੀ ਮੌਕੇ 'ਤੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਹਰ ਵਾਪਰਦੀ ਘਟਨਾ ਦੀ ਪੂਰੀ ਜਾਣਕਾਰੀ ਹੁੰਦੀ ਹੈ, ਉਹ ਸਹੀ ਫ਼ੈਸਲਾ ਲੈ ਸਕਦੇ ਹਨ ਅਤੇ ਜਦੋਂ ਜਨਰਲ ਟੇਅਲਰ, ਪੌਲਕ, ਈਗਰਟਨ ਜਿਹੇ ਵਿਅਕਤੀ ਆਪਣੇ ਵਿਸ਼ਵਾਸ ਨੂੰ ਖੁੱਲ੍ਹ ਕੇ ਪ੍ਰਗਟਾਉਂਦੇ ਹਨ ਤੇ ਬਹੁਤ ਪਹਿਲਾਂ ਆਖ ਦਿੰਦੇ ਹਨ ਕਿ ਹੁਣ ਹੰਗਾਮਾ ਹੋਵੇਗਾ, ਤਾਂ ਕੁਝ ਨਾ ਕੁਝ ਤਾਂ ਜ਼ਰੂਰ ਹੋਣ ਵਾਲਾ ਹੁੰਦਾ ਹੈ।'

## ਦਿ ਇੰਗਲਿਸ਼ਮੈਨ

*ਸਨਿੱਚਰਵਾਰ, 8 ਜੂਨ, 1872, ਪੰਨਾ 3, ਕਾਲਮ 7*

**ਕੂਕਿਆਂ ਨੂੰ ਮੌਤ ਦੀ ਸਜ਼ਾ।** (ਟਾਈਮਜ਼, 6 ਮਈ)। ਸਾਡੇ ਕਲਕੱਤਾ ਵਾਲੇ ਪੱਤਰਕਾਰ ਤੋਂ ਪ੍ਰਾਪਤ ਟੈਲੀਗ੍ਰਾਮਜ਼ ਰਾਹੀਂ ਜਨਤਾ ਨੂੰ ਭਾਰਤ ਸਰਕਾਰ ਵੱਲੋਂ ਕਾਵਨ ਮਾਮਲੇ 'ਚ ਲਏ ਫ਼ੈਸਲੇ ਬਾਰੇ ਜਾਣਕਾਰੀ ਮਿਲੀ ਹੈ। ਉਸ ਸੱਜਣ-ਪੁਰਖ ਨੂੰ

''ਸੇਵਾ ਤੋਂ ਬਰਤਰਫ਼ ਕਰ ਦਿੱਤਾ ਗਿਆ ਹੈ,'' ਪਰ ਉਸ ਵਾਕ ਵਿੱਚ ਅਧਿਕਾਰੀਆਂ ਨੇ ਇਹ ਸ਼ਬਦ ਜੋੜ ਦਿੱਤਾ ਹੈ ਕਿ ਅਜਿਹਾ ਫ਼ੈਸਲਾ ਲੈਂਦੇ ਸਮੇਂ ''ਉਨ੍ਹਾਂ ਦੇ ਪਿਛਲੇ ਕਿਰਦਾਰ ਨੂੰ ਧਿਆਨ 'ਚ ਰੱਖਦਿਆਂ'' ਵੱਡਾ ਅਫ਼ਸੋਸ ਹੋ ਰਿਹਾ ਹੈ। ਇੱਕ ਹੋਰ ਸੁਨੇਹੇ ਤੋਂ ਇਹ ਵੀ ਪਤਾ ਲੱਗਾ ਹੈ ਕਿ ਸ੍ਰੀ ਫ਼ਾਰਸਿਥ ਨੂੰ ਵੀ ''ਅੰਬਾਲਾ ਦੀ ਕਮਿਸ਼ਨਰਸ਼ਿਪ ਤੋਂ ਹਟਾ ਕੇ ਅਵਧ 'ਚ ਲਾ ਦਿੱਤਾ ਗਿਆ ਹੈ।'' ਇਹ ਰਿਪੋਰਟਾਂ ਸੰਖੇਪ ਜ਼ਰੂਰ ਹਨ ਪਰ ਫਿਰ ਵੀ ਅਸੀਂ ਕੁਝ ਨਾ ਕੁਝ ਨਤੀਜੇ ਕੱਢ ਕੇ ਸਮੁੱਚੇ ਮਾਮਲੇ ਦੇ ਕੁਝ ਠੋਸ ਨਤੀਜੇ ਸਾਹਮਣੇ ਲਿਆਵਾਂਗੇ; ਪਰ ਇਹ ਘਟਨਾਵਾਂ ਕਿਉਂਕਿ ਕਾਫ਼ੀ ਸਮਾਂ ਪਹਿਲਾਂ ਵਾਪਰੀਆਂ ਹਨ ਅਤੇ ਫਿਰ ਉਸ ਤੋਂ ਬਾਅਦ ਵਾਪਰੀਆਂ ਘਟਨਾਵਾਂ ਕਾਫ਼ੀ ਵੱਡੀਆਂ ਤੇ ਦਿਲਚਸਪ ਹਨ, ਇਸ ਲਈ ਪਾਠਕ ਨੂੰ ਇੱਕ ਵਾਰ ਫਿਰ ਇਸ ਸਾਰੀ ਕਹਾਣੀ ਦੇ ਮੁੱਖ ਨੁਕਤੇ ਦੱਸਣੇ ਜ਼ਰੂਰੀ ਹਨ।

ਲਾਰਡ ਮਾਯੋ ਦੇ ਕਤਲ ਤੋਂ ਕੁਝ ਮਹੀਨੇ ਪਹਿਲਾਂ ਇਹ ਐਲਾਨ ਕੀਤਾ ਗਿਆ ਸੀ ਕਿ ''ਭਾਰਤ ਦੇ ਉੱਤਰ-ਪੱਛਮੀ ਸੂਬਿਆਂ ਵਿੱਚ ਕੂਕਿਆਂ ਨੇ ਹਥਿਆਰ ਚੁੱਕ ਲਏ ਹਨ; ਕਿ ਉਨ੍ਹਾਂ ਪਹਿਲਾਂ ਇੱਕ ਫ਼ੌਜੀ ਸਟੇਸ਼ਨ 'ਤੇ ਹਮਲਾ ਕੀਤਾ ਸੀ ਤੇ ਫਿਰ ਉਨ੍ਹਾਂ ਇੱਕ ਪਿੰਡ 'ਤੇ ਵੀ ਹਮਲਾ ਕੀਤਾ; ਪਰ ਤੁਰੰਤ ਕਾਰਵਾਈ ਹੋਈ ਤੇ ਅੰਤ ਨੂੰ ਉਨ੍ਹਾਂ ਨੂੰ ਘੇਰਾ ਪਾ ਕੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਵੱਲੋਂ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ ਸੀ ਤੇ ਉਨ੍ਹਾਂ ਦੀ ਗਿਣਤੀ 300 ਦੇ ਲਗਭਗ ਸੀ।'' ਸ੍ਰੀ ਕਾਵਨ ਦੀ ਕਮਾਂਡ ਹੇਠ ਸੁਰੱਖਿਆ ਬਲ ਬਹੁਤ ਥੋੜ੍ਹੇ ਸਨ ਪਰ ਉਨ੍ਹਾਂ ਨੂੰ ਛੇਤੀ ਹੀ ਸੁਖਾਵੇਂ ਢੰਗ ਨਾਲ ਜ਼ਿਲ੍ਹੇ ਦੇ ਸਥਾਨਕ ਮੁਖੀਆਂ ਦੀ ਮਦਦ ਮਿਲ ਗਈ ਸੀ ਅਤੇ ਬਾਗ਼ੀਆਂ ਨੇ ਦਰਅਸਲ ਕੋਈ ਬਹੁਤਾ ਵਿਰੋਧ ਨਹੀਂ ਕੀਤਾ ਸੀ ਤੇ ਨਾ ਹੀ ਉਨ੍ਹਾਂ ਨੂੰ ਕੋਈ ਬਹੁਤੀ ਕਾਮਯਾਬੀ ਹੀ ਮਿਲੀ ਸੀ। ਸ੍ਰੀ ਕਾਵਨ ਨੇ ਆਪਣੀ ਖ਼ੁਦ ਦੀ ਅਥਾਰਟੀ ਦੀ ਵਰਤੋਂ ਕਰਦਿਆਂ ਆਪਣੇ-ਆਪ ਹੀ ਹੰਗਾਮੀ ਹਾਲਾਤ ਦੀ ਧਾਰਨਾ ਸਿਰਜਦਿਆਂ 49 ਵਿਅਕਤੀਆਂ ਨੂੰ ਤੁਰੰਤ ਮੌਤ ਦੇ ਘਾਟ ਉਤਾਰਨ ਦਾ ਹੁਕਮ ਦੇ ਦਿੱਤਾ ਸੀ ਅਤੇ ਇਹ ਕਾਰਵਾਈ ਬਿਨਾਂ ਕਿਸੇ ਸੁਣਵਾਈ ਦੇ ਕੀਤੀ ਗਈ ਅਤੇ ਫਿਰ ਉਸ ਦਾ ਹੱਥ ਰੋਕ ਦਿੱਤਾ ਗਿਆ ਸੀ। ਫਿਰ ਜ਼ਿੰਮੇਵਾਰੀ ਸੂਬੇ ਦੇ ਕਮਿਸ਼ਨਰ ਸ੍ਰੀ ਫ਼ਾਰਸਿਥ 'ਤੇ ਆ ਗਈ ਅਤੇ ਉਨ੍ਹਾਂ ਕੁਝ ਸੁਣਵਾਈ ਤੋਂ ਬਾਅਦ 16 ਹੋਰ ਕੈਦੀਆਂ ਨੂੰ ਮੌਤ ਦੀ ਸਜ਼ਾ ਦੇ ਦਿੱਤੀ। ਅਜਿਹੇ ਅੱਤ ਦੇ ਕਦਮਾਂ ਨਾਲ ਸਰਕਾਰ ਦਾ ਧਿਆਨ ਤਾਂ ਜ਼ਰੂਰ ਹੀ ਖਿੱਚਿਆ ਜਾਣਾ ਸੀ ਅਤੇ ਤਦ ਸ੍ਰੀ ਕਾਵਨ ਨੂੰ ਤੁਰੰਤ ਮੁਅੱਤਲ ਕਰ ਦਿੱਤਾ ਗਿਆ ਤੇ ਇਸ ਮਾਮਲੇ ਦੀ ਜਾਂਚ ਬਿਠਾ ਦਿੱਤੀ ਗਈ। ਸਾਨੂੰ ਇੱਥੇ ਇਹ ਗੱਲ ਨੋਟ ਕਰਨੀ ਚਾਹੀਦੀ ਹੈ ਕਿ ਸ਼ਾਇਦ ਇਨ੍ਹਾਂ ਕੈਦੀਆਂ ਦੇ ਅਸਲ ਗੁਨਾਹ 'ਤੇ ਕਿਸੇ ਨੂੰ ਵੀ ਕੋਈ ਨੈਤਿਕ ਸ਼ੱਕ ਨਹੀਂ ਸੀ। ਉਨ੍ਹਾਂ ਨੇ ਸਰਕਾਰ ਵਿਰੁੱਧ ਹਥਿਆਰਬੰਦ ਬਗ਼ਾਵਤ ਕਰ ਕੇ ਆਪਣੀਆਂ ਜਾਨਾਂ ਜ਼ੋਖਮ ਵਿੱਚ ਤਾਂ ਪਾ ਹੀ ਲਈਆਂ ਸਨ, ਉਨ੍ਹਾਂ ਕਾਰਣ ਦੋ ਜਾਂ ਤਿੰਨ ਫ਼ੌਜੀ ਜਵਾਨਾਂ ਦੀ ਮੌਤ ਹੋਈ ਸੀ ਅਤੇ ਉਹ ਰੰਗੇ-ਹੱਥੀਂ ਫੜੇ ਗਏ ਸਨ। ਸੱਚਮੁਚ, ਅੰਬਾਲਾ 'ਚ ਸ੍ਰੀ ਫ਼ਾਰਸਿਥ ਦੀਆਂ ਕਾਰਵਾਈਆਂ ਤੋਂ ਇਲਾਵਾ ਕੋਈ ਵੀ ਨੁਕਤਾ ਇਸ ਮਾਮਲੇ ਨੂੰ ਸਪੱਸ਼ਟ ਨਹੀਂ ਕਰ ਸਕਿਆ ਸੀ। ਉਨ੍ਹਾਂ ਸਪੱਸ਼ਟ ਤੌਰ 'ਤੇ

ਇਹ ਮਾਮਲਾ ਆਪਣੇ ਮਾਤਹਿਤ ਅਧਿਕਾਰੀ ਸ੍ਰੀ ਕਾਵਨ ਤੋਂ ਲੈ ਲਿਆ ਸੀ ਤੇ ਇੰਝ ਅਜਿਹਾ ਸੰਕੇਤ ਗਿਆ ਸੀ ਕਿ ਸ਼ਾਇਦ ਇਸ ਕਾਰਵਾਈ ਦੀ ਕੋਈ ਨਿਖੇਧੀ ਕੀਤੀ ਜਾਵੇਗੀ ਜਾਂ ਕੋਈ ਸ਼ੱਕ ਪ੍ਰਗਟਾਇਆ ਜਾਵੇਗਾ ਪਰ ਅਗਲੇਰੇ ਸੋਚ-ਵਿਚਾਰ ਤੋਂ ਬਾਅਦ ਉਨ੍ਹਾਂ ਸੋਚਿਆ ਕਿ ਬਾਕੀ ਦੇ 16 ਕੈਦੀਆਂ ਨੂੰ ਵੀ ਮੌਤ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਇੰਝ ਸਪੱਸ਼ਟ ਤੌਰ 'ਤੇ ਇਹੋ ਨਤੀਜਾ ਨਿਕਲਦਾ ਸੀ ਕਿ ਜੇ ਇਸ ਦੂਜੇ ਗੇੜ 'ਚ ਵੀ ਪਿਛਲੇ ਗੇੜ ਵਾਂਗ ਇੰਨੇ ਜਣਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ, ਤਾਂ ਪਹਿਲੇ ਹੁਕਮ ਰਾਹੀਂ ਦਿੱਤੀਆਂ ਗਈਆਂ ਮੌਤ ਦੀਆਂ ਸਜ਼ਾਵਾਂ 'ਚ ਕੋਈ ਵੀ ਵਿਵਹਾਰਕ ਬੇਇਨਸਾਫ਼ੀ ਨਹੀਂ ਹੋਈ ਸੀ ਪਰ ਤਦ ਸ੍ਰੀ ਫ਼ਾਰਸਿਥ ਆਪਣੀਆਂ ਉਚਿਤ ਸ਼ਕਤੀਆਂ ਦੀ ਵਰਤੋਂ ਕਰ ਰਹੇ ਸਨ, ਜਦ ਕਿ ਸ੍ਰੀ ਕਾਵਨ ਤਦ ਆਪਣੇ ਅਧਿਕਾਰ-ਖੇਤਰ ਤੋਂ ਬਾਹਰ ਚਲੇ ਗਏ ਸਨ। ਡਿਪਟੀ ਕਮਿਸ਼ਨਰ ਨੂੰ ਜਨਤਕ ਸੁਰੱਖਿਆ ਦੇ ਸਰਬਉੱਚ ਕਾਨੂੰਨ ਅਧੀਨ ਕੈਦੀਆਂ ਨੂੰ ਮੌਤ ਦੀ ਸਜ਼ਾ ਦੇਣ ਦਾ ਕੋਈ ਅਧਿਕਾਰ ਨਹੀਂ ਸੀ। ਉਨ੍ਹਾਂ ਦਾ ਫ਼ਰਜ਼ ਬਣਦਾ ਸੀ ਕਿ ਉਹ ਕਮਿਸ਼ਨਰ ਤੋਂ ਸਲਾਹ ਲੈਂਦੇ, ਜਿਨ੍ਹਾਂ ਤੱਕ ਆਸਾਨ ਪਹੁੰਚ ਉਪਲਬਧ ਸੀ; ਪਰ ਇਸ ਦੀ ਥਾਂ ਉਨ੍ਹਾਂ ਆਪ ਹੀ ਅਥਾਰਟੀ ਵਜੋਂ ਕਾਰਵਾਈ ਕਰਦਿਆਂ ਖ਼ੁਦ ਜ਼ਿੰਮੇਵਾਰੀ ਸੰਭਾਲ ਲਈ। ਸੁਆਲ ਸੀ ਕਿ ਕੀ ਉਹ ਥੋਕ ਦੇ ਭਾਅ ਦਿੱਤੀਆਂ ਮੌਤ ਦੀਆਂ ਇੰਨੀਆਂ ਜ਼ਿਆਦਾ ਸਜ਼ਾਵਾਂ ਤੇ ਆਪਣੀ ਕਾਰਵਾਈ ਨੂੰ ਇੱਕ ਸੱਚਮੁਚ ਦੇ ਖ਼ਤਰਨਾਕ ਹੰਗਾਮੀ ਹਾਲਾਤ ਦਰਸਾ ਕੇ ਦਰੁਸਤ ਠਹਿਰਾ ਸਕਦੇ ਸਨ।

ਉਨ੍ਹਾਂ ਦੀ ਤਰਫ਼ੋਂ ਇਹ ਬੇਨਤੀ ਕੀਤੀ ਗਈ ਸੀ ਕਿ ਬਗ਼ਾਵਤ ਤਾਂ ਨਾਕਾਮ ਸਿੱਧ ਹੋਈ ਸੀ ਪਰ ਇਹ ਬਹੁਤ ਗੰਭੀਰ ਮਾਮਲਾ ਹੋ ਸਕਦਾ ਸੀ। ਕੂਕੇ, ਹਿੰਦੂ ਕੱਟੜਪੰਥੀਆਂ ਦਾ ਇੱਕ ਸੰਪਰਦਾਇ ਸੀ, ਜਿਸ ਦੇ ਪੈਰੋਕਾਰ ਕਈ ਹਜ਼ਾਰਾਂ 'ਚ ਹਨ ਅਤੇ ਇਹ ਬਗ਼ਾਵਤ ਉਨ੍ਹਾਂ ਦੀਆਂ ਖ਼ਤਰਨਾਕ ਯੋਜਨਾਵਾਂ ਦੀ ਕੋਈ ਪਹਿਲੀ ਮਿਸਾਲ ਨਹੀਂ ਸੀ। ਇਹ ਸ਼ਾਇਦ ਮੰਨਣਯੋਗ ਸੀ ਕਿ 12 ਘੰਟਿਆਂ ਜਾਂ ਇਸ ਤੋਂ ਘੱਟ ਸਮੇ ਂ ਦੇ ਅੰਦਰ ਬਗ਼ਾਵਤ ਸਮੁੱਚੇ ਜ਼ਿਲ੍ਹੇ 'ਚ ਫੈਲ ਸਕਦੀ ਸੀ, ਜਦ ਕਿ ਉਸ ਸਮੇਂ ਅੰਦਰ ਕਿਸੇ ਫ਼ੌਜੀ ਬਲ ਦਾ ਮੌਕੇ 'ਤੇ ਆਉਣਾ ਮੁਮਕਿਨ ਨਹੀਂ ਸੀ। ਦਿੱਲੀ ਉੱਥੋਂ ਕੋਈ 130 ਮੀਲ ਦੀ ਦੂਰੀ 'ਤੇ ਸੀ, ਉਂਝ ਫ਼ੌਜ ਕੋਲ ਵੱਡੀ ਤਾਕਤ ਹੈ, ਆਖ਼ਰ ਉਸ ਕੋਲ ਸਮੁੱਚੇ ਦੇਸ਼ ਦੀ ਰਾਖੀ ਦੀ ਜ਼ਿੰਮੇਵਾਰੀ ਹੈ ਪਰ ਫਿਰ ਵੀ ਜੇ ਹਕੀਕੀ ਰੂਪ 'ਚ ਵੇਖੀਏ, ਤਾਂ ਸੱਚਮੁਚ ਕੋਈ ਭੀੜ ਪੈਂਦੀ, ਤਾਂ ਇਨ੍ਹਾਂ ਬਲਾਂ ਤੋਂ ਤੁਰੰਤ ਇੰਨੀ ਦੂਰ ਪਹੁੰਚ ਨਹੀਂ ਸੀ ਹੋਣਾ। ਬੇਸ਼ੱਕ, ਇੱਕ ਜਾਂ ਦੋ ਦਿਨਾਂ ਅੰਦਰ ਸਰਕਾਰ ਉਸ ਇਲਾਕੇ ਦੀ ਮਾਲਕ ਹੋ ਸਕਦੀ ਸੀ ਪਰ ਇੰਨੇ ਕੁ ਸਮੇਂ ਦੌਰਾਨ ਸਮੁੱਚਾ ਸੂਬਾ ਵੀ ਤਾਂ ਹਥਿਆਰ ਚੁੱਕ ਸਕਦਾ ਸੀ ਕਿਉਂਕਿ ਇਹ ਮੰਨਿਆ ਗਿਆ ਸੀ ਕਿ ਉਹ ਆਮ ਬਗ਼ਾਵਤ ਦੀ ਮਹਿਜ਼ ਇੱਕ ਸ਼ੁਰੂਆਤ ਸੀ। ਉਸ ਵੇਲੇ ਸ੍ਰੀ ਕਾਵਨ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਰੱਖਿਆ ਦੀ ਜ਼ਿੰਮੇ ਵਾਰੀ ਸੰਭਾਲੀ ਗਈ ਸੀ ਅਤੇ ਖ਼ਤਰੇ ਦੀ ਸੰਭਾਵਨਾ ਇੰਨੀ ਜ਼ਿਆਦਾ ਸੀ ਕਿ ਉਸ ਗੱਲ ਨੂੰ ਸੁਭਾਵਕ ਤੌਰ 'ਤੇ ਗ਼ਲਤ ਸਮਝ ਲਿਆ ਗਿਆ ਸੀ। ਡਿਪਟੀ ਕਮਿਸ਼ਨਰ ਨੇ ਇਹ ਮੰਨ ਲਿਆ ਸੀ ਕਿ ਜਦੋਂ ਤੱਕ ਬਿਨਾਂ ਸੁਣਵਾਈ ਦੇ ਸਖ਼ਤ ਸਜ਼ਾ ਦੇ ਕੇ ਕੋਈ

ਮਿਸਾਲ ਕਾਇਮ ਨਹੀਂ ਕਰ ਦਿੱਤੀ ਜਾਂਦੀ, ਤਦ ਤੱਕ ਬਗ਼ਾਵਤ ਕਰਨ ਵਾਲੇ ਲੋਕਾਂ 'ਚ ਦਹਿਸ਼ਤ ਨਹੀਂ ਸੀ ਫੈਲਣੀ, ਉਨ੍ਹਾਂ ਇਹ ਵੀ ਮੰਨ ਲਿਆ ਸੀ ਕਿ ਜੇ ਅਜਿਹਾ ਨਾ ਕੀਤਾ ਜਾਂਦਾ, ਤਾਂ ਉੱਥੇ ਛੋਟੀ ਜਿਹੀ ਜੰਗ ਵਰਗੇ ਹਾਲਾਤ ਪੈਦਾ ਹੋ ਸਕਦੇ ਸਨ; ਇੰਝ ਸਖ਼ਤ ਕਦਮ ਚੁੱਕ ਕੇ ਸ੍ਰੀ ਕਾਵਨ ਨੇ ਸ਼ਾਇਦ ਹੋਰ ਸੈਂਕੜੇ ਲੋਕਾਂ ਦੀਆਂ ਜਾਨਾਂ ਬਚਾ ਲਈਆਂ ਸਨ। ਉਂਝ ਦੂਜੇ ਪਾਸੇ, ਇਹ ਨੁਕਤਾ ਉਠਾਇਆ ਗਿਆ ਸੀ ਕਿ ਜਿਸ ਸਮੇਂ ਬਿਨਾਂ ਸੁਣਵਾਈ ਦੇ ਤੇ ਥੋਕ ਦੇ ਭਾਅ ਮੌਤ ਦੀਆਂ ਸਜ਼ਾਵਾਂ ਦੇ ਹੁਕਮ ਦਿੱਤੇ ਜਾ ਰਹੇ ਸਨ, ਤਦ ਤੱਕ ਕੂਕਾ ਬਗ਼ਾਵਤ ਦਾ ਖ਼ਾਤਮਾ ਵੀ ਹੋ ਚੁੱਕਾ ਸੀ ਤੇ ਉਹ ਇੱਕ ਗ਼ਲਤੀ ਦੀ ਸੰਭਾਵਨਾ ਤੋਂ ਵੱਧ ਹੋਰ ਕੁਝ ਨਹੀਂ ਸੀ। ਇਹ ਆਖਿਆ ਗਿਆ ਸੀ ਕਿ ਉੱਥੇ ਅਜਿਹੇ ਖ਼ਦਸ਼ੇ ਦਾ ਕੋਈ ਆਧਾਰ ਹੀ ਨਹੀਂ ਸੀ ਕਿ ਮੰਨੀ ਗਈ ਹੱਦ ਤੱਕ ਕੋਈ ਜਨਤਕ ਖ਼ਤਰਾ ਵੀ ਹੋ ਸਕਦਾ ਸੀ। ਪਹਿਲੀ ਬਗ਼ਾਵਤ ਤੋਂ ਬਾਅਦ ਕੋਈ ਵੱਡੀ ਲਹਿਰ ਨਹੀਂ ਉੱਭਰੀ ਸੀ; ਕਿਤੇ ਵੀ ਕੋਈ ਗੜਬੜੀਆਂ ਨਹੀਂ ਹੋਈਆਂ ਸਨ; ਬਾਗ਼ੀਆਂ ਦਾ ਬਾਕੀ ਰਹਿੰਦਾ ਦਲ ਹਿਰਾਸਤ 'ਚ ਸੀ ਅਤੇ ਸ੍ਰੀ ਕਾਵਨ ਸ਼ਾਇਦ ਆਪਣੇ ਉੱਚ ਅਧਿਕਾਰੀ ਨੂੰ ਇਹ ਗੱਲ ਦੱਸ ਚੁੱਕੇ ਸਨ ਕਿ ਸੂਬੇ ਨੂੰ ਕੋਈ ਖ਼ਤਰਾ ਨਹੀਂ ਹੈ। ਇਸ ਨਾਲ ਸ਼ਾਇਦ ਕੂਕਿਆਂ ਦੀਆਂ ਜਾਨਾਂ ਨਹੀਂ ਬਚ ਸਕਦੀਆਂ ਸਨ ਕਿਉਂਕਿ ਤਦ ਡਿਪਟੀ ਕਮਿਸ਼ਨਰ ਦੀ ਥਾਂ ਉਨ੍ਹਾਂ ਨੂੰ ਕਮਿਸ਼ਨਰ ਦੇ ਹੁਕਮ ਨਾਲ ਮੌਤ ਦੀ ਸਜ਼ਾ ਮਿਲ ਜਾਣੀ ਸੀ ਪਰ ਤਦ ਇਹ ਸਾਰਾ ਮਾਮਲਾ ਕਾਨੂੰਨ ਮੁਤਾਬਕ ਹੋਣਾ ਸੀ। ਇਸ ਮਾਮਲੇ ਦਾ ਸਾਰਾ ਖ਼ਾਕਾ ਇਹ ਹੈ, ਇਸੇ ਲਈ ਇਸ ਮਾਮਲੇ ਬਾਰੇ ਭਾਰਤ ਸਰਕਾਰ ਲਈ ਕੋਈ ਨਾ ਕੋਈ ਫ਼ੈਸਲਾ ਲੈਣਾ ਜ਼ਰੂਰੀ ਸੀ ਅਤੇ ਉਹ ਫ਼ੈਸਲਾ ਹੁਣ ਪ੍ਰਕਾਸ਼ਿਤ ਕਰ ਦਿੱਤਾ ਗਿਆ ਹੈ।

ਸਾਨੂੰ ਇਨ੍ਹਾਂ ਟੈਲੀਗ੍ਰਾਮਾਂ ਦੀਆਂ ਮੱਦਾਂ ਤੋਂ ਹੀ ਜ਼ਰੂਰ ਕੋਈ ਨਾ ਕੋਈ ਨਤੀਜਾ ਕੱਢਣਾ ਹੋਵੇਗਾ ਕਿ ਉੱਚ ਅਧਿਕਾਰੀਆਂ ਦੇ ਵਿਚਾਰ ਅਨੁਸਾਰ ਸ੍ਰੀ ਕਾਵਨ ਹੀ ਨਹੀਂ, ਸਗੋਂ ਸ੍ਰੀ ਫ਼ਾਰਸਿਥ ਨੇ ਵੀ ਤਦ ਕੁਝ ਵਧ-ਚੜ੍ਹ ਕੇ ਹੀ ਸੋਚ ਲਿਆ ਸੀ ਕਿ ਹੰਗਾਮੀ ਹਾਲਾਤ ਪੈਦਾ ਹੋ ਗਏ ਹਨ ਅਤੇ ਉਨ੍ਹਾਂ ਕੂਕਿਆਂ ਦੀ ਬਗ਼ਾਵਤ ਨੂੰ ਬਹੁਤ ਜ਼ਿਆਦਾ ਖ਼ਤਰਨਾਕ ਤੇ ਚਿੰਤਾਜਨਕ ਸਮਝ ਲਿਆ ਸੀ, ਜਦ ਕਿ ਹਾਲਾਤ ਇੰਨੇ ਜ਼ਿਆਦਾ ਖ਼ਰਾਬ ਨਹੀਂ ਸਨ। ਇਹ ਇੱਕ ਸੱਚਾਈ ਹੈ ਕਿ ਜਿਹੜੇ ਕੈਦੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ, ਉਨ੍ਹਾਂ ਨੇ ਤਾਂ ਆਪਣੀਆਂ ਜਾਨਾਂ ਪਹਿਲਾਂ ਹੀ ਸੌਂਪ ਦਿੱਤੀਆਂ ਸਨ ਪਰ ਉਨ੍ਹਾਂ ਦੀਆਂ ਜਾਨਾਂ ਉਸ ਹਾਲਤ 'ਚ ਨਾ ਲਈਆਂ ਜਾਂਦੀਆਂ ਪਰ ਕਿਉਂਕਿ ਉਸ ਵੇਲੇ ਸੰਕਟ ਦੀ ਉਸ ਘੜੀ ਨੂੰ ਹੰਗਾਮੀ ਹਾਲਤ ਸਮਝ ਲਿਆ ਗਿਆ ਸੀ ਅਤੇ ਅਸਲ ਵਿੱਚ ਅਜਿਹਾ ਕੋਈ ਸੰਕਟ ਨਹੀਂ ਸੀ ਕਿ ਅਜਿਹੀ ਕਾਰਵਾਈ ਲਈ ਕੋਈ ਬਹੁਤ ਜ਼ਿਆਦਾ ਜੋਸ਼ ਵਿਖਾਇਆ ਜਾਂਦਾ। ਭਾਰਤ ਸਰਕਾਰ ਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਸ੍ਰੀ ਕਾਵਨ ਨੇ ਉੱਥੇ ਜਿੰਨੀ ਸਖ਼ਤੀ ਵਰਤੀ, ਉਹ ਉਨ੍ਹਾਂ ਦੀ ਗ਼ਲਤੀ ਸੀ ਪਰ ਸ੍ਰੀ ਫ਼ਾਰਸਿਥ ਨੂੰ ਅਹੁਦੇ ਤੋਂ ਹਟਾ ਕੇ ਇਸ ਮਾਮਲੇ ਦੀ ਜਿਹੜੀ ਨਿੰਦਾ ਕੀਤੀ ਗਈ, ਉਸ ਤੋਂ ਸਪੱਸ਼ਟ ਤੌਰ 'ਤੇ ਅਧਿਕਾਰੀਆਂ ਦਾ ਕੁਝ ਅਜਿਹਾ ਪ੍ਰਭਾਵ ਸਿਰਜਿਆ ਗਿਆ ਕਿ ਜੇ ਕਮਿਸ਼ਨਰ ਨੇ 16 ਕੈਦੀਆਂ ਨੂੰ ਮੌਤ ਦੀ ਸਜ਼ਾ ਦੇ ਕੇ ਕੋਈ ਗ਼ਲਤੀ ਨਹੀਂ

ਕੀਤੀ, ਤਾਂ ਡਿਪਟੀ ਕਮਿਸ਼ਨਰ ਵੱਲੋਂ ਆਪਣੇ ਅਧਿਕਾਰ-ਖੇਤਰ ਤੋਂ ਬਾਹਰ ਜਾ ਕੇ ਕੀਤੀ ਗਈ ਗ਼ਲਤੀ ਨੂੰ ਵੀ ਹਲਕੇ 'ਚ ਲਿਆ ਜਾ ਸਕਦਾ ਸੀ। ਪਰ ਇਹ ਸਪੱਸ਼ਟ ਹੈ ਕਿ ਭਾਰਤ ਸਰਕਾਰ ਨੇ ਇਸ ਸਾਰੇ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਤੇ ਇਸ ਨੂੰ ਨਾ-ਕਾਬਿਲੇ-ਮੁਆਫ਼ੀ ਗ਼ਲਤੀ ਮੰਨਿਆ। ਵਾਇਸਰਾਏ ਨੂੰ "ਕਿਸੇ ਤਰ੍ਹਾਂ ਦਾ ਕੋਈ ਸਬੂਤ ਨਹੀਂ ਦਿਸਿਆ", ਫਿਰ ਵੀ ਉਨ੍ਹਾਂ ਕਿਹਾ ਕਿ ਮੌਤ ਦੀਆਂ ਸਜ਼ਾਵਾਂ ਜ਼ਰੂਰੀ ਸਨ ਅਤੇ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਦੀ ਉਨ੍ਹਾਂ ਦੇ ਵਿਚਾਰ ਨਾਲ ਨਾ ਸਿਰਫ਼ ਸਹਿਮਤੀ ਸੀ, ਸਗੋਂ ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ "ਦੇ ਵਿਚਾਰ ਵੀ "ਪਹਿਲੇ" ਵਰਗੇ ਹਨ।" ਬੇਸ਼ੱਕ, ਬਹੁਤ ਸਾਰੇ ਲੋਕ ਅਧਿਕਾਰੀਆਂ ਵੱਲੋਂ ਮੌਤ ਦੀ ਸਜ਼ਾ ਦੇਣ ਦੇ ਫ਼ੈਸਲੇ ਦੀ ਸਖ਼ਤੀ 'ਤੇ ਪ੍ਰਗਟਾਇਆ ਗਿਆ ਅਫ਼ਸੋਸ ਸਾਂਝਾ ਕਰਦੇ ਹਨ ਅਤੇ ਸਰਕਾਰ ਆਪਣੇ ਰਿਕਾਰਡ ਵਿੱਚ ਇਹ ਸਭ ਦਰਜ ਕਰਨ ਲਈ ਮਜਬੂਰ ਹੋਈ ਹੈ ਪਰ ਸਾਨੂੰ ਇਸ ਮਾਮਲੇ ਦੇ ਸਾਰੇ ਤੱਥਾਂ 'ਤੇ ਜ਼ਰੂਰ ਗ਼ੌਰ ਕਰਨਾ ਚਾਹੀਦਾ ਹੈ, ਜੋ ਹੁਣ ਪੂਰੀ ਤਰ੍ਹਾਂ ਸਭ ਦੇ ਸਾਹਮਣੇ ਹਨ। ਕੂਕਾ ਬਗ਼ਾਵਤ ਕਾਰਣ ਕਦੇ ਵੀ ਇੰਨੇ ਵੱਡੇ ਤੇ ਬਿਨਾਂ ਸੁਣਵਾਈ ਦੇ ਸਜ਼ਾ ਜਿਹੇ ਕਦਮ ਚੁੱਕਣ ਦੀ ਲੋੜ ਹੀ ਨਹੀਂ ਸੀ। ਸ੍ਰੀ ਕਾਵਨ ਹੀ ਨਹੀਂ, ਸਗੋਂ ਸ੍ਰੀ ਫ਼ਾਰਸਿਥ ਵੀ, ਜੋ ਸਰਕਾਰੀ ਸੇਵਾ 'ਚ ਸਭ ਤੋਂ ਯੋਗ ਤੇ ਬਹੁਤ ਜ਼ਿਆਦਾ ਤਜਰਬੇਕਾਰ ਅਧਿਕਾਰੀਆਂ 'ਚੋਂ ਇੱਕ ਹਨ, ਕੁਝ ਵਧੇਰੇ ਹੀ ਅਫ਼ਸੋਸਨਾਕ ਤੇ ਨਾਕਾਬਿਲੇ-ਮੁਆਫ਼ੀ ਗ਼ਲਤੀ ਕਰ ਗਏ। ਅਸੀਂ ਤਾਂ ਹੁਣ ਸਿਰਫ਼ ਇਹੋ ਭਰੋਸਾ ਕਰ ਸਕਦੇ ਹਾਂ ਕਿ ਇਸ ਤੋਂ ਬ੍ਰਿਟਿਸ਼ ਭਾਰਤ ਦੇ ਸਾਰੇ ਸੂਬਿਆਂ ਨੂੰ ਜਿੱਥੇ ਇੱਕ ਸਬਕ ਮਿਲੇਗਾ, ਉੱਥੇ ਇਹ ਇੱਕ ਚੇਤਾਵਨੀ ਵੀ ਹੋਵੇਗੀ।

## ਦਿ ਇੰਗਲਿਸ਼ਮੈਨ

*ਮਿਤੀ 10 ਜੂਨ, 1872*

**ਸ੍ਰੀ ਕਾਵਨ ਦੀ ਬਰਤਰਫ਼ੀ।** ਇਹ ਕਿਸੇ ਨੀਤੀ ਸਦਕਾ ਨਹੀਂ, ਦਰਅਸਲ ਅਗਿਆਨਤਾ ਕਾਰਣ ਹੋਇਆ ਸੀ ਕਿ ਸ੍ਰੀ ਗ੍ਰਾਂਟ ਡਫ਼ ਨੇ ਸ੍ਰੀ ਕਿੰਨਾਇਰਡ ਵੱਲੋਂ ਸ੍ਰੀ ਕਾਵਨ ਦੀ ਸਰਕਾਰੀ ਸੇਵਾ ਤੋਂ ਬਰਖ਼ਾਸਤਗੀ ਬਾਰੇ ਪੁੱਛੇ ਗਏ ਸੁਆਲ ਦਾ ਜੁਆਬ ਇੰਨੇ ਜ਼ਿਆਦਾ ਅਸਪੱਸ਼ਟ ਤਰੀਕੇ ਨਾਲ ਦਿੱਤਾ ਸੀ। ਸਪੱਸ਼ਟ ਤੌਰ 'ਤੇ ਇੱਕ ਸੰਭਾਵੀ ਭਿਆਨਕ ਬਗ਼ਾਵਤ ਨੂੰ ਦਬਾਉਣ ਵਾਲੇ ਅਧਿਕਾਰੀਆਂ ਨੂੰ ਮਿਲੀ ਸਜ਼ਾ ਦਾ ਕੋਈ ਵੀ ਸੁਣਵਾਈ ਭਾਰਤ ਦੇ ਦਫ਼ਤਰ 'ਚ ਨਹੀਂ ਹੋਈ ਅਤੇ ਸਾਡਾ ਮੰਨਣਾ ਹੈ ਕਿ ਬਹੁਤ ਸਾਰੇ ਕੌਂਸਲਰਾਂ ਤੇ ਮੈਸ. ਕਾਵਨ ਤੇ ਫ਼ਾਰਸਿਥ ਦੇ ਦੋਸਤਾਂ ਨੂੰ ਵੀ ਇਸ 'ਤੇ ਡਾਢੀ ਹੈਰਾਨੀ ਹੋਈ ਸੀ। ਬਹੁਤੇ ਲੋਕਾਂ 'ਚ ਇਹ ਫ਼ੈਸਲਾਕੁੰਨ ਧਾਰਨਾ ਬਣਦੀ ਜਾਪਦੀ ਹੈ ਕਿ ਭਾਵੇਂ ਉਨ੍ਹਾਂ ਅਧਿਕਾਰੀਆਂ ਨੇ ਉਸ ਵੇਲੇ ਦੇ ਹਾਲਾਤ ਦੌਰਾਨ ਕੁਝ ਗ਼ਲਤ ਪ੍ਰਭਾਵ ਲੈਂਦੇ ਹੋਏ ਕਾਰਵਾਈ ਕੀਤੀ ਸੀ, ਜਿਸ ਕਰਕੇ ਉਨ੍ਹਾਂ ਦੁਆਲ਼ੇ ਕਾਨੂੰਨੀ ਘੇਰਾ ਕੱਸਿਆ ਗਿਆ ਪਰ ਉਨ੍ਹਾਂ ਨੂੰ ਇੰਨੀ ਜ਼ਿਆਦਾ ਸਖ਼ਤ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਵੈਸਮਨਿਸਟਰ 'ਚ ਸਰਕਾਰੀ ਵਿਚਾਰ ਤੋਂ ਅਗਾਂਹ ਕੋਈ ਹੋਰ ਵਿਚਾਰ ਪ੍ਰਗਟਾਉਣਾ

ਸਮਝਦਾਰੀ ਨਹੀਂ ਹੋਵੇਗੀ ਕਿਉਂਕਿ ਜ਼ੇਰੇ ਗ਼ੌਰ ਅਧਿਕਾਰੀਆਂ ਦੇ ਦੋਸਤ ਸੰਸਦ 'ਚ ਵੀ ਹਨ; ਜੋ ਤਦ ਤੁਰੰਤ ਕਾਰਵਾਈ ਪਾਉਣਗੇ ਜਦੋਂ ਲੋੜੀਂਦੇ ਦਸਤਾਵੇਜ਼ ਇਸ ਦੇਸ਼ ਪੁੱਜਣਗੇ। ਇਹ ਲਗਭਗ ਯਕੀਨੀ ਵੀ ਹੈ ਕਿ ਸ੍ਰੀ ਕਿਨਾਇਰਡ ਅਜਿਹਾ ਕੋਈ ਵੀ ਮੌਕਾ ਨਹੀਂ ਖੁੰਝਾਉਣਗੇ, ਜਦੋਂ ਵੀ ਇਹ ਮੁੱਦਾ ਉਠਾਉਣ ਦਾ ਢੁਕਵਾਂ ਵੇਲਾ ਆਵੇਗਾ। ਅਸਲ 'ਚ ਉਨ੍ਹਾਂ ਤਾਂ ਹਾਲ਼ੇ ਪੰਜਾਬ ਦੇ ਇੱਕ ਸਾਬਕਾ ਗਵਰਨਰ ਵੱਲੋਂ ਕੁਝ ਦਿਨ ਪਹਿਲਾਂ ਲਿਖੀ ਇੱਕ ਸ਼ਾਨਦਾਰ ਚਿੱਠੀ ਦੀ ਕਾਪੀ 'ਦਿ ਟਾਈਮਜ਼' ਨੂੰ ਭੇਜਦਿਆਂ ਆਪਣੀ ਚੰਗੀ ਤੇ ਸੁਹਿਰਦ ਮਨਸ਼ਾ ਹੀ ਪ੍ਰਗਟਾਈ ਹੈ, ਸਾਬਕਾ ਗਵਰਨਰ ਦੇ ਵਿਚਾਰ ਦਾ ਵਧੇਰੇ ਵਜ਼ਨ ਹੋਵੇਗਾ ਕਿਉਂਕਿ ਉਨ੍ਹਾਂ ਬਾਰੇ ਸਭ ਨੂੰ ਪਤਾ ਹੈ ਕਿ ਉਨ੍ਹਾਂ ਦਾ ਰੁਝਾਨ ਇਨਸਾਨੀਅਤ ਵੱਲ ਹੈ ਅਤੇ ਉਨ੍ਹਾਂ ਦੀ ਸਥਾਨਕ ਨਿਵਾਸੀਆਂ ਪ੍ਰਤੀ ਡਾਢੀ ਹਮਦਰਦੀ ਰਹਿੰਦੀ ਹੈ, ਜਿਨ੍ਹਾਂ ਦੇ ਵਿਚਕਾਰ ਉਨ੍ਹਾਂ ਕਈ ਸਾਲ ਰਹਿ ਕੇ ਮਿਹਨਤ ਕੀਤੀ ਹੈ। ਜੇ 'ਦਿ ਫ੍ਰੈਂਡ ਆੱਫ਼ ਇੰਡੀਆ' ਸ੍ਰੀ ਕਾਵਨ ਵੱਲੋਂ ਬਗ਼ਾਵਤ ਨਾਲ ਨਿਪਟਣ ਦੇ ਤਰੀਕੇ ਨਾਲ ਭਾਰਤ 'ਚ ਅਮਰੀਕੀ ਮਿਸ਼ਨਰੀਆਂ ਨੂੰ ਵੀ ਖਿੱਚ ਲਿਆ ਸੀ, ਤਾਂ ਇਹ ਸੁਣਨਾ ਕਿਹੋ ਜਿਹਾ ਲੱਗੇਗਾ ਕਿ ਸਰ ਡੋਨਾਲਡ ਮੈਕਲਿਓਡ ਜਿਹੇ ਇੱਕ ਚੰਗੇ ਮਸੀਹੀ ਨੇ ਬਹੁਤ ਕੁਝ ਸੋਚ-ਸਮਝ ਕੇ ਆਪਣੀ ਧਾਰਨਾ ਪ੍ਰਗਟਾਈ ਹੈ ਕਿ ਮੈਸ. ਕਾਵਨ ਅਤੇ ਫ਼ਾਰਸਿਥ ਨੂੰ ਦਿੱਤੀ ਗਈ ਸਜ਼ਾ ਇੱਕ ਗ਼ਲਤੀ ਹੈ, ਇਸ ਤੋਂ ਮਾੜਾ ਹੋਰ ਕੀ ਕਹਿਣਾ ਹੈ। ਸਰ ਡੋਨਾਲਡ ਨੂੰ ਬੇਸ਼ੱਕ ਇਸ ਸਾਰੇ ਮਾਮਲੇ ਦੀ ਪੂਰੀ ਜਾਣਕਾਰੀ ਨਹੀਂ ਹੈ, ਉਹ ਤਾਂ ਸਗੋਂ ਭਾਰਤ ਸਰਕਾਰ ਨੂੰ ਕਿਸੇ ਭੈੜੀ ਟਿੱਪਣੀ ਤੋਂ ਬਰੀ ਹੀ ਕਰਦੇ ਹਨ। ਉਹ ''ਕੂਕਿਆਂ ਨੂੰ ਮੌਤ ਦੀ ਸਜ਼ਾ ਬਾਰੇ ਅਜਿਹਾ ਕੋਈ ਫ਼ੈਸਲਾ ਦੇਣ ਦਾ ਕੋਈ ਬਹਾਨਾ ਨਹੀਂ ਲੱਭਣਗੇ ਕਿ ਅਧਿਕਾਰੀਆਂ ਵੱਲੋਂ ਅਖ਼ਤਿਆਰ ਕੀਤਾ ਗਿਆ ਰਾਹ ਬਹੁਤ ਜ਼ਿਆਦਾ ਸੂਝ-ਬੂਝ ਨਾਲ ਭਰਪੂਰ ਸੀ; ਪਰ ਜਦੋਂ ਮੌਕੇ 'ਤੇ ਮੌਜੂਦ ਸਾਰਿਆਂ ਦੀ ਦਿਲੀ ਸਹਿਮਤੀ ਨਾਲ ਫ਼ੈਸਲਾ ਲੈ ਹੀ ਲਿਆ ਗਿਆ ਸੀ, ਤਾਂ ਉਸ ਮਾਮਲੇ 'ਚ ਬਹੁਤ ਜ਼ਿਆਦਾ ਸਖ਼ਤ ਸਜ਼ਾ ਦੇਣਾ ਇੱਕ ਬਿਲਕੁਲ ਹੀ ਵੱਖਰੀ ਕਿਸਮ ਦਾ ਸੁਆਲ ਹੈ। ਜੇ ਦੋਵੇਂ ਅਧਿਕਾਰੀਆਂ ਦੇ ਜਾਣੇ-ਪਛਾਣੇ ਕਿਰਦਾਰ ਨੂੰ ਵੇਖੀਏ, ਤਾਂ ਉਨ੍ਹਾਂ ਅੱਗੇ ਭੜਕੇ ਹੋਏ ਲੋਕਾਂ ਨਾਲ ਨਿਪਟਣਾ ਸੀ, ਭਾਰਤ 'ਚ ਸਾਡੀ ਹਾਲਤ ਗੰਭੀਰ ਹੈ, ਆਮ ਲੋਕਾਂ 'ਚ ਵੱਡੇ ਪੱਧਰ 'ਤੇ ਅਸੰਤੁਸ਼ਟੀ ਫੈਲੀ ਹੋਈ ਹੈ, ਪੰਜਾਬ 'ਚ ਸਥਾਨਕ ਰਿਆਸਤਾਂ ਦੇ ਮੁਖੀਆਂ ਦੀ ਵਫ਼ਾਦਾਰੀ, ਉਸ ਸੂਬੇ 'ਚ ਸਥਾਨਕ ਨਿਵਾਸੀਆਂ ਤੇ ਯੂਰੋਪੀਅਨਾਂ ਦੇ ਜ਼ਿਆਦਾਤਰ ਵਿਚਾਰ ਸ੍ਰੀ ਕਾਵਨ ਦੇ ਹੱਕ 'ਚ ਹੀ ਹਨ ਅਤੇ ਉਨ੍ਹਾਂ ਨੂੰ ਸਜ਼ਾ ਨੂੰ ਲੈ ਕੇ ਸਭ ਨੂੰ ਚਿੰਤਾਜਨਕ ਹੈਰਾਨੀ ਹੋਈ ਹੈ, ਅਸੀਂ ਸਮਝ ਸਕਦੇ ਹਾਂ ਕਿ ਭਾਰਤ ਸਰਕਾਰ ਨੇ ''ਬਹੁਤ ਗੰਭੀਰ ਕਿਸਮ ਦੀ ਜ਼ਿੰਮੇਵਾਰੀ ਨਿਭਾਈ ਹੈ''; ਅਤੇ ਸਾਡਾ ਮੰਨਣਾ ਹੈ ਕਿ ਅਜਿਹਾ ਗੰਭੀਰ ਵਿਚਾਰ ਹੋਰ ਅਜਿਹੀ ਕਿਸੇ ਜਾਣਕਾਰੀ ਨਾਲ ਬਦਲੇਗਾ, ਜਿਸ ਦੀ ਅਸੀਂ ਉਡੀਕ ਕਰ ਰਹੇ ਹਾਂ। ਸਰ ਡੋਨਾਲਡ ਨੇ ਇਸ ਮਾਮਲੇ ਨੂੰ ਭਾਰਤ 'ਚ ਸ੍ਰੀ ਕਾਵਨ ਦੀ ਸਥਿਤੀ ਅਤੇ ਜਮਾਇਕਾ 'ਚ ਸ੍ਰੀ ਆਇਰ ਦੀ ਪੁਜ਼ੀਸ਼ਨ ਵਿਚਲੇ ਵੱਡੇ ਫ਼ਰਕ ਨੂੰ ਸਮਝ ਕੇ ਹੀ ਆਪਣਾ ਵਿਚਾਰ ਰੱਖਿਆ ਹੈ ਅਤੇ ਉਹ ਸੱਚਾਈ ਬਿਆਨੀ ਹੈ, ਜਿਸ ਨੂੰ ਅਸੀਂ ਅਕਸਰ ਅੱਖੋਂ ਪ੍ਰੋਖੇ ਕਰਦੇ ਰਹੇ ਹਾਂ ਤੇ

ਜੋ ''ਭਾਰਤ 'ਚ ਸਾਡੀ ਸੁਰੱਖਿਆ ਲਈ ਬਹੁਤ ਜ਼ਰੂਰੀ ਹੋਵੇਗਾ, ਇਹ ਇੱਕ ਅਜਿਹੀ ਥਾਂ 'ਤੇ ''ਗ਼ੈਰ-ਵਾਜਬ ਢੰਗ ਨਾਲ ਸਖ਼ਤ ਹੋਵੇਗਾ, ਜਿੱਥੇ ਉਹੀ ਖ਼ਤਰੇ ਸਾਨੂੰ ਧਮਕਾ ਨਹੀਂ ਸਕਦੇ,'' ਤੇ ਜਿੱਥੇ ਅਸੀਂ ਉਹੀ ਸਿਧਾਂਤ ਸੁਰੱਖਿਅਤ ਢੰਗ ਨਾਲ ਲਾਗੂ ਕਰ ਸਕਦੇ ਹਾਂ, ਜਿਨ੍ਹਾਂ ਰਾਹੀਂ ਅਸੀਂ ਆਪਣੇ ਦੇਸ਼ 'ਚ ਅੰਗਰੇਜ਼ਾਂ ਨੂੰ ਸ਼ਾਸਿਤ ਕਰਦੇ ਹਾਂ।

ਸਰ ਡੋਨਾਲਡ ਬੇਸ਼ੱਕ ਇਹ ਨਹੀਂ ਭੁਲਾਉਂਦੇ ਕਿ ਇਹ ਫ਼ੈਸਲਾ ਅੰਗਰੇਜ਼ ਅਧਿਕਾਰੀਆਂ ਦੇ ਨਾਲ-ਨਾਲ ਸਥਾਨਕ ਉਤਸ਼ਾਹੀ ਜਗੀਰਦਾਰਾਂ ਨੂੰ ਵੀ ਨਿਰਉਤਸ਼ਾਹਿਤ ਕਰੇਗਾ। ਪਟਿਆਲਾ ਦੇ ਰਾਜਾ ਦੇ ਇਸ ਬਾਰੇ ਕੀ ਵਿਚਾਰ ਹਨ, ਉਹ ਉਨ੍ਹਾਂ ਦੀ ਇੱਕ ਨਿਜੀ ਚਿੱਠੀ ਦੇ ਕੁਝ ਪੈਰ੍ਹਿਆਂ ਤੋਂ ਹੀ ਜਾਣੇ ਜਾ ਸਕਦੇ ਹਨ, ਜੋ ਸਰ ਡੀ. ਮੈਕਲਿਓਡ ਨੇ ਆਪਣੀ ਚਿੱਠੀ ਦੇ ਨਾਲ ਨੱਥੀ ਕੀਤੇ ਹਨ।

ਰਾਜੇ ਦਾ ਮੰਨਣਾ ਹੈ ਕਿ ਸ੍ਰੀ ਕਾਵਨ ਦੀ ਮੁਅੱਤਲੀ ''ਇੱਕ ਸਿਆਸੀ ਗ਼ਲਤੀ'' ਹੈ, ਜਿਸ 'ਤੇ ਬਾਅਦ 'ਚ ਅਫ਼ਸੋਸ ਕਰਨਾ ਪਵੇਗਾ। ਉਹ ਸ੍ਰੀ ਕਾਵਨ ਦੀ ਬਰਤਰਫ਼ੀ ਬਾਰੇ ਕੀ ਕਹਿਣਗੇ? ਸਾਨੂੰ ਪਟਿਆਲਾ ਦੇ ਰਾਜੇ ਅਤੇ ਸਰਹਿੰਦ ਦੇ ਮੁਖੀ ਵਰਗੇ ਵਫ਼ਦਾਰ ਭਾਈਵਾਲ ਨਹੀਂ ਮਿਲਣੇ ਅਤੇ ਜਿਸ ਨੀਤੀ ਨਾਲ ਉਹ ਨਿਰਉਤਸ਼ਾਹਿਤ ਹੁੰਦੇ ਹੋਣ ਜਾਂ ਉਨ੍ਹਾਂ ਦਾ ਅਪਮਾਨ ਹੁੰਦਾ ਹੋਵੇ, ਤਾਂ ਉਹ ਤਾਂ ਇੱਕ ਮੂਰਖਾਨਾ ਗ਼ਲਤੀ ਹੋਵੇਗੀ। ਅਸੀਂ ਵੀ ਆਸ ਕਰਦੇ ਹਾਂ ਕਿ ਰਾਜੇ ਨੇ ਜਿਹੜੀਆਂ ਸੰਭਾਵਨਾਵਾਂ ਪ੍ਰਗਟਾਈਆਂ ਹਨ, ਉਹ ਲੰਮਾ ਸਮਾਂ ਪੂਰੀਆਂ ਨਾ ਹੋਣ ਅਤੇ ਸ੍ਰੀ ਕਾਵਨ ਵੱਲੋਂ ਚੁੱਕੇ ਗਏ ਕਦਮਾਂ ਅਤੇ ਬਾਅਦ 'ਚ ਹੋਏ ਉਨ੍ਹਾਂ ਦੇ ਅਪਮਾਨ ਦਾ ਕੋਈ ਅਸਰ ਨਹੀਂ ਪਵੇਗਾ।

## ਕੂਕਿਆਂ ਦੀਆਂ ਹਾਲੀਆ ਸੁਣਵਾਈਆਂ

*14 ਜੂਨ, 1872*

ਇਸੇ ਮਹੀਨੇ ਦੀ ਚਾਰ ਤਰੀਕ ਦਾ 'ਦਿ ਇੰਡੀਅਨ ਪਬਲਿਕ ਓਪੀਨੀਅਨ' ਸਾਨੂੰ ਸੂਚਿਤ ਕਰਦਾ ਹੈ ਕਿ ਪਿਛਲੇ ਮਹੀਨੇ ਦੀ 31 ਤਰੀਕ ਨੂੰ ਕੂਕਾ ਸੰਪਰਦਾਇ ਦੇ ਤਿੰਨ ਆਗੂਆਂ 'ਤੇ ਲਾਹੌਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਸਾਹਮਣੇ ਦੋਸ਼ ਆਇਦ ਕੀਤੇ ਗਏ ਸਨ ਤੇ ਉਨ੍ਹਾਂ ਨੂੰ ਕੈਦ ਦੀ ਸਜ਼ਾ ਦੇ ਨਾਲ-ਨਾਲ ਜੁਰਮਾਨਾ ਵੀ ਕੀਤਾ ਗਿਆ ਸੀ। ਉਨ੍ਹਾਂ ਦਾ ਦੋਸ਼ ਸੀ ਕਿ ਉਹ ਕਿਸੇ ਇੱਕ ਜਗ੍ਹਾ 'ਤੇ ਪੰਜ ਤੋਂ ਵੱਧ ਵਿਅਕਤੀਆਂ ਦੀ ਗਿਣਤੀ 'ਚ ਇਕੱਠੇ ਹੋ ਗਏ ਸਨ ਅਤੇ ਇਹ ਉਸ ਸਰਕਾਰੀ ਹੁਕਮ ਦੀ ਉਲੰਘਣਾ ਸੀ ਕਿ ਇੱਕ ਸਥਾਨ 'ਤੇ ਪੰਜ ਤੋਂ ਵੱਧ ਕੂਕੇ ਇਕੱਠੇ ਨਹੀਂ ਹੋ ਸਕਦੇ।

ਇਸ ਸੁਣਵਾਈ ਤੋਂ ਜਨਤਾ ਹੈਰਾਨ ਹੋਵੇਗੀ। ਹੁਣ ਕੂਕਾ ਡਿਸਪੈਚ ਵਜੋਂ ਜਾਣੇ ਜਾਂਦੇ ਇਸ ਮਾਮਲੇ 'ਚ ਭਾਰਤ ਸਰਕਾਰ ਨੇ ਬੇਹੱਦ ਪ੍ਰਭਾਵਸ਼ਾਲੀ ਤੇ ਰਸਮੀ ਭਾਸ਼ਾ 'ਚ ਜ਼ੋਰਦਾਰ ਢੰਗ ਨਾਲ ਐਲਾਨ ਕੀਤਾ ਹੈ ਕਿ ਮਲੇਰਕੋਟਲਾ 'ਚ ਹੋਈ ਬਗ਼ਾਵਤ ਸਿਰਫ਼ ਕੁਝ ਕੱਟੜਪੰਥੀਆਂ ਵੱਲੋਂ ਕੀਤਾ ਗਿਆ ਕਾਰਾ ਸੀ ਅਤੇ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਇਸ ਸੰਪਰਦਾਇ ਦੇ ਹੋਰ ਮੈਂਬਰ ਵੀ ਉਨ੍ਹਾਂ ਨਾਲ ਸ਼ਾਮਲ ਹੋਣਾ ਚਾਹੁੰਦੇ ਸਨ ਅਤੇ ਕੁਝ ਕੱਟੜਪੰਥੀਆਂ ਵੱਲੋਂ ਕੀਤੀ ਗਈ ਸ਼ਰਾਰਤ ਨੂੰ

ਪ੍ਰਭਾਵਸ਼ਾਲੀ ਤਰੀਕੇ ਦਬਾਇਆਂ ਵੀ ਹੁਣ ਪੰਜ ਮਹੀਨੇ ਬੀਤ ਚੁੱਕੇ ਹਨ ਅਤੇ ਸਾਨੂੰ ਪਤਾ ਲੱਗਾ ਹੈ ਕਿ ਸਰਕਾਰੀ ਹੁਕਮਾਂ ਅਨੁਸਾਰ ਕੂਕਾ ਸੰਪਰਦਾਇ ਦੇ ਲੋਕਾਂ 'ਤੇ ਹਾਲੇ ਵੀ ਬੇਹੱਦ ਚੌਕਸ ਨਜ਼ਰ ਰੱਖੀ ਜਾ ਰਹੀ ਹੈ; ਜਿਵੇਂ ਕਿ ਇੱਕ ਥਾਂ 'ਤੇ ਪੰਜ ਤੋਂ ਵੱਧ ਵਿਅਕਤੀ ਇਕੱਠੇ ਨਹੀਂ ਹੋ ਸਕਦੇ ਅਤੇ ਜਿਹੜੇ ਇਸ ਹੁਕਮ ਦੀ ਉਲੰਘਣਾ ਕਰਦੇ ਹਨ, ਉਨ੍ਹਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਹੈ। ਜੇ ਕੂਕਾ ਡਿਸਪੈਚ ਵਿੱਚ ਦਰਜ ਵਾਇਸਰਾਏ ਅਤੇ ਗਵਰਨਰ ਜਨਰਲ ਦੇ ਸ਼ਬਦਾਂ 'ਤੇ ਯਕੀਨ ਕਰੀਏ, ਤਾਂ ਲਾਹੌਰ ਦੇ ਇਨ੍ਹਾਂ ਕੂਕਿਆਂ ਨੂੰ ਬੇਹੱਦ ਅਨਿਆਂਪੂਰਨ ਢੰਗ ਨਾਲ ਸਜ਼ਾ ਦਿੱਤੀ ਗਈ ਹੈ ਅਤੇ ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਪਰ ਸ਼ਾਇਦ ਇਹ ਇੱਕ ਸੱਚਾਈ ਹੈ ਕਿ ਇਹ ਸੰਪਰਦਾਇ ਖ਼ਤਰਨਾਕ ਹੈ ਅਤੇ ਉਹ ਆਮ ਬਗ਼ਾਵਤ ਕਰਨ ਲਈ ਤਿਆਰ ਸੀ ਅਤੇ ਇਹ ਡਿਸਪੈਚ ਲਿਖਦੇ ਸਮੇਂ ਭਾਰਤ ਸਰਕਾਰ ਨੂੰ ਇਸ ਬਾਰੇ ਜਾਣਕਾਰੀ ਸੀ। ਜੇ ਇਹੋ ਹਾਲ ਰਿਹਾ, ਤਾਂ ਸਾਨੂੰ ਲੱਗਦਾ ਹੈ ਕਿ ਇਹ ਅਸੰਭਵ ਨਹੀਂ ਹੋਵੇਗਾ ਕਿ ਆਮ ਜਨਤਾ ਭਵਿੱਖ 'ਚ ਵਾਇਸਰਾਏ ਤੇ ਗਵਰਨਰ ਜਨਰਲ ਦੇ ਬਿਆਨਾਂ ਦੇ ਮਤਲਬ ਆਪਣੇ ਹਿਸਾਬ ਨਾਲ ਤੱਥਾਂ ਦੀ ਮਦਦ ਨਾਲ ਕੱਢਿਆ ਕਰੇਗੀ। ਸਾਡੇ ਸਮਕਾਲੀ ਨੇ ਸਾਨੂੰ ਰਾਏਪੁਰ ਦੇ ਕੂਕਿਆਂ ਦੀਆਂ ਰਿਪੋਰਟਾਂ ਬਾਰੇ ਸੂਚਿਤ ਕਿਉਂ ਨਹੀਂ ਕੀਤਾ, ਜਿਸ ਵਿੱਚ ਉਹ ਦੱਸਦੇ ਹਨ ਕਿ ਕਾਨੂੰਨੀ ਅਦਾਲਤ 'ਚ (ਗੁਰੂ) ਰਾਮ ਸਿੰਘ ਜੀ ਦੀ ਅਰਜ਼ੀ ਨੂੰ "ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।" ਇਸ ਆਖ਼ਰੀ ਵਾਕ 'ਚ ਲਿਖਿਆ ਹੈ; ਕੀ ਸਾਨੂੰ ਸਾਰਿਆਂ ਨੂੰ ਇਹ ਪਤਾ ਨਹੀਂ ਹੈ ਕਿ ਕਾਨੂੰਨੀ ਅਦਾਲਤਾਂ ਅਜਿਹੇ "ਔਜ਼ਾਰ" ਹਨ, ਜਿਨ੍ਹਾਂ ਦੁਆਰਾ ਬ੍ਰਿਟਿਸ਼ ਸਰਕਾਰ ਆਪਣੇ ਹੁਕਮ ਸੁਰੱਖਿਅਤ ਬਣਾਉਂਦੀ ਹੈ ਜਾਂ ਇਸ ਆਮ ਢੰਗ ਨਾਲ ਇਨਸਾਫ਼ ਕਰਦੀ ਹੈ? ਜੀ ਹਾਂ, ਅਸੀਂ ਇਸ ਬਾਰੇ ਜਾਣਦੇ ਹਾਂ ਪਰ ਜੇ ਬਾਬਾ ਰਾਮ ਸਿੰਘ ਜੀ, ਜਿਨ੍ਹਾਂ ਨੂੰ ਅਸੀਂ ਰੰਗੂਨ ਦੇਸ਼ ਨਿਕਾਲਾ ਦੇ ਦਿੱਤਾ ਹੋਇਆ ਹੈ, ਨੇ ਉਪਰੋਕਤ ਵਰਣਿਤ ਔਜ਼ਾਰਾਂ ਤੋਂ ਬਿਨਾਂ ਹੀ ਸਹਾਇਤਾ ਲਈ ਅਰਜ਼ੀ ਦੇ ਦਿੱਤੀ ਤਾਂ ਅਸੀਂ ਤੁਹਾਨੂੰ ਵਿਖਾ ਦੇਵਾਂਗੇ ਕਿ ਅਸੀਂ ਆਪਣੇ ਵਿਆਪਕ ਸਿਧਾਂਤਾਂ ਨੂੰ ਕਿਵੇਂ ਫੈਲਾ ਸਕਦੇ ਹਾਂ।

## ਦਿ ਇੰਗਲਿਸ਼ਮੈਨ

*ਮਿਤੀ 3 ਜੂਨ, 1872*

**ਕੂਕਾ ਬਗ਼ਾਵਤ 'ਚ ਸ੍ਰੀ ਕਾਵਨ ਦਾ ਖਾਤਾ:** ਸਾਨੂੰ ਸੂਚਨਾ ਮਿਲੀ ਹੈ ਕਿ ਸ੍ਰੀ ਜੌਨ ਲੈਂਬਰਟ ਕਾਵਨ ਪਿਛਲੇ ਕੁਝ ਸਮੇਂ ਦੌਰਾਨ ਅੰਮ੍ਰਿਤਸਰ, ਰਾਏਕੋਟ, ਮਲੌਦ ਤੇ ਮਲੇਰਕੋਟਲਾ 'ਚ ਕੂਕਿਆਂ ਵੱਲੋਂ ਕੀਤੀਆਂ ਬਗ਼ਾਵਤਾਂ ਦੇ ਪੂਰੇ ਵੇਰਵੇ ਇੱਕ ਪੁਸਤਕ ਦੇ ਰੂਪ 'ਚ ਛਪਵਾਉਣ ਜਾ ਰਹੇ ਹਨ। ਇਸ ਕਿਤਾਬ ਵਿੱਚ ਸਿਵਲ ਪ੍ਰਸ਼ਾਸਨ ਤੇ ਪੁਲਿਸ ਮੁਖੀਆਂ ਵੱਲੋਂ ਗੜਬੜੀਆਂ ਸ਼ੁਰੂ ਹੋਣ ਤੋਂ ਵੀ ਕਈ ਵਰ੍ਹੇ ਪਹਿਲਾਂ ਪੰਜਾਬ ਸਰਕਾਰ ਸਾਹਮਣੇ ਪੇਸ਼ ਕੀਤੀਆਂ ਅਧਿਕਾਰਤ ਰਿਪੋਰਟਾਂ ਦਰਜ ਕੀਤੀਆਂ ਜਾਣਗੀਆਂ। ਸਥਾਨਕ ਰਿਆਸਤਾਂ ਦੇ ਫ਼ੌਜ ਮੁਖੀਆਂ ਤੇ ਹੋਰਨਾਂ ਨਾਲ ਚਿੱਠੀ-ਪੱਤਰੀ

ਅਤੇ ਕੂਕਾ ਸੰਪਰਦਾਇ ਦੀ ਬਗ਼ਾਵਤ ਤੇ ਉਦੇਸ਼ਾਂ ਅਤੇ ਬਗ਼ਾਵਤ ਤੋਂ ਕਈ ਮਹੀਨਿਆਂ ਬਾਅਦ ਸਰਕਾਰ ਵੱਲੋਂ ਰੱਖੀਆਂ ਸਾਵਧਾਨੀਆਂ ਅਤੇ ਹੋਰ ਅਜਿਹੀ ਹੋਰ ਬਹੁਤ ਸਾਰੀ ਸਮੱਗਰੀ ਨੂੰ ਸਰਕਾਰ ਨੇ ''ਕੂਕਾ ਡਿਸਪੈਚ'' 'ਚੋਂ ਕੱਢ ਦਿੱਤਾ ਹੈ। ਪੇਸ਼ ਕੀਤੇ ਗਏ ਸਬੂਤ ਸਪੱਸ਼ਟ ਤੌਰ 'ਤੇ ਕੂਕਾ ਬਗ਼ਾਵਤ ਨੂੰ ਦਬਾਉਣ ਲਈ ਵਰਤੇ ਗਏ ਸਖ਼ਤ ਕਦਮਾਂ ਦੀ ਜ਼ਰੂਰਤ ਨੂੰ ਦਰਸਾਉਣਗੇ। ਅਸੀਂ ਸੁਣਿਆ ਹੈ ਕਿ ਇਹ ਕਿਤਾਬ ਛਪਣ ਤੋਂ ਬਾਅਦ ਸ੍ਰੀ ਕਾਵਨ ਇੰਗਲੈਂਡ ਲਈ ਰਵਾਨਾ ਹੋਣਗੇ ਅਤੇ ਆਪਣਾ ਮਾਮਲਾ ਸੰਸਦ ਸਾਹਵੇਂ ਰੱਖਣਗੇ। ਹੇਠਲੇ ਸਦਨ ਦੇ ਕਈ ਮੈਂਬਰ ਪਹਿਲਾਂ ਹੀ ਉਨ੍ਹਾਂ ਨੂੰ ਆਪਣੀ ਮਦਦ ਦੇਣ ਦੀ ਪੇਸ਼ਕਸ਼ ਕਰ ਚੁੱਕੇ ਹਨ।

*13 ਜੂਨ, 1872*

ਅਸੀਂ ਵੇਖਿਆ ਕਿ ਮਹਾਰਾਜਾ ਪਟਿਆਲਾ ਦੇ ਪ੍ਰਧਾਨ ਮੰਤਰੀ ਨੇ 'ਇੰਡੀਅਨ ਪਬਲਿਕ ਓਪੀਨੀਅਨ' ਦੇ ਸੰਪਾਦਕ ਨੂੰ ਚਿੱਠੀ ਲਿਖ ਕੇ ਉਸ ਬਿਆਨ ਦਾ ਖੰਡਨ ਕੀਤਾ ਹੈ, ਜੋ ਕੁਝ ਸਮਾਂ ਪਹਿਲਾਂ ਉਸ ਅਖ਼ਬਾਰ 'ਚ ਪ੍ਰਕਾਸ਼ਿਤ ਹੋਇਆ ਸੀ ਕਿ ਮਹਾਰਾਜੇ ਨੇ ਆਪਣੇ ਸਰਦਾਰਾਂ ਨੂੰ ਐਲਾਨ ਕਰ ਦਿੱਤਾ ਹੈ ਕਿ ਕੂਕਿਆਂ ਨੂੰ ਮੌਤ ਦੀ ਸਜ਼ਾ ਦੇਣ ਦੇ ਫ਼ੈਸਲੇ ਨੂੰ ਲੈ ਕੇ ਉਹ ਸਰਕਾਰ ਹੱਥੋਂ ਖ਼ੁਦ ਨੂੰ ਅਪਮਾਨਿਤ ਹੋਇਆ ਸਮਝਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ,''ਮਹਾਮਹਿਮ ਦਾ ਮਲੇਰਕੋਟਲਾ 'ਚ ਕੂਕਿਆਂ ਨੂੰ ਮੌਤ ਦੀ ਸਜ਼ਾ ਬਾਰੇ ਸਰਕਾਰ ਦੇ ਫ਼ੈਸਲੇ ਨਾਲ ਕੋਈ ਸਬੰਧ ਨਹੀਂ ਹੈ।''

*22 ਜੂਨ, 1872*

ਅਜਿਹਾ ਬਹੁਤ ਘੱਟ ਹੋਇਆ ਹੈ ਕਿ ਕਿਸੇ ਨਿਜੀ ਵਿਅਕਤੀ ਦੇ ਦੁੱਖ 'ਚ ਕੋਈ ਘੁਸਪੈਠ ਕੀਤੀ ਹੋਵੇ ਜਾਂ ਕਿਸੇ ਦੇ ਘਰ ਹੋਈ ਮੌਤ ਉੱਤੇ ਆਪਣੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੋਵੇ। ''ਕੋਈ ਵੀ ਵਿਅਕਤੀ ਕਿਸੇ ਹੋਰ ਦੇ ਦਿਲ ਦੀਆਂ ਡੂੰਘਾਣਾਂ ਜਾਂ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ'' ਅਤੇ ਬਹੁਤੇ ਵਿਅਕਤੀਆਂ ਨੂੰ ਆਪਣੇ ਖ਼ੁਦ ਦੇ ਮਾੜੇ ਸਮਿਆਂ ਦੇ ਨਿਜੀ ਤਜਰਬੇ ਤੋਂ ਪਤਾ ਹੁੰਦਾ ਹੈ ਕਿ ਦੁੱਖ ਦੀ ਘੜੀ 'ਚ ਰਾਹਤ ਕਿੰਨੀ ਔਖੀ ਮਿਲਦੀ ਹੈ। ਪਰ ਅਸੀਂ ਅੱਜ ਇੱਕ ਬਹੁਤ ਸਾਦੀ ਜਿਹੀ ਸ਼ੋਕ-ਸੂਚਨਾ ਛਾਪ ਰਹੇ ਹਾਂ, ਜੋ ਬੇਹੱਦ ਦੁਖਦਾਈ ਹੈ, ਜਿਸ ਨੂੰ ਭਾਰਤ ਦੇ ਸੈਂਕੜੇ ਮਰਦ ਤੇ ਔਰਤਾਂ ਦੁੱਖ ਨਾਲ ਪੜ੍ਹਨਗੇ ਅਤੇ ਜਿਸ ਤੋਂ ਬਗ਼ੈਰ ਹਾਲੀਆ ਕੂਕਾ ਬਗ਼ਾਵਤ ਦਾ ਕੋਈ ਵੀ ਇਤਿਹਾਸ ਮੁਕੰਮਲ ਨਹੀਂ ਹੋਵੇਗਾ। ਬਹੁਤ ਸਾਰੇ ਦਰਦਨਾਕ ਤੇ ਗੰਭੀਰ ਵਿਚਾਰਾਂ ਦੀ ਭੀੜ ਨਾਲ ਲੈਸ ਬਹੁਤ ਜ਼ਿਆਦਾ ਲਿਖਣ ਦੀ ਥਾਂ ਸਿਰਫ਼ ਕੁਝ ਸਾਦੇ ਸ਼ਬਦ ਵਧੇਰੇ ਭਾਵਪੂਰਤ ਤੇ ਕਰੁਣਾਮਈ ਹੁੰਦੇ ਹਨ।

## ਦਿ ਹਿੰਦੂ ਪੈਟ੍ਰੀਆਟ

*2 ਸਤੰਬਰ, 1872*

**ਕਾਵਨ ਮਾਮਲਾ।** ਕਾਵਨ ਮਾਮਲੇ ਤੋਂ ਆਖ਼ਰ ਪਰਦਾ ਚੁੱਕਿਆ ਗਿਆ ਹੈ। ਆਖ਼ਰੀ ਦ੍ਰਿਸ਼ ਵਿਦੇਸ਼ ਮੰਤਰੀ ਨੇ ਖੇਡਿਆ ਹੈ। ਮਾਣਯੋਗ ਮੰਤਰੀ ਨੇ ਕੂਕਿਆਂ ਨੂੰ ਮੌਤ ਦੀ ਸਜ਼ਾ ਦੇਣ ਬਾਰੇ ਭਾਰਤ ਸਰਕਾਰ ਦੇ ਡਿਸਪੈਚ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ: ''ਉਸ ਡਿਸਪੈਚ 'ਚ ਕੌਂਸਲ ਵਿੱਚ ਲਾਰਡ ਨੇਪੀਅਰ ਨੇ ਕਿਹਾ ਹੈ ਕਿ ਬਗ਼ਾਵਤ ਤੇ ਉਸ ਨੂੰ ਦਬਾਉਣ ਨਾਲ ਸੰਬੰਧਤ ਸਾਰੇ ਹਾਲਾਤ 'ਤੇ ਪੂਰੀ ਤਰ੍ਹਾਂ ਗ਼ੌਰ ਕਰਨ ਤੋਂ ਬਾਅਦ ਉਨ੍ਹਾਂ ਮਹਿਸੂਸ ਕੀਤਾ ਸੀ ਕਿ ਸ੍ਰੀ ਕਾਵਨ ਨੂੰ ਭਾਰਤ ਸਰਕਾਰ ਦੀ ਸੇਵਾ ਤੋਂ ਬਰਤਰਫ਼ ਕਰ ਦੇਣਾ ਚਾਹੀਦਾ ਹੈ ਅਤੇ ਸ੍ਰੀ ਫ਼ਾਰਸਿਥ ਨੂੰ ਅਵਧ 'ਚ ਕਿਸੇ ਹੋਰ ਨਿਯੁਕਤੀ 'ਤੇ ਲਾਉਣਾ ਚਾਹੀਦਾ ਹੈ। ਮੈਂ ਇਸ ਬੇਹੱਦ ਦਰਦਨਾਕ ਮਾਮਲੇ 'ਚ ਲਾਗੂ ਭਾਰਤ ਸਰਕਾਰ ਦੇ ਤੈਅਸ਼ੁਦਾ ਸਿਧਾਂਤਾਂ ਵੱਲ ਵੀ ਤੁਹਾਡਾ ਧਿਆਨ ਦਿਵਾਉਣਾ ਹੈ ਅਤੇ ਸ੍ਰੀ ਕਾਵਨ ਦੀ ਸਰਕਾਰੀ ਸੇਵਾ ਤੋਂ ਬਰਤਰਫ਼ੀ ਦੇ ਨਾਲ-ਨਾਲ ਸ੍ਰੀ ਫ਼ਾਰਸਿਥ ਬਾਰੇ ਤੁਹਾਡੇ ਵੱਲੋਂ ਜਾਰੀ ਹੁਕਮਾਂ ਨੂੰ ਵੀ ਮੇਰੀ ਮੁਕੰਮਲ ਪ੍ਰਵਾਨਗੀ ਹੈ।'' ਹੁਣ ਤੱਕ ਸਭ ਠੀਕ-ਠਾਕ ਹੈ। ਪਰ ਕੀ ਅਸੀਂ ਪੁੱਛ ਸਕਦੇ ਹਾਂ ਕਿ ਵਿਦੇਸ਼ ਮੰਤਰੀ ਨੇ ਇਸ ਵਿਸ਼ੇ 'ਤੇ ਕੁਝ ਦਰਜਨ ਸਤਰਾਂ ਲਿਖ ਕੇ ਇਸ ਨੂੰ ਰੱਦ ਕਰਦਿਆਂ ਵਾਜਬ ਗੰਭੀਰਤਾ ਦਰਸਾਈ ਹੈ? ਲਾਰਡ ਕੈਨਿੰਗ ਦੇ ਵੱਡੀ ਮੁਆਫ਼ੀ ਡਿਸਪੈਚ ਤੋਂ ਬਾਅਦ ਭਾਰਤ ਸਰਕਾਰ ਨੇ ਕਦੇ ਵੀ ਇੰਨਾ ਅਹਿਮ ਦਸਤਾਵੇਜ਼ ਜਾਰੀ ਨਹੀਂ ਕੀਤਾ, ਜਿਸ ਵਿੱਚ ਅਜਿਹੇ ਸਿਧਾਂਤਾਂ ਦਾ ਵਰਨਣ ਕੀਤਾ ਗਿਆ ਹੋਵੇ, ਜਿਨ੍ਹਾਂ 'ਤੇ ਦੇਸ਼ ਦਾ ਸਿਆਸੀ ਪ੍ਰਸ਼ਾਸਨ ਚੱਲਦਾ ਹੋਵੇ ਪਰ ਵਿਦੇਸ਼ ਮੰਤਰੀ ਨੇ ਬੜਾ ਠੰਢਾ ਜਿਹਾ ਹੁੰਗਾਰਾ ਭਰਦਿਆਂ ਸਿਰਫ਼ ਇੰਨਾ ਕੁ ਆਖਿਆ ਹੈ ਕਿ ਉਹ ਇਨ੍ਹਾਂ ਸਿਧਾਂਤਾਂ ਪ੍ਰਤੀ ਆਪਣੀ ਸਹਿਮਤੀ ਪ੍ਰਗਟਾਉਂਦੇ ਹਨ। ਉਹ ਆਪਣੀ ਸਹਿਮਤੀ ਦਾ ਨਿੱਘ ਦਰਸਾਉਣ ਲਈ ਕਿਸੇ ਇੱਕ ਵਿਸ਼ੇਸ਼ਣ ਤੱਕ ਦੀ ਵੀ ਵਰਤੋਂ ਨਹੀਂ ਕਰਦੇ। ਬਹੁਤ ਸਾਰੇ ਛੋਟੇ-ਮੋਟੇ ਮਾਮਲਿਆਂ 'ਚ ਉਹ ਕਹਿਣ ਤੋਂ ਪਿੱਛੇ ਨਹੀਂ ਹਟਦੇ,''ਮੈਂ ਦਿਲੋਂ ਸਹਿਮਤੀ ਪ੍ਰਗਟਾਉਂਦਾ ਹਾਂ'' ਜਾਂ ''ਮੈਂ ਆਪਣੀ ਮੁਕੰਮਲ ਸਹਿਮਤੀ ਪ੍ਰਗਟਾਉਂਦਾ ਹਾਂ।'' ਬੇਸ਼ੱਕ ਇਸ ਮਾਮਲੇ ਨੂੰ ਲੈ ਕੇ ਸੱਚਮੁਚ ਫ਼ਿਕਰਮੰਦ ਤੇ ਡਰੀ ਹੋਈ ਜਨਤਾ ਇਹੋ ਸੋਚਦੀ ਹੈ ਕਿ ਨਿਜੀ ਵਿਚਾਰ ਇਸ ਵੱਡੇ ਸਿਧਾਂਤ ਨੂੰ ਖ਼ਤਰੇ 'ਚ ਪਾ ਸਕਦੇ ਹਨ ਕਿਉਂਕਿ ਜਦੋਂ ਉਹ ਆਖਦੇ ਹਨ ਕਿ ਉਹ ਭਾਰਤ ਸਰਕਾਰ ਵੱਲੋਂ ਤੈਅਸ਼ੁਦਾ ਸਿਧਾਂਤਾਂ ਪ੍ਰਤੀ ਆਪਣੀ ਸਹਿਮਤੀ ਪ੍ਰਗਟਾਉਂਦੇ ਹਨ।'' ਇਹ ਸਿਧਾਂਤ ਇੰਨੇ ਨਿਆਂਪੂਰਨ ਤੇ ਨਿਆਂਸੰਗਤ ਹਨ ਕਿ ਕੋਈ ਵੀ ਸੱਭਿਅਕ ਸਰਕਾਰ, ਜਿਹੜੀ ਜਨਤਕ ਵਿਚਾਰ ਦੀ ਥੋੜ੍ਹੀ ਜਿੰਨੀ ਵੀ ਕਦਰ ਕਰਦੀ ਹੈ, ਉਨ੍ਹਾਂ ਨੂੰ ਅੱਖੋਂ ਪ੍ਰੋਖੇ ਕਰ ਸਕਦੀ ਹੈ। ਪਰ ਵਿਦੇਸ਼ ਮੰਤਰੀ ਦਾ ਅਹੁਦਾ ਬਹੁਤ ਉਚੇਰਾ ਹੁੰਦਾ ਹੈ, ਜੇ ਉਹ ਇਸ ਵਿਸ਼ੇ ਉੱਤੇ ਭਾਰਤ ਸਰਕਾਰ ਡਿਸਪੈਚ ਬਾਰੇ ਆਪਣੀ ''ਸਹਿਮਤੀ'' ਰਤਾ ਵਧੇਰੇ ਖੁੱਲ੍ਹ ਕੇ ਪ੍ਰਗਟਾ ਦਿੰਦੇ। ਅਸੀਂ ਤਾਂ ਇਹੋ ਮੰਨਾਂਗੇ ਕਿ ਵਿਦੇਸ਼ ਮੰਤਰੀ ਕੋਲ ਉਸ ਵਿੱਚ ਜੋੜਨ ਲਈ ਕੁਝ ਵੀ ਨਹੀਂ ਹੈ, ਜੋ ਕੁਝ ਵੀ

ਗਵਰਨਰ ਜਨਰਲ-ਇਨ-ਕੌਂਸਲ ਨੇ ਬਹੁਤ ਭਾਵਪੂਰਤ ਢੰਗ ਨਾਲ ਬਿਆਨ ਕਰ ਦਿੱਤਾ ਹੈ ਪਰ ਜੇ ਉਹ ਤਹਿ ਦਿਲੋਂ ਆਪਣਾ ਵਿਚਾਰ ਪ੍ਰਗਟਾਉਣਗੇ, ਤਾਂ ਭਾਰਤ ਦੇ ਲੋਕ ਉਸ ਲਈ ਵਧੇਰੇ ਸ਼ੁਕਰਗੁਜ਼ਾਰ ਹੋਣਗੇ। ਉਹ ਵਿਦੇਸ਼ ਮੰਤਰੀ ਨੂੰ ਅਥਾਰਟੀ ਦੇ ਫੁਹਾਰੇ ਵਜੋਂ ਵੇਖਦੇ ਹਨ ਅਤੇ ਜੇ ਉਹ ਕਿਸੇ ਵੀ ਮਾਮਲੇ 'ਤੇ ਕੋਈ ਟਿੱਪਣੀ ਨਹੀਂ ਪ੍ਰਗਟਾਉਂਦੇ, ਤਾਂ ਉਹ ਨਿਸ਼ਚਿਤ ਤੌਰ 'ਤੇ ਉਸ ਦਾ ਵਜ਼ਨ ਜ਼ਿਆਦਾ ਹੁੰਦਾ ਹੈ।

**ਇੱਕ ਹੋਰ ਸ਼ਬਦ।** ਵਿਦੇਸ਼ ਮੰਤਰੀ ਦਾ ਕਹਿਣਾ ਹੈ, ''ਸ੍ਰੀ ਕਾਵਨ ਦੀ ਪਿਛਲੀ ਸੇਵਾ 'ਤੇ ਗ਼ੌਰ ਕਰਦਿਆਂ ਮੈਂ ਉਨ੍ਹਾਂ ਲਈ 300 ਰੁਪਏ ਪ੍ਰਤੀ ਮਹੀਨਾ ਦੀ ਪੈਨਸ਼ਨ ਪ੍ਰਵਾਨ ਕਰਦਾ ਹਾਂ, ਜਿਵੇਂ ਕਿ ਕੌਂਸਲ 'ਚ ਲਾਰਡ ਨੇਪੀਅਰ ਦੇ ਵਿੱਤੀ ਡਿਸਪੈਚ, ਮਿਤੀ 3 ਮਈ, 1872 ਦੇ ਨੰ. 151ਏ ਵਿੱਚ ਪ੍ਰਸਤਾਵਿਤ ਕੀਤੀ ਗਈ ਹੈ।'' ਅਸੀਂ ਨੋਟ ਕੀਤਾ ਹੈ ਕਿ ਸ੍ਰੀ ਕਾਵਨ ਨੂੰ ਪੈਨਸ਼ਨ ਲਈ ਸਿਫ਼ਾਰਸ਼ ਦੀ ਗੱਲ ਭਾਰਤ ਸਰਕਾਰ ਨੇ ਸ਼ੁਰੂ ਕੀਤੀ ਸੀ। ਅਸੀਂ ਲੀਹੋਂ ਲੱਥੇ ਵਿਅਕਤੀਆਂ ਨੂੰ ਹੋਰ ਨਹੀਂ ਡੇਗਣਾ ਚਾਹੁੰਦੇ ਪਰ ਇਹ ਚੇਤੇ ਰੱਖਿਆ ਗਿਆ ਕਿ ਸ੍ਰੀ ਕਾਵਨ ਨੇ ਸਰਕਾਰ ਲਈ ਪ੍ਰਵਾਨਿਤ ਸੇਵਾਵਾਂ ਦਿੱਤੀਆਂ ਸਨ ਅਤੇ ਜੇ ਉਨ੍ਹਾਂ ਦੀ ਬਿਰਧ ਅਵਸਥਾ ਲਈ ਕੋਈ ਵਿਵਸਥਾ ਮੌਜੂਦ ਹੈ, ਤਾਂ ਅਸੀਂ ਜੇ ਉਸ ਦੇ ਰਾਹ 'ਚ ਆਵਾਂਗੇ ਤਾਂ ਸਾਨੂੰ ਬਹੁਤ ਅਫ਼ਸੋਸ ਹੋਵੇਗਾ। ਜਿਹੜੇ ਅਪਰਾਧ ਲਈ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ, ਉਹ ਕੋਈ ਸਾਧਾਰਣ ਜੁਰਮ ਨਹੀਂ ਹੈ। ਇਹ ਤੱਥ ਦਿਮਾਗ਼ 'ਚ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਆਪਣੀ ਕਾਰਵਾਈ ਦੇ ਹਰੇਕ ਕਦਮ 'ਤੇ ਕਾਨੂੰਨ ਦੀ ਹਰ ਪੱਖੋਂ ਤੇ ਸਿਧਾਂਤਕ ਤੌਰ 'ਤੇ ਉਸ ਦੀ ਉਲੰਘਣਾ ਕੀਤੀ। ਭਾਰਤ ਸਰਕਾਰ ਨੇ ਉਨ੍ਹਾਂ ਦੀ ਜਿੰਨੀ ਜ਼ਿਆਦਾ ਨਿਖੇਧੀ ਕੀਤੀ ਹੈ, ਓਨੀ ਹੋਰ ਕਿਸੇ ਨੇ ਨਹੀਂ ਕੀਤੀ। ਅਸੀਂ ਉਸ ਦੇ ਤਾਜ਼ਾ ਹਵਾਲੇ ਲਈ ਇੱਕ ਵਾਰ ਫਿਰ ਦੁਹਰਾਉਂਦੇ ਹਾਂ:

''ਸਭ ਤੋਂ ਪਹਿਲਾਂ ਮਹਾਮਹਿਮ ਦਾ ਵਿਚਾਰ ਹੈ ਕਿ ਸ੍ਰੀ ਕਾਵਨ ਦੀ ਸਪੱਸ਼ਟ ਡਿਊਟੀ ਤਾਂ ਇਹੋ ਸੀ ਕਿ ਉਹ ਕੈਦੀਆਂ ਨੂੰ ਤਦ ਤੱਕ ਹਿਰਾਸਤ 'ਚ ਰੱਖਦੇ, ਜਦੋਂ ਤੱਕ ਕਿ ਉਨ੍ਹਾਂ ਦੀ ਕਾਨੂੰਨੀ ਸੁਣਵਾਈ ਪੂਰੀ ਨਾ ਹੋ ਜਾਂਦੀ। ਉਪਰੋਕਤ ਵਰਣਿਤ ਸਿਧਾਂਤਾਂ ਅਜਿਹੀ ਕੋਈ ਹਾਲਤ ਨਹੀਂ ਮਿਲਦੀ ਕਿ ਜਿਸ ਤੋਂ ਸ੍ਰੀ ਕਾਵਨ ਦੇ ਆਚਾਰ-ਵਿਹਾਰ ਨੂੰ ਦਰੁਸਤ ਠਹਿਰਾਇਆ ਜਾ ਸਕੇ ਜਾਂ ਉਨ੍ਹਾਂ ਨੂੰ ਮੁਆਫ਼ ਕੀਤਾ ਜਾ ਸਕੇ। ਕੈਦੀ ਤਾਂ ਪੂਰੀ ਤਰ੍ਹਾਂ ਮਜਬੂਰ ਸਨ। ਉਨ੍ਹਾਂ 'ਚੋਂ ਬਹੁਤੇ ਤਾਂ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਸਨ। ਉਨ੍ਹਾਂ ਬਹੁਤ ਘੱਟ ਵਿਅਕਤੀਆਂ ਸਾਹਵੇਂ ਵੀ ਆਤਮਸਮਰਪਣ ਕਰ ਦਿੱਤਾ ਸੀ ਅਤੇ ਉਹ ਵੱਡੀ ਗਿਣਤੀ 'ਚ ਫ਼ੌਜੀ ਬਲਾਂ ਦੀ ਨਿਗਰਾਨੀ ਹੇਠ ਸਨ, ਜਿਸ ਨੂੰ ਕਿਸੇ ਵੀ ਲੋੜੀਂਦੀ ਹੱਦ ਤੱਕ ਵਧਾਇਆ ਜਾ ਸਕਦਾ ਸੀ। ਅਜਿਹੇ ਹਾਲਾਤ 'ਚ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਤਰੀਕੇ ਤੇ ਅੰਨ੍ਹੇਵਾਹ ਮੌਤ ਦੀ ਸਜ਼ਾ ਦੇਣਾ ਇੱਕ ਅਜਿਹਾ ਕਦਮ ਸੀ, ਜਿਹੜਾ ਨਾ-ਕਾਬਿਲੇ ਮੁਆਫ਼ੀ ਹੈ। ਮਹਾਮਹਿਮ-ਇਨ-ਕੌਂਸਲ ਸ੍ਰੀ ਕਾਵਨ ਦੇ ਉਸ ਵਿਚਾਰ ਨੂੰ ਕੋਈ ਬਹਾਨਾ ਨਹੀਂ ਮੰਨ ਸਕਦੇ ਕਿ ਸਿਆਸੀ ਤੌਰ 'ਤੇ ਉਸ ਸਥਿਤੀ ਦਾ ਬਹੁਤ ਫ਼ਾਇਦਾ ਹੋਣਾ ਸੀ। ਪਰ ਅਸਲ 'ਚ ਇਹ ਸਭ ਮੌਜੂਦਾ ਕਾਨੂੰਨ ਦੀ ਉਲੰਘਣਾ ਸੀ ਕਿਉਂਕਿ ਉਨ੍ਹਾਂ ਨੂੰ ਲੱਗਾ ਸੀ ਕਿ ਇਸ ਖ਼ਾਸ ਮਾਮਲੇ 'ਚ

ਅਜਿਹਾ ਕਰਨਾ ਲਾਹੇਵੰਦ ਰਹੇਗਾ ਅਤੇ ਮਹਾਮਹਿਮ-ਇਨ-ਕੌਂਸਲ ਦਾ ਮੰਨਣਾ ਹੈ ਕਿ ਇਹੋ ਗੁਨਾਹ ਤਾਂ ਸ੍ਰੀ ਕਾਵਨ ਨੇ ਕੀਤਾ ਹੈ।''

''ਗਵਰਨਰ ਜਨਰਲ-ਇਨ-ਕੌਂਸਲ ਦਾ ਮੰਨਣਾ ਹੈ ਕਿ ਪੰਜਾਬ 'ਚ ਹਾਲੀਆ ਬਗ਼ਾਵਤ 'ਚ ਸ਼ਾਮਲ ਸਾਰੇ ਅਪਰਾਧੀਆਂ ਦੀਆਂ ਜ਼ਿੰਦਗੀਆਂ ਕਾਨੂੰਨ ਸਾਹਮਣੇ ਸਿਧਾਂਤਕ ਤੌਰ 'ਤੇ ਸਮਰਪਿਤ ਹੀ ਸਨ। ਮਹਾਮਹਿਮ ਨੂੰ ਇਹ ਪੁਸ਼ਟੀ ਕਰਨ ਦੀ ਦਰਦਨਾਕ ਜ਼ਰੂਰਤ ਸੀ ਕਿ ਸ੍ਰੀ ਕਾਵਨ ਵੱਲੋਂ ਅਪਣਾਇਆ ਗਿਆ ਰਾਹ ਗ਼ੈਰ-ਕਾਨੂੰਨੀ ਸੀ; ਅਤੇ ਨਾ ਹੀ ਇਸ ਕਦਮ ਨਾਲ ਕੋਈ ਜਨਤਕ ਜ਼ਰੂਰਤ ਪੂਰੀ ਹੁੰਦੀ ਸੀ ਅਤੇ ਉਸ ਸਮੇਂ ਦੀਆਂ ਘਟਨਾਵਾਂ ਨੇ ਇਸ ਨੂੰ ਜ਼ੁਲਮ ਦੀ ਰੰਗਤ ਦੇ ਦਿੱਤੀ। ਉੱਚ ਅਧਿਕਾਰੀ ਨੇ ਭਾਵੇਂ ਸ਼ੁਰੂ 'ਚ ਹੀ ਆਪਣੀਆਂ ਹਦਾਇਤਾਂ ਰਾਹੀਂ ਉਸ ਕਾਰਵਾਈ ਦਾ ਵਿਰੋਧ ਕੀਤਾ ਸੀ ਅਤੇ ਅਜਿਹਾ ਕਰਨ ਦੀ ਕੋਈ ਪ੍ਰਵਾਨਗੀ ਨਹੀਂ ਦਿੱਤੀ ਸੀ ਤੇ ਫਿਰ ਅਜਿਹੀ ਕਿਸੇ ਪ੍ਰਵਾਨਗੀ ਦੀ ਉਡੀਕ ਵੀ ਨਹੀਂ ਕੀਤੀ ਗਈ; ਇਹ ਹਾਂ-ਪੱਖੀ ਹੁਕਮਾਂ ਦੀ ਪੂਰੀ ਤਰ੍ਹਾਂ ਉਲੰਘਣਾ ਸੀ।''

ਅਤੇ ਜਦੋਂ ਅਜਿਹੇ ਵਿਹਾਰ ਨੂੰ ਮੁਆਫ਼ ਕੀਤਾ ਜਾਂਦਾ ਹੈ, ਤਾਂ ਕੀ ਨਿਆਂ ਲਈ ਸਭ ਤੋਂ ਵੱਡੀ ਹਿੰਸਾ ਦੀ ਪੇਸ਼ਕਸ਼ ਨਹੀਂ ਕੀਤੀ ਜਾਂਦੀ? ਅਤੇ ਕੀ ਸ੍ਰੀ ਕਾਵਨ ਨੂੰ ਪੈਨਸ਼ਨ ਦੇਣ ਦਾ ਮਤਲਬ ਇਹ ਨਹੀਂ ਹੈ ਕਿ ਭਾਰਤ ਸਰਕਾਰ ਜਾਂ ਵਿਦੇਸ਼ ਮੰਤਰੀ ਜੋ ਵੀ ਕਹਿਣ, ਭਾਰਤ ਦੇ ਲੋਕਾਂ ਦੇ ਮਨਾਂ 'ਤੇ ਇਸ ਪ੍ਰਭਾਵ ਨੂੰ ਨਹੀਂ ਹਿਲਾਇਆ ਜਾ ਸਕਦਾ ਕਿ ਸ੍ਰੀ ਕਾਵਨ ਵੱਲੋਂ ਕੂਕਿਆਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੇ ਮਤੇ ਵਿੱਚ ਉਨ੍ਹਾਂ ਦੇ ਆਚਰਣ ਦੀ ਪ੍ਰਕਾਸ਼ਿਤ ਨਿੰਦਾ ਦੇ ਨਾਲ ਜੋ ਉੱਤਮ ਸਿਧਾਂਤ ਦਾ ਜ਼ਿਕਰ ਕੀਤਾ ਹੈ, ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਰਿਹਾ ਹੈ। ਬਹੁਤ ਘੱਟ ਗੰਭੀਰ ਅਪਰਾਧਾਂ ਲਈ ਜਨਤਕ ਅਧਿਕਾਰੀਆਂ, ਖ਼ਾਸ ਤੌਰ 'ਤੇ ਜਦੋਂ ਉਨ੍ਹਾਂ ਕੋਲ ਪ੍ਰਭਾਵਸ਼ਾਲੀ ਦੋਸਤਾਂ ਦੀ ਹਮਾਇਤ ਹੋਣ ਦਾ ਸੁਭਾਗ ਨਹੀਂ ਹੁੰਦਾ, ਤਦ ਉਹ ਅਹੁਦੇ, ਤਨਖ਼ਾਹ ਅਤੇ ਪੈਨਸ਼ਨ ਗੁਆ ਬੈਠਦੇ ਹਨ। ਅਸੀਂ ਇਹ ਬਿਨਾਂ ਦਰਦ ਦੇ ਨਹੀਂ ਆਖਦੇ ਕਿਉਂਕਿ ਅਸੀਂ ਕਦੇ ਨਹੀਂ ਚਾਹੁੰਦੇ ਕਿ ਅਸੀਂ ਕਿਸੇ ਉੱਤੇ ਸਖ਼ਤੀ ਕਰੀਏ ਪਰ ਇਸ ਦੇ ਨਾਲ ਹੀ ਅਸੀਂ ਭਾਵਨਾਤਮਕ ਹਮਦਰਦੀ ਦੇ ਸਾਹਮਣੇ ਇਨਸਾਫ਼ ਦੇ ਹਿਤਾਂ ਦੀ ਕੁਰਬਾਨੀ ਨਹੀਂ ਦੇ ਸਕਦੇ। ਜਦੋਂ ਇਤਿਹਾਸ ਦੀ ਨਿਰਪੱਖ ਅੱਖ ਕੂਕਿਆਂ ਨੂੰ ਮੌਤ ਦੀ ਸਜ਼ਾ ਦੇ ਦਰਦਨਾਕ ਵਿਸ਼ੇ 'ਤੇ ਭਾਰਤ ਸਰਕਾਰ ਦੇ ਫ਼ੈਸਲੇ ਦੇ ਇਸ ਭਾਗ ਦਾ ਸਰਵੇਖਣ ਕਰੇਗੀ, ਤਾਂ ਸਾਡਾ ਪੱਕਾ ਯਕੀਨ ਹੈ ਕਿ ਇਸ ਨੂੰ ਕੋਈ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

## ਅੰਮ੍ਰਿਤ ਬਾਜ਼ਾਰ ਪੱਤ੍ਰਿਕਾ

*31 ਅਕਤੂਬਰ, 1872*

**ਸ੍ਰੀ ਜੇਮਸ ਰੂਟਲੈਜ:** ਸਥਾਨਕ ਅਖ਼ਬਾਰ ਇਹ ਸਿਹਰਾ ਲੈਣ ਲਈ ਆਪਸ 'ਚ ਝਗੜ ਰਹੇ ਹਨ ਕਿ ਚੰਗਿਆਈ ਦੀ ਸ਼ਲਾਘਾ ਕਰਨ ਦੇ ਕੌਣ ਯੋਗ ਹੈ ਅਤੇ ਕਿਸ

ਨੇ 'ਫ੍ਰੈਂਡ ਆੱਫ਼ ਇੰਡੀਆ' ਦੇ ਸੰਪਾਦਕ ਨੂੰ ਪਹਿਲੀ ਵਾਰ ਸੰਬੋਧਨ ਕੀਤਾ ਹੈ। ਜੇਮਸ ਰੂਟਲੈਜ ਨੇ ਸਥਾਨਕ ਨਿਵਾਸੀਆਂ ਦੇ ਹਿਤਾਂ ਦੀ ਕਦੇ ਵੀ ਵਕਾਲਤ ਨਹੀਂ ਕੀਤੀ ਪਰ ਉਨ੍ਹਾਂ ਨੇ ਸੱਚਾਈ ਤੇ ਇਨਸਾਫ਼ ਦੀ ਵਕਾਲਤ ਕੀਤੀ ਅਤੇ ਸਥਾਨਕ ਨਿਵਾਸੀਆਂ ਨੇ ਕਦੇ ਵੀ ਆਪਣੇ ਐਂਗਲੋ-ਇੰਡੀਅਨ ਮਾਲਕਾਂ ਤੋਂ ਵਧੇਰੇ ਕੁਝ ਨਹੀਂ ਚਾਹਿਆ। ਇੰਝ ਇਹ ਪ੍ਰਸ਼ਨ ਕਾਇਮ ਰਿਹਾ। 'ਫ੍ਰੈਂਡ' ਦੇ ਸੰਪਾਦਕ ਨੇ ਸੱਚਾਈ ਤੇ ਇਨਸਾਫ਼ ਦੀ ਵਕਾਲਤ ਕੀਤੀ ਅਤੇ ਸਥਾਨਕ ਨਿਵਾਸੀਆਂ ਨੂੰ ਇਹ ਲੀਕ ਤੋਂ ਹਟ ਕੇ ਜਾਪੀ ਅਤੇ ਉਹ ਸ਼ਲਾਘਾ ਤੇ ਸ਼ੁਕਰਗੁਜ਼ਾਰੀ ਕਰਨ ਲੱਗੇ। ਸਾਡੇ ਕਾਲਮ-ਨਵੀਸਾਂ ਦਾ ਕਹਿਣਾ ਹੈ ਕਿ ਸਥਾਨਕ ਨਿਵਾਸੀ ਤਾਂ ਚੰਗਿਆਈ ਦੀ ਕਦੇ ਕਦਰ ਨਹੀਂ ਪਾਉਂਦੇ! ਜੇਮਸ ਰੂਟਲੈਜ ਨੇ ਸਰਕਾਰ ਤੇ ਆਮ ਲੋਕਾਂ ਦੋਵਾਂ ਦੀ ਸੇਵਾ ਕੀਤੀ ਹੈ। ਅਸੀਂ ਅੰਗਰੇਜ਼ ਸਰਕਾਰ ਦੀ ਨੀਤੀ ਦੀ ਸ਼ਲਾਘਾ ਕਰਦੇ ਹਾਂ। ਇਹ ਸਦਾ ਸੂਝਬੂਝ ਨਾਲ ਭਰਪੂਰ ਹੁੰਦੀ ਹੈ ਤੇ ਉਸ ਵਿੱਚ ਬੁਰਾਈ ਦੀ ਕਾਟ ਵੀ ਮੌਜੂਦ ਹੁੰਦੀ ਹੈ। ਕੁਝ ਖ਼ੁਦਗਰਜ਼ ਅਤੇ ਸੱਤਾ-ਪ੍ਰੇਮੀ ਤਾਨਾਸ਼ਾਹ ਹਾਕਮਾਂ ਦੀਆਂ ਸਮੇਂ-ਸਮੇਂ 'ਤੇ ਕੀਤੀਆਂ ਕਾਰਵਾਈਆਂ ਨੇ ਚੁਪਾਸੇ ਨਿਰਾਸ਼ਾ ਫੈਲਾਈ ਸੀ ਅਤੇ ਇੰਗਲੈਂਡ ਉਨ੍ਹਾਂ ਦੇ ਮਾੜੇ ਅਸਰ ਖ਼ਤਮ ਕਰਨ ਲਈ ਹੀ ਹੁਣ ਇੱਕ ਚੰਗਾ ਗਵਰਨਰ ਭੇਜਦਾ ਹੈ।

ਇੰਝ, ਲਾਰਡ ਕਾਰਨਵਾਲਿਸ ਦੀ ਆਮਦ ਨੇ ਬੰਗਾਲ ਨੂੰ ਪੂਰੀ ਤਰ੍ਹਾਂ ਬਰਬਾਦ ਹੋਣ ਤੋਂ ਬਚਾਇਆ ਸੀ, ਜਦੋਂ ਟੈਕਸਾਂ ਤੇ ਕਾਨੂੰਨਾਂ ਦਾ ਹੜ੍ਹ ਜਿਹਾ ਆ ਗਿਆ ਸੀ ਅਤੇ ਦੇਸ਼ ਦੀ ਜਨਤਾ ਵਿਚਾਲੇ ਬਹੁਤ ਜ਼ਿਆਦਾ ਬੇਵਿਸਾਹੀ ਫੈਲ ਗਈ ਸੀ, ਤਦ ਸਾਡੀ ਧਰਤੀ ਸਾਡੇ ਗਵਰਨਰ ਜਨਰਲ ਹਵਾਲੇ ਕਰ ਦਿੱਤੀ ਗਈ ਸੀ। ਜਿੱਥੇ ਗਵਰਨਰ ਨਾਕਾਮ ਹੁੰਦੇ ਹਨ, ਤਾਂ ਉਨ੍ਹਾਂ ਦੀ ਮਦਦ ਲਈ ਵਿਧਾਨ ਆ ਜਾਂਦਾ ਹੈ ਅਤੇ ਫਿਰ ਉਹ ਲੋਕਾਂ ਨੂੰ ਰਾਹਤ ਦੇਣ ਤੇ ਉਨ੍ਹਾਂ ਦੇ ਜ਼ਖ਼ਮ ਠੀਕ ਕਰਨ ਲਈ ਚੰਗੇ ਤੇ ਸੁਹਿਰਦ ਕਰਮਚਾਰੀਆਂ ਨੂੰ ਭੇਜਦੇ ਹਨ। ਜੇਮਸ ਰੂਟਲੈਜ ਉਨ੍ਹਾਂ 'ਚੋਂ ਇੱਕ ਸਨ ਅਤੇ ਉਨ੍ਹਾਂ ਦਾ ਟੀਚਾ ਰਾਹਤ ਦੇਣਾ, ਇਲਾਜ ਕਰਨਾ ਅਤੇ ਆਸਾਂ ਨੂੰ ਬੂਰ ਪਾਉਣਾ ਸੀ। ਉਨ੍ਹਾਂ ਦੀ ਸਾਦਗੀ ਅਤੇ ਅਜੇਤੂ ਦ੍ਰਿੜ੍ਹਤਾ, ਉਨ੍ਹਾਂ ਦੀਆਂ ਵਿਆਪਕ ਹਮਦਰਦੀਆਂ, ਖੁੱਲ੍ਹੇ ਦਿਲ ਵਾਲੀ ਮਸੀਹੀਅਤ ਅਤੇ ਸੱਚਾਈ ਤੇ ਇਨਸਾਫ਼ ਲਈ ਪਿਆਰ ਸਦਾ ਸ਼ਲਾਘਾ ਖੱਟਦੇ ਰਹਿਣਗੇ ਅਤੇ ਇਸੇ ਲਈ ਉਨ੍ਹਾਂ ਦੀ ਇੱਜ਼ਤ ਉਨ੍ਹਾਂ ਦੇ ਕੱਟੜ ਦੁਸ਼ਮਣਾਂ 'ਚ ਵੀ ਬਣੀ ਰਹੇਗੀ। ਕੂਕਿਆਂ ਨੂੰ ਮੌਤ ਦੀ ਸਜ਼ਾ ਵਿਰੁੱਧ ਉਨ੍ਹਾਂ ਨਾਇਕਾਂ ਵਾਂਗ ਸਟੈਂਡ ਲਿਆ ਅਤੇ ਇਨਸਾਨੀਅਤ ਲਈ ਉਨ੍ਹਾਂ ਇਕੱਲਿਆਂ ਨੇ ਜੰਗ ਲੜੀ, ਇਸ ਦੌਰਾਨ ਉਨ੍ਹਾਂ ਨੂੰ ਬੁਰਾ-ਭਲਾ ਆਖਿਆ ਗਿਆ ਅਤੇ ਉਨ੍ਹਾਂ ਦੇ ਹੀ ਦੇਸ਼ ਵਾਸੀਆਂ ਨੇ ਹਰ ਹਫ਼ਤੇ ਬਿਨਾਂ ਵਜ੍ਹਾ ਦੋਸ਼ ਲਾਏ ਪਰ ਉਨ੍ਹਾਂ ਨੇ ਇਹ ਸਭ ਅੱਖੋਂ ਪ੍ਰੋਖੇ ਕੀਤਾ, ਇਸ ਲਈ ਸਮੁੱਚੇ ਰਾਸ਼ਟਰ ਨੇ ਉਨ੍ਹਾਂ ਦਾ ਸ਼ੁਕਰੀਆ ਅਦਾ ਕੀਤਾ। ਉਹ ਭਾਵੇਂ ਕੱਟੜ ਮਸੀਹੀ ਸਨ ਪਰ ਹਿੰਦੂ ਧਰਮ ਦੇ ਪੈਰੋਕਾਰਾਂ 'ਚ ਵੀ ਉਨ੍ਹਾਂ ਦੀ ਡਾਢੀ ਇੱਜ਼ਤ ਸੀ, ਉਨ੍ਹਾਂ ਜਗਨਨਾਥ ਦੇ ਪ੍ਰਸਿੱਧ ਮੇਲੇ ਦੀ ਹਮਾਇਤ ਕੀਤੀ ਅਤੇ ਆਪਣੇ ਹੀ ਭਰਾਵਾਂ ਦੇ ਦਿਆਲਤਾਹੀਣ ਅਤੇ ਉਦਾਰਹੀਣ ਹਮਲੇ ਵੀ ਝੱਲੇ, ਉਨ੍ਹਾਂ ਦੀ ਸਦਾ ਇਹ ਕੁਲੀਨ ਇੱਛਾ ਰਹੀ ਕਿ ਉਹ ਸਥਾਨਕ ਕਿਰਦਾਰ ਦਾ ਰੌਸ਼ਨ ਪੱਖ ਸਾਹਮਣੇ

ਲਿਆਉਣ ਅਤੇ ਇਸੇ ਲਈ ਹਿੰਦੂ ਭਰਾਵਾਂ ਦੇ ਦਿਲਾਂ ਵਿੱਚ ਉਨ੍ਹਾਂ ਪ੍ਰਤੀ ਸਦਾ ਸਨਮਾਨਜਨਕ ਸਥਾਨ ਬਣਿਆ ਰਿਹਾ।

ਜੇ ਸਾਡੇ ਸਮਕਾਲੀ ਐਂਗਲੋ-ਇੰਡੀਅਨ ਭਰਾ ਅੱਧੇ ਕੁ ਵੀ ਉਨ੍ਹਾਂ ਵਰਗੇ ਬਣ ਜਾਣ, ਤਾਂ ਭਾਰਤ 'ਤੇ ਹੋਰ ਵੀ ਬਿਹਤਰ ਸ਼ਾਸਨ ਹੋ ਸਕਦਾ ਹੈ ਅਤੇ ਅਜਿਹੇ ਸਥਾਨ 'ਤੇ ਨਸਲ ਦੇ ਆਧਾਰ 'ਤੇ ਦੁਸ਼ਮਣੀਆਂ ਰਹਿ ਹੀ ਨਹੀਂ ਸਕਦੀਆਂ।

ਇਹ ਸੱਚਮੁਚ ਰਾਸ਼ਟਰੀ ਬਦਕਿਸਮਤੀ ਹੈ ਕਿ ਅਜਿਹਾ ਵਿਅਕਤੀ ਸਾਨੂੰ ਇੰਨੀ ਛੇਤੀ ਛੱਡ ਕੇ ਜਾ ਰਿਹਾ ਹੈ। ਖ਼ਾਸ ਤੌਰ 'ਤੇ ਇਸ ਮੰਦਭਾਗੇ ਭਾਰਤ 'ਚ ਚੰਗੇ ਤੇ ਯੋਗ ਵਿਅਕਤੀ ਸਦਾ ਦੁਰਲੱਭ ਹੀ ਰਹਿੰਦੇ ਹਨ। ਸਿਰਫ਼ ਕੁਝ ਹਫ਼ਤੇ ਹੀ ਹੋਰ ਬਾਕੀ ਰਹਿ ਗਏ ਹਨ ਤੇ ਸਾਡਾ ਦੋਸਤ ਸਾਨੂੰ ਛੱਡ ਕੇ ਚਲਾ ਜਾਵੇਗਾ। ਸਾਨੂੰ ਇਹ ਸੁਹਿਰਦ ਆਸ ਹੈ ਕਿ ਸਾਡੇ ਦੇਸ਼ ਵਾਸੀ ਬਿਨਾਂ ਕਿਸੇ ਢਿੱਲ ਦੇ ਉਨ੍ਹਾਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਨਗੇ। ਕਲਕੱਤਾ ਦੇ ਲੋਕ ਉਨ੍ਹਾਂ ਨੂੰ ਨਿਜੀ ਤੌਰ 'ਤੇ ਉੱਤਰਪਾੜਾ 'ਚ ਸੱਦਣ ਦੇ ਇੰਤਜ਼ਾਮ ਕਰ ਰਹੇ ਹਨ ਪਰ ਜ਼ਿਲ੍ਹਾ ਐਸੋਸੀਏਸ਼ਨਾਂ ਨੂੰ ਤੁਰੰਤ ਆਪੋ-ਆਪਣੇ ਪਤੇ ਡਾਕ ਰਾਹੀਂ ਉਨ੍ਹਾਂ ਦੇ ਪਤੇ 'ਤੇ ਭੇਜ ਦੇਣੇ ਚਾਹੀਦੇ ਹਨ।

## ਅੰਮ੍ਰਿਤ ਬਾਜ਼ਾਰ ਪੱਤ੍ਰਿਕਾ

*7 ਨਵੰਬਰ, 1872*

### ਜੌਨ ਬੁਲ ਦੀ 'ਅੰਮ੍ਰਿਤ ਬਾਜ਼ਾਰ ਪੱਤ੍ਰਿਕਾ' ਦੇ ਸੰਪਾਦਕ ਨੂੰ ਚਿੱਠੀ

ਪਿਆਰੇ ਸ੍ਰੀਮਾਨ ਜੀ, - ਤੁਸੀਂ ਬੇਇਨਸਾਫ਼ੀ ਨਾਲ ਮੁਸਲਮਾਨਾਂ ਪ੍ਰਤੀ ਪੱਖਪਾਤ ਕਰਨ ਦਾ ਮੇਰੇ 'ਤੇ ਦੋਸ਼ ਲਾਉਂਦੇ ਹੋ। ਮੈਂ ਮੁਸਲਮਾਨਾਂ ਨੂੰ ਪਿਆਰ ਕਰਦਾ ਹਾਂ ਪਰ ਮੈਂ ਤੁਹਾਡੀ ਨਿੰਦਾ ਦਾ ਹੱਕਦਾਰ ਨਹੀਂ ਹਾਂ। ਕੀ ਤੁਸੀਂ ਚਾਹੁੰਦੇ ਹੋ ਕਿ ਮੈਂ ਨਾਸ਼ੁਕਰਾ ਬਣਾਂ ਜਾਂ ਜੇ ਤੁਹਾਡੇ ਅੰਦਰ ਜਜ਼ਬਾਤ ਨਹੀਂ ਹਨ, ਤਾਂ ਕੀ ਤੁਸੀਂ ਚਾਹੁੰਦੇ ਹੋ ਕਿ ਮੈਂ ਮੂਰਖ ਬਣਾਂ ਅਤੇ ਆਪਣੇ ਖ਼ੁਦ ਦੇ ਹੀ ਹਿਤ ਭੁੱਲ ਜਾਵਾਂ? ਕੀ ਮੈਂ ਉਨ੍ਹਾਂ ਤੋਂ ਬਗ਼ੈਰ ਕੋਈ ਕਦਮ ਚੁੱਕ ਸਕਦਾ ਹਾਂ? ਮੈਂ ਆਪਣੇ ਦਾੜ੍ਹੀ ਵਾਲੇ ਦੋਸਤਾਂ ਤੋਂ ਬਿਨਾਂ ਕੀ ਕਰ ਸਕਦਾ ਹਾਂ? ਮੇਰਾ ਭੋਜਨ ਕੌਣ ਪਕਾਉਂਦਾ ਹੈ ਤੇ ਮੇਰੀ ਮੇਜ਼ 'ਤੇ ਖਾਣਾ ਕੌਣ ਪਰੋਸਦਾ ਹੈ? ਕੌਣ, ਸਿਰਫ਼ ਮੇਰਾ ਪਿਆਰਾ ਮਿੱਤਰ? ਉਸ ਦੀ ਪਤਨੀ ਮਨੂੰ ਬੀਬੀ ਮੇਰੇ ਬੱਚਿਆਂ ਨੂੰ ਆਪਣਾ ਦੁੱਧ ਤੱਕ ਪਿਆਉਂਦੀ ਹੈ ਤੇ ਉਨ੍ਹਾਂ ਨੂੰ ਪਾਲ਼ਦੀ-ਪੋਸਦੀ ਹੈ ਅਤੇ ਕੀ ਤੁਸੀਂ ਕਦੇ ਚਾਹੋਗੇ ਕਿ ਮੈਂ ਐਂਗਲੋ-ਇੰਡੀਅਨ ਸਮਾਜ ਲਈ ਅਜਿਹੇ ਲਾਹੇਵੰਦ ਵਿਅਕਤੀਆਂ ਪ੍ਰਤੀ ਨਾਸ਼ੁਕਰਾ ਹੋ ਜਾਵਾਂ? ਖੱਟਰ ਦੀਆਂ ਸੇਵਾਵਾਂ ਇੱਥੇ ਹੀ ਖ਼ਤਮ ਨਹੀਂ ਹੋ ਜਾਂਦੀਆਂ; ਜੇ ਉਹ ਮੇਰਾ ਖਾਣਾ ਪਕਾਉਂਦਾ ਹੈ, ਉਸ ਦਾ ਚਚੇਰਾ ਭਰਾ ਜਮੀਰ ਮੇਰੀ ਬੱਘੀ ਚਲਾਉਂਦਾ ਹੈ। ਜੇ ਇਸ ਤੋਂ ਬਾਅਦ ਮੈਂ ਖੱਟਰ ਦੇ ਭਤੀਜੇ ਨੂੰ ਡਿਪਟੀ ਬਣਾਉਂਦਾ ਹਾਂ ਤੇ ਉਸ ਦੇ ਸਾਰੇ ਦੋਸਤਾਂ ਨੂੰ ਹੁਗਲੀ 'ਚ ਬਹੁਤ ਘੱਟ ਫ਼ੀਸਾਂ 'ਤੇ ਸਿਵਲ ਸਰਵਿਸ ਦੀਆਂ ਕਲਾਸਾਂ 'ਚ ਦਾਖ਼ਲੇ ਦਿਵਾਉਂਦਾ ਹਾਂ, ਤਾਂ ਮੈਂ ਕਿੱਥੇ ਗ਼ਲਤ ਹਾਂ? ਉਸ ਦਾ ਸੌਤੇਲਾ ਭਰਾ ਮੇਰੇ ਪਿਆਰੇ ਘੋੜਿਆਂ ਦੀ ਦੇਖਭਾਲ਼ ਕਰਦਾ ਹੈ

ਅਤੇ ਜੇ ਮੇਰੇ ਕਮਰੇ ਦੀ ਛੱਤ ਕਦੇ ਚੋਂਦੀ ਹੈ, ਤਾਂ ਮੈਂ ਕਦੇ ਬਾਬੂ ਗੋਸ਼ ਜਾਂ ਬਾਬੂ ਚੈਟਰਜੀ ਕੋਲ਼ ਨਹੀਂ ਜਾਂਦਾ, ਸਗੋਂ ਆਪਣੇ ਪਿਆਰੇ ਖੱਟਰ ਤੇ ਉਸ ਦੇ ਚਾਚੇ ਅਲੀ ਕੋਲ ਹੀ ਜਾਂਦਾ ਹਾਂ। ਵੇਕੂ ਮੇਰੇ ਕੋਟ ਤੇ ਕਮੀਜ਼ਾਂ ਤਿਆਰ ਕਰਦਾ ਹੈ ਤੇ ਉਸ ਦਾ ਗੁਆਂਢੀ ਮੁਜ਼ਦੀਨ ਮੇਰੀ ਉਡੀਕ ਕਰਦਾ ਹੈ। ਮੈਂ ਸ਼ੁਕਰਗੁਜ਼ਾਰ ਹਾਂ ਕਿ ਮੇਰੇ ਦਾੜ੍ਹੀ ਵਾਲੇ ਦੋਸਤਾਂ ਨੇ ਅਫ਼ਗ਼ਾਨਿਸਤਾਨ ਦੀਆਂ ਵਾਦੀਆਂ ਅਤੇ ਮੰਗੋਲੀਆ ਦੀਆਂ ਪਠਾਰਾਂ (ਪਹਾੜੀ ਮੈਦਾਨ) ਨੂੰ ਛੱਡਿਆ; ਅਸੀਂ ਉਨ੍ਹਾਂ ਤੋਂ ਬਿਨਾਂ ਕੀ ਕਰ ਲੈਂਦੇ? ਹੁਣ ਆਪਣੇ ਦੇਸ਼ ਦੇ ਵਾਸੀਆਂ ਵੱਲ ਤੱਕੋ। ਤੁਹਾਡੇ ਬੰਗਾਲੀ ਬਾਬੂ ਨੇ ਸਾਡੇ ਲਈ ਕਿਹੜੀ-ਕਿਹੜੀ ਦੁਨਿਆਵੀ ਸੇਵਾ ਕੀਤੀ? ਉਹ ਕਦੇ ਵੀ ਕਿਸੇ ਗ਼ਰੀਬ ਨੂੰ ਨੀਵਾਂ ਨਹੀਂ ਵਿਖਾਏਗਾ, ਮੇਰੇ ਕੋਟ ’ਤੇ ਬਰੁੱਸ਼ ਫੇਰੇਗਾ ਜਾਂ ਮੇਰੀਆਂ ਪਲੇਟਾਂ ਤੱਕ ਧੋਏਗਾ। ਉਹ ਬੇਹੱਦ ਮਾਣਮੱਤਾ ਹੈ, ਉਹ ਆਪਣੀ ਖ਼ੂਬ ਤਾਰੀਫ਼ ਕਰਦਾ ਹੈ, ਵੱਡੀਆਂ-ਵੱਡੀਆਂ ਗੱਲਾਂ ਕਰਦਾ ਹੈ ਤੇ ਐਵੇਂ ਫ਼ਰਜ਼ੀ ਜਿਹੀਆਂ ਸ਼ਿਕਾਇਤਾਂ ਕਰਦਾ ਹੈ। ਪਰ ਮੇਰਾ ਖੱਟਰ ਕਦੇ ਕੋਈ ਸ਼ਿਕਾਇਤ ਨਹੀਂ ਕਰਦਾ, ਉਹ ਹਰ ਗੱਲ ’ਚ ਸ਼ੁਕਰਗੁਜ਼ਾਰ ਹੁੰਦਾ ਹੈ। ਮੇਰਾ ਬਾਬੂ ਸਿਰ ਹਿਲਾਉਂਦਾ ਹੋਇਆ ਮੇਰੇ ਸਾਹਮਣੇ ਆਉਂਦਾ ਹੈ ਅਤੇ ਬਿਲਕੁਲ ਕਿਸੇ ਗੋਰੇ ਵਾਂਗ ਮੇਰੇ ਨਾਲ ਹੱਥ ਮਿਲਾਉਣਾ ਚਾਹੁੰਦਾ ਹੈ। ਪਰ ਇੱਧਰ ਵੇਖੋ, ਖੱਟਰ ਸਲਾਮ ਮਾਰਨ ਦੀ ਕਲਾ ਦਾ ਧਨੀ ਹੈ। ਉਸ ਦੇ ਸਲਾਮ ਦਿਲ-ਖਿੱਚਵੇਂ ਤੇ ਪ੍ਰਭਾਵਸ਼ਾਲੀ ਹੁੰਦੇ ਹਨ! ਮਨਮੋਹਣੇ ਦੱਰਿਆਂ ਵਾਂਗ ਉਹ ਮੇਰੇ ਅੰਦਰ ਖ਼ੁਸ਼ੀ ਦੇ ਰੋਮਾਂਚ ਦਾ ਸੰਚਾਰ ਕਰਦੇ ਹਨ। ਜੇ ਈਮਾਨਦਾਰੀ ਨਾਲ ਗੱਲ ਕਰੀਏ; ਹਿੰਦੂਆਂ ’ਚ ਕਿਹੜੀ ਚੰਗਿਆਈ ਹੈ? ਉਹ ਮੇਰੀਆਂ ਲਿਖਤਾਂ ਦੀ ਨਕਲ ਕਰਦੇ ਹਨ ਅਤੇ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ ਅਤੇ ਮੈਂ ਉਨ੍ਹਾਂ ਦੇ ਕੰਮ ਲਈ ਉਨ੍ਹਾਂ ਨੂੰ ਭੁਗਤਾਨ ਕਰਦਾ ਹਾਂ ਤੇ ਉਨ੍ਹਾਂ ਬਾਬੂ ਕਹਿ ਕੇ ਸੱਦਦਾ ਹਾਂ ਪਰ ਫਿਰ ਵੀ ਮੁਸਲਿਮ ਤੁਹਾਡੇ ਹਿੰਦੂਆਂ ਨੂੰ ਪਛਾੜ ਜਾਂਦੇ ਹਨ। ਉਸ ਦੀ ਸੋਹਣੀ ਲਿਖਾਈ ਉਸ ਦੇ ਸਲਾਮਾਂ ਤੋਂ ਵੀ ਕਿਤੇ ਜ਼ਿਆਦਾ ਵਧੀਆ ਹੁੰਦੀ ਹੈ। ਹਿੰਦੂ ਚਿੱਠੀਆਂ ਚਾਹੁੰਦੇ ਹਨ ਪਰ ਮੁਸਲਿਮ ਕਦੇ ਵੀ ਨਹੀਂ। ਹਿੰਦੂ ਇਸ ਗੱਲ ’ਤੇ ਮਾਣ ਕਰਦੇ ਹਨ ਕਿ ਉਨ੍ਹਾਂ ਨੇ ਹੀ ਆ ਕੇ ਬੰਗਾਲ ਨੂੰ ਹੀ ਨਹੀਂ ਸਗੋਂ ਸਮੁੱਚੇ ਭਾਰਤ ਨੂੰ ਭਾਗ ਲਾਏ ਹਨ ਅਤੇ ਉਹ ਸਾਡੀ ਦਿਆਲਤਾ ਪ੍ਰਤੀ ਵੀ ਵੱਡੇ-ਵੱਡੇ ਦਾਅਵੇ ਕਰਦੇ ਹਨ।

ਚਲੋ ਛੱਡੋ, ਇਹ ਪੁਰਾਣੇ ਮਾਮਲੇ ਹਨ ਅਤੇ ਇਹ ਤੁਹਾਡੇ ਦੋਸਤਾਂ ਲਈ ਬਹੁਤ ਗ਼ੈਰ-ਵਾਜਬ ਤੇ ਘਟੀਆ ਗੱਲ ਹੈ। ਜੇ ਗੱਲ ਮੁਕਾਉਣ ਲੱਗੀਏ, ਤਾਂ ਮੈਂ ਇੱਕ ਬਹੁਤ ਹੀ ਸਾਦੇ ਜਿਹੇ ਤੱਥ ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹਾਂਗਾ। ਅਸੀਂ ਤੁਹਾਡੇ ਹਿੰਦੂਆਂ ਤੋਂ ਬਗ਼ੈਰ ਵੀ ਬਹੁਤ ਵਧੀਆ ਕਾਰਗੁਜ਼ਾਰੀ ਵਿਖਾ ਸਕਦੇ ਹਾਂ, ਸਾਨੂੰ ਉਨ੍ਹਾਂ ਦੀ ਲੋੜ ਨਹੀਂ ਹੈ, ਬੱਸ ਉਹ ਆਪਣੇ ਟੈਕਸ ਭਰੀ ਜਾਣ ਤੇ ਜਿੰਨਾ ਵੀ ਸੰਭਵ ਹੋ ਸਕੇ, ਸਾਡੇ ਤੋਂ ਦੂਰ ਹੀ ਰਹਿਣ। ਉਹ ਸਾਡੇ ਕੋਲ ਨਾ ਆਉਣ, ਉਹ ਆਪਣੇ ਟੈਕਸ ਵੀ ਡਾਕ ਰਾਹੀਂ ਭੇਜ ਦਿਆ ਕਰਨ, ਫਿਰ ਵੀ ਕੰਮ ਚੱਲ ਜਾਵੇਗਾ। ਪਰ ਜੇ ਮੇਰਾ ਖੱਟਰ ਅਤੇ ਉਸ ਦੇ ਦੋਸਤ ਸਾਨੂੰ ਛੱਡ ਜਾਣ, ਤਾਂ ਸਾਡਾ ਕੀ ਬਣੇਗਾ? ਮੇਰੇ ਬੱਚੇ ਰੋਣਗੇ, ਮੇਰੇ ਘੋੜੇ ਭੁੱਖੇ ਮਰ ਜਾਣਗੇ, ਮੇਰੀ ਪਤਨੀ ਰਸੋਈ ’ਚ ਆਪਣੀਆਂ ਉਂਗਲ਼ਾਂ ਸਾੜ ਲਵੇਗੀ

ਤੇ ਫਿਰ ਸਾਨੂੰ ਬੇਹੱਦ ਦਰਦਨਾਕ ਜ਼ਿੰਦਗੀ ਬਿਤਾਉਣੀ ਪਵੇਗੀ।

ਤੁਹਾਡਾ ਵਿਸ਼ਵਾਸਪਾਤਰ,
ਜੌਨ ਬੁਲ

## ਅੰਮ੍ਰਿਤ ਬਾਜ਼ਾਰ ਪੱਤ੍ਰਿਕਾ

*28 ਨਵੰਬਰ, 1872*

**ਰੂਟਲੈਜ ਨਾਲ ਮੀਟਿੰਗ:** ਕਦੇ ਇੱਕ ਨਿਜੀ ਵਿਅਕਤੀ ਨਹੀਂ ਰਿਹਾ, ਜਿਸ ਨੇ ਬੰਗਾਲ 'ਚ ਕਾਫ਼ੀ ਇੱਜ਼ਤਦਾਰ ਜੀਵਨ ਬਿਤਾਇਆ ਹੋਵੇ; ਨਿਸ਼ਚਿਤ ਤੌਰ 'ਤੇ ਕੋਈ ਪੱਤਰਕਾਰ ਨਹੀਂ। ਸਾਨੂੰ ਖ਼ੁਸ਼ੀ ਹੈ ਕਿ ਅਸੀਂ ਸ੍ਰੀ ਰੂਟਲੈਜ ਦੇ ਸਾਰਥਿਕ ਅਹਿਸਾਨ ਦੇ ਰਿਣ ਦਾ ਬੋਝ ਲਾਹ ਸਕੇ। ਉੱਥੇ 300 ਤੋਂ ਵੱਧ ਵਿਅਕਤੀ ਮੌਜੂਦ ਸਨ, ਸਾਰੇ ਉੱਚ ਕੁਲੀਨ ਵਰਗ ਦੇ ਵਿਅਕਤੀ, ਜ਼ਿਮੀਂਦਾਰ, ਕਰੋੜਪਤੀ, ਪੇਸ਼ੇਵਰਾਨਾ ਵਿਅਕਤੀ, ਸੁਤੰਤਰ ਸੱਜਣ-ਪੁਰਖ ਤੇ ਕਈ ਦੇਸ਼ਾਂ ਤੇ ਨਸਲਾਂ ਦੇ ਲੋਕ ਸਨ। ਉੱਥੇ ਸਿਰਫ਼ ਇੱਕੋ ਗੋਰਾ ਵਿਅਕਤੀ ਮੌਜੂਦ ਸੀ। ਅਸੀਂ ਉਸ ਨੂੰ ਗੋਰਾ ਕੋਈ ਮਜ਼ਾਕ 'ਚ ਨਹੀਂ ਆਖਿਆ ਕਿਉਂਕਿ ਉਹ ਨਾ ਤਾਂ ਇੰਗਲੈਂਡ ਦਾ ਵਸਨੀਕ ਸੀ ਤੇ ਨਾ ਹੀ ਯੂਰੋਪੀਅਨ ਸੀ, ਉਹ ਅਮਰੀਕਨ ਸੀ ਤੇ ਉਸ ਦਾ ਨਾਂਅ ਸੀ.ਐੱਚ.ਐੱਫ਼. ਡੱਲ ਸੀ। ਉੱਥੇ ਕੋਈ ਐਂਗਲੋ-ਇੰਡੀਅਨ ਕਿਉਂ ਮੌਜੂਦ ਨਹੀਂ ਸੀ? ਬਾਬੂ ਜੈ ਕਿਸ਼ਨ ਨੇ ਕੁਰਸੀ ਲਈ ਅਤੇ ਬਾਬੂ ਦਿਗੰਬਰ ਨੇ ਭਾਸ਼ਣ ਪੜ੍ਹਿਆ। ਸ੍ਰੀ ਰੂਟਲੈਜ ਨੇ ਜਵਾਬ ਦਿੱਤਾ ਤੇ ਉਨ੍ਹਾਂ ਕਈ ਪੈਰ੍ਹੇ ਸ਼ਾਨਦਾਰ ਬੋਲੇ। ਕੂਕਾ ਕਤਲੇਆਮ ਬਾਰੇ ਉਨ੍ਹਾਂ ਕਿਹਾ:

ਜਦੋਂ ਅਸੀਂ ਪਹਿਲੀ ਵਾਰ ਕੂਕਿਆਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਬਾਰੇ ਸੁਣਿਆ ਸੀ, ਤਾਂ ਮੈਨੂੰ ਉਸ 'ਤੇ ਯਕੀਨ ਨਹੀਂ ਹੋਇਆ ਸੀ। ਜਦੋਂ ਮੈਂ ਸਾਰੀ ਦਰਦਨਾਕ ਕਹਾਣੀ ਨੂੰ ਸਮਝਿਆ, ਫਿਰ ਬਿਨਾਂ ਕਿਸੇ ਸ਼ੱਕ ਦੇ, ਜਿਵੇਂ ਕਿ ਪੱਤਰਕਾਰੀ ਦਾ ਆਮ ਫ਼ਰਜ਼ ਹੁੰਦਾ ਹੈ, ਮੈਂ ਉਸ ਕਾਰਵਾਈ ਦੀ ਨਿਖੇਧੀ ਕੀਤੀ; ਮੈਂ ਇੱਥੇ ਦੱਸ ਦੇਵਾਂ (ਇੱਥੇ ਕੁਝ ਗ਼ਲਤਫ਼ਹਿਮੀ ਹੋਈ) ਸ਼ੁਰੂ ਤੋਂ ਲੈ ਕੇ ਅੰਤ ਤੱਕ ਦੀ ਵਿਚਾਰ-ਚਰਚਾ ਦੌਰਾਨ ''ਫ੍ਰੈਂਡ ਆੱਫ਼ ਇੰਡੀਆ'' ਦੇ ਮਾਲਕਾਂ ਨੇ ਮੇਰੇ ਵਿਚਾਰ ਦੇ ਨਾ ਹੱਕ ਤੇ ਨਾ ਹੀ ਖ਼ਿਲਾਫ਼ ਕੁਝ ਵੀ ਨਹੀਂ ਲਿਖਿਆ। ਮੈਂ ਉਵੇਂ ਹੀ ਰਿਹਾ, ਜਿਹੋ ਜਿਹਾ ਮੈਂ ਆਇਆ ਸਾਂ ਤੇ ਮੈਂ ਉਵੇਂ ਹੀ ਚਲਾ ਜਾਵਾਂਗਾ, ਇੱਕ ਸੁਤੰਤਰ ਸੰਪਾਦਕ ਵਜੋਂ; ਅਤੇ ਮੈਨੂੰ ਤੁਹਾਨੂੰ ਸਭਨਾਂ ਨੂੰ ਇਹ ਦੱਸਦਿਆਂ ਖ਼ੁਸ਼ੀ ਹੁੰਦੀ ਹੈ ਕਿ ਅਖ਼ਬਾਰ ਨੂੰ ਕੋਈ ਫ਼ਰਕ ਨਹੀਂ ਪਿਆ; ਕੂਕਾ ਵਿਵਾਦ ਤੋਂ ਬਾਅਦ ਵੀ ਉਸ ਦੇ ਦੋਸਤਾਂ ਦੇ ਵਿਚਾਰਾਂ 'ਚ ਉਸ ਪ੍ਰਤੀ ਕੋਈ ਅੰਤਰ ਨਹੀਂ ਆਇਆ, ਜਦ ਕਿ ਬਹੁਤ ਸਾਰੇ ਵਿਰੋਧੀਆਂ ਦੇ ਹੱਕ 'ਚ ਇਹ ਦੋਸਤ ਨਿੱਤਰ ਆਏ ਸਨ। ਮੈਂ ਹੁਣ ਇਸ ਦੇ ਯੂਰੋਪੀਅਨ ਤੇ ਸਥਾਨਕ ਦੋਸਤਾਂ ਦੀ ਗੱਲ ਕਰ ਰਿਹਾ ਹਾਂ। ਤੁਹਾਨੂੰ ਪਤਾ ਨਹੀਂ ਹੈ – ਭਾਰਤ 'ਚ ਰਹਿੰਦੇ ਬਹੁਤ ਸਾਰੇ ਅੰਗਰੇਜ਼ਾਂ ਨੇ ਜਦੋਂ ਮਲੇਰਕੋਟਲਾ ਦੀ ਘਟਨਾ ਨੂੰ ਚੰਗੀ ਤਰ੍ਹਾਂ ਸਮਝਿਆ, ਤਾਂ ਉਨ੍ਹਾਂ ਦੀਆਂ ਭਾਵਨਾਵਾਂ ਇਸ ਪ੍ਰਤੀ ਬੇਹੱਦ ਦਿਆਲੂ ਸਨ। ਇਹ ਦਰੁਸਤ ਹੈ ਕਿ ਤੁਹਾਨੂੰ

ਇਸ ਸਭ ਦੀ ਜਾਣਕਾਰੀ ਹੋਵੇ, ਹੋ ਸਕਦਾ ਹੈ ਕਿ ਨੇੜ ਭਵਿੱਖ 'ਚ ਇਨ੍ਹਾਂ ਗੱਲਾਂ ਦਾ ਕੋਈ ਫ਼ਾਇਦਾ ਨਾ ਵੀ ਹੋਵੇ। ਮੈਨੂੰ ਦੱਸਿਆ ਗਿਆ ਕਿ ਮੈਂ ਬਹੁਤ ਸਖ਼ਤ ਭਾਸ਼ਾ ਵਰਤੀ ਹੈ। ਮੈਂ ਮੰਨਦਾ ਹਾਂ ਕਿ ਮੈਂ ਅਜਿਹਾ ਕੀਤਾ; ਅਤੇ ਜੇ ਉਹੋ ਜਿਹਾ ਕੋਈ ਮੌਕਾ ਦੋਬਾਰਾ ਆਵੇਗਾ, ਤਾਂ ਮੈਂ ਫਿਰ ਉਹੋ ਜਿਹੀ ਭਾਸ਼ਾ ਹੀ ਵਰਤਾਂਗਾ ਤੇ ਦਿਲੋਂ ਨਿਖੇਧੀ ਕਰਾਂਗਾ, ਜਿਵੇਂ ਕਿ ਮੈਂ ਤਦ ਕੀਤੀ ਸੀ, ਜਦੋਂ ਮੇਰੇ ਉੱਤੇ ਹਮਲੇ ਕੀਤੇ ਗਏ ਸਨ। ਇਸ ਦੌਰਾਨ ਮੈਨੂੰ ਕੋਈ ਵੀ ਗੱਲ ਅਨੋਖੀ ਨਹੀਂ ਲੱਗੀ। ਜਿਹੜੇ ਬ੍ਰਿਟਿਸ਼ ਅਧਿਕਾਰੀ ਅਜਿਹੇ ਕਿਸੇ ਜ਼ਿਲ੍ਹੇ 'ਚ ਕੰਮ ਕਰ ਰਹੇ ਸਨ, ਜਿੱਥੇ ਇੱਕ ਚੰਗਿਆੜੀ ਵੀ ਥੋੜ੍ਹੀ ਜਿਹੀ ਗ਼ਲਤੀ ਨਾਲ ਭਾਂਬੜ ਬਣ ਸਕਦੀ ਸੀ, ਉਨ੍ਹਾਂ ਦੀ ਨਿਖੇਧੀ ਕਰ ਕੇ ਮੈਨੂੰ ਕੋਈ ਖ਼ੁਸ਼ੀ ਨਹੀਂ, ਸਗੋਂ ਦਰਦ ਹੋਇਆ। ਪਰ ਜਦੋਂ ਇੱਕ ਪੱਤਰਕਾਰ ਨੂੰ ਮੌਤ ਦੀਆਂ ਉਨ੍ਹਾਂ ਸਜ਼ਾਵਾਂ ਦੀ ਸਮਝ ਆਈ ਅਤੇ ਉਨ੍ਹਾਂ ਰੱਬੀ ਇਨਸਾਫ਼ ਅਤੇ ਮਨੁੱਖੀ ਜੀਵਨ, ਗ਼ਰੀਬੀ ਤੇ ਘਟੀਆ ਸਮਝੇ ਜਾਂਦੇ ਲੋਕਾਂ ਦੇ ਜੀਵਨ ਦੀ ਪਵਿੱਤਰਤਾ ਵਿੱਚ ਵਿਸ਼ਵਾਸ ਰੱਖ ਕੇ ਵੇਖਿਆ, ਤਾਂ ਇੱਕ ਪੱਤਰਕਾਰ ਲਈ ਸਿਰਫ਼ ਦੋ ਵਿਕਲਪ ਬਾਕੀ ਰਹਿ ਜਾਂਦੇ ਹਨ; ਉਹ ਹਰ ਹਾਲਤ 'ਚ ਮੌਤ ਦੀਆਂ ਸਜ਼ਾਵਾਂ ਦੀ ਨਿਖੇਧੀ ਕਰੇ ਜਾਂ ਭਾਰਤ ਛੱਡ ਕੇ ਚਲਾ ਜਾਵੇ। ਇਸ ਦੇਸ਼ ਨੂੰ ਛੱਡ ਕੇ ਤਾਂ ਮੈਂ ਕਿਤੇ ਜਾਣਾ ਨਹੀਂ ਸੀ, ਇਸੇ ਲਈ ਨਿਖੇਧੀ ਕੀਤੀ, ਮੈਂ ਮੰਨਦਾ ਹਾਂ ਕਿ ਭਾਰਤ 'ਚ ਮਹਾਰਾਣੀ ਦੀ ਹਕੂਮਤ ਮਜ਼ਬੂਤ ਹੈ ਤਾਂ ਸਿਰਫ਼ ਇਸ ਮਹਾਨ ਕੂਕਾ ਸਾਕਾ ਕਰਕੇ। ਮੈਨੂੰ ਭਰੋਸਾ ਹੈ ਕਿ ਉਸ ਸਾਕੇ ਨੇ ਤੁਹਾਨੂੰ ਸਾਡੇ ਅੰਗਰੇਜ਼ਾਂ ਦੀ ਇਨਸਾਫ਼ ਤੇ ਇਨਸਾਨੀਅਤ ਦੀ ਭਾਵਨਾ ਨੂੰ ਬਿਹਤਰ ਢੰਗ ਨਾਲ ਸਮਝਣ ਲਾ ਦਿੱਤਾ ਅਤੇ ਇੰਝ ਇਸ ਨਾਲ ਇੰਗਲੈਂਡ ਤੇ ਭਾਰਤ ਵਿਚਾਲੇ ਇੱਕ ਸਾਂਝੀ ਭਾਵਨਾ ਤੇ ਹਿਤ ਰਾਹੀਂ ਆਪਸੀ ਸਬੰਧ ਹੋਰ ਮਜ਼ਬੂਤ ਕਰਨ 'ਚ ਮਦਦ ਮਿਲੇਗੀ। ਉਂਝ ਐਵੇਂ ਨਿਗੂਣੀਆਂ ਜਿਹੀਆਂ ਗੱਲਾਂ ਸਾਨੂੰ ਆਪਸ ਵਿੱਚ ਅਕਸਰ ਵੰਡਦੀਆਂ ਰਹਿੰਦੀਆਂ ਹਨ ਅਤੇ ਮੂਰਖ ਲੋਕ ਉਨ੍ਹਾਂ ਹੀ ਗੱਲਾਂ ਨੂੰ ਘੁਮਾ ਕੇ ਸਾਡੇ 'ਚ ਫੁੱਟ ਪਾਉਂਦੇ ਰਹਿੰਦੇ ਹਨ ਤੇ ਇੰਝ ਹੀ ਦੋਵੇਂ ਨਸਲਾਂ ਵਿਚਲੇ ਫ਼ਰਕ ਵਧਦੇ ਰਹਿੰਦੇ ਹਨ।

ਸ੍ਰੀ ਰੂਟਲੈਜ ਦਾ ਵਿਚਾਰ ਸੀ ਕਿ 'ਫ੍ਰੈਂਡ' ਪੁਰਾਣੇ ਸਮਿਆਂ ਤੋਂ ਅਤੇ ਹੁਣ ਵੀ ਆਪਣੇ-ਆਪ ਨੂੰ ਭਾਰਤ ਦਾ ਇੱਕ ਸੱਚਾ ਦੋਸਤ ਸਿੱਧ ਕਰ ਚੁੱਕਾ ਹੈ। ਸ਼ਾਇਦ ਇੱਥੇ ਮੌਜੂਦ ਕੁਝ ਸੱਜਣ-ਪੁਰਖ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਨਾ ਵੀ ਹੋਣ। ਜੇ ਉਹ ਅਜਿਹੇ ਹੁੰਦੇ, ਤਾਂ ਉਹ ਕਦੇ ਵੀ ਰਾਸ਼ਟਰ ਨੂੰ ਇੰਨੀ ਤਾਕਤ ਨਾਲ ਹਿਲਾ ਨਾ ਸਕਦੇ। ਸ੍ਰੀ ਮਾਰਸ਼ਮੈਨ ਇੱਕ ਬਦਲੇ ਹੋਏ ਵਿਅਕਤੀ ਹਨ, ਜੇ ਕਿਤੇ ਉਹ ਭਾਰਤ ਨੂੰ ਪਹਿਲਾਂ ਇੰਨਾ ਪਿਆਰ ਕਰਦੇ ਹੁੰਦੇ, ਜਿਵੇਂ ਕਿ ਹੁਣ ਕਰਦੇ ਹਨ, ਤਾਂ 'ਫ੍ਰੈਂਡ' ਨੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਬਹੁਤ ਜ਼ਿਆਦਾ ਹਰਮਨਪਿਆਰਾ ਹੋਣਾ ਸੀ। ਨਿਮਨਲਿਖਤ ਪੈਰ੍ਹੇ ਤੋਂ ਸਭ ਸਮਝ ਆ ਜਾਵੇਗਾ:

ਮੈਂ ਇਹ ਵੇਖਿਆ ਹੈ ਕਿ ਜਦੋਂ ਤੁਸੀਂ ਕੁਝ ਅੰਗਰੇਜ਼ਾਂ ਦੇ ਵਿਚਾਰਾਂ ਨੂੰ ਚੁਣੌਤੀ ਦਿੰਦੇ ਹੋ, ਤਾਂ ਤੁਹਾਡੇ ਵਿਰੁੱਧ ਵਿਸ਼ਵਾਸਘਾਤ ਕਰਨ ਦੇ ਮੂਰਖਾਨਾ ਇਤਰਾਜ਼ ਉੱਠਣ ਲੱਗਦੇ ਹਨ। ਤੁਸੀਂ ਦੋਗਲੇ ਜਾਂ ਨਮਕ-ਹਰਾਮ ਨਹੀਂ ਹੋ। ਤੁਸੀਂ ਸਾਨੂੰ ਸਾਰੇ ਹੀ ਅੰਗਰੇਜ਼ਾਂ ਵਾਂਗ ਸਮਝਦੇ ਹੋ, ਮਹਾਰਾਣੀ ਦੀ ਹਕੂਮਤ ਦਾ ਆਸ਼ੀਰਵਾਦ ਪਰ ਤੁਸੀਂ

ਉਸ ਖਾਤੇ 'ਚ ਨਹੀਂ ਹੋ, ਜਿਸ ਵਿੱਚ ਵਿਸ਼ਵਾਸ ਕਰਨ ਤੇ ਉਸ ਵਿਅਕਤੀ ਨੂੰ ਸਲਾਮ ਮਾਰਨ ਲਈ ਕਿਹਾ ਗਿਆ ਹੈ, ਜੋ ਮਹਾਰਾਣੀ ਦਾ ਸੇਵਕ ਹੈ। ਭਵਿੱਖ 'ਚ ਸਤਿਕਾਰ ਦੇਣ ਦੀ ਪਹਿਲੀ ਸ਼ਰਤ ਇਹ ਹੋਵੇਗੀ ਕਿ ਜੋ ਆਪਣੇ ਅਹੁਦੇ ਲਈ ਸਤਿਕਾਰ ਚਾਹੁੰਦਾ ਹੈ, ਤਾਂ ਉਸ ਨੂੰ ਤੁਹਾਡੀ ਵੀ ਕਦਰ ਪਾਉਣੀ ਹੋਵੇਗੀ। ਇੱਕ ਹੋਰ ਨੁਕਤਾ ਹੈ, ਜਿਹੜਾ ਮੈਂ ਸੋਚਦਾ ਹਾਂ ਕਿ ਕੋਈ ਆਮ ਸਮਝ ਵਾਲਾ ਵਿਅਕਤੀ ਵੀ ਤੁਹਾਡੇ ਕਿਰਦਾਰ ਬਾਰੇ ਕਦੇ ਗ਼ਲਤ ਨਹੀਂ ਸਮਝੇਗਾ। ਤੁਸੀਂ ਵੱਡੀ ਦਿਆਲਤਾ ਤੇ ਅਥਾਹ ਦਾਨ-ਪੁੰਨ ਕਰਨ ਦੇ ਸਮਰੱਥ ਹੋ। ਮੈਨੂੰ ਲੱਗਦਾ ਹੈ ਕਿ ਬੇਸ਼ੱਕ ਤੁਹਾਡਾ ਮਾਮਲਾ ਡਿੱਗ ਜਾਵੇਗਾ। ਪਰ ਇੱਕ ਗੱਲ ਜਿਹੜੀ ਮੈਂ ਸਿੱਖੀ ਹੈ; ਤੁਹਾਡੀ ਨਾਇਕ-ਪੂਜਾ ਨਹੀਂ, ਧਨ ਦੀ ਥੈਲੀ ਦੀ ਪੂਜਾ। ਸਭ ਤੋਂ ਨੀਵਾਂ ਬ੍ਰਾਹਮਣ ਤੇ ਵਿਦਵਾਨ ਤੁਹਾਡੇ ਨਾਲ ਸਹੀ ਬ੍ਰਹਮ ਦੁਆਰਾ ਇੱਕ ਸ਼ਹਿਜ਼ਾਦਾ ਹੈ। ਤੁਹਾਡੇ 'ਚੋਂ ਸਭ ਤੋਂ ਵੱਧ ਅਮੀਰ ਲੋਕ ਵੀ ਸਭ ਤੋਂ ਗ਼ਰੀਬ ਜਨੇਊਧਾਰੀ ਨੂੰ ਪ੍ਰਧਾਨਤਾ ਦੇਣ ਲਈ ਤੁਰੰਤ ਖੜ੍ਹੇ ਹੋ ਜਾਂਦੇ ਹੋ। ਇੱਕ ਰਾਸ਼ਟਰ ਦੇ ਇਤਿਹਾਸ 'ਚ ਇਹੋ ਕੁਝ ਹੈ। ਤੁਸੀਂ ਵੀ ਹੋਰਨਾਂ ਲੋਕਾਂ ਵਾਂਗ ਧਨ ਹਾਸਲ ਕਰਨ ਦੇ ਇੱਛਕ ਹੋ, ਮੈਂ ਇਹ ਗੱਲ ਆਖਣ ਦੀ ਹਿੰਮਤ ਰੱਖਦਾ ਹਾਂ; ਕਿ ਤੁਸੀਂ ਉਸ ਭਿਖਾਰੀ ਨੂੰ ਵੀ ਨਮਨ ਕਰ ਸਕਦੇ ਹੋ ਕਿਉਂਕਿ ਉਹ ਜਨੇਊਧਾਰੀ ਹੈ, ਮੈਂ ਇਹ ਵਿਸ਼ਵਾਸ ਨਹੀਂ ਕਰਾਂਗਾ ਕਿ ਤੁਹਾਡੀ ਭਾਵਨਾ 'ਚ ਅਜਿਹੀ ਗੱਲ ਸਾਂਝੀ ਨਹੀਂ ਹੈ, ਜੋ ਇੰਗਲੈਂਡ ਦੇ ਇੱਕ ਮਾਣਮੱਤੇ ਅੰਗਰੇਜ਼ ਨੂੰ ਹੋਰ ਵੀ ਮਾਣਮੱਤਾ ਬਣਾਉਂਦੀ ਹੈ, ਜਦੋਂ ਉਹ ਆਪਣੀ ਸਰਕਾਰ ਵੱਲੋਂ ਦਿੱਤਾ ਨੀਲਾ ਰਿਬਨ ਬੰਨ੍ਹਦਾ ਹੈ। ਮੇਰਾ ਇਹ ਵੀ ਮੰਨਣਾ ਹੈ ਕਿ ਤੁਸੀਂ ਵੀ ਕੁਰਬਾਨੀਆਂ ਕੀਤੀਆਂ ਹਨ ਅਤੇ ਜਿੱਥੇ ਕੁਰਬਾਨੀਆਂ ਹੁੰਦੀਆਂ ਹਨ, ਉੱਥੇ ਨਾਇਕਵਾਦ ਲਈ ਮੌਕਾ ਹੁੰਦਾ ਹੈ। ਮੇਰਾ ਇੱਕ ਚੰਗਾ ਦੋਸਤ ਮੌਜੂਦ ਹੈ, ਜਿਸ ਨੂੰ ਮੈਂ 12 ਮਹੀਨਿਆਂ ਤੋਂ ਸਮਝਾ ਰਿਹਾ ਹਾਂ ਕਿ ਉਹ ਘੱਟੋ-ਘੱਟ ਇੱਕ ਸ਼ਰਧਾਲੂ ਨਾ ਬਣੇ ਅਤੇ ਇਸ ਵੇਲੇ ਉਹ ਅਜਿਹੀ ਚਾਪਲੂਸੀ ਕਰ ਰਿਹਾ ਹੈ ਕਿ ਉਸ ਨੇ ਮੈਨੂੰ ਸ਼ਰਧਾਲੂ ਬਣਨ ਲਈ ਮਨਾ ਲਿਆ ਹੈ। ਉਸ ਨੇ ਮੈਨੂੰ ਅਗਲੇ ਦਿਨ ਕਿਹਾ, ''ਰਤਾ ਕੋਸ਼ਿਸ਼ ਤਾਂ ਕਰ, ਇਹ ਇੱਕ ਹਾਂ-ਪੱਖੀ ਤੱਥ ਹੈ, ਇੱਕ ਇਕੱਲੀ-ਕਾਰੀ ਗੁਫ਼ਾ 'ਚ ਚਿੰਤਨ ਕਰਨ ਲਈ ਵਧੇਰੇ ਰਾਹਤ ਮਿਲਦੀ ਹੈ, ਜਦ ਕਿ ਬਹੁਤ ਸਾਰਾ ਧਨ ਵੀ ਇਹ ਕੁਝ ਨਹੀਂ ਦੇ ਸਕਦਾ।'' ਮੈਂ ਉਸ ਦੀ ਗੱਲ ਸੁਣਾਂਗਾ ਪਰ ਜਾਵਾਂਗਾ ਉੱਥੇ ਹੀ, ਜਿੱਥੇ ਮੈਂ ਚਾਹਾਂਗਾ ਪਰ ਮੈਨੂੰ ਸੁਹਿਰਦ ਆਸ ਹੈ ਕਿ ਮੈਂ ਉਸ ਤੋਂ ਇਹ ਸਭ ਬਨਾਰਸ ਦੀਆਂ ਖ਼ਰਾਬ ਪੌੜੀਆਂ 'ਤੇ ਬਹਿ ਕੇ ਨਹੀਂ ਸੁਣਾਂਗਾ। ਤੁਸੀਂ ਵੀ ਆਮ ਲੋਕਾਂ ਵਾਂਗ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਕਈ ਜੁੱਗਾਂ ਦੀ ਸਹਿਣਸ਼ੀਲਤਾ, ਜਿਸ ਬਾਰੇ ਸੋਚਣਾ ਵੀ ਭਿਆਨਕ ਲੱਗਦਾ ਹੈ, ਭਾਰਤ 'ਚ ਅਜਿਹਾ ਬਹੁਤ ਕੁਝ ਹੈ। ਏਕਾਂਤਵਾਸ ਜਾਂ ਇਕੱਲਤਾ, ਜਿਸ ਲਈ ਤੁਹਾਡੀ ਬਹੁਤ ਜ਼ਿਆਦਾ ਨਿਖੇਧੀ ਹੁੰਦੀ ਹੈ (ਅਤੇ ਮੈਨੂੰ ਆਸ ਹੈ ਕਿ ਛੇਤੀ ਜਾਂ ਦੇਰੀ ਨਾਲ ਉਸ ਵਿੱਚੋਂ ਨਿਕਲ ਜਾਵਾਂਗਾ), ਕਾਨੂੰਨੀ ਗ਼ਲਤੀਆਂ ਲਈ ਤੁਹਾਡਾ ਵਧੀਆ ਢੰਗ ਨਾਲ ਬਚਾਅ ਕਰਦੀ ਰਹੀ ਹੈ। ਅਤੇ ਉਨ੍ਹਾਂ ਸਾਰੇ ਜੁੱਗਾਂ ਤੋਂ ਬਾਅਦ ਤੁਸੀਂ ਅੱਜ ਇੱਥੇ ਹੋ, ਸਿੱਖਣ, ਸੋਚਣ-ਵਿਚਾਰਨ ਦੁਰਲੱਭ ਕਿਸਮ ਦੇ ਮੌਕਿਆਂ ਨਾਲ ਅਤੇ ਅੰਤ 'ਚ ਮੈਨੂੰ ਇੱਕ ਮਹਾਨ ਇਤਿਹਾਸ ਦੀ ਆਸ ਹੈ। ਤੁਹਾਡੇ

ਨੌਜਵਾਨ ਇੱਕ ਵਿਸ਼ਵਵਿਆਪੀ ਸਾਹਿਤ ਦੇ ਮਾਲਕ ਹਨ। ਤੁਸੀਂ ਵਕੀਲ, ਡਾਕਟਰ, ਖਗੋਲ ਵਿਗਿਆਨੀ, ਯੋਗ ਸਾਹਿਤਕਾਰ, ਉਤਸ਼ਾਹੀ ਧਾਰਮਿਕ ਗੁਰੂ ਪੈਦਾ ਕਰ ਰਹੇ ਹੋ।

ਸ੍ਰੀ ਰੂਟਲੈਜ ਦਾ ਭਾਸ਼ਣ ਖ਼ਤਮ ਹੋਣ ਤੋਂ ਬਾਅਦ ਰਾਜਸ਼ਧ, ਜੈਸੋਰ, ਕ੍ਰਿਸ਼ਨਗੜ੍ਹ, ਬਰਦਵਾਨ, ਬੇਰਹਾਮਪੁਰ ਅਤੇ ਰਾਣਾਘਾਟ ਤੋਂ ਸੰਬੋਧਨ ਉਨ੍ਹਾਂ ਨੂੰ ਭੇਟ ਕੀਤੇ ਗਏ ਸਨ ਅਤੇ ਉਹ ਮੀਟਿੰਗ ਸ਼ਾਮੀਂ 4:30 ਵਜੇ ਖ਼ਤਮ ਹੋਈ। ਜੈਰਾਮਪੁਰ ਰਿਓਤਸ ਐਸੋਸੀਏਸ਼ਨ ਦਾ ਭਾਸ਼ਣ ਸ੍ਰੀ ਰੂਟਲੈਜ ਕੋਲ ਕੁਝ ਸਮਾਂ ਪਹਿਲਾਂ ਪੁੱਜ ਗਿਆ ਸੀ ਅਤੇ ਉਨ੍ਹਾਂ ਨੇ ਉਸ ਦਾ ਜੋ ਜਵਾਬ ਦਿੱਤਾ, ਉਹ ਸਾਡੇ ਸਾਹਮਣੇ ਹੈ।

## ਦਿ ਹਿੰਦੂ ਪੈਟ੍ਰੀਆੱਟ

*ਮਿਤੀ 25 ਨਵੰਬਰ, 1872*

**ਸ੍ਰੀ ਰੂਟਲੈਜ ਨੂੰ ਸੰਬੋਧਨ ਕਰਨ ਲਈ ਮੀਟਿੰਗ।** ਬੀਤੇ ਸਨਿੱਚਰਵਾਰ ਨੂੰ ਸ੍ਰੀ ਰੂਟਲੈਜ ਨੂੰ ਸੰਬੋਧਨ ਕਰਨ ਲਈ ਰੱਖੀ ਉੱਤਰਪਾੜਾ ਮੀਟਿੰਗ ਆਸ ਮੁਤਾਬਕ ਬੇਹੱਦ ਸਫ਼ਲ ਰਹੀ। ਇਸ ਮੌਕੇ ਸਥਾਨਕ ਭਾਈਚਾਰਿਆਂ, ਹਿੰਦੂਆਂ, ਮੁਸਲਮਾਨਾਂ, ਬ੍ਰਾਹਮਣਾਂ ਤੇ ਸਥਾਨਕ ਈਸਾਈਆਂ ਦੇ ਸਾਰੇ ਵਰਗਾਂ ਦੇ ਨੁਮਾਇੰਦੇ ਉੱਥੇ ਮੌਜੂਦ ਸਨ। ਇੱਕ ਵੱਡੀ ਟੀਮ ਕਲਕੱਤਾ ਤੋਂ ਆਈ ਸੀ, ਜਿਸ ਵਿੱਚ ਸਮਾਜ ਦੇ ਸਾਰੇ ਵਰਗਾਂ ਦੇ ਆਗੂ ਮੌਜੂਦ ਸਨ। ਲਾਗਲੇ ਸ਼ਹਿਰਾਂ ਹਾਵੜਾ, ਸੀਰਾਮਪੁਰ, ਹੁਗਲੀ ਆਦਿ ਦੇ ਵੀ ਬਹੁਤ ਸਾਰੇ ਲੋਕ ਹਾਜ਼ਰ ਸਨ। ਲਗਭਗ ਤਿੰਨ ਸੌ ਸੱਜਣ-ਪੁਰਖ ਉੱਥੇ ਸਨ, ਜਿਨ੍ਹਾਂ ਵਿੱਚੋਂ ਮਾਣਯੋਗ ਰਾਜਾ ਜੀਤੇਂਦਰ ਮੋਹਨ ਟੈਗੋਰ, ਮਾਣਯੋਗ ਬਾਬੂ ਦਿਗੰਬਰ ਮਿੱਤਰ, ਬਾਬੂ ਜੈਕਿਸ਼ਨ ਮੁਖਰਜੀ, ਕੁਮਾਰ ਗਿਰੀਸ਼ ਚੰਦਰ ਸਿੰਘ, ਬਾਬੂ ਹੀਰਾ ਲਾਲ ਸਿਆਲ, ਦੁਰਗਾ ਚਰਨ ਲੱਅ, ਚੰਦਰ ਮੋਹਨ ਚੈਟਰਜੀ, ਰਾਜੇਂਦਰ ਲਾਲ ਮਿੱਤਰਾ, ਕਿੱਸਰ ਚੰਦ ਮਿੱਤਰ, ਦਜੇਂਦਰਨਾਥ ਟੈਗੋਰ, ਸ਼ਿਵ ਚੰਦਰ ਡੇਅ, ਅਭੇ ਚਰਨ ਨੰਦੀ, ਉਪੇਂਦਰਨਾਰਾਇਣ ਨੰਦੀ, ਬਿਪੋਰਦਾਸ ਡੇਅ, ਕੁੰਜਲਾਲ ਬੈਨਰਜੀ, ਰਾਜੇਂਦਰ ਦੱਤ, ਬਿਜੇ ਕਿਸ਼ਨ ਮੁਖਰਜੀ, ਹਰੀਹਰ ਮੁਖਰਜੀ, ਜਗ ਬੰਧੂ ਮੁਖਰਜੀ, ਡਾ. ਮਹੇਂਦਰ ਲਾਲ ਸਰਕਾਰ, ਮੀਰ ਮੁਹੰਮਦ ਅਲੀ-ਮੌਲਵੀ, ਕਬੀਰੁੱਦੀਨ ਅਹਿਮਦ, ਪਾਦਰੀ ਲਾਲ ਬਿਹਾਰੀ ਡੇਅ, ਪਾਦਰੀ ਸੀ.ਐੱਚ.ਏ ਡੱਲ ਆਦਿ ਪ੍ਰਮੁੱਖ ਸਨ।

ਸ੍ਰੀ ਰੂਟਲੈਜ ਦੇ ਆਉਣ 'ਤੇ ਉਨ੍ਹਾਂ ਦਾ ਸੁਆਗਤ ਬਾਬੂ ਜੈ ਕਿਸ਼ਨ ਮੁਖਰਜੀ ਨੇ ਕੀਤਾ, ਫਿਰ ਇੱਕ ਕਮਰੇ ਵਿੱਚ ਉੱਤਰਪਾੜਾ ਦੇ ਜ਼ਿਮੀਂਦਾਰ ਨੇ ਉਨ੍ਹਾਂ ਨੂੰ ਦੁਪਹਿਰ ਦਾ ਭੋਜਨ ਕਰਵਾਇਆ। ਉਸ ਤੋਂ ਬਾਅਦ ਲਾਇਬਰੇਰੀ ਦੇ ਹਾਲ ਵਿੱਚ ਸਮਾਰੋਹ ਹੋਇਆ। ਜਿਵੇਂ ਹੀ ਸੱਜਣ-ਪੁਰਖ ਆਪਣੀਆਂ ਸੀਟਾਂ 'ਤੇ ਬੈਠੇ, ਬਾਬੂ ਕਿਸ਼ੋਰ ਚਰਨ ਮਿੱਤਰ ਨੇ ਪ੍ਰਸਤਾਵ ਰੱਖਿਆ ਕਿ ਬਾਬੂ ਜੈ ਕਿਸ਼ਨ ਮੁਖਰਜੀ ਉਸ ਸਮਾਰੋਹ ਦੀ ਪ੍ਰਧਾਨਗੀ ਕਰਨ। ਫਿਰ ਪ੍ਰਧਾਨ ਨੇ ਮੀਟਿੰਗ 'ਚ ਮੌਜੂਦ ਸਾਰੇ ਪਤਵੰਤੇ ਸੱਜਣਾਂ ਨੂੰ ਸ੍ਰੀ ਰੂਟਲੈਜ ਬਾਰੇ ਜਾਣੂ ਕਰਵਾਉਣ ਲਈ ਕੁਝ ਸ਼ਬਦ ਆਖੇ। ਫਿਰ ਉਨ੍ਹਾਂ ਮਾਣਯੋਗ

ਦਿਗੰਬਰ ਮਿੱਤਰ ਨੂੰ ਭਾਸ਼ਣ ਪੜ੍ਹਨ ਲਈ ਆਖਿਆ, ਜੋ ਨਿਮਨਲਿਖਤ ਅਨੁਸਾਰ ਹੈ: ਜਿਸ ਉੱਤੇ 2,026 ਸੱਜਣ-ਪੁਰਖਾਂ ਦੇ ਹਸਤਾਖਰ ਹਨ:

ਵੱਲ

ਜੇਮਸ ਰੂਟਲੈਜ ਐਸਕ.,

ਸ੍ਰੀਮਾਨ ਜੀ,

ਅਸੀਂ ਨਿਮਨਹਸਤਾਖਰੀ ਕਲਕੱਤਾ ਦੇ ਸਥਾਨਕ ਅਤੇ ਬੰਗਾਲ ਦੇ ਮੈਟਰੋਪਾਲਿਟਨ ਜ਼ਿਲ੍ਹੇ ਦੇ ਨਿਵਾਸੀ ਤੁਹਾਡੀ ਯੂਰੋਪ ਨੂੰ ਰਵਾਨਗੀ ਦੇ ਮੌਕੇ ਤੁਹਾਡੀਆਂ ਉਨ੍ਹਾਂ ਸੇਵਾਵਾਂ ਲਈ ਤੁਹਾਡਾ ਧੰਨਵਾਦ ਕਰਨਾ ਚਾਹੁੰਦੇ ਹਾਂ, ਜੋ ਤੁਸੀਂ 'ਫ੍ਰੈਂਡ ਆੱਫ਼ ਇੰਡੀਆ' ਅਖ਼ਬਾਰ ਨੂੰ ਚਲਾਉਂਦੇ ਸਮੇਂ ਇਸ ਦੇਸ਼ ਦੇ ਲੋਕਾਂ ਦੇ ਹਿਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਬਹੁਤ ਸਾਰੇ ਅਹਿਮ ਸੁਆਲਾਂ ਦੀ ਵਿਆਖਿਆ ਰਾਹੀਂ ਦਿੱਤੀਆਂ।

ਇਹ ਸੱਚ ਹੀ ਆਖਿਆ ਗਿਆ ਹੈ ਕਿ ਭਾਰਤ 'ਚ ਹਰੇਕ ਅੰਗਰੇਜ਼ ਇੱਕ ਪ੍ਰਤੀਨਿਧ ਵਿਅਕਤੀ ਹੈ ਕਿਉਂਕਿ ਉਹ ਆਪਣੇ ਦੇਸ਼ ਦੀ ਸੱਭਿਅਤਾ, ਆਜ਼ਾਦੀ ਤੇ ਧਰਮ ਦੀ ਨੁਮਾਇੰਦਗੀ ਕਰਦਾ ਹੈ ਪਰ ਤਦ ਉਸ ਦੀ ਜ਼ਿੰਮੇਵਾਰੀ ਕਿਵੇਂ ਇੰਨੀ ਜ਼ਿਆਦਾ ਵਧ ਜਾਂਦੀ ਹੈ, ਜਦੋਂ ਉਹ ਜਨਤਕ ਮਨਾਂ ਨੂੰ ਪੜ੍ਹਨ ਦੀ ਡਿਊਟੀ ਸੰਭਾਲਦਾ ਹੈ, ਗੰਭੀਰ ਮੁੱਦਿਆਂ 'ਤੇ ਹੁਕਮਰਾਨਾਂ ਨੂੰ ਸਲਾਹ ਦਿੰਦਾ ਹੈ ਤੇ ਵਿਦੇਸ਼ ਦੇ ਕਰੋੜਾਂ ਲੋਕਾਂ ਦੇ ਵਿਚਾਰਾਂ, ਭਾਵਨਾਵਾਂ ਤੇ ਖ਼ਾਹਿਸ਼ਾਂ ਨੂੰ ਸਹੀ ਪਾਸੇ ਮੋੜਾ ਦਿੰਦਾ ਹੈ। ਇਹ ਫ਼ਰਜ਼ ਨਿਭਾਉਂਦਿਆਂ ਕੋਈ ਵੀ ਅੰਗਰੇਜ਼ (ਇੰਗਲੈਂਡ ਦੇਸ਼ ਦਾ ਨਿਵਾਸੀ) ਤਦ ਤੱਕ ਸਫ਼ਲ ਹੋਣ ਦੀ ਆਸ ਨਹੀਂ ਰੱਖ ਸਕਦਾ, ਜਦੋਂ ਤੱਕ ਕਿ ਉਹ ਸੱਚਾਈ, ਇਨਸਾਫ਼ ਪ੍ਰਤੀ ਪਿਆਰ ਤੇ ਲੋਕਾਂ ਪ੍ਰਤੀ ਇੱਕ ਦਿਆਲੂ ਹਮਦਰਦੀ ਨਾ ਰੱਖਦਾ ਹੋਵੇ, ਜਦੋਂ ਤੱਕ ਉਹ ਇੱਥੋਂ ਦੇ ਲੋਕਾਂ ਦੇ ਇਤਿਹਾਸ, ਉਨ੍ਹਾਂ ਦੀਆਂ ਰਵਾਇਤਾਂ ਤੇ ਉਨ੍ਹਾਂ ਦੇ ਸੰਸਥਾਨਾਂ, ਉਨ੍ਹਾਂ ਦੀਆਂ ਭਾਵਨਾਵਾਂ ਤੇ ਉਨ੍ਹਾਂ ਦੀਆਂ ਨਾਕਾਮੀਆਂ ਦੀ ਵੀ ਸ਼ਲਾਘਾ ਨਾ ਕਰੇ।

ਅਸੀਂ ਤੁਹਾਡੇ 'ਚ ਇੱਕ ਤਾਕਤਵਰ ਅੰਗਰੇਜ਼ ਭਾਈਵਾਲ ਵੇਖਿਆ ਹੈ, ਜਿਸ ਵਿੱਚ ਇੱਕ ਜਨਤਕ ਹਦਾਇਤਕਾਰ ਦੇ ਇਹ ਸਾਰੇ ਗੁਣ ਮੌਜੂਦ ਹਨ, ਜੋ ਇੱਕ ਚੰਗੀ ਸਰਕਾਰ ਅਤੇ ਭਾਰਤ 'ਚ ਰਾਸ਼ਟਰੀ ਸੁਧਾਰ ਲਈ ਚਾਹੀਦੇ ਹੁੰਦੇ ਹਨ; ਤੁਸੀਂ ਆਪਣਾ ਫ਼ੈਸਲਾ ਦਿੰਦੇ ਸਮੇਂ ਕਦੇ ਵੀ ਕਿਸੇ ਨਸਲ, ਦੇਸ਼ ਜਾਂ ਸਿਧਾਂਤ ਦਾ ਪੱਖ ਨਹੀਂ ਲਿਆ, ਕੂਕਾ ਕਤਲੇਆਮ ਦੀ ਨਿਖੇਧੀ ਕਰਨ ਲਈ ਤੁਸੀਂ ਜਿਵੇਂ ਜਨਤਕ ਵਿਚਾਰਾਂ ਨੂੰ ਇਕੱਠਾ ਕੀਤਾ, ਲੋਕਾਂ ਨੂੰ ਜਾਗਰੂਕ ਕੀਤਾ; ਉਸ ਤੋਂ ਤੁਸੀਂ ਇੱਕ ਬੁਲਾਰੇ ਵਜੋਂ ਆਪਣੇ ਰਾਸ਼ਟਰ ਦੀ ਹੀ ਵਧੀਆ ਤਰੀਕੇ ਨਾਲ ਨੁਮਾਇੰਦਗੀ ਕੀਤੀ; ਅਤੇ ਤੁਸੀਂ ਇਸ ਦੇਸ਼ ਵਿੱਚ ਆਪਣੇ ਪੱਤਰਕਾਰੀ ਦੇ ਕਰੀਅਰ ਰਾਹੀਂ ਇੱਕ ਵਿਲੱਖਣ ਮਿਸਾਲ ਕਾਇਮ ਕੀਤੀ, ਜਿਸ ਤੋਂ ਅਸੀਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ ਅਤੇ ਅਸੀਂ ਤੁਹਾਡੀਆਂ ਇਨ੍ਹਾਂ ਪ੍ਰਾਪਤੀਆਂ ਨੂੰ ਨਮਨ ਹੀ ਕਰ ਸਕਦੇ ਹਾਂ, ਜੋ ਸਦਾ ਜਨਤਕ ਮਨਾਂ ਨੂੰ ਸੇਧ ਦਿੰਦੀਆਂ ਹਨ, ਵਿਚਾਰਾਂ ਨੂੰ ਪ੍ਰਭਾਵਿਤ ਕਰਦੀਆਂ

ਹਨ ਅਤੇ ਭਾਰਤ ਦੀਆਂ ਵਿਭਿੰਨ ਨਸਲਾਂ ਤੇ ਕੌਮੀਅਤਾਂ ਦੀ ਹਮਦਰਦੀ ਹਾਸਲ ਕਰਦੀਆਂ ਹਨ। ਸੱਚਮੁਚ 'ਫ੍ਰੈਂਡ ਆੱਫ਼ ਇੰਡੀਆ' ਨੇ ਕਦੇ ਵੀ ਇੰਨੇ ਸੱਚੇ ਢੰਗ ਨਾਲ ਮਹਿਸੂਸ ਨਹੀਂ ਕੀਤਾ, ਜਿੰਨਾ ਤੁਹਾਡੇ ਮਾਰਗ-ਦਰਸ਼ਨ ਤੇ ਨਿਯੰਤ੍ਰਣ ਅਧੀਨ ਕੀਤਾ ਗਿਆ।

ਹੁਣ ਭਾਵੇਂ ਭਾਰਤ ਨਾਲ ਤੁਹਾਡਾ ਸਿੱਧਾ ਸੰਪਰਕ ਖ਼ਤਮ ਹੋ ਜਾਵੇਗਾ, ਪਰ ਸਾਨੂੰ ਫਿਰ ਵੀ ਆਸ ਹੈ ਕਿ ਤੁਸੀਂ ਇੱਥੋਂ ਦੀਆਂ ਜਿਹੜੀਆਂ ਵੀ ਦੁਨਿਆਵੀ ਤੇ ਨੈਤਿਕ ਚੀਜ਼ਾਂ ਨੂੰ ਪਸੰਦ ਕੀਤਾ, ਉਨ੍ਹਾਂ ਪ੍ਰਤੀ ਤੁਹਾਡੀਆਂ ਭਾਵਨਾਵਾਂ ਇਵੇਂ ਹੀ ਜਾਰੀ ਰਹਿਣਗੀਆਂ। ਜਦੋਂ ਵੀ ਕਦੇ ਕੋਈ ਮੌਕਾ ਮਿਲਿਆ, ਤਾਂ ਤੁਸੀਂ ਭਾਰਤ ਦੇ ਲੋਕਾਂ ਦੀ ਭਲਾਈ ਨੂੰ ਪ੍ਰਭਾਵਿਤ ਕਰਨ ਵਾਲੇ ਬਹੁਤ ਸਾਰੇ ਸੁਆਲਾਂ ਦੇ ਜੁਆਬ ਦੇ ਕੇ ਇੱਥੇ ਰਹਿੰਦੇ ਅੰਗਰੇਜ਼ ਲੋਕਾਂ ਦੀ ਮਦਦ ਕਰਨ ਦੀਆਂ ਵਧੀਆ ਸੇਵਾਵਾਂ ਦੇ ਸਕਦੇ ਹੋ। ਤੁਹਾਡੇ ਘਰ ਤੱਕ ਦੀ ਸੁਰੱਖਿਅਤ ਯਾਤਰਾ ਅਤੇ ਜੀਵਨ ਵਿੱਚ ਇੱਕ ਖ਼ੁਸ਼ਹਾਲ ਕਰੀਅਰ ਲਈ ਸ਼ੁਭਕਾਮਨਾਵਾਂ।

*23 ਨਵੰਬਰ, 1872.* ਅਸੀਂ ਹਾਂ ਤੁਹਾਡੇ

ਦੋ ਹਜ਼ਾਰ ਵਿਅਕਤੀਆਂ ਦੇ ਹਸਤਾਖਰ

## 293

### ਗ੍ਰਹਿ ਵਿਭਾਗ (ਗੁਪਤ)

*ਸਰ. ਨੰ. 9-285* *ਮਿਤੀ 24 ਜਨਵਰੀ, 1873*

*ਵੱਲੋਂ*

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ

*ਵੱਲ*

ਸਮੂਹ ਕਮਿਸ਼ਨਰ, ਡਿਪਟੀ ਕਮਿਸ਼ਨਰ ਤੇ
ਪੁਲਿਸ ਦੇ ਇੰਸਪੈਕਟਰ ਜਨਰਲ।

ਗੁਪਤ ਮੀਮੋ ਨੰ. 11 ਮਿਤੀ 23 ਜਨਵਰੀ, 1872, ਪੁਲਿਸ ਵਿਭਾਗ ਨੇ ਪੰਜ ਜਾਂ ਵਧੇਰੇ ਕੂਕਿਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਾ ਦਿੱਤੀ ਸੀ। ਲੈਫ਼ਟੀਨੈਂਟ ਗਵਰਨਰ ਨੂੰ ਹਾਲੇ ਨਹੀਂ ਲੱਗਦਾ ਕਿ ਇਹ ਹੁਕਮ ਰੱਦ ਕਰਨ ਦਾ ਵੇਲਾ ਆਇਆ ਹੈ ਪਰ ਉਨ੍ਹਾਂ ਦਾ ਵਿਚਾਰ ਹੈ ਕਿ ਇਸ ਸਭ 'ਤੇ ਸੁਰੱਖਿਅਤ ਢੰਗ ਨਾਲ ਢਿੱਲ ਦਿੱਤੀ ਜਾਵੇ ਤੇ ਪੁਲਿਸ ਦੇ ਇੰਸਪੈਕਟਰ ਜਨਰਲ ਨੂੰ ਇਹ ਹੁਕਮ ਜਾਰੀ ਕਰਨ ਦੀ ਬੇਨਤੀ ਕੀਤੀ ਹੈ ਕਿ ਜੇ ਕਿਤੇ ਇਸ ਹੁਕਮ ਦੀ ਉਲੰਘਣਾ ਕੀਤੀ ਵੀ ਜਾਵੇ, ਤਾਂ ਆਮ ਤੌਰ 'ਤੇ ਇਸ ਦਾ ਨੋਟਿਸ ਨਾ ਲਿਆ ਜਾਵੇ, ਉਂਝ ਉਹ ਇਸ ਸੰਪਰਦਾਇ ਦੀ ਹਰੇਕ ਗਤੀਵਿਧੀ 'ਤੇ ਪੂਰੀ ਚੌਕਸ ਨਜ਼ਰ ਰੱਖਣ।

ਕਿਸੇ ਵੀ ਰਾਜ-ਧਰੋਹੀ ਮੀਟਿੰਗ ਦੀ ਰਿਪੋਰਟ ਕੀਤੀ ਜਾਵੇ

2. ਪੁਲਿਸ ਕੋਲ ਅਜਿਹਾ ਕੋਈ ਕਾਰਣ ਹੋਣਾ ਚਾਹੀਦਾ ਹੈ ਕਿ ਕੂਕਿਆਂ ਦੀ ਮੀਟਿੰਗ ਰਾਜ-ਧਰੋਹ ਦੇ

ਮੰਤਵਾਂ ਲਈ ਰੱਖੀ ਜਾ ਰਹੀ ਹੈ, ਉਸ ਹਾਲਤ 'ਚ ਪੁਲਿਸ ਅਧਿਕਾਰੀ ਤੁਰੰਤ ਡਿਪਟੀ ਕਮਿਸ਼ਨਰ ਨਾਲ ਸੰਪਰਕ ਕਰੇਗਾ, ਜੋ ਅੱਗੇ ਆਪਣੇ ਅਖ਼ਤਿਆਰ ਮੁਤਾਬਕ ਉਸ ਇਕੱਠ 'ਤੇ ਪਾਬੰਦੀ ਲਾਉਣ ਜਾਂ ਉਸ ਨੂੰ ਖਿੰਡਾਉਣ ਦੀ ਹਦਾਇਤ ਜਾਰੀ ਕਰਨਗੇ ਅਤੇ ਜਿਹੜੇ ਵਿਅਕਤੀ ਉਸ ਮੀਟਿੰਗ 'ਚ ਸ਼ਾਮਲ ਹੋਣ ਦੇ ਇੱਛੁਕ ਹੋਣ ਜਾਂ ਅਜਿਹੇ ਕਿਸੇ ਇਕੱਠ 'ਚ ਭਾਗ ਲੈ ਚੁੱਕੇ ਹਨ, ਉਨ੍ਹਾਂ ਨੂੰ ਇਹ ਚੇਤਾਵਨੀ ਦਿੱਤੀ ਜਾਣੀ ਚਾਹੀਦੀ ਹੈ ਕਿ ਇਹ ਨਿਯਮ ਹਾਲੇ ਵੀ ਲਾਗੂ ਹੈ।

## 294

### ਕੂਕੇ

ਮੀਮੋ ਨੰ. 12

*ਮਿਤੀ ਲਾਹੌਰ, 18 ਫ਼ਰਵਰੀ, 1873*

ਵੱਲ

ਪੁਲਿਸ ਦੇ ਸਮੂਹ ਡਿਪਟੀ ਇੰਸਪੈਕਟਰ ਜਨਰਲ।

ਪੰਜ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਰੋਕ ਦੇ ਹੁਕਮ 'ਚ ਢਿੱਲ ਦਿੱਤੀ ਪਰ ਉਸ ਨੂੰ ਰੱਦ ਨਹੀਂ ਕੀਤਾ

23 ਜਨਵਰੀ, 1872 ਦੇ ਮੀਮੋ ਨੰ. 11 'ਚ ਦਰਜ ਹੁਕਮਾਂ ਦੀ ਸੋਧ ਵਿੱਚ ਪੰਜਾਬ ਸਰਕਾਰ ਨੇ ਇੱਕ ਸਰਕੂਲਰ (ਪਿਛਲੇ ਮਹੀਨੇ 24 ਤਰੀਕ ਦਾ ਨੰ. 9) ਦੀ ਕਾਪੀ ਜਾਰੀ ਕੀਤੀ ਹੈ, ਜਿਸ ਵਿੱਚ ਲਿਖਿਆ ਹੈ ਕਿ 11 ਜਨਵਰੀ, 1872 ਦੇ ਹੁਕਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਜ਼ਰੂਰਤ ਨਹੀਂ ਹੈ, ਉਂਝ ਪੁਲਿਸ ਨੂੰ ਹਾਲੇ ਵੀ ਪੂਰੀ ਤਰ੍ਹਾਂ ਚੌਕਸ ਰਹਿਣਾ ਹੋਵੇਗਾ ਤੇ ਕੂਕਾ ਸੰਪਰਦਾਇ ਦੀ ਹਰੇਕ ਹਿੱਲਜੁੱਲ 'ਤੇ ਪੂਰੀ ਨਜ਼ਰ ਰੱਖਣੀ ਹੋਵੇਗੀ।

ਸਰਕਾਰੀ ਸਰਕੂਲਰ ਦੀ ਕਾਪੀ ਹਰੇਕ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਨੂੰ ਭੇਜਣੀ ਹੋਵੇਗੀ

2. ਬੇਨਤੀ ਕੀਤੀ ਜਾਂਦੀ ਹੈ ਕਿ ਉਹ ਨਾਲ ਨੱਥੀ ਸਰਕਾਰੀ ਸਰਕੂਲ ਦੀ ਕਾਪੀ ਆਪਣੇ ਹਰੇਕ ਜ਼ਿਲ੍ਹਾ ਸੁਪਰਇੰਟੈਂਡੈਂਟਸ ਨੂੰ ਲੋੜੀਂਦੀਆਂ ਹਦਾਇਤਾਂ ਨਾਲ ਭੇਜਣਗੇ।

## 295

### ਕੂਕਾ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਦੇ ਸੂਬੇ

*ਨੰ. 10* *ਮਿਤੀ ਭਾਰਤੀ ਦਫ਼ਤਰ, ਲੰਦਨ, 20 ਫ਼ਰਵਰੀ, 1873*

ਵੱਲੋਂ

ਮਹਾਰਾਣੀ ਦੇ
ਭਾਰਤ ਲਈ ਵਿਦੇਸ਼ ਮੰਤਰੀ।

ਵੱਲ

ਭਾਰਤ ਸਰਕਾਰ।

ਮਹਾਮਹਿਮ-ਇਨ-ਕੌਂਸਲ ਦਾ ਡਿਸਪੈਚ, ਮਿਤੀ 27 ਦਸੰਬਰ, 1872 ਦਾ ਨੰ. 60, ਕੂਕਾ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਦੇ ਸੂਬਿਆਂ ਦੇ ਸਬੰਧ ਵਿੱਚ ਕੀਤੀ ਜਾਣ ਵਾਲੀ ਅਗਲੇਰੀ ਕਾਰਵਾਈ ਦੇ ਸਬੰਧ ਵਿੱਚ ਕੌਂਸਲ 'ਚ ਮੇਰੇ ਵੱਲੋਂ ਵਿਚਾਰ-ਵਟਾਂਦਰਾ ਕੀਤਾ ਗਿਆ।

2. ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਵੱਲੋਂ ਕੂਕਾ ਸੂਬਿਆਂ 'ਤੇ ਕੋਈ ਖ਼ਾਸ ਦੋਸ਼ ਲਾ ਕੇ ਉਨ੍ਹਾਂ ਦੀ ਸੁਣਵਾਈ ਨਾ ਕੀਤੇ ਜਾਣ ਦੇ ਮੱਦੇਨਜ਼ਰ ਮਹਾਮਹਿਮ-ਇਨ-ਕੌਂਸਲ ਨੇ ਉਨ੍ਹਾਂ ਨੂੰ ਸਿਆਸੀ ਕੈਦੀਆਂ ਵਜੋਂ ਕੈਦ 'ਚ ਰੱਖਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਦੀ ਵੰਡ ਚੁੰਨਾਰ, ਅਸੀਰਗੜ੍ਹ, ਮੌਲਮੀਨ ਤੇ ਅਦਨ 'ਚ ਕਰਨ ਸਬੰਧੀ ਹੁਕਮ ਜਾਰੀ ਕਰ ਦਿੱਤੇ ਗਏ ਹਨ।

3. ਮੈਂ ਇਨ੍ਹਾਂ ਕਾਰਵਾਈਆਂ ਅਤੇ ਬੌਂਬੇ ਸਰਕਾਰ, ਉੱਤਰ-ਪੱਛਮੀ ਸੂਬਿਆਂ ਦੇ ਲੈਫ਼ਟੀਨੈਂਟ ਗਵਰਨਰ ਅਤੇ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਜਾਰੀ ਕੀਤੇ ਹੁਕਮਾਂ ਨੂੰ ਪੂਰੀ ਤਰ੍ਹਾਂ ਪ੍ਰਵਾਨ ਕਰਦਾ ਹਾਂ

**ਕੋਈ ਹੁਕਮ ਨਹੀਂ**

## 296

## ਗੁਰੂ ਰਾਮ ਸਿੰਘ ਜੀ ਦੀ ਜਾਇਦਾਦ ਗੁਰੂ ਬੁੱਧ ਸਿੰਘ ਜੀ (ਉਰਫ਼ ਗੁਰੂ ਹਰੀ ਸਿੰਘ – ਸੰਕਲਨਕਰਤਾ) ਨੂੰ ਟ੍ਰਾਂਸਫ਼ਰ ਕਰਨ ਬਾਰੇ

ਮੰਦੇਭਾਗੀਂ ਕੁਝ ਦਸਤਾਵੇਜ਼ ਗੁੰਮ ਹਨ। ਇਹ ਸੰਭਵ ਹੈ ਕਿ ਗੁੰਮਸ਼ੁਦਾ ਦਸਤਾਵੇਜ਼ ਭਾਰਤ ਦੇ ਰਾਸ਼ਟਰੀ ਆਰਕਾਈਵਜ਼ (ਨਵੀਂ ਦਿੱਲੀ) 'ਚੋਂ ਮਿਲ ਜਾਣ – ਸੰਕਲਨਕਰਤਾ।

ਮਹਾਮਹਿਮ ਨੇ ਪਿੱਛੇ ਜਿਹੇ ਇੱਛਾ ਜ਼ਾਹਿਰ ਕੀਤੀ ਸੀ ਕਿ ਮੈਂ ਸ੍ਰੀ ਈਡਨ ਨੂੰ ਡੀ.ਓ. ਲਿਖਾਂ ਅਤੇ *(ਗੁਰੂ) ਰਾਮ ਸਿੰਘ ਜੀ ਦੀ ਜਾਇਦਾਦ ਬਾਬਾ ਬੁੱਧ ਸਿੰਘ ਜੀ ਦੇ ਨਾਮਕਰਨ ਬਾਰੇ ਪੁੱਛਗਿੱਛ ਕਰਾਂ, ਜਿਨ੍ਹਾਂ ਨੇ ਕੂਕਿਆਂ ਦੇ ਮੁਖੀ ਵਜੋਂ ਉਨ੍ਹਾਂ ਦੀ ਥਾਂ ਸੰਭਾਲੀ ਹੈ।*

ਸ੍ਰੀ ਈਡਨ ਦੇ ਜਵਾਬ ਤੋਂ ਇੰਝ ਜਾਪਦਾ ਹੈ ਕਿ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਪ੍ਰਵਾਨਗੀ ਦੇ ਕੇ ਇਹ ਟ੍ਰਾਂਸਫ਼ਰ ਕਰਨ ਦਾ ਇੰਤਜ਼ਾਮ ਕਰ ਦਿੱਤਾ ਗਿਆ ਹੈ।

ਮੈਂ ਸਮਝਦਾ ਹਾਂ ਕਿ ਹੁਣ ਕਿਸੇ ਹੁਕਮ ਦੀ ਜ਼ਰੂਰਤ ਨਹੀਂ ਹੈ। ਪਰ ਕੀ ਇਹ ਠੀਕ ਨਹੀਂ ਰਹੇਗਾ ਕਿ ਗ੍ਰਹਿ ਵਿਭਾਗ ਨੂੰ ਕੂਕਿਆਂ ਨਾਲ ਸੰਬੰਧਤ ਮਾਮਲਿਆਂ ਬਾਰੇ ਵਿਦੇਸ਼ ਵਿਭਾਗ ਨਾਲ ਗੱਲਬਾਤ ਕਰਨੀ ਚਾਹੀਦੀ ਹੈ। *ਇਹ ਪ੍ਰਸ਼ਨ ਜਿੰਨਾ ਸਿਆਸੀ ਹੈ, ਓਨਾ ਹੀ ਪ੍ਰਸ਼ਾਸਕੀ ਵੀ ਹੈ।*

ਹਸਤਾਖਰ/- ਬੇਲੀ

27/9

ਸ੍ਰੀ ਬੇਲੀ --

ਮੈਨੂੰ ਲੱਗਦਾ ਹੈ ਕਿ ਕੂਕਿਆਂ ਨਾਲ ਸੰਬੰਧਤ ਕੋਈ ਵੀ ਦਸਤਾਵੇਜ਼ ਸੂਚਨਾ ਹਿਤ ਵਿਦੇਸ਼ ਵਿਭਾਗ ਨੂੰ ਭੇਜਣਾ ਚਾਹੀਦਾ ਹੈ।

ਹਸਤਾਖਰ/- ਐੱਨ
(ਗਵਰਨਰ ਜਨਰਲ)
9/10

## 297

ਦਫ਼ਤਰ: ਸੁਪਰਇੰਟੈਂਡੈਂਟ, ਕੇਂਦਰੀ ਜੇਲ੍ਹ - ਰੰਗੂਨ

*ਨੰ. 1236 ਪੀ* *ਮਿਤੀ 27 ਨਵੰਬਰ, 1872*

*ਵੱਲੋਂ*

ਟੀਐੱਚ ਡੌਬਸਨ, ਐਸਕੁਆਇਰ,
ਸੁਪਰਇੰਟੈਂਡੈਂਟ, ਕੇਂਦਰੀ ਜੇਲ੍ਹ,
ਰੰਗੂਨ।

*ਵੱਲ*

ਇੰਸਪੈਕਟਰ ਜਨਰਲ, ਜੇਲ੍ਹਾਂ,
ਬ੍ਰਿਟਿਸ਼ ਬਰਮਾ,
ਰੰਗੂਨ।

ਸ੍ਰੀਮਾਨ ਜੀ,

ਇਸੇ ਮਹੀਨੇ ਦੀ 12 ਤਰੀਕ ਦੇ ਤੁਹਾਡੇ ਨੰ. 1093 ਦੇ ਹਵਾਲੇ ਨਾਲ ਕੂਕਾ ਮੁਖੀ ਨਾਲ ਸੰਬੰਧਤ ਜਾਇਦਾਦ ਬਾਰੇ ਚਿੱਠੀ-ਪੱਤਰੀ ਦੀ ਕਾਪੀ ਭੇਜ ਰਿਹਾ ਹਾਂ, ਮੁਖੀ ਨੂੰ ਮੈਂ ਇਸ ਚਿੱਠੀ ਦੇ ਵੇਰਵੇ ਜ਼ੁਬਾਨੀ ਬਿਆਨ ਕਰ ਚੁੱਕਾ ਹਾਂ। ਮੈਨੂੰ, ਤੁਹਾਨੂੰ ਇਹ ਸੂਚਿਤ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ (ਗੁਰੂ) ਰਾਮ ਸਿੰਘ ਜੀ ਚਾਹੁੰਦੇ ਹਨ ਕਿ ਮਕਾਨਾਂ, ਪਸ਼ੂਆਂ, ਊਠਾਂ, ਘੋੜਿਆਂ ਦੇ ਨਾਲ-ਨਾਲ ਉਨ੍ਹਾਂ ਦੀ ਸਾਰੀ ਨਕਦੀ ਤੇ ਗਹਿਣੇ ਉਨ੍ਹਾਂ ਦੇ ਭਰਾ ਬਾਬਾ ਬੁੱਧ ਸਿੰਘ ਜੀ ਹਵਾਲੇ ਕਰ ਦਿੱਤੇ ਜਾਣ।

ਮੈਂ ਹਾਂ,
(ਹਸਤਾਖਰ) ਟੀ.ਐੱਚ. ਡੌਬਸਨ,
ਸੁਪਰਇੰਟੈਂਡੈਂਟ।

## 298

ਦਫ਼ਤਰ: ਇੰਸਪੈਕਟਰ ਜਨਰਲ, ਜੇਲ੍ਹਾਂ,
ਬ੍ਰਿਟਿਸ਼ ਬਰਮਾ - ਰੰਗੂਨ।

*ਨੰ. 1188* *ਮਿਤੀ 28 ਨਵੰਬਰ, 1872*

ਇਸ ਦੀ ਕਾਪੀ ਸੂਚਨਾ ਹਿਤ ਸਕੱਤਰ, ਮੁੱਖ ਕਮਿਸ਼ਨਰ, ਬ੍ਰਿਟਿਸ਼ ਬਰਮਾ ਨੂੰ ਉਨ੍ਹਾਂ ਦੇ ਨੰ. 531/53, ਸਿਆਸੀ ਵਿਭਾਗ, ਮਿਤੀ 9 ਨਵੰਬਰ, 1872 ਦੇ ਹਵਾਲੇ ਨਾਲ ਭੇਜੀ ਗਈ ਹੈ।

ਉਨ੍ਹਾਂ ਦਾ ਬੇਹੱਦ ਆਗਿਆਕਾਰ ਸੇਵਕ,
(ਹਸਤਾਖਰ) ਡਬਲਿਊ.ਪੀ. ਕੈਲੀ,
ਇੰਸਪੈਕਟਰ ਜਨਰਲ, ਜੇਲ੍ਹਾਂ,
ਬ੍ਰਿਟਿਸ਼ ਬਰਮਾ।

## 299

ਜੇ. ਟਾਲਬੁਆਏਜ਼ ਵ੍ਹੀਲਰ, ਐਸਕੁਆਇਰ,
ਸਕੱਤਰ, ਮੁੱਖ ਕਮਿਸ਼ਨਰ
ਵੱਲ
ਐੱਚ.ਐੱਲ. ਡੈਂਪੀਅਰ ਐਸਕੁਆਇਰ,
ਕਾਰਜਕਾਰੀ ਸਕੱਤਰ, ਗ੍ਰਿਹ ਵਿਭਾਗ, ਭਾਰਤ ਸਰਕਾਰ।

*ਮਿਤੀ ਰੰਗੂਨ, 11 ਜਨਵਰੀ, 1873*

ਸ੍ਰੀਮਾਨ ਜੀ,

ਚੀਫ਼ ਕਮਿਸ਼ਨਰ ਵੱਲੋਂ ਮੈਨੂੰ ਤੁਹਾਡੀ ਤਸਦੀਕ ਨੰ. 1932 ਮਿਤੀ 17 ਅਕਤੂਬਰ, 1872 ਦੇ ਪ੍ਰਾਪਤ ਹੋਣ ਦੀ ਜਾਣਕਾਰੀ ਦੇਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਕੂਕਾ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਨਾਲ ਸੰਬੰਧਤ ਜਾਇਦਾਦ ਬਾਰੇ ਚਿੱਠੀ-ਪੱਤਰੀ ਦੀ ਕਾਪੀ ਭੇਜੀ ਗਈ ਸੀ।

2. ਜਵਾਬ 'ਚ, ਮੈਨੂੰ ਬ੍ਰਿਟਿਸ਼ ਬਰਮਾ ਦੀਆਂ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਤੋਂ ਮਿਲੀ ਸੂਚਨਾ ਨੰ. 1188, ਮਿਤੀ 28 ਨਵੰਬਰ, 1872 ਦੀ ਇੱਕ ਕਾਪੀ ਭੇਜਣ ਦਾ ਮਾਣ ਹਾਸਲ ਹੋਇਆ ਹੈ, ਜਿਸ ਤੋਂ ਇਹ ਪਤਾ ਲੱਗੇਗਾ ਕਿ ਬਾਬਾ (ਗੁਰੂ) ਰਾਮ ਸਿੰਘ ਜੀ ਸਾਰੀ ਜਾਇਦਾਦ ਆਪਣੇ ਭਰਾ ਬਾਬਾ ਬੁੱਧ ਸਿੰਘ ਜੀ ਨੂੰ ਦੇਣਾ ਚਾਹੁੰਦੇ ਹਨ।

ਮੈਨੂੰ ਮਾਣ ਹੈ,
ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ ਦਾ
ਹਸਤਾਖਰ/-

## 300

ਗਵਰਨਰ ਜਨਰਲ ਵੱਲੋਂ ਫ਼ਾਈਲ 'ਤੇ ਟਿੱਪਣੀਆਂ

ਸ੍ਰੀ ਹੋਬਹਾਊਸ

ਮੈਨੂੰ ਖ਼ੁਸ਼ੀ ਹੋਵੇਗੀ, ਜੇ ਤੁਸੀਂ ਇਸ ਮਾਮਲੇ 'ਤੇ ਗ਼ੌਰ ਕਰੋਗੇ ਅਤੇ ਇਹ ਵੇਖੋਗੇ ਕਿ ਇਸ ਨੂੰ ਕਾਨੂੰਨੀ ਤੌਰ 'ਤੇ ਕਿਵੇਂ ਕੀਤਾ ਜਾ ਸਕਦਾ ਹੈ।

ਨੰ. 27/1

(ਗਵਰਨਰ ਜਨਰਲ)

ਮੇਰੇ ਕੋਲ ਮੌਜੂਦ ਮਾਈਕ੍ਰੋਫ਼ਿਲਮ ਦੀ ਕਾਪੀ ਧੁੰਦਲੀ ਹੈ।
ਜਿਸ ਕਾਰਣ ਪੜ੍ਹਨਯੋਗ ਨਹੀਂ ਹੈ---

ਅਸਲ ਫ਼ਾਈਲ ਦਾ ਅਗਲੇਰਾ ਹਵਾਲਾ ਨਵੀਂ ਦਿੱਲੀ ਸਥਿਤ ਭਾਰਤ ਦੇ ਰਾਸ਼ਟਰੀ ਆਰਕਾਈਵਜ਼ 'ਚ ਮੌਜੂਦ ਹੈ।

ਸੰਕਲਨਕਰਤਾ: ਨਾਹਰ ਸਿੰਘ

# 301

*ਨੰ. 284* *ਮਿਤੀ ਫ਼ੋਰਟ ਵਿਲੀਅਮ, 17 ਫ਼ਰਵਰੀ, 1873*

ਵੱਲ

ਸਕੱਤਰ, ਪੰਜਾਬ ਸਰਕਾਰ।

ਸ੍ਰੀਮਾਨ ਜੀ,

ਤੁਹਾਡੇ ਪੱਤਰ ਨੰ. 2878, ਮਿਤੀ ਬੀਤੀ 18 ਸਤੰਬਰ ਦੇ ਹਵਾਲੇ ਨਾਲ ਮੈਨੂੰ ਨਾਲ ਨੱਥੀ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਦੀ ਚਿੱਠੀ ਭੇਜਣ ਤੇ ਇਹ ਪੁੱਛਣ ਦੀ ਹਦਾਇਤ ਹੋਈ ਹੈ ਕਿ ਕੀ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ (ਗੁਰੂ) ਰਾਮ ਸਿੰਘ ਜੀ ਦੀ ਜਾਇਦਾਦ ਉਨ੍ਹਾਂ ਦੇ ਭਰਾ ਨੂੰ ਟ੍ਰਾਂਸਫ਼ਰ ਕੀਤੇ ਜਾਣ 'ਤੇ ਕੋਈ ਇਤਰਾਜ਼ ਤਾਂ ਨਹੀਂ ਹੈ, ਜਿਵੇਂ ਕਿ ਇੰਝ ਕਰਨ ਲਈ ਉਨ੍ਹਾਂ ਬੇਨਤੀ ਕੀਤੀ ਹੈ।

2. ਮਾਣਯੋਗ ਸਾਹਿਬ ਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਨਿਆਂਇਕ ਅਦਾਲਤ ਦੇ ਪਿਛਲੇ ਫ਼ੈਸਲੇ ਜਾਂ ਕਿਸੇ ਹੋਰ ਨਿਆਂਇਕ ਕਾਰਵਾਈਆਂ ਤੋਂ ਬਗ਼ੈਰ ਜਾਇਦਾਦ ਦੇ ਸਬੰਧ ਵਿੱਚ ਗਵਰਨਰ ਜਨਰਲ-ਇਨ-ਕੌਂਸਲ ਦੀਆਂ ਸ਼ਕਤੀਆਂ ਦੇ ਸੁਆਲ 'ਤੇ 1818 ਦੇ ਰੈਗੂਲੇਸ਼ਨ III ਦੇ ਸੈਕਸ਼ਨ 9, 10 ਤੇ 11 ਲਾਗੂ ਹੁੰਦੇ ਹਨ।

ਮੈਂ ਹਾਂ,

ਹਸਤਾਖਰ/-

# 302

ਵੱਲੋਂ

ਲਾਰਡ ਗ੍ਰਿਫ਼ਿਨ, ਐਸਕੁਆਇਰ,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਐੱਚ.ਐੱਲ. ਡੈਂਪੀਅਰ, ਐਸਕੁਆਇਰ,

ਕਾਰਜਕਾਰੀ ਸਕੱਤਰ, ਭਾਰਤ ਸਰਕਾਰ,
ਗ੍ਰਿਹ ਵਿਭਾਗ, ਕਲਕੱਤਾ।

ਨੰ. 636 ਮਿਤੀ ਲਾਹੌਰ, 19 ਫ਼ਰਵਰੀ, 1873

ਸ੍ਰੀਮਾਨ ਜੀ,

ਤੁਹਾਡੇ ਪੱਤਰ ਨੰ. 284, ਮਿਤੀ 10 ਫ਼ਰਵਰੀ ਦੇ ਜਵਾਬ ਵਿੱਚ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਦੀ ਜਾਇਦਾਦ ਉਨ੍ਹਾਂ ਦੇ ਭਰਾ ਨੂੰ ਟ੍ਰਾਂਸਫ਼ਰ ਕਰਨ 'ਤੇ ਕੋਈ ਇਤਰਾਜ਼ ਨਹੀਂ ਹੈ।

ਮੈਨੂੰ ਮਾਣ ਹੈ ਸ੍ਰੀਮਾਨ ਜੀ,
ਤੁਹਾਡਾ ਆਗਿਆਕਾਰ ਸੇਵਕ ਹੋਣ 'ਤੇ,
ਹਸਤਾਖਰ/-
ਵੱਲੋਂ ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

## 303

ਸੀਲ

ਪੰਜਾਬ ਨੰ. 635, ਮਿਤੀ 14 ਜੁਲਾਈ

(ਗੁਰੂ) ਰਾਮ ਸਿੰਘ ਜੀ (ਕੂਕਾ ਰਹਿਨੁਮਾ) ਦੀ ਜਾਇਦਾਦ ਉਨ੍ਹਾਂ ਦੇ ਭਰਾ ਬਾਬਾ ਬੁੱਧ ਸਿੰਘ ਜੀ ਦੇ ਨਾਂਅ ਟ੍ਰਾਂਸਫ਼ਰ।

ਪੰਜਾਬ ਸਰਕਾਰ ਨੂੰ ਇਸ ਟ੍ਰਾਂਸਫ਼ਰ 'ਤੇ ਕੋਈ ਇਤਰਾਜ਼ ਨਹੀਂ ਹੈ, ਕਿਉਂ ਜੋ (ਗੁਰੂ) ਰਾਮ ਸਿੰਘ ਜੀ ਅਜਿਹਾ ਚਾਹੁੰਦੇ ਹਨ, ਬਾਕੀ ਕਾਰਵਾਈ ਕੀਤੀ ਜਾਵੇ ਪਰ ਇਸ ਗੱਲ ਦਾ ਧਿਆਨ ਜ਼ਰੂਰ ਰੱਖਿਆ ਜਾਵੇ ਕਿ ਕੁਝ ਸਾਦੀ ਅਤੇ ਵਾਜਬ ਰਸਮੀ ਕਨਵੇਅੰਸ ਡੀਡ ਬਾਬਾ ਰਾਮ ਸਿੰਘ ਜੀ ਤੱਕ ਪਹੁੰਚਾਈ ਜਾਵੇ।

ਹਸਤਾਖਰ/-
25/2

ਅਸੀਂ ਉਸ ਅਨੁਸਾਰ ਲਿਖ ਸਕਦੇ ਹਾਂ

## 304

**ਗੁਪਤ**

*ਮਿਤੀ ਫ਼ੋਰਟ ਵਿਲੀਅਮ, 17 ਮਾਰਚ, 1873*

ਵੱਲ

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਸ੍ਰੀਮਾਨ ਜੀ,

ਮੈਨੂੰ ਤੁਹਾਡੇ ਸਕੱਤਰ ਦੇ ਪੱਤਰ ਨੰ. 320/11 ਪੀ. ਮਿਤੀ ਬੀਤੀ 11 ਜੂਨ ਦੀ

ਪ੍ਰਾਪਤੀ ਬਾਰੇ ਜਾਣਕਾਰੀ ਦੇਣ ਦੀ ਹਦਾਇਤ ਹੋਈ ਹੈ ਅਤੇ ਜਵਾਬ 'ਚ ਇਹ ਕਹਿਣਾ ਹੈ ਕਿ ਗਵਰਨਰ ਜਨਰਲ-ਇਨ-ਕੌਂਸਲ ਨੂੰ (ਗੁਰੂ) ਰਾਮ ਸਿੰਘ ਜੀ ਨੂੰ ਆਪਣੀ ਜਾਇਦਾਦ ਆਪਣੇ ਭਰਾ ਬਾਬਾ ਬੁੱਧ ਸਿੰਘ ਜੀ ਦੇ ਨਾਂਅ ਟ੍ਰਾਂਸਫ਼ਰ ਕਰਨ ਦੀ ਇਜਾਜ਼ਤ ਦੇਣ 'ਚ ਕੋਈ ਇਤਰਾਜ਼ ਨਹੀਂ ਹੈ ਪਰ ਇਹ ਜ਼ਰੂਰੀ ਹੈ ਕਿ ਉਹ ਇੱਕ ਕਨਵੇਅੰਸ ਡੀਡ ਜਾਂ ਤੋਹਫ਼ੇ ਦਾ ਇੱਕ ਇੰਸਟਰੂਮੈਂਟ ਬਣਾਉਣ, ਜੋ ਇਸ ਤੋਂ ਬਾਅਦ ਇਹ ਦਰਸਾਉਣ ਲਈ ਕਾਫ਼ੀ ਹੋਵੇਗਾ ਕਿ ਜੋ ਕੁਝ ਵੀ ਉਹ ਆਪਣੇ ਭਰਾ ਨੂੰ ਦੇ ਰਹੇ ਹਨ, ਸਰਕਾਰ ਬਾਬਾ ਰਾਮ ਸਿੰਘ ਜੀ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਪਾ ਰਹੀ ਹੈ। ਇਹ ਕਨਵੇਅੰਸ ਡੀਡ ਬਿਲਕੁਲ ਸਾਦੀ ਹੋ ਸਕਦੀ ਹੈ ਕਿ ਜੋ ਇਸ ਪਾਸੇ ਸੁਰੱਖਿਅਤ ਰੱਖਣ ਲਈ ਕਾਫ਼ੀ ਹੋਵੇ।

ਹਸਤਾਖਰ/-

## 305

ਵੱਲੋਂ

ਸਹਾਇਕ ਸਕੱਤਰ, ਚੀਫ਼ ਕਮਿਸ਼ਨਰ,
ਬ੍ਰਿਟਿਸ਼ ਬਰਮਾ

*ਮਿਤੀ 25 ਜੂਨ, 1873*
ਪ੍ਰਾਪਤੀ 16 ਜੁਲਾਈ
ਨੰ. 320/11ਪੀ
ਨੱਥੀ ਦੋ ਵਾਧੂ ਕਾਪੀਆਂ....

ਡੀ. ਨੰ. 38 ਪ੍ਰੀ. ਜੂਨ/74
ਐੱਲ.ਬੀ. 37 ਨੰ. 246

ਪੱਤਰ ਨੰ. 214 ਮਿਤੀ 7 ਮਾਰਚ, 1873 ਪ੍ਰਾਪਤ ਹੋਣ ਬਾਰੇ ਸੂਚਿਤ ਕੀਤਾ ਜਾਂਦਾ ਹੈ, ਜੋ (ਗੁਰੂ) ਰਾਮ ਸਿੰਘ ਜੀ ਦੀ ਜਾਇਦਾਦ ਉਨ੍ਹਾਂ ਦੇ ਭਰਾ ਦੇ ਨਾਂਅ ਟ੍ਰਾਂਸਫ਼ਰ ਕੀਤੇ ਜਾਣ ਬਾਰੇ ਹਨ ਅਤੇ ਰੰਗੂਨ ਦੇ ਸਰਕਾਰੀ ਵਕੀਲ ਦੇ ਪੱਤਰ ਦੀ ਕਾਪੀ ਅਤੇ ਉਸ ਦੇ ਨਾਲ ਕਨਵੇਅੰਸ ਡੀਡ ਭੇਜੀ ਜਾਂਦੀ ਹੈ ਅਤੇ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਜਾਇਦਾਦ ਦੇ ਸਪੱਸ਼ਟ ਵੇਰਵੇ ਨਾਲ ਇੱਕ ਯੋਜਨਾ ਤਿਆਰ ਕਰ ਕੇ ਇਸ ਡੀਡ ਦੇ ਨਾਲ ਨੱਥੀ ਕੀਤੀ ਜਾਣੀ ਚਾਹੀਦੀ ਹੈ ਤੇ ਉਹ (ਗੁਰੂ) ਰਾਮ ਸਿੰਘ ਜੀ ਦੇ ਹਸਤਾਖਰਾਂ ਤੇ ਰਜਿਸਟ੍ਰੇਸ਼ਨ ਲਈ ਰੰਗੂਨ ਵਾਪਸ ਭੇਜੀ ਜਾ ਸਕਦੀ ਹੈ।

## 306

ਗ੍ਰਹਿ ਵਿਭਾਗ,
ਗੁਪਤ

*ਮਿਤੀ ਸ਼ਿਮਲਾ, 24 ਜੁਲਾਈ, 1873*

ਵੱਲ

ਸਕੱਤਰ, ਪੰਜਾਬ ਸਰਕਾਰ।

ਸ੍ਰੀਮਾਨ ਜੀ,

ਬੀਤੀ 18 ਫ਼ਰਵਰੀ ਦੇ ਤੁਹਾਡੇ ਪੱਤਰ ਨੰ. 636 ਦੇ ਹਵਾਲੇ ਨਾਲ, ਮੈਨੂੰ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਦਾ ਪੱਤਰ ਭੇਜਣ ਅਤੇ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਜਿਵੇਂ ਇਸ ਪੱਤਰ ਵਿੱਚ ਸੁਝਾਇਆ ਗਿਆ ਹੈ, ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਬਾਬਾ ਰਾਮ ਸਿੰਘ ਜੀ ਦੀ ਜ਼ਮੀਨੀ ਜਾਇਦਾਦ ਦੇ ਸਾਰੇ ਵੇਰਵਿਆਂ ਦੀ ਇੱਕ ਯੋਜਨਾ ਤਿਆਰ ਕਰ ਕੇ ਭੇਜੀ ਜਾ ਸਕਦੀ ਹੈ ਅਤੇ ਉਹ ਇਸ ਦਫ਼ਤਰ ਵੀ ਭੇਜੀ ਜਾ ਸਕਦੀ ਹੈ।

ਹਸਤਾਖਰ/-

23/7

## 307

*ਮਿਤੀ ਰੰਗੂਨ, 16 ਮਈ, 1874*

ਵੱਲੋਂ

ਲਿਊਇਸ ਮੈਕਾਇਵਰ, ਐਸਕੁਆਇਰ,

ਕਾਰਜਕਾਰੀ ਸਹਾਇਕ ਸਕੱਤਰ, ਚੀਫ਼ ਕਮਿਸ਼ਨਰ

ਵੱਲ

ਸਕੱਤਰ, ਭਾਰਤ ਸਰਕਾਰ,

ਗ੍ਰਹਿ ਵਿਭਾਗ।

ਸ੍ਰੀਮਾਨ ਜੀ,

ਇਸ ਦਫ਼ਤਰ ਦੇ ਪੱਤਰ ਨੰ. 320-11 ਪੀ, ਮਿਤੀ 25 ਜੂਨ, 1873 ਦੇ ਹਵਾਲੇ ਨਾਲ, ਜੋ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਦੀ ਜਾਇਦਾਦ ਉਨ੍ਹਾਂ ਦੇ ਭਰਾ ਬਾਬਾ ਬੁੱਧ ਸਿੰਘ ਜੀ ਦੇ ਨਾਂਅ ਟ੍ਰਾਂਸਫ਼ਰ ਕਰਨ ਨਾਲ ਸੰਬੰਧਤ ਸੀ, ਬਾਰੇ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਸਥਾਨਕ ਖ਼ਜ਼ਾਨੇ ’ਚੋਂ 3 ਜੂਨ, 1873 ਨੂੰ ਕਨਵੇਅੰਸ ਡੀਡ ਉੱਤੇ ਅਸ਼ਟਾਮ (ਸਟੈਂਪ ਪੇਪਰ) ਲਾਉਣ ਲਈ 16/- ਰੁਪਏ ਦੀ ਰਾਸ਼ੀ ਕੱਢੀ ਗਈ ਸੀ ਅਤੇ ਇਹ ਰਾਸ਼ੀ ਹਾਲੇ ਵੀ ਇਸ ਸੂਬੇ ਦੇ ਡਿਪਟੀ ਅਕਾਊਂਟੈਂਟ ਜਨਰਲ ਦੀਆਂ ਕਿਤਾਬਾਂ ਵਿੱਚ ਬਕਾਇਆ ਖੜ੍ਹੀ ਹੈ।

ਚੀਫ਼ ਕਮਿਸ਼ਨਰ ਇਹ ਬੇਨਤੀ ਕਰਨਗੇ ਕਿ ਭਾਰਤ ਸਰਕਾਰ ਉਸ ਵਿਧੀ ਸਬੰਧੀ ਹੁਕਮ ਜਾਰੀ ਕਰੇ, ਜਿਸ ਦੇ ਆਧਾਰ ’ਤੇ ਇਹ ਰਾਸ਼ੀ ਐਡਜਸਟ ਕੀਤੀ ਜਾ ਸਕੇ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,

ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ ’ਤੇ

ਹਸਤਾਖਰ/-

ਕਾਰਜਕਾਰੀ ਸਹਾਇਕ ਸਕੱਤਰ

## 308

ਨੰ. 3700
ਵੱਲ

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

**ਵਿੱਤ ਵਿਭਾਗ**

ਸ੍ਰੀਮਾਨ ਜੀ,

ਮੈਨੂੰ ਤੁਹਾਡਾ ਪੱਤਰ ਨੰ. 211/14ਪੀ, ਮਿਤੀ 16 ਮਈ, 1874 ਮਿਲਣ ਦੀ ਜਾਣਕਾਰੀ ਦੇਣ ਦਾ ਮਾਣ ਹਾਸਲ ਹੋਇਆ ਹੈ, ਜਿਸ 'ਚ ਪੁੱਛਿਆ ਗਿਆ ਹੈ ਕਿ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਨੂੰ ਆਪਣੀ ਸੰਪਤੀ ਆਪਣੇ ਭਰਾ ਦੇ ਨਾਂਅ ਟ੍ਰਾਂਸਫ਼ਰ ਕਰਨ ਦੇ ਯੋਗ ਬਣਾਉਣ ਲਈ ਕਨਵੇਅੰਸ ਡੀਡ 'ਤੇ ਸਟੈਂਪ ਪੇਪਰ ਲਾਉਣ ਹਿਤ ਕਢਵਾਈ 16 ਰੁਪਏ ਦੀ ਪੇਸ਼ਗੀ ਰਾਸ਼ੀ ਕਿਵੇਂ ਐਡਜਸਟ ਕੀਤੀ ਜਾਵੇ।

2. ਜਵਾਬ 'ਚ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਅਸ਼ਟਾਮ ਦੀ ਕੀਮਤ ਬਾਬਾ ਰਾਮ ਸਿੰਘ ਜੀ ਜਾਂ ਉਨ੍ਹਾਂ ਦੇ ਭਰਾ ਵੱਲੋਂ ਅਦਾ ਹੋਣੀ ਚਾਹੀਦੀ ਹੈ ਅਤੇ ਇਹ ਰਾਸ਼ੀ ਟ੍ਰਾਂਸਫ਼ਰ ਕੀਤੀ ਜਾਣ ਵਾਲੀ ਨਕਦੀ ਵਿੱਚੋਂ ਲੈ ਲੈਣੀ ਚਾਹੀਦੀ ਹੈ। ਜੇ ਕਿਸੇ ਕਾਰਣ ਕਰਕੇ ਅਜਿਹਾ ਨਹੀਂ ਕੀਤਾ ਜਾ ਸਕਦਾ, ਤਾਂ ਇਹ ਖ਼ਰਚਾ ਸਰਕਾਰ ਨੂੰ ਦੇਣਾ ਚਾਹੀਦਾ ਹੈ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/–
ਸਹਾਇਕ ਸਕੱਤਰ, ਭਾਰਤ ਸਰਕਾਰ

ਫ਼ੋਰਟ ਵਿਲੀਅਮ

*17 ਜੂਨ, 1874*

ਇਸ ਦੀ ਕਾਪੀ ਸੂਚਨਾ ਹਿਤ ਗ੍ਰਹਿ ਵਿਭਾਗ ਅਤੇ ਡਿਪਟੀ ਅਕਾਊਂਟੈਂਟ ਜਨਰਲ, ਬ੍ਰਿਟਿਸ਼ ਬਰਮਾ ਨੂੰ ਭੇਜੀ ਜਾਂਦੀ ਹੈ।

ਬਾਹੁਕਮ
ਹਸਤਾਖਰ/–
ਸਹਾਇਕ ਸਕੱਤਰ, ਭਾਰਤ ਸਰਕਾਰ

## 309

ਰਜਿਸਟ੍ਰੇਸ਼ਨ ਨੰ. 6323

ਅਸ਼ਟਾਮ ਦੀ ਕੀਮਤ ਬਾਬਾ ਰਾਮ ਸਿੰਘ ਜੀ ਜਾਂ ਉਨ੍ਹਾਂ ਦੇ ਭਰਾ ਵੱਲੋਂ ਅਦਾ ਹੋਣੀ ਚਾਹੀਦੀ ਹੈ ਅਤੇ ਇਹ ਰਾਸ਼ੀ ਟ੍ਰਾਂਸਫ਼ਰ ਕੀਤੀ ਜਾਣ ਵਾਲੀ ਨਕਦੀ ਵਿੱਚੋਂ ਲੈ ਲੈਣੀ ਚਾਹੀਦੀ ਹੈ।

ਜੇ ਕਿਸੇ ਕਾਰਣ ਕਰਕੇ ਅਜਿਹਾ ਨਹੀਂ ਕੀਤਾ ਜਾ ਸਕਦਾ, ਤਾਂ ਇਹ ਖ਼ਰਚਾ ਸਰਕਾਰ ਨੂੰ ਦੇਣਾ ਚਾਹੀਦਾ ਹੈ।

ਹਸਤਾਖਰ/- ਡੀਪੀਓ 2/6
ਹਸਤਾਖਰ/- 3 ਜੂਨ
ਸੱਚੀ ਕਾਪੀ,
ਹਸਤਾਖਰ/-
ਰਜਿਸਟਰਾਰ ਨਿਆਂਇਕ ਵਿਭਾਗ
ਰੰਗੂਨ ਹਸਤਾਖਰ/- 16-6

## 310

ਉਨ੍ਹਾਂ ਖ਼ਰਚਿਆਂ ਦੀ ਐਡਜਸਟਮੈਂਟ, ਜੋ ਇਸ ਵੇਲੇ ਬ੍ਰਿਟਿਸ਼ ਬਰਮਾ ਦੀ ਹਿਰਾਸਤ 'ਚ ਰਹਿ ਰਹੇ ਕੂਕਾ ਮੁਖੀ ਬਾਬਾ ਰਾਮ ਸਿੰਘ ਜੀ ਨਾਲ ਸੰਬੰਧਤ ਹਨ।

*ਨੰ. 532-53 ਪੀ* *ਮਿਤੀ ਲੁਧਿਆਣਾ, 2 ਜਨਵਰੀ, 1873*

*ਵੱਲੋਂ*

ਜੇ.ਟੀ. ਵ੍ਹੀਲਰ, ਐਸਕ.,
ਸਕੱਤਰ, ਚੀਫ਼ ਕਮਿਸ਼ਨਰ - ਬ੍ਰਿਟਿਸ਼ ਬਰਮਾ।

*ਵੱਲ*

ਐੱਚਐੱਲ ਡੈਂਪੀਅਰ, ਐਸਕ.,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ।

ਬੀਤੇ ਮਹੀਨੇ ਦੀ 12 ਜੂਨ ਦੇ ਤੁਹਾਡੇ ਪੱਤਰ ਨੰ. 1045 ਦੇ ਪੈਰਾਗ੍ਰਾਫ਼ 2 ਦੇ ਹਵਾਲੇ ਨਾਲ, ਜੋ ਇਸ ਸੂਬੇ 'ਚ ਹਿਰਾਸਤ ਅਧੀਨ ਬਾਬਾ ਰਾਮ ਸਿੰਘ ਜੀ ਦੇ ਖ਼ਰਚਿਆਂ ਦੀ ਐਡਜਸਟਮੈਂਟ ਨਾਲ ਸੰਬੰਧਤ ਸੀ; ਮੈਨੂੰ ਚੀਫ਼ ਕਮਿਸ਼ਨਰ ਇਹ ਸਭ ਭਾਰਤ ਸਰਕਾਰ ਦੀ ਸੂਚਨਾ ਹਿਤ ਭੇਜਣ ਦੀ ਹਦਾਇਤ ਹੋਈ ਹੈ, ਨਾਲ ਨੱਥੀ ਬਿਆਨ ਇਹ ਦਰਸਾਉਂਦੇ ਹਨ (1) ਅਨੁਮਾਨਿਤ ਮਾਸਿਕ ਖ਼ਰਚੇ, (2) ਇਮਾਰਤ ਦੀ ਮੁਰੰਮਤ ਦੀ ਲਾਗਤ, ਜਿੱਥੇ ਰੱਖਿਆ ਗਿਆ ਹੈ ਅਤੇ (3)16 ਮਾਰਚ ਤੋਂ 31 ਅਕਤੂਬਰ, 1872 ਤੱਕ ਹੋਏ ਕੁੱਲ ਖ਼ਰਚੇ ਦਾ ਸੰਖੇਪ ਵੇਰਵਾ।

## 311

*ਨੰ. 750* *ਮਿਤੀ ਰੰਗੂਨ, 19 ਅਗਸਤ, 1872*

*ਵੱਲੋਂ*

ਡਬਲਿਊ.ਪੀ. ਕੈਲੀ, ਐਸਕ.,
ਇੰਸਪੈਕਟਰ ਜਨਰਲ, ਜੇਲ੍ਹਾਂ,
ਬ੍ਰਿਟਿਸ਼ ਬਰਮਾ।

*ਵੱਲ*

ਜੇ.ਟੀ. ਵ੍ਹੀਲਰ, ਐਸਕ.,

ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਪਿਛਲੇ ਮਹੀਨੇ ਦੀ 19 ਤਰੀਕ ਦੇ ਤੁਹਾਡੇ ਪੱਤਰ ਨੰ. 364-53 ਦੇ ਹਵਾਲੇ ਨਾਲ, ਮੈਨੂੰ ਇਹ ਦੱਸਣ ਦਾ ਮਾਣ ਹਾਸਲ ਹੋਇਆ ਹੈ ਕਿ ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੇਵਕ ਦੀ ਦੇਖਭਾਲ ਦੀ ਔਸਤ ਲਾਗਤ ਮੌਜੂਦਾ ਰੁਪਏ 98-12-0 ਪ੍ਰਤੀ ਮਹੀਨਾ ਰਹੀ ਹੈ, ਇਸ ਰਾਸ਼ੀ ਵਿੱਚ ਫ਼ਰਨੀਚਰ ਸ਼ਾਮਲ ਹੈ, ਜੇ ਇਹ ਰਕਮ ਕੱਢ ਦੇਈਏ, ਤਾਂ ਇਹ 76-0-3 ਪ੍ਰਤੀ ਮਹੀਨਾ ਰਹੀ ਹੈ।

2. ਤਿੰਨ ਹਿੰਦੂ ਕੈਦੀ ਤੇ ਇੱਕ ਸਫ਼ਾਈ-ਸੇਵਕ (ਜੋ ਇੱਕ ਕੈਦੀ ਵੀ ਹੈ) ਬਾਬਾ ਰਾਮ ਸਿੰਘ ਜੀ ਦੀ ਦੇਖਭਾਲ ਲਈ ਜੇਲ੍ਹ 'ਚੋਂ ਲਾਏ ਜਾਣਗੇ, ਜਦੋਂ ਉਨ੍ਹਾਂ ਨੂੰ ਉਸ ਇਮਾਰਤ 'ਚ ਲਿਜਾਂਦਾ ਜਾਏਗਾ, ਜਿਹੜੀ ਹੁਣ ਉਨ੍ਹਾਂ ਲਈ ਤਿਆਰ ਕੀਤੀ ਜਾ ਰਹੀ ਹੈ। ਇਨ੍ਹਾਂ ਕੈਦੀਆਂ ਦੀ ਮਿਹਨਤ ਦਾ ਮੁੱਲ ਪ੍ਰਤੀ ਕੈਦੀ 5 ਰੁਪਏ ਦੀ ਦਰ 'ਤੇ ਜੇਲ੍ਹ ਨੂੰ ਮਿਲਣਾ ਚਾਹੀਦਾ ਹੈ। ਇੱਕ ਹਫ਼ਤੇ 'ਚ ਇੱਕ ਵਾਰ ਛੇ ਕੈਦੀਆਂ ਨੂੰ ਦੇਖਭਾਲ ਲਈ ਲਾਇਆ ਜਾਵੇਗਾ ਅਤੇ ਇੰਝ ਇੱਕ ਦਿਨ ਦੇ ਚਾਰ ਆਨੇ ਦੀ ਦਰ ਨਾਲ ਉਨ੍ਹਾਂ ਲਈ 52 ਹਫ਼ਤਿਆਂ ਦੀ ਮਜ਼ਦੂਰੀ ਦੀ ਰਾਸ਼ੀ ਜੇਲ੍ਹ ਵਿਭਾਗ ਦੇ ਖਾਤੇ ਪਾਈ ਜਾਣੀ ਚਾਹੀਦੀ ਹੈ। ਇੰਝ ਇਹ ਕੁੱਲ ਮਾਸਿਕ ਲਾਗਤ 102-8-3 ਹੋਵੇਗੀ, ਜੋ ਤੱਕ ਅਦਾਇਗੀਯੋਗ ਹੋਵੇਗੀ, ਜਦੋਂ ਤੱਕ ਬਾਬਾ ਰਾਮ ਸਿੰਘ ਜੀ ਉਸ ਸੂਬੇ ਦੀ ਜੇਲ੍ਹ 'ਚ ਮੌਜੂਦ ਰਹਿਣਗੇ। ਇਸ ਲਈ ਮੇਰੀ ਬੇਨਤੀ ਹੈ ਕਿ ਤੁਸੀਂ ਇਹ ਦੱਸੋ ਕਿ ਸਾਲ 1873-74 ਲਈ ਕਿੰਨੀ ਰਾਸ਼ੀ ਅਦਾ ਕੀਤੀ ਜਾਵੇਗੀ ਅਤੇ ਬਾਅਦ ਦੇ ਸਾਲਾਂ ਲਈ ਕਿੰਨੀ ਰਾਸ਼ੀ ਤੈਅ ਹੋਵੇ ਗੀ ਅਤੇ ਇਹ ਵੀ ਦੱਸਿਆ ਜਾਵੇ ਕਿ ਸਾਲਾਂ 1871-72 ਤੇ 1872-73 ਦੇ ਖ਼ਰਚਿਆਂ ਲਈ ਕ੍ਰਮਵਾਰ ਕਿੰਨੀ ਰਾਸ਼ੀ ਮਿਲਣੀ ਚਾਹੀਦੀ ਹੈ।

## 312

*ਨੰ. 2269* *ਮਿਤੀ ਫ਼ੋਰਟ ਵਿਲੀਅਮ, 21 ਦਸੰਬਰ, 1872*

*ਵੱਲੋਂ*

ਐੱਚ. ਵੈਲਜ਼ਲੀ, ਐਸਕ.,

ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ।

*ਵੱਲ*

ਮਾਣਯੋਗ ਏ. ਈਡਨ,

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਮੈਨੂੰ ਤੁਹਾਡੇ ਸਕੱਤਰ ਦਾ ਪਿਛਲੇ ਮਹੀਨੇ ਦੀ 9 ਤਰੀਕ ਦਾ ਪੱਤਰ ਨੰ. 532-53-ਪੀ ਪ੍ਰਾਪਤ ਹੋਣ ਦੀ ਜਾਣਕਾਰੀ ਦੇਣ ਦੀ ਹਦਾਇਤ ਹੋਈ ਹੈ, ਜੋ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਦੀ ਬ੍ਰਿਟਿਸ਼ ਬਰਮਾ 'ਚ ਹਿਰਾਸਤ ਦੇ ਖ਼ਰਚਿਆਂ ਦੀ ਐਡਜਸਟਮੈਂਟ ਬਾਰੇ ਹੈ।

2. ਉਨ੍ਹਾਂ ਦੇ ਮਿਤੀ 12 ਅਗਸਤ ਦੇ ਪੱਤਰ ਦੇ ਪੈਰਾ 1 ਵਿੱਚ ਡਾ. ਕੈਲੀ ਬਿਆਨ ਕਰਦੇ ਹਨ ਕਿ ਬਾਬਾ (ਗੁਰੂ) ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੇਵਕਾਂ ਦੀ ਦੇਖਭਾਲ ਦੀ ਔਸਤ ਲਾਗਤ ਰੁਪਏ 98-12 ਮਾਸਿਕ ਰਹੀ ਹੈ। ਇਸ ਹਿਸਾਬ 'ਚ ਦੁਧਾਰੂ ਗਊ (93 ਰੁਪਏ ਤੇ ਫ਼ਰਨੀਚਰ 104-8 ਰੁਪਏ) ਦੀਆਂ ਲਾਗਤਾਂ ਵੀ ਸ਼ਾਮਲ ਹਨ ਤੇ ਜੇ ਅਜਿਹਾ ਹੈ, ਤਾਂ ਵਰਣਿਤ ਮਾਸਿਕ ਰਾਸ਼ੀ ਜ਼ਰੂਰ ਹੀ ਵੱਧ ਹੋਵੇਗੀ ਜੋ ਭਵਿੱਖ 'ਚ ਉਨ੍ਹਾਂ ਸਿਰਲੇਖਾਂ ਅਧੀਨ ਖ਼ਰਚੇ ਪੂਰੇ ਕਰਨ ਲਈ ਜ਼ਰੂਰੀ ਹੋਵੇਗੀ।

3. ਸਥਾਪਨਾ ਦੇ ਜਿਹੜੇ ਖ਼ਾਸ ਖ਼ਰਚੇ ਹੋਏ ਹਨ, ਇਸ ਲਈ ਪ੍ਰਸਤਾਵਿਤ ਕੀਤਾ ਜਾਂਦਾ ਹੈ ਕਿ 1871-72 ਅਤੇ 1872-73 'ਚ ਹੋਏ ਖ਼ਰਚਿਆਂ ਲਈ ਇੱਕ ਵਿਸ਼ੇਸ਼ ਗ੍ਰਾਂਟ ਦਿੱਤੀ ਜਾਵੇ ਅਤੇ ਸਾਲ 1873-74 ਅਤੇ ਉਸ ਤੋਂ ਬਾਅਦ ਦੇ ਸਾਲਾਂ ਲਈ ਬ੍ਰਿਟਿਸ਼ ਬਰਮਾ ਦੇ ਸੂਬਾਈ ਫ਼ੰਡਾਂ ਲਈ ਇੱਕ ਨਿਸ਼ਚਿਤ ਸਾਲਾਨਾ ਰਾਸ਼ੀ ਅਦਾ ਕੀਤੀ ਜਾਵੇ।

## 313

(ਸੀਲ)
ਗ੍ਰਹਿ ਵਿਭਾਗ
ਭਾਰਤ

9 ਦਸੰਬਰ

ਮੇਰੇ ਪਿਆਰੇ ਬਾਰਬਰ,

ਤੁਹਾਡਾ ਪ੍ਰਸਤਾਵ ਮਿਤੀ 14 ਮਈ, 1872, ਨੰ. 3458. ਕੀ ਤੁਸੀਂ ਚਾਹੁੰਦੇ ਹੋ ਕਿ ਬਾਬਾ ਰਾਮ ਸਿੰਘ ਜੀ ਦੀ ਹਿਰਾਸਤ ਦੀ ਲਾਗਤ ਉਸ ਵੇਲੇ ਬ੍ਰਿਟਿਸ਼ ਬਰਮਾ ਦੇ ਸੂਬਾਈ ਫ਼ੰਡਾਂ 'ਚ ਜੋੜੀ ਜਾਵੇ, ਜਦੋਂ ਬਜਟ ਅਨੁਮਾਨਾਂ ਦੇ ਪ੍ਰਸਤਾਵ ਰੱਖੇ ਜਾਂਦੇ ਹਨ ਕਿ ਜਾਂ ਤੁਸੀਂ ਚਾਹੁੰਦੇ ਹੋ ਕਿ ਅਸਲ ਲਾਗਤ ਹਰ ਸਾਲ ਦੇ ਅੰਤ ਵਿੱਚ ਐਡਜਸਟਮੈਂਟ ਦੁਆਰਾ ਜੋੜੀ ਜਾਵੇ।

ਤੁਹਾਡਾ ਹਿਤੂ,
ਹਸਤਾਖਰ/- ਐੱਚ. ਵੈਲਜ਼ਲੀ

## 314

ਮੇਰੇ ਪਿਆਰੇ ਵੈਲਜ਼ਲੀ,

ਰਾਸ਼ੀ ਜਦੋਂ ਪ੍ਰਵਾਨ ਹੋ ਜਾਵੇਗੀ, ਤਾਂ ਉਸ ਨੂੰ ਹਰ ਵਰ੍ਹੇ ਰਾਜ ਸੇਵਾ ਗ੍ਰਾਂਟ 'ਚ ਜੋੜਿਆ ਜਾਵੇਗਾ। ਹਰੇਕ ਸਾਲ ਦੇ ਅੰਤ 'ਚ ਕੋਈ ਐਡਜਸਟਮੈਂਟ ਨਹੀਂ ਹੋਵੇਗੀ।

ਤੁਹਾਡਾ ਹਿਤੂ,
ਹਸਤਾਖਰ/- ਡੀ. ਬਾਰਬਰ
10-12

## 315

ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ
ਬਾਬਾ ਰਾਮ ਸਿੰਘ ਜੀ ਉੱਤੇ ਹੋਏ ਖ਼ਰਚੇ
ਵੱਲੋਂ: ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ

*ਮਿਤੀ 9 ਨਵੰਬਰ, 1872*

ਸ੍ਰੀ ਬਾਰਬਰ ਵੱਲੋਂ ਮੈਨੂੰ ਮਿਤੀ 10 ਦਸੰਬਰ ਨੂੰ ਲਿਖਿਆ ਨੀਮ-ਅਧਿਕਾਰਤ ਪੱਤਰ, ਇਹ ਵੇਖਿਆ ਜਾਵੇਗਾ ਕਿ ਵਿੱਤ ਵਿਭਾਗ ਬਾਬਾ ਰਾਮ ਸਿੰਘ ਜੀ ਦੀ ਹਿਰਾਸਤ ਦੇ ਖਾਤੇ ਲਈ ਬ੍ਰਿਟਿਸ਼ ਬਰਮਾ ਸੂਬਾਈ ਫੰਡਾਂ ਨੂੰ ਸਥਾਈ ਅਲਾਟਮੈਂਟ ਕਰਨ ਬਾਰੇ ਵਿਚਾਰ ਕਰਦਾ ਹੈ।

ਇਸ ਮਾਨਤਾ 'ਤੇ, ਮੈਂ ਸਾਡੇ ਪੱਤਰ ਦੇ ਖਰੜੇ ਵਿੱਚ ਇੱਕ ਹੋਰ ਪੈਰਾ ਜੋੜਿਆ ਹੈ। ਪਰ ਮੈਨੂੰ ਲੱਗਦਾ ਹੈ ਕਿ ਇਹ ਬਿਹਤਰ ਯੋਜਨਾ ਹੋਵੇਗੀ ਜੇ ਅਸਲ ਖ਼ਰਚੇ ਹਰ ਸਾਲ ਦੇ ਅੰਤ ਵਿੱਚ ਸ਼ਾਹੀ ਫੰਡਾਂ 'ਚੋਂ ਐਡਜਸਟਮੈਂਟ ਦੁਆਰਾ ਅਦਾ ਹੋਵੇ।

ਐੱਚ.ਡਬਲਿਊ. 10-12-1872

ਇਹ ਜਾਣਕਾਰੀ ਵਿੱਤ ਵਿਭਾਗ ਲਈ ਕਾਫ਼ੀ ਹੈ ਜਿਹੜੀ ਚੀਫ਼ ਕਮਿਸ਼ਨਰ ਨੇ ਭੇਜੀ ਹੈ ਕਿ ਜਾਂ ਅਸੀਂ ਖ਼ਰਚੇ ਦਾ ਪ੍ਰਸਤਾਵਿਤ ਖਰੜਾ ਜਾਰੀ ਕਰਾਂਗੇ?

ਐੱਚ.ਐੱਲ.ਡੀ. 12-12-1872

ਮੈਨੂੰ ਲੱਗਦਾ ਹੈ ਕਿ ਇਸ ਖਰੜੇ ਲਈ ਵੇਰਵਿਆਂ ਦੀ ਲੋੜ ਨਹੀਂ।

ਆਰ.ਬੀ.ਸੀ. 13-12-1872

ਖਰੜਾ ਜਾਰੀ ਹੋਣ ਦੇਵੋ।

ਈ.ਸੀ.ਬੀ. 17-12-1872

## 316

*ਨੰ. 209* *ਮਿਤੀ ਰੰਗੂਨ, 14 ਫ਼ਰਵਰੀ, 1872*

*ਵੱਲੋਂ*

ਡਬਲਿਊ.ਪੀ. ਕੈਲੀ, ਐਸਕ., ਇੰਸਪੈਕਟਰ ਜਨਰਲ, ਜੇਲ੍ਹਾਂ,
ਬ੍ਰਿਟਿਸ਼ ਬਰਮਾ।

*ਵੱਲ*

ਜੇ.ਟੀ. ਵ੍ਹੀਲਰ, ਐਸਕ., ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਪਿਛਲੇ ਮਹੀਨੇ ਦੀ 6 ਤਰੀਕ ਦੇ ਤੁਹਾਡੇ ਡਾਕੇਟ ਨੰ. 14-10 (ਸਿਆਸੀ ਵਿਭਾਗ) ਦੇ ਹਵਾਲੇ ਨਾਲ ਮੈਨੂੰ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੇਵਕ ਜਾਂ ਸਾਥੀ ਨੰਨੂ ਸਿੰਘ ਦੀ ਦੇਖਭਾਲ ਲਈ ਮੌਜੂਦਾ ਕੈਲੰਡਰ ਵਰ੍ਹੇ 1873 ਦੇ 373/- ਰੁਪਏ ਦੇ ਖ਼ਰਚੇ ਦਾ ਅਨੁਮਾਨ ਭੇਜਣ ਦਾ ਮਾਣ ਹਾਸਲ ਹੋਇਆ ਹੈ, ਜੋ ਮੇਰੇ ਖ਼ਿਆਲ ਮੁਤਾਬਕ

ਕਾਫ਼ੀ ਹੋਣਾ ਚਾਹੀਦਾ ਹੈ। ਇਹ ਮਾਸਿਕ ਖ਼ਰਚੇ 31-1-4 ਦੇ ਹਿਸਾਬ ਨਾਲ ਹਨ।

2. ਭੇਜੇ ਗਏ ਅਨੁਮਾਨ ਤੋਂ ਇਹ ਵੇਖਿਆ ਜਾਵੇਗਾ ਕਿ ਬਾਬਾ ਰਾਮ ਸਿੰਘ ਜੀ ਲਈ ਪਿਛਲੇ ਵਰ੍ਹੇ ਮਾਸਕਿ ਖ਼ਰਚਾ 62-1-4 ਰੁਪਏ ਦੀ ਦਰ ਨਾਲ ਸੀ ਪਰ ਇਸ ਵਿੱਚ ਫ਼ਰਨੀਚਰ, ਘਰੇਲੂ ਵਰਤੋਂ ਵਾਲੀਆਂ ਜ਼ਰੂਰੀ ਵਸਤਾਂ, ਗਊ ਤੇ ਵੱਛੇ ਦੇ ਖ਼ਰਚੇ ਦੇ ਨਾਲ-ਨਾਲ ਰੰਗੂਨ 'ਚ ਕੁਝ ਬ੍ਰਾਹਮਣਾਂ ਨੂੰ ਘਰ 'ਚ ਦਿੱਤੇ ਭੋਜਨ ਲਈ ਖ਼ਰਚ ਹੋਏ 73/- ਰੁਪਏ ਵੀ ਸ਼ਾਮਲ ਸਨ।

ਮੈਂ ਬਾਬਾ ਰਾਮ ਸਿੰਘ ਜੀ ਦੇ ਖਾਣੇ ਦਾ ਪੈਮਾਨਾ ਪ੍ਰਵਾਨਗੀ ਲਈ ਜੋੜ ਰਿਹਾ ਹਾਂ। ਉਨ੍ਹਾਂ ਨੂੰ ਆਪਣੀ ਮਰਜ਼ੀ ਦਾ ਖਾਣਾ ਹਾਸਲ ਕਰਨ ਦੀ ਆਦਤ ਹੈ ਪਰ ਇਸ ਹਿਸਾਬ ਨਾਲ ਉਨ੍ਹਾਂ ਦੀਆਂ ਇੱਛਾਵਾਂ 'ਤੇ ਖ਼ਰਚਾ ਬਹੁਤ ਜ਼ਿਆਦਾ ਹੋ ਰਿਹਾ ਸੀ ਅਤੇ ਉਨ੍ਹਾਂ ਵਿੱਚ ਮਿਠਾਈਆਂ ਤੇ ਉਨ੍ਹਾਂ ਦੇ ਸਹਾਇਕ ਕੈਦੀ ਦੀਆਂ ਐਸ਼-ਪ੍ਰਸਤੀਆਂ ਵੀ ਸ਼ਾਮਲ ਸਨ। ਮੈਂ ਸ੍ਰੀ ਡੌਬਸਨ ਦਾ ਧਿਆਨ ਇਸ ਤੱਥ ਵੱਲ ਦਿਵਾਇਆ ਸੀ ਕਿ ਬਾਬਾ ਰਾਮ ਸਿੰਘ ਜੀ ਆਪਣੇ ਅਤੇ ਆਪਣੇ ਸਾਥੀ ਲਈ ਠੋਸ ਖਾਣਾ ਲੈ ਰਹੇ ਸਨ, ਜਿਸ ਉੱਤੇ ਰੋਜ਼ਾਨਾ 4 ਪਾਊਂਡ ਦੀ ਦਰ 'ਤੇ ਖ਼ਰਚਾ ਹੋ ਰਿਹਾ ਸੀ ਅਤੇ ਸ੍ਰੀ ਡੌਬਸਨ ਨੇ ਫਿਰ ਹਰੇਕ ਕੈਦੀ ਲਈ (ਗੁਰੂ) ਰਾਮ ਸਿੰਘ ਜੀ ਲਈ ਇੱਕ ਬੋਤਲ ਦੁੱਧ ਦੇ ਨਾਲ-ਨਾਲ ਠੋਸ ਭੋਜਨ ਰੋਜ਼ਾਨਾ ਹਿਤ 2 ਪਾਊਂਡ 5 ਆਊਂਸ ਦੀ ਇਜਾਜ਼ਤ ਦੇ ਦਿੱਤੀ ਸੀ।

4. ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰ ਜੋ ਕੁਝ ਵੀ ਚਾਹੁੰਦੇ ਸਨ, ਉਨ੍ਹਾਂ ਨੂੰ ਲੈਣ ਦੀ ਇਜਾਜ਼ਤ ਸੀ, ਮੈਂ ਇਸ ਪੈਮਾਨੇ 'ਤੇ ਚੀਫ਼ ਕਮਿਸ਼ਨਰ ਦੀ ਪ੍ਰਵਾਨਗੀ ਚਾਹੁੰਦਾ ਹਾਂ।

# 317

## ਗ੍ਰਹਿ ਵਿਭਾਗ ਦੀਆਂ ਕਾਰਵਾਈਆਂ, ਅਕਤੂਬਰ 1873

(ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰ ਜਾਂ ਸੇਵਕ ਲਈ 1 ਫ਼ਰਵਰੀ, 1873 ਤੋਂ ਖਾਣੇ ਦਾ ਪੈਮਾਨਾ

| | ਚੌਲ਼ | ਸਬਜ਼ੀਆਂ | ਤੇਲ | ਲੂਣ | ਦਾਲ਼ | ਆਟਾ | ਘਿਓ | ਖੰਡ ਕੈਂਡੀ | ਖੰਡ | ਮਿਰਚ | ਕੌਨਲੈਂਡਰ ਬੀਜ | ਇਲਾਇਚੀ | ਮਸਾਲਾ | ਬਾਦਾਮ | ਕੁੱਲ ਮਾਤਰਾ | ਟਿੱਪਣੀਆਂ |
|---|---|---|---|---|---|---|---|---|---|---|---|---|---|---|---|---|
| ਹਰ ਦਿਨ ਲਈ ਮਾਤਰਾ | 9 ਆਊਂਸ | 1/2 ਆਨਾ ਰੋਜ਼ਾਨਾ | 1/2 ਆਊਂਸ | 1/2 ਆਊਂਸ | 3 ਆਊਂਸ | 9 ਆਊਂਸ | 4 ਆਊਂਸ | 2 ਆਊਂਸ* | 2 ਆਊਂਸ* | ਚਾਰੀ ਡ੍ਰਾਮ | 4 ਡ੍ਰਾਮ | 1/2 ਡ੍ਰਾਮ | 8 ਡ੍ਰਾਮ | 1 ਆਊਂਸ 6 ਡ੍ਰਾਮ | 5 ਪਾਊਂਡ<br>2 ਪਾਊਂਡ | ਇੰਨੀ ਹੀ ਮਾਤਰਾ ਉਨ੍ਹਾਂ ਦੇ ਪੈਰੋਕਾਰ ਨੂੰ ਹਰੇਕ ਨੂੰ 3 ਪਾਊਂਡ ਬਾਲਣ ਵਾਲੀ ਲੱਕੜ ਅਤੇ ਚਾਰ ਆਊਂਸ ਲੈਂਪ ਦੇ ਤੇਲ ਰੋਜ਼ਾਨਾ ਦੇ ਭੱਤੇ ਨਾਲ ਜਾਰੀ ਕੀਤੀ ਜਾਵੇਗੀ। ਬਾਬਾ ਰਾਮ ਸਿੰਘ ਜੀ ਨੂੰ ਰੋਜ਼ਾਨਾ ਇੱਕ ਬੋਤਲ ਦੁੱਧ ਦੀ ਇਜਾਜ਼ਤ ਹੈ।<br><br>ਇਸ ਤੋਂ ਇਲਾਵਾ ਹੇਠ ਲਿਖੀਆਂ ਵਸਤਾਂ ਹਰ ਮਹੀਨੇ ਜਾਰੀ ਕੀਤੀਆਂ ਜਾਣਗੀਆਂ:<br>1/2 ਵਿੱਸ ਪਿਆਜ਼<br>1/2 ਵਿੱਸ ਮੇਥੀ ਬੀਜ<br>1 ਪਿੱਕਲ ਹਿੰਗ<br>1/2 ਪਾਊਂਡ ਜੀਵਾਹ ਬੀਜ<br>1/2 ਪਾਊਂਡ ਸੀਫ਼ |

*2 ਆਊਂਸ ਤੋਂ ਵਧਾ ਕੇ ਰੋਜ਼ਾਨਾ 1/2 ਪਾਊਂਡ ਕੀਤਾ।

ਰੰਗੂਨ
3 ਫ਼ਰਵਰੀ, 1873

ਐੱਲ.ਐੱਮ. ਡੌਬਸਨ,
ਸੁਪਰਇੰਟੈਂਡੈਂਟ, ਕੇਂਦਰੀ ਜੇਲ੍ਹ

ਨੰ. 1921, ਸ਼ਿਮਲਾ, ਮਿਤੀ 20 ਸਤੰਬਰ, 1873
ਗ੍ਰਹਿ ਵਿਭਾਗ ਵੱਲੋਂ ਪੁਸ਼ਟੀ ਕੀਤੀ ਗਈ।

ਵਿਚਾਰਨ ਅਤੇ ਆਰਡਰਜ਼ ਲਈ ਵਿੱਤ ਵਿਭਾਗ ਨੂੰ ਭੇਜਿਆ ਗਿਆ, ਪੱਤਰ ਮਿਤੀ 21 ਦਸੰਬਰ, 1872 ਦੀ ਕਾਪੀ ਨਾਲ ਭੇਜੀ ਗਈ (ਅਸਲ ਦਸਤਾਵੇਜ਼ ਵਾਪਸ ਕਰਨੇ ਹੋਣਗੇ)

## 318

ਉਹ ਸਟੇਟਮੈਂਟ, ਜਿਸ ਵਿੱਚ ਸਾਲ 1872 ਲਈ 15 ਮਾਰਚ ਤੋਂ ਲੈ ਕੇ 31 ਦਸੰਬਰ ਤੱਕ ਸਰਕਾਰੀ ਕੈਦੀ ਬਾਬਾ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰ ਨਾਨੂੰ ਸਿੰਘ ਉੱਤੇ ਰੰਗੂਨ ਸਥਿਤ ਕੇਂਦਰੀ ਜੇਲ੍ਹ ਦੇ ਸੁਪਰਇੰਟੈਂਡੈਂਟ ਵੱਲੋਂ ਕੀਤੇ ਖ਼ਰਚਿਆਂ ਦੇ ਆਧਾਰ 'ਤੇ ਸਾਲ 1873 ਦੇ ਸੰਭਾਵੀ ਖ਼ਰਚੇ ਦਰਸਾਏ ਗਏ ਹਨ।

| ਵਸਤਾਂ | *1872 'ਚ ਵਧਾਈ ਗਈ ਰਾਸ਼ੀ* | | | *1872 ਦੀ ਔਸਤ ਮਾਸਿਕ ਲਾਗਤ* | | | *ਸਾਲਾਨਾ ਜ਼ਰੂਰਤਾਂ ਦੀ ਸੰਭਾਵੀ ਲਾਗਤ, 1873* | | | *1873 ਦੀ ਔਸਤ ਮਾਸਿਕ ਲਾਗਤ* | | | *ਟਿੱਪਣੀਆਂ* |
|---|---|---|---|---|---|---|---|---|---|---|---|---|---|
| | **ਰੁਪਏ** | **ਆਨੇ** | **ਪੈਸੇ** | **ਰੁਪਏ** | **ਆਨੇ** | **ਪੈਸੇ** | **ਰੁਪਏ** | **ਆਨੇ** | **ਪੈਸੇ** | **ਰੁਪਏ** | **ਆਨੇ** | **ਪੈਸੇ** | |
| ਰਾਸ਼ਨ ਦਾ ਖਾਣਾ | 318 | 13 | 6 | 31 | 4 | 6 | 318 | 0 | 0 | 26 | 8 | 0 | |
| ਕੱਪੜੇ | 18 | 5 | 0 | 1 | 8 | 5 | 20 | 0 | 0 | 1 | 10 | 8 | |
| ਪੀਣ ਤੇ ਖਾਣ ਦੇ ਬਰਤਨ | 51 | 14 | 6 | 4 | 5 | 3 | 10 | 0 | 0 | 1 | 13 | 4 | |
| ਘਰੇਲੂ ਫ਼ਰਨੀਚਰ | 104 | 8 | 0 | 8 | 11 | 4 | 25 | 0 | 0 | 2 | 1 | 4 | |
| ਗਊਆਂ ਤੇ ਵੱਛਾ | 121 | 12 | 0 | 10 | 4 | 0 | | --- | | | --- | | |
| ਰੁਪਏ 20 ਤੇ ਭੋਜਨ | | | | | | | | | | | | | |
| ਬ੍ਰਾਹਮਣਾਂ ਨੂੰ ਭੋਜਨ ਛਕਾਉਣ ਦੀ ਰਸਮ ਜਾਂ ਮਨੋਰੰਜਨ | 71 | 11 | 0 | 6 | 2 | 3 | | --- | | | --- | | |
| | 760 | 0 | 6 | 62 | 4 | 0 | 373 | 0 | 0 | 31 | 1 | 4 | |

ਵੀ.ਪੀ. ਕੈਲੀ, ਨੰ. 91

ਇੰਸਪੈਕਟਰ ਜਨਰਲ, ਜੇਲ੍ਹਾਂ, ਬ੍ਰਿਟਿਸ਼ ਬਰਮਾ

## ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਦੀ ਬ੍ਰਿਟਿਸ਼ ਬਰਮਾ 'ਚ ਹਿਰਾਸਤ

## 319

*ਨੰ. 414-11-ਪੀ* *ਮਿਤੀ ਰੰਗੂਨ, 27 ਅਗਸਤ, 1873*

*ਵੱਲੋਂ*

ਸੀ.ਬੀ. ਕੁੱਕ, ਐਸਕ.,
ਸਹਾਇਕ ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

*ਵੱਲ*

ਏ.ਸੀ. ਲਾਇਲ, ਐਸਕ.,
ਸਕੱਤਰ, ਭਾਰਤ ਸਰਕਾਰ।

ਤੁਹਾਡੇ ਪੱਤਰ ਨੰ. 2269, ਮਿਤੀ 21 ਦਸੰਬਰ, 1872 ਦੇ ਹਵਾਲੇ ਨਾਲ, ਜੋ ਕੂਕਾ ਰਹਿਨੁਮਾ ਬਾਬਾ (ਗੁਰੂ) ਰਾਮ ਸਿੰਘ ਜੀ ਦੀ ਇਸ ਸੂਬੇ 'ਚ ਹਿਰਾਸਤ ਲਈ ਹੋਣ ਖ਼ਰਚਿਆਂ ਦੀ ਐਡਜਸਟਮੈਂਟ ਬਾਰੇ ਸੀ, ਮੈਨੂੰ ਭਾਰਤ ਸਰਕਾਰ ਦੀ ਜਾਣਕਾਰੀ ਹਿਤ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਦੇ ਪੱਤਰ ਨੰ. 209, ਮਿਤੀ 14 ਫ਼ਰਵਰੀ, 1873 ਦੀ ਕਾਪੀ ਤੇ ਉਸ ਨਾਲ ਨੱਥੀ ਦਸਤਾਵੇਜ਼ਾਂ ਦੀਆਂ ਕਾਪੀਆਂ ਸਮੇਤ ਭੇਜਣ ਦੀ ਹਦਾਇਤ ਹੋਈ ਹੈ।

2. ਇਹ ਗੱਲ ਨੋਟ ਕੀਤੀ ਜਾਵੇਗੀ ਕਿ 15 ਮਾਰਚ ਤੋਂ ਲੈ ਕੇ 31 ਦਸੰਬਰ, 1872 ਤੱਕ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰ ਨਾਨੂੰ ਸਿੰਘ ਉੱਤੇ ਹੋਇਆ ਕੁੱਲ ਖ਼ਰਚਾ 760-0-6 ਰੁਪਏ ਸੀ ਅਤੇ ਡਾ. ਕੈਲੀ ਦੀ ਰਿਪੋਰਟ 'ਚ ਲਿਖਿਆ ਹੈ ਕਿ ਕੇਂਦਰੀ ਜੇਲ੍ਹ ਦੇ ਸੁਪਰਇੰਟੈਂਡੈਂਟ ਨੇ ਅਨੁਮਾਨ ਲਾਇਆ ਹੈ ਕਿ ਚਾਲੂ ਵਰ੍ਹੇ 1873 ਲਈ ਉਨ੍ਹਾਂ ਦੀ ਦੇਖਭਾਲ ਉੱਤੇ 373 ਰੁਪਏ ਜਾਂ 31-1-4 ਰੁਪਏ ਪ੍ਰਤੀ ਮਹੀਨਾ ਖ਼ਰਚ ਹੋਣਗੇ। ਇਸ ਤੋਂ ਸਪੱਸ਼ਟ ਹੋਵੇਗਾ ਕਿ 853-4-6 ਰੁਪਏ ਜਾਰੀ ਹੋਣ ਨਾਲ 15 ਮਾਰਚ, 1872 ਤੋਂ ਲੈ ਕੇ 31 ਮਾਰਚ, 1873 ਤੱਕ ਦੇ ਸਾਰੇ ਖ਼ਰਚ ਕਵਰ ਹੋ ਜਾਣਗੇ।

| | ਰੁ. | ਆਨੇ | ਪੈਸੇ |
|---|---|---|---|
| *15 ਮਾਰਚ ਤੋਂ 31 ਦਸੰਬਰ, 1872 ਤੱਕ | | | |
| 1 ਜਨਵਰੀ ਤੋਂ 31 ਮਾਰਚ 1878 | 700 | 0 | 6 |
| ਤੱਕ (ਰੁਪਏ 31-1-13 ਪ੍ਰਤੀ ਮਹੀਨਾ) | 93 | 4 | 0 |
| ਕੁੱਲ ਜੋੜ | 853 | 4 | 6 |

3. ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ 373 ਰੁਪਏ ਦੀ ਰਾਸ਼ੀ, ਜੋ ਸਾਲ 1873-74 ਦੌਰਾਨ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰ ਦੀ ਦੇਖਭਾਲ ਲਈ ਲੋੜੀਂਦੀ ਹੋਵੇਗੀ, ਤੋਂ ਇਲਾਵਾ ਖ਼ਾਸ ਕਿਸਮ ਦੇ ਖ਼ਰਚਿਆਂ ਲਈ 500 ਰੁਪਏ ਦੀ ਵਿਸ਼ੇਸ਼ ਅਸਾਈਨਮੈਂਟ ਜ਼ਰੂਰੀ ਹੋਵੇਗੀ। ਬਾਬਾ ਰਾਮ ਸਿੰਘ ਜੀ ਦੀਆਂ ਜ਼ਰੂਰਤਾਂ ਲਈ ਮੁੱਖ ਗਾਰਡ ਦੇ ਬਿਲਕੁਲ ਨਾਲ ਇੱਕ ਖੂਹ ਪੁਟਾਇਆ ਗਿਆ ਹੈ ਕਿਉਂਕਿ ਹੁਣ ਪਾਣੀ ਲੈਣ ਲਈ ਉਨ੍ਹਾਂ ਨੂੰ ਬਾਹਰ ਭੇਜਣਾ ਪੈਂਦਾ ਹੈ। ਇਸ 'ਤੇ ਸ਼ਾਇਦ 400

ਰੁਪਏ ਖ਼ਰਚ ਹੋਣਗੇ ਪਰ ਇਹ ਵਾਰ-ਵਾਰ ਹੋਣ ਵਾਲਾ ਖ਼ਰਚਾ ਨਹੀਂ ਹੋਵੇਗਾ। ਇੱਕ ਹੋਰ ਦੁਧਾਰੂ ਗਊ ਬਾਬਾ ਰਾਮ ਸਿੰਘ ਜੀ ਲਈ 90 ਰੁਪਏ 'ਚ ਖ਼ਰੀਦੀ ਗਈ ਹੈ, ਇਸ ਲਈ 1873-74 'ਚ ਇਹ ਖ਼ਰਚੇ ਪੂਰੇ ਕਰਨ ਲਈ 873 ਰੁਪਏ ਚਾਹੀਦੇ ਹੋਣਗੇ। ਚੀਫ਼ ਕਮਿਸ਼ਨਰ ਇਹ ਸੁਝਾਉਣਗੇ ਕਿ ਭਵਿੱਖ ਦੇ ਸਾਲਾਂ ਲਈ ਇਹ ਅਸਾਈਨਮੈਂਟ 400 ਰੁਪਏ ਸਾਲਾਨਾ ਹੀ ਤੈਅ ਰਹੇਗੀ; ਪਰ ਇੱਥੇ ਮੈਂ ਇਹ ਨੁਕਤਾ ਰੱਖਣਾ ਹੈ ਕਿ ਇਹ ਰਾਸ਼ੀ ਕੇਵਲ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰ ਦੀ ਦੇਖਭਾਲ ਲਈ ਕਾਫ਼ੀ ਹੋਵੇਗੀ ਅਤੇ ਇਸ ਵਿੱਚ ਕਦੇ ਕਿਸੇ ਸਮੇਂ ਹੋਣ ਵਾਲੇ ਖ਼ਾਸ ਖ਼ਰਚੇ ਸ਼ਾਮਲ ਨਹੀਂ ਹੋਣਗੇ।

## 320

*ਨੰ. 414-11ਪੀ* *ਮਿਤੀ 27 ਅਗਸਤ, 1873*

*ਵੱਲੋਂ*

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਕ੍ਰਿਪਾ ਕਰ ਕੇ ਸਾਡਾ ਨੰ. 2269, ਮਿਤੀ 21 ਦਸੰਬਰ, 1872 ਵੇਖੋ

ਇਹ ਵੇਖਿਆ ਜਾਵੇਗਾ ਕਿ 1871-72 ਅਤੇ 1872-73 ਦੌਰਾਨ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰ 'ਤੇ ਹੋਣ ਵਾਲੇ ਖ਼ਰਚਿਆਂ ਲਈ 853-4-6 ਰੁਪਏ ਦੀ ਗ੍ਰਾਂਟ ਜ਼ਰੂਰ ਚਾਹੀਦੀ ਹੈ।

2. ਸਾਲ 1873-74 ਲਈ ਸਾਧਾਰਣ ਖ਼ਰਚੇ 373 ਰੁਪਏ ਹੋਣਗੇ ਪਰ ਕੁਝ ਖ਼ਾਸ ਖ਼ਰਚੇ ਕੀਤੇ ਗਏ ਹਨ; ਜਿਵੇਂ ਕਿ ਇੱਕ ਖੂਹ ਪੁਟਵਾਇਆ ਗਿਆ ਹੈ ਅਤੇ ਇਸ ਲਈ 500 ਰੁਪਏ ਦੀ ਖ਼ਾਸ ਵਾਧੂ ਗ੍ਰਾਂਟ ਚਾਹੀਦੀ ਹੈ। ਇੰਝ ਸਾਲ 1873-74 ਲਈ ਕੁੱਲ ਖ਼ਰਚਾ 873 ਰੁਪਏ ਹੋਵੇਗਾ।

3. ਅਗਲੇਰੇ ਵਰ੍ਹਿਆਂ ਲਈ ਅਲਾਟ ਕੀਤੀ ਜਾਣ ਵਾਲੀ ਪੱਕੀ ਅਸਾਈਨਮੈਂਟ ਖਾਣੇ ਦੇ ਅਸਲ ਖ਼ਰਚੇ 31-1-14 ਰੁਪਏ ਪ੍ਰਤੀ ਮਹੀਨਾ ਜਾਂ 373 ਰੁਪਏ ਸਾਲਾਨਾ ਹੋਣਗੇ ਅਤੇ ਸ੍ਰੀ ਈਡਨ ਸਾਲਾਨਾ 100 ਰੁਪਏ ਦੀ ਰਾਸ਼ੀ ਲਈ ਅਰਜ਼ੀ ਦਿੰਦੇ ਹਨ ਕਿ ਤਾਂ ਜੋ ਸਾਧਾਰਣ ਖ਼ਰਚੇ ਕਵਰ ਕੀਤੇ ਜਾ ਸਕਣ। ਲੋੜੀਂਦੇ ਹੁਕਮ ਜਾਰੀ ਕਰਨ ਲਈ ਵਿੱਤ ਵਿਭਾਗ ਨੂੰ ਰੈਫ਼ਰ ਕੀਤਾ ਜਾ ਸਕਦਾ ਹੈ।

ਟੀ.ਜੇ.ਸੀ.ਪੀ, 11-9-1873

ਏ.ਸੀ.ਆਈ, 17-9-1873

## 321

ਵਿੱਤ ਵਿਭਾਗ 'ਚ ਭਾਰਤ ਸਰਕਾਰ ਦੀਆਂ ਕਾਰਵਾਈਆਂ ਦੇ ਅੰਸ਼--

*ਨੰ. 3434* *ਮਿਤੀ ਸ਼ਿਮਲਾ, 30 ਸਤੰਬਰ, 1873*

ਪੜ੍ਹੋ-

ਗ੍ਰਹਿ ਵਿਭਾਗ ਤੋਂ ਇੱਕ ਪੁਸ਼ਟੀ,

| | | |
|---|---|---|
| 19 ਮਾਰਚ ਤੋਂ<br>31 ਦਸੰਬਰ, 1872 | ਰੁ. 760-0-6 | ਨੰ. 1621, ਮਿਤੀ 20 ਸਤੰਬਰ, 1873, ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਦੀ ਇੱਕ ਅਰਜ਼ੀ ਵਿਚਾਰ ਹਿਤ ਤੇ ਹੁਕਮਾਂ ਲਈ ਭੇਜੀ ਜਾ ਰਹੀ ਹੈ, ਹਾਸ਼ੀਏ 'ਤੇ ਦਰਜ ਰਕਮਾਂ ਦੀ ਪ੍ਰਵਾਨਗੀ ਲਈ, ਜੋ ਕੂਕਾ ਰਹਿਨੁਮਾ (ਗੁਰੂ) ਰਾਮ ਸਿੰਘ ਜੀ ਨੂੰ ਬ੍ਰਿਟਿਸ਼ ਬਰਮਾ 'ਚ ਹਿਰਾਸਤ 'ਚ ਰੱਖਣ ਦੇ ਖ਼ਰਚਿਆਂ ਦੀ ਪੂਰਤੀ ਲਈ ਹਨ। |
| 1 ਜਨਵਰੀ ਤੋਂ<br>31 ਮਾਰਚ, 1873 | ਰੁ. 93-4-0<br>------ | |
| ਕੁੱਲ ਜੋੜ<br>1872-73 ਦੇ ਅੰਤ ਤੱਕ | 853-4-6 | |
| | 1873-74 ਲਈ | |
| ਸਾਧਾਰਣ | ਰੁ. 373-0-0 | |
| ਅਸਾਧਾਰਣ | ਰੁ. 500-0-0<br>------- | |
| | 873-0-0 | |
| ਭਵਿੱਖ 'ਚ ਸਾਲਾਨਾ | ਰੁ. 400-0-0<br>------- | |

ਮਤਾ - ਪ੍ਰਵਾਨ ਕੀਤਾ ਗਿਆ

ਹੁਕਮ, - ਹੁਕਮ ਦਿੱਤਾ ਗਿਆ ਕਿ ਅੱਗੇ ਪੈਣ ਵਾਲਾ ਮਤਾ* ਗ੍ਰਹਿ ਵਿਭਾਗ ਦੇ ਨਾਲ-ਨਾਲ ਡਿਪਟੀ ਅਕਾਊਂਟੈਂਟ ਜਨਰਲ, ਬ੍ਰਿਟਿਸ਼ ਬਰਮਾ ਨੂੰ ਸੂਚਨਾ, ਅਗਲੇਰੇ ਹੁਕਮਾਂ ਅਤੇ ਮਾਰਗ-ਦਰਸ਼ਨ ਲਈ ਭੇਜਿਆ ਜਾਵੇਗਾ।

*ਅਸਲ ਦਸਤਾਵੇਜ਼ ਵਾਪਸ ਕਰਨੇ ਹੋਣਗੇ

(ਅਸਲ ਕਾਪੀ)
ਜੇ.ਡਬਲਿਊ. ਗਾਰਡਿਨਰ,
ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ,
ਵਿੱਤ ਵਿਭਾਗ

ਨੰ. 1702 ਮਿਤੀ ਸ਼ਿਮਲਾ, 14 ਅਕਤੂਬਰ, 1873

ਗ੍ਰਹਿ ਵਿਭਾਗ ਵੱਲੋਂ ਪੁਸ਼ਟੀ ਕੀਤੀ ਗਈ।

ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਕਾਪੀ ਉਨ੍ਹਾਂ ਦੇ ਬੀਤੀ 27 ਅਗਸਤ ਦੇ ਪੱਤਰ ਨੰ. 414-11ਪੀ ਦੇ ਹਵਾਲੇ ਨਾਲ ਭੇਜੀ ਜਾਂਦੀ ਹੈ।

ਸੰਖੇਪ ਵਿੱਚ 16 ਮਾਰਚ ਤੋਂ 31 ਅਕਤੂਬਰ, 1872 ਤੱਕ ਕੂਕਾ ਰਹਿਨੁਮਾ

ਬਾਬਾ (ਗੁਰੂ) ਰਾਮ ਸਿੰਘ ਅਤੇ ਉਨ੍ਹਾਂ ਦੇ ਸੇਵਕ ਜਾਂ ਸਾਥੀ ਲਈ ਖ਼ੁਰਾਕ, ਕੱਪੜੇ ਆਦਿ 'ਤੇ ਖ਼ਰਚ ਹੋਈ ਰਾਸ਼ੀ ਵਿਖਾਈ ਗਈ ਹੈ।

| | ਰੁਪਏ ਆਨੇ ਪੈਸੇ |
|---|---|
| ਖ਼ੁਰਾਕ | 398 - 14 - 7 |
| ਕੱਪੜੇ | 38 - 12 - 0 |
| ਫ਼ਰਨੀਚਰ | 104 - 8 - 0 |
| ਇੱਕ ਦੁਧਾਰੂ ਗਊ | 90 - 0 - 0 |
| ਰਸਮ 'ਤੇ ਖ਼ਰਚੇ | 73 - 11 - 6 |
| ਸਕੱਤਰ ਦੇ ਪੱਤਰ ਨੰ. 463-53, ਸਿਆਸੀ ਵਿਭਾਗ, ਮਿਤੀ 18 ਸਤੰਬਰ, 1872 ਅਨੁਸਾਰ ਲੋਕ ਨਿਰਮਾਣ ਵਿਭਾਗ ਵੱਲੋਂ ਕੀਤੀਆਂ ਮੁਰੰਮਤਾਂ ਲਈ | 1,232 -11 - 0 |
| ਸਤੰਬਰ ਤੇ ਅਕਤੂਬਰ 1872 ਮਹੀਨਿਆਂ ਲਈ 3 ਕੈਦੀ ਸੇਵਕਾਂ ਦੀ ਤਨਖ਼ਾਹ 5 ਰੁਪਏ ਮਾਸਿਕ ਦੀ ਦਰ ਨਾਲ | 30 - 0 - 0 |
| ਸਤੰਬਰ ਤੇ ਅਕਤੂਬਰ 1872 ਮਹੀਨਿਆਂ ਲਈ ਦੇਖਭਾਲ ਦੇ ਮੰਤਵਾਂ ਲਈ 6 ਕੈਦੀਆਂ ਦੀ ਤਨਖ਼ਾਹ | 13 - 0 - 0 |
| ਕੁੱਲ ਜੋੜ | 1,881 - 9 - 0 |

ਰੰਗੂਨ
5 ਨਵੰਬਰ, 1872

ਇੰਸਪੈਕਟਰ ਜਨਰਲ, ਜੇਲ੍ਹਾਂ,
ਬ੍ਰਿਟਿਸ਼ ਬਰਮਾ।

## 322

*ਵੱਲ*

ਇੰਸਪੈਕਟਰ ਜਨਰਲ, ਜੇਲ੍ਹਾਂ,
ਹੇਠਲੇ ਸੂਬੇ, ਅਲੀਪੁਰ, ਕਲਕੱਤਾ।

*ਨੰ. 1059* *ਮਿਤੀ 23 ਦਸੰਬਰ, 1872*

ਸ੍ਰੀਮਾਨ ਜੀ,

ਇਸੇ ਮਹੀਨੇ ਦੀ 5 ਤਰੀਕ ਦੇ ਤੁਹਾਡੇ ਪੁਸ਼ਟੀ ਨੰ. 10416 ਦੇ ਹਵਾਲੇ ਨਾਲ, ਮੈਨੂੰ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਤਿੰਨ ਕੂਕਾ ਸਰਕਾਰੀ ਕੈਦੀ ਇੱਥੇ ਇਸੇ ਮਹੀਨੇ ਦੀ 14 ਤਰੀਕ ਨੂੰ ਪੁੱਜੇ ਸਨ ਅਤੇ ਉਨ੍ਹਾਂ ਨੂੰ ਕੱਲ੍ਹ ਮੌਲਮੀਨ

ਲਿਜਾਣ ਲਈ ਪੁਲਿਸ ਕਮਿਸ਼ਨਰ ਵੱਲੋਂ ਜੇਲ੍ਹ ਤੋਂ ਬਾਹਰ ਲਿਜਾਂਦਾ ਗਿਆ ਸੀ।

ਮੈਂ ਹਾਂ

ਹਸਤਾਖਰ/– ਐੱਸ. ਲਿੰਚ,

ਸੁਪਰਇੰਟੈਂਡੈਂਟ, ਅਲੀਪੁਰ ਜੇਲ੍ਹ।

## 323

ਨੰ. 11222

ਇਸ ਦੀ ਕਾਪੀ ਬੰਗਾਲ ਸਰਕਾਰ ਦੇ ਨਿਆਂਇਕ ਵਿਭਾਗ ਨੂੰ ਸੂਚਨਾ ਹਿਤ ਆਦੇਸ਼ਾਂ ਨੰ. 5277, ਮਿਤੀ 28 ਨਵੰਬਰ, 1872 ਦੇ ਹਵਾਲੇ ਨਾਲ ਭੇਜੀ ਗਈ ਹੈ।

ਹਸਤਾਖਰ/– ... ਡਬਲਿਊ.ਐੱਲ. ਕੈਲੀ,

ਅਲੀਪੁਰ, ਇੰਸਪੈਕਟਰ ਜਨਰਲ, ਜੇਲ੍ਹਾਂ,

31 ਦਸੰਬਰ, 1872 ਹੇਠਲੇ ਸੂਬੇ

ਸਹੀ ਨਕਲ।

ਹਸਤਾਖਰ/–...

ਹੈੱਡ ਅਸਿਸਟੈਂਟ, ਨਿਆਂਇਕ ਵਿਭਾਗ

## 324

*ਵੱਲੋਂ*

ਅਧੀਨ ਸਕੱਤਰ, ਬੰਗਾਲ ਸਰਕਾਰ,
ਨਿਆਂਇਕ ਵਿਭਾਗ।

*ਵੱਲ*

ਕਾਰਜਕਾਰੀ ਸਕੱਤਰ, ਭਾਰਤ ਸਰਕਾਰ,
ਗ੍ਰਹਿ ਵਿਭਾਗ।

*ਨੰ. 137* *ਮਿਤੀ ਕਲਕੱਤਾ, 11 ਜਨਵਰੀ, 1873*

*ਜੇਲ੍ਹਾਂ।*

ਸ੍ਰੀਮਾਨ ਜੀ,

ਬੀਤੀ 31 ਅਕਤੂਬਰ ਨੂੰ ਤੁਹਾਡੇ ਵੱਲੋਂ ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਨੂੰ ਸੰਬੋਧਨ ਕੀਤੇ ਪੱਤਰ ਨੰ. 200 ਦੇ ਹਵਾਲੇ ਨਾਲ, ਜੋ ਕੁਝ ਖ਼ਾਸ ਕੂਕਾ ਕੈਦੀਆਂ ਦੇ ਨਿਬੇੜੇ ਨਾਲ ਸੰਬੰਧਤ ਸੀ, ਮੈਨੂੰ ਗਵਰਨਰ ਜਨਰਲ-ਇਨ-ਕੌਂਸਲ ਦੀ ਜਾਣਕਾਰੀ ਹਿਤ ਇੰਸਪੈਕਟਰ ਜਨਰਲ, ਜੇਲ੍ਹਾਂ ਦੀ ਇੱਕ ਚਿੱਠੀ* ਦੀ ਕਾਪੀ ਭੇਜਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਜ਼ੇਰੇ

*ਨੰ. 11722, ਮਿਤੀ 31 ਦਸੰਬਰ, 1872

ਸੁਣਵਾਈ ਕੂਕਾ ਕੈਦੀਆਂ ਨੂੰ ਮੌਲਮੀਨ ਭੇਜਣ ਲਈ ਪੁਲਿਸ ਕਮਿਸ਼ਨਰਜ਼ ਹਵਾਲੇ ਕੀਤਾ ਗਿਆ ਸੀ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/–
ਅਧੀਨ ਸਕੱਤਰ, ਬੰਗਾਲ ਸਰਕਾਰ।

## 325

*ਨੰ. 83* *17 ਜਨਵਰੀ, 1873*

ਵੱਲੋਂ

ਟੀ. ਵਾਂਚੋਪ ਐਸਕ., ਸੀ.ਬੀ.,
ਪੁਲਿਸ ਕਮਿਸ਼ਨਰ, ਕਲਕੱਤਾ।

ਵੱਲ

ਸਕੱਤਰ, ਬੰਗਾਲ ਸਰਕਾਰ,
ਨਿਆਂਇਕ ਵਿਭਾਗ, ਫ਼ੋਰਟ ਵਿਲੀਅਮ।

ਸ੍ਰੀਮਾਨ ਜੀ,

ਬੀਤੀ 28 ਨਵੰਬਰ ਦੇ ਤੁਹਾਡੇ ਡੌਕੇਟ ਨੰ. 5276 ਦੇ ਹਵਾਲੇ ਨਾਲ, ਮੈਨੂੰ ਬੰਗਾਲ ਦੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੀ ਸੂਚਨਾ ਹਿਤ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਤਿੰਨ ਕੂਕਾ ਸਰਕਾਰੀ ਕੈਦੀਆਂ ਲੱਖਾ ਸਿੰਘ, ਜਵਾਹਰ ਸਿੰਘ ਤੇ ਬ੍ਰਹਮਾ ਸਿੰਘ ਨੂੰ ਪਿਛਲੇ ਮਹੀਨੇ ਦੀ 30 ਤਰੀਕ ਨੂੰ ਸੁਰੱਖਿਅਤ ਢੰਗ ਨਾਲ ਮੌਲਮੀਨ ਸਥਿਤ ਜੇਲ੍ਹ ਦੇ ਇੰਚਾਰਜ ਅਧਿਕਾਰੀਆਂ ਹਵਾਲੇ ਕਰ ਦਿੱਤਾ ਗਿਆ ਸੀ।

ਮੈਂ ਹਾਂ,
ਹਸਤਾਖਰ/– ਟੀ. ਵਾਂਚੋਪ,
ਕਾਰਜਕਾਰੀ ਪੁਲਿਸ ਕਮਿਸ਼ਨਰ।

### ਨੰ. 276

ਇਸ ਦੀ ਕਾਪੀ ਇਸ ਦਫ਼ਤਰ ਦੇ ਪੱਤਰ ਨੰ. 137 ਮਿਤੀ 11 ਜਨਵਰੀ, 1873 ਦੀ ਨਿਰੰਤਰਤਾ 'ਚ ਭਾਰਤ ਸਰਕਾਰ, ਗ੍ਰਹਿ ਵਿਭਾਗ ਨੂੰ ਜਾਣਕਾਰੀ ਲਈ ਭੇਜੀ ਗਈ ਹੈ।

ਬਾਹੁਕਮ ਲੈਫ਼ਟੀਨੈਂਟ ਗਵਰਨਰ, ਬੰਗਾਲ

ਹਸਤਾਖਰ/–...
ਅਧੀਨ ਸਕੱਤਰ, ਬੰਗਾਲ ਸਰਕਾਰ।

ਕਲਕੱਤਾ,
ਨਿਆਂਇਕ ਜੇਲ੍ਹਾਂ,
22 ਜਨਵਰੀ, 1873.

## 326

*ਮਿਤੀ ਲੁਧਿਆਣਾ, 2 ਜਨਵਰੀ, 1873*

ਵੱਲੋਂ

ਕ੍ਰੱਅਫ਼ੋਰਡ ਬੀ. ਕੁੱਕੇ, ਐਸਕੁਆਇਰ,
ਸਹਾਇਕ ਸਕੱਤਰ, ਚੀਫ਼ ਕਮਿਸ਼ਨਰ।

ਵੱਲ

ਸਕੱਤਰ, ਭਾਰਤ ਸਰਕਾਰ,
ਗ੍ਰਹਿ ਵਿਭਾਗ।

*ਮਿਤੀ ਰੰਗੂਨ, 10 ਮਈ, 1873*

ਸ੍ਰੀਮਾਨ ਜੀ,

ਜਵਾਹਰ ਸਿੰਘ
ਲੱਖਾ ਸਿੰਘ
ਬ੍ਰਹਮਾ ਸਿੰਘ

ਤੁਹਾਡੇ ਪੱਤਰ ਨੰ. 2000 ਮਿਤੀ 31 ਅਕਤੂਬਰ, 1872 ਦੇ ਹਵਾਲੇ ਨਾਲ, ਮੈਨੂੰ ਭਾਰਤ ਸਰਕਾਰ ਦੀ ਸੂਚਨਾ ਹਿਤ ਇਹ ਰਿਪੋਰਟ ਕਰਨ ਦੀ ਹਦਾਇਤ ਕੀਤੀ ਗਈ ਹੈ ਕਿ ਤਿੰਨ ਕੂਕਾ ਕੈਦੀ, ਜਿਨ੍ਹਾਂ ਦੇ ਨਾਂਅ ਹਾਸ਼ੀਏ 'ਤੇ ਦਿੱਤੇ ਗਏ ਹਨ, 30 ਦਸੰਬਰ, 1872 ਨੂੰ ਮੌਲਮੀਨ ਪੁੱਜ ਗਏ ਸਨ ਤੇ ਉਨ੍ਹਾਂ ਨੂੰ ਮੌਲਮੀਨ ਦੀ ਜੇਲ੍ਹ ਦੇ ਤ੍ਰਾਈਯੂਕਤਾਨ ਵਾਰਡਾਂ 'ਚ ਰੱਖਿਆ ਗਿਆ ਹੈ, ਇਨ੍ਹਾਂ ਕੈਦੀਆਂ ਲਈ 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ ਮੌਜੂਦ ਸਨ।

2. ਉੱਤਰ-ਅਧੀਨ ਤੁਹਾਡੇ ਪੱਤਰ ਦੇ ਪੈਰਾ 2 ਦੇ ਹਵਾਲੇ ਨਾਲ ਮੈਨੂੰ ਇਨ੍ਹਾਂ ਤਿੰਨ ਵਿਅਕਤੀਆਂ ਦੀ ਦੇਖਭਾਲ ਤੇ ਰਾਖੀ ਦੀ ਅਨੁਮਾਨਤ ਲਾਗਤ ਭੇਜਣ ਦੀ ਹਦਾਇਤ ਹੋਈ ਹੈ, ਜੋ ਕੁੱਲ 90-8 ਰੁਪਏ ਪ੍ਰਤੀ ਮਹੀਨਾ ਬਣਦੀ ਹੈ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/-
ਸਹਾਇਕ ਸਕੱਤਰ

## 327

ਗੁਪਤ

ਰਜਿਸਟ੍ਰੇਸ਼ਨ ਨੰ. 2938

ਤਿੰਨ ਕੂਕਾ ਕੈਦੀਆਂ ਦੇ ਰਾਸ਼ਨ ਅਤੇ ਉਨ੍ਹਾਂ ਦੀ ਨਿਗਰਾਨੀ 'ਤੇ ਖ਼ਰਚ ਹੋਣ ਵਾਲੇ ਜ਼ਰੂਰੀ ਖ਼ਰਚਿਆਂ ਦਾ ਅਨੁਮਾਨ।

| **ਖ਼ਰਚ ਦੀ ਕਿਸਮ** | **ਮਾਸਿਕ ਲਾਗਤ** | | | **ਟਿੱਪਣੀਆਂ** |
|---|---|---|---|---|
| ਤਿੰਨ ਸਰਕਾਰੀ ਕੈਦੀਆਂ ਦੇ ਰਾਸ਼ਨ ਲਈ ਪ੍ਰਤੀ ਵਿਅਕਤੀ ਰੋਜ਼ਾਨਾ 8 ਆਨੇ | 46 | 8 | 0 | |
| ਚਾਰ ਵਿਅਕਤੀਆਂ ਦੀ ਵਾਧੂ ਰਾਖੀ ਲਈ 11 ਰੁਪਏ ਪ੍ਰਤੀ ਗਾਰਡ ਦੀ ਤਨਖ਼ਾਹ | 44 | 0 | 0 | |
| **ਕੁੱਲ ਰੁਪਏ** | **90** | **8** | **0** | |

(ਹਸਤਾਖਰ) ਡਬਲਿਊ. ਬ੍ਰਾਊਨ, ਕਰਨਲ,
ਕਮਿਸ਼ਨਰਜ਼ ਤੇਨਾਸੇਰਿਮ ਡਿਵੀਜ਼ਨ

ਹਸਤਾਖਰ/–...

## 328

*ਵੱਲੋਂ*

ਕ੍ਰੱਅਫ਼ੋਰਡ ਬੀ. ਕੁੱਕੇ, ਐਸਕੁਆਇਰ,
ਕਾਰਜਕਾਰੀ ਸਹਾਇਕ ਸਕੱਤਰ, ਚੀਫ਼ ਕਮਿਸ਼ਨਰ।

*ਵੱਲ*

ਸਕੱਤਰ, ਭਾਰਤ ਸਰਕਾਰ,
ਗ੍ਰਹਿ ਵਿਭਾਗ।

*ਮਿਤੀ ਰੰਗੂਨ, 18 ਫ਼ਰਵਰੀ, 1874*

ਤੁਹਾਡੇ ਪੁਸ਼ਟੀ ਨੰ. 20 ਮਿਤੀ 21 ਜੂਨ, 1873 ਦੇ ਹਵਾਲੇ ਨਾਲ ਭਾਰਤ ਸਰਕਾਰ ਦੇ ਵਿੱਤ ਵਿਭਾਗ 'ਚ ਪ੍ਰਸਤਾਵ ਨੰ. 949 ਮਿਤੀ ਉਸੇ ਮਹੀਨੇ ਦੀ 13 ਦੀ ਕਾਪੀ ਭੇਜੀ ਜਾ ਰਹੀ ਹੈ, ਜਿਸ ਰਾਹੀਂ ਮੌਲਮੀਨ 'ਚ ਕੂਕਾ ਕੈਦੀਆਂ ਦੇ ਰਾਸ਼ਨ ਅਤੇ ਉਨ੍ਹਾਂ ਦੀ ਨਿਗਰਾਨੀ ਲਈ ਪ੍ਰਤੀ ਮਹੀਨਾ 90/8 ਰੁਪਏ ਦਾ ਖ਼ਰਚ ਪ੍ਰਵਾਨ ਕੀਤਾ ਜਾਂਦਾ ਹੈ। ਚੀਫ਼ ਕਮਿਸ਼ਨਰ ਨੇ ਮੈਨੂੰ ਤਿਨਾਸੇਰਿਮ ਦੇ ਪਿਛਲੇ ਮਹੀਨੇ ਦੀ 21 ਤਰੀਕ ਦੇ ਪੱਤਰ ਨੰ. 10 ਦੀ ਕਾਪੀ ਉਸ ਦੇ ਨਾਲ ਨੱਥੀ ਦਸਤਾਵੇਜ਼ਾਂ ਸਮੇਤ ਭੇਜਣ ਦੀ ਹਦਾਇਤ ਕੀਤੀ ਹੈ, ਜਿਨ੍ਹਾਂ 'ਚ ਦੱਸਿਆ ਗਿਆ ਹੈ ਕਿ ਸਾਲਾਨਾ 1286/– ਰੁਪਏ ਦੀ ਪ੍ਰਵਾਨਿਤ ਰਾਸ਼ੀ 7 ਜਨਵਰੀ, 1873 ਤੋਂ 2 ਜਨਵਰੀ, 1874 ਤੱਕ 812/4 ਰੁਪਏ ਵਧ ਗਈ ਹੈ ਅਤੇ ਵਧੀ ਲਾਗਤ ਦਾ ਸੋਧਿਆ ਪੈਮਾਨਾ 46/8 ਰੁਪਏ ਸਾਲਾਨਾ ਦੇ ਹਿਸਾਬ ਨਾਲ ਭੇਜਿਆ ਜਾ ਰਿਹਾ ਹੈ।

ਸ੍ਰੀ ਈਡਨ ਸਿਫ਼ਾਰਸ਼ ਕਰਦੇ ਹਨ ਕਿ ਸਾਲ 1873 ਦੌਰਾਨ ਹੋਏ ਖ਼ਰਚੇ ਪਾਸ ਕੀਤੇ ਜਾ ਸਕਦੇ ਹਨ ਅਤੇ ਤਿਨਾਸੇਰਿਮ ਦੇ ਕਮਿਸ਼ਨਰ ਵੱਲੋਂ ਤੈਅ ਕੀਤਾ ਪੈਮਾਨਾ

ਵੀ 3 ਜਨਵਰੀ, 1874 ਤੋਂ ਪ੍ਰਵਾਨ ਕੀਤਾ ਜਾ ਸਕਦਾ ਹੈ। ਇਸ ਲਈ ਮੇਰੀ ਇਹ ਬੇਨਤੀ ਹੈ ਕਿ ਇਨ੍ਹਾਂ ਖ਼ਰਚਿਆਂ ਲਈ ਮਹਾਮਹਿਮ ਵਾਇਸਰਾਏ ਅਤੇ ਗਵਰਨਰ ਜਨਰਲ-ਇਨ-ਕੌਂਸਲ ਦੀ ਪ੍ਰਵਾਨਗੀ ਲੈ ਲਈ ਜਾਵੇ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/-
ਕਾਰਜਕਾਰੀ ਸਹਾਇਕ ਸਕੱਤਰ

## 329

ਵੱਲੋਂ

ਕਰਨਲ ਡੀ. ਬਰਾਊਨ,
ਕਮਿਸ਼ਨਰ, ਤਿਨਾਸੇਰਿਮ ਡਿਵੀਜ਼ਨ।

ਵੱਲ

ਲੈਫ਼ਟੀਨੈਂਟ ਕਰਨਲ ਐੱਚ.ਐੱਲ. ਡੰਕਨ,
ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ, ਰੰਗੂਨ।

*ਮਿਤੀ ਮੌਲਮੀਨ, 21 ਜਨਵਰੀ, 1874*

ਸ੍ਰੀਮਾਨ ਜੀ,

ਬੀਤੀ 26 ਸਤੰਬਰ ਦੇ ਮੇਰੇ ਪੱਤਰ ਨੰ. 37, ਸਿਆਸੀ ਵਿਭਾਗ ਦੀ ਨਿਰੰਤਰਤਾ 'ਚ, ਮੈਨੂੰ ਜੇਲ੍ਹ ਦੇ ਇੰਚਾਰਜ ਅਧਿਕਾਰੀ ਦੇ 19 ਤਰੀਕ ਦੇ ਪੱਤਰ ਨੰ. 23 ਦੀ ਕਾਪੀ ਭੇਜਣ ਦਾ ਮਾਣ ਹਾਸਲ ਹੋਇਆ ਹੈ, ਜਿਸ ਵਿੱਚ ਤੁਸੀਂ ਵੇਖੋਗੇ ਕਿ ਸਰਕਾਰ ਨੇ ਕਿਵੇਂ ਤਿੰਨ ਕੂਕਾ ਕੈਦੀਆਂ ਲਈ ਪ੍ਰਤੀ ਵਿਅਕਤੀ ਅੱਠ ਆਨੇ ਦਾ ਵਾਧਾ ਕਰ ਦਿੱਤਾ ਹੈ।

2. ਕੂਕਾ ਕੈਦੀਆਂ ਲਈ ਵਾਧੂ ਭੱਤਾ ਪ੍ਰਵਾਨ ਕਰਦਿਆਂ ਮੈਨੂੰ ਇਸ ਤੱਥ ਦੀ ਜਾਣਕਾਰੀ ਨਹੀਂ ਸੀ ਕਿ ਉਨ੍ਹਾਂ ਦੀ ਦੇਖਭਾਲ ਲਈ ਰਾਸ਼ੀ ਪਹਿਲਾਂ ਸਰਕਾਰ ਵੱਲੋਂ ਤੈਅ ਕੀਤੀ ਗਈ ਸੀ। ਇਹ ਬੀਤੀ 16 ਸਤੰਬਰ ਦੇ ਤੁਹਾਡਾ ਪੱਤਰ ਨੰ. 447/34 ਮਿਲਣ ਤੱਕ ਨਹੀਂ ਸੀ ਕਿ ਮੈਨੂੰ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਦੇ ਪੱਤਰ ਤੋਂ ਪਤਾ ਲੱਗਾ ਕਿ ਕੈਦੀਆਂ ਦੇ ਭੋਜਨ, ਕੱਪੜਿਆਂ ਤੇ ਉਨ੍ਹਾਂ ਦੀ ਨਿਗਰਾਨੀ ਲਈ 1086/- ਰੁਪਏ ਸਾਲਾਨਾ ਦਾ ਭੱਤਾ ਪ੍ਰਵਾਨਿਤ ਸੀ। ਮੈਂ ਹੋਰਨਾਂ ਕੈਦੀਆਂ ਨੂੰ ਮਿਲਣ ਵਾਲੇ ਭੋਜਨ, ਕੱਪੜਿਆਂ ਤੇ ਉਨ੍ਹਾਂ ਦੀ ਨਿਗਰਾਨੀ 'ਤੇ ਜੇਲ੍ਹ ਵਿਭਾਗ ਵੱਲੋਂ ਕੀਤੇ ਜਾ ਰਹੇ ਖ਼ਰਚਿਆਂ ਨੂੰ ਵੇਖਿਆ। ਮੈਨੂੰ ਜੇਲ੍ਹ ਦੇ ਇੰਚਾਰਜ ਡਾ. ਸਿੰਕਲੇਅਰ ਤੋਂ ਜਾਣਕਾਰੀ ਮਿਲੀ ਕਿ ਹਰੇਕ ਵਿਅਕਤੀ ਲਈ 1/4 ਰੁਪਏ ਦੀ ਰਾਸ਼ੀ ਰਾਸ਼ਨ ਤੇ ਕੱਪੜਿਆਂ ਲਈ ਚਾਹੀਦੀ ਸੀ। ਹੋਰ ਪੁੱਛਗਿੱਛ ਰਾਹੀਂ ਅਤੇ ਰੰਗੂਨ 'ਚ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਲਈ ਪ੍ਰਵਾਨਿਤ ਰਾਸ਼ਨਾਂ ਦੀ ਤੁਲਨਾ ਇੱਥੋਂ ਦੇ ਵਿਅਕਤੀਆਂ ਨੂੰ

ਹੋਣ ਵਾਲੀ ਸਪਲਾਈ ਨਾਲ ਕਰਨ 'ਤੇ ਮੈਂ ਪਾਇਆ ਕਿ ਪ੍ਰਤੀ ਵਿਅਕਤੀ 12 ਆਨੇ ਭੱਤਾ ਭੋਜਨ ਲਈ ਅਤੇ 48/- ਰੁਪਏ ਕੱਪੜਿਆਂ ਲਈ ਕਾਫ਼ੀ ਹਨ। ਇਸ ਤੋਂ ਇਲਾਵਾ 11/- ਰੁਪਏ ਪ੍ਰਤੀ ਮਹੀਨਾ ਦੀ ਦਰ 'ਤੇ ਦੋ ਚਪੜਾਸੀਆਂ ਲਈ 92/- ਰੁਪਏ ਪ੍ਰਤੀ ਮਹੀਨਾ ਦਾ ਖ਼ਰਚਾ ਹੋਵੇਗਾ। ਇੰਝ ਇਹ ਖ਼ਰਚੇ ਨਿਮਨਲਿਖਤ ਅਨੁਸਾਰ ਹੋਣਗੇ:

| | ਰੁਪਏ ਆਨੇ ਪੈਸੇ |
|---|---|
| 12 ਮਹੀਨਿਆਂ ਲਈ ਰੋਜ਼ਾਨਾ 12 ਆਨੇ ਦੇ ਹਿਸਾਬ ਨਾਲ ਤਿੰਨ ਕੂਕਾ ਕੈਦੀਆਂ ਵਾਸਤੇ ਰਾਸ਼ਨ | ... 828.8.0 |
| ਪ੍ਰਤੀ ਵਿਅਕਤੀ 16/- ਰੁਪਏ ਦੀ ਸਾਲਾਨਾ ਦਰ ਨਾਲ ਕੱਪੜੇ | ... 48.0.0 |
| ਪ੍ਰਤੀ ਮਹੀਨਾ 11 ਰੁਪਏ ਦੀ ਦਰ 'ਤੇ ਪ੍ਰਤੀ ਵਰ੍ਹੇ 2 ਚਪੜਾਸੀਆਂ ਦੀ ਨਿਗਰਾਨੀ | ... 264.0.0 |
| ਕੁੱਲ ਜੋੜ | 1132.8.0 |

ਪਹਿਲਾਂ ਤੋਂ ਪ੍ਰਵਾਨਿਤ ਖ਼ਰਚੇ 1,086/- ਰੁਪਏ ਹਨ, ਸਿਰਫ਼ 46/8 ਰੁਪਏ ਸਾਲਾਨਾ ਦੇ ਵਾਧੂ ਖ਼ਰਚੇ ਦੀ ਜ਼ਰੂਰਤ ਹੋਵੇਗੀ।

3. ਇਸ ਵੇਲੇ ਦੀ ਅਤੇ ਭਵਿੱਖ 'ਚ ਤਿੰਨ ਕੂਕਾ ਕੈਦੀਆਂ ਨੂੰ ਸਪਲਾਈ ਕੀਤੇ ਜਾਣ ਵਾਲੇ ਰਾਸ਼ਨ ਅਤੇ ਕੱਪੜਿਆਂ ਦੀ ਸੂਚੀ ਇਸ ਦੇ ਨਾਲ ਭੇਜੀ ਜਾ ਰਹੀ ਹੈ।

ਮੇਰੀ ਤੁਹਾਨੂੰ ਬੇਨਤੀ ਹੈ ਕਿ 7 ਜਨਵਰੀ, 1873 ਤੋਂ ਲੈ ਕੇ 2 ਜਨਵਰੀ, 1874 ਤੱਕ ਦੀ ਅਧਿਕਾਰਤ ਰਾਸ਼ੀ ਤੋਂ ਵੱਧ ਅਦਾ ਕੀਤੇ 812/4 ਰੁਪਏ ਦੀ ਪ੍ਰਵਾਨਗੀ ਅਥਾਰਟੀ ਤੋਂ ਲੈ ਲਈ ਜਾਵੇ ਅਤੇ ਪਹਿਲਾਂ ਤੋਂ ਪ੍ਰਵਾਨਿਤ 1886/- ਰੁਪਏ ਦੀ ਰਾਸ਼ੀ ਤੋਂ ਵੱਧ ਬਾਅਦ ਦੀ ਮਿਤੀ ਤੋਂ 46/8 ਰੁਪਏ ਸਾਲਾਨਾ ਦੇ ਭੁਗਤਾਨ ਦੀ ਇਜਾਜ਼ਤ ਵੀ ਲੈ ਲਈ ਜਾਵੇ।

ਮੈਂ ਹਾਂ,
ਹਸਤਾਖਰ/-,
ਡਾ. ਬ੍ਰਾਊਨਲ ਕਰਨਲ,
ਕਮਿਸ਼ਨਰ, ਤਿਨਾਸੇਰਿਮ ਡਿਵੀਜ਼ਨ, ਬ੍ਰਿਟਿਸ਼ ਬਰਮਾ

## 330

ਵੱਲ

ਕਮਿਸ਼ਨਰ, ਤਿਨਾਸੇਰਿਮ ਡਿਵੀਜ਼ਨ,
ਮੌਲਮੀਨ।

*ਮਿਤੀ ਮੌਲਮੀਨ, 19 ਜਨਵਰੀ, 1873-74*

ਸ੍ਰੀਮਾਨ ਜੀ,

ਇਸੇ ਮਹੀਨੇ ਦੀ 15 ਤਰੀਕ ਸਿਆਸੀ ਵਿਭਾਗ ਦੇ ਤੁਹਾਡੇ ਪੱਤਰ ਨੰ. 401 ਦੇ ਜੁਆਬ 'ਚ, ਮੈਨੂੰ ਤੁਹਾਡੇ ਵੱਲੋਂ ਨੋਟ ਕੀਤੇ ਨੁਕਤਿਆਂ ਬਾਰੇ ਨਿਮਨਲਿਖਤ ਜਾਣਕਾਰੀ ਜਮ੍ਹਾ ਕਰਵਾਉਣ ਦਾ ਮਾਣ ਹਾਸਲ ਹੋਇਆ ਹੈ ਅਤੇ ਅਫ਼ਸੋਸ ਹੈ ਕਿ ਪਹਿਲਾਂ ਤੁਹਾਨੂੰ ਮੁਕੰਮਲ ਜਾਣਕਾਰੀ ਨਹੀਂ ਭੇਜੀ ਜਾ ਸਕੀ:

1. ਉਸ ਪੱਤਰ ਦੀ ਕਾਪੀ, ਜਿਸ ਰਾਹੀਂ ਪ੍ਰਤੀ ਦਿਨ 8 ਆਨੇ ਦੀ ਅਸਲ ਲਾਗਤ ਪ੍ਰਵਾਨ ਕੀਤੀ ਗਈ ਹੈ, ਨਾਲ ਨੱਥੀ ਕੀਤੀ ਜਾਂਦੀ ਹੈ।

2. ਡਾਕਟਰ ਸਿੰਕਲੇਅਰ ਦੇ ਚਾਰਜ ਸੰਭਾਲਣ ਦੇ ਛੇਤੀ ਮਗਰੋਂ ਤੁਸੀਂ ਨੀਮ ਅਧਿਕਾਰਤ ਤੌਰ 'ਤੇ ਉਨ੍ਹਾਂ ਨੂੰ ਆਪਣੇ ਵਿਚਾਰ ਇਨ੍ਹਾਂ ਕੈਦੀਆਂ ਨੂੰ ਪ੍ਰਵਾਨਿਤ ਭੋਜਨ ਦੀ ਨਾਕਾਫ਼ੀ ਮਾਤਰਾ ਬਾਰੇ ਦੱਸੇ ਅਤੇ ਭੋਜਨ ਦਾ ਪੈਮਾਨਾ ਦਿੱਤਾ, ਜੋ ਪ੍ਰਤੀ ਦਿਨ 3/12 ਰੁਪਏ ਜਾਂ 1/4 ਰੁਪਏ ਪ੍ਰਤੀ ਕੈਦੀ ਬਣਦਾ ਹੈ; ਤੁਸੀਂ ਡਾ. ਸਿੰਕਲੇਅਰ ਨੂੰ ਉਨ੍ਹਾਂ ਦੇ ਭੋਜਨ ਬਾਰੇ ਵੀ ਪੁੱਛਿਆ ਅਤੇ ਇਹ ਸਿਫ਼ਾਰਸ਼ ਕਰਨ ਲਈ ਕਿਹਾ ਕਿ ਉਹ ਆਪਣੇ ਵਿਚਾਰ ਮੁਤਾਬਕ ਪਹਿਲਾਂ ਤੋਂ ਪ੍ਰਵਾਨਿਤ 8 ਆਨੇ ਪ੍ਰਤੀ ਦਿਨ ਤੋਂ ਵੱਧ ਹੋਰ ਕਿੰਨਾ ਭੱਤਾ ਸਹੀ ਰਹੇਗਾ ਅਤੇ ਇਸ ਦੇ ਨਾਲ ਹੀ ਇਸੇ ਵਿਸ਼ੇ ਉੱਤੇ ਡਾ. ਸਿੰਕਲੇਅਰ ਵੱਲੋਂ ਤੁਹਾਨੂੰ ਭੇਜਿਆ ਪੱਤਰ ਅਤੇ ਤੁਹਾਡੇ ਵੱਲੋਂ ਸੁਝਾਏ ਭੋਜਨ ਦਾ ਉਹੀ ਪੈਮਾਨਾ ਤੁਹਾਡੇ ਹੁਕਮਾਂ ਲਈ ਜਮ੍ਹਾ ਕੀਤਾ ਗਿਆ ਪਰ ਮੈਨੂੰ ਇਸ ਚਿੱਠੀ ਤੋਂ ਬਾਅਦ ਹੋਰ ਕੋਈ ਚਿੱਠੀ-ਪੱਤਰ ਨਹੀਂ ਮਿਲਿਆ; ਹਾਂ ਬੀਤੇ ਸਤੰਬਰ 'ਚ ਡਾ. ਸਿੰਕਲੇਅਰ ਵੱਲੋਂ ਤੁਹਾਨੂੰ ਲਿਖੀ ਚਿੱਠੀ ਤੋਂ ਪਤਾ ਲੱਗਾ ਕਿ ਸਰਕਾਰ ਨੇ ਵਧੇ ਹੋਏ ਖ਼ਰਚੇ ਦਾ ਨੋਟਿਸ ਲਿਆ। ਮੈਂ ਇਸ ਸਿੱਟੇ 'ਤੇ ਪੁੱਜਦਾ ਹਾਂ ਕਿ ਉਨ੍ਹਾਂ ਨੇ ਤੁਹਾਡੇ ਤੋਂ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਨੂੰ ਖ਼ਰਚੇ ਦੇ ਵਾਧੇ ਦੀ ਰਿਪੋਰਟ ਕਰਨ ਦੇ ਹੁਕਮ ਹਾਸਲ ਕੀਤੇ ਸਨ ਪਰ ਉਨ੍ਹਾਂ ਇਹ ਗੱਲ ਤੁਹਾਡੇ ਪਤੇ 'ਤੇ ਆਪਣੇ ਪੱਤਰ ਨੰ. 275 ਮਿਤੀ 26 ਸਤੰਬਰ, 1873 ਰਾਹੀਂ ਬਿਆਨ ਕੀਤੀ ਕਿ ਉਹ ਇਸ ਬਾਰੇ ਇਹ ਸੋਚ ਕੇ ਭੁੱਲ ਗਏ ਸਨ ਕਿ ਉਹ ਇਹ ਪਹਿਲਾਂ ਕਰ ਚੁੱਕੇ ਸਨ, ਉਸ ਤੋਂ ਬਾਅਦ ਮੇਰੇ ਚਾਰਜ ਸੰਭਾਲਣ ਤੋਂ ਇੱਕ ਦਿਨ ਪਹਿਲਾਂ ਡਾ. ਸਿੰਕਲੇਅਰ ਨੇ ਇੱਕ ਤਾਜ਼ਾ ਪੈਮਾਨਾ (ਪਿਛਲੇ ਮਹੀਨੇ ਦੀ 8 ਤਰੀਕ ਦੇ ਪੱਤਰ ਨੰ. 348 ਰਾਹੀਂ) ਜਮ੍ਹਾ ਕਰਵਾਇਆ ਸੀ। ਤਦ ਇਹ ਗੱਲ ਸਾਹਮਣੇ ਆਈ ਸੀ ਕਿ ਵਧੇ ਹੋਏ ਖ਼ਰਚੇ ਲਈ ਕੋਈ ਅਥਾਰਟੀ ਨਹੀਂ ਸੀ, ਜੋ ਕਿਸੇ ਕਟੌਤੀ ਤੋਂ ਪਹਿਲਾਂ ਇਨ੍ਹਾਂ ਮਹੀਨਿਆਂ ਲਈ ਪਾਸ ਕੀਤੀ ਗਈ ਸੀ, ਪਹਿਲੀ ਕਟੌਤੀ ਅਕਤੂਬਰ 'ਚ ਕੀਤੀ ਗਈ ਸੀ।

3. ਅਧਿਕਾਰਤ ਰਾਸ਼ੀਆਂ ਵਿੱਚ ਵਾਧੂ ਰਕਮਾਂ ਮਾਸਿਕ ਸਟੇਟਮੈਂਟ ਵਿੱਚ ਜੋੜੀਆਂ ਗਈਆਂ ਹਨ।

4. 3 ਜਨਵਰੀ ਤੋਂ 12 ਆਨੇ ਦੀ ਦਰ ਦੀ ਸ਼ੁਰੂਆਤ ਹੋਈ ਸੀ ਤੇ ਪੁੱਛਗਿੱਛ ਤੋਂ ਬਾਅਦ ਮੈਂ ਕੱਪੜਿਆਂ ਤੇ ਨਿਗਰਾਨੀ ਲਈ ਭੱਤੇ, ਜੋ ਵੱਖਰੇ ਹਨ, ਤੋਂ ਇਲਾਵਾ ਸਾਰੇ ਖ਼ਰਚੇ ਕਵਰ ਕੀਤੇ ਹਨ। ਇਹ ਇੱਕ ਦਿਨ ਲਈ ਪ੍ਰਤੀ ਵਿਅਕਤੀ 12 ਆਨੇ ਹਨ ਤੇ ਇਹ ਭੋਜਨ ਲਈ ਚੰਗਾ ਭੱਤਾ ਹੈ। ਬੇਸ਼ੱਕ ਉਹ ਇਸ ਵਿਰੁੱਧ ਹੰਗਾਮਾ ਖੜ੍ਹਾ ਕਰਦੇ ਹਨ ਪਰ ਉਨ੍ਹਾਂ ਨੂੰ ਕੁੱਲ ਭੋਜਨ ਮਿਲਣ ਤੋਂ ਬਾਅਦ ਇਸ ਦੀ ਸੰਭਾਵਨਾ ਹੈ।

ਪ੍ਰਵਾਨਿਤ ਭੱਤੇ 1086/- ਰੁਪਏ ਦੇ ਮੁਕਾਬਲੇ ਮੌਜੂਦਾ ਪੈਮਾਨਾ 1155-4-0 ਰੁਪਏ ਹੈ ਤੇ 80/4 ਰੁਪਏ ਦਾ ਫ਼ਰਕ ਹੈ ਪਰ ਨਵੇਂ ਪੈਮਾਨੇ 'ਚ ਦੋ ਚਪੜਾਸੀਆਂ ਦੀ ਕਮੀ ਹੈ।

ਮੈਂ ਹਾਂ,
(ਹਸਤਾਖਰ) ਕੇ.ਜੀ. ਬਰਨੇ,
ਸਹਾਇਕ ਕਮਿਸ਼ਨਰ ਇੰਚਾਰਜ, ਐੱਮਜੀ ਜੇਲ੍ਹ।

## 331

ਭਾਰਤ ਸਰਕਾਰ,
ਵਿੱਤ ਵਿਭਾਗ।

*ਸ਼ਿਮਲਾ, 13 ਜੂਨ, 1873*

ਗ੍ਰਹਿ ਵਿਭਾਗ ਦਾ ਇੱਕ ਦਫ਼ਤਰੀ ਮੀਮੋ ਨੰ. 17 ਮਿਤੀ 29 ਮਈ, 1873 ਪੜ੍ਹੋ, ਜਿਸ ਵਿੱਚ ਮੌਲਮੀਨ ਵਿਖੇ ਤਿੰਨ ਕੂਕਾ ਕੈਦੀਆਂ ਦੇ ਰਾਸ਼ਨ ਤੇ ਉਨ੍ਹਾਂ ਦੀ ਨਿਗਰਾਨੀ ਲਈ ਪ੍ਰਤੀ ਮਹੀਨਾ 90-8-0 ਰੁਪਏ ਦੀ ਲਾਗਤ ਦੀ ਸਿਫ਼ਾਰਸ਼ ਕੀਤੀ ਗਈ ਹੈ ਅਤੇ ਇਸ ਨੂੰ ਬ੍ਰਿਟਿਸ਼ ਬਰਮਾ ਦੇ ਸ਼ਾਹੀ ਅਨੁਮਾਨ ਵਿੱਚ ਇੱਕ ਸਿਆਸੀ ਖ਼ਰਚੇ ਵਜੋਂ ਸਮਝਿਆ ਜਾ ਸਕਦਾ ਹੈ।

ਪ੍ਰਸਤਾਵ ਪ੍ਰਵਾਨ ਕੀਤਾ ਗਿਆ।

ਹੁਕਮ ਜਾਰੀ ਕੀਤਾ ਜਾਂਦਾ ਕਿ ਉਪਰੋਕਤ ਦੀ ਇੱਕ ਕਾਪੀ ਸੂਚਨਾ ਤੇ ਅਗਲੇ ਹੁਕਮਾਂ ਲਈ ਗ੍ਰਹਿ ਵਿਭਾਗ ਨੂੰ ਭੇਜੀ ਜਾਵੇ ਅਤੇ ਇਸ ਪ੍ਰਸਤਾਵ ਅਤੇ ਖ਼ਰਚਿਆਂ ਦੇ ਅਨੁਮਾਨ ਦੀ ਇੱਕ ਕਾਪੀ ਸੂਚਨਾ ਤੇ ਮਾਰਗ-ਦਰਸ਼ਨ ਹਿਤ ਡਿਪਟੀ ਅਕਾਊਂਟੈਂਟ ਜਨਰਲ, ਬ੍ਰਿਟਿਸ਼ ਬਰਮਾ ਨੂੰ ਭੇਜੀ ਜਾਵੇ।

(ਹਸਤਾਖਰ) ਡੀ. ਬਾਰਬਰ,
ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ।

## 332

ਕੂਕਾ ਕੈਦੀਆਂ ਜਵਾਹਰ ਸਿੰਘ, ਲੱਖਾ ਸਿੰਘ ਅਤੇ ਬ੍ਰਹਮਾ ਸਿੰਘ ਨੂੰ ਸਪਲਾਈ ਕੀਤੀਆਂ ਜਾਣ ਵਾਲੀਆਂ ਵਸਤਾਂ ਦੀ ਔਸਤ ਮਾਸਿਕ ਲਾਗਤ ਤੇ ਮਾਤਰਾ ਨੂੰ ਦਰਸਾਉਂਦੀ ਸਟੇਟਮੈਂਟ -

| ਵਸਤਾਂ | ਮਾਤਰਾ ਪਾਊਂਡ | ਦਰ | ਔਸਤ ਮਾਸਿਕ ਲਾਗਤ | ਟਿੱਪਣੀਆਂ |
| --- | --- | --- | --- | --- |
| ਚੌਲ | 126.0.0 | @9 ਪਾਈਜ਼ ਪ੍ਰਤੀ ਪਾਊਂਡ | 5.14.6 | ਕੱਪੜੇ ਤੇ ਬਿਸਤਰੇ ਉਦੋਂ ਹੀ ਸਪਲਾਈ |

| | *ਮਾਤਰਾ* | *ਦਰ* | *ਔਸਤ ਮਾਸਿਕ ਲਾਗਤ* |
|---|---|---|---|
| ਸਬਜ਼ੀਆਂ | 372.0.0 | @2 ਪਾਈਜ਼3.14.5 ਪ੍ਰਤੀ ਪਾਊਂਡ | ਕੀਤੇ ਗਏ, ਜਦੋਂ ਵੀ ਲੋੜ ਪਈ। |
| ਤੇਲ | 3.0.0 | @3/6 ਪ੍ਰਤੀ ਪਾਊਂਡ | 0.10.6 |
| ਲੂਣ | 3.0.0 | @3 ਪਾਈਜ਼ ਪ੍ਰਤੀ ਪਾਊਂਡ | 0.0.7 |
| ਢੱਲ (ਦਾਲ ਕਰੀ) | 97.0.0 | @3 ਪਾਈਜ਼ ਪ੍ਰਤੀ ਪਾਊਂਡ | 2.9.2 |
| ਖੰਡ | 45.0.0 | @3 ਪਾਈਜ਼ ਪ੍ਰਤੀ ਪਾਊਂਡ | 8.7.0 |
| ਘਿਓ | 30.13.0 | @9 ਪ੍ਰਤੀ ਪਾਊਂਡ | 17.0.0 |
| ਆਟਾ | 133.0.0 | @1/8 ਪ੍ਰਤੀ ਪਾਊਂਡ | 11.12.0 |
| ਦੁੱਧ ਦੀਆਂ ਬੋਤਲਾਂ | 33/4.0.0 | @3/6 ਪ੍ਰਤੀ ਪਾਊਂਡ | 1.8.6 |
| ਬਾਲਣ ਦੀ ਲੱਕੜ | | | 1.8. |
| ਸਾਬਣ | 3 | @2 ਪ੍ਰਤੀ ਟਿੱਕੀ | 0.6. |
| ਚਾਹ ਤੇ ਕੌਫ਼ੀ | 3 | @3 ਪ੍ਰਤੀ ਇਕਾਈ | 0.9. |
| ਮਸਾਲੇ | 7 | @1/6 ਪ੍ਰਤੀ ਪਾਊਂਡ | 0.10.6 |
| | | **ਕੁੱਲ ਜੋੜ** | **ਰੁਪਏ 69.12.0** |

ਮੌਲਮੀਨ ਹਸਤਾਖਰ/–

3 ਜਨਵਰੀ, 1874 ਅਸਿਸਟੈਂਟ ਕਮਿਸ਼ਨਰ

ਇੰਚਾਰਜ,

ਐੱਮ.ਜੀ. ਜੇਲ੍ਹ।

## 333

ਕੂਕਾ ਕੈਦੀਆਂ ਜਵਾਹਰ ਸਿੰਘ, ਲੱਖਾ ਸਿੰਘ ਤੇ ਬ੍ਰਹਮਾ ਸਿੰਘ ਨੂੰ ਹੁਣ ਸਪਲਾਈ ਕੀਤੀਆਂ ਜਾ ਰਹੀਆਂ ਵਸਤਾਂ ਦੀ ਔਸਤ ਮਾਸਿਕ ਲਾਗਤ ਦੀ ਸਟੇਟਮੈਂਟ।

| **ਵਸਤਾਂ** | **ਔਸਤ ਮਾਸਿਕ ਲਾਗਤ** | | |
|---|---|---|---|
| | **ਰੁਪਏ** | **ਆਨੇ** | **ਪੈਸੇ** |
| ਆਟਾ | 310 | 0 | |
| ਘਿਓ | 316 | 6 | |
| ਚੌਲ਼ | 3 | 14 | 0 |
| ਮਸਾਲਾ | 3 | 14 | 0 |
| ਢੱਲ (ਦਾਲ ਕਰੀ) | 3 | 14 | 0 |
| ਦੁੱਧ ਅਤੇ ਬੋਤਲਾਂ | 23 | 4 | 0 |
| ਕੁੱਲ ਜੋੜ ਰੁ. | 116 | 0 | 0 |

ਮੰਗਲਵਾਰ 5 ਜਨਵਰੀ, 1874 ਹਸਤਾਖਰ/–...

ਸਹਾਇਕ ਕਮਿਸ਼ਨਰ, ਇੰਚਾਰਜ, ਕੇਂਦਰੀ ਜੇਲ੍ਹ

## 334

ਤਿੰਨ ਕੂਕਾ ਕੈਦੀਆਂ ਜਵਾਹਰ ਸਿੰਘ, ਲੱਖਾ ਸਿੰਘ ਤੇ ਬ੍ਰਹਮਾ ਸਿੰਘ ਨੂੰ ਸਪਲਾਈ ਕੀਤੇ ਜਾਣ ਵਾਲੇ ਕੱਪੜਿਆਂ ਤੇ ਬਿਸਤਰਿਆਂ ਦੀ ਮਾਤਰਾ ਤੇ ਸਾਲਾਨਾ ਲਾਗਤ ਨੂੰ ਦਰਸਾਉਂਦੀ ਸਟੇਟਮੈਂਟ।

**ਕੱਪੜੇ**

| | | | |
|---|---|---|---|
| 2 ਕੋਟ ਹਰੇਕ ਵਿਅਕਤੀ ਲਈ | | 2/- ...... | 12.0.0 |
| 2 ਪਜਾਮੇ | -ਉਹੀ- | 1/8 ...... | 9.0.0 |
| 2 ਦਸਤਾਰਾਂ | -ਉਹੀ- | 1/8 ...... | 9.0.0 |
| 1 ਜੋੜੀ ਸੈਂਡਲ | -ਉਹੀ- | -/8 ...... | 1.8.0 |

**ਬਿਸਤਰੇ**

| | | | |
|---|---|---|---|
| 2 ਕੋਟ ਹਰੇਕ ਵਿਅਕਤੀ ਲਈ | | 2/- ...... | 6.0.0 |
| 1 ਗੱਦਾ | -ਉਹੀ- | 2/- ...... | 6.0.0 |
| 1 ਸਿਰਹਾਣਾ | -ਉਹੀ- | -/8-..... | 1.8.0 |
| 2 ਚਾਦਰਾਂ | -ਉਹੀ- | -/8-..... | 1.8.0 |
| | | ਕੁੱਲ ਜੋੜ | 48.0.0 |

ਹਸਤਾਖਰ/-

ਮੌਲਮੀਨ
*8 ਜਨਵਰੀ, 1874*

ਸਹਾਇਕ ਕਮਿਸ਼ਨਰ,
ਇੰਚਾਰਜ, ਕੇਂਦਰੀ ਜੇਲ੍ਹ।

## 335

**ਗ੍ਰਹਿ ਵਿਭਾਗ**

(ਨਿਆਂਇਕ)

ਨੰ. 413

*ਮਿਤੀ ਲੁਧਿਆਣਾ, 2 ਜਨਵਰੀ, 1873*

ਵੱਲ

ਚੀਫ਼ ਕਮਿਸ਼ਨਰ,
ਬ੍ਰਿਟਿਸ਼ ਬਰਮਾ।

*ਫ਼ੋਰਟ ਵਿਲੀਅਮ, 14 ਮਾਰਚ, 1874*

ਸ੍ਰੀਮਾਨ ਜੀ,

ਮੈਨੂੰ ਪਿਛਲੇ ਮਹੀਨੇ ਦੀ 18 ਤਰੀਕ ਦਾ ਤੁਹਾਡਾ ਪੱਤਰ ਨੰ. 97/260 ਪ੍ਰਾਪਤ ਹੋਣ ਦੀ ਜਾਣਕਾਰੀ ਤੇ ਇਹ ਜਵਾਬ ਦੇਣ ਦੀ ਹਦਾਇਤ ਹੋਈ ਹੈ ਕਿ ਗਵਰਨਰ

ਜਨਰਲ-ਇਨ-ਕੌਂਸਲ ਨੇ ਮੌਲਮੀਨ 'ਚ 7 ਜਨਵਰੀ, 1873 ਤੋਂ ਲੈ ਕੇ 2 ਜਨਵਰੀ, 1874 ਤਿੰਨ ਕੂਕਾ ਕੈਦੀਆਂ ਦੀ ਦੇਖਭਾਲ ਤੇ ਉਨ੍ਹਾਂ ਦੀ ਨਿਗਰਾਨੀ 'ਤੇ ਖ਼ਰਚ ਹੋਈ ਪ੍ਰਵਾਨਿਤ ਰਾਸ਼ੀ ਤੋਂ ਵੱਧ ਦੀ ਰਕਮ 812-4-0 ਰੁਪਏ ਦੀ ਅਦਾਇਗੀ ਦੀ ਪ੍ਰਵਾਨਗੀ ਦੇ ਦਿੱਤੀ ਹੈ।

2. 3 ਜਨਵਰੀ, 1874 ਤੋਂ 46/8 ਰੁਪਏ ਸਾਲਾਨਾ ਦੀ ਵਾਧੂ ਲਾਗਤ ਵਾਲੇ ਪ੍ਰਸਤਾਵਿਤ ਪੈਮਾਨੇ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਮੈਂ ਹਾਂ,
ਕਾਰਜਕਾਰੀ ਅਧੀਨ ਸਕੱਤਰ

## 336

ਸਿਆਸੀ ਵਿਭਾਗ

*ਵੱਲੋਂ*

ਸਿਆਸੀ ਰੈਜ਼ੀਡੈਂਟ, ਅਦਨ।

*ਵੱਲ*

ਸਕੱਤਰ, ਬੌਂਬੇ ਸਰਕਾਰ।

*ਨੰ. 13, ਮਿਤੀ ਅਦਨ, 11 ਜਨਵਰੀ, 1873*

ਸ੍ਰੀਮਾਨ ਜੀ,

ਸਰਕਾਰੀ ਪ੍ਰਸਤਾਵ ਨੰ. 6719 ਅਤੇ 8366 ਮਿਤੀ ਕ੍ਰਮਵਾਰ 19 ਨਵੰਬਰ ਅਤੇ 23 ਦਸੰਬਰ, 1872 ਦੇ ਹਵਾਲੇ ਨਾਲ, ਮੈਨੂੰ ਇਹ ਦੱਸਣ ਦਾ ਮਾਣ ਪ੍ਰਾਪਤ ਹੋਇਆ ਹੈ ਕਿ ਦੋ ਕੂਕਾ ਕੈਦੀਆਂ ਦੇ ਰਹਿਣ ਲਈ ਲੋੜੀਂਦਾ ਸਥਾਨ ਹੁਣ ਤਿਆਰ ਹੈ, ਦੋ ਬਲੋਚ ਸਰਕਾਰੀ ਕੈਦੀਆਂ ਨੂੰ ਰੱਖਣ ਲਈ 1858 'ਚ ਬਣਾਈ ਵੱਖਰੀ ਇਮਾਰਤ ਨੂੰ ਹੁਣ ਥੋੜ੍ਹਾ ਹੋਰ ਵੱਡਾ ਕਰ ਦਿੱਤਾ ਗਿਆ ਹੈ।

2. ਭੋਜਨ ਦੇ ਮਾਸਿਕ ਖ਼ਰਚਿਆਂ ਲਈ ਅਨੁਮਾਨ ਅਤੇ ਇਸ ਮਕਾਨ ਦੀ ਲੋੜੀਂਦੀ ਮੁਰੰਮਤ ਉੱਤੇ ਹੋਈ ਅਸਲ ਲਾਗਤ ਦੇ ਵੇਰਵੇ ਜੇਲ੍ਹ ਦੇ ਸੁਪਰਇੰਟੈਂਡੈਂਟ ਤੇ ਸਰਜਨ ਮੇਜਰ ਜੇਮਸ ਤੋਂ ਪ੍ਰਾਪਤ ਹੁੰਦਿਆਂ ਹੀ ਭੇਜ ਦਿੱਤੇ ਜਾਣਗੇ, ਇਸੇ ਅਧਿਕਾਰੀ ਨੂੰ ਹਿਰਾਸਤ ਦੇ ਵਾਰੰਟ ਸੰਬੋਧਨ ਹੋਣੇ ਚਾਹੀਦੇ ਹਨ।

ਮੈਨੂੰ ਮਾਣ ਹੈ ਸ੍ਰੀਮਾਨ ਜੀ,
ਹਸਤਾਖਰ/-
ਬ੍ਰਿਗੇਡੀਅਰ ਜਨਰਲ
ਸਿਆਸੀ ਰੈਜ਼ੀਡੈਂਟ, ਅਦਨ।

ਸੱਚੀ ਕਾਪੀ
ਹਸਤਾਖਰ/-
ਸੁਪਰਇੰਟੈਂਡੈਂਟ, ਸਿਆਸੀ ਵਿਭਾਗ।

## 337

ਵੱਲੋਂ

ਸੀ. ਗੌਨੇ ਐਸਕੁਆਇਰ,
ਸਕੱਤਰ, ਬੌਂਬੇ ਸਰਕਾਰ,।

ਵੱਲ

ਐੱਚ.ਐੱਲ. ਡੈਂਪੀਅਰ ਐਸਕੁਆਇਰ,
ਕਾਰਜਕਾਰੀ ਸਕੱਤਰ, ਭਾਰਤ ਸਰਕਾਰ,
ਗ੍ਰਹਿ ਵਿਭਾਗ, ਕਲਕੱਤਾ।

**ਸਿਆਸੀ ਵਿਭਾਗ**

ਸ੍ਰੀਮਾਨ ਜੀ,

ਹਾਸ਼ੀਏ 'ਤੇ ਦਰਜ ਕੀਤੇ ਤੁਹਾਡੇ ਪੱਤਰ ਦੇ ਹਵਾਲੇ ਨਾਲ, ਮੈਨੂੰ ਅਦਨ ਸਥਿਤ ਸਿਆਸੀ ਰੈਂਜ਼ੀਡੈਂਟ ਦੇ ਇਸੇ ਮਹੀਨੇ ਦੀ 11 ਤਰੀਕ ਦੇ ਪੱਤਰ ਨੰ. 13 ਦੀ ਕਾਪੀ ਭੇਜਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਉਥੋਂ ਦੀ ਜੇਲ੍ਹ ਵਿੱਚ ਕੂਕਾ ਕੈਦੀਆਂ ਨੂੰ ਰੱਖਣ ਲਈ ਸਥਾਨ ਤੇ ਉੱਥੋਂ ਦੇ ਇੰਚਾਰਜ ਅਧਿਕਾਰੀ ਦੇ ਨਾਮ ਬਾਰੇ ਭਾਰਤ ਸਰਕਾਰ ਨੂੰ ਲੋੜੀਂਦੀ ਜਾਣਕਾਰੀ ਦਰਜ ਹੈ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ

ਬੌਂਬੇ ਕਿਲ੍ਹਾ — ਹਸਤਾਖਰ/-
*28 ਜਨਵਰੀ, 1873* — ਸਕੱਤਰ, ਸਰਕਾਰ

## 338

*ਮਿਤੀ ਫ਼ੋਰਟ ਵਿਲੀਅਮ, 12 ਫ਼ਰਵਰੀ, 1873*

ਵੱਲ

ਸਕੱਤਰ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ।

ਸ੍ਰੀਮਾਨ ਜੀ,

ਬੀਤੀ 31 ਅਕਤੂਬਰ ਦੇ ਮੇਰੇ ਪੱਤਰ ਨੰ. 2004 ਦੇ ਨਿਰੰਤਰਤਾ 'ਚ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਕੂਕਾ ਕੈਦੀਆਂ ਸਾਹਿਬ ਸਿੰਘ ਤੇ ਕਾਹਨ ਸਿੰਘ ਨੂੰ ਹੁਣ ਅਦਨ 'ਚ ਹਿਰਾਸਤ ਅਧੀਨ ਰੱਖਣ ਲਈ ਬੌਂਬੇ ਸਰਕਾਰ ਨਾਲ ਗੱਲ ਕਰ ਕੇ ਬੌਂਬੇ ਭੇਜ ਦੇਣਾ ਚਾਹੀਦਾ ਹੈ। ਕੈਦੀਆਂ ਨਾਲ ਵਾਰੰਟ 1818 ਦੇ ਰੈਗੂਲੇਸ਼ਨ III ਅਧੀਨ ਭੇਜੇ ਜਾਣੇ ਚਾਹੀਦੇ ਹਨ।

ਜੇ ਕੈਦੀਆਂ ਦੀ ਇੱਛਾ ਹੋਵੇ, ਤਾਂ ਉਨ੍ਹਾਂ ਨੂੰ ਇੱਕ ਸੇਵਕ ਆਪਣੇ ਨਾਲ ਲਿਜਾਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਪਰ ਉਨ੍ਹਾਂ ਨਾਲ ਜਾਣ ਵਾਲੇ ਕਿਸੇ ਵੀ ਸਹਾਇਕ ਉੱਤੇ ਉਹ ਸਾਰੀਆਂ ਪਾਬੰਦੀਆਂ ਲਾਗੂ ਰਹਿਣਗੀਆਂ, ਜੋ ਉਪਰੋਕਤ ਦੱਸੇ ਮੇਰੇ ਪੱਤਰ ਦੇ ਪੈਰਾ 5 ਵਿੱਚ ਦਰਜ ਹਨ।

3. ਕੈਦੀ ਮੰਗਲ ਸਿੰਘ ਬਾਰੇ ਲੈਫ਼ਟੀਨੈਂਟ ਗਵਰਨਰ ਤੋਂ ਚਿੱਠੀ ਛੇਤੀ ਹੀ ਮਿਲ ਜਾਵੇਗੀ, ਜਿਸ ਕਰਕੇ ਹਾਲੇ ਉਹ ਅਲਾਹਾਬਾਦ 'ਚ ਹੀ ਰਹੇਗਾ।

ਮੈਂ ਹਾਂ,
ਹਸਤਾਖਰ/-...

## 339

*ਵੱਲ*

ਜੇਲ੍ਹ ਸੁਪਰਇੰਟੈਂਡੈਂਟ, ਅਦਨ।

ਕਿਉਂਕਿ ਗਵਰਨਰ ਜਨਰਲ-ਇਨ-ਕੌਂਸਲ ਨੇ ਚੰਗੇ ਤੇ ਵਾਜਬ ਕਾਰਣਾਂ ਕਰਕੇ ਇਹ ਫ਼ੈਸਲਾ ਲੈਣਾ ਦਰੁਸਤ ਸਮਝਿਆ ਹੈ ਕਿ ਸਾਹਿਬ ਸਿੰਘ ਨੂੰ ਅਦਨ ਜੇਲ੍ਹ 'ਚ ਨਿਜੀ ਪਾਬੰਦੀਆਂ ਅਧੀਨ ਰੱਖਿਆ ਜਾਵੇਗਾ, ਇਸੇ ਲਈ ਤੁਹਾਨੂੰ ਇਸ ਪੱਤਰ ਦੁਆਰਾ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਪਰੋਕਤ ਨਾਮ ਵਾਲਾ ਵਿਅਕਤੀ ਤੁਹਾਡੀ ਆਪਣੀ ਹਿਰਾਸਤ 'ਚ ਆ ਗਿਆ ਹੈ ਤੇ ਤੁਸੀਂ ਗਵਰਨਰ ਜਨਰਲ-ਇਨ-ਕੌਂਸਲ ਦੇ ਉਸੇ ਫ਼ੈਸਲੇ ਅਨੁਸਾਰ 1818 ਦੇ ਰੈਗੂਲੇਸ਼ਨ III ਦੀਆਂ ਵਿਵਸਥਾਵਾਂ ਮੁਤਾਬਕ ਹੀ ਉਸ ਨਾਲ ਨਿਪਟੋਗੇ।

ਬਾਹੁਕਮ ਗਵਰਨਰ ਜਨਰਲ-ਇਨ-ਕੌਂਸਲ,
*ਫ਼ੋਰਟ ਵਿਲੀਅਮ* ਹਸਤਾਖਰ/-...
*12 ਫ਼ਰਵਰੀ, 1873* ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

## 340

*ਵੱਲ*

ਸੁਪਰਇੰਟੈਂਡੈਂਟ ਜੇਲ੍ਹ, ਅਦਨ।

ਕਿਉਂਕਿ ਗਵਰਨਰ ਜਨਰਲ-ਇਨ-ਕੌਂਸਲ ਨੇ ਚੰਗੇ ਤੇ ਵਾਜਬ ਕਾਰਣਾਂ ਕਰਕੇ ਇਹ ਫ਼ੈਸਲਾ ਲੈਣਾ ਦਰੁਸਤ ਸਮਝਿਆ ਹੈ ਕਿ ਕਾਹਨ ਸਿੰਘ ਨੂੰ ਅਦਨ ਜੇਲ੍ਹ 'ਚ ਨਿਜੀ ਪਾਬੰਦੀਆਂ ਅਧੀਨ ਰੱਖਿਆ ਜਾਵੇਗਾ, ਇਸੇ ਲਈ ਤੁਹਾਨੂੰ ਇਸ ਪੱਤਰ ਦੁਆਰਾ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਪਰੋਕਤ ਨਾਮ ਵਾਲਾ ਵਿਅਕਤੀ ਤੁਹਾਡੀ ਆਪਣੀ ਹਿਰਾਸਤ 'ਚ ਆ ਗਿਆ ਹੈ ਤੇ ਤੁਸੀਂ ਗਵਰਨਰ ਜਨਰਲ-ਇਨ-ਕੌਂਸਲ ਦੇ ਉਸੇ ਫ਼ੈਸਲੇ ਅਨੁਸਾਰ 1818 ਦੇ ਰੈਗੂਲੇਸ਼ਨ III ਦੀਆਂ ਵਿਵਸਥਾਵਾਂ ਮੁਤਾਬਕ ਹੀ ਉਸ ਨਾਲ ਨਿਪਟੋਗੇ।

ਬਾਹੁਕਮ ਗਵਰਨਰ ਜਨਰਲ-ਇਨ-ਕੌਂਸਲ,
*ਫ਼ੋਰਟ ਵਿਲੀਅਮ* ਹਸਤਾਖਰ/-...
*12 ਫ਼ਰਵਰੀ, 1873* ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

## 341

ਵੱਲੋਂ

ਸਿਆਸੀ ਰੈਜ਼ੀਡੈਂਟ, ਅਦਨ।

ਵੱਲ

ਸਕੱਤਰ, ਬੌਂਬੇ ਸਰਕਾਰ।

*ਮਿਤੀ ਅਦਨ, 23 ਮਾਰਚ, 1873*

ਸ੍ਰੀਮਾਨ ਜੀ,

ਮੈਨੂੰ ਸਰਕਾਰ ਦੇ ਇਸੇ ਮਹੀਨੇ ਦੀ 15 ਤਰੀਕ ਦੇ ਪ੍ਰਸਤਾਵ ਨੰ. 1805 ਦੇ ਹਵਾਲੇ ਨਾਲ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਦੋ ਕੂਕਾ ਸਰਕਾਰੀ ਕੈਦੀ ਸਾਹਿਬ ਸਿੰਘ ਤੇ ਕਾਹਨ ਸਿੰਘ ਇੱਥੇ ਕੱਲ੍ਹ ਮੇਲ ਸਟੀਮਰ ਪੇਸ਼ਾਵਰ ਰਾਹੀਂ ਪੁੱਜੇ ਸਨ ਅਤੇ ਜਿਨ੍ਹਾਂ ਨੂੰ ਅਦਨ ਜੇਲ੍ਹ 'ਚ ਉਨ੍ਹਾਂ ਹੀ ਕੁਆਰਟਰਾਂ 'ਚ ਰੱਖਿਆ ਗਿਆ ਹੈ, ਜਿਹੜੇ ਉਨ੍ਹਾਂ ਲਈ ਤਿਆਰ ਕੀਤੇ ਗਏ ਸਨ।

ਮੈਂ ਹਾਂ,<br>
(ਹਸਤਾਖਰ)/...<br>
ਬ੍ਰਿਗੇਡੀਅਰ ਜਨਰਲ,<br>
ਸਿਆਸੀ ਰੈਜ਼ੀਡੈਂਟ, ਅਦਨ।

## 342

*ਨੰ. 49* *ਮਿਤੀ ਅਦਨ, 14 ਅਪ੍ਰੈਲ, 1873*

ਵੱਲੋਂ

ਸਰਜਨ-ਮੇਜਰ ਆਰ.ਡਬਲਿਊ. ਜੇਮਸ, ਐੱਮ.ਡੀ.,<br>
ਜੇਲ੍ਹ ਸੁਪਰਇੰਟੈਂਡੈਂਟ, ਅਦਨ।

ਵੱਲ

ਸਿਆਸੀ ਰੈਜ਼ੀਡੈਂਟ, ਅਦਨ।

ਇਸ ਜੇਲ੍ਹ ਵਿੱਚ ਦੋ ਕੂਕਾ ਕੈਦੀਆਂ ਦੇ ਭੋਜਨ ਦੀ ਸੰਭਾਵੀ ਲਾਗਤ ਨਾਲ ਸੰਬੰਧਤ ਮੇਰੇ 1873 ਦੇ ਪੱਤਰ ਨੰ. 30 ਦੇ ਹਵਾਲੇ ਨਾਲ, ਮੈਨੂੰ ਇਹ ਦੱਸਣ ਦਾ ਮਾਣ ਹਾਸਲ ਹੋਇਆ ਹੈ ਕਿ ਇਨ੍ਹਾਂ ਵਿਅਕਤੀਆਂ ਨੂੰ ਮੇਰੇ ਅਧੀਨ ਆਇਆਂ ਨੂੰ ਤਿੰਨ ਹਫ਼ਤੇ ਹੋ ਗਏ ਹਨ ਪਰ ਮੈਨੂੰ ਖ਼ਰਚੇ ਦਾ ਅਨੁਮਾਨ ਭੇਜਦੇ ਸਮੇਂ ਉਨ੍ਹਾਂ ਦੀਆਂ ਜ਼ਰੂਰਤਾਂ ਦਾ ਕੁਝ ਵੀ ਪਤਾ ਨਹੀਂ ਲੱਗਾ। ਇਨ੍ਹਾਂ ਵਿਅਕਤੀਆਂ ਨੂੰ ਰੋਜ਼ਾਨਾ 11 ਪਾਊਂਡ ਦੀ ਥਾਂ 21 ਪਾਊਂਡ ਕਣਕ ਦਾ ਆਟਾ ਅਤੇ 8 ਆਊਂਸ ਦੀ ਥਾਂ 1 ਪਾਊਂਡ ਚੌਲ਼ ਚਾਹੀਦੇ ਹਨ। ਇਹ ਮਾਤਰਾ ਬਹੁਤ ਜ਼ਿਆਦਾ ਜਾਪਦੀ ਹੈ ਪਰ ਉਹ ਅਸਲ 'ਚ ਇੰਨਾ ਹੀ ਖਾਂਦੇ ਹਨ। ਇਨ੍ਹਾਂ ਹਾਲਾਤ 'ਚ, ਮੈਂ ਸਰਕਾਰ ਦੀ ਪ੍ਰਵਾਨਗੀ ਲਈ ਇੱਕ ਸੋਧਿਆ ਹੋਇਆ ਅਨੁਮਾਨ ਪੇਸ਼ ਕਰਨ ਦੀ ਇਜਾਜ਼ਤ ਚਾਹੁੰਦਾ ਹਾਂ।

2. ਇਨ੍ਹਾਂ ਵਿਅਕਤੀਆਂ ਨੇ ਇੱਥੇ ਪੁੱਜ ਕੇ ਮੈਨੂੰ ਇਹ ਅਪੀਲ ਕੀਤੀ ਕਿ ਉਨ੍ਹਾਂ ਨੂੰ ਇੱਕ ਨਿਜੀ ਸੇਵਕ ਚਾਹੀਦਾ ਹੈ ਕਿਉਂਕਿ ਜਿਹੜਾ ਸੇਵਕ ਉਨ੍ਹਾਂ ਦੇ ਨਾਲ ਆਉਣਾ ਸੀ, ਉਸ ਨੇ ਬੌਂਬੇ ਆ ਕੇ ਉਨ੍ਹਾਂ ਦੇ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ। ਨਤੀਜੇ ਵਜੋਂ ਮੈਂ 12 ਰੁਪਏ ਪ੍ਰਤੀ ਮਹੀਨਾ ਦੀ ਤਨਖ਼ਾਹ 'ਤੇ ਹਿੰਦੂ ਜਾਤੀ ਦੇ ਇੱਕ ਵਿਅਕਤੀ ਦੀਆਂ ਸੇਵਾਵਾਂ ਲਈਆਂ ਹਨ, ਜੋ ਉਨ੍ਹਾਂ ਦਾ ਖਾਣਾ ਪਕਾ ਸਕੇ ਤੇ ਉਨ੍ਹਾਂ ਦੀਆਂ ਹੋਰ ਜ਼ਰੂਰਤਾਂ ਪੂਰੀਆਂ ਕਰ ਸਕੇ। ਵਾਧੂ ਖ਼ਰਚੇ ਦੀ ਇਹ ਮੱਦ ਪ੍ਰਵਾਨਗੀ ਲਈ ਪੇਸ਼ ਕਰਨ ਦਾ ਮੈਨੂੰ ਮਾਣ ਹਾਸਲ ਹੋਇਆ ਹੈ, ਇਹ ਕੂਕਾ ਕੈਦੀ ਜਦੋਂ ਇੱਥੇ ਪੁੱਜੇ ਸਨ, ਤਾਂ ਇਨ੍ਹਾਂ ਕੋਲ ਸਿਰਫ਼ 26 ਰੁਪਏ ਅਤੇ 48 ਰੁਪਏ ਕੀਮਤ ਵਾਲੇ ਸੋਨੇ ਦੇ ਤਿੰਨ ਛੋਟੇ ਸਿੱਕੇ ਸਨ, ਇੰਝ ਉਨ੍ਹਾਂ ਦੀਆਂ ਜ਼ਰੂਰਤਾਂ ਲਈ ਪਿੱਛੇ ਬਹੁਤ ਘੱਟ ਬਕਾਇਆ ਰਕਮ ਬਚਦੀ ਹੈ।

3. ਇੱਕ ਹੋਰ ਬੇਨਤੀ ਉਨ੍ਹਾਂ ਨੇ ਕੀਤੀ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਰੋਜ਼ਾਨਾ ਖ਼ੁਰਾਕ ਦੀ ਕੀਮਤ ਨਕਦ ਰੂਪ ਵਿੱਚ ਦਿੱਤੀ ਜਾਵੇ, ਤਾਂ ਜੋ ਉਹ ਆਪਣੀ ਇੱਛਾ ਅਨੁਸਾਰ ਆਪਣੀ ਪਸੰਦ ਦੇ ਖਾਣਿਆਂ 'ਤੇ ਖ਼ਰਚ ਕਰ ਸਕਣ। ਮੇਰੇ ਕੋਲ ਅਜਿਹੀ ਪ੍ਰਵਾਨਗੀ ਦੇਣ ਦਾ ਕੋਈ ਅਧਿਕਾਰ ਨਹੀਂ ਹੈ, ਇਸ ਲਈ ਮੈਂ ਸਰਕਾਰ ਕੋਲ ਇਹ ਨੁਕਤਾ ਵੀ ਪੇਸ਼ ਕਰਨਾ ਹੈ।

## 343

*ਨੰ. 119/481* *ਮਿਤੀ ਅਦਨ, 17 ਅਪ੍ਰੈਲ, 1873*

*ਵੱਲੋਂ*

ਬ੍ਰਿਗੇਡੀਅਰ ਜਨਰਲ ਜੇ.ਡਬਲਿਊ. ਸ਼ਨੀਡਰ,
ਸਿਆਸੀ ਰੈਜ਼ੀਡੈਂਟ, ਅਦਨ।

*ਵੱਲ*

ਸਕੱਤਰ, ਭਾਰਤ ਸਰਕਾਰ, ਬੌਂਬੇ, ਸਿਆਸੀ ਵਿਭਾਗ।

ਮੇਰੇ ਪੱਤਰ 79/261, ਮਿਤੀ 6 ਮਾਰਚ, 1873 ਦੇ ਹਵਾਲੇ ਨਾਲ ਮੈਨੂੰ ਇਸੇ ਮਹੀਨੇ ਦੀ 14 ਤਰੀਕ ਦਾ ਜੇਲ੍ਹ ਸੁਪਰਇੰਟੈਂਡੈਂਟ ਵੱਲੋਂ ਲਿਖਿਆ ਇੱਕ ਪੱਤਰ ਤੁਹਾਨੂੰ ਭੇਜਣ ਦਾ ਮਾਣ ਹਾਸਲ ਹੋਇਆ ਹੈ, ਜਿਸ ਵਿੱਚ ਉਨ੍ਹਾਂ ਦੋ ਕੂਕਾ ਕੈਦੀਆਂ ਦੀ ਖ਼ੁਰਾਕ ਦੇ ਖ਼ਰਚੇ ਦਾ ਸੋਧਿਆ ਅਨੁਮਾਨ ਭੇਜਣ ਦੀ ਲੋੜ ਪ੍ਰਗਟ ਕੀਤੀ ਗਈ ਹੈ, ਜਿਨ੍ਹਾਂ ਨੂੰ ਭਾਰਤ ਸਰਕਾਰ ਦੇ ਹੁਕਮਾਂ ਅਧੀਨ ਅਦਨ ਭੇਜਿਆ ਗਿਆ ਹੈ।

2. ਇਹ ਅਨੁਮਾਨ 62-8-8 ਰੁਪਏ ਪ੍ਰਤੀ ਮਹੀਨਾ ਦਾ ਬਣਦਾ ਹੈ, ਜਿਸ ਵਿੱਚ ਇੱਕ ਹਿੰਦੂ ਰਸੋਈਏ ਦੀ ਤਨਖ਼ਾਹ ਵੀ ਸ਼ਾਮਲ ਹੈ, ਜਿਸ ਨੂੰ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਰੱਖਿਆ ਗਿਆ ਹੈ ਅਤੇ ਮੇਰਾ ਸੁਝਾਅ ਹੈ ਕਿ ਇਸ ਖ਼ਰਚੇ ਦੇ ਨਾਲ-ਨਾਲ ਉਨ੍ਹਾਂ ਦੇ ਰਹਿਣ ਲਈ ਢੁਕਵੀਂ ਥਾਂ ਮੁਹੱਈਆ ਕਰਵਾਉਣ 'ਤੇ ਹੋਏ ਖ਼ਰਚੇ ਦੀ 200 ਰੁਪਏ ਦੀ ਰਕਮ ਸਰਕਾਰ ਲਈ ਰਸਮੀ ਪ੍ਰਵਾਨਗੀ ਭੇਜ ਦਿੱਤੀ ਜਾਵੇ।

3. ਦੋਵੇਂ ਕੈਦੀਆਂ ਨੂੰ ਕਿਉਂਕਿ 1818 ਦੇ ਰੈਗੂਲੇਸ਼ਨ III ਅਧੀਨ ਹਿਰਾਸਤ 'ਚ ਰੱਖਿਆ ਜਾ ਰਿਹਾ ਹੈ, ਇਸ ਲਈ ਮੈਨੂੰ ਇਹ ਬੇਨਤੀ ਕਰਨ ਦਾ ਮਾਣ ਹਾਸਲ ਹੋ ਰਿਹਾ ਹੈ ਕਿ ਇਸ ਕਾਨੂੰਨ ਦੀਆਂ ਦੋ ਕਾਪੀਆਂ ਭੇਜੀਆਂ ਜਾਣ; ਇੱਕ ਕਾਪੀ ਹਵਾਲੇ ਮੰਤਵਾਂ ਲਈ ਰੈਜ਼ੀਡੈਂਸੀ ਦਫ਼ਤਰ 'ਚ ਰੱਖੀ ਜਾਵੇਗੀ ਅਤੇ ਦੂਜੀ ਮਾਰਗ-ਦਰਸ਼ਨ ਲਈ ਜੇਲ੍ਹ ਸੁਪਰਇੰਟੈਂਡੈਂਟ ਕੋਲ ਰਹੇਗੀ ਕਿਉਂਕਿ ਉਨ੍ਹਾਂ ਨੂੰ ਇਸ ਦੀ ਜ਼ਰੂਰਤ ਹੈ, ਮੇਰਾ ਮੰਨਣਾ ਹੈ ਕਿ ਉਨ੍ਹਾਂ ਨੇ ਸਮੇਂ-ਸਮੇਂ 'ਤੇ ਇਨ੍ਹਾਂ ਕੈਦੀਆਂ ਬਾਰੇ ਰਿਪੋਰਟਾਂ ਇਸ ਕਾਨੂੰਨ ਦੀਆਂ ਵਿਵਸਥਾਵਾਂ ਅਨੁਸਾਰ ਭੇਜਣੀਆਂ ਹੋਣਗੀਆਂ।

## 344

ਨੰ. 1873 ਦਾ 2282

*ਮਿਤੀ ਲੁਧਿਆਣਾ, 2 ਜਨਵਰੀ, 1873*

*ਵੱਲੋਂ*

ਸੀ. ਗੌਨੇ, ਐਸਕੁਆਇਰ,
ਸਕੱਤਰ, ਬੌਂਬੇ ਸਰਕਾਰ।

*ਵੱਲ*

ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

**ਸਿਆਸੀ ਵਿਭਾਗ**

ਸ੍ਰੀਮਾਨ ਜੀ,

ਬੀਤੀ 12 ਫ਼ਰਵਰੀ ਦੇ ਸ੍ਰੀ ਵੈਲਜ਼ਲੀ ਦੇ ਪੱਤਰਾਂ ਨੰ. 232 ਨਾਲ ਖ਼ਤਮ ਹੋਣ ਵਾਲੀ ਚਿੱਠੀ-ਪੱਤਰੀ ਦੇ ਹਵਾਲੇ ਨਾਲ, ਮੈਨੂੰ ਭਾਰਤ ਸਰਕਾਰ ਦੀ ਜਾਣਕਾਰੀ ਹਿਤ ਇਹ ਭੇਜਣ ਦੀ ਹਦਾਇਤ ਹੋਈ ਹੈ, ਇਸ ਦੇ ਨਾਲ ਅਦਨ ਦੇ ਸਿਆਸੀ ਰੈਜ਼ੀਡੈਂਟ ਵੱਲੋਂ ਪਿਛਲੇ ਮਹੀਨੇ ਦੀ 26 ਤਰੀਕ ਨੂੰ ਲਿਖੀ ਚਿੱਠੀ ਨੰ. 94/371 ਦੀ ਕਾਪੀ ਵੀ ਮੌਜੂਦ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਦੋ ਕੂਕਾ ਕੈਦੀ ਸਾਹਿਬ ਸਿੰਘ ਤੇ ਕਾਹਨ ਸਿੰਘ ਪਿਛਲੇ ਮਹੀਨੇ ਦੀ 24 ਤਰੀਕ ਨੂੰ ਅਦਨ ਪੁੱਜ ਗਏ ਸਨ ਅਤੇ ਉਨ੍ਹਾਂ ਨੂੰ ਅਦਨ ਜੇਲ੍ਹ ਦੇ ਉਨ੍ਹਾਂ ਹੀ ਕੁਆਰਟਰਾਂ 'ਚ ਰੱਖਿਆ ਗਿਆ ਹੈ, ਜਿਹੜੇ ਉਨ੍ਹਾਂ ਲਈ ਹੀ ਤਿਆਰ ਕੀਤੇ ਗਏ ਸਨ।

2. ਇਸ ਪੱਤਰ ਦੀ ਕਾਪੀ ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਨੂੰ ਭੇਜੀ ਜਾਵੇਗੀ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ

*ਬੌਂਬੇ ਗਜ਼ਟ* ਹਸਤਾਖਰ/-
*17 ਅਪ੍ਰੈਲ, 1873* ਸਕੱਤਰ, ਸਰਕਾਰ

## 345

ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ
ਅਦਨ 'ਚ ਕੂਕਾ ਕੈਦੀ
**ਸੀਲ**

*ਵੱਲੋਂ*

ਵਿਦੇਸ਼ ਵਿਭਾਗ।

*ਨੰ. 2164* *ਮਿਤੀ 10 ਸਤੰਬਰ, 1873*

ਵਿਦੇਸ਼ ਵਿਭਾਗ ਨੇ ਸਾਨੂੰ 1 ਸਤੰਬਰ ਨੂੰ ਬੌਂਬੇ ਪ੍ਰੈਜ਼ੀਡੈਂਸੀ 'ਚ ਬਾਕੀ ਬਚੇ ਕੂਕਾ ਕੈਦੀਆਂ ਦੀ ਵਾਪਸੀ ਤੋਂ 30 ਜੂਨ ਨੂੰ ਇੱਕ ਸਿੱਟਾ ਭੇਜਿਆ ਸੀ, ਜੋ ਇਸ ਵਿਭਾਗ ਵੱਲੋਂ ਜਾਰੀ ਵਾਰੰਟਾਂ ਅਧੀਨ ਅਦਨ ਦੀ ਜੇਲ੍ਹ ਵਿੱਚ ਬੰਦ ਦੋ ਕੂਕਾ ਕੈਦੀਆਂ ਨਾਲ ਸੰਬੰਧਤ ਸੀ। ਕਿ ਵਿਭਾਗ ਹੁਣ ਮਹਾਮਹਿਮ-ਇਨ-ਕੌਂਸਲ ਦੇ ਹੁਕਮ ਪ੍ਰਗਟਾਉਂਦਾ ਹੈ ਕਿ ਇਨ੍ਹਾਂ ਦੋ ਕੈਦੀਆਂ ਨੂੰ ਜੇਲ੍ਹ 'ਚ ਨਹੀਂ, ਸਗੋਂ ਨੀਤੀਗਤ ਚੌਕਸੀ ਅਧੀਨ ਰੱਖਿਆ ਜਾਣਾ ਚਾਹੀਦਾ ਹੈ। ਇਹ ਦੋਵੇਂ ਉਨ੍ਹਾਂ ਕਈ ਕੂਕਾ ਕੈਦੀਆਂ 'ਚੋਂ ਹਨ, ਜਿਨ੍ਹਾਂ ਨੂੰ ਇਸ ਵਿਭਾਗ ਵੱਲੋਂ ਜਾਰੀ ਵਾਰੰਟਾਂ ਤਹਿਤ ਹੁਣ ਭਾਰਤ ਦੀਆਂ ਵੱਖੋ-ਵੱਖਰੀਆਂ ਜੇਲ੍ਹਾਂ 'ਚ ਹਿਰਾਸਤ ਅਧੀਨ ਰੱਖਿਆ ਗਿਆ ਹੈ। ਸਾਨੂੰ ਉਨ੍ਹਾਂ ਹਾਲਾਤ ਦੀ ਕੋਈ ਜਾਣਕਾਰੀ ਨਹੀਂ ਹੈ, ਜਿਨ੍ਹਾਂ ਅਧੀਨ ਮਹਾਮਹਿਮ-ਇਨ-ਕੌਂਸਲ ਨੇ ਅਜਿਹੇ ਹੁਕਮ ਜਾਰੀ ਕੀਤੇ ਹਨ।

ਇਹ ਚੇਤੇ ਰੱਖਿਆ ਜਾਵੇਗਾ ਕਿ ਵੱਖੋ-ਵੱਖਰੀਆਂ ਜੇਲ੍ਹਾਂ ਅੰਦਰ ਇਨ੍ਹਾਂ ਕੂਕਾ ਕੈਦੀਆਂ ਨੂੰ ਰੱਖਣ ਲਈ ਖ਼ਾਸ ਸਥਾਨ ਤਿਆਰ ਕਰਵਾਏ ਗਏ ਹਨ ਅਤੇ ਉਨ੍ਹਾਂ 'ਤੇ ਹੋਣ ਵਾਲੇ ਖ਼ਰਚੇ ਵੀ ਸਰਕਾਰ ਹੀ ਝੱਲ ਰਹੀ ਹੈ। ਅਦਨ 'ਚ ਇਨ੍ਹਾਂ ਦੋ ਵਿਅਕਤੀਆਂ ਨੂੰ ਰੱਖਣ ਵਾਲਾ ਸਥਾਨ ਉਸਾਰਨ ਲਈ 268 ਰੁਪਏ ਖ਼ਰਚ ਹੋ ਚੁੱਕੇ ਹਨ ਤੇ ਹੁਣ ਉਨ੍ਹਾਂ ਨੂੰ ਉੱਥੇ ਹੀ ਰੱਖਿਆ ਗਿਆ ਹੈ ਅਤੇ ਉਨ੍ਹਾਂ ਦੀ ਦੇਖਭਾਲ 'ਤੇ ਆਉਣ ਵਾਲੀ ਮਾਸਿਕ ਲਾਗਤ 57 ਰੁਪਏ 7 ਆਨੇ ਹੈ।

## 346

ਇਨ੍ਹਾਂ ਕੈਦੀਆਂ ਨੂੰ ਵੱਖੋ-ਵੱਖਰੀਆਂ ਜੇਲ੍ਹਾਂ 'ਚ ਭੇਜਣ ਸਮੇਂ ਸਥਾਨਕ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਉਨ੍ਹਾਂ ਨੂੰ ਕੁਝ ਇਸ ਤਰੀਕੇ ਸਭ ਪਾਸਿਓਂ ਬੰਦ ਸਥਾਨ 'ਤੇ ਹਿਰਾਸਤ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਕਿ ਜਿੱਥੇ ਉਨ੍ਹਾਂ ਦੀ ਸਿਹਤ ਵੀ ਠੀਕ ਰਹੇ ਤੇ ਉਨ੍ਹਾਂ ਦੀ ਦੇਖਭਾਲ ਇੱਕ ਸਾਧਾਰਣ ਕਾਰੀਗਰ ਜਾਂ ਛੋਟੇ ਜ਼ਿਮੀਂਦਾਰ ਦੇ ਪੱਧਰ ਦੀ ਹੋਵੇ। ਕਿ ਜੇ ਕੈਦੀ ਕੋਈ ਵਾਧੂ ਐਸ਼ਪ੍ਰਸਤੀਆਂ ਲਈ ਆਪਣੀ ਖ਼ੁਦ ਦਾ ਧਨ ਖ਼ਰਚ ਕਰਨਾ ਚਾਹੁਣ, ਤਾਂ ਉਹ ਸਥਾਨਕ ਅਧਿਕਾਰੀਆਂ ਦੀ ਮਰਜ਼ੀ ਨਾਲ ਅਜਿਹਾ ਕਰ ਸਕਦੇ ਹਨ।

ਬੌਂਬੇ ਤੋਂ ਵਾਪਸੀ ਬਾਰੇ ਇਹ ਆਖਿਆ ਜਾਂਦਾ ਹੈ ਕਿ ਇੱਕ ਕੈਦੀ ਸਾਹਿਬ

ਸਿੰਘ ਦੀ ਸਿਹਤ ਠੀਕ ਹੈ ਪਰ ਦੂਜਾ 'ਇਨਗਾਇਨਲ ਹਰਨੀਆ' ਦੇ ਰੋਗ ਤੋਂ ਪੀੜਤ ਹੈ, ਕੈਦੀਆਂ ਦੀ ਵਾਪਸੀ ਸਮੇਂ ਤੱਕ ਇਹ ਕੈਦੀ ਸਿਰਫ਼ ਤਿੰਨ ਮਹੀਨੇ ਤੇ ਅੱਠ ਦਿਨ ਹਿਰਾਸਤ 'ਚ ਰਹੇ ਸਨ।

ਹਸਤਾਖਰ/–

ਮਹਾਮਹਿਮ ਦੇ ਹੁਕਮ ਕੇਵਲ ਅਦਨ 'ਚ ਕੂਕਾ ਕੈਦੀਆਂ ਬਾਰੇ ਹਨ ਅਤੇ ਅਸੀਂ ਉਸੇ ਮੁਤਾਬਕ ਬੌਂਬੇ ਨੂੰ ਹਦਾਇਤ ਜਾਰੀ ਕਰ ਸਕਦੇ ਹਾਂ।

ਹਸਤਾਖਰ/–

## 347

ਨੰ. 2164 ਪੀ.

ਦਫ਼ਤਰੀ ਮੈਮੋਰੈਂਡਮ

**ਵਿਦੇਸ਼ ਵਿਭਾਗ, ਸਿਆਸੀ**

*ਸ਼ਿਮਲਾ, 16 ਸਤੰਬਰ, 1873*

ਇਸ ਵਿਭਾਗ ਦੇ ਪਿਛਲੇ ਮਹੀਨੇ ਦੀ 24 ਤਰੀਕ ਦੇ ਦਫ਼ਤਰੀ ਮੈਮੋਰੈਂਡਮ ਨੰ. 1478 ਦੇ ਹਵਾਲੇ ਨਾਲ ਨਿਮਨਹਸਤਾਖਰੀ ਨੂੰ ਮਹਾਮਹਿਮ–ਇਨ–ਕੌਂਸਲ ਦੇ ਹੁਕਮਾਂ ਬਾਰੇ ਜਾਣਕਾਰੀ ਦੇਣ ਦੀ ਹਦਾਇਤ ਹੋਈ ਹੈ ਕਿ ਅਦਨ 'ਚ ਕੂਕਾ ਕੈਦੀਆਂ ਨੂੰ ਜੇਲ੍ਹ 'ਚ ਨਹੀਂ, ਸਗੋਂ ਪੁਲਿਸ ਦੀ ਚੌਕਸ ਨਿਗਰਾਨੀ ਹੇਠ ਰੱਖਿਆ ਜਾਵੇਗਾ।

ਹਸਤਾਖਰ/–

ਅਧੀਨ ਸਕੱਤਰ, ਭਾਰਤ ਸਰਕਾਰ।

ਵੱਲ

ਗ੍ਰਿਹ ਵਿਭਾਗ।

## 348

ਨੰ. 1873 ਦਾ 265/1059

ਵੱਲੋਂ

ਸਿਆਸੀ ਰੈਜ਼ੀਡੈਂਟ, ਅਦਨ।

ਵੱਲ

ਸਕੱਤਰ, ਬੌਂਬੇ ਸਰਕਾਰ।

*ਮਿਤੀ ਅਦਨ, 30 ਅਕਤੂਬਰ, 1873*

ਸ੍ਰੀਮਾਨ ਜੀ,

ਮੈਨੂੰ ਇਸੇ ਮਹੀਨੇ ਦੀ 11 ਤਰੀਕ ਦੇ ਸਰਕਾਰੀ ਪ੍ਰਸਤਾਵ ਨੰ. 6177 ਦੀ ਪ੍ਰਾਪਤੀ ਬਾਰੇ ਦੱਸਣ ਅਤੇ ਇਹ ਜਾਣਕਾਰੀ ਦੇਣ ਦਾ ਮਾਣ ਹਾਸਲ ਹੋਇਆ ਹੈ ਕਿ ਦੋ ਕੂਕਾ ਸਰਕਾਰੀ ਕੈਦੀਆਂ ਸਾਹਿਬ ਸਿੰਘ ਤੇ ਕਾਹਨ ਸਿੰਘ ਨੂੰ ਪੁਲਿਸ ਦੀ ਚੌਕਸ

ਨਿਗਰਾਨੀ ਅਧੀਨ ਰੱਖਣ ਲਈ ਕਦਮ ਚੁੱਕੇ ਗਏ ਹਨ।

2. ਕਿਉਂਕਿ ਨਿਯਮਤ ਪੁਲਿਸ ਬਲ ਦੇ ਕਾਂਸਟੇਬਲ ਨੂੰ ਇਨ੍ਹਾਂ ਕੈਦੀਆਂ ਲਈ ਵੱਖਰੀ ਡਿਊਟੀ ਦੇਣੀ ਅਸੰਭਵ ਹੈ ਕਿਉਂਕਿ ਪੁਲਿਸ ਦੇ ਜਵਾਨ ਪਹਿਲਾਂ ਹੀ ਬਹੁਤ ਸਖ਼ਤ ਡਿਊਟੀਆਂ ਦੇ ਰਹੇ ਹਨ ਤੇ ਉਨ੍ਹਾਂ ਦੀ ਗਿਣਤੀ ਵੀ ਘੱਟ ਹੈ। ਮੈਨੂੰ ਇਹ ਜਾਪਿਆ ਕਿ ਇਨ੍ਹਾਂ ਸਰਕਾਰੀ ਕੈਦੀਆਂ 'ਤੇ ਨਿਗਰਾਨੀ ਰੱਖਣ ਲਈ ਆਰਜ਼ੀ ਤੌਰ 'ਤੇ ਦੋ ਵਿਸ਼ੇਸ਼ ਰਾਖਿਆਂ ਜਾਂ ਗਾਰਡਾਂ ਨੂੰ ਨਿਯੁਕਤ ਕਰ ਲਿਆ ਜਾਵੇ ਅਤੇ ਮੇਰੀ ਬੇਨਤੀ ਹੈ ਕਿ ਹਰੇਕ ਗਾਰਡ ਦੀ 15 ਰੁਪਏ ਪ੍ਰਤੀ ਮਹੀਨਾ ਤਨਖ਼ਾਹ ਦੇ ਹਿਸਾਬ ਨਾਲ ਬਣਦੀ ਰਕਮ ਦੀ ਸਰਕਾਰੀ ਪ੍ਰਵਾਨਗੀ ਦਿੱਤੀ ਜਾਵੇ।

3. ਸਾਹਿਬ ਸਿੰਘ ਅਤੇ ਕਾਹਨ ਸਿੰਘ ਨੂੰ ਇਸ ਵੇਲੇ ਉਸੇ ਇਮਾਰਤ 'ਚ ਰੱਖਿਆ ਗਿਆ ਹੈ, ਜਿੱਥੇ ਸਰਕਾਰੀ ਕੈਦੀ ਯੰਗ ਲਾਟ ਮੌਜੂਦ ਹੈ ਪਰ ਉਨ੍ਹਾਂ ਨੂੰ ਉਸ ਤੋਂ ਵੱਖ ਹੀ ਰੱਖਿਆ ਗਿਆ ਹੈ, ਤਾਂ ਜੋ ਕਿਸੇ ਵੱਖਰੀ ਇਮਾਰਤ ਦਾ ਕਿਰਾਇਆ ਅਦਾ ਕਰਨ ਦੇ ਵਾਧੂ ਖ਼ਰਚੇ ਤੋਂ ਬਚਿਆ ਜਾ ਸਕੇ।

ਮੈਨੂੰ ਮਾਣ ਹੈ ਸ੍ਰੀਮਾਨ ਜੀ,

ਸੱਚੀ ਕਾਪੀ — ਹਸਤਾਖਰ/–

ਹਸਤਾਖਰ/–.... — ਸਹਾਇਕ ਰੈਜ਼ੀਡੈਂਟ,

ਸੁਪਰਇੰਟੈਂਡੈਂਟ — ਵੱਲੋਂ ਸਿਆਸੀ ਰੈਜ਼ੀਡੈਂਟ, ਅਦਨ।

## 349

*ਵੱਲੋਂ*

ਸਿਆਸੀ ਰੈਜ਼ੀਡੈਂਟ,
ਅਦਨ।

*ਵੱਲ*

ਸਕੱਤਰ, ਬੌਂਬੇ ਸਰਕਾਰ।

*ਮਿਤੀ ਅਦਨ, 26 ਦਸੰਬਰ, 1873*

ਸ੍ਰੀਮਾਨ ਜੀ,

ਬੀਤੀ 17 ਅਪ੍ਰੈਲ ਤੇ 30 ਅਕਤੂਬਰ ਦੇ ਮੇਰੇ ਪੱਤਰਾਂ ਨੰ. ਕ੍ਰਮਵਾਰ 119/481 ਅਤੇ 265/1059 ਦੀ ਨਿਰੰਤਰਤਾ 'ਚ ਮੈਨੂੰ ਇਹ ਜਾਣਕਾਰੀ ਦੇਣ ਦਾ ਮਾਣ ਹਾਸਲ ਹੋਇਆ ਹੈ ਕਿ ਇੱਥੇ ਦੋ ਕੂਕਾ ਕੈਦੀਆਂ ਨੂੰ ਪੁਲਿਸ ਦੀ ਚੌਕਸ ਨਿਗਰਾਨੀ ਅਧੀਨ ਰੱਖਣ ਦੇ ਖ਼ਰਚਿਆਂ ਲਈ ਸਿਆਸੀ ਵਿਭਾਗ ਨੂੰ ਮਿਤੀ 23 ਜੂਨ, 1873 ਨੂੰ ਸਰਕਾਰੀ ਪ੍ਰਸਤਾਵ ਰਾਹੀਂ 62.8.8 ਰੁਪਏ ਦੀ ਰਕਮ ਪ੍ਰਵਾਨ ਕੀਤੀ ਗਈ ਸੀ ਪਰ ਉਨ੍ਹਾਂ ਦੇ ਕੱਪੜਿਆਂ, ਕਿਤਾਬਾਂ ਆਦਿ ਲਈ ਸਮੇਂ-ਸਮੇਂ 'ਤੇ ਹੋਣ ਵਾਲੇ ਕੁਝ ਜ਼ਰੂਰੀ ਖ਼ਰਚਿਆਂ ਦੀ ਕੋਈ ਵਿਵਸਥਾ ਨਹੀਂ ਰੱਖੀ ਗਈ ਹੈ। ਉਨ੍ਹਾਂ ਨੂੰ ਜੇਲ੍ਹ ਤੋਂ ਬਾਹਰ ਰੱਖਣ ਲਈ ਉਨ੍ਹਾਂ ਦੇ ਨਹਾਉਣ-ਧੋਣ ਵਾਸਤੇ ਖਾਰਾ ਪਾਣੀ ਅਤੇ ਤੇਲ ਲੈਣ 'ਤੇ ਥੋੜ੍ਹਾ

ਵਾਧੂ ਖ਼ਰਚ ਹੋ ਰਿਹਾ ਹੈ। ਇਨ੍ਹਾਂ ਹਾਲਾਤ 'ਚ ਮੇਰੀ ਬੇਨਤੀ ਹੈ ਕਿ ਇਸ ਸਭ ਲਈ 102 ਰੁਪਏ ਪ੍ਰਤੀ ਮਹੀਨੇ ਦੇ ਕੁੱਲ ਖ਼ਰਚ ਦੀ ਸਰਕਾਰੀ ਪ੍ਰਵਾਨਗੀ ਦਿੱਤੀ ਜਾਵੇ, ਜਿਸ ਵਿੱਚ ਦੋ ਗਾਰਡਾਂ ਦਾ ਖ਼ਰਚ 30 ਰੁਪਏ ਪ੍ਰਤੀ ਮਹੀਨਾ ਵੀ ਸ਼ਾਮਲ ਹੈ, ਜਿਨ੍ਹਾਂ ਬਾਰੇ ਮੈਂ ਆਪਣੇ ਪੱਤਰ ਨੰ. 1873 ਦੇ 265/1059 'ਚ ਜ਼ਿਕਰ ਕੀਤਾ ਸੀ। ਇਸ ਵਿਵਸਥਾ ਨਾਲ ਕਿਸੇ ਮੌਕੇ ਹੋਣ ਵਾਲੇ ਛੋਟੇ-ਮੋਟੇ ਖ਼ਰਚਿਆਂ ਲਈ ਹਰ ਮਹੀਨੇ ਕੁੱਲ ਰਕਮ 9-7-4 ਰੁਪਏ ਉਪਲਬਧ ਹੋ ਜਾਵੇਗੀ ਅਤੇ ਮੇਰੇ ਖ਼ਿਆਲ ਮੁਤਾਬਕ ਇਹ ਰਕਮ ਕਾਫ਼ੀ ਰਹੇਗੀ।

ਮੈਂ ਹਾਂ,
ਹਸਤਾਖਰ/-...

ਸੱਚੀ ਕਾਪੀ — ਬੀ. ਜਨਰਲ,
ਹਸਤਾਖਰ/- — ਸਿਆਸੀ ਰੈਜ਼ੀਡੈਂਟ, ਅਦਨ।
ਸੁਪਰਇੰਟੈਂਡੈਂਟ।

## 350

ਵੱਲੋਂ

ਸੀ. ਗੌਨੇ, ਐਸਕੁਆਇਰ,
ਸਕੱਤਰ, ਬੌਂਬੇ ਸਰਕਾਰ।

ਵੱਲ

ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ।

*ਮਿਤੀ 29 ਨਵੰਬਰ, 1873*

**ਸਿਆਸੀ ਵਿਭਾਗ**

ਸ੍ਰੀਮਾਨ ਜੀ,

ਕਾਰਜਕਾਰੀ ਅਧੀਨ ਸਕੱਤਰ ਸ੍ਰੀ ਪਲੋਡਨ ਦੇ ਪਿਛਲੇ ਮਹੀਨੇ ਦੀ ਪਹਿਲੀ ਤਰੀਕ ਦੇ ਪੱਤਰ ਨੰ. 24 ਦੇ ਹਵਾਲੇ ਨਾਲ ਮੈਨੂੰ ਅਦਨ ਸਥਿਤ ਸਿਆਸੀ ਰੈਜ਼ੀਡੈਂਟ ਦੇ ਉਸੇ ਵਰਣਿਤ ਮਹੀਨੇ ਦੀ 30 ਤਰੀਕ ਦੇ ਪੱਤਰ ਨੰ. 265/1059 ਦੀ ਕਾਪੀ ਭੇਜਣ ਅਤੇ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਭਾਰਤ ਸਰਕਾਰ ਦੋ ਕੂਕਾ ਸਰਕਾਰੀ ਕੈਦੀਆਂ ਸਾਹਿਬ ਸਿੰਘ ਤੇ ਕਾਹਨ ਸਿੰਘ ਦੀ ਚੌਕਸ ਨਿਗਰਾਨੀ ਰੱਖਣ ਲਈ ਦੋ ਖ਼ਾਸ ਗਾਰਡਾਂ ਨੂੰ 15 ਰੁਪਏ ਪ੍ਰਤੀ ਮਹੀਨਾ ਹਰੇਕ ਦੀ ਤਨਖ਼ਾਹ ਦੇ ਹਿਸਾਬ ਨਾਲ ਨਿਯੁਕਤ ਕਰਨ ਦੀ ਪ੍ਰਵਾਨਗੀ ਦੇ ਸਕਦੀ ਹੈ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ

ਬੌਂਬੇ ਕਿਲ੍ਹਾ — ਹਸਤਾਖਰ/-
*29 ਨਵੰਬਰ, 1873* — ਕਾਰਜਕਾਰੀ ਸਹਾਇਕ ਸਕੱਤਰ

## 351

### ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ

### ਸੀਲ

### ਅਦਨ 'ਚ ਕੂਕਾ ਕੈਦੀ

ਵੱਲੋਂ

ਬੌਂਬੇ ਸਰਕਾਰ।

*ਨੰ. 243 ਮਿਤੀ 29 ਨਵੰਬਰ, 1873*

*ਨੰ. 196 ਮਿਤੀ 15 ਜਨਵਰੀ, 1874*

ਬੌਂਬੇ ਸਰਕਾਰ ਨੂੰ ਲਿਖੇ ਪੱਤਰ ਨੰ. 18 ਡੀ/11 ਜੂਨ, 1873 'ਚ ਅਸੀਂ ਅਦਨ ਦੀ ਜੇਲ੍ਹ 'ਚ ਰੱਖੇ ਦੋ ਕੂਕਾ ਕੈਦੀਆਂ ਦੀ ਖ਼ੁਰਾਕ ਲਈ ਪ੍ਰਤੀ ਮਹੀਨਾ 62-8-8 ਰੁਪਏ ਪ੍ਰਵਾਨ ਕੀਤੇ ਸਨ।

ਮੈਨੂੰ ਮਹਾਮਹਿਮ ਵਾਇਸਰਾਏ ਦੀਆਂ ਹਦਾਇਤਾਂ ਮਿਲੀਆਂ ਹਨ ਤੇ ਉਨ੍ਹਾਂ ਦੇ ਆਧਾਰ 'ਤੇ ਬੌਂਬੇ ਸਰਕਾਰ ਨੂੰ ਪੱਤਰ ਡੀ/ਪਹਿਲੀ ਅਕਤੂਬਰ ਰਾਹੀਂ ਨਿਰਦੇਸ਼ ਦੇ ਦਿੱਤੇ ਸਨ ਕਿ ਇਨ੍ਹਾਂ ਵਿਅਕਤੀਆਂ ਨੂੰ ਜੇਲ੍ਹ 'ਚ ਨਹੀਂ, ਸਗੋਂ ਪੁਲਿਸ ਦੀ ਚੌਕਸ ਨਿਗਰਾਨੀ ਅਧੀਨ ਰੱਖਿਆ ਜਾਵੇ।

ਬੌਂਬੇ ਸਰਕਾਰ ਨੇ ਉਪਰੋਕਤ ਵਰਣਿਤ ਪਹਿਲੇ ਪੱਤਰਾਂ 'ਚ ਇਨ੍ਹਾਂ ਕੈਦੀਆਂ 'ਤੇ ਚੌਕਸ ਨਿਗਰਾਨੀ ਰੱਖਣ ਲਈ ਦੋ ਵਿਸ਼ੇਸ਼ ਗਾਰਡ 15 ਰੁਪਏ ਪ੍ਰਤੀ ਮਹੀਨਾ ਦੀ ਤਨਖ਼ਾਹ 'ਤੇ ਨਿਯੁਕਤ ਕਰਨ ਦੀ ਬੇਨਤੀ ਕੀਤੀ ਸੀ। ਇਹ ਦੱਸਿਆ ਜਾਂਦਾ ਹੈ ਕਿ ਨਿਯਮਤ ਪੁਲਿਸ ਤੋਂ ਜਵਾਨਾਂ ਨੂੰ ਇਸ ਡਿਊਟੀ 'ਤੇ ਲਾਉਣਾ ਅਸੰਭਵ ਹੈ।

ਦੂਜੇ ਪੱਤਰ 'ਚ, ਬੌਂਬੇ ਸਰਕਾਰ ਨੇ ਸਮੇਂ-ਸਮੇਂ 'ਤੇ ਕੱਪੜਿਆਂ, ਕਿਤਾਬਾਂ ਅਤੇ ਨਹਾਉਣ-ਧੋਣ ਲਈ ਖਾਰੇ ਪਾਣੀ ਅਤੇ ਤੇਲ ਲੈਣ ਉੱਤੇ ਹੋਣ ਵਾਲੇ ਛੋਟੇ-ਮੋਟੇ ਖ਼ਰਚਿਆਂ ਲਈ 9-7-4 ਰੁਪਏ ਪ੍ਰਵਾਨ ਕਰਨ ਦੀ ਪ੍ਰਵਾਨਗੀ ਮੰਗੀ ਸੀ।

ਜੇ ਉਪਰੋਕਤ ਪ੍ਰਸਤਾਵ ਪ੍ਰਵਾਨ ਕਰ ਲਏ ਜਾਂਦੇ ਹਨ, ਤਾਂ ਇਨ੍ਹਾਂ ਕੈਦੀਆਂ ਨੂੰ ਹਿਰਾਸਤ 'ਚ ਰੱਖਣ ਦਾ ਕੁੱਲ ਖ਼ਰਚਾ ਰੁਪਏ 62-8-8 + 30 + 9-7-4 = 102 ਰੁਪਏ ਪ੍ਰਤੀ ਮਹੀਨਾ ਹੋ ਜਾਵੇਗਾ।

ਚੁਨਾਰ ਕਿਲ੍ਹੇ 'ਚ ਦੋ ਕੂਕਾ ਕੈਦੀਆਂ ਨੂੰ ਹਿਰਾਸਤ 'ਚ ਰੱਖਣ ਲਈ ਅਸੀਂ ਪੱਤਰ ਡੀ/29 ਜਨਵਰੀ, 1873 ਨੰ. 250 ਰਾਹੀਂ ਉਨ੍ਹਾਂ ਦੀ ਦੇਖਭਾਲ ਲਈ 52-14-0 ਰੁਪਏ ਦੀ ਮਾਸਿਕ ਰਾਸ਼ੀ ਜਮ੍ਹਾ 4 ਰੁਪਏ ਕੱਪੜਿਆਂ, ਬਿਸਤਰਿਆਂ ਆਦਿ ਲਈ ਪ੍ਰਵਾਨ ਕੀਤੇ ਸਨ। ਚੁਨਾਰ ਕਿਲ੍ਹੇ ਦੇ ਕਮਾਂਡੈਂਟ ਦੀ ਬੇਨਤੀ 'ਤੇ ਕੱਪੜਿਆਂ ਲਈ ਰਕਮ ਵਿੱਚ ਇਸ ਵਰ੍ਹੇ ਦੇ ਅਰੰਭ 'ਚ ਵਾਧਾ ਕੀਤਾ ਸੀ। ਉਹ ਕੁੱਲ ਲਾਗਤ ਰੁਪਏ 52-14-0 + 6-0-0 = 58-14-0 ਰੁਪਏ ਬਣਦੀ ਹੈ, ਜਦ ਕਿ ਦੋ ਵਿਅਕਤੀਆਂ ਦੀ ਦੇਖਭਾਲ ਤੇ ਕੱਪੜਿਆਂ ਲਈ ਪ੍ਰਸਤਾਵਿਤ ਲਾਗਤ 72

ਰੁਪਏ ਦੱਸੀ ਗਈ ਹੈ ਜੋ 13-2 ਰੁਪਏ ਵੱਧ ਹੈ, ਜਦ ਕਿ ਅਦਨ 'ਚ ਦੋਵੇਂ ਵਿਅਕਤੀ ਪੁਲਿਸ ਦੀ ਚੌਕਸ ਨਿਗਰਾਨੀ ਅਧੀਨ ਹਨ।

ਨਿਗਰਾਨੀ ਲਈ ਲਾਗਤ (30 ਰੁਪਏ) ਹਿਤ ਹਾਲਾਤ ਮੁਤਾਬਕ ਜ਼ਰੂਰੀ ਸਮਝਣ 'ਤੇ ਹੀ ਖ਼ਾਸ ਵਿਵਹਾਰ ਕੀਤਾ ਜਾਵੇਗਾ।

ਹਸਤਾਖਰ/-...

## 352

ਕੁਆਰਟਰ ਮਾਸਟਰ ਜਨਰਲ ਦਾ ਦਫ਼ਤਰ

*ਪੂਨਾ, 23 ਦਸੰਬਰ, 1872*

ਵੱਲੋਂ

ਕੁਆਰਟਰ ਮਾਸਟਰ ਜਨਰਲ, ਥਲ ਸੈਨਾ।

ਵੱਲ

ਸਕੱਤਰ, ਸਰਕਾਰ, ਫ਼ੌਜੀ ਵਿਭਾਗ, ਬੌਂਬੇ।

ਸ਼੍ਰੀਮਾਨ ਜੀ,

ਪਿਛਲੇ ਮਹੀਨੇ ਦੀ 29 ਤਰੀਕ ਦੇ ਫ਼ੌਜੀ ਵਿਭਾਗ ਦੇ ਸਰਕਾਰੀ ਪ੍ਰਸਤਾਵ ਨੰ. 5097 ਦੇ ਹਵਾਲੇ ਨਾਲ ਅਸੀਰਗੜ੍ਹ ਦੇ ਕਮਾਂਡਰ ਇਸੇ ਮਹੀਨੇ ਦੀ 15 ਤਰੀਕ ਨੂੰ ਤਿੰਨ ਕੂਕਾ ਕੈਦੀਆਂ ਦੇ ਪੁੱਜਣ ਦੀ ਰਿਪੋਰਟ ਭੇਜੀ ਹੈ, ਜਿਨ੍ਹਾਂ ਦੇ ਨਾਂਅ ਨਿਮਨਲਿਖਤ ਅਨੁਸਾਰ ਹਨ:

1. ਰੂੜ ਸਿੰਘ, 2. ਮਲੂਕ ਸਿੰਘ, 3. ਪਹਾੜਾ ਸਿੰਘ

2. ਇਨ੍ਹਾਂ ਤਿੰਨ ਕੈਦੀਆਂ ਨੂੰ ਰੱਖਣ ਉੱਤੇ ਖ਼ਰਚ ਹੋਣ ਵਾਲੀ ਸੰਭਾਵੀ ਰਕਮ ਦੀ ਸਟੇਟਮੈਂਟ ਵੀ ਭੇਜੀ ਗਈ ਹੈ।

ਇਸ ਦੇ ਨਾਲ ਹੀ ਕਮਾਂਡੈਂਟ ਨੇ ਇਹ ਵੀ ਪੁੱਛਿਆ ਹੈ ਕਿ ਕੀ ਕੂਕਾ ਕੈਦੀਆਂ ਦੀ ਦੇਖਭਾਲ 'ਤੇ ਹੋਣ ਵਾਲੇ ਖ਼ਰਚਿਆਂ ਦੇ ਬਿੱਲ ਬੌਂਬੇ ਸਰਕਾਰ ਕੋਲ ਜਮ੍ਹਾ ਕਰਵਾਉਣੇ ਚਾਹੀਦੇ ਹਨ। ਮਿਹਰਬਾਨੀ ਕਰ ਕੇ ਇਸ ਸਬੰਧੀ ਜਾਣਕਾਰੀ ਜ਼ਰੂਰ ਭੇਜੀ ਜਾਵੇ।

ਮੈਨੂੰ ਮਾਣ ਹੈ ਸ਼੍ਰੀਮਾਨ ਜੀ,

ਹਸਤਾਖਰ/-...

ਕਾਰਜਕਾਰੀ ਕੁਆਰਟਰ ਮਾਸਟਰ ਜਨਰਲ,

ਥਲ ਸੈਨਾ

## 353

ਜਗ੍ਹਾ ਦੀ ਘਾਟ ਕਾਰਣ ਵੇਰਵਿਆਂ ਦੀ ਥਾਂ ਸਿਰਫ਼ ਖ਼ੁਲਾਸਾ ਦਿੱਤਾ ਜਾਂਦਾ ਹੈ: - (ਸੰਕਲਨਕਰਤਾ)

| | | | |
|---|---|---|---|
| (1) ਤਿੰਨ ਕੈਦੀਆਂ ਲਈ ਭੋਜਨ ਪ੍ਰਤੀ ਸਾਲ | | 1080/- | |
| (2) ਆਮ ਕੱਪੜੇ | | 75/- | |
| (3) ਗਰਮ ਕੱਪੜੇ | | 75/- | |
| (4) ਰਸੋਈ ਦੇ ਬਰਤਨ, ਜੇ ਜ਼ਰੂਰੀ ਹੋਣ | | 50/- | |
| (5) 3 ਮੰਜੀਆਂ ਗੱਦੇ ਆਦਿ ਸੇਵਕਾਂ ਸਮੇਤ | | 75/- | 1335/- |
| (1) ਮਾਸ਼ਕੀ | ਪ੍ਰਤੀ ਸਾਲ | 48/- | |
| (2) ਘਰੇਲੂ ਨੌਕਰ | ” | 72/- | |
| (3) ਧੋਬੀ | ” | 24/- | |
| (4) ਸਫ਼ਾਈ ਸੇਵਕ | ” | 30/- | |
| (5) ਨਾਈ | ” | 18/- | |
| (6) ਖਾਤਾ ਰੱਖਣ ਲਈ ਲੇਖਕ | ” | 84/- | 276/- |
| | ਕੁੱਲ ਜੋੜ | 1631/- | |

ਹਸਤਾਖਰ/- ਕੈਪਟਨ, ਕਿਲ੍ਹਾ ਐਜੂਟੈਂਟ
ਹਸਤਾਖਰ/- ਕਮਾਂਡੈਂਟ।

## 354

ਬੌਂਬੇ ਪ੍ਰੈਜ਼ੀਡੈਂਸੀ 'ਚ 31 ਅਕਤੂਬਰ, 1872 ਨੂੰ ਖ਼ਤਮ ਹੋਈ ਛਮਾਹੀ ਲਈ 1827 ਦੇ ਬੌਂਬੇ ਰੈਗੂਲੇਸ਼ਨ XXX ਜਾਂ 1818 ਦੇ ਬੰਗਾਲ ਰੈਗੂਲੇਸ਼ਨ III ਦੀ ਵਿਵਸਥਾ ਅਨੁਸਾਰ ਹਿਰਾਸਤ ਅਧੀਨ ਜਾਂ ਪਾਬੰਦੀਆਂ ਅਧੀਨ ਰੱਖੇ ਗਏ ਵਿਅਕਤੀਆਂ ਦੀ ਵਾਪਸੀ (ਵਰਗ II) ਤੋਂ ਐਕਸਟ੍ਰੈਕਟ

| 1 | 2 | 3 | 4 | 5 | 6 | 7 | 8 | 9 | 10 | 11 | 12 | 13 |
|---|---|---|---|---|---|---|---|---|---|---|---|---|
| ਕੈਦ 'ਚ ਰੱਖਣ ਦਾ ਸਥਾਨ | ਕੈਦੀ ਦਾ ਨਾਮ | ਉਮਰ | ਜਾਤ, ਨਸਲ ਜਾਂ ਕੌਮੀਅਤ | ਕੀ ਜੇਲ੍ਹ 'ਚ (1) ਸਿਵਲ ਜਾਂ (2) ਅਪਰਾਧਕ (ਜਾਂ ਕਿਸੇ ਪਾਬੰਦੀ ਅਧੀਨ ਜਾਂ ਆਜ਼ਾਦ ਰੱਖਣਾ ਹੈ) | ਹਿਰਾਸਤ ਦਾ ਆਧਾਰ | ਜਿੰਨੀ ਮਿਆਦ ਲਈ ਹਿਰਾਸਤ 'ਚ ਰੱਖਣਾ ਹੈ | ਇਸ ਮਿਤੀ ਤੋਂ ਹਿਰਾਸਤ 'ਚ ਰੱਖਿਆ ਗਿਆ | ਹਿਰਾਸਤ ਦਾ ਸਮਾਂ, ਜੋ ਪਹਿਲਾਂ ਹੀ ਲੰਘ ਚੁੱਕਾ ਹੈ | ਸਰਕਾਰ ਦੇ ਹੁਕਮ ਦਾ ਨੰ. ਤੇ ਮਿਤੀ, ਜਿਸ ਅਧੀਨ ਹੁਣ ਕੈਦ ਹੋਈ ਹੈ | ਸਰਕਾਰ ਵੱਲੋਂ ਪ੍ਰਤੀ ਮਹੀਨਾ ਦਿੱਤਾ ਜਾਣ ਵਾਲਾ ਭੱਤਾ ਜਾਂ ਪੈਣ ਵਾਲੀ ਲਾਗਤ | ਹਿਰਾਸਤ ਅਧੀਨ ਵਿਅਕਤੀ ਦੇ ਵਿਵਹਾਰ, ਸਿਹਤ ਤੇ ਸੁਵਿਧਾ ਦੀ ਰਿਪੋਰਟ | ਟਿੱਪਣੀਆਂ |
| | 1. ਰੂੜ ਸਿੰਘ, ਵਾਸੀ ਅੰਮ੍ਰਿਤਸਰ | 42 | ਰਾਮਗੜ੍ਹੀਆ | | | | | 17 ਦਿਨ | | | | |
| ਅਸੀਰਗੜ੍ਹ | 2. ਪਹਾੜਾ ਸਿੰਘ, ਵਾਸੀ ਮਲੌਦ | 43 | ਜੱਟ | ਅਸੀਰਗੜ੍ਹ ਦੇ ਕਿਲ੍ਹੇ 'ਚ ਦਰਮਿਆਨੀਆਂ ਪਾਬੰਦੀਆਂ ਅਧੀਨ | ਪਤਾ ਨਹੀਂ | ਪਤਾ ਨਹੀਂ | 15 ਦਸੰਬਰ, 1872 | -ਉਹੀ- | ਭਾਰਤ ਸਰਕਾਰ ਦੇ ਪੱਤਰ ਨੰ. 2003 ਮਿਤੀ 31 ਅਕਤੂਬਰ, 1872(/) ਗ੍ਰਹਿ ਵਿਭਾਗ ਦੁਆਰਾ 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ (ਬੰਗਾਲ) | ਹਾਲੇ ਤੈਅ ਨਹੀਂ ਹੋਇਆ | ਚੰਗਾ | ਇਹ ਵਿਅਕਤੀ ਅਜਿਹੇ ਖ਼ਾਸ ਕੁਆਰਟਰਾਂ 'ਚ ਫ਼ੌਜੀ ਨਿਗਰਾਨੀ ਅਧੀਨ ਹਨ, ਜੋ ਉਨ੍ਹਾਂ ਲਈ ਮੁਹੱਈਆ ਕਰਵਾਏ ਗਏ ਹਨ ਅਤੇ ਜਿੱਥੇ ਉਹ ਗਾਰਡਾਂ ਦੀ ਨਿਗਰਾਨੀ ਹੇਠ ਕਿਲੇ ਅੰਦਰ ਇਕੱਲੇ ਵੀ ਘੁੰਮ ਫਿਰ ਸਕਦੇ ਹਨ ਅਤੇ ਉਨ੍ਹਾਂ ਦੀ ਸਿਹਤ 'ਤੇ ਲਗਾਤਾਰ ਨਜ਼ਰ ਰੱਖੀ ਜਾਂਦੀ ਹੈ। |
| | 3. ਮਲੂਕ ਸਿੰਘ ਵਾਸੀ ਫੂਲੇਵਾਲਾ | 40 | ਜੱਟ | | | | | -ਉਹੀ- | | | | |

## 355

*ਨੰ. 271* *ਮਿਤੀ ਅਸੀਰਗੜ੍ਹ, 26 ਫ਼ਰਵਰੀ, 1873*

ਵੱਲੋਂ

ਕਰਨਲ ਸੇਂਟ ਜੌਨ ਓ'ਐੱਨ, ਮੇਟਰ, ਕਮਾਂਡੈਂਟ।

ਵੱਲ

ਸੀ. ਗੌਨੇ, ਐਸਕ.,
ਸਕੱਤਰ, ਬੌਂਬੇ ਸਰਕਾਰ, ਸਿਆਸੀ ਵਿਭਾਗ।

ਮੇਰੇ ਪਿਛਲੇ ਮਹੀਨੇ ਦੀ 13 ਤਰੀਕ ਦੇ ਪੱਤਰ ਨੰ. 63 ਦੀ ਨਿਰੰਤਰਤਾ 'ਚ, ਮੈਨੂੰ ਅਸੀਰਗੜ੍ਹ ਦੇ ਕਿਲ੍ਹੇ 'ਚ 1 ਤੋਂ 31 ਜਨਵਰੀ, 1873 ਤੱਕ ਤਿੰਨ ਕੂਕਾ ਸਰਕਾਰੀ ਕੈਦੀਆਂ ਦੀ ਦੇਖਭਾਲ ਕਰਨ 'ਤੇ ਹੋਏ ਖ਼ਰਚਿਆਂ ਦਾ ਮੈਮੋਰੈਂਡਮ ਭੇਜਣ ਦਾ ਮਾਣ ਹਾਸਲ ਹੋਇਆ ਹੈ।

(1) ਜਨਵਰੀ 1873 ਲਈ – 109-11-11 ਰੁਪਏ (ਸੰਕਲਨਕਰਤਾ)
(2) 15 ਦਸੰਬਰ ਤੋਂ 31 ਦਸੰਬਰ 1872 – 138-6-9 ਰੁ. (ਸੰਕਲਨਕਰਤਾ)

ਮੇਰੀ ਆਪ ਜੀ ਨੂੰ ਇਹ ਵੀ ਬੇਨਤੀ ਹੈ ਕਿ ਮੇਰੇ ਉਪਰੋਕਤ ਪੱਤਰ ਦੇ ਹਿਸਾਬ ਨਾਲ ਆਪਣੀ ਸੁਵਿਧਾ ਅਨੁਸਾਰ ਛੇਤੀ ਤੋਂ ਛੇਤੀ ਦਸੰਬਰ 1872 ਦੀ ਰਾਸ਼ੀ ਮੈਨੂੰ ਭੇਜ ਦਿੱਤੀ ਜਾਵੇ।

## 356

(ਗੁਪਤ)

*ਨੰ. 1360* *ਮਿਤੀ ਬੰਬਈ ਦਾ ਕਿਲ੍ਹਾ, 28 ਫ਼ਰਵਰੀ, 1873*

ਵੱਲੋਂ

ਸੀ. ਗੌਨੇ, ਐਸਕ.,
ਸਕੱਤਰ, ਬੌਂਬੇ ਸਰਕਾਰ, ਸਿਆਸੀ ਵਿਭਾਗ।

ਵੱਲ

ਸੀ.ਯੂ. ਐਚੀਸਨ, ਐਸਕ., ਸੀਐੱਸਆਈ,
ਸਕੱਧਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ।

ਮੇਰੇ ਇਸੇ ਮਹੀਨੇ ਦੀ 22 ਤਰੀਕ ਦੇ ਪੱਤਰ ਨੰ. 1193 ਦੇ ਹਵਾਲੇ ਨਾਲ, ਮੈਨੂੰ ਭਾਰਤ ਸਰਕਾਰ ਦੇ ਹੁਕਮਾਂ ਲਈ ਅਸੀਰਗੜ੍ਹ ਦੇ ਕਮਾਂਡੈਂਟ ਦੀ ਉਸੇ ਮਹੀਨੇ ਦੀ 26 ਤਰੀਕ ਦੇ ਪੱਤਰ ਨੰ. 271 ਭੇਜਣ ਦੀ ਹਦਾਇਤ ਹੋਈ ਹੈ, ਜਿਸ ਵਿੱਚ 3 ਕੂਕਾ ਸਰਕਾਰੀ ਕੈਦੀਆਂ ਨੂੰ ਅਸੀਰਗੜ੍ਹ ਦੇ ਕਿਲ੍ਹੇ 'ਚ ਜਨਵਰੀ 1873 ਦੌਰਾਨ ਰੱਖਣ 'ਤੇ ਹੋਏ ਖ਼ਰਚਿਆਂ ਦਾ ਮੈਮੋਰੈਂਡਮ ਦਰਜ ਹੈ।

2. ਦਸੰਬਰ 1872 ਦੌਰਾਨ ਹੋਏ ਖ਼ਰਚਿਆਂ ਦੀ ਸਟੇਟਮੈਂਟ ਦੀ ਕਾਪੀ ਵੀ ਇਸ ਦੇ ਨਾਲ ਭੇਜੀ ਜਾਂਦੀ ਹੈ।

## 357

*ਅਸੀਰਗੜ੍ਹ, 14 ਮਾਰਚ, 1873*

ਵੱਲੋਂ

ਕਮਾਂਡੈਂਟ, ਅਸੀਰਗੜ੍ਹ।

ਵੱਲ

ਸਕੱਤਰ, ਬੌਂਬੇ ਸਰਕਾਰ, ਸਿਆਸੀ ਵਿਭਾਗ।

ਸ੍ਰੀਮਾਨ ਜੀ,

ਪਿਛਲੇ ਮਹੀਨੇ ਫ਼ਰਵਰੀ ਦੀ 26 ਤਰੀਕ ਨੂੰ ਲਿਖੇ ਮੇਰੇ ਪੱਤਰ ਨੰ. 271 ਦੀ ਨਿਰੰਤਰਤਾ 'ਚ, ਮੈਨੂੰ ਅਸੀਰਗੜ੍ਹ ਦੇ ਕਿਲ੍ਹੇ 'ਚ 1 ਤੋਂ 28 ਫ਼ਰਵਰੀ, 1873 ਤੱਕ (3) ਕੂਕਾ ਸਰਕਾਰੀ ਕੈਦੀਆਂ ਨੂੰ ਹਿਰਾਸਤ 'ਚ ਰੱਖਣ ਅਤੇ ਉਨ੍ਹਾਂ 'ਤੇ ਨਿਗਰਾਨੀ ਰੱਖਣ 'ਤੇ ਹੋਏ ਖ਼ਰਚਿਆਂ ਦਾ ਮੀਮੋ ਭੇਜਿਆ ਜਾ ਰਿਹਾ ਹੈ।

ਮੇਰੀ ਇਹ ਵੀ ਬੇਨਤੀ ਹੈ ਕਿ ਮੈਨੂੰ ਦਸੰਬਰ 1872 ਅਤੇ ਜਨਵਰੀ 1873 ਦੇ ਖ਼ਰਚੇ ਵੀ ਆਪਣੀ ਸਹੂਲਤ ਅਨੁਸਾਰ ਮੇਰੇ ਉਪਰੋਕਤ ਪੱਤਰ ਅਨੁਸਾਰ ਛੇਤੀ ਤੋਂ ਛੇਤੀ ਪ੍ਰਵਾਨ ਕੀਤੇ ਜਾਣ।

ਮੈਨੂੰ ਮਾਣ ਹੈ ਸ੍ਰੀਮਾਨ ਜੀ,

ਹਸਤਾਖਰ/-...

ਕਮਾਂਡੈਂਟ ਅਸੀਰਗੜ੍ਹ।

ਕੁੱਲ ਰਾਸ਼ੀ 104-15-3 ਰੁਪਏ ਹੈ (ਸੰਕਲਨਕਰਤਾ)।

## 358

ਕੁਆਰਟਰ ਮਾਸਟਰ ਜਨਰਲ ਆਫ਼ਿਸ,

*ਪੂਨਾ, 28 ਮਾਰਚ, 1873*

ਵੱਲੋਂ

ਕੁਆਰਟਰ ਮਾਸਟਰ ਜਨਰਲ, ਥਲ ਸੈਨਾ।

ਵੱਲ

ਸਕੱਤਰ, ਸਰਕਾਰ,

ਫ਼ੌਜੀ ਵਿਭਾਗ, ਬੰਬਈ।

ਸ੍ਰੀਮਾਨ ਜੀ,

27 ਫ਼ਰਵਰੀ, 1873 ਦੇ ਸਰਕਾਰੀ ਪ੍ਰਸਤਾਵ ਨੰ. 872 ਦੇ ਹਵਾਲੇ ਨਾਲ ਕਮਾਂਡਰ-ਇਨ-ਚੀਫ਼ ਨੇ ਮੈਨੂੰ ਅਸੀਰਗੜ੍ਹ ਦੇ ਕਮਾਂਡੈਂਟ ਦੇ ਪੱਤਰ ਦੇ ਖਰੜੇ ਨੂੰ 3 ਕੂਕਾ ਕੈਦੀਆਂ ਦੀ ਦੇਖਭਾਲ ਦੇ ਸੋਧੇ ਅਨੁਮਾਨ ਨਾਲ ਜੋੜਨ ਲਈ ਕਿਹਾ ਹੈ।

1. ਰੂੜ ਸਿੰਘ
2. ਮਲੂਕ ਸਿੰਘ
3. ਪਹਾੜਾ ਸਿੰਘ

ਮੈਨੂੰ ਇਸ ਕਿਲ੍ਹੇ ਅੰਦਰ ਕੈਦ 'ਚ ਰੱਖੇ 3 ਕੂਕਾ

ਕੈਦੀਆਂ, ਜਿਨ੍ਹਾਂ ਦੇ ਨਾਂਅ ਹਾਸ਼ੀਏ ’ਤੇ ਦਿੱਤੇ ਗਏ ਹਨ, ਦੀ ਦੇਖਭਾਲ ਦੀ ਮਾਸਿਕ ਲਾਗਤ ਦਾ ਸੋਧਿਆ ਅਨੁਮਾਨ ਪੇਸ਼ ਕਰਵਾਉਣ ਦਾ ਮਾਣ ਹਾਸਲ ਹੋਇਆ ਹੈ। ਸੋਧਿਆ ਅਨੁਮਾਨ ਧਿਆਨਪੂਰਵਕ ਉਸ ਅਸਲ ਖ਼ਰਚ ਅਨੁਸਾਰ ਤਿਆਰ ਕੀਤਾ ਗਿਆ ਹੈ, ਜਿਹੜਾ ਬੀਤੀ 15 ਦਸੰਬਰ ਨੂੰ ਇਨ੍ਹਾਂ ਕੈਦੀਆਂ ਦੀ ਆਮਦ ਤੋਂ ਬਾਅਦ ਹੋਇਆ ਹੈ। ਇਹ ਅਨੁਮਾਨ ਮੇਰੇ 10 ਦਸੰਬਰ ਦੇ ਪੱਤਰ ਨੰ. 1408 ਦੇ ਨਾਲ ਨੱਥੀ ਸੀ ਅਤੇ ਉਹ ਕੈਦੀਆਂ ਆਮਦ ਤੋਂ ਪਹਿਲਾਂ ਤਿਆਰ ਕੀਤਾ ਗਿਆ ਸੀ ਅਤੇ ਉਹ ਬਿਲਕੁਲ ਇਸ ਕਿਲ੍ਹੇ ’ਚ ਪਹਿਲਾਂ ਤੋਂ ਕੈਦ ਸੱਤ ਹੋਰ ਸਰਕਾਰੀ ਕੈਦੀਆਂ ਲਈ ਪ੍ਰਵਾਨਿਤ ਪੈਮਾਨੇ ਵਰਗਾ ਸੀ।

ਮੈਨੂੰ ਅਫ਼ਸੋਸ ਹੈ ਕਿ ਮੈਂ ਚੁਨਾਰ ਦੀਆਂ ਕੀਮਤਾਂ ਦੀ ਮੌਜੂਦਾ ਦਰ ਦੇ ਮੁਕਾਬਲੇ ਕੈਦੀਆਂ ਦੀ ਦੇਖਭਾਲ ਦੀ ਲਾਗਤ ਹੋਰ ਘਟਾਉਣ ਤੋਂ ਅਸਮਰੱਥ ਹਾਂ ਅਤੇ ਅਸੀਰਗੜ੍ਹ ਦੀਆਂ ਦਰਾਂ ਤੋਂ ਜ਼ਾਹਿਰ ਹੋਵੇਗਾ ਕਿ ਇੱਥੋਂ ਦੀਆਂ ਦਰਾਂ ਤੋਂ ਕਿਤੇ ਜ਼ਿਆਦਾ ਹਨ। ਇਹ ਸੰਭਵ ਹੈ ਕਿ ਚੁਨਾਰ ਦੇ ਆਫ਼ੀਸਰ ਕਮਾਂਡਿੰਗ ਦੇ ਚਾਰਜ ਅਧੀਨ ਹੋਰਨਾਂ ਕੈਦੀਆਂ ਨੂੰ ਹਿਰਾਸਤ ’ਚ ਰੱਖਣ ਲਈ ਇੱਕ ਜੇਲ੍ਹ ਸਥਾਪਨਾ ਇੰਚਾਰਜ ਹੀ 2 ਕੂਕਾ ਕੈਦੀਆਂ ਲਈ ਉਪਲਬਧ ਹੈ। ਇਸ ਕਿਲ੍ਹੇ ’ਚ ਸੰਬਲਪੁਰ ਸਰਕਾਰੀ ਕੈਦੀਆਂ ਲਈ ਪ੍ਰਵਾਨਿਤ ਛੋਟੀ ਸਥਾਪਨਾ ’ਚ ਕੂਕਾ ਕੈਦੀਆਂ ਨੂੰ ਰੱਖਣ ਲਈ ਵਾਜਬ ਜਗ੍ਹਾ ਵੀ ਨਹੀਂ ਹੈ। ਇਸ ਸਥਾਪਨਾ ਦੀ ਕੁੱਲ ਮਾਸਿਕ ਲਾਗਤ ਹਾਸ਼ੀਏ ’ਤੇ ਦਰਜ ਅਨੁਸਾਰ 27.80 ਰੁਪਏ ਹੈ ਅਤੇ ਕੈਦੀਆਂ ਨੂੰ ਇੱਥੇ ਪੁੱਜਦੇ ਸਾਰ ਆਮ ਕੱਪੜੇ ਦਿੱਤੇ ਗਏ ਹਨ ਕਿਉਂਕਿ ਅਜਿਹਾ ਕਰਨਾ ਸਫ਼ਾਈ ਵਿਵਸਥਾ ਦੇ ਮੱਦੇਨਜ਼ਰ ਬਹੁਤ ਜ਼ਰੂਰੀ ਸੀ ਅਤੇ ਖਾਣਾ ਪਕਾਉਣ ’ਤੇ ਹੋਣ ਵਾਲਾ ਖ਼ਰਚਾ ਵੀ ਡਾਢਾ ਜ਼ਰੂਰੀ ਹੈ, ਜਿਸ ਨੂੰ ਟਾਲ਼ਿਆ ਹੀ ਨਹੀਂ ਜਾ ਸਕਦਾ।

| | |
|---|---|
| ਲੇਖਕ @7 ਰੁਪਏ ਪ੍ਰਤੀ ਮਹੀਨਾ | 7.00 ਰੁ. |
| ਬ੍ਰਾਹਮਣ ਰਸੋਈਆ | 8.00 ਰੁ. |
| ਘਰੇਲੂ ਸੇਵਕ | 3.00 ਰੁ. |
| ਧੋਬੀ | 2.00 ਰੁ. |
| ਮਾਸ਼ਕੀ | 4.00 ਰੁ. |
| ਨਾਈ | 1.00 ਰੁ. |
| ਸਫ਼ਾਈ ਸੇਵਕ | 2.80 ਰੁ. |
| ਕੁੱਲ ਜੋੜ | 27.80 ਰੁ. |

2. ਕਮਾਂਡੈਂਟ ਕਰਨਲ ਮਟਰ ਦਾ ਕਹਿਣਾ ਹੈ ਕਿ ਇਨ੍ਹਾਂ ਕੈਦੀਆਂ ਦੀ ਬੀਤੀ 15 ਦਸੰਬਰ ਨੂੰ ਆਮਦ ਦੇ ਨਾਲ ਹੀ ਖ਼ਰਚੇ ਦੀ ਐਡਜਸਟਮੈਂਟ ਕੀਤੀ ਗਈ ਹੈ, ਉਨ੍ਹਾਂ ਦੀ ਦੇਖਭਾਲ ਨਾਲ ਸੰਬੰਧਤ ਬਿੱਲ (ਉਨ੍ਹਾਂ ਦੀਆਂ ਕਾਪੀਆਂ) ਹਰੇਕ ਮਹੀਨੇ ਦੇ ਅੰਤ ’ਤੇ ਸਰਕਾਰ ਦੇ ਸਕੱਤਰ, ਸਿਆਸੀ ਵਿਭਾਗ ਨੂੰ ਭੇਜੇ ਜਾਂਦੇ ਰਹੇ ਹਨ ਅਤੇ ਉਨ੍ਹਾਂ ਦੀ ਐਡਜਸਟਮੈਂਟ ਦੀ ਬੇਨਤੀ ਕੀਤੀ ਜਾਂਦੀ ਹੈ, 3 ਮਹੀਨਿਆਂ ਦੇ ਇਕਰਾਰਨਾਮੇ ਦਾ ਪੈਸਾ ਹਾਲੇ ਲੈਣਾ ਹੈ।

ਮੈਨੂੰ ਮਾਣ ਹੈ ਸ੍ਰੀਮਾਨ ਜੀ,
ਹਸਤਾਖਰ/–...
ਵੱਲੋਂ ਆਫ਼ਿਸ਼ੀਏਟਿੰਗ ਕੁਆਰਟਰ ਮਾਸਟਰ ਜਨਰਲ,
ਥਲ ਸੈਨਾ

## 359

*ਅਸੀਰਗੜ੍ਹ, 10 ਅਪ੍ਰੈਲ, 1873*

ਵੱਲੋਂ

ਕਮਾਂਡੈਂਟ, ਅਸੀਰਗੜ੍ਹ।

ਵੱਲ

ਸਕੱਤਰ, ਸਰਕਾਰ, ਸਿਆਸੀ ਵਿਭਾਗ, ਬੰਬਈ।

ਸ੍ਰੀਮਾਨ ਜੀ,

ਮੈਨੂੰ ਇਹ ਤੁਹਾਡੇ ਧਿਆਨ ਹਿਤ ਲਿਆਉਣ ਦਾ ਮਾਣ ਹਾਸਲ ਹੋਇਆ ਹੈ ਕਿ ਗੈਰੀਸਨ ਸਰਜਨ ਨੇ ਰਿਪੋਰਟ ਕੀਤੀ ਹੈ ਕਿ ਇਸ ਕਿਲ੍ਹੇ ਅੰਦਰ ਕੈਦ 'ਚ ਰੱਖੇ ਕੂਕਾ ਕੈਦੀਆਂ ਦੀ ਸਿਹਤ ਦਾ ਧਿਆਨ ਰੱਖਣ ਲਈ ਉਨ੍ਹਾਂ ਨੂੰ ਦੇਸੀ ਮੰਜੀਆਂ ਮੁਹੱਈਆ ਕਰਵਾਉਣਾ ਜ਼ਰੂਰੀ ਹੈ, ਕਿਉਂਕਿ ਉਨ੍ਹਾਂ ਦੇ ਕਮਰਿਆਂ ਦੇ ਫ਼ਰਸ਼ਾਂ 'ਤੇ ਪੈਣ ਨਾਲ ਛਾਤੀ ਦੇ ਰੋਗਾਂ ਦੀਆਂ ਸ਼ਿਕਾਇਤਾਂ ਅਤੇ ਗਠੀਆ ਰੋਗ ਹੋ ਸਕਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ 3 ਰੁਪਏ ਪ੍ਰਤੀ ਮੰਜੀ ਦੀ ਲਾਗਤ 'ਤੇ ਤਿੰਨ ਮੰਜੀਆਂ ਦੀ ਕੁੱਲ ਲਾਗਤ ਨੌਂ ਰੁਪਏ ਦਾ ਖ਼ਰਚਾ ਪ੍ਰਵਾਨ ਕੀਤਾ ਜਾਵੇ।

ਮੈਂ ਇਹ ਬੇਨਤੀ ਕਰਨ ਦਾ ਮਾਣ ਵੀ ਹਾਸਲ ਕਰ ਰਿਹਾ ਹਾਂ ਕਿ ਕ੍ਰਿਪਾ ਕਰ ਕੇ ਮੈਨੂੰ ਇਹ ਸੂਚਿਤ ਕਰ ਦੇਵੋ ਕਿ ਕੀ ਇਨ੍ਹਾਂ ਕੈਦੀਆਂ ਨਾਲ ਸੰਬੰਧਤ ਮਾਮਲਿਆਂ ਬਾਰੇ ਸਿੱਧਾ ਤੁਹਾਨੂੰ ਜਾਣਕਾਰੀ ਦਿਆ ਕਰਾਂ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/–
ਕਰਨਲ, ਕਮਾਂਡੈਂਟ, ਅਸੀਰਗੜ੍ਹ

ਸੱਚੀ ਕਾਪੀ
ਹਸਤਾਖਰ/–...
ਸੁਪਰਇੰਟੈਂਡੈਂਟ

## 360

ਵੱਲ

ਮੁੱਖ ਸਕੱਤਰ, ਬੌਂਬੇ ਸਰਕਾਰ।

ਸ੍ਰੀਮਾਨ ਜੀ,

ਤੁਹਾਡੇ ਪਿਛਲੇ ਮਹੀਨੇ ਦੀ 28 ਤਰੀਕ ਦੇ ਪੱਤਰ ਨੰ. 2535 ਦੇ ਪੈਰਾ 2 ਦੇ ਹਵਾਲੇ ਨਾਲ, ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਅਸੀਰਗੜ੍ਹ ਦੇ ਕਮਾਂਡੈਂਟ ਨੂੰ ਭਵਿੱਖ 'ਚ ਇਨ੍ਹਾਂ ਕੂਕਾ ਸਰਕਾਰੀ ਕੈਦੀਆਂ ਦੇ ਸਬੰਧ 'ਚ ਹੋਣ ਵਾਲੇ ਖ਼ਰਚਿਆਂ ਬਾਰੇ ਕੇਂਦਰੀ ਸੂਬਿਆਂ ਦੇ ਚੀਫ਼ ਕਮਿਸ਼ਨਰ ਨਾਲ ਚਿੱਠੀ-ਪੱਤਰੀ ਰੱਖਣੀ ਚਾਹੀਦੀ ਹੈ।

ਮੈਂ ਹਾਂ,
ਹਸਤਾਖਰ/–...

# 361

ਦਫ਼ਤਰ, ਗਵਰਨਰ ਜਨਰਲ

(ਗੁਪਤ)

ਭਾਰਤ ਸਰਕਾਰ ਦੇ ਵਿੱਤ ਵਿਭਾਗ 'ਚ ਨੰ. 1959, ਮਿਤੀ ਫ਼ੋਰਟ ਵਿਲੀਅਮ 27 ਮਾਰਚ, 1873 ਦੀਆਂ ਕਾਰਵਾਈਆਂ ਦੇ ਅੰਸ਼।

ਦੋਬਾਰਾ ਪੜ੍ਹੋ–

ਵਿੱਤੀ ਮਤਾ ਨੰ. 1909, ਮਿਤੀ 11 ਅਕਤੂਬਰ, 1872 ਰਾਹੀਂ ਇਹ ਫ਼ੈਸਲਾਕੁੰਨ ਨਿਯਮ ਦਿੱਤਾ ਜਾਂਦਾ ਹੈ ਕਿ ਅਲਾਹਾਬਾਦ ਜੇਲ੍ਹ 'ਚ ਕੂਕਾ ਕੈਦੀਆਂ ਦੀ ਦੇਖਭਾਲ ਤੇ ਨਿਗਰਾਨੀ ਦਾ ਖ਼ਰਚ ਉੱਤਰ-ਪੱਛਮੀ ਸੂਬਿਆਂ ਦੀ ਸੂਬਾਈ ਆਮਦਨ 'ਚੋਂ ਕੀਤਾ ਜਾਵੇਗਾ।

ਇੱਥੇ ਹੇਠਾਂ ਦਿੱਤੇ ਦਸਤਾਵੇਜ਼ ਪੜ੍ਹੋ:

1. ਗ੍ਰਹਿ ਵਿਭਾਗ ਦੀ ਤਸਦੀਕ, ਨੰ. 2003 ਮਿਤੀ 31 ਅਕਤੂਬਰ, 1872, ਬੌਂਬੇ ਸਰਕਾਰ ਨੂੰ ਸੰਬੋਧਤ ਪੱਤਰ ਦੇ ਅੰਸ਼ ਭੇਜੇ ਜਾ ਰਹੇ ਹਨ, ਜਿਨ੍ਹਾਂ ਰਾਹੀਂ ਬੌਂਬੇ ਰਸਤੇ ਅਸੀਰਗੜ੍ਹ ਤੇ ਅਦਨ ਭੇਜੇ ਗਏ ਕੂਕਾ ਕੈਦੀਆਂ ਨੂੰ ਰੱਖਣ ਦੇ ਖਾਤੇ 'ਤੇ ਹੋਣ ਵਾਲੇ ਅਨੁਮਾਨਤ ਖ਼ਰਚਿਆਂ 450 ਰੁਪਏ (ਅਸੀਰਗੜ੍ਹ) ਤੇ 200 ਰੁਪਏ (ਅਦਨ) ਦੀ ਪ੍ਰਵਾਨਗੀ ਦਿੱਤੀ ਗਈ ਹੈ।

ਬੌਂਬੇ ਸਰਕਾਰ ਵੱਲੋਂ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਨੂੰ ਚਿੱਠੀ ਨੰ. 7041, 30 ਨਵੰਬਰ, 1872, ਜਿਸ ਰਾਹੀਂ ਕੇਂਦਰੀ ਸੂਬਿਆਂ ਦੇ ਚੀਫ਼ ਕਮਿਸ਼ਨਰ ਦਾ ਇੱਕ ਪੱਤਰ ਭੇਜਿਆ ਗਿਆ ਸੀ, ਜਿਸ ਵਿੱਚ ਅਸੀਰਗੜ੍ਹ 'ਚ ਕੈਦੀਆਂ ਨੂੰ ਰੱਖਣ ਦਾ ਅਨੁਮਾਨਿਤ ਖ਼ਰਚ 473 ਰੁਪਏ ਦੱਸਿਆ ਗਿਆ ਸੀ।

ਭਾਰਤ ਸਰਕਾਰ ਦੇ ਵਿਭਾਗ ਵੱਲੋਂ ਬੌਂਬੇ ਸਰਕਾਰ ਨੂੰ ਚਿੱਠੀ ਨੰ. ਮਿਤੀ 9 ਜਨਵਰੀ, 1873, ਜਿਸ ਵਿੱਚ ਅਦਨ 'ਚ ਕੂਕਿਆਂ ਨੂੰ ਹਿਰਾਸਤ 'ਚ ਰੱਖਣ ਦੇ ਸਾਰੇ ਖ਼ਰਚਿਆਂ ਨੂੰ ਵਿਕੇਂਦ੍ਰੀਕ੍ਰਿਤ ਕਰਨ ਦੀ ਗੱਲ ਆਖੀ ਗਈ ਸੀ, ਜਿਸ ਵਿੱਚ ਕੈਦੀਆਂ ਦੇ ਆਉਣ ਤੋਂ ਪਹਿਲਾਂ ਇਮਾਰਤ 'ਚ ਵਾਧਾ ਕਰਨ ਦੀ ਲਾਗਤ ਵੀ ਸ਼ਾਮਲ ਸੀ, ਇਹ ਸਭ ਦਾਖ਼ਲ ਕਰ ਲਿਆ ਗਿਆ ਸੀ ਤੇ ਇਹ ਸਾਰੇ ਖ਼ਰਚੇ ਸੂਬਾਈ ਆਮਦਨਾਂ 'ਚੋਂ ਹੀ ਪੂਰੇ ਕਰਨੇ ਹੋਣਗੇ।

ਬੌਂਬੇ ਸਰਕਾਰ ਵੱਲੋਂ ਚਿੱਠੀ ਨੰ. 1194, ਮਿਤੀ 22 ਫ਼ਰਵਰੀ, 1873, ਜਿਸ ਵਿੱਚ ਇਹ ਦੱਸਿਆ ਗਿਆ ਹੈ ਕਿ ਖ਼ਰਚਾ ਕਿਉਂ ਬੰਬਈ ਦੀਆਂ ਸੂਬਾਈ ਆਮਦਨਾਂ 'ਚੋਂ ਨਹੀਂ ਕੀਤਾ ਜਾਣਾ ਚਾਹੀਦਾ।

2. ਗ੍ਰਹਿ ਵਿਭਾਗ ਦੀ ਤਸਦੀਕ ਨੰ. 251, ਮਿਤੀ 29 ਜਨਵਰੀ, 1873, ਜਿਸ ਰਾਹੀਂ ਪਿਛਲੇ ਦਸਤਾਵੇਜ਼ ਭੇਜੇ ਜਾ ਰਹੇ ਹਨ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਨੂੰ ਸੰਬੋਧਤ ਪੱਤਰ ਦੀ ਕਾਪੀ, ਜਿਸ ਰਾਹੀਂ ਚੁਨਾਰ ਕਿਲ੍ਹੇ 'ਚ ਕੈਦ ਕਰ ਕੇ ਰੱਖੇ ਗਏ ਦੋ ਕੂਕਾ ਕੈਦੀਆਂ ਦੀ ਦੇਖਭਾਲ ਤੇ ਨਿਗਰਾਨੀ ਲਈ ਵੱਧ ਤੋਂ ਵੱਧ 52-14 ਰੁਪਏ

ਪ੍ਰਤੀ ਮਹੀਨਾ ਅਤੇ ਉਨ੍ਹਾਂ ਦੇ ਕੱਪੜਿਆਂ ਲਈ 2 ਰੁਪਏ ਦੀ ਰਾਸ਼ੀ ਦੀ ਅਦਾਇਗੀ ਦੀ ਪ੍ਰਵਾਨਗੀ ਦਿੱਤੀ ਗਈ ਸੀ।

3. ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਵੱਲੋਂ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਲਿਖੀ ਚਿੱਠੀ ਨੰ. 58ਏ, ਮਿਤੀ 14 ਫ਼ਰਵਰੀ, 1873, ਜਿਸ ਰਾਹੀਂ ਇਸ ਆਧਾਰ ’ਤੇ 14 ਅਕਤੂਬਰ, 1872 ਦੇ ਉਪਰੋਕਤ ਪੜ੍ਹੇ ਆਦੇਸ਼ਾਂ ’ਤੇ ਮੁੜ-ਵਿਚਾਰ ਕਰਨ ਦੀ ਬੇਨਤੀ ਕੀਤੀ ਗਈ ਸੀ ਕਿ ਇਨ੍ਹਾਂ ਸੂਬਿਆਂ ’ਚ ਕੈਦ ਹੋਰ ਸਿਆਸੀ ਕੈਦੀਆਂ (ਚੁਨਾਰ ਕਿਲ੍ਹੇ ’ਚ ਕੈਦ ਵਿਅਕਤੀਆਂ ਸਮੇਤ, ਜਿੱਥੇ ਹੁਣ ਕੂਕਾ ਕੈਦੀਆਂ ਨੂੰ ਰੱਖਿਆ ਗਿਆ ਹੈ) ’ਤੇ ਹੋਣ ਵਾਲੇ ਖ਼ਰਚੇ ਤਾਂ ਸ਼ਾਹੀ ਸਾਮਰਾਜੀ ਫ਼ੰਡਾਂ ’ਚੋਂ ਕੀਤੇ ਜਾ ਰਹੇ ਹਨ।

ਪ੍ਰਸਤਾਵ – ਮੁੜ ਵਿਚਾਰਨ ’ਤੇ, ਗਵਰਨਰ ਜਨਰਲ-ਇਨ-ਕੌਂਸਲ ਦਾ ਇਹ ਮੰਨਣਾ ਹੈ ਕਿ ਸਰਕਾਰੀ ਕੈਦੀਆਂ ਦੇ ਖਰਚੇ “ਸਿਆਸੀ ਖ਼ਰਚੇ” ਸਿਰਲੇਖ ਅਧੀਨ ਸ਼ਾਹੀ ਸਾਮਰਾਜੀ ਬਜਟ ’ਚ ਦਰਸਾਏ ਜਾਣੇ ਚਾਹੀਦੇ ਹਨ ਅਤੇ ਮਹਾਮਹਿਮ-ਇਨ-ਕੌਂਸਲ ਨੂੰ ਪਿਛਲਾ ਹੁਕਮ ਰੱਦ ਕਰਦਿਆਂ ਇਸ ਫ਼ੈਸਲਾਕੁੰਨ ਨਿਯਮ ਬਾਰੇ ਦੱਸਦੇ ਹੋਏ ਖ਼ੁਸ਼ੀ ਹੋ ਰਹੀ ਹੈ ਕਿ ਇੱਥੇ ਹਾਸ਼ੀਏ ’ਤੇ ਦਰਸਾਏ ਸਾਰੇ ਸਥਾਨਾਂ ’ਤੇ ਕੂਕਾ ਕੈਦੀਆਂ ’ਤੇ ਹੋਣ ਵਾਲਾ ਖ਼ਰਚਾ ਉਨ੍ਹਾਂ ਸੂਬਿਆਂ ਦੇ ਸ਼ਾਹੀ ਸਾਮਰਾਜੀ ਬਜਟਾਂ ਦੇ ਸਿਆਸੀ ਖ਼ਰਚੇ ਵਜੋਂ ਸਮਝਿਆ ਜਾਵੇਗਾ, ਜਿਹੜੇ ਸੂਬਿਆਂ ’ਚ ਕੈਦੀਆਂ ਨੂੰ ਰੱਖਿਆ ਗਿਆ ਹੈ।

| | |
|---|---|
| ਉੱਤਰ-ਪੱਛਮੀ ਸੂਬੇ... | (ਅਲਾਹਾਬਾਦ) |
| ਕੇਂਦਰੀ ਸੂਬੇ... | (ਚੁਨਾਰ) |
| ਬੌਂਬੇ... | ਅਸੀਰਗੜ੍ਹ |
| ... | ਅਦਨ |

*ਹੁਕਮ।* – ਹੁਕਮ ਦਿੱਤਾ ਗਿਆ ਕਿ ਇਸ ਪ੍ਰਸਤਾਵ ਦੀ ਇੱਕ ਕਾਪੀ ਗ੍ਰਹਿ ਵਿਭਾਗ ਨੂੰ ਭੇਜੀ ਜਾਵੇ ਤੇ ਪ੍ਰਾਪਤ ਕੀਤੇ ਗਏ ਅਸਲ ਦਸਤਾਵੇਜ਼ ਵਾਪਸ ਭੇਜੇ ਜਾਣ।

ਇਹ ਹੁਕਮ ਵੀ ਦਿੱਤਾ ਗਿਆ ਕਿ ਇਸ ਪ੍ਰਸਤਾਵ ਦੀ ਇੱਕ ਕਾਪੀ ਬੰਬਈ ਦੇ ਅਕਾਊਂਟੈਂਟਸ ਜਨਰਲ, ਉੱਤਰ-ਪੱਛਮੀ ਸੂਬਿਆਂ ਅਤੇ ਕੇਂਦਰੀ ਸੂਬਿਆਂ ਦੇ ਡਿਪਟੀ ਅਕਾਊਂਟੈਂਟ ਜਨਰਲ ਨੂੰ ਭੇਜੀ ਜਾਵੇ।

(ਸਹੀ ਅੰਸ਼)<br>
ਡਾ. ਬਾਰਬਰ,<br>
ਕਾਰਜਕਾਰੀ ਅਧੀਨ ਸਕੱਤਰ, ਭਾਰਤ ਸਰਕਾਰ,<br>
ਵਿੱਤੀ ਵਿਭਾਗ।

ਨੰ. 9/11

ਕਾਪੀ ਬੌਂਬੇ ਸਰਕਾਰ ਨੂੰ ਸੂਚਨਾ ਹਿਤ ਭੇਜ ਦਿੱਤੀ ਗਈ।

ਗ੍ਰਹਿ ਵਿਭਾਗ ਹਸਤਾਖਰ/- ਏ.ਸੀ. ਲਾਇਲ,<br>
ਫ਼ੋਰਟ ਵਿਲੀਅਮ, ਸਕੱਤਰ, ਭਾਰਤ ਸਰਕਾਰ।<br>
*8 ਅਪ੍ਰੈਲ, 1873*

## 362

*ਨੰ. 15* *ਮਿਤੀ ਚੁਨਾਰ, 30 ਨਵੰਬਰ, 1872*

*ਵੱਲੋਂ*

ਮੇਜਰ ਡਬਲਿਊ.ਐੱਸ. ਯੰਗ,
ਕਮਾਂਡੈਂਟ, ਚੁਨਾਰ ਅਤੇ
ਸਿਆਸੀ ਕੈਦੀਆਂ ਦੇ ਇੰਚਾਰਜ।

*ਵੱਲ*

ਏ. ਸ਼ੇਕਸਪੀਅਰ, ਐਸਕ., 5ਵੇਂ ਜਾਂ ਬਨਾਰਸ ਡਿਵੀਜ਼ਨਾਂ ਦੇ ਕਮਿਸ਼ਨਰ।

ਮੈਨੂੰ ਤੁਹਾਡੇ ਇਸੇ ਮਹੀਨੇ ਦੀ 28 ਤਰੀਕ ਦੇ ਪੱਤਰ ਨੰ. 299 ਦੀ ਪ੍ਰਾਪਤੀ ਬਾਰੇ ਸੂਚਿਤ ਕਰਨ ਅਤੇ ਜਵਾਬ 'ਚ ਇਹ ਦੱਸਣ ਦਾ ਮਾਣ ਹਾਸਲ ਹੋਇਆ ਹੈ ਕਿ ਦੋ ਕੂਕਾ ਕੈਦੀਆਂ ਮਾਨ ਸਿੰਘ ਤੇ ਹੁਕਮਾ ਸਿੰਘ ਦੀ ਦੇਖਭਾਲ ਤੇ ਨਿਗਰਾਨੀ ਦੀ ਸੰਭਾਵੀ ਲਾਗਤ ਦਾ ਅਨੁਮਾਨ ਭੇਜਣ ਤੋਂ ਪਹਿਲਾਂ ਕ੍ਰਿਪਾ ਕਰ ਕੇ ਮੈਨੂੰ ਇਹ ਜਾਣਕਾਰੀ ਦੇ ਕੇ ਧੰਨਵਾਦੀ ਬਣਾਉਣਾ ਚਾਹੀਦਾ ਹੈ ਕਿ ਇਨ੍ਹਾਂ ਦੋਵੇਂ ਵਿਅਕਤੀਆਂ ਦਾ ਸਮਾਜਕ ਰੁਤਬਾ ਕੀ ਹੋਣਾ ਚਾਹੀਦਾ ਹੈ; ਮੇਰਾ ਮਤਲਬ ਹੈ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਉਨ੍ਹਾਂ ਦੀ ਜਾਤੀ ਤੇ ਉਨ੍ਹਾਂ ਦੇ ਰਹਿਣੀ-ਬਹਿਣੀ ਦੀ ਵਿਧੀ। ਜੇ ਇਹ ਵਿਅਕਤੀ ਹੇਠਲੇ ਪੱਧਰ ਦੇ ਹਨ, ਹੋ ਸਕਦਾ ਹੈ ਕਿ ਭਾਰਤ ਸਰਕਾਰ ਵੱਲੋਂ ਪਹਿਲਾਂ ਮਾਸਿਕ ਖ਼ਰਚੇ ਵਜੋਂ ਦਿੱਤੀਆ ਕੈਦੀਆਂ (ਜੋ ਬਨਾਰਸ 'ਚ ਨਿਗਰਾਨੀ ਅਧੀਨ ਹਨ) ਲਈ ਪ੍ਰਵਾਨ ਕੀਤੀ ਪ੍ਰਤੀ ਵਿਅਕਤੀ ਰਾਸ਼ੀ ਇਨ੍ਹਾਂ ਵਿਅਕਤੀਆਂ ਦੇ ਮਾਮਲੇ 'ਚ ਲਾਗੂ ਹੋਵੇ। ਜੇ ਉਨ੍ਹਾਂ ਦੇ ਕੋਈ ਨਿਜੀ ਸੇਵਕ ਹਨ ਜਾਂ ਉਨ੍ਹਾਂ ਨੂੰ ਕੋਈ ਖ਼ਾਸ ਇਜਾਜ਼ਤ ਦਿੱਤੀ ਗਈ ਹੈ, ਇਸ ਗੱਲ ਦਾ ਖ਼ਾਸ ਖ਼ਿਆਲ ਰੱਖਣਾ ਹੋਵੇਗਾ ਅਤੇ ਉਸ ਹਾਲਤ 'ਚ ਵੱਡੀ ਮਦਦ ਹੋਵੇਗੀ ਜੇ ਤੁਸੀਂ ਉਸ ਅਧਿਕਾਰੀ ਤੋਂ ਇਨ੍ਹਾਂ ਦੋਵੇਂ ਵਿਅਕਤੀਆਂ ਦੀ ਖ਼ੁਰਾਕ ਦੇ ਖ਼ਰਚੇ ਦਾ ਇੱਕ ਮੈਮੋਰੈਂਡਮ ਹਾਸਲ ਕਰ ਸਕੋ, ਜਿਸ ਦੇ ਅਧੀਨ ਉਹ ਇਸ ਵੇਲੇ ਹਨ।

2. ਸਾਡੇ ਕੋਲ ਪਹਿਲਾਂ 12 ਵਿਅਕਤੀ ਹਨ, ਜੋ ਸਰਕਾਰੀ ਜੇਲ੍ਹ* 'ਚ ਰਹਿ ਰਹੇ ਹਨ, ਇਸੇ ਲਈ ਉਨ੍ਹਾਂ ਨੂੰ ਰੱਖਣ 'ਚ ਔਖ ਹੋਵੇਗੀ ਕਿਉਂਕਿ ਉੱਥੇ ਸਿਰਫ਼ ਵਰਾਂਡਿਆਂ ਵਾਲੇ ਚਾਰ ਕਮਰੇ ਹਨ।

3. ਕ੍ਰਿਪਾ ਕਰ ਕੇ ਮੈਨੂੰ ਇਹ ਜਾਣਕਾਰੀ ਵੀ ਦਿੱਤੀ ਜਾਵੇ ਕਿ ਇਨ੍ਹਾਂ ਦੋਵੇਂ ਵਿਅਕਤੀਆਂ ਨੂੰ ਕਿੰਨੇ ਕੁ ਦਰਜੇ ਦੀਆਂ ਪਾਬੰਦੀਆਂ 'ਚ ਰੱਖਣਾ ਹੈ ਅਤੇ ਨਾਲ ਇਹ ਵੀ ਦੱਸਣ ਦੀ ਕ੍ਰਿਪਾਲਤਾ ਕੀਤੀ ਜਾਵੇ ਕਿ ਕੀ ਇਹ ਦੋਵੇਂ ਸ਼ਾਂਤ-ਚਿੱਤ ਵਾਲੇ ਅਤੇ ਵਧੀਆ ਵਿਵਹਾਰ ਵਾਲੇ ਵਿਅਕਤੀ ਹਨ ਕਿ ਜਾਂ ਜੇਲ੍ਹ ਦੇ ਨਾੱਨ-ਕਮਿਸ਼ਨਡ ਸਟਾਫ਼ ਲਈ ਕੋਈ ਮੁਸੀਬਤ ਖੜ੍ਹੀ ਕਰ ਸਕਦੇ ਹਨ?

*ਅਰਬ 'ਚ ਬਹਿਰੀਨ ਤੋਂ ਪੰਜ ਅਰਬ ਮੁਖੀ ਅਤੇ ਉਪਰੋਕਤ ਮੁਖੀਆਂ ਦੇ ਨਬੀਅਨ ਪੈਰੋਕਾਰ। ਹਕੀਮ ਸੰਮੋ ਸ਼ਾਹ (ਟੌਂਕ ਦੇ) ਨੂੰ ਰਿਮਾਂਡ 'ਤੇ ਹਿਰਾਸਤ 'ਚ ਰੱਖਿਆ ਗਿਆ ਹੈ (ਫ਼ਰਾਰ ਹੋਣ ਦੀ ਕੋਸ਼ਿਸ਼ ਦੇ ਸ਼ੱਕ ਵਿੱਚ), ਜਿਸ ਬਾਰੇ ਵਿਦੇਸ਼ ਸਕੱਤਰ ਦੇ ਹੁਕਮ ਹਾਲੇ ਆਉਣੇ ਹਨ।

## 363

*ਨੰ. 18* *ਮਿਤੀ ਚੁਨਾਰ, 3 ਦਸੰਬਰ, 1872*

ਵੱਲੋਂ

ਮੇਜਰ ਵਾਇ.ਐੱਸ. ਯੰਗ, ਕਮਾਂਡੈਂਟ, ਚੁਨਾਰ ਅਤੇ
ਸਿਆਸੀ ਕੈਦੀਆਂ ਦਾ ਇੰਚਾਰਜ।

ਵੱਲ

ਏ. ਸ਼ੇਕਸਪੀਅਰ, ਐਸਕ., ਕਮਿਸ਼ਨਰ 5ਵੀਂ ਜਾਂ ਬਨਾਰਸ ਡਿਵੀਜ਼ਨ।

ਹਾਸ਼ੀਏ 'ਤੇ ਦਰਜ ਤੁਹਾਡੇ ਪਤੇ 'ਤੇ ਮੇਰੀ ਚਿੱਠੀ ਦੀ ਨਿਰੰਤਰਤਾ 'ਚ, ਅਲਾਹਾਬਾਦ ਤੋਂ ਪਿੱਛੇ ਜਿਹੇ ਪੁੱਜੇ ਦੋ ਕੂਕਾ ਕੈਦੀਆਂ ਮਾਨ ਸਿੰਘ ਤੇ ਹੁਕਮਾ ਸਿੰਘ ਦੀ ਕੈਦ 'ਚ ਦੇਖਭਾਲ ਤੇ ਨਿਗਰਾਨੀ 'ਤੇ ਹੋਣ ਵਾਲੇ ਮਾਸਿਕ ਖ਼ਰਚੇ ਦੀ ਸੰਭਾਵੀ ਲਾਗਤ ਦਾ ਅਨੁਮਾਨ ਪੇਸ਼ ਕਰਨ ਦਾ ਮਾਣ ਮੈਨੂੰ ਹਾਸਲ ਹੋਇਆ ਹੈ।

ਨੰ. 15, ਮਿਤੀ 30 ਨਵੰਬਰ, 1872

2. ਅਨੁਮਾਨ ਧਿਆਨਪੂਰਵਕ ਤਿਆਰ ਕੀਤਾ ਗਿਆ ਹੈ ਅਤੇ ਵਿਭਿੰਨ ਵਸਤਾਂ ਲਈ ਭੁਗਤਾਨ ਦੀ ਔਸਤ ਦਰ ਨਿਸ਼ਚਿਤ ਕੀਤੀ ਗਈ ਹੈ। ਇਹ ਵੇਖਿਆ ਜਾਵੇਗਾ ਕਿ ਇਸ 'ਚ ਤਿੰਨ ਸੇਵਕਾਂ ਦੀ ਤਨਖ਼ਾਹ ਸ਼ਾਮਲ ਹੈ, ਜੋ ਪ੍ਰਤੀ ਕੈਦੀ ਪ੍ਰਤੀ ਮਹੀਨਾ ਔਸਤਨ 26-8 ਰੁਪਏ ਜਾਂ ਦੋ ਵਿਅਕਤੀਆਂ ਲਈ 53 ਰੁਪਏ ਪ੍ਰਤੀ ਮਹੀਨਾ ਹੋਵੇਗੀ।

ਇਹ ਦੋਵੇਂ ਵਿਅਕਤੀ ਆਖਦੇ ਹਨ ਕਿ ਉਨ੍ਹਾਂ ਨੂੰ ਅਫ਼ੀਮ ਖਾਣ ਦੀ ਆਦਤ ਹੈ ਅਤੇ ਗੈਰੀਸਨ ਸਰਜਨ ਡਾ. ਡੰਕਨ ਨੇ ਇਨ੍ਹਾਂ ਦੋਵੇਂ ਵਿਅਕਤੀਆਂ ਦੀ ਸਿਹਤ ਰਿਪੋਰਟ 'ਚ ਬਿਆਨ ਕੀਤਾ ਹੈ ਕਿ ਹੁਕਮਾ ਸਿੰਘ ਨੂੰ ਦਵਾਈ ਵਜੋਂ ਇਹ ਲੈਣੀ ਹੀ ਪਵੇਗੀ।

3. ਅਨੁਮਾਨ ਦੇ ਦੂਜੇ ਪਾਸੇ ਮੈਂ ਇਨ੍ਹਾਂ ਦੋਵੇਂ ਕੈਦੀਆਂ ਲਈ ਲੋੜੀਂਦੀਆਂ ਵਸਤਾਂ ਦੀ ਸੂਚੀ ਦਿੱਤੀ ਹੈ। ਇਹ ਖ਼ਰਚਾ ਖ਼ਾਸ ਹੈ ਤੇ ਦੋਬਾਰਾ ਨਹੀਂ ਹੋਵੇਗਾ ਅਤੇ ਕ੍ਰਿਪਾ ਕਰ ਕੇ ਲੋੜੀਂਦੀ ਰਾਸ਼ੀ 33-0-3 ਰੁਪਏ ਦੀ ਅਦਾਇਗੀ ਲਈ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੀ ਪ੍ਰਵਾਨਗੀ ਹਾਸਲ ਕਰਵਾ ਦਿੱਤੀ ਜਾਵੇ।

4. ਇਨ੍ਹਾਂ ਵਿਅਕਤੀਆਂ ਦੇ ਕੱਪੜੇ ਬੇਹੱਦ ਪੁਰਾਣੇ ਲਗਦੇ ਹਨ। ਮੈਨੂੰ ਲੱਗਦਾ ਹੈ ਕਿ ਇਨ੍ਹਾਂ ਨੂੰ ਤੁਰੰਤ ਬਦਲਣ ਦੀ ਜ਼ਰੂਰਤ ਨਹੀਂ ਪਵੇਗੀ। ਜਦੋਂ ਲੋੜ ਪਈ, ਮੈਂ ਇਹ ਮਾਮਲਾ ਤੁਹਾਡੇ ਧਿਆਨ ਹਿਤ ਲਿਆਵਾਂਗਾ।

5. ਕ੍ਰਿਪਾ ਕਰ ਕੇ ਮੈਨੂੰ ਇਹ ਜਾਣਕਾਰੀ ਵੀ ਦਿੱਤੀ ਜਾਵੇ ਕਿ ਇਨ੍ਹਾਂ ਦੋਵੇਂ ਵਿਅਕਤੀਆਂ ਦੀ ਦੇਖਭਾਲ ਤੇ ਨਿਗਰਾਨੀ ਲਈ ਪ੍ਰਵਾਨਿਤ ਫ਼ੰਡ ਕਿਸ ਖ਼ਜ਼ਾਨੇ 'ਚੋਂ ਲੈਣੇ ਚਾਹੀਦੇ ਹਨ? ਸਾਡਾ ਸਟੇਸ਼ਨ ਮੁੱਖ ਤੌਰ 'ਤੇ ਮਿਰਜ਼ਾਪੁਰ ਖ਼ਜ਼ਾਨੇ ਨਾਲ ਜੁੜਿਆ ਹੋਇਆ ਹੈ, ਇੰਝ ਪ੍ਰਵਾਨਗੀ ਨਾਲ ਭੁਗਤਾਨ ਲਈ ਮਾਸਿਕ ਬਿੱਲ ਉੱਥੇ ਪੇਸ਼ ਕੀਤਾ ਜਾ ਸਕਦਾ ਹੈ।

1 ਦਸੰਬਰ, 1872 ਦੀ ਰਾਤ ਨੂੰ ਚੁਨਾਰ ਪੁੱਜੇ ਦੋ ਕੂਕਾ ਸਿਆਸੀ ਸਰਕਾਰੀ ਕੈਦੀਆਂ ਮਾਨ ਸਿੰਘ ਤੇ ਹੁਕਮਾ ਸਿੰਘ ਦੀ ਦੇਖਭਾਲ ਤੇ ਨਿਗਰਾਨੀ ਉੱਤੇ ਹੋਣ ਵਾਲੇ ਖ਼ਰਚੇ ਦਾ ਅਨੁਮਾਨ।

| **ਵਸਤਾਂ** | **ਪ੍ਰਤੀ ਮਹੀਨਾ** | | |
|---|---|---|---|
| | *ਰੁਪਏ* | *ਆਨੇ* | *ਪੈਸੇ* |
| (1) ਦੋ ਮਾਸ਼ਾ ਅਫ਼ੀਮ ਰੋਜ਼ਾਨਾ, *1-1/4 ਛਟਾਂਕ ਪ੍ਰਤੀ ਮਹੀਨਾ 16 ਰੁਪਏ ਪ੍ਰਤੀ ਸੇਰ ਦੀ ਦਰ ਨਾਲ। | 1 | 4 | 0 |
| (2) ਦੋ ਸੇਰ ਦੁੱਧ ਰੋਜ਼ਾਨਾ, 1-1/2 ਮਣ ਪ੍ਰਤੀ ਮਹੀਨਾ, 16 ਸੇਰ ਪ੍ਰਤੀ ਰੁਪਏ ਦੀ ਦਰ 'ਤੇ। | 3 | 12 | 0 |
| (3) ਅੱਠ ਛਟਾਂਕ ਖੰਡ ਪ੍ਰਤੀ ਦਿਨ, 15 ਸੇਰ ਪ੍ਰਤੀ ਮਹੀਨਾ, 3 ਸੇਰ ਪ੍ਰਤੀ ਰੁਪਏ ਦੀ ਦਰ 'ਤੇ। | 5 | 0 | 0 |
| (4) ਅੱਠ ਛਟਾਂਕ ਘਿਓ ਪ੍ਰਤੀ ਦਿਨ, 15 ਸੇਰ ਪ੍ਰਤੀ ਮਹੀਨਾ, 1-1/4 ਸੇਰ ਪ੍ਰਤੀ ਰੁਪਏ ਦੀ ਦਰ 'ਤੇ। | 12 | 0 | 0 |
| (5) ਦੋ ਸੇਰ ਆਟਾ ਪ੍ਰਤੀ ਦਿਨ, 1-1/2 ਮਣ ਪ੍ਰਤੀ ਮਹੀਨਾ, 12 ਸੇਰ ਪ੍ਰਤੀ ਰੁਪਏ ਦੀ ਦਰ 'ਤੇ। | 5 | 0 | 0 |
| (6) ਇੱਕ ਸੇਰ ਚੌਲ਼ ਪ੍ਰਤੀ ਦਿਨ, 30 ਸੇਰ ਪ੍ਰਤੀ ਮਹੀਨਾ, 8 ਸੇਰ ਪ੍ਰਤੀ ਰੁਪਏ ਦੀ ਦਰ 'ਤੇ। | 3 | 12 | 0 |
| (7) ਅੱਠ ਛਟਾਂਕ ਦਾਲ (ਉੜਦ) ਪ੍ਰਤੀ ਦਿਨ, 15 ਸੇਰ ਪ੍ਰਤੀ ਮਹੀਨਾ, 12 ਸੇਰ ਪ੍ਰਤੀ ਰੁਪਏ ਦੀ ਦਰ 'ਤੇ। | 1 | 4 | 0 |
| (8) ਇੱਕ ਛਟਾਂਕ ਲੂਣ ਪ੍ਰਤੀ ਦਿਨ, 1 ਸੇਰ 1-1/4 ਛਟਾਂਕ ਪ੍ਰਤੀ ਮਹੀਨਾ, 5 ਸੇਰ ਪ੍ਰਤੀ ਰੁਪਏ ਦੀ ਦਰ 'ਤੇ। | 0 | 6 | 0 |
| (9) ਇੱਕ ਛਟਾਂਕ ਬਾਜ਼ਾਰੀ ਮਸਾਲਾ ਪ੍ਰਤੀ ਦਿਨ, 1 ਸੇਰ 1-1/4 ਛਟਾਂਕ ਪ੍ਰਤੀ ਮਹੀਨਾ ਇੱਕ ਸੇਰ ਪ੍ਰਤੀ ਰੁਪਏ। | 1 | 14 | 0 |

* ਇਨ੍ਹਾਂ ਵਿਅਕਤੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੋਵਾਂ ਨੂੰ ਸਦਾ ਅਫ਼ੀਮ ਲੈਣ ਦੀ ਇਜਾਜ਼ਤ ਸੀ। ਹੁਕਮਾ ਸਿੰਘ ਪਹਿਲਾਂ ਹੀ ਇਸ ਨਸ਼ੇ ਦੀ ਲਤ ਤੋਂ ਪੀੜਤ ਹੈ - ਐੱਸਐੱਸਵਾਇ।

| | | | |
|---|---|---|---|
| (10) ਇੱਕ ਸੇਰ ਸਬਜ਼ੀ ਪ੍ਰਤੀ ਦਿਨ, 30 ਸੇਰ ਪ੍ਰਤੀ ਮਹੀਨਾ, 16 ਸੇਰ ਪ੍ਰਤੀ ਰੁਪਏ ਦੀ ਦਰ ’ਤੇ। | 1 | 14 | 0 |
| (11) ਦੋ ਸੇਰ ਬਾਲਣ ਵਾਲੀ ਲੱਕੜ ਰੋਜ਼ਾਨਾ, 7-1/2 ਮਣ ਪ੍ਰਤੀ ਮਹੀਨਾ, 3 ਮਣ ਪ੍ਰਤੀ ਰੁਪਏ। | 2 | 8 | 0 |
| (12) ਦੋ ਛਟਾਂਕ ਤੇਲ ਪ੍ਰਤੀ ਦਿਨ, 3 ਸੇਰ 1-1/2 ਛਟਾਂਕ ਪ੍ਰਤੀ ਮਹੀਨਾ, 5 ਸੇਰ ਪ੍ਰਤੀ ਰੁਪਏ। | 1 | 4 | 0 |
| **ਕੁੱਲ ਜੋੜ** | **39** | **14** | **0** |

**ਸੇਵਕ**

| | *ਰੁਪਏ* | *ਆਨੇ* | *ਪੈਸੇ* |
|---|---|---|---|
| (1) 1 ਬ੍ਰਾਹਮਣ ਰਸੋਈਆ | 5 | 0 | 0 |
| (2) 1 ਕਹਾਰ | 5 | 0 | 0 |
| (3) 1 ਧੋਬੀ | 3 | 0 | 0 |
| | **13** | **0** | **0** |
| **ਕੁੱਲ ਜੋੜ** | **52** | **14** | **0** |

*ਚੁਨਾਰ:*
*3 ਦਸੰਬਰ, 1872*

ਡਬਲਿਊ.ਐੱਸ. ਯੰਗ, ਮੇਜਰ,
ਕਮਾਂਡਿੰਗ, ਚੁਨਾਰ।

ਉਹ ਵਸਤਾਂ ਜੋ ਪਹਿਲਾਂ ਹੀ ਦੋ ਕੈਦੀਆਂ ਲਈ ਆਰਡਰ ਕੀਤੀਆਂ ਜਾ ਚੁੱਕੀਆਂ ਸਨ ਕਿਉਂਕਿ ਜਦੋਂ ਪੁੱਜੇ ਸਨ, ਤਾਂ ਉਨ੍ਹਾਂ ਕੋਲ ਕੁਝ ਵੀ ਨਹੀਂ ਸੀ, ਉਨ੍ਹਾਂ ਦੀ ਪ੍ਰਵਾਨਗੀ ਹਾਲੇ ਲੈਣੀ ਹੈ।

| | *ਰੁਪਏ* | *ਆਨੇ* | *ਪੈਸੇ* |
|---|---|---|---|
| 1 ਲੋਹੇ ਦੀ ਕੜਾਹੀ ਦੁੱਧ ਉਬਾਲਣ ਲਈ | 2 | 0 | 0 |
| 1 ਪਿੱਤਲ ਦਾ ਚਮਚਾ | 0 | 12 | 0 |
| 1 ਲੋਹੇ ਦਾ ਚਮਚਾ | 0 | 2 | 0 |

| | | | | |
|---|---|---|---|---|
| 2 ਪਿੱਤਲ ਦੀਆਂ ਬਲਟੋਚੀਆਂ | 5 | 0 | 0 | |
| 2 ਪਿੱਤਲ ਦੀਆਂ ਥਾਲ਼ੀਆਂ | | 5 | 0 | 0 |
| 1 ਤਾਂਬੇ ਦਾ ਗਗੜਾ (ਪਾਣੀ ਲਿਆਉਣ ਤੇ ਸਟੋਰ ਕਰਨ ਲਈ) | | 6 | 0 | 0 |
| 2 ਕਟੋਰੇ | | 0 | 1 | 0 |
| 1 ਜੋੜੀ ਟੌਂਗਜ਼ | | 2 | 0 | 0 |
| 2 ਲੋਟੇ | | 3 | 0 | 0 |
| 2 ਦਰੀਆਂ (ਬਿਸਤਰਿਆਂ ਲਈ) | | 6 | 0 | 0 |
| 1 ਜਾਲ | | 0 | 4 | 0 |
| 2 ਘੜੇ | | 0 | 0 | 6 |
| 2 ਚੁੱਲ੍ਹੇ | | 0 | 1 | 0 |
| 8 ਹਾਂਡੀਆਂ | | 0 | 10 | 0 |
| 2 ਝਾੜੂਆਂ | | 0 | 0 | 3 |
| 1 ਲੋਹੇ ਦਾ ਤਵਾ | | 0 | 8 | 0 |
| **ਕੁੱਲ ਜੋੜ** | | **33** | **0** | **3** |

ਡਬਲਿਊ.ਐੱਸ. ਯੰਗ, ਮੇਜਰ,
ਕਮਾਂਡਿੰਗ, ਚੁਨਾਰ।

---

**ਨੋਟ:–** ਸਰਕਾਰੀ ਜੇਲ੍ਹ 'ਚ ਖਾਣਾ ਪਕਾਉਣ ਵਾਲੀ ਕੋਈ ਚੀਜ਼ ਨਹੀਂ ਹੈ। ਕੈਦੀਆਂ ਦੇ ਹਰੇਕ ਸੈੱਟ ਨੂੰ ਇਹ ਵਸਤਾਂ ਹਰੇਕ ਵਿਅਕਤੀ ਦੀ ਵਿਅਕਤੀਗਤ ਵਰਤੋਂ ਲਈ ਮੁਹੱਈਆ ਕਰਵਾਈਆਂ ਗਈਆਂ ਹਨ, ਇਹ ਕੈਦੀ ਕਿਉਂਕਿ ਵੱਖੋ-ਵੱਖਰੀਆਂ ਜਾਤਾਂ ਤੇ ਸਿਧਾਂਤਾਂ ਨਾਲ ਜੁੜੇ ਹੋਏ ਹਨ।

-ਡਬਲਿਊ.ਐੱਸ.ਵਾਇ.

## 364

*ਨੰ. 339* *ਮਿਤੀ ਕੈਂਪ ਗੋਰਖਪੁਰ, 9 ਦਸੰਬਰ, 1872*

*ਵੱਲੋਂ*

ਏ. ਸ਼ੇਕਸਪੀਅਰ, ਐਸਕ.,
ਕਮਿਸ਼ਨਰ, 5ਵੀਂ ਜਾਂ ਬਨਾਰਸ ਡਿਵੀਜ਼ਨ।

*ਵੱਲ*

ਸੀ.ਏ. ਈਲੀਅਟ, ਐਸਕ.,
ਸਕੱਤਰ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ।

ਪਿਛਲੇ ਮਹੀਨੇ ਦੀ 22 ਤਰੀਕ ਦੀ ਤੁਹਾਡੀ ਤਸਦੀਕ ਨੰ. 231ਏ 'ਚ ਦਰਜ ਹਦਾਇਤਾਂ ਅਨੁਸਾਰ ਕੂਕਾ ਕੈਦੀਆਂ ਮਾਨ ਸਿੰਘ ਤੇ ਹੁਕਮਾ ਸਿੰਘ ਲਈ ਲੋੜੀਂਦੇ ਭੱਤਿਆਂ ਬਾਰੇ ਮੈਂ ਚੁਨਾਰ ਦੇ ਕਮਾਂਡਿੰਗ ਆਫ਼ੀਸਰ ਨਾਲ ਚਿੱਠੀ-ਪੱਤਰੀ ਕੀਤੀ ਸੀ ਅਤੇ ਮੈਨੂੰ ਇਸ ਵਿਸ਼ੇ 'ਤੇ ਉਸ ਅਧਿਕਾਰੀ ਵੱਲੋਂ ਪ੍ਰਾਪਤ ਦੋ ਅਸਲ ਪੱਤਰ ਭੇਜਣ ਦਾ ਮਾਣ ਹਾਸਲ ਹੋਇਆ ਹੈ।

2. ਮੇਜਰ ਯੰਗ ਦੀ ਪਹਿਲੀ ਚਿੱਠੀ ਇਨ੍ਹਾਂ ਕੈਦੀਆਂ ਦੇ ਚੁਨਾਰ ਪੁੱਜਣ ਤੋਂ ਪਹਿਲਾਂ ਲਿਖੀ ਗਈ ਸੀ। ਆਪਣੀ ਦੂਜੀ ਚਿੱਠੀ ਨਾਲ ਉਨ੍ਹਾਂ ਇਨ੍ਹਾਂ ਵਿਅਕਤੀਆਂ ਦੀ ਦੇਖਭਾਲ ਤੇ ਨਿਗਰਾਨੀ ਦੀ ਅਨੁਮਾਨਿਤ ਲਾਗਤ ਭੇਜੀ ਸੀ, ਜਿਸ ਨਾਲ ਉਨ੍ਹਾਂ ਵਸਤਾਂ ਦੀ ਸੂਚੀ ਵੀ ਸੀ, ਜਿਹੜੀਆਂ ਉਨ੍ਹਾਂ ਨੂੰ ਤੁਰੰਤ ਦੇਣੀਆਂ ਜ਼ਰੂਰੀ ਪਾਈਆਂ ਗਈਆਂ ਹਨ।

3. ਚੁਨਾਰ ਦੇ ਇਸ ਆਫ਼ੀਸਰ ਕਮਾਂਡਿੰਗ ਨੂੰ ਕਿਉਂਕਿ ਅਜਿਹੇ ਮਾਮਲਿਆਂ ਦਾ ਤਜਰਬਾ ਹੈ, ਮੇਰੀ ਸਿਫ਼ਾਰਸ਼ ਹੈ ਕਿ ਖ਼ੁਰਾਕ ਅਤੇ ਪਹਿਲਾਂ ਹੀ ਦਿੱਤੀਆਂ ਜਾ ਚੁੱਕੀਆਂ ਵਸਤਾਂ ਲਈ ਉਸ ਦਾ ਅਨੁਮਾਨ ਪ੍ਰਵਾਨ ਕਰ ਦਿੱਤਾ ਜਾਵੇ।

4. ਅੰਤ 'ਚ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਲੋੜੀਂਦੇ ਫ਼ੰਡ ਮਿਰਜ਼ਾਪੁਰ ਖ਼ਜ਼ਾਨੇ 'ਚੋਂ ਕਢਵਾਏ ਜਾਣਗੇ।

**(ਦਸਤਾਵੇਜ਼ 49 ਸੀ)**

*ਨੰ. 21* *ਮਿਤੀ ਚੁਨਾਰ, 18 ਦਸੰਬਰ, 1873*

*ਵੱਲੋਂ*

ਮੇਜਰ ਵਾਇ.ਐੱਸ. ਯੰਗ, ਕਮਾਂਡੈਂਟ, ਚੁਨਾਰ ਅਤੇ
ਸਿਆਸੀ ਕੈਦੀਆਂ ਦਾ ਇੰਚਾਰਜ।

*ਵੱਲ*

ਸੀ.ਏ. ਈਲੀਅਟ, ਐਸਕ.,
ਸਕੱਤਰ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ।

ਮੈਨੂੰ ਆਪਣੇ ਵੱਲੋਂ ਬਨਾਰਸ ਦੀ 5ਵੀਂ ਡਿਵੀਜ਼ਨ ਦੇ ਕਮਿਸ਼ਨਰ ਨੂੰ ਸੰਬੋਧਿਤ ਆਪਣੇ ਇੱਕ ਪੱਤਰ ਤੇ ਉਸ ਨਾਲ ਮੌਜੂਦ ਦਸਤਾਵੇਜ਼, ਜਿਸ ਦਾ ਵੇਰਵਾ ਹਾਸ਼ੀਏ 'ਤੇ ਦਰਜ ਹੈ, ਭੇਜਣ ਦਾ ਮਾਣ ਹਾਸਲ ਹੋਇਆ ਹੈ, ਜੋ ਪਿੱਛੇ ਜਿਹੇ ਅਲਾਹਾਬਾਦ ਤੋਂ ਇੱਥੇ ਹਿਰਾਸਤ 'ਚ ਰੱਖੇ ਜਾਣ ਲਈ ਪੁੱਜੇ ਦੋ ਕੂਕਾ ਸਰਕਾਰੀ ਕੈਦੀਆਂ (ਮਾਨ ਸਿੰਘ ਅਤੇ ਹੁਕਮਾ ਸਿੰਘ) ਦੀ ਦੇਖਭਾਲ ਤੇ ਨਿਗਰਾਨੀ ਦੀ ਮਾਸਿਕ ਲਾਗਤ ਨਾਲ ਸੰਬੰਧਤ ਹੈ। ਹਾਲੇ ਕਮਿਸ਼ਨਰ ਦਾ ਜਵਾਬ ਨਹੀਂ ਆਇਆ, ਇਸੇ ਲਈ ਮੈਂ ਸਿੱਧਾ ਹੀ ਇਸ ਵਿਸ਼ੇ 'ਤੇ ਆਪ ਜੀ ਨੂੰ ਸੰਬੋਧਨ ਕਰ ਰਿਹਾ ਹਾਂ ਕਿਉਂਕਿ ਹਾਲੇ ਹਵਾਲਾ ਅਧੀਨ ਨੁਕਤੇ 'ਤੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੇ ਹੁਕਮ ਲੈਣ 'ਚ ਵੀ ਸਮਾਂ ਲੱਗਣਾ ਹੈ; ਇਸ

ਨੰ. 18, ਮਿਤੀ 3 ਦਸੰਬਰ, 1872, ਦੋ ਕੂਕਾ ਸਰਕਾਰੀ ਕੈਦੀਆਂ ਦੀ ਦੇਖਭਾਲ ਤੇ ਨਿਗਰਾਨੀ ਦੇ ਅਨੁਮਾਨ ਨਾਲ

ਦੌਰਾਨ ਉਨ੍ਹਾਂ ਦੇ ਭੋਜਨ ਤੇ ਹੋਰ ਵਸਤਾਂ ਦਾ ਕੰਟਰੈਕਟ ਲਟਕਦਾ ਰਹੇਗਾ।

2. ਆਪਣੇ ਮੌਜੂਦਾ ਪੱਤਰ ਨਾਲ, ਮੈਂ ਇਨ੍ਹਾਂ ਦੋ ਕੈਦੀਆਂ ਕੋਲ ਅਲਾਹਾਬਾਦ ਤੋਂ ਪ੍ਰਾਪਤ ਕੱਪੜਿਆਂ ਦੀ ਸੂਚੀ ਭੇਜਣ ਦੀ ਇਜਾਜ਼ਤ ਚਾਹੁੰਦਾ ਹਾਂ। ਬਹੁਤੀਆਂ ਵਸਤਾਂ ਬਹੁਤ ਪੁਰਾਣੀਆਂ ਹਨ ਅਤੇ ਵੇਲਾ ਵਿਹਾਅ ਚੁੱਕੀਆਂ ਹਨ ਅਤੇ ਮੈਂ ਇਸ ਬਾਰੇ ਮਾਣਯੋਗ ਸਾਹਿਬ ਦੇ ਹੁਕਮ ਲੈਣਾ ਚਾਹਾਂਗਾ ਕਿ ਇਨ੍ਹਾਂ ਦੋਵੇਂ ਵਿਅਕਤੀਆਂ ਨੂੰ ਨਵੇਂ ਕੱਪੜੇ ਕਿਸ ਵਿਧੀ ਰਾਹੀਂ ਦੇਣੇ ਹੋਣਗੇ ਭਾਵ ਕੀ ਨਵੇਂ ਕੱਪੜੇ ਕਿਸੇ ਖ਼ਾਸ ਵਰਣਿਤ ਮੌਕੇ ਮੌਜੂਦਾ ਅਨੁਪਾਤ 'ਚ ਦੇਣੇ ਹੋਣਗੇ ਕਿ ਜਾਂ ਜਦੋਂ ਵੀ ਕੋਈ ਕੱਪੜਾ ਫਟੇ, ਤਦ ਦੇਣਾ ਹੈ; ਨਾਲ ਹੀ ਇਹ ਵੀ ਕਿ ਕੀ ਮੈਨੂੰ ਕੱਪੜਿਆਂ ਦੇ ਉਨ੍ਹਾਂ ਬਿੱਲਾਂ ਦੀ ਰਕਮ ਲਈ ਮਿਰਜ਼ਾਪੁਰ (ਬਿਲਕੁਲ ਲਾਗਲੇ) ਖ਼ਜ਼ਾਨੇ 'ਚ ਜਾਣਾ ਹੋਵੇਗਾ, ਇਨ੍ਹਾਂ ਦੇ ਨਾਲ ਖ਼ਰੀਦੀਆਂ ਵਸਤਾਂ ਤੇ ਉਨ੍ਹਾਂ ਦੀਆਂ ਕਈ ਕੀਮਤਾਂ ਦੀ ਇੱਕ ਪ੍ਰਮਾਣਿਤ ਸੂਚੀ ਨਾਲ ਨੱਥੀ ਕੀਤੀ ਜਾਂਦੀ ਹੈ। ਮੌਜੂਦਾ ਕੱਪੜੇ ਦੋ ਜਾਂ ਤਿੰਨ ਮਹੀਨੇ ਹੋਰ ਚੱਲ ਜਾਣਗੇ।

3. ਛੇਤੀ ਹੁਕਮਾਂ ਲਈ ਬੇਨਤੀ।

ਬਾਅਦ 'ਚ ਜੋੜੀ ਲਿਖਤ – ਮੈਂ ਇਸ ਮਾਮਲੇ ਦੀ ਜਾਣਕਾਰੀ ਚਾਹਾਂਗਾ ਕਿ ਕੀ ਮੈਂ ਇਨ੍ਹਾਂ ਦੋ ਕੂਕਾ ਕੈਦੀਆਂ ਦੇ ਸਬੰਧ 'ਚ ਤੁਹਾਨੂੰ ਸਿੱਧਾ ਸੰਬੋਧਨ ਕਰਨ ਲਈ ਆਜ਼ਾਦ ਹਾਂ (ਜਿਵੇਂ ਹੋਰ ਕੈਦੀਆਂ ਅਤੇ ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ ਦੇ ਮਾਮਲੇ 'ਚ ਹੈ) ਕਿ ਜਾਂ 5ਵੀਂ ਡਿਵੀਜ਼ਨ ਦੇ ਕਮਿਸ਼ਨਰ ਰਾਹੀਂ ਕਰਾਂ।

1 ਦਸੰਬਰ, 1872 ਨੂੰ ਕੂਕਾ ਸਰਕਾਰੀ ਕੈਦੀਆਂ ਮਾਨ ਸਿੰਘ ਤੇ ਹੁਕਮਾ ਸਿੰਘ ਦੀ ਚੁਨਾਰ ਕਿਲ੍ਹੇ 'ਚ ਆਮਦ ਮੌਕੇ ਉਨ੍ਹਾਂ ਕੋਲ ਮੌਜੂਦ ਕੱਪੜਿਆਂ ਦੀ ਸੂਚੀ।

| **ਮਾਨ ਸਿੰਘ ਕੋਲ** | | **ਹੁਕਮਾ ਸਿੰਘ ਕੋਲ** | |
|---|---|---|---|
| *ਵਸਤਾਂ* | *ਗਿਣਤੀ* | *ਵਸਤਾਂ* | *ਗਿਣਤੀ* |
| ਪਜਾਮਾ | 2 | ਪਜਾਮਾ | 2 |
| ਕੁੜਤਾ | 2 | ਕੁੜਤਾ | 2 |
| ਸਾਫ਼ਾ | 2 | ਸਾਫ਼ਾ | 1 |
| ਚਾਦਰ | 1 | ਚਾਦਰ | 1 |
| ਆਸਣ | 2 | ਆਸਣ | ,, |
| ਧੋਤੀ | 1 | ਧੋਤੀ | ,, |
| ਗੁਦੜੀ | 2 | ਗੁਦੜੀ | 2 |
| ਕੰਬਲ | 2 | ਕੰਬਲ | 2 |
| ਲੋਈ | ,, | ਲੋਈ | 2 |

ਚੁਨਾਰ
2 ਦਸੰਬਰ, 1872

ਡਬਲਿਊ.ਐੱਸ. ਯੰਗ, ਮੇਜਰ,
ਕਮਾਂਡੈਂਟ, ਚੁਨਾਰ

## 365

*ਮਿਤੀ ਫ਼ੋਰਟ ਵਿਲੀਅਮ, 26 ਜਨਵਰੀ, 1873*

ਵੱਲ

ਸਕੱਤਰ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ।

ਸ੍ਰੀਮਾਨ ਜੀ,

ਮੈਨੂੰ ਤੁਹਾਡਾ ਇਸੇ ਮਹੀਨੇ ਦੀ 11 ਤਰੀਕ ਦਾ ਪੱਤਰ ਨੰ. 11ਏ ਪ੍ਰਾਪਤ ਹੋਣ ਦੀ ਜਾਣਕਾਰੀ ਦੇਣ ਅਤੇ ਜਵਾਬ 'ਚ ਇਹ ਆਖਣ ਦੀ ਹਦਾਇਤ ਹੋਈ ਹੈ ਕਿ ਗਵਰਨਰ ਜਨਰਲ-ਇਨ-ਕੌਂਸਲ ਨੂੰ ਚੁਨਾਰ ਕਿਲ੍ਹੇ 'ਚ ਦੋ ਕੂਕਾ ਕੈਦੀਆਂ ਨੂੰ ਹਿਰਾਸਤ 'ਚ ਰੱਖਣ 'ਤੇ ਹੋਣ ਵਾਲੇ ਖ਼ਰਚੇ ਦੀ ਰਾਸ਼ੀ ਵੱਧ ਤੋਂ ਵੱਧ 52-14-0 ਰੁਪਏ ਮਾਸਿਕ ਦੀ ਅਦਾਇਗੀ ਪ੍ਰਵਾਨ ਕਰਨ 'ਚ ਖ਼ੁਸ਼ੀ ਹੁੰਦੀ ਹੈ। ਭੋਜਨ ਦੇ ਭੱਤੇ ਤੋਂ ਇਲਾਵਾ ਕੱਪੜਿਆਂ ਲਈ ਪ੍ਰਤੀ ਕੈਦੀ 2/- ਰੁਪਏ ਦੀ ਇੱਕ ਨਿਸ਼ਚਿਤ ਮਾਸਿਕ ਰਾਸ਼ੀ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

2. ਮੈਂ ਇਹ ਨੁਕਤਾ ਜੋੜਦਾ ਹਾਂ ਕਿ ਕੈਦੀਆਂ ਨੂੰ ਅਫ਼ੀਮ ਸਿਰਫ਼ ਨਿਆਂਇਕ ਅਧਿਕਾਰੀ ਦੀ ਮੌਜੂਦਗੀ ਤੇ ਉਨ੍ਹਾਂ ਦੇ ਹੁਕਮ ਨਾਲ ਹੀ ਦਿੱਤੀ ਜਾਣੀ ਚਾਹੀਦੀ ਹੈ।

ਮੈਂ ਹਾਂ,

ਨੰ. 237 ਹਸਤਾਖਰ/-

ਵਿੱਤ ਵਿਭਾਗ ਨਾਲ ਚਿੱਠੀ- ਆਫ਼ਿਸ਼ੀਏਟਿੰਗ ਅਧੀਨ ਸਕੱਤਰ

ਪੱਤਰੀ ਦੀ ਕਾਪੀ ਭੇਜੀ ਜਾਂਦੀ ਹੈ।

## 366

ਗਵਰਨਰ ਜਨਰਲ ਦੀ ਦਫ਼ਤਰੀ ਫ਼ਾਈਲ

ਚੁਨਾਰ ਦੇ ਕਮਾਂਡੈਂਟ (ਸਿਆਸੀ ਕੈਦੀਆਂ ਦੇ ਇੰਚਾਰਜ) ਮੇਜਰ ਡਬਲਿਊ. ਸੌਡਨ ਯੰਗ ਵੱਲੋਂ 1 ਜਨਵਰੀ, 1874 ਨੂੰ ਲਿਖੀ ਚਿੱਠੀ ਦਾ ਅੰਸ਼।

4. ਮੈਂ ਬੇਹੱਦ ਸਤਿਕਾਰ ਨਾਲ ਮਹਾਮਹਿਮ-ਇਨ-ਕੌਂਸਲ ਦੇ ਧਿਆਨ ਗੋਚਰੇ ਇਹ ਗੱਲ ਲਿਆਵਾਂਗਾ ਕਿ ਦੋ ਕੂਕਾ ਕੈਦੀਆਂ ਦੇ ਕੱਪੜੇ ਖ਼ਰੀਦਣ ਲਈ ਪ੍ਰਵਾਨ ਕੀਤੀ ਰਾਸ਼ੀ ਥੋੜ੍ਹੀ ਹੈ। ਇਨ੍ਹਾਂ ਦੋਵੇਂ ਵਿਅਕਤੀਆਂ ਦੀ ਦੇਖਭਾਲ ਤੇ ਉਨ੍ਹਾਂ ਦੀ ਨਿਗਰਾਨੀ ਲਈ ਅਤੇ ਉਨ੍ਹਾਂ ਦੇ ਕੱਪੜਿਆਂ, ਬਿਸਤਰਿਆਂ, ਜੁੱਤੀਆਂ ਤੇ ਹੋਰ ਲੋੜੀਂਦੀਆਂ ਵਸਤਾਂ ਅਤੇ ਖਾਣਾ ਪਕਾਉਣ ਵਾਲੇ ਬਰਤਨਾਂ ਤੇ ਯੰਤਰਾਂ ਦੇ ਨਾਲ-ਨਾਲ ਬਹੁਤ ਲੋੜੀਂਦੇ ਬਰਤਨਾਂ ਦੀ ਮੁਰੰਮਤ ਜਾਂ ਉਨ੍ਹਾਂ ਦੀ ਤਬਦੀਲੀ ਲਈ 2/- ਰੁਪਏ (ਦੋ ਰੁਪਏ) ਪ੍ਰਤੀ ਵਿਅਕਤੀ ਜਾਂ ਦੋ ਵਿਅਕਤੀਆਂ ਵਾਸਤੇ 48 ਰੁਪਏ (ਅੜ੍ਹਤਾਲ਼ੀ ਰੁਪਏ) ਸਾਲਾਨਾ ਪ੍ਰਵਾਨ ਕੀਤੇ ਗਏ ਹਨ; 12 ਮਹੀਨਿਆਂ ਦੇ ਤਜਰਬੇ ਤੋਂ ਬਾਅਦ ਮੈਂ ਇਹ ਰਿਪੋਰਟ ਕਰਨ ਦੀ ਇਜਾਜ਼ਤ ਚਾਹੁੰਦਾ ਹਾਂ ਕਿ ਉਪਰੋਕਤ ਰਾਸ਼ੀ ਬਹੁਤ ਘੱਟ ਹੈ ਤੇ ਇਸ ਨਾਲ ਕੱਪੜਿਆਂ ਦੇ ਬਿਸਤਰਿਆਂ ਦੇ ਮਾਮਲੇ 'ਚ ਦੋ ਕੈਦੀਆਂ ਦਾ ਵਾਜਬ

ਤਰੀਕੇ ਗੁਜ਼ਾਰਾ ਔਖਾ ਹੈ। ਉਨ੍ਹਾਂ ਦੇ ਖਾਣੇ ਲਈ ਪਾਸ ਕੀਤਾ ਮਾਸਿਕ ਭੱਤਾ ਕਾਫ਼ੀ ਹੈ। ਔਕੜ ਇਸ ਕਾਰਣ ਵਧਦੀ ਹੈ, ਕਿਉਂਕਿ ਉਪਰੋਕਤ ਮੰਤਵ ਲਈ ਪ੍ਰਵਾਨ ਕੀਤੀ ਰਾਸ਼ੀ 4 ਰੁਪਏ (ਚਾਰ ਰੁਪਏ) ਮਾਸਿਕ ਕਿਸ਼ਤਾਂ 'ਚ ਭੁਗਤਾਨਯੋਗ ਹੈ, ਜਦੋਂ ਤੱਕ (ਛੇ ਕੁ ਮਹੀਨਿਆਂ 'ਚ) ਕੁਝ ਠੀਕ-ਠਾਕ ਰਾਸ਼ੀ ਇਕੱਠੀ ਨਹੀਂ ਹੋ ਜਾਂਦੀ, ਤਦ ਤੱਕ ਸਿਰਫ਼ ਛੋਟੀ-ਮੋਟੀ ਖ਼ਰੀਦਦਾਰੀ ਹੀ ਕੀਤੀ ਜਾ ਸਕੇਗੀ। ਇਸ ਲਈ ਮੈਂ ਆਦਰ ਸਹਿਤ ਇਹ ਸੁਝਾਅ ਦੇਵਾਂਗਾ ਕਿ ਹੁਣ ਪ੍ਰਵਾਨਿਤ ਪ੍ਰਤੀ ਵਿਅਕਤੀ ਰਾਸ਼ੀ 2 ਰੁਪਏ (ਦੋ ਰੁਪਏ) ਤੋਂ ਵਧਾ ਕੇ 3 ਰੁਪਏ (ਤਿੰਨ ਰੁਪਏ) ਪ੍ਰਤੀ ਮਹੀਨਾ ਕਰ ਦਿੱਤੀ ਜਾਵੇ, ਜੋ 72/- ਰੁਪਏ (ਬਹੱਤਰ ਰੁਪਏ) ਸਾਲਾਨਾ ਕੱਪੜਿਆਂ, ਬਿਸਤਰਿਆਂ, ਜੁੱਤੀਆਂ ਤੇ ਹੋਰ ਛੋਟੀਆਂ-ਮੋਟੀਆਂ ਵਸਤਾਂ ਬਦਲਣ ਲਈ ਹੋਵੇਗੀ; ਅਤੇ ਇਹ ਪ੍ਰਵਾਨਗੀ ਕਮਾਂਡੈਂਟ (ਜਾਂ ਆਫ਼ਿਸ਼ੀਏਟਿੰਗ ਕਮਾਂਡੈਂਟ) ਨੂੰ ਦਿੱਤੀ ਜਾਵੇ ਕਿ ਉਹ ਦੋ ਕੂਕਿਆਂ ਦੇ ਕੱਪੜੇ ਖ਼ਰੀਦਣ ਲਈ ਤੈਅਸ਼ੁਦਾ ਮਾਸਿਕ ਭੱਤਾ ਪ੍ਰਾਪਤ ਕਰਨ ਹਿਤ ਕਿਸੇ ਵੀ ਸਮੇਂ ਮਿਰਜ਼ਾਪੁਰ ਦੇ ਕੁਲੈਕਟਰ ਸਾਹਵੇਂ ਬਿੱਲ ਤੇ ਵਾਜਬ ਵਾਊਚਰ; *ਸਮੇਂ* ਅਤੇ *ਰਾਸ਼ੀ* ਦੀਆਂ ਉਪਰੋਕਤ ਸੀਮਾਵਾਂ ਦੇ ਅੰਦਰ-ਅੰਦਰ ਜਮ੍ਹਾ ਕਰਵਾ ਸਕਣ।

ਨੰ. 101ਪੀ

ਉਕਤ ਅੰਸ਼ (ਪੈਰਾ: 4) ਨਿਬੇੜੇ ਲਈ ਗ੍ਰਹਿ ਵਿਭਾਗ ਨੂੰ ਭੇਜਿਆ ਜਾਂਦਾ ਹੈ।

ਵਿਦੇਸ਼ ਵਿਭਾਗ — ਬਾਹੁਕਮ,
(ਸਿਆਸੀ) — ਹਸਤਾਖਰ/-
ਫ਼ੋਰਟ ਵਿਲੀਅਮ, — ਅਧੀਨ ਸਕੱਤਰ, ਭਾਰਤ ਸਰਕਾਰ।
10 ਜਨਵਰੀ, 1874

## 367

*ਜੁਡੀਸ਼ੀਅਲ, ਬੀ.ਪੀ., 7 ਜੂਨ, ਨੰ. 321*

ਨੰ. 133
ਗ੍ਰਹਿ ਵਿਭਾਗ
(ਜੇਯੂਡੀਐੱਲ)

ਕਲਕੱਤਾ, 23 ਜਨਵਰੀ, 1874

ਵੱਲ

ਸਕੱਤਰ, ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ।

ਸ੍ਰੀਮਾਨ ਜੀ,

ਇਸ ਦਫ਼ਤਰ ਦੇ ਪੱਤਰ ਨੰ. 250 ਮਿਤੀ 29 ਦੀ ਨਿਰੰਤਰਤਾ 'ਚ, ਮੈਨੂੰ ਚੁਨਾਰ ਦੇ ਕਮਾਂਡੈਂਟ ਦੀ ਚਿੱਠੀ ਦਾ ਇੱਕ ਅੰਸ਼ ਭੇਜਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਉਨ੍ਹਾਂ ਦੇ ਸਟੇਸ਼ਨ 'ਤੇ ਮੌਜੂਦ ਕਿਲ੍ਹੇ 'ਚ ਕੈਦ ਦੋ ਕੂਕਾ ਕੈਦੀਆਂ ਦੇ ਕੱਪੜਿਆਂ

ਤੇ ਹੋਰ ਵਸਤਾਂ ਲਈ ਪ੍ਰਵਾਨ ਕੀਤੀ ਰਾਸ਼ੀ ਨੂੰ ਅਣਉਚਿਤ ਦੱਸਿਆ ਗਿਆ ਹੈ ਅਤੇ ਇਹ ਕਿਹਾ ਗਿਆ ਹੈ ਕਿ ਮਾਣਯੋਗ ਗਵਰਨਰ ਜਨਰਲ-ਇਨ-ਕੌਂਸਲ ਨੂੰ ਇਸ ਖਾਤੇ 'ਚ ਭੱਤੇ ਨੂੰ 48/- ਰੁਪਏ ਤੋਂ ਵਧਾ ਕੇ 72/- ਰੁਪਏ ਸਾਲਾਨਾ ਕਰਨ ਵਿੱਚ ਖ਼ੁਸ਼ੀ ਮਹਿਸੂਸ ਹੁੰਦੀ ਹੈ ਅਤੇ ਮਿਰਜ਼ਾਪੁਰ ਦੇ ਕੁਲੈਕਟਰ ਨੂੰ ਇੱਕ ਤਿਮਾਹੀ ਦੇ ਭੱਤੇ ਦੇ ਸਮਾਨ ਰਾਸ਼ੀ ਪੱਕੇ ਤੌਰ 'ਤੇ ਅਗਾਊਂ ਅਦਾ ਕਰਨ ਦੀ ਪ੍ਰਵਾਨਗੀ ਦੇਣ ਲਈ ਆਖਿਆ ਜਾਵੇ।

ਮੈਂ ਹਾਂ,
ਹਸਤਾਖਰ/-
ਆਫ਼ਿਸ਼ੀਏਟਿੰਗ ਅਧੀਨ ਸਕੱਤਰ।

ਨੰ. 134

ਇਸ ਦੀ ਕਾਪੀ ਚੁਨਾਰ ਦੇ ਸਿਆਸੀ ਕੈਦੀਆਂ ਦੇ ਇੰਚਾਰਜ ਅਧਿਕਾਰੀ ਨੂੰ ਭੇਜੀ ਜਾਂਦੀ ਹੈ।

## 368

ਮੀਮੋ ਨੰ. 68

*ਮਿਤੀ ਲਾਹੌਰ, 15 ਸਤੰਬਰ, 1873*

ਵੱਲ

ਪੁਲਿਸ ਦੇ ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ।

ਕੂਕਿਆਂ ਤੇ ਕੁਝ ਖ਼ਾਸ ਜ਼ਿਲ੍ਹਿਆਂ 'ਚ ਉਨ੍ਹਾਂ ਦੀਆਂ ਹਾਲੀਆ ਗਤੀਵਿਧੀਆਂ ਬਾਰੇ ਪੰਜਾਬ ਸਰਕਾਰ ਦਾ ਇੱਕ ਸਰਕੂਲਰ ਜਾਣਕਾਰੀ ਤੇ ਮਾਰਗ-ਦਰਸ਼ਨ ਹਿਤ ਭੇਜਿਆ ਜਾਂਦਾ ਹੈ।

ਵਿਭਿੰਨ ਸਥਾਨਾਂ 'ਤੇ ਹਾਲੀਆ ਗਤੀਵਿਧੀਆਂ

2. ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟਸ ਨੂੰ ਪੂਰੀ ਤਰ੍ਹਾਂ ਚੌਕਸ ਰਹਿਣ ਅਤੇ ਕਿਸੇ ਵੀ ਮਹੱਤਵਪੂਰਨ ਘਟਨਾ ਬਾਰੇ ਤੁਰੰਤ ਰਿਪੋਰਟ ਕਰਨ ਦੇ ਹੁਕਮ ਜਾਰੀ ਕੀਤੇ ਜਾਣ।

ਰਿਪੋਰਟਾਂ ਤੁਰੰਤ ਭੇਜੀਆਂ ਜਾਣ

## 369

ਮੀਮੋ ਨੰ. 82

*ਮਿਤੀ ਲਾਹੌਰ, 18 ਨਵੰਬਰ, 1873*

ਵੱਲ

ਪੁਲਿਸ ਦੇ ਸਮੂਹ ਡਿਪਟੀ ਇੰਸਪੈਕਟਰਜ਼ ਜਨਰਲ।।

ਕੂਕਿਆਂ ਦੇ ਵਿਸ਼ੇ 'ਤੇ ਸਕੱਤਰ ਵੱਲੋਂ ਪੰਜਾਬ ਸਰਕਾਰ ਨੂੰ ਇਸੇ ਮਹੀਨੇ ਦੀ 8 ਤਰੀਕ ਨੂੰ ਲਿਖੇ ਪੱਤਰ ਨੰ. 4, 191 ਅਤੇ ਉਸ ਦੀ ਅਨੁਕ੍ਰਮਣਿਕਾ ਦੀ ਕਾਪੀ ਭੇਜੀ

ਕੂਕਿਆਂ 'ਤੇ ਚੌਕਸੀ ਨਾਲ ਕੋਈ ਬੇਲੋੜਾ ਵਿਵਾਦ ਖੜ੍ਹਾ ਨਹੀਂ ਹੋਣਾ ਚਾਹੀਦਾ

ਜਾਂਦੀ ਹੈ, ਜਿਸ ਵਿੱਚ ਅਜਿਹੀ ਇੱਛਾ ਪ੍ਰਗਟਾਈ ਗਈ ਹੈ ਕਿ ਇਸ ਸੰਪਰਦਾਇ 'ਤੇ ਚੌਕਸੀ ਰੱਖਦੇ ਸਮੇਂ ਕੁਝ ਅਜਿਹਾ ਖ਼ਿਆਲ ਰੱਖਿਆ ਜਾਵੇ ਕਿ ਕੋਈ ਬੇਲੋੜਾ ਵਿਵਾਦ ਨਾ ਖੜ੍ਹਾ ਹੋਵੇ।

## 370

ਪੰਜਾਬ ਸਰਕਾਰ – ਗ੍ਰਹਿ ਵਿਭਾਗ।
ਗੁਪਤ ਸਰਕੂਲਰ ਨੰ. 71 – 4,190

*ਲਾਹੌਰ, ਮਿਤੀ 8 ਨਵੰਬਰ, 1873*

*ਵੱਲੋਂ*

ਸਕੱਤਰ, ਪੰਜਾਬ ਸਰਕਾਰ।

*ਵੱਲ*

ਪੰਜਾਬ ਦੇ ਸਾਰੇ ਕਮਿਸ਼ਨਰ।

ਕੂਕਿਆਂ ਦੇ ਵਿਸ਼ੇ 'ਤੇ ਸਰਕੂਲਰ ਨੰ. 279ਸੀ*, ਮਿਤੀ ਬੀਤੀ 28 ਅਗਸਤ ਦੇ ਹਵਾਲੇ ਨਾਲ ਸਰਕਾਰ ਕੋਲ ਵਿਭਿੰਨ ਸਰੋਤਾਂ ਤੋਂ ਸੂਚਨਾ ਪੁੱਜੀ ਹੈ ਕਿ ਇਸ ਸੰਪਰਦਾਇ ਦੇ ਮੈਂਬਰ ਹੁਣ ਬੇਹੱਦ ਨਿਰਾਸ਼ ਹਨ ਤੇ ਉਨ੍ਹਾਂ ਦੀ ਗਿਣਤੀ ਘਟਦੀ ਜਾ ਰਹੀ ਹੈ, ਫਿਰ ਵੀ ਪੁਲਿਸ ਵੱਲੋਂ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਚੌਕਸ ਨਜ਼ਰ ਰੱਖੀ ਜਾ ਰਹੀ ਹੈ।

2. ਮਾਣਯੋਗ ਸਾਹਿਬ ਚਾਹੁੰਦੇ ਹਨ ਕਿ ਜ਼ਿਲ੍ਹਾ ਪੁਲਿਸ ਅਧਿਕਾਰੀ ਆਪਣੇ ਵੱਲੋਂ ਚੌਕਸੀ ਵਿੱਚ ਕਿਸੇ ਕਿਸਮ ਦੀ ਕੋਈ ਢਿੱਲ ਨਾ ਦੇਣ, ਉਂਝ ਇਸ ਦੇ ਨਾਲ ਹੀ ਅਜਿਹਾ ਖ਼ਿਆਲ ਰੱਖਣ ਲਈ ਵੀ ਆਖਿਆ ਗਿਆ ਹੈ ਕਿ ਇਸ ਚੌਕਸੀ ਤੋਂ ਕਿਸੇ ਕਿਸਮ ਦਾ ਕੋਈ ਵਿਵਾਦ ਨਾ ਖੜ੍ਹਾ ਹੋਵੇ। ਕੂਕਿਆਂ ਦੀਆਂ ਗਤੀਵਿਧੀਆਂ 'ਤੇ ਲਗਾਤਾਰ ਚੌਕਸ ਨਜ਼ਰ ਰੱਖੀ ਜਾਵੇ ਤੇ ਲੋੜ ਪੈਣ 'ਤੇ ਤੁਰੰਤ ਰਿਪੋਰਟ ਭੇਜੀ ਜਾਵੇ ਪਰ ਸੰਭਵ ਹੱਦ ਤੱਕ, ਵਿਅਕਤੀਆਂ ਨੂੰ ਪਰੇਸ਼ਾਨ ਨਹੀਂ ਕੀਤਾ ਜਾਣਾ ਚਾਹੀਦਾ।

3. ਤੁਹਾਨੂੰ ਆਪਣੀ ਡਿਵੀਜ਼ਨ ਦੇ ਜ਼ਿਲ੍ਹਿਆਂ ਲਈ ਪਿਛਲੇ ਸਰਕੂਲਰਾਂ 'ਚ ਦਰਜ ਹਦਾਇਤਾਂ ਮੁਤਾਬਕ ਸੁਰੱਖਿਆ ਅਧੀਨ ਰੱਖੇ ਗਏ ਕੂਕਿਆਂ ਦੀ ਵਾਪਸੀ ਬਾਰੇ ਜਾਣਕਾਰੀ ਇਕੱਠੀ ਕਰ ਕੇ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ।

ਪੰਜਾਬ ਸਰਕਾਰ, ਗ੍ਰਹਿ ਵਿਭਾਗ ਵੱਲੋਂ ਤਸਦੀਕ।

ਨੰ. 4, 191

*ਮਿਤੀ ਲਾਹੌਰ, 18 ਨਵੰਬਰ, 1873*

ਬੀਤੀ 28 ਅਗਸਤ ਦੇ ਇਸ ਦਫ਼ਤਰ ਦੇ ਸਰਕੂਲਰ ਨੰ. *279ਸੀ ਦੀ ਨਿਰੰਤਰਤਾ 'ਚ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਲੈਫ਼ਟੀਨੈਂਟ ਕਰਨਲ ਜੀ. ਹਚਿਨਸਨ ਨੂੰ ਕਾਪੀ ਭੇਜੀ ਜਾਂਦੀ ਹੈ।

---

* ਪੰਨਾ 32 'ਤੇ ਨੰ. 27 ਵੇਖੋ।

# 371

## ਬੌਂਬੇ ਪ੍ਰੈਜ਼ੀਡੈਂਸੀ 'ਚ 31 ਦਸੰਬਰ, 1873 ਨੂੰ ਰਹਿ ਰਹੇ, ਵਰਗ II ਦੀ ਦਰਜਾਬੰਦੀ ਵਿੱਚ, ਸਰਕਾਰੀ ਕੈਦੀਆਂ ਦੀ ਸੂਚੀ ਤੋਂ ਐਕਸਟ੍ਰੈਕਟ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਕੈਦ 'ਚ ਰੱਖਣ ਦਾ ਸਥਾਨ | ਨਾਮ ਅਤੇ ਰਿਹਾਇਸ਼ | ਉਮਰ | ਜਾਤ, ਨਸਲ ਜਾਂ ਕੌਮੀਅਤ | ਕੀ ਜੇਲ੍ਹ 'ਚ (1) ਸਿਵਲ ਜਾਂ (2) ਅਪਰਾਧਕ (ਜਾਂ ਕਿਸੇ ਪਾਬੰਦੀ ਅਧੀਨ ਜਾਂ ਆਜ਼ਾਦ ਰੱਖਣਾ ਹੈ) | ਹਿਰਾਸਤ ਦਾ ਆਧਾਰ | ਜਿੰਨੀ ਮਿਆਦ ਲਈ ਹਿਰਾਸਤ 'ਚ ਰੱਖਣਾ ਹੈ | ਇਸ ਮਿਤੀ ਤੋਂ ਹਿਰਾਸਤ 'ਚ ਰੱਖਿਆ ਗਿਆ | ਹਿਰਾਸਤ ਦਾ ਸਮਾਂ, ਜੋ ਪਹਿਲਾਂ ਹੀ ਲੰਘ ਚੁੱਕਾ ਹੈ | ਸਰਕਾਰ ਦੇ ਹੁਕਮ ਦਾ ਨੰ. ਤੇ ਮਿਤੀ, ਜਿਸ ਅਧੀਨ ਹੁਣ ਕੈਦ ਹੋਈ ਹੈ | ਸਰਕਾਰ ਵੱਲੋਂ ਪ੍ਰਤੀ ਮਹੀਨਾ ਦਿੱਤਾ ਜਾਣ ਵਾਲਾ ਭੱਤਾ ਜਾਂ ਪੈਣ ਵਾਲੀ ਲਾਗਤ | ਹਿਰਾਸਤ ਅਧੀਨ ਵਿਅਕਤੀ ਦੇ ਵਿਵਹਾਰ, ਸਿਹਤ ਤੇ ਸੁਵਿਧਾ ਦੀ ਰਿਪੋਰਟ |
| ਅਸੀਰਗੜ੍ਹ | ਕੂਕਾ ਕੈਦੀ<br>1. ਰੂੜ ਸਿੰਘ, ਵਾਸੀ ਅੰਮ੍ਰਿਤਸਰ<br>2. ਪਹਾੜਾ ਸਿੰਘ, ਵਾਸੀ ਮਲੌਦ<br>3. ਮਲੂਕ ਸਿੰਘ ਵਾਸੀ ਫੂਲੇਵਾਲਾ | 43<br>44<br>41 | ਰਾਮਗੜ੍ਹੀਆ<br>ਜੱਟ<br>ਜੱਟ | ਅਸੀਰਗੜ੍ਹ ਦੇ ਕਿਲੇ 'ਚ ਦਰਮਿਆਨੀ ਪਾਬੰਦੀ ਅਧੀਨ | ਪਤਾ ਨਹੀਂ | ਪਤਾ ਨਹੀਂ | 15 ਦਸੰਬਰ, 1872 | ਸਾਲ 1<br>ਮਹੀਨਾ ,,<br>ਦਿਨ 17 | ਭਾਰਤ ਸਰਕਾਰ ਦੇ ਪੱਤਰ ਨੰ. 31 ਅਕਤੂਬਰ, 1872 ਦੇ 2003 ਦੁਆਰਾ 1818 ਦੇ ਬੰਗਾਲ ਰਜਿਸਟ੍ਰੇਸ਼ਨ III ਅਧੀਨ ਵਾਰੰਟ | ਰੁ. ਆਨੇ. ਪੈਸੇ<br>ਲਗਭਗ 100 ਰੁਪਏ | ਚੰਗਾ |
| | 4. ਸਾਹਿਬ ਸਿੰਘ ਵਾਸੀ ਪੰਜਾਬ<br>5. ਕਾਹਨ ਸਿੰਘ ਵਾਸੀ ਪੰਜਾਬ | 40–1/2<br>60–1/2 | ਸਿੱਖ<br>-ਉਹੀ- | ਅਦਨ ਦੀ ਅਪਰਾਧਕ ਜੇਲ੍ਹ 'ਚ ਪਾਬੰਦੀ ਅਧੀਨ | | | 24 ਮਾਰਚ 1873 | 9 ਮਹੀਨੇ 8 ਦਿਨ | ਵਿਦੇਸ਼ ਵਿਭਾਗ 'ਚ ਪੱਤਰ ਨੰ. 1331ਪੀ, ਮਿਤੀ 19 ਜੂਨ, 1873 | 62.8.8 | ਨੰ. 4 ਦਾ ਚੰਗਾ ਵਿਵਹਾਰ ਤੇ ਸਿਹਤ ਠੀਕ ਨਹੀਂ।<br>5 ਨੰ. ਹਰਨੀਆ ਤੋਂ ਪੀੜਤ |

## 372

ਵੱਲੋਂ

ਟੀ.ਐੱਚ. ਥੌਰੰਟਨ, ਐਸਕੁਆਇਰ, ਡੀ.ਸੀ.,
ਸਕੱਤਰ, ਪੰਜਾਬ ਸਰਕਾਰ।

ਵੱਲ

ਏ.ਪੀ. ਹੌਵੇਲ, ਐਸਕੁਆਇਰ,
ਆਫ਼ਿਸ਼ੀਏਟਿੰਗ ਸਕੱਤਰ, ਭਾਰਤ ਸਰਕਾਰ,
ਗ੍ਰਹਿ ਵਿਭਾਗ, ਕਲਕੱਤਾ।

*ਨੰ. 378* *ਮਿਤੀ ਲਾਹੌਰ, 26 ਜਨਵਰੀ, 1875*

**ਗ੍ਰਹਿ**

ਸ੍ਰੀਮਾਨ ਜੀ,

ਮੈਨੂੰ ਤੁਹਾਡੇ ਪੱਤਰ ਨੰ. 57 ਮਿਤੀ 13 ਜਨਵਰੀ ਦੀ ਪ੍ਰਾਪਤੀ ਬਾਰੇ ਜਾਣਕਾਰੀ ਦੇਣ ਅਤੇ ਤੁਹਾਡਾ ਵਿਚਾਰ ਜਾਣਨ ਲਈ ਸਕੱਤਰ ਵੱਲੋਂ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਲਿਖੇ ਪੱਤਰ ਦੀ ਕਾਪੀ ਭੇਜਣ ਦਾ ਮਾਣ ਹਾਸਲ ਹੋਇਆ ਹੈ, ਜਿਸ ਵਿੱਚ ਕੂਕਾ ਸਰਕਾਰੀ ਕੈਦੀ (ਗੁਰੂ) ਰਾਮ ਸਿੰਘ ਜੀ ਨੇ ਇੱਛਾ ਪ੍ਰਗਟਾਈ ਹੈ ਕਿ ਉਨ੍ਹਾਂ ਦੇ ਭਰਾ ਨੂੰ ਆਖਿਆ ਜਾਵੇ ਕਿ ਉਹ ਉਨ੍ਹਾਂ ਨੂੰ ਆ ਕੇ ਮਿਲੇ।

2. ਜਵਾਬ 'ਚ ਮੈਨੂੰ ਇੱਕ ਵੱਖਰਾ ਪੈਕੇਟ, ਜਿਸ ਉੱਤੇ 'ਗੁਪਤ' ਲਿਖਿਆ ਹੋਇਆ ਹੈ, ਇੱਥੇ ਹਾਸ਼ੀਏ 'ਤੇ ਦਰਜ ਦਸਤਾਵੇਜ਼ਾਂ ਦੀ ਕਾਪੀ ਭੇਜਣ ਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਲੈਫ਼ਟੀਨੈਂਟ ਗਵਰਨਰ ਦੇ ਵਿਚਾਰ ਅਨੁਸਾਰ ਬੁੱਧ ਸਿੰਘ ਦੀ ਬੇਨਤੀ ਨੂੰ ਪ੍ਰਵਾਨ ਕਰਨਾ ਠੀਕ ਨਹੀਂ ਹੋਵੇਗਾ; ਇਸ ਦੇ ਉਲਟ ਮਾਣਯੋਗ ਸਾਹਿਬ ਦਾ ਮੰਨਣਾ ਹੈ ਕਿ ਬਾਬਾ ਰਾਮ ਸਿੰਘ ਜੀ ਨੂੰ ਪੰਜਾਬ ਦੇ ਕਿਸੇ ਵੀ ਵਿਅਕਤੀ ਨੂੰ ਮਿਲਣ ਨਹੀਂ ਦੇਣਾ ਚਾਹੀਦਾ ਤੇ ਉਨ੍ਹਾਂ ਦੀ ਹਰ ਚਿੱਠੀ-ਪੱਤਰੀ 'ਤੇ ਚੌਕਸ ਨਜ਼ਰ ਰੱਖਣੀ ਚਾਹੀਦੀ ਹੈ।

1. ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਦੀ ਗੁਪਤ ਰਿਪੋਰਟ ਅਤੇ ਨਾਲ ਮੌਜੂਦ ਦਸਤਾਵੇਜ਼ ਨੰ. ਇਸੇ ਮਹੀਨੇ ਦੀ 15 ਤਰੀਕ ਦਾ 23 ਅਤੇ ਮਾਣਯੋਗ ਸਾਹਿਬ ਦੇ ਇਸ ਬਾਰੇ ਆਦੇਸ਼।

2. ਬੁੱਧ ਸਿੰਘ ਤੇ ਹੋਰਨਾਂ ਦੀ ਪਟੀਸ਼ਨ, ਜਿਸ 'ਚ ਬਾਬਾ ਰਾਮ ਸਿੰਘ ਜੀ ਨੂੰ ਰਿਹਾਅ ਕਰਨ ਦੀ ਬੇਨਤੀ ਕੀਤੀ ਗਈ ਅਤੇ ਮਾਣਯੋਗ ਸਾਹਿਬ ਦੇ ਉਸ ਬਾਰੇ ਹੁਕਮ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/-
ਸਕੱਤਰ, ਪੰਜਾਬ ਸਰਕਾਰ।

## 373

*ਨੰ. 229* *ਫ਼ੋਰਟ ਵਿਲੀਅਮ, 13 ਫ਼ਰਵਰੀ, 1875*

*ਵੱਲੋਂ*

ਗ੍ਰਹਿ ਵਿਭਾਗ, (ਨਿਆਂਇਕ),

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਸ੍ਰੀਮਾਨ ਜੀ,

ਮੈਨੂੰ ਬੀਤੀ 21 ਨਵੰਬਰ ਨੂੰ ਤੁਹਾਡੇ ਵੱਲੋਂ ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਨੂੰ ਲਿਖੇ ਪੱਤਰ ਨੰ. 515 ...14ਪੀ ਦੀ ਪ੍ਰਾਪਤੀ ਬਾਰੇ ਦੱਸਣ ਤੇ ਜਵਾਬ 'ਚ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਕੂਕਾ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਨੂੰ ਆਪਣੇ ਭਰਾ ਨੂੰ ਸੱਦਣ ਜਾਂ ਪੰਜਾਬ ਦੇ ਕਿਸੇ ਵੀ ਹੋਰ ਵਿਅਕਤੀ ਨੂੰ ਮਿਲਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ; ਅਤੇ ਉਨ੍ਹਾਂ ਦੀਆਂ ਸਾਰੀਆਂ ਚਿੱਠੀਆਂ-ਪੱਤਰੀਆਂ 'ਤੇ ਬੇਹੱਦ ਚੌਕਸ ਨਜ਼ਰ ਰੱਖਣੀ ਚਾਹੀਦੀ ਹੈ।

ਮੈਂ ਹਾਂ,

ਹਸਤਾਖਰ/-...

ਕਾਰਜਕਾਰੀ ਅਧੀਨ ਸਕੱਤਰ

## 374

*ਨੰ. 230* *ਫ਼ੋਰਟ ਵਿਲੀਅਮ, 13 ਜਨਵਰੀ, 1875*

*ਵੱਲੋਂ*

ਗ੍ਰਹਿ ਵਿਭਾਗ, ਨਿਆਂਇਕ।

*ਵੱਲ*

ਸਕੱਤਰ, ਪੰਜਾਬ ਸਰਕਾਰ।

ਸ੍ਰੀਮਾਨ ਜੀ,

ਪਿਛਲੇ ਮਹੀਨੇ ਦੀ 26 ਤਰੀਕ ਦੇ ਤੁਹਾਡੇ ਪੱਤਰ ਨੰ. 378 ਦੇ ਹਵਾਲੇ ਨਾਲ, ਮੈਨੂੰ ਬਾਬਾ ਰਾਮ ਸਿੰਘ ਜੀ ਵੱਲੋਂ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਸੰਬੋਧਨ ਕਰ ਕੇ ਪ੍ਰਗਟ ਕੀਤੀ ਗਈ ਆਪਣੇ ਭਰਾ ਨੂੰ ਮਿਲਣ ਦੀ ਇੱਛਾ ਬਾਰੇ ਉਨ੍ਹਾਂ ਦੇ ਪੱਤਰ ਦੀ ਮੌਜੂਦ ਕਾਪੀ ਭੇਜਣ ਦੀ ਹਦਾਇਤ ਹੋਈ ਹੈ।

2. ਮੈਨੂੰ ਇੱਕ ਅਜਿਹੀ ਰਿਪੋਰਟ ਲਈ ਵੀ ਆਖਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਜਾਂਚ ਨਤੀਜਾ ਅਤੇ ਮੁਕੱਦਮੇ ਦੀ ਕਾਰਵਾਈ, ਜੇ ਕੋਈ ਹੋਵੇ ਤੇ ਅਜਿਹੀ ਕਾਰਵਾਈ ਅੰਬਾਲਾ ਦੇ ਕਮਿਸ਼ਨਰ ਦੀ ਗੁਪਤ ਰਿਪੋਰਟ 'ਚ ਦਰਸਾਏ ਕੇਸ ਨਾਲ ਸੰਬੰਧਤ ਸ਼ੁਰੂ ਕੀਤੀ ਗਈ ਹੋਵੇ, ਦਰਸਾਈ ਗਈ ਹੋਵੇ।

ਮੈਂ ਹਾਂ,

ਹਸਤਾਖਰ/- ... (?)

ਕਾਰਜਕਾਰੀ ਅਧੀਨ ਸਕੱਤਰ।

## 375

ਵੱਲੋਂ

ਜੇਲ੍ਹ ਸੁਪਰਇੰਟੈਂਡੈਂਟ, ਅਦਨ।

ਵੱਲ

ਪਹਿਲੇ ਸਹਾਇਕ ਸਿਆਸੀ ਰੈਜ਼ੀਡੈਂਟ, ਅਦਨ।

*ਅਦਨ ਜੇਲ੍ਹ ਦਫ਼ਤਰ, 2 ਜਨਵਰੀ, 1875*

ਸ੍ਰੀਮਾਨ ਜੀ,

ਤੁਹਾਡੇ 1874 ਦੇ ਨੰ. 929 ਦੇ ਜਵਾਬ 'ਚ, ਮੈਨੂੰ ਰੈਜ਼ੀਡੈਂਟ ਦੀ ਜਾਣਕਾਰੀ ਹਿਤ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਦੋਵੇਂ ਕੂਕਾ ਕੈਦੀ ਅਦਨ 'ਚ ਰਹਿਣ ਦੇ ਪ੍ਰਭਾਵਾਂ ਤੋਂ ਪੀੜਤ ਹਨ।

ਉਨ੍ਹਾਂ 'ਚੋਂ ਕਾਹਨ ਸਿੰਘ ਨਾਂਅ ਦੇ ਇੱਕ ਕੈਦੀ ਦੀ ਅੱਖ ਵਿੱਚ ਬਹੁਤ ਤੀਬਰ ਕਿਸਮ ਦਾ ਫੋੜਾ (ਕੌਰਨਾਈਟਿਸ) ਹੋ ਗਿਆ ਸੀ, ਜਿਸ ਲਈ ਉਸ ਦਾ ਇਲਾਜ ਕਰਨਾ ਪਿਆ ਅਤੇ ਇਸ ਦੇ ਨਾਲ ਹੀ ਉਸ ਦੇ ਹੱਥਾਂ-ਪੈਰਾਂ 'ਤੇ ਵੀ ਫੋੜੇ ਹੋ ਗਏ ਸਨ ਅਤੇ ਉਸ ਦੀ ਸਿਹਤ ਕੁੱਲ ਮਿਲਾ ਕੇ ਮਾੜੀ ਚੱਲ ਰਹੀ ਹੈ।

ਸਾਹਿਬ ਸਿੰਘ ਨਾਂਅ ਦੇ ਦੂਜੇ ਕੈਦੀ ਨੂੰ ਭਾਵੇਂ ਕੋਈ ਖ਼ਾਸ ਰੋਗ ਨਹੀਂ ਹੈ ਪਰ ਉਹ ਜਦੋਂ ਆਇਆ ਸੀ, ਉਸ ਦੇ ਮੁਕਾਬਲੇ ਹੁਣ ਬਹੁਤ ਕਮਜ਼ੋਰ ਹੋ ਗਿਆ ਹੈ।

ਅਜਿਹੇ ਹਾਲਾਤ 'ਚ ਮੇਰਾ ਵਿਚਾਰ ਹੈ ਕਿ ਉਨ੍ਹਾਂ ਨੂੰ ਅਦਨ ਦੀ ਥਾਂ ਕਿਸੇ ਹੋਰ ਜਲਵਾਯੂ 'ਚ ਜੇ ਰੱਖਿਆ ਜਾਵੇ, ਤਾਂ ਇਹ ਦੋਵੇਂ ਕੈਦੀਆਂ ਲਈ ਲਾਹੇਵੰਦ ਰਹੇਗਾ ਪਰ ਮੈਂ ਇਸ ਨੂੰ ਬਹੁਤ ਜ਼ਰੂਰੀ ਵੀ ਨਹੀਂ ਸਮਝਦਾ ਕਿ ਉਨ੍ਹਾਂ ਨੂੰ ਗਰਮ ਮੌਸਮ ਦੀ ਸ਼ੁਰੂਆਤ ਤੱਕ ਅਦਨ ਤੋਂ ਕਿਤੇ ਹੋਰ ਭੇਜਿਆ ਜਾਵੇ।

ਮੈਂ ਹਾਂ,
ਹਸਤਾਖਰ/-
ਜੇਲ੍ਹ ਸੁਪਰਇੰਟੈਂਡੈਂਟ।

## 376

ਵੱਲੋਂ

ਸਿਆਸੀ ਰੈਜ਼ੀਡੈਂਟ, ਅਦਨ।।

ਵੱਲ

ਸਕੱਤਰ, ਬੌਂਬੇ ਸਰਕਾਰ, ਸਿਆਸੀ ਵਿਭਾਗ।

*ਮਿਤੀ ਅਦਨ, 9 ਜਨਵਰੀ, 1875*

ਸ੍ਰੀਮਾਨ ਜੀ,

ਮੈਨੂੰ ਅਦਨ 'ਚ 31 ਦਸੰਬਰ, 1874 ਨੂੰ ਖ਼ਤਮ ਹੋਈ ਛਿਮਾਈ ਲਈ ਹਿਰਾਸਤ ਅਧੀਨ ਸਰਕਾਰੀ ਕੈਦੀਆਂ ਦੀ ਵਾਪਸੀ ਭੇਜਣ ਦਾ ਮਾਣ ਹਾਸਲ ਹੋਇਆ ਹੈ।

2. ਮੈਂ ਇਹ ਗੱਲ ਨੋਟ ਕੀਤੀ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਕੂਕਾ ਸਰਕਾਰੀ ਕੈਦੀਆਂ ਦੀ ਸਿਹਤ ਵਿਗੜਦੀ ਜਾ ਰਹੀ ਹੈ ਤੇ ਅਦਨ 'ਚ ਉਨ੍ਹਾਂ ਦੀ ਹਿਰਾਸਤੀ ਸਮੇਂ ਦੌਰਾਨ ਉਨ੍ਹਾਂ ਦਾ ਜੁੱਸਾ ਤੇ ਦਿੱਖ ਤੱਕ ਬਦਲ ਗਏ ਹਨ ਕਿਉਂਕਿ ਉੱਤਰੀ ਭਾਰਤ ਦੇ ਨਿਵਾਸੀ ਲਈ ਇੱਥੋਂ ਦਾ ਜਲਵਾਯੂ ਬਹੁਤ ਸਖ਼ਤ ਹੈ।

3. ਮੈਂ ਸਿਵਲ ਸਰਜਨ ਤੇ ਜੇਲ੍ਹ ਸੁਪਰਇੰਟੈਂਡੈਂਟ ਨੂੰ ਕੂਕਾ ਕੈਦੀਆਂ ਬਾਰੇ ਇੱਕ ਖ਼ਾਸ ਰਿਪੋਰਟ ਦੇਣ ਲਈ ਸੱਦਿਆ ਸੀ ਤੇ ਸਰਕਾਰ ਦੀ ਸੂਚਨਾ ਹਿਤ ਉਨ੍ਹਾਂ ਦਾ ਪੱਤਰ ਭੇਜ ਰਿਹਾ ਹਾਂ।

4. ਜੇ ਇਸ ਸਬੰਧੀ ਸਰਕਾਰੀ ਪ੍ਰਵਾਨਗੀ ਨਹੀਂ ਮਿਲਦੀ, ਤਾਂ ਮੈਂ ਇਹ ਦ੍ਰਿੜ੍ਹ ਸਿਫ਼ਾਰਸ਼ ਕਰਦਾ ਹਾਂ ਕਿ ਕੂਕਾ ਕੈਦੀਆਂ ਨੂੰ ਮਾਰਚ ਮਹੀਨਾ ਖ਼ਤਮ ਹੋਣ ਤੋਂ ਪਹਿਲਾਂ ਅਦਨ ਦੇ ਮੁਕਾਬਲੇ ਕਿਸੇ ਠੰਢੇ ਸਥਾਨ 'ਤੇ ਭੇਜ ਦਿੱਤਾ ਜਾਵੇ। ਜੇ ਉਹ ਅਦਨ 'ਚ ਰਹੇ, ਤਾਂ ਇਹ ਉਨ੍ਹਾਂ ਦੀਆਂ ਜਾਨਾਂ ਲਈ ਖ਼ਤਰਨਾਕ ਹੋਵੇਗਾ।

ਮੈਂ ਹਾਂ,
ਹਸਤਾਖਰ/-
ਸਿਆਸੀ ਰੈਜ਼ੀਡੈਂਟ, ਅਦਨ।

## 377

ਵੱਲੋਂ

ਸੀ. ਗੌਨੀ, ਐਸਕੁਆਇਰ,
ਸਕੱਤਰ, ਬੌਂਬੇ ਸਰਕਾਰ।

ਵੱਲ

ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਮਿਤੀ 6 ਫ਼ਰਵਰੀ, 1875*

ਸਿਆਸੀ ਵਿਭਾਗ,

ਸ੍ਰੀਮਾਨ ਜੀ,

ਪਿਛਲੀ ਚਿੱਠੀ ਦੇ ਹਵਾਲੇ ਨਾਲ, ਮੈਨੂੰ ਅਦਨ ਦੇ ਸਿਆਸੀ ਰੈਜ਼ੀਡੈਂਟ ਵੱਲੋਂ ਪਿਛਲੇ ਮਹੀਨੇ ਦੀ 9 ਤਰੀਕ ਨੂੰ ਲਿਖੀ ਚਿੱਠੀ ਨੰ. 5-29 ਅਤੇ ਸਿਵਲ ਸਰਜਨ ਦੀ ਨਾਲ ਨੱਥੀ ਰਿਪੋਰਟ ਦੀ ਕਾਪੀ ਭੇਜਣ ਅਤੇ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਕ੍ਰਿਪਾ ਕਰ ਕੇ ਤੁਸੀਂ ਅਦਨ 'ਚ ਹਿਰਾਸਤ ਅਧੀਨ ਰੱਖੇ ਗਏ ਦੋ ਕੂਕਾ ਸਰਕਾਰੀ ਕੈਦੀਆਂ ਸਾਹਿਬ ਸਿੰਘ ਤੇ ਕਾਹਨ ਸਿੰਘ ਦੀ ਸਿਹਤ ਨਾਲ ਸੰਬੰਧਤ ਰੈਜ਼ੀਡੈਂਟ ਦੀ ਬੇਨਤੀ ਦੇ ਹਵਾਲੇ ਨਾਲ ਮਹਾਮਹਿਮ ਗਵਰਨਰ ਜਨਰਲ-ਇਨ-ਕੌਂਸਲ ਦੀਆਂ ਹਦਾਇਤਾਂ ਹਾਸਲ ਕਰ ਲਵੋ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/-
ਸਕੱਤਰ, ਸਰਕਾਰ

ਬੰਬਈ ਦਾ ਕਿਲਾ,
6 ਫ਼ਰਵਰੀ, 1875

## 378

ਗ੍ਰਹਿ ਵਿਭਾਗ (ਨਿਆਂਇਕ)

*ਫ਼ੋਰਟ ਵਿਲੀਅਮ, 19 ਫ਼ਰਵਰੀ, 1875*

ਵੱਲ

ਸਕੱਤਰ, ਪੰਜਾਬ ਸਰਕਾਰ।

ਸ੍ਰੀਮਾਨ ਜੀ,

ਮੈਨੂੰ ਬੌਂਬੇ ਸਰਕਾਰ ਵੱਲੋਂ ਅਦਨ ਦੀ ਜੇਲ੍ਹ 'ਚ ਕੈਦ ਦੋ ਕੂਕਾ ਕੈਦੀਆਂ ਦੀ ਮਾੜੀ ਸਿਹਤ ਬਾਰੇ ਇਸੇ ਮਹੀਨੇ ਦੀ 6 ਤਰੀਕ ਨੂੰ ਲਿਖਿਆ ਪੱਤਰ ਨੰ. 828 ਤੁਹਾਨੂੰ ਭੇਜਣ ਦੀ ਹਦਾਇਤ ਹੋਈ ਹੈ ਅਤੇ ਮੈਂ ਇਹ ਪਤਾ ਕਰਨਾ ਹੈ ਕਿ ਉਨ੍ਹਾਂ ਦੀ ਹਿਰਾਸਤ ਦਾ ਸਥਾਨ ਤਬਦੀਲ ਕਰਨ ਲਈ ਲੈਫ਼ਟੀਨੈਂਟ ਗਵਰਨਰ ਕਿਹੜੇ ਇੰਤਜ਼ਾਮ ਕਰਨ ਦੀ ਸਿਫ਼ਾਰਸ਼ ਕਰਦੇ ਹਨ।

ਛੇਤੀ ਜਵਾਬ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।

ਮੈਂ ਹਾਂ,

ਹਸਤਾਖਰ/-...

19/2.

ਇੱਕ ਕਾਪੀ ਇਸ ਸੂਚਨਾ ਨਾਲ ਵਿਦੇਸ਼ ਵਿਭਾਗ ਨੂੰ ਭੇਜੀ ਜਾਂਦੀ ਹੈ ਕਿ ਹਿਰਾਸਤ ਦਾ ਸਥਾਨ ਬਦਲਣ ਤੋਂ ਪਹਿਲਾਂ ਉਸ ਵਿਭਾਗ ਨਾਲ ਸਲਾਹ ਕੀਤੀ ਜਾਣੀ ਹੈ।

ਹਸਤਾਖਰ/-... (?)

## 379

ਵੱਲੋਂ

ਟੀ.ਐੱਚ. ਥੌਰੰਟਨ ਐਸਕੁਆਇਰ, ਡੀ.ਸੀ.ਆਈ,

ਸਕੱਤਰ, ਪੰਜਾਬ ਸਰਕਾਰ।

ਵੱਲ

ਏ.ਪੀ. ਹਾਵੇਲ, ਐਸਕੁਆਇਰ,

ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਨੰ. 846* *ਮਿਤੀ ਲਾਹੌਰ, 1 ਮਾਰਚ, 1875*

ਸ੍ਰੀਮਾਨ ਜੀ,

ਤੁਹਾਡੇ ਪੱਤਰ ਨੰ. 251 ਮਿਤੀ 19 ਫ਼ਰਵਰੀ (ਨਿਆਂਇਕ) ਦੇ ਜਵਾਬ 'ਚ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਦੋ ਕੂਕਾ ਕੈਦੀਆਂ, ਜਿਹੜੇ ਹੁਣ ਅਦਨ 'ਚ ਹਨ, ਨੂੰ ਅਲਾਹਾਬਾਦ ਤੋਂ ਇਲਾਵਾ ਪੰਜਾਬ ਸੂਬੇ

ਤੋਂ ਬਾਹਰ ਕਿਤੇ ਵੀ ਵਾਜਬ ਚੌਕਸੀ ਅਧੀਨ ਰੱਖਣ 'ਤੇ ਕੋਈ ਇਤਰਾਜ਼ ਨਹੀਂ ਹੈ।

ਮੈਨੂੰ ਮਾਣ ਹੈ, ਸ਼੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/–
ਹਸਤਾਖਰ/– ਈ.ਡਬਲਿਊ. ਟ੍ਰੌਟਰ

## 380

(ਗਵਰਨਰ ਜਨਰਲ ਦਾ ਦਫ਼ਤਰੀ ਨੋਟ)
ਪੰਜਾਬ ਸਰਕਾਰ

*ਨੰ. 846* *ਮਿਤੀ 1 ਮਾਰਚ, 1875*

ਅਦਨ ਦੀ ਜੇਲ੍ਹ 'ਚ ਕੈਦ ਦੋ ਸਰਕਾਰੀ ਕੈਦੀਆਂ (ਕੂਕਿਆਂ) ਦੀਆਂ ਜਾਨਾਂ ਖ਼ਤਰੇ 'ਚ ਦੱਸੀਆਂ ਜਾਂਦੀਆਂ ਹਨ। ਪੰਜਾਬ ਸਰਕਾਰ ਨੂੰ ਉਨ੍ਹਾਂ ਨੂੰ ਅਲਾਹਾਬਾਦ ਤੋਂ ਇਲਾਵਾ ਪੰਜਾਬ ਤੋਂ ਬਾਹਰ ਕਿਤੇ ਵੀ ਭੇਜਣ 'ਤੇ ਕੋਈ ਇਤਰਾਜ਼ ਨਹੀਂ ਹੈ। ਹਜ਼ਾਰੀਬਾਗ਼ ਉਨ੍ਹਾਂ ਲਈ ਵਧੀਆ ਸਥਾਨ ਹੋ ਸਕਦਾ ਹੈ।

ਹਸਤਾਖਰ/– ਐੱਲ.ਸੀ.
9.3

ਹਾਂ ਜਾਂ ਬੰਗਾਲ 'ਚ ਕਿਤੇ ਵੀ, ਜੇ ਬੰਗਾਲ ਸਹਿਮਤ ਹੋਵੇ। (ਛੇਤੀ ਹੁਕਮ ਜ਼ਰੂਰੀ ਹਨ)

ਹਸਤਾਖਰ/–...?
10.3

ਜੇ ਗਵਰਨਰ ਜਨਰਲ ਇਤਰਾਜ਼ ਨਾ ਕਰਨ, ਤਾਂ ਮੈਨੂੰ ਲੱਗਦਾ ਹੈ ਸ਼੍ਰੀਮਾਨ ਜੀ, ਆਰ. ਟੈਂਪਲ ਨੂੰ ਉਨ੍ਹਾਂ ਨੂੰ ਆਪਣੇ ਨਾਲ ਹਜ਼ਾਰੀਬਾਗ਼ ਲਿਜਾਣ ਲਈ ਕਿਹਾ ਜਾ ਸਕਦਾ ਹੈ।

ਹਸਤਾਖਰ/– ਈ.ਸੀ.ਬੀ.
11.3

ਬੰਗਾਲ ਨੂੰ ਤੁਰੰਤ ਲਿਖੋ ਤੇ ਸ੍ਰੀ ਟੈਂਪਲ ਨੂੰ ਟੈਲੀਗ੍ਰਾਮ ਕਰੋ।

ਨੰ. 12/3
(ਗਵਰਨਰ ਜਨਰਲ)

## 381

ਵੱਲੋਂ:

ਸਕੱਤਰ, ਬੰਗਾਲ ਸਰਕਾਰ,
ਨਿਆਂਇਕ ਵਿਭਾਗ।

ਵੱਲ

ਕਾਰਜਕਾਰੀ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਨੰ. 1086* *ਮਿਤੀ ਕਲਕੱਤਾ, 15 ਮਾਰਚ, 1875*

ਜੇਲ੍ਹਾਂ

ਸ੍ਰੀਮਾਨ ਜੀ,

ਮੈਨੂੰ ਤੁਹਾਡੇ ਇਸੇ ਮਹੀਨੇ ਦੀ 12 ਤਰੀਕ ਦੇ ਪੱਤਰ ਨੰ. 352, ਜਿਸ ਦੇ ਲਿਫ਼ਾਫ਼ੇ ਇਸ ਨਾਲ ਵਾਪਸ ਕੀਤੇ ਜਾਂਦੇ ਹਨ, ਦੀ ਪ੍ਰਾਪਤੀ ਬਾਰੇ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਲੈਫ਼ਟੀਨੈਂਟ ਗਵਰਨਰ ਨੂੰ ਦੋ ਕੂਕਾ ਕੈਦੀਆਂ ਨੂੰ ਹਜ਼ਾਰੀਬਾਗ਼ ਵਿਖੇ ਕੇਦ ’ਚ ਰੱਖਣ ’ਤੇ ਕੋਈ ਇਤਰਾਜ਼ ਨਹੀਂ ਹੈ।

2. ਭਾਵੇਂ ਇਸ ਜਗ੍ਹਾ ’ਤੇ ਕੇਂਦਰੀ ਜੇਲ੍ਹ ਸਿਆਸੀ ਕੈਦੀਆਂ ਨੂੰ ਰੱਖਣ ਲਈ ਤਿਆਰ ਨਹੀਂ ਹੈ ਪਰ ਉੱਥੇ ਯੂਰੋਪੀਅਨ ਕੈਦਖਾਨੇ ਦੇ ਅੰਦਰ ਇੱਕ ਵੱਖਰੀ ਇਮਾਰਤ ਹੈ, ਜਿੱਥੇ ਅਜਿਹੇ ਵਿਅਕਤੀਆਂ ਨੂੰ ਹਿਰਾਸਤ ’ਚ ਰੱਖਿਆ ਜਾ ਸਕਦਾ ਹੈ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ ’ਤੇ
ਹਸਤਾਖਰ/-... (?)
ਸਕੱਤਰ, ਬੰਗਾਲ ਸਰਕਾਰ

## 382

ਨੰ. 407

ਗ੍ਰਹਿ ਵਿਭਾਗ (ਨਿਆਂਇਕ)

*ਨੰ. 407* *ਫ਼ੋਰਟ ਵਿਲੀਅਮ, ਮਿਤੀ 22 ਮਾਰਚ, 1875*

ਵੱਲ

ਦਿ ਸੌਲੀਸਿਟਰ, ਸਰਕਾਰ।

ਸ੍ਰੀਮਾਨ ਜੀ,

ਜਿਵੇਂ ਕਿ ਇਸ ਪੱਤਰ ਦੇ ਨਾਲ ਨੱਥੀ ਦਸਤਾਵੇਜ਼ਾਂ ਤੋਂ ਸਪੱਸ਼ਟ ਹੀ ਹੋਵੇਗਾ ਕਿ ਦੋ ਕੂਕਾ ਸਰਕਾਰੀ ਕੈਦੀਆਂ ਸਾਹਿਬ ਸਿੰਘ ਅਤੇ ਕਾਹਨ ਸਿੰਘ ਨੂੰ ਫ਼ਰਵਰੀ 1873 ’ਚ 1818 ਦੇ ਰੈਗੂਲੇਸ਼ਨ III ਦੀਆਂ ਵਿਵਸਥਾਵਾਂ ਅਨੁਸਾਰ ਉਸ ਜੇਲ੍ਹ ਦੇ ਸੁਪਰਇੰਟੈਂਡੈਂਟ ਨੂੰ ਸੰਬੋਧਤ ਵਾਰੰਟਾਂ ਅਧੀਨ ਅਦਨ ਦੀਆਂ ਜੇਲ੍ਹਾਂ ’ਚ ਕੈਦ ਕਰ ਕੇ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਸਨ। ਬਾਅਦ ’ਚ ਇਹ ਕਿਹਾ ਗਿਆ ਸੀ ਕਿ ਉਨ੍ਹਾਂ ਨੂੰ ਜੇਲ੍ਹ ’ਚ ਨਹੀਂ, ਸਗੋਂ ਅਦਨ ’ਚ ਪੁਲਿਸ ਦੀ ਚੌਕਸ ਨਿਗਰਾਨੀ

ਉੱਤਰ-ਪੱਛਮੀ ਸੂਬਿਆਂ ਦੀ ਸਰਕਾਰ ਨੰ. 331 ਮਿਤੀ 12 ਫ਼ਰਵਰੀ, 1873 ਅਤੇ ਨੱਥੀ ਦਸਤਾਵੇਜ਼।
ਬੌਂਬੇ ਸਰਕਾਰ ਨੰ. 332, ਮਿਤੀ 12 ਫ਼ਰਵਰੀ, 1873
-ਉਹੀ- ਨੰ. 24, ਮਿਤੀ 1 ਅਕਤੂਬਰ, 1873
ਵਾਪਸ ਭੇਜਿਆ ਜਾਣਾ ਹੈ।

ਅਧੀਨ ਰੱਖਿਆ ਜਾਣਾ ਚਾਹੀਦਾ ਅਤੇ ਉਸੇ ਮੁਤਾਬਕ ਬੌਂਬੇ ਸਰਕਾਰ ਨੂੰ ਵੀ ਹੁਕਮ ਜਾਰੀ ਕਰ ਦਿੱਤੇ ਗਏ ਸਨ।

2. ਅਜਿਹੀ ਬੇਨਤੀ ਕੀਤੀ ਗਈ ਹੈ ਕਿ ਅਦਨ 'ਚ ਹੋਰ ਸਮਾਂ ਹਿਰਾਸਤ 'ਚ ਰੱਖਣ ਨਾਲ ਦੋ ਕੈਦੀਆਂ ਦੀਆਂ ਜਾਨਾਂ ਖ਼ਤਰੇ 'ਚ ਪੈ ਜਾਣਗੀਆਂ, ਇਸੇ ਲਈ ਬੌਂਬੇ ਸਰਕਾਰ ਨੂੰ ਉਨ੍ਹਾਂ ਨੂੰ ਇੱਥੋਂ ਹਟਾਉਣ ਲਈ ਬੇਨਤੀ ਕੀਤੀ ਗਈ ਹੈ ਅਤੇ ਹੁਣ ਇਹ ਇੰਤਜ਼ਾਮ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਹੁਣ ਹਜ਼ਾਰੀਬਾਗ਼ ਵਿਖੇ ਹਿਰਾਸਤ 'ਚ ਰੱਖਿਆ ਜਾਵੇਗਾ। ਮੇਰੀ ਬੇਨਤੀ ਹੈ ਕਿ ਜੇ ਤੁਸੀਂ ਅਦਨ ਤੋਂ ਕੈਦੀਆਂ ਨੂੰ ਕਾਨੂੰਨੀ ਤੌਰ 'ਤੇ ਬੰਬਈ ਦੇ ਰਸਤੇ ਹਜ਼ਾਰੀਬਾਗ਼ ਲਿਜਾਣ ਲਈ ਲੋੜੀਂਦੇ ਦਸਤਾਵੇਜ਼ ਤਿਆਰ ਕਰਵਾ ਦੇਵੋ, ਤਾਂ ਬਹੁਤ ਵਧੀਆ ਰਹੇਗਾ। ਹਜ਼ਾਰੀਬਾਗ਼ 'ਚ ਉਨ੍ਹਾਂ ਨੂੰ ਯੂਰੋਪੀਅਨ ਜੇਲ੍ਹ ਦੇ ਸੁਪਰਇੰਟੈਂਡੈਂਟ ਹਵਾਲੇ ਕਰ ਦਿੱਤਾ ਜਾਵੇਗਾ।

ਮੈਂ ਹਾਂ,
ਏ.ਐੱਚ.
20/3

## 383

*ਵੱਲ*

ਸਕੱਤਰ, ਬੌਂਬੇ ਸਰਕਾਰ।

ਸ੍ਰੀਮਾਨ ਜੀ,

ਇਸੇ ਮਹੀਨੇ ਦੀ 12 ਤਰੀਕ ਦੀ ਮੇਰੀ ਤਾਰ ਨੰ. 351 ਦੀ ਨਿਰੰਤਰਤਾ 'ਚ, ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਕੂਕਾ ਕੈਦੀਆਂ ਸਾਹਿਬ ਸਿੰਘ ਤੇ ਕਾਹਨ ਸਿੰਘ ਨੂੰ ਬੰਗਾਲ ਦੇ ਹਜ਼ਾਰੀਬਾਗ਼ ਵਿਖੇ ਹਿਰਾਸਤ 'ਚ ਰੱਖਣ ਦੇ ਇੰਤਜ਼ਾਮ ਕਰ ਲਏ ਗਏ ਹਨ। ਕੈਦੀਆਂ ਨੂੰ ਹਜ਼ਾਰੀਬਾਗ਼ ਤਬਦੀਲ ਕਰਨ ਲਈ ਰਸਮੀ ਹੁਕਮ ਛੇਤੀ ਹੀ ਬੌਂਬੇ ਸਰਕਾਰ ਨੂੰ ਭੇਜ ਦਿੱਤੇ ਜਾਣਗੇ।

ਮੈਂ ਹਾਂ,
ਏ.ਐੱਚ.
20/3

## 384

*ਵੱਲੋਂ*

ਚਾਰਲਸ ਸੈਂਡਰਸਨ, ਐਸਕ.,
ਸਰਕਾਰੀ ਵਕੀਲ।

*ਵੱਲ*

ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਨੰ. 317* *ਮਿਤੀ ਫ਼ੋਰਟ ਵਿਲੀਅਮ, 23 ਮਾਰਚ, 1875*

ਸ੍ਰੀਮਾਨ ਜੀ,

ਮੈਨੂੰ ਬੀਤੇ ਕੱਲ੍ਹ ਲਿਖੇ ਤੁਹਾਡੇ ਪੱਤਰ ਨੰ. 407 ਤੇ ਉਸ ਨਾਲ ਨੱਥੀ ਹੋਰ ਦਸਤਾਵੇਜ਼ਾਂ ਦੀ ਪ੍ਰਾਪਤੀ ਬਾਰੇ ਜਾਣਕਾਰੀ ਦੇਣ ਦਾ ਮਾਣ ਹਾਸਲ ਹੋਇਆ ਹੈ। ਸਰਕਾਰੀ ਕੈਦੀਆਂ ਸਾਹਿਬ ਸਿੰਘ ਤੇ ਕਾਹਨ ਸਿੰਘ ਨੂੰ ਹਜ਼ਾਰੀਬਾਗ਼ 'ਚ ਤਬਦੀਲ ਕਰਨ ਦਾ ਸਹੀ ਰਾਹ ਇਹੋ ਹੈ ਕਿ ਗਵਰਨਰ ਜਨਰਲ-ਇਨ-ਕੌਂਸਲ 1858 ਦੇ ਕਾਨੂੰਨ III ਦੇ ਸੈਕਸ਼ਨ V ਦੀਆਂ ਵਿਵਸਥਾਵਾਂ ਤਹਿਤ ਅਦਨ ਦੇ ਉਨ੍ਹਾਂ ਅਧਿਕਾਰੀਆਂ ਨੂੰ ਇੱਕ ਹੁਕਮ ਜਾਰੀ ਕਰ ਕੇ ਕੈਦੀਆਂ ਨੂੰ ਅਦਨ ਤੋਂ ਬੰਬਈ ਭੇਜਣ ਲਈ ਆਖਣ, ਜਿਨ੍ਹਾਂ ਦੇ ਅਧੀਨ ਇਸ ਵੇਲੇ ਕੈਦੀ ਹਨ। ਇਸ ਹੁਕਮ ਵਿੱਚ ਉਸ ਵਿਧੀ ਦਾ ਵਰਣਨ ਹੋਣਾ ਚਾਹੀਦਾ ਹੈ, ਜਿਸ ਰਾਹੀਂ ਕੈਦੀਆਂ ਨੂੰ ਬੰਬਈ ਲਿਜਾਣਾ ਚਾਹੀਦਾ ਹੈ। ਕੈਦੀਆਂ ਦੀ ਬੰਬਈ ਆਮਦ 'ਤੇ ਉਨ੍ਹਾਂ ਨੂੰ ਬੰਬਈ ਸਥਿਤ ਜੇਲ੍ਹਾਂ ਦੇ ਸੁਪਰਇੰਟੈਂਡੈਂਟ ਨੂੰ ਸੰਬੋਧਤ ਕਰਦਿਆਂ 1818 ਦੇ ਰੈਗੂਲੇਸ਼ਨਜ਼ III ਦੀਆਂ ਵਿਵਸਥਾਵਾਂ ਅਨੁਸਾਰ ਇੱਕ ਵਾਰੰਟ ਜਾਰੀ ਕਰਨਾ ਚਾਹੀਦਾ ਹੈ, ਤਾਂ ਜੋ ਉਨ੍ਹਾਂ ਨੂੰ ਹਿਰਾਸਤ 'ਚ ਲਿਆ ਜਾ ਸਕੇ, ਫਿਰ ਗਵਰਨਰ ਜਨਰਲ-ਇਨ-ਕੌਂਸਲ ਨੂੰ ਕੈਦੀਆਂ ਨੂੰ ਹਜ਼ਾਰੀਬਾਗ਼ 'ਚ ਤਬਦੀਲ ਕਰਨ ਲਈ 1858 ਦੇ ਕਾਨੂੰਨ III ਦੀਆਂ ਵਿਵਸਥਾਵਾਂ ਤਹਿਤ ਇੱਕ ਹੋਰ ਹੁਕਮ ਦੇ ਨਾਲ-ਨਾਲ ਉੱਥੋਂ ਦੀ ਯੂਰੋਪੀਅਨ ਜੇਲ੍ਹ ਦੇ ਸੁਪਰਇੰਟੈਂਡੈਂਟ ਨੂੰ ਸੰਬੋਧਤ ਕਰਦਿਆਂ 1818 ਦੇ ਰੈਗੂਲੇਸ਼ਨ 3 ਅਧੀਨ ਇੱਕ ਵਾਰੰਟ ਜਾਰੀ ਕਰਨਾ ਚਾਹੀਦਾ ਹੈ, ਜਿਸ 'ਚ ਇਨ੍ਹਾਂ ਕੈਦੀਆਂ ਨੂੰ ਹਿਰਾਸਤ 'ਚ ਲੈਣ ਦੀ ਹਦਾਇਤ ਕੀਤੀ ਗਈ ਹੋਵੇ।

2. ਮੈਨੂੰ ਪੱਕਾ ਯਕੀਨ ਹੈ ਕਿ ਤੁਹਾਡੇ ਦਫ਼ਤਰ 'ਚ 1858 ਦੇ ਕਾਨੂੰਨ V ਅਧੀਨ ਕੈਦੀਆਂ ਨੂੰ ਟ੍ਰਾਂਸਫ਼ਰ ਕਰਨ ਲਈ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮਾਂ ਵਾਲੇ ਫ਼ਾਰਮ ਜ਼ਰੂਰ ਹੋਣਗੇ, ਜੇ ਪਏ ਹਨ, ਤਾਂ ਮੈਂ ਬੇਹੱਦ ਧੰਨਵਾਦੀ ਹੋਵਾਂਗਾ ਜੇ ਤੁਸੀਂ ਇੱਕ ਫ਼ਾਰਮ ਮੈਨੂੰ ਭੇਜ ਸਕੋ। ਜੇ ਅਜਿਹੇ ਕੋਈ ਫ਼ਾਰਮ ਤੁਹਾਡੇ ਕੋਲ ਮੌਜੂਦ ਨਹੀਂ ਹਨ, ਤਾਂ ਮੈਂ ਲੋੜੀਂਦੇ ਹੁਕਮ ਤੇ ਵਾਰੰਟ ਤਿਆਰ ਕਰ ਲਵਾਂਗਾ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/-
ਸੌਲੀਸਿਟਰ, ਭਾਰਤ ਸਰਕਾਰ

## 385

ਵੱਲੋਂ

ਚਾਰਲਸ ਸੈਂਡਰਸਨ, ਐਸਕ.,
ਸਰਕਾਰੀ ਵਕੀਲ।

ਵੱਲ

ਕਰਨਲ ਬੀ.ਈ. ਬੈਕਨ,
ਇੰਚਾਰਜ, ਗ੍ਰਹਿ ਵਿਭਾਗ।

*ਮਿਤੀ ਫ਼ੋਰਟ ਵਿਲੀਅਮ, 1 ਅਪ੍ਰੈਲ, 1875*

ਸ੍ਰੀਮਾਨ ਜੀ,ਆਫ਼ਿਸ਼ੀਏਟਿੰਗ ਸਕੱਤਰ ਦੇ ਪਿਛਲੇ ਮਹੀਨੇ ਦੀ 22 ਤਰੀਕ ਦੇ ਪੱਤਰ ਨੰ. 407 ਅਤੇ ਆਫ਼ਿਸ਼ੀਏਟਿੰਗ ਅਧੀਨ ਸਕੱਤਰ ਵੱਲੋਂ ਭਾਰਤ ਸਰਕਾਰ ਨੂੰ ਪਿਛਲੇ ਮਹੀਨੇ ਦੀ 24 ਤਰੀਕ ਨੂੰ ਲਿਖੇ ਪੱਤਰ ਨੰ. 420 ਦੇ ਹਵਾਲੇ ਨਾਲ, ਮੈਨੂੰ ਨਿਮਨਲਿਖਤ ਅਨੁਸਾਰ ਤੁਹਾਨੂੰ ਇਹ ਭੇਜਣ ਦਾ ਮਾਣ ਹਾਸਲ ਹੋਇਆ ਹੈ:

1. ਸਾਹਿਬ ਸਿੰਘ ਨੂੰ ਅਦਨ ਤੋਂ ਬੰਬਈ ਤਬਦੀਲ ਕਰਨ ਦਾ ਹੁਕਮ।

ਕਾਹਨ ਸਿੰਘ -ਉਹੀ- .........-ਉਹੀ- ....... -ਉਹੀ-

ਮੈਨੂੰ ਅਦਨ 'ਚ ਦੋਵੇਂ ਕੈਦੀਆਂ ਦੇ ਇੰਚਾਰਜ ਅਧਿਕਾਰੀ ਦੇ ਪੂਰੇ ਵੇਰਵੇ ਪਤਾ ਨਹੀਂ ਹਨ ਕਿਉਂਕਿ ਇਹ ਭਰਨੇ ਹਨ।

2. ਬੰਬਈ 'ਚ ਸਾਹਿਬ ਸਿੰਘ ਨੂੰ ਪ੍ਰਾਪਤ ਕਰਨ ਲਈ ਜੇਲਰ ਹਿਤ 1818 ਦੇ ਰੈਗੂਲੇਸ਼ਨ 3 ਅਧੀਨ ਹੁਕਮ।

ਕਾਹਨ ਸਿੰਘ -ਉਹੀ- .........-ਉਹੀ- ....... -ਉਹੀ-

3. ਬੰਬਈ ਦੇ ਜੇਲਰ ਲਈ ਸਾਹਿਬ ਸਿੰਘ ਨੂੰ ਹਜ਼ਾਰੀਬਾਗ਼ ਭੇਜਣ ਦਾ ਹੁਕਮ

ਕਾਹਨ ਸਿੰਘ -ਉਹੀ- .........-ਉਹੀ- ....... -ਉਹੀ-

4. ਹਜ਼ਾਰੀਬਾਗ਼ ਸਥਿਤ ਯੂਰੋਪੀਅਨ ਸੁਧਾਰ-ਘਰ ਦੇ ਸੁਪਰਇੰਟੈਂਡੈਂਟ ਨੂੰ ਸਾਹਿਬ ਸਿੰਘ ਨੂੰ 1818 ਦੇ ਰੈਗੂਲੇਸ਼ਨ III ਅਧੀਨ ਹਿਰਾਸਤ 'ਚ ਲੈਣ ਦੇ ਹੁਕਮ।

ਕਾਹਨ ਸਿੰਘ -ਉਹੀ- .........-ਉਹੀ- ....... -ਉਹੀ-

ਮੈਂ ਚਿੱਠੀ-ਪੱਤਰੀ ਤੇ ਨਾਲ ਨੱਥੀ ਦਸਤਾਵੇਜ਼ ਤੇ ਉਸ ਦੇ ਨਾਲ ਆਫ਼ਿਸ਼ੀਏਟਿੰਗ ਸਕੱਤਰ ਦਾ ਪੱਤਰ ਨੰ. 407 ਵਾਪਸ ਭੇਜ ਰਿਹਾ ਹਾਂ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/-....?
ਸੌਲੀਸਿਟਰ, ਭਾਰਤ ਸਰਕਾਰ।

## 386

ਵੱਲੋਂ

ਪੁਲਿਸ ਕਮਿਸ਼ਨਰ, ਬੰਬਈ।

ਵੱਲ

ਸੀ. ਗੌਨੇ, ਐਸਕੁਆਇਰ,
ਸਕੱਤਰ, ਸਿਆਸੀ ਵਿਭਾਗ, ਬੰਬਈ ਸਰਕਾਰ।

ਪੁਲਿਸ ਕਮਿਸ਼ਨਰ ਦਫ਼ਤਰ,
*ਬੰਬਈ, 24 ਅਪ੍ਰੈਲ, 1875*

ਸ੍ਰੀਮਾਨ ਜੀ,

ਇਸੇ ਮਹੀਨੇ ਦੀ 19 ਤਰੀਕ ਦੇ ਸਰਕਾਰੀ ਪ੍ਰਸਤਾਵ ਨੰ. 2713 ਤੇ ਨਾਲ ਮੌਜੂਦ

ਹੋਰ ਦਸਤਾਵੇਜ਼ਾਂ ਦੇ ਹਵਾਲੇ ਨਾਲ ਮੈਨੂੰ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਦੋ ਕੂਕਾ ਕੈਦੀਆਂ ਸਾਹਿਬ ਸਿੰਘ ਤੇ ਕਾਹਨ ਸਿੰਘ ਨੂੰ ਕੱਲ੍ਹ ਅਲਾਹਾਬਾਦ ਦੇ ਰਸਤੇ ਬਾਕਾਇਦਾ ਇੱਕ ਯੂਰੋਪੀਅਨ ਇੰਸਪੈਕਟਰ ਤੇ ਦੋ ਸਥਾਨਕ ਕਾਂਸਟੇਬਲਾਂ ਦੇ ਨਿਗਰਾਨੀ ਚਾਰਜ ਹੇਠ ਹਜ਼ਾਰੀਬਾਗ਼ ਭੇਜ ਦਿੱਤਾ ਗਿਆ ਹੈ।

2. ਇਨ੍ਹਾਂ ਕੈਦੀਆਂ ਦੇ ਵਾਰੰਟ, ਜੋ ਹਜ਼ਾਰੀਬਾਗ਼ ਸਥਿਤ ਯੂਰੋਪੀਅਨ ਸੁਧਾਰ-ਘਰ ਦੇ ਸੁਪਰਇੰਟੈਂਡੈਂਟ ਦੇ ਨਾਂਅ ਸੰਬੋਧਤ ਹਨ, ਵੀ ਨਾਲ ਭੇਜੇ ਗਏ ਹਨ।

3. ਮੈਂ ਇਸ ਦੇ ਨਾਲ ਦੋ ਅਸਲ ਵਾਰੰਟ ਵਾਪਸ ਭੇਜ ਰਿਹਾ ਹਾਂ, ਜਿਨ੍ਹਾਂ ਤਹਿਤ ਇਹ ਕੈਦੀ ਅਦਨ 'ਚ ਹਿਰਾਸਤ ਵਿੱਚ ਰੱਖੇ ਗਏ ਸਨ।

ਸੱਚੀ ਕਾਪੀ — ਮੈਂ ਹਾਂ,
ਹਸਤਾਖਰ/-... — ਹਸਤਾਖਰ/- ਟੀਐੱਚ. ਸੌਂਟਰ,
ਸੁਪਰਇੰਟੈਂਡੈਂਟ। — ਪੁਲਿਸ ਕਮਿਸ਼ਨਰ।

## 387

ਹਜ਼ਾਰੀਬਾਗ਼
*21 ਮਈ, 1875*

ਵੱਲ

ਜੇਲ੍ਹ ਸੁਪਰਇੰਟੈਂਡੈਂਟ, ਹਜ਼ਾਰੀਬਾਗ਼।

ਸ੍ਰੀਮਾਨ ਜੀ,

ਮੈਨੂੰ ਆਪ ਜੀ ਨੂੰ ਇਹ ਸੂਚਿਤ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਕੂਕਾ ਕੈਦੀ ਸਾਹਿਬ ਸਿੰਘ, ਜਿਸ ਦੇ ਹੁਣ ਯੂਰੋਪੀਅਨ ਸੁਧਾਰ-ਘਰ 'ਚ ਹੋਣ ਦੀ ਪੁਸ਼ਟੀ ਕੀਤੀ ਜਾਂਦੀ ਹੈ, ਇੱਕ ਬੇਹੱਦ ਗੰਭੀਰ ਕਿਸਮ ਦੇ ਸ਼ੱਕਰ ਰੋਗ ਤੋਂ ਪੀੜਤ ਹੈ, ਉਂਝ ਭਾਵੇਂ ਉਸ ਦੀ ਸਿਹਤ 'ਚ ਹੌਲੀ-ਹੌਲੀ ਸੁਧਾਰ ਹੋ ਰਿਹਾ ਹੈ - ਮੈਂ ਇੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸ਼ੱਕਰ ਰੋਗ ਦਾ ਭਾਵੇਂ ਇਲਾਜ ਕੀਤਾ ਜਾ ਰਿਹਾ ਹੈ ਪਰ ਇਹ ਬਹੁਤ ਘੱਟ ਹੀ ਠੀਕ ਹੋਇਆ ਕਰਦਾ ਹੈ।

ਸੱਚੀ ਕਾਪੀ — ਮੈਂ ਹਾਂ,
ਹਸਤਾਖਰ/- — ਹਸਤਾਖਰ/-
ਸੁਪਰਇੰਟੈਂਡੈਂਟ, ਯੂਰੋਪੀਅਨ ਸੁਧਾਰ-ਘਰ — ਸਿਵਲ ਸਰਜਨ

ਵੱਲੋਂ

ਸੁਪਰਇੰਟੈਂਡੈਂਟ, ਯੂਰੋਪੀਅਨ ਸੁਧਾਰ-ਘਰ, ਹਜ਼ਾਰੀਬਾਗ਼।

ਵੱਲ

ਇੰਸਪੈਕਟਰ ਜਨਰਲ, ਜੇਲ੍ਹਾਂ, ਅਲੀਪੁਰ।

*ਮਿਤੀ ਹਜ਼ਾਰੀਬਾਗ਼, 22 ਮਈ, 1875*

ਸ੍ਰੀਮਾਨ ਜੀ,

ਮੈਨੂੰ ਇਸ ਮਹੀਨੇ ਦੀ 8 ਤਰੀਕ ਦੀ ਇੱਕ ਰਿਪੋਰਟ ਨੰ. 1921 ਭੇਜਣ ਦਾ ਮਾਣ ਹਾਸਲ ਹੋਇਆ ਹੈ, ਜਿਸ ਵਿੱਚ ਇਸ ਵੇਲੇ ਹਜ਼ਾਰੀਬਾਗ਼ ਸੁਧਾਰ-ਘਰ 'ਚ ਕੈਦ ਕੂਕਾ ਸਰਕਾਰੀ ਕੈਦੀ ਸਾਹਿਬ ਸਿੰਘ ਦੀ ਸਿਹਤ ਦੀ ਰਿਪੋਰਟ ਦਰਜ ਹੈ ਅਤੇ ਇਹ ਕਹਿਣਾ ਹੈ ਕਿ ਇਸ ਕੈਦੀ ਨੂੰ ਹਜ਼ਾਰੀਬਾਗ਼ ਦੇ ਸਿਵਲ ਸਰਜਨ ਨੂੰ ਹਰ ਤਰ੍ਹਾਂ ਦੀ ਦੇਖਭਾਲ ਮੁਹੱਈਆ ਕਰਵਾਉਣੀ ਚਾਹੀਦੀ ਹੈ।

ਹਸਤਾਖਰ/- 17/6

ਹਸਤਾਖਰ/- 18/6

*ਵੱਲੋਂ*

ਕਾਰਜਕਾਰੀ ਇੰਸਪੈਕਟਰ ਜਨਰਲ, ਜੇਲ੍ਹਾਂ, ਹੇਠਲੇ ਸੂਬੇ।

*ਵੱਲ*

ਸਕੱਤਰ, ਬੰਗਾਲ ਸਰਕਾਰ, ਨਿਆਂਇਕ ਵਿਭਾਗ।

*ਮਿਤੀ ਅਲੀਪੁਰ, 3 ਜੂਨ, 1875*

ਸ੍ਰੀਮਾਨ ਜੀ,

ਮੈਨੂੰ ਸਰਕਾਰ ਦੀ ਸੂਚਨਾ ਹਿਤ ਇਸ ਦੁਆਰਾ ਹਜ਼ਾਰੀਬਾਗ਼ ਯੂਰੋਪੀਅਨ ਸੁਧਾਰ-ਘਰ ਦੇ ਸੁਪਰਇੰਟੈਂਡੈਂਟ ਦਾ ਪੱਤਰ ਭੇਜਣ ਦਾ ਮਾਣ ਹਾਸਲ ਹੋਇਆ ਹੈ, ਜਿਸ ਵਿੱਚ ਕੂਕਾ ਸਰਕਾਰੀ ਕੈਦੀ ਸਾਹਿਬ ਸਿੰਘ ਦੀ ਸਿਹਤ ਨਾਲ ਸੰਬੰਧਤ ਮੈਡੀਕਲ ਅਧਿਕਾਰੀ ਦੀ ਰਿਪੋਰਟ ਦਰਜ ਹੈ।

ਮੈਂ ਹਾਂ,

ਹਸਤਾਖਰ/-

ਕਾਰਜਕਾਰੀ ਇੰਸਪੈਕਟਰ ਜਨਰਲ, ਜੇਲ੍ਹਾਂ,

ਹੇਠਲੇ ਸੂਬੇ

## 388

*ਵੱਲੋਂ*

ਲੈਫ਼ਟੀਨੈਂਟ ਕਰਨਲ ਐੱਚ.ਟੀ. ਡੰਕਨ,

ਕਾਰਜਕਾਰੀ ਸਕੱਤਰ, ਚੀਫ਼ ਕਮਿਸ਼ਨਰ।

*ਵੱਲ*

ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ, ਸ਼ਿਮਲਾ।

*ਮਿਤੀ ਰੰਗੂਨ, 23 ਅਪ੍ਰੈਲ, 1875*

ਕੂਕਾ ਕੈਦੀ ਬਾਬਾ ਰਾਮ ਸਿੰਘ ਜੀ, ਜੋ ਹੁਣ ਰੰਗੂਨ 'ਚ ਹਨ, ਨਾਲ ਸੰਬੰਧਤ ਪਿਛਲੀ ਚਿੱਠੀ-ਪੱਤਰੀ ਦੇ ਹਵਾਲੇ ਨਾਲ, ਜਦੋਂ ਗੱਲਬਾਤ ਬੀਤੀ 13 ਫ਼ਰਵਰੀ ਨੂੰ

ਤੁਹਾਡੇ ਪੱਤਰ ਨੰ. 229 ਨਾਲ ਖ਼ਤਮ ਹੋਈ ਸੀ, ਮੈਂ ਤੁਹਾਨੂੰ ਇਹ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਦੋ ਕੈਦੀ, ਇੱਕ ਮਰਦ ਤੇ ਇੱਕ ਔਰਤ, ਕਲਕੱਤਾ ਤੋਂ ਇਸੇ ਮਹੀਨੇ ਦੀ 16 ਤਰੀਕ ਨੂੰ ਸਟੀਮਰ ਰਾਹੀਂ ਰੰਗੂਨ ਪੁੱਜੇ ਹਨ। ਉਨ੍ਹਾਂ ਦੇ ਨਾਂਅ ਹਨ ਹਰਨਾਮ ਸਿੰਘ ਅਤੇ ਸ੍ਰੀਮਤੀ ਚੰਦੋ।

ਉਨ੍ਹਾਂ ਨੇ ਪੰਜਾਬ ਸਰਕਾਰ ਦਾ ਪਰਵਾਨਾ ਦਸਤਾਵੇਜ਼ 'ਏ' ਜਾਂ ਹੁਕਮ ਪੇਸ਼ ਕੀਤਾ, ਜਿਸ ਰਾਹੀਂ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਬਾਬਾ ਰਾਮ ਸਿੰਘ ਜੀ ਰੰਗੂਨ 'ਚ ਹਨ ਅਤੇ ਉਨ੍ਹਾਂ ਨੇ ਜੇ ਬਾਬਾ ਜੀ ਨੂੰ ਮਿਲਣਾ ਹੈ, ਤਾਂ ਉਨ੍ਹਾਂ ਨੂੰ ਉੱਥੇ ਜਾ ਕੇ ਅਰਜ਼ੀ ਦੇਣੀ ਚਾਹੀਦੀ ਹੈ।

2. ਇਨ੍ਹਾਂ ਵਿਅਕਤੀਆਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਹ ਬਾਬਾ ਰਾਮ ਸਿੰਘ ਜੀ ਨਾਲ ਕੋਈ ਗੱਲ-ਬਾਤ ਨਹੀਂ ਕਰ ਸਕਦੇ, ਉਨ੍ਹਾਂ ਨੂੰ ਤੁਰੰਤ ਪੁਲਿਸ ਹਿਰਾਸਤ 'ਚ ਲੈ ਕੇ ਇਸੇ ਮਹੀਨੇ ਦੀ 25 ਤਰੀਕ ਨੂੰ ਸਟੀਮਰ ਦੁਆਰਾ ਕਲਕੱਤਾ ਭੇਜ ਦਿੱਤਾ ਜਾਵੇਗਾ। ਪੁਲਿਸ ਦੇ ਜਵਾਨ ਉਨ੍ਹਾਂ ਨਾਲ ਜਾਣਗੇ ਅਤੇ ਕਲਕੱਤਾ ਦੇ ਪੁਲਿਸ ਕਮਿਸ਼ਨਰ ਨੂੰ ਉਨ੍ਹਾਂ ਬਾਰੇ ਸੂਚਿਤ ਕੀਤਾ ਜਾਵੇਗਾ।

3. ਮੈਂ ਉਹ ਪਰਵਾਨਾ ਨਾਲ ਨੱਥੀ ਕਰਨਾ ਚਾਹੁੰਦਾ ਹਾਂ, ਜੋ ਇਹ ਲੋਕ ਲਿਆਏ ਸਨ ਅਤੇ ਮੇਰਾ ਇਹ ਸੁਝਾਅ ਹੈ ਕਿ ਜੇ ਇਹ ਦਸਤਾਵੇਜ਼ ਦਰੁਸਤ ਹੈ, ਤਾਂ ਉਨ੍ਹਾਂ ਹਾਲਾਤ ਦੀ ਜਾਂਚ ਕਰਨੀ ਹੋਵੇਗੀ, ਜਿਨ੍ਹਾਂ ਅਧੀਨ ਅਜਿਹੇ ਹੁਕਮ ਦੀ ਪ੍ਰਵਾਨਗੀ ਦਿੱਤੀ ਗਈ। ਪ੍ਰਸ਼ਾਸਨ ਨੂੰ ਹਦਾਇਤ ਜਾਰੀ ਕਰ ਦਿੱਤੀ ਗਈ ਹੈ ਕਿ ਬਾਬਾ ਰਾਮ ਸਿੰਘ ਜੀ ਤੇ ਪੰਜਾਬ ਦੇ ਵਿਅਕਤੀਆਂ ਵਿਚਾਲੇ ਕਿਸੇ ਤਰ੍ਹਾਂ ਦੀ ਚਿੱਠੀ-ਪੱਤਰੀ ਨੂੰ ਰੋਕਿਆ ਜਾਵੇ ਪਰ ਉਸ ਹਾਲਤ 'ਚ ਔਖਾ ਹੋ ਜਾਵੇਗਾ, ਜੇ ਉਹ ਬਾਬਾ ਜੀ ਨੂੰ ਮਿਲਣ ਲਈ ਅਰਜ਼ੀ ਦਿੰਦੇ ਹਨ, ਤਾਂ ਉਨ੍ਹਾਂ ਨੂੰ ਰੰਗੂਨ ਭੇਜ ਦਿੱਤਾ ਜਾਂਦਾ ਹੈ।

4. ਮੌਜੂਦਾ ਵਿਅਕਤੀਆਂ ਕੋਲ ਜੁੱਤੀਆਂ ਦਾ ਇੱਕ ਜੋੜਾ, ਕੁਝ ਲਪੇਟੀਆਂ ਹੋਈਆਂ ਮਾਲਾਵਾਂ ਤੇ ਕੁਝ ਹੋਰ ਨਿੱਕੀਆਂ-ਮੋਟੀਆਂ ਚੀਜ਼ਾਂ ਅਤੇ 300/- ਰੁਪਏ ਨਕਦ ਸਨ, ਜੋ ਉਹ ਬਾਬਾ ਰਾਮ ਸਿੰਘ ਜੀ ਹਵਾਲੇ ਕਰਨਾ ਚਾਹੁੰਦੇ ਸਨ। ਇਸ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ ਅਤੇ ਉਨ੍ਹਾਂ ਸ਼ਿਕਾਇਤ ਕੀਤੀ ਕਿ ਉਹ ਇੰਨੀ ਲੰਮੇਰੀ ਯਾਤਰਾ ਤੇ ਭਾਰੀ ਖ਼ਰਚਾ ਕਰ ਕੇ ਇੱਥੇ ਤੱਕ ਆਏ ਵੀ ਪਰ ਫ਼ਾਇਦਾ ਕੁਝ ਵੀ ਨਾ ਹੋਇਆ।

ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ,
ਲੈਫ਼ਟੀਨੈਂਟ ਕਰਨਲ

## 389

ਡੀ.ਓ.

*ਰੰਗੂਨ, 24 ਅਪ੍ਰੈਲ, 1875*

ਪੁਲਿਸ ਇੰਸਪੈਕਟਰ, ਕਲਕੱਤਾ।

ਪਿਆਰੇ ਸ੍ਰੀਮਾਨ ਜੀ,

ਕੂਕਾ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਨੂੰ ਮਿਲਣ ਲਈ ਪਿਛਲੇ ਹਫ਼ਤੇ ਇੱਕ ਸਟੀਮਰ ਰਾਹੀਂ ਪੰਜਾਬ ਤੋਂ ਇੱਕ ਪਤੀ-ਪਤਨੀ ਹਰਨਾਮ ਸਿੰਘ ਤੇ ਚੰਦੋ ਇੱਥੇ ਪੁੱਜੇ। ਉਨ੍ਹਾਂ ਉਰਦੂ 'ਚ ਲਿਖਿਆ ਇੱਕ ਹੁਕਮ ਵਿਖਾਇਆ, ਜਿਸ ਉੱਤੇ ਫ਼ਾਰਸੀ ਅੱਖਰਾਂ 'ਚ ਹਸਤਾਖਰ ਕੀਤੇ ਹੋਏ ਸਨ ਅਤੇ ਉਸ ਉੱਤੇ ਵਧੀਕ ਸਹਾਇਕ ਕਮਿਸ਼ਨਰ ਦੀ ਮੋਹਰ ਵੀ ਲੱਗੀ ਹੋਈ ਸੀ; ਇਸ ਬਾਰੇ ਉਨ੍ਹਾਂ ਦਾਅਵਾ ਕੀਤਾ ਕਿ ਇੱਥੇ ਆਉਣ ਦਾ ਅਧਿਕਾਰ ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਦਿੱਤਾ ਹੈ। ਇਹ ਦਸਤਾਵੇਜ਼ ਅਤੇ ਇੱਕ ਹੋਰ ਦਸਤਾਵੇਜ਼ ਭਾਰਤ ਸਰਕਾਰ ਨੂੰ ਭੇਜਿਆ ਗਿਆ ਹੈ, ਬਹੁਤ ਸ਼ੱਕੀ ਜਾਪਦਾ ਹੈ; ਜੇ ਇਹ ਦਸਤਾਵੇਜ਼ ਨਕਲੀ ਨਹੀਂ, ਤਾਂ ਇਹ ਗ਼ਲਤ ਤੱਥ ਪੇਸ਼ ਕਰ ਕੇ ਹਾਸਲ ਕੀਤਾ ਜਾਪਦਾ ਹੈ। ਪਤੀ-ਪਤਨੀ ਦੀ ਇਹ ਜੋੜੀ ਖ਼ੁਦ ਨੂੰ ਫ਼ਿਰੋਜ਼ਪੁਰ ਲਾਗਲੇ ਫ਼ਰੀਦਪੁਰ ਜਾਂ ਫ਼ਰੀਦਕੋਟ ਦੀ ਨਿਵਾਸੀ ਦੱਸਦੀ ਹੈ, ਉਹ ਸਿਰਫ਼ ਆਪਣੇ ਗੁਰੂ ਜੀ ਨੂੰ ਮਿਲ ਕੇ ਉਨ੍ਹਾਂ ਨੂੰ ਜੁੱਤੀਆਂ ਦੀ ਇੱਕ ਜੋੜੀ, ਮਾਲਾ ਤੇ ਕੁਝ ਕੱਪੜੇ ਭੇਟ ਕਰਨਾ ਚਾਹੁੰਦੇ ਹਨ, ਉਨ੍ਹਾਂ ਮੰਨਿਆ ਕਿ ਉਨ੍ਹਾਂ ਕੋਲ 200 ਰੁਪਏ ਹਨ ਅਤੇ ਉਨ੍ਹਾਂ ਆਪਣੇ ਲਈ ਸੜਕ ਰਸਤੇ ਆਉਣ 'ਤੇ ਬਹੁਤ ਜ਼ਿਆਦਾ ਖ਼ਰਚੇ ਕੀਤੇ ਹਨ।

42 ਸਾਲਾ ਹਰਨਾਮ ਸਿੰਘ ਦਾ ਕੱਦ 5 ਫੁੱਟ 9 ਇੰਚ ਹੈ, ਉਸ ਦੀ ਛੋਟੀ ਦਾੜ੍ਹੀ ਹੈ ਅਤੇ ਵੇਖਣ ਨੂੰ ਸਾਦਾ ਵਿਅਕਤੀ ਜਾਪਦਾ ਹੈ, ਉਹ ਹਿੰਦੁਸਤਾਨੀ ਭਾਸ਼ਾ ਬੋਲ ਸਕਦਾ ਹੈ, ਭਾਵੇਂ ਭਾਸ਼ਾ 'ਤੇ ਉਸ ਦੀ ਬਹੁਤੀ ਪਕੜ ਨਹੀਂ ਹੈ ਤੇ ਵਿੱਚੇ ਹੀ ਪੰਜਾਬੀ ਭਾਸ਼ਾ ਬੋਲਣ ਲੱਗਦਾ ਹੈ। ਉਸ ਦੀ ਸੱਜੀ ਅੱਖ ਦੇ ਹੇਠਾਂ ਡੇਢ ਇੰਚ ਦਾ ਛੋਟਾ ਕਾਲ਼ਾ ਦਾਗ਼ ਹੈ, ਜੋ ਉਸ ਨੂੰ ਬਹੁਤਾ ਵਖਰਿਆਉਂਦਾ ਨਹੀਂ। ਉਸ ਦੀ ਪਤਨੀ ਵੇਖਣ ਨੂੰ ਬਹੁਤੀ ਵਧੀਆ ਨਹੀਂ ਜਾਪਦੀ ਹੈ, ਉਸ ਦੀ ਨੱਕ ਮੁੜੀ ਹੋਈ ਹੈ, ਜੁੱਸਾ ਪਤਲਾ ਹੈ ਤੇ ਉਸ ਦੇ ਸੱਜੇ ਹੱਥ ਦੇ ਪਿਛਲੇ ਪਾਸੇ ਵੱਡਾ ਨਿਸ਼ਾਨ ਹੈ।

ਇਸ ਜੋੜੀ ਨੂੰ ਕਲਕੱਤਾ ਵਾਪਸ ਭੇਜਣ ਦਾ ਫ਼ੈਸਲਾ ਲੈ ਲਿਆ ਗਿਆ ਸੀ ਪਰ ਉਨ੍ਹਾਂ ਨੇ ਸਾਡੇ ਲਈ ਮੁਸੀਬਤ ਖੜ੍ਹੀ ਕਰ ਦਿੱਤੀ ਹੈ ਕਿਉਂਕਿ ਅੱਜ ਜਦੋਂ ਉਨ੍ਹਾਂ ਨੂੰ ਮੇਰੇ ਦਫ਼ਤਰ 'ਚ ਸੱਦਿਆ ਗਿਆ, ਤਾਂ ਉਸ ਵਿਅਕਤੀ ਨੇ ਰਸਤੇ 'ਤੇ ਜਾਣ ਦਾ ਹੁਕਮ ਵਿਖਾਇਆ ਤੇ ਦੱਸਿਆ ਕਿ ਉਹ ਭਾਰਤ ਵਾਪਸ ਜਾ ਰਿਹਾ ਹੈ ਅਤੇ ਉਸ ਨੇ ਇੱਕ ਅਜਿਹਾ ਹੁਕਮ ਜਾਰੀ ਕਰਨ ਲਈ ਕਿਹਾ ਕਿ ਉਨ੍ਹਾਂ ਨੂੰ ਰਾਹ 'ਚ ਕਿਤੇ ਰੋਕਿਆ ਨਾ ਜਾਵੇ। ਮੈਂ ਉਸ ਨੂੰ ਆਖਿਆ ਹੈ ਕਿ ਮੈਂ ਉਸ ਨਾਲ ਇੱਕ ਕਾਂਸਟੇਬਲ ਮੁਹੰਮਦ ਸਾਹਿਬ ਭੇਜ ਦੇਵਾਂਗਾ ਅਤੇ ਉਸ ਨੂੰ ਅਗਲੇਰੇ ਹੁਕਮਾਂ ਲਈ ਹਰ ਹਾਲਤ 'ਚ ਤੁਹਾਡੇ ਦਫ਼ਤਰ ਪੁੱਜਣਾ ਚਾਹੀਦਾ ਹੈ। ਮੈਂ ਤਾਂ ਤੁਹਾਨੂੰ ਇਹੋ ਕਹਾਂਗਾ ਕਿ ਇਸ ਜੋੜੀ 'ਤੇ ਚੌਕਸ ਨਜ਼ਰ ਰੱਖੀ ਜਾਵੇ, ਤਾਂ ਜੋ ਉਹ ਬਿਨਾਂ ਕਿਸੇ ਸ਼ੱਕ ਤੁਹਾਡੇ ਪਤੇ 'ਤੇ ਭਾਰਤ ਸਰਕਾਰ ਦਾ ਹੁਕਮ ਸਿੱਧਾ ਪੁੱਜਣ ਤੱਕ ਕਿਤੇ ਅੱਖੋਂ ਓਹਲੇ ਨਾ ਹੋ ਸਕਣ।

ਤੁਹਾਡਾ ਹਿਤੂ,

ਹਸਤਾਖਰ/- ਆਈ.ਸੀ. ਹੈਮਿਲਟਨ, ਲੈਫ਼ਟੀਨੈਂਟ ਕਰਨਲ,

ਕਾਰਜਕਾਰੀ ਆਈਜੀ ਪੁਲਿਸ, ਬ੍ਰਿਟਿਸ਼ ਬਰਮਾ

ਭਾਰਤ ਸਰਕਾਰ ਦੇ ਹੁਕਮ ਬੜੇ ਸਪੱਸ਼ਟ ਹਨ ਕਿ ਕੋਈ ਵੀ ਅਣਅਧਿਕਾਰਤ ਵਿਅਕਤੀ ਕਿਸੇ ਵੀ ਸਰਕਾਰੀ ਕੈਦੀ ਨੂੰ ਨਹੀਂ ਮਿਲੇਗਾ।

ਹਸਤਾਖਰ/– ਆਈ.ਸੀ.ਐੱਚ.

## 390

ਵਿਦੇਸ਼ ਸਕੱਤਰ, ਸ਼ਿਮਲਾ ਨੂੰ ਸੰਬੋਧਤ ਤਾਰ ਦੀ ਕਾਪੀ

*ਮਿਤੀ 30 ਅਪ੍ਰੈਲ, 1875*

ਹਰਨਾਮ ਸਿੰਘ ਪੰਜਾਬੀ ਅਤੇ ਪਤਨੀ ਚੰਦੋ ਕੂਕਾ ਸਰਕਾਰੀ ਕੈਦੀ (ਗੁਰੂ) ਰਾਮ ਸਿੰਘ ਜੀ ਨੂੰ ਮਿਲਣ ਲਈ ਰੰਗੂਨ ਪੁੱਜੇ, ਉਨ੍ਹਾਂ ਫ਼ਾਰਸੀ ਭਾਸ਼ਾ 'ਚ ਲਿਖਿਆ ਹੁਕਮ ਪੇਸ਼ ਕੀਤਾ, ਜਿਸ ਉੱਤੇ ਪੰਜਾਬ ਸਰਕਾਰ ਦੀ ਮੋਹਰ ਸੀ। ਬਰਮਾ ਪੁਲਿਸ ਨੂੰ ਇਹ ਹੁਕਮ ਜਾਅਲੀ ਲੱਗਦਾ ਹੈ, ਉਨ੍ਹਾਂ ਨੇ ਪੰਜਾਬੀ ਤੇ ਉਸ ਦੀ ਪਤਨੀ ਨੂੰ ਅਗਲੇ ਹੁਕਮ ਜਾਰੀ ਹੋਣ ਤੱਕ ਇੱਥੇ ਹਿਰਾਸਤ 'ਚ ਰੱਖਣ ਲਈ ਕਿਹਾ ਹੈ। ਦਸਤਾਵੇਜ਼ ਸਿੱਧੇ ਬਰਮਾ ਵੱਲੋਂ ਭੇਜੇ ਗਏ ਹਨ – ਹਦਾਇਤਾਂ ਦੀ ਉਡੀਕ ਹੈ।

ਸੱਚੀਆਂ ਕਾਪੀਆਂ,
ਹਸਤਾਖਰ/–
1.5.75

## 391

*ਪੁਲਿਸ ਦਫ਼ਤਰ, 1 ਮਈ, 1875*

ਹਰਨਾਮ ਸਿੰਘ ਦਾ ਬਿਆਨ

ਛੇ ਮਹੀਨੇ ਪਹਿਲਾਂ ਮੈਂ ਲੈਫ਼ਟੀਨੈਂਟ ਗਵਰਨਰ ਨੂੰ ਭੇਜੇ ਇੱਕ ਰਜਿਸਟਰਡ ਪੱਤਰ ਦੁਆਰਾ ਆਪਣੇ ਗੁਰੂ ਜੀ ਨੂੰ ਮਿਲਣ ਲਈ ਰੰਗੂਨ ਜਾਣ ਦੀ ਇਜਾਜ਼ਤ ਮੰਗੀ ਸੀ। ਮੈਨੂੰ ਡਾਕ ਰਾਹੀਂ ਜਵਾਬ ਮਿਲਿਆ। ਉਸ 'ਤੇ ਸਰਕਾਰੀ ਸੀਲ ਤੇ ਮੋਹਰ ਲੱਗੀ ਹੋਈ ਸੀ – ਜਿਸ ਦਾ ਅਰਥ ਇਹ ਸੀ ਕਿ ਮੈਂ ਰੰਗੂਨ ਜਾ ਸਕਦਾ ਹਾਂ ਤੇ ਮੈਨੂੰ ਸਾਹਿਬ ਨੇ ਉੱਥੇ ਗੁਰੂ ਜੀ ਨੂੰ ਮਿਲਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਮੈਂ ਲਗਭਗ ਇੱਕ ਮਹੀਨਾ ਪਹਿਲਾਂ ਘਰੋਂ ਰਵਾਨਾ ਹੋਇਆ ਸਾਂ। ਮੈਂ ਰੇਲ ਰਾਹੀਂ ਕਲਕੱਤਾ ਆਇਆ ਤੇ ਫਿਰ ਉੱਥੋਂ ਸਟੀਮਰ 'ਤੇ ਰੰਗੂਨ ਪੁੱਜਾ। ਮੈਂ ਜਦੋਂ ਰੰਗੂਨ ਉੱਤਰਿਆ, ਤਾਂ ਮੈਂ ਆਪਣੀ ਪਟੀਸ਼ਨ ਅਨੇਕ ਯੂਰੋਪੀਅਨ ਸੱਜਣ-ਪੁਰਖਾਂ ਨੂੰ ਵਿਖਾਈ। ਉਨ੍ਹਾਂ 'ਚੋਂ ਮੈਨੂੰ ਇੱਕ ਜਣੇ ਨੇ ਕਿਹਾ ਕਿ ਮੈਂ ਜੇਲ੍ਹ ਦੇ ਸਾਹਿਬ ਨੂੰ ਜਾ ਕੇ ਮਿਲਾਂ। ਸਾਹਿਬ ਨੇ ਮੇਰਾ ਪਰਵਾਨਾ ਕੁਲੈਕਟਰ ਸਾਹਿਬ ਕੋਲ ਭੇਜਿਆ ਤੇ ਉਨ੍ਹਾਂ ਮੈਨੂੰ ਵਾਪਸ ਭੇਜਣ ਦੇ ਹੁਕਮ ਜਾਰੀ ਕਰ ਦਿੱਤੇ।

ਕਲਕੱਤਾ 1.5.75 ਹਸਤਾਖਰ/–

## 392

ਨੰ. 1997

ਵੱਲੋਂ

ਜੇ.ਐੱਚ. ਥੌਰੰਟਨ, ਐਸਕ.,
ਸਕੱਤਰ, ਪੰਜਾਬ ਸਰਕਾਰ।

ਵੱਲ

ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਮਿਤੀ ਮਰੀ, 15 ਮਈ, 1875*

ਸ੍ਰੀਮਾਨ ਜੀ,

ਮੈਨੂੰ ਉਹ ਅਸਲ ਦਸਤਾਵੇਜ਼ ਵਾਪਸ ਭੇਜਣ ਦੀ ਹਦਾਇਤ ਹੋਈ ਹੈ, ਜੋ ਇਸੇ ਮਹੀਨੇ ਦੀ ਤੁਹਾਡੀ ਤਸਦੀਕ ਨੰ. 631 (ਨਿਆਂਇਕ) ਨਾਲ ਭੇਜੇ ਗਏ ਸਨ, ਜੋ ਕੂਕਾ ਕੈਦੀ (ਗੁਰੂ) ਰਾਮ ਸਿੰਘ ਜੀ ਨੂੰ ਮਿਲਣ ਦੇ ਮੰਤਵ ਲਈ ਰੰਗੂਨ ਪੁੱਜੇ ਦੋ ਵਿਅਕਤੀਆਂ ਬਾਰੇ ਸਨ ਅਤੇ ਜਵਾਬ 'ਚ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਉਹ ਪਰਵਾਨਾ ਜਾਂ ਹੁਕਮ ਘਟਨਾਵਾਂ ਵਾਪਰਨ ਤੋਂ ਪਹਿਲਾਂ ਲੈਫ਼ਟੀਨੈਂਟ ਗਵਰਨਰ ਦੀਆਂ ਹਦਾਇਤਾਂ 'ਤੇ ਲਿਖਿਆ ਗਿਆ ਸੀ ਪਰ ਫਿਰ ਮੇਰੇ ਬੀਤੀ 26 ਜਨਵਰੀ ਦੇ ਪੱਤਰ ਨੰ. 378 ਦੇ ਜਵਾਬ 'ਚ ਇਹ ਸਿਫ਼ਾਰਸ਼ ਕੀਤੀ ਗਈ ਸੀ ਕਿ (ਗੁਰੂ) ਰਾਮ ਸਿੰਘ ਜੀ ਨੂੰ ਪੰਜਾਬ ਦੇ ਕਿਸੇ ਵੀ ਵਿਅਕਤੀ ਨਾਲ ਮਿਲਣ ਨਾ ਦਿੱਤਾ ਜਾਵੇ।

2. ਮੌਜੂਦਾ ਹਾਲਾਤ ਅਧੀਨ, ਬ੍ਰਿਟਿਸ਼ ਬਰਮਾ ਬਰਮਾ ਦੇ ਅਧਿਕਾਰੀਆਂ ਨੇ ਮਿਲਣ ਦੇਣ ਤੋਂ ਇਨਕਾਰ ਕਰ ਕੇ ਬਿਲਕੁਲ ਠੀਕ ਕਦਮ ਚੁੱਕਿਆ।

3. ਮੈਂ ਇੱਥੇ ਇਹ ਵੀ ਆਖਣਾ ਚਾਹੁੰਦਾ ਹਾਂ ਕਿ ਜ਼ੇਰੇ ਗ਼ੌਰ ਹੁਕਮ ਵਿੱਚ ਸਿਰਫ਼ ਇਹੋ ਦੱਸਿਆ ਗਿਆ ਸੀ ਕਿ ਪਟੀਸ਼ਨਰਾਂ ਨੂੰ ਰੰਗੂਨ ਦੇ ਅਧਿਕਾਰੀਆਂ ਨੂੰ ਅਰਜ਼ੀ ਦੇਣੀ ਚਾਹੀਦੀ ਹੈ ਤੇ ਸਿੱਧੇ ਉੱਥੇ ਪੁੱਜਣ ਦੀ ਹਦਾਇਤ ਨਹੀਂ ਕੀਤੀ ਸੀ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/–
ਸਕੱਤਰ, ਪੰਜਾਬ ਸਰਕਾਰ

---

(*ਨੋਟ:* ਕੂਕਾ ਸਰਕਾਰੀ ਕੈਦੀ ਮਾਨ ਸਿੰਘ ਦੀ ਪਤਨੀ ਜੀਵਨੀ ਆਪਣੇ ਪਤੀ ਨੂੰ ਮਿਲਣ ਲਈ ਚੁਨਾਰ ਪੁੱਜੇ ਸਨ। ਉਨ੍ਹਾਂ ਨੂੰ ਆਪਣੇ ਪਤੀ ਨੂੰ ਵੀ ਮਿਲਣ ਨਹੀਂ ਦਿੱਤਾ ਗਿਆ ਸੀ। ਜਿਹੜੀ ਚਿੱਠੀ ਉਨ੍ਹਾਂ ਆਪਣੇ ਪਤੀ ਨੂੰ ਲਿਖੀ ਸੀ, ਉਹ ਵੀ ਅੱਗੇ ਨਹੀਂ ਦਿੱਤੀ ਗਈ ਸੀ। ਸੀਮਤ ਸਾਧਨਾਂ ਸਦਕਾ ਸਿਰਫ਼ ਬਹੁਤ ਹੀ ਅਹਿਮ ਦਸਤਾਵੇਜ਼ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। **(ਨਾਹਰ ਸਿੰਘ – ਸੰਕਲਨਕਰਤਾ)**

## 393

ਵੱਲੋਂ

ਟੀ.ਐੱਨ. ਥੌਰੰਟਨ, ਐਸਕ., ਡੀ.ਸੀ.ਐੱਲ.,
ਸਕੱਤਰ, ਪੰਜਾਬ ਸਰਕਾਰ।

ਵੱਲ

ਏ.ਪੀ. ਹਾਵੇਲ, ਐਸਕ.,
ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਮਿਤੀ ਲਾਹੌਰ, 2 ਜੁਲਾਈ, 1875*

ਗ੍ਰਹਿ

ਸ੍ਰੀਮਾਨ ਜੀ,

ਮੈਂ ਹਾਸ਼ੀਏ 'ਤੇ ਦਰਜ ਤੁਹਾਡੇ ਪੱਤਰਾਂ ਦੇ ਨਾਲ ਮੌਜੂਦ ਅਸਲ ਦਸਤਾਵੇਜ਼ ਵਾਪਸ ਭੇਜ ਕੇ ਇਹ ਦੱਸਣਾ ਚਾਹੁੰਦਾ ਹਾਂ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਦਾ ਵਿਚਾਰ ਹੈ ਕਿ ਮੁਸੰਮਤ ਜੀਵਨੀ ਨੂੰ ਆਪਣੇ ਪਤੀ ਮਾਨ ਸਿੰਘ ਨੂੰ ਮਿਲਣ ਦੀ ਇਜਾਜ਼ਤ ਦੇਣਾ ਵਾਜਬ ਨਹੀਂ ਹੋਵੇਗਾ, ਹਾਂ ਕਿਸੇ ਭਰੋਸੇਯੋਗ ਵਿਅਕਤੀ ਦੀ ਮੌਜੂਦਗੀ 'ਚ ਅਜਿਹੀ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ, ਜੋ ਉਹੀ ਭਾਸ਼ਾ ਜਾਣਦਾ ਹੋਵੇ, ਜੋ ਇਹ ਮਹਿਲਾ ਬੋਲਦੀ ਹੈ।

ਨੰ. 483 ਮਿਤੀ 7 ਜੂਨ, 1875
ਨੰ. 900 ਮਿਤੀ 17 ਜੂਨ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/-... (?)
ਸਕੱਤਰ, ਪੰਜਾਬ ਸਰਕਾਰ

## 394

ਨੰ. 1090
ਗ੍ਰਹਿ ਵਿਭਾਗ
(ਨਿਆਂਇਕ)

ਵੱਲ

ਕਾਰਜਕਾਰੀ ਕਮਾਂਡੈਂਟ, ਚੁਨਾਰ।

*ਸ਼ਿਮਲਾ, 19 ਜੁਲਾਈ, 1875*

ਸ੍ਰੀਮਾਨ ਜੀ,

ਮੈਨੂੰ ਹਸ਼ੀਏ 'ਤੇ ਦਰਜ ਤੁਹਾਡੇ ਪੱਤਰਾਂ ਦੀ ਪ੍ਰਾਪਤੀ ਬਾਰੇ ਜਾਣਕਾਰੀ ਦੇਣ ਅਤੇ ਜਵਾਬ 'ਚ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਮੁਸੰਮਤ ਜੀਵਨੀ ਨੂੰ ਚੁਨਾਰ 'ਚ ਆਪਣੇ ਪਤੀ ਤੇ ਕੂਕਾ ਕੈਦੀ ਮਾਨ

ਸਰਕਾਰੀ ਕੈਦੀ। ਨੰ. 20 ਮਿਤੀ 18 ਮਈ, 1875
ਵੱਲ ਵਿਦੇਸ਼ ਵਿਭਾਗ ਨੰ. 22, ਮਿਤੀ 7 ਜੂਨ 1875
ਗ੍ਰਹਿ ਵਿਭਾਗ ਨੂੰ

ਸਿੰਘ ਨੂੰ ਮਿਲਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ; ਹਾਂ, ਇਹ ਇਜਾਜ਼ਤ ਅਜਿਹੇ ਭਰੋਸੇਯੋਗ ਵਿਅਕਤੀ ਦੀ ਮੌਜੂਦਗੀ 'ਚ ਹੀ ਦਿੱਤੀ ਜਾ ਸਕਦੀ ਹੈ, ਜੋ ਉਹੀ ਭਾਸ਼ਾ ਜਾਣਦਾ ਹੋਵੇ, ਜਿਹੜੀ ਇਹ ਪਤੀ ਤੇ ਪਤਨੀ ਬੋਲਦੇ ਹੋਣ।

2. ਤੁਹਾਡੀ ਉਹ ਤਜਵੀਜ਼ ਪ੍ਰਵਾਨ ਕਰਨੀ ਅਸੰਭਵ ਹੈ ਕਿ ਗ਼ੈਰ-ਮਾਨਤਾ ਪ੍ਰਾਪਤ ਵਿਅਕਤੀਆਂ ਨੂੰ ਚੁਨਾਰ ਆਉਣ ਤੋਂ ਰੋਕਿਆ ਜਾਵੇ ਪਰ ਤੁਸੀਂ ਸਰਕਾਰ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ ਕਿਸੇ ਵੀ ਅਜਨਬੀ ਵਿਅਕਤੀ ਦੀ ਕੂਕਾ ਕੈਦੀਆਂ ਨਾਲ ਕਦੇ ਕੋਈ ਮੁਲਾਕਾਤ ਨਾ ਕਰਵਾਓ।

ਮੈਂ ਹਾਂ,<br>ਹਸਤਾਖਰ/-... (?)<br>13/7<br>ਏ.ਐੱਚ. 13/7<br>ਨੰ. 1091

ਇਸ ਦੀ ਕਾਪੀ ਉਨ੍ਹਾਂ ਦੇ ਇਸੇ ਮਹੀਨੇ ਦੀ 2 ਤਰੀਕ ਦੇ ਪੱਤਰ ਨੰ. 2526 ਦੇ ਹਵਾਲੇ ਨਾਲ ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ।

## 395

ਨੰ. 640 ਐੱਸ

*ਵੱਲੋਂ*

ਲੀਪਲ ਗ੍ਰਿਫ਼ਿਨ, ਐਸਕੁਆਇਰ,<br>ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਵੱਲ*

ਏ.ਪੀ. ਹਾਵੇਲ, ਐਸਕ.,<br>ਕਾਰਜਕਾਰੀ ਸਕੱਤਰ, ਭਾਰਤ ਸਰਕਾਰ।<br>ਗ੍ਰਹਿ ਵਿਭਾਗ

*ਮਿਤੀ ਸ਼ਿਮਲਾ, 9 ਅਕਤੂਬਰ, 1877*

ਸ੍ਰੀਮਾਨ ਜੀ,

ਮੈਂ ਚੁਨਾਰ ਦੇ ਇੱਕ ਕੂਕਾ ਕੈਦੀ ਮਾਨ ਸਿੰਘ ਨੂੰ ਲਿਖੀ ਉਸ ਚਿੱਠੀ ਦਾ ਅਨੁਵਾਦ ਭੇਜਣਾ ਚਾਹੁੰਦਾ ਹਾਂ, ਜੋ ਤੁਹਾਡੀ ਪਿਛਲੇ ਮਹੀਨੇ ਦੀ 26 ਤਰੀਕ ਦੀ ਚਿੱਠੀ ਨੰ. 1460 ਨਾਲ ਪ੍ਰਾਪਤ ਹੋਈ ਸੀ ਅਤੇ ਇਹ ਕਹਿਣਾ ਚਾਹੁੰਦਾ ਹਾਂ ਕਿ ਚਾਹੇ ਮੁਸੰਮਤ ਜੀਵਨੀ ਦੀ ਇਸ ਚਿੱਠੀ ਵਿੱਚ ਕੋਈ ਵੀ ਇਤਰਾਜ਼ ਸਮੱਗਰੀ ਨਹੀਂ ਜਾਪਦੀ, ਪਰ ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਜਦੋਂ ਇਹ ਆਮ ਨਿਯਮ ਲਾਗੂ ਹੈ ਕਿ ਕਿਸੇ ਸਥਾਨਕ ਭਾਸ਼ਾ, ਭਾਵੇਂ ਉਹ ਉਰਦੂ ਹੋਵੇ ਜਾਂ ਗੁਰਮੁਖੀ, 'ਚ ਲਿਖੀ ਕੋਈ ਵੀ ਚਿੱਠੀ ਕੂਕਾ ਕੈਦੀ ਤੱਕ ਨਹੀਂ ਪੁੱਜਣੀ ਚਾਹੀਦੀ ਤੇ ਇਸ ਨਿਯਮ ਵਿੱਚ ਕੋਈ

ਤਬਦੀਲੀ ਨਹੀਂ ਹੋ ਸਕਦੀ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਜੇ ਅੰਗਰੇਜ਼ੀ ਭਾਸ਼ਾ 'ਚ ਕੋਈ ਚਿੱਠੀ ਆਉਂਦੀ ਹੈ, ਤਾਂ ਉਹ ਕੈਦੀ ਨੂੰ ਦੇਣ 'ਚ ਕੋਈ ਇਤਰਾਜ਼ ਨਹੀਂ ਹੋਵੇ ਗਾ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/- ਸੀ.ਐੱਲ. ਗ੍ਰਿਫ਼ਿਨ
ਵੱਲੋਂ ਆਫ਼ਿਸ਼ੀਏਟਿੰਗ ਸਕੱਤਰ, ਪੰਜਾਬ ਸਰਕਾਰ।

## 396

ਗ੍ਰਹਿ ਵਿਭਾਗ
(ਨਿਆਂਇਕ)

*ਸ਼ਿਮਲਾ, 23 ਅਕਤੂਬਰ, 1877*

ਵੱਲ

ਸਕੱਤਰ, ਬੰਗਾਲ ਸਰਕਾਰ
ਸਕੱਤਰ, ਅਵਧ ਸਰਕਾਰ
ਚੀਫ਼ ਕਮਿਸ਼ਨਰ, ਕਲਕੱਤਾ ਪ੍ਰਾਂਤ
ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਸ੍ਰੀਮਾਨ ਜੀ,

ਕੂਕਾ ਕੈਦੀਆਂ ਦੀ ਆਪਣੇ ਜਾਣਕਾਰ ਲੋਕਾਂ ਨਾਲ ਚਿੱਠੀ-ਪੱਤਰੀ ਦੇ ਵਿਸ਼ੇ 'ਤੇ ਹੈੱਡ ਆਫ਼ਿਸ ਦੇ ਹੁਕਮ ਨੰ. .......... ਮਿਤੀ ਬੀਤੀ 26 ਜੂਨ ਦੀ ਨਿਰੰਤਰਤਾ 'ਚ ਮੈਨੂੰ ਪੰਜਾਬ ਸਰਕਾਰ ਦੀ ਨਾਲ ਨੱਥੀ ਚਿੱਠੀ ਭੇਜਣ ਦੀ ਹਦਾਇਤ ਹੋਈ ਹੈ ਅਤੇ ਅਜਿਹੇ ਕੈਦੀਆਂ ਨੂੰ ਸਥਾਨਕ ਭਾਸ਼ਾ 'ਚ ਲਿਖੀਆਂ ਚਿੱਠੀਆਂ ਨਹੀਂ ਦੇਣੀਆਂ ਚਾਹੀਦੀਆਂ। ਇੱਥੋਂ ਤੱਕ ਕਿ ਅੰਗਰੇਜ਼ੀ ਭਾਸ਼ਾ 'ਚ ਲਿਖੀਆਂ ਚਿੱਠੀਆਂ ਵੀ ਵਾਜਬ ਸਲਾਹ-ਮਸ਼ਵਰੇ ਤੋਂ ਬਗ਼ੈਰ ਨਹੀਂ ਦੇਣੀਆਂ ਚਾਹੀਦੀਆਂ।

2. ਇਸ ਸਰਕੂਲਰ ਦੀ ਕਾਪੀ ਕਮਾਂਡੈਂਟ ਚੁਨਾਰ ਗੈਰੀਸਨ ਨੂੰ ਭੇਜੀ ਗਈ ਹੈ।

ਹਸਤਾਖਰਿਤ... (?)

ਇਸ ਦੀ ਕਾਪੀ ਇਸੇ ਮਹੀਨੇ ਦੀ 9 ਤਰੀਕ ਦੇ ਪੱਤਰ ਨੰ. 640(ਐੱਸ) ਦੇ ਹਵਾਲੇ ਨਾਲ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਗਈ ਹੈ।

## 397

ਸੀਲ
ਗੁਪਤ - 1091
ਗ੍ਰਹਿ ਵਿਭਾਗ, ਭਾਰਤ

**1818 ਦੇ ਰੈਗੂਲੇਸ਼ਨ III ਅਧੀਨ ਹਿਰਾਸਤ 'ਚ ਕੂਕਾ ਕੈਦੀਆਂ ਦੀ ਸੂਚੀ**

| | |
|---|---|
| 1. ਰਾਮ ਸਿੰਘ, ਕੂਕਾ ਰਹਿਨੁਮਾ | 2. ਸਾਹਿਬ ਸਿੰਘ |
| 3. ਰੂੜ ਸਿੰਘ | 4. ਲੱਖਾ ਸਿੰਘ |
| 5. ਕਾਹਨ ਸਿੰਘ | 6. ਬ੍ਰਹਮਾ ਸਿੰਘ |
| 7. ਜਵਾਹਰ ਸਿੰਘ | 8. ਮਲੂਕ ਸਿੰਘ |
| 9. ਮਾਨ ਸਿੰਘ | 10. ਹੁਕਮਾ ਸਿੰਘ |
| 11. ਪਹਾੜਾ ਸਿੰਘ | 12. ਸਰਦਾਰ ਮੰਗਲ ਸਿੰਘ |

ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਦੀ ਸਿਫ਼ਾਰਸ਼ 'ਤੇ ਉਪਰੋਕਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦੇ ਤੁਰੰਤ ਬਾਅਦ ਹਿਰਾਸਤ ਲਈ ਅਲਾਹਾਬਾਦ ਭੇਜ ਦਿੱਤਾ ਗਿਆ ਸੀ।

ਮਾਰਚ 1872 'ਚ ਰਹਿਨੁਮਾ ਸਤਿਗੁਰੂ ਬਾਬਾ ਰਾਮ ਸਿੰਘ ਜੀ ਨੂੰ ਬ੍ਰਿਟਿਸ਼ ਬਰਮਾ ਭੇਜ ਦਿੱਤਾ ਗਿਆ ਸੀ ਕਿਉਂਕਿ ਇਹ ਸਮਝਿਆ ਗਿਆ ਸੀ ਕਿ ਜੇ ਉਨ੍ਹਾਂ ਨੂੰ ਭਾਰਤੀ ਮਹਾਂਦੀਪ 'ਚ ਰੱਖਿਆ ਗਿਆ, ਤਾਂ ਉਨ੍ਹਾਂ ਨੂੰ ਮੁਕੰਮਲ ਸੁਰੱਖਿਆ ਮੁਹੱਈਆ ਨਹੀਂ ਕੀਤੀ ਜਾ ਸਕੇਗੀ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਪੈਰੋਕਾਰਾਂ ਨਾਲ ਗੱਲਬਾਤ ਕਰਨ ਤੋਂ ਰੋਕਿਆ ਨਹੀਂ ਜਾ ਸਕੇਗਾ।

ਅਗਸਤ 1872 'ਚ ਪੰਜਾਬ ਸਰਕਾਰ ਨੂੰ ਇਸ ਮਾਮਲੇ 'ਤੇ ਆਪਣਾ ਵਿਚਾਰ ਪੇਸ਼ ਕਰਨ ਲਈ ਕਿਹਾ ਗਿਆ ਸੀ ਕਿ ਕੀ ਇਨ੍ਹਾਂ ਕੈਦੀਆਂ ਜਾਂ ਉਨ੍ਹਾਂ 'ਚੋਂ ਕਿਸੇ ਵਿਰੁੱਧ ਕਿਸੇ ਖ਼ਾਸ ਜੁਰਮਾਂ ਲਈ ਸੁਣਵਾਈ ਕਰਨੀ ਚਾਹੀਦੀ ਹੈ ਕਿ ਨਹੀਂ ਅਤੇ ਕੀ ਉਨ੍ਹਾਂ ਨੂੰ ਸਿਆਸੀ ਕੈਦੀਆਂ ਵਜੋਂ ਹੀ ਹਿਰਾਸਤ 'ਚ ਰੱਖਣਾ ਚਾਹੀਦਾ ਹੈ। ਲੈਫ਼ਟੀਨੈਂਟ ਗਵਰਨਰ ਉਨ੍ਹਾਂ ਦੀ ਸੁਣਵਾਈ ਕੀਤੇ ਜਾਣ ਦੇ ਖ਼ਿਲਾਫ਼ ਸਨ ਤੇ ਉਨ੍ਹਾਂ ਇਨ੍ਹਾਂ ਕੈਦੀਆਂ ਨੂੰ ਸਿਆਸੀ ਕੈਦੀਆਂ ਵਜੋਂ ਹਿਰਾਸਤ 'ਚ ਰੱਖਣ ਨੂੰ ਤਰਜੀਹ ਦਿੱਤੀ ਸੀ ਪਰ ਨਾਲ ਹੀ ਇਹ ਗੱਲ ਵੀ ਜੋੜ ਦਿੱਤੀ ਸੀ:

ਜੇ ਨਿਰਪੱਖਤਾ ਨਾਲ ਚੱਲਿਆ ਜਾਵੇ, ਤਾਂ ਇਹ ਵਿਅਕਤੀ ਹਮਦਰਦੀ ਦੇ ਹੱਕਦਾਰ ਨਹੀਂ ਹਨ ਅਤੇ ਸਾਰੇ ਸਬੂਤ ਅਤੇ ਕਾਨੂੰਨੀ ਅਦਾਲਤਾਂ ਉਨ੍ਹਾਂ ਦੇ ਪੂਰੀ ਤਰ੍ਹਾਂ ਖ਼ਿਲਾਫ਼ ਹਨ ਕਿਉਂਕਿ ਉਨ੍ਹਾਂ ਨੇ ਸਾਲਾਂ ਬੱਧੀ ਸਰਕਾਰ ਵਿਰੁੱਧ ਰਾਜ-ਧਰੋਹ ਕੀਤਾ ਤੇ ਸਾਜ਼ਿਸ਼ਾਂ ਰਚੀਆਂ ਹਨ। ਫਿਰ ਵੀ ਕਿਸੇ ਬਦਲਾ-ਲਊ ਕਾਰਵਾਈ ਦੀ ਕੋਈ ਇੱਛਾ ਨਹੀਂ ਹੈ ਅਤੇ ਜਦੋਂ ਕੂਕਾ ਸੰਪਰਦਾਇ ਦਾ ਖ਼ਤਰਾ ਟਲ਼ ਜਾਵੇ ਅਤੇ ਜਦੋਂ ਸਰਕਾਰ ਜਨਤਕ ਸੁਰੱਖਿਆ ਲਈ ਪੂਰੇ ਸੋਚ-ਵਿਚਾਰ ਤੋਂ ਬਾਅਦ ਫ਼ੈਸਲਾ ਲੈ ਸਕੇ ਕਿ ਇਨ੍ਹਾਂ ਆਗੂਆਂ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ, ਮਾਣਯੋਗ ਲੈਫ਼ਟੀਨੈਂਟ ਗਵਰਨਰ ਇਸੇ ਹਿਸਾਬ ਨਾਲ ਮਹਾਮਹਿਮ ਗਵਰਨਰ ਜਨਰਲ-ਇਨ-ਕੌਂਸਲ ਨੂੰ ਸਿਫ਼ਾਰਸ਼ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ।''

ਭਾਰਤ ਸਰਕਾਰ ਲੈਫ਼ਟੀਨੈਂਟ ਗਵਰਨਰ ਦੀ ਮਰਜ਼ੀ ਅਨੁਸਾਰ ਹੀ ਪ੍ਰਵਾਨਗੀ

ਦੇ ਦਿੱਤੀ ਸੀ ਅਤੇ ਅਲਾਹਾਬਾਦ ਦੇ ਕਿਲ੍ਹੇ ਨੂੰ ਕਿਉਂਕਿ ਉਨ੍ਹਾਂ ਦੀ ਹਿਰਾਸਤ ਲਈ ਢੁਕਵਾਂ ਸਥਾਨ ਨਹੀਂ ਸਮਝਿਆ ਗਿਆ ਸੀ, ਇਸੇ ਲਈ ਉਨ੍ਹਾਂ ਨੂੰ ਨਿਮਨਲਿਖਤ ਅਨੁਸਾਰ ਵੱਖੋ-ਵੱਖਰੇ ਸਥਾਨਾਂ 'ਤੇ ਭੇਜ ਦਿੱਤਾ ਗਿਆ ਸੀ:

ਕੈਦੀ 2 ਅਤੇ 5 ਨੂੰ ਪਹਿਲਾਂ ਅਦਨ ਤੇ ਬਾਅਦ 'ਚ ਭਾਰਤ ਸਰਕਾਰ ਦੇ 23 ਅਪ੍ਰੈਲ, 1875 ਦੇ ਆਦੇਸ਼ ਅਨੁਸਾਰ ਹਜ਼ਾਰੀਬਾਗ਼ ਦੀ ਜੇਲ੍ਹ 'ਚ ਹਿਰਾਸਤ ਲਈ ਭੇਜ ਦਿੱਤਾ ਗਿਆ ਸੀ।

ਕੈਦੀਆਂ 3, 8 ਅਤੇ 11 ਨੂੰ ਅਸੀਰਗੜ੍ਹ

ਕੈਦੀਆਂ 4, 6 ਅਤੇ 7 ਨੂੰ ਮੌਲਮੀਨ

ਕੈਦੀਆਂ 9, 10 ਨੂੰ ਚੁਨਾਰ।

ਕੈਦੀ 11 ਨੂੰ ਪਟਿਆਲਾ ਦੇ ਮਾਣਯੋਗ ਮਹਾਰਾਜਾ ਦੀ ਬੇਨਤੀ 'ਤੇ ਮਾਰਚ 1873 'ਚ ਰਿਹਾਅ ਕਰ ਦਿੱਤਾ ਗਿਆ ਸੀ।

ਇੰਝ ਹੁਣ ਕੁੱਲ 12 ਵਿੱਚੋਂ 11 ਕੈਦੀ ਹਾਲੇ ਵੀ ਸਿਆਸੀ ਕੈਦੀਆਂ ਵਜੋਂ ਕੈਦ 'ਚ ਹਨ ਅਤੇ ਉਨ੍ਹਾਂ ਬਾਰੇ ਕੋਈ ਹੋਰ ਹੁਕਮ ਜਾਰੀ ਨਹੀਂ ਕੀਤੇ ਗਏ ਹਨ ਅਤੇ ਪੰਜਾਬ ਸਰਕਾਰ ਨੇ ਹਾਲੇ ਉਨ੍ਹਾਂ ਦੀ ਰਿਹਾਈ ਦੀ ਕੋਈ ਸਿਫ਼ਾਰਸ਼ ਨਹੀਂ ਕੀਤੀ ਹੈ।

ਇਹ ਗੱਲ ਮੰਨਣ ਦਾ ਕੋਈ ਕਾਰਣ ਨਹੀਂ ਜਾਪਦਾ ਕਿ ਪੰਜਾਬ ਸਰਕਾਰ ਇਨ੍ਹਾਂ 'ਚੋਂ ਕਿਸੇ ਵਿਅਕਤੀ ਨੂੰ ਹੁਣ ਰਿਹਾਅ ਕਰਨਾ ਚਾਹੇਗੀ ਪਰ ਇਹ ਜ਼ਰੂਰ ਦਰੁਸਤ ਹੋ ਸਕਦਾ ਹੈ ਕਿ ਅਜਿਹੇ ਮਾਮਲੇ ਸਮੇਂ-ਸਮੇਂ 'ਤੇ ਵਿਚਾਰੇ ਜਾ ਸਕਦੇ ਹਨ ਅਤੇ ਸ਼ਾਇਦ ਪੰਜਾਬ ਨਾਲ ਹੁਣ ਸਲਾਹ-ਮਸ਼ਵਰਾ ਕੀਤਾ ਜਾ ਸਕਦਾ ਹੈ।

ਏ.ਐੱਚ. 3/3/76

## 398

ਗੁਪਤ
ਨੰ. 348 ਐੱਸ
ਗ੍ਰਹਿ ਵਿਭਾਗ
(ਨਿਆਂਇਕ)

ਵੱਲ

ਸਕੱਤਰ, ਪੰਜਾਬ ਸਰਕਾਰ।

*ਫ਼ੋਰਟ ਵਿਲੀਅਮ, 8 ਮਾਰਚ, 1876*

ਸ੍ਰੀਮਾਨ ਜੀ,

ਤੁਹਾਡੇ ਪੱਤਰ ਨੰ. 364ਐੱਸ ਮਿਤੀ 30 ਸਤੰਬਰ, 1872 ਦੇ ਹਵਾਲੇ ਨਾਲ, ਮੈਨੂੰ ਇਹ ਪਤਾ ਕਰਨ ਦੀ ਹਦਾਇਤ ਹੋਈ ਹੈ ਕਿ ਕੀ ਮਾਣਯੋਗ ਲੈਫ਼ਟੀਨੈਂਟ ਗਵਰਨਰ ਦਾ 1818 ਦੇ ਰੈਗੂਲੇਸ਼ਨ III ਅਧੀਨ ਕੈਦ ਕੂਕਾ ਸਰਕਾਰੀ ਕੈਦੀਆਂ 'ਚੋਂ ਕਿਸੇ ਨੂੰ ਹੁਣ ਰਿਹਾਅ ਕਰਨ ਦਾ ਕੋਈ ਵਿਚਾਰ ਹੈ।

ਮੈਂ ਇਹ ਵਿਆਖਿਆ ਕਰਨੀ ਹੈ ਕਿ ਹਿਹ ਜਾਂਚ ਸਿਰਫ਼ ਇਹ ਤੱਥ ਜਾਣਨ

ਲਈ ਕੀਤੀ ਗਈ ਹੈ ਕਿ ਇਸ ਨੂੰ ਇਸ ਲਈ ਵਾਜਬ ਸਮਝਿਆ ਗਿਆ.... (?)

ਮੈਂ ਹਾਂ,

ਏ.ਐੱਚ. 6/3

## 399

ਗੁਪਤ

ਨੰ. 134ਸੀ

ਵੱਲੋਂ

ਲੀਪਲ ਐੱਚ. ਗ੍ਰਿਫ਼ਿਨ, ਐਸਕ.,
ਆਫ਼ਿਸ਼ੀਏਟਿੰਗ ਸਕੱਤਰ, ਪੰਜਾਬ ਸਰਕਾਰ।

ਵੱਲ

ਟੀ.ਐੱਚ. ਥੌਰੰਟਨ, ਐਸਕ., ਡੀ.ਸੀ.ਐੱਲ.,
ਆਫ਼ਿਸ਼ੀਏਟਿੰਗ ਸਕੱਤਰ, ਭਾਰਤ ਸਰਕਾਰ, ਵਿਦੇਸ਼ ਵਿਭਾਗ।

*ਮਿਤੀ ਸ਼ਿਮਲਾ, 27 ਜੂਨ, 1876*

ਸ੍ਰੀਮਾਨ ਜੀ,

ਮੈਂ 1818 ਦੇ ਰੈਗੂਲੇਸ਼ਨ III ਅਧੀਨ ਕੈਦ ਕੂਕਾ ਸਰਕਾਰੀ ਕੈਦੀਆਂ ਦੇ ਵਿਸ਼ੇ 'ਤੇ ਤੁਹਾਡੇ ਬੀਤੀ 8 ਮਾਰਚ ਦੇ 'ਗੁਪਤ' ਪੱਤਰ ਨੰ. 348 ਦਾ ਜਵਾਬ ਦੇਣਾ ਅਤੇ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੇ ਵਿਚਾਰ ਅਨੁਸਾਰ ਇਨ੍ਹਾਂ 'ਚੋਂ ਕਿਸੇ ਕੈਦੀ ਨੂੰ ਹੁਣ ਰਿਹਾਅ ਕਰਨਾ ਹੈ ਜਾਂ ਨਹੀਂ।

2. ਇਸ ਪੱਤਰ ਦਾ ਜਵਾਬ ਦੇਣ 'ਚ ਇਸ ਲਈ ਦੇਰੀ ਹੋ ਗਈ ਹੈ ਕਿਉਂਕਿ ਜ਼ਿਲ੍ਹਿਆਂ ਤੇ ਡਿਵੀਜ਼ਨਾਂ ਦੇ ਕਮਿਸ਼ਨਰਾਂ ਤੇ ਡਿਪਟੀ ਕਮਿਸ਼ਨਰਾਂ ਦੀਆਂ ਆਪੋ-ਆਪਣੇ ਖੇਤਰਾਂ 'ਚ ਰਹਿੰਦੇ ਸਰਕਾਰੀ ਕੈਦੀਆਂ ਦੇ ਆਪਣੇ ਘਰਾਂ ਨੂੰ ਵਾਪਸੀ ਬਾਰੇ ਪੁੱਛ-ਪੜਤਾਲਾਂ ਚੱਲਦੀਆਂ ਰਹੀਆਂ ਹਨ ਅਤੇ ਕੁਝ ਉਸ ਵੇਲੇ ਜ਼ਿਲ੍ਹਿਆਂ ਦੇ ਇੰਚਾਰਜ ਅਧਿਕਾਰੀ ਮੌਜੂਦ ਨਹੀਂ ਸਨ, ਜਦੋਂ ਉਨ੍ਹਾਂ ਨੂੰ ਪਹਿਲੀ ਵਾਰ ਗ੍ਰਿਫ਼ਤਾਰ ਕੀਤਾ ਗਿਆ ਸੀ, ਕੁਝ ਦੇਰੀ ਜ਼ਰੂਰੀ ਜਾਣਕਾਰੀ ਹਾਸਲ ਕਰਨ 'ਚ ਹੋ ਗਈ ਹੈ। ਉਂਝ ਹੁਣ ਸਾਰਿਆਂ ਨੇ ਜਵਾਬ ਦੇ ਦਿੱਤਾ ਹੈ।

3. ਆਮ ਵਿਚਾਰ ਇਹੋ ਜਾਪਦਾ ਹੈ ਕਿ ਇਸ ਵੇਲੇ ਇਨ੍ਹਾਂ ਕੈਦੀਆਂ ਦੀ ਵਾਪਸੀ ਦੀ ਇਜਾਜ਼ਤ ਦੇਣਾ ਫ਼ਜ਼ੂਲ ਹੈ। ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਅਤੇ ਲਾਹੌਰ ਦੇ ਕਮਿਸ਼ਨਰ ਦਾ ਮੰਨਣਾ ਹੈ ਕਿ ਜਵਾਹਰ ਸਿੰਘ, ਮਲੂਕ ਸਿੰਘ, ਮਾਨ ਸਿੰਘ ਦੀ ਵਾਪਸੀ ਨਾਲ ਕੋਈ ਅਸੁਵਿਧਾ ਪੈਦਾ ਨਹੀਂ ਹੋਵੇਗੀ ਜਾਂ ਉਨ੍ਹਾਂ ਦੀ ਵਾਪਸੀ ਤੋਂ ਕੋਈ ਖ਼ਤਰਾ ਨਹੀਂ ਹੋਵੇਗਾ ਪਰ ਸਰ ਹੈਨਰੀ ਡੇਵੀਜ਼ ਨੇ ਜਿਵੇਂ ਇਸ ਮਾਮਲੇ ਬਾਰੇ ਆਮ ਵਿਚਾਰ ਕੀਤਾ ਹੈ ਤੇ ਜਿੱਥੋਂ ਤੱਕ ਕੂਕਿਆਂ ਦਾ ਸਬੰਧ ਹੈ ਤੇ ਇਸ ਵੇਲੇ ਇਸ ਸੰਪਰਦਾਇ ਦੀਆਂ ਕੁਝ ਖ਼ਾਸ ਗਤੀਵਿਧੀਆਂ ਸਦਕਾ ਉਨ੍ਹਾਂ ਦਾ ਮੰਨਣਾ ਹੈ ਕਿ ਹਾਲੇ

ਇਸ ਸਮੇਂ ਕਿਸੇ ਵੀ ਕੈਦੀ ਨੂੰ ਪੰਜਾਬ ਵਾਪਸ ਭੇਜਣਾ ਠੀਕ ਨਹੀਂ ਹੋਵੇਗਾ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/- ਲੀਪਲ ਗ੍ਰਿਫ਼ਿਨ

## 400

ਨੰ. 1154
ਗ੍ਰਹਿ ਵਿਭਾਗ
(ਨਿਆਂਇਕ)

ਵੱਲ

ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

*ਸ਼ਿਮਲਾ, 14 ਜੁਲਾਈ, 1876*

ਸ੍ਰੀਮਾਨ ਜੀ,

ਮੈਨੂੰ ਤੁਹਾਡਾ ਪਿਛਲੇ ਮਹੀਨੇ ਦੀ 27 ਤਰੀਕ ਨੂੰ ਵਿਦੇਸ਼ ਵਿਭਾਗ ਨੂੰ ਲਿਖਿਆ ਪੱਤਰ ਨੰ. 134ਸੀ ਪ੍ਰਾਪਤ ਹੋਣ ਤੇ ਜਵਾਬ ਵਿੱਚ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਗਵਰਨਰ ਜਨਰਲ-ਇਨ-ਕੌਂਸਲ ਨੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੇ ਉਸ ਵਿਚਾਰ ਨੂੰ ਪ੍ਰਵਾਨ ਕਰ ਲਿਆ ਹੈ ਕਿ 1818 ਦੇ ਰੈਗੂਲੇਸ਼ਨ III ਅਧੀਨ ਗ੍ਰਿਫ਼ਤਾਰ ਕੀਤੇ ਗਏ ਕਿਸੇ ਵੀ ਕੂਕਾ ਕੈਦੀ ਨੂੰ ਇਸ ਵੇਲੇ ਪੰਜਾਬ ਵਾਪਸੀ ਦੀ ਇਜਾਜ਼ਤ ਦੇਣੀ ਠੀਕ ਨਹੀਂ ਹੋਵੇਗੀ।

ਮੈਂ ਹਾਂ
ਏ.ਐੱਚ. 1217

ਨੰ. 1860

ਇਸ ਦੀ ਕਾਪੀ ਵਿਦੇਸ਼ ਵਿਭਾਗ ਨੂੰ ਸੂਚਨਾ ਹਿਤ।

ਹਜ਼ਾਰੀਬਾਗ਼ ਜੇਲ੍ਹ 'ਚ ਕੂਕਾ ਸਰਕਾਰੀ ਕੈਦੀ। ਸਾਹਿਬ ਸਿੰਘ ਤੇ ਕਾਹਨ ਸਿੰਘ।

*ਨੋਟ:* ਇਸ ਸਬੰਧ ਟਾਈਪ ਕੀਤੇ ਸਾਰੇ ਪੰਨੇ 50 ਹਨ।

ਪੰਨਿਆਂ ਦੀ ਸੀਮਤ ਗਿਣਤੀ ਹੋਣ ਕਾਰਣ ਸਿਰਫ਼ ਬੇਹੱਦ ਅਹਿਮ ਦਸਤਾਵੇਜ਼ ਹੀ ਪ੍ਰਕਾਸ਼ਿਤ ਕੀਤੇ ਗਏ ਹਨ।

ਨਾਹਰ ਸਿੰਘ

## 401

*ਹਜ਼ਾਰੀ ਬਾਗ਼, 21 ਮਈ, 1875*

ਵੱਲ

ਸੁਪਰਇੰਟੈਂਡੈਂਟ, ਜੇਲ੍ਹਾਂ, ਹਜ਼ਾਰੀਬਾਗ਼।

ਸ੍ਰੀਮਾਨ ਜੀ,

ਮੈਨੂੰ ਤੁਹਾਨੂੰ ਇਹ ਦੱਸਣ ਦਾ ਮਾਣ ਹਾਸਲ ਹੋਇਆ ਹੈ ਕਿ ਇਸ ਵੇਲੇ ਯੂਰੋਪੀਅਨ ਸੁਧਾਰ-ਘਰ 'ਚ ਨਜ਼ਰਬੰਦ ਕੂਕਾ ਕੈਦੀ ਸਾਹਿਬ ਸਿੰਘ ਇੱਕ ਗੰਭੀਰ ਕਿਸਮ ਦੇ ਸ਼ੱਕਰ (ਸ਼ੂਗਰ) ਰੋਗ ਤੋਂ ਪੀੜਤ ਹੈ, ਭਾਵੇਂ ਕਿ ਉਸ ਦੀ ਸਿਹਤ 'ਚ ਮੱਠੀ ਰਫ਼ਤਾਰ ਨਾਲ ਸੁਧਾਰ ਹੋ ਰਿਹਾ ਹੈ। ਮੈਂ ਇਸ 'ਚ ਇਹ ਗੱਲ ਵੀ ਜੋੜ ਸਕਦਾ ਹਾਂ ਕਿ ਭਾਵੇਂ ਇਸ ਦਾ ਇਲਾਜ ਚੱਲ ਰਿਹਾ ਹੈ ਪਰ ਇਹ ਰੋਗ ਦਵਾਈ ਨਾਲ ਬਹੁਤ ਘੱਟ ਹੀ ਠੀਕ ਹੁੰਦਾ ਹੈ।

ਮੈਂ ਹਾਂ,
ਹਸਤਾਖਰ/- .... ਈ.ਏ. ਬਰਚ
ਐਫ਼.ਆਰ.ਸੀ.ਐੱਸ.
ਸਿਵਲ ਸਰਜਨ।

## 402

*ਨੰ. 416* *22 ਜੁਲਾਈ, 1875*

*ਵੱਲੋਂ*

ਸੁਪਰਇੰਟੈਂਡੈਂਟ, ਯੂਰੋਪੀਅਨ ਸੁਧਾਰ-ਘਰ, ਹਜ਼ਾਰੀਬਾਗ਼।

*ਵੱਲ*

ਇੰਸਪੈਕਟਰ ਜਨਰਲ, ਜੇਲ੍ਹਾਂ, ਐੱਲ.ਪੀ., ਅਲੀਪੁਰ।

ਵਿਸ਼ਾ: ਸਰਕਾਰੀ ਕੈਦੀਆਂ ਦੀ ਖ਼ੁਰਾਕ।

ਸ੍ਰੀਮਾਨ ਜੀ,

ਇਸੇ ਮਹੀਨੇ ਦੀ 18 ਤਰੀਕ ਦੇ ਤੁਹਾਡੇ ਨੰ. 5060 ਅਤੇ ਅੱਗੇ ਭੇਜੀ ਗਈ ਚਿੱਠੀ-ਪੱਤਰੀ (ਜੋ ਹਦਾਇਤ ਮੁਤਾਬਕ ਹੁਣ ਭੇਜ ਦਿੱਤੀ ਗਈ ਸੀ) ਦੇ ਹਵਾਲੇ ਨਾਲ ਮੈਨੂੰ ਦੱਸਣ ਦਾ ਮਾਣ ਹਾਸਲ ਹੋਇਆ ਹੈ ਕਿ ਮੇਰੇ ਵਿਚਾਰ ਅਨੁਸਾਰ ਸੁਧਾਰ-ਘਰ 'ਚ ਕੈਦ ਦੋਵੇਂ ਕੂਕਾ ਸਰਕਾਰੀ ਕੈਦੀਆਂ ਨੂੰ ਪ੍ਰਤੀ ਮਹੀਨਾ ਉਸੇ 65/- ਰੁਪਏ ਪ੍ਰਤੀ ਮਹੀਨਾ ਦੀ ਰਾਸ਼ੀ ਦੀ ਪ੍ਰਵਾਨਗੀ ਦੀ ਇਜਾਜ਼ਤ ਦਿੱਤੀ ਜਾਵੇ, ਜੋ ਉਨ੍ਹਾਂ ਨੂੰ ਅਦਨ ਦੀ ਜੇਲ੍ਹ 'ਚ ਦਿੱਤੀ ਗਈ ਸੀ, ਇਨ੍ਹਾਂ 'ਚੋਂ ਇੱਕ ਕੈਦੀ ਦੀ ਸਿਹਤ ਬਹੁਤ ਨਾਜ਼ੁਕ ਬਣੀ ਹੋਈ ਹੈ ਅਤੇ ਉਸ ਨੂੰ ਰੋਜ਼ਾਨਾ ਮੈਡੀਕਲ ਸਹਾਇਤਾ ਦੀ ਜ਼ਰੂਰਤ ਪੈਂਦੀ ਹੈ। ਉਪਰੋਕਤ ਰਾਸ਼ੀ ਨਾਲ ਬੇਸ਼ੱਕ ਖ਼ੁਰਾਕ, ਮੈਡੀਕਲ, ਕੱਪੜੇ ਆਦਿ ਸਾਰੇ ਖ਼ਰਚੇ ਹੋ ਜਾਇਆ ਕਰਨਗੇ ਅਤੇ ਇਸ ਤੋਂ ਘੱਟ 'ਤੇ ਗੁਜ਼ਾਰਾ ਨਹੀਂ ਹੋਵੇਗਾ, ਜੇ ਕੈਦੀਆਂ ਨੂੰ ਅਦਨ ਦੀ ਜੇਲ੍ਹ ਵਰਗਾ ਖਾਣਾ ਚਾਹੀਦਾ ਹੈ।

ਮੈਂ ਹਾਂ,
ਹਸਤਾਖਰ/- ਈ.ਜੀ. ਲਿਲਿੰਗਸਟੋਨ,
ਕੈਪਟਨ, ਜੇਲ੍ਹ ਸੁਪਰਇੰਟੈਂਡੈਂਟ, ਹਜ਼ਾਰੀਬਾਗ਼।

## 403

ਵੱਲੋਂ

ਆਫ਼ਿਸ਼ੀਏਟਿੰਗ ਸਕੱਤਰ, ਬੰਗਾਲ ਸਰਕਾਰ, ਸਿਆਸੀ ਵਿਭਾਗ।

ਵੱਲ

ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਨੰ. 3167, ਮਿਤੀ ਕਲਕੱਤਾ, 4 ਦਸੰਬਰ, 1876*

ਸ੍ਰੀਮਾਨ ਜੀ,

ਬੀਤੀ 19 ਜਨਵਰੀ ਦੇ ਤੁਹਾਡੇ ਪੱਤਰ ਨੰ. 70 ਦੇ ਹਵਾਲੇ ਨਾਲ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਵੱਲੋਂ ਹਜ਼ਾਰੀਬਾਗ਼ ਦੇ ਯੂਰੋਪੀਅਨ ਜੇਲ੍ਹ 'ਚ ਕੈਦ ਦੋ ਕੂਕਾ ਕੈਦੀਆਂ ਸਾਹਿਬ ਸਿੰਘ ਤੇ ਕਾਹਨ ਸਿੰਘ ਲਈ ਇਸ ਸੀਜ਼ਨ ਵਾਸਤੇ ਗਰਮ ਕੱਪੜੇ ਮੁਹੱਈਆ ਕਰਵਾਉਣ ਹਿਤ 65/- ਰੁਪਏ ਦਾ ਖ਼ਰਚ ਪ੍ਰਵਾਨ ਕਰਵਾਉਣ ਬਾਰੇ ਭੇਜੀ ਗਈ ਇੱਕ ਅਰਜ਼ੀ 'ਤੇ ਭਾਰਤ ਸਰਕਾਰ ਦੇ ਹੁਕਮਾਂ ਲਈ ਬੇਨਤੀ ਕੀਤੀ ਜਾਂਦੀ ਹੈ, ਤੇ ਇਸ ਸਬੰਧੀ ਮੇਰੀ ਬੇਨਤੀ ਹੈ ਕਿ ਭਾਰਤ ਸਰਕਾਰ ਇਸ ਮੰਤਵ ਲਈ ਸ਼ਾਹੀ ਖ਼ਜ਼ਾਨੇ 'ਚੋਂ 65/- ਰੁਪਏ ਦੀ ਸਾਲਾਨਾ ਰਾਸ਼ੀ ਪ੍ਰਵਾਨ ਕਰ ਸਕਦੀ ਹੈ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,

ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ

ਹਸਤਾਖਰ/-

ਕਾਰਜਕਾਰੀ ਇੰਸਪੈਕਟਰ ਜਨਰਲ, ਜੇਲ੍ਹਾਂ।

## 404

ਜੁਡੀਸ਼ੀਅਲ ਬੀ., ਪ੍ਰੋਗਸ. ਨੰ. 78 ਨੰ. 64 ਨੰ. 3115

ਵੱਲੋਂ

ਸਕੱਤਰ, ਬੰਗਾਲ ਸਰਕਾਰ,

ਨਿਆਂਇਕ, ਰਾਜਨੀਤਕ ਤੇ ਨਿਯੁਕਤੀ ਵਿਭਾਗ।

ਵੱਲ

ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਨੰ. 3113* *ਮਿਤੀ ਦਾਰਜੀਲਿੰਗ, 5 ਮਈ, 1878*

ਸਿਆਸੀ

ਸ੍ਰੀਮਾਨ ਜੀ,

ਹਜ਼ਾਰੀਬਾਗ਼ ਦੇ ਯੂਰੋਪੀਅਨ ਸੁਧਾਰ-ਘਰ 'ਚ ਕੈਦ ਕੂਕਾ ਸਰਕਾਰੀ ਕੈਦੀਆਂ ਸਾਹਿਬ ਸਿੰਘ ਤੇ ਕਾਹਨ ਸਿੰਘ ਬਾਰੇ ਤੁਹਾਡੇ ਪੱਤਰ ਨੰ. 1613, ਮਿਤੀ 23 ਅਕਤੂਬਰ, 1877 ਨਾਲ ਬੰਦ ਹੋਈ

*ਜੇਲ੍ਹਾਂ ਦੇ ਇੰਸਪੈਕਟਰ ਜਨਰਲ ਦਾ ਪੱਤਰ ਨੰ. 2429, ਪੱਤਰ ਨੰ. 1463 ਮਿਤੀ 4 ਅਪ੍ਰੈਲ, ਵੱਲ -ਉਹੀ- ਨੰ. 3277 ਮਿਤੀ 16 ਅਪ੍ਰੈਲ, ਵੱਲੋਂ -ਉਹੀ-

ਚਿੱਠੀ-ਪੱਤਰੀ ਦੇ ਹਵਾਲੇ ਨਾਲ, ਮੈਨੂੰ ਇਨ੍ਹਾਂ ਕੈਦੀਆਂ ਦੇ ਇਲਾਜ ਸਬੰਧੀ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਹੋਈ ਚਿੱਠੀ-ਪੱਤਰੀ ਦੀ ਨਾਲ ਨੱਥੀ ਕਾਪੀ ਬਾਰੇ ਭਾਰਤ ਸਰਕਾਰ ਵੱਲੋਂ ਵਿਚਾਰ ਕਰਨ ਉਪਰੰਤ ਹੁਕਮ ਜਾਰੀ ਕਰਵਾਉਣ ਹਿਤ ਬੇਨਤੀ ਕਰਨ ਦੀ ਹਦਾਇਤ ਹੋਈ ਹੈ।

2. ਭਾਰਤ ਸਰਕਾਰ ਦੇ ਹੁਕਮਾਂ ਅਧੀਨ ਗ੍ਰਹਿ ਵਿਭਾਗ 'ਚ ਤੁਹਾਡੇ ਪੱਤਰ ਨੰ. 475, ਮਿਤੀ 10 ਅਪ੍ਰੈਲ, 1875 'ਚ ਦੱਸਿਆ ਗਿਆ ਸੀ ਕਿ ਇਨ੍ਹਾਂ ਕੈਦੀਆਂ ਨੂੰ ਅਦਨ ਤੋਂ ਤਬਦੀਲ ਕਰ ਕੇ ਹਜ਼ਾਰੀਬਾਗ਼ 'ਚ ਰੱਖਿਆ ਗਿਆ ਹੈ।

3. ਜੇਲ੍ਹਾਂ ਦੇ ਇੰਸਪੈਕਟਰ ਜਨਰਲ ਹੁਣ ਸਰਕਾਰ ਦੇ ਧਿਆਨ ਹਿਤ ਲਿਆ ਰਹੇ ਹਨ ਕਿ ਹਜ਼ਾਰੀਬਾਗ਼ ਦੇ ਸੁਧਾਰ-ਘਰ ਦੇ ਉਨ੍ਹਾਂ ਵੱਲੋਂ ਕੀਤੇ ਗਏ ਹਾਲੀਆ ਨਿਰੀਖਣ ਦੌਰਾਨ ਇਨ੍ਹਾਂ ਦੋ ਕੈਦੀਆਂ ਨੇ ਉਨ੍ਹਾਂ ਨੂੰ ਅਰਜ਼ੀ ਦਿੱਤੀ ਸੀ ਕਿ ਉਨ੍ਹਾਂ ਨੂੰ ਬ੍ਰਿਟਿਸ਼ ਬਰਮਾ 'ਚ ਤਬਦੀਲ ਕੀਤਾ ਜਾਵੇ; ਇਸ ਸਬੰਧੀ ਇਸ ਤੱਥ ਵੱਲ ਧਿਆਨ ਦਿਵਾਇਆ ਜਾਂਦਾ ਹੈ ਕਿ ਭਾਵੇਂ ਉਹ ਇਸ ਸੁਧਾਰ-ਘਰ 'ਚ ਬੇਹੱਦ ਸਖ਼ਤ ਸੁਰੱਖਿਆ ਚੌਕਸੀ ਅਧੀਨ ਸਿਰਫ਼ ਕੈਦ ਹਨ ਅਤੇ ਉਨ੍ਹਾਂ ਨੂੰ ਰੰਗੂਨ ਤੇ ਮੌਲਮੀਨ 'ਚ ਬੰਦ ਹੋਰ ਕੂਕਾ ਕੈਦੀਆਂ ਵਾਂਗ ਕੋਈ ਸਖ਼ਤ ਸਜ਼ਾ ਨਹੀਂ ਦਿੱਤੀ ਗਈ ਅਤੇ ਬੇਹੱਦ ਗੰਭੀਰ ਪੱਖ ਉਦੋਂ ਸਾਹਮਣੇ ਆਇਆ, ਜਦੋਂ ਇਹ ਵਿਚਾਰ ਕੀਤਾ ਗਿਆ ਕਿ ਇਨ੍ਹਾਂ ਦੋਵੇਂ ਵਿਅਕਤੀਆਂ ਨੂੰ ਅਣਮਿੱਥੇ ਸਮੇਂ ਲਈ ਕੈਦ 'ਚ ਰੱਖਿਆ ਜਾਵੇਗਾ।

4. ਡਾ. ਲੇਦਬ੍ਰਿਜ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਬ੍ਰਿਟਿਸ਼ ਬਰਮਾ ਦੇ ਸੁਘਿਓ 'ਚ ਤਬਦੀਲ ਕੀਤਾ ਜਾ ਸਕਦਾ ਹੈ, ਜਿੱਥੇ ਉਨ੍ਹਾਂ ਨੂੰ ਹੋਰ ਨਿਜੀ ਆਜ਼ਾਦੀ ਦੀ ਇਜਾਜ਼ਤ ਹੋਵੇਗੀ ਪਰ ਫਿਰ ਵੀ ਉਹ ਪੰਜਾਬ ਦੇ ਆਪਣੇ ਦੋਸਤਾਂ ਅਤੇ ਰੰਗੂਨ ਤੇ ਮੌਲਮੀਨ ਦੇ ਆਪਣੇ ਸਾਥੀ ਕੈਦੀਆਂ ਤੋਂ ਤਾਂ ਪੂਰੀ ਤਰ੍ਹਾਂ ਦੂਰ ਰਹਿਣਗੇ।

5. ਲੈਫ਼ਟੀਨੈਂਟ ਗਵਰਨਰ ਕੁਝ ਇਸ ਤਰ੍ਹਾਂ ਸੋਚਦੇ ਹਨ ਕਿ ਇਨ੍ਹਾਂ ਕੈਦੀਆਂ ਨੂੰ ਬ੍ਰਿਟਿਸ਼ ਬਰਮਾ 'ਚ ਕਿਉਂ ਭੇਜਿਆ ਜਾਵੇ ਕਿਉਂਕਿ ਉੱਥੋਂ ਦਾ ਜਲਵਾਯੂ ਤੇ ਰਹਿਣੀ-ਬਹਿਣੀ ਉਸ ਨਾਲੋਂ ਪੂਰੀ ਤਰ੍ਹਾਂ ਵੱਖਰੀ ਕਿਸਮ ਦੀ ਹੈ, ਉਹ ਹੁਣ ਤੱਕ ਜਿੱਥੇ ਰਹਿੰਦੇ ਰਹੇ ਹਨ ਅਤੇ ਮੈਂ ਮਹਾਮਹਿਮ ਗਵਰਨਰ ਜਨਰਲ ਤੋਂ ਇਹ ਪੁੱਛਣਾ ਹੈ ਕਿ ਕੀ ਇਨ੍ਹਾਂ 10 ਕੈਦੀਆਂ 'ਤੇ ਸਖ਼ਤ ਸੁਰੱਖਿਆ ਚੌਕਸੀ ਦੇ ਪਹਿਲੇ ਹੁਕਮਾਂ 'ਚ ਹੁਣ ਕੋਈ ਢਿੱਲ ਤਾਂ ਪ੍ਰਵਾਨ ਨਹੀਂ ਕਰਨੀ। ਸ੍ਰੀ ਈਡਨ ਦਾ ਵਿਚਾਰ ਹੈ ਕਿ ਹੁਣ ਇਹ ਸਾਰੇ ਵਿਅਕਤੀ ਕਿਸੇ ਪੁਜ਼ੀਸ਼ਨ 'ਤੇ ਨਹੀਂ ਹਨ ਤੇ ਜੇ ਅਜਿਹਾ ਹੈ, ਤਾਂ ਕੀ ਉਨ੍ਹਾਂ ਨੂੰ ਵਾਜਬ ਸੁਰੱਖਿਆ ਚੌਕਸੀ ਅਧੀਨ ਉਨ੍ਹਾਂ ਨੂੰ ਹਜ਼ਾਰੀਬਾਗ਼ ਦੀ ਜੇਲ੍ਹ ਦੀਆਂ ਕੰਧਾਂ ਤੋਂ ਬਾਹਰ ਜਾਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,

ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ

ਹਸਤਾਖਰ/-

ਸਕੱਤਰ, ਬੰਗਾਲ ਸਰਕਾਰ।

## 405

ਵੱਲੋਂ

ਜੇ.ਜੀ. ਕੌਰਡਰੀ, ਐਸਕੁਆਇਰ,
ਆਫ਼ਿਸ਼ੀਏਟਿੰਗ ਸਕੱਤਰ, ਪੰਜਾਬ ਸਰਕਾਰ।

ਵੱਲ

ਸੀ. ਬਰਨਾਰਡ, ਐਸਕੁਆਇਰ,
ਆਫ਼ਿਸ਼ੀਏਟਿੰਗ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਮਿਤੀ ਸ਼ਿਮਲਾ, 25 ਜੁਲਾਈ, 1878*

ਗ੍ਰਹਿ

ਸ੍ਰੀਮਾਨ ਜੀ,

ਤੁਸੀਂ ਆਪਣੇ 12 ਜੂਨ ਦੇ ਪੱਤਰ ਨੰ. 730 ’ਚ ਪੁੱਛਿਆ ਹੈ ਕਿ ਮਾਣਯੋਗ ਲੈਫ਼ਟੀਨੈਂਟ ਗਵਰਨਰ ਨੂੰ ਇਸ ਗੱਲ ’ਤੇ ਕੋਈ ਇਤਰਾਜ਼ ਤਾਂ ਨਹੀਂ ਹੈ ਕਿ ਜੇ ਕੂਕਾ ਕੈਦੀਆਂ ਸਾਹਿਬ ਸਿੰਘ ਤੇ ਕਾਹਨ ਸਿੰਘ ਦੀ ਸਖ਼ਤ ਸੁਰੱਖਿਆ ਚੌਕਸੀ ਹੇਠ ਕੈਦ ਦੇ ਮੌਜੂਦਾ ਹੁਕਮ ਉੱਤੇ ਬੰਗਾਲ ਸਰਕਾਰ ਕਿਸੇ ਤਰ੍ਹਾਂ ਦੀ ਢਿੱਲ ਦੇਣ ਦਾ ਪ੍ਰਸਤਾਵ ਰੱਖੇ, ਤਾਂ ਉਸ ਦੇ ਜਵਾਬ ਵਿੱਚ ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਹਿਬ ਸਿੰਘ ਦਾ ਇੰਨਾ ਕੁ ਮਹੱਤਵ ਹੈ ਕਿ ਉਹ ਕੂਕਾ ਸੰਪਰਦਾਇ ਦੇ ਮੁਖੀ ਬਾਬਾ ਰਾਮ ਸਿੰਘ ਜੀ ਤੋਂ ਬਾਅਦ ਦੂਜੇ ਨੰ. ’ਤੇ ਹੈ ਅਤੇ ਕਾਹਨ ਸਿੰਘ ਬੇਹੱਦ ਪੱਖਪਾਤੀ ਕਿਸਮ ਦਾ ਵਿਅਕਤੀ ਹੈ ਤੇ ਇੱਕ ਬੇਹੱਦ ਊਰਜਾਵਾਨ ਕੂਕਾ ਆਗੂ ਹੈ।

2. ਮੇਰੇ ਵਿਚਾਰ ਮੁਤਾਬਕ ਉਨ੍ਹਾਂ ਦਾ ਆਪਣੇ ਸੰਪਰਦਾਇ ’ਚ ਵਰਣਨਯੋਗ ਮਹੱਤਵ ਹੈ ਅਤੇ ਲੈਫ਼ਟੀਨੈਂਟ ਗਵਰਨਰ ਅਜਿਹੀ ਕੋਈ ਸਿਫ਼ਾਰਸ਼ ਨਹੀਂ ਕਰਦੇ ਕਿ ਉਨ੍ਹਾਂ ਨੂੰ ਜੇਲ੍ਹ ਦੀਆਂ ਕੰਧਾਂ ਤੋਂ ਬਾਹਰ ਕਿਤੇ ਰਹਿਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਕਿ ਜਿੱਥੇ ਉਹ ਪੰਜਾਬ ’ਚ ਆਪਣੇ ਸੰਪਰਦਾਇ ਦੇ ਹੋਰ ਮੈਂਬਰਾਂ ਨਾਲ ਗੱਲਬਾਤ ਕਰਨ ਦਾ ਕੋਈ ਜ਼ਰੀਆ ਤਲਾਸ਼ ਕਰ ਸਕਣ ਕਿਉਂਕਿ ਹੋਰ ਮੈਂਬਰ ਜੇਲ੍ਹ ’ਚ ਬੰਦ ਕੂਕਿਆਂ ਨਾਲ ਚਿੱਠੀ-ਪੱਤਰੀ ਕਰਨ ਦੀਆਂ ਡਾਢੀਆਂ ਕੋਸ਼ਿਸ਼ਾਂ ਕਰਦੇ ਹਨ।

ਮੈਨੂੰ ਮਾਣ ਹੈ ਕਿ
ਹਸਤਾਖਰ/-
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

## 406

ਗਵਰਨਰ ਜਨਰਲ ਦੇ ਦਫ਼ਤਰ ’ਚ ਫ਼ਾਈਲ ’ਤੇ ਟਿੱਪਣੀਆਂ

ਵੱਲੋਂ ਬੰਗਾਲ ਸਰਕਾਰ।

*ਨੰ. 3113, ਮਿਤੀ 5 ਮਈ, 1878*

ਸ੍ਰੀਮਾਨ ਜੀ,

ਹਜ਼ਾਰੀਬਾਗ਼ ਦੇ ਯੂਰੋਪੀਅਨ ਸੁਧਾਰ-ਘਰ 'ਚ ਕੈਦ ਦੋ ਕੂਕਾ ਸਰਕਾਰੀ ਕੈਦੀਆਂ ਸਾਹਿਬ ਸਿੰਘ ਤੇ ਕਾਹਨ ਸਿੰਘ ਨਾਲ ਵਿਵਹਾਰ ਦੇ ਵਿਸ਼ੇ 'ਤੇ ਉਨ੍ਹਾਂ ਦੇ ਇੰਸਪੈਕਟਰ ਜਨਰਲ, ਜੇਲ੍ਹਾਂ ਨਾਲ ਹੋਈ ਚਿੱਠੀ-ਪੱਤਰੀ ਦੀ ਇੱਕ ਕਾਪੀ 'ਚ ਬੰਗਾਲ ਸਰਕਾਰ ਦੀ ਸਿਫ਼ਾਰਸ਼।

ਇੱਥੇ ਹੇਠਾਂ ਇਨ੍ਹਾਂ ਦੋ ਕੈਦੀਆਂ ਨਾਲ ਸੰਬੰਧਤ ਉਸ ਚਿੱਠੀ-ਪੱਤਰੀ ਦਾ ਸੰਖੇਪ ਵੇਰਵਾ ਦਿੱਤਾ ਜਾਂਦਾ ਹੈ, ਜਿਸ ਅਧੀਨ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਜਨਵਰੀ 1872 'ਚ ਪੰਜਾਬ ਦੇ ਲੁਧਿਆਣਾ ਨਗਰ ਲਾਗਲੇ ਮਲੌਦ ਸ਼ਹਿਰ ਅਤੇ ਮਲੇਰਕੋਟਲਾ ਕਸਬੇ 'ਤੇ ਕੂਕਿਆਂ ਦੇ ਵੱਡੇ ਦਲਾਂ ਦੇ ਹਮਲੇ ਤੋਂ ਛੇਤੀ ਪਿੱਛੋਂ ਸਥਾਨਕ ਸਰਕਾਰ ਨੇ ਕੂਕਾ ਆਗੂ ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਪ੍ਰਮੁੱਖ ਤੇ ਬੇਹੱਦ ਪ੍ਰਭਾਵਸ਼ਾਲੀ ਸੂਬਿਆਂ (ਲੈਫ਼ਟੀਨੈਂਟਾਂ) ਸਾਹਿਬ ਸਿੰਘ, ਜਵਾਹਰ ਸਿੰਘ, ਲੱਖਾ ਸਿੰਘ, ਕਾਹਨ ਸਿੰਘ ਅਤੇ ਹੋਰਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਹਦਾਇਤ ਜਾਰੀ ਕਰ ਦਿੱਤੀ ਸੀ ਅਤੇ ਉਸ ਤੋਂ ਪਹਿਲਾਂ ਵਾਪਰੀਆਂ ਘਟਨਾਵਾਂ ਦੇ ਮੱਦੇਨਜ਼ਰ ਬੇਸ਼ੱਕ ਮਲੌਦ ਤੇ ਮਾਲੇਰਕੋਟਲਾ 'ਤੇ ਹਮਲੇ ਉਨ੍ਹਾਂ ਦੇ ਕਹਿਣ ਤੇ ਸਲਾਹ 'ਤੇ ਹੀ ਹੋਏ ਸਨ।

ਗ੍ਰਿਫ਼ਤਾਰੀ ਵੇਲੇ ਹੀ ਇਹ ਆਖਿਆ ਗਿਆ ਸੀ ਕਿ ਇਨ੍ਹਾਂ ਨੂੰ ਤੁਰੰਤ ਅਲਾਹਾਬਾਦ ਭੇਜ ਦੇਣਾ ਚਾਹੀਦਾ ਹੈ ਕਿਉਂਕਿ ਮਾਣਯੋਗ ਸਾਹਿਬ ਨੂੰ ਲਗਦਾ ਸੀ ਕਿ ਉਨ੍ਹਾਂ ਨੂੰ ਪੰਜਾਬ 'ਚ ਰੱਖਣਾ ਠੀਕ ਨਹੀਂ ਹੋਵੇਗਾ। ਉਨ੍ਹਾਂ ਨੂੰ ਭਵਿੱਖ 'ਚ ਕਿੱਥੇ ਰੱਖਣਾ ਹੈ, ਉਸ ਬਾਰੇ ਲੈਫ਼ਟੀਨੈਂਟ ਗਵਰਨਰ ਬਾਅਦ 'ਚ ਸਿਫ਼ਾਰਸ਼ਾਂ ਕਰਨਗੇ ਪਰ ਹੁਣ ਉਨ੍ਹਾਂ ਦੀ ਬੇਨਤੀ ਹੈ ਕਿ ਮਹਾਮਹਿਮ ਵਾਇਸਰਾਏ ਤੇ ਗਵਰਨਰ ਜਨਰਲ-ਇਨ- ਕੌਂਸਲ ਵੱਲੋਂ ਸਾਰੇ ਵਰਣਿਤ ਵਿਅਕਤੀਆਂ ਵਿਰੁੱਧ 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ ਜਾਰੀ ਕਰ ਦਿੱਤੇ ਜਾਣ।

ਲੈਫ਼ਟੀਨੈਂਟ ਗਵਰਨਰ ਦੀ ਕਾਰਵਾਈ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਸੀ ਤੇ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਦੇ 1818 ਦੇ ਰੈਗੂਲੇਸ਼ਨ III ਅਧੀਨ ਵਾਰੰਟ ਜਾਰੀ ਕਰ ਕੇ ਸਿੱਧੇ ਅਲਾਹਾਬਾਦ ਦੇ ਮੈਜਿਸਟ੍ਰੇਟ ਨੂੰ ਭੇਜ ਦਿੱਤੇ ਗਏ ਸਨ।

22 ਫ਼ਰਵਰੀ, 1872 ਦੀ ਚਿੱਠੀ 'ਚ ਲੈਫ਼ਟੀਨੈਂਟ ਗਵਰਨਰ ਨੇ ਆਪਣਾ ਇਹ ਸਖ਼ਤ ਵਿਚਾਰ ਪ੍ਰਗਟਾਇਆ ਸੀ ਕਿ ਅਲਾਹਾਬਾਦ 'ਚ ਰੱਖੇ ਗਏ (ਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਭਾਰਤ ਤੋਂ ਬਾਹਰ ਰੰਗੂਨ ਜਾਂ ਬ੍ਰਿਟਿਸ਼ ਭਾਰਤ ਤੋਂ ਬਾਹਰ ਕਿਸੇ ਵਾਜਬ ਥਾਂ 'ਤੇ ਭੇਜ ਦਿੱਤਾ ਜਾਵੇ। ਅਲਾਹਾਬਾਦ ਤੱਕ ਆਸਾਨੀ ਨਾਲ ਆਉਣਾ-ਜਾਣਾ ਹੋ ਸਕਦਾ ਸੀ ਤੇ ਚਿੱਠੀ-ਪੱਤਰੀ ਭੇਜਣੀ ਵੀ ਸੁਖਾਲੀ ਸੀ, ਜਿਸ ਕਾਰਣ ਇਤਰਾਜ਼ ਉੱਠ ਸਕਦੇ ਸਨ।

10 ਮਾਰਚ, 1872 ਨੂੰ ਪੰਜਾਬ ਸਰਕਾਰ ਨੂੰ ਸੂਚਿਤ ਕੀਤਾ ਗਿਆ ਸੀ ਕਿ ਭਾਰਤ ਸਰਕਾਰ ਦਾ ਵਿਚਾਰ ਸੀ ਕਿ ਇੰਨੇ ਕੁ ਪੁਖ਼ਤਾ ਸਬੂਤ ਮੌਜੂਦ ਹਨ ਕਿ (ਗੁਰੂ) ਰਾਮ ਸਿੰਘ ਜੀ ਨੂੰ ਲਗਾਤਾਰ ਹਿਰਾਸਤ 'ਚ ਰੱਖਿਆ ਜਾ ਸਕਦਾ ਹੈ ਤੇ ਇਹ ਦਰਸਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਰਿਹਾਈ ਦੇਸ਼ ਦੀ ਸ਼ਾਂਤੀ ਤੇ ਅਮਨ ਲਈ

ਖ਼ਤਰਨਾਕ ਹੋਵੇਗੀ ਅਤੇ ਇਹ ਵੀ ਮਹਿਸੂਸ ਕੀਤਾ ਗਿਆ ਸੀ ਕਿ ਭਾਰਤੀ ਮਹਾਂਦੀਪ 'ਚ ਉਨ੍ਹਾਂ ਨੂੰ ਮੁਕੰਮਲ ਤੌਰ 'ਤੇ ਸੁਰੱਖਿਅਤ ਨਹੀਂ ਰੱਖਿਆ ਜਾ ਸਕਦਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਪੈਰੋਕਾਰਾਂ ਨਾਲ ਗੱਲਬਾਤ ਕਰਨ ਤੋਂ ਵਰਜਿਆ ਨਹੀਂ ਜਾ ਸਕਦਾ; ਇਸੇ ਲਈ ਗਵਰਨਰ ਜਨਰਲ-ਇਨ-ਕੌਂਸਲ ਨੇ ਹੁਕਮ ਜਾਰੀ ਕੀਤੇ ਸਨ ਕਿ ਉਨ੍ਹਾਂ ਨੂੰ ਬ੍ਰਿਟਿਸ਼ ਬਰਮਾ 'ਚ ਨਜ਼ਰਬੰਦ ਰੱਖਿਆ ਜਾਣਾ ਚਾਹੀਦਾ ਹੈ। ਹੋਰਨਾਂ ਕੈਦੀਆਂ ਬਾਰੇ ਪੰਜਾਬ ਸਰਕਾਰ ਨੂੰ ਸੂਚਿਤ ਕੀਤਾ ਗਿਆ ਸੀ ਕਿ ਇਨ੍ਹਾਂ ਵਿਅਕਤੀਆਂ ਨੂੰ ਹੋਰ ਲੰਮੇਰਾ ਸਮਾਂ ਹਿਰਾਸਤ 'ਚ ਰੱਖਣਾ ਹੈ, ਤਾਂ ਸਰਕਾਰ ਕੋਲ ਇਸ ਨਾਲ ਸੰਬੰਧਤ ਪੂਰੇ ਤੇ ਵਾਜਬ ਸਬੂਤ ਹੋਣੇ ਚਾਹੀਦੇ ਹਨ ਅਤੇ ਇਹ ਰਿਪੋਰਟ ਪੇਸ਼ ਕਰਦੇ ਸਮੇਂ ਲੈਫ਼ਟੀਨੈਂਟ ਗਵਰਨਰ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਜਮ੍ਹਾ ਕਰਵਾਏ ਗਏ ਹਰੇਕ ਵੱਖਰੇ ਮਾਮਲੇ 'ਚ ਆਪਣੇ ਖ਼ੁਦ ਦੇ ਵਿਚਾਰ ਪ੍ਰਗਟਾਉਣ ਅਤੇ ਸੰਬੰਧਤ ਵਿਅਕਤੀ ਦੇ ਪ੍ਰਭਾਵ ਤੇ ਅਹੁਦੇ ਦੇ ਹਿਸਾਬ ਨਾਲ ਅਤੇ ਮੌਜੂਦ ਸਬੂਤ ਦੇ ਹਵਾਲੇ ਨਾਲ ਸਿਫ਼ਾਰਸ਼ ਕਰ ਕੇ ਇਹ ਦੱਸਣ ਕਿ ਕੀ ਹਰੇਕ ਵਿਅਕਤੀ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ ਕਿ ਜਾਂ ਉਸ ਨੂੰ ਹਾਲੇ ਹੋਰ ਸਮਾਂ ਹਿਰਾਸਤ 'ਚ ਰੱਖਣਾ ਚਾਹੀਦਾ ਹੈ ਅਤੇ ਜੇ ਹੋਰ ਸਮਾਂ ਹਿਰਾਸਤ 'ਚ ਰੱਖਣਾ ਹੈ, ਤਾਂ ਕੀ ਉਸ ਨੂੰ ਅਸੀਮਤ ਮਿਆਦ ਤੱਕ ਜਾਂ ਕਿਸ ਮਿਆਦ ਤੱਕ ਹਿਰਾਸਤ 'ਚ ਰੱਖਣਾ ਹੈ।

24 ਜੂਨ, 1872 ਨੂੰ ਪੰਜਾਬ ਸਰਕਾਰ ਨੇ ਉਪਰੋਕਤ ਸਾਰੇ ਸੁਆਲਾਂ ਬਾਰੇ ਸ੍ਰੀ ਮੈਕਨੈਬ ਦੀ ਇਹ ਰਿਪੋਰਟ ਪੇਸ਼ ਕਰਦਿਆਂ ਕਿਹਾ ਕਿ:

''ਇਸ ਰਿਪੋਰਟ 'ਚ ਜੋ ਨਤੀਜੇ ਕੱਢੇ ਗਏ ਹਨ, ਲੈਫ਼ਟੀਨੈਂਟ ਗਵਰਨਰ ਉਸ ਨਾਲ ਆਮ ਤੌਰ 'ਤੇ ਸਹਿਮਤ ਹਨ। ਇਹ ਰਿਪੋਰਟ ਹਿਰਾਸਤ ਅਧੀਨ ਹਰੇਕ ਕੂਕਾ ਸੂਬੇ ਤੋਂ ਪੈਦਾ ਹੋਣ ਵਾਲੀ ਸੰਭਾਵੀ ਖ਼ਤਰੇ ਦੇ ਦਰਜੇ ਦਾ ਵਰਣਨ ਕਰਦੀ ਹੈ ਪਰ ਮਾਣਯੋਗ ਸਾਹਿਬ ਨੂੰ ਇਸ ਵਿੱਚ ਕੋਈ ਫ਼ਾਇਦਾ ਨਹੀਂ ਜਾਪਦਾ ਕਿ ਉਸ ਦਰਜਾਬੰਦੀ ਅਨੁਸਾਰ ਉਨ੍ਹਾਂ ਦੀ ਜੇਲ੍ਹ ਦੀ ਮਿਆਦ ਤੈਅ ਕਰ ਦਿੱਤੀ ਜਾਵੇ।''

ਇਨ੍ਹਾਂ ਵਿਅਕਤੀਆਂ ਦੀ ਰਿਹਾਈ ਦਾ ਫ਼ਾਇਦਾ ਸੂਬੇ ਦੇ ਹਾਲਾਤ 'ਤੇ ਨਿਰਭਰ ਕਰੇਗਾ ਅਤੇ ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਅਜਿਹਾ ਕੋਈ ਕਦਮ ਕਦੇ ਵੀ ਸਥਾਨਕ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਨਾ ਚੁੱਕਿਆ ਜਾਵੇ, ਨਾਲ ਹੀ ਇਹ ਸ਼ਰਤ ਵੀ ਹੈ ਕਿ ਇਨ੍ਹਾਂ ਮਾਮਲਿਆਂ ਦੀ ਹਰ ਸਾਲ ''ਸਮੀਖਿਆ ਹੋਵੇ ਤੇ ਉਸ ਦੀ ਇੱਕ ਰਿਪੋਰਟ ਭਾਰਤ ਸਰਕਾਰ ਨੂੰ ਭੇਜੀ ਜਾਵੇ।''

ਸਾਹਿਬ ਸਿੰਘ ਬਾਰੇ ਸ੍ਰੀ ਮੈਕਨੈਬ ਦਾ ਵਿਚਾਰ ਇਹ ਸੀ ਕਿ ''ਉਨ੍ਹਾਂ ਨੇ ਰਾਜ-ਧਰੋਹ ਦਾ ਪ੍ਰਚਾਰ ਕੀਤਾ, ਉਨ੍ਹਾਂ ਨੇ ਹਾਲੀਆ ਬਗ਼ਾਵਤ ਲਈ ਹੱਲਾਸ਼ੇਰੀ ਦਿੱਤੀ ਅਤੇ ਉਨ੍ਹਾਂ ਉਸ ਕੂਕਾ ਸੰਪਰਦਾਇ ਦੇ ਪ੍ਰਚਾਰ ਤੇ ਪਾਸਾਰ ਲਈ ਬਾਬਾ ਰਾਮ ਸਿੰਘ ਜੀ ਤੋਂ ਬਾਅਦ ਦੂਜੇ ਨੰਬਰ 'ਤੇ ਪ੍ਰਮੁੱਖ ਭੂਮਿਕਾ ਨਿਭਾਈ ਹੈ, ਜਿਸ ਦਾ ਮੁੱਖ ਉਦੇਸ਼ ਹੀ ਆਪਣੇ ਜੀਵਨ ਦੇ ਅੰਤ ਤੱਕ ਸਿੱਖ ਰਾਜ ਦੀ ਬਹਾਲੀ ਕਰਨਾ ਤੇ ਬ੍ਰਿਟਿਸ਼ ਸਰਕਾਰ ਦਾ ਖ਼ਾਤਮਾ ਕਰਨ ਦਾ ਸੰਕਲਪ ਹੈ। ਉਹ ਸਮਝਦਾਰ, ਚਾਲਾਕ ਤੇ ਦ੍ਰਿੜ੍ਹ ਇਰਾਦੇ ਵਾਲੇ ਹਨ। ਜੇ ਉਨ੍ਹਾਂ ਨੂੰ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਗਈ, ਤਾਂ

ਕੂਕਾਵਾਦ ਇੱਕ ਵਾਰ ਫਿਰ ਪੁਨਰ-ਸੁਰਜੀਤ ਹੋ ਉੱਠੇਗਾ ਤੇ ਮੁਸੀਬਤਾਂ ਖੜ੍ਹੀਆਂ ਹੋ ਜਾਣਗੀਆਂ। ਉਨ੍ਹਾਂ ਨੂੰ ਪੰਜਾਬ 'ਚ ਕਦੇ ਵੀ ਵਾਪਸ ਆਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ, ਸਗੋਂ ਉਨ੍ਹਾਂ ਨੂੰ ਬਾਕੀ ਦੀ ਸਾਰੀ ਉਮਰ ਦੇਸ਼-ਨਿਕਾਲੇ 'ਚ ਹੀ ਰੱਖਣਾ ਚਾਹੀਦਾ ਹੈ।''

ਅਤੇ ਕਾਹਨ ਸਿੰਘ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ,

''ਉਹ ਬਹੁਤ ਜ਼ਿਆਦਾ ਅਹਿਮ ਵਿਅਕਤੀ ਹਨ – ਉਨ੍ਹਾਂ ਨਿਸ਼ਚਿਤ ਤੌਰ 'ਤੇ ਮੰਗਲ ਸਿੰਘ ਨੂੰ ਲਾਂਭੇ ਕਰ ਕੇ ਸੂਬਿਆਂ 'ਚੋਂ ਤੀਜਾ ਅਹਿਮ ਸਥਾਨ ਹਾਸਲ ਕਰ ਲਿਆ ਹੈ। ਮੈਂ ਉਨ੍ਹਾਂ ਨੂੰ ਉਨ੍ਹਾਂ ਨੂੰ ਸਾਰੀ ਉਮਰ ਦੇਸ਼-ਨਿਕਾਲੇ 'ਚ ਹੀ ਰੱਖਾਂਗਾ।''

ਕੂਕਾ ਸੂਬਿਆਂ ਦੇ ਮਾਮਲਿਆਂ ਬਾਰੇ ਸ੍ਰੀ ਮੈਕਨੈਬ ਦੀ ਜਾਂਚ ਨਾਲ ਸੰਬੰਧਤ ਦਸਤਾਵੇਜ਼ਾਂ 'ਤੇ ਵਿਚਾਰ ਕਰਨ ਤੋਂ ਬਾਅਦ ਭਾਰਤ ਸਰਕਾਰ ਨੇ 7 ਅਗਸਤ, 1872 ਨੂੰ ਪੰਜਾਬ ਸਰਕਾਰ ਨੂੰ ਚਿੱਠੀ ਲਿਖ ਕੇ ਲੈਫ਼ਟੀਨੈਂਟ ਗਵਰਨਰ ਤੋਂ ਇਹ ਜਾਣਨਾ ਚਾਹਿਆ ਕਿ ਕੀ ਇਨ੍ਹਾਂ ਕੈਦੀਆਂ ਜਾਂ ਇਨ੍ਹਾਂ 'ਚੋਂ ਕਿਸੇ ਕੈਦੀ ਦੀ ਖ਼ਾਸ ਜੁਰਮਾਂ ਲਈ ਸੁਣਵਾਈ ਕਰਨੀ ਚਾਹੀਦੀ ਹੈ ਜਾਂ ਨਹੀਂ ਕਰਨੀ ਚਾਹੀਦੀ ਅਤੇ ਜਾਂ ਕੀ ਉਨ੍ਹਾਂ ਨੂੰ ਸਿਆਸੀ ਕੈਦੀਆਂ ਵਾਂਗ ਹੀ ਹਿਰਾਸਤ 'ਚ ਭੇਜ ਦੇਣਾ ਚਾਹੀਦਾ ਹੈ।

ਪਰ ਪੰਜਾਬ ਸਰਕਾਰ ਨੇ ਆਪਣੇ ਜਵਾਬ 'ਚ ਇਸ ਕਦਮ 'ਤੇ ਇਤਰਾਜ਼ ਕੀਤਾ ਸੀ ਤੇ ਸਖ਼ਤੀ ਨਾਲ ਇਹੋ ਸਿਫ਼ਾਰਸ਼ ਕੀਤੀ ਸੀ ਕਿ ਇਨ੍ਹਾਂ ਵਿਅਕਤੀਆਂ ਨੂੰ ਸਿਆਸੀ ਕੈਦੀਆਂ ਨੂੰ ਸਿਆਸੀ ਕੈਦੀਆਂ ਵਜੋਂ ਹਿਰਾਸਤ 'ਚ ਰੱਖਣਾ ਜਾਰੀ ਰਹਿਣਾ ਚਾਹੀਦਾ ਹੈ। ਇਹ ਸੂਚਿਤ ਕੀਤਾ ਗਿਆ ਸੀ ਕਿ:

''ਜਦੋਂ ਕੂਕਾ ਸੰਪਰਦਾਇ ਦਾ ਸਾਰਾ ਖ਼ਤਰਾ ਟਲ਼ ਜਾਵੇ ਤੇ ਜਦੋਂ ਸਰਕਾਰ ਜਨਤਕ ਸੁਰੱਖਿਆ ਬਾਰੇ ਪੂਰਾ ਸੋਚ-ਵਿਚਾਰ ਕੇ ਫ਼ੈਸਲਾ ਕਰ ਸਕੇ ਕਿ ਇਨ੍ਹਾਂ ਆਗੂਆਂ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ, ਤਾਂ ਗਵਰਨਰ ਜਨਰਲ-ਇਨ-ਕੌਂਸਲ ਨੂੰ ਅਜਿਹੀ ਕੋਈ ਸਿਫ਼ਾਰਸ਼ ਕਰਨ ਲਈ ਮਾਣਯੋਗ ਲੈਫ਼ਟੀਨੈਂਟ ਗਵਰਨਰ ਪੂਰੀ ਤਰ੍ਹਾਂ ਤਿਆਰ ਹੋਣਗੇ। ਕੋਈ ਰਸਮੀ ਸੁਣਵਾਈ ਕਰਨ ਨਾਲੋਂ ਇਹ ਕਾਰਜ-ਵਿਧੀ ਇਨ੍ਹਾਂ ਗੁੰਮਰਾਹਕੁੰਨ ਵਿਅਕਤੀਆਂ ਦੇ ਵੀ ਹਿਤ 'ਚ ਰਹੇਗੀ ਕਿਉਂਕਿ ਅਦਾਲਤ ਤਾਂ ਕਿਸੇ ਨੂੰ ਉਮਰ ਭਰ ਲਈ ਦੇਸ਼-ਨਿਕਾਲ਼ੇ ਦੀ ਸਜ਼ਾ ਵੀ ਦੇ ਸਕਦੀ ਹੈ।''

ਭਾਰਤ ਸਰਕਾਰ ਨੇ ਸਥਾਨਕ ਸਰਕਾਰ ਦੀ ਸਿਫ਼ਾਰਸ਼ ਅਨੁਸਾਰ ਸੂਬਿਆਂ ਨੂੰ ਨਿਰੰਤਰ ਹਿਰਾਸਤ 'ਚ ਰੱਖਣ ਦਾ ਫ਼ੈਸਲਾ ਲੈ ਲਿਆ ਸੀ ਅਤੇ 31 ਅਕਤੂਬਰ, 1872 ਨੂੰ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਚੁਨਾਰ, ਅਸੀਰਗੜ੍ਹ, ਮੌਲਮੀਨ ਤੇ ਅਦਨ ਜਿਹੇ ਸਥਾਨਾਂ 'ਚ ਵੰਡ ਕੇ ਰੱਖਣ ਦੇ ਹੁਕਮ ਜਾਰੀ ਕਰ ਦਿੱਤੇ ਸਨ ਅਤੇ ਉਦੋਂ ਹੀ ਸਥਾਨਕ ਅਧਿਕਾਰੀਆਂ ਨੂੰ ਇਹ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ ਗਈਆਂ ਸਨ ਕਿ ਉਨ੍ਹਾਂ ਉੱਤੇ ''ਸਖ਼ਤ ਚੌਕਸ ਨਜ਼ਰ ਰੱਖੀ ਜਾਵੇ ਤੇ ਉਨ੍ਹਾਂ ਦੀ ਸਿਹਤ ਦਾ ਖ਼ਿਆਲ ਰੱਖਿਆ ਜਾਵੇ।'' ਇਸ ਤੋਂ ਇਲਾਵਾ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਇਹ ਵੀ ਆਖ ਦਿੱਤਾ ਗਿਆ ਸੀ ਕਿ ਕੈਦੀਆਂ ਨੂੰ ਜ਼ਰੂਰੀ ਨਹੀਂ ਕਿ ਜੇਲ੍ਹ ਦੇ ਅੰਦਰ ਹੀ ਰੱਖਿਆ ਜਾਵੇ। ਜਿੱਥੋਂ ਤੱਕ ਸਾਹਿਬ ਸਿੰਘ ਤੇ ਕਾਹਨ ਸਿੰਘ ਦਾ ਸਬੰਧ

ਹੈ, ਉਨ੍ਹਾਂ ਨੂੰ ਉਪਰੋਕਤ ਹੁਕਮਾਂ ਮੁਤਾਬਕ ਹੀ ਮਾਰਚ 1873 'ਚ ਅਦਨ ਭੇਜ ਦਿੱਤਾ ਗਿਆ ਸੀ, ਫਿਰ ਇਹ ਫ਼ੈਸਲਾ ਲਿਆ ਗਿਆ ਸੀ ਕਿ ਉਨ੍ਹਾਂ ਨੂੰ ਜੇਲ੍ਹ 'ਚ ਨਹੀਂ, ਸਗੋਂ ਪੁਲਿਸ ਚੌਕਸੀ ਅਧੀਨ ਰੱਖਿਆ ਜਾਵੇ। ਅਦਨ ਦਾ ਜਲਵਾਯੂ ਉਨ੍ਹਾਂ ਨੂੰ ਰਾਸ ਨਾ ਆਇਆ, ਇਸ ਲਈ ਬੰਗਾਲ ਸਰਕਾਰ ਨਾਲ ਗੱਲਬਾਤ ਕਰ ਕੇ ਉਨ੍ਹਾਂ ਨੂੰ ਹਜ਼ਾਰੀਬਾਗ਼ ਦੇ ਯੂਰੋਪੀਅਨ ਸੁਧਾਰ-ਘਰ 'ਚ ਤਬਦੀਲ ਕਰ ਦਿੱਤਾ ਗਿਆ। ਕੈਦੀ ਮਈ 1875 'ਚ ਹਜ਼ਾਰੀਬਾਗ਼ ਪੁੱਜੇ ਅਤੇ ਉਸ ਸੁਧਾਰ-ਘਰ ਦੀ ਇਮਾਰਤ ਨੂੰ 'ਮਿਲੀਗ੍ਰੈਂਡ' ਆਖਿਆ ਜਾਂਦਾ ਹੈ, ਉੱਥੇ ਉਨ੍ਹਾਂ ਇਕੱਲਿਆਂ ਨੂੰ ਰੱਖਿਆ ਗਿਆ। ਇਹ ਵਿਵਸਥਾ ਭਾਰਤ ਸਰਕਾਰ ਨੂੰ ਬੇਨਤੀ ਕੀਤੇ ਜਾਣ 'ਤੇ 2 ਜੂਨ, 1875 ਨੂੰ ਬੰਗਾਲ ਸਰਕਾਰ ਨੂੰ ਲਿਖੀ ਚਿੱਠੀ ਰਾਹੀਂ ਪ੍ਰਵਾਨ ਕੀਤੀ ਗਈ ਸੀ। ਇੱਥੇ ਵਰਨਣਯੋਗ ਹੈ ਕਿ ਇਨ੍ਹਾਂ ਕੈਦੀਆਂ ਨਾਲ ਕਿਵੇਂ ਨਿਪਟਣਾ ਹੈ, ਉਹ 31 ਅਕਤੂਬਰ, 1872 ਦੇ ਹੁਕਮਾਂ ਦੇ ਇੱਕ ਅੰਸ਼ ਤੋਂ ਜ਼ਾਹਿਰ ਹੁੰਦਾ ਹੈ, ਜੋ ਅਪ੍ਰੈਲ 1875 'ਚ ਬੰਗਾਲ ਸਰਕਾਰ ਨੂੰ ਭੇਜਿਆ ਗਿਆ ਸੀ।'

ਹੁਣ ਬੰਗਾਲ ਸਰਕਾਰ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਤੋਂ ਇੰਝ ਜਾਪਦਾ ਹੈ ਕਿ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਨੇ ਜਦੋਂ ਪਿੱਛੇ ਜਿਹੇ ਹਜ਼ਾਰੀਬਾਗ਼ ਸੁਧਾਰ-ਘਰ ਦਾ ਨਿਰੀਖਣ ਕੀਤਾ, ਤਾਂ ਸਾਹਿਬ ਸਿੰਘ ਤੇ ਕਾਹਨ ਸਿੰਘ ਨੇ ਉਨ੍ਹਾਂ ਨੂੰ ਅਰਜ਼ੀ ਦਿੱਤੀ ਕਿ ਉਨ੍ਹਾਂ ਨੂੰ ਬ੍ਰਿਟਿਸ਼ ਬਰਮਾ ਤਬਦੀਲ ਕਰ ਦਿੱਤਾ ਜਾਵੇ। ਡਾ. ਲੇਦਬ੍ਰਿਜ ਨੇ ਤਦ ਸਿਫ਼ਾਰਸ਼ ਕੀਤੀ ਕਿ "ਉਨ੍ਹਾਂ ਨੂੰ ਬ੍ਰਿਟਿਸ਼ ਬਰਮਾ ਦੇ ਟੌਂਗੂ 'ਚ ਭੇਜਿਆ ਜਾ ਸਕਦਾ ਹੈ, ਜਿੱਥੇ ਉਨ੍ਹਾਂ ਨੂੰ ਵਧੇਰੇ ਨਿਜੀ ਆਜ਼ਾਦੀ ਮਿਲੇਗੀ ਅਤੇ ਫਿਰ ਵੀ ਉਹ ਪੰਜਾਬ ਦੇ ਆਪਣੇ ਦੋਸਤਾਂ ਅਤੇ ਰੰਗੂਨ ਤੇ ਮੌਲਮੀਨ ਦੇ ਆਪਣੇ ਸਾਥੀ ਕੈਦੀਆਂ ਤੋਂ ਵੱਖ ਵੀ ਬਣੇ ਰਹਿਣਗੇ। ਡਾ. ਲੇਦਬ੍ਰਿਜ ਦੀ ਇਸ ਸਿਫ਼ਾਰਸ਼ ਪਿਛਲੇ ਅਸਲ ਕਾਰਣ ਪੰਜਾਬ ਸਰਕਾਰ ਦੀ ਮੌਜੂਦਾ ਚਿੱਠੀ ਦੇ ਨਿਮਨਲਿਖਤ ਅੰਸ਼ਾਂ ਤੋਂ ਸਮਝੇ ਜਾ ਸਕਦੇ ਹਨ, ਭਾਵੇਂ ਉਹ ਬਹੁਤ ਸਖ਼ਤ ਸੁਰੱਖਿਆ ਚੌਕਸੀ ਅਧੀਨ ਸੁਧਾਰ-ਘਰ ਅੰਦਰ ਸਿਰਫ਼ ਹਿਰਾਸਤ 'ਚ ਹੀ ਸਨ ਤੇ ਉਨ੍ਹਾਂ ਨੂੰ ਕੋਈ ਸਜ਼ਾ ਨਹੀਂ ਸੁਣਾਈ ਗਈ ਸੀ, ਇਸ ਦੇ ਬਾਵਜੂਦ ਰੰਗੂਨ ਤੇ ਮੌਲਮੀਨ 'ਚ ਕੈਦ ਹੋਰ ਕੂਕਾ ਕੈਦੀਆਂ ਦੇ ਮੁਕਾਬਲੇ ਉਨ੍ਹਾਂ ਨਾਲ ਬਹੁਤ ਸਖ਼ਤ ਵਿਵਹਾਰ ਹੋ ਰਿਹਾ ਹੈ ਅਤੇ ਇਸ ਮਾਮਲੇ ਦਾ ਹੋਰ ਵੀ ਗੰਭੀਰ ਪੱਖ ਇਹ ਹੈ, ਜਦੋਂ ਇਹ ਵਿਚਾਰ ਕੀਤਾ ਜਾਂਦਾ ਹੈ ਕਿ ਇਨ੍ਹਾਂ ਦੋਵੇਂ ਵਿਅਕਤੀਆਂ ਨੂੰ ਅਣਮਿੱਥੇ ਸਮੇਂ ਲਈ ਜੇਲ੍ਹ 'ਚ ਹੀ ਰਹਿਣਾ ਪਵੇਗਾ।

ਮੁੱਖ ਕੂਕਾ ਕੈਦੀ (ਗੁਰੂ) ਰਾਮ ਸਿੰਘ ਜੀ ਨੂੰ ਰੰਗੂਨ 'ਚ ਮੁੱਖ ਗਾਰਡ ਦੇ ਨੇੜੇ ਜਨਤਕ ਸੜਕ 'ਤੇ ਇੱਕ ਬੰਗਲੇ 'ਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਹੈ ਅਤੇ ਜਦੋਂ ਕਦੇ ਤਬੀਅਤ ਖ਼ਰਾਬ ਹੁੰਦੀ ਹੈ, ਤਾਂ ਉਨ੍ਹਾਂ ਨੂੰ ਥੋੜ੍ਹੀ ਦੂਰ ਗਾਰਡ ਦੀ ਨਿਗਰਾਨੀ ਅਧੀਨ ਖੱਚਰ 'ਤੇ ਸੈਰ ਕਰਵਾਈ ਜਾਂਦੀ ਹੈ। ਤਿੰਨ ਹੋਰ ਕੂਕਾ ਕੈਦੀਆਂ ਨੂੰ ਮੌਲਮੀਨ ਜੇਲ੍ਹ ਨੇੜਲੇ ਕਿਉਂਥ ਦੇ ਬਾਗ਼ ਤੇ ਬਾਹਰਲੀ ਜੇਲ੍ਹ 'ਚ ਇੱਕ ਵੱਖਰੇ ਬੰਗਲੇ 'ਚ ਰੱਖਿਆ ਗਿਆ ਹੈ, ਜੋ ਉਨ੍ਹਾਂ ਲਈ ਖ਼ਾਸ ਤੌਰ 'ਤੇ ਬਣਾਇਆ ਗਿਆ ਹੈ।

ਲੈਫ਼ਟੀਨੈਂਟ ਗਵਰਨਰ ਨੂੰ ਨਹੀਂ ਲਗਦਾ ਕਿ ਕੈਦੀਆਂ ਨੂੰ ਬ੍ਰਿਟਿਸ਼ ਬਰਮਾ 'ਚ

ਭੇਜਿਆ ਜਾਣਾ ਚਾਹੀਦਾ ਹੈ ਕਿਉਂਕਿ ਉਹ ਜਗ੍ਹਾ ਤਾਂ ਪੌਣ-ਪਾਣੀ ਅਤੇ ਰਹਿਣੀ-ਬਹਿਣੀ ਦੇ ਲਿਹਾਜ਼ ਨਾਲ ਬਿਲਕੁਲ ਵੱਖਰੀ ਕਿਸਮ ਦੀ ਹੈ, ਜਦ ਕਿ ਇਨ੍ਹਾਂ ਕੈਦੀਆਂ ਨੂੰ ਭਾਰਤੀ ਭੂਗੋਲਿਕ ਇਲਾਕਿਆਂ 'ਚ ਰਹਿਣ ਦੀ ਆਦਤ ਹੈ। ਇਸੇ ਲਈ ਉਨ੍ਹਾਂ ਭਾਰਤ ਸਰਕਾਰ ਤੋਂ ਇਸ ਸਬੰਧੀ ਕੋਈ ਅਗਲੇਰਾ ਹੁਕਮ ਜਾਰੀ ਕਰਨ ਦੀ ਬੇਨਤੀ ਕੀਤੀ ਹੈ ਕਿ ਕੀ ਇਨ੍ਹਾਂ ਕੈਦੀਆਂ ਨੂੰ ਮੁਕੰਮਲ ਤੇ ਇਕੱਲਿਆਂ ਨਜ਼ਰਬੰਦੀ ਤੋਂ ਕੋਈ ਛੋਟ ਦਿੱਤੀ ਜਾ ਸਕਦੀ ਹੈ ਜਾਂ ਨਹੀਂ। 'ਸ੍ਰੀ ਈਡਨ ਦਾ ਵਿਚਾਰ ਹੈ ਕਿ ਇਹ ਬਹੁਤ ਹੱਦ ਤੱਕ ਸੰਭਵ ਹੈ ਕਿ ਇਹ ਕੈਦੀ ਹੁਣ ਕੁਝ ਕਰਨ ਜੋਗੇ ਤਾਂ ਹਨ ਨਹੀਂ, ਜੇ ਅਜਿਹਾ ਹੋ ਸਕਦਾ ਹੋਵੇ, ਤਾਂ ਉਨ੍ਹਾਂ ਨੂੰ ਹਜ਼ਾਰੀਬਾਗ਼ 'ਚ ਜੇਲ੍ਹ ਦੀਆਂ ਕੰਧਾਂ ਤੋਂ ਬਾਹਰ ਨਿਗਰਾਨੀ ਹੇਠ ਸੁਰੱਖਿਅਤ ਤਰੀਕੇ ਘੁੰਮਣ ਦੀ ਇਜਾਜ਼ਤ ਦਿੱਤੀ ਜਾਵੇ।'

ਜਿਵੇਂ ਕਿ ਉੱਪਰ ਦਰਸਾਇਆ ਗਿਆ ਹੈ ਕਿ ਅਦਨ 'ਚ ਇਨ੍ਹਾਂ ਦੋਵੇਂ ਕੈਦੀਆਂ ਨੂੰ ਜੇਲ੍ਹ ਨਹੀਂ, ਸਗੋਂ ਪੁਲਿਸ ਨਿਗਰਾਨੀ ਹੇਠ ਰੱਖਿਆ ਗਿਆ ਸੀ। ਜੇ ਬੰਗਾਲ ਸਰਕਾਰ ਹਜ਼ਾਰੀਬਾਗ਼ 'ਚ ਇਨ੍ਹਾਂ ਵਿਅਕਤੀਆਂ ਨੂੰ ਜੇਲ੍ਹ ਦੇ ਬਾਹਰ ਵਾਜਬ ਨਿਗਰਾਨੀ ਅਧੀਨ ਰੱਖਣ ਦਾ ਇੰਤਜ਼ਾਮ ਕਰ ਸਕੇ, ਤਾਂ ਸ਼ਾਇਦ ਇਸ ਤਜਵੀਜ਼ ਨੂੰ ਪ੍ਰਵਾਨਗੀ ਦੇਣ 'ਚ ਕੋਈ ਇਤਰਾਜ਼ ਨਹੀਂ ਹੋਵੇਗਾ।

ਉਂਝ ਅਜਿਹਾ ਕਰਨ ਤੋਂ ਪਹਿਲਾਂ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨਾਲ ਸਲਾਹ ਕੀਤੀ ਜਾ ਸਕਦੀ ਹੈ। ਉਹ ਇਸ ਮੁੱਦੇ 'ਤੇ ਡਾਢੇ ਚਿੰਤਤ ਹਨ ਕਿ ਇਨ੍ਹਾਂ ਕੂਕਾ ਕੈਦੀਆਂ ਨੂੰ ਪੰਜਾਬ ਦੇ ਲੋਕਾਂ ਨਾਲ ਕੋਈ ਗੱਲਬਾਤ ਕਰਨ ਜਾਂ ਚਿੱਠੀ-ਪੱਤਰੀ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ।

ਹਸਤਾਖਰ
(ਨਾਂਅ ਪੜ੍ਹਨਯੋਗ ਨਹੀਂ)
28 ਮਈ, 1878

ਇਨ੍ਹਾਂ ਕੈਦੀਆਂ ਦੇ ਪਿਛਲੇ ਵੇਰਵੇ (ਪ੍ਰੋਗਸ. 28 ਅਗਸਤ, 1872 'ਚ) ਸ੍ਰੀ ਜੇ.ਡਬਲਿਊ. ਮੈਕਨੈਬ ਦੀ ਜਾਂਚ 'ਚ ਪੂਰੀ ਤਰ੍ਹਾਂ ਦਰਸਾਏ ਗਏ ਹਨ।

ਇਨ੍ਹਾਂ ਕੈਦੀਆਂ ਦੇ ਮਾਮਲੇ 'ਚ ਮੁੱਖ ਗੱਲ ਇਹੋ ਹੈ ਕਿ ਇਨ੍ਹਾਂ ਨੂੰ ਇੱਕ-ਦੂਜੇ ਨਾਲ ਆਪਸ 'ਚ ਤੇ ਪੰਜਾਬ ਦੇ ਲੋਕਾਂ ਨਾਲ ਕੋਈ ਗੱਲ ਨਾ ਕਰਨ ਦਿੱਤੀ ਜਾਵੇ।

ਇਸ ਨੁਕਤੇ ਬਾਰੇ ਹਰ ਥਾਂ 'ਤੇ ਮੁੱਖ ਜ਼ੋਰ ਚਿੱਠੀ-ਪੱਤਰੀ 'ਤੇ ਹੀ ਦਿੱਤਾ ਗਿਆ ਹੈ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨਾਲ ਸਲਾਹ ਕੀਤੀ ਜਾ ਸਕਦੀ ਹੈ ਤੇ ਸੁਝਾਅ ਦਿੱਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਸੀਆਈਡੀ ਦੀ ਸ਼ਾਖ਼ਾ ਤੋਂ ਪੁੱਛ ਲੈਣਾ ਚਾਹੀਦਾ ਹੈ ਕਿ (ਗੁਰੂ) ਰਾਮ ਸਿੰਘ ਜੀ ਲਈ ਕਿਹੜੇ ਅੰਤਿਮ ਇੰਤਜ਼ਾਮ ਕੀਤੇ ਗਏ ਹਨ (ਉਪਰੋਕਤ ਹਾਸ਼ੀਏ 'ਤੇ ਦਿੱਤਾ ਮੇਰਾ ਨੋਟ ਵੇਖੋ)।

ਹਸਤਾਖਰ/-
......... (?)
29 ਮਈ, 1878

ਮੇਰੇ ਪਿਆਰੇ ਬੱਕਲੈਂਡ

ਸ੍ਰੀ ਏਗਰਟਨ ਨੇ ਮੇਰੇ ਕੋਲੋਂ ਦੋ ਵਿਅਕਤੀਆਂ ਕਾਹਨ ਸਿੰਘ ਅਤੇ ਸਾਹਿਬ ਸਿੰਘ ਬਾਰੇ ਅਧਿਕਾਰਤ ਹਵਾਲਾ ਮੰਗਿਆ ਹੈ ਕਿਉਂਕਿ ਉਨ੍ਹਾਂ ਬਾਰੇ ਚੁੱਕੇ ਜਾਣ ਵਾਲੇ ਸਾਰੇ ਕਦਮ ਅਤੇ ਉਹ ਕਾਰਣ ਬਾਕਾਇਦਾ ਰਿਕਾਰਡ 'ਤੇ ਲਿਆਉਣੇ ਅਹਿਮ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਦਰਜਾ ਬਾਬਾ ਰਾਮ ਸਿੰਘ ਜੀ ਤੋਂ ਬਾਅਦ ਆਉਂਦਾ ਹੈ ਅਤੇ ਉਹ ਬੇਹੱਦ ਖ਼ਤਰਨਾਕ ਹਨ ਅਤੇ ਉਨ੍ਹਾਂ ਨੂੰ ਪੰਜਾਬ ਦੇ ਕਿਸੇ ਵਿਅਕਤੀ ਨਾਲ ਚਿੱਠੀ-ਪੱਤਰੀ ਕਰਨ ਤੋਂ ਰੋਕਣਾ ਹੈ।

ਤੁਹਾਡਾ ਹਿਤੂ,
ਹਸਤਾਖਰ/-
...............?

ਜੀ ਹਾਂ, ਪਹਿਲਾਂ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨਾਲ ਸਲਾਹ ਕਰ ਲਵੋ। ਅਜਿਹਾ ਕੀਤਾ ਜਾ ਸਕਦਾ ਹੈ ਡੀ/ਓ

(ਹਸਤਾਖਰ)......?
31 ਮਈ

ਸਕੱਤਰ

ਜ਼ਰੂਰ ਵੇਖੋ ਸ੍ਰੀਮਾਨ ......? ਡੀ/ਓ ਅੱਜ ਦਾ ਜਵਾਬ। ਹੁਣ ਅਸੀਂ ਇੱਕ ਅਧਿਕਾਰਤ ਹਵਾਲਾ ਦਿੰਦੇ ਹਾਂ।

ਸੀ.ਈ.ਬੀ.
7 ਜੂਨ, 1878

ਜੀ ਹਾਂ, ਪੰਜਾਬ ਲਈ

ਸੀ.ਆਰ. 8 ਜੂਨ, 1878

## 407

*ਵੱਲੋਂ*

ਹੋਰੇਸ ਏ. ਕੌਕੇਰੈੱਲ, ਐਸਕ.,
ਸਕੱਤਰ, ਬੰਗਾਲ ਸਰਕਾਰ,
ਨਿਆਂਇਕ, ਰਾਜਨੀਤਕ ਅਤੇ ਨਿਯੁਕਤੀ ਵਿਭਾਗ।

*ਵੱਲ*

ਸਕੱਤਰ, ਭਾਰਤ ਸਰਕਾਰ,
ਗ੍ਰਹਿ, ਮਾਲ ਅਤੇ ਖੇਤੀਬਾੜੀ ਵਿਭਾਗ।

*ਨੰ. 160, ਮਿਤੀ ਕਲਕੱਤਾ, 17 ਜਨਵਰੀ, 1880*

ਸ੍ਰੀਮਾਨ ਜੀ,

ਮੈਨੂੰ ਭਾਰਤ ਸਰਕਾਰ ਦੇ ਹੁਕਮਾਂ ਨੂੰ ਤੇ ਉਨ੍ਹਾਂ ਦੇ ਨਾਲ ਮੌਜੂਦ ਉਨ੍ਹਾਂ ਚਿੱਠੀਆਂ-ਪੱਤਰੀਆਂ ਦੀਆਂ ਕਾਪੀਆਂ ਭੇਜਣ ਦੀ ਹਦਾਇਤ ਜਾਰੀ ਹੋਈ ਹੈ, ਜੋ ਹਾਸ਼ੀਏ 'ਤੇ ਦਰਜ ਕੀਤੀਆਂ ਗਈਆਂ ਹਨ; ਜਿਨ੍ਹਾਂ ਦਾ ਵਿਸ਼ਾ ਸਰਕਾਰੀ ਕੈਦੀ ਕਾਹਨ ਸਿੰਘ ਨੂੰ ਹਿਰਾਸਤ 'ਚ ਰੱਖਣ ਬਾਰੇ ਹੈ, ਜੋ ਇਸ ਵੇਲੇ ਹਜ਼ਾਰੀਬਾਗ਼ ਸਥਿਤ ਯੂਰੋਪੀਅਨ ਜੇਲ੍ਹ 'ਚ ਕੈਦ ਹੈ।

| | | |
|---|---|---|
| ਜੇਲ੍ਹਾਂ ਦੇ ਇੰਸਪੈਕਟਰ ਜਨਰਲ ਦਾ ਪੱਤਰ | | |
| | ਨੰ. 7612 ਮਿਤੀ 20 ਅਗਸਤ, | 1879 |
| -ਉਹੀ- | 2121ਆਰ7 ਮਿਤੀ 15 ਸਤੰਬਰ, | '' |
| '' | 9806 ਮਿਤੀ 26 ਨਵੰਬਰ, | '' |
| '' | 4121 ਮਿਤੀ 10 ਦਸੰਬਰ, | '' |
| '' | 10732 ਮਿਤੀ 26 '' | '' |

2. ਇਹ ਕੈਦੀ ਅਤੇ ਸਾਹਿਬ ਸਿੰਘ, ਦੋਵੇਂ ਪੰਜਾਬ 'ਚ ਕੂਕਾ ਲਹਿਰ ਦੇ ਆਗੂ ਹਨ ਅਤੇ ਗ੍ਰਹਿ ਵਿਭਾਗ ਦੇ ਹੁਕਮਾਂ ਨੰ. 475 ਮਿਤੀ 10 ਅਪ੍ਰੈਲ, 1875 ਅਧੀਨ ਉਨ੍ਹਾਂ ਨੂੰ ਅਦਨ ਤੋਂ ਹਜ਼ਾਰੀਬਾਗ਼ ਦੇ ਕੈਦਾਖਾਨੇ 'ਚ ਲਿਜਾਂਦਾ ਗਿਆ ਸੀ। ਭਾਰਤ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਜਿਸ ਤਰੀਕੇ ਇਨ੍ਹਾਂ ਵਿਅਕਤੀਆਂ ਨਾਲ ਨਿਪਟਿਆ ਗਿਆ ਹੈ, ਉਨ੍ਹਾਂ ਨੂੰ ਉਨ੍ਹਾਂ ਦੀ ਸਿਹਤ ਦੇ ਮੱਦੇਨਜ਼ਰ ਪੂਰੀ ਤਰ੍ਹਾਂ ਨਜ਼ਰਬੰਦ ਹਿਰਾਸਤ 'ਚ ਰੱਖਿਆ ਜਾਣਾ ਚਾਹੀਦਾ ਹੈ ਅਤੇ ਸਾਲ 1878 'ਚ ਸਰਕਾਰ ਨੇ ਇਹ ਤਜਵੀਜ਼ ਦਿੱਤੀ ਹੈ ਕਿ ਉਨ੍ਹਾਂ ਨੂੰ ਜੇਲ੍ਹ ਦੀਆਂ ਕੰਧਾਂ ਤੋਂ ਬਾਹਰ ਚੌਕਸੀ ਅਧੀਨ ਰੱਖਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਜਦ ਕਿ ਗ੍ਰਹਿ ਵਿਭਾਗ ਨੇ ਆਪਣੇ ਪੱਤਰ 848, ਵਰਣਿਤ ਮਿਤੀ 4 ਜੁਲਾਈ ਵਿੱਚ ਕਿਹਾ ਸੀ ਕਿ ਉਨ੍ਹਾਂ ਨੂੰ ਬਿਲਕੁਲ ਪੂਰੀ ਤਰ੍ਹਾਂ ਬੰਦ ਜੇਲ੍ਹ ਵਿੱਚ ਰੱਖਣ ਦੇ ਹੁਕਮ ਹਨ ਤੇ ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਢਿੱਲ ਨਹੀਂ ਦਿੱਤੀ ਜਾਣੀ ਚਾਹੀਦੀ।

3. ਸਾਹਿਬ ਸਿੰਘ 10 ਜੂਨ, 1879 ਨੂੰ ਅਕਾਲ ਚਲਾਣਾ ਕਰ ਗਏ ਸਨ, ਜਿਸ ਬਾਰੇ ਇਸ ਦਫ਼ਤਰ ਵੱਲੋਂ ਭਾਰਤ ਸਰਕਾਰ ਨੂੰ ਨੰ. 2577, ਮਿਤੀ 30 ਰਾਹੀਂ ਸੂਚਿਤ ਕਰ ਦਿੱਤਾ ਗਿਆ ਸੀ। ਤਦ ਤੋਂ ਕਾਹਨ ਸਿੰਘ ਆਪਣੇ ਸਾਥੀ ਤੋਂ ਬਗ਼ੈਰ ਹੀ ਰਹਿ ਰਿਹਾ ਹੈ ਅਤੇ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਵੱਲੋਂ ਅਜਿਹੀਆਂ ਤਜਵੀਜ਼ਾਂ ਭੇਜੀਆਂ ਗਈਆਂ ਸਨ ਕਿ ਇਸ ਕੈਦੀ ਨੂੰ ਨਿਗਰਾਨੀ ਅਧੀਨ ਪੁਲਿਸ ਲਾਈਨਜ਼ 'ਚ ਰਹਿਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਅਤੇ ਜਾਂ ਉਸ ਹਜ਼ਾਰੀਬਾਗ਼ ਦੀ ਆਮ ਜੇਲ੍ਹ ਦੇ ਸਿਵਲ ਅਹਾਤੇ 'ਚ ਤਬਦੀਲ ਕੀਤਾ ਜਾ ਸਕਦਾ ਹੈ ਪਰ ਉਨ੍ਹਾਂ ਖ਼ੁਦ ਹੀ ਲੈਫ਼ਟੀਨੈਂਟ ਗਵਰਨਰ ਨੂੰ ਅਜਿਹੀ ਸਿਫ਼ਾਰਸ਼ ਨਹੀਂ ਕੀਤੀ ਕਿਉਂਕਿ ਇੰਝ ਤਾਂ ਉਨ੍ਹਾਂ ਲਈ ਬਾਹਰੀ ਦੁਨੀਆ ਨਾਲ ਗੱਲਬਾਤ ਕਰਨ ਦੇ ਸਿੱਧੇ ਅਤੇ ਸੁਖਾਲ਼ੇ ਰਾਹ ਖੁੱਲ੍ਹ ਜਾਣਗੇ। ਇਸ ਵਿਅਕਤੀ ਨੂੰ ਕੇਂਦਰੀ ਜੇਲ੍ਹ ਦੇ ਅਪਰਾਧਕ ਵਾਰਡ 'ਚ ਕੈਦ ਕਰ ਕੇ ਰੱਖਣ ਨਾਲ ਵੀ ਇਤਰਾਜ਼ ਹੋਣਗੇ ਕਿਉਂਕਿ ਜਦੋਂ ਵੀ ਕਦੇ ਵੀ ਕੈਦੀ ਰਿਹਾਅ ਹੋਵੇਗਾ, ਤਾਂ ਉਹ ਕਾਹਨ ਸਿੰਘ ਦੀ ਗੱਲਬਾਤ ਪੰਜਾਬ 'ਚ ਰਹਿੰਦੇ ਉਸ ਦੇ ਦੋਸਤਾਂ ਨਾਲ ਕਰਵਾਉਣ ਦੇ ਸਮਰੱਥ ਹੋਵੇਗਾ। ਬੰਗਾਲ 'ਚ ਕਿਉਂਕਿ ਹੋਰ ਕੋਈ ਵੀ ਸਿਆਸੀ ਕੈਦੀ ਨਹੀਂ ਹਨ, ਇਸ ਲਈ ਇਹ ਮਾਮਲਾ ਆਪ ਜੀ ਦੇ ਹੁਕਮਾਂ ਲਈ

ਪੇਸ਼ ਕੀਤਾ ਜਾਂਦਾ ਹੈ। ਭਾਰਤ ਸਰਕਾਰ ਸ਼ਾਇਦ ਕਾਹਨ ਸਿੰਘ ਨੂੰ ਹੋਰ ਕਿਸੇ ਸਿਆਸੀ ਕੈਦੀ ਨਾਲ ਉਮਰ ਕੈਦ 'ਚ ਰੱਖਣ ਦੇ ਯੋਗ ਹੋ ਸਕਦੀ ਹੈ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/-
ਸਕੱਤਰ, ਬੰਗਾਲ ਸਰਕਾਰ।

## 408

*ਵੱਲੋਂ*

ਇੰਸਪੈਕਟਰ ਜਨਰਲ - ਜੇਲ੍ਹਾਂ, ਬੰਗਾਲ।

*ਵੱਲ*

ਬੰਗਾਲ ਸਰਕਾਰ, ਨਿਆਂ ਵਿਭਾਗ।।

*ਨੰ. 7612* *ਮਿਤੀ ਅਲੀਪੁਰ, 20 ਅਗਸਤ, 1879*

ਸ੍ਰੀਮਾਨ ਜੀ,

ਕੂਕਾ ਕੈਦੀਆਂ ਕਾਹਨ ਸਿੰਘ ਅਤੇ ਸਾਹਿਬ ਸਿੰਘ ਬਾਰੇ ਮੇਰੇ ਪੱਤਰ ਨੰ. 2429, ਮਿਤੀ 22 ਮਾਰਚ, 1878 ਦੇ ਹਵਾਲੇ ਨਾਲ, ਜਿਸ ਦੀ ਕਾਪੀ ਤੁਰੰਤ ਹਵਾਲੇ ਲਈ ਇਸ ਦੇ ਨਾਲ ਨੱਥੀ ਕੀਤੀ ਜਾਂਦੀ ਹੈ, ਮੈਨੂੰ ਇਹ ਰਿਪੋਰਟ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਛੋਟੇ ਕੈਦੀ ਸਾਹਿਬ ਸਿੰਘ ਦੀ 10 ਜੂਨ, 1879 ਨੂੰ ਯੂਰੋਪੀਅਨ ਜੇਲ੍ਹ 'ਚ ਮੌਤ ਹੋ ਗਈ ਸੀ। ਦੂਜਾ ਕੈਦੀ 70 ਸਾਲ ਤੋਂ ਵੱਧ ਉਮਰ ਦਾ ਕਾਹਨ ਸਿੰਘ ਇੱਕ ਬੇਹੱਦ ਕਮਜ਼ੋਰ ਬਿਰਧ ਵਿਅਕਤੀ ਹੈ ਅਤੇ ਉਹ ਹਾਲੇ ਵੀ ਯੂਰੋਪੀਅਨ ਜੇਲ੍ਹ 'ਚ ਕੈਦ ਹੈ ਅਤੇ ਸਮੁੱਚੇ ਵਿੰਗ ਦੇ 16 ਸੈੱਲਾਂ (ਕੋਠੜੀਆਂ) ਵਿਚ ਉਹ ਇਕੱਲਾ ਰਹਿੰਦਾ ਸੀ। ਇਹ ਪ੍ਰਸਤਾਵਿਤ ਕੀਤਾ ਜਾਂਦਾ ਹੈ ਕਿ ਇਸ ਵਿੰਗ ਨੂੰ ਜੇਲ੍ਹ 'ਚ ਆਉਣ ਵਾਲੇ ਸਾਰੇ ਨਵੇਂ ਕੈਦੀਆਂ ਨੂੰ ਵੱਖਰਾ ਰੱਖਣ ਲਈ ਛੱਡਿਆ ਜਾਵੇ। ਇਸ ਲਈ ਆਪ ਜੀ ਨੂੰ ਮੇਰੀ ਬੇਨਤੀ ਹੈ ਕਿ ਭਾਰਤ ਸਰਕਾਰ ਕਾਹਨ ਸਿੰਘ ਨੂੰ ਨਿਗਰਾਨੀ ਹੇਠ ਪੁਲਿਸ ਲਾਈਨਜ਼ 'ਚ ਰਹਿਣ ਦੀ ਇਜਾਜ਼ਤ ਦੇ ਸਕਦੀ ਹੈ, ਜਿਸ ਲਈ ਉਸ ਨੂੰ ਕੇਂਦਰੀ ਜੇਲ੍ਹ ਦੇ ਸਿਵਲ ਅਹਾਤੇ 'ਚ ਤਬਦੀਲ ਕਰ ਦੇਣਾ ਚਾਹੀਦਾ ਹੈ। ਇਸ ਵੇਲੇ ਯੂਰੋਪੀਅਨ ਜੇਲ੍ਹ 'ਚ ਜਦੋਂ ਵੀ ਕੋਈ ਨਵਾਂ ਕੈਦੀ ਆਉਂਦਾ ਹੈ, ਤਾਂ ਬਹੁਤ ਅਸੁਵਿਧਾ ਹੁੰਦੀ ਹੈ ਅਤੇ ਇਸ ਨੂੰ ਬਜ਼ੁਰਗ ਕੈਦੀ ਨੂੰ ਇੰਨੇ ਵਰ੍ਹੇ ਕੈਦ 'ਚ ਰੱਖਣ ਤੋਂ ਬਾਅਦ ਵੀ ਇਕੱਲੇ ਨੂੰ ਹਿਰਾਸਤ ਵਿੱਚ ਰੱਖਣਾ ਪੈ ਰਿਹਾ ਹੈ।

ਮੈਂ ਹਾਂ,
ਹਸਤਾਖਰ/-
ਵੱਲੋਂ ਇੰਸਪੈਕਟਰ ਜਨਰਲ, ਜੇਲ੍ਹਾਂ, ਬੰਗਾਲ।

## ਸਰਕਾਰੀ ਕੈਦੀ

### ਕਾਹਨ ਸਿੰਘ

*ਨਿਜੀ ਸੰਪਤੀ*

(10) ਦਸ ਸੋਵੀਨਰ

(3) ਤਿੰਨ ਸੋਨੇ ਦੀਆਂ ਮੋਹਰਾਂ (ਛੋਟੀਆਂ 15/–)

(2) ਦੋ ਰੋਮਨ ਸਿੱਕੇ (ਚਾਂਦੀ ਦੇ)

(48) ਅੜ੍ਹਤਾਲੀ ਰੁਪਏ

ਮੈਂ ............................; ਨੂੰ ਪ੍ਰਾਪਰਟੀ ਬੁੱਕ ਤੋਂ ਟ੍ਰਾਂਸਫ਼ਰ ਕਰ ਕੇ ਐਸਕੌਰਟ ਹਵਾਲੇ ਕੀਤਾ ਗਿਆ ਹੈ।

(ਹਸਤਾਖਰ)........

ਕਾਰਜਕਾਰੀ ਸੁਪਰਇੰਟੈਂਡੈਂਟ

1 ਸਤੰਬਰ, 1879 ਕਾਹਨ ਸਿੰਘ ਦੇ ਪੰਜਾਬੀ 'ਚ ਹਸਤਾਖਰ

## 409

*ਵੱਲੋਂ*

ਇੰਸਪੈਕਟਰ ਜਨਰਲ, ਜੇਲ੍ਹਾਂ, ਬੰਗਾਲ।

*ਵੱਲ*

ਸਕੱਤਰ, ਬੰਗਾਲ ਸਰਕਾਰ, ਨਿਆਂ ਵਿਭਾਗ।

*ਨੰ. 4354, ਮਿਤੀ ਕਲਕੱਤਾ, 25 ਮਈ, 1880*

ਸ਼੍ਰੀਮਾਨ ਜੀ,

ਪਿਛਲੇ ਮਹੀਨੇ ਦੀ 20 ਤਰੀਕ ਦੇ ਤੁਹਾਡੇ ਪੱਤਰ ਨੰ. 983 ਦੇ ਹਵਾਲੇ ਨਾਲ, ਮੈਨੂੰ ਆਪ ਜੀ ਨੂੰ ਇਹ ਸੂਚਿਤ ਕਰਨ ਦਾ ਮਾਣ ਹਾਸਲ ਹੋਇਆ ਹੈ ਕਿ ਇਸੇ ਮਹੀਨੇ ਦੀ 10 ਤਰੀਕ ਨੂੰ ਸਰਕਾਰੀ ਕੈਦੀ ਕਾਹਨ ਸਿੰਘ ਨੂੰ ਹਜ਼ਾਰੀਬਾਗ਼ ਯੂਰੋਪੀਅਨ ਜੇਲ੍ਹ ਤੋਂ ਚੁਨਾਰ ਕਿਲ੍ਹੇ ਲਈ ਵਾਜਬ ਐਸਕਾਰਟ ਨਾਲ ਚੁਨਾਰ ਕਿਲੇ ਲਈ ਭੇਜਿਆ ਗਿਆ ਸੀ।

ਤੁਹਾਡੀ ਤਸਦੀਕ ਨੰ. 1785, ਮਿਤੀ 22 ਮਈ, 1875 ਨਾਲ ਪ੍ਰਾਪਤ ਅਸਲ ਵਾਰੰਟ ਇਸ ਦੇ ਨਾਲ ਹੀ ਵਾਪਸ ਕੀਤਾ ਜਾਂਦਾ ਹੈ।

ਮੈਂ ਹਾਂ,

(ਹਸਤਾਖਰ) ਆਰ. ਬੀਡਨ, ਲੈ. ਕਰਨਲ,

ਡਿਪਟੀ ਇੰਸਪੈਕਟਰ ਜਨਰਲ, ਜੇਲ੍ਹਾਂ, ਬੰਗਾਲ।

# 410

## ਗੁਪਤ

*ਵੱਲੋਂ*

ਐੱਲ.ਐੱਚ. ਗ੍ਰਿਫ਼ਿਨ, ਐਸਕ.,
ਆਫ਼ਿਸ਼ੀਏਟਿੰਗ ਸਕੱਤਰ, ਪੰਜਾਬ ਸਰਕਾਰ।

*ਵੱਲ*

ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਨੰ. 428ਸੀ, ਮਿਤੀ 12 ਨਵੰਬਰ, 1877 (ਗੁਪਤ)*

ਸ੍ਰੀਮਾਨ ਜੀ,

ਕੂਕਾ ਸੰਪਰਦਾਇ ਦੇ ਮੁਖੀ ਗੁਰੂ ਰਾਮ ਸਿੰਘ ਜੀ, ਜੋ ਇਸ ਵੇਲੇ ਰੰਗੂਨ 'ਚ ਇੱਕ ਸਿਆਸੀ ਕੈਦੀ ਹਨ, ਦੇ ਵਿਸ਼ੇ 'ਤੇ ਭਾਰਤ ਸਰਕਾਰ ਅਤੇ ਤੁਹਾਡੇ ਦਫ਼ਤਰ ਵਿਚਾਲੇ ਹੋਈ ਚਿੱਠੀ-ਪੱਤਰੀ ਦੇ ਹਵਾਲੇ ਨਾਲ, ਮੈਨੂੰ ਭਾਰਤ ਸਰਕਾਰ ਦਾ ਧਿਆਨ ਇਸ ਤੱਥ ਵੱਲ ਦਿਵਾਉਣ ਦੀ ਹਦਾਇਤ ਹੋਈ ਹੈ ਕਿ ਇਹ ਬੇਹੱਦ ਗ਼ਲਤ ਗੱਲ ਹੈ ਕਿ ਭਾਰਤ ਸਰਕਾਰ ਨੇ ਭਾਵੇਂ ਹਰ ਤਰ੍ਹਾਂ ਦੀ ਪਾਬੰਦੀ ਲਾਈ ਹੈ ਤੇ ਬਾਕਾਇਦਾ ਹਦਾਇਤਾਂ ਦਿੱਤੀਆਂ ਹਨ ਪਰ ਬਾਬਾ ਰਾਮ ਸਿੰਘ ਜੀ ਪੰਜਾਬ 'ਚ ਆਪਣੇ ਪੈਰੋਕਾਰਾਂ ਨਾਲ ਲਗਾਤਾਰ ਚਿੱਠੀ-ਪੱਤਰੀ ਕਰ ਰਹੇ ਹਨ। ਅਜਿਹੀਆਂ ਚਿੱਠੀਆਂ ਦੀਆਂ ਕਈ ਕਾਪੀਆਂ ਗੁਪਤ ਤੌਰ 'ਤੇ ਭਾਰਤ ਸਰਕਾਰ ਤੱਕ ਪੁੱਜੀਆਂ ਹਨ ਅਤੇ ਲੈਫ਼ਟੀਨੈਂਟ ਗਵਰਨਰ ਨੂੰ ਵੀ ਅਜਿਹੀਆਂ ਕਈ ਪਟੀਸ਼ਨਾਂ ਮਿਲ ਚੁੱਕੀਆਂ ਹਨ, ਜਿਨ੍ਹਾਂ 'ਚ ਜ਼ਿਆਦਾਤਰ ਗੁਰੂ ਜੀ ਨੂੰ ਰਿਹਾਅ ਕਰਨ ਦੀਆਂ ਅਪੀਲਾਂ ਕੀਤੀਆਂ ਗਈਆਂ ਹਨ ਤੇ ਇਹ ਸਭ ਉਨ੍ਹਾਂ ਦੇ ਪੰਜਾਬ 'ਚ ਮੌਜੂਦ ਪੈਰੋਕਾਰਾਂ ਦੀਆਂ ਹੀ ਲਿਖੀਆਂ ਹੋਈਆਂ ਹਨ। ਇਹ ਦੱਸਿਆ ਜਾਂਦਾ ਹੈ ਕਿ ਬਾਬਾ ਰਾਮ ਸਿੰਘ ਜੀ 'ਤੇ ਚੌਕਸੀ ਅਪੂਰਨ ਹੈ ਤੇ ਇੱਕ ਬੈਰਾਗ਼ੀ ਫ਼ਕੀਰ, ਜੋ ਉਨ੍ਹਾਂ ਦੀ ਜੇਲ੍ਹ ਦੇ ਨੇੜੇ ਹੀ ਕਿਤੇ ਰਹਿੰਦਾ ਹੈ, ਰਾਹੀਂ ਚਿੱਠੀਆਂ ਪੱਥਰ, ਮਿੱਟੀ ਦੇ ਡਲ਼ੇ ਬੰਨ੍ਹ ਕੇ ਕੰਧ ਦੇ ਪਾਰ ਸੁੱਟ ਦਿੱਤੀਆਂ ਜਾਂਦੀਆਂ ਹਨ ਤੇ ਇੰਝ ਹੀ ਜਵਾਬੀ ਚਿੱਠੀਆਂ ਹਾਸਲ ਕੀਤੀਆਂ ਜਾਂਦੀਆਂ ਹਨ। ਕੀ ਚਿੱਠੀਆਂ ਸੱਚਮੁਚ ਇਸ ਤਰੀਕੇ ਦਿੱਤੀਆਂ ਜਾਂ ਲਈਆਂ ਜਾਂਦੀਆਂ ਹਨ, ਇਸ ਬਾਰੇ ਲੈਫ਼. ਗਵਰਨਰ ਕੋਈ ਫ਼ੈਸਲਾ ਨਹੀਂ ਕਰ ਸਕੇ ਹਨ ਪਰ ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਗੱਲਬਾਤ ਕਰਨ ਅਤੇ ਰਾਬਤਾ ਕਾਇਮ ਕਰਨ ਦੇ ਸਾਧਨ ਆਸਾਨੀ ਨਾਲ ਲੱਭ ਲਏ ਜਾਂਦੇ ਹਨ ਅਤੇ ਪਿਛਲੇ ਤਿੰਨ ਮਹੀਨਿਆਂ ਦੌਰਾਨ ਕੂਕਾ ਸੰਪਰਦਾਇ ਦੀਆਂ ਗਤੀਵਿਧੀਆਂ ਵੀ ਆਮ ਨਾਲੋਂ ਕੁਝ ਵਧੀਆਂ ਹੋਈਆਂ ਵਿਖਾਈ ਦੇ ਰਹੀਆਂ ਹਨ; ਇਸੇ ਲਈ ਲੈਫ਼ਟੀਨੈਂਟ ਗਵਰਨਰ ਚਾਹੁੰਦੇ ਹਨ ਕਿ ਭਾਰਤ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਇਆ ਜਾਵੇ, ਤਾਂ ਜੋ ਇਸ ਕੈਦੀ ਨਾਲ ਕੋਈ ਕਿਸੇ ਵੀ ਤਰ੍ਹਾਂ ਦਾ ਸੰਪਰਕ ਨਾ ਰੱਖ ਸਕੇ, ਇਸ ਸਬੰਧੀ ਸਖ਼ਤ ਹੁਕਮ ਜਾਰੀ ਕੀਤੇ ਜਾਣ। ਲੈਫ਼. ਗਵਰਨਰ ਇਹ ਵੀ ਚਾਹੁੰਦੇ ਹਨ ਕਿ ਇਹ ਜ਼ਿਆਦਾ ਬਿਹਤਰ ਹੋ ਸਕਦਾ ਹੈ ਕਿ ਜੇ

(ਗੁਰੂ) ਰਾਮ ਸਿੰਘ ਜੀ ਨੂੰ ਰੰਗੂਨ ਦੀ ਥਾਂ ਕਿਸੇ ਹੋਰ ਥਾਂ ’ਤੇ ਭੇਜ ਦਿੱਤਾ ਜਾਵੇ, ਜਿੱਥੇ ਉਨ੍ਹਾਂ ’ਤੇ ਹੋਰ ਵਧੀਆ ਢੰਗ ਨਾਲ ਨਜ਼ਰ ਰੱਖੀ ਜਾ ਸਕੇ, ਜਿਵੇਂ ਕਿ ਅਦਨ; ਜੇ ਹੁਣ ਸਿਫ਼ਾਰਸ਼ ਕੀਤੇ ਕਦਮ ਵਧੇਰੇ ਸਫ਼ਲ ਹੋਣ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ ’ਤੇ
ਹਸਤਾਖਰ/-
ਆਫ਼ਿਸ਼ੀਏਟਿੰਗ ਸਕੱਤਰ, ਪੰਜਾਬ ਸਰਕਾਰ।

## ਉਪਰੋਕਤ ਚਿੱਠੀ ਉੱਤੇ ਟਿੱਪਣੀਆਂ

ਵੱਲੋਂ

ਪੰਜਾਬ ਸਰਕਾਰ

*ਨੰ. 428ਸੀ, ਮਿਤੀ 12 ਅਕਤੂਬਰ*

ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਕੂਕਾ ਬਾਬਾ ਰਾਮ ਸਿੰਘ ਜੀ ਨੂੰ ਸਖ਼ਤ ਸੁਰੱਖਿਆ ਚੌਕਸੀ ਅਧੀਨ ਰੱਖਿਆ ਜਾਵੇ ਕਿ ਤਾਂ ਜੋ ਪੰਜਾਬ ਦੇ ਆਪਣੇ ਕਿਸੇ ਵੀ ਪੈਰੋਕਾਰ ਨਾਲ ਕਿਸੇ ਤਰ੍ਹਾਂ ਦਾ ਕੋਈ ਰਾਬਤਾ ਨਾ ਰੱਖ ਸਕਣ।

ਹਸਤਾਖਰ/-

## 411

ਗ੍ਰਹਿ ਵਿਭਾਗ
*(ਨਿਆਂਇਕ)ਸ਼ਿਮਲਾ, 2 ਨਵੰਬਰ, 1877*

ਵੱਲ

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਸ੍ਰੀਮਾਨ ਜੀ,

ਪਿਛਲੇ ਮਹੀਨੇ ਦੀ 23 ਤਰੀਕ ਦੇ ਮੇਰੇ ਪੱਤਰ ਨੰ. 17/1616 ਨਾਲ ਖ਼ਤਮ ਹੋਈ ਚਿੱਠੀ-ਪੱਤਰੀ ਦੇ ਹਵਾਲੇ ਨਾਲ, ਮੈਨੂੰ ਆਪ ਜੀ ਨੂੰ ਰੰਗੂਨ ’ਚ ਕੂਕਾ ਕੈਦੀ ਬਾਬਾ ਰਾਮ ਸਿੰਘ ਜੀ ਨਾਲ ਪੰਜਾਬ ’ਚ ਉਨ੍ਹਾਂ ਦੇ ਪੈਰੋਕਾਰਾਂ ਦੀ ਚਿੱਠੀ-ਪੱਤਰੀ ਬਾਰੇ ਪੰਜਾਬ ਸਰਕਾਰ ਦੇ ਇਸੇ ਮਹੀਨੇ ਦੀ 12 ਤਰੀਕ ਦੇ ਪੱਤਰ ਨੰ. 428 ਸੀ ਨੂੰ ਗੁਪਤ ਤੌਰ ’ਤੇ ਭੇਜਣ ਦੀ ਹਦਾਇਤ ਹੋਈ ਹੈ। ਗਵਰਨਰ ਜਨਰਲ-ਇਨ-ਕੌਂਸਲ ਅਤੇ ਮਾਣਯੋਗ ਲੈਫ਼ਟੀਨੈਂਟ ਗਵਰਨਰ ਇਸ ਮਾਮਲੇ ’ਚ ਪੂਰੀ ਤਰ੍ਹਾਂ ਇੱਕਮਤ ਹਨ ਕਿ (ਗੁਰੂ) ਰਾਮ ਸਿੰਘ ਜੀ ਦੀ ਚਿੱਠੀ-ਪੱਤਰੀ ਪੂਰੀ ਤਰ੍ਹਾਂ ਰੁਕਣੀ ਚਾਹੀਦੀ ਹੈ ਤੇ ਮੇਰੀ ਬੇਨਤੀ ਹੈ ਕਿ ਤੁਸੀਂ ਕ੍ਰਿਪਾ ਕਰ ਕੇ ਬਿਨਾਂ ਕਿਸੇ ਦੇਰੀ ਦੇ ਇਹ ਹੁਕਮ ਜਾਰੀ ਕਰੋ ਕਿ ਇਸ ਮਾਮਲੇ ’ਚ ਭਵਿੱਖ ’ਚ ਹਰ ਸੰਭਵ ਸਖ਼ਤ ਚੌਕਸੀ ਰੱਖੀ ਜਾਵੇ।

ਪੰਜਾਬ ਸਰਕਾਰ ਨੂੰ ਇਸ ਦੀ ਕਾਪੀ
ਸੂਚਨਾ ਹਿਤ ਇਸੇ ਮਹੀਨੇ ਦੀ 12 ਤਰੀਕ ਦੇ
ਪੱਤਰ ਨੰ. 428ਸੀ ਦੇ ਹਵਾਲੇ ਨਾਲ ਭੇਜੀ ਜਾਂਦੀ ਹੈ।

ਮੈਂ ਹਾਂ,
ਹਸਤਾਖਰ.....?

## 412

ਬ੍ਰਿਟਿਸ਼ ਬਰਮਾ ਸਿਆਸੀ ਵਿਭਾਗ ਨੰ.3/5ਸੀ.ਪੀ.
(ਗੁਪਤ)

ਵੱਲੋਂ

ਮੇਜਰ ਸੀ.ਡਬਲਿਊ. ਸਟ੍ਰੀਟ, ਐੱਮਐੱਸਸੀ,
ਸਕੱਤਰ, ਮੁੱਖ ਕਮਿਸ਼ਨਰ।

ਵੱਲ

ਸਕੱਤਰ, ਭਾਰਤ ਸਰਕਾਰ, ਕਲਕੱਤਾ।

*ਮਿਤੀ, ਰੰਗੂਨ, 28 ਦਸੰਬਰ, 1877*

ਸ੍ਰੀਮਾਨ ਜੀ,

ਤੁਹਾਡੇ ਪੱਤਰ (ਗੁਪਤ) ਨੰ. 1649, ਮਿਤੀ 2 ਨਵੰਬਰ, 1877 ਦੇ ਜਵਾਬ ’ਚ ਮੈਨੂੰ ਚੀਫ਼ ਕਮਿਸ਼ਨਰ ਵੱਲੋਂ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਉਹ ਸੋਚਦੇ ਹਨ ਕਿ ਜਦੋਂ ਤੱਕ ਬਾਬਾ ਰਾਮ ਸਿੰਘ ਜੀ ਮੌਜੂਦਾ ਇਮਾਰਤ ’ਚ ਕੈਦ ਰਹਿਣਗੇ, ਤਦ ਤੱਕ ਬਾਬਾ ਰਾਮ ਸਿੰਘ ਜੀ ਦਾ ਬਾਹਰਲੀ ਦੁਨੀਆ ਨਾਲ ਸੰਪਰਕ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਨਹੀਂ ਜਾ ਸਕਦਾ। ਭਾਵੇਂ ਹਾਲੇ ਤੱਕ ਬਾਬਾ ਰਾਮ ਸਿੰਘ ਜੀ ਵੱਲੋਂ ਭੇਜੀ ਜਾਂ ਉਨ੍ਹਾਂ ਨੂੰ ਮਿਲੀ ਕੋਈ ਵੀ ਚਿੱਠੀ ਸਾਹਮਣੇ ਨਹੀਂ ਹੈ ਪਰ ਇਸ ਦੇ ਬਾਵਜੂਦ ਇਹ ਮਕਾਨ ਕਿਉਂਕਿ ਮੁੱਖ ਸੜਕ ਦੇ ਨਾਲ ਸਥਿਤ ਹੈ, ਇਸ ਲਈ ਇਸ ਤੋਂ ਬਾਹਰ ਜਾਂ ਇਸ ਦੇ ਅੰਦਰ ਕੋਈ ਵੀ ਚਿੱਠੀ ਸੁੱਟਣਾ ਬਹੁਤ ਸੁਖਾਲ਼ਾ ਹੈ।

2. ਇਸ ਇਮਾਰਤ ਦੀ ਯੋਜਨਾ ਇਸ ਦੇ ਨਾਲ ਹੀ ਭੇਜੀ ਜਾ ਰਹੀ ਹੈ, ਜਿਸ ਤੋਂ ਇਹ ਵੇਖਿਆ ਜਾਵੇਗਾ ਕਿ ਇਸ ਦੇ ਦੁਆਲੇ 8 ਫ਼ੁੱਟ 6 ਇੰਚ ਉੱਚੀ ਲੱਕੜ ਦੀ ਵਾੜ ਉਸਾਰੀ ਗਈ ਹੈ ਅਤੇ ਫਿਰ ਇੱਕ ਛੋਟੀ ਖੱਡ ਪੁੱਟੀ ਗਈ ਹੈ ਅਤੇ ਇਸ ਦੇ ਇੱਕ ਕਿਨਾਰੇ ’ਤੇ ਇੱਕ ਸੰਤਰੀ ਹੈ, ਜਦ ਕਿ ਦੂਜੇ ਕੰਢੇ ’ਤੇ ਦੂਜਾ ਸੰਤਰੀ ਤਾਇਨਾਤ ਕੀਤਾ ਗਿਆ ਹੈ।

3. ਇਸ ਮਕਾਨ ਦਾ ਫ਼ਰਸ਼ ਇੰਨਾ ਕੁ ਉੱਚਾ ਹੈ ਕਿ ਆਉਂਦੇ-ਜਾਂਦੇ ਰਾਹਗੀਰ (ਗੁਰੂ) ਰਾਮ ਸਿੰਘ ਜੀ ਨੂੰ ਵੇਖ ਸਕਦੇ ਹਨ, ਜੇ ਉਹ ਵਰਾਂਡੇ ’ਚ ਬੈਠੇ ਹੋਣ। ਲੱਕੜ ਦੀ ਵਾੜ ਨਾਲ ਗੱਲਬਾਤ ਤਾਂ ਔਖੀ ਹੋ ਸਕਦੀ ਹੈ ਪਰ ਚੀਫ਼ ਕਮਿਸ਼ਨਰ ਨੂੰ ਸ਼ੱਕ ਹੈ ਕਿ ਇਸ ਯੋਜਨਾ ਦੇ ਮਨਚਾਹੇ ਨਤੀਜੇ ਨਿਕਲਣਗੇ ਜਾਂ ਨਹੀਂ, ਇਸੇ ਲਈ ਉਨ੍ਹਾਂ ਦਾ

ਪ੍ਰਸਤਾਵ ਹੈ ਕਿ ਬਾਬਾ ਰਾਮ ਸਿੰਘ ਜੀ ਨੂੰ ਜਾਂ ਤਾਂ ਜੇਲ੍ਹ ਦੇ ਅੰਦਰ ਹੀ ਕੈਦ ਰੱਖਿਆ ਜਾਵੇ, ਜਿੱਥੇ ਉਨ੍ਹਾਂ ਨੂੰ ਪਹਿਲੀ ਆਮਦ ਵੇਲੇ ਰੱਖਿਆ ਗਿਆ ਸੀ ਜਾਂ ਫਿਰ ਉਨ੍ਹਾਂ ਨੂੰ ਇੱਥੋਂ ਟੈਵੋਏ ਜਾਂ ਮਰਗੁਈ ਭੇਜ ਦਿੱਤਾ ਜਾਵੇ, ਜਿੱਥੇ ਉਨ੍ਹਾਂ ਦੇ ਜਾਣਕਾਰਾਂ ਨੂੰ ਉਨ੍ਹਾਂ ਨਾਲ ਕਿਸੇ ਵੀ ਵੀ ਕਿਸਮ ਦਾ ਸੰਪਰਕ ਰੱਖਣ ਤੋਂ ਰੋਕਿਆ ਜਾ ਸਕੇ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ ’ਤੇ
ਹਸਤਾਖਰ/–
ਸਕੱਤਰ, ਚੀਫ਼ ਕਮਿਸ਼ਨਰ

## 413

ਜੁਡੀਸ਼ੀਅਲ ਬੀ, ਜਨਵਰੀ 28 ਨੰ. 189 ਨੰ. 69

*ਫ਼ੋਰਟ ਵਿਲੀਅਮ, 16 ਜਨਵਰੀ, 1878*

ਗ੍ਰਹਿ ਵਿਭਾਗ (ਨਿਆਂਇਕ)

*ਵੱਲ*

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਸ੍ਰੀਮਾਨ ਜੀ,

ਮੈਨੂੰ ਪਿਛਲੇ ਮਹੀਨੇ ਦੀ 28 ਤਰੀਕ ਦੇ ਤੁਹਾਡੇ ਪੱਤਰ ਨੰ. 315 ਸੀ.ਪੀ. ਪ੍ਰਾਪਤ ਹੋਣ ਦੀ ਜਾਣਕਾਰੀ ਦੇਣ ਦੀ ਹਦਾਇਤ ਹੋਈ ਹੈ, ਜੋ ਕੂਕਾ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਸਿੰਘ ਜੀ ਬਾਰੇ ਸੀ।

2. ਜਵਾਬ ’ਚ ਮੈਂ ਇਹ ਕਹਿਣਾ ਹੈ ਕਿ ਗਵਰਨਰ ਜਨਰਲ–ਇਨ–ਕੌਂਸਲ ਬਾਬਾ ਰਾਮ ਸਿੰਘ ਜੀ ਨੂੰ ਟੈਵੋਏ ਜਾਂ ਮਰਗੁਈ ਭੇਜਣ ਦੀ ਪ੍ਰਵਾਨਗੀ ਦਿੰਦੇ ਹਨ, ਇਨ੍ਹਾਂ ਦੋਵੇਂ ਥਾਵਾਂ ’ਚ ਜਿੱਥੇ ਉਨ੍ਹਾਂ ਨੂੰ ਕੈਦ ’ਚ ਰੱਖਣ ਲਈ ਸਭ ਤੋਂ ਵੱਧ ਤਸੱਲੀਬਖ਼ਸ਼ ਇੰਤਜ਼ਾਮ ਕੀਤੇ ਜਾ ਸਕਣ। ਇਸ ਕੈਦੀ ਨਾਲ ਪੰਜਾਬ ਜਾਂ ਕਿਸੇ ਹੋਰ ਥਾਂ ’ਤੋਂ ਉਨ੍ਹਾਂ ਦਾ ਕੋਈ ਵੀ ਪੈਰੋਕਾਰ ਕੋਈ ਚਿੱਠੀ–ਪੱਤਰੀ ਨਾ ਕਰ ਸਕੇ; ਅਜਿਹੀ ਹਰ ਸਾਵਧਾਨੀ ਰੱਖਣੀ ਹੋਵੇਗੀ।

3. ਇਨ੍ਹਾਂ ਹੁਕਮਾਂ ਅਨੁਸਾਰ ਅਗਲੇਰੇ ਅੰਤਿਮ ਇੰਤਜ਼ਾਮ ਕੀਤੇ ਜਾਣ ਦੀ ਰਿਪੋਰਟ ਦੀ ਮੈਨੂੰ ਉਡੀਕ ਰਹੇਗੀ।

*ਐੱਨ.ਬੀ.* ਇਸ ਪੱਤਰ ਮਿਤੀ ਨਵੰਬਰ ਆਖ਼ਰੀ, ਨੰ. 1650 ਦੀ ਕਾਪੀ ਪੰਜਾਬ ਸਰਕਾਰ......? ਨੂੰ ਭੇਜੀ ਜਾਂਦੀ ਹੈ।

ਜੇ ਇਸ ਵਿਸ਼ੇ ਅਨੁਸਾਰ ਉਨ੍ਹਾਂ ਨੂੰ ਕਿਸੇ ਕਾਰਣ ਕਰਕੇ ਟੈਵੋਏ ਜਾਂ ਮਰਗੁਈ ਨਹੀਂ ਭੇਜਿਆ ਜਾ ਸਕੇ, ਤਾਂ ਗਵਰਨਰ ਜਨਰਲ–ਇਨ–ਕੌਂਸਲ ਇਸ ਸਬੰਧੀ ਵਿਚਾਰ ਕਰਨ ਲਈ ਤਿਆਰ ਹੋਣਗੇ ਕਿ ਕੀ ਬਾਬਾ ਰਾਮ ਸਿੰਘ ਜੀ ਨੂੰ ਦੋਬਾਰਾ ਜੇਲ੍ਹ ਭੇਜ ਦੇਣਾ ਚਾਹੀਦਾ ਹੈ।

(ਹਸਤਾਖਰ.....)

# 414

ਗੁਪਤ

ਬ੍ਰਿਟਿਸ਼ ਬਰਮਾ

ਸਿਆਸੀ ਵਿਭਾਗ ਨੰ. 49/6ਪੀ

ਵੱਲੋਂ

ਆਰ. ਹੋਪ ਪਿਲਸ਼ਰ, ਐਸਕੁਆਇਰ, ਬੀ.ਸੀ.ਐੱਸ.
ਆਫ਼ਿਸ਼ੀਏਟਿੰਗ ਜੂਨੀਅਰ ਸਕੱਤਰ, ਚੀਫ਼ ਕਮਿਸ਼ਨਰ।

ਵੱਲ

ਕਮਿਸ਼ਨਰ, ਟੇਨੈਸੇਨਿਨ ਡਿਵੀਜ਼ਨ, ਮੌਲਮੀਨ।

*ਮਿਤੀ ਰੰਗੂਨ, 2 ਮਾਰਚ, 1878*

ਸ੍ਰੀਮਾਨ ਜੀ,

ਕੂਕਾ ਮੁਖੀ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਤੋਂ ਟੈਵੋਏ ਜਾਂ ਮਰਗੁਈ ਭੇਜਣ ਦੇ ਵਿਸ਼ੇ 'ਤੇ ਇੱਥੇ ਹਾਸ਼ੀਏ 'ਤੇ ਦਰਜ ਚਿੱਠੀ-ਪੱਤਰੀ ਦੇ ਹਵਾਲੇ ਨਾਲ, ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਅੰਤਿਮ ਹੁਕਮਾਂ ਅਧੀਨ ਸਰਕਾਰੀ ਕੈਦੀ ਨੂੰ ਟੈਵੋਏ ਜਾਂ ਮਰਗੁਈ ਭੇਜਣ ਦਾ ਫ਼ੈਸਲਾ ਕੀਤਾ ਗਿਆ ਹੈ। ਅਜਿਹੀ ਕੋਈ ਇੱਛਾ ਨਹੀਂ ਹੈ ਕਿ ਉਨ੍ਹਾਂ ਨੂੰ ਜ਼ਿਲ੍ਹਾ ਜੇਲ੍ਹ 'ਚ ਰੱਖਿਆ ਜਾਵੇ, ਸਗੋਂ ਉਨ੍ਹਾਂ ਨੂੰ ਇੱਕ ਵੱਖਰੀ ਇਮਾਰਤ 'ਚ ਰੱਖਿਆ ਜਾਣਾ ਚਾਹੀਦਾ ਹੈ, ਜਿਸ ਦੇ ਆਲੇ-ਦੁਆਲੇ ਬਾਕਾਇਦਾ ਵਾੜ ਹੋਵੇ ਤੇ ਗਾਰਡਾਂ ਦੀ ਨਿਗਰਾਨੀ ਹੋਵੇ, ਤਾਂ ਜੋ ਉਹ ਡਿਪਟੀ ਕਮਿਸ਼ਨਰ ਦੀ ਇਜਾਜ਼ਤ ਤੋਂ ਬਗ਼ੈਰ ਹੋਰ ਕਿਸੇ ਵੀ ਸਮੇਂ ਉੱਥੋਂ ਕਿਤੇ ਵੀ ਬਾਹਰ ਨਾ ਜਾ ਸਕਣ।

ਨੰ. 1649, ਮਿਤੀ 2 ਨਵੰਬਰ, 1877,
ਵੱਲੋਂ - ਗ੍ਰਹਿ ਸਕੱਤਰ
ਨੰ. 3/5ਸੀਪੀ ਮਿਤੀ 28 ਨਵੰਬਰ, 1877
ਵੱਲ - ਗ੍ਰਹਿ ਸਕੱਤਰ
ਨੰ. 49 ਮਿਤੀ 16 ਜਨਵਰੀ, 1877
ਵੱਲੋਂ - ਗ੍ਰਹਿ ਸਕੱਤਰ

2. ਮੈਂ ਇਹ ਬੇਨਤੀ ਕਰਨੀ ਹੈ ਕਿ ਤੁਸੀਂ ਇਹ ਰਿਪੋਰਟ ਕਰੋਗੇ ਕਿ ਕਿਹੜੇ ਸਟੇਸ਼ਨ 'ਤੇ ਸਭ ਤੋਂ ਵਧੀਆ ਇੰਤਜ਼ਾਮ ਕੀਤੇ ਜਾ ਸਕਦੇ ਹਨ ਅਤੇ ਉਹ ਸਾਰੇ ਪ੍ਰਬੰਧ ਕਰਨ 'ਤੇ ਖ਼ਰਚਾ ਕਿੰਨਾ ਹੋਵੇਗਾ।

ਮੈਂ ਹਾਂ,
ਹਸਤਾਖਰ, ਆਰ. ਹੋਪ ਪਿਲਸ਼ਰ,
ਆਫ਼ਿਸ਼ੀਏਟਿੰਗ ਜੂਨੀਅਰ ਸਕੱਤਰ,
(ਸਹੀ ਨਕਲਾਂ)
ਹਸਤਾਖਰ/-?
ਬੀ.ਬੀ. ਸਕੱਤਰੇਤ

## 415

ਬ੍ਰਿਟਿਸ਼ ਬਰਮਾ
ਟੇਨੈਸੇਨਿਨ ਡਿਵੀਜ਼ਨ
ਸਿਆਸੀ ਵਿਭਾਗ

ਨੰ. 91/264

ਵੱਲੋਂ

ਕਰਨਲ ਆਰ.ਡੀ. ਆਦਰਸ਼,
ਕਮਿਸ਼ਨਰ, ਟੇਨੈਸੇਨਿਨ ਡਿਵੀਜ਼ਨ।

ਵੱਲ

ਸਕੱਤਰ, ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

*ਮਿਤੀ ਮਰਗੁਈ, 27 ਮਾਰਚ, 1878*

ਸ੍ਰੀਮਾਨ ਜੀ,

ਕੂਕਾ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਨੂੰ ਲਿਆਉਣ ਦੇ ਵਿਸ਼ੇ 'ਤੇ ਟੈਵੋਏ ਅਤੇ ਮਰਗੁਈ ਦੇ ਡਿਪਟੀ ਕਮਿਸ਼ਨਰਾਂ ਤੋਂ ਜਵਾਬ ਦੀ ਪ੍ਰਾਪਤੀ ਅਤੇ ਇੱਕ ਵਧੇਰੇ ਨਿਯਮਤ ਰਿਪੋਰਟ ਦੇ ਜਵਾਬ ਵਿੱਚ।

ਮੈਨੂੰ ਇਹ ਦੱਸਣ ਦਾ ਮਾਣ ਹਾਸਲ ਹੋਇਆ ਹੈ ਕਿ ਟੈਵੋਏ ਦੇ ਡਿਪਟੀ ਕਮਿਸ਼ਨਰ ਕਰਨਲ ਸਪਿਲਜ਼ਬਰੀ ਅਤੇ ਮਰਗੁਈ ਦੇ ਡਿਪਟੀ ਕਮਿਸ਼ਨਰ ਕਰਨਲ ਮੁਨਰੋ ਨਾਲ ਉਨ੍ਹਾਂ ((ਗੁਰੂ) ਰਾਮ ਸਿੰਘ ਜੀ) ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਰੱਖਣ ਲਈ ਦੋਵਾਂ ਵਿੱਚੋਂ ਮਰਗੁਈ ਨੂੰ ਬਿਹਤਰ ਸਟੇਸ਼ਨ ਮੰਨਿਆ ਗਿਆ ਹੈ। ਉਨ੍ਹਾਂ ਨੂੰ ਤਦ ਤੱਕ ਰੱਖਿਆ ਨਹੀਂ ਜਾ ਸਕਦਾ, ਜਦੋਂ ਤੱਕ ਕਿ ਆਲੇ-ਦੁਆਲੇ ਵਾੜ ਵਾਲਾ ਇੱਕ ਵਾਜਬ ਮਕਾਨ ਉਨ੍ਹਾਂ ਲਈ ਉਸਾਰ ਨਹੀਂ ਲਿਆ ਜਾਂਦਾ, ਜਿਸ ਬਾਰੇ ਮੈਂ ਦੋਬਾਰਾ ਪੱਤਰ ਲਿਖਾਂਗਾ।

ਮੈਂ ਹਾਂ,
ਹਸਤਾਖਰ
ਕਰਨਲ ਆਰ.ਡੀ. ਆਦਰਸ਼,
ਕਮਿਸ਼ਨਰ, ਟੇਨੈਸ. ਡਿਵੀਜ਼ਨ

## 416

ਨੰ. 56/2
ਜਨਰਲ ਵਿਭਾਗ

ਵੱਲ

ਕਮਿਸ਼ਨਰ, ਟੇਨੈਸ. ਡਿਵੀਜ਼ਨ, ਮੌਲਮੀਨ।

*ਮਿਤੀ ਮਰਗੁਈ, 11 ਅਪ੍ਰੈਲ, 1878*

ਸ੍ਰੀਮਾਨ ਜੀ,

ਮੈਨੂੰ 12 ਮਾਰਚ ਦੇ ਤੁਹਾਡੇ ਸਿਆਸੀ (ਗੁਪਤ) ਨੰ. 425/264 ਅਤੇ 27 ਮਾਰਚ ਦੇ ਸਿਆਸੀ ਨੰ. 1 ਦੇ ਪ੍ਰਾਪਤ ਹੋਣ ਬਾਰੇ ਜਾਣਕਾਰੀ ਦੇਣ ਦਾ ਮਾਣ ਹਾਸਲ ਹੋਇਆ ਹੈ।

2. ਇਸ ਪੱਤਰ ਬਾਰੇ ਮੈਂ ਆਪ ਜੀ ਨੂੰ ਇਹ ਜਾਣਕਾਰੀ ਦੇਣ ਦਾ ਮਾਣ ਹਾਸਲ ਕਰ ਰਿਹਾ ਹਾਂ ਕਿ ਮੌਲਮੀਨ ਦੇ ਕਾਰਜਕਾਰੀ ਇੰਜੀਨੀਅਰ ਸ੍ਰੀ ਹੈਲੇੱਟ ਨੇ ਇਸ ਸਟੇਸ਼ਨ ਦਾ ਦੌਰਾ ਕੀਤਾ ਹੈ, ਜਿਸ ਬਾਰੇ ਮੈਂ ਉਨ੍ਹਾਂ ਨੂੰ ਇੱਕ ਯੋਜਨਾ ਉਲੀਕਣ ਅਤੇ (ਗੁਰੂ) ਰਾਮ ਸਿੰਘ ਜੀ ਨੂੰ ਕੈਦ 'ਚ ਰੱਖਣ ਲਈ ਢੁਕਵੇਂ ਮਕਾਨ ਦਾ ਅਨੁਮਾਨ ਲਾਉਣ ਦੀ ਬੇਨਤੀ ਕੀਤੀ ਸੀ। ਪ੍ਰਸਤਾਵਿਤ ਇਮਾਰਤ ਦੀ ਲੰਬਾਈ 30 ਫ਼ੁੱਟ ਤੇ ਚੌੜਾਈ 15 ਫ਼ੁੱਟ ਹੈ, ਜਿਸ ਵਿੱਚ ਇੱਥ ਵਰਾਂਡਾ ਹੋਵੇਗਾ ਤੇ ਇਹ ਇਮਾਰਤ ਤੋਂ 15 ਫ਼ੁੱਟ ਦੀ ਦੂਰੀ 'ਤੇ 9 ਫ਼ੁੱਟ ਉੱਚੀ ਲੱਕੜ ਦੀ ਵਾੜ ਨਾਲ ਘਿਰੀ ਹੋਵੇਗੀ। ਇਸ ਵਾੜ ਦੇ ਅੰਦਰ ਹੀ ਇੱਕ ਛੋਟਾ ਰਸੋਈਘਰ ਅਤੇ ਪਖਾਨਾ ਹੋਣਗੇ। ਸ੍ਰੀ ਹੈਲੇੱਟ ਦਾ ਕਹਿਣਾ ਹੈ ਕਿ ਇਸ ਦੀ ਉਸਾਰੀ ਉੱਤੇ 2,250 ਰੁਪਏ ਖ਼ਰਚ ਹੋਣਗੇ ਅਤੇ ਉਹ ਇਸ ਸਬੰਧੀ ਯੋਜਨਾ ਅਤੇ ਖ਼ਰਚੇ ਦਾ ਅਨੁਮਾਨ ਮੌਲਮੀਨ ਪਰਤ ਕੇ ਸਿੱਧਾ ਤੁਹਾਨੂੰ ਭੇਜ ਦੇਵੇਗਾ। ਇਹ ਇਮਾਰਤ ਮੌਜੂਦਾ ਜੇਲ੍ਹ ਦੀਆਂ ਦੀਵਾਰਾਂ ਦੇ ਅੰਦਰ ਹੋਵੇਗੀ ਪਰ ਫਿਰ ਵੀ ਇਹ ਜੇਲ੍ਹ ਤੋਂ ਥੋੜ੍ਹੀ ਦੂਰ ਬਿਲਕੁਲ ਵੱਖਰੀ ਇਮਾਰਤ ਵਜੋਂ ਉੱਸਰੇਗੀ। ਇੰਝ ਇਹ ਪੁਰਾਣੀ ਜੇਲ੍ਹ ਦੀਆਂ ਸੀਮਾਵਾਂ ਦੇ ਅੰਦਰ ਉਸ ਹਿੱਸੇ 'ਚ ਹੋਵੇਗੀ, ਜਿੱਥੇ ਜੇਲ੍ਹ ਦਾ ਬਾਗ਼ ਹੈ ਪਰ ਕਿਉਂਕਿ ਉਹ ਜਗ੍ਹਾ ਕਾਫ਼ੀ ਜ਼ਿਆਦਾ ਹੈ, ਇਸ ਲਈ ਸਾਡੀ ਇਮਾਰਤ ਨਾਲ ਉੱਥੇ ਕਿਸਮ ਦੀ ਕੋਈ ਦਖ਼ਲਅੰਦਾਜ਼ੀ ਨਹੀਂ ਹੋਵੇਗੀ। ਇਹ ਜਗ੍ਹਾ ਬਿਲਕੁਲ ਸੁਰੱਖਿਅਤ ਹੋਵੇਗੀ ਅਤੇ ਇੱਥੇ ਸਾਡੇ ਕੈਦੀ ਦੀ ਕਿਸੇ ਵੀ ਹੋਰ ਵਿਅਕਤੀ ਨਾਲ ਕੋਈ ਗੱਲਬਾਤ ਹੋਣ ਦੀ ਕੋਈ ਸੰਭਾਵਨਾ ਹੀ ਨਹੀਂ ਹੋਵੇਗੀ।

3. ਮੈਂ ਚਿੱਠੀ-ਪੱਤਰੀ ਤੋਂ ਇਹ ਗੱਲ ਨੋਟ ਕੀਤੀ ਹੈ ਕਿ ਹੁਣ ਸੰਤਰੀਆਂ ਦੀ ਡਿਊਟੀ ਕੈਦੀ 'ਤੇ ਲਾਈ ਗਈ ਹੈ, ਮੇਰੇ ਖ਼ਿਆਲ ਮੁਤਾਬਕ ਇੱਥੇ ਜ਼ਰੂਰੀ ਹੋਵੇਗਾ, ਸੱਤ ਜਣਿਆਂ ਦੀ ਟੀਮ ਨਾਲ ਦੋ-ਦੋ ਸੰਤਰੀਆਂ ਦੀ ਰਾਖੀ ਚਾਹੀਦੀ ਹੋਵੇਗੀ ਭਾਵ ਛੇ ਵਿਅਕਤੀ ਤੇ ਇੱਕ ਇੰਚਾਰਜ ਗਾਰਡ। ਇੱਥੇ ਨਿਯਮਤ ਪੁਲਿਸ 'ਚ ਸੱਤ ਵਿਅਕਤੀਆਂ ਦਾ ਵਾਧਾ ਕਰਨਾ ਹੋਵੇਗਾ, ਸਰਕਾਰ ਉਨ੍ਹਾਂ ਨੂੰ ਮਾਸਿਕ ਤਨਖ਼ਾਹ ਦਿੰਦੀ ਹੈ ਪਰ ਸੁਪਰਇੰਟੈਂਡੈਂਟ ਹੋਰਨਾਂ ਗਾਰਡਾਂ ਵਾਂਗ ਹੀ ਗਾਰਡ ਸਪਲਾਈ ਕਰ ਰਿਹਾ ਹੈ, ਇੰਝ ਗਾਰਡਾਂ ਵਿੱਚ ਭ੍ਰਿਸ਼ਟਾਚਾਰ ਦਾ ਕੋਈ ਮੌਕਾ ਨਹੀਂ ਮਿਲੇਗਾ, ਜੋ ਕਿ ਹੋ ਵੀ ਸਕਦਾ ਹੈ, ਜੇ ਇੱਕੋ ਪੱਕਾ ਗਾਰਡ ਲਾਇਆ ਗਿਆ ਹੋਵੇ।

4. ਮੈਨੂੰ ਇਹ ਵੀ ਸੂਚਿਤ ਨਹੀਂ ਕੀਤਾ ਕਿ ਕੀ ਕੈਦੀ ਨੂੰ ਕੋਈ ਨੌਕਰ ਰੱਖਣ ਦੀ ਇਜਾਜ਼ਤ ਦਿੱਤੀ ਗਈ ਹੈ ਜਾਂ ਨਹੀਂ। ਜੇ ਉਹ ਬਿਲਕੁਲ ਇਕੱਲਾ ਹੈ, ਤਾਂ ਉਸ ਲਈ ਪ੍ਰਸਤਾਵਿਤ ਇਮਾਰਤ ਦਾ ਆਕਾਰ ਥੋੜ੍ਹਾ ਘਟਾਇਆ ਜਾ ਸਕਦਾ ਹੈ, ਇੰਝ ਖ਼ਰਚਾ ਵੀ ਘਟੇਗਾ ਪਰ ਸ੍ਰੀ ਹੈਲੇੱਟ ਹੀ ਇਸ ਬਾਰੇ ਆਪ ਜੀ ਨੂੰ ਸਾਰੀ ਜਾਣਕਾਰੀ ਦੇ ਸਕਣਗੇ। ਮੈਂ ਇਹ ਪ੍ਰਸਤਾਵ ਕਰਨ ਦੀ ਇਜਾਜ਼ਤ ਚਾਹੁੰਦਾ ਹਾਂ ਕਿ ਹੁਣ

ਕਾਰਜਕਾਰੀ ਇੰਜੀਨੀਅਰ ਕਿਉਂਕਿ ਨਵੀਂ ਜੇਲ੍ਹ ਦੀ ਉਸਾਰੀ ਕਰ ਰਿਹਾ ਹੈ, ਇਸ ਲਈ ਉਸ ਨੂੰ ਇਸ ਦੇ ਨਾਲ ਹੀ ਕੈਦੀ (ਗੁਰੂ) ਰਾਮ ਸਿੰਘ ਜੀ ਲਈ ਇਮਾਰਤ ਦੀ ਉਸਾਰੀ ਵੀ ਕਰ ਦੇਣੀ ਚਾਹੀਦੀ ਹੈ।

ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੈਦੀ ਨੂੰ ਉਦੋਂ ਤੱਕ ਇੱਥੇ ਨਹੀਂ ਭੇਜਿਆ ਜਾਣਾ ਚਾਹੀਦਾ, ਜਦੋਂ ਤੱਕ ਨਵੀਂ ਜੇਲ੍ਹ ਅਤੇ ਹਿਰਾਸਤ 'ਚ ਰੱਖਣ ਲਈ ਵੱਖਰੀਆਂ ਇਮਾਰਤਾਂ ਮੁਕੰਮਲ ਨਹੀਂ ਹੋ ਜਾਂਦੀਆਂ।

ਮੈਂ ਹਾਂ,
ਹਸਤਾਖਰ/–
ਡਬਲਿਊ. ਮੈਨਰੋ, ਡਿਪਟੀ ਕਮਿਸ਼ਨਰ

## 417

ਬ੍ਰਿਟਿਸ਼ ਬਰਮਾ
ਸਿਆਸੀ ਵਿਭਾਗ ਨੰ. 163/6ਪੀ
( )

ਵੱਲੋਂ

ਆਰ. ਹੋਪ ਪਿਲਸ਼ਰ, ਐਸਕੁਆਇਰ, ਬੀ.ਸੀ.ਐੱਸ.,
ਆਫ਼ਿਸ਼ੀਏਟਿੰਗ ਜੂਨੀਅਰ ਸਕੱਤਰ, ਚੀਫ਼ ਕਮਿਸ਼ਨਰ।

ਵੱਲ

ਕਮਿਸ਼ਨ, ਟੇਨੈੱਸੇਨਿਨ ਡਿਵੀਜ਼ਨ, ਮੌਲਮੀਨ

*ਮਿਤੀ ਰੰਗੂਨ, 29 ਮਈ, 1878*

ਸ੍ਰੀਮਾਨ ਜੀ,

ਪਿਛਲੇ ਮਹੀਨੇ ਦੀ 23 ਤਰੀਕ ਦੀ ਤੁਹਾਡੀ ਤਸਦੀਕ ਨੰ. 739/264 ਦੇ ਹਵਾਲੇ ਨਾਲ ਕੂਕਾ ਸਰਕਾਰੀ ਕੈਦੀ (ਗੁਰੂ) ਰਾਮ ਸਿੰਘ ਜੀ ਨੂੰ ਕੈਦ 'ਚ ਰੱਖਣ ਦੇ ਨਵੇਂ ਪ੍ਰਸਤਾਵਿਤ ਇੰਤਜ਼ਾਮਾਂ ਬਾਰੇ ਮਰਗੁਈ ਦੇ ਡਿਪਟੀ ਕਮਿਸ਼ਨਰ ਦਾ ਇੱਕ ਪੱਤਰ ਭੇਜਿਆ ਜਾ ਰਿਹਾ ਹੈ। ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਅਜਿਹੀ ਕੋਈ ਇੱਛਾ ਨਹੀਂ ਹੈ ਕਿ ਇਮਾਰਤ ਜੇਲ੍ਹ ਅਹਾਤੇ ਦੇ ਅੰਦਰ ਹੀ ਹੋਵੇ। ਇਹ ਜੇਲ੍ਹ ਤੋਂ ਬਿਲਕੁਲ ਵੱਖਰੀ ਹੋਣੀ ਚਾਹੀਦੀ ਹੈ। ਚੀਫ਼ ਕਮਿਸ਼ਨਰ ਨੇ ਆਮ ਤੌਰ 'ਤੇ ਪ੍ਰਸਤਾਵਿਤ ਮਕਾਨ ਦਾ ਆਕਾਰ ਪ੍ਰਵਾਨ ਕਰ ਦਿੱਤਾ ਹੈ ਤੇ ਇਸ ਦੀ ਉਸਾਰੀ 'ਤੇ ਹੋਣ ਵਾਲੇ ਖ਼ਰਚੇ ਦਾ ਅਨੁਮਾਨ ਪ੍ਰਵਾਨਗੀ ਲਈ ਭੇਜਿਆ ਜਾ ਸਕਦਾ ਹੈ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਆਰ. ਹੋਮ ਪਿਲਸ਼ਰ,
ਕਾਰਜਕਾਰੀ ਜੂਨੀਅਰ ਸਕੱਤਰ

## 418

ਨੰ. 250ਐੱਚ

ਸੀਲ

ਗ੍ਰਹਿ ਵਿਭਾਗ,
ਭਾਰਤ।

ਵੱਲੋਂ:

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ

ਨੰ. 164/6ਪੀ
*ਮਿਤੀ 29 ਮਈ, 1878*

ਸ੍ਰੀਮਾਨ ਜੀ,

ਬਾਬਾ ਰਾਮ ਸਿੰਘ ਜੀ ਨੂੰ ਮਰਗੁਈ ਭੇਜਣ ਪਿੱਛੋਂ ਉਨ੍ਹਾਂ ਲਈ ਗਾਰਡ ਟੀਮ ਦੀ ਨਿਯੁਕਤੀ

ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਦੀ ਬੇਨਤੀ ਹੈ ਕਿ ਸੱਤ ਵਿਅਕਤੀਆਂ ਦੀ ਇੱਕ ਗਾਰਡ– ਟੀਮ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ , ਜੋ ਰੰਗੂਨ ਤੋਂ ਮਰਗੁਈ ਟ੍ਰਾਂਸਫ਼ਰ ਕੀਤੇ ਜਾਣ ਵਾਲੇ ਕੂਕਾ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਲਈ ਜ਼ਰੂਰੀ ਹੋਵੇਗੀ। ਜਿਹੜੇ ਹਾਲਾਤ ਅਧੀਨ ਭਾਰਤ ਸਰਕਾਰ ਨੂੰ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਤੋਂ ਇੱਥੇ ਭੇਜਣਾ ਜ਼ਰੂਰੀ ਜਾਪਿਆ ਹੈ, ਉਹ ਸਾਰੇ ਕਾਰਨ ਸੰਖੇਪ ’ਚ ਇਸ ਪ੍ਰਕਾਰ ਹਨ:

ਬੀਤੀ 12 ਅਕਤੂਬਰ ਨੂੰ ਪੰਜਾਬ ਸਰਕਾਰ ਨੇ ਆਪਣੀ ਚਿੱਠੀ ’ਚ ਇਸ ਤੱਥ ਵੱਲ ਧਿਆਨ ਦਿਵਾਇਆ ਸੀ ਕਿ ‘‘ਭਾਰਤ ਸਰਕਾਰ ਵੱਲੋਂ ਲਾਗੂ ਸਾਰੀਆਂ ਪਾਬੰਦੀਆਂ ਤੇ ਹਰ ਤਰ੍ਹਾਂ ਦੀਆਂ ਜਾਰੀ ਹਦਾਇਤਾਂ ਦੇ ਬਾਵਜੂਦ (ਗੁਰੂ) ਰਾਮ ਸਿੰਘ ਜੀ ਨੇ ਪੰਜਾਬ ’ਚ ਆਪਣੇ ਪੈਰੋਕਾਰਾਂ ਨਾਲ ਲਗਾਤਾਰ ਚਿੱਠੀ–ਪੱਤਰੀ ਰਾਹੀਂ ਸੰਪਰਕ ਬਣਾ ਕੇ ਰੱਖਿਆ ਹੋਇਆ ਹੈ। ਅਜਿਹੀਆਂ ਕਈ ਚਿੱਠੀਆਂ ਗੁਪਤ ਤੌਰ ’ਤੇ ਸਰਕਾਰ ਨੂੰ ਮਿਲੀਆਂ ਹਨ ਅਤੇ ਲੈਫ਼ਟੀਨੈਂਟ ਗਵਰਨਰ ਨੇ ਇਸ ਦਾ ਅਸਰ ਗੁਰੂ ਜੀ ਨੂੰ ਰਿਹਾਅ ਕਰਨ ਲਈ ਵੱਡੀ ਗਿਣਤੀ ’ਚ ਦਾਇਰ ਕੀਤੀਆਂ ਗਈਆਂ ਪਟੀਸ਼ਨਾਂ ਦੇ ਰੂਪ ’ਚ ਵੇਖਿਆ ਹੈ ਅਤੇ ਇਹ ਸਭ ਪੰਜਾਬ ’ਚ ਉਨ੍ਹਾਂ ਦੇ ਪੈਰੋਕਾਰਾਂ ਨੇ ਹੀ ਕੀਤਾ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ (ਗੁਰੂ) ਰਾਮ ਸਿੰਘ ਜੀ ਉੱਤੇ ਰੱਖੀ ਗਈ ਚੌਕਸੀ ਅਪੂਰਨ ਹੈ ਅਤੇ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਕੈਦੀ ਤੱਕ ਕਿਸੇ ਤਰ੍ਹਾਂ ਦੀ ਚਿੱਠੀ ਜਾਂ ਉਨ੍ਹਾਂ ਵੱਲੋਂ ਕਿਸੇ ਨੂੰ ਭੇਜੀ ਜਾਣ ਵਾਲੀ ਚਿੱਠੀ–ਪੱਤਰੀ ਰੋਕਣ ਲਈ ਸਖ਼ਤ ਹੁਕਮ ਜਾਰੀ ਕੀਤੇ ਜਾਣ। ਮਾਣਯੋਗ ਸਾਹਿਬ ਦਾ ਇਹ ਵੀ ਵਿਚਾਰ ਸੀ ਕਿ (ਗੁਰੂ) ਰਾਮ ਸਿੰਘ ਜੀ ਨੂੰ ਰੰਗੂਨ ਤੋਂ ਕਿਸੇ ਹੋਰ ਅਜਿਹੀ ਜਗ੍ਹਾ ’ਤੇ ਭੇਜ ਦਿੱਤਾ ਜਾਵੇ, ਜਿੱਥੇ ਉਨ੍ਹਾਂ ’ਤੇ ਵਧੀਆ ਢੰਗ ਨਾਲ ਨਜ਼ਰ ਰੱਖੀ ਜਾ ਸਕੇ ਜਾਂ ਉਨ੍ਹਾਂ ਨੂੰ ਅਦਨ ਭੇਜ ਦਿੱਤਾ ਜਾਵੇ।’’

ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਤਦ ਇਹ ਸੂਚਿਤ ਕੀਤਾ ਗਿਆ ਸੀ ਕਿ ਗਵਰਨਰ ਜਨਰਲ–ਇਨ–ਕੌਂਸਲ ਨੇ ਲੈਫ਼ਟੀਨੈਂਟ ਗਵਰਨਰ ਨਾਲ ਇਹ ਵਿਚਾਰ

ਚਰਚਾ ਕੀਤੀ ਸੀ ਕਿ ਬਾਬਾ ਰਾਮ ਸਿੰਘ ਜੀ ਦੀ ਚਿੱਠੀ-ਪੱਤਰੀ ਪ੍ਰਭਾਵਸ਼ਾਲੀ ਢੰਗ ਨਾਲ ਰੁਕਣੀ ਚਾਹੀਦੀ ਹੈ ਅਤੇ ਅਜਿਹੇ ਹੁਕਮ ਜਾਰੀ ਕਰਨ ਦੀ ਬੇਨਤੀ ਕੀਤੀ ਗਈ ਸੀ ''ਕਿਉਂਕਿ ਇਸ ਨਾਲ ਇਹ ਯਕੀਨੀ ਹੋਵੇਗਾ ਕਿ ਇਸ ਮਾਮਲੇ 'ਚ ਭਵਿੱਖ ਵਿੱਚ ਬਿਨਾ ਕਿਸੇ ਔਖਿਆਈ ਜਾਂ ਸਖ਼ਤੀ ਦੇ ਬੇਹੱਦ ਸਖ਼ਤ ਚੌਕਸੀ ਸੰਭਵ ਹੋ ਸਕੇਗੀ।''

ਚੀਫ਼ ਕਮਿਸ਼ਨਰ ਨੇ ਜਵਾਬ 'ਚ ਆਖਿਆ ਸੀ ਕਿ ਜਦੋਂ ਤੱਕ ਬਾਬਾ ਰਾਮ ਸਿੰਘ ਜੀ ਰੰਗੂਨ 'ਚ ਰਹਿਣਗੇ, ਉਨ੍ਹਾਂ ਦੀ ਸਾਰੀ ਗੱਲਬਾਤ ਤੇ ਚਿੱਠੀ-ਪੱਤਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣਾ ਬਹੁਤ ਔਖਾ ਹੋਵੇਗਾ ਅਤੇ ਇਹ ਪ੍ਰਸਤਾਵਿਤ ਕੀਤਾ ਗਿਆ ਸੀ ਕਿ ਕੈਦੀ ਨੂੰ ਜਾਂ ਤਾਂ ਦੋਬਾਰਾ ਜੇਲ੍ਹ ਅੰਦਰ ਕੈਦ ਰੱਖਣਾ ਚਾਹੀਦਾ ਹੈ, ਜਿੱਥੇ ਉਹ ਸੂਬੇ ਵਿੱਚ ਪਹਿਲੀ ਆਮਦ ਵੇਲੇ ਰਹੇ ਸਨ ਅਤੇ ਜਾਂ ਉਨ੍ਹਾਂ ਨੂੰ ਟੈਵੋਏ ਜਾਂ ਮਰਗੁਈ ਭੇਜ ਦੇਣਾ ਚਾਹੀਦਾ ਹੈ, ਜਿੱਥੇ ਉਨ੍ਹਾਂ ਦੇ ਜਾਣਕਾਰਾਂ ਲਈ ਉਨ੍ਹਾਂ ਲਈ ਰਾਬਤਾ ਕਾਇਮ ਰੱਖਣਾ ਸੁਖਾਲ਼ਾ ਨਹੀਂ ਰਹੇਗਾ।

ਚੀਫ਼ ਕਮਿਸ਼ਨਰ ਦੀ ਚਿੱਠੀ ਉੱਤੇ ਸਰ ਐਡਵਰਡ ਬੇਲੀ ਵੱਲੋਂ ਲਿਖੇ ਨੋਟ 'ਚ ਨਿਮਨਲਿਖਤ ਵਿਚਾਰ ਪ੍ਰਗਟ ਕੀਤਾ ਗਿਆ ਸੀ:

''ਮੈਨੂੰ (ਗੁਰੂ) ਰਾਮ ਸਿੰਘ ਜੀ ਨੂੰ ਮਰਗੁਈ ਜਾਂ ਟੈਵੋਏ ਭੇਜਣ ਨੂੰ ਪਹਿਲ ਦੇਣੀ ਚਾਹੀਦੀ ਹੈ ਪਰ ਚਿੱਠੀ-ਪੱਤਰੀ ਹਰ ਥਾਂ ਤੋਂ ਹੋ ਸਕੇਗੀ, ਜਦੋਂ ਤੱਕ ਕਿ ਉਨ੍ਹਾਂ 'ਤੇ ਬਹੁਤ ਨੇੜਿਓਂ ਨਜ਼ਰ ਨਹੀਂ ਰੱਖੀ ਜਾਂਦੀ ਕਿਉਂਕਿ ਇਹ ਵਿਅਕਤੀ ਕੱਟੜ ਹੈ ਤੇ ਉਹੋ ਜਿਹੇ ਹੀ ਉਨ੍ਹਾਂ ਦੇ ਪੈਰੋਕਾਰ ਵੀ ਹਨ।''

''ਉਹ ਬਹੁਤ ਖ਼ਤਰਨਾਕ ਵਿਅਕਤੀ ਹਨ, ਸ਼ਾਇਦ ਇਸ ਵੇਲੇ ਸਮੁੱਚੇ ਭਾਰਤ ਦੇ ਹੀ ਸਭ ਤੋਂ ਜ਼ਿਆਦਾ ਖ਼ਤਰਨਾਕ ਵਿਅਕਤੀ ਹਨ। ਜਿਵੇਂ ਕਿਵੇਂ ਵੀ ਹੋਵੇ, ਉਨ੍ਹਾਂ ਦੀ ਚਿੱਠੀ-ਪੱਤਰੀ ਹਰ ਹਾਲਤ 'ਚ ਰੁਕਣੀ ਚਾਹੀਦੀ ਹੈ। ਜੇ ਟੈਵੋਏ 'ਚ ਭੇਜਣਾ ਕਾਫ਼ੀ ਨਹੀਂ ਹੈ, ਤਾਂ ਫਿਰ ਉਨ੍ਹਾਂ ਨੂੰ ਰਿਮਾਂਡ 'ਤੇ ਜੇਲ੍ਹ ਭੇਜਣਾ ਹੀ ਠੀਕ ਰਹੇਗਾ।''

''ਭਾਰਤ ਸਰਕਾਰ ਨੇ (ਗੁਰੂ) ਰਾਮ ਸਿੰਘ ਜੀ ਨੂੰ ਟੈਵੋਏ ਜਾਂ ਮਰਗੁਈ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ, ਇਨ੍ਹਾਂ ਦੋਵੇਂ ਥਾਵਾਂ 'ਚੋਂ ਉੱਥੇ ਰੱਖਣਾ ਚਾਹੀਦਾ ਹੈ, ਜਿੱਥੇ ਉਨ੍ਹਾਂ ਨੂੰ ਕੈਦ ਕਰ ਕੇ ਰੱਖਣ ਲਈ ਸਭ ਤੋਂ ਵੱਧ ਤਸੱਲੀਬਖ਼ਸ਼ ਇੰਤਜ਼ਾਮ ਕੀਤੇ ਜਾ ਸਕਣ। ਚੀਫ਼ ਕਮਿਸ਼ਨਰ ਨੂੰ ਇਹ ਵੀ ਦੱਸਿਆ ਗਿਆ ਸੀ ਕਿ ਇਸ ਕੈਦੀ ਨੂੰ ਪੰਜਾਬ ਜਾਂ ਹੋਰ ਕਿਤੇ ਰਹਿੰਦੇ ਉਨ੍ਹਾਂ ਦੇ ਪੈਰੋਕਾਰਾਂ ਨਾਲ ਕਿਸੇ ਵੀ ਤਰ੍ਹਾਂ ਦੀ ਚਿੱਠੀ-ਪੱਤਰੀ ਤੋਂ ਰੋਕਣਾ ਚਾਹੀਦਾ ਹੈ ਤੇ ਇਸ ਲਈ ਹਰ ਤਰ੍ਹਾਂ ਦੀ ਸਾਵਧਾਨੀ ਰੱਖਣੀ ਹੋਵੇਗੀ ਅਤੇ ਜੇ ਟੈਵੋਏ ਜਾਂ ਮਰਗੁਈ ਭੇਜ ਕੇ ਵੀ ਇਹ ਮੰਤਵ ਪੂਰਾ ਨਹੀਂ ਹੁੰਦਾ, ਤਾਂ ਭਾਰਤ ਸਰਕਾਰ ਨੂੰ ਇਹ ਸੋਚਣ ਲਈ ਤਿਆਰ ਰਹਿਣਾ ਹੋਵੇਗਾ ਕਿ ਕੀ ਬਾਬਾ ਰਾਮ ਸਿੰਘ ਜੀ ਨੂੰ ਦੋਬਾਰਾ ਜੇਲ੍ਹ ਭੇਜ ਦੇਣਾ ਚਾਹੀਦਾ ਹੈ....।''

ਚੀਫ਼ ਕਮਿਸ਼ਨਰ ਵੱਲੋਂ ਹੁਣ ਪੇਸ਼ ਕੀਤੇ ਦਸਤਾਵੇਜ਼ਾਂ ਤੋਂ ਇਹ ਵੇਖਿਆ ਜਾਵੇ ਕਿ (ਗੁਰੂ) ਰਾਮ ਸਿੰਘ ਜੀ ਦੇ ਬ੍ਰਿਟਿਸ਼ ਬਰਮਾ 'ਚ ਰਹਿਣ ਲਈ ਮਰਗੁਈ ਨੂੰ ਚੁਣਿਆ ਗਿਆ ਹੈ ਅਤੇ ਸ੍ਰੀ ਐਚਿਸਨ ਨੇ ਉੱਥੇ ਕੈਦੀ ਨੂੰ ਰੱਖਣ ਲਈ ਇੱਕ ਯੋਜਨਾ

ਉਲੀਕਦਿਆਂ ਇੱਕ ਮਕਾਨ ਦੀ ਉਸਾਰੀ ਕਰਵਾਉਣ ਦਾ ਅਨੁਮਾਨ ਵੀ ਲਗਵਾਇਆ ਹੈ। ਮਰਗੁਈ ਦੇ ਡਿਪਟੀ ਕਮਿਸ਼ਨਰ ਦਾ ਮੰਨਣਾ ਹੈ ਕਿ ਹਾਲ ਦੀ ਘੜੀ ਕੈਦੀ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਅਤੇ ਉਸ ਨੂੰ ਬ੍ਰਿਟਿਸ਼ ਬਰਮਾ ਦੇ ਸਿਆਸੀ ਚਾਰਜ ਵਜੋਂ ਐਡਜਸਟ ਕੀਤਾ ਜਾਣਾ ਚਾਹੀਦਾ ਹੈ।

ਇਨ੍ਹਾਂ ਫ਼ੈਸਲਿਆਂ ਅਨੁਸਾਰ ਕੂਕਾ ਕੈਦੀ ਬਾਬਾ ਰਾਮ ਸਿੰਘ ਜੀ ਲਈ ਪੁਲਿਸ ਗਾਰਡ ਦੀ ਲਾਗਤ ਇੱਕ ਸ਼ਾਹੀ (ਸਿਆਸੀ) ਖ਼ਰਚਾ ਹੋ ਜਾਣਾ ਚਾਹੀਦਾ ਹੈ।

ਹਸਤਾਖਰ/-.....(?)

ਜਿੱਥੋਂ ਤੱਕ ਖਾਤੇ ਦਾ ਸਬੰਧ ਹੈ, ਪੁਲਿਸ ਨੂੰ ਜ਼ਰੂਰ ਹੀ ਆਪਣੇ ਖ਼ੁਦ ਦੇ ਵਿਅਕਤੀਆਂ ਲਈ ਆਪ ਹੀ ਖ਼ਰਚੇ ਅਦਾ ਕਰਨੇ ਹੋਣਗੇ। ਉਹ ਕਿਸੇ ਖ਼ਾਸ ਕੰਮ ਲਈ ਕੋਈ ਖ਼ਾਸ ਵਿਅਕਤੀਆਂ ਦੀ ਡਿਊਟੀ ਹੀ ਨਹੀਂ ਲਾਉਂਦੇ। ਸੁਆਲ ਇੱਕੋ ਹੀ ਹੈ ਕਿ ਕੀ ਉਹ ਲਾਗਤ ਕੱਢ ਸਕਦੇ ਹਨ। ਉਹ ਪੀ.ਡਬਲਿਊ...? ਅਤੇ ਵਣ ਵਿਭਾਗ ਤੋਂ ਨਕਦ ਲੈ ਸਕਦੇ ਹਨ।

ਕੰਟਰੋਲਰ ਜਨਰਲ ਨੂੰ ਇਸ ਮਾਮਲੇ 'ਤੇ ਸਲਾਹ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।

ਡਬਲਿਊ.ਐੱਮ.
19 ਜੁਲਾਈ, 1878

ਸ਼ਾਇਦ ਇਹ ਚਾਰਜ ਪੁਲਿਸ ਅਧੀਨ ਜਾ ਸਕਦਾ ਹੈ ਅਤੇ ਬ੍ਰਿਟਿਸ਼ ਬਰਮਾ ਲਈ ਇੱਕ ਖ਼ਾਸ ਮਾਮਲੇ ਵਜੋਂ ਮੁਲੰਕਣ 'ਚ ਵਾਧਾ ਕੀਤਾ ਜਾ ਸਕਦਾ ਹੈ।

ਹਸਤਾਖਰ
........(?)
31 ਜੁਲਾਈ

ਸਪੱਸ਼ਟ ਤੌਰ 'ਤੇ ਇਹ ਨਿਯਮ XI ਸਥਾਪਨਾ ਅਤੇ ਸੂਬਾਈ ਫ਼ੰਡ ਅਧੀਨ ਇੱਕ ਪੁਲਿਸ ਚਾਰਜ ਹੈ।

ਕੀ ਅਸੀਂ ਇਸ ਦੇ ਨਾਲ ਹੀ ਸੂਬਾਈ ਅਲਾਟਮੈਂਟ ਜੋੜ ਲਵਾਂਗੇ?

ਮੇਰੇ ਖ਼ਿਆਲ 'ਚ ਨਹੀਂ। ਬਰਮਾ 'ਚ ਕਦੇ ਕਿਸੇ ਵੇਲੇ ਕਿਤੇ ਵੀ ਸਿਆਸੀ ਕੈਦੀ ਆਏ ਹੋਣਗੇ। ਅਸੀਂ ਇਨ੍ਹਾਂ ਨਿੱਕੇ ਕਲੇਮਜ਼ ਨੂੰ ਰੱਦ ਕਰਦੇ ਹਾਂ ਅਤੇ ਨਿਯਮ ਅਜਿਹੇ ਕਲੇਮਜ਼ ਦੇ ਖ਼ਿਲਾਫ਼ ਹਨ।

ਹਸਤਾਖਰਿਤ?
18 ਅਗਸਤ

ਮੈਂ ਸਕੱਤਰ ਨਾਲ ਸਹਿਮਤ ਹਾਂ, ਬਰਮਾ ਨੂੰ ਪੁਲਿਸ ਗਾਰਡ ਲੱਭਣਾ ਅਤੇ ਇਸ ਲਈ ਭੁਗਤਾਨ ਕਰਨਾ ਚਾਹੀਦਾ ਹੈ। ਹਰੇਕ ਸਰਕਾਰ ਅਜਿਹੇ ਹੰਗਾਮੀ ਹਾਲਾਤ ਲਈ ਜ਼ਿੰਮੇਵਾਰ ਹੁੰਦੀ ਹੈ।

ਮਹਾਮਹਿਮ ਗਵਰਨਰ ਜਨਰਲ
ਅਗਸਤ 2

ਹੁਕਮ ਜਾਰੀ ਕਰੋ

14/8

ਇਹ ਹੁਕਮ ਮਹਾਮਹਿਮ ਵੱਲੋਂ ਪ੍ਰਵਾਨ ਕੀਤਾ ਗਿਆ ਹੈ। ਉਹ ਸਹਿਮਤ ਹੋ ਸਕਦੇ ਹਨ ਪਰ ਮੈਨੂੰ ਡਰ ਹੈ ਕਿ ਚੀਫ਼ ਕਮਿਸ਼ਨਰ ਇਤਰਾਜ਼ ਪ੍ਰਗਟਾਉਣਗੇ।

(ਹਸਤਾਖਰ) ਐੱਚ.ਜੇ.ਐੱਸ.

16/8

ਮੈਨੂੰ ਉਨ੍ਹਾਂ ਦੇ ਇਹ ਸੁਆਲ ਮੁੜ ਖੋਲ੍ਹੇ ਜਾਣ 'ਤੇ ਸ਼ੱਕ ਹੈ।

(ਹਸਤਾਖਰ) ਸੀ.ਈ.ਬੀ.

17/8

ਸਕੱਤਰ
ਐੱਚ.ਐੱਮ.

ਇਹ ਪ੍ਰਵਾਨਗੀ ਲਈ ਆ ਚੁੱਕਾ ਹੈ, ਇਸ 'ਤੇ ਇਤਰਾਜ਼ ਦੀ ਲੋੜ ਨਹੀਂ।

(ਹਸਤਾਖਰ) ਸੀ.ਬੀ. 1918
(ਹਸਤਾਖਰ) ਏ.ਜੇ.ਏ.
22.8

ਵੱਲ

ਐੱਫ਼ਐੱਨਐੱਲ ਵਿਭਾਗ
ਏ.ਐੱਸ.

ਪੇਸ਼ ਕੀਤਾ
(ਹਸਤਾਖਰ) ਵੀ.ਸੀ.ਸੀ.
24 ਅਗਸਤ, 1878
ਜਾਰੀ ਕਰੋ
24 ਅਗਸਤ

# 419

## ਗੁਪਤ
## ਨੰ. 669ਸੀ

ਵੱਲੋਂ

ਲੀਪਲ ਗ੍ਰਿਫ਼ਿਨ, ਐਸਕ.,
ਕਾਰਜਕਾਰੀ ਸਕੱਤਰ, ਪੰਜਾਬ ਸਰਕਾਰ।

ਵੱਲ

ਸੀ.ਬਰਨਾਰਡ, ਐਸਕ., ਸੀ.ਐੱਸ.ਆਈ.,

ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ।

*ਮਿਤੀ ਸ਼ਿਮਲਾ, 6 ਸਤੰਬਰ, 1878*

ਸ੍ਰੀਮਾਨ ਜੀ,

ਮੈਂ ਤੁਹਾਡੇ ਵੱਲੋਂ ਭੇਜੀ ਬੀਤੀ 16 ਜਨਵਰੀ ਦੀ ਤਸਦੀਕ ਨੰ. 70 ਦੇ ਹਵਾਲੇ ਨਾਲ ਗੱਲ ਕਰ ਰਿਹਾ ਹਾਂ, ਜੋ ਪੰਜਾਬ ' ਕੂਕਾ ਸੰਪਰਦਾਇ ਦੇ ਰੂਹਾਨੀ ਮੁਖੀ (ਗੁਰੂ) ਰਾਮ ਸਿੰਘ ਜੀ ਨੂੰ ਕੈਦ 'ਚ ਰੱਖਣ ਦੇ ਵਿਸ਼ੇ 'ਤੇ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਭੇਜੀ ਗਈ ਸੀ। ਪੁਲਿਸ ਦੇ ਹੱਥ ਲੱਗੇ ਵਿਭਿੰਨ ਦਸਤਾਵੇਜ਼ਾਂ, ਆਮ ਰਿਪੋਰਟ ਅਤੇ ਹੋਰ ਸਬੂਤਾਂ ਦੇ ਮੱਦੇਨਜ਼ਰ ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਰੰਗੂਨ 'ਚ ਬਾਬਾ ਰਾਮ ਸਿੰਘ ਜੀ ਦੀ ਜੇਲ੍ਹ ਵਾਲੀ ਜਗ੍ਹਾ ਨੂੰ ਧਿਆਨ 'ਚ ਰੱਖਦਿਆਂ ਅਤੇ ਜਿਸ ਢੰਗ ਨਾਲ ਉਨ੍ਹਾਂ ਨੂੰ ਉੱਥੇ ਰੱਖਿਆ ਗਿਆ ਹੈ; ਪੰਜਾਬ 'ਚ ਰਹਿੰਦੇ ਚੇਲਿਆਂ ਵੱਲੋਂ ਉਨ੍ਹਾਂ ਨਾਲ ਚੁੱਪ-ਕੀਤੀ ਗੱਲਬਾਤ ਆਮ ਹੁੰਦੀ ਰਹਿੰਦੀ ਹੈ। ਅਜਿਹੀ ਗੱਲਬਾਤ ਰੋਕਣੀ ਅਧਿਕਾਰੀਆਂ ਨੂੰ ਬਹੁਤ ਔਖੀ ਜਾਪਦੀ ਹੈ, ਭਾਵੇਂ ਮਾਣਯੋਗ ਸਾਹਿਬ ਇਹ ਸਭ ਰੋਕਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦਾ ਇਸੇ ਲਈ ਵਿਚਾਰ ਹੈ ਕਿ ਹੁਣ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਦੇ ਸੁਝਾਅ 'ਤੇ ਵਾਜਬ ਢੰਗ ਨਾਲ ਅਮਲ ਕਰਨ ਦਾ ਵੇਲਾ ਆ ਗਿਆ ਹੈ ਤੇ ਬਾਬਾ ਰਾਮ ਸਿੰਘ ਜੀ ਨੂੰ ਟੈਵੋਏ ਜਾਂ ਮਰਗੁਈ ਭੇਜ ਦੇਣਾ ਚਾਹੀਦਾ ਹੈ, ਤੁਹਾਡੇ ਦਫ਼ਤਰ ਨਾਲ ਗੱਲਬਾਤ ਕਰ ਕੇ ਇਨ੍ਹਾਂ 'ਚੋਂ ਜਿਹੜੀ ਜਗ੍ਹਾ ਬਰਮਾ ਦੇ ਅਧਿਕਾਰੀਆਂ ਨੂੰ ਬੇਹੱਦ ਢੁਕਵੀਂ ਜਾਪਦੀ ਹੋਵੇ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/-.......(?)
ਆਫ਼ਿਸ਼ੀਏਟਿੰਗ ਸਕੱਤਰ, ਪੰਜਾਬ ਸਰਕਾਰ ਲਈ।

## 420

ਜੁਡੀਸ਼ੀਅਲ ਬੀ.
ਪ੍ਰੋਗਸ. ਅਕਤੂਬਰ 1878
ਨੰ. 386

ਟੈਲੀਗ੍ਰਾਮ ਨੰ. 1471
ਗ੍ਰਹਿ ਵਿਭਾਗ
ਨਿਆਂਇਕ

ਸ਼ਿਮਲਾ, 29 ਅਕਤੂਬਰ, 1878

ਵੱਲ

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

11 ਅਕਤੂਬਰ ਦਾ ਤੁਹਾਡਾ ਪੱਤਰ ਨੰ. 311. ਬਾਬਾ ਰਾਮ ਸਿੰਘ ਜੀ ਨੂੰ ਇੱਥੋਂ

ਮਰਗੁਈ ਭੇਜਣਾ ਮੁਲਤਵੀ ਕਰਨਾ ਦਰੁਸਤ ਨਹੀਂ ਹੈ ਅਤੇ ਭਾਰਤ ਸਰਕਾਰ ਦੀ ਬੇਨਤੀ ਹੈ ਕਿ ਇਮਾਰਤਾਂ ਠੀਕ ਰੱਖੀਆਂ ਜਾ ਸਕਦੀਆਂ ਹਨ ਤੇ ਜਿੰਨੀ ਵੀ ਛੇਤੀ ਸੰਭਵ ਹੋਵੇ, ਉਨ੍ਹਾਂ ਨੂੰ ਇੱਥੋਂ ਭੇਜ ਦੇਣਾ ਚਾਹੀਦਾ ਹੈ।

ਹਸਤਾਖਰਿਤ
ਸੀ.ਈ.ਬੀ.

## 421

**ਨਿਆਂਇਕ ਬੀ**

*ਪ੍ਰੋਗਸ. ਅਕਤੂਬਰ 78 ਨੰ. 318*

**ਟ੍ਰੈਫ਼ਿਕ ਕੋਡ ਫ਼ਾਰਮ ਸੀ.ਆਈ.**

| | | |
|---|---|---|
| | ਇੰਡੀਅਨ ਟੈਲੀਗ੍ਰਾਫ਼ | ਲੋਕਲ ਨੰ. |
| | ਵੱਲ (ਸਟੇਸ਼ਨ)<br>ਸ਼ਿਮਲਾ | ਵੱਲੋਂ (ਸਟੇਸ਼ਨ)<br>ਰੰਗੂਨ |
| ਸ਼ਬਦ<br>18/4 | ਭੇਜਣ ਲਈ ਦਿੱਤਾ ਸਮਾਂ<br>(ਮਦਰਾਸ ਸਮਾਂ)<br>ਦਿਨ ਘੰਟੇ ਮਿੰਟ | ਸਰਕਾਰੀ ਹਦਾਇਤ |
| | 31 10 | |
| ਵੱਲ (ਨਿਜੀ)<br>ਘਰ | | ਵੱਲੋਂ (ਵਿਅਕਤੀ)<br>ਬੀ.ਬੀ. |
| 1<br>ਸਾਲ | 2<br>ਟੈਲੀਗ੍ਰਾਮ | 3<br>29 ਤਰੀਕ |
| 4<br>ਮਕਾਨ | 5<br>ਰਾਮ | 6<br>ਸਿੰਘ |
| 7<br>ਲਈ | 8<br>ਜ਼ਰੂਰ | 9<br>ਤੁਰੰਤ |
| 10<br>ਹੱਥ | 11<br>'ਚ | 12<br>ਰੱਖਣਾ |
| 13<br>ਹੀ | 14<br>ਹੋਵੇਗਾ | |

ਸ਼ਿਮਲਾ– 31 ਅਕਤੂਬਰ, 1878

## 422

ਵੱਲੋਂ

ਜੀ.ਡੀ. ਹਰਗੈੱਸ, ਐਸਕੁਆਇਰ, ਸੀ.ਐੱਸ.,
ਆਫ਼ਿਸ਼ੀਏਟਿੰਗ ਸਕੱਤਰ, ਚੀਫ਼ ਕਮਿਸ਼ਨਰ।

ਵੱਲ

ਸਕੱਤਰ, ਭਾਰਤ ਸਰਕਾਰ,
ਗ੍ਰਹਿ, ਮਾਲ ਤੇ ਖੇਤੀਬਾੜੀ ਵਿਭਾਗ।

*ਮਿਤੀ ਰੰਗੂਨ, 16 ਜਨਵਰੀ, 1880*

ਸ੍ਰੀਮਾਨ ਜੀ,

ਕੂਕਾ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਨੂੰ ਮਰਗੁਈ ਭੇਜਣ ਦੇ ਵਿਸ਼ੇ ’ਤੇ ਤੁਹਾਡੇ ਪੱਤਰ ਨੰ. 1304 ਮਿਤੀ 11 ਨਵੰਬਰ, 1879 ਨਾਲ ਖ਼ਤਮ ਹੋਈ ਪਿਛਲੀ ਚਿੱਠੀ-ਪੱਤਰੀ ਦੇ ਹਵਾਲੇ ਨਾਲ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਚੀਫ਼ ਕਮਿਸ਼ਨਰ ਮਰਗੁਈ ’ਚ ਇਮਾਰਤ ਦਾ ਨਿਰੀਖਣ ਕਰ ਲਿਆ ਹੈ, ਜਿੱਥੇ ਕੈਦੀ ਨੂੰ ਰੱਖਣਾ ਪ੍ਰਸਤਾਵਿਤ ਸੀ ਪਰ ਇਹ ਜਗ੍ਹਾ ਬਿਲਕੁਲ ਗ਼ੈਰ-ਵਾਜਬ ਹੈ ਅਤੇ ਜੇ ਕਿਤੇ ਕੈਦੀ ਉੱਥੇ ਬਹੁਤ ਜ਼ਿਆਦਾ ਸਾਵਧਾਨੀਆਂ ਤੇ ਬਹੁਤ ਜ਼ਿਆਦਾ ਨਿਗਰਾਨੀ ਅਧੀਨ ਵੀ ਰੱਖ ਦਿੱਤਾ ਗਿਆ, ਤਾਂ ਉੱਥੇ ਉਨ੍ਹਾਂ ਦੇ ਜਾਣਕਾਰਾਂ ਤੇ ਬਾਹਰੀ ਦੁਨੀਆ ਨਾਲ ਸੰਪਰਕ ਕਾਇਮ ਰੱਖਣ ਤੋਂ ਕੋਈ ਵੀ ਰੋਕ ਨਹੀਂ ਸਕੇਗਾ।

2. ਮਰਗੁਈ ’ਚ ਜੇ ਕੋਈ ਸਭ ਤੋਂ ਢੁਕਵੀਂ ਜਗ੍ਹਾ ਹੈ, ਉਹ ਹੈ ਸਿਰਫ਼ ਪੁਰਾਣੀ ਜੇਲ੍ਹ ਦੀ ਕੰਧ ਦੇ ਅੰਦਰ। ਜੇਲ੍ਹ ਦੇ ਵਿਹੜੇ ਦੀ ਜਗ੍ਹਾ ਨੂੰ ਵੱਡੇ ਪੱਧਰ ’ਤੇ ਘਟਾ ਦਿੱਤਾ ਗਿਆ ਹੈ ਅਤੇ ਇਸ ਦੀ ਪੁਰਾਣੀ ਕੰਧ ਅਤੇ ਮੌਜੂਦਾ ਜੇਲ੍ਹ ਦੇ ਵਿਚਕਾਰਲੀ ਜਗ੍ਹਾ ਹੀ ਉਹ ਸਹੀ ਸਥਾਨ ਹੈ, ਜਿੱਥੇ ਕੈਦੀ ਲਈ ਇੱਕ ਮਕਾਨ ਦੀ ਉਸਾਰੀ ਕੀਤੀ ਜਾ ਸਕਦੀ ਹੈ ਅਤੇ ਜਿੱਥੇ ਉਨ੍ਹਾਂ ’ਤੇ ਜੇਲ੍ਹ ਦੇ ਗਾਰਡ ਹੀ ਲਗਾਤਾਰ ਨਿਗਰਾਨੀ ਰੱਖ ਸਕਦੇ ਹਨ।

3. ਪਰ ਇਹ ਮੁਮਕਿਨ ਹੈ, ਜਿਵੇਂ ਕਿ ਚੀਫ਼ ਕਮਿਸ਼ਨਰ ਇਹ ਸਮਝਦੇ ਹਨ ਕਿ ਭਾਰਤ ਸਰਕਾਰ ਅਜਿਹੀ ਜਗ੍ਹਾ ਚੁਣਨ ’ਤੇ ਇਤਰਾਜ਼ ਕਰ ਸਕਦੀ ਹੈ ਕਿਉਂਕਿ ਇਸ ਤੋਂ ਇੰਝ ਜਾਪਦਾ ਹੈ ਕਿ (ਗੁਰੂ) ਰਾਮ ਸਿੰਘ ਜੀ ਨਾਲ ਇੱਕ ਅਪਰਾਧੀ ਜਿਹਾ ਵਿਵਹਾਰ ਕੀਤਾ ਜਾ ਰਿਹਾ ਹੈ, ਸਿਆਸੀ ਕੈਦੀ ਵਾਲਾ ਨਹੀਂ। ਉਨ੍ਹਾਂ ਨੂੰ ਰੰਗੂਨ ’ਚ ਵਧੇਰੇ ਸੁਰੱਖਿਆ ਅਧੀਨ ਰੱਖਿਆ ਜਾ ਸਕਦਾ ਹੈ ਅਤੇ ਉੱਥੇ ਚੰਗੀ ਨਿਗਰਾਨੀ ਹੋ ਸਕਦੀ ਹੈ ਅਤੇ ਮਰਗੁਈ ’ਚ ਵੀ ਚੀਫ਼ ਕਮਿਸ਼ਨਰ ਜੋ ਸਿਫ਼ਾਰਸ਼ ਕਰਨਗੇ, ਉਹੀ ਇੰਤਜ਼ਾਮ ਕੀਤੇ ਜਾ ਸਕਦੇ ਹਨ, ਪੂਰੀ ਤਰ੍ਹਾਂ ਸੋਚ-ਵਿਚਾਰ ਤੋਂ ਬਾਅਦ ਬਾਬਾ ਰਾਮ ਸਿੰਘ ਜੀ ਨੂੰ ਜਾਂ ਤਾਂ ਉੱਥੇ ਹੀ ਮੌਜੂਦਾ ਇੰਤਜ਼ਾਮਾਂ ਅਧੀਨ ਰੱਖਿਆ ਜਾਵੇ, ਜਿੱਥੇ ਉਹ ਇਸ ਵੇਲੇ ਹਨ ਅਤੇ ਜਾਂ ਭਾਰਤ ਸਰਕਾਰ ਉਨ੍ਹਾਂ ਨੂੰ ਇੱਥੋਂ ਨਿਕੋਬਾਰ ਦੀਪ ਸਮੂਹ

ਦੇ ਕਾਰਮੋਰਟਾ 'ਚ ਭੇਜ ਦੇਵੇ, ਜਿਵੇਂ ਕਿ ਤੁਹਾਡੇ ਪੱਤਰ ਨੰ. 945 ਮਿਤੀ 25 ਅਗਸਤ, 1879 'ਚ ਸੁਝਾਇਆ ਗਿਆ ਹੈ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
ਹਸਤਾਖਰ/- ਜੀ.ਡੀ. ਬਰਗੈੱਸ
ਕਾਰਜਕਾਰੀ ਸਕੱਤਰ

## 423

### ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ

**ਵਿਸ਼ਾ:** ਰੰਗੂਨ 'ਚ ਕੂਕਾ ਸਰਕਾਰੀ ਕੈਦੀ ਦਾ ਮਾਮਲਾ।

ਜਿਹੜੇ ਹਾਲਾਤ ਅਧੀਨ ਇਹ ਜ਼ਰੂਰੀ ਸਮਝਿਆ ਗਿਆ ਸੀ ਕਿ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਤੋਂ ਮਰਗੁਈ ਭੇਜ ਦੇਣਾ ਚਾਹੀਦਾ ਹੈ, ਇਸ ਬਾਰੇ ਇੱਥੇ ਅੱਗੇ ਦਿੱਤੇ ਅਨੁਸਾਰ ਨੋਟ ਕੀਤਾ ਜਾ ਸਕਦਾ ਹੈ:

ਪੰਜਾਬ ਸਰਕਾਰ ਨੇ ਰਿਪੋਰਟ ਭੇਜੀ ਹੈ ਕਿ (ਗੁਰੂ) ਰਾਮ ਸਿੰਘ ਜੀ ਨੂੰ ਪੰਜਾਬ 'ਚ ਰਹਿੰਦੇ ਆਪਣੇ ਪੈਰੋਕਾਰਾਂ ਨਾਲ ਚਿੱਠੀ-ਪੱਤਰੀ ਕਰਦਿਆਂ ਪਾਇਆ ਗਿਆ ਸੀ, ਅਜਿਹੀਆਂ ਚਿੱਠੀਆਂ ਦੀਆਂ ਕਈ ਕਾਪੀਆਂ ਸਰਕਾਰ ਨੂੰ ਮਿਲੀਆਂ ਹਨ।

ਇਸੇ ਲਈ ਲੈਫ਼ਟੀਨੈਂਟ ਗਵਰਨਰ ਤੱਕ (ਗੁਰੂ) ਰਾਮ ਸਿੰਘ ਜੀ ਨੂੰ ਰਿਹਾਅ ਕਰਨ ਦੀ ਬੇਨਤੀ ਵਾਲੀਆਂ ਅਨੇਕ ਪਟੀਸ਼ਨਾਂ ਪੁੱਜਣੀਆਂ ਸ਼ੁਰੂ ਹੋ ਗਈਆਂ ਸਨ, ਜੋ ਅਸਲ ਵਿੱਚ ਪੰਜਾਬ 'ਚ ਉਨ੍ਹਾਂ ਦੇ ਪੈਰੋਕਾਰ ਹੀ ਦਾਖ਼ਲ ਕਰ ਰਹੇ ਸਨ। ਮਾਣਯੋਗ ਸਾਹਿਬ ਦਾ ਵਿਚਾਰ ਹੈ ਕਿ ਬਾਬਾ ਰਾਮ ਸਿੰਘ ਜੀ 'ਤੇ ਚੌਕਸੀ ਕੋਈ ਸਖ਼ਤ ਕਦਮ ਸਿੱਧ ਨਹੀਂ ਹੋਈ, ਇਸੇ ਲਈ ਉਨ੍ਹਾਂ ਨੂੰ ਆਪਣੇ ਪੈਰੋਕਾਰਾਂ ਤੇ ਹੋਰ ਜਾਣਕਾਰਾਂ ਨਾਲ ਕਿਸੇ ਤਰ੍ਹਾਂ ਦਾ ਰਾਬਤਾ ਰੱਖਣ ਤੋਂ ਰੋਕਣ ਲਈ ਉਨ੍ਹਾਂ ਨੂੰ ਰੰਗੂਨ ਤੋਂ ਅਦਨ ਵਰਗੀ ਕਿਸੇ ਅਜਿਹੀ ਥਾਂ 'ਤੇ ਭੇਜ ਦੇਣ ਦਾ ਸੁਝਾਅ ਦਿੱਤਾ ਗਿਆ ਸੀ, ਜਿੱਥੇ ਉਨ੍ਹਾਂ 'ਤੇ ਵਧੇਰੇ ਚੰਗੀ ਤਰ੍ਹਾਂ ਨਜ਼ਰ ਰੱਖੀ ਜਾ ਸਕੇ। ਚੀਫ਼ ਕਮਿਸ਼ਨਰ ਨੇ ਇਸ ਵਿਸ਼ੇ 'ਤੇ ਸਲਾਹ-ਮਸ਼ਵਰਾ ਕਰ ਕੇ ਪ੍ਰਸਤਾਵ ਰੱਖਿਆ ਸੀ ਕਿ ਕੈਦੀ ਨੂੰ ਜਾਂ ਤਾਂ ਦੋਬਾਰਾ ਜੇਲ੍ਹ 'ਚ ਕੈਦ ਕਰ ਕੇ ਰੱਖਿਆ ਜਾਵੇ ਅਤੇ ਜਾਂ ਉਨ੍ਹਾਂ ਨੂੰ ਟੈਵੋਏ ਜਾਂ ਮਰਗੁਈ ਭੇਜ ਦੇਣਾ ਚਾਹੀਦਾ ਹੈ, ਜਿੱਥੇ ਉਨ੍ਹਾਂ ਦੇ ਜਾਣਕਾਰਾਂ ਨੂੰ ਉਨ੍ਹਾਂ ਨਾਲ ਸੰਪਰਕ ਬਣਾ ਕੇ ਰੱਖਣਾ ਸੁਖਾਲਾ ਨਹੀਂ ਰਹੇਗਾ। ਭਾਰਤ ਸਰਕਾਰ ਨੇ ਬਾਬਾ ਰਾਮ ਸਿੰਘ ਜੀ ਨੂੰ ਟੈਵੋਏ ਜਾਂ ਮਰਗੁਈ 'ਚੋਂ ਕਿਸੇ ਇੱਕ ਅਜਿਹੇ ਸਥਾਨ 'ਤੇ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜਿੱਥੇ ਉਨ੍ਹਾਂ ਨੂੰ ਕੈਦ 'ਚ ਰੱਖਣ ਦੇ ਸਭ ਤੋਂ ਵੱਧ ਤਸੱਲੀਬਖ਼ਸ਼ ਇੰਤਜ਼ਾਮ ਕੀਤੇ ਜਾ ਸਕਣ ਅਤੇ ਇਹ ਵੀ ਕਿਹਾ ਗਿਆ ਸੀ ਕਿ ਜੇ ਇਨ੍ਹਾਂ ਥਾਵਾਂ 'ਤੇ ਸਾਡਾ ਮੁੱਖ ਉਦੇਸ਼ ਪੂਰਾ ਨਾ ਹੋਇਆ, ਤਾਂ ਉਹ ਇਸ ਗੱਲ ਲਈ ਤਿਆਰ ਰਹਿਣ ਕਿ ਬਾਬਾ ਰਾਮ ਸਿੰਘ ਜੀ ਨੂੰ ਮੁੜ ਕਦੇ ਜੇਲ੍ਹ 'ਚ ਨਹੀਂ ਰੱਖਿਆ ਜਾਵੇਗਾ। ਅੰਤ 'ਚ ਇਹ ਫ਼ੈਸਲਾ

ਕੀਤਾ ਗਿਆ ਸੀ (ਚੀਫ਼ ਕਮਿਸ਼ਨਰ ਦਾ ਪੱਤਰ ਨੰ. 164/6ਪੀ ਮਿਤੀ 29 ਮਾਰਚ, 1878) ਕਿ ਬਾਬਾ ਰਾਮ ਸਿੰਘ ਜੀ ਨੂੰ ਬ੍ਰਿਟਿਸ਼ ਬਰਮਾ ਦੇ ਮਰਗੁਈ 'ਚ ਰੱਖਿਆ ਜਾਵੇਗਾ।

ਚੀਫ਼ ਕਮਿਸ਼ਨਰ ਨੇ ਤਦ ਇਨ੍ਹਾਂ ਪ੍ਰਵਾਨਗੀਆਂ ਲਈ ਅਰਜ਼ੀ ਦਾਖ਼ਲ ਕਰ ਦਿੱਤੀ ਹੈ (1) (ਗੁਰੂ) ਰਾਮ ਸਿੰਘ ਜੀ ਨੂੰ ਮਰਗੁਈ ਭੇਜਣ ਅਤੇ ਉਨ੍ਹਾਂ 'ਤੇ ਨਿਗਰਾਨੀ ਲਈ ਸੱਤ ਵਿਅਕਤੀਆਂ ਦਾ ਸਲਾਨਾ ਖ਼ਰਚ 1,052 ਰੁਪਏ ਅਤੇ (2) ਮਰਗੁਈ 'ਚ ਬਾਬਾ ਰਾਮ ਸਿੰਘ ਜੀ ਦੇ ਰਹਿਣ ਲਈ ਮਕਾਨ ਦੀ ਉਸਾਰੀ ਵਾਸਤੇ 3,783 ਰੁਪਏ ਦਾ ਖ਼ਰਚ। ਪਰ ਉਨ੍ਹਾਂ ਨੂੰ ਜਵਾਬ 'ਚ ਇਹੋ ਆਖਿਆ ਗਿਆ ਸੀ ਕਿ ਇਹ ਸਾਰਾ ਖ਼ਰਚਾ ਸੂਬਾਈ ਅਸਾਈਨਮੈਂਟ 'ਤੇ ਪਾਇਆ ਜਾਵੇ ਅਤੇ ਇਸ ਲਈ ਭਾਰਤ ਸਰਕਾਰ ਦੀ ਪ੍ਰਵਾਨਗੀ ਬੇਲੋੜੀ ਹੋਵੇਗੀ।

ਬਾਅਦ 'ਚ ਪੰਜਾਬ ਸਰਕਾਰ ਨੇ ਭਾਰਤ ਸਰਕਾਰ 'ਤੇ ਬਹੁਤ ਜ਼ਿਆਦਾ ਦਬਾਅ ਪਾਇਆ ਕਿ ਬਾਬਾ ਰਾਮ ਸਿੰਘ ਜੀ ਨੂੰ ਟੈਵੋਏ ਜਾਂ ਮਰਗੁਈ 'ਚ ਭੇਜਣਾ ਡਾਢਾ ਜ਼ਰੂਰੀ ਹੈ। ਇਸੇ ਲਈ ਚੀਫ਼ ਕਮਿਸ਼ਨਰ ਨੇ ਦੱਸਿਆ ਕਿ ਮਰਗੁਈ 'ਚ ਬਾਬਾ ਰਾਮ ਸਿੰਘ ਜੀ ਨੂੰ ਕੈਦ 'ਚ ਰੱਖਣ ਲਈ ਇਮਾਰਤ ਤੁਰੰਤ ਉਸਾਰੀ ਜਾਣੀ ਚਾਹੀਦੀ ਹੈ ਅਤੇ ਪੇਸ਼ਗੀ ਰਕਮ ਲਈ ਕਿਸੇ ਵੀ ਅਰਜ਼ੀ 'ਤੇ, ਜੋ ਜ਼ਰੂਰੀ ਹੋਇਆ, ਤਾਂ ਇਸ ਮੰਤਵ ਲਈ ਲੋੜੀਂਦੇ ਫ਼ੰਡ, ਸ਼ਾਹੀ ਫ਼ੰਡਾਂ 'ਚੋਂ ਵਿਚਾਰੇ ਜਾਣਗੇ।

ਬੀਤੇ ਅਗਸਤ ਮਹੀਨੇ ਪੰਜਾਬ ਸਰਕਾਰ ਨੇ ਕੁਝ ਹੋਰ ਦਸਤਾਵੇਜ਼ ਭੇਜੇ ਸਨ, ਜਿਨ੍ਹਾਂ ਵਿੱਚ ਦਰਸਾਇਆ ਗਿਆ ਸੀ ਕਿ ਬਾਬਾ ਰਾਮ ਸਿੰਘ ਜੀ ਨੂੰ ਲਿਖਤੀ ਸਮੱਗਰੀਆਂ ਮਿਲ ਰਹੀਆਂ ਹਨ ਤੇ ਉਹ ਪੰਜਾਬ 'ਚ ਮੌਜੂਦ ਆਪਣੇ ਜਾਣਕਾਰਾਂ ਤੇ ਆਪਣੇ ਪੈਰੋਕਾਰਾਂ ਨੂੰ ਚਿੱਠੀਆਂ ਭੇਜ ਰਹੇ ਹਨ ਅਤੇ ਇਹ ਵੀ ਕਿ ਉਹ ਪੰਜਾਬ ਤੋਂ ਗਏ ਇੱਕ ਮੁਲਾਕਾਤੀ ਨੂੰ ਮਿਲੇ ਵੀ ਸਨ ਤੇ ਉਸ ਨਾਲ ਗੱਲਬਾਤ ਵੀ ਕੀਤੀ ਸੀ। ਇਹ ਦਸਤਾਵੇਜ਼ ਭੇਜ ਕੇ ਚੀਫ਼ ਕਮਿਸ਼ਨਰ ਬੀ.ਬੀ. (ਐੱਚ. ਪੱਤਰ ਨੰ. 945, ਮਿਤੀ 25 ਅਗਸਤ, 1879), ਅਸੀਂ ਕਿਹਾ ਸੀ ਕਿ ਜੇ ਬਾਬਾ ਰਾਮ ਸਿੰਘ ਜੀ ਨੂੰ ਬਾਕੀ ਦੁਨੀਆ ਤੋਂ ਸਖ਼ਤੀ ਨਾਲ ਵੱਖ ਰੱਖਣਾ ਮੁਮਕਿਨ ਨਹੀਂ ਸੀ, ਤਾਂ ਭਾਰਤ ਸਰਕਾਰ ਇਹ ਸੋਚਣ ਲਈ ਤਿਆਰ ਰਹੇਗੀ ਕਿ ਕੀ ਉਨ੍ਹਾਂ ਨੂੰ ਨਿਕੋਬਾਰ ਟਾਪੂਆਂ ਦੇ ਕਾਮੋਰਟਾ ਨਹੀਂ ਭੇਜਣਾ ਚਾਹੀਦਾ। ਚੀਫ਼ ਕਮਿਸ਼ਨਰ ਨੇ ਜਵਾਬ ਦਿੱਤਾ ਸੀ ਕਿ ਜਿਹੋ ਜਿਹੇ ਮਾੜੇ ਪ੍ਰਬੰਧ ਵੱਲ ਪੰਜਾਬ ਸਰਕਾਰ ਨੇ ਧਿਆਨ ਖਿੱਚਿਆ ਹੈ, ਉਸ ਨੂੰ ਰੋਕਣ ਲਈ ਸਖ਼ਤ ਹੁਕਮ ਜਾਰੀ ਕੀਤੇ ਗਏ ਸਨ ਅਤੇ ਕਿਉਂਕਿ ਮਰਗੁਈ ਨਾਲ ਰਾਬਤਾ ਕਾਇਮ ਕਰਨ 'ਚ ਔਖ ਆ ਰਹੀ ਸੀ, ਇਸੇ ਲਈ ਬਾਬਾ ਰਾਮ ਸਿੰਘ ਜੀ ਨੂੰ ਉੱਥੇ ਭੇਜਣ ਲਈ ਤੇਜ਼ੀ ਨਾਲ ਇੰਤਜ਼ਾਮ ਪੂਰੇ ਨਹੀਂ ਕੀਤੇ ਜਾ ਸਕੇ। ਇਹ ਵੀ ਪੱਕਾ ਹੋ ਗਿਆ ਸੀ ਕਿ ਮਰਗੁਈ ਵਿਖੇ ਜਿਸ ਇਮਾਰਤ 'ਚ ਬਾਬਾ ਰਾਮ ਸਿੰਘ ਜੀ ਨੂੰ ਰੱਖਿਆ ਜਾਣਾ ਸੀ, ਉਸ ਬਾਰੇ ਫ਼ੈਸਲਾ ਲੈ ਲਿਆ ਗਿਆ ਸੀ ਪਰ ਸਥਾਨਕ ਅਧਿਕਾਰੀਆਂ ਵੱਲੋਂ ਚੁਣੀ ਗਈ ਜਗ੍ਹਾ ਕੋਈ ਪੁਲਿਸ ਥਾਣਾ ਨਹੀਂ ਸੀ ਤੇ ਉਸ ਨੂੰ ਬਾਬਾ ਰਾਮ ਸਿੰਘ ਜੀ ਵਾਸਤੇ ਤਦ ਤੱਕ ਅਸੁਰੱਖਿਅਤ ਸਮਝਿਆ ਗਿਆ ਸੀ, ਜਦੋਂ

ਤੱਕ ਕਿ ਉੱਥੇ ਗਾਰਡਾਂ ਲਈ ਨਵੇਂ ਕੁਆਰਟਰਾਂ ਦੀ ਉਸਾਰੀ ਨਾ ਹੋ ਜਾਵੇ। ਚੀਫ਼ ਕਮਿਸ਼ਨਰ ਨੇ ਇਹ ਵੀ ਆਖਿਆ ਸੀ ਕਿ ਜਿਵੇਂ ਹੀ ਬਰਸਾਤ ਰੁਕੇਗੀ, ਤਿਵੇਂ ਹੀ ਗਾਰਡਾਂ ਦੇ ਰਹਿਣ ਲਈ ਮਕਾਨ ਦੀ ਉਸਾਰੀ ਤੇਜ਼ੀ ਨਾਲ ਮੁਕੰਮਲ ਹੋ ਜਾਵੇਗੀ ਅਤੇ ਫਿਰ ਛੇਤੀ ਤੋਂ ਛੇਤੀ ਉਨ੍ਹਾਂ ਨੂੰ ਉੱਥੇ ਭੇਜਿਆ ਜਾ ਸਕੇਗਾ।

ਚੀਫ਼ ਕਮਿਸ਼ਨਰ ਨੇ ਹੁਣ ਰਿਪੋਰਟ ਭੇਜੀ ਹੈ ਕਿ ਉਨ੍ਹਾਂ ਮਰਗੁਈ 'ਚ ਉਸ ਇਮਾਰਤ ਦਾ ਨਿਰੀਖਣ ਕੀਤਾ ਸੀ, ਜਿਸ ਵਿੱਚ ਬਾਬਾ ਰਾਮ ਸਿੰਘ ਜੀ ਨੂੰ ਕੈਦ ਕਰ ਕੇ ਰੱਖਣਾ ਪ੍ਰਸਤਾਵਿਤ ਸੀ ਪਰ ਉਨ੍ਹਾਂ ਨੇ ਪਾਇਆ ਇਸ ਉਦੇਸ਼ ਲਈ ਉਹ ਇਮਾਰਤ ਬਿਲਕੁਲ ਨਾਵਾਜਬ ਸੀ ਅਤੇ ਉੱਥੇ ਜੇ ਉਨ੍ਹਾਂ ਨੂੰ ਵਧੇਰੇ ਗਾਰਡਾਂ ਦੀ ਚੌਕਸੀ ਅਧੀਨ ਸਾਵਧਾਨੀਆਂ ਨਾਲ ਵੀ ਰੱਖਿਆ ਗਿਆ, ਤਦ ਵੀ ਉਨ੍ਹਾਂ ਨੂੰ ਬਾਹਰੀ ਦੁਨੀਆ ਤੇ ਹੋਰ ਜਾਣਕਾਰਾਂ ਨਾਲ ਗੱਲਬਾਤ ਕਰਨ ਤੋਂ ਰੋਕਿਆ ਨਹੀਂ ਜਾ ਸਕੇਗਾ ਅਤੇ ਮਰਗੁਈ 'ਚ ਜੇ ਕੋਈ ਢੁਕਵੀਂ ਜਗ੍ਹਾ ਹੈ, ਤਾਂ ਉਹ ਪੁਰਾਣੀ ਜੇਲ੍ਹ ਦੀ ਚਾਰਦੀਵਾਰੀ ਦੇ ਅੰਦਰ ਹੀ ਹੈ।

ਪਰ ਇਹ ਸੋਚ ਕੇ ਕਿ ਸ਼ਾਇਦ ਇੱਕ ਸਿਆਸੀ ਕੈਦੀ ਨੂੰ ਕੈਦ 'ਚ ਰੱਖਣ ਲਈ ਜੇਲ੍ਹ 'ਚ ਕੋਈ ਸਥਾਨ ਚੁਣਨ 'ਤੇ ਇਤਰਾਜ਼ ਹੋ ਸਕਦਾ ਹੈ, ਚੀਫ਼ ਕਮਿਸ਼ਨਰ ਨੇ ਕਿਹਾ ਕਿ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ 'ਚ ਵਧੇਰੇ ਸੁਰੱਖਿਅਤ ਤੇ ਬਿਹਤਰ ਤਰੀਕੇ ਚੌਕਸੀ ਅਧੀਨ ਰੱਖਿਆ ਜਾ ਸਕਦਾ ਹੈ ਅਤੇ ਫਿਰ ਪੂਰੇ ਸੋਚ-ਵਿਚਾਰ ਤੋਂ ਬਾਅਦ ਮਰਗੁਈ 'ਚ ਕਿਸੇ ਵੀ ਤਰ੍ਹਾਂ ਦੇ ਇੰਤਜ਼ਾਮ ਕੀਤੇ ਜਾ ਸਕਦੇ ਹਨ - ਤਦ ਉਨ੍ਹਾਂ ਨੂੰ ਜਾਂ ਤਾਂ ਉੱਥੇ ਹੀ ਰੱਖਿਆ ਜਾ ਸਕਦਾ ਹੈ, ਜਿੱਥੇ ਉਹ ਹੁਣ ਵੀ ਹਨ ਜਾਂ ਉਨ੍ਹਾਂ ਨੂੰ ਨਿਕੋਬਾਰ ਟਾਪੂਆਂ 'ਚ ਕਾਮੋਰਟਾ 'ਚ ਭੇਜਿਆ ਜਾ ਸਕਦਾ ਹੈ।

ਚੀਫ਼ ਕਮਿਸ਼ਨਰ ਨੇ ਇਹ ਵਿਸਥਾਰ ਨਾਲ ਨਹੀਂ ਦੱਸਿਆ ਕਿ ਬਾਬਾ ਰਾਮ ਸਿੰਘ ਜੀ ਨੂੰ "ਹੋਰ ਵਧੇਰੇ ਸੁਰੱਖਿਅਤ ਤੇ ਬਿਹਤਰ ਤਰੀਕੇ ਨਿਗਰਾਨੀ ਅਧੀਨ ਕਿਵੇਂ ਰੱਖਿਆ ਜਾ ਸਕਦਾ ਹੈ" (1) ਜਿਹੜੇ ਵੀ ਦਸਤਾਵੇਜ਼ ਭੇਜੇ ਗਏ ਹਨ, ਉਹ ਸਭ ਰੰਗੂਨ 'ਚ ਰਹਿਣ ਦੌਰਾਨ ਕਿਸੇ ਵੀ ਤਰ੍ਹਾਂ ਕੈਦੀ ਦਾ ਬਾਹਰ ਕਿਸੇ ਨਾਲ ਜਾਂ ਬਾਹਰੋਂ ਕੈਦੀ ਨਾਲ ਹਰ ਤਰ੍ਹਾਂ ਦਾ ਸੰਪਰਕ ਰੋਕਣ ਲਈ ਕੀਤੇ ਜਾਣ ਵਾਲੇ ਖ਼ਾਸ ਇੰਤਜ਼ਾਮਾਂ ਨੂੰ ਦਰਸਾਉਂਦੇ ਹਨ। ਬੀਤੇ ਅਗਸਤ ਮਹੀਨੇ ਪੰਜਾਬ ਸਰਕਾਰ ਤੋਂ ਪ੍ਰਾਪਤ ਦਸਤਾਵੇਜ਼ ਇਹ ਸਿੱਧ ਕਰਦਾ ਹੈ ਕਿ ਪਹਿਲਾਂ ਇੰਤਜ਼ਾਮ ਵਧੀਆ ਤੇ ਕਾਰਜਕੁਸ਼ਲ ਨਹੀਂ ਰਹੇ।

ਸ਼ਾਇਦ ਹੁਣ ਇਸ ਗੱਲ 'ਤੇ ਵਿਚਾਰ ਕਰਨਾ ਹੈ ਕਿ ਕੀ ਬਾਬਾ ਰਾਮ ਸਿੰਘ ਜੀ ਨੂੰ ਜੇਲ੍ਹ 'ਚ ਰੱਖਣਾ ਚਾਹੀਦਾ ਹੈ ਅਤੇ ਕੁਝ ਚਿਰ ਪਹਿਲਾਂ ਤੱਕ ਭਾਰਤ ਸਰਕਾਰ ਇਸ ਬਾਰੇ ਵਿਚਾਰ ਕਰ ਰਹੀ ਸੀ; (ਵੇਖੋ ਐੱਚ.ਡੀ. ਪੱਤਰ ਨੰ. 69, ਜਨਵਰੀ 1878) ਅਤੇ ਜਾਂ ਕਿ ਉਨ੍ਹਾਂ ਨੂੰ ਨਿਕੋਬਾਰ ਟਾਪੂਆਂ ਦੇ ਕਾਮੋਰਟਾ ਭੇਜ ਦੇਣਾ ਚਾਹੀਦਾ ਹੈ।

(ਹਸਤਾਖਰ)...... (?)
26 ਜਨਵਰੀ, 1880

ਇਹ ਬਿਲਕੁਲ ਵੀ ਤਸੱਲੀਬਖ਼ਸ਼ ਗੱਲ ਨਹੀਂ ਹੈ ਕਿ ਮਰਗੁਈ 'ਚ ਇਮਾਰਤ ਐਨ ਆਖ਼ਰੀ ਮੌਕੇ ਗ਼ੈਰ-ਵਾਜਬ ਪਾਈ ਗਈ। ਪਰ ਇਹ ਸਪੱਸ਼ਟ ਹੈ ਕਿ ਬਾਬਾ ਰਾਮ ਸਿੰਘ ਜੀ ਨੂੰ ਉੱਥੇ ਭੇਜਿਆ ਨਹੀਂ ਜਾ ਸਕਦਾ ਅਤੇ ਇਹ ਸ਼ੱਕੀ ਜਾਪਦਾ ਹੈ ਕਿ ਰੰਗੂਨ 'ਚ ਕਿਉਂਕਿ ਉਨ੍ਹਾਂ ਨੂੰ ਉੱਪਰਲੇ ਭਾਰਤ 'ਚ ਰਹਿੰਦੇ ਆਪਣੇ ਜਾਣਕਾਰਾਂ ਨਾਲ ਗੱਲਬਾਤ ਕਰਨ ਤੋਂ ਰੋਕਣਾ ਔਖਾ ਪਾਇਆ ਗਿਆ ਹੈ। ਅਸੀਂ ਸ਼ਾਇਦ ਪੰਜਾਬ ਸਰਕਾਰ ਨੂੰ ਭੇਜੀ ਕਾਪੀ 'ਚੋਂ ਮੌਜੂਦਾ ਪੱਤਰ ਦੀ ਕਾਪੀ ਭੇਜ ਸਕਦੇ ਹਾਂ ਤੇ ਮਾਣਯੋਗ ਲੈਫ਼. ਗਵਰਨਰ ਦਾ ਮੰਨਣਾ ਹੈ ਕਿ ਕੀ ਇਹ ਬਿਹਤਰ ਨਹੀਂ ਰਹੇਗਾ ਕਿ ਬਾਬਾ ਰਾਮ ਸਿੰਘ ਜੀ ਨੂੰ ਨਿਕੋਬਾਰ ਟਾਪੂਆਂ ਦੇ ਕਾਮੋਰਟਾ ਭੇਜ ਦਿੱਤਾ ਜਾਵੇ।

(ਹਸਤਾਖਰ)........(?)

ਸ੍ਰੀ ਐਚਿਸਨ ਖੁੱਲ੍ਹ ਕੇ ਬਿਆਨ ਕਰਦੇ ਹਨ ਕਿ ਰੰਗੂਨ 'ਚ ਫ਼ੌਜੀ ਗਾਰਡਾਂ ਦੀ ਟੋਲੀ ਹੈ, ਜਿਸ ਦੇ ਮੈਂਬਰ ਬੇਸ਼ੱਕ ਬਦਲਦੇ ਰਹਿੰਦੇ ਹਨ ਅਤੇ ਉਨ੍ਹਾਂ 'ਤੇ ਭ੍ਰਿਸ਼ਟਾਚਾਰ ਦੇ ਪ੍ਰਭਾਵਾਂ ਦਾ ਕੋਈ ਅਸਰ ਨਹੀਂ ਪੈਂਦਾ ਅਤੇ ਇਸ ਦੇ ਨਾਲ ਹੀ ਲਗਾਤਾਰ ਨਿਗਰਾਨੀ ਵੀ ਰਹਿੰਦੀ ਹੈ। ਮਰਗੁਈ 'ਚ, ਜਦੋਂ ਤੱਕ ਤਾਂ ਬਾਬਾ ਰਾਮ ਸਿੰਘ ਜੀ ਜੇਲ੍ਹ 'ਚ ਹੋਣਗੇ, ਤਦ ਤੱਕ ਉੱਥੇ ਕੋਈ ਨਿਗਰਾਨੀ ਨਹੀਂ ਰਹੇਗੀ। ਲੋਕ ਉੱਥੇ ਪੰਦਰ੍ਹਵਾੜੇ ਬਾਅਦ ਬੜੇ ਆਰਾਮ ਨਾਲ ਸਟੀਮਰ ਰਾਹੀਂ ਜਾ ਸਕਣਗੇ ਅਤੇ ਬਾਬਾ ਰਾਮ ਸਿੰਘ ਜੀ ਨੂੰ ਇਕੱਲਿਆਂ ਰੱਖਣਾ ਨਾਮੁਮਕਿਨ ਰਹੇਗਾ।

ਮੈਨੂੰ ਲੱਗਦਾ ਹੈ ਕਿ ਇਸ ਬਜ਼ੁਰਗ ਵਿਅਕਤੀ ਨੂੰ ਜੇਲ੍ਹ 'ਚ ਰੱਖਣਾ ਜਾਂ ਉਨ੍ਹਾਂ ਨੂੰ ਕਾਮੋਰਟਾ ਭੇਜਣ ਨਾਲ ਉਨ੍ਹਾਂ ਦੇ ਧਾਰਮਿਕ ਪੈਰੋਕਾਰਾਂ ਦੇ ਹਿਰਦੇ ਵਲੂੰਧਰੇ ਜਾਣਗੇ ਅਤੇ ਫਿਰ ਸਮੇਂ-ਸਮੇਂ 'ਤੇ ਅਜਿਹੀਆਂ ਚਿੱਠੀਆਂ ਮਿਲਣਗੀਆਂ, ਜਿਵੇਂ ਕਿ ਅਸੀਂ ਬੀਤੇ ਅਗਸਤ 'ਚ ਉਨ੍ਹਾਂ ਦੇ ਵਿਸ਼ੇ ਬਾਰੇ ਬਿਆਨ ਕੀਤਾ ਸੀ ( ਵੇਖੋ 12 ਅਗਸਤ, 1879 ਦਾ ਨੋਟ)। ਪਰ ਇਸ ਕਿਸਮ ............(?) ਦੇ ਮਾਮਲੇ 'ਚ ਬੇਸ਼ੱਕ ਪੰਜਾਬ ਸਰਕਾਰ ਹੀ ਇੱਕ ਜ਼ਿੰਮੇਵਾਰ ਜੱਜ ਰਹੇਗੀ। ਉਤਾਰੇ ਦੇ ਪੱਤਰ ਦੀ ਕਾਪੀ 'ਚ ਉਪਰੋਕਤ ਵਾਂਗ ਵਿਆਖਿਆ ਦਿੱਤੀ ਗਈ ਹੈ ਅਤੇ ਉਨ੍ਹਾਂ (ਪੰਜਾਬ ਸਰਕਾਰ) ਵੱਲੋਂ ਕੀਤੇ ਸਾਰੇ ਵਿਚਾਰ-ਵਟਾਂਦਰਿਆਂ ਨੂੰ ਧਿਆਨ 'ਚ ਰੱਖਦਿਆਂ ਇਹ ਪੁੱਛਿਆ ਗਿਆ ਹੈ ਕਿ ਕੀ ਬਾਬਾ ਰਾਮ ਸਿੰਘ ਜੀ ਨੂੰ ਜੇਲ੍ਹ 'ਚ ਰੱਖਿਆ ਜਾਣਾ ਹੈ ਕਿ ਉਨ੍ਹਾਂ ਨੂੰ ਕਾਮੋਰਟਾ ਭੇਜਣਾ ਹੈ।

ਸੀ.ਬੀ.

29 ਜਨਵਰੀ, 1880

## 424

(ਐੱਸ)

ਨਿਆਂਇਕ ਬੀ. ਫ਼ਰਵਰੀ, 1880

ਨੰ. 54

ਨੰ. 140
ਗ੍ਰਹਿ, ਮਾਲ ਤੇ ਖੇਤੀਬਾੜੀ ਵਿਭਾਗ
(ਨਿਆਂਇਕ)

*ਫ਼ੋਰਟ ਵਿਲੀਅਮ, 9 ਫ਼ਰਵਰੀ, 1880*

ਵੱਲ

ਸਕੱਤਰ, ਪੰਜਾਬ ਸਰਕਾਰ।

ਸ੍ਰੀਮਾਨ ਜੀ,

ਕੂਕਾ ਆਗੂ ਬਾਬਾ ਰਾਮ ਸਿੰਘ ਜੀ ਬਾਰੇ ਮਿਤੀ 25 ਅਗਸਤ ਦੀ ਤਸਦੀਕ ਨੰ. 946 ਦੀ ਨਿਰੰਤਰਤਾ 'ਚ ਮੈਨੂੰ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਦੇ ਪਿਛਲੇ ਮਹੀਨੇ ਦੀ 16 ਤਰੀਕ ਦੇ ਪੱਤਰ ਨੰ. 329 ਦੀ ਕਾਪੀ ਗੁਪਤ ਤਰੀਕੇ ਭੇਜਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਰਿਪੋਰਟ ਕੀਤਾ ਗਿਆ ਹੈ ਕਿ ਮਰਗੁਈ 'ਚ ਜਿਹੜੀ ਇਮਾਰਤ 'ਚ ਬਾਬਾ ਰਾਮ ਸਿੰਘ ਜੀ ਨੂੰ ਕੈਦ ਕਰ ਕੇ ਰੱਖਿਆ ਜਾਣਾ ਸੀ, ਉਹ ਇਸ ਮੰਤਵ ਲਈ ਗ਼ੈਰ-ਵਾਜਬ ਪਾਈ ਗਈ ਹੈ ਅਤੇ ਉਨ੍ਹਾਂ ਨੂੰ ਜੇਲ੍ਹ 'ਚ ਰੱਖਣ ਲਈ ਸਭ ਤੋਂ ਵਧੀਆ ਥਾਂ ਪੁਰਾਣੀ ਜੇਲ੍ਹ ਦੀ ਚਾਰਦੀਵਾਰੀ ਦੇ ਅੰਦਰ ਹੀ ਹੈ। ਅਜਿਹੇ ਹਾਲਾਤ 'ਚ ਚੀਫ਼ ਕਮਿਸ਼ਨਰ ਦੀ ਸਿਫ਼ਾਰਸ਼ ਹੈ ਕਿ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ 'ਚ ਹੀ ਰੱਖਿਆ ਜਾਣਾ ਚਾਹੀਦਾ ਹੈ, ਜਿੱਥੇ ਉਹ ਇਸ ਵੇਲੇ ਹਨ ਜਾਂ ਉਨ੍ਹਾਂ ਨੂੰ ਨਿਕੋਬਾਰ ਟਾਪੂਆਂ ਦੇ ਕਾਮੋਰਟਾ 'ਚ ਭੇਜ ਦੇਣਾ ਚਾਹੀਦਾ ਹੈ।

2. ਮੈਂ ਇਹ ਤੱਥ ਵਿਸਥਾਰਪੂਰਵਕ ਦੱਸਣਾ ਚਾਹੁੰਦਾ ਹਾਂ ਕਿ ਰੰਗੂਨ 'ਚ ਇੱਕ ਫ਼ੌਜੀ 'ਗਾਰਡ' (ਰਾਖਿਆਂ ਦੀ ਟੋਲੀ) ਹੁੰਦਾ ਹੈ, ਜਿਸ ਦੇ ਮੈਂਬਰ ਅਕਸਰ ਬਦਲਦੇ ਰਹਿੰਦੇ ਹਨ ਤੇ ਇਸੇ ਲਈ ਉਹ ਭ੍ਰਿਸ਼ਟ ਕਾਰਵਾਈਆਂ 'ਚ ਪੈਂਦੇ ਹੀ ਨਹੀਂ ਅਤੇ ਫਿਰ ਮਰਗੁਈ 'ਚ ਲਗਾਤਾਰ ਚੌਕਸ ਨਿਗਰਾਨੀ ਰੱਖੀ ਜਾਂਦੀ ਹੈ। ਜਦੋਂ ਤੱਕ ਬਾਬਾ ਰਾਮ ਸਿੰਘ ਜੀ ਨੂੰ ਜੇਲ੍ਹ 'ਚ ਰੱਖਿਆ ਜਾਵੇਗਾ, ਉੱਥੇ ਕੋਈ ਨਿਗਰਾਨੀ ਨਹੀਂ ਰੱਖੀ ਜਾ ਸਕੇਗੀ ਕਿਉਂਕਿ ਲੋਕ ਉੱਥੇ ਆਪਣੀ ਮਰਜ਼ੀ ਨਾਲ ਹਰ 15 ਦਿਨਾਂ ਬਾਅਦ ਸਟੀਮਰ ਰਾਹੀਂ ਪੁੱਜਦੇ ਹਨ ਤੇ ਉੱਥੇ ਬਾਬਾ ਰਾਮ ਸਿੰਘ ਜੀ ਨੂੰ ਪੂਰੀ ਤਰ੍ਹਾਂ ਇਕੱਲਤਾ 'ਚ ਨਹੀਂ ਰੱਖਿਆ ਜਾ ਸਕਦਾ। ਜੇ ਬਾਬਾ ਰਾਮ ਸਿੰਘ ਜੀ ਨੂੰ ਜੇਲ੍ਹ 'ਚ ਰੱਖਿਆ ਜਾਂਦਾ ਹੈ ਜਾਂ ਕਾਮੋਰਟਾ ਵਿਖੇ ਭੇਜ ਦਿੱਤਾ ਜਾਂਦਾ ਹੈ, ਤਾਂ ਅਜਿਹਾ ਵੀ ਹੋ ਸਕਦਾ ਹੈ ਕਿ ਉਨ੍ਹਾਂ ਦੇ ਧਾਰਮਿਕ ਪੈਰੋਕਾਰਾਂ 'ਚ ਕਿਤੇ ਜ਼ਿਆਦਾ ਪ੍ਰਤੀਕਰਮ ਜਾਂ ਰੋਸ ਵੇਖਣ ਨੂੰ ਮਿਲੇ; ਹਾਲੇ ਤਾਂ ਉਹ ਸਿਰਫ਼ ਕਦੀ-ਕਦਾਈਂ ਸਿਰਫ਼ ਚਿੱਠੀਆਂ ਪਾ ਕੇ ਹੀ ਬਾਬਾ ਰਾਮ ਸਿੰਘ ਜੀ ਨੂੰ ਰਿਹਾਅ ਕਰਵਾਉਣ ਦੀ ਮੰਗ ਕਰਦੇ ਹਨ; ਅਜਿਹੀਆਂ ਚਿੱਠੀਆਂ ਪੰਜਾਬ ਸਰਕਾਰ ਨੇ ਬੀਤੀ 11 ਅਗਸਤ ਦੇ ਆਪਣੇ ਪੱਤਰ ਨੰ. 654ਸੀ ਦੇ ਨਾਲ ਭੇਜੀਆਂ ਸਨ।

3. ਇਸ ਮਾਮਲੇ 'ਚ ਭਾਰਤ ਸਰਕਾਰ ਨਾਲੋਂ ਸਥਾਨਕ ਸਰਕਾਰ ਬਿਹਤਰ ਫ਼ੈਸਲਾ ਲੈ ਸਕਦੀ ਹੈ, ਇਸੇ ਲਈ ਮੇਰੀ ਬੇਨਤੀ ਹੈ ਕਿ ਹਰ ਤਰ੍ਹਾਂ ਦਾ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਰਿਪੋਰਟ ਭੇਜੀ ਜਾਵੇ, ਮਾਣਯੋਗ ਲੈਫ਼ਟੀਨੈਂਟ ਗਵਰਨਰ ਇਹੋ

ਚਾਹੁਣਗੇ ਕਿ ਬਾਬਾ ਰਾਮ ਸਿੰਘ ਜੀ ਨੂੰ ਜਾਂ ਤਾਂ ਜੇਲ੍ਹ 'ਚ ਰੱਖਿਆ ਜਾਵੇ ਅਤੇ ਜਾਂ ਕਾਮੋਰਟਾ ਭੇਜ ਦਿੱਤਾ ਜਾਵੇ।

ਮੈਂ ਹਾਂ,
ਹਸਤਾਖਰ/- -- 5/2

**(62 ਈ)**
**ਗੁਪਤ**
**ਨੰ. 742**

ਵੱਲੋਂ

ਡਬਲਿਊ.ਐੱਮ. ਯੰਗ, ਐਸਕੁਆਇਰ,
ਆਫ਼ਿਸ਼ੀਏਟਿੰਗ ਸਕੱਤਰ, ਪੰਜਾਬ ਸਰਕਾਰ।

ਵੱਲ

ਸੀ. ਬਰਨਾਰਡ, ਐਸਕੁਆਇਰ, ਸੀ.ਐੱਸ.ਆਈ.,
ਸਕੱਤਰ, ਭਾਰਤ ਸਰਕਾਰ, ਗ੍ਰਿਹ, ਮਾਲ ਤੇ ਖੇਤੀਬਾੜੀ ਵਿਭਾਗ

*ਮਿਤੀ ਲਾਹੌਰ, 20 ਫ਼ਰਵਰੀ, 1880*

ਗ੍ਰਿਹ

ਸ੍ਰੀਮਾਨ ਜੀ,

ਇਸੇ ਮਹੀਨੇ ਦੀ 9 ਤਰੀਕ ਦੇ ਤੁਹਾਡੇ ਗੁਪਤ ਪੱਤਰ ਨੰ. 140 ਦੇ ਜਵਾਬ 'ਚ, ਜਿਸ ਵਿੱਚ ਤੁਸੀਂ ਪਿਛਲੇ ਕੁਝ ਸਮੇਂ ਦੌਰਾਨ ਪੈਦਾ ਹੋਏ ਹਾਲਾਤ 'ਚ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਦੇ ਮਾਮਲੇ ਦਾ ਨਿਬੇੜਾ ਕਰਨ ਸਬੰਧੀ ਮਾਣਯੋਗ ਲੈਫ਼ਟੀਨੈਂਟ ਗਵਰਨਰ ਦੇ ਵਿਚਾਰ ਜਾਣਨੇ ਚਾਹੇ ਸਨ, ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਾਣਯੋਗ ਸਾਹਿਬ ਨੂੰ ਇਸ ਗੱਲ 'ਚ ਕੋਈ ਨੁਕਸਾਨ ਨਹੀਂ ਜਾਪਦਾ ਕਿ ਜੇ ਬਾਬਾ ਰਾਮ ਸਿੰਘ ਜੀ ਨੂੰ ਜੇਲ੍ਹ ਭੇਜਿਆ ਜਾਵੇ ਕਿ ਜਾਂ ਕਾਮੋਰਟਾ ਤੇ ਇਸ 'ਤੇ ਪੰਜਾਬ 'ਚ ਰਹਿੰਦੇ ਉਨ੍ਹਾਂ ਦੇ ਪੈਰੋਕਾਰਾਂ ਦਾ ਕੋਈ ਪ੍ਰਤੀਕਰਮ ਨਹੀਂ ਹੋਵੇਗਾ। ਲੈਫ਼ਟੀਨੈਂਟ ਗਵਰਨਰ ਅਨੁਸਾਰ ਇਤਰਾਜ਼ ਸਿਰਫ਼ ਉਸ ਹਾਲਤ 'ਚ ਹੋ ਸਕਦਾ ਹੈ, ਜਦੋਂ (ਗੁਰੂ) ਰਾਮ ਸਿੰਘ ਜੀ ਨਾਲ ਸਖ਼ਤੀ ਵਰਤੀ ਜਾਵੇ ਜਾਂ ਉਨ੍ਹਾਂ ਨੂੰ ਔਖੇ ਹਾਲਾਤ 'ਚ ਰੱਖਿਆ ਜਾਵੇ। ਜੇ ਉਨ੍ਹਾਂ ਨੂੰ ਇੱਕ ਘਰ ਅੰਦਰ ਰੱਖਣ ਦੇ ਇੰਤਜ਼ਾਮ ਕੀਤੇ ਜਾਣਗੇ ਤੇ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਕੋਈ ਰੋਕ ਨਹੀਂ ਲਾਈ ਜਾਵੇਗੀ, ਤਾਂ ਫਿਰ ਉਨ੍ਹਾਂ ਨੂੰ ਚਾਹੇ ਜੇਲ੍ਹ 'ਚ ਰੱਖਿਆ ਜਾਵੇ ਤੇ ਭਾਵੇਂ ਕਾਮੋਰਟਾ ਭੇਜ ਦਿੱਤਾ ਜਾਵੇ, ਇਸ ਦਾ ਸਿਆਸੀ ਆਧਾਰ 'ਤੇ ਵਿਰੋਧ ਨਹੀਂ ਕੀਤਾ ਜਾ ਸਕਦਾ।

ਉੱਧਰ ਸਰ ਰਾਬਰਟ ਈਗਰਟਨ ਇਹ ਬਹੁਤ ਜ਼ਰੂਰੀ ਸਮਝਦੇ ਹਨ ਕਿ ਬਾਬਾ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਵਿਚਾਲੇ ਚਿੱਠੀ-ਪੱਤਰੀ ਜਾਂ ਕਿਸੇ ਵੀ ਹੋਰ ਤਰ੍ਹਾਂ ਦਾ ਰਾਬਤਾ ਹਰ ਸੰਭਵ ਹੱਦ ਤੱਕ ਪੂਰੀ ਤਰ੍ਹਾਂ ਰੋਕਿਆ ਜਾ ਸਕੇ। ਬਰਮਾ ਦੇ ਅਧਿਕਾਰੀ

ਆਪਣੀ ਮਰਜ਼ੀ ਨਾਲ ਜੋ ਵੀ ਵਧੀਆ ਹੱਲ ਦੀ ਸਿਫ਼ਾਰਸ਼ ਕਰਨਗੇ, ਉਸ ਉੱਤੇ ਮਾਣਯੋਗ ਸਾਹਿਬ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,<br>
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ<br>
ਹਸਤਾਖਰ/– ਆਰ.ਐੱਲ. ਡੇਵਿਸ<br>
ਆਫ਼ਿਸ਼ੀਏਟਿੰਗ ਸਕੱਤਰ, ਪੰਜਾਬ ਸਰਕਾਰ।

## 425

ਗਵਰਨਰ ਜਨਰਲ ਦੇ ਦਫ਼ਤਰ 'ਚ ਫ਼ਾਈਲ 'ਤੇ ਟਿੱਪਣੀਆਂ

ਵੱਲੋਂ

ਪੰਜਾਬ।

*ਨੰ. 742*

ਕੂਕਾ ਕੈਦੀ ਬਾਬਾ ਰਾਮ ਸਿੰਘ ਜੀ ਦੇ ਮਾਮਲੇ ਦਾ ਨਿਬੇੜਾ

ਮੁਢਲੇ ਨੋਟਸ ਵੇਖੋ।

ਬਾਬਾ ਰਾਮ ਸਿੰਘ ਜੀ ਦੇ ਮਾਮਲੇ ਦਾ ਨਿਬੇੜਾ ਕਰਨ ਲਈ ਇੱਥੇ ਇਹ ਤਿੰਨ ਵਿਕਲਪ ਸੁਝਾਏ ਗਏ ਸਨ:

1. ਮਰਗੁਈ ਜੇਲ੍ਹ ਦੀ ਚਾਰਦੀਵਾਰੀ ਦੇ ਅੰਦਰ ਇੱਕ ਮਕਾਨ ਉਸਾਰਿਆ ਜਾਵੇ।
2. ਨਿਕੋਬਾਰ ਟਾਪੂਆਂ ਦੇ ਕਾਮੋਰਟਾ 'ਚ ਭੇਜ ਦਿੱਤਾ ਜਾਵੇ।
3. ਉਨ੍ਹਾਂ ਨੂੰ ਰੰਗੂਨ ਦੀ ਮੌਜੂਦਾ ਥਾਂ 'ਤੇ ਹੀ ਰੱਖਿਆ ਜਾਵੇ।

ਪੰਜਾਬ ਸਰਕਾਰ ਨੂੰ (1) ਜਾਂ (2) ਵਿਕਲਪਾਂ 'ਤੇ ਕੋਈ ਨੁਕਸਾਨ ਹੁੰਦਾ ਵਿਖਾਈ ਨਹੀਂ ਦਿੰਦਾ ਕਿਉਂਕਿ ਇਨ੍ਹਾਂ ਨਾਲ ਧਾਰਮਿਕ ਪੈਰੋਕਾਰਾਂ 'ਚ ਕੋਈ ਭੜਕਾਹਟ ਪੈਦਾ ਨਹੀਂ ਹੋਵੇਗਾ। ਪਰ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਡਾਢਾ ਜ਼ਰੂਰੀ ਹੈ ਕਿ ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਵਿਚਾਲੇ ਹਰ ਸੰਭਵ ਹੱਦ ਤੱਕ ਹਰ ਤਰ੍ਹਾਂ ਦੀ ਗੱਲਬਾਤ ਜਾਂ ਸੰਪਰਕ ਖ਼ਤਮ ਕੀਤਾ ਜਾਵੇ।

ਇਨ੍ਹਾਂ ਸਾਰੇ ਹਾਲਾਤ ਦੇ ਮੱਦੇਨਜ਼ਰ ਇਹੋ ਸਭ ਤੋਂ ਵਧੀਆ ਰਾਹ ਹੋਵੇਗਾ ਕਿ ਉਨ੍ਹਾਂ ਨੂੰ ਰੰਗੂਨ 'ਚ ਅਜਿਹੀ ਜਗ੍ਹਾ 'ਤੇ ਰੱਖਿਆ ਜਾਵੇ, ਜਿੱਥੇ ਫ਼ੌਜੀ ਗਾਰਡ ਹੋਵੇ ਅਤੇ ਪੂਰੀ ਨਿਗਰਾਨੀ ਹੋਵੇ। ਜੇ ਚੀਫ਼ ਕਮਿਸ਼ਨਰ ਨੂੰ ਤਸੱਲੀ ਹੋਵੇ ਕਿ ਪੰਜਾਬ 'ਚ ਰਹਿੰਦੇ ਪੈਰੋਕਾਰਾਂ ਨਾਲ ਗੱਲਬਾਤ ਜਾਂ ਸੰਪਰਕ ਨੂੰ ਰੋਕਿਆ ਜਾ ਸਕਦਾ ਹੈ, ਤਾਂ ਅਜਿਹੀ ਮਨਜ਼ੂਰੀ ਦਿੱਤੀ ਜਾ ਸਕਦੀ ਹੈ। ਚੀਫ਼ ਕਮਿਸ਼ਨਰ ਦਾ ਧਿਆਨ ਉਸ ਦਬਾਅ ਵੱਲ ਖ਼ਾਸ ਤੌਰ 'ਤੇ ਦਿਵਾਇਆ ਜਾ ਸਕਦਾ ਹੈ, ਜੋ ਪੰਜਾਬ ਨੇ ਇਸ ਅਹੁਦੇ 'ਤੇ ਪਾਇਆ ਹੈ।

ਹਸਤਾਖਰ/–.......(?)<br>
24 ਫ਼ਰਵਰੀ

ਰੰਗੂਨ ਸਥਿਤ ਬਾਬਾ ਰਾਮ ਸਿੰਘ ਜੀ ਦੇ ਮੌਜੂਦਾ ਹਿਰਾਸਤੀ ਸਥਾਨ ਤੋਂ ਕੋਈ ਜਵਾਬ ਨਹੀਂ ਆਇਆ। ਅਸੀਂ ਉਨ੍ਹਾਂ ਨੂੰ ਮਰਗੁਈ ਦੇ ਉਸ ਮਕਾਨ 'ਚ ਭੇਜਣ ਦੀ ਪ੍ਰਵਾਨਗੀ ਦੇ ਸਕਦੇ ਹਾਂ, ਜੋ ਉਨ੍ਹਾਂ ਲਈ ਉਸਾਰਿਆ ਗਿਆ ਹੈ। ਜੇ ਪੰਜਾਬ ਨਾਲ ਕੋਈ ਗੱਲਬਾਤ ਜਾਂ ਚਿੱਠੀ-ਪੱਤਰੀ ਹੋਈ ਹੈ ਜਾਂ ਕੋਈ ਅਣਚਾਹੀ ਗੱਲ ਹੋ ਸਕਦੀ ਹੈ....... (?), ਤਾਂ ਜੇਲ੍ਹ 'ਚ ਵੀ ਰੱਖਿਆ ਜਾ ਸਕਦਾ ਹੈ। ਅਸੀਂ ਉਪਰੋਕਤ ਅਨੁਸਾਰ ਲਿਖ ਸਕਦੇ ਹਾਂ ਅਤੇ ਚੀਫ਼ ਕਮਿਸ਼ਨਰ ਨੂੰ ਪੰਜਾਬ ਦੇ ਪੱਤਰ ਦੀ ਇੱਕ ਕਾਪੀ ਭੇਜ ਸਕਦੇ ਹਾਂ। ਜਦੋਂ ਤੱਕ ਮਰਗੁਈ ਦੇ ਇੰਤਜ਼ਾਮ ਨੂੰ ਪਰਖ ਨਹੀਂ ਲਿਆ ਜਾਂਦਾ, ਤਦ ਤੱਕ ਸਾਨੂੰ ਕਾਮੋਰਟਾ ਦੀ ਤਜਵੀਜ਼ ਰੱਖਣ ਦੀ ਜ਼ਰੂਰਤ ਨਹੀਂ ਹੈ।

(ਹਸਤਾਖਰ)..........ਸੀ.ਬੀ.,
25 ਫ਼ਰਵਰੀ

ਮਾਣਯੋਗ ਸਾਹਿਬ,

ਡੀ.ਆਰ. 433

ਕੂਕਾ ਬਾਬਾ ਰਾਮ ਸਿੰਘ ਜੀ ਨੂੰ ਏਕਾਂਤਵਾਸ 'ਚ ਰੱਖਣਾ

ਮਹਾਮਹਿਮ ਵਾਇਸਰਾਏ ਨੇ ਇਹ ਦਸਤਾਵੇਜ਼ ਟਿੱਪਣੀਆਂ ਲਈ ਵਿਦੇਸ਼ ਵਿਭਾਗ ਨੂੰ ਭੇਜ ਦਿੱਤੇ ਹਨ।

ਇਹ ਜ਼ਰੂਰੀ ਹੋਵੇਗਾ ਕਿ ਬਾਬਾ ਰਾਮ ਸਿੰਘ ਜੀ ਨਾਲ ਉਨ੍ਹਾਂ ਦੇ ਪੈਰੋਕਾਰ ਕਿਸੇ ਵੀ ਤਰ੍ਹਾਂ ਦੀ ਚਿੱਠੀ-ਪੱਤਰੀ ਜਾਂ ਹੋਰ ਕੋਈ ਰਾਬਤਾ ਨਾ ਕਰ ਸਕਣ, ਇਸ ਲਈ ਉਨ੍ਹਾਂ ਨੂੰ ਜੇਲ੍ਹ ਦੀ ਚਾਰਦੀਵਾਰੀ ਅੰਦਰ ਰੱਖਣਾ ਹੋਵੇਗਾ, ਮੈਨੂੰ ਨਹੀਂ ਲੱਗਦਾ ਕਿ ਕਿਸੇ ਤਰ੍ਹਾਂ ਦਾ ਕੋਈ ਸਿਆਸੀ ਇਤਰਾਜ਼ ਕੀਤਾ ਜਾਵੇਗਾ। ਦੂਜੇ ਪਾਸੇ ਇਹ ਕਾਰਣਾਂ ਕਰਕੇ ......(?) ਉਨ੍ਹਾਂ ਦੇ ਵਰਗ ਨੂੰ ਸਖ਼ਤੀ ਨਾਲ ਹਿਰਾਸਤ 'ਚ ਰੱਖਣਾ ਹੋਵੇਗਾ, ਜੇ ਅਜਿਹੀ ਸਥਿਤੀ ਨੂੰ ਟਾਲ਼ਿਆ ਜਾ ਸਕਦਾ ਹੋਵੇ।

ਚੀਫ਼ ਕਮਿਸ਼ਨਰ ਲਿਖਦੇ ਹਨ ਕਿ 'ਬਾਬਾ ਰਾਮ ਸਿੰਘ ਜੀ ਨੂੰ ਮਰਗੁਈ 'ਚ ਕੋਈ ਹੋਰ ਇੰਤਜ਼ਾਮ ਕੀਤੇ ਬਿਨਾਂ ਰੰਗੂਨ 'ਚ ਹੀ ਬਿਹਤਰ ਸੁਰੱਖਿਆ ਅਤੇ ਨਿਗਰਾਨੀ ਅਧੀਨ ਰੱਖਿਆ ਜਾ ਸਕਦਾ ਹੈ। ਮੈਂ ਹਾਲ ਦੀ ਘੜੀ ਇਹ ਵਿਚਾਰ ਪ੍ਰਵਾਨ ਕਰਾਂਗਾ ਤੇ ਮੈਂ ਇਹੋ ਚਾਹਾਂਗਾ ਕਿ ਬਾਬਾ ਰਾਮ ਸਿੰਘ ਜੀ ਨੂੰ ਚਿੱਠੀ-ਪੱਤਰੀ ਤੋਂ ਪੂਰੀ ਤਰ੍ਹਾਂ ਦੂਰ ਰੱਖਣ ਲਈ ਹਰ ਤਰ੍ਹਾਂ ਦੀ .....(?) ਸੰਭਵ ਸਾਵਧਾਨੀ ਰੱਖੀ ਜਾਵੇ। ਇਹ ਸਪੱਸ਼ਟ ਜਾਪਦਾ ਹੈ ਕਿ .......(?) ਰਾਹੀਂ ਸੰਪਰਕ......(?)।'

ਹਸਤਾਖਰ/-.....(?)
ਗਵਰਨਰ ਜਨਰਲ

## 426

ਗੁਪਤ

ਗ੍ਰਹਿ, ਮਾਲ ਅਤੇ ਖੇਤੀਬਾੜੀ ਵਿਭਾਗ,
(ਨਿਆਂਇਕ)

*ਫ਼ੋਰਟ ਵਿਲੀਅਮ, 10 ਮਾਰਚ, 1880*

ਵੱਲ

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

ਸ੍ਰੀਮਾਨ ਜੀ,

ਮੈਨੂੰ ਤੁਹਾਡਾ ਬੀਤੀ 16 ਜਨਵਰੀ ਦਾ ਪੱਤਰ ਨੰ. 329 ਪ੍ਰਾਪਤ ਹੋਣ ਦੀ ਜਾਣਕਾਰੀ ਦੇਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਇਹ ਰਿਪੋਰਟ ਭੇਜੀ ਗਈ ਸੀ ਕਿ ਮਰਗੁਈ 'ਚ ਜਿਹੜੀ ਇਮਾਰਤ ਕੂਕਾ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਨੂੰ ਕੈਦ 'ਚ ਰੱਖਣ ਲਈ ਪ੍ਰਸਤਾਵਿਤ ਕੀਤੀ ਗਈ ਸੀ, ਉਹ ਇਸ ਮਕਸਦ ਲਈ ਢੁਕਵੀਂ ਨਹੀਂ ਸੀ ਅਤੇ ਜੇ ਉਨ੍ਹਾਂ ਨੂੰ ਉੱਥੇ ਰੱਖਿਆ ਗਿਆ, ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਜਾਣਕਾਰਾਂ ਤੇ ਬਾਹਰੀ ਦੁਨੀਆ ਤੋਂ ਰੋਕ ਕੇ ਰੱਖਣਾ ਅਸੰਭਵ ਹੋਵੇਗਾ।

2. ਜਵਾਬ 'ਚ ਮੈਂ ਇਹ ਕਹਿਣਾ ਹੈ ਕਿ ਜੇ ਇਹ ਬਾਬਾ ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਪੈਰੋਕਾਰਾਂ ਨਾਲ ਹਰ ਤਰ੍ਹਾਂ ਦੇ ਸੰਪਰਕ ਤੋਂ ਰੋਕ ਕੇ ਉਨ੍ਹਾਂ ਨੂੰ ਜੇਲ੍ਹ ਦੀ ਚਾਰਦੀਵਾਰੀ ਅੰਦਰ ਏਕਾਂਤਵਾਸ 'ਚ ਰੱਖਣਾ ਹੈ, ਤਾਂ ਗਵਰਨਰ ਜਨਰਲ-ਇਨ-ਕੌਂਸਲ ਨੂੰ ਅਜਿਹੀ ਕੁਝ ਨਹੀਂ ਜਾਪਦਾ ਕਿ ਕੋਈ ਇਸ ਦੇ ਰਾਹ 'ਚ ਕੋਈ ਸਿਆਸੀ ਅੜਿੱਕਾ ਪਵੇਗਾ। ਦੂਜੇ ਪਾਸੇ, ਕਈ ਕਾਰਣਾਂ ਕਰ ਕੇ ਬਾਬਾ ਰਾਮ ਸਿੰਘ ਜੀ ਨਾਲ ਇੱਕ ਕੈਦੀ ਵਰਗੀ ਸਖ਼ਤੀ ਵਰਤਣੀ ਠੀਕ ਨਹੀਂ ਹੋਵੇਗੀ, ਜੇ ਇਸ ਨੂੰ ਟਾਲ਼ਿਆ ਜਾ ਸਕੇ। ਇਸੇ ਲਈ ਮਹਾਮਹਿਮ-ਇਨ-ਕੌਂਸਲ ਹਾਲ ਦੀ ਘੜੀ ਤੁਹਾਡੇ ਵਿਚਾਰ ਨੂੰ ਪ੍ਰਵਾਨ ਕਰਦੇ ਹਨ ਕਿ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ 'ਚ ਰੱਖਿਆ ਜਾਵੇ ਪਰ ਕਿਸੇ ਵੀ ਤਰ੍ਹਾਂ ਦੀ ਚਿੱਠੀ-ਪੱਤਰੀ ਨੂੰ ਰੋਕਣ ਲਈ ਹਰ ਸੰਭਵ ਸਾਵਧਾਨੀਆਂ ਵਰਤੀਆਂ ਜਾਣ। ਪਿਛਲੇ ਮਹੀਨੇ ਦੀ 20 ਤਰੀਕ ਦੇ ਪੱਤਰ ਨੰ. 742 ਦੀ ਕਾਪੀ ਪੰਜਾਬ ਸਰਕਾਰ ਤੋਂ ਪ੍ਰਾਪਤ ਕੀਤੀ ਗਈ ਸੀ ਅਤੇ ਮੈਂ ਇਸ ਦੇ ਆਖ਼ਰੀ ਪੈਰੇ ਵੱਲ ਖ਼ਾਸ ਧਿਆਨ ਦਿਵਾ ਸਕਦਾ ਹਾਂ, ਜਿਸ ਵਿੱਚ ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਵਿਚਾਲੇ ਹਰ ਤਰ੍ਹਾਂ ਦੀ ਗੱਲਬਾਤ ਤੇ ਸੰਪਰਕ ਨੂੰ ਪੂਰੀ ਤਰ੍ਹਾਂ ਰੋਕਣ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ।

ਮੈਂ ਹਾਂ,
ਹਸਤਾਖਰ/-.....(?)
6 ਮਾਰਚ

ਨੰ. 271

ਇਸ ਦੀ ਕਾਪੀ ਪੰਜਾਬ ਸਰਕਾਰ ਨੂੰ ਪਿਛਲੇ ਮਹੀਨੇ ਦੀ 20 ਤਰੀਕ ਦੇ ਪੱਤਰ ਨੰ. 742 ਦੇ ਹਵਾਲੇ ਨਾਲ ਭੇਜੀ ਜਾਂਦੀ ਹੈ।

## 427

ਨਿਆਂਇਕ ਬੀ. ਪ੍ਰੋਗਸ. ਅਕਤੂਬਰ 1880

ਨੰ. 155

ਬ੍ਰਿਟਿਸ਼ ਬਰਮਾ
ਸਿਆਸੀ ਵਿਭਾਗ – ਨੰ. 7034/14 ਆਰਐੱਸ

ਵੱਲੋਂ

ਈ.ਐੱਸ. ਸਾਇਮਸ, ਐਸਕੁਆਇਰ, ਸੀਐੱਸ,
ਆਫ਼ਿਸ਼ੀਏਟਿੰਗ ਜੂਨੀਅਰ ਸਕੱਤਰ, ਚੀਫ਼ ਕਮਿਸ਼ਨਰ।

ਵੱਲ

ਸਕੱਤਰ, ਭਾਰਤ ਸਰਕਾਰ,
ਗ੍ਰਹਿ, ਮਾਲ ਅਤੇ ਖੇਤੀਬਾੜੀ ਵਿਭਾਗ।

*ਮਿਤੀ ਰੰਗੂਨ, 8 ਅਕਤੂਬਰ, 1880*

ਸ੍ਰੀਮਾਨ ਜੀ,

ਇਸ ਦਫ਼ਤਰ ਦੇ ਪੱਤਰ ਨੰ. 433 ਆਰ.ਐੱਸ. ਮਿਤੀ 13 ਅਗਸਤ ਦੀ ਨਿਰੰਤਰਤਾ 'ਚ ਅਤੇ ਤੁਹਾਡੇ ਪੱਤਰ ਨੰ. 1065 ਮਿਤੀ 23 ਸਤੰਬਰ ਦੇ ਹਵਾਲੇ ਨਾਲ, ਮੈਨੂੰ ਇਹ ਰਿਪੋਰਟ ਕਰਨ ਦੀ ਹਦਾਇਤ ਹੋਈ ਹੈ ਕਿ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਇੱਕ ਪੈਰੋਕਾਰ ਨਾਲ ਪਿਛਲੇ ਮਹੀਨੇ ਦੀ 18 ਤਰੀਕ ਦਿਨ ਸਨਿੱਚਰਵਾਰ ਨੂੰ 'ਆਨੰਦ' ਜ਼ਰੀਏ ਮਰਗੁਈ ਲਈ ਰਵਾਨਾ ਕਰ ਦਿੱਤਾ ਗਿਆ ਸੀ ਤੇ ਉਹ ਉਸੇ ਮਹੀਨੇ ਦੀ 21 ਤਰੀਕ ਨੂੰ ਮਰਗੁਈ ਪੁੱਜ ਗਏ ਸਨ।

ਮੈਨੂੰ ਮਾਣ ਹੈ, ਸ੍ਰੀਮਾਨ ਜੀ,
ਤੁਹਾਡਾ ਬੇਹੱਦ ਆਗਿਆਕਾਰ ਸੇਵਕ ਹੋਣ 'ਤੇ
(ਹਸਤਾਖਰ).......ਈਐੱਸਐੱਸ
ਆਫ਼ਿਸ਼ੀਏਟਿੰਗ ਜੂਨੀਅਰ ਸਕੱਤਰ

## 428

ਜੁਡੀਸ਼ੀਅਲ ਬੀ. ਪ੍ਰੋਗਸ. ਅਕਤੂਬਰ 1880

ਨੰ. 157

ਨੰ. 1158

ਗ੍ਰਹਿ, ਮਾਲ ਅਤੇ ਖੇਤੀਬਾੜੀ ਵਿਭਾਗ
(ਨਿਆਂਇਕ)

ਵੱਲ

ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ।

*ਮਿਤੀ ਸ਼ਿਮਲਾ, 27 ਅਕਤੂਬਰ, 1880*

ਸ੍ਰੀਮਾਨ ਜੀ,

ਮੈਨੂੰ ਇਸੇ ਮਹੀਨੇ ਦੀ 8 ਤਰੀਕ ਦੇ ਤੁਹਾਡੇ ਪੱਤਰ ਨੰ. 7034/14 ਆਰ.ਐੱਸ. ਦੇ ਪ੍ਰਾਪਤ ਹੋਣ ਦੀ ਜਾਣਕਾਰੀ ਦੇਣ ਦੀ ਹਦਾਇਤ ਹੋਈ ਹੈ ਅਤੇ ਜਵਾਬ 'ਚ ਇਹ ਕਹਿਣਾ ਹੈ ਕਿ ਗਵਰਨਰ ਜਨਰਲ-ਇਨ-ਕੌਂਸਲ ਨੇ ਕੂਕਾ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਤੋਂ ਤਬਦੀਲ ਕਰ ਕੇ ਮਰਗੁਈ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

2. ਮਰਗੁਈ 'ਚ ਜੇਲ੍ਹ ਦੇ ਇੰਚਾਰਜ ਅਧਿਕਾਰੀ ਨੂੰ ਸੰਬੋਧਤ ਇੱਕ ਵਾਰੰਟ, ਜਿਸ ਅਧੀਨ (ਗੁਰੂ) ਰਾਮ ਸਿੰਘ ਜੀ ਨੂੰ ਕੈਦ 'ਚ ਰੱਖਿਆ ਜਾਣਾ ਹੈ, ਅਧਿਕਾਰੀ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਸ ਵਾਰੰਟ ਦੇ ਆਧਾਰ 'ਤੇ ਕੈਦੀ ਨੂੰ ਆਪਣੀ ਹਿਰਾਸਤ 'ਚ ਲੈ ਲਵੇ।

3. ਰੰਗੂਨ 'ਚ (ਗੁਰੂ) ਰਾਮ ਸਿੰਘ ਦੀ ਹਿਰਾਸਤ ਲਈ ਵਾਰੰਟ ਇਸ ਦਫ਼ਤਰ ਨੂੰ ਵਾਪਸ ਭੇਜਣੇ ਚਾਹੀਦੇ ਹਨ।

ਮੈਂ ਹਾਂ,
(ਹਸਤਾਖਰ)......(?)
26 ਅਕਤੂਬਰ

## ਨੰ. 1159

ਪਿਛਲੇ ਮਹੀਨੇ ਦੀ 27 ਤਰੀਕ ਦੇ ਪੱਤਰ ਨੰ. 1064 ਦੀ ਨਿਰੰਤਰਤਾ 'ਚ ਸੂਚਨਾ ਹਿਤ ਪੰਜਾਬ ਸਰਕਾਰ ਨੂੰ ਭੇਜੀ ਗਈ ਚਿੱਠੀ-ਪੱਤਰੀ ਦੀ ਕਾਪੀ।

ਜੁਡੀਸ਼ੀਅਲ ਬੀ. ਪ੍ਰੋਗਸ. ਅਕਤੂਬਰ 1880

ਨੰ. 156

(ਸੀਲ)

ਨੰ. 1157

ਵੱਲ

ਦਫ਼ਤਰ ਇੰਚਾਰਜ, ਸਿਵਲ ਜੇਲ੍ਹ, ਮਰਗੁਈ।

ਗਵਰਨਰ ਜਨਰਲ-ਇਨ-ਕੌਂਸਲ ਨੇ ਕਿਉਂਕਿ ਵਾਜਬ ਕਾਰਣਾਂ ਕਰਕੇ ਅਜਿਹਾ ਫ਼ੈਸਲਾ ਲੈਣਾ ਦਰੁਸਤ ਸਮਝਿਆ ਹੈ ਕਿ ਸਰਕਾਰੀ ਕੈਦੀ ਬਾਬਾ ਰਾਮ ਸਿੰਘ ਜੀ ਨੂੰ ਮਰਗੁਈ ਸਿਵਲ ਜੇਲ੍ਹ 'ਚ ਬੰਦਸ਼ ਅਧੀਨ ਰੱਖਿਆ ਜਾਵੇਗਾ, ਇਸ ਲਈ ਤੁਹਾਨੂੰ ਇਹ ਜ਼ਰੂਰਤ ਹੋਵੇਗੀ ਅਤੇ ਉਸ ਫ਼ੈਸਲੇ ਦੀ ਰੌਸ਼ਨੀ 'ਚ ਹੁਕਮ ਦਿੱਤਾ ਜਾਂਦਾ ਹੈ ਕਿ ਉਪਰੋਕਤ ਨਾਮਿਤ ਵਿਅਕਤੀ ਨੂੰ ਆਪਣੀ ਹਿਰਾਸਤ 'ਚ ਲੈ ਲਵੋ ਅਤੇ ਉਸ ਨਾਲ ਗਵਰਨਰ ਜਨਰਲ-ਇਨ-ਕੌਂਸਲ ਦੇ ਹੁਕਮਾਂ ਅਤੇ 1818 ਦੇ ਰੈਗੂਲੇਸ਼ਨ III ਦੀਆਂ ਵਿਵਸਥਾਵਾਂ ਮੁਤਾਬਕ ਨਿਪਟੋ।

ਬਾਹੁਕਮ ਗਵਰਨਰ ਜਨਰਲ-ਇਨ-ਕੌਂਸਲ
(ਹਸਤਾਖਰ) ਸੀ. ਗ੍ਰਾਂਟ,
ਸਕੱਤਰ, ਭਾਰਤ ਸਰਕਾਰ
ਗ੍ਰਹਿ ਵਿਭਾਗ

ਸ਼ਿਮਲਾ,
27 ਅਕਤੂਬਰ, 1880

# 429

## ਮੀਮੋ

ਇਸੇ ਮਹੀਨੇ ਦੀ 17 ਤਰੀਕ ਨੂੰ ਭੈਣੀ ਦੇ ਸੁੱਖੂ ਨੰਬਰਦਾਰ ਨੇ ਮੈਨੂੰ ਸੂਚਿਤ ਕੀਤਾ ਕਿ ਭੈਣੀ ਤੋਂ ਥੋੜ੍ਹੀ ਦੂਰ ਸਥਿਤ ਪਿੰਡ ਲਾਟੋਂ ਢਾਕ ਦੇ ਜੰਗਲ਼ 'ਚ 150 ਦੇ ਲਗਭਗ ਅਜਨਬੀ ਕੂਕੇ ਇਕੱਠੇ ਹੋਏ ਸਨ। ਇਸ ਸੂਚਨਾ ਦੀ ਪੁਸ਼ਟੀ ਬਾਅਦ 'ਚ ਗੁਪਤ ਏਜੰਟਾਂ ਨੇ ਵੀ ਕਰ ਦਿੱਤੀ ਸੀ ਪਰ ਉਨ੍ਹਾਂ ਨੂੰ ਇਹ ਪੱਕਾ ਪਤਾ ਨਹੀਂ ਸੀ ਕਿ ਅਸਲ 'ਚ ਕਿੰਨੇ ਵਿਅਕਤੀ ਇਕੱਠੇ ਹੋਏ ਸਨ। ਇਸ ਮਾਮਲੇ ਬਾਰੇ ਜਾਣਕਾਰੀ ਹੁਣ ਬੀਤੇ ਦਿਨੀਂ ਇੱਕ ਅਜਿਹੇ ਕੂਕਾ ਨੇ ਦਿੱਤੀ ਹੈ, ਜਿਸ ਦੀ ਸੱਚਾਈ 'ਤੇ ਮੈਨੂੰ ਕੋਈ ਸ਼ੱਕ ਨਹੀਂ ਹੈ ਕਿ ਪਿੰਡ ਭੈਣੀ ਦੇ ਦਾਨ ਸਿੰਘ, ਗੁਰਦਿੱਤ ਸਿੰਘ, ਟਕੂਰਾ ਸਿੰਘ, ਜੈਮਲ ਸਿੰਘ ਤੇ ਦਰਬਾਰਾ ਸਿੰਘ ਅਤੇ ਪਿੰਡ ਰਾਈਆਂ ਦੇ ਮੰਗਲ ਸਿੰਘ ਕੋਈ ਨਾ ਕੋਈ ਗ਼ਲਤ ਕੰਮ ਦੀ ਸਾਜ਼ਿਸ਼ ਰਚ ਰਹੇ ਸਨ, ਮੈਂ ਇਸ ਵਿਸ਼ੇ ਬਾਰੇ ਜਾਣਕਾਰੀ ਨੂੰ ਪੱਕਾ ਕਰਨ ਦੀ ਜ਼ਰੂਰਤ ਸਮਝੀ ਕਿ ਪਹਿਲਾਂ ਇਹ ਵੇਖਿਆ ਜਾਵੇ ਕਿ ਇਹ ਗੱਲ ਸੱਚ ਵੀ ਹੈ ਜਾਂ ਨਹੀਂ ਕਿ ਇੰਨੀ ਵੱਡੀ ਗਿਣਤੀ 'ਚ ਇੱਥੇ ਇਕੱਠ ਹੋਇਆ ਸੀ। ਇਸੇ ਮੰਤਵ ਨਾਲ ਮੈਂ ਇਸੇ ਮਹੀਨੇ ਦੀ 18 ਤਰੀਕ ਨੂੰ ਡਿਪਟੀ ਇੰਸਪੈਕਟਰ ਸਰਫ਼ਰਾਜ਼ ਖ਼ਾਨ ਦੀ ਡਿਊਟੀ ਤੜਕੇ ਛੇਤੀ ਲਾਈ। ਇਸ ਅਧਿਕਾਰੀ ਦੀ ਰਿਪੋਰਟ ਦਰਸਾਉਂਦੀ ਹੈ ਕਿ ਉਹ 39 ਕੂਕਿਆਂ ਦੇ ਨਾਂਅ ਤੇ ਉਨ੍ਹਾਂ ਦੇ ਰਿਹਾਇਸ਼ੀ ਪਤੇ ਇਕੱਠੇ ਕਰਨ ਵਿੱਚ ਸਫ਼ਲ ਰਿਹਾ ਹੈ, ਜੋ ਨਾਲ ਨੱਥੀ ਸੂਚੀ 'ਚ ਦਿੱਤੇ ਗਏ ਹਨ। ਡਿਪਟੀ ਇੰਸਪੈਕਟਰ ਨੂੰ ਆਪਣੇ ਵੱਲ ਆਉਂਦਾ ਤੱਕ ਕੇ ਕੂਕੇ ਤੁਰੰਤ ਖਿੰਡ-ਪੁੰਡ ਗਏ ਤੇ ਉਨ੍ਹਾਂ 'ਚੋਂ ਬਹੁਤੇ ਉੱਥੋਂ ਨੱਸ ਗਏ ਪਰ ਕਿਸੇ ਵੀ ਤਰ੍ਹਾਂ ਦੀ ਹੰਗਾਮੀ ਹਾਲਤ ਨਾਲ ਨਿਪਟਣ ਲਈ ਡਿਪਟੀ ਇੰਸਪੈਕਟਰ ਸਰਫ਼ਰਾਜ਼ ਖ਼ਾਨ ਨੇ ਬਹੁਤ ਸੂਝ-ਬੂਝ ਨਾਲ ਸਾਵਧਾਨੀ ਵਜੋਂ ਕਦਮ ਚੁੱਕਦਿਆਂ ਸਫ਼ਲਤਾਪੂਰਵਕ ਕਈ ਕੂਕੇ ਆਪਣੀ ਨਿਗਰਾਨੀ ਹੇਠ ਕਰ ਲਏ ਸਨ ਤੇ ਸਿਰਫ਼ ਕੁਝ ਕੁ ਜਣੇ ਹੀ ਨੱਸ ਸਕੇ ਸਨ। ਉੱਥੋਂ ਗੁਰਦਾਸ ਸਿੰਘ (ਜਿਸ ਦਾ ਅਸਲ ਨਾਂਅ ਬਾਅਦ 'ਚ ਗੁਰਦਿੱਤ ਸਿੰਘ ਨਿੱਕਲਿਆ) ਨਾਂਅ ਦੇ ਇੱਕ ਵਿਅਕਤੀ ਦਾ ਇੱਕ ਰੱਥ ਜਾਂ ਚਾਰ ਪਹੀਆਂ ਵਾਲੀ ਦੇਸੀ ਰੇਹੜੀ ਤੇ ਤਿੰਨ ਬਲਦ ਅਤੇ ਇੱਕ ਅਵਾਰਾ ਊਠ (ਜਿਸ ਉੱਤੇ ਬਾਅਦ 'ਚ ਜ਼ਿਲ੍ਹਾ ਕਰਨਾਲ ਦੇ ਬੁਢਲਾਡਾ ਲਾਗਲੇ ਪਿੰਡ ਕਲੇਰੀ ਦੇ ਬਿਸ਼ਨ ਕੂਕਾ ਨੇ ਆਪਣਾ ਦਾਅਵਾ ਜਤਾਇਆ) ਅਤੇ ਮਸਤ ਨਾਂਅ ਦੇ ਵਿਅਕਤੀ ਦੀ ਇੱਕ ਖੱਚਰ ਜਿਹਾ ਸਾਮਾਨ ਮਿਲਿਆ। ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਨੱਤਿਆਣਾ ਦੇ ਤਰਖਾਣ ਰਤਨ ਸਿੰਘ ਦੀ ਅੱਟਰੀ, ਲੋਹੇ ਦੀਆਂ ਦੋ ਰਾਡਾਂ ਤੇ ਚਾਰ ਕੁਹਾੜੀਆਂ ਸਮੇਤ ਕੁਝ ਡਾਂਗਾਂ ਪੁਲਿਸ ਨੇ ਉੱਥੋਂ ਬਰਾਮਦ ਕੀਤੀਆਂ ਸਨ। ਗੁਰਦਾਸ ਸਿੰਘ ਦੀ ਇੱਕ ਮੁਟਿਆਰ ਸਾਥਣ ਵੀ ਸੀ, ਜਿਸ ਬਾਰੇ ਉਸ ਨੇ ਦੱਸਿਆ ਕਿ ਉਸ ਦੀ ਭੈਣ ਸੀ। ਉਸ ਨੇ ਖ਼ੁਦ ਦੇ ਕੂਕਾ ਹੋਣ ਅਤੇ ਭੈਣੀ ਜਾਂ ਕੂਕਾ ਸੰਪਰਦਾਇ ਬਾਰੇ ਕੁਝ ਵੀ ਜਾਣਨ ਤੋਂ ਵੀ ਇਨਕਾਰ ਕੀਤਾ। ਉਸ ਨੇ ਦੱਸਿਆ ਕਿ ਉਹ ਤਾਂ ਪਟਿਆਲਾ ਇਲਾਕੇ ਦੇ ਥਾਣਾ ਗੋਬਿੰਦਗੜ੍ਹ ਅਧੀਨ ਪੈਂਦੇ ਪਿੰਡ ਨਾਰਾਇਣਗੜ੍ਹ ਦਾ ਇੱਕ

ਜੱਟ-ਜ਼ਿਮੀਂਦਾਰ ਹੈ ਅਤੇ ਉਹ ਲੁੱਦੜਾਂ ਤੋਂ ਪਰਤ ਰਿਹਾ ਸੀ, ਉਸ ਦੀ ਭੈਣ ਮਹਿਤਾਬ ਕੌਰ ਉੱਥੇ ਬਸੰਤ ਸਿੰਘ ਨਾਂਅ ਦੇ ਇੱਕ ਜ਼ਿਮੀਂਦਾਰ ਨਾਲ ਵਿਆਹੀ ਹੈ। ਡਿਪਟੀ ਇੰਸਪੈਕਟਰ ਜਦੋਂ ਕੂਕਿਆਂ ਦੇ ਨਾਂਅ ਲਿਖ ਰਿਹਾ ਸੀ, ਤਦ ਗੁਰਦਾਸ ਸਿੰਘ ਨੇ ਤੁਰੰਤ ਬਹੁਤ ਚੁੱਪ-ਚੁਪੀਤੇ ਹਸਤਾਖਰ ਕੀਤੇ ਅਤੇ ਆਪਣੀ ਕਥਿਤ ਭੈਣ ਮਹਿਤਾਬ ਕੌਰ ਨੂੰ ਬਲ਼ਦਾਂ ਵਾਲੇ ਗੱਡੇ 'ਤੇ ਲੈ ਕੇ ਚਲਾ ਗਿਆ। ਕੁਝ ਚਿਰ ਬਾਅਦ ਹੀ ਉਸ ਗੁੰਮ ਹੋਏ ਗੱਡੇ ਦੀ ਭਾਲ਼ 'ਚ ਗਈ ਅਤੇ ਉਸ ਨੂੰ ਵਾਪਸ ਲਿਆਂਦਾ। ਕੂਕੇ ਤਦ ਗੁਰਦਾਸ ਸਿੰਘ ਅਤੇ ਉਸ ਦੀ ਭੈਣ ਨੂੰ ਲੈ ਕੇ ਕਾਫ਼ੀ ਫ਼ਿਕਰਮੰਦ ਪਾਏ ਗਏ ਅਤੇ ਉਹ ਸਾਰੇ ਇਹੋ ਚਾਹੁੰਦੇ ਸਨ ਕਿ ਉਹ ਕਿਤੇ ਫੜੇ ਜਾਂ ਮੇਰੇ ਸਾਹਮਣੇ ਪੇਸ਼ ਨਾ ਹੋ ਜਾਣ। ਊਠ ਦਾ ਮਾਲਕ ਤੇ ਪਿੰਡ ਕਲੇਰੀ ਦਾ ਰਹਿਣ ਵਾਲਾ ਬਿਸ਼ਨ ਸਿੰਘ ਨੇ ਤਾਂ ਡਿਪਟੀ ਇੰਸਪੈਕਟਰ ਨੂੰ ਰਿਸ਼ਵਤ ਤੱਕ ਦੇਣ ਦੀ ਪੇਸ਼ਕਸ਼ ਕੀਤੀ। ਗੁਰਦਾਸ ਸਿੰਘ ਕਿਸੇ ਵੀ ਅਜਨਬੀ ਨੂੰ ਆਪਣੀ ਭੈਣ ਤੱਕ ਪਹੁੰਚ ਨਹੀਂ ਕਰਨ ਦੇ ਰਿਹਾ ਸੀ ਤੇ ਨਾਲ ਹੀ ਉਸ ਨੂੰ ਕਿਸੇ ਨਾਲ ਕੋਈ ਗੱਲ ਕਰਨ ਦਿੰਦਾ ਸੀ ਅਤੇ ਉਸ ਨੇ ਡਿਪਟੀ ਇੰਸਪੈਕਟਰ ਵੱਲੋਂ ਪੁੱਛੇ ਗਏ ਸੁਆਲਾਂ ਦੇ ਜੁਆਬ 'ਚ ਵੀ ਭੈਣ ਨੂੰ ਕੁਝ ਬੋਲਣ ਨਹੀਂ ਦਿੱਤਾ ਤੇ ਆਪਣੇ ਹੱਕ 'ਚ ਦਲੀਲ ਇਹ ਦਿੱਤੀ ਕਿ ਦਰਅਸਲ ਉਸ ਦੇ ਪਰਿਵਾਰ ਦੀਆਂ ਮਹਿਲਾ ਮੈਂਬਰ ਬਹੁਤ ਸਖ਼ਤੀ ਨਾਲ ਏਕਾਂਤਵਾਸ 'ਚ ਹੀ ਰਹਿੰਦੀਆਂ ਹਨ ਤੇ ਉਨ੍ਹਾਂ ਨੂੰ ਬੋਲਣ ਦੀ ਸਖ਼ਤ ਮਨਾਹੀ ਹੁੰਦੀ ਹੈ ਅਤੇ ਇਹ ਉਨ੍ਹਾਂ ਦੇ ਵਰਗ ਦਾ ਰਿਵਾਜ ਹੈ। ਉਸ ਨੇ ਖ਼ੁਦ ਦੇ ਤੇ ਆਪਣੀ ਭੈਣ ਦੇ ਕੂਕਾ ਸੰਪਰਦਾਇ ਨਾਲ ਸੰਬੰਧਤ ਹੋਣ ਤੋਂ ਵੀ ਇਨਕਾਰ ਕੀਤਾ। ਉਸ ਨੇ ਇਹ ਵੀ ਦੱਸਿਆ ਕਿ ਉਸ ਨੂੰ ਪਸ਼ੂਆਂ ਦਾ ਮਾਸ ਖਾਣ ਤੇ ਸ਼ਰਾਬ ਪੀਣ ਦੀ ਆਦਤ ਹੈ। ਉਸ ਨੇ ਚਮੜੇ ਦੀ ਮਸ਼ਕ 'ਚੋਂ ਸ਼ਰਾਬ ਵੀ ਪੀ ਕੇ ਵਿਖਾਈ। ਗੁਰਦਾਸ ਸਿੰਘ ਦੇ ਕੁਝ ਆਪਾ-ਵਿਰੋਧੀ ਜਿਹੇ ਬਿਆਨਾਂ ਅਤੇ ਉਸ ਦੇ ਨਾਲ ਹੀ ਪੁਲਿਸ ਦੇ ਹੱਥੋਂ ਤੁਰੰਤ ਨਿਕਲ ਜਾਣ ਦੀ ਤਿੱਖੀ ਤਾਂਘ ਨੇ ਉਸ ਖ਼ਿਲਾਫ਼ ਸ਼ੱਕ ਨੂੰ ਹੋਰ ਵੀ ਜ਼ਿਆਦਾ ਵਧਾ ਦਿੱਤਾ। ਫਿਰ ਇਹੋ ਅਨੁਮਾਨ ਲਾਇਆ ਗਿਆ ਕਿ ਉਹ ਜ਼ਰੂਰ ਕੋਈ ਭਗੌੜਾ ਅਪਰਾਧੀ ਹੋ ਸਕਦਾ ਹੈ ਜਾਂ ਜਿਹੜੀ ਔਰਤ ਉਸ ਨਾਲ ਮੌਜੂਦ ਹੈ, ਉਸ ਨੂੰ ਉਸ ਨੇ ਅਗ਼ਵਾ ਕੀਤਾ ਹੈ। ਇਨ੍ਹਾਂ ਕੂਕਿਆਂ ਦੇ ਪਿਛੋਕੜ ਨੂੰ ਯਕੀਨੀ ਬਣਾਉਣ ਲਈ ਮੈਂ ਆਪਣਾ ਇੱਕ ਗੁਪਤ ਏਜੰਟ ਸੱਦ ਲਿਆ, ਜੋ ਦੇਰ ਰਾਤੀਂ ਅੱਪੜਿਆ। ਅਗਲੀ ਸਵੇਰ (19 ਮਾਰਚ, 1881) ਨੂੰ ਮੈਨੂੰ ਉਸ ਨੇ ਸੂਚਿਤ ਕੀਤਾ ਕਿ ਗੁਰਦਾਸ ਸਿੰਘ ਇੱਕ ਪ੍ਰਭਾਵਸ਼ਾਲੀ ਕੂਕਾ ਸੂਬਾ ਸੀ ਤੇ ਉਸ ਦਾ ਅਸਲ ਨਾਂਅ ਗੁਰਦਿੱਤ ਸਿੰਘ ਹੈ। ਉਸ ਦੀ ਜਾਤ ਨਾਈ ਹੈ ਅਤੇ ਪਟਿਆਲਾ ਖੇਤਰ ਵਿੱਚ ਅਨੋਹਦਗੜ੍ਹ ਥਾਣੇ ਅਧੀਨ ਪੈਂਦੇ ਪਿੰਡ ਮੌਜ਼ਾ ਨਾਈਵਾਲਾ ਦਾ ਵਸਨੀਕ ਹੈ। ਉਸੇ ਪਿੰਡ ਦੇ ਉਸ ਦੇ ਰਿਸ਼ਤੇਦਾਰ ਰਤਨ ਸਿੰਘ ਨਾਈ ਦੇ ਬਹੁਤ ਪੱਕੇ ਦੋਸਤ ਨੂੰ ਕਸਾਈਆਂ ਦੇ ਕਤਲਾਂ ਲਈ ਹੋਰਨਾਂ ਕੂਕਿਆਂ ਨਾਲ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ। ਉਸ ਮਾਮਲੇ 'ਚ ਗੁਰਦਿੱਤ ਸਿੰਘ ਦੇ ਫਸਣ ਦੀ ਵੀ ਪੂਰੀ ਸੰਭਾਵਨਾ ਸੀ ਪਰ ਉਸ ਵਿਰੁੱਧ ਕੁਝ ਵੀ ਤਸੱਲੀਬਖ਼ਸ਼ ਢੰਗ ਨਾਲ ਸਿੱਧ ਨਹੀਂ ਕੀਤਾ ਜਾ ਸਕਿਆ ਸੀ। ਪਟਿਆਲਾ ਦੇ ਅਧਿਕਾਰੀਆਂ ਨੇ ਉਸ ਨੂੰ 500/- ਰੁਪਏ ਦੀ ਜ਼ਮਾਨਤ ਅਤੇ ਇਸ ਸ਼ਰਤ 'ਤੇ ਰਿਹਾਅ ਕੀਤਾ ਸੀ ਕਿ

ਉਹ ਸ਼ਾਂਤੀ ਕਾਇਮ ਰੱਖੇਗਾ ਤੇ ਕਦੇ ਵੀ ਪਿੰਡ ਭੈਣੀ ਨਹੀਂ ਜਾਵੇਗਾ ਜਾਂ ਆਪਣੇ ਪਿੰਡ ਤੋਂ ਵੀ ਬਾਹਰ ਨਹੀਂ ਜਾਵੇਗਾ। ਇਹ ਵੀ ਪਤਾ ਲੱਗਾ ਸੀ ਕਿ ਉਸ ਤੋਂ ਪਹਿਲਾਂ ਵੀ ਅਧਿਕਾਰੀਆਂ ਨੇ ਉਸ 'ਤੇ ਪਾਬੰਦੀਆਂ ਲਾਈਆਂ ਸਨ। ਉਸ ਦੇ ਨਾਲ ਜਿਹੜੀ ਮਹਿਲਾ ਸਾਥਣ ਨੂੰ ਉਹ ਆਪਣੀ ਭੈਣ ਆਖ ਰਿਹਾ ਸੀ, ਉਹ ਗ਼ਲਤ ਦੱਸ ਰਿਹਾ ਸੀ। ਮਾਈਸਰਖਾਨਾ ਦੇ ਅਤਰੀ ਨੇ ਦਾਅਵਾ ਕੀਤਾ ਸੀ ਕਿ ਉਹ ਗੁਰੂ ਰਾਮ ਸਿੰਘ ਜੀ ਦੀ ਪਤਨੀ ਹਨ ਅਤੇ ਉਹ ਪਟਿਆਲਾ ਦੇ ਅਧਿਕਾਰੀਆਂ ਦੀ ਜਾਣਕਾਰੀ ਤੋਂ ਬਗ਼ੈਰ ਹੀ ਗੁਪਤ ਤੌਰ 'ਤੇ ਇੱਥੇ ਪੁੱਜੇ ਸਨ ਕਿਉਂਕਿ ਉਨ੍ਹਾਂ ਅਧਿਕਾਰੀਆਂ ਨੇ ਕਦੇ ਵੀ ਉਨ੍ਹਾਂ ਨੂੰ ਆਪਣੇ ਪਿੰਡ ਤੋਂ ਬਾਹਰ ਕਿਤੇ ਵੀ ਜਾਂ ਭੈਣੀ ਵੱਲ ਜਾਣ ਨਹੀਂ ਦਿੱਤਾ ਸੀ। ਇਹ ਸਾਰੀ ਜਾਣਕਾਰੀ ਇਕੱਠੀ ਕਰਨ ਤੋਂ ਬਾਅਦ ਮੈਂ ਗੁਰਦਾਸ ਸਿੰਘ ਦਾ ਬਿਆਨ ਸਥਾਨਕ ਭਾਸ਼ਾ 'ਚ ਦਰਜ ਕੀਤਾ, ਜੋ ਬਾਅਦ 'ਚ ਉਸ ਨੇ ਆਪ ਹੀ ਮੰਨ ਲਿਆ ਕਿ ਉਸ ਨੇ ਝੂਠ ਬੋਲਿਆ ਸੀ। ਅਤਰੀ ਨੇ ਵੀ ਆਪਣੇ ਕਥਿਤ ਭਰਾ ਗੁਰਦਾਸ ਸਿੰਘ ਦੇ ਝੂਠੇ ਬਿਆਨਾਂ ਦੀ ਪੁਸ਼ਟੀ ਕੀਤੀ ਸੀ। ਅਤਰੀ ਨੂੰ ਚਾਰ ਜਾਂ ਪੰਜ ਵਰ੍ਹੇ ਪਹਿਲਾਂ ਵੇਖਿਆ ਸੀ, ਜਦੋਂ ਉਹ ਗੁਪਤ ਤੌਰ 'ਤੇ ਭੈਣੀ ਪੁੱਜੇ ਸਨ ਤੇ ਡਿਪਟੀ ਕਮਿਸ਼ਨਰ ਮੇਜਰ ਗਾਰਡਨ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਪੇਕੇ ਪਿੰਡ ਭੇਜ ਦਿੱਤਾ ਸੀ। ਮੈਂ ਉਨ੍ਹਾਂ ਦਾ ਚਿਹਰਾ ਉਦੋਂ ਹੀ ਪਛਾਣ ਗਿਆ ਸਾਂ, ਜਿਵੇਂ ਹੀ ਉਨ੍ਹਾਂ ਮੇਰੇ ਕਹਿਣ 'ਤੇ ਬਹੁਤ ਬੇਦਿਲੀ ਜਿਹੀ ਨਾਲ ਮੂੰਹ 'ਤੇ ਲਪੇਟਿਆ ਕੱਪੜਾ ਥੋੜ੍ਹਾ ਪਰ੍ਹਾਂ ਕੀਤਾ ਸੀ। ਫਿਰ ਕੁਝ ਝਿਜਕਦਿਆਂ ਉਨ੍ਹਾਂ ਆਪਣੇ ਅੱਤਰੀ ਹੋਣਾ ਕਬੂਲ ਕੀਤਾ ਅਤੇ ਦੱਸਿਆ ਕਿ ਉਹ ਕਿਉਂਕਿ ਅਧਿਕਾਰੀਆਂ ਨੂੰ ਬਿਨਾਂ ਦੱਸੇ ਪਟਿਆਲਾ ਤੋਂ ਆ ਗਏ ਹਨ, ਇਸ ਲਈ ਉਹ ਆਪਣੀ ਪਛਾਣ ਨਹੀਂ ਦੱਸ ਰਹੇ ਸਨ। ਉਨ੍ਹਾਂ ਦੇ ਮਾਪਿਆਂ ਦੀ ਮੌਤ ਹੋ ਚੁੱਕੀ ਹੈ ਤੇ ਉਨ੍ਹਾਂ ਨੂੰ ਹੁਣ ਪਟਿਆਲਾ ਰਿਆਸਤ 'ਚ ਜ਼ੁਲਮ ਸਹਿਣਾ ਬਹੁਤ ਔਖਾ ਹੋ ਰਿਹਾ ਹੈ। ਉਹ ਹੁਣ ਭੈਣੀ ਆ ਕੇ ਬੁੱਧ ਸਿੰਘ ਹੁਰਾਂ ਨਾਲ ਰਹਿਣ ਦੀ ਮਨਸ਼ਾ ਨਾਲ ਆਏ ਸਨ। ਜਿਵੇਂ ਹੀ ਅਤਰੀ ਦੀ ਸ਼ਨਾਖ਼ਤ ਹੋਈ, ਤਾਂ ਗੁਰਦਿੱਤ ਸਿੰਘ ਵੀ ਖੁੱਲ੍ਹ ਗਿਆ ਤੇ ਉਸ ਨੇ ਆਪਣਾ ਅਸਲ ਨਾਂਅ ਜਾਤ ਤੇ ਰਿਹਾਇਸ਼ੀ ਪਤਾ ਦੱਸ ਦਿੱਤਾ ਅਤੇ ਕਬੂਲ ਕੀਤਾ ਕਿ ਉਸ ਨੂੰ ਕਸਾਈਆਂ ਦੇ ਕਤਲ ਕਾਂਡ ਵਿੱਚ 500/- ਰੁਪਏ ਦੀ ਜ਼ਮਾਨਤ ਰਾਸ਼ੀ ਅਦਾ ਕਰਨੀ ਪਈ ਸੀ। ਉਸ ਨੇ ਇਹ ਵੀ ਦੱਸਿਆ ਕਿ ਉਹ ਲੁੱਧੜਾਂ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਤੋਂ ਬਾਅਦ ਪਰਤ ਰਿਹਾ ਸੀ ਅਤੇ ਉਸ ਨੇ ਰਾਹ 'ਚ ਵੇਖਿਆ ਕਿ ਪੁਲਿਸ ਕੂਕਿਆਂ ਨੂੰ ਗ੍ਰਿਫ਼ਤਾਰ ਕਰ ਰਹੀ ਸੀ। ਉੱਥੇ ਉਸ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਅਤਰੀ, ਜੋ ਉਨ੍ਹਾਂ ਨੂੰ ਨਹੀਂ ਜਾਣਦੇ ਸਨ, ਉਨ੍ਹਾਂ ਦੇ ਰੇਹੜੇ 'ਤੇ ਬਹਿ ਗਏ। ਇਹ ਬਿਆਨ ਸ਼ਾਇਦ ਗ਼ਲਤ ਸੀ ਕਿਉਂਕਿ ਅਤਰੀ ਤੇ ਉਨ੍ਹਾਂ ਨਾਲ ਮੌਜੂਦ ਹੋਰ ਕੂਕਿਆਂ ਦਾ ਬਿਆਨ ਕੁਝ ਹੋਰ ਕਿਸਮ ਦਾ ਸੀ। ਦਰਅਸਲ, ਉਨ੍ਹਾਂ ਸਾਰਿਆਂ ਦੇ ਹੀ ਬਿਆਨ ਇੱਕ-ਦੂਜੇ ਤੋਂ ਵੱਖਰੇ ਸਨ ਤੇ ਇੰਝ ਸਿੱਧ ਹੁੰਦਾ ਸੀ ਕਿ ਉਹ ਝੂਠ ਬੋਲ ਰਹੇ ਸਨ।

ਅਤਰੀ ਦੀ ਪੋਥੀ 'ਚੋਂ ਮੈਨੂੰ ਗੁਰੂ ਰਾਮ ਸਿੰਘ ਜੀ ਦੀਆਂ ਪਿਛਲੇ ਵਰ੍ਹੇ ਭਗਵਾਨ ਸਿੰਘ ਤੇ ਸੁੰਦਰ ਸਿੰਘ ਕੂਕਿਆਂ ਵੱਲੋਂ ਲਿਖੀਆਂ ਚਿੱਠੀਆਂ ਮਿਲੀਆਂ। ਇਨ੍ਹਾਂ

ਚਿੱਠੀਆਂ 'ਚ ਕੁਝ ਵੀ ਅਹਿਮ ਨਹੀਂ ਸੀ। ਇਨ੍ਹਾਂ ਚਿੱਠੀਆਂ 'ਚ ਅਫ਼ਗ਼ਾਨ ਜੰਗ, ਰੂਸੀਆਂ ਪ੍ਰਤੀ ਪਹੁੰਚ ਅਤੇ ਅੰਗਰੇਜ਼ਾਂ ਵਿਰੁੱਧ ਅਫ਼ਗ਼ਾਨਿਸਤਾਨ ਦੀਆਂ ਫ਼ੌਜਾਂ ਨੂੰ ਉਨ੍ਹਾਂ ਦੇ ਸਹਿਯੋਗ, ਅੰਗਰੇਜ਼ਾਂ ਦੀ ਕਾਮਯਾਬੀ ਜਾਂ ਹਾਰ ਆਦਿ ਬਾਰੇ ਜਾਣਕਾਰੀ ਮੰਗੀ ਗਈ ਸੀ। ਬਾਬਾ ਰਾਮ ਸਿੰਘ ਜੀ ਨੇ ਚਿੱਠੀਆਂ ਰਾਹੀਂ ਇਹ ਵੀ ਪੁੱਛਿਆ ਸੀ ਕਿ ਕੀ ਪੇਸ਼ਾਵਰ ਤੱਕ ਰੇਲ ਪਟੜੀਆਂ ਵਿਛ ਗਈਆਂ ਹਨ ਜਾਂ ਨਹੀਂ ਅਤੇ ਇਹ ਵੀ ਕਿ ਕੀ ਸਰਹਿੰਦ ਨਹਿਰ 'ਚ ਪਾਣੀ ਛੱਡ ਦਿੱਤਾ ਗਿਆ ਹੈ ਕਿ ਨਹੀਂ। ਅੱਤਰੀ ਦਾ ਹਾਲ ਵੀ ਜਾਣਿਆ ਗਿਆ ਸੀ ਤੇ ਇਹ ਚਿੱਠੀਆਂ ਮਿਲਣ ਜਾਂ ਨਾ ਮਿਲਣ ਦੀ ਚਿੰਤਾ ਵੀ ਜ਼ਾਹਿਰ ਕੀਤੀ ਗਈ ਸੀ। ਅੱਤਰੀ ਜੀ ਕੋਈ ਵੀ ਤਸੱਲੀਬਖ਼ਸ਼ ਜਵਾਬ ਨਹੀਂ ਦੇ ਸਕੇ ਸਨ। ਉਨ੍ਹਾਂ ਇਹੋ ਆਖਿਆ ਕਿ ਉਨ੍ਹਾਂ ਨੂੰ ਕਿਸੇ ਬਾਰੇ ਕੋਈ ਜਾਣਕਾਰੀ ਨਹੀਂ ਹੈ ਅਤੇ ਉਨ੍ਹਾਂ ਅਨੁਮਾਨ ਪ੍ਰਗਟਾਉਂਦਿਆਂ ਆਖਿਆ ਕਿ ਸ਼ਾਇਦ ਇਹ ਚਿੱਠੀਆਂ ਉਹ ਵਿਅਕਤੀ ਉਨ੍ਹਾਂ ਦੀ ਕਿਤਾਬ 'ਚ ਰੱਖ ਗਿਆ ਹੈ, ਜੋ ਉਨ੍ਹਾਂ ਨੂੰ ਖੰਨਾ 'ਚ ਮਿਲਿਆ ਸੀ। ਉਸ ਵਿਅਕਤੀ ਬਾਰੇ ਬਾਅਦ 'ਚ ਪਤਾ ਲੱਗਾ ਕਿ ਉਹ ਇੱਕ ਗੁਪਤ ਏਜੰਟ ਜਾਂ ਮੁਖ਼ਬਰ ਸੀ। ਇਹ ਵਿਆਖਿਆ ਅਸਪੱਸ਼ਟ ਹੈ। ਰੋੜਾ ਦੇ ਨਾਰਾਇਣ ਸਿੰਘ ਤੋਂ ਮੈਨੂੰ 1878 'ਚ ਕਈ ਚਿੱਠੀਆਂ ਮਿਲੀਆਂ ਸਨ ਤੇ ਤਦ ਉਸ ਨੇ ਵੀ ਫ਼ਜ਼ੂਲ ਦੇ ਬਹਾਨੇ ਲਾਏ ਸਨ।

ਇਸ ਇਕੱਠ ਦਾ ਅਸਲ ਮਕਸਦ ਕੀ ਸੀ, ਮੈਨੂੰ ਉਹ ਪਤਾ ਨਹੀਂ ਲੱਗ ਸਕਿਆ। ਉਂਝ ਇਹ ਇੱਕ ਖ਼ਾਸ ਗੁਪਤ ਮੀਟਿੰਗ ਸੀ, ਜਿਸ ਵਿੱਚ ਚਾਰ ਪ੍ਰਮੁੱਖ ਕੂਕਿਆਂ ਗੁਰਦਿੱਤ ਸਿੰਘ ਵਾਸੀ ਨਾਈਵਾਲਾ, ਸਿਰਸਾ ਦੀ ਸੂਚੀ 'ਚ ਨੰ. 1 ਕਸ਼ੇਲ ਸਿੰਘ, ਗਦਰੀਵਾਲਾ ਦੇ ਨੰ. 13 ਨੱਥਾ ਸਿੰਘ ਅਤੇ ਫ਼ਿਰੋਜ਼ਪੁਰ ਦੀ ਸੂਚੀ ਵਿੱਚ ਬਾਜਾ ਤੋਂ ਨੰ. 16 ਕਾਹਨ ਸਿੰਘ ਨੇ ਭਾਗ ਲਿਆ ਸੀ। ਅਤਰੀ ਜੀ ਵੀ ਇਨ੍ਹਾਂ ਕੂਕਿਆਂ ਦੇ ਨਾਲ ਹੀ ਸਨ ਤੇ ਉਨ੍ਹਾਂ ਦਾ ਇਸ ਸੰਪਰਦਾਇ 'ਤੇ ਚੋਖਾ ਪ੍ਰਭਾਵ ਸੀ। ਭਾਵੇਂ ਫ਼ਿਰੋਜ਼ਪੁਰ ਦੀ ਸੂਚੀ ਵਿੱਚ ਨੰ. 16 ਕਾਹਨ ਸਿੰਘ ਨੂੰ ਇਸ ਟੋਲੀ ਨਾਲ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਸੀਪਰ ਬੇਸ਼ੱਕ ਉਹ ਇਸ ਮੀਟਿੰਗ ਦਾ ਹਿੱਸਾ ਸਨ ਪਰ ਉਹ ਡਿਪਟੀ ਇੰਸਪੈਕਟਰ ਦੇ ਪੁੱਜਣ ਤੋਂ ਪਹਿਲਾਂ ਹੀ ਭੈਣੀ ਚਲੇ ਗਏ ਸਨ। ਉਸ ਖ਼ਿਲਾਫ਼ ਇੱਕ ਪੁਲਿਸ ਅਧਿਕਾਰੀ ਦੇ ਸਰਕਾਰੀ ਕੰਮ 'ਚ ਵਿਘਨ ਪਾਉਣ ਦਾ ਕੇਸ ਵੱਖਰੇ ਤੌਰ 'ਤੇ ਚਲਾਇਆ ਜਾ ਰਿਹਾ ਹੈ। ਉੱਥੇ ਜਿਹੜੇ ਵੀ ਪ੍ਰਮੁੱਖ ਵਿਅਕਤੀ ਮੌਜੂਦ ਸਨ, ਉਨ੍ਹਾਂ 'ਚੋਂ ਕਿਸੇ ਦਾ ਵੀ ਚਰਿੱਤਰ ਵਧੀਆ ਨਹੀਂ ਹੈ, ਉਹ ਸਾਰੇ ਹੀ ਝਗੜਾਲੂ ਕਿਸਮ ਦੇ ਵਿਅਕਤੀ ਹਨ ਤੇ ਵਿਵਾਦ ਉਨ੍ਹਾਂ ਦੇ ਨਾਲ-ਨਾਲ ਚੱਲਦੇ ਰਹੇ ਹਨ।

ਇੱਕ ਸੰਪਰਦਾਇ ਦਾ ਇੰਨਾ ਵੱਡਾ ਇਕੱਠ, ਜਿਸ ਦੇ ਮੈਂਬਰਾਂ 'ਚ ਪਹਿਲਾਂ ਹੀ ਗੜਬੜੀਆਂ ਕਰਨ ਦਾ ਪ੍ਰਮਾਣਿਤ ਰੁਝਾਨ ਰਿਹਾ ਹੋਵੇ, ਜ਼ਰੂਰ ਕੁਝ ਖ਼ਤਰਨਾਕ ਕਰਨ ਦੀ ਯੋਜਨਾ ਉਲੀਕ ਰਿਹਾ ਹੋ ਸਕਦਾ ਹੈ ਤੇ ਹੋ ਸਕਦਾ ਹੈ ਕਿ ਹੁਣ ਕੋਈ ਹਿੰਸਕ ਅਪਰਾਧ ਹੋਣ ਵਾਲਾ ਹੋਵੇ। ਭੈਣੀ 'ਚ ਗਾਰਡਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਸਾਹਨੇਵਾਲ ਦਾ ਪੁਲਿਸ ਥਾਣਾ ਭੈਣੀ ਤੋਂ ਘੱਟੋ-ਘੱਟ ਸੱਤ ਮੀਲ ਦੀ ਦੂਰੀ 'ਤੇ

ਸਥਿਤ ਹੈ, ਇੰਨੇ ਕੁ ਪੁਲਿਸ ਬਲ ਨਾਲ ਗੱਲ ਨਹੀਂ ਬਣਨੀ। ਉਸ ਥਾਣੇ 'ਚ ਕਦੇ ਵੀ ਚਾਰ ਤੋਂ ਵੱਧ ਵਿਅਕਤੀ ਮੌਜੂਦ ਨਹੀਂ ਰਹੇ। ਕੱਟੜਵਾਦ ਇਨ੍ਹਾਂ ਕੂਕਿਆਂ 'ਚ ਕੁੱਟ-ਕੁੱਟ ਕੇ ਭਰਿਆ ਹੋਇਆ ਹੈ ਅਤੇ ਜੇ ਕਦੇ ਇਨ੍ਹਾਂ ਦਾ ਥੋੜ੍ਹਾ ਜਿੰਨਾ ਵੀ ਵਿਰੋਧ ਕੀਤਾ ਜਾਵੇ, ਤਾਂ ਇਹ ਭੰਗ ਦੇ ਨਸ਼ੇ ਕਾਰਣ ਤੁਰੰਤ ਹਿੰਸਕ ਹੋ ਜਾਂਦੇ ਹਨ। ਭੈਣੀ 'ਚ ਗਾਰਡਾਂ ਦੀ ਗਿਣਤੀ ਸ਼ਾਇਦ ਵਧੇਰੇ ਹੋਣੀ ਚਾਹੀਦੀ ਹੈ ਕਿਉਂਕਿ ਅਜਿਹੇ ਇਕੱਠ ਜ਼ਰੂਰ ਹਰ ਹਾਲਤ 'ਚ ਕਾਨੂੰਨੀ ਤਰੀਕੇ ਨਾਲ ਰੋਕਣੇ ਹੋਣਗੇ। ਇਹ ਗੁਪਤ ਮੀਟਿੰਗ ਭੈਣੀ ਦੇ ਬਹੁਤ ਨੇੜੇ ਹੀ ਹੋ ਰਹੀ ਸੀ ਅਤੇ ਭੈਣੀ 'ਚ ਕੂਕਿਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਦਾ ਹੁਕਮ ਸਰਕਾਰ ਨੇ ਹਾਲੇ ਪਿੱਛੇ ਜਿਹੇ ਹੀ ਸਖ਼ਤੀ ਨਾਲ ਲਾਗੂ ਕੀਤਾ ਹੈ। ਇਸੇ ਲਈ ਮੈਂ ਜਨਤਕ ਹਿਤ 'ਚ ਇਨ੍ਹਾਂ ਕੂਕਿਆਂ ਵਿਰੁੱਧ ਅਪਰਾਧਕ ਦੰਡ ਸੰਘਤਾ ਦੀਆਂ ਧਾਰਾਵਾਂ 504 ਅਤੇ 505 ਅਧੀਨ ਕਾਰਵਾਈ ਕਰਨਾ ਆਪਣਾ ਫ਼ਰਜ਼ ਸਮਝਿਆ ਹੈ। ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ ਤੇ ਉਹ ਮੈਜਿਸਟ੍ਰੇਟ ਸਾਹਵੇਂ ਨਿਸ਼ਚਿਤ ਤਰੀਕ ਨੂੰ ਪੇਸ਼ ਹੋ ਜਾਣਗੇ। ਮੈਂ ਇਸ ਰਿਪੋਰਟ ਨਾਲ ਭੈਣੀ ਨੇੜੇ ਗ੍ਰਿਫ਼ਤਾਰ ਕੀਤੇ ਕੂਕਿਆਂ ਦੀ ਸੂਚੀ ਵੀ ਭੇਜ ਰਿਹਾ ਹਾਂ, ਤਾਂ ਜੋ ਡਿਪਟੀ ਕਮਿਸ਼ਨਰ ਇਸ ਬਾਰੇ ਕੋਈ ਵਾਜਬ ਹੁਕਮ ਜਾਰੀ ਕਰ ਸਕਣ।

(ਹਸਤਾਖਰ) ਜੇ.ਪੀ. ਵਾਰਬਰਟਨ,

20 ਮਾਰਚ, 1881 ਜ਼ਿਲ੍ਹਾ ਪੁਲਿਸ ਮੁਖੀ, ਸਾਹਨੇਵਾਲ।

ਅਤਰੀ ਤੋਂ ਬਰਾਮਦ ਹੋਈਆਂ ਗੁਰਮੁਖੀ ਲਿਪੀ 'ਚ ਲਿਖੀਆਂ ਅਸਲ ਚਿੱਠੀਆਂ ਪੁਲਿਸ ਦੇ ਇੰਸਪੈਕਟਰ ਜਨਰਲ ਤੱਕ ਪੁੱਜ ਜਾਣਗੀਆਂ।

ਇਸ ਰਿਪੋਰਟ 'ਚ ਇੱਕ ਗੱਲ ਮੈਥੋਂ ਲਿਖਣੀ ਰਹਿ ਗਈ ਸੀ ਕਿ ਜਿਹੜਾ ਕੂਕਾ ਹਰਕਾਰਾ, (ਗੁਰੂ) ਰਾਮ ਸਿੰਘ ਜੀ ਦੀਆਂ ਚਿੱਠੀਆਂ ਲਿਆ ਰਿਹਾ ਹੈ, ਉਹ ਪਿੰਡ-ਪਿੰਡ ਜਾ ਕੇ ਸਾਰੇ ਕੂਕਿਆਂ ਨੂੰ ਪਿੰਡ ਭੈਣੀ ਪੁੱਜਣ ਦਾ ਸੱਦਾ ਦਿੰਦਾ ਰਿਹਾ ਹੈ ਤੇ ਨਾਲ ਹੀ ਉਨ੍ਹਾਂ ਨੂੰ ਇਹ ਵੀ ਆਖਦਾ ਰਿਹਾ ਹੈ ਕਿ ਇਹ ਬਾਬਾ ਰਾਮ ਸਿੰਘ ਜੀ ਦੇ ਹੁਕਮ ਹਨ ਕਿ ਜਿਹੜੇ ਸਮੇਂ ਦੀ ਭਵਿੱਖਬਾਣੀ ਗੁਰੂ ਜੀ ਨੇ ਕੀਤੀ ਸੀ, ਉਹ ਸਮਾਂ ਹੁਣ ਆ ਗਿਆ ਹੈ। ਇਸੇ ਮਹੀਨੇ ਦੀ 17 ਤਰੀਕ ਨੂੰ ਭੈਣੀ ਵਾਲੇ ਬੁੱਧ ਸਿੰਘ ਨੇ ਮੇਰੇ ਸਾਹਮਣੇ ਇਸ ਰਿਪੋਰਟ ਦੀ ਪੁਸ਼ਟੀ ਕੀਤੀ ਹੈ ਪਰ ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਉਹ ਕਥਿਤ ਹਰਕਾਰਾ ਤਾਂ ਇੱਕ ਠੱਗ ਹੈ, ਜੋ ਕੂਕਾ ਸੰਪਰਦਾਇ ਦੇ ਕਈ ਮੈਂਬਰਾਂ ਦੇ ਪੈਸੇ ਡਕਾਰ ਗਿਆ ਹੈ।

(ਹਸਤਾਖਰ) ਜੇ.ਪੀ. ਵਾਰਬਰਟਨ

## 430

ਨੰ. 1354

*ਵੱਲੋਂ*

ਡਬਲਿਊ.ਐੱਮ. ਯੰਗ, ਐਸਕੁਆਇਰ, ਸਕੱਤਰ, ਪੰਜਾਬ ਸਰਕਾਰ।

*ਵੱਲ*

ਮਾਣਯੋਗ ਸੀ. ਗ੍ਰਾਂਟ ਸੀ.ਐੱਸ.,
ਸਕੱਤਰ, ਭਾਰਤ ਸਰਕਾਰ,
ਗ੍ਰਹਿ, ਮਾਲ ਅਤੇ ਖੇਤੀਬਾੜੀ ਵਿਭਾਗ।

*ਮਿਤੀ ਲਾਹੌਰ, 4 ਅਪ੍ਰੈਲ, 1881*

ਸ੍ਰੀਮਾਨ ਜੀ,

ਮੈਂ ਭਾਰਤ ਸਰਕਾਰ ਦੀ ਸੂਚਨਾ ਹਿਤ ਕੂਕਾ ਸੰਪਰਦਾਇ ਦੇ ਸਾਬਕਾ ਮੁਖੀ ਬਾਬਾ ਰਾਮ ਸਿੰਘ ਜੀ ਅਤੇ ਕੂਕਾ ਬੁੱਧ ਸਿੰਘ ਦੇ ਪਿੰਡ ਭੈਣੀ ਨੇੜੇ ਕੂਕਿਆਂ ਦੇ ਇੱਕ ਵੱਡੇ ਇਕੱਠ ਬਾਰੇ ਪੁਲਿਸ ਵਿਭਾਗ ਤੋਂ ਮਿਲੀ ਇੱਕ ਰਿਪੋਰਟ ਭੇਜਣੀ ਚਾਹੁੰਦਾ ਹਾਂ, ਜਿਸ ਤੋਂ ਪੁਲਿਸ ਨੂੰ ਹੈਰਾਨੀ ਹੋਈ ਸੀ; ਅਤੇ ਬਾਬਾ ਰਾਮ ਸਿੰਘ ਜੀ ਦੀਆਂ ਉਨ੍ਹਾਂ ਚਿੱਠੀਆਂ ਦਾ ਅੰਗਰੇਜ਼ੀ ਅਨੁਵਾਦ ਵੀ ਭੇਜਿਆ ਜਾ ਰਿਹਾ ਹੈ, ਜੋ ਇਸ ਇਕੱਠ ਮੌਕੇ ਮੁਸੰਮਤ ਅਤਰੀ ਜੀ ਤੋਂ ਬਰਾਮਦ ਹੋਈਆਂ ਸਨ।

2. ਮਾਣਯੋਗ ਲੈਫ਼ਟੀਨੈਂਟ ਗਵਰਨਰ ਭਾਰਤ ਸਰਕਾਰ ਨੂੰ ਇਨ੍ਹਾਂ ਪੱਤਰਾਂ ਦੇ ਵਿਸ਼ੇ-ਵਸਤੂ ਬਾਰੇ ਦੱਸਣਗੇ ਅਤੇ ਪਤਾ ਲੱਗੇਗਾ ਕਿ ਮਰਗੁਈ 'ਚ ਬਾਬਾ ਰਾਮ ਸਿੰਘ ਜੀ ਦੀ ਨਿਗਰਾਨੀ ਲਈ ਰੱਖੇ ਗਏ ਗਾਰਡ ਪੂਰੀ ਤਰ੍ਹਾਂ ਸਖ਼ਤ ਨਹੀਂ ਹਨ।

ਮੈਂ ਹਾਂ,
(ਹਸਤਾਖਰ) ਪੜ੍ਹਨਯੋਗ ਨਹੀਂ
ਸਕੱਤਰ, ਪੰਜਾਬ ਸਰਕਾਰ ਲਈ

# 431

## 1872 ਦੀ ਅਪਰਾਧਕ ਦੰਡ ਸੰਘਤਾ ਕਾਨੂੰਨ X ਦੀਆਂ ਧਾਰਾਵਾਂ 504 ਅਤੇ 505 ਅਧੀਨ ਗ੍ਰਿਫ਼ਤਾਰ ਕੀਤੇ ਕੂਕਿਆਂ ਦੀ ਸੂਚੀ

| | | *ਰਿਹਾਇਸ਼* | | | |
|---|---|---|---|---|---|
| *ਨਾਂਅ ਅਤੇ ਮਾਪੇ* | *ਜਾਤ* | *ਪਿੰਡ* | *ਪੁਲਿਸ ਥਾਣਾ* | *ਜ਼ਿਲ੍ਹਾ* | *ਟਿੱਪਣੀਆਂ* |
| 1 | 2 | 3 | 4 | 5 | 6 |
| 1. ਗੁਰਦਿੱਤ ਸਿੰਘ ਉਰਫ਼ ਗੁਰਦਾਸ ਸਿੰਘ ਪੁੱਤਰ ਰਾਮ ਸਿੰਘ | ਨਾਈ | ਨਾਈਵਾਲਾ | ਅਨਹਦਗੜ੍ਹ | ਪਟਿਆਲਾ | |
| 2. ਮਹਿਤਾਬ ਕੌਰ ਉਰਫ਼ ਅੱਤਰੀ ਪੁੱਤਰੀ ਰਾਮ ਸਿੰਘ ਉਰਫ਼ ਹਰਨਾਮ ਸਿੰਘ | ਜੱਟ | ਮਾਈਸਰਖਾਨਾ | ਬਠਿੰਡਾ | -ਉਹੀ- | ਵੇਖੋ ਪੁਲਿਸ ਐਬਸਟ੍ਰੈਕਟ ਪੈਰਾ 23 ਪੰਨਾ 37, ਜਿਲਦ III ਅਤੇ ਪਿਛਲਾ ਹਵਾਲਾ |
| 3. ਸੁੰਦਰ ਸਿੰਘ ਪੁੱਤਰ ਭੂਪ ਸਿੰਘ | -ਉਹੀ- | ਜੋਗਾ | ਭੀਖੀ | -ਉਹੀ- | |
| 4. ਨਾਰਾਣੀ ਸਿੰਘ ਪੁੱਤਰ ਖ਼ੁਸ਼ਹਾਲ ਸਿੰਘ | -ਉਹੀ- | ਫਰਵਾਲ | ਹੰਡਿਆਇਆ | -ਉਹੀ- | |
| 5. ਮਹਿਤਾਬ ਸਿੰਘ ਪੁੱਤਰ ਖ਼ਜ਼ਾਨ ਸਿੰਘ | -ਉਹੀ- | ਹੰਡਿਆਇਆ | -ਉਹੀ- | -ਉਹੀ- | |
| 6. ਜਵਾਲਾ ਸਿੰਘ ਪੁੱਤਰ ਦੇਸਾ ਸਿੰਘ | ਸਵਰਨਕਾਰ | ਕਟਾਣਾ | ਦੋਰਾਹਾ | -ਉਹੀ- | ਪਹਿਲਾਂ ਪਿੰਡ ਗੋਲਵੱਟੀ, ਪੁਲਿਸ ਥਾਣਾ ਡਸਕਾ, ਜ਼ਿਲ੍ਹਾ ਸਿਆਲਕੋਟ ਦਾ ਵਾਸੀ ਸੀ ਤੇ ਪੁਲਿਸ ਦਾ ਸਾਰਜੈਂਟ ਰਿਹਾ ਹੈ |
| 7. ਸ੍ਰੀਮਤੀ ਭਗਵਾਨ ਪਤਨੀ ਜਵਾਲਾ ਸਿੰਘ | ਸਵਰਨਕਾਰ | ਕਟਾਣਾ | ਦੋਰਾਹਾ | -ਉਹੀ- | |
| 8. ਭਵਨ ਸਿੰਘ ਪੁੱਤਰ ਰਾਮ ਸਿੰਘ | ਜੱਟ | ਲਹਾਰਾ | --- | ਨਾਭਾ | |
| 9. ਸੁੰਦਰ ਸਿੰਘ ਪੁੱਤਰ ਮਲੀਕ ਸਿੰਘ | -ਉਹੀ- | ਮੋਰਾਂ | ਧਨੌਲਾ | -ਉਹੀ- | |

*-- ਜਾਰੀ*

| 1 | 2 | 3 | 4 | 5 | 6 |
|---|---|---|---|---|---|
| 10. ਅਤਰ ਸਿੰਘ ਪੁੱਤਰ ਦੁੱਲਾ ਸਿੰਘ | -ਉਹੀ- | ਪਿੱਥੋ | ਫੂਲ | -ਉਹੀ- | |
| 11. ਬੀਬੀ ਜੈ ਕੌਰ ਪਤਨੀ ਹਰਨਾਮ | -ਉਹੀ- | ਭੈਣੀ ਸਾਹਿਬ | ਸਾਹਨੇਵਾਲ | ਲੁਧਿਆਣਾ | |
| ਸਿੰਘ | -ਉਹੀ- | -ਉਹੀ- | -ਉਹੀ- | -ਉਹੀ- | ਨੰ. 21 ਕੂਕਾ ਸੂਚੀ ਲੁਧਿਆਣਾ |
| 12. ਹਰਨਾਮ ਸਿੰਘ ਪੁੱਤਰ ਰੂੜਾ | -ਉਹੀ- | -ਉਹੀ- | -ਉਹੀ- | -ਉਹੀ- | ਨੰ. 37 -ਉਹੀ- -ਉਹੀ- |
| 13. ਮਸਤਾਨ ਸਿੰਘ ਪੁੱਤਰ ਹਰਨਾਮ ਸਿੰਘ | -ਉਹੀ- | ਸਹਾਰਨ | ਡੇਹਲੋਂ | -ਉਹੀ- | |
| 14. ਬੀਬੀ ਰੂਪਾਂ ਪਤਨੀ ਗੁਮਾਣਾ ਸਿੰਘ | -ਉਹੀ- | ਮਾਜਰਾ | ਜ਼ੀਰਾ | ਫ਼ਿਰੋਜ਼ਪੁਰ | ਸੂਬਾ ਨੰ. 13, ਫ਼ਿਰੋਜ਼ਪੁਰ ਜ਼ਿਲ੍ਹਾ |
| 15. ਨੱਥਾ ਸਿੰਘ ਪੁੱਤਰ ਦੱਲ ਸਿੰਘ | ਤਰਖਾਣ | ਗਦਰੀਵਾਲਾ | ਮੋਗਾ | ਫ਼ਿਰੋਜ਼ਪੁਰ | |
| 16. ਸੁਹੇਲ ਸਿੰਘ ਪੁੱਤਰ ਨੌਧਾ | -ਉਹੀ- | ਤਖ਼ਤੂਪੁਰਾ | ਨਥਾਣਾ | -ਉਹੀ- | ਇਹ ਇੱਕ ਪ੍ਰਸਿੱਧ ਕੂਕਾ ਹੈ ਪਰ |
| 17. ਰਤਨ ਸਿੰਘ ਪੁੱਤਰ ਖੜਕ ਸਿੰਘ | | ਨਥਾਣਾ | | | ਇਸ ਦਾ ਨਾਂਅ ਫ਼ਿਰੋਜ਼ਪੁਰ ਦੀ |
| | | | | | ਸੂਚੀ 'ਚ ਨਹੀਂ ਹੈ। |
| | ਰਾਜਪੂਤ | | ਮੁਕਤਸਰ | -ਉਹੀ- | |
| 18. ਸੰਪੂਰਨ ਸਿੰਘ ਪੁੱਤਰ ਹਰੀ ਸਿੰਘ | ਜੱਟ | ਰੁਪਾਣਾ | ਭਾਈਕੋਟ | -ਉਹੀ- | ਵੇਖੋ ਪੈਰਾ 7, ਪੰਨਾ 25, ਜਿਲਦ |
| 19. ਗੁਲਾਬ ਸਿੰਘ ਪੁੱਤਰ ਫ਼ਤਹਿ ਸਿੰਘ | | ਗੁਰੂਸਰ | | | III ਪੁਲਿਸ ਐਬਸਟ੍ਰੈਕਟ |
| | -ਉਹੀ- | | ਮੁਕਤਸਰ | -ਉਹੀ- | |
| 20. ਅਨੂਪ ਸਿੰਘ ਪੁੱਤਰ ਲੱਖਣ ਸਿੰਘ | -ਉਹੀ- | ਫੂਲੇਵਾਲਾ | ਭਾਈਕੋਟ | -ਉਹੀ- | |
| 21. ਤਾਰਾ ਸਿੰਘ ਪੁੱਤਰ ਭਾਹਾਲੀ | -ਉਹੀ- | ਫ਼ਖ਼ਰਸਰ | ਮੁਕਤਸਰ | -ਉਹੀ- | |
| 22. ਚੱਟਾਨ ਸਿੰਘ ਪੁੱਤਰ ਗੁਲਾਬ ਸਿੰਘ | -ਉਹੀ- | ਤਾਮਕੋਟ | ਭਾਈਕੋਟ | -ਉਹੀ- | |
| 23. ਲਾਲ ਸਿੰਘ ਪੁੱਤਰ ਜਵਾਹਰ ਸਿੰਘ | -ਉਹੀ- | ਹੋਸਨਰ | ਮੁਕਤਸਰ | -ਉਹੀ- | |
| 24. ਵਜ਼ੀਰ ਸਿੰਘ ਪੁੱਤਰ ਫ਼ਤਹਿ ਸਿੰਘ | -ਉਹੀ- | ਰੁਪਾਣਾ | -ਉਹੀ- | -ਉਹੀ- | |
| 25. ਬੀਬੀ ਸਦਾ ਕੌਰ ਪਤਨੀ ਵਜ਼ੀਰ | -ਉਹੀ- | -ਉਹੀ- | -ਉਹੀ- | -ਉਹੀ- | |
| 26. ਬੀਬੀ ਧਰਮੋ ਪਤਨੀ ਅਨੂਪ ਸਿੰਘ | -ਉਹੀ- | ਫੂਲੇਵਾਲਾ | ਭਾਈਕੋਟ | -ਉਹੀ- | |
| 27. ਬੀਬੀ ਭੋਲੀ ਪਤਨੀ ਲਾਲ ਸਿੰਘ | ਨਾਈ | ਹੋਸਨਰ | ਕੋਟਕਪੂਰਾ | ਫ਼ਰੀਦਕੋਟ | |
| 28. ਸੱਜਣ ਸਿੰਘ ਪੁੱਤਰ ਦਿਆਲ ਸਿੰਘ | ਜੱਟ | ਮੱਤਾ | ਰੋੜੀ | ਸਿਰਸਾ | ਸੂਬਾ ਨੰ. 1, ਸਿਰਸਾ ਜ਼ਿਲ੍ਹਾ |
| 29. ਖ਼ੁਸ਼ਹਾਲ ਸਿੰਘ ਪੁੱਤਰ ਕਰਮ ਸਿੰਘ | | ਥਰਾਜ | | | |

| 1 | 2 | 3 | 4 | 5 | 6 |
|---|---|---|---|---|---|
| 30. ਸ਼ਵੀ ਸਿੰਘ ਪੁੱਤਰ ਨੇਨ੍ਹਾ ਸਿੰਘ | -ਉਹੀ- | -ਉਹੀ- | -ਉਹੀ- | -ਉਹੀ- | |
| 31. ਧਿਆਨ ਸਿੰਘ ਪੁੱਤਰ ਭੂਪ ਸਿੰਘ | -ਉਹੀ- | ਲੱਖੇਵਾਲੀ | ਬੰਗਲਾ | ਫ਼ਾਜ਼ਿਲਕਾ | |
| 32. ਭਗਵਾਨ ਸਿੰਘ ਪੁੱਤਰ ਬਹਿਲ ਸਿੰਘ | -ਉਹੀ- | ਜੰਡਵਾਲਾ | ਮਲੋਟ | -ਉਹੀ- | |
| 33. ਜੀਤ ਸਿੰਘ ਪੁੱਤਰ ਭਗਵਾਨ ਸਿੰਘ | -ਉਹੀ- | -ਉਹੀ- | -ਉਹੀ- | -ਉਹੀ- | |
| 34. ਬੀਬੀ ਰੱਤੋ ਪਤਨੀ ਭਗਵਾਨ ਸਿੰਘ | -ਉਹੀ- | -ਉਹੀ- | -ਉਹੀ- | -ਉਹੀ- | |
| 35. ਬੀਬੀ ਦਾਸਾਂ ਪਤਨੀ ਭੋਲਾ ਸਿੰਘ | -ਉਹੀ- | ਅਬੁਲਖੁਰਾਨਾ | -ਉਹੀ- | -ਉਹੀ- | |
| 36. ਬਿਸ਼ਨ ਸਿੰਘ ਪੁੱਤਰ ਨੰਦ ਸਿੰਘ | -ਉਹੀ- | ਕਲੇਰੀ | ਬਲਾਦਾਹ | ਕਰਨਾਲ | ਇਹ ਉੱਘੇ ਕੂਕੇ ਹਨ ਪਰ ਸੋਧੀ ਸੂਚੀ 'ਚ ਨਹੀਂ ਵਿਖਾਇਆ ਹੈ। |
| 37. ਸੁੰਦਰ ਸਿੰਘ ਪੁੱਤਰ ਖੜਕ ਸਿੰਘ | -ਉਹੀ- | -ਉਹੀ- | -ਉਹੀ- | -ਉਹੀ- | ਸੁੰਦਰ ਸਿੰਘ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਗੁਰੂ ਰਾਮ ਸਿੰਘ ਜੀ ਨੂੰ 1880 'ਚ ਮਿਲ ਗਿਆ ਸੀ - ਉਸ ਦਾ ਨਾਂਅ ਬੀਬੀ ਅੱਤਰੀ ਤੋਂ ਬਰਾਮਦ ਹੋਏ ਬਾਬਾ ਰਾਮ ਸਿੰਘ ਜੀ ਦੇ ਪੱਤਰ 'ਚ ਮਿਲਦਾ ਹੈ। |
| 38. ਸ਼ੇਰ ਸਿੰਘ ਪੁੱਤਰ ਜੋਧ ਸਿੰਘ | ਤਰਖਾਣ | ਅੰਮ੍ਰਿਤਸਰ | ਰਾਮਗੜ੍ਹੀਆ | ਅੰਮ੍ਰਿਤਸਰ | |

ਲੁਧਿਆਣਾ
*20 ਮਾਰਚ, 1881*

ਹਸਤਾਖਰ/- ਜੇ. ਵਾਰਬਰਟਨ,
ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ

# ਭਾਗ ਅ
## ਸਤਿਗੁਰੂ ਰਾਮ ਸਿੰਘ ਜੀ
## (ਸਿਆਸੀ ਜੀਵਨੀ)

ਭਾਰਗਵ ਮੋਤੀ ਲਾਲ, ਐੱਮਏ, ਡੀ. ਫ਼ਿਲ (ਦੋਵੇਂ ਇਤਿਹਾਸ 'ਚ, ਅਲਾਹਬਾਦ ਯੂਨੀਵਰਸਿਟੀ), ਜਨਮ 17 ਜਨਵਰੀ, 1917, ਲਖਨਊ, ਯੂ.ਪੀ., ਉੱਤਰ ਪ੍ਰਦੇਸ਼ ਦੀ ਸਿੱਖਿਆ ਸੇਵਾ ਤੋਂ 32 ਸਾਲਾਂ ਦੀ ਸੇਵਾ ਪਿੱਛੋਂ 1975 'ਚ ਸਕੂਲਾਂ ਦੇ ਜ਼ਿਲ੍ਹਾ ਇੰਸਪੈਕਟਰ ਵਜੋਂ ਮੇਰਠ ਤੋਂ ਸੇਵਾ-ਮੁਕਤ। ਸੰਪਾਦਕ ਅਤੇ ਖੋਜ ਅਧਿਕਾਰੀ – 'ਸੁਤੰਤਰਤਾ ਸੰਗ੍ਰਾਮ ਕਮੇਟੀ ਯੂ.ਪੀ. ਦਾ ਇਤਿਹਾਸ – 1956-59'। ਪ੍ਰਕਾਸ਼ਿਤ ਸਰੋਤ ਸਮੱਗਰੀ – ਪੰਜ ਜਿਲਦਾਂ। ਸਹਾਇਕ ਸੰਪਾਦਕ, ਜਵਾਹਰ ਲਾਲ ਨਹਿਰੂ ਦੇ ਚੋਣਵੇਂ ਕੰਮ, 1971-73. ਸੀਨੀਅਰ ਰਿਸਰਚ ਫ਼ੈਲੋ, ਇੰਡੀਅਨ ਕੌਂਸਲ ਆੱਫ਼ ਹਿਸਟੋਰੀਕਲ ਰਿਸਰਚ, ਨਵੀਂ ਦਿੱਲੀ, 1978-80; 1931-82; 1983-85 (ਨਿਰੰਤਰ ਚੱਲਦਾ ਪ੍ਰੋਜੈਕਟ – ਪੂਰਬੀ ਏਸ਼ੀਆ 'ਚ ਭਾਰਤੀ ਨਿਵਾਸੀ, 1937-47), ਪ੍ਰਕਾਸ਼ਨਾਵਾਂ: 12 ਅੰਗਰੇਜ਼ੀ ਤੇ ਹਿੰਦੀ। ਅੰਗਰੇਜ਼ੀ 'ਚ – ਹੇਮੂ ਐਂਡ ਹਿਜ਼ ਟਾਈਮਜ਼, 61; ਪੰਡਤ ਅਜੂਦੀਨਾਥ, ਫ਼ਸਟ ਮਾਰਟਾਇਰ ਟੂ ਕੰਸਟੀਚਿਊਸ਼ਨ ਫ਼੍ਰੀਡਮ, 78; ਹਿਸਟਰੀ ਆੱਫ਼ ਸੈਕੰਡਰੀ ਐਜੂਕੇਸ਼ਨ ਇਨ ਯੂ.ਪੀ. 58; ਹਿਸਟਰੀ ਆੱਫ਼ ਮਾਡਰਨ ਇੰਡੀਆ, ਪਹਿਲਾ ਸੰਸਕਰਣ, 1970, ਦੂਜਾ 1977; ਨੇਤਾ ਜੀ ਸੁਭਾਸ਼ ਚੰਦਰ ਬੋਸ ਦੱਖਣ-ਪੂਰਬੀ ਏਸ਼ੀਆ 'ਚ, 1943-45; 82./ਪ੍ਰੈੱਸ 'ਚ/ਰੋਲ ਆੱਫ਼ ਪ੍ਰੈੱਸ ਇਨ ਇੰਡੀਅਨ ਫ਼੍ਰੀਡਮ ਸਟ੍ਰੱਗਲ... ਹਿੰਦੀ ਵਿੱਚ – ਹੇਮੂ ਔਰ ਉਸਕਾ ਯੁੱਗ; ਨਾਨਾ ਸਾਹਿਬ; ਝਾਂਸੀ ਕੀ ਰਾਨੀ; ਤਾਂਤਿਆ ਟੋਪੇ; ਮੱਧਯਕਾਲੀਨ ਭਾਰਤ; ਭਾਰਤੀਯ ਇਤਿਹਾਸ; ਰੂਸੋ ਕੀ ਤੀਨ ਵਾਰਤਾ (ਅਨੁਵਾਦਿਤ)।

ਪਤਾ: 34/9, ਪੂਰਬੀ ਪਟੇਲਨਗਰ, ਨਵੀਂ ਦਿੱਲੀ, 110008
ਟੈਲੀਫ਼ੋਨ: 587465

## ਸਤਿਗੁਰੂ ਰਾਮ ਸਿੰਘ ਜੀ

ਨਾਮਧਾਰੀ ਸੰਪਰਦਾਇ ਦੇ ਇਤਿਹਾਸ ਦੀ ਸ਼ੁਰੂਆਤ ਬਾਰੇ 1867 ਤੇ 1868 ਦੀਆਂ ਪੁਲਿਸ ਰਿਪੋਰਟਾਂ ਅਨੁਸਾਰ "...ਗੁਰੂ ਰਾਮ ਸਿੰਘ ਜੀ ਨੂੰ ਸੰਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਾਰਸ ਜਾਂ ਉਨ੍ਹਾਂ ਦਾ ਅਸਲ 'ਚ ਮੁੜ-ਅਵਤਾਰ ਧਾਰਿਆ ਮੰਨਿਆ ਜਾਂਦਾ ਹੈ। ਫਿਰ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜ਼ੋ ਜੁਝਾਰੂ ਸਨ, ਦੇ ਵੀ ਪ੍ਰਤੀਨਿਧ ਸਨ।[1]" ਉਹ ਸੂਬੇ 'ਚ ਅਧਿਕਾਰੀਆਂ ਨੂੰ ਮਿਲਦੇ ਦੱਸੇ ਜਾਂਦੇ ਸਨ, ਉਨ੍ਹਾਂ ਨਾਲ ਅੱਧੀ ਦਰਜਨ ਘੁੜਸਵਾਰ ਚੱਲਦੇ ਹੁੰਦੇ ਸਨ ਤੇ ਫਿਰ ਉਨ੍ਹਾਂ ਦੇ ਪਿੱਛੇ ਕਈ ਵਿਅਕਤੀ ਪੈਦਲ ਚੱਲਿਆ ਕਰਦੇ ਸਨ। ਉਹ ਜਦੋਂ ਕਮਰੇ 'ਚ ਦਾਖ਼ਲ ਹੁੰਦੇ ਸਨ,

1. ਗ੍ਰਿਹਿ ਵਿਭਾਗ, ਜੁਡੀਸ਼ੀਅਲ ਬ੍ਰਾਂਚ, ਕੌਂਸ. ਨੰਬਰ 112-132. ਜੂਨ 1872. ਮੈਮੋਰੈਂਡਮ ਰਾਮ ਸਿੰਘ, ਕੂਕਾ – ਦੁਆਰਾ ਜੇ.ਡਬਲਿਊ. ਮੈਕਨੈਬ, ਆਫ਼ਿਸ਼ੀਏਟਿੰਗ ਕਮਿਸ਼ਨਰ, ਅੰਬਾਲਾ।

ਤਾਂ ਕਿਸੇ ਸ਼ਹਿਜ਼ਾਦੇ ਦੇ ਦਰਬਾਰ ਵਾਂਗ ਚੁਫੇਰਿਓਂ ਘਿਰੇ ਰਹਿੰਦੇ ਸਨ। ਉਹ ਤੇ ਉਨ੍ਹਾਂ ਦੇ ਪੈਰੋਕਾਰ ਦੁੱਧ ਵਰਗੇ ਇੱਕੋ ਜਿਹੇ ਚਿੱਟੇ ਕੱਪੜੇ ਪਹਿਨਦੇ ਸਨ।

ਆਹਲੂਵਾਲੀਆ ਦੇ ਸ਼ਬਦਾਂ 'ਚ, "1857 ਦੀ ਬਗ਼ਾਵਤ ਸ਼ੁਰੂ ਹੋਣ ਤੋਂ ਲਗਭਗ ਇੱਕ ਮਹੀਨਾ ਪਹਿਲਾਂ ਇੱਕ ਨਵਾਂ ਝੰਡਾ ਬੁਲੰਦ ਕੀਤਾ, ਇੱਕ ਨਵੇਂ ਸੰਕਲਪ ਨੂੰ ਸਾਕਾਰ ਕਰਨ ਦਾ ਹਲਫ਼ ਲਿਆ ਤੇ ਇੱਕ ਨਵੀਂ ਦੂਰ-ਦ੍ਰਿਸ਼ਟੀ ਵੇਖੀ, ਜਿਸ ਨੂੰ ਅਮਲੀ ਰੂਪ ਦੇਣਾ ਸੀ।[2]" ਪੰਜਾਬ ਉਸ ਵੇਲੇ ਈਸਾਈਅਤ ਦੀ ਸਭ ਤੋਂ ਭਿਆਨਕ ਚੁਣੌਤੀ ਦਾ ਸਾਹਮਣਾ ਕਰ ਰਿਹਾ ਸੀ। ਵੱਖੋ-ਵੱਖਰੀਆਂ ਈਸਾਈ ਮਿਸ਼ਨਰੀ ਸਭਾਵਾਂ ਨੇ ਸ਼ਿਮਲਾ, ਅੰਮ੍ਰਿਤਸਰ, ਪੇਸ਼ਾਵਰ, ਕਾਂਗੜਾ ਅਤੇ ਲੁਧਿਆਣਾ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਸਾਲ 1867 'ਚ ਗੁਰੂ ਰਾਮ ਸਿੰਘ ਜੀ ਬਾਰੇ ਲੁਧਿਆਣਾ ਦੇ ਪਾਦਰੀ ਜੇ.ਐੱਸ. ਵੁੱਡਸਾਈਡ ਨੇ ਲਿਖਿਆ ਸੀ: "...ਇਸ ਇਕੱਲੇ ਵਿਅਕਤੀ ਨੇ ਪਹਿਲਾਂ 1,00,000 ਤੋਂ ਵੱਧ ਲੋਕਾਂ ਦਾ ਇੱਕ ਸੰਪਰਦਾਇ ਖੜ੍ਹਾ ਕੀਤਾ ਹੈ ਅਤੇ ਹੁਣ ਇਹ ਫ਼ੈਸਲਾ ਸਰਕਾਰ ਨੇ ਕਰਨਾ ਹੈ ਕਿ ਕੀ ਇਹ ਸੁਰੱਖਿਅਤ ਹੈ ਕਿ ਕਿਸੇ ਇੱਕ ਵਿਅਕਤੀ ਕੋਲ (ਗੁਰੂ) ਰਾਮ ਸਿੰਘ ਜੀ ਜਿੰਨੀ ਤਾਕਤ ਹੋਵੇ, ਜੋ ਪੂਰੇ ਦੇਸ਼ 'ਚ ਘੁੰਮਦਾ ਹੋਵੇ, ਜੋ ਲੋਕਾਂ ਲਈ ਅਰਧ-ਈਸ਼ਵਰ ਦਾ ਰੂਪ ਹੋਵੇ ਕਿ ਉਹ ਉਸ ਅੱਗੇ ਝੁਕਦੇ ਹੋਣ ਤੇ ਉਸ ਦੀ ਪੂਜਾ ਕਰਦੇ ਹੋਣ।[3]"

ਮਿਸ਼ਨਰੀਆਂ ਨੇ ਗੁਰੂਆਂ ਦੀ ਧਰਤੀ 'ਤੇ ਨਵੇਂ ਗਿਰਜਾਘਰਾਂ ਦਾ ਨਿਰਮਾਣ ਕੀਤਾ; ਉਨ੍ਹਾਂ ਨੇ ਕੂਕਾ ਰਹਿਨੁਮਾ ਦੇ ਕਾਰਜਾਂ 'ਤੇ ਆਪਣਾ ਡਰ ਪ੍ਰਗਟਾਇਆ। ਉਹ ਇਹ ਸ਼ਲਾਘਾ ਕਰਨ ਦਾ ਜੇਰਾ ਨਾ ਕਰ ਸਕੇ ਕਿ "ਕੂਕਾਵਾਦ ਦੀ ਸ਼ੁਰੂਆਤ ਸਮਾਜਕ ਕਮਜ਼ੋਰੀਆਂ ਦੀ ਨਿੰਦਾ ਕਰਨ ਤੇ ਹਨੇਰਾ ਦੂਰ ਕਰਨ, ਬੇਹੱਦ ਤਾਕਤਵਰ ਪੱਛਮੀ ਸਾਮਰਾਜਵਾਦ ਦੀ ਚੁਣੌਤੀ ਦਾ ਟਾਕਰਾ ਕਰਨ ਅਤੇ ਧਾਰਮਿਕ ਸ਼ੁੱਧਤਾ ਤੇ ਭਾਈਚਾਰੇ ਦੀ ਭੂਮੀ ਸਿਰਜਣ ਲਈ ਕੀਤੀ ਗਈ ਸੀ।[4]" ਹਜ਼ਰੋ ਦੇ ਗੁਰੂ ਬਾਲਕ ਸਿੰਘ ਜੀ ਵੱਲੋਂ ਅਰੰਭੀ ਪੁਨਰੁੱਥਾਨ ਦੀ ਇਸ ਲਹਿਰ ਦੇ ਸਿਰਫ਼ ਗੁਰੂ ਰਾਮ ਸਿੰਘ ਜੀ ਹੀ ਇੱਕੋ-ਇੱਕ ਸੱਚੇ ਅਵਤਾਰ ਸਨ। ਇਹ ਦ੍ਰਿੜ੍ਹ ਵਿਚਾਰ ਸੀ, "ਸਮਾਜ ਦੇ ਨਿਘਾਰ ਤੇ ਪੰਜਾਬ ਦੇ ਆਜ਼ਾਦੀ ਗੁਆਉਣ ਦਾ ਅਸਲ ਕਾਰਣ, ਭਾਰਤ ਦੇ ਹੋਰਨਾਂ ਹਿੱਸਿਆਂ ਵਾਂਗ, ਨੈਤਿਕ ਅਤੇ ਰੂਹਾਨੀ ਕਦਰਾਂ-ਕੀਮਤਾਂ 'ਚ ਗਿਰਾਵਟ ਸੀ।[5]"

**1. ਮੁਢਲਾ ਜੀਵਨ:** (ਗੁਰੂ) ਰਾਮ ਸਿੰਘ ਜੀ ਦਾ ਜਨਮ 1816 ਈ. 'ਚ ਬਸੰਤ ਪੰਚਮੀ ਵਾਲੇ ਦਿਨ ਪਿਤਾ ਜੱਸਾ ਸਿੰਘ ਦੇ ਗ੍ਰਹਿ ਵਿਖੇ ਲੁਧਿਆਣਾ ਤੋਂ 16 ਮੀਲ ਦੀ ਦੂਰੀ 'ਤੇ ਸਥਿਤ ਭੈਣੀ ਨਾਂਅ ਦੇ ਇੱਕ ਨਿੱਕੇ ਜਿਹੇ ਪਿੰਡ[6] 'ਚ ਹੋਇਆ ਸੀ। ਉਨ੍ਹਾਂ

---

2. ਕੂਕਾਜ਼, ਦਿ ਫ੍ਰੀਡਮ ਫ਼ਾਈਟਰਜ਼ ਆੱਫ਼ ਪੰਜਾਬ, ਮੁਢਲੀ ਜਾਣ-ਪਛਾਣ, ਪੰਨਾ 3
3. ਪੰਜਾਬ, ਪਾਸਟ ਐਂਡ ਪ੍ਰੈਜ਼ੈਂਟ - ਜਿਲਦ VII. ਵਿਦੇਸ਼ੀ ਮਿਸ਼ਨਰੀ, ਜਿਲਦ XXVI - 1867-68, ਪੰਨਾ 67 ਉਧ੍ਰਿਤ।
4. ਕੂਕਾਜ਼, ਪੰਨਾ 2-3, ਮੁਢਲੀ ਜਾਣ-ਪਛਾਣ।
5. ਫ਼ੌਜਾ ਸਿੰਘ ਬਾਜਵਾ, ਕੂਕਾ ਮੂਵਮੈਂਟ, ਪੰਨਾ 16
6. ਗੁਰੂ ਰਾਮ ਸਿੰਘ ਐਂਡ ਦਿ ਕੂਕਾ ਸਿੱਖਸ; ਦਸਤਾਵੇਜ਼ 1867-71, ਨੰ. XIH ਏ. (ਸੰਪਾਦਕ) ਨਾਹਰ ਸਿੰਘ।

ਦੇ ਪਿਤਾ ਇੱਕ ਤਰਖਾਣ ਸਨ ਤੇ ਪਿੰਡ 'ਚ ਉਨ੍ਹਾਂ ਦੀ ਕਾਫ਼ੀ ਇੱਜ਼ਤ ਸੀ ਅਤੇ ਉਹ ਇੱਕੋ ਵਾਰੀ 'ਚ ਇਕੱਲੇ ਹੀ ਕਈ ਕੰਮ ਕਰ ਸਕਦੇ ਸਨ। ਪਿੰਡ 'ਚ ਉਨ੍ਹਾਂ ਦੀ ਦੁਕਾਨ ਅਤੇ ਵਰਕਸ਼ਾਪ 'ਤੇ ਅਕਸਰ ਸਥਾਨਕ ਨਿਵਾਸੀ ਮਿਲਦੇ ਰਹਿੰਦੇ ਸਨ। ਰਾਮ ਸਿੰਘ ਜੀ ਨੇ ਨੌਂ ਕੁ ਸਾਲਾਂ ਦੀ ਉਮਰੇ ਹੀ ਆਪਣੇ ਪਿਤਾ ਦੇ ਕੰਮ 'ਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ ਸੀ।

ਰਾਮ ਸਿੰਘ ਜੀ ਨੇ ਆਪਣੀ ਮਾਤਾ ਸਦਾ ਕੌਰ ਤੋਂ ਗੁਰਮੁਖੀ ਸਿੱਖੀ ਸੀ, ਜੋ ਇੱਕ ਬਹੁਤ ਹੀ ਨੇਕ ਸੁਆਣੀ ਸਨ ਤੇ ਉਨ੍ਹਾਂ ਦੀ ਪ੍ਰੇਰਣਾ ਸਦਕਾ ਅਰੰਭਲੇ ਬਚਪਨ 'ਚ ਹੀ ਉਨ੍ਹਾਂ ਬਾਣੀ ਕੰਠ ਕਰ ਲਈ ਸੀ। ਉਨ੍ਹਾਂ ਦੀ ਮਾਂ ਨੇ ਉਨ੍ਹਾਂ ਦੀ ਪਰਵਰਿਸ਼ (ਸ੍ਰੀ ਗੁਰੂ) ਗ੍ਰੰਥ ਸਾਹਿਬ ਦੀ ਬਾਣੀ ਉਚਾਰਦਿਆਂ ਤੇ ਗੁਰੂ ਸਾਹਿਬਾਨ ਦੇ ਨਾਇਕਾਂ ਵਾਲੇ ਕਾਰਜ ਬਿਆਨਦਿਆਂ ਕੀਤੀ ਸੀ। ਰਾਮ ਸਿੰਘ ਜੀ ਕਿਉਂਕਿ ਪਰਿਵਾਰ ਦੇ ਹੋਰਨਾਂ ਸਾਰੇ ਬੱਚਿਆਂ ਨਾਲੋਂ ਵੱਡੇ ਸਨ, ਇਸੇ ਲਈ ਸਾਰੇ ਨਿੱਕੇ ਭੈਣ-ਭਰਾ ਉਨ੍ਹਾਂ ਦੀ ਇੱਜ਼ਤ ਕਰਦੇ ਸਨ। ਉਨ੍ਹਾਂ ਦੇ ਭਰਾ ਬੁੱਧ ਸਿੰਘ ਉਨ੍ਹਾਂ ਤੋਂ ਚਾਰ ਵਰ੍ਹੇ ਛੋਟੇ ਸਨ ਤੇ ਉਨ੍ਹਾਂ ਦੀ ਭੈਣ ਵਿਆਹੀ ਸੀ। ਅਜਿਹੇ ਸੁਖਾਵੇਂ ਪਰਿਵਾਰਕ ਮਾਹੌਲ 'ਚ ਰਾਮ ਸਿੰਘ ਜੀ ਦਾ "ਕਿਰਦਾਰ ਜਜ਼ਬਾਤ ਦੀ ਸ਼ੁੱਧਤਾ, ਕਾਰਜ ਦੀ ਉੱਚਤਾ ਤੇ ਆਚਾਰ 'ਚ ਨਿਡਰਤਾ ਦੀ ਕੁਠਾਲ਼ੀ 'ਚ ਢਲ਼ ਕੇ ਕਈ ਵਿਸ਼ੇਸ਼ਤਾਵਾਂ ਨਾਲ ਭਰਪੂਰ ਹੋ ਗਿਆ ਸੀ[7]।"

**2. ਫ਼ੌਜ 'ਚ:** (ਗੁਰੂ) ਰਾਮ ਸਿੰਘ ਜੀ ਆਪਣੇ ਜੀਜਾ ਕਾਬੁਲ ਸਿੰਘ ਹੁਰਾਂ ਦੇ ਜਤਨਾਂ ਸਦਕਾ ਹੀ 1836 ਈ. 'ਚ ਮਹਾਰਾਜਾ ਰਣਜੀਤ ਸਿੰਘ ਦੀ ਖ਼ਾਲਸਾ ਫ਼ੌਜ ਦੀ ਨੌਨਿਹਾਲ ਸਿੰਘ ਦੀ ਰੈਜਿਮੈਂਟ 'ਚ ਇੱਕ 'ਸਵਾਰ' ਵਜੋਂ ਭਰਤੀ ਹੋਏ ਸਨ[8]। ਕਾਬੁਲ ਸਿੰਘ ਜੀ ਪਹਿਲਾਂ ਤੋਂ ਹੀ ਫ਼ੌਜ ਦੇ ਤੋਪਖਾਨਾ ਵਿਭਾਗ ਵਿੱਚ ਸਨ। (ਗੁਰੂ) ਰਾਮ ਸਿੰਘ ਜੀ ਦਾ ਕੱਦ 5 ਫ਼ੁੱਟ 10 ਇੰਚ ਸੀ; ਰੰਗ ਗੋਰਾ ਸੀ, ਚਿਹਰੇ 'ਤੇ ਚੇਚਕ ਦੇ ਨਿਸ਼ਾਨ ਸਨ, ਹਲਕੀਆਂ ਭੂਰੀਆਂ ਅੱਖਾਂ ਸਨ; ਨੱਕ ਤੇ ਚਿਹਰਾ ਲੰਮਾ ਸੀ; ਘੁੰਗਰਾਲੀਆਂ ਧੌਲੇ ਰੰਗ ਦੀਆਂ ਦਾੜ੍ਹੀ-ਮੁੱਛਾਂ ਸਨ...।[9]"

ਫ਼ੌਜ 'ਚ ਰਹਿੰਦੇ ਹੋਏ ਵੀ (ਗੁਰੂ) ਰਾਮ ਸਿੰਘ ਜੀ ਨੇ ਆਪਣੀ ਧਾਰਮਿਕ ਬਿਰਤੀ ਨੂੰ ਕਾਇਮ ਰੱਖਿਆ ਸੀ ਤੇ ਪੰਜਾਬ 'ਤੇ ਗੋਰਿਆਂ ਦਾ ਕਬਜ਼ਾ ਹੋਣ ਪਿੱਛੋਂ ਆਏ ਨੈਤਿਕ ਨਿਘਾਰ ਤੋਂ ਉਹ ਚਿੰਤਤ ਰਹਿਣ ਲੱਗੇ ਸਨ। ਸਿੱਖ ਕੌਮ ਤੇ ਖ਼ਾਲਸਾ ਦੀ ਅੰਦਰੂਨੀ ਕਮਜ਼ੋਰੀ ਦੇ ਖ਼ਤਰੇ ਮਹਿਸੂਸ ਕਰਦਿਆਂ ਉਹ ਆਪਣੀ ਅਰਦਾਸ ਨਿੱਤਨੇਮ ਨਾਲ ਕਰਨ ਲੱਗੇ। ਉਨ੍ਹਾਂ ਦਾ ਪਵਿੱਤਰ-ਧਾਰਮਿਕ ਵਿਵਹਾਰ ਤੇ ਮਜ਼ਬੂਤ ਕਿਰਦਾਰ ਫ਼ੌਜ 'ਚ ਉਨ੍ਹਾਂ ਦੇ ਸਾਥੀਆਂ ਨੂੰ ਬਹੁਤ ਭਾਉਂਦਾ ਸੀ। ਤਾਂਹੀਓਂ ਸਮੇਂ ਦੇ ਨਾਲ ਉਨ੍ਹਾਂ ਦੀ ਰੈਜਿਮੈਂਟ ਨੂੰ 'ਸੰਤ ਦੀ ਰੈਜਿਮੈਂਟ' ਕਿਹਾ ਜਾਣ ਲੱਗਾ ਸੀ[10]।

7. ਆਹਲੂਵਾਲੀਆ, ਐੱਮ.ਐੱਮ., ਕੂਕਾਜ਼, ਪੰਨਾ 41, ਨਾਮਧਾਰੀ ਇਤਿਹਾਸ, ਪੀਟੀ.,I, ਪੰਨਾ 85
8. ਗੁਰੂ ਰਾਮ ਸਿੰਘ ਐਂਡ ਦਿ ਕੂਕਾ ਸਿੱਖਸ- ਦਸਤਾਵੇਜ਼ 1863-71, ਪੰਨਾ 29, ਪਦ-ਟਿੱਪਣੀ 1844, ਇਸ ਤੋਂ ਬਾਅਦ ਇਸ ਨੂੰ 'ਦਸਤਾਵੇਜ਼' ਹੀ ਆਖਿਆ ਜਾਵੇਗਾ।
9. ਨਾਹਰ ਸਿੰਘ, ਗੁਰੂ ਰਾਮ ਸਿੰਘ ਡਾਕਯੂਮੈਂਟਸ, ਪੰਨਾ 2 (1863-1871) ਅਤੇ ਦਸਤਾਵੇਜ਼ ਵੀ, ਪੰਨਾ 258-259 (1872); ਦਿ ਇੰਗਲਿਸ਼ਮੈਨ (ਕਲਕੱਤਾ), ਮਿਤੀ ਮਾਰਚ 14, 1872 ਉਧ੍ਰਿਤ।
10. ਆਹਲੂਵਾਲੀਆ, ਐੱਮ.ਐੱਮ., ਕੂਕਾਜ਼, ਪੰਨਾ 42

ਫ਼ੌਜ 'ਚ ਸੇਵਾ ਨਿਭਾਉਣ ਦੌਰਾਨ ਹੀ ਬਾਬਾ ਰਾਮ ਸਿੰਘ ਜੀ 1847 'ਚ ਹਜ਼ਰੋ ਦੇ ਬਾਬਾ ਬਾਲਕ ਸਿੰਘ ਜੀ ਵੱਲੋਂ ਅਰੰਭੀ ਕੂਕਾ ਲਹਿਰ ਦੇ ਪ੍ਰਭਾਵ ਹੇਠ ਆਏ। ਇਹ ਲਹਿਰ 'ਨਾਮਧਾਰੀ' ਦੇ ਨਾਂਅ ਨਾਲ ਪ੍ਰਸਿੱਧ ਸੀ – ਜੋ ਕਿਤੇ ਜ਼ਿਆਦਾ ਗਤੀਸ਼ੀਲ ਉਭਾਰ ਵਜੋਂ ਵਿਕਸਤ ਹੋ ਗਈ ਸੀ। ਫਿਰ ਇਸ ਨੂੰ ਕੂਕਾ ਲਹਿਰ ਆਖਿਆ ਜਾਣ ਲੱਗਾ ਸੀ ਕਿਉਂਕਿ ਇਸ ਦੇ ਸ਼ਰਧਾਲੂ ਮੈਂਬਰ ਅਕਸਰ ਕੂਕਾਂ ਮਾਰਦੇ ਸਨ, ਜਦੋਂ ਉਹ ਲੀਨ ਹੁੰਦੇ ਸਨ। ਇਸ ਸਬੰਧੀ ਪ੍ਰੇਰਣਾਵਾਂ ਰਾਵਲਪਿੰਡੀ ਦੇ ਭਗਤ ਜਵਾਹਰ ਮੱਲ ਤੋਂ ਮਿਲੀਆਂ ਸਨ, ਜਿਨ੍ਹਾਂ ਕੈਂਪਬੈੱਲਪੁਰ (ਜੋ ਹੁਣ ਪਾਕਿਸਤਾਨ ਦੇ ਪੱਛਮੀ ਪੰਜਾਬ 'ਚ ਹੈ) ਨੇੜੇ ਬਾਬਾ ਬਾਲਕ ਸਿੰਘ ਨੂੰ ਕੂਕਾ ਬਣਾਇਆ ਸੀ[11]। ਨਾਮਧਾਰੀਆਂ ਵੱਲੋਂ ਇਹ ਸਰਬਵਿਆਪਕ ਤੌਰ 'ਤੇ ਦਾਅਵਾ ਕੀਤਾ ਜਾਂਦਾ ਸੀ ਕਿ "ਖ਼ੁਦ ਦਸਮ ਪਾਤਿਸ਼ਾਹ ਨੇ ਹਜ਼ਰੋ ਦੇ ਗੁਰੂ ਬਾਲਕ ਸਿੰਘ ਨੂੰ ਗੁਰੂ ਦੀ ਪਦਵੀ ਬਖ਼ਸ਼ੀ ਸੀ, ਜਿਨ੍ਹਾਂ ਬਾਅਦ 'ਚ ਉਹ ਗੁਰੂ ਰਾਮ ਸਿੰਘ ਜੀ ਨੂੰ ਸੌਂਪੀ ਸੀ।[12]"

**3. ਫ਼ੌਜ ਦੀ ਨੌਕਰੀ ਦਾ ਛੱਡਣਾ:** ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਨੇ ਸਿੱਖ ਰਾਜ ਨੂੰ ਵੱਡੀਆਂ ਮੁਸੀਬਤਾਂ 'ਚ ਪਾ ਦਿੱਤਾ ਸੀ। ਨਿਜੀ ਕਿੜਾਂ ਕਾਰਣ ਇੰਨੀ ਜ਼ਿਆਦਾ ਸੜਨ ਪੈਦਾ ਹੋ ਗਈ ਸੀ ਕਿ ਕਈ ਕਤਲ ਹੋਏ। ਈਸਟ ਇੰਡੀਆ ਕੰਪਨੀ ਦੇ ਅਧਿਕਾਰੀਆਂ ਨੇ ਅਜਿਹੀ ਸਥਿਤੀ ਦਾ ਲਾਹਾ ਲਿਆ ਤੇ ਫਿਰ ਜੰਗ ਤਾਂ ਹੋਣੀ ਹੀ ਸੀ। ਬਾਬਾ ਰਾਮ ਸਿੰਘ ਜੀ ਨੇ ਇਤਿਹਾਸਕ ਘਟਨਾਵਾਂ ਨੂੰ ਵੇਖਣ ਤੋਂ ਬਾਅਦ ਇਹੋ ਅਨੁਮਾਨ ਲਾਇਆ ਕਿ ਖ਼ਾਲਸਾ ਦੀ ਹਾਰ "ਇਸ ਦੇ ਅੰਦਰ ਬੈਠੇ ਵਿਸ਼ਵਾਸਘਾਤ ਤੇ ਰਾਜ- ਧਰੋਹ ਕਾਰਣ ਹੋਈ ਸੀ।[12]" ਉਨ੍ਹਾਂ ਦੀ ਰੈਜਿਮੈਂਟ ਸਮੁੱਚੇ ਰਾਜ 'ਚ ਘੁੰਮਦੀ ਸੀ, ਜਿਸ ਕਾਰਣ ਬਾਬਾ ਰਾਮ ਸਿੰਘ ਜੀ ਨੂੰ ਵੱਡੀ ਗਿਣਤੀ 'ਚ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਦਾ ਸੀ। ਇੰਞ ਹੀ 1845 'ਚ ਜਦੋਂ ਮੁਦਕੀ ਦੀ ਜੰਗ ਸ਼ੁਰੂ ਹੋਣ ਵਾਲੀ ਸੀ, ਉਨ੍ਹਾਂ ਨਾਮ ਸਿਮਰਨ ਜਪਣ ਹਿਤ ਭਗਤੀ ਕਰਨ ਲਈ ਫ਼ੌਜ ਦੀ ਨੌਕਰੀ ਛੱਡ ਦਿੱਤੀ ਸੀ ਤੇ ਇੰਞ ਨਾਮਧਾਰੀ ਬਣ ਗਏ। ਉਂਞ ਟੀ.ਐੱਚ. ਥੌਰੰਟਨ ਦੀ ਰਿਪੋਰਟ 'ਚ ਇਹ ਕਿਹਾ ਗਿਆ ਸੀ ਕਿ ਉਨ੍ਹਾਂ ਨੇ ਕਥਿਤ ਤੌਰ 'ਤੇ 1846 'ਚ ਲਾਹੌਰ 'ਤੇ ਕਬਜ਼ਾ ਹੋਣ ਤੋਂ ਬਾਅਦ ਫ਼ੌਜ ਛੱਡੀ ਸੀ[14]।

1845 ਤੋਂ ਬਾਅਦ ਬਾਬਾ ਰਾਮ ਸਿੰਘ ਜੀ ਨੇ ਆਪਣਾ ਤਰਖਾਣੇ ਦਾ ਪੁਸ਼ਤੈਨੀ ਕੰਮ ਕੀਤਾ ਅਤੇ ਇਸ ਦੇ ਨਾਲ ਹੀ ਕਰਿਆਨੇ ਦੀ ਆਪਣੀ ਦੁਕਾਨ ਵੀ ਖੋਲ੍ਹ ਲਈ। ਉਹ ਅਨਾਜ, ਕੱਪੜੇ ਤੇ ਲੋਹੇ ਦੀਆਂ ਵਸਤਾਂ ਪਿੰਡ ਭੈਣੀ ਦੇ ਵਾਸੀਆਂ ਨੂੰ ਵੇਚਦੇ ਸਨ। ਉਹ ਆਪਣੇ ਪਿੰਡ ਦੇ ਹੀ ਕੁਝ ਹੋਰ ਵਾਸੀਆਂ ਨਾਲ ਮਿਲ ਕੇ ਖੇਤੀਬਾੜੀ ਵੀ ਕਰਦੇ ਸਨ ਤੇ ਇੱਕ ਆਦਰਸ਼ ਕਿਸਾਨ ਦੇ ਨਾਲ-ਨਾਲ ਇੱਕ ਇਨਸਾਨ ਵਜੋਂ ਜੀਵਨ ਬਤੀਤ ਕਰਦੇ ਸਨ। ਸਾਲ 1872 ਤੱਕ ਉਨ੍ਹਾਂ ਆਪਣਾ ਕਾਰੋਬਾਰ ਕੀਤਾ।

---

11. ਡਾ. ਗੋਪਾਲ ਸਿੰਘ, ਹਿਸਟਰੀ ਆੱਫ਼ ਦਿ ਸਿੱਖ ਪੀਪਲ, ਪੰਨਾ 605.
12. ਆਹਲੂਵਾਲੀਆ, ਐੱਮਐੱਮ., ਕੂਕਾਜ਼, ਪੰਨਾ 43.
13. ਉਹੀ, ਪੰਨਾ 43.
14. ਦਸਤਾਵੇਜ਼ ਨੰ. XI-ਏ, ਉੱਧ੍ਰਿਤ।

(ਗੁਰੂ) ਰਾਮ ਸਿੰਘ ਜੀ ਭਾਵੇਂ ਭਗਤੀ 'ਚ ਲੀਨ ਰਹਿਣ ਦੇ ਨਾਲ-ਨਾਲ ਆਪਣਾ ਪਰਿਵਾਰ ਕਿੱਤਾ ਵੀ ਕਰਦੇ ਸਨ ਪਰ ਉਹ ਪੰਜਾਬ 'ਚ ਈਸਾਈ ਮਿਸ਼ਨਰੀਆਂ ਦੀਆਂ ਗਤੀਵਿਧੀਆਂ 'ਤੇ ਵੀ ਪੂਰੀ ਨਜ਼ਰ ਰੱਖਦੇ ਸਨ। ਉਨ੍ਹਾਂ ਦੀਆਂ ਧਾਰਮਿਕ ਗਤੀਵਿਧੀਆਂ ਕਾਰਣ ਧਰਮ-ਪਰਿਵਰਤਨ ਦਾ ਖ਼ਤਰਾ ਸਦਾ ਬਣਿਆ ਰਹਿੰਦਾ ਸੀ। ਉਨ੍ਹਾਂ ਮਹਿਸੂਸ ਕੀਤਾ ਕਿ ਨਵੇਂ ਹਾਕਮਾਂ ਦੀ ਸਰਪ੍ਰਸਤੀ ਅਧੀਨ ਈਸਾਈਅਤ ਦਾ ਹਮਲਾ ਸਿੱਖਾਂ ਦੀ ਨੈਤਿਕ ਤੇ ਅਧਿਆਤਮਕ ਵਿਰਾਸਤ ਨੂੰ ਖੋਰਾ ਲਾ ਦੇਵੇਗਾ।

**4. ਈਸਾਈਅਤ ਦਾ ਤੇਜ਼ੀ ਨਾਲ ਪਾਸਾਰ:** 1849 ਤੋਂ ਬਾਅਦ ਲੁਧਿਆਣਾ ਪ੍ਰੈਸਬਾਇਟੀਰੀਅਨ ਚਰਚ ਦਾ ਮੁੱਖ ਕੇਂਦਰ ਬਣ ਚੁੱਕਾ ਸੀ ਤੇ 'ਪੰਜਾਬ ਦੇ ਲਗਭਗ ਸਾਰੇ ਹੀ ਅਹਿਮ ਸ਼ਹਿਰਾਂ 'ਚ ਈਸਾਈ ਮਿਸ਼ਨਰੀ ਕੇਂਦਰ ਸਥਾਪਤ ਹੋ ਗਏ ਸਨ; ਜਿਨ੍ਹਾਂ ਰਾਹੀਂ ਬਹੁਤ ਹੀ ਜੱਥੇਬੰਦਕ ਢੰਗ ਨਾਲ ਲੋਕਾਂ ਨੂੰ ਈਸਾਈ ਬਣਾਇਆ ਜਾਣ ਲੱਗਾ ਸੀ...।[15]' ਲੌਕਲਿਨ ਅਨੁਸਾਰ ਪੰਜਾਬ ਦੇ ਚਰਚ ਨੂੰ ਜ਼ਿਆਦਾਤਰ ਉੱਤਰ-ਪੂਰਬੀ ਭਾਰਤ ਦੇ ਈਸਾਈਆਂ ਨੇ ਵਿਕਸਤ ਕੀਤਾ ਸੀ ਤੇ ਉਨ੍ਹਾਂ 'ਚੋਂ ਬਹੁਤੇ ਧਰਮ ਪਰਿਵਰਤਨ ਕਰ ਕੇ ਬਣੇ ਉਹ ਈਸਾਈ ਸਨ, ਜਿਨ੍ਹਾਂ ਨੇ ਡਾ. ਅਲੈਗਜ਼ੈਂਡਰ ਡਫ਼ ਦੇ ਕਲਕੱਤਾ ਸਥਿਤ ਕਾਲਜ ਤੋਂ ਸਿਖਲਾਈ ਲਈ ਸੀ[16]। ਉਨ੍ਹਾਂ ਦਾ ਮੰਨਣਾ ਸੀ ਕਿ ਜਿਹੜੇ ਸਿੱਖ ਹਿੰਦੂ ਧਰਮ ਦੇ ਬੁੱਤ-ਪੂਜਾ ਦੇ ਪੁਰਾਣੇ ਸਿਧਾਂਤ ਨੂੰ ਤਿਆਗ ਚੁੱਕੇ ਸਨ ਤੇ ਜਾਤ-ਪਾਤ ਦੀਆਂ ਜ਼ੰਜੀਰਾਂ ਵੀ ਤੋੜ ਚੁੱਕੇ ਸਨ, ਉਹ ''ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਰਾਹੀਂ ਪ੍ਰਭਾਵਿਤ ਕਰਨ ਲਈ ਬਿਲਕੁਲ ਢੁਕਵੇਂ ਸਮਝੇ ਜਾਂਦੇ ਸਨ।[17]'' ਇਸ ਤੋਂ ਇਲਾਵਾ ਫ਼ੌਜ ਦੇ ਅਧਿਕਾਰੀ ਤੇ ਕੁਝ ਆਮ ਨਾਗਰਿਕ ਵੀ ਈਸਾਈ ਮਿਸ਼ਨਾਂ ਦੇ ਵਿਕਾਸ 'ਚ ਸਹਿਯੋਗ ਦੇ ਰਹੇ ਸਨ। ਲੌਕਲਿਨ ਅਨੁਸਾਰ, ''ਉਨ੍ਹਾਂ ਨੇ ਇਨ੍ਹਾਂ ਮਿਸ਼ਨਾਂ ਦੀ ਮਦਦ ਲਈ ਖੁੱਲ੍ਹ ਕੇ ਰਕਮਾਂ ਦਾਨ ਕੀਤੀਆਂ ਸਨ ਤੇ ਦੱਸਿਆ ਜਾਂਦਾ ਹੈ ਕਿ ਲਾਹੌਰ 'ਚ ਈਸਟ ਇੰਡੀਆ ਕੰਪਨੀ ਦੇ ਇੱਕ ਫ਼ੌਜੀ ਅਧਿਕਾਰੀ ਨੇ ਅਜਿਹੇ ਮਿਸ਼ਨਰੀ ਕੰਮ ਲਈ 10,000/- ਰੁਪਏ ਦਾ ਤੋਹਫ਼ਾ ਦਿੱਤਾ ਸੀ।[18]''

ਪੰਜਾਬ 'ਚ ਫ਼ੌਜੀ ਅਧਿਕਾਰੀਆਂ ਅਤੇ ਬੈਰਕਪੁਰ 'ਚ ਕਰਨਲ ਵ੍ਹੀਲਰ ਦੀ ਅਜਿਹੀ ਅਤਿ-ਉਤਸ਼ਾਹੀ ਮਿਸ਼ਨਰੀ ਭਾਵਨਾ ਕਾਰਣ ਬੰਗਾਲ ਦੀ ਫ਼ੌਜ ਦੇ ਸਿਪਾਹੀਆਂ ਦੇ ਮਨਾਂ 'ਚ ਡਰ ਸੀ। ਫਿਰ ਜਦੋਂ ਲਾਰਡ ਡਲਹੌਜ਼ੀ ਸਮੇਤ ਈਸਟ ਇੰਡੀਆ ਕੰਪਨੀ ਦੇ ਉੱਚ ਪ੍ਰਸ਼ਾਸਨਿਕ ਅਧਿਕਾਰੀ ਅਜਿਹੀ ਹੱਲਾਸ਼ੇਰੀ ਦਿੰਦੇ ਸਨ, ਤਾਂ ਅਜਿਹਾ ਡਰ ਹੋਰ ਵੀ ਵਧ ਜਾਂਦਾ ਸੀ। ਮਾਰਚ 1853 'ਚ ਡਲਹੌਜ਼ੀ ਨੇ ਸਰ ਜਾਰਜ ਕੂਪਰ ਨੂੰ ਲਿਖਿਆ ਸੀ,''ਇੱਕ ਅਜੀਬ ਤੇ ਦਿਲਚਸਪ ਘਟਨਾ ਹੁਣ ਭਾਰਤ ਦੇ ਇਤਿਹਾਸ

---

15. ਡਾ. ਗੰਡਾ ਸਿੰਘ, ਦਿ ਇੰਡੀਅਨ ਮਿਊਟਿਨੀ ਆੱਫ਼ 1857, ਪੰਨਾ 372.
16. ਪੰਜਾਬ, ਪਾਸਟ ਐਂਡ ਪ੍ਰੈਜ਼ੈਂਟ, ਜਿਲਦ II-I, ਪੰਨਾ 192. ਦਿ ਹਿਸਟਰੀ ਆੱਫ਼ ਕ੍ਰਿਸਚੀਅਨਿਟੀ ਇਨ ਪੰਜਾਬ - ਕਰਤਾ ਪਾਦਰੀ ਸੀ.ਐੱਚ. ਲੌਕਲਿਨ।
17. ਨਿਊਟਨ, ਹਿਸਟਰੀ ਆੱਫ਼ ਦਿ ਏ.ਪੀ. ਮਿਸ਼ਨਜ਼ ਇਨ ਇੰਡੀਆ, ਅਲਾਹਾਬਾਦ, 1886, ਪੰਨਾ 4.
18. ਪੰਜਾਬ, ਪਾਸਟ ਐਂਡ ਪ੍ਰੈਜ਼ੈਂਟ, ਜਿਲਦ VII, I, ਪੰਨਾ 192.

ਵਿੱਚ ਦਰਜ ਹੋਵੇਗੀ, ਕਿਉਂਕਿ ਇਹ ਉੱਥੇ ਇੱਕ ਜਗ੍ਹਾ ਦੇ ਯੋਗ ਹੈ – ਮੇਰਾ ਮਤਲਬ ਮਹਾਰਾਜਾ ਦਲੀਪ ਸਿੰਘ ਦੇ ਈਸਾਈ ਬਨਣ ਦੀ ਪ੍ਰਕਿਰਿਆ ਤੋਂ ਹੈ।[19]'' ਉਹ ਪਹਿਲਾ ਭਾਰਤੀ ਸੀ, ਜੋ ਸਾਡੀ ਤਾਕਤ ਦੇ ਬਾਵਜੂਦ ਹਾਰ ਗਿਆ ਸੀ ਜਾਂ ਇਹ ਇਸ ਗੱਲ ਦਾ ਸਬੂਤ ਸੀ ਕਿ ਅਜਨਬੀ ਦਾ ਧਰਮ ਅਪਣਾਇਆ ਜਾਣ ਲੱਗਾ ਹੈ।'' ਅਜਿਹੇ ਵਿਚਾਰਾਂ ਤੋਂ ਪ੍ਰਭਾਵਿਤ ਡਲਹੌਜ਼ੀ ਨੇ ਉਸ ਡਾ. ਜੇ. ਲੌਗਿਨ ਦੀ ਸ਼ਲਾਘਾ ਕਰਨ ਤੋਂ ਟਾਲ਼ਾ ਨਹੀਂ ਵੱਟਿਆ ਸੀ, ਜੋ ਫ਼ਤਹਿਗੜ੍ਹ ਵਿਖੇ ਸ਼ਹਿਜ਼ਾਦਾ ਦਲੀਪ ਸਿੰਘ ਦੇ ਸਰਪ੍ਰਸਤ ਵਜੋਂ ਵਿਚਰ ਰਿਹਾ ਸੀ ਅਤੇ ਮਹਾਰਾਜਾ ਦੇ ਬਪਤਿਸਮੇ 'ਚ ਮਦਦ ਕਰ ਰਿਹਾ ਸੀ। ਉਨ੍ਹਾਂ ਦੇ ਧਰਮ-ਪਰਿਵਰਤਨ ਗਿਣੀ-ਮਿੱਥੀ ਸਾਜ਼ਿਸ਼ ਤੋਂ ਵੀ ਵਧੇਰੇ ਇਤਰਾਜ਼ਯੋਗ ਸੀ, ਉਹ ਸੀ ਸਾਬਕਾ ਸੂਬਾ ਪੰਜਾਬ 'ਚ ਗਊਆਂ ਦੇ ਕਤਲ ਤੇ ਗਊ-ਮਾਸ ਦੀ ਵਿਕਰੀ 'ਤੇ ਚਿਰਾਂ ਤੋਂ ਲੱਗੀ ਪਾਬੰਦੀ ਹਟਾ ਦੇਣਾ।

ਮਿਸ਼ਨਰੀਆਂ ਦੀਆਂ ਨਿਰੰਤਰ ਅਤੇ ਅਤਿ-ਉਤਸ਼ਾਹੀ ਗਤੀਵਿਧੀਆਂ ਦੇ ਨਾਲ-ਨਾਲ ਉੱਚ-ਪੱਧਰੀ ਅਧਿਕਾਰੀਆਂ ਤੇ ਸ਼ਖ਼ਸੀਅਤਾਂ ਦੀ ਸਰਪ੍ਰਸਤੀ ਕਾਰਣ ਪੰਜਾਬ ਦੇ ਲੋਕਾਂ ਦੇ ਸਿਰਾਂ 'ਤੇ ਵੀ ਧਰਮ- ਪਰਿਵਰਤਨ ਦਾ ਖ਼ਤਰਾ ਮੰਡਰਾਉਣ ਲੱਗਾ ਸੀ। ਜਿਵੇਂ ਕਿ ਫ਼ੌਜਾ ਸਿੰਘ ਨੇ ਨੁਕਤਾ ਉਠਾਇਆ ਹੈ,''ਪੰਜਾਬ 'ਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਈਸਾਈ ਮਿਸ਼ਨਰੀਆਂ ਨੇ ਭਾਰਤੀ ਧਰਮਾਂ ਖ਼ਿਲਾਫ਼ ਨਿੰਦਣਯੋਗ ਹੱਦ ਤੱਕ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਗਊ-ਮਾਸ ਦੀ ਸਪਲਾਈ ਲਈ ਬੁੱਚੜਖਾਨੇ ਖੁਲ੍ਹਵਾਉਣੇ ਸ਼ੁਰੂ ਕਰ ਦਿੱਤੇ ਸਨ, ਜਦ ਕਿ ਖ਼ਾਲਸਾ ਰਾਜ ਅਧੀਨ ਇਸ ਸਭ 'ਤੇ ਬਹੁਤ ਸਖ਼ਤੀ ਨਾਲ ਪਾਬੰਦੀ ਲਾਗੂ ਸੀ; ਇਸੇ ਲਈ ਹਿੰਦੂਆਂ ਤੇ ਸਿੱਖਾਂ ਨੇ ਮਹਿਸੂਸ ਕੀਤਾ ਕਿ ਆਜ਼ਾਦੀ ਗੁਆ ਕੇ ਉਨ੍ਹਾਂ ਦਾ ਭਾਰੀ ਨੁਕਸਾਨ ਹੋ ਗਿਆ ਹੈ।[20]''

ਪਾਦਰੀ ਐੱਮ.ਏ. ਸ਼ੈਰਿੰਗ ਦੇ ਸ਼ਬਦਾਂ 'ਚ ਕ੍ਰਿਸਚੀਅਨ ਚਰਚ ਨੇ 20 ਕਰੋੜ ਲੋਕਾਂ ਵਾਲੇ ਇਸ ਸਮੁੱਚੇ ਦੇਸ਼ 'ਤੇ ਆਪਣਾ ਦਾਅਵਾ ਪੇਸ਼ ਕੀਤਾ ਸੀ ਅਤੇ ''ਮਿਸ਼ਨਾਂ ਕਾਰਣ ਇਸ ਸਮੁੱਚੇ ਦੇਸ਼ ਦੀ ਧਰਤੀ ਧੁਰ ਅੰਦਰ ਤੱਕ ਹਿੱਲ ਕੇ ਰਹਿ ਗਈ ਹੈ। ਹਿੰਦੂ ਆਪਣੇ ਧਰਮ ਲਈ ਕੰਬਦਾ ਹੈ, ਮੁਸਲਿਮ ਵੀ ਆਪਣੇ.....[21]'' ਅਜਿਹੇ ਹਾਲਾਤ 'ਚ ਸੁਭਾਵਕ ਸੀ ਕਿ ਪੰਜਾਬ ਧਰਮ-ਪਰਿਵਰਤਨ ਦੇ ਇਸ ਖ਼ਤਰੇ ਦੇ ਪ੍ਰਭਾਵ ਤੋਂ ਬਚਿਆ ਕਿਵੇਂ ਰਹਿ ਸਕਦਾ ਹੈ ਅਤੇ ਕੂਕਾ ਲਹਿਰ ਦੇ ਉਭਾਰ ਦਾ ਅਧਿਐਨ ਇਸ ਸੰਦਰਭ 'ਚ ਕੀਤਾ ਜਾਣਾ ਚਾਹੀਦਾ ਹੈ।

**5. ਪੰਜਾਬ 'ਚ ਫ਼ੌਜੀ ਸਥਿਤੀ:** ਅਪ੍ਰੈਲ 1857 'ਚ ਭਾਰਤ ਵਿੱਚ ਕੁੱਲ ਫ਼ੌਜੀ ਬਲਾਂ ਦੇ ਮੁਕਾਬਲੇ ਮਈ 1857 'ਚ ਪੰਜਾਬ 'ਚ ਅਸਲ ਫ਼ੌਜੀ ਬਲਾਂ, ਖ਼ਾਸ ਕਰ ਕੇ ਯੂਰੋਪੀਅਨ ਫ਼ੌਜੀਆਂ ਦੀ ਮੌਜੂਦਗੀ ਬਹੁਤ ਜ਼ਿਆਦਾ ਸੀ। ਜਿਵੇਂ ਕਿ ਡਾ. (ਸ੍ਰੀਮਤੀ)

19. ਹਿਸਟਰੀ ਆੱਫ਼ ਫ੍ਰੀਡਮ ਮੂਵਮੈਂਟ ਇਨ ਪੰਜਾਬ ਵਿੱਚ ਮਹਾਰਾਜਾ ਦਲੀਪ ਸਿੰਘ ਦੀ ਚਿੱਠੀ-ਪੱਤਰੀ, ਜਿਲਦ III, ਪੰਨਾ 57-58, ਡਲਹੌਜ਼ੀ ਦੀਆਂ ਨਿਜੀ ਚਿੱਠੀਆਂ ਉੱਧ੍ਰਿਤ।
20. ਏ ਬ੍ਰੀਫ਼ ਅਕਾਊਂਟ ਆੱਫ਼ ਦਿ ਫ੍ਰੀਡਮ ਮੂਵਮੈਂਟ ਇਨ ਪੰਜਾਬ, ਪੰਨਾ 7-8.
21. ਦਿ ਇੰਡੀਅਨ ਚਰਚ ਡਿਊਰਿੰਗ ਦਿ ਗ੍ਰੇਟ ਰੀਬੈਲੀਅਨ (ਲੰਦਨ 1858-59)।

ਡੋਲੋਰਸ ਡੌਮਿਨ ਨੇ ਬਿਆਨ ਕੀਤਾ ਹੈ ਪੰਜਾਬ ''ਵਿੱਚ ਹਾਲੇ ਵੀ ਯੂਰੋਪੀਅਨ ਫ਼ੌਜੀਆਂ ਦੀ ਗਿਣਤੀ ਜ਼ਿਆਦਾ ਸੀ, ਇੰਗਲੈਂਡ ਦੀ ਲਗਭਗ ਅੱਧੀ ਫ਼ੌਜ ਤਾਂ ਇੱਥੇ ਹੀ ਸੀ ਅਤੇ ਫ਼ਾਈਲ ਬੰਗਾਲ ਦੀ ਫ਼ੌਜ ਨਾਲ ਜੋੜ ਦਿੱਤੀ ਗਈ ਸੀ[22]।'' ਇਹੋ ਕਾਰਣ ਸੀ ਕਿ ਪੰਜਾਬ ਅਤੇ ਸਤਲੁਜ ਨਾਲ ਲੱਗਦੀਆਂ ਸਿੱਖ ਰਿਆਸਤਾਂ 'ਚ ਬਗ਼ਾਵਤ ਦੀ ਕੋਈ ਇੱਕਾ-ਦੁੱਕਾ ਘਟਨਾ ਵੀ ਨਹੀਂ ਵਾਪਰੀ ਸੀ। ਇਸ ਦੇ ਬਾਵਜੂਦ ਮੌਜੂਦਾ ਹਰਿਆਣਾ ਦੇ ਵੱਡੇ ਹਿੱਸੇ 'ਚ, ਜਿਸ ਨੂੰ ਪਹਿਲਾਂ ਪੰਜਾਬ ਦਾ ਪੂਰਬੀ ਭਾਗ ਅਤੇ ਉੱਤਰ-ਪੱਛਮੀ ਸੂਬਿਆਂ ਦਾ ਪੱਛਮੀ ਸੈਕਟਰ ਆਖਿਆ ਜਾਂਦਾ ਸੀ - ਜਿਸ ਦੇ ਤਿੰਨ ਡਿਵੀਜ਼ਨ - ਅੰਬਾਲਾ, ਥਾਨੇਸਰ ਅਤੇ ਦਿੱਲੀ ਹੁੰਦੇ ਸਨ, 'ਚ ਵੱਡੇ ਪੱਧਰ 'ਤੇ ਬਗ਼ਾਵਤ ਹੋਈ ਸੀ[23]। ਭਾਵੇਂ ਇਸ ਖੇਤਰ ਦਾ ਜ਼ਿਆਦਾਤਰ ਹਿੱਸਾ ਉਨ੍ਹਾਂ ਛੋਟੇ-ਛੋਟੇ ਮੁਖੀਆਂ ਨੂੰ ਦੇ ਦਿੱਤਾ ਗਿਆ ਸੀ, ਜਿਨ੍ਹਾਂ ਨੇ ਬਗ਼ਾਵਤ ਕਰਨ ਵਾਲੇ ਮੁਗ਼ਲ ਸਮਰਾਟ ਅਤੇ ਮਰਾਠਿਆਂ ਦੇ ਮੁਕਾਬਲੇ ਅੰਗਰੇਜ਼ਾਂ ਦੀ ਵਧੇਰੇ ਸੇਵਾ ਕੀਤੀ ਸੀ। ਫਿਰ ਵੀ ਜੀਂਦ, ਅੰਬਾਲਾ, ਲਾਡਵਾ, ਥਾਨੇਸਰ, ਬੁਰੀਆ, ਕਲਸੀਆ ਅਤੇ ਕੈਥਲ ਦੇ ਸਿੱਖ ਮੁਖੀਆਂ ਨੂੰ ਮਰਾਠਾ ਸਨਦਾਂ 'ਤੇ ਹੀ ਵਫ਼ਾਦਾਰ ਸਮਝ ਕੇ ਆਜ਼ਾਦ ਮੁਖੀਆਂ ਵਜੋਂ ਛੱਡ ਦਿੱਤਾ ਗਿਆ ਸੀ[24]।

ਪਰ ਬਗ਼ਾਵਤ ਦੀ ਪਹਿਲੀ ਚੰਗਿਆੜੀ ਅੰਬਾਲਾ ਦੇ ਫ਼ੌਜੀ ਸਟੇਸ਼ਨ 'ਤੇ ਹੀ ਭੜਕੀ ਸੀ ਅਤੇ ਉੱਥੇ ਤਾਇਨਾਤ ਸਿਪਾਹੀ ਇਨਫ਼ੀਲਡ ਰਾਈਫ਼ਲ ਦੀਆਂ ਗ੍ਰੀਸ-ਯੁਕਤ ਗੋਲ਼ੀਆਂ ਦੀ ਵਰਤੋਂ ਤੋਂ ਪਰੇਸ਼ਾਨ ਸੀ। ਮੈਟਕਾਫ਼ ਅਨੁਸਾਰ ਮੇਰਠ 'ਚ ਫ਼ੌਜ ਦੀ ਨੌਕਰੀ ਤੋਂ ਕੱਢੇ ਅਧਿਕਾਰੀ ਪੱਧਰ ਦੇ ਇੱਕ ਬ੍ਰਿਟਿਸ਼ ਅਧਿਕਾਰੀ ਨੇ ਪਹਿਲਾਂ ਇਸਲਾਮ ਧਰਮ ਅਪਣਾਇਆ ਅਤੇ ਫਿਰ ਅੰਬਾਲਾ, ਲੁਧਿਆਣਾ ਤੇ ਫ਼ਿਰੋਜ਼ਪੁਰ ਦੇ ਦੌਰਿਆਂ 'ਤੇ ਗਿਆ ਅਤੇ ਉਸ ਨੇ ਸਭਨਾਂ ਥਾਵਾਂ 'ਤੇ ਇਹੋ ਦੱਸਿਆ ਕਿ ਉਹ ਰਾਈਫ਼ਲ ਦੀਆਂ ਗੋਲ਼ੀਆਂ ਨਾ ਵਰਤਣ। ਉਸ ਨੇ ਦੱਸਿਆ ਸੀ ਕਿ ਇਨ੍ਹਾਂ ਗੋਲ਼ੀਆਂ 'ਚ ਸੂਰ ਤੇ ਗਊ ਦੀ ਚਰਬੀ ਲਾਈ ਗਈ ਹੈ ਅਤੇ ਕੰਪਨੀ ਦੀ ਸਰਕਾਰ ਉਨ੍ਹਾਂ ਦਾ ਧਰਮ-ਪਰਿਵਰਤਨ ਕਰਵਾਉਣਾ ਚਾਹੁੰਦੀ ਹੈ[25]। ਇਸ ਦੇ ਪ੍ਰਤੀਕਰਮ ਵਜੋਂ ਐਤਵਾਰ 10 ਮਈ, 1857 ਦੀ ਸਵੇਰ ਨੂੰ ਮੇਰਠ 'ਚ ਬਗ਼ਾਵਤ ਦੀ ਸ਼ੁਰੂਆਤ ਤੋਂ ਵੀ ਨੌਂ ਘੰਟੇ ਪਹਿਲਾਂ ਅੰਬਾਲਾ 'ਚ 60ਵੀਂ ਸਥਾਨਕ ਥਲ ਸੈਨਾ ਨੇ ਬਗ਼ਾਵਤ ਕਰ ਦਿੱਤੀ ਸੀ[26]। ਦੁਪਹਿਰ ਨੂੰ ਉਨ੍ਹਾਂ ਤੋਂ ਬਾਅਦ 5ਵੀਂ ਐੱਨ.ਆਈ. ਨੇ ਵੀ ਇਵੇਂ ਹੀ ਕੀਤਾ ਸੀ।

ਪਰ ਅੰਬਾਲਾ 'ਚ ਬ੍ਰਿਟਿਸ਼ ਅਧਿਕਾਰੀਆਂ ਨੇ ਉਪਰੋਕਤ ਬਗ਼ਾਵਤ ਨੂੰ ਅਰੰਭ 'ਚ ਦਬਾ ਦਿੱਤਾ ਸੀ। ਉਹ ਇੰਨੇ ਜ਼ਿਆਦਾ ਚੌਕਸ ਸਨ ਕਿ ਉਹ ਕਿਸੇ ਜਾਲ਼ 'ਚ ਨਾ

22. ਏ ਸਟੱਡੀ ਆੱਨ ਦਿ ਰੋਲ ਆੱਫ਼ ਦਿ ਸਿੱਖਸ ਇਨ ਦਿ ਪੀਪਲ'ਜ਼ ਰਾਈਜ਼ਿੰਗ - (ਅਕੈਡਮਿਕ-ਬਰਲਿਨ ਵੱਲੋਂ ਪ੍ਰਕਾਸ਼ਿਤ, 1877, ਪੰਨਾ 4-99)।
23. ਯਾਦਵ, ਕੇ.ਸੀ., ਦਿ ਰਿਵੋਲਟ ਆਫ਼ 1857 ਇਨ ਹਰਿਆਣਾ, ਪੰਨਾ 1-13; ਅਤੇ ਦਿ ਫ਼ੈਮਾਈਨ ਰਿਪੋਰਟ, 1860-61.
24. ਕਨਿੰਘਮ, ਹਿਸਟਰੀ ਆੱਫ਼ ਦਿ ਸਿੱਖਸ, ਪੰਨੇ 124-129, 353-356.
25. ਮੈਟਕਾਫ਼, ਟੂ ਨੈਰੇਟਿਵਜ਼ ਆੱਫ਼ ਦੀ ਮਿਊਟਿਨੀ ਐਟ ਦੇਹਲੀ, ਪੰਨੇ 39-41.
26. ਯਾਦਵ, ਪੰਨਾ 49.

ਫਸੇ ਅਤੇ ਇਸੇ ਲਈ ਅੰਬਾਲਾ ਦੇ ਸਿਪਾਹੀ ਆਪਣੇ ਮੇਰਠ ਤੋਂ ਦਿੱਲੀ ਤੱਕ ਦੇ ਭਰਾਵਾਂ ਵਾਂਗ ਬਗ਼ਾਵਤ 'ਚ ਸਫ਼ਲ ਨਾ ਹੋ ਸਕੇ। ਉਸ ਵੇਲੇ ਫ਼ਾਰਸਿਥ ਅੰਬਾਲਾ ਦਾ ਡਿਪਟੀ ਕਮਿਸ਼ਨਰ ਹੁੰਦਾ ਸੀ, ਜੋ ਬਾਅਦ 'ਚ 1859 ਦੌਰਾਨ ਅੰਬਾਲਾ ਡਿਵੀਜ਼ਨ ਦਾ ਕਮਿਸ਼ਨਰ ਅਤੇ ਸੁਪਰਇੰਟੈਂਡੈਂਟ ਨਿਯੁਕਤ ਹੋਇਆ ਸੀ, ਜਦੋਂ ਕੂਕਿਆਂ ਨੇ ਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਬਗ਼ਾਵਤ ਕੀਤੀ ਸੀ।

1857-59 ਦੌਰਾਨ ਸਿੱਖਾਂ ਦੀ ਘੱਟ ਸਰਗਰਮ ਭੂਮਿਕਾ ਲਈ ਜ਼ਿੰਮੇਵਾਰ ਕਈ ਤੱਤਾਂ ਦਾ ਵਿਸ਼ਲੇਸ਼ਣ ਕਰਦਿਆਂ ਡੋਲੋਰਸ ਡੋਮੈਨ ਨੇ ਨਿਮਨਲਿਖਤ ਅਨੁਸਾਰ ਵਰਣਨ ਕੀਤਾ ਹੈ[27]:

(i) ਸਾਬਕਾ ਖ਼ਾਲਸਾ ਫ਼ੌਜੀ ਜਵਾਨਾਂ ਨੂੰ ਜਿਸ ਤਰੀਕੇ ਪੈਨਸ਼ਨਾਂ ਮਿਲ ਰਹੀਆਂ ਸਨ, ਉਸ ਬ੍ਰਿਟਿਸ਼ ਨੀਤੀ ਤੋਂ ਉਹ ਡਾਢੇ ਖ਼ੁਸ਼ ਸਨ।

(ii) ਮੁਗ਼ਲ ਸਾਮਰਾਜ ਤੇ ਉਸ ਦੇ ਹੀ ਵਰਤਮਾਨ ਸਮਰਾਟ ਬਹਾਦਰ ਸ਼ਾਹ ਜ਼ਫ਼ਰ ਪ੍ਰਤੀ ਸਿੱਖਾਂ ਦੀ ਪੁਰਾਣੀ ਸਿਆਸੀ ਦੁਸ਼ਮਣੀ।

(iii) ਪੰਜਾਬੀਆਂ ਤੇ ਹਿੰਦੁਸਤਾਨੀਆਂ ਵਿਚਾਲੇ ਆਮ ਤੌਰ 'ਤੇ ਅਤੇ ਖ਼ਾਸ ਤੌਰ 'ਤੇ ਸਿੱਖਾਂ ਤੇ ਹਿੰਦੁਸਤਾਨੀਆਂ ਵਿਚਲੀ ਮੰਦ-ਭਾਵਨਾ।

(iv) ਖ਼ਾਲਸਾ ਫ਼ੌਜ ਨੂੰ ਭੰਗ ਕਰ ਦਿੱਤਾ ਗਿਆ ਸੀ ਅਤੇ ਉਸ ਦੀ ਥਾਂ ਗੋਰਖਾ, ਪੂਰਬੀਏ, ਤੇ ਮੁਸਲਿਮ ਫ਼ੌਜੀ ਤਾਇਨਾਤ ਕਰ ਦਿੱਤੇ ਗਏ ਸਨ। ਕਿਲ੍ਹੇ ਢਾਹ ਦਿੱਤੇ ਗਏ ਸਨ ਤੇ ਲੋਕਾਂ ਤੋਂ ਹਥਿਆਰ ਲੈ ਲਏ ਗਏ ਸਨ।

ਪੰਜਾਬ ਦੇ ਪਹਿਲੇ ਚੀਫ਼ ਕਮਿਸ਼ਨਰ ਜੌਨ ਲਾਰੈਂਸ ਨੇ 1853-57 ਦੌਰਾਨ ਖ਼ੁਸ਼ ਕਰਨ ਦੀ ਨੀਤੀ ਅਪਣਾਈ ਸੀ। ਉਸ ਨੇ ਸਿੱਖ ਸਰਦਾਰਾਂ ਨਾਲ ਕਾਫ਼ੀ ਹੱਦ ਤੱਕ ਸਮਝੌਤੇ ਕਰ ਲਏ ਸਨ ਅਤੇ ਖ਼ਾਸ ਤੌਰ 'ਤੇ ਉਨ੍ਹਾਂ ਅਣਗਿਣਤ ਲੋਕਾਂ ਨੂੰ ਚੋਖੇ ਭੱਤੇ ਦਿੱਤੇ ਸਨ, ਜਿਹੜੇ ਲੰਮਾ ਸਮਾਂ ਲਾਹੌਰ ਦਰਬਾਰ 'ਤੇ ਨਿਰਭਰ ਰਹੇ ਸਨ। ਇੱਥੋਂ ਤੱਕ ਕਿ 'ਅੰਮ੍ਰਿਤਸਰ, ਨਨਕਾਣਾ ਸਾਹਿਬ, ਤਰਨਤਾਰਨ ਅਤੇ ਅਨੰਦਪੁਰ ਸਥਿਤ ਗੁਰਦੁਆਰਾ ਸਾਹਿਬਾਨ ਨੂੰ ਗ੍ਰਾਂਟਾਂ ਅਤੇ ਦਾਨ ਦੀਆਂ ਧਰਮਾਰਥ ਰਕਮਾਂ ਪ੍ਰਵਾਨ ਕੀਤੇ ਜਾਣ ਦੀ ਪੁਸ਼ਟੀ ਕਰ ਦਿੱਤੀ ਗਈ ਸੀ।[28]' ਫ਼ੌਜਾ ਸਿੰਘ ਦੇ ਸ਼ਬਦਾਂ 'ਚ, ਇਹ ਮਦਦ ਸਿੱਖਾਂ ਤੋਂ ਨਹੀਂ, ਸਗੋਂ 'ਸਿੱਖਾਂ ਲਈ ਸਹਾਇਤਾ ਮੁੱਖ ਤੌਰ 'ਤੇ ਪਟਿਆਲਾ, ਨਾਭਾ ਅਤੇ ਜੀਂਦ ਦੀਆਂ ਰਿਆਸਤਾਂ ਤੋਂ ਆਈ ਸੀ।[29]' ਦੂਜੇ ਪਾਸੇ, ਸਾਲ 1859 ਦੇ ਸੰਸਦੀ ਦਸਤਾਵੇਜ਼ (ਨੰ. 238, ਪੰਨਾ 18) ਅਨੁਸਾਰ ''...ਪੰਜਾਬ 'ਚ ਵਿਆਪਕ ਬਗ਼ਾਵਤ ਉੱਠ ਖੜ੍ਹੀ ਹੋਵੇਗੀ, ਜੇ ਦਿੱਲੀ ਛੇਤੀ ਸਾਡੇ ਹੱਥਾਂ 'ਚ ਨਾ ਆਈ।'' ਗ਼ਦਰ ਦੇ ਸਾਲ 1857 ਦੇ ਸ਼ਤਾਬਦੀ ਵਰ੍ਹੇ 1957 ਤੱਕ ਇਹ ਤੱਥ ਸੇਵਾ ਸਮੱਗਰੀ ਦੇ ਸਾਧਨਾਂ ਰਾਹੀਂ ਪ੍ਰਮਾਣਿਤ ਨਹੀਂ ਸੀ ਹੋ ਸਕਿਆ।

27. ਇੰਡੀਆ ਇਨ 1857-59, ਪੰਨਾ 186.
28. ਨਾਰੰਗ ਅਤੇ ਗੁਪਤਾ, ਹਿਸਟਰੀ ਆੱਫ਼ ਪੰਜਾਬ, 1500-1858, ਪੰਨਾ 383.
29. ਕੂਕਾ ਮੂਵਮੈਂਟ, ਪੰਨਾ 176.

**6. ਗੁਰੂ ਰਾਮ ਸਿੰਘ ਜੀ ਦੇ ਪ੍ਰਤੀਕਰਮ:** ਭਾਵੇਂ ਅਰੰਭ 'ਚ ਗੁਰੂ ਰਾਮ ਸਿੰਘ ਜੀ ਨੇ ਨੈਤਿਕ ਅਤੇ ਰੂਹਾਨੀ ਜਾਗਰੂਕਤਾ 'ਤੇ ਧਿਆਨ ਕੇਂਦ੍ਰਿਤ ਕੀਤਾ ਸੀ; ਪਰ ਸਾਲ 1857 'ਚ ਉਹ ਆਪਣੇ ਪੈਰੋਕਾਰਾਂ ਨੂੰ 'ਬ੍ਰਿਟਿਸ਼ ਸਾਮਰਾਜਵਾਦ ਖ਼ਿਲਾਫ਼ ਸੰਘਰਸ਼ ਲਈ' ਤਿਆਰ ਕਰਨ ਵੱਲ ਮੋੜਾ ਕੱਟ ਗਏ ਸਨ[30]। ਇਸ ਸੰਕਲਪ 'ਚ ਉਨ੍ਹਾਂ ਦੀ ਮਦਦ ਬਾਬਾ ਕਾਹਨ ਸਿੰਘ ਨੇ ਕੀਤੀ ਸੀ, ਜੋ ਉਸੇ ਰੈਜਿਮੈਂਟ 'ਚ ਹਵਾਲਦਾਰ ਦੇ ਅਹੁਦੇ 'ਤੇ ਤਾਇਨਾਤ ਸਨ, ਜਿੱਥੇ ਪਹਿਲਾਂ ਰਾਮ ਸਿੰਘ ਜੀ ਸੇਵਾ ਨਿਭਾ ਚੁੱਕੇ ਸਨ। ਇਸੇ ਲਈ ਉਨ੍ਹਾਂ "ਸਿੱਖ ਧਰਮ-ਗ੍ਰੰਥ ਦਾ ਪ੍ਰਚਾਰ ਕਿਤੇ ਜ਼ਿਆਦਾ ਜੋਸ਼ ਨਾਲ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਇਸ ਪਿੱਛੇ ਮਕਸਦ ਉਹੀ ਦੋ ਸਨ - ਇੱਕ ਤਾਂ ਈਸਾਈਅਤ ਦੇ ਹਮਲੇ ਨਾਲ ਟੱਕਰ ਲੈਣਾ ਅਤੇ ਸਿਆਸੀ ਤੇ ਸਭਿਆਚਾਰਕ ਤਬਦੀਲੀਆਂ (ਕੱਪੜੇ, ਸ਼ਰਾਬ ਤੇ ਮਾਸ ਦੀਆਂ) ਅਤੇ ਇੱਥੋਂ ਤੱਕ ਕਿ ਡਾਕਘਰ ਅਤੇ ਰੇਲ-ਗੱਡੀਆਂ ਦਾ ਸਾਹਮਣਾ ਕਰਨਾ![31]"

ਸੁਧਾਰ ਲਿਆਉਣ ਦੇ ਅਜਿਹੇ ਉਤਸ਼ਾਹ ਸਦਕਾ ਉਨ੍ਹਾਂ ਆਪਣੀ ਸਮਰੱਥਾ ਤੋਂ ਕਿਤੇ ਵੱਧ ਤਾਕਤ ਤੇ ਜੋਸ਼ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਸ ਦੌਰਾਨ ਉਨ੍ਹਾਂ ਕੱਟੜ ਸਿੱਖਾਂ ਨੂੰ ਵੀ ਪਿਛਾਂਹ ਛੱਡ ਦਿੱਤਾ। "ਉਂਝ ਉਨ੍ਹਾਂ ਦੇ ਸ਼ਰਧਾਲੂ ਉਨ੍ਹਾਂ ਦੀਆਂ ਇੱਛਾਵਾਂ ਦੇ ਬਹੁਤ ਜ਼ਿਆਦਾ ਉਲਟ ਹੀ ਸਨ ਕਿਉਂਕਿ ਉਹ ਉਨ੍ਹਾਂ 'ਚ ਕਿਤੇ ਜ਼ਿਆਦਾ ਨਿਵੇਕਲਾ ਉਤਸ਼ਾਹ ਪਾਇਆ ਜਾ ਰਿਹਾ ਸੀ, ਖ਼ਾਸ ਤੌਰ 'ਤੇ ਇਹ ਸ਼ਰਧਾਲੂ ਮੂਰਤੀ-ਪੂਜਾ ਤੇ ਗਊ-ਹੱਤਿਆਵਾਂ ਦਾ ਜ਼ੋਰਦਾਰ ਵਿਰੋਧ ਕਰਨ ਲੱਗ ਪਏ ਸਨ।[32]" ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਕਨੀਕ, ਵਿਧੀਆਂ ਤੇ ਸਿਧਾਂਤਾਂ ਨੂੰ ਵਰਤਣ ਦਾ ਫ਼ੈਸਲਾ ਕੀਤਾ, ਭਾਵੇਂ ਮੁਗ਼ਲ ਕਾਲ ਦੇ ਮੁਕਾਬਲੇ ਬ੍ਰਿਟਿਸ਼ ਰਾਜ ਅਧੀਨ ਹਾਲਾਤ ਬਿਲਕੁਲ ਵੱਖਰੀ ਕਿਸਮ ਦੇ ਸਨ।

ਨਤੀਜਿਆਂ ਦੀ ਪਰਵਾਹ ਨਾ ਕਰਦਿਆਂ ਗੁਰੂ ਰਾਮ ਸਿੰਘ ਜੀ ਨੇ ਆਪਣੇ ਮਿਸ਼ਨ ਵੱਲ ਅੱਗੇ ਵਧਣਾ ਜਾਰੀ ਰੱਖਿਆ ਅਤੇ ਭੈਣੀ ਵਿਖੇ 13 ਅਪ੍ਰੈਲ, 1857 ਨੂੰ ਭਾਵ ਵਿਸਾਖੀ ਦੇ ਦਿਹਾੜੇ ਪਹਿਲਾ ਕਦਮ ਚੁੱਕ ਲਿਆ। ਵਿਸ਼ਾਲ ਇਕੱਠ ਸਾਹਮਣੇ "...ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਇੱਕ ਝੰਡਾ ਲਹਿਰਾਇਆ ਗਿਆ ਸੀ।[33]" ਉਹ ਤਿਕੋਨਾ ਝੰਡਾ ਚਿੱਟੇ ਰੰਗ ਦਾ ਸੀ ਅਤੇ ਉਹੀ ਆਜ਼ਾਦੀ ਸੰਘਰਸ਼ ਦਾ ਪ੍ਰਤੀਕ ਬਣ ਗਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਵਨਾ ਆਪਣੇ ਪੈਰੋਕਾਰਾਂ 'ਚ ਭਰਨ ਲਈ ਖੰਡੇ ਦਾ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਸੀ। ਉਦੋਂ ਕਿਉਂਕਿ ਕਿਸੇ ਨੂੰ ਵੀ ਆਪਣੇ ਕੋਲ ਕ੍ਰਿਪਾਨ ਰੱਖਣ ਦੀ ਮਨਾਹੀ ਸੀ, ਇਸੇ ਲਈ ਪੈਰੋਕਾਰਾਂ / ਚੇਲਿਆਂ ਨੂੰ ਆਪਣੇ ਭਾਰੀ ਡਾਂਗਾਂ ਰੱਖਣ ਦਾ ਹੁਕਮ ਦਿੱਤਾ

---

30. ਆਹਲੂਵਾਲੀਆ, ਐੱਮ.ਐੱਮ., ਕੂਕਾ ਮੂਵਮੈਂਟ, ਪੰਨਾ 9.
31. ਸਿੰਘ, ਡਾ. ਗੋਪਾਲ, ਹਿਸਟਰੀ ਆੱਫ਼ ਦਿ ਸਿੱਖ ਪੀਪਲ, ਪੰਨੇ 605-606
32. ਉਹੀ, 606.
33. ਫ਼ੌਜਾ ਸਿੰਘ ਬਾਜਵਾ, ਕੂਕਾ ਮੂਵਮੈਂਟ, ਪੰਨਾ 1, ਦਸਤਾਵੇਜ਼ ਨੰ. 1 ਵੀ, ਗੁਰੂ ਰਾਮ ਸਿੰਘ ਅਤੇ ਕੂਕਾ ਸਿੱਖਸ (1863-71), ਪੰਨੇ 1-10.

ਗਿਆ। ਉਨ੍ਹਾਂ ਨੂੰ ਆਪਣੀ ਇੱਕ ਵੱਖਰੀ ਪਛਾਣ ਰੱਖਣ ਲਈ ਉੱਨ ਦੀ ਮਾਲਾ ਵੀ ਕੋਲ਼ ਰੱਖਣ, ਚਿੱਟੇ ਕੱਪੜੇ ਪਹਿਨਣ ਅਤੇ ਬਿਲਕੁਲ ਚਿੱਟੇ ਰੰਗ ਦੀ ਹੀ ਸਿੱਧੀ ਦਸਤਾਰ ਸਜਾਉਣ ਦਾ ਆਦੇਸ਼ ਦਿੱਤਾ ਗਿਆ[34]। ਇਸ ਪ੍ਰਕਾਰ ''ਸਿੱਧੀ ਪੱਗ ਸਜਾ ਕੇ ਚਿੱਟੇ ਰੰਗ ਦੀ ਉੱਨ ਦੀ ਬਣਾਈ ਹੋਈ ਮਣਕੇਦਾਰ ਮਾਲਾ ਰਾਹੀਂ''[35] ਇਸ ਸੰਪਰਦਾਇ ਦੀ ਬਾਕੀ ਲੋਕਾਂ ਤੋਂ ਇੱਕ ਵੱਖਰੀ ਪਛਾਣ ਕਾਇਮ ਕੀਤੀ ਗਈ। ਸਾਲ 1863 ਤੱਕ ਉਨ੍ਹਾਂ ਦੀ ਸ਼ੋਹਰਤ ਤੇਜ਼ੀ ਨਾਲ ਚੁਫੇਰੇ ਫੈਲ ਗਈ ਸੀ ਕਿਉਂਕਿ ਤਦ ਤੱਕ ਉਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ 40,000 ਤੱਕ ਪੁੱਜ ਗਈ ਸੀ, ''ਜਿਨ੍ਹਾਂ ਦੀ ਏਕਤਾ, ਇੱਕ ਉਦੇਸ਼, ਗੁਰੂ ਪ੍ਰਤੀ ਪਿਆਰ ਅਤੇ ਨੈਤਿਕ ਸੁਰ ਇੰਨੀ ਜ਼ਿਆਦਾ ਮਜ਼ਬੂਤ ਸੀ ਕਿ ਅੰਗਰੇਜ਼ਾਂ 'ਚ ਘਬਰਾਹਟ ਫੈਲਣੀ ਸ਼ੁਰੂ ਹੋ ਗਈ ਸੀ।[36]'' ਸਾਲ 1857 ਦੀ ਬਗ਼ਾਵਤ ਦੇ ਨਤੀਜੇ ਵਜੋਂ ਉਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ 'ਚ ਹੋਰ ਵੀ ਜ਼ਿਆਦਾ ਵਾਧਾ ਹੋ ਗਿਆ ਅਤੇ ਵੱਡੀ ਗਿਣਤੀ 'ਚ ਸਿੱਖ ਸਿਪਾਹੀ ਉਨ੍ਹਾਂ ਦੇ ਪੈਰੋਕਾਰ ਬਣ ਗਏ । ''ਗੁਰੂ ਰਾਮ ਸਿੰਘ ਜੀ ਦੇ ਸਭ ਤੋਂ ਅਹਿਮ ਸੂਬਿਆਂ 'ਚੋਂ ਇੱਕ ਬ੍ਰਹਮਾ ਸਿੰਘ 1857 ਦੇ ਗ਼ਦਰੀ ਸਿਪਾਹੀ ਹੀ ਸਨ।[37]''

ਸਿਆਲਕੋਟ ਪੁਲਿਸ ਵਿਭਾਗ ਦੀਆਂ ਮੁਢਲੀਆਂ ਖ਼ੁਫ਼ੀਆ ਰਿਪੋਰਟਾਂ ਅਨੁਸਾਰ ਲੁਧਿਆਣਾ ਦਾ ਇੱਕ ਬਜ਼ੁਰਗ ਸਿੱਖ, ਜੋ ਖ਼ੁਦ ਨੂੰ 'ਭਾਈ' ਕਹਿੰਦਾ ਹੈ,''ਦੇਸ਼ ਦੀ ਯਾਤਰਾ ਕਰ ਰਿਹਾ ਹੈ ਤੇ ਉਸ ਨਾਲ 200 ਦੇ ਕਰੀਬ ਵਿਅਕਤੀ ਹਨ, ਜਿਨ੍ਹਾਂ ਨੂੰ ਉਹ ਰਾਤ ਸਮੇਂ ਬੰਦੂਕਾਂ ਨਾਲ ਨਹੀਂ, ਸਗੋਂ ਡਾਂਗਾਂ ਨਾਲ ਅਭਿਆਸ ਕਰਵਾਉਂਦਾ ਹੈ ਅਤੇ ਉਹ ਸ਼ੇਖ਼ੀ ਮਾਰ ਰਿਹਾ ਹੈ ਕਿ ਉਸ ਦੇ 5,000 ਪੈਰੋਕਾਰ ਹਨ, ਜੋ ਕਿਸੇ ਹਾਕਮ ਨੂੰ ਨਹੀਂ ਮੰਨਦੇ...।[38]''

ਜੂਨ 1863 'ਚ ਫ਼ਿਰੋਜ਼ਪੁਰ ਦੇ ਡੀਐੱਸਪੀ ਨੇ ਗੁਰੂ ਰਾਮ ਸਿੰਘ ਜੀ ਦੀਆਂ ਗਤੀਵਿਧੀਆਂ ਨੂੰ ਰਾਜ-ਧਰੋਹੀ ਕਰਾਰ ਦਿੱਤਾ ਕਿਉਂਕਿ ਉਹ ਐਲਾਨ ਕਰ ਰਹੇ ਸਨ ਕਿ ਦੇਸ਼ ਛੇਤੀ ਹੀ ਉਨ੍ਹਾਂ ਦਾ ਹੋਵੇਗਾ ਅਤੇ ਛੇਤੀ ਹੀ ਉਨ੍ਹਾਂ ਦੀ ਮਦਦ ਲਈ ਸਵਾ ਲੱਖ ਹਥਿਆਰਬੰਦ ਜਵਾਨਾਂ ਦੀ ਫ਼ੌਜ ਤਿਆਰ ਹੋ ਜਾਵੇਗੀ[39]। ਪੁਲਿਸ ਵਿਭਾਗ ਦੇ ਗੁਪਤ ਏਜੰਟਾਂ ਵੱਲੋਂ ਤਿਆਰ ਕੀਤੀਆਂ ਅਜਿਹੀ ਮੰਦ-ਭਾਵਨਾ ਵਾਲੀਆਂ ਰਿਪੋਰਟਾਂ ਨੇ ਪੰਜਾਬ ਸਰਕਾਰ ਤੇ ਉੱਚ ਅਧਿਕਾਰੀਆਂ ਦੇ ਮਨਾਂ 'ਚ ਜ਼ਹਿਰ ਭਰ ਦਿੱਤਾ; ਜਿਸ ਕਰਕੇ ਪੰਜਾਬ ਸਰਕਾਰ ਨੇ ਗੁਰੂ ਰਾਮ ਸਿੰਘ ਜੀ ਨੂੰ ਆਪਣੇ ਪਿੰਡ ਤੋਂ ਕਿਤੇ ਬਾਹਰ ਨਾ ਜਾਣ ਦੇ ਹੁਕਮ ਜਾਰੀ ਕਰ ਦਿੱਤੇ। ਪੁਲਿਸ ਨੂੰ ਹੁਕਮ ਦਿੱਤਾ ਗਿਆ ਕਿ ਉਨ੍ਹਾਂ

---

34. ਫ਼ੌਜਾ ਸਿੰਘ ਬਾਜਵਾ, ਕੂਕਾ ਮੂਵਮੈਂਟ, ਪੰਨਾ 1, ਦਸਤਾਵੇਜ਼ ਨੰ. 1 ਵੀ, ਗੁਰੂ ਰਾਮ ਸਿੰਘ ਅਤੇ ਕੂਕਾ ਸਿੱਖਸ (1863-71), ਪੰਨਾ 20.
35. ਗ੍ਰਹਿ ਵਿਭਾਗ, ਜੀਂਦ, ਪ੍ਰੋ., ਅਗਸਤ 1872, ਨੰ. 273-284.
36. ਆਹਲੂਵਾਲੀਆ, ਐੱਮ.ਐੱਮ., ਕੂਕਾਜ਼, ਪੰਨਾ 54.
37. ਉਹੀ, ਪੰਨਾ 54.
38. ਦਸਤਾਵੇਜ਼ ਨੰ. 1, ਗੁਰੂ ਰਾਮ ਸਿੰਘ ਐਂਡ ਦਿ ਕੂਕਾ ਸਿੱਖਸ - ਪੰਨੇ 1-2, ਰਿਪੋਰਟ ਆੱਫ਼ ਮੈਕਨੈਬ, ਡੀ.ਸੀ., ਮਿਤੀ 5 ਅਪ੍ਰੈਲ।
39. ਉਹੀ।

ਦੀਆਂ ਸਾਰੀਆਂ ਗਤੀਵਿਧੀਆਂ 'ਤੇ ਚੌਕਸ ਨਜ਼ਰ ਰੱਖੀ ਜਾਵੇ ਤੇ ਇਸ ਬਾਰੇ ਰਿਪੋਰਟ ਲਗਾਤਾਰ ਸਰਕਾਰ ਤੱਕ ਪੁੱਜਦੀ ਕੀਤੀ ਜਾਵੇ[40]।

ਸਰਕਾਰ ਨੇ ਹੁਕਮ ਸੁਣਾਇਆ ਸੀ ਕਿ ਭਾਵੇਂ ਗੁਰੂ ਰਾਮ ਸਿੰਘ ਜੀ ਸਿੱਖ ਧਰਮ 'ਚ ਸੁਧਾਰ ਲਿਆਉਣ ਦੇ ਜਤਨ ਕਰ ਰਹੇ ਹਨ ਅਤੇ ਉਨ੍ਹਾਂ ਦੇ ਪ੍ਰਚਾਰ 'ਚ ਕਿਤੇ ਵੀ ਰਾਜ-ਧਰੋਹ ਦਾ ਅੰਸ਼ ਨਹੀਂ ਮਿਲਦਾ; ਫਿਰ ਵੀ ਅੰਮ੍ਰਿਤਸਰ 'ਚ ਉਨ੍ਹਾਂ ਦੇ ਇਕੱਠ, ਭਾਵੇਂ ਸ਼ਾਂਤੀਪੂਰਨ ਹੀ ਹੋਣਗੇ ਪਰ ਫਿਰ ਵੀ ਉਨ੍ਹਾਂ ਨਾਲ ਗੜਬੜੀ ਤੇ ਬਦਅਮਨੀ ਫੈਲ ਸਕਦੀ ਹੈ। ਇਸ ਲਈ ਉਨ੍ਹਾਂ 'ਤੇ ਪਾਬੰਦੀ ਲਾਈ ਜਾਵੇਗੀ।

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਆਪਣੀ 6 ਜੁਲਾਈ, 1863 ਦੀ ਰਿਪੋਰਟ 'ਚ ਵਿਸਥਾਰਪੂਰਵਕ ਦੱਸਿਆ ਕਿ ਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਨਾਲ ਮੁਲਾਕਾਤ ਕਰ ਕੇ ਦ੍ਰਿੜ੍ਹਤਾਪੂਰਵਕ ਆਖਿਆ ਹੈ ਕਿ "ਉਨ੍ਹਾਂ ਦੇ ਸਿਧਾਂਤ ਅਤੇ ਪ੍ਰਚਾਰ ਸਿਰਫ਼ ਧਾਰਮਿਕ ਅਤੇ ਨੈਤਿਕ ਹਨ, ਉਨ੍ਹਾਂ ਦਾ ਕਿਰਦਾਰ ਸਿਆਸੀ ਨਹੀਂ ਹੈ।[41]" ਫਿਰ ਵੀ ਉਨ੍ਹਾਂ ਨੂੰ ਅੰਮ੍ਰਿਤਸਰ 'ਚ ਇਕੱਠ ਕਰਨ ਖ਼ਿਲਾਫ਼ ਚੇਤਾਵਨੀ ਦੇ ਦਿੱਤੀ ਗਈ ਸੀ। ਡੀ.ਸੀ. ਨੇ ਗੁਰੂ ਜੀ ਦੇ ਬਿਨਾਂ ਅਗਾਊਂ ਇਜਾਜ਼ਤ ਦੇ ਪਿੰਡ 'ਚੋਂ ਕਿਤੇ ਬਾਹਰ ਜਾਣ ਤੋਂ ਵੀ ਵਰਜ ਦਿੱਤਾ ਸੀ। ਡੀ.ਸੀ. ਨੇ ਦੱਸਿਆ ਸੀ ਕਿ ਗੁਰੂ ਰਾਮ ਸਿੰਘ ਜੀ ਨੇ ਇਹ ਸਾਰੇ ਹੁਕਮ ਬਿਨਾ ਕਿਸੇ ਵਿਰੋਧ ਦੇ ਤੁਰੰਤ ਮੰਨ ਲਏ ਸਨ। ਪੰਜਾਬ ਸਰਕਾਰ ਦੇ ਹੁਕਮਾਂ ਅਧੀਨ ਕੀਤੀ ਗਈ ਇਸ ਕਾਰਵਾਈ ਨੂੰ ਬਾਕਾਇਦਾ 23 ਜੁਲਾਈ, 1863 ਨੂੰ ਪ੍ਰਵਾਨਗੀ ਦਿੱਤੀ ਗਈ ਸੀ[42]। ਉਨ੍ਹਾਂ ਦੀਆਂ ਸਾਰੀਆਂ ਗਤੀਵਿਧੀਆਂ 'ਤੇ ਚੌਕਸ ਨਜ਼ਰ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਸੀ।

ਗੁਰੂ ਰਾਮ ਸਿੰਘ ਜੀ 'ਤੇ ਪੁਲਿਸ ਦੀ ਸਖ਼ਤ ਚੌਕਸੀ ਦੇ ਬਾਵਜੂਦ ਕੂਕਾ ਲਹਿਰ ਲਗਾਤਾਰ ਜ਼ੋਰ ਫੜਦੀ ਜਾ ਰਹੀ ਸੀ। ਉਨ੍ਹਾਂ ਬਾਰੇ ਅਜਿਹਾ ਕੁਝ ਮਸ਼ਹੂਰ ਹੋਣ ਲੱਗਾ ਕਿ ਉਨ੍ਹਾਂ ਕੋਲ ਜਾਦੂ ਦੀਆਂ ਸ਼ਕਤੀਆਂ ਹਨ ਅਤੇ ਸਿੱਖ ਰਾਜ ਦੀ ਬਹਾਲੀ ਦੀਆਂ ਉਨ੍ਹਾਂ ਦੀਆਂ ਭਵਿੱਖਬਾਣੀਆਂ 'ਚ ਲੋਕਾਂ ਦਾ ਵਿਸ਼ਵਾਸ ਬੱਝਣ ਲੱਗਾ। ਅਜਿਹਾ ਆਖਿਆ ਜਾਂਦਾ ਸੀ ਕਿ ਸਵਾ ਲੱਖ ਕੂਕਿਆਂ ਦੀਆਂ ਕੂਕਾਂ ਸੁਣ ਕੇ ਈਸਾਈ ਲੋਕ ਆਪਣੀਆਂ ਪਤਨੀਆਂ ਨੂੰ ਪਿੱਛੇ ਛੱਡ ਕੇ ਇਸ ਦੇਸ਼ ਤੋਂ ਨੱਸ ਜਾਣਗੇ; ਅਤੇ ਕੋਈ ਫ਼ਿਰੰਗੀ ਜਿਊਂਦਾ ਨਹੀਂ ਬਚੇਗਾ। ਸਾਲ 1866 ਤੱਕ ਗੁਰੂ ਰਾਮ ਸਿੰਘ ਜੀ ਦੀਆਂ ਗਤੀਵਿਧੀਆਂ 'ਤੇ ਪਾਬੰਦੀਆਂ ਜਾਰੀ ਸਨ। ਇੱਥੋਂ ਤੱਕ ਕਿ ਉਹ ਜਦੋਂ ਅਨੰਦਪੁਰ, ਕੇਸਗੜ੍ਹ ਤੇ ਅੰਮ੍ਰਿਤਸਰ ਵੀ ਗਏ ਸਨ, ਤਦ ਵੀ ਬ੍ਰਿਟਿਸ਼ ਅਧਿਕਾਰੀ ਉਨ੍ਹਾਂ ਦੇ ਪਿੱਛੇ ਲੱਗੇ ਰਹੇ ਸਨ। ਮਾਰਚ 1866 'ਚ ਕੁਝ ਪਾਬੰਦੀਆਂ ਹਟਾ ਦਿੱਤੀਆਂ ਗਈਆਂ ਸਨ ਕਿਉਂਕਿ ਅਧਿਕਾਰੀਆਂ ਨੂੰ ਇਹ ਯਕੀਨ ਹੋ ਗਿਆ ਸੀ ਕਿ ਗੁਰੂ ਰਾਮ ਸਿੰਘ ਜੀ ਦੀਆਂ ਗਤੀਵਿਧੀਆਂ ਤੇ ਪ੍ਰਚਾਰ ਨੁਕਸਾਨਦੇਹ ਨਹੀਂ ਹੈ[43]।

---

40. ਉਹੀ, ਪੰਨੇ 10-11.
41. ਦਸਤਾਵੇਜ਼ ਨੰ. IV (1863-1871), ਪੰਨਾ 12-14.
42. ਦਸਤਾਵੇਜ਼ ਨੰ. ਪੰਨਾ V 14.
43. ਲੈਫ਼ਟੀਨੈਂਟ ਗਵਰਨਰ ਦਾ ਹੁਕਮ ਨੰ. 356, ਮਿਤੀ 18 ਮਾਰਚ, 1866.

**7. ਮੁੜ ਘਟਾਈ ਆਜ਼ਾਦੀ:** ਹਾਲੇ ਸਿਰਫ਼ ਕੁਝ ਕੁ ਮਹੀਨੇ ਹੀ ਲੰਘੇ ਸਨ ਕਿ ਅੰਬਾਲਾ ਦੇ ਕਮਿਸ਼ਨਰ ਅਤੇ ਸੁਪਰਇੰਟੈਂਡੈਂਟ ਨੇ ਗੁਰੂ ਰਾਮ ਸਿੰਘ ਜੀ ਦੀਆਂ ਗਤੀਵਿਧੀਆਂ ਤੇ ਕਿਤੇ ਆਉਣ-ਜਾਣ 'ਤੇ ਦੋਬਾਰਾ ਪਾਬੰਦੀਆਂ ਲਾ ਦਿੱਤੀਆਂ ਸਨ[44]। ਤਦ ਦਲੀਲ ਇਹ ਦਿੱਤੀ ਗਈ ਸੀ ਕਿ ਇਸ ਸੰਪਰਦਾਇ ਦੀ ਮਨਸ਼ਾ ਮਾੜੀ ਸੀ ਤੇ ਗੁਰੂ ਜੀ ਦੇ ਪੈਰੋਕਾਰ ਰਾਜ-ਧਰੋਹੀ ਤਰੀਕੇ ਨਾਲ ਵਿਚਰ ਰਹੇ ਹਨ। ਇਹ ਸਿਫ਼ਾਰਸ਼ ਕੀਤੀ ਗਈ ਸੀ ਕਿ ਗੁਰੂ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ ਅਤੇ ਪੁਲਿਸ ਤੇ ਫ਼ੌਜ 'ਚ ਇਸ ਸੰਪਰਦਾਇ ਦੇ ਮੈਂਬਰਾਂ ਦੀ ਭਰਤੀ ਰੋਕ ਦਿੱਤੀ ਜਾਵੇ। ਕੂਕਾ ਪੈਰੋਕਾਰ ਨਾਭਾ ਤੇ ਪਟਿਆਲਾ ਜਿਹੀਆਂ ਸਿੱਖ ਰਿਆਸਤਾਂ 'ਚ ਰਹਿ ਰਹੇ ਸਨ। ਇਨ੍ਹਾਂ ਦੋਵੇਂ ਰਿਆਸਤਾਂ ਵਿਚਾਲੇ ਮਤਭੇਦ ਸਨ, ਕੂਕੇ ਉੱਥੇ ਵੱਡੀ ਗਿਣਤੀ 'ਚ ਰਹਿ ਰਹੇ ਸਨ। ਕੂਕਿਆਂ ਦੀ ਆਪਣੇ ਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਤੋਂ ਅਧਿਕਾਰੀ ਵਰਗ ਫ਼ਿਕਰਮੰਦ ਸੀ। ਅਜਿਹਾ ਅਨੁਮਾਨ ਵੀ ਲਾਇਆ ਗਿਆ ਸੀ ਕਿ ਗੁਰੂ ਰਾਮ ਸਿੰਘ ਜੀ ਨੇ ਤਾਂ ''ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਧਾਰਮਿਕ ਸੁਧਾਰ ਦੀ ਆਪਣੀ ਹਲਕੀ ਜਿਹੀ ਮੁਹਿੰਮ ਵਿੱਢੀ ਸੀ ਪਰ ਉਨ੍ਹਾਂ ਦੇ ਬਹੁਤ ਜ਼ਿਆਦਾ ਸਰਗਰਮ ਤੇ ਉਤੇਜਕ ਲੈਫ਼ਟੀਨੈਂਟ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਂਗ ਜੁਝਾਰੂ ਬਣਨ ਦਾ ਜ਼ੋਰ ਪਾ ਰਹੇ ਸਨ।'' ਭਾਰਤ ਸਰਕਾਰ ਅਜਿਹੀਆਂ ਗੱਲਾਂ ਤੋਂ ਇੰਨੀ ਫ਼ਿਕਰਮੰਦ ਹੋਈ ਕਿ ਉਸ ਨੇ ਭਾਰਤ ਲਈ ਨਿਯੁਕਤ ਵਿਦੇਸ਼ ਸਕੱਤਰ ਨੂੰ 8 ਜਨਵਰੀ, 1866 ਨੂੰ ਇਹ ਸੂਚਿਤ ਕੀਤਾ ਕਿ ''ਇਸ ਸੰਪਰਦਾਇ ਦੀਆਂ ਗਤੀਵਿਧੀਆਂ 'ਤੇ ਬਹੁਤ ਧਿਆਨ ਨਾਲ ਨਜ਼ਰ ਰੱਖਣੀ ਹੋਵੇਗੀ'' ਅਤੇ ਉਨ੍ਹਾਂ ਨੇ ਸਾਵਧਾਨੀ ਵਜੋਂ ਲੁਧਿਆਣਾ ਦੇ ਕਿਲ੍ਹੇ ਦੀ ਰਾਖੀ ਲਈ ਗੋਰਖਾ ਰੈਜਿਮੈਂਟ ਦੀਆਂ ਦੋ ਕੰਪਨੀਆਂ ਤਾਇਨਾਤ ਕਰ ਦਿੱਤੀਆਂ[45]।

ਉਪਰੋਕਤ ਵਰਣਿਤ ਚਿੱਠੀ-ਪੱਤਰੀ ਤੋਂ ਬਾਅਦ ਇਸ ਸੰਪਰਦਾਇ ਬਾਰੇ ਕਈ ਗੁਪਤ ਰਿਪੋਰਟਾਂ ਤੇ ਸਰਵੇਖਣ ਕਰਵਾਏ ਗਏ, ਜਿਨ੍ਹਾਂ ਰਾਹੀਂ ਕੂਕਿਆਂ ਦੀ ਗੁਪਤ ਡਾਕ ਪ੍ਰਣਾਲੀ ਅਤੇ ਗੁਰੂ ਰਾਮ ਸਿੰਘ ਜੀ ਵੱਲੋਂ ਈਸਾਈਆਂ ਦੀ ਕੀਤੀ ਗਈ ਨਿੰਦਾ ਦੇ ਵੇਰਵੇ ਜੱਗ-ਜ਼ਾਹਿਰ ਹੋਏ। ਡੈਨੋਵੈਨ ਦੀਆਂ ਰਿਪੋਰਟਾਂ 'ਚ ਉਨ੍ਹਾਂ ਦੀਆਂ ਸਾਰੀਆਂ ਗਤੀਵਿਧੀਆਂ ਬਾਰੇ ਕਾਫ਼ੀ ਵਧਾ-ਚੜ੍ਹਾ ਕੇ ਵਰਨਣ ਕੀਤਾ ਗਿਆ ਸੀ[46]। ਇੱਕ ਹਾਲੀਆ ਇਤਿਹਾਸਕਾਰ ਡੈਨੋਵੈਨ ਦੀਆਂ ਰਿਪੋਰਟਾਂ 'ਚ ਦਰਅਸਲ ਸੱਚ ਬਿਆਨਣ ਦੀ ਥਾਂ ਆਪਣੇ ਮੁਖ਼ਬਰ ਨੂੰ ਇਨਾਮ ਦੇਣ ਤੇ ਉਸ ਬਾਰੇ ਹੀ ਵਿਚਾਰ ਕਰਨ ਦੀ ਚਿੰਤਾ ਵਧੇਰੇ ਵਿਖਾਈ ਦਿੰਦੀ ਹੈ। ਬਾਅਦ 'ਚ ਪੇਸ਼ ਹੋਈ ਆਈ.ਜੀ. ਪੁਲਿਸ (ਪੰਜਾਬ) ਦੀ ਰਿਪੋਰਟ ਨੇ ਵੀ ਇਸੇ ਦੀ ਪੁਸ਼ਟੀ ਕਰਦਿਆਂ ਲਿਖਿਆ ਸੀ, ''ਗੁਰੂ ਰਾਮ ਸਿੰਘ ਜੀ ਜਦੋਂ ਭੈਣੀ ਵਿਖੇ ਨੀਮ ਹਿਰਾਸਤ 'ਚ ਸਨ, ਤਾਂ ਉੱਥੇ ਇਸ ਸ਼ਖ਼ਸੀਅਤ ਬਾਰੇ ਕੁਝ

44. ਦਸਤਾਵੇਜ਼ ਨੰ.VI, ਪੰਨੇ 15-19.

45. ਦਸਤਾਵੇਜ਼ ਨੰ. X, ਪੰਨੇ 22-23, ਫ਼ਾਰ. ਪੋਲ. ਡਿਸਪੈਚ, ਨੰ. 171, ਕਰਨਲ ਆਰ.ਜੀ. ਟੇਅਲਰ ਦੀ ਰਿਪੋਰਟ ਨੱਥੀ ਕਰਦਿਆਂ।

46. ਫ਼ਾਰ. ਪੋਲ. ਪ੍ਰੋ. ਏ, ਅਕਤੂਬਰ 1868, ਨੰ. 197.

ਸਿਖ਼ਰਲੀ ਕਿਸਮ ਦਾ ਰਹੱਸਵਾਦੀ ਤੇ ਪਰਮ-ਆਨੰਦ ਵਾਲਾ ਮਾਹੌਲ ਸੀ ਪਰ ਸਾਡੇ ਜਾਸੂਸ ਨੇ ਸ਼ਾਇਦ ਉੱਥੇ ਬੜਾ ਜ਼ੁਲਮ ਢਾਹੇ ਜਾਣ ਦਾ ਮਸਾਲਾ ਜੋੜ ਦਿੱਤਾ ਸੀ। ਇਹ ਸਭ ਜਾਣ-ਬੁੱਝ ਕੇ ਕੀਤਾ ਗਿਆ ਸੀ ਕਿ ਤਾਂ ਜੋ ਉਸ ਜਗ੍ਹਾ ਨੂੰ ਅਤਿ-ਨਾਜ਼ੁਕ ਕਰਾਰ ਦਿੱਤਾ ਜਾ ਸਕੇ।[47]''

**8. ਨੇਪਾਲ ਨਾਲ ਸੰਪਰਕ:** ਨਾਹਰ ਸਿੰਘ ਅਨੁਸਾਰ ਸਿੱਖਾਂ ਦੇ ਰਾਣਾ ਜੰਗ ਬਹਾਦੁਰ ਨਾਲ ਸੰਪਰਕ 1850 'ਚ ਜੁੜਨੇ ਸ਼ੁਰੂ ਹੋ ਗਏ ਸਨ, ਜਦੋਂ ਉਨ੍ਹਾਂ ਤਿੱਬਤ ਖ਼ਿਲਾਫ਼ ਜੰਗ ਦਾ ਐਲਾਨ ਕਰ ਦਿੱਤਾ ਸੀ ਅਤੇ ਤਿੱਬਤੀਆਂ ਨੂੰ ਹਰਾਇਆ ਸੀ[48]। ਤਿੱਬਤੀਆਂ ਨੂੰ ਸਾਰੇ ਸਿੱਖ ਕੈਦੀਆਂ ਨੂੰ ਲਾਹੌਰ ਦੇ ਦਰਬਾਰ 'ਚ ਭੇਜਣ ਲਈ ਆਖ ਦਿੱਤਾ ਗਿਆ ਸੀ; ਜਿਨ੍ਹਾਂ ਕਾਠਮੰਡੂ ਪੁੱਜਣ 'ਤੇ ਰਾਣਾ ਦੀਆਂ ਫ਼ੌਜਾਂ ਨੂੰ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਸੀ। ਕਾਠਮੰਡੂ 'ਚ ਰਾਣੀ ਜਿੰਦ ਕੌਰ ਦੇ ਪੁੱਜਣ ਨਾਲ ਕੂਕਿਆਂ ਦੇ ਸੰਪਰਕ ਨੇਪਾਲੀ ਅਧਿਕਾਰੀਆਂ ਨਾਲ ਹੋਰ ਵੀ ਪੀਡੇ ਹੋ ਗਏ ਸਨ।

1868 'ਚ ਹੀਰਾ ਸਿੰਘ ਅਤੇ ਕਿਸ਼ਨ ਸਿੰਘ ਨੇ ਨਾਮਧਾਰੀਆਂ ਬਾਰੇ ਵੇਰਵੇ ਰਾਣਾ ਨੂੰ ਦੱਸੇ ਸਨ। ਗੁਰੂ ਰਾਮ ਸਿੰਘ ਜੀ ਤੇ ਰਾਣਾ ਵਿਚਾਲੇ ਤੋਹਫ਼ਿਆਂ ਦਾ ਆਦਾਨ-ਪ੍ਰਦਾਨ ਹੋਇਆ ਸੀ। ਗੁਰੂ ਜੀ ਨੇ ਕੁਝ ਮੱਝਾਂ ਤੇ ਹੋਰ ਪਸ਼ੂ-ਧਨ ਭੇਜਿਆ ਸੀ, ਜਿਵੇਂ ਕਿ ਨੇਪਾਲ ਦੇ ਹਾਕਮ ਨੇ ਖ਼ਾਹਿਸ਼ ਪ੍ਰਗਟਾਈ ਸੀ। ਬਦਲੇ 'ਚ ਰਾਣਾ ਨੇ 500 ਰੁਪਏ, ਇੱਕ ਤਿੱਬਤੀ ਘੋੜਾ, ਦੋ ਖੁਖਰੀਆਂ, ਇੱਕ ਸ਼ਾਲ ਤੇ 108 ਮਣਕਿਆਂ ਵਾਲੀ (ਕਸਤੂਰੀ ਹਿਰਨ ਦੀ) ਇੱਕ ਮਾਲਾ ਜਿਹਾ ਸਾਮਾਨ ਭੇਜਿਆ ਸੀ।

ਜਦੋਂ ਗੋਰਿਆਂ ਨੂੰ ਉਪਰੋਕਤ ਵਰਣਿਤ ਗਤੀਵਿਧੀਆਂ ਦੀ ਜਾਣਕਾਰੀ ਮਿਲੀ, ਉਨ੍ਹਾਂ ਨੇਪਾਲ ਸਰਕਾਰ 'ਤੇ ਦਬਾਅ ਪਾਇਆ ਕਿ ਉਹ ਨਾਮਧਾਰੀਆਂ ਨਾਲ ਸਾਰੇ ਸੰਪਰਕ ਤੋੜ ਦੇਵੇ[49]। ਰਾਣਾ ਨੇ ਬ੍ਰਿਟਿਸ਼ ਰੈਜ਼ੀਡੈਂਟ ਨੂੰ ਸੂਚਿਤ ਕੀਤਾ ਸੀ ਕਿ ਕੂਕਿਆਂ ਦੀ ਗਿਣਤੀ 3 ਲੱਖ ਹੈ, ਜਿਨ੍ਹਾਂ ਦਾ ਆਪਣੇ ਗੁਰੂ ਰਾਮ ਸਿੰਘ ਜੀ ਵਿੱਚ ਅਥਾਹ ਵਿਸ਼ਵਾਸ ਹੈ। ਰਾਣਾ ਤੇ ਗੁਰੂ ਰਾਮ ਸਿੰਘ ਜੀ ਦੇ ਸੰਪਰਕਾਂ ਦੇ ਵੇਰਵੇ ਅਤੇ ਕਸ਼ਮੀਰ ਦੇ ਮਹਾਰਾਜਾ ਦੀਆਂ ਰੈਜਿਮੈਂਟਾਂ 'ਚ ਕੂਕਿਆਂ ਦੀ ਭਰਤੀ ਦੀਆਂ ਅਫ਼ਵਾਹਾਂ ਬਾਰੇ ਪੰਜਾਬ ਪੁਲਿਸ ਦੇ ਆਈ.ਜੀ. ਨੇ ਜਨਵਰੀ 1871 'ਚ ਵੇਰਵੇ ਦਰਜ ਕੀਤੇ ਸਨ[50]। ਜਦੋਂ ਭਾਰਤ ਸਰਕਾਰ ਨੂੰ ਅਜਿਹੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਗਿਆ ਸੀ, ਤਾਂ ਇਹ ਹੁਕਮ ਦਿੱਤਾ ਗਿਆ ਸੀ ਕਿ ਨੇਪਾਲ ਤੇ ਕਸ਼ਮੀਰ ਦੇ ਮਹਾਰਾਜਿਆਂ ਵੱਲੋਂ ਕੂਕਾ ਸੰਪਰਦਾਇ ਦੇ ਵਿਅਕਤੀਆਂ ਦੀ ਆਪਣੀਆਂ ਫ਼ੌਜਾਂ 'ਚ ਭਰਤੀ ਉੱਤੇ ਬਹੁਤ ਧਿਆਨਪੂਰਵਕ ਨਜ਼ਰ ਰੱਖੀ ਜਾਵੇ[51]।

---

47. ਗ੍ਰਹਿ ਵਿਭਾਗ, ਨਿਆਂਇਕ ਪ੍ਰੋ. - ਅਗਸਤ 1872, ਨੰ. 273-284.
48. ਨਾਮਧਾਰੀ ਇਤਿਹਾਸ, ਪੰਨੇ 110-111.
49. ਫ਼ਾਰ. ਵਿਭਾਗ, ਪੋਲ. ਪ੍ਰੋ. ਏ, ਫ਼ਰਵਰੀ ਨੰ. 39-49.
50. ਚੋਣਵਾਂ ਦਸਤਾਵੇਜ਼ ਨੰ. XXIII - ਦਸਤਾਵੇਜ਼ ਨੰ. XXXVI, ਮੈਮੋਰੈਂਡਮ - 1870 ਲਈ ਕੂਕਾ ਸੰਪਰਦਾਇ ਦੀ ਪੁਲਿਸ ਰਿਪੋਰਟ - ਪੰਨੇ 113-116.
51. ਦਸਤਾਵੇਜ਼ ਨੰ. XXXVIII, ਪੰਨਾ 118.

ਜੁਲਾਈ 1871 'ਚ, ਕੂਕਾ ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਵਜ਼ੀਰਾਂ (ਸੂਬਿਆਂ) ਉੱਤੇ ਸਖ਼ਤ ਚੌਕਸੀ ਰੱਖਣ ਦੇ ਤਾਜ਼ਾ ਹੁਕਮ ਜਾਰੀ ਕੀਤੇ ਗਏ ਸਨ। ਇਸ ਸਬੰਧੀ ਸਭ ਕੁਝ ਗੁਪਤ ਰੱਖਿਆ ਜਾਣਾ ਸੀ। ਬਾਅਦ 'ਚ ਇਹ ਰਿਪੋਰਟ ਦਿੱਤੀ ਗਈ ਸੀ ਕਿ ਅਪ੍ਰੈਲ ਅਤੇ ਮਈ ਦੇ ਮਹੀਨਿਆਂ ਦੌਰਾਨ ਗਊ-ਹੱਤਿਆ ਦੇ ਮਾਮਲੇ ਨੂੰ ਲੈ ਕੇ ਅੰਮ੍ਰਿਤਸਰ ਸ਼ਹਿਰ ਵਿੱਚ ਵਰਨਣਯੋਗ ਹੱਦ ਤੱਕ ਭੜਕਾਹਟ ਸੀ। ਇਹ ਭੜਕਾਹਟ ਤਦ ਹੋਰ ਵੀ ਵਧ ਗਈ ਸੀ, ਜਦੋਂ ਸ਼ਹਿਰ ਵਿੱਚ ਗਊ ਦੇ ਮਾਸ ਦੀ ਖੁੱਲ੍ਹੀ ਵਿਕਰੀ ਦੀ ਇਜਾਜ਼ਤ ਦਿੱਤੀ ਗਈ ਸੀ। ਭਾਵੇਂ ਇਹ ਭੜਕਾਹਟ ਘਟਾਉਣ ਲਈ ਤੁਰੰਤ ਕਦਮ ਚੁੱਕੇ ਗਏ ਸਨ ਅਤੇ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਸ਼ਾਂਤੀ ਕਾਇਮ ਕਰਵਾ ਦਿੱਤੀ ਗਈ ਸੀ ਪਰ ਫਿਰ ਵੀ 14 ਜੂਨ ਦੀ ਰਾਤ ਨੂੰ ਅੰਮ੍ਰਿਤਸਰ ਸ਼ਹਿਰ ਲਾਗਲੇ ਬੁੱਚੜਖਾਨੇ 'ਤੇ ਇੱਕ ਹਥਿਆਰਬੰਦ ਗਿਰੋਹ ਨੇ ਅਚਾਨਕ ਹਮਲਾ ਬੋਲ ਦਿੱਤਾ ਸੀ, ਜਿਸ ਵਿੱਚ ਚਾਰ ਵਿਅਕਤੀ ਮਾਰੇ ਗਏ ਸਨ ਤੇ ਤਿੰਨ ਜ਼ਖ਼ਮੀ ਹੋ ਗਏ ਸਨ। ਅਗਲੇ ਹੀ ਦਿਨ ਬਿਲਕੁਲ ਅਜਿਹੀ ਵਾਰਦਾਤ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਏਕੋਟ 'ਚ ਵੀ ਵਾਪਰ ਗਈ ਸੀ। ਉੱਥੇ ਦੋ ਵਿਅਕਤੀ ਮਾਰੇ ਗਏ ਸਨ। ਦੋਵੇਂ ਹੀ ਵਾਰਦਾਤਾਂ 'ਚ ਹਮਲਾਵਰ ਫ਼ਰਾਰ ਹੋ ਗਏ ਸਨ ਅਤੇ ਦੱਸਿਆ ਗਿਆ ਸੀ ਕਿ ਉਹ ਪਟਿਆਲਾ ਰਿਆਸਤ ਦੇ ਇਲਾਕੇ 'ਚ ਦਾਖ਼ਲ ਹੋ ਗਏ ਸਨ। ਪਰ ਫਿਰ ਵੀ ਸੂਬਾਈ ਅਧਿਕਾਰੀਆਂ ਦੀ ਮਦਦ ਨਾਲ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਜਦੋਂ ਉਨ੍ਹਾਂ ਆਪਣੇ ਜੁਰਮਾਂ ਦੇ ਇਕਬਾਲ ਕਰ ਲਏ ਸਨ, ਤਾਂ ਉਨ੍ਹਾਂ ਨੂੰ 5 ਅਗਸਤ, 1871 ਨੂੰ ਫਾਂਸੀ ਦੇ ਦਿੱਤੀ ਗਈ ਸੀ। ਚਾਰ ਹੋਰਨਾਂ ਵੀ ਮੌਤ ਦੀ ਸਜ਼ਾ ਤੇ ਦੋ ਜਣਿਆਂ ਨੂੰ ਜੀਵਨ ਭਰ ਲਈ ਦੇਸ਼-ਨਿਕਾਲ਼ੇ ਦੀ ਸਜ਼ਾ ਸੁਣਾਈ ਗਈ ਸੀ।

**9. ਗੁਰੂ ਰਾਮ ਸਿੰਘ ਜੀ ਅਤੇ ਕਤਲ:** ਮੁਖ਼ਬਰ ਦੀ ਗਵਾਹੀ ਅਤੇ ਬੇਲਾ ਸਿੰਘ ਦੇ ਇਕਬਾਲੀਆ ਜੁਰਮ ਦੇ ਆਧਾਰ 'ਤੇ ਅਜਿਹਾ ਸ਼ੱਕ ਪ੍ਰਗਟਾਇਆ ਗਿਆ ਸੀ ਕਿ ਕਤਲਾਂ ਦੀ ਯੋਜਨਾ ਪਹਿਲਾਂ ਉਲੀਕੀ ਗਈ ਸੀ। ਪਰ ਇਹ ਇੰਕਸ਼ਾਫ਼ ਵੀ ਹੋਇਆ ਸੀ ਕਿ ਕੁਝ ਕੂਕੇ ਬੇਦਿਲੀ ਨਾਲ ਉਸ ਹਮਲੇ 'ਚ ਸ਼ਾਮਲ ਹੋਏ ਸਨ, ਜਦ ਕਿ ਉਨ੍ਹਾਂ ਦੇ ਗੁਰੂ ਨੇ ਉਨ੍ਹਾਂ ਨੂੰ ਮਨ੍ਹਾ ਕੀਤਾ ਸੀ। ਲੁਧਿਆਣਾ 'ਚ 8 ਜਨਵਰੀ, 1872 ਨੂੰ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਸਾਹਵੇਂ ਆਪਣੇ ਬਿਆਨ 'ਚ ਬਾਬਾ ਰਾਮ ਸਿੰਘ ਜੀ ਨੇ ਸਪੱਸ਼ਟ ਤੌਰ 'ਤੇ ਆਖਿਆ ਸੀ:

"....ਤੱਥ ਇਹ ਹਨ ਕਿ ਕੂਕੇ ਅਕਸਰ ਮੈਨੂੰ ਕਸਾਈਆਂ ਦਾ ਕਤਲ ਕਰਨ ਬਾਰੇ ਸੁਆਲ ਕਰਦੇ ਹਨ। ਮੈਂ ਹਮੇਸ਼ਾ ਉਨ੍ਹਾਂ ਨੂੰ ਮਨ੍ਹਾ ਕਰ ਦਿੰਦਾ ਹਾਂ।[52]" ਜਦੋਂ ਪਟਿਆਲਾ ਜਾਂ ਨਾਭਾ 'ਚ ਪੈਂਦੇ ਸਕਰੌਦੀ ਇਲਾਕੇ ਦੇ ਹੀਰਾ ਸਿੰਘ ਤੇ ਲਹਿਣਾ ਸਿੰਘ ਅਤੇ ਹੰਡਿਆਇਆ ਦੇ ਨੰਦ ਸਿੰਘ ਨੇ ਉਨ੍ਹਾਂ ਨੂੰ ਆਪਣਾ ਰੰਗ ਵਿਖਾਉਣ ਦੀ ਆਪਣੀ ਇੱਛਾ (ਉਨ੍ਹਾਂ ਕਿਹਾ ਸੀ,'ਰੰਗ ਜ਼ਹੂਰ ਕਰੇਂਗੇ') ਬਾਰੇ ਦੱਸਿਆ ਸੀ, ਤਾਂ ਉਨ੍ਹਾਂ ਨੇ ਮਨ੍ਹਾ ਕਰ ਦਿੱਤਾ ਸੀ,"ਪਰ ਫਿਰ ਉਹ ਬੇਕਾਬੂ ਹੋ ਗਏ ਸਨ ਅਤੇ ਫਿਰ ਉਨ੍ਹਾਂ ਮੇਰੀ ਪਰਵਾਹ ਨਹੀਂ ਕੀਤੀ ਸੀ....।[53]"

52. ਗ੍ਰਹਿ ਵਿਭਾਗ, ਪ੍ਰੋ. ਜੂਨ, 1872, ਨੰ. 112, ਅੰਤਿਕਾ 1, ਪੰਨਾ 17.
53. ਉਹੀ।

ਜ਼ਿਲ੍ਹਾ ਅਧਿਕਾਰੀਆਂ ਦੇ ਕਈ ਤਰ੍ਹਾਂ ਦੇ ਸ਼ੰਕਿਆਂ ਦੇ ਬਾਵਜੂਦ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਸੋਚਿਆ ਕਿ ''ਗੁਰੂ ਰਾਮ ਸਿੰਘ ਜੀ ਖ਼ਿਲਾਫ਼ ਅਜਿਹਾ ਕੋਈ ਸਬੂਤ ਜਾਂ ਗਵਾਹ ਹਾਸਲ ਕਰਨਾ ਔਖਾ ਅਤੇ ਅਸੰਭਵ ਹੋਵੇਗਾ ਪਰ ਫ਼ੌਜਦਾਰੀ ਅਦਾਲਤ 'ਚ ਮੁਕੱਦਮਾ ਚਲਾਉਣ ਲਈ ਸਬੂਤਾਂ ਦੀ ਲੋੜ ਪਵੇਗੀ।[54]'' ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਨੇ ਪਹਿਲਾਂ ਹੀ ਇਹ ਦੱਸ ਦਿੱਤਾ ਸੀ ਕਿ ਇਸ ਸਾਰੇ ਹੰਗਾਮੇ 'ਚ ਗੁਰੂ ਰਾਮ ਸਿੰਘ ਜੀ ਦੀ 'ਮਿਲੀਭੁਗਤ' ਦੀ ਪੂਰੀ ਤਰ੍ਹਾਂ ਜਾਂਚ ਨਹੀਂ ਹੋਈ ਸੀ, ਇਸ ਲਈ ਇਹ 'ਬਹੁਤ ਜ਼ਰੂਰੀ' ਸਮਝਿਆ ਗਿਆ ਕਿ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਭੇਜ ਦਿੱਤਾ ਜਾਵੇ। ਟੀ.ਡੀ. ਫ਼ਾਰਸਿਥ ਅਨੁਸਾਰ ਗੁਰੂ ਰਾਮ ਸਿੰਘ ਜੀ ਨੇ ਆਪਣੇ ਬਿਆਨ 'ਚ ਇਹ ਕਬੂਲ ਕੀਤਾ ਹੈ ਕਿ ਉਨ੍ਹਾਂ ਆਪਣੇ ਪੈਰੋਕਾਰਾਂ ਦੀਆਂ ਗਤੀਵਿਧੀਆਂ ਬਾਰੇ ''ਸਰਕਾਰੀ ਅਧਿਕਾਰੀਆਂ ਨੂੰ ਕਦੇ ਕੋਈ ਸੁਰਾਗ਼ ਨਹੀਂ ਦਿੱਤਾ'' ਕਿਉਂਕਿ ਉਹ ਉਨ੍ਹਾਂ ਦੇ ਕਾਨੂੰਨਾਂ ਤੋਂ ਅਣਜਾਣ ਸਨ। ਗੁਰੂ ਰਾਮ ਸਿੰਘ ਜੀ ਦੇ ਵਿਚਾਰ ਅਨੁਸਾਰ ਉਹ ਖ਼ੁਦ ਵੀ ਆਪਣੇ ਪੈਰੋਕਾਰਾਂ ਨੂੰ ਕਿਸੇ ਦਾ ਕਤਲ ਕਰਨ ਤੋਂ ਵਰਜਦੇ ਰਹੇ ਸਨ। ''ਇਸ ਮਾਮਲੇ ਬਾਰੇ ਸਰਕਾਰ ਨੂੰ ਰਿਪੋਰਟ ਕਰਨ ਦੀ ਉਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਸੀ...[55]'' ਪਰ ਕਮਿਸ਼ਨਰ ਨੂੰ ਇਹ ਦਲੀਲ ਬਿਲਕੁਲ ਵੀ ਪ੍ਰਵਾਨ ਨਹੀਂ ਸੀ, ਜੋ ਸੋਚਦੇ ਸਨ ਕਿ ''ਅਜਿਹੇ ਵਿਅਕਤੀ ਨੂੰ ਆਜ਼ਾਦ ਛੱਡਣਾ'' ਬਹੁਤ ਜ਼ਿਆਦਾ ਖ਼ਤਰਨਾਕ ਸੀ। ਉਸ ਅਨੁਸਾਰ ਗੁਰੂ ਜੀ ਦੇ ਪੈਰੋਕਾਰਾਂ ਵੱਲੋਂ ਮਲੌਦ ਅਤੇ ਮਲੇਰਕੋਟਲਾ ਰਿਆਸਤ 'ਚ ਕੀਤਾ ਗਿਆ ਖ਼ੂਨ-ਖ਼ਰਾਬਾ ਉਪਰੋਕਤ ਧਾਰਨਾ ਦੀ ਪੁਸ਼ਟੀ ਕਰਦਾ ਹੈ[56]।

**10. ਗੁਰੂ ਰਾਮ ਸਿੰਘ ਜੀ ਦੇ ਸੂਬੇ:** ਨਾਮਧਾਰੀ ਸੰਗਠਨ ਨੂੰ ਪੱਕੇ ਪੈਰੀਂ ਖੜ੍ਹਾ ਕਰਨ ਲਈ ਗੁਰੂ ਰਾਮ ਸਿੰਘ ਜੀ ਨੇ 22 ਸੂਬੇ ਨਿਯੁਕਤ ਕੀਤੇ ਸਨ ਅਤੇ ਉਨ੍ਹਾਂ ਨੂੰ ਕੰਮ ਕਰਨ ਲਈ ਖੇਤਰ ਅਲਾਟ ਕੀਤੇ ਸਨ[57]। ਆਹਲੂਵਾਲੀਆ ਅਨੁਸਾਰ, ''ਸੂਬੇ ਸਿਰਫ਼ ਪੰਜਾਬ ਦੇ ਕੋਨੇ-ਕੋਨੇ 'ਚ ਗੁਰੂ ਜੀ ਦੀਆਂ ਅੱਖਾਂ ਤੇ ਕੰਨ ਹੀ ਨਹੀਂ ਸਨ, ਸਗੋਂ ਉਹ ਉਨ੍ਹਾਂ ਦੇ ਤਰਜਮਾਨ ਤੇ ਨੁਮਾਇੰਦੇ ਵੀ ਸਨ ਕਿਉਂਕਿ ਅਜਿਹੀਆਂ ਗਤੀਵਿਧੀਆਂ 'ਚ ਨਿਯਮਤ ਸੰਪਰਕ ਜ਼ਰੂਰੀ ਸੀ।[58]''

ਪਰ 1871 'ਚ ਇੱਕ ਸੂਬਾ ਬ੍ਰਹਮਾ ਸਿੰਘ ਰਾਜ-ਧਰੋਹੀ ਗਤੀਵਿਧੀਆਂ 'ਚ ਸ਼ਾਮਲ ਹੋ ਗਏ ਸਨ। ਉਨ੍ਹਾਂ ਐਲਾਨ ਕਰ ਦਿੱਤਾ ਸੀ ਕਿ ਅਕਤੂਬਰ ਤੇ ਨਵੰਬਰ 'ਚ ਇੱਕ ਜੰਗ ਸ਼ੁਰੂ ਹੋਣ ਜਾ ਰਹੀ ਹੈ, ਜਿਸ ਵਿੱਚ ਕੂਕਿਆਂ ਦੀ ਮਦਦ ਨੇਪਾਲ ਦੇ ਰਾਣਾ, ਪੰਜਾਬ ਅਤੇ ਕਸ਼ਮੀਰ ਦੇ ਰਾਜਿਆਂ ਵੱਲੋਂ ਕੀਤੇ ਜਾਣ ਦੀ ਸੰਭਾਵਨਾ ਹੈ।

54. ਗ੍ਰਹਿ ਵਿਭਾਗ, ਜੁਡੀਸ਼ੀਅਲ, ਏ. ਕਾਂਸ. ਮਾਰਚ 1872, ਨੰ. 138-139
55. ਗ੍ਰਹਿ ਵਿਭਾਗ, ਜੁਡੀਸ਼ੀਅਲ, ਏ. ਜੁਲਾਈ 1872, ਨੰ. 212-220; ਫ਼ਾਰਸਿਥ ਦੀ ਚਿੱਠੀ ਮਿਤੀ 18 ਜਨਵਰੀ, 1872.
56. ਗ੍ਰਹਿ ਵਿਭਾਗ, ਜੁਡੀਸ਼ੀਅਲ, ਪ੍ਰੋਗਸ, ਜੂਨ 1872, ਨੰ. 112-132.
57. ਵਿਭਾਗ ਲਈ ਪੋਲ. ਪ੍ਰੋ. ਏ., ਫ਼ਰਵਰੀ 1868, ਨੰ. 202-203
58. ਕੂਕਾਜ਼, ਪੰਨਾ 66.

ਉਨ੍ਹਾਂ ਇਹ ਵੀ ਐਲਾਨ ਕੀਤਾ ਸੀ ਕਿ 'ਹਰ ਗੋਬਿੰਦ ਸਿੰਘ' ਸਤਿਗੁਰੂ ਬਣ ਚੁੱਕੇ ਸਨ, ਉਨ੍ਹਾਂ ਦੀਆਂ ਭਵਿੱਖਬਾਣੀਆਂ ਪੂਰੀਆਂ ਹੋਣ ਦਾ ਦਿਨ ਆ ਚੁੱਕਾ ਹੈ ਅਤੇ ਖ਼ਾਲਸਾ ਰਾਜ ਦੀ ਬਹਾਲੀ ਬੱਸ ਹੁਣ ਹੋਣ ਹੀ ਵਾਲੀ ਹੈ। ਅਜਿਹੇ ਬਿਆਨ ਕਾਰਣ ਪੁਲਿਸ ਨੇ ਤਾਂ ਉਨ੍ਹਾਂ ਨੂੰ 1857 ਦੇ ਅਜਿਹੇ ਬਾਗ਼ੀ ਸਿਪਾਹੀਆਂ ਜਾਂ ਸਵਾਰਾਂ 'ਚੋਂ ਇੱਕ ਐਲਾਨਣਾ ਹੀ ਸੀ, ਜਿਸ ਨੇ ਆਪਣੀ ਸ਼ਨਾਖ਼ਤ ਹੋਣ ਤੋਂ ਬਚਣ ਲਈ ਧਾਰਮਿਕ ਭੇਸ ਵਟਾ ਲਿਆ ਸੀ। ਅੰਮ੍ਰਿਤਸਰ 'ਚ ਕਸਾਈਆਂ ਦੇ ਕੂਕਾ ਹਮਲੇ ਤੋਂ ਛੇਤੀ ਬਾਅਦ ਗੁਜਰਾਂਵਾਲਾ 'ਚ ਦਿੱਤੇ ਉਨ੍ਹਾਂ ਦੇ ਭਾਸ਼ਣਾਂ ਦਾ ਪੁਲਿਸ ਨੇ ਨੋਟਿਸ ਲਿਆ ਸੀ[59]। ਉਨ੍ਹਾਂ ਖ਼ਿਲਾਫ਼ ਰਾਜ-ਧਰੋਹ ਦਾ ਪ੍ਰਚਾਰ ਕਰਨ ਤੇ ਬਗ਼ਾਵਤ ਭੜਕਾਉਣ ਦਾ ਦੋਸ਼ ਲਾਇਆ ਗਿਆ ਸੀ।

ਸੂਬਿਆਂ ਅਤੇ ਹੋਰ ਕੂਕਿਆਂ ਦੀਆਂ ਕਾਰਵਾਈਆਂ ਪੰਜਾਬ ਸਰਕਾਰ ਵੱਲੋਂ ਗਊ-ਮਾਸ ਦੀ ਜਨਤਕ ਤੌਰ 'ਤੇ ਵਿਕਰੀ ਦੀ ਇਜਾਜ਼ਤ ਦੇਣ ਜਿਹੇ ਨਾਸਮਝੀ ਵਾਲੇ ਹੁਕਮਾਂ ਕਾਰਣ ਵਧਦੀਆਂ ਜਾ ਰਹੀਆਂ ਸਨ। ਦੰਗੇ ਭੜਕੇ ਅਤੇ ਅਧਿਕਾਰੀ ਉਨ੍ਹਾਂ 'ਤੇ ਕਾਬੂ ਪਾਉਣ ਤੋਂ ਨਾਕਾਮ ਰਹੇ ਅਤੇ ਉਨ੍ਹਾਂ ਨੇ ਗਊ-ਹੱਤਿਆਵਾਂ ਵਿਰੁੱਧ ਹੋਣ ਵਾਲੇ ਰੋਸ ਮੁਜ਼ਾਹਰਿਆਂ ਵੱਲ ਕੋਈ ਬਹੁਤਾ ਧਿਆਨ ਨਾ ਦਿੱਤਾ। ਉੱਧਰ ਅੰਮ੍ਰਿਤਸਰ 'ਚ ਚਮੜੇ ਦਾ ਕਾਰੋਬਾਰ ਪ੍ਰਫੁੱਲਤ ਹੋਣ ਕਾਰਣ ਵਧੀਆ ਤੇ ਮਿਆਰੀ ਖੱਲਾਂ ਲੈਣ ਦੇ ਚੱਕਰ 'ਚ ਕਸਾਈ ਜਵਾਨ ਗਊਆਂ ਨੂੰ ਵੀ ਮਾਰਨ ਲੱਗ ਪਏ ਸਨ। ਮੁਸਲਿਮ ਵਪਾਰੀਆਂ ਨੂੰ ਉਸ ਤੋਂ ਡਾਢਾ ਮੁਨਾਫ਼ਾ ਹੋ ਰਿਹਾ ਸੀ। ਅਧਿਕਾਰੀਆਂ ਨੇ ਮੁਸਲਿਮ-ਪੱਖੀ ਰਵੱਈਆ ਅਪਣਾਇਆ ਹੋਇਆ ਸੀ, ਜਿਸ ਕਾਰਣ ਫ਼ਿਰਕੂ ਕੜਵਾਹਟ ਵਧਦੀ ਜਾ ਰਹੀ ਸੀ।

ਫਿਰ ਜਦੋਂ ਕੂਕਿਆਂ ਨੇ ਕਸਾਈਆਂ ਤੋਂ ਬਦਲਾ ਲੈਣ ਦਾ ਸੰਕਲਪ ਲਿਆ, ਤਾਂ ਹਾਲਾਤ ਵਿਗੜਦੇ ਚਲੇ ਗਏ। ਗੁਰੂ ਰਾਮ ਸਿੰਘ ਜੀ ਨੂੰ ਖ਼ਤਰੇ ਦਾ ਅਹਿਸਾਸ ਹੋ ਗਿਆ ਸੀ, ਇਸੇ ਲਈ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਅਜਿਹੀਆਂ ਕਾਰਵਾਈਆਂ ਤੋਂ ਗੁਰੇਜ਼ ਕਰਨ ਲਈ ਆਖਿਆ ਸੀ; ਪਰ ਉਨ੍ਹਾਂ ਨੇ ਇੱਕ ਨਾ ਸੁਣੀ। ਜਦੋਂ ਅੰਮ੍ਰਿਤਸਰ 'ਚ ਵਾਰਦਾਤ ਵਾਪਰ ਗਈ, ਤਾਂ ਕੁਝ ਨਿਰਦੋਸ਼ ਵਿਅਕਤੀਆਂ ਤੋਂ ਜ਼ਬਰਦਸਤੀ ਇਹ ਮੰਨਵਾਇਆ ਗਿਆ ਕਿ ਇਹ ਕਤਲ ਉਨ੍ਹਾਂ ਨੇ ਕੀਤੇ ਹਨ। ਤਦ ਗੁਰੂ ਰਾਮ ਸਿੰਘ ਜੀ ਨੇ ਅਸਲ ਕਾਤਲਾਂ ਨੂੰ ਆਤਮਸਮਰਪਣ ਕਰਨ ਦੀ ਹਦਾਇਤ ਕੀਤੀ। ਫਿਰ ਉਨ੍ਹਾਂ ਵੱਲੋਂ ਇਕਬਾਲੇ ਜੁਰਮ ਕਰਨ ਤੋਂ ਬਾਅਦ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ ਅਤੇ ਉਹ ਕੂਕੇ ਸ਼ਹਾਦਤਾਂ ਪਾ ਗਏ[60]। ਕੁਝ ਇਤਿਹਾਸਕਾਰਾਂ ਅਨੁਸਾਰ ਗੁਰੂ ਰਾਮ ਸਿੰਘ ਜੀ ਦੇ ਨਿਰਦੋਸ਼ ਹੋਣ ਦਾ ਇਹ ਪੱਖ ਆਮ ਲੋਕਾਂ ਦੇ ਵਿਸ਼ਵਾਸ 'ਤੇ ਆਧਾਰਤ ਹੈ ਤੇ ਇਸ ਲਈ ਦਸਤਾਵੇਜ਼ੀ ਮਦਦ ਦੀ ਲੋੜ ਹੈ[61]।

---

59. ਗ੍ਰਹਿ ਵਿਭਾਗ, ਜੁਡੀਸ਼ੀਅਲ, ਪ੍ਰੋ., ਅਗਸਤ 1872, ਨੰ. 273-284.
60. ਸੰਤ ਨਿਧਾਨ ਸਿੰਘ ਆਲਮ, ਕ੍ਰਾਂਤੀਕਾਰੀ ਸਤਿਗੁਰੂ, ਪੰਨਾ 129.
61. ਫ਼ੌਜਾ ਸਿੰਘ, ਕੂਕਾ ਮੂਵਮੈਂਟ, ਪੰਨਾ 80.

ਜਦੋਂ 15 ਜੁਲਾਈ, 1871 ਨੂੰ ਰਾਏਕੋਟ 'ਚ ਕਸਾਈਆਂ ਦੇ ਕਤਲਾਂ ਨਾਲ ਫਿਰ ਉਹੀ ਕਹਾਣੀ ਵਾਪਰੀ, ਤਾਂ ਸਰਕਾਰ ਨੇ ਗੁਰੂ ਰਾਮ ਸਿੰਘ ਜੀ ਦੀ ਜ਼ਿੰਮੇਵਾਰੀ ਤੈਅ ਕਰਨ ਦਾ ਫ਼ੈਸਲਾ ਕਰ ਲਿਆ। ਉਨ੍ਹਾਂ 'ਤੇ ਕਤਲਾਂ ਵਿੱਚ ਮਿਲੀਭੁਗਤ ਦਾ ਦੋਸ਼ ਲਾਇਆ ਗਿਆ ਸੀ। ਪਰ ਕਾਫ਼ੀ ਵਿਚਾਰ-ਵਟਾਂਦਰੇ ਤੋਂ ਬਾਅਦ ਉਨ੍ਹਾਂ ਪਾਇਆ ਕਿ ਉਹ ਇਸ ਮਾਮਲੇ ਨੂੰ ਲੈ ਕੇ ਸਬੂਤਾਂ ਦੀ ਘਾਟ ਕਾਰਣ ਗੁਰੂ ਰਾਮ ਸਿੰਘ ਜੀ ਨੂੰ ਕਾਨੂੰਨੀ ਅਦਾਲਤ 'ਚ ਨਹੀਂ ਫਸਾ ਸਕਦੇ।

ਪੰਜਾਬ ਸਰਕਾਰ ਨੇ ਤਦ ਪਟਿਆਲਾ ਦੇ ਮਹਾਰਾਜਾ ਨੂੰ ਲਿਖੀ ਇੱਕ ਚਿੱਠੀ 'ਚ ਬਿਆਨ ਕੀਤਾ:

''2. ਮੈਂ ਮਾਣਯੋਗ ਸਾਹਿਬ ਦੀ ਸੂਚਨਾ ਹਿਤ ਲਿਖ ਰਿਹਾ ਹਾਂ ਕਿ ਕਈ ਸਬੂਤਾਂ ਦੇ ਆਧਾਰ 'ਤੇ ਇਹ ਯਕੀਨੀ ਹੈ ਕਿ ਗੁਰੂ ਰਾਮ ਸਿੰਘ ਜੀ ਦਾ ਅਸਲ ਮਕਸਦ ਤੇ ਉਦੇਸ਼ ਤਾਂ ਸਿਰਫ਼ ਰਾਜ ਹਾਸਲ ਕਰਨਾ ਹੀ ਹੈ ਅਤੇ ਉਨ੍ਹਾਂ ਬਹੁਤ ਚਾਲਾਕੀ ਨਾਲ ਆਪਣਾ ਇਹ ਵਿਚਾਰ ਆਪਣੇ ਅਗਿਆਨੀ ਤੇ ਵਹਿਮੀ ਕਿਸਮ ਦੇ ਪੈਰੋਕਾਰਾਂ ਦੇ ਮਨਾਂ 'ਚ ਬਿਠਾ ਦਿੱਤਾ ਹੈ...[62]''

ਗਊ-ਹੱਤਿਆਵਾਂ ਬਾਰੇ ਲਿਖਦਿਆਂ ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ ਐੱਲ.ਐੱਚ. ਗ੍ਰਿਫ਼ਿਨ ਨੇ ਉਸ ਰੋਸ ਮੁਜ਼ਾਹਰਿਆਂ ਦੀ ਤੁਲਨਾ 'ਗੋਲ਼ੀਆਂ 'ਤੇ ਗਊ ਤੇ ਸੂਰ ਦੀ ਚਰਬੀ ਲੱਗੇ ਹੋਣ' ਦੇ ਮਾਮਲੇ ਨਾਲ ਕੀਤੀ ਸੀ, ਜਿਸ ਕਾਰਣ 1857 ਦਾ ਗ਼ਦਰ ਹੋ ਗਿਆ ਸੀ ਤੇ ਉਨ੍ਹਾਂ 1871 ਤੇ 1872 'ਚ ਕੂਕਿਆਂ 'ਤੇ ਰੋਕਾਂ ਲਾਉਣ ਦੀ ਸਜ਼ਾ ਨੂੰ ਦਰੁਸਤ ਠਹਿਰਾਇਆ ਸੀ। ਮਹਾਰਾਜਾ ਪਟਿਆਲਾ ਵੀ ਇਹੋ ਸੋਚ ਰਹੇ ਸਨ ਕਿ ਧਾਰਮਿਕ ਪ੍ਰਚਾਰ ਦੇ ਬਹਾਨੇ ਗੁਰੂ ਰਾਮ ਸਿੰਘ ਜੀ ਸਮੁੱਚੇ ਖੇਤਰ 'ਚ ਬਗ਼ਾਵਤ ਭੜਕਾ ਰਹੇ ਹਨ, ਜਿਵੇਂ 1857 'ਚ ਆਗੂਆਂ ਨੇ ਕੀਤਾ ਸੀ[63]।

**11. ਮਲੇਰਕੋਟਲਾ ਦੀ ਵਾਰਦਾਤ:** ਰਾਏਕੋਟ ਦੇ ਕਤਲਾਂ ਦੀ ਜਾਂਚ ਦੌਰਾਨ ਇਕੱਠੇ ਕੀਤੇ ਸਬੂਤਾਂ ਦੇ ਆਧਾਰ 'ਤੇ ਸਰਕਾਰ ਇਸ ਨਤੀਜੇ 'ਤੇ ਪੁੱਜੀ ਕਿ ਗੁਰੂ ਰਾਮ ਸਿੰਘ ਜੀ ਹੀ ''ਕਸਾਈਆਂ ਦੇ ਕਤਲਾਂ ਦੀ ਮੁਹਿੰਮ ਪਿਛਲੀ ਮੁੱਖ ਤਾਕਤ ਸਨ।[64]'' ਅੰਬਾਲਾ ਦੇ ਅਧਿਕਾਰੀਆਂ ਜੇ.ਡਬਲਿਊ. ਮੈਕਨੈਬ, ਲੈਫ਼ਟੀਨੈਂਟ ਕਰਨਲ ਜੀ. ਮੈਕਐਂਡ੍ਰਿਊ ਨੇ ਤਾਂ ਗੁਰੂ ਜੀ ਨੂੰ ਤੁਰੰਤ ਪੰਜਾਬ ਤੋਂ ਬਾਹਰ ਭੇਜਣ ਦੀ ਮੰਗ ਰੱਖ ਦਿੱਤੀ ਸੀ। ਗੁਰੂ ਰਾਮ ਸਿੰਘ ਜੀ ਵਿਰੁੱਧ 1818 ਦੇ ਰੈਗੂਲੇਸ਼ਨ III ਅਧੀਨ ਕਾਰਵਾਈ ਪ੍ਰਸਤਾਵਿਤ ਕੀਤੀ ਗਈ ਸੀ। ਭਾਵੇਂ ਪੰਜਾਬ ਸਰਕਾਰ ਨੇ ਸਾਲ 1871 'ਚ ਤਾਂ ਅਜਿਹੀਆਂ ਤਜਵੀਜ਼ਾਂ ਨੂੰ ਮੁੱਢੋਂ ਰੱਦ ਕਰ ਦਿੱਤਾ ਸੀ ਪਰ ਸਰਕਾਰੀ ਅਧਿਕਾਰੀ ਮਲੇਰਕੋਟਲਾ ਅਤੇ ਮਲੌਦ 'ਤੇ ਹਮਲਿਆਂ ਤੋਂ ਬਾਅਦ ਗੁਰੂ ਜੀ ਦੀ ਅਤੇ

---

62. ਗ੍ਰਹਿ ਵਿਭਾਗ, ਜੁਡੀਸ਼ੀਅਲ, ਪ੍ਰੋ., ਜੂਨ 1872, ਨੰ. 107-111: ਮਹਾਰਾਜਾ ਪਟਿਆਲਾ ਵੱਲੋਂ ਪੰਜਾਬ ਸਰਕਾਰ ਨੂੰ ਲਿਖੀ ਚਿੱਠੀ ਵੀ ਵੇਖੋ, ਮਿਤੀ 12 ਫ਼ਰਵਰੀ, 1872, ਜੋ ਗੁਰੂ ਰਾਮ ਸਿੰਘ ਜੀ ਦੇ ਉਦੇਸ਼ਾਂ ਬਾਰੇ ਹੈ।
63. ਫ਼ੌਜਾ ਸਿੰਘ, ਕੂਕਾ ਮੂਵਮੈਂਟ, ਪੰਨਾ 76.
64. ਗ੍ਰਹਿ ਵਿਭਾਗ, ਜੁਡੀਸ਼ੀਅਲ, ਪ੍ਰੋਗਸ., ਜੂਨ 1872., ਨੰ. 112-132.

ਉਨ੍ਹਾਂ ਦੇ ਸੂਬਿਆਂ ਦੀ ਗ੍ਰਿਫ਼ਤਾਰੀ ਨੂੰ ਰੋਕ ਨਹੀਂ ਸਕੇ ਸਨ ਤੇ ਇੰਝ ਸਿਰਫ਼ ਇੱਕ ਸਾਲ ਬਾਅਦ ਹੀ ਉਨ੍ਹਾਂ ਨੂੰ ਪੰਜਾਬ ਤੋਂ ਦੇਸ਼ ਨਿਕਾਲਾ ਕਰ ਦਿੱਤਾ ਗਿਆ ਸੀ।

ਲੈਫ਼ਟੀਨੈਂਟ ਗਵਰਨਰ ਨੇ 16 ਜਨਵਰੀ, 1872 ਵਾਲੇ ਦਿਨ ਗਵਰਨਰ ਜਨਰਲ ਨੂੰ ਤਾਰ ਭੇਜੀ ਸੀ ਕਿ ਉਨ੍ਹਾਂ ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪ੍ਰਮੁੱਖ ਸੂਬਿਆਂ ਨੂੰ ਗ੍ਰਿਫ਼ਤਾਰ ਕਰਨ ਦੇ ਅਧਿਕਾਰ ਦਿੱਤੇ ਸਨ। ਉਸ ਕਾਰਵਾਈ ਦੀ ਮਨਜ਼ੂਰੀ ਉਸੇ ਦਿਨ ਸ਼ਾਮ ਨੂੰ ਆ ਗਈ ਸੀ[65]। ਪਰ ਪੰਜਾਬ ਸਰਕਾਰ ਨੇ ਕਲਕੱਤਾ ਸਥਿਤ ਭਾਰਤ ਸਰਕਾਰ ਦੇ ਗ੍ਰਹਿ ਸਕੱਤਰ ਨੂੰ ਤਾਰ ਭੇਜੀ ਸੀ ਕਿ ਉਨ੍ਹਾਂ ਕੋਲ ''ਇਸ ਮਾਮਲੇ 'ਚ ਗੁਰੂ ਰਾਮ ਸਿੰਘ ਜੀ ਖ਼ਿਲਾਫ਼ ਅਜਿਹਾ ਕੋਈ ਸਿੱਧਾ ਸਬੂਤ ਮੌਜੂਦ ਨਹੀਂ ਹੈ ਕਿ ਜਿਸ ਦੇ ਆਧਾਰ 'ਤੇ ਕੋਈ ਅਦਾਲਤੀ ਸੁਣਵਾਈ ਕੀਤੀ ਜਾ ਸਕੇ।[66]'' ਪਰ ਸਥਾਨਕ ਅਧਿਕਾਰੀਆਂ, ਖ਼ਾਸ ਤੌਰ 'ਤੇ ਕੋਵਾਨ ਤਾਂ ਕੂਕਿਆਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਜਦੋਂ ਸਾਰੇ ਕੂਕਾ ਕੈਦੀਆਂ ਨੂੰ 17 ਜਨਵਰੀ ਦੇ ਦਿਨ ਮਲੇਰਕੋਟਲਾ ਦੇ ਪਰੇਡ ਗਰਾਊਂਡ 'ਚ ਲਿਆਂਦਾ ਗਿਆ ਸੀ, ਤਾਂ ਉਸ ਨੇ ਉਨ੍ਹਾਂ 'ਚੋਂ 49 ਜਣਿਆਂ ਨੂੰ ਤੋਪਾਂ ਨਾਲ ਸ਼ਹੀਦ ਕਰਵਾ ਦਿੱਤਾ ਸੀ। ਉਨ੍ਹਾਂ 'ਚੋਂ ਇੱਕ ਦੇ ਉਦੋਂ ਟੋਟੇ ਕਰ ਦਿੱਤੇ ਗਏ ਸਨ, ਜਦੋਂ ਉਸ ਨੇ ਅਚਾਨਕ ਡਿਪਟੀ ਕਮਿਸ਼ਨਰ 'ਤੇ ਹਮਲਾ ਕਰ ਦਿੱਤਾ ਸੀ। ਕਾਵਨ ਇਸ ਅਨਿਆਂਪੂਰਨ, ਗ਼ੈਰ-ਵਾਜਬ ਅਤੇ ਅਣਅਧਿਕਾਰਤ ਵਹਿਸ਼ੀਆਨਾ ਕਾਰਵਾਈ ਨੂੰ ਅੰਜਾਮ ਦੇਣ ਦਾ ਮਨ ਪਹਿਲਾਂ ਹੀ ਬਣਾ ਚੁੱਕਾ ਸੀ। ਜਦੋਂ ਅੰਬਾਲਾ ਦੇ ਕਮਿਸ਼ਨਰ ਫ਼ਾਰਸਿਥ ਨੇ ਉਸ ਨੂੰ ਲਿਖਿਆ ਕਿ ਉਹ ਉਸ ਦੇ ਪੁੱਜਣ ਤੱਕ ਫਾਂਸੀ ਦੀ ਪ੍ਰਕਿਰਿਆ ਰੋਕ ਦੇਵੇ, ਤਦ ਵੀ ਉਸ ਨੇ ਉਸ ਹੁਕਮ ਨੂੰ ਅੱਖੋਂ ਪ੍ਰੋਖੇ ਕਰ ਦਿੱਤਾ। ਉਸ ਨੇ ਸਗੋਂ ਬਹੁਤ ਚਾਈਂ-ਚਾਈਂ ਇਨ੍ਹਾਂ ਸ਼ਬਦਾਂ 'ਚ ਆਪਣੀ ਉਸ ਕਾਰਵਾਈ ਨੂੰ ਦਰਜ ਕੀਤਾ:

''ਮੈਂ ਕਮਿਸ਼ਨਰ ਫ਼ਾਰਸਿਥ ਦਾ ਨੋਟ ਆਪਣੀ ਜੇਬ 'ਚ ਪਾਇਆ ਤੇ ਫਿਰ ਹੋਰ ਕੁਝ ਨਾ ਸੋਚਿਆ।'' ਅਤੇ 17 ਜਨਵਰੀ ਨੂੰ ਆਪਣੇ ਪੱਤਰ (ਨੰ. 16) 'ਚ ਉਸ ਨੇ ਆਪਣੇ ਕਾਰੇ ਬਾਰੇ ਦੱਸਿਆ। ਕੂਕਿਆਂ ਨੂੰ ਬਿਨਾਂ ਸੁਣਵਾਈ ਦੇ ਮੌਤ ਦੀਆਂ ਸਜ਼ਾਵਾਂ ਦੇਣ ਦੀ ਵਹਿਸ਼ੀਆਨਾ ਕਾਰਵਾਈ ਨੂੰ ਬਾਅਦ 'ਚ ਫ਼ਾਰਸਿਥ ਅਤੇ ਲੈਫ਼ਟੀਨੈਂਟ ਗਵਰਨਰ ਨੇ ਪ੍ਰਵਾਨ ਕਰ ਦਿੱਤਾ। ਇਨ੍ਹਾਂ ਦੋਵੇਂ ਉੱਚ ਅਧਿਕਾਰੀਆਂ ਨੇ ਸਗੋਂ ਕੈਦੀਆਂ ਨੂੰ ''ਤੋਪਾਂ ਨਾਲ ਉਡਾਉਣ ਦੀ ਕਾਰਵਾਈ ਨੂੰ ਮੌਤ ਦੀ ਸਜ਼ਾ ਦਾ ਪ੍ਰਭਾਵਸ਼ਾਲੀ ਤੇ ਬਹੁਤ ਦਯਾਵਾਨ ਤਰੀਕਾ'' ਕਰਾਰ ਦਿੱਤਾ ਸੀ[68]।

ਜਦੋਂ ਇਹ ਮਾਮਲਾ ਭਾਰਤ ਸਰਕਾਰ ਨੂੰ ਰਿਪੋਰਟ ਕੀਤਾ ਗਿਆ, ਤਾਂ ਉਨ੍ਹਾਂ ਨੇ 19 ਜਨਵਰੀ, 1872 ਨੂੰ ਮੁੜ ਤਾਰ ਭੇਜ ਕੇ ਨਿਮਨਲਿਖਤ ਹੁਕਮ ਦਿੱਤੇ:

''ਤੁਹਾਡੇ ਵੱਲੋਂ ਦਿੱਤੇ ਹੁਕਮਾਂ ਤੋਂ ਬਗ਼ੈਰ ਕੂਕਿਆਂ ਨੂੰ ਬਿਨਾਂ ਸੁਣਵਾਈ ਦੇ ਮੌਤ

---

65. ਉਹੀ, ਜਨਵਰੀ 20, 1872, ਨੰ. 55-71.
66. ਉਹੀ, ਫ਼ਰਵਰੀ 1872, ਨੰ. 7-20.
67. ਗ੍ਰਹਿ ਵਿਭਾਗ, ਜੁਡੀਸ਼ੀਅਲ, ਪ੍ਰੋ., ਜੂਨ 1872, ਨੰ. 112-132.
68. ਆਹਲੂਵਾਲੀਆ, ਐੱਮਐੱਮ, ਕੂਕਾਜ਼, ਪੰਨੇ 94-107; ਇਹ ਵੀ ਗ੍ਰਹਿ ਵਿਭਾਗ, ਜੁਡੀਸ਼ੀਅਲ, ਪ੍ਰੋਗ., ਜੁਲਾਈ 1872, ਨੰ. 208-11.

ਦੀ ਸਜ਼ਾ ਦੇਣਾ ਬੰਦ ਕਰੋ।[69]'' ਆਹਲੂਵਾਲੀਆ ਨੇ ਬਿਲਕੁਲ ਠੀਕ ਟਿੱਪਣੀ ਕੀਤੀ ਹੈ ਕਿ ਜੇ ਕਿਤੇ ਇਹ ਹੁਕਮ ਜਾਰੀ ਨਾ ਕੀਤੇ ਜਾਂਦੇ, ਤਾਂ ਹੋਰ ਬਹੁਤ ਸਾਰੇ ਕੂਕਿਆਂ ਨੂੰ ਇੰਝ ਹੀ ਮੌਤ ਦੀ ਸਜ਼ਾ ਦੇ ਦੇਣੀ ਸੀ। ਭਾਰਤ ਸਰਕਾਰ ਨੇ ਵਿਦੇਸ਼ ਸਕੱਤਰ ਨੂੰ 17 ਫ਼ਰਵਰੀ, 1872 ਨੂੰ ਸੂਚਿਤ ਕੀਤਾ ਕਿ ਡੀ.ਸੀ. ਨੇ ''49 ਵਿਅਕਤੀਆਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਤੋਪਾਂ ਨਾਲ ਉਡਾ ਦਿੱਤਾ।[70]'' ਫਿਰ ਕਮਿਸ਼ਨਰ ਦੀ ਆਮਦ 'ਤੇ ਹੋਰਨਾਂ ਦੀ ਕਾਨੂੰਨੀ ਢੰਗ ਨਾਲ ਸੁਣਵਾਈ ਹੋਈ ਸੀ ਤੇ 16 ਹੋਰਨਾਂ ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਮੌਤ ਦੀ ਸਜ਼ਾ ਦੇਣ ਦਾ ਤਰੀਕਾ ਲੁਕਾਇਆ ਗਿਆ ਸੀ ਅਤੇ ਭਾਰਤ ਸਰਕਾਰ ਨੂੰ ਇਸ ਮਾਮਲੇ 'ਚ ਹਨੇਰੇ 'ਚ ਰੱਖਿਆ ਗਿਆ ਸੀ।

ਭਾਰਤ ਸਰਕਾਰ ਨੇ ਇਸ ਮਾਮਲੇ ਦਾ ਗੰਭੀਰ ਨੋਟਿਸ ਲਿਆ ਸੀ ਅਤੇ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੂੰ ਲਿਖਿਆ ਸੀ: ''ਕੈਦੀ ਤਾਂ ਪੂਰੀ ਤਰ੍ਹਾਂ ਮਜਬੂਰ ਸਨ। ਉਨ੍ਹਾਂ 'ਚੋਂ ਬਹੁਤੇ ਬੁਰੀ ਤਰ੍ਹਾਂ ਜ਼ਖ਼ਮੀ ਸਨ... ਇਨ੍ਹਾਂ ਹਾਲਾਤ 'ਚ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਅੰਨ੍ਹੇਵਾਹ ਮੌਤ ਦੀ ਸਜ਼ਾ ਦੇਣਾ ਇੱਕ ਅਜਿਹਾ ਕਦਮ ਸੀ, ਜਿਸ ਬਾਰੇ ਕੋਈ ਬਹਾਨਾ ਹੋ ਹੀ ਨਹੀਂ ਸਕਦਾ।[71]''

ਇਹ ਹਦਾਇਤ ਕੀਤੀ ਗਈ ਸੀ ਕਿ ਕੋਵਾਨ ਨੂੰ ਸੇਵਾ ਤੋਂ ਬਰਖ਼ਾਸਤ ਕਰ ਦਿੱਤਾ ਜਾਵੇ ਅਤੇ ਫ਼ਾਰਸਿਥ ਦੀ ਨਿਖੇਧੀ ਕੀਤੀ ਗਈ ਸੀ[72]। ਫ਼ਾਰਸਿਥ ਨੂੰ ਪੰਜਾਬ ਤੋਂ ਤਬਦੀਲ ਕਰ ਕੇ ਰਾਜਸਥਾਨ ਭੇਜ ਦਿੱਤਾ ਗਿਆ ਸੀ ਅਤੇ ਉਸ ਨੂੰ ਭਵਿੱਖ 'ਚ ਕੋਈ ਵੀ ਸਿਆਸੀ ਕਾਰਜ ਦਿੱਤੇ ਜਾਣ ਦੇ ਅਣਫ਼ਿੱਟ ਕਰਾਰ ਦੇ ਦਿੱਤਾ ਗਿਆ ਸੀ। ਭਾਵੇਂ ਫ਼ਾਰਸਿਥ ਨੇ ਪਟਿਆਲਾ ਦੇ ਮਹਾਰਾਜਾ ਅਤੇ ਹੋਰ ਬਹੁਤ ਸਾਰੇ ਈਸਾਈਆਂ ਦੀ ਹਮਾਇਤ ਲੈਣ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਉਸ ਦੀ ਨਿੰਦਾ ਵਾਪਸ ਨਹੀਂ ਲਈ ਗਈ ਸੀ। ਕੋਵਾਨ ਨੇ ਆਪਣੀ ਸੁਣਵਾਈ ਭੁਗਤੀ ਤੇ ਸਜ਼ਾ ਪਾਈ[73]।

**12. ਗੁਰੂ ਰਾਮ ਸਿੰਘ ਜੀ ਦਾ ਦੇਸ਼ ਨਿਕਾਲਾ:** ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ 10 ਪ੍ਰਭਾਵਸ਼ਾਲੀ ਸੂਬਿਆਂ ਨੂੰ ਹਿਰਾਸਤ 'ਚ ਲੈਣ ਨੂੰ ਭਾਰਤ ਦੇ ਵਿਦੇਸ਼ ਸਕੱਤਰ ਨੇ ਡਿਸਪੈਚ ਨੰ. 13, ਮਿਤੀ 26 ਮਾਰਚ, 1872 ਦੁਆਰਾ ਪ੍ਰਵਾਨਗੀ ਦਿੱਤੀ ਸੀ। ਇਸ ਦੌਰਾਨ ਉਨ੍ਹਾਂ ਨੂੰ ਪੰਜਾਬ ਤੋਂ ਅਲਾਹਾਬਾਦ ਲਿਜਾਂਦਾ ਗਿਆ, ਜਿੱਥੇ ਉਨ੍ਹਾਂ ਨੂੰ ਦੋਹਰੀ ਨਿਗਰਾਨੀ ਅਧੀਨ ਕਿਲ੍ਹੇ 'ਚ ਕੈਦ ਕਰ ਕੇ ਰੱਖਿਆ ਗਿਆ ਸੀ[74]। 'ਦਿ ਪਾਇਓਨੀਅਰ' (ਅਲਾਹਾਬਾਦ) ਨੇ ਟਿੱਪਣੀ ਕੀਤੀ ਸੀ: ''ਅਸੀਂ ਇਸ ਬਾਰੇ ਸੁਣਿਆ ਤੇ ਪੁੱਛਿਆ ਸੀ ਕਿ ਜੇ ਕੂਕਾ ਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਹਾਲੀਆ

69. ਹੰਸੋਰੂ ਦੀਆਂ ਸੰਸਦੀ ਬਹਿਸਾਂ, 1872, ਫ਼ਰਵਰੀ 29, 1872, ਪੰਨੇ 1157-58.
70. ਗ੍ਰਹਿ ਵਿਭਾਗ, ਜੁਡੀਸ਼ੀਅਲ, ਪ੍ਰੋ., ਜੂਨ 1872, ਨੰ. 106.
71. ਗ੍ਰਹਿ ਵਿਭਾਗ, ਜੁਡੀਸ਼ੀਅਲ, ਪ੍ਰੋਗ., ਜੂਨ 1872, ਨੰ. 112-132.
72. ਉਹੀ।
73. ਆਹਲੂਵਾਲੀਆ, ਐੱਮ.ਐੱਮ., ਕੂਕਾਜ਼, ਪੰਨੇ 101-105.
74. ਦਿ ਇੰਗਲਿਸ਼ਮੈਨ (ਕਲਕੱਤਾ), 24 ਜਨਵਰੀ, 1872.

ਬਗ਼ਾਵਤ ਦੀ ਚੇਤਾਵਨੀ ਪਹਿਲਾਂ ਹੀ ਦੇ ਦਿੱਤੀ ਸੀ, ਤਾਂ ਉਨ੍ਹਾਂ ਨੂੰ ਹੁਣ ਇੱਕ ਅਪਰਾਧੀ ਵਾਂਗ ਗ੍ਰਿਫ਼ਤਾਰ ਕਰ ਕੇ ਅਲਾਹਾਬਾਦ ਕਿਉਂ ਲਿਆਂਦਾ ਗਿਆ ਹੈ। ਅਸੀਂ ਮੰਨਦੇ ਹਾਂ ਕਿ ਇਸ ਦਾ ਕਾਰਣ ਇਹੋ ਹੈ ਕਿ ਉਨ੍ਹਾਂ ਨੇ ਇਹ ਜਾਣਕਾਰੀ ਤਦ ਜਾ ਕੇ ਸਰਕਾਰ ਨੂੰ ਦਿੱਤੀ ਸੀ, ਜਦੋਂ ਬਗ਼ਾਵਤ ਹੋ ਚੁੱਕੀ ਸੀ।[75]''

ਗੁਰੂ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਲਗਭਗ 150 ਕੂਕਿਆਂ ਨੂੰ ਉਨ੍ਹਾਂ ਦੇ ਪਿੰਡ ਭੈਣੀ 'ਚ ਘੇਰਾ ਪਾ ਲਿਆ ਗਿਆ ਸੀ। ਉਨ੍ਹਾਂ 'ਚੋਂ ਬਹੁਤੇ ਲੋਹੜੀ ਦੇ ਮੇਲੇ ਜਾਂ ਭੈਣੀ ਦੇ ਮੇਲੇ ਲਈ ਉੱਥੇ ਪੁੱਜੇ ਹੋਏ ਸਨ[76]। ਕੁਝ ਨੂੰ ਜ਼ਮਾਨਤਾਂ ਦੇ ਕੇ ਰਿਹਾਅ ਕਰ ਦਿੱਤਾ ਗਿਆ ਸੀ ਅਤੇ ਬਾਕੀਆਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ। ਉਨ੍ਹਾਂ 'ਚੋਂ ਇੱਕ ਗੁਰੂ ਰਾਮ ਸਿੰਘ ਜੀ ਦਾ ਖ਼ਜ਼ਾਨਚੀ ਸੀ ਅਤੇ ਭੈਣੀ 'ਚ ਉਨ੍ਹਾਂ ਦੇ ਅਨਾਜ ਦੇ ਜ਼ਖ਼ੀਰੇ (ਜਿੱਥੇ ਬਹੁਤ ਜ਼ਿਆਦਾ ਅਨਾਜ ਪਿਆ ਸੀ) ਦਾ ਵੀ ਇੰਚਾਰਜ ਸੀ। ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ। ਅਜਿਹੀ ਅਫ਼ਵਾਹ ਵੀ ਉੱਡੀ ਸੀ ਕਿ ਗੁਰੂ ਰਾਮ ਸਿੰਘ ਜੀ ਦੇ ਘਰ ਨੇੜੇ ਕਿਤੇ ਵੱਡਾ ਖ਼ਜ਼ਾਨਾ ਦੱਬਿਆ ਹੋਇਆ ਹੈ, ਉੱਥੇ ਭਾਲ਼ ਵੀ ਕੀਤੀ ਗਈ ਸੀ ਪਰ ਕੁਝ ਨਹੀਂ ਮਿਲਿਆ ਸੀ[77]।

ਭੈਣੀ ਸਥਿਤ ਕੂਕਾ ਦੇ ਮੁੱਖ ਡੇਰੇ 'ਚ ਹੀ ਜਦੋਂ ਕੋਈ ਪੁਖ਼ਤਾ ਸਬੂਤ ਨਾ ਮਿਲ ਸਕਿਆ, ਤਾਂ ਪੰਜਾਬ ਸਰਕਾਰ ਨੂੰ ਮਹਿਸੂਸ ਹੋ ਗਿਆ ਸੀ ਕਿ ਜੇ ਕਿਤੇ ਉਨ੍ਹਾਂ ਕਾਨੂੰਨੀ ਅਦਾਲਤ 'ਚ ਸੁਣਵਾਈ ਕੀਤੀ ਅਤੇ ''ਉਹ ਸੁਣਵਾਈ ਨਾਕਾਮ ਰਹੀ, ਤਾਂ ਨਤੀਜੇ ਜਨਤਕ ਸ਼ਾਂਤੀ ਲਈ ਠੀਕ ਨਹੀਂ ਹੋਣਗੇ।'' ਪਰ ਕੂਕਿਆਂ 'ਤੇ ਨਜ਼ਰ ਰੱਖਣ ਲਈ ਭੈਣੀ 'ਚ ਇੱਕ ਪੁਲਿਸ ਚੌਕੀ ਕਾਇਮ ਕਰ ਦਿੱਤੀ ਗਈ ਸੀ, ਜਿਸ ਕਰਕੇ ਗੁਰੂ ਜੀ ਦੇ ਪਰਿਵਾਰਕ ਮੈਂਬਰਾਂ ਨੂੰ ਵੱਡੀਆਂ ਮੁਸੀਬਤਾਂ ਝੱਲਣੀਆਂ ਪਈਆਂ[78]।

ਫਿਰ ਬੇਹੱਦ ਨਿਰਾਸ਼ ਸਰਕਾਰ ਨੇ ਹੁਕਮ ਦਿੱਤਾ ਕਿ ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਨੂੰ ਪੰਜਾਬ ਤੋਂ ਬਹੁਤ ਜ਼ਿਆਦਾ ਦੂਰ ਰੱਖਿਆ ਜਾਵੇ। ਪਹਿਲਾਂ ਤਾਂ ਉਨ੍ਹਾਂ ਨੂੰ ਅਲਾਹਾਬਾਦ ਦੇ ਕਿਲ੍ਹੇ 'ਚ ਰੱਖਿਆ ਗਿਆ ਸੀ ਪਰ ਫਿਰ ਬਾਅਦ 'ਚ ਅੰਗਰੇਜ਼ਾਂ ਨੂੰ ਲੱਗਾ ਕਿ ਅਲਾਹਾਬਾਦ ਤਾਂ ਪੰਜਾਬ ਦੇ ਕੁਝ ਨੇੜੇ ਹੀ ਹੈ, ਇਸੇ ਲਈ ਗੁਰੂ ਰਾਮ ਸਿੰਘ ਜੀ ਨੂੰ ਕਲਕੱਤਾ ਰਸਤੇ ਰੰਗੂਨ ਭੇਜ ਦਿੱਤਾ ਗਿਆ। ਕਲਕੱਤਾ ਪੁਜੀ ਸਮਕਾਲੀ ਰਿਪੋਰਟ ਅਨੁਸਾਰ ਮਾਰਚ 1872 'ਚ ਗੁਰੂ ਜੀ ਨੂੰ ਸਰਕਾਰੀ ਕੈਦੀ ਵਜੋਂ ਤੁਰੰਤ ਰੰਗੂਨ ਭੇਜ ਦਿੱਤਾ ਗਿਆ ਸੀ[79]।

ਕੂਕਿਆਂ ਨੂੰ ਮੌਤ ਦੇ ਘਾਟ ਉਤਾਰ ਦੇਣ ਤੇ ਉਸ ਤੋਂ ਬਾਅਦ ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਨੂੰ ਦੇਸ਼ ਨਿਕਾਲਾ ਦੇ ਕੇ ਪੰਜਾਬ ਤੋਂ ਬਾਹਰ ਭੇਜਣ ਦਾ

---

75. ਉਹੀ, 31 ਜਨਵਰੀ, 1872, ਦੋਬਾਰਾ ਦਿੱਤਾ ਗਿਆ।
76. ਹਰ ਵਰ੍ਹੇ 14 ਜਨਵਰੀ ਨੂੰ ਮਕਰ ਸਕ੍ਰਾਂਤੀ ਮੌਕੇ ਮਨਾਈ ਜਾਂਦੀ ਹੈ।
77. ਦਿ ਇੰਗਲਿਸ਼ਮੈਨ, 14 ਫ਼ਰਵਰੀ, 1872, ਇੰਡੀਅਨ ਪਬਲਿਕ ਓਪੀਨੀਅਨ ਤੋਂ ਉਧ੍ਰਿਤ; ਇਹ ਵੀ 'ਦਸਤਾਵੇਜ਼' - ਕੰਪ., ਨਾਹਰ ਸਿੰਘ, 1872, ਪੰਨੇ 945-7.
78. ਫ਼ੌਜਾ ਸਿੰਘ: ਕੂਕਾ ਮੂਵਮੈਂਟ, ਪੰਨੇ 117-121.
79. ਇੰਗਲਿਸ਼ਮੈਨ (ਕਲਕੱਤਾ), 14 ਮਾਰਚ, 1872.

ਵਿਆਪਕ ਵਿਰੋਧ ਹੋਇਆ ਸੀ। ਇੱਕ ਫ਼ੌਜੀ ਜਵਾਨ ਨੇ 'ਦਿ ਫ਼ਰੈਂਡ ਆੱਫ਼ ਇੰਡੀਆ' (ਕਲਕੱਤਾ) ਨੂੰ ਲਿਖੇ ਇੱਕ ਪੱਤਰ 'ਚ ਬਿਲਕੁਲ ਸਹੀ ਲਿਖਿਆ ਸੀ: "...ਯੂਰੋਪ ਦੀ ਜਨਤਾ ਅੱਜ-ਕੱਲ੍ਹ ਦਹਿਸ਼ਤਜ਼ਦਾ ਹੋ ਰਹੀ ਹੈ।" ਕੂਕਾ ਬਗ਼ਾਵਤ ਦੀ ਤੁਲਨਾ 1857 ਦੇ ਗ਼ਦਰ ਨਾਲ ਕਰਨਾ ਫ਼ਜ਼ੂਲ ਹੈ। ਉਸ ਮੁਤਾਬਕ ਤਦ ਹਾਲਾਤ ਕੁਝ ਵੱਖਰੀ ਕਿਸਮ ਦੇ ਸਨ "...ਮੁੱਠੀ ਭਰ ਯੂਰੋਪੀਅਨ ਹੁੰਦੇ ਸਨ, ਜਿਨ੍ਹਾਂ ਕੋਲ ਪੁਰਾਣੀ ਬੰਦੂਕ ਹੁੰਦੀ ਸੀ, ਬਹਾਦਰ ਬਜ਼ੁਰਗ ਨੀਲ ਅਧੀਨ 'ਮਦਰਾਸ ਫ਼ਿਊਜ਼ੀਲੀਅਰਜ਼' ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ, ਤਦ ਸਥਾਨਕ ਫ਼ੌਜ ਕੋਲ ਕਿਲ੍ਹੇ, ਹਥਿਆਰ ਤੇ ਤੋਪਖਾਨਾ ਸੀ, ਜੋ ਇਸ ਵੇਲੇ ਨਾਲੋਂ ਲਗਭਗ ਦੁੱਗਣਾ ਜ਼ਰੂਰ ਸੀ।[80]"

ਬਿਨਾਂ ਸੁਣਵਾਈ ਮੌਤ ਦੀ ਸਜ਼ਾ ਦੇਣ ਨੂੰ ਭਾਰਤ ਸਰਕਾਰ ਵੱਲੋਂ ਨਾ-ਮਨਜ਼ੂਰ ਕੀਤੇ ਜਾਣ 'ਤੇ ਤਾਂ ਤਸੱਲੀ ਪ੍ਰਗਟਾਈ ਗਈ ਸੀ ਪਰ ਇਸ ਗੱਲ 'ਤੇ ਹੈਰਾਨੀ ਸੀ ਕਿ ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਖ਼ਿਲਾਫ਼ ਕਾਨੂੰਨੀ ਅਦਾਲਤ 'ਚ ਸੁਣਵਾਈ ਦੇ ਹੁਕਮਾਂ ਨੂੰ ਅੱਖੋਂ ਪ੍ਰੋਖੇ ਕਰਨ ਦੀ ਪੰਜਾਬ ਦੇ ਸਥਾਨਕ ਅਧਿਕਾਰੀਆਂ ਨੂੰ ਇਜਾਜ਼ਤ ਕਿਉਂ ਦਿੱਤੀ ਗਈ ਸੀ[81]। ਇਹ ਸੱਚਮੁਚ ਬੇਹੱਦ ਅਫ਼ਸੋਸਨਾਕ ਸੀ ਕਿ ਉਸ ਵੇਲੇ ਦੇ ਵਾਇਸਰਾਏ ਨੌਰਥਬਰੁੱਕ ਇਹ ਹੁਕਮ ਲਾਗੂ ਕਰਵਾਉਣ ਤੋਂ ਨਾਕਾਮ ਰਹੇ ਸਨ; ਇਸੇ ਲਈ ਕੂਕਿਆਂ ਉੱਤੇ ਜਬਰ ਅਤੇ ਅਨਿਆਂਪੂਰਨ ਵਧੀਕੀਆਂ ਬੇਰੋਕ ਜਾਰੀ ਰਹੀਆਂ ਸਨ ਅਤੇ ਧਰਮ-ਨਿਸ਼ਠ ਤੇ ਨਿਰਦੋਸ਼ ਗੁਰੂ ਰਾਮ ਸਿੰਘ ਜੀ ਰੰਗੂਨ ਤੇ ਮਰਗੁਈ ਦੀਆਂ ਜੇਲ੍ਹਾਂ 'ਚ ਜ਼ੁਲਮ ਸਹਿੰਦੇ ਰਹੇ।

**13. ਬ੍ਰਿਟਿਸ਼ ਬਰਮਾ 'ਚ ਹਿਰਾਸਤ ਅਧੀਨ:** ਮਾਰਚ 1872 ਤੋਂ ਲੈ ਕੇ ਸਾਲ 1885 ਨਵੰਬਰ ਮਹੀਨੇ ਦੇ ਅੰਤ ਤੱਕ ਗੁਰੂ ਰਾਮ ਸਿੰਘ ਜੀ ਬਰਮਾ 'ਚ ਰਹੇ। ਸਾਲ 1872 'ਚ ਸਰਕਾਰੀ ਕੈਦੀ ਲਈ ਇੰਤਜ਼ਾਮ ਕਰਨ ਤੇ ਕੂਕਾ ਮੁਖੀ ਗੁਰੂ ਰਾਮ ਸਿੰਘ ਜੀ ਨੂੰ ਹਿਰਾਸਤ 'ਚ ਰੱਖਣ ਲਈ ਲਾਏ ਜਾਣ ਵਾਲੇ ਦੋਸ਼ਾਂ ਦੀ ਐਡਜਸਟਮੈਂਟ ਬਾਰੇ ਚੀਫ਼ ਕਮਿਸ਼ਨਰ ਤੇ ਭਾਰਤ ਸਰਕਾਰ ਵਿਚਾਲੇ ਬਹੁਤ ਚਿੱਠੀ-ਪੱਤਰੀ ਹੋਈ[82]।

ਬਰਮਾ ਦੇ ਚੀਫ਼ ਕਮਿਸ਼ਨਰ ਨੇ ਸੁਝਾਅ ਦਿੱਤਾ ਸੀ ਕਿ ਗੁਰੂ ਰਾਮ ਸਿੰਘ ਜੀ ਨੂੰ ਉਸ ਇਮਾਰਤ 'ਚ ਰੱਖਿਆ ਜਾਵੇ, ਜਿਸ ਦੀ ਵਰਤੋਂ ਛਾਉਣੀ ਦੇ ਡਾਕਘਰ ਵਜੋਂ ਕੀਤੀ ਜਾ ਰਹੀ ਸੀ, ਜੋ ਮੁੱਖ ਗਾਰਡ ਦੇ ਨੇੜੇ ਸਥਿਤ ਸੀ ਤੇ ਇਹ ਉਹੀ ਇਮਾਰਤ ਸੀ, ਜਿੱਥੇ ਦਿੱਲੀ ਦੇ ਸਾਬਕਾ ਰਾਜੇ ਨੂੰ ਵੀ ਕੈਦ 'ਚ ਰੱਖਿਆ ਗਿਆ ਸੀ[83]।

ਸਰਕਾਰੀ ਕੈਦੀ ਦੀ ਦੇਖਭਾਲ 'ਤੇ ਕੁੱਲ ਮਾਸਿਕ ਲਾਗਤ 'ਚ ਫ਼ਰਨੀਚਰ ਤੇ ਨੌਕਰ, ਜੋ ਤਿੰਨ ਹਿੰਦੂ ਕੈਦੀ ਸਨ, ਇੱਕ ਸਫ਼ਾਈ-ਸੇਵਕ ਦਾ ਖ਼ਰਚ ਵੀ ਸ਼ਾਮਲ ਸੀ, ਜੋ ਹਰੇਕ ਕੈਦੀ ਲਈ 5 ਰੁਪਏ ਪ੍ਰਤੀ ਮਹੀਨਾ ਬਣਦਾ ਸੀ, ਉਸ ਦਾ ਅਨੁਮਾਨ ਰੁ.

---

80. ਮਿਤੀ ਫ਼ਰਵਰੀ 1872, ਹੈਵਲੌਕ ਦੇ ਫ਼ੌਜੀ ਦੀ ਚਿੱਠੀ, ਅਲਾਹਾਬਾਦ 30 ਜਨਵਰੀ, 1872. ਦਸਤਾਵੇਜ਼ਾਂ 'ਚ ਉਧ੍ਰਿਤ (1871), ਪੰਨੇ 250-252.
81. ਗ੍ਰਹਿ ਵਿਭਾਗ, ਜੁਡੀਸ਼ੀਅਲ, ਪ੍ਰੋਗਸ., ਜੂਨ 1874., ਨੰ. 279-365
82. ਗ੍ਰਹਿ ਵਿਭਾਗ, ਜੁਡੀਸ਼ੀਅਲ, ਪ੍ਰੋਗਸ., ਦਸੰਬਰ 1872., ਨੰ. 240-241
83. ਉਹੀ, ਪ੍ਰੋਗਸ. ਮਈ, 1872 ਨੰ. 13, ਜੂਨ 1872, ਨੰ. 87-88

102-8-3 ਲਾਇਆ ਗਿਆ ਸੀ। ਜੇਲ੍ਹਾਂ ਦੇ ਆਈ.ਜੀ. ਅਨੁਸਾਰ ''ਸਰਕਾਰੀ ਕੈਦੀ ਗੁਰੂ ਰਾਮ ਸਿੰਘ ਜੀ'' 'ਤੇ ਇਹ ਅਸਲ ਖ਼ਰਚ ਹੋਇਆ ਸੀ[84]।

| | |
|---|---|
| 1. ਗਊ | ਰੁਪਏ 75/- |
| 2. ਭੋਜਨ ਤੇ ਨੌਕਰ | ਰੁਪਏ 40/- ਪ੍ਰਤੀ ਮਹੀਨਾ |
| 3. ਜੁੱਤੀਆਂ ਤੇ ਕੱਪੜੇ | ਰੁਪਏ 40/- (ਖ਼ਰੀਦੇ ਗਏ) |
| 4. ਕੁਰਸੀ, ਮੇਜ਼, ਪੱਖਾ | ਰੁਪਏ 50/- (ਖ਼ਰਚੇ ਗਏ) |

5. ਉੱਚ ਜਾਤੀ ਦੇ ਤਿੰਨ ਹਿੰਦੂ ਕੈਦੀ, ਇਨ੍ਹਾਂ ਤੋਂ ਇਲਾਵਾ ਇੱਕ ਨੌਕਰ ਜੋ ਭਾਰਤ ਤੋਂ ਕੈਦੀ ਨਾਲ ਆਇਆ ਸੀ: ਮੁਹੱਈਆ ਕਰਵਾਏ ਗਏ ਸਨ[85]।

ਜਦੋਂ ਇਸ ਮਾਮਲੇ 'ਤੇ ਵਾਇਸਰਾਏ ਦੀ ਕਾਰਜਕਾਰੀ ਕੌਂਸਲ ਵੱਲੋਂ ਵਿਚਾਰ-ਵਟਾਂਦਰਾ ਕੀਤਾ ਗਿਆ ਸੀ, ਤਾਂ ਨੌਰਥਬਰੁੱਕ ਨੇ ਇਹ ਪੇਸ਼ਕਸ਼ ਕੀਤੀ ਸੀ ''...ਉਨ੍ਹਾਂ ਨੂੰ ਇੱਕ ਵੱਖਰੇ ਘਰ 'ਚ ਰੱਖੋ ਅਤੇ ਉਨ੍ਹਾਂ ਨੂੰ ਖੱਚਰ ਵਾਲੀ ਬੱਘੀ ਦੇਵੋ ਅਤੇ ਉਨ੍ਹਾਂ ਨੂੰ ਦੱਸ ਦੇਵੋ ਕਿ ਜੇ ਕਿਤੇ ਉਹ ਆਪਣੇ ਕਿਤੇ ਵੀ ਰਹਿੰਦੇ ਕਿਸੇ ਪੈਰੋਕਾਰ ਨਾਲ ਚਿੱਠੀ-ਪੱਤਰੀ ਕਰਦੇ ਪਾਏ ਗਏ, ਤਾਂ ਇਹ ਸਾਰੀਆਂ ਸਹੂਲਤਾਂ ਵਾਪਸ ਲੈ ਲਈਆਂ ਜਾਣਗੀਆਂ...[86]।'' ਖੱਚਰ ਵਾਲੀ ਬੱਘੀ ਮੁਹੱਈਆ ਕਰਵਾਉਣ ਦੀ ਤਜਵੀਜ਼ ਦਾ ਵਿਰੋਧ ਹੋਣ ਕਾਰਣ ਉਸ 'ਚ ਕੁਝ ਇੰਝ ਸੋਧ ਕੀਤੀ ਗਈ ਸੀ - ਜੇ ਕਦੇ ਮੈਡੀਕਲ ਡਾਕਟਰ ਬਾਹਰ ਸੈਰ ਕਰਨ ਦੀ ਸਲਾਹ ਦੇਵੇ, ਤਾਂ ਇੱਕ ਬੱਘੀ ਕਦੀ -ਕਦਾਈਂ ਕਿਰਾਏ 'ਤੇ ਲਈ ਜਾ ਸਕਦੀ ਹੈ।

**14. ਚਿੱਠੀ-ਪੱਤਰੀ 'ਤੇ ਪਾਬੰਦੀ-** ਕੂਕਾ ਕੈਦੀ ਗੁਰੂ ਰਾਮ ਸਿੰਘ ਜੀ ਨੂੰ ਪੰਜਾਬ 'ਚ ਰਹਿੰਦੇ ਆਪਣੇ ਜਾਣਕਾਰਾਂ ਨਾਲ ਗੱਲਬਾਤ ਕਰਨ ਜਾਂ ਚਿੱਠੀ-ਪੱਤਰੀ ਲਿਖਣ ਦੀ ਇਜਾਜ਼ਤ ਨਹੀਂ ਸੀ। ਜਦੋਂ ਪੰਜਾਬ 'ਚ ਕਿਸੇ ਗੋਪਾਲ ਸਿੰਘ ਨਾਂਅ ਦੇ ਵਿਅਕਤੀ ਅਤੇ ਭੈਣੀ 'ਚ ਬੁੱਧ ਸਿੰਘ ਦੇ ਪਤੇ 'ਤੇ ਲਿਖੀ ਉਨ੍ਹਾਂ ਦੀ ਇੱਕ ਸੀਲਬੰਦ ਚਿੱਠੀ ਦੀ ਜਾਣਕਾਰੀ ਮਿਲੀ, ਤਦ ਸਰਕਾਰ ਨੇ ਕਾਰਵਾਈ ਕੀਤੀ। ਉਨ੍ਹਾਂ ਨੇ ਉਹ ਚਿੱਠੀ ਅਨੁਵਾਦ ਕਰਵਾਈ ਪਰ ਉਸ 'ਚੋਂ ਕੁਝ ਵੀ ਨੁਕਸਾਨਦਾਇਕ ਲਿਖਿਆ ਨਾ ਮਿਲ ਸਕਿਆ। ਉਸ ਚਿੱਠੀ 'ਚ ਸਿਰਫ਼ ਲੋਕ-ਭਲਾਈ, ਖਾਣੇ ਆਦਿ ਦੀ ਸਪਲਾਈ ਅਤੇ ਰੰਗੂਨ ਸ਼ਹਿਰ ਬਾਰੇ ਲਿਖਿਆ ਹੋਇਆ ਸੀ। ਉਨ੍ਹਾਂ ਦੋਵਾਂ ਨੂੰ ਮਿਲ-ਜੁਲ਼ ਕੇ ਸੁੱਖ-ਸ਼ਾਂਤੀ ਨਾਲ ਇਕੱਠੇ ਰਹਿਣ ਦੀ ਸਲਾਹ ਦਿੱਤੀ ਗਈ ਸੀ ਅਤੇ ਜੇ ਕੋਈ ਮੱਝ, ਬਲਦ ਜਾਂ ਗਊਆਂ ਭੇਟ ਕਰ ਕੇ ਜਾਂਦਾ ਹੈ, ਤਾਂ ਉਹ ਗੁਰੂ ਜੀ ਦੇ ਨਾਂਅ 'ਤੇ ਅੱਗੇ ਦਾਨ ਕਰ ਦੇਣ ਦੀ ਗੱਲ ਕੀਤੀ ਗਈ ਸੀ; ਉਨ੍ਹਾਂ ਨੂੰ ਨਾ ਰੱਖਣ ਲਈ ਕਿਹਾ ਗਿਆ ਸੀ। ਉਨ੍ਹਾਂ ਆਪਣੀ (ਗੁਰੂ ਜੀ ਦੀ) ਭਲਾਈ ਲਈ ਉਨ੍ਹਾਂ ਨੂੰ (ਸ੍ਰੀ ਗੁਰੂ) ਗ੍ਰੰਥ ਸਾਹਿਬ

84. ਉਹੀ, 5 ਅਪ੍ਰੈਲ, 1872 ਦਾ ਪੱਤਰ ਨੰ. 312, ਆਹਲੂਵਾਲੀਆ ਵੱਲੋਂ ਉਧ੍ਰਿਤ, ਪੰਨੇ 151-52, ਕੂਕਾਜ਼।
85. ਆਹਲੂਵਾਲੀਆ, ਐੱਮਐੱਮ, ਕੂਕਾਜ਼, ਪੰਨੇ 151-52
86. ਗ੍ਰਹਿ ਵਿਭਾਗ, ਜੁਡੀਸ਼ੀਅਲ, ਪ੍ਰੋਗਸ., ਮਈ 1872, ਨੰ. 13.

ਦਾ ਪਾਠ ਕਰਦੇ ਰਹਿਣ ਅਤੇ ਦੋ ਜਾਂ ਚਾਰ ਗਊਆਂ ਬ੍ਰਾਹਮਣਾਂ ਨੂੰ ਦਾਨ ਕਰਨ ਲਈ ਆਖਿਆ ਗਿਆ ਸੀ[87]।

ਪੰਜਾਬ ਸਰਕਾਰ ਦੇ ਅਧਿਕਾਰੀਆਂ ਨੂੰ ਜਦੋਂ ਪਤਾ ਲੱਗਾ ਕਿ ਕੂਕਾ ਕੈਦੀਆਂ 'ਤੇ ਸਖ਼ਤ ਚੌਕਸੀ ਦੀਆਂ ਹਦਾਇਤਾਂ ਦੇ ਬਾਵਜੂਦ ਗੁਰੂ ਜੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਵਿਚਾਲੇ ਕੋਈ ਚਿੱਠੀ-ਪੱਤਰੀ ਚੱਲਦੀ ਰਹੀ ਸੀ, ਤਾਂ ਉਹ ਬਹੁਤ ਨਿਰਾਸ਼ ਹੋਏ। 12 ਅਕਤੂਬਰ, 1877 ਨੂੰ ਕਾਰਜਕਾਰੀ ਸਕੱਤਰ ਐੱਲ.ਐੱਚ. ਗ੍ਰਿਫ਼ਿਨ ਨੇ ਭਾਰਤ ਸਰਕਾਰ ਦੇ ਸਕੱਤਰ ਨੂੰ ਲਿਖਿਆ,''ਗੁਰੂ ਰਾਮ ਸਿੰਘ ਜੀ ਪੰਜਾਬ 'ਚ ਵੱਸਦੇ ਆਪਣੇ ਪੈਰੋਕਾਰਾਂ ਨਾਲ ਲਗਾਤਾਰ ਚਿੱਠੀ-ਪੱਤਰੀ ਕਰਦੇ ਹਨ। ਅਜਿਹੇ ਪੱਤਰਾਂ ਦੀਆਂ ਕਈ ਕਾਪੀਆਂ ਇਸ ਸਰਕਾਰ ਨੂੰ ਗੁਪਤ ਤੌਰ 'ਤੇ ਮਿਲੀਆਂ ਹਨ।[88]''

ਪੰਜਾਬ ਸਰਕਾਰ ਅਨੁਸਾਰ ਉਸੇ ਚਿੱਠੀ-ਪੱਤਰੀ ਸਦਕਾ ਹੀ ਲੈਫ਼ਟੀਨੈਂਟ ਗਵਰਨਰ ਸਾਹਵੇਂ ਵੱਡੀ ਗਿਣਤੀ 'ਚ ਅਜਿਹੇ ਬਿਨੈ-ਪੱਤਰ ਦਾਖ਼ਲ ਹੋਣ ਲੱਗੇ ਸਨ, ਜਿਨ੍ਹਾਂ 'ਚ ਗੁਰੂ ਜੀ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਗਈ ਹੁੰਦੀ ਸੀ। ਇਸ ਤੋਂ ਸਪੱਸ਼ਟ ਤੌਰ 'ਤੇ ਇਹ ਪਤਾ ਲੱਗਦਾ ਸੀ ਕਿ ਗੁਰੂ ਰਾਮ ਸਿੰਘ ਜੀ 'ਤੇ ਸਰਕਾਰੀ ਕੈਦੀ ਵਜੋਂ ਚੌਕਸੀ ਅਧੂਰੀ ਕਿਸਮ ਦੀ ਸੀ। ਤਦ ਇਹ ਦੋਸ਼ ਵੀ ਲਾਇਆ ਗਿਆ ਸੀ ਕਿ ਜੇਲ੍ਹ ਵਾਲੀ ਥਾਂ ਦੇ ਨੇੜੇ ਰਹਿਣ ਵਾਲਾ ਵੈਰਾਗੀ ਫ਼ਕੀਰ ਹੀ ਇਸ ਚਿੱਠੀ-ਪੱਤਰੀ ਦੇ ਲੈਣ-ਦੇਣ 'ਚ ਭੂਮਿਕਾ ਨਿਭਾਉਂਦਾ ਸੀ। ਉਨ੍ਹਾਂ ਦੀ ਜਾਣਕਾਰੀ ਅਨੁਸਾਰ ਚਿੱਠੀਆਂ ਨੂੰ ਪੱਥਰ ਜਾਂ ਮਿੱਟੀ ਦੇ ਡਲ਼ੇ ਨਾਲ ਬੰਨ੍ਹ ਕੇ ਕੰਧ ਪਾਰ ਤੋਂ ਸੁੱਟਣਾ ਆਸਾਨ ਸੀ ਅਤੇ ਫਿਰ ਇਸੇ ਤਰੀਕੇ ਨਾਲ ਵਾਪਸੀ ਜਵਾਬ ਵੀ ਲੈ ਲਿਆ ਜਾਂਦਾ ਸੀ[89]। ਭਾਵੇਂ ਉਨ੍ਹਾਂ ਦੀਆਂ ਚਿੱਠੀਆਂ 'ਚ ਜ਼ਿਆਦਾਤਰ ਚੱਲ ਰਹੀਆਂ ਜਾਂਚਾਂ ਦਾ ਹੀ ਜ਼ਿਕਰ ਹੁੰਦਾ ਸੀ ਅਤੇ ਜਾਂ ਕੂਕਾ ਸੰਪਰਦਾਇ ਦੇ ਕਾਰਕੁੰਨਾਂ ਜਾਂ ਆਪਣੇ ਪਰਿਵਾਰ ਨੂੰ ਕੋਈ ਸਲਾਹ ਆਦਿ ਹੀ ਦਿੱਤੀ ਹੁੰਦੀ ਸੀ। ਉੱਧਰ ਅਜਿਹੀਆਂ ਚਿੱਠੀਆਂ ਜਦੋਂ ਪੈਰੋਕਾਰਾਂ ਤੱਕ ਪੁੱਜਦੀਆਂ ਸਨ, ਤਾਂ ਸਮੁੱਚੇ ਕੂਕਾ ਸੰਪਰਦਾਇ 'ਚ ਵੱਡੀ ਹਿੱਲਜੁੱਲ ਹੋਣ ਲੱਗ ਪੈਂਦੀ ਸੀ। ਇਸੇ ਲਈ ਫਿਰ ਗੁਰੂ ਰਾਮ ਸਿੰਘ ਜੀ ਨੂੰ ਕਿਸੇ ਹੋਰ ਥਾਂ 'ਤੇ ਭੇਜਣ ਦਾ ਸੁਝਾਅ ਦਿੱਤਾ ਗਿਆ ਸੀ ਕਿ ਤਾਂ ਜੋ ਉਨ੍ਹਾਂ ਦੇ ਪੈਰੋਕਾਰ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਸੰਪਰਕ ਨਾ ਰੱਖ ਸਕਣ।

ਹੋਰਨਾਂ ਕੂਕਾ ਕੈਦੀਆਂ ਦੀ ਵੀ ਜਾਂਚ ਕੀਤੀ ਜਾ ਰਹੀ ਸੀ, ਜਿਨ੍ਹਾਂ ਨੂੰ ਅਦਨ, ਅਸੀਰਗੜ੍ਹ, ਮੌਲਮੀਨ ਅਤੇ ਚੁਨਾਰ ਦੇ ਕਿਲ੍ਹੇ 'ਚ ਰੱਖਿਆ ਗਿਆ ਸੀ। ਸਾਹਿਬ ਸਿੰਘ, ਜਿਨ੍ਹਾਂ ਨੂੰ ਅਦਨ ਤੋਂ ਹਜ਼ਾਰੀਬਾਗ਼ ਦੀ ਯੂਰੋਪੀਅਨ ਜੇਲ੍ਹ 'ਚ ਭੇਜਿਆ ਗਿਆ ਸੀ ਤੇ ਉਨ੍ਹਾਂ ਨੂੰ ਬਾਹਰ ਕਿਤੇ ਵੀ ਨਾ ਜਾਣ ਦੇਣ ਦੀ ਹਦਾਇਤ ਸੀ। ਉਨ੍ਹਾਂ ਦਾ

---

87. ਗ੍ਰਹਿ ਵਿਭਾਗ, ਜੁਡੀਸ਼ੀਅਲ, ਸਤੰਬਰ 1872, ਨੰ. 144-147.
88. ਉਹੀ, ਨਵੰਬਰ 1877, ਨੰ. 7-8, ਪੱਤਰ ਨੰ. 428, ਕਾਨਫ਼., ਅਲਸ. ਏ ਪ੍ਰੋ. ਅਗਸਤ '81, ਨੰ. 146-9, ਇੱਕ ਕੂਕਾ ਕੈਦੀ ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਕੁਝ ਪੈਰੋਕਾਰਾਂ ਵਿਚਾਲੇ ਚਿੱਠੀ-ਪੱਤਰੀ
89. ਗ੍ਰਹਿ ਵਿਭਾਗ, ਜੁਡੀਸ਼ੀਅਲ, ਬੀ., ਪ੍ਰੋ., ਅਗਸਤ 1879, ਨੰ. 257-259.

ਦਿਹਾਂਤ 10 ਜੂਨ, 1879 ਨੂੰ ਹੋ ਗਿਆ ਸੀ। ਉਨ੍ਹਾਂ ਦੇ ਸਾਥੀ ਕਾਹਨ ਸਿੰਘ ਜੇਲ੍ਹ ਦੇ 16 ਕੋਠੜੀਆਂ ਵਾਲੇ ਇਕਲੌਤੇ ਵਿੰਗ 'ਚ ਇਕੱਲੇ ਰਹਿ ਗਏ ਸਨ। ਉਹ ਕਿਉਂਕਿ 70 ਸਾਲਾਂ ਦੇ ਕਮਜ਼ੋਰ ਅਤੇ ਬਿਰਧ ਵਿਅਕਤੀ ਸਨ, ਇਸੇ ਲਈ ਇਹ ਤਜਵੀਜ਼ ਦਿੱਤੀ ਗਈ ਸੀ ਕਿ ਉਨ੍ਹਾਂ ਪੁਲਿਸ ਲਾਈਨ 'ਚ ਰਹਿਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਪਰ ਉਹ ਨਾ-ਮਨਜ਼ੂਰ ਕਰ ਦਿੱਤੀ ਗਈ ਸੀ। ਮੁੱਖ ਕਾਰਣ ਇਹੋ ਦੱਸਿਆ ਗਿਆ ਸੀ ਕਿ ਉੱਥੇ ਤਾਂ ਉਨ੍ਹਾਂ ਨੂੰ 'ਬਾਹਰੀ ਦੁਨੀਆ ਨਾਲ ਗੱਲਬਾਤ ਕਰਨ ਦਾ ਸਿੱਧਾ ਤੇ ਸੁਖਾਲ਼ਾ ਸਾਧਨ ਮਿਲ ਜਾਵੇਗਾ।' ਬਾਅਦ 'ਚ ਇਹ ਤਜਵੀਜ਼ ਰੱਖੀ ਗਈ ਸੀ ਕਿ ਉਨ੍ਹਾਂ ਨੂੰ ਹਜ਼ਾਰੀਬਾਗ਼ ਦੀ ਕੇਂਦਰੀ ਜੇਲ੍ਹ ਦੇ ਅਪਰਾਧਕ ਵਾਰਡਾਂ 'ਚੋਂ ਇੱਕ 'ਚ ਭੇਜਿਆ ਜਾ ਸਕਦਾ ਹੈ। ਇੱਕ ਵਿਕਲਪ ਵਜੋਂ ਉਨ੍ਹਾਂ ਨੂੰ ਚੁਨਾਰ ਦੇ ਕਿਲ੍ਹੇ 'ਚ ਭੇਜ ਦੇਣ ਦੀ ਤਜਵੀਜ਼ ਵੀ ਰੱਖੀ ਗਈ ਸੀ[90]।

ਪੰਜਾਬ ਸਰਕਾਰ ਵੱਲੋਂ ਸਾਵਧਾਨੀਆਂ ਰੱਖਣ ਦੇ ਬਾਵਜੂਦ ਕੂਕਾ ਅੰਦੋਲਨ ਆਪਣੀ ਰਫ਼ਤਾਰ ਫੜਦਾ ਚਲਾ ਗਿਆ ਅਤੇ 1877-78 'ਚ ਜਦੋਂ ਅਫ਼ਗ਼ਾਨ ਜੰਗ ਦਾ ਖ਼ਤਰਾ ਮੰਡਰਾਇਆ, ਤਾਂ ਉਨ੍ਹਾਂ ਦੀਆਂ ਗਤੀਵਿਧੀਆਂ ਕਈ ਗੁਣਾ ਵਧ ਗਈਆਂ ਸਨ। ਅਜਿਹੀ ਰਿਪੋਰਟ ਆਈ ਸੀ ਕਿ ਕੂਕਾ ਗੁਰਚਰਨ ਸਿੰਘ ਸਾਲ 1879 'ਚ ਗੁਰੂ ਰਾਮ ਸਿੰਘ ਜੀ ਦੇ ਦੂਤ ਬਣ ਕੇ ਰੂਸੀ ਤੁਰਕਿਸਤਾਨ 'ਚ ਵਿਚਰ ਰਹੇ ਸਨ। ਪਹਿਲੀ ਮਈ ਨੂੰ ਉਨ੍ਹਾਂ ਕੋਲ ਹਿੰਦੀ 'ਚ ਲਿਖਿਆ ਇੱਕ ਪੱਤਰ ਪਾਇਆ ਗਿਆ ਸੀ ਕਿ ਉਹ ਗੁਰੂ ਰਾਮ ਸਿੰਘ ਜੀ ਵੱਲੋਂ ਆਏ ਹਨ ਤੇ ਉਸ ਉੱਤੇ ਹੋਰ ਕਈਆਂ ਦੇ ਹਸਤਾਖਰ ਸਨ[91]। ਉਸ ਚਿੱਠੀ ਵਿੱਚ ਗੁਰੂ ਜੀ ਨੂੰ 3 ਲੱਖ 15 ਹਜ਼ਾਰ ਬਹਾਦਰ ਜੁਝਾਰੂ ਕੂਕਾ ਜਵਾਨਾਂ ਦਾ ਰੂਹਾਨੀ ਆਗੂ (ਅਧਿਆਤਮਕ ਨੇਤਾ) ਦੱਸਿਆ ਗਿਆ ਸੀ। ਦੂਜੀ ਅਫ਼ਗ਼ਾਨ ਜੰਗ ਦੌਰਾਨ ਅਤੇ ਉਸ ਤੋਂ ਬਾਅਦ ਰੂਸੀਆਂ ਦੇ ਹੱਕ 'ਚ ਅਤੇ ਖ਼ਿਲਾਫ਼ ਗੁਪਤ ਏਜੰਟ ਗੁਲਾਬ ਖ਼ਾਨ ਦੀਆਂ ਗਤੀਵਿਧੀਆਂ ਕਾਰਣ ਗੁਰਚਰਨ ਸਿੰਘ ਅਤੇ ਸ਼ੰਕਰ ਰਾਏ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਸੰਖੇਪ 'ਚ, ਕੂਕੇ ਕੇਂਦਰੀ ਏਸ਼ੀਆ 'ਚ ਰੂਸੀਆਂ ਨਾਲ ਅਹਿਮ ਸਬੰਧ ਕਾਇਮ ਕਰਨ 'ਚ ਸਫ਼ਲ ਰਹੇ ਸਨ। ਇਹ ਵੀ ਦੱਸਿਆ ਗਿਆ ਸੀ ਕਿ ਬਿਸ਼ਨ ਸਿੰਘ ਅਰੋੜਾ ਨਾਂਅ ਦੇ ਇੱਕ ਬੇਹੱਦ ਅਮੀਰ ਕੂਕਾ ਦੀਆਂ ਤਾਂ ਪੇਸ਼ਾਵਰ, ਕਾਬੁਲ, ਬੁਖਾਰਾ ਤੇ ਰੂਸੀ ਖੇਤਰਾਂ 'ਚ ਆਪਣੀਆਂ ਏਜੰਸੀਆਂ ਸਨ ਅਤੇ ਉਹ ਰੂਸੀਆਂ ਅਤੇ ਬੁੱਧ ਸਿੰਘ ਵਿਚਾਲੇ ਗੱਲਬਾਤ ਤੇ ਰਾਬਤੇ ਦੇ ਮੁੱਖ ਸਾਧਨ ਸਨ[92]।

ਭਾਰਤ ਤੇ ਵਿਦੇਸ਼ 'ਚ ਕੂਕਿਆਂ ਦੀਆਂ ਗਤੀਵਿਧੀਆਂ ਨੂੰ ਰੋਕਣ ਤੋਂ ਨਾਕਾਮ ਰਹਿਣ 'ਤੇ ਪਰਦਾ ਪਾਉਣ ਲਈ ਹੀ ਗੁਰੂ ਰਾਮ ਸਿੰਘ ਜੀ 'ਤੇ ਹੀ ਸਾਰਾ ਗੁੱਸਾ ਲਾਹਿਆ ਗਿਆ ਸੀ।

---

90. ਉਹੀ, ਫ਼ਰਵਰੀ 1880, ਨੰ. 219-225.
91. ਵਿਭਾਗ ਲਈ ਰਾਜਨੀਤੀ ਵਿਗਿਆਨ, ਪ੍ਰੋ., ਜਨਵਰੀ 1882, ਨੰ. 558-599 ਆਹਲੂਵਾਲੀਆ, ਪੰਨਾ 116, ਕੂਕਾਜ਼ ਵੀ।
92. ਵਿਭਾਗ ਲਈ, ਸਿਆਸੀ ਸਕੱਤਰ, ਪ੍ਰੋ. ਅਗਸਤ 1889, ਐੱਫ਼. ਪ੍ਰੋਗਸ. ਨੰ. 114-115, ਵੇਰਵਿਆਂ ਲਈ ਆਹਲੂਵਾਲੀਆ, ਪੰਨੇ 123-134.

**15. ਰੰਗੂਨ ਤੋਂ ਅੱਗੇ ਭੇਜਣ ਦੇ ਹੁਕਮ:** ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਮੰਗ ਕੀਤੇ ਜਾਣ ਕਾਰਨ ਭਾਰਤ ਸਰਕਾਰ ਨੇ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਹਦਾਇਤ ਜਾਰੀ ਕਰ ਦਿੱਤੀ ਸੀ ਕਿ ਗੁਰੂ ਰਾਮ ਸਿੰਘ ਜੀ ਨੂੰ ਟੈਵੋਏ ਜਾਂ ਮਰਗੁਈ ਭੇਜ ਦਿੱਤਾ ਜਾਵੇ[93]। ਇਸੇ ਲਈ ਚੀਫ਼ ਕਮਿਸ਼ਨਰ ਨੇ ਆਪਣੇ ਪੱਤਰ ਨੰ. 164/6-ਪੀ, ਮਿਤੀ 29 ਮਈ, 1878 ਰਾਹੀਂ ਸੱਤ ਵਿਅਕਤੀਆਂ ਦੀ ਚੌਕਸ ਨਿਗਰਾਨੀ ਅਧੀਨ ਰੰਗੂਨ ਤੋਂ ਭੇਜ ਦਿੱਤਾ ਜਾਵੇ। ਮਰਗੁਈ 'ਚ ਕਿਉਂਕਿ ਕੋਈ ਵੀ ਢੁਕਵੀਂ ਜਗ੍ਹਾ ਉਪਲਬਧ ਨਹੀਂ ਸੀ, ਇਸੇ ਲਈ ਇੱਕ ਨਵੀਂ ਇਮਾਰਤ ਦਾ ਨਿਰਮਾਣ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਇਹ ਸੁਝਾਅ ਵੀ ਦਿੱਤਾ ਗਿਆ ਸੀ ਕਿ ਗੁਰੂ ਜੀ ਨੂੰ ਮਰਗੁਈ ਭੇਜਣ ਦੀ ਥਾਂ ਉਨ੍ਹਾਂ ਨੂੰ ਜਾਂ ਤਾਂ ਰੰਗੂਨ 'ਚ ਹੀ ਰੱਖਿਆ ਜਾਵੇ ਤੇ ਸਖ਼ਤੀ ਵਧਾ ਦਿੱਤੀ ਜਾਵੇ ਅਤੇ ਜਾਂ ਨਿਕੋਬਾਰ 'ਚ ਕਾਮੋਰਟਾ ਭੇਜ ਦਿੱਤਾ ਜਾਵੇ। ਫਿਰ ਉਨ੍ਹਾਂ ਨੂੰ ਟੇਬਲ ਟਾਪੂ 'ਚ ਵੀ ਰੱਖਣ ਦੀ ਗੱਲ ਕੀਤੀ ਗਈ ਸੀ, ਜਿੱਥੇ ਉਹ ਨਾ ਤਾਂ ਕਿਸੇ ਨੂੰ ਮਿਲ ਸਕਦੇ ਸਨ ਤੇ ਜਿੱਥੇ ਨਾ ਹੀ ਉਨ੍ਹਾਂ ਦੇ ਜਾਣਕਾਰਾਂ ਦੀਆਂ ਚਿੱਠੀਆਂ ਨੇ ਕਦੇ ਪਹੁੰਚਣਾ ਸੀ। ਪਰ ਇਸ ਸਭ 'ਚ ਸਮਾਂ ਲੱਗਾ।

ਪੰਜਾਬ ਸਰਕਾਰ ਨੇ ਫਿਰ ਇਹ ਰਿਪੋਰਟ ਦਿੱਤੀ ਕਿ ਅਗਸਤ 1879 'ਚ ਗੁਰੂ ਰਾਮ ਸਿੰਘ ਜੀ ਕੁਝ ਲਿਖਣ ਸਮੱਗਰੀ ਹਾਸਲ ਕਰ ਕੇ ਪੰਜਾਬ 'ਚ ਆਪਣੇ ਜਾਣਕਾਰਾਂ ਅਤੇ ਪੈਰੋਕਾਰਾਂ ਨੂੰ ਪੱਤਰ ਭੇਜ ਸਕੇ ਸਨ। ਉਨ੍ਹਾਂ ਪੰਜਾਬ ਤੋਂ ਕੋਈ ਮਿਲਣ ਲਈ ਵੀ ਆਇਆ ਸੀ, ਜਿਸ ਨਾਲ ਉਨ੍ਹਾਂ ਗੱਲਬਾਤ ਵੀ ਕੀਤੀ ਸੀ। ਪਰ ਪੰਜਾਬ ਸਰਕਾਰ ਦੇ ਸੁਝਾਅ ਦੇ ਹਵਾਲੇ ਨਾਲ ਉਨ੍ਹਾਂ ਇਹ ਵੀ ਆਖ ਦਿੱਤਾ ਸੀ ਕਿ ਉਨ੍ਹਾਂ ਨੂੰ ਇਸ ਗੱਲ ਵਿੱਚ ਕੋਈ ਦਿਲਚਸਪੀ ਨਹੀਂ ਹੈ ਕਿ ਗੁਰੂ ਜੀ ਨੂੰ ਭਾਵੇਂ ਹਿਰਾਸਤ 'ਚ ਰੱਖਿਆ ਜਾਵੇ ਤੇ ਚਾਹੇ ਜੇਲ੍ਹ 'ਚ – ਉਨ੍ਹਾਂ ਦੀ ਦਿਲਚਸਪੀ ਸਿਰਫ਼ ਇਸ ਗੱਲ 'ਚ ਹੈ ਕਿ ''ਗੁਰੂ ਜੀ ਦੀ ਆਪਣੇ ਪੈਰੋਕਾਰਾਂ ਨਾਲ ਹਰ ਤਰ੍ਹਾਂ ਦੀ ਗੱਲਬਾਤ ਜਾਂ ਚਿੱਠੀ-ਪੱਤਰੀ ਦਾ ਮੁਕੰਮਲ ਖ਼ਾਤਮਾ ਹੋ ਜਾਵੇ।[94]'' ਇੱਕ ਵਾਰ ਤਾਂ ਵਾਇਸਰਾਏ ਵੀ ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਗੁਰੂ ਜੀ ਨੂੰ ਰੰਗੂਨ 'ਚ ਹੀ ਪਹਿਲਾਂ ਦੇ ਮੁਕਾਬਲੇ ਵਧੇਰੇ ਸਖ਼ਤੀ ਤੇ ਕੰਟਰੋਲ ਅਧੀਨ ਰੱਖਣ ਲਈ ਸਹਿਮਤ ਹੋ ਗਏ ਸਨ। ਉਨ੍ਹਾਂ ਦੀ ਚਿੱਠੀ 'ਚ ਲਿਖਿਆ ਸੀ: ''...ਦੂਜੇ ਪਾਸੇ ਕਈ ਕਾਰਣਾਂ ਕਰਕੇ ਅਜਿਹਾ ਹੋ ਨਹੀਂ ਸਕਦਾ ਕਿ ਰਾਮ ਸਿੰਘ ਜੀ ਦੇ ਕੱਦ-ਬੁੱਤ ਵਾਲੇ ਨਾਲ ਅਜਿਹਾ ਵਿਵਹਾਰ ਕੀਤਾ ਜਾਵੇ, ਜੇ ਇਸ ਨੂੰ ਟਾਲ਼ਿਆ ਜਾ ਸਕਦਾ ਹੋਵੇ...।[95]''

ਆਖ਼ਰ 1880 'ਚ ਗੁਰੂ ਰਾਮ ਸਿੰਘ ਜੀ ਨੂੰ ਮਰਗੁਈ ਭੇਜ ਦਿੱਤਾ ਗਿਆ ਸੀ। ਉਨ੍ਹਾਂ 'ਆਨੰਦ' ਨਾਂਅ ਦੇ ਸਮੁੰਦਰੀ ਜਹਾਜ਼ ਰਾਹੀਂ ਯਾਤਰਾ ਕੀਤੀ ਸੀ ਤੇ 21

93. ਗ੍ਰਹਿ ਵਿਭਾਗ, ਜੁਡੀਸ਼ੀਅਲ, ਪ੍ਰੋ., ਜਨਵਰੀ 1878, ਨੰ. 138-9.
94. ਗ੍ਰਹਿ ਵਿਭਾਗ, ਜੁਡੀਸ਼ੀਅਲ, ਬੀ., ਪ੍ਰੋ., ਮਾਰਚ 1880, ਨੰ. 36-37, ਪੱਤਰ ਨੰ. 742, ਕਾਨਫ਼., ਮਿਤੀ 20 ਫ਼ਰਵਰੀ।
95. ਗ੍ਰਹਿ ਵਿਭਾਗ, ਰਿਵ. ਐਂਡ ਅਗਰ. ਜੁਡੀਸ਼ੀਅਲ, ਮਿਤੀ ਮਾਰਚ 1880, ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਕਾਨਫ਼. ਪੱਤਰ ਨੰ. 270

ਅਕਤੂਬਰ, 1880 ਨੂੰ ਮਰਗੁਈ ਪੁੱਜੇ ਸਨ। ਉਨ੍ਹਾਂ ਲਈ ਉੱਥੇ ਇੱਕ ਨਵਾਂ ਮਕਾਨ ਉਸਾਰਿਆ ਗਿਆ ਸੀ; ਜਿਸ ਵਿੱਚ ਇੱਕ ਛੋਟਾ ਰਸੋਈਘਰ ਤੇ ਪਖਾਨਾ ਸੀ।

ਪਰ ਚੇਲਿਆਂ 'ਚ ਗੁਰੂ ਜੀ ਨੂੰ ਮਿਲਣ ਦੀ ਤਾਂਘ ਹੀ ਇੰਨੀ ਜ਼ਿਆਦਾ ਸੀ ਕਿ ਮੀਹਾਂ ਸਿੰਘ ਅਤੇ ਸਮੁੰਦ ਸਿੰਘ ਨਾਂਅ ਦੇ ਦੋ ਕੂਕੇ ਮੌਲਮੀਨ ਤੋਂ ਪਹਿਲਾਂ ਟੈਵੋਏ ਅਤੇ ਫਿਰ ਮਰਗੁਈ ਪੁੱਜਣ 'ਚ ਕਾਮਯਾਬ ਹੋ ਗਏ ਸਨ[96]। ਇਹ ਤੱਥ ਬਾਕਾਇਦਾ ਰਿਕਾਰਡ 'ਤੇ ਹੈ ਕਿ 1879 ਤੋਂ ਲੈ ਕੇ 1881 ਤੱਕ ਕਈ ਚੇਲਿਆਂ ਨੇ ਆਪਣੇ ਗੁਰੂ ਜੀ ਨੂੰ ਮਿਲਣ ਜਾਂ ਉਨ੍ਹਾਂ ਤੱਕ ਚਿੱਠੀਆਂ ਪਹੁੰਚਾਉਣ ਦੀਆਂ ਅਨੇਕ ਕੋਸ਼ਿਸ਼ਾਂ ਕੀਤੀਆਂ ਸਨ[97]।

*16. ਮਰਗੁਈ 'ਚ:* ਮਰਗੁਈ ਵਿਖੇ ਹਿਰਾਸਤ 'ਚ ਰਹਿਣ ਦੌਰਾਨ ਵੀ ਗੁਰੂ ਰਾਮ ਸਿੰਘ ਜੀ ਭਾਰਤ ਸਰਕਾਰ ਲਈ ਸਿਰ-ਦਰਦੀ ਬਣੇ ਰਹੇ ਸਨ। ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਦੇ ਸਕੱਤਰ ਨੇ ਭਾਰਤ ਸਰਕਾਰ ਨੂੰ ਸੂਚਿਤ ਕੀਤਾ ਸੀ ਕਿ ਗੁਰੂ ਰਾਮ ਸਿੰਘ ਜੀ ਦਾ ਵਿਵਹਾਰ ਬਹੁਤ ਵਧੀਆ ਹੈ। ਇਹ ਦੱਸਿਆ ਗਿਆ ਸੀ ਕਿ ਉਹ ਕਦੇ-ਕਦੇ ਹਿੰਸਕ ਹੋ ਜਾਂਦੇ ਹਨ ਅਤੇ ਇੱਕ ਦਿਨ ਲੱਗਿਆ ਕਿ 'ਉਨ੍ਹਾਂ ਨੂੰ ਉਨ੍ਹਾਂ ਦੇ ਕਮਰੇ ਅੰਦਰ ਹੀ ਰੱਖਣਾ ਜ਼ਰੂਰੀ ਹੈ[98]।' ਉਨ੍ਹਾਂ ਨੂੰ ਇਕੱਲੇ ਰੱਖਣ ਤੋਂ ਬਾਅਦ ਉਨ੍ਹਾਂ ਦੀ ਸਿਹਤ ਵਧੀਆ ਵਿਖਾਈ ਦਿੰਦੀ ਹੈ।

ਗੁਰੂ ਰਾਮ ਸਿੰਘ ਜੀ ਬ੍ਰਿਟਿਸ਼ ਸਰਕਾਰ ਤੋਂ ਡਾਢੇ ਖ਼ਫ਼ਾ ਹੁੰਦੇ ਸਨ, ਜਦੋਂ ਉਨ੍ਹਾਂ ਦੇ ਪੈਰੋਕਾਰਾਂ ਨੂੰ ਚਿੱਠੀਆਂ ਲਿਖਣ ਤੋਂ ਵੀ ਵਰਜਿਆ ਜਾਂਦਾ ਸੀ। ਉਹ ਨਾ ਸਿਰਫ਼ ਆਪਣੇ ਲੋਕਾਂ ਨੂੰ ਮਿਲਣ ਲਈ ਫ਼ਿਕਰਮੰਦ ਰਹਿੰਦੇ ਸਨ, ਸਗੋਂ ਉਨ੍ਹਾਂ ਦੀ ਸੁਰੱਖਿਆ ਅਤੇ ਸਲਾਮਤੀ ਲਈ ਵੀ ਚਿੰਤਤ ਹੁੰਦੇ ਸਨ। ਉਨ੍ਹਾਂ ਨੂੰ ਖ਼ਦਸ਼ਾ ਲੱਗਾ ਰਹਿੰਦਾ ਸੀ ਕਿ ਕਿਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਗ੍ਰਿਫ਼ਤਾਰ ਨਾ ਕਰ ਲਿਆ ਜਾਵੇ ਤੇ ਫਿਰ ਉਨ੍ਹਾਂ ਨੂੰ ਹਿਰਾਸਤ 'ਚ ਰੱਖ ਕੇ ਉਨ੍ਹਾਂ ਨੂੰ ਪਰੇਸ਼ਾਨ ਨਾ ਕੀਤਾ ਜਾਵੇ, ਇਸੇ ਲਈ ਉਹ ਸਦਾ ਉਨ੍ਹਾਂ ਨੂੰ ਰੰਗੂਨ ਜਾਂ ਮਰਗੁਈ ਆ ਕੇ ਮਿਲਣ ਤੋਂ ਨਿਰਉਤਸ਼ਾਹਿਤ ਕਰਦੇ ਰਹਿੰਦੇ ਸਨ। ਪਰ ਉਨ੍ਹਾਂ ਦੀਆਂ ਅਜਿਹੀਆਂ ਅਪੀਲਾਂ ਨੂੰ ਪੈਰੋਕਾਰ ਹਮੇਸ਼ਾ ਨਜ਼ਰਅੰਦਾਜ਼ ਕਰ ਦਿੰਦੇ ਸਨ। ਇਸ ਦੌਰਾਨ ਉਨ੍ਹਾਂ ਦੀ ਸਿਹਤ ਵਿਗੜਦੀ ਚਲੀ ਗਈ ਪਰ ਉਨ੍ਹਾਂ ਦੀ ਆਪਣੇ ਪੈਰੋਕਾਰਾਂ, ਸਹਿਯੋਗੀਆਂ ਤੇ ਰਿਸ਼ਤੇਦਾਰਾਂ ਨੂੰ ਮਿਲਣ ਦੀ ਤਾਂਘ ਵਧਦੀ ਜਾ ਰਹੀ ਸੀ।

**17. ਅਕਾਲ-ਚਲਾਣਾ:** ਸਿਵਲ ਸਰਜਨ ਦੀ 29 ਨਵੰਬਰ 1885 ਨੂੰ ਲਿਖੀ ਰਿਪੋਰਟ ਅਨੁਸਾਰ - ਸਰਕਾਰੀ ਕੈਦੀ ਗੁਰੂ ਰਾਮ ਸਿੰਘ ਜੀ ਸ਼ਾਮੀਂ 4:30 ਵਜੇ

---

96. ਆਹਲੂਵਾਲੀਆ, ਐੱਮ.ਐੱਮ., ਕੂਕਾਜ਼, ਪੰਨਾ 156.
97. ਗ੍ਰਹਿ ਵਿਭਾਗ, ਜੁਡੀਸ਼ੀਅਲ, ਬੀ., ਅਕਤੂਬਰ 1881, ਨੰ. 188-195 ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਵਿਚਾਲੇ ਚਿੱਠੀ-ਪੱਤਰੀ।
98. ਗ੍ਰਹਿ ਵਿਭਾਗ, ਜੁਡੀਸ਼ੀਅਲ, ਬੀ., ਅਗਸਤ 1882, ਨੰ. 320-321, ਪੱਤਰ ਨੰ. 119/35-ਪੀ, ਮਿਤੀ ਰੰਗੂਨ ਅਗਸਤ 7, ਮਰਗੁਈ ਅਤੇ ਮੌਲਮੀਨ ਦੀਆਂ ਜੇਲ੍ਹਾਂ 'ਚ ਕੁਝ ਖ਼ਾਸ ਕੂਕਾ ਕੈਦੀਆਂ ਦਾ ਵਿਵਹਾਰ ਤੇ ਉਨ੍ਹਾਂ ਦੀ ਸਿਹਤ।

ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ 'ਤੇ 22 ਨਵੰਬਰ ਤੋਂ ਬਾਅਦ ਕਈ ਵਾਰ ਦਸਤ ਰੋਗ ਦਾ ਹਮਲਾ ਹੋਇਆ ਸੀ। ਉਨ੍ਹਾਂ ਨੂੰ ਦਵਾਈ ਦੇਣ ਦੀਆਂ ਅਨੇਕ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਉਹ ਨਹੀਂ ਮੰਨੇ। ਬਿਰਧ ਅਵਸਥਾ ਹੋਣ ਕਾਰਣ ਉਨ੍ਹਾਂ ਦਾ ਸਰੀਰ ਕਮਜ਼ੋਰ ਹੋ ਚੁੱਕਾ ਸੀ ਤੇ ਆਖ਼ਰ 29 ਨਵੰਬਰ ਨੂੰ ਉਹ ਸਿਵਲ ਸਰਜਨ ਦੀ ਮੌਜੂਦਗੀ 'ਚ ਸਵਰਗ ਸਿਧਾਰ ਗਏ[99]।

ਉਨ੍ਹਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਉਸੇ ਦਿਨ ਕਰ ਦਿੱਤਾ ਗਿਆ ਸੀ। ਉਸ ਤੋਂ ਬਾਅਦ 2 ਦਸੰਬਰ ਦੀ ਰਿਪੋਰਟ 'ਚ ਸਿਵਲ ਸਰਜਨ ਨੇ ਲਿਖਿਆ ਸੀ ਕਿ ਉਨ੍ਹਾਂ ਦੀਆਂ ਅਸਥੀਆਂ ਮਿੱਟੀ ਦੇ ਇੱਕ ਕਲਸ਼ 'ਚ ਰੱਖ ਕੇ ਉਨ੍ਹਾਂ ਨੂੰ ਦਰਿਆ 'ਚ ਜਲ-ਪ੍ਰਵਾਹ ਕਰ ਦਿੱਤਾ ਗਿਆ ਸੀ। ਅੰਤਿਮ ਸਸਕਾਰ ਦੀਆਂ ਸਾਰੀਆਂ ਰਸਮਾਂ ਹਿੰਦੂ ਰੀਤੀ-ਰਿਵਾਜ ਅਨੁਸਾਰ ਕੀਤੀਆਂ ਗਈਆਂ ਸਨ।

ਜਦੋਂ ਗੁਰੂ ਰਾਮ ਸਿੰਘ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਤਾਰ ਰਾਹੀਂ ਕਲਕੱਤਾ ਪੁੱਜੀ ਤੇ ਉਸ ਤੋਂ ਬਾਅਦ ਉਹ ਜੰਗਲ਼ ਦੀ ਅੱਗ ਵਾਂਗ ਚੁਫੇਰੇ ਫੈਲ ਗਈ। ਕੂਕਿਆਂ ਨੂੰ ਇਸ ਖ਼ਬਰ 'ਤੇ ਯਕੀਨ ਹੀ ਨਹੀਂ ਸੀ ਹੋ ਰਿਹਾ। ਤਦ ਅਜਿਹੀਆਂ ਅਫ਼ਵਾਹਾਂ ਵੀ ਫੈਲੀਆਂ ਕਿ ਗੁਰੂ ਜੀ ਤਾਂ ਮਰਗੁਈ ਦੀ ਜੇਲ੍ਹ 'ਚੋਂ ਫ਼ਰਾਰ ਹੋ ਗਏ ਹਨ ਤੇ ਉਨ੍ਹਾਂ ਨਾਲ ਕਈ ਤਰ੍ਹਾਂ ਦੇ ਚਮਤਕਾਰਾਂ ਦੀਆਂ ਗੱਲਾਂ ਵੀ ਜੋੜੀਆਂ ਗਈਆਂ। ਗੁਰੂ ਜੀ ਦੇ ਅਕਾਲ ਚਲਾਣੇ ਬਾਰੇ ਭਾਰਤ ਸਰਕਾਰ ਦੇ ਕੁਝ ਉੱਚ ਅਧਿਕਾਰੀਆਂ ਦੇ ਬਿਆਨ ਵੀ ਕਥਿਤ ਤੌਰ 'ਤੇ ਕੁਝ ਆਪਾ-ਵਿਰੋਧੀ ਸਨ[100]।

*18. ਇੱਕ ਅਨੁਮਾਨ:* ਪੰਜਾਬ ਤੋਂ ਦੂਰ-ਦੁਰਾਡੇ ਸਥਿਤ ਬਰਮਾ ਦੇ ਸ਼ਹਿਰ ਮਰਗੁਈ ਦੀ ਜੇਲ੍ਹ 'ਚ ਗੁਰੂ ਰਾਮ ਸਿੰਘ ਜੀ ਦਾ ਅਕਾਲ-ਚਲਾਣਾ ਸ਼ਹਾਦਤ ਦਾ ਦਰਜਾ ਹਾਸਲ ਕਰ ਗਿਆ ਅਤੇ ਉਨ੍ਹਾਂ ਦੀ ਇਸ ਕੁਰਬਾਨੀ ਦੀ ਡਾਢੀ ਸ਼ਲਾਘਾ ਹੋਈ ਸੀ। ਉਨ੍ਹਾਂ ਇੱਕ ਭਲੇ ਕਾਰਜ ਲਈ ਆਪਣਾ ਜੀਵਨ ਜੀਵਿਆ ਅਤੇ ਕੁਰਬਾਨੀ ਦੇ ਦਿੱਤੀ ਸੀ। ਉਨ੍ਹਾਂ ਦੇ ਬਹੁਤ ਭਲੇ ਵਿਵਹਾਰ, ਉੱਚਾ ਤੇ ਸੁੱਚਾ ਕਿਰਦਾਰ ਅਤੇ ਉਨ੍ਹਾਂ ਦੀ ਪੂਰੀ ਤਰ੍ਹਾਂ ਧਾਰਮਿਕ ਬਿਰਤੀ ਸਦਕਾ ਉਨ੍ਹਾਂ ਦੀ ਵਿਆਪਕ ਪੱਧਰ 'ਤੇ ਤਾਰੀਫ਼ ਹੋਈ। ਉਨ੍ਹਾਂ ਨੂੰ ਸਜ਼ਾਵਾਂ ਦੇਣ ਵਾਲੇ ਅਧਿਕਾਰੀ ਤੱਕ ਉਨ੍ਹਾਂ ਨੂੰ ਨਿਰਦੋਸ਼, ਸੱਚਾਈ ਦੇ ਪ੍ਰਤੀਕ ਮੰਨਦੇ ਸਨ। ਆਹਲੂਵਾਲੀਆ ਦੇ ਸ਼ਬਦਾਂ 'ਚ, ''ਬਰਮਾ 'ਚ ਲੰਮੀਆਂ ਸਰਦੀਆਂ ਦੇ 14 ਵਰ੍ਹੇ ਬਿਤਾਉਣ ਦੌਰਾਨ ਵੀ ਗੁਰੂ ਜੀ ਨੇ ਉਹ ਝੰਡਾ ਬੁਲੰਦ ਕਰੀ ਰੱਖਿਆ, ਜੋ ਉਨ੍ਹਾਂ ਨੂੰ ਸਾਲ 1857 'ਚ ਗੱਡਿਆ ਸੀ।[101]''

1857 'ਚ ਪੰਜਾਬ ਇਤਿਹਾਸ ਦੇ ਬੇਹੱਦ ਨਾਜ਼ੁਕ ਦੌਰ 'ਚੋਂ ਲੰਘ ਰਿਹਾ ਸੀ; ਖ਼ਾਲਸਾ ਫ਼ੌਜ ਦਾ ਸੰਗਠਨ ਪੂਰੀ ਤਰ੍ਹਾਂ ਟੁੱਟ ਚੁੱਕਾ ਸੀ। ਫ਼ੌਜ 'ਚੋਂ ਕੱਢੇ ਸਿੱਖ ਫ਼ੌਜੀ ਜਵਾਨਾਂ ਨੇ ''ਆਪਣੀਆਂ ਕ੍ਰਿਪਾਨਾਂ ਲਾਂਭੇ ਰੱਖ ਕੇ ਹਲ਼ ਚੁੱਕ ਲਏ ਸਨ ਤੇ ਉਨ੍ਹਾਂ

99. ਗ੍ਰਹਿ ਵਿਭਾਗ, ਜੁਡੀਸ਼ੀਅਲ - ਏ., ਪ੍ਰੋਗਸ., ਦਸੰਬਰ 1885, ਨੰ. 252-53, ਮਰਗੁਈ ਦੇ ਸਿਵਲ ਸਰਜਨ ਦੀ ਰਿਪੋਰਟ, ਨੰ. 99.

100. ਆਹਲੂਵਾਲੀਆ, ਐੱਮ.ਐੱਮ., ਕੂਕਾਜ਼, ਪੰਨੇ 170-173.

101. ਉਹੀ, ਪੰਨਾ 174.

ਆਪਣੇ ਬਰਛੇ ਵੀ ਹੁੱਕਾਂ 'ਤੇ ਟੰਗ ਛੱਡੇ ਸਨ।[102]'' ਸਿੱਖ ਫ਼ੌਜੀ ਜਵਾਨਾਂ ਨੇ ਤਦ ਉਸ ਬਦਲਦੇ ਦੌਰ 'ਚ ਬੜੀ ਤੇਜ਼ੀ ਨਾਲ ਆਪਣੇ-ਆਪ ਨੂੰ ਢਾਲ਼ ਲਿਆ ਸੀ ਕਿ ਸਿੱਖ ਰੈਜਿਮੈਂਟ ਨੇ 1852 'ਚ ਆਪ ਆਪਣੀ ਮਰਜ਼ੀ ਨਾਲ ਬਰਮਾ ਜਾ ਕੇ ਬ੍ਰਿਟਿਸ਼ ਝੰਡੇ ਅਧੀਨ ਲੜਨ ਦੀ ਪੇਸ਼ਕਸ਼ ਕੀਤੀ ਸੀ। ਪੰਡਤ ਨਹਿਰੂ ਦੇ ਸ਼ਬਦਾਂ ਵਿੱਚ,''ਨਿਸ਼ਚਿਤ ਤੌਰ 'ਤੇ ਇਹ ਅੰਗਰੇਜ਼ਾਂ ਦੀ ਵਡਿਆਈ ਹੀ ਸੀ ਕਿ ਉਨ੍ਹਾਂ ਨੇ ਇਸ ਤਰੀਕੇ ਸਿੱਖਾਂ ਦੇ ਦਿਲ ਜਿੱਤ ਲਏ ਸਨ; ਇਹ ਹਰੇਕ ਵਿਅਕਤੀ ਦਾ ਆਪਣਾ ਨਜ਼ਰੀਆ ਹੋਵੇਗਾ ਕਿ ਉਹ ਇਸ ਮਾਮਲੇ 'ਚ ਸਿੱਖਾਂ ਨੂੰ ਚੰਗਾ ਆਖਣ ਜਾਂ ਮਾੜਾ।[103]''

ਪਰਿਵਰਤਨ ਦੇ ਉਸ ਦੌਰ 'ਚ ਗੁਰੂ ਰਾਮ ਸਿੰਘ ਜੀ ਲਈ ਸਿੱਖ ਕੌਮ ਵਿੱਚ ਨਵੀਂ ਰੂਹ ਫੂਕਣਾ ਅਤੇ ਉਸ ਵੇਲੇ ਤੇਜ਼ੀ ਨਾਲ ਵਾਪਰਦੀਆਂ ਜਾ ਰਹੀਆਂ ਘਟਨਾਵਾਂ ਨੂੰ ਕੋਈ ਮੋੜਾ ਦੇਣਾ ਬੇਸ਼ੱਕ ਇੱਕ ਡਾਢਾ ਔਖਾ ਕਾਰਜ ਸੀ। ਪਰ ਬਾਅਦ ਦੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਉਨ੍ਹਾਂ ਪੂਰਾ ਤਾਣ ਲਾ ਕੇ ਵਿਦੇਸ਼ੀ ਹਕੂਮਤ ਦਾ ਜ਼ੋਰਦਾਰ ਵਿਰੋਧ ਕੀਤਾ; ਆਪਣੇ ਪੈਰੋਕਾਰਾਂ 'ਚ ਇੱਕ ਨਿਵੇਕਲਾ ਧਾਰਮਿਕ ਜੋਸ਼ ਭਰਿਆ ਅਤੇ ਉਨ੍ਹਾਂ ਅੰਦਰ ਪੰਜਾਬ 'ਚ ਖ਼ਾਲਸਾ ਰਾਜ ਦੀ ਬਹਾਲੀ ਦਾ ਦ੍ਰਿੜ੍ਹ ਇਰਾਦਾ ਪ੍ਰਗਟ ਕਰਨ ਦਾ ਜਿਗਰਾ ਤੇ ਜੇਰਾ ਸੀ। ਉਨ੍ਹਾਂ ਆਪਣੀ ਕੂਕਾ ਲਹਿਰ ਦੇ ਧਾਰਮਿਕ ਪੱਖ 'ਤੇ ਵਧੇਰੇ ਜ਼ੋਰ ਦਿੱਤਾ ਅਤੇ ਜੇਲ੍ਹ 'ਚੋਂ ਲਿਖੀਆਂ ਉਨ੍ਹਾਂ ਦੀਆਂ ਚਿੱਠੀਆਂ ਵੀ ਨਾਮਧਾਰੀਆਂ ਦੇ ਨੈਤਿਕ ਮੁੜ ਉਭਾਰ ਨੂੰ ਹੀ ਸਮਰਪਿਤ ਸਨ।

ਇੰਝ ਅਰੰਭ ਤੋਂ ਲੈ ਕੇ ਅੰਤ ਤੱਕ ਗੁਰੂ ਰਾਮ ਸਿੰਘ ਜੀ ਨੇ ਬਾਣੀ ਅਤੇ ਭਜਨ ਦੇ ਮਹੱਤਵ 'ਤੇ ਹੀ ਬਲ ਦਿੱਤਾ। ਉਨ੍ਹਾਂ ਹਰੇਕ ਨਾਮਧਾਰੀ ਨੂੰ ਕੁੱਲ ਦੁਨੀਆ ਦੇ ਸਿਰਜਕ ਅਕਾਲ ਪੁਰਖ ਦੀ ਪੂਜਾ ਕਰਨ ਤੇ ਸੱਚਾਈ 'ਤੇ ਡਟੇ ਰਹਿਣ ਦੀ ਹੀ ਸਿੱਖਿਆ ਅਤੇ ਪ੍ਰੇਰਣਾ ਦਿੱਤੀ। ਉਨ੍ਹਾਂ ਨੂੰ ਪ੍ਰਮਾਤਮਾ 'ਚ ਅਟੁੱਟ ਵਿਸ਼ਵਾਸ ਸੀ ਅਤੇ ਉਹ ਆਪਣੇ ਪੈਰੋਕਾਰਾਂ ਨੂੰ ਵਾਰ-ਵਾਰ ਚੇਤੇ ਕਰਵਾਉਂਦੇ ਸਨ ਕਿ ਰੱਬ ਕਿਤੇ ਦੂਰ ਨਹੀਂ ਹੁੰਦਾ। ਬੱਸ ਉਹ ਦਿਨ ਤੇ ਰਾਤ ਆਪਣੀਆਂ ਪਰੇਸ਼ਾਨੀਆਂ ਅਤੇ ਦੁੱਖੜੇ ਦੱਸਦੇ ਰਹਿਣ, ਉਹ ਇਕੱਲਾ ਹੀ ਸੁਣ ਤੇ ਜਵਾਬ ਦੇ ਸਕਦਾ ਹੈ।

ਆਪਣੇ ਇੱਕ ਪੱਤਰ 'ਚ ਉਨ੍ਹਾਂ ਆਪਣੇ ਪੈਰੋਕਾਰਾਂ ਨੂੰ ਇਹ ਸਿੱਖਿਆ ਵੀ ਦਿੱਤੀ ਸੀ ਕਿ ਉਹ ਹਾਕਮਾਂ ਦੇ ਮਾੜੇ ਵਿਵਹਾਰ ਨੂੰ ਸਬਰ ਨਾਲ ਝੱਲਣ। ਉਹ ਪੂਰੀ ਲਗਨ ਤੇ ਭਗਤੀ ਨਾਲ ਭਜਨ-ਕੀਰਤਨ ਕਰਨ, ਬਾਣੀ ਦਾ ਪਾਠ ਕਰਦੇ ਰਹਿਣ, ਅਕਾਲ ਪੁਰਖ 'ਚ ਆਪਣਾ ਵਿਸ਼ਵਾਸ ਅਡੋਲ ਰੱਖਣ, ਉਹ ਇਕੱਲਾ ਹੀ ਤੁਹਾਡੀਆਂ ਸਾਰੀਆਂ ਪਰੇਸ਼ਾਨੀਆਂ ਖ਼ਤਮ ਕਰ ਦੇਵੇਗਾ। ਉਨ੍ਹਾਂ ਪੂਰੀ ਨਿਡਰਤਾ ਨਾਲ, ਨਿੱਕੀਆਂ ਬੱਚੀਆਂ ਨੂੰ ਜੰਮਦਿਆਂ ਹੀ ਮਾਰਨ ਵਾਲਿਆਂ ਦਾ ਬਾਈਕਾਟ ਕਰਨ ਜਿਹੇ ਸਮਾਜਕ ਸੁਧਾਰਾਂ ਦੀ ਵਕਾਲਤ ਕੀਤੀ ਸੀ। ਉਨ੍ਹਾਂ ਕਿਸੇ ਤੋਂ ਲਏ ਕਰਜ਼ੇ ਮੋੜਨ ਉੱਤੇ ਵੀ ਜ਼ੋਰ ਦਿੱਤਾ ਸੀ। ਉਨ੍ਹਾਂ ਕਿਸਾਨਾਂ ਨੂੰ ਆਪਣੇ ਹਲ਼ਾਂ 'ਤੇ ਧਿਆਨ ਕੇਂਦ੍ਰਿਤ ਕਰਨ ਦੀ

102. ਮੈਲੇਸਨ, ਜੀ.ਬੀ., ਰੀਕ੍ਰੀਏਸ਼ਨਜ਼ ਆੱਫ਼ ਐਨ ਇੰਡੀਅਨ ਆਫ਼ਿਸ਼ੀਅਲਜ਼, ਪੰਨਾ 44.
103. ਡਿਸਕਵਰੀ ਆੱਫ਼ ਇੰਡੀਆ, ਪੰਨਾ 384.

ਸਲਾਹ ਦਿੰਦਿਆਂ ਆਖਿਆ ਸੀ ਕਿ ਇਸ ਤੋਂ ਬਿਨਾਂ ਗੱਲ ਨਹੀਂ ਬਣਨੀ। ਉਨ੍ਹਾਂ ਆਪਣੇ ਭਰਾਵਾਂ ਨੂੰ ਅਪੀਲ ਕੀਤੀ ਸੀ ਕਿ ਉਹ ਗ਼ਰੀਬਾਂ ਤੇ ਭੁੱਖਿਆਂ ਨੂੰ ਖਾਣਾ ਤੇ ਕੱਪੜੇ ਦੇਣ।

ਗੁਰੂ ਰਾਮ ਸਿੰਘ ਜੀ ਨੇ ਕਦੇ ਵੀ ਨਿੱਜ ਨੂੰ ਆਪਣੇ 'ਤੇ ਭਾਰੂ ਨਹੀਂ ਹੋਣ ਦਿੱਤਾ। ਭਾਵੇਂ ਆਪਣੇ ਪੈਰੋਕਾਰਾਂ ਨਾਲ ਸੰਗਤ ਦੀ ਉਨ੍ਹਾਂ ਨੂੰ ਸਦਾ ਤਾਂਘ ਰਹਿੰਦੀ ਸੀ ਪਰ ਉਨ੍ਹਾਂ ਨੇ ਸਭ ਨੂੰ ਸਦਾ ਇਹੋ ਸਲਾਹ ਦਿੱਤੀ ਕਿ ਉਹ ਇੰਨੀ ਦੂਰ ਕਦੇ ਵੀ ਨਾ ਆਉਣ ਕਿਉਂਕਿ ਇੰਝ ਉਹ ਕਿਸੇ ਨਾ ਕਿਸੇ ਮੁਸੀਬਤ 'ਚ ਪੈ ਸਕਦੇ ਹਨ। ਇੱਥੋਂ ਤੱਕ ਅਤਰ ਕੌਰ (ਅਤਰੀ) ਦੇ ਬਿਲਕੁਲ ਨਿਜੀ ਮਾਮਲੇ 'ਚ, ਜਿਨ੍ਹਾਂ ਨੇ ਗੁਰੂ ਰਾਮ ਸਿੰਘ ਜੀ ਨੂੰ ਵਿਆਹ ਦੀ ਪੇਸ਼ਕਸ਼ ਕੀਤੀ ਸੀ ਪਰ ਉਨ੍ਹਾਂ ਇਨਕਾਰ ਕਰ ਦਿੱਤਾ ਸੀ। ਗੁਰੂ ਜੀ ਨੇ ਅਤਰ ਕੌਰ ਕਿਸੇ ਤਰ੍ਹਾਂ ਦੇ ਸਬੰਧਾਂ ਤੋਂ ਸਾਫ਼ ਇਨਕਾਰ ਕੀਤਾ ਸੀ, ਜਦੋਂ ਅਤਰ ਕੌਰ ਨੇ ਦਾਅਵਾ ਕੀਤਾ ਸੀ ਕਿ ਉਹ 'ਗੁਰੂ ਜੀ ਦੀ ਰੂਹਾਨੀ ਤੌਰ 'ਤੇ ਮੰਗੀ ਹੋਈ ਪਤਨੀ' ਹਨ। ਤਦ ਗੁਰੂ ਜੀ ਨੇ ਅਤਰ ਕੌਰ ਨੂੰ ਇਨ੍ਹਾਂ ਸ਼ਬਦਾਂ ਨਾਲ ਸੰਬੋਧਨ ਕੀਤਾ ਸੀ: "...ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਉਮਰ 'ਚ ਬਹੁਤ ਵੱਡਾ ਹਾਂ ਅਤੇ ਮੇਰੀ ਦਾੜ੍ਹੀ ਚਿੱਟੀ ਹੋ ਚੁੱਕੀ ਹੈ। ਦੂਜੀ ਇਹ ਕਿ ਮੈਂ ਹਜ਼ਾਰਾਂ ਮੀਲ ਦੂਰ ਸਮੁੰਦਰੋਂ ਪਾਰ ਹਾਂ।[104]" ਉਨ੍ਹਾਂ ਦੁਆਲੇ ਦਿਨ-ਰਾਤ ਬੰਦੂਕਧਾਰੀ ਗਾਰਡਾਂ ਦਾ ਪਹਿਰਾ ਰਹਿੰਦਾ ਸੀ। ਜੇ ਉਸ ਨੂੰ ਸੱਚਮੁਚ ਕਿਸੇ ਪਤੀ ਦੀ ਚਾਹਤ ਹੈ, ਤਾਂ ਉਹ ਆਪਣੀ ਪਸੰਦ ਦੇ ਕਿਸੇ ਵੀ ਸਿੱਖ ਨੌਜਵਾਨ ਨਾਲ ਵਿਆਹ ਰਚਾ ਸਕਦੀ ਹੈ।

ਗੁਰੂ ਰਾਮ ਸਿੰਘ ਜੀ ਦੀਆਂ ਲਿਖਤਾਂ ਸਰਕਾਰੀ ਰਿਕਾਰਡਾਂ 'ਚ ਸੁਰੱਖਿਅਤ ਪਈਆਂ ਹਨ ਅਤੇ ਉਨ੍ਹਾਂ ਦੀ ਆਤਮਾ ਦੀ ਮਹਾਨਤਾ ਦੀ ਗਵਾਹੀ ਭਰਦੀਆਂ ਹਨ।

ਕਰਨਲ ਆਰ.ਜੀ. ਟੇਅਲਰ, ਡੈਨੋਵੈਨ ਅਤੇ ਹੋਰਨਾਂ ਦੀਆਂ ਮੁਢਲੀਆਂ ਰਿਪੋਰਟਾਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਸੀ ਕਿ ਕੂਕਾ ਅੰਦੋਲਨ ਬਾਗ਼ੀਆਨਾ ਸੀ ਅਤੇ ਉਸ ਦਾ ਸੇਕ ਸਮੁੱਚੇ ਭਾਰਤ ਤੱਕ ਪੁੱਜ ਸਕਦਾ ਸੀ। ਉਨ੍ਹਾਂ ਦੇ ਸ਼ਬਦਾਂ 'ਚ ਤਦ "...ਸਮੁੱਚਾ ਸਥਾਨ ਈਸਾਈਆਂ ਦੇ ਖ਼ੂਨ ਦਾ ਪਿਆਸਾ ਹੋ ਚੁੱਕਾ ਸੀ।" ਪਰ ਕਿਸੇ ਨਵੇਂ ਵਿਅਕਤੀ ਨੂੰ ਗੁਰੂ-ਮੰਤਰ ਦਿੰਦੇ ਸਮੇਂ ਜਾਂ ਉਸ ਨੂੰ ਧਾਰਮਿਕ ਪ੍ਰਕਿਰਿਆ ਰਾਹੀਂ ਕੂਕਾ ਬਣਾਉਣ ਵੇਲੇ ਗੁਰੂ ਰਾਮ ਸਿੰਘ ਜੀ ਨੇ ਕਦੇ ਕਤਲਾਂ ਜਾਂ ਕਤਲੇਆਮ ਦੀ ਵਕਾਲਤ ਨਹੀਂ ਕੀਤੀ ਸੀ। ਉਹ ਆਪਣੇ ਪੈਰੋਕਾਰਾਂ ਨੂੰ ਧਰਮ ਜਾਂ ਸਿਆਸੀ ਮੰਤਵਾਂ ਦੀ ਪੂਰਤੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਰਹਿਣ ਦੀ ਹੀ ਸਿੱਖਿਆ ਦਿੰਦੇ ਸਨ। ਇਹ ਬੜਾ ਸਪੱਸ਼ਟ ਹੈ ਕਿ ਜਿਸ ਕੂਕਾ ਸੰਗਠਨ ਦਾ ਉਹ ਨਿਰਮਾਣ ਕਰ ਰਹੇ ਸਨ, ਉਹ ਕਿਸੇ ਸਿਆਸੀ ਇਨਕਲਾਬ ਲਈ ਨਹੀਂ, ਸਗੋਂ ਮੁੱਖ ਤੌਰ 'ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਮੁੜ ਉਭਾਰਨ ਲਈ ਸੀ। ਜੰਗ ਵਿੱਚ ਸਿੱਖਾਂ ਦੀ ਹਾਰ ਅਤੇ ਉਸ ਤੋਂ ਬਾਅਦ 1857 ਦੇ ਗ਼ਦਰ ਨੂੰ ਨਾਕਾਮ ਹੋਣ ਦੇ ਮੱਦੇਨਜ਼ਰ ਇਹ ਆਸ ਰੱਖਣੀ ਹਾਸੋਹੀਣੀ ਸੀ ਕਿ ਗੁਰੂ ਰਾਮ ਸਿੰਘ ਜੀ ਨੇ ਕਦੇ ਕਿਸੇ ਹਥਿਆਰਬੰਦ ਬਗ਼ਾਵਤ ਦਾ

---

104. ਗ੍ਰਹਿ ਵਿਭਾਗ, ਜੁਡੀਸ਼ੀਅਲ, ਬੀ., ਪ੍ਰੋਗਸ., ਅਕਤੂਬਰ 1881, ਨੰ. 188-195

ਸੁਫ਼ਨਾ ਵੀ ਲੈਂਦੇ। ਉਨ੍ਹਾਂ ਦਾ ਪਹਿਲਾ ਤੇ ਆਖ਼ਰੀ ਮੰਤਵ ਇਨ੍ਹਾਂ ਸ਼ਬਦਾਂ 'ਚ ਨਿਹਿਤ ਹੈ,''ਪਹਿਲਾਂ ਮੌਤ ਦੀ ਮਨਜ਼ੂਰੀ ਦੇਵੋ, ਜਿਊਣ ਦੀ ਇੱਛਾ ਤਿਆਗੋ, ਧਰਤੀ ਦੀ ਧੂੜ ਬਣੋ, ਫਿਰ ਮੇਰੇ ਕੋਲ ਆਓ'' ਜਿਵੇਂ ਕਿ ਆਹਲੂਵਾਲੀਆ ਨੇ ਉਜਾਗਰ ਕੀਤਾ ਹੈ: ''ਨਾਮਧਾਰੀ ਗੁਰੂ ਸਵਦੇਸ਼ੀ ਲਈ ਸਰਕਾਰ ਨਾਲ ਨਾ-ਮਿਲਵਰਤਣ ਹਿਤ ਡਟੇ ਸਨ।[105]'' ਆਪਣੇ ਪੈਰੋਕਾਰਾਂ ਦੀ ਮੁਕਤੀ ਤੇ ਖ਼ਾਲਸਾ ਦੀ ਸ਼ਾਨ ਬਹਾਲ ਕਰਨਾ ਹੀ ਉਨ੍ਹਾਂ ਦੇ ਮੁੱਖ ਮੰਤਵ ਸਨ।

ਉਨ੍ਹਾਂ ਦਾ ਦ੍ਰਿਸ਼ਟੀਕੋਣ ਉਨ੍ਹਾਂ ਦੀਆਂ ਸਾਖੀਆਂ-ਭਵਿੱਖਬਾਣੀਆਂ ਤੋਂ ਜ਼ਾਹਿਰ ਹੁੰਦਾ ਹੈ, ਜੋ ਮੁੱਖ ਤੌਰ 'ਤੇ ਧਾਰਮਿਕ ਹੀ ਸੀ ਅਤੇ ਤਦ ਆਮ ਲੋਕਾਂ ਦਾ ਜਾਦੂ ਅਤੇ ਗ਼ੈਬੀ ਤਾਕਤਾਂ ਵੱਲ ਝੁਕਾਅ ਆਮ ਗੱਲ ਸੀ[106]। ਉਨ੍ਹਾਂ ਆਪਣੀ ਇੱਕ ਚਿੱਠੀ ਨਿਮਨਲਿਖਤ ਅਨੁਸਾਰ ਲਿਖਿਆ ਸੀ:

''ਓ ਖ਼ਾਲਸਾ! ਆਪਣੇ ਕਰਮ ਵੇਖੋ ਤੇ ਫਿਰ ਸਿਰਜਣਹਾਰ ਦੇ ਕਾਰਜ ਵੇਖੋ ਅਤੇ ਵੇਖੋ ਕਿ ਉਹ ਕੀ ਨਤੀਜਾ ਕੱਢਦਾ ਹੈ....'' ਰੱਬ ਵਿੱਚ ਇੰਨਾ ਦ੍ਰਿੜ੍ਹ ਵਿਸ਼ਵਾਸ ਅਤੇ ਚਮਤਕਾਰਾਂ ਦੀ ਆਸ ਵੱਲ ਉਨ੍ਹਾਂ ਦਿਨਾਂ 'ਚ ਸਭ ਦਾ ਧਿਆਨ ਖਿੱਚਿਆ ਜਾਂਦਾ ਸੀ। ਅੰਤ 'ਚ ਜਦੋਂ ਉਹ ਮਰਗੁਈ ਵਿਖੇ ਅਕਾਲ ਚਲਾਣਾ ਕਰ ਗਏ, ਤਦ ਵੀ ਉਨ੍ਹਾਂ ਦੇ ਪੈਰੋਕਾਰਾਂ ਨੂੰ ਯਕੀਨ ਨਹੀਂ ਸੀ ਆ ਰਿਹਾ। ਇਸ ਕਿਸਮ ਦਾ ਵਿਸ਼ਵਾਸ ਹੀ ਇਸ ਅੰਦੋਲਨ ਦੀ ਤਾਕਤ ਵੀ ਸੀ ਤੇ ਕਮਜ਼ੋਰੀ ਵੀ। ਇੱਕ ਪਾਸੇ ਤਾਂ ਇਸੇ ਗੱਲ ਨੇ ਇਸ ਅੰਦੋਲਨ ਨੂੰ ਪ੍ਰਸਿੱਧ ਬਣਾਇਆ; ਪਰ ਦੂਜੇ ਪਾਸੇ ਇਸੇ ਨਾਲ ਜਾਬਰ ਗੋਰਿਆਂ ਨੂੰ ਇਸ ਅੰਦੋਲਨ ਨੂੰ ਕੁਚਲਣ ਦਾ ਮੌਕਾ ਮਿਲ ਗਿਆ ਤੇ ਉਨ੍ਹਾਂ ਦੀਆਂ ਸਾਰੀਆਂ ਯੋਜਨਾਵਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਧਰੀਆਂ-ਧਰਾਈਆਂ ਰਹਿ ਗਈਆਂ। ਭੈਣੀ ਸਥਿਤ ਕੂਕਿਆਂ ਦੇ ਮੁੱਖ ਡੇਰੇ 'ਤੇ ਕਈ ਛਾਪੇ ਮਾਰੇ ਗਏ ਤੇ ਤਲਾਸ਼ੀ ਮੁਹਿੰਮਾਂ ਚਲਾਈਆਂ ਗਈਆਂ ਪਰ ਕਦੇ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਜਿਸ ਤੋਂ ਅਜਿਹਾ ਕੋਈ ਸੰਕੇਤ ਮਿਲਦਾ ਹੋਵੇ ਕਿ ਕਿਸੇ ਵੱਡੀ ਹਥਿਆਰਬੰਦ ਬਗ਼ਾਵਤ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ।

ਫ਼ੌਜਾ ਸਿੰਘ ਨੇ ਇਸ ਬਾਰੇ ਟਿੱਪਣੀ ਕੀਤੀ ਹੈ ਕਿ ਕੂਕਾ ਅੰਦੋਲਨ ਦਰਅਸਲ ਇੱਕ ਜਨ ਅੰਦੋਲਨ ਸੀ; ਜਦ ਕਿ 1857 ਦਾ ਅੰਦੋਲਨ ਜਗੀਰੂ ਸੀ। ਬੇਸ਼ੱਕ ਗੁਰੂ ਰਾਮ ਸਿੰਘ ਜੀ ਜੀ ਦਾ ਉਦੇਸ਼ ਆਪਣਾ ਸੁਨੇਹਾ ਇਕੱਲੇ-ਇਕੱਲੇ ਵਿਅਕਤੀ ਨੂੰ ਪਹੁੰਚਾਉਣਾ ਸੀ ਪਰ ਸੁਧਾਰ ਲਈ ਉਨ੍ਹਾਂ ਦੇ ਉਤਸ਼ਾਹ ਅਤੇ ਕ੍ਰਿਪਾਨ ਦੀ ਥਾਂ ਲਾਠੀ ਕੱਟੜਪੰਥੀ ਸਿੱਖਾਂ ਦੇ ਦਿਲ ਨੂੰ ਚੰਗੀ ਨਹੀਂ ਲੱਗੀ। ਪਟਿਆਲਾ, ਨਾਭਾ ਦੇ ਮਹਾਰਾਜਿਆਂ

---

105. ਕੂਕਾਜ਼, ਪੰਨਾ 138.

106. ਵੇਖੋ ਮਹਾਰਾਣੀ ਜਿੰਦ ਕੌਰ ਦਾ ਪੱਤਰ ਜੋ 19 ਅਪ੍ਰੈਲ (1849) ਨੂੰ ਚੁਨਾਰ ਕਿਲ੍ਹੇ ਦੇ ਗੇਟ ਤੋਂ ਮਿਲਿਆ ਸੀ, ਜਿਸ ਵਿੱਚ ਲਿਖਿਆ ਸੀ ਕਿ ਉਹ ''ਕਿਸੇ ਸਹਾਇਕ ਦੀ ਮਦਦ ਨਾਲ ਨਹੀਂ, ਸਗੋਂ ਜਾਦੂ ਦੀ ਮਦਦ ਨਾਲ ਬਚੇ ਸਨ...'' ਉਧ੍ਰਿਤ: ਆਹਲੂਵਾਲੀਆ, ਐੱਮਐੱਲ, ਪੰਜਾਬ'ਜ਼ ਪਾਇਓਨੀਅਰ ਫ੍ਰੀਡਮ ਫ਼ਾਈਟਰਜ਼: ਸੀਕ੍ਰੇਟ ਕੰਸਲਟੇਸ਼ਨਜ਼, 26 ਮਈ, 1849, ਨੰ. 133 (ਪੰਨੇ 96-97)

ਅਤੇ ਹੋਰਨਾਂ ਨੇ ਕੂਕਿਆਂ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ 'ਚ ਮਦਦ ਕੀਤੀ। ਉਨ੍ਹਾਂ ਤੋਂ ਇਲਾਵਾ ਪੰਜਾਬ 'ਚ ਪ੍ਰਚਾਰੇ ਜਾਣ ਵਾਲੇ ਇੰਨੇ ਵਧੀਆ ਮੰਤਵਾਂ ਅਤੇ ਸਿਧਾਂਤਾਂ 'ਤੇ ਆਧਾਰਤ ਇਸ ਕੂਕਾ ਅੰਦੋਲਨ ਨੂੰ ਸਿੱਖਾਂ ਸਮੇਤ ਕਿਸੇ ਨੇ ਵੀ ਆਪਣਾ ਸਮਰਥਨ ਨਾ ਦਿੱਤਾ। ਉਸ ਵੇਲੇ ਦੇ ਜਗੀਰੂ ਨਵਾਬਾਂ, ਜ਼ਿਮੀਂਦਾਰਾਂ ਤੇ ਹੋਰ ਛੋਟੇ ਰਾਜੇ-ਰਜਵਾੜਿਆਂ ਤੋਂ ਖ਼ੁਦ ਨੂੰ ਨਿਖੇੜ ਕੇ ਕੂਕਾ ਸੂਬਿਆਂ ਨੇ ਸਗੋਂ ਆਪਣੇ ਮੁੱਖ ਉਦੇਸ਼ ਨੂੰ ਕਮਜ਼ੋਰ ਕਰ ਲਿਆ। 1857 ਦੇ ਗ਼ਦਰ ਦੀ ਮੁਢਲੀ ਕਾਮਯਾਬੀ ਤੇ ਫਿਰ ਢਾਈ ਵਰ੍ਹਿਆਂ ਤੱਕ ਚੱਲੇ ਇਸ ਲੰਮੇ ਸੰਘਰਸ਼ ਨੇ ਉਸ ਵੇਲੇ ਦੀਆਂ ਜਗੀਰੂ ਤਾਕਤਾਂ ਅਤੇ ਮੁੜ ਉੱਠ ਖਲੋਏ ਸਿਪਾਹੀਆਂ ਨੂੰ ਇੱਕਜੁਟ ਕਰ ਕੇ ਰੱਖ ਦਿੱਤਾ ਸੀ।

ਕੂਕਾ ਅੰਦੋਲਨ ਬਾਰੇ ਬਹੁਤ ਸਾਰੇ ਅਧਿਐਨ ਉਪਲਬਧ ਹਨ ਅਤੇ ਆਜ਼ਾਦੀ ਅੰਦੋਲਨ ਵਿੱਚ ਉਨ੍ਹਾਂ ਦੇ ਯੋਗਦਾਨ 'ਤੇ ਕਦੇ ਕੋਈ ਕਿੰਤੂ-ਪ੍ਰੰਤੂ ਨਹੀਂ ਹੋਇਆ। ਪਰ 1857 ਦੇ ਗ਼ਦਰ ਪਿਛਲੀਆਂ ਤਾਕਤਾਂ ਅਤੇ ਕੂਕਾ ਬਗ਼ਾਵਤ ਦਾ ਤੁਲਨਾਤਮਕ ਅਧਿਐਨ ਲਾਹੇਵੰਦ ਰਹੇਗਾ।

ਉਂਝ ਗੁਰੂ ਰਾਮ ਸਿੰਘ ਜੀ ਦੇ ਸ਼ਾਨਦਾਰ ਅਤੇ ਵਰਨਣਯੋਗ ਕਰੀਅਰ ਦੇ ਅਧਿਐਨ ਤੇ ਮੁਲੰਕਣ ਤੋਂ ਇਹੋ ਜ਼ਾਹਿਰ ਹੁੰਦਾ ਹੈ ਕਿ ਉਨ੍ਹਾਂ ਨੂੰ ਸਾਡੇ ਆਜ਼ਾਦੀ ਦੇ ਸੰਘਰਸ਼ ਦੇ ਮੁੱਖ ਨਿਰਮਾਤਾਵਾਂ ਤੇ ਸੁਤੰਤਰਤਾ ਸੰਗ੍ਰਾਮ ਦੇ ਮੁੱਖ ਘਾੜਿਆਂ 'ਚੋਂ ਇੱਕ ਸ਼ੁਮਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਮਨ ਦੀ ਸ਼ੁੱਧਤਾ, ਮਨੁੱਖੀ ਜ਼ਮੀਰ ਨੂੰ ਨੂੰ ਪ੍ਰਭਾਵਿਤ ਕਰਦੀ ਉਨ੍ਹਾਂ ਦੀ ਹਰੇਕ ਅਪੀਲ ਅਤੇ ਉਨ੍ਹਾਂ ਦੀ ਬੇਬਾਕੀ (ਸਪੱਸ਼ਟਤਾ) ਜਿਹੇ ਗੁਣਾਂ ਨੇ ਬੇਸ਼ੱਕ ਸਵਾਮੀ ਵ੍ਰਜਾਨੰਦ ਸਰਸਵਤੀ, ਸਵਾਮੀ ਦਯਾਨੰਦ, ਰਾਮ ਕ੍ਰਿਸ਼ਨ ਪਰਮਹੰਸ, ਸਵਾਮੀ ਵਿਵੇਕਾਨੰਦ ਅਤੇ ਮਹਾਤਮਾ ਗਾਂਧੀ ਜਿਹੀਆਂ ਉਨ੍ਹਾਂ ਤੋਂ ਬਾਅਦ 'ਚ ਵੱਡਾ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਵੀ ਕਦੇ ਨਾ ਕਦੇ ਜ਼ਰੂਰ ਟੁੰਬਿਆ ਹੋਵੇਗਾ। ਪੰਜਾਬ 'ਚ ਸਮਾਜਕ-ਧਾਰਮਿਕ ਪੁਨਰ-ਉੱਥਾਨ ਅਤੇ ਸਿਆਸੀ ਜੀਵਨ ਦੇ ਮੁੜ-ਉਭਾਰ 'ਚ ਉਨ੍ਹਾਂ ਦੀ ਭੂਮਿਕਾ ਸ਼ਲਾਘਾਯੋਗ ਹੈ। ਇੱਕ ਆਜ਼ਾਦੀ ਘੁਲਾਟੀਏ ਵਜੋਂ ਉਨ੍ਹਾਂ ਦੀਆਂ ਅਥਾਹ ਕੁਰਬਾਨੀਆਂ ਅਤੇ ਦ੍ਰਿੜ੍ਹ ਇਰਾਦੇ ਦੇ ਨਾਲ-ਨਾਲ ਉਨ੍ਹਾਂ ਦਾ ਸਮੁੱਚਾ ਜੀਵਨ ਹੀ ਯਕੀਨੀ ਤੌਰ 'ਤੇ 19ਵੀਂ ਸਦੀ ਦੇ ਦੂਜੇ ਅੱਧ ਅਤੇ 20ਵੀਂ ਸਦੀ ਦੇ ਪਹਿਲੇ ਅੱਧ ਦੌਰਾਨ ਇਨਕਲਾਬੀਆਂ ਲਈ ਬਿਲਕੁਲ ਇੱਕ ਚਾਨਣ-ਮੁਨਾਰੇ ਵਾਂਗ ਰੌਸ਼ਨ ਰਿਹਾ।

# ਭਾਗ ੲ
## ਅੰਤਿਕਾਵਾਂ

# ਅੰਤਿਕਾ ੳ

## ਭੈਣੀ ਸਾਹਿਬ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ

*ਭਾਰਤ ਸਰਕਾਰ ਦੇ ਸਾਬਕਾ ਕੈਬਿਨੇਟ ਮੰਤਰੀ, ਉੱਤਰ ਪ੍ਰਦੇਸ਼ ਅਤੇ ਬੰਬਈ ਦੇ ਸਾਬਕਾ ਗਵਰਨਰ ਸ੍ਰੀ ਕੇ.ਐੱਮ. ਮੁਨਸ਼ੀ ਵੱਲੋਂ ਲਿਖੇ ਇੱਕ ਲੇਖ ਦੇ ਅੰਸ਼, ਜੋ 4 ਦਸੰਬਰ, 1941 ਨੂੰ 'ਸੋਸ਼ਲ ਵੈਲਫ਼ੇਅਰ' 'ਚ ਪ੍ਰਕਾਸ਼ਿਤ ਹੋਇਆ ਸੀ।*

ਇੱਕ ਵੈਦਿਕ ਆਸ਼ਰਮ; ਹਰੇ-ਭਰੇ ਖੇਤਾਂ ਦੀ ਇੱਕ ਲੰਮੀ ਪੱਟੀ ਤੇ ਉਨ੍ਹਾਂ ਦੇ ਐਨ ਵਿਚਕਾਰ ਖੜ੍ਹੇ ਪੁਰਾਣੇ ਖ਼ੂਬਸੂਰਤ ਰੁੱਖ; ਦੁੱਧ ਨਾਲ ਭਰੇ ਥਣਾਂ ਵਾਲੀਆਂ ਗਊਆਂ ਉਨ੍ਹਾਂ ਦਰੱਖ਼ਤਾਂ ਦੇ ਹੇਠਾਂ ਬੱਝੀਆਂ ਹੋਈਆਂ, ਕਿਤੇ ਮਿੱਟੀ ਦੀਆਂ ਬਣੀਆਂ ਝੁੱਗੀਆਂ – ਜਿਨ੍ਹਾਂ 'ਚ ਲੰਮੀਆਂ ਤੇ ਖੁੱਲ੍ਹੀਆਂ ਦਾੜ੍ਹੀਆਂ ਵਾਲੇ ਉੱਚੇ-ਲੰਮੇ ਅਤੇ ਮਜ਼ਬੂਤ ਜੁੱਸਿਆਂ ਵਾਲੇ ਨੌਜਵਾਨ ਤੇ ਬਜ਼ੁਰਗ, ਸੁੰਦਰ ਦਿਸਣ ਵਾਲੀਆਂ ਔਰਤਾਂ, ਜ਼ਿਆਦਾਤਰ ਲੋਕਾਂ ਨੇ ਖੱਦਰ ਪਹਿਨਿਆ ਹੋਇਆ, ਉਹ ਹੱਸਦਿਆਂ ਸਿਰ ਝੁਕਾ ਕੇ ਤੁਹਾਡਾ ਸੁਆਗਤ ਕਰਦੇ ਹਨ। ਰੁੱਖਾਂ ਦੇ ਝੁੰਡ ਦੇ ਐਨ ਵਿਚਕਾਰ ਅਰਦਾਸ ਲਈ ਬਣਾਈ ਗਈ ਇੱਕ ਬੇਹੱਦ ਖੁੱਲ੍ਹੀ ਜਗ੍ਹਾ, ਜਿਸ ਨੂੰ ਫੂਸ ਦੀ ਛੱਤ ਨਾਲ ਢਕਿਆ ਗਿਆ ਹੈ; ਉੱਥੇ ਪਹੁ-ਫੁਟਾਲ਼ੇ ਵੇਲੇ ਮੰਤਰਾਂ ਦਾ ਉਚਾਰਣ ਜਦੋਂ ਕੰਨੀਂ ਪੈਂਦਾ ਹੈ, ਤਾਂ ਉਸ ਸੋਹਣੇ ਤੇ ਦਿਲ-ਖਿੱਚਵੇਂ ਆਲੇ-ਦੁਆਲੇ ਦੇ ਮਾਹੌਲ ਤੇ ਹਵਾ ਦਾ ਰੂਹਾਨੀ ਸੰਗੀਤ ਵੀ ਜਿਵੇਂ ਹਿਲੋਰੇ ਮਾਰਦਾ ਸੁਣਦਾ ਹੈ। ਲੰਮੀ-ਚਿੱਟੀ ਦਾੜ੍ਹੀ ਵਾਲੇ ਪੰਡਤ ਅੱਗ ਵਿੱਚ ਦੇਸੀ ਘਿਓ ਦੀ ਆਹੂਤੀ ਦੇ ਰਹੇ ਹਨ। ਉਸ ਅੱਗ ਦੀਆਂ ਲਪਟਾਂ ਬਹੁਤ ਤੇਜ਼ੀ ਨਾਲ ਆਕਾਸ਼ ਵੱਲ ਨੂੰ ਵਧਦੀਆਂ ਬਿਲਕੁਲ ਕਿਸੇ ਅਜਿਹੀ ਆਤਮਾ ਵਾਂਗ ਜਾਪਦੀਆਂ ਹਨ, ਜੋ ਈਸ਼ਵਰ ਨੂੰ ਮਿਲਣ ਲਈ ਤਾਂਘਦੀ ਹੈ...।

ਸਾਲ 1941 'ਚ ਪਹਿਲੀ ਨਵੰਬਰ ਦੀ ਸ਼ਾਮ ਨੂੰ ਮੈਂ ਇੱਕ ਰੂਹਾਨੀ ਆਸ਼ਰਮ ਨੂੰ ਆਪਣੀਆਂ ਅੱਖਾਂ ਨਾਲ ਤੱਕਿਆ ਸੀ, ਜੋ ਲੁਧਿਆਣਾ ਤੋਂ 16 ਮੀਲ ਦੀ ਦੂਰੀ 'ਤੇ ਸਥਿਤ ਹੈ। ਉਸ ਨੂੰ ਭੈਣੀ ਸਾਹਿਬ ਆਖਿਆ ਜਾਂਦਾ ਹੈ, ਜਿੱਥੇ ਨਾਮਧਾਰੀ ਸਿੱਖਾਂ ਦੇ ਸਤਿਗੁਰੂ ਮਹਾਰਾਜ ਪ੍ਰਤਾਪ ਸਿੰਘ ਜੀ ਦਾ ਨਿਵਾਸ ਹੈ।

ਚੰਨ-ਚਾਨਣੀ ਰਾਤ ਨੂੰ ਮੈਂ ਉੱਥੇ ਪੁੱਜਾ ਸਾਂ। ਮੈਨੂੰ ਯਕੀਨ ਨਹੀਂ ਸੀ ਹੋ ਰਿਹਾ ਕਿਉਂਕਿ ਮੈਂ ਅਜਿਹੀ ਥਾਂ 'ਤੇ ਸਾਂ, ਜਿੱਥੇ ਪੂਰੀ ਤਰ੍ਹਾਂ ਏਕਾਂਤ ਤੇ ਸ਼ਾਂਤੀ ਸੀ, ਅਜੀਬ ਕਿਸਮ ਦਾ ਸਕੂਨ ਸੀ; 20ਵੀਂ ਸਦੀ ਦੇ ਪੰਜਾਬ ਦੇ ਇੱਕ ਪਿੰਡ 'ਚ ਮੈਂ ਇੱਕ ਵੈਦਿਕ ਰਾਤ ਬਿਤਾਉਣ ਜਾ ਰਿਹਾ ਸਾਂ।

ਗੁਰੂ ਜੀ ਬੇਹੱਦ ਅਦਭੁਤ ਸ਼ਖ਼ਸੀਅਤ ਦੇ ਮਾਲਕ ਹਨ, ਬਿਲਕੁਲ ਸਾਫ਼ ਤੇ ਸ਼ੁੱਧ ਚਿੱਟੀ ਚਾਦਰ 'ਚ ਲਿਪਟੇ ਅਤੇ ਹੱਥ 'ਚ ਉੱਨ ਦੀ ਮਾਲਾ, ਜੋ ਸ਼ਾਇਦ ਰਿਗ ਵੇਦ ਸੰਹਿਤਾ 'ਚੋਂ ਆਈ ਹੋਵੇ। ਗੁਰੂ ਜੀ ਦੀ ਉੱਚੀ-ਲੰਮੀ ਤੇ ਸ਼ਾਂਤ ਸ਼ਖ਼ਸੀਅਤ ਤੁਹਾਨੂੰ ਖ਼ੁਸ਼ ਕਰਦੀ ਹੈ ਅਤੇ ਉਨ੍ਹਾਂ 'ਚ ਆਪਣੇ ਸੰਪਰਦਾਇ ਦੀ ਸੇਵਾ ਕਰਨ ਦੀ ਭਾਵਨਾ

ਉਨ੍ਹਾਂ ਦੀ ਨਿਮਰਤਾ 'ਚੋਂ ਝਲਕਦੀ ਹੈ। ਨਾਮਧਾਰੀ ਪੈਰੋਕਾਰਾਂ ਦੀ ਗਿਣਤੀ ਕਈ ਲੱਖਾਂ 'ਚ ਹੈ। ਸਾਰੇ ਪੈਰੋਕਾਰ ਗੁਰੂ ਜੀ ਅੱਗੇ ਸਿਰ ਝੁਕਾਉਂਦੇ ਹਨ। ਨਾਮਧਾਰੀ ਕਦੇ ਕਾਨੂੰਨੀ ਅਦਾਲਤ 'ਚ ਜਾਣਾ ਪਸੰਦ ਨਹੀਂ ਕਰਦੇ, ਗੁਰੂ ਜੀ ਦਾ ਸ਼ਬਦ ਹੀ ਉਨ੍ਹਾਂ ਲਈ ਅੰਤਿਮ ਫ਼ੈਸਲਾ ਹੁੰਦਾ ਹੈ। ਗੁਰੂ ਜੀ ਦਾ ਅਕਸ ਬਹੁਤ ਸ਼ੁੱਧੀਕਰਣ ਵਾਲਾ ਹੈ। ਉਨ੍ਹਾਂ 'ਚ ਜਿਹੋ ਜਿਹੀ ਸਾਦਗੀ, ਨਿਮਰਤਾ ਅਤੇ ਸਦਭਾਵਨਾ ਹੈ; ਉਹ ਕਿਸੇ ਆਧੁਨਿਕ ਸਮਾਜ ਦੀ ਦੇਣ ਨਹੀਂ ਹੋ ਸਕਦੀ, ਸਗੋਂ ਬਹੁਤ ਹੀ ਕੁਲੀਨ ਕਿਸਮ ਦੇ ਦਿਮਾਗ਼ ਵਾਲੇ ਅਤੇ ਬਹੁਤ ਵਧੀਆ ਨਸਲ ਦੇ ਸਭਿਅਕ ਪੁਰਖਿਆਂ 'ਚੋਂ ਹੀ ਆਈ ਹੋ ਸਕਦੀ ਹੈ। ਗੁਰੂ ਜੀ ਦੇ ਸ਼ਿਸ਼ਟਾਚਾਰ ਦੇ ਸਾਹਮਣੇ ਆਧੁਨਿਕ ਰਹਿਣੀ-ਬਹਿਣੀ ਨਾਕਾਫ਼ੀ ਵਿਖਾਈ ਦਿੰਦੀ ਹੈ। ਉਨ੍ਹਾਂ 'ਚੋਂ ਸਭਿਆਚਾਰ ਦੇ ਝਲਕਾਰੇ ਮਿਲਦੇ ਹਨ। ਉਨ੍ਹਾਂ ਨੂੰ ਸੰਗੀਤ, ਕਵਿਤਾ, ਘੋੜਿਆਂ ਤੇ ਗਊਆਂ ਦਾ ਗਿਆਨ ਹੈ ਅਤੇ ਬਹੁਤ ਸਾਰੇ ਆਧੁਨਿਕ ਕੌਮੀ ਤੇ ਕੌਮਾਂਤਰੀ ਮਾਮਲਿਆਂ ਦੀ ਉਨ੍ਹਾਂ ਨੂੰ ਜਾਣਕਾਰੀ ਹੈ।

ਗੁਰੂ ਜੀ ਦੀ ਹਦਾਇਤ ਅਨੁਸਾਰ ਸਦਾਵ੍ਰਤ ਲੰਗਰ ਵਰਤਦਾ ਹੈ। ਗੁਰੂ ਜੀ ਨੇ ਦੱਸਿਆ ਕਿ ਹਰੇਕ ਆਉਣ ਵਾਲੇ ਨੂੰ ਭੋਜਨ ਛਕਾਇਆ ਜਾਂਦਾ ਹੈ ਤੇ ਉਸ ਤੋਂ ਕਦੇ ਇਹ ਨਹੀਂ ਪੁੱਛਿਆ ਜਾਂਦਾ ਕਿ ਉਹ ਕੌਣ ਹੈ।

II. ਕੂਕਾ ਸੰਪਰਦਾਇ ਆਪਣੀਆਂ ਪ੍ਰਾਚੀਨ ਸਿੱਖ ਰਵਾਇਤਾਂ ਤੇ ਸਿਧਾਂਤਾਂ ਉੱਤੇ ਹੀ ਚੱਲਦਾ ਹੈ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਇੱਕੋ ਈਸ਼ਵਰ ਨੂੰ ਹੀ ਮੰਨਦੀਆਂ ਹਨ ਤੇ ਉਨ੍ਹਾਂ ਦੇ ਧਾਰਮਿਕ ਤੇ ਨੈਤਿਕ ਸਿਧਾਂਤ ਮੂਰਤੀ-ਪੂਜਾ ਨੂੰ ਵਰਜਦੇ ਹਨ ਅਤੇ ਜਾਤ-ਪਾਤ ਦਾ ਖ਼ਿਆਲ ਵੀ ਰੱਖਿਆ ਜਾਂਦਾ ਹੈ। ਉਹ ਵਿਧਵਾ ਵਿਆਹ ਦੀ ਇਜਾਜ਼ਤ ਦਿੰਦੇ ਹਨ। ਉਹ ਧੀ ਦੇਣ ਬਦਲੇ ਧਨ ਵਸੂਲ ਨਹੀਂ ਕਰ ਸਕਦੇ, ਸ਼ਰਾਬ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀ ਸਖ਼ਤ ਮਨਾਹੀ ਰਹਿੰਦੀ ਹੈ.... ਮੁਸਲਮਾਨਾਂ ਨੂੰ ਇਸ ਨਵੇਂ ਸੰਪਰਦਾਇ ਦੇ ਮੈਂਬਰ ਬਣਨ ਦੀ ਪ੍ਰਵਾਨਗੀ ਦਿੱਤੀ ਗਈ ਹੈ...., ਕਈ ਵਾਰ ਅਜਿਹੇ ਸ਼ੰਕੇ ਪ੍ਰਗਟਾਏ ਜਾਂਦੇ ਹਨ ਕਿ ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਚੇਲਿਆਂ ਦਾ ਮੰਤਵ ਸਿਰਫ਼ ਧਾਰਮਿਕ ਨਹੀਂ ਸੀ, ਸਗੋਂ ਉਹ ਧਾਰਮਿਕ ਸੁਧਾਰਕ ਤੇ ਨੈਤਿਕ ਸਿੱਖਿਆਵਾਂ ਦੇਣ ਵਾਲੇ ਗੁਰੂ ਦੀ ਆੜ ਹੇਠ ਆਪਣੇ ਸਿਆਸੀ ਮੰਤਵਾਂ ਦੀ ਪੂਰਤੀ ਕਰਦੇ ਸਨ; ਇਸੇ ਲਈ ਕੁਝ ਸਾਲਾਂ ਤੱਕ ਗੁਰੂ ਜੀ ਉੱਤੇ ਉਨ੍ਹਾਂ ਦੇ ਹੀ ਪਿੰਡ ਵਿੱਚ ਸਖ਼ਤ ਅਤੇ ਚੌਕਸ ਨਿਗਰਾਨੀ ਰੱਖੀ ਗਈ ਸੀ।

## ਅੰਤਿਕਾ ਅ

*('ਪੰਜਾਬ ਦਾ ਇਤਿਹਾਸ', ਲੇਖਕ- ਮੁਹੰਮਦ ਲਤੀਫ਼, ਪੰਨੇ 594-595, 1891 'ਚ ਪ੍ਰਕਾਸ਼ਿਤ)*

III. (ਗੁਰੂ) ਰਾਮ ਸਿੰਘ ਜੀ ਦੇ ਇੱਕ ਪੈਰੋਕਾਰ, ਜਿਸ ਦਾ ਆਪਣਾ ਨਾਂਅ ਵੀ ਕੁਦਰਤੀ ਰਾਮ ਸਿੰਘ ਹੀ ਸੀ, ਨੇ ਮੈਨੂੰ ਕੁਝ ਚੰਗਿਆਈਆਂ ਤੇ ਗੁਣਾਂ ਦੀ ਸੂਚੀ ਦਿੱਤੀ ਸੀ, ਜੋ ਉਸ ਦੇ ਗੁਰੂ ਜੀ ਦੀ ਹੀ ਦੇਣ ਹੈ। ''ਪਰਮੇਸ਼ਵਰ ਦਾ ਭੈਅ, ਵਿਸ਼ਵਾਸ-ਪਾਤਰਤਾ, ਸ਼ੁੱਧਤਾ, ਸਫ਼ਾਈ, ਸੱਚਾਈ, ਭਲਾਈ, ਰੱਬ ਦੀ ਹੋਂਦ ਪ੍ਰਤੀ ਚੇਤੰਨਤਾ, ਦਿਆ-ਭਾਵਨਾ, ਲਾਲਚ ਤੋਂ ਦੂਰ ਰਹਿਣਾ, ਝੂਠੀ ਗਵਾਹੀ ਦੇਣ ਤੋਂ ਬਚਣਾ, ਸੱਚਾਈ 'ਤੇ ਚੱਲਣ ਉੱਤੇ ਖ਼ਾਸ ਜ਼ੋਰ ਦਿੱਤਾ ਜਾਂਦਾ ਅਤੇ ਮੈਨੂੰ ਲੱਗਦਾ ਹੈ ਕਿ ਕੂਕੇ ਇੱਕ ਵਰਗ ਵਜੋਂ ਸੱਚਮੁਚ ਵਿਲੱਖਣ ਅਤੇ ਵਰਨਣਯੋਗ ਹਨ।''

## ਅੰਤਿਕਾ ੲ

*(ਅਖ਼ਬਾਰ 'ਏਸ਼ੀਆਟਿਕ ਸੁਸਾਇਟੀ ਆੱਫ਼ ਬੰਗਾਲ'*
*ਭਾਗ 1 ਨੰ. i ਤੋਂ iv .... 1869)*

IV. ਪੰਜਾਬ ਦੇ ਰਲ਼ੇਵੇਂ ਸਮੇਂ ਸਿੱਖਾਂ ਦੀਆਂ ਸਿਆਸੀ ਭਾਵਨਾਵਾਂ ਵਲੂੰਧਰੀਆਂ ਗਈਆਂ ਸਨ, ਉਦਾਹਰਣ ਵਜੋਂ 1886 'ਚ; ਪਰ ਅਜਿਹੇ ਮਾਹੌਲ ਦੇ ਬਾਵਜੂਦ ਇੱਕ ਗੰਭੀਰ ਕਿਸਮ ਦਾ ਸਿੱਖ ਸੰਗਠਨ ਅਜਿਹਾ ਵੀ ਸੀ, ਜੋ ਧਾਰਮਿਕ ਆਧਾਰ 'ਤੇ ਸਰਕਾਰੀ ਅਧਿਕਾਰੀਆਂ ਦੇ ਖ਼ਿਲਾਫ਼ ਡਟਿਆ ਖੜ੍ਹਾ ਸੀ।

# ਇੰਡੈਕਸ


**ੳ**

ਉੱਤਮ ਸਿੰਘ 103, 106, 107, 111, 114, 217, 229, 270, 278, 380, 381, 386, 399
ਓ'ਕੌਨਰ 184

**ਅ**

ਐਲਫ਼ਿਨਸਟੋਨ 70, 71, 73, 75
ਅਨੋਖ ਸਿੰਘ 178, 525
ਅਨੰਦਪੁਰ ਸਾਹਿਬ 115, 116, 117, 118, 119, 120, 121, 123, 124, 125, 127, 129, 137, 141, 151, 167, 334, 451, 490, 491, 493, 573, 578, 656, 664
ਅਕਾਲੀ 107, 124, 451, 579
ਆਰ.ਸੀ. ਲਾਰੈਂਸ 10
ਆਰ.ਜੀ. ਟੇਅਲਰ 82, 86, 116, 117, 874, 891
ਅਬਦੁਲ ਨਬੀ ਖ਼ਾਨ 83, 87
ਅਤਰ ਸਿੰਘ 119, 180, 219, 408, 529, 573, 858
ਅੰਮ੍ਰਿਤਸਰ 42, 48, 50, 51, 52, 67, 68, 69, 70, 73, 74, 75, 76, 78, 81, 92, 93, 96, 97, 98, 101, 102, 106, 107, 108, 120, 127, 133, 136, 138, 140, 141, 143, 144, 145, 147, 148, 149, 150, 151, 152, 168, 170, 182, 184, 186, 193, 194, 195, 196, 197, 198, 199, 200, 202, 204, 206, 207, 217, 218, 219, 220, 222, 224, 227, 229, 251, 264, 266, 267, 276, 282, 324, 331, 337, 364, 366, 373, 374, 392, 405, 408, 409, 424, 440, 451, 456, 457, 458, 467, 468, 469, 491, 494, 510, 511, 512, 513, 520, 522, 536, 537, 541, 549, 556, 572, 573, 574, 575, 578, 579, 584, 589, 618, 619, 641, 654, 655, 659, 713, 770, 788, 859, 864, 870, 873, 876, 878
ਅੰਮ੍ਰਿਤ ਬਾਜ਼ਾਰ ਪੱਤ੍ਰਿਕਾ 442, 520, 662, 666, 693, 717, 719, 721, 871
ਐੱਲ.ਐੱਚ. ਗ੍ਰਿਫ਼ਿਨ 242, 879, 885
ਐੱਚ.ਐੱਲ. ਡੈਂਪੀਅਰ 600, 608, 612, 614, 616, 618, 622, 624, 626, 629, 631, 632, 634, 635, 636, 637, 638, 660,

730, 731, 759
ਐੱਚ.ਡਬਲਿਊ. ਨੌਰਮਨ 310, 661
ਅਲਬੇਲ ਸਿੰਘ 267, 270, 312, 363, 369
ਆਰ. ਜੇਮਸਨ 352
ਆਰ. ਟੈਂਪਲ 309, 794
ਆਰ.ਬੀ. ਚੈਪਮੈਨ 437
ਆਰ.ਡਬਲਿਊ. ਜੇਮਸ 761
ਐੱਚ.ਟੀ. ਡੰਕਨ 800
ਆਦਰਸ਼ 830
ਅਤਰੀ 853, 856, 891

**ੲ**

ਇਜਲਾਸ 93, 99, 131, 132, 142
ਈਗਰਟਨ 76, 706, 845
ਏ.ਐੱਚ ਬਾਮਫ਼ੀਲਡ 301, 659
ਈ.ਸੀ. ਬੇਲੀ 242, 247, 280, 348, 361, 365, 369, 381, 382, 386, 390, 392, 396, 397, 399, 408, 419, 423, 431, 433, 434, 439, 441, 444, 447, 448, 506, 510, 513, 558, 559, 562, 591, 661
ਈਡਨ 430, 431, 432, 496, 497, 498, 499, 500, 728, 737, 744, 750, 814, 820
ਏ.ਸੀ. ਲਾਇਲ 743, 776
ਏ.ਪੀ. ਹੌਵੇਲ 789
ਈ.ਜੀ. ਲਿਲਿੰਗਸਟੋਨ 812
ਈ.ਐੱਸ. ਸਾਇਮਸ 849
ਈ.ਡਬਲਿਊ. ਟ੍ਰੌਟਰ 794

**ਸ**

ਸੂਬਾ ਗਿਆਨੀ ਸਿੰਘ 213, 215, 222, 444, 644
ਸ਼ੇਰ ਸਿੰਘ 110, 133, 140, 180, 315, 529, 542, 574, 859
ਸੀ. ਬੀਡਨ 547, 621
ਸੀ.ਯੂ. 82, 206, 207, 208, 490, 611, 771
ਸੀ. ਡਬਲਿਊ. ਸਟ੍ਰੀਟ 33, 827
ਸੀ. ਐੱਮ. ਰਿਵਾਜ਼ 602, 603
ਸੀ. ਬਰਨਾਰਡ 815, 845
ਸਾਹਿਬ ਸਿੰਘ 56, 72, 74, 95, 106, 107, 108, 111, 116, 118, 126, 136, 145, 146, 147, 148, 149, 163, 170, 180, 244, 265, 276, 311, 312, 314, 316, 319, 328, 330, 359, 367, 404, 409, 417, 423, 520, 530, 532, 537, 545, 546, 547, 549, 550, 570, 572, 573, 574, 575, 580, 583, 584, 586, 591, 595, 634, 759, 760, 761, 763, 764, 765, 766, 767, 788, 791, 792, 795, 796, 797, 798, 799, 800, 808, 811, 812, 813, 815, 816, 817, 818, 819, 821, 822, 823, 885
ਸਰ ਡੋਨਾਲਡ ਮੈਕਲਿਓਡ 700, 701, 702, 703, 704, 705, 711
ਸਾਧੂ ਸਿੰਘ 126, 146, 150, 529
ਸਮੁੰਦ ਸਿੰਘ 48, 108, 109, 126, 145, 149, 322, 500, 888
ਸੋਢੀ 91, 118, 122, 124, 127, 162, 176, 180, 656
ਸਿਆਲਕੋਟ 67, 70, 74, 98, 101, 103, 104, 111, 127, 131, 133, 135, 142, 143, 149, 150,

181, 182, 196, 204, 223, 228, 229, 392, 395, 490, 493, 519, 520, 521, 522, 523, 524, 525, 526, 527, 528, 531, 532, 533, 534, 535, 536, 572, 575, 585, 591, 600, 602, 857, 872
ਸੁਧ ਸਿੰਘ 532, 573
ਸੀ. ਗੌਨੇ 759, 763, 767, 771, 798
ਸੀ.ਏ. ਈਲੀਅਟ 781, 782

**ਹ**

ਹੈਮਿਲਟਨ 68, 69, 802
ਹੁਕਮ ਸਿੰਘ 148, 201, 202, 244
ਹੀਰਾ ਸਿੰਘ 55, 101, 108, 109, 110, 113, 127, 163, 179, 183, 200, 201, 202, 203, 212, 226, 229, 230, 235, 236, 239, 248, 251, 260, 262, 264, 267, 268, 272, 273, 283, 302, 305, 309, 313, 318, 322, 324, 359, 368, 369, 370, 380, 386, 387, 399, 400, 401, 408, 409, 440, 500, 525, 526, 527, 529, 535, 536, 549, 552, 573, 583, 594, 652, 875, 876
ਹਜ਼ਾਰੀਬਾਗ਼ 31, 794, 795, 796, 797, 798, 799, 800, 809, 811, 812, 813, 814, 816, 819, 820, 822, 824, 885, 886
ਹਜ਼ਰੋ 67, 71, 91, 97, 98, 112, 138, 223, 528, 572, 574, 575, 610, 866
ਹਾਕਮ ਸਿੰਘ 194, 267
ਹੱਲ 70, 471, 501, 683, 704
ਹਰਨਾਮ ਸਿੰਘ 114, 126, 137, 146, 149, 179, 203, 221, 222, 322, 369, 400, 404, 500, 546, 594, 642, 801, 802, 803, 857, 858
'ਹੋਮ' 623
ਹਰੀ ਸਿੰਘ 57, 58, 61, 112, 114, 121, 226, 312, 314, 315, 502, 503, 527, 529
ਹੱਸਾ ਸਿੰਘ 163
ਹੁਸ਼ਿਆਰਪੁਰ 226, 227, 228, 230, 392, 395, 552, 572, 574, 618, 619, 656
ਹਕੂਮਤ, ਰੱਬੋਂ ਦੇ ਨੰਬਰਦਾਰ 409

**ਕ**

ਕੇਸਰ ਸਿੰਘ 141
ਕੈਪਟਨ ਮਿੱਲਰ 71, 73
ਕੂਕੇ 35, 41, 57, 70, 71, 73, 83, 85, 87, 90, 92, 95, 96, 97, 98, 99, 101, 104, 108, 111, 119, 120, 121, 124, 125, 126, 127, 128, 129, 130, 131, 133, 135, 136, 139, 140, 141, 142, 143, 144, 145, 147, 148, 151, 153, 156, 160, 162, 163, 166, 169, 175, 176, 177, 180, 181, 182, 183, 184, 185, 195, 196, 201, 202, 206, 216, 220, 223, 237, 239, 240, 241, 243, 246, 248, 249, 250, 253, 254, 255, 256, 257, 258, 259, 260,

261, 270, 272, 273, 276, 277, 285, 286, 288, 295, 303, 306, 308, 314, 315, 316, 324, 327, 331, 337, 343, 346, 347, 348, 365, 366, 367, 368, 380, 381, 382, 386, 387, 393, 399, 401, 402, 403, 404, 405, 406, 407, 408, 409, 410, 412, 415, 416, 422, 433, 435, 436, 444, 446, 448, 449, 450, 453, 460, 461, 469, 476, 477, 478, 484, 500, 510, 520, 521, 522, 523, 524, 525, 526, 527, 528, 533, 535, 536, 538, 540, 541, 542, 543, 544, 545, 546, 548, 549, 550, 552, 553, 569, 573, 574, 575, 578, 579, 597, 598, 603, 618, 619, 623, 624, 643, 655, 664, 670, 677, 692, 708, 712, 727, 851, 852, 859, 874, 876, 878, 886, 888, 899

ਕੂਕਾ ਕੈਦੀ ਅਦਨ 'ਚ 791

ਕੂਕਾਵਾਦ ਤਿਆਗ 579

ਕੂਕਿਆਂ ਦੀ ਬਗ਼ਾਵਤ 281, 458, 478, 709

ਕੂਕਿਆਂ ਦੀ ਮੀਟਿੰਗ 726

ਕੂਕਿਆਂ ਨੂੰ ਮੌਤ ਦੀ ਸਜ਼ਾ 558, 570, 639, 663, 664, 666, 669, 676, 701, 703, 706, 711, 714, 715, 717, 718, 721

ਕੂਕਿਆਂ ਨੂੰ ਮੌਤ ਦੀਆਂ ਸਜ਼ਾਵਾਂ ਬਾਰੇ ਸਰ ਡੋਨਾਲਡ ਮੈਕਲਿਓਡ 699

ਕਾਹਨ ਸਿੰਘ 56, 67, 95, 97, 101, 106, 109, 110, 111, 112, 114, 126, 133, 136, 137, 145, 148, 149, 168, 202, 203, 216, 218, 219, 225, 229, 244, 260, 262, 266, 274, 322, 327, 330, 373, 423, 499, 520, 529, 530, 538, 546, 547, 550, 552, 570, 573, 574, 575, 580, 585, 586, 591, 610, 634, 653, 759, 760, 761, 763, 765, 766, 767, 788, 791, 792, 795, 796, 797, 798, 799, 808, 811, 813, 815, 816, 818, 819, 821, 822, 823, 824, 854, 871, 886

ਕਾਵਨ 11, 12, 36, 41, 56, 559, 560, 561, 617, 625, 640, 644, 645, 647, 648, 653, 656, 657, 663, 665, 666, 667, 668, 669, 670, 671, 673, 674, 675, 676, 677, 678, 679, 680, 681, 682, 683, 684, 689, 690, 691, 692, 693, 694, 695, 696, 697, 698, 699, 700, 701, 702, 706, 707, 708, 709, 710, 711, 712, 713, 714, 715, 716, 717, 880

ਕਰਮ ਸਿੰਘ 109, 112, 163, 401, 538, 542, 543, 639, 642, 858

ਕੜਾ 102

ਕੇਸਗੜ੍ਹ 873

ਕਾਂਗੜਾ 864

**ਖ**

ਖੋਟਾ 68, 69, 221, 222, 573
ਖੱਤਰੀ ਕੋਸੇਹ 139

**ਗ**

(ਗੁਰੂ) ਰਾਮ ਸਿੰਘ ਜੀ ਦੀ ਗ੍ਰਿਫ਼ਤਾਰੀ 84, 87, 410
ਗੈਂਦਾ ਸਿੰਘ 71, 72, 95
ਗੁਲਾਬ ਸਿੰਘ 47, 108, 149, 193, 194, 216, 217, 218, 219, 222, 228, 229, 270, 278, 373, 407, 440, 524, 529, 531, 532, 537, 538, 539, 574, 595, 603, 651, 653, 664, 858
ਗੁਜਰਾਂਵਾਲਾ 103, 104, 112, 135, 136, 141, 142, 146, 148, 149, 165, 200, 201, 202, 203, 226, 392, 395, 490, 493, 519, 524, 527, 528, 529, 531, 533, 534, 536, 572, 575, 585, 600, 604, 878
ਗੁਰੂ ਰਾਮ ਸਿੰਘ ਜੀ 37, 39, 40, 41, 42, 43, 45, 46, 47, 48, 53, 54, 55, 56, 57, 58, 59, 60, 61, 63, 72, 74, 75, 76, 78, 79, 80, 82, 115, 129, 131, 169, 190, 191, 194, 195, 201, 202, 207, 272, 273, 309, 318, 337, 365, 371, 386, 399, 408, 411, 415, 441, 443, 444, 453, 520, 523, 524, 528, 530, 532, 533, 535, 543, 544, 547, 553, 643, 644, 664, 692, 728, 825, 853, 859, 861, 863, 864, 866, 870, 871, 872, 873, 874, 875, 876, 877, 878, 879, 880, 881, 882, 883, 884, 885, 886, 887, 888, 889, 890, 891, 892, 893, 898, 871
ਗੁਰਦਾਸਪੁਰ 62, 98, 101, 104, 109, 127, 141, 145, 182, 204, 227, 229, 230, 392, 395, 501, 619
ਗੁਰਦਿੱਤ ਸਿੰਘ 203, 212, 527, 603, 851, 852, 853, 854, 857
ਗੋਪਾਲ ਸਿੰਘ 106, 107, 126, 146, 149, 218, 226, 228, 266, 327, 330, 357, 386, 388, 499, 530, 532, 609, 610, 611, 612, 613, 866, 884
ਗ੍ਰੀਨ 67, 326

**ਚ**

ਚੁਨਾਰ 60, 354, 355, 356, 591, 633, 634, 635, 661, 768, 773, 775, 776, 777, 778, 779, 780, 781, 782, 783, 784, 785, 786, 804, 805, 806, 807, 809, 818, 824, 885, 886, 892
ਚਾਰਲਸ ਗਰਡਲਸਟੋਨ 172
ਚਤਰ ਸਿੰਘ 202, 203, 527
ਚੰਦੋ 168, 610, 801, 802, 803
ਚੰਦਾ ਸਿੰਘ 106, 107, 112, 114, 150, 178, 183, 204, 230, 535
ਚੰਡੀ ਪਾਠ 99, 214
ਚਾਰਲਸ ਸੈਂਡਰਸਨ 796, 797

**ਜ**

ਜੇ.ਸੀ.ਪੀ. ਬੈਲੀ 188
ਜੇ.ਟੀ. ਵ੍ਹੀਲਰ 607, 608, 611, 622, 736, 737, 739
ਜੇ.ਡਬਲਿਊ. ਮੈਕਨੈਬ 54, 568, 573, 574, 575, 576, 577, 578, 580, 863, 879
ਜੌਨ ਲਾਰੈਂਸ 90, 157, 870
ਜੀ. ਹਚਿਨਸਨ 165, 174, 182, 434, 437, 499, 504, 787
ਜੋਤਾ ਸਿੰਘ 126, 140, 143, 146, 149, 182, 228, 229, 521, 522, 523, 524, 525, 526, 527, 528, 530, 531, 532, 533, 534, 535, 536, 575, 591
ਜਵਾਲਾ ਸਿੰਘ 111, 204, 546, 857
ਜਵਾਹਰ ਸਿੰਘ 56, 74, 107, 110, 112, 114, 126, 136, 146, 149, 168, 169, 203, 204, 218, 227, 244, 265, 276, 367, 401, 423, 440, 530, 532, 538, 541, 543, 546, 547, 550, 569, 570, 573, 575, 576, 580, 586, 591, 595, 633, 635, 636, 649, 748, 749, 755, 756, 757, 808, 810, 816, 858
ਜਮੀਅਤ ਸਿੰਘ 111, 143, 146, 150, 179, 229, 522, 523, 531, 532
ਜਾਰਜ ਕੂਪਰ 867
ਜੱਸਾ ਸਿੰਘ 46, 97, 105, 145, 225, 230, 329, 440, 864
ਜਿਗਿਆਸੀ 7, 67, 79, 97
ਜੇ.ਸੀ. ਰਾਬਰਟਸਨ 352, 353
ਜੇ.ਐੱਫ਼. ਸਟੀਫ਼ਨ 310
ਜੇ.ਟੀ. ਵ੍ਹੀਲਰ 424
ਜੌਹਰ ਸਿੰਘ 267
ਜੇਮਸ ਰੂਟਲੈਜ 717, 718, 725
ਜੇ.ਪੀ. ਵਾਰਬਰਟਨ 855
ਜੇ.ਜੀ. ਕੌਰਡਰੀ 815
ਜੇ.ਡਬਲਿਊ. ਮੈਕਨੈਬ 820
ਜੀ.ਡੀ. ਬਰਗੈੱਸ 840

**ਝ**

ਝੰਡਾ ਸਿੰਘ 203, 216, 217, 229, 264, 266

**ਟ**

ਟੀ.ਡਬਲਿਊ. ਯੰਗ-ਹਸਬੈਂਡ 170
ਟੀ.ਐੱਚ. ਡੌਬਸਨ 729
ਟੀ. ਵਾਂਚੋਪ 748

**ਠ**

ਠਾਕੁਰ ਸਿੰਘ 113, 145, 203, 440

**ਡ**

ਡੇਰਾ ਨਾਨਕ 141
ਡਬਲਿਊ. ਕਿਰਕੀ 81
ਡਬਲਿਊ.ਐੱਸ. ਸੀਟਨ ਕਾਰ 154, 156
ਡਬਲਿਊ.ਪੀ. ਕੈਲੀ 429, 608, 730, 736, 739
ਡਬਲਿਊ. ਮੈਨਰੋ 832

**ਤ**

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ 117, 123, 124

**ਦ**

ਦੇਵਾ ਸਿੰਘ 53, 127, 139, 192, 217
ਦਸੌਂਧੀ ਸਿੰਘ 163
ਦਸੌਂਧਾ ਸਿੰਘ 111

ਦਲ ਸਿੰਘ 113, 216, 217, 218, 219, 222
ਦੂਨੀ ਚੰਦ 527
ਦਿ ਹਿੰਦੂ ਪੈਟ੍ਰੀਅਾੱਟ 447, 662, 685, 715, 724

ਨ

ਨੇਪਾਲ 37, 49, 184, 185, 186, 187, 188, 195, 204, 207, 208, 213, 219, 224, 225, 226, 337, 367, 368, 412, 520, 545, 573, 574, 583, 875, 877
ਨਾਰਾਇਣ ਸਿੰਘ 75, 76, 104, 106, 108, 126, 136, 144, 145, 146, 148, 180, 182, 269, 279, 306, 314, 323, 367, 400, 407, 409, 502, 532, 541, 585, 854
ਨਿਹੰਗ 109, 118, 119, 121, 123, 124, 126, 127, 128, 145, 146, 148, 149, 157, 225, 266, 322, 330, 334, 367, 491, 499, 530, 538, 545, 552, 574, 595
ਨਾਨੂੰ ਸਿੰਘ 554, 609, 610, 611, 742, 743

ਪ

ਪਹਾੜਾ ਸਿੰਘ 146, 216, 246, 266, 322, 327, 423, 499, 530, 532, 539, 546, 547, 549, 550, 570, 578, 580, 588, 595, 596, 630, 632, 633, 769, 770, 772, 788, 808
ਪਰਕਿਨਜ਼ 118, 119, 120, 121, 123, 139, 181, 260, 265, 280, 286, 296, 297, 301, 325, 363, 553, 560, 562, 675

ਬ

ਬੇਲਾ ਸਿੰਘ 109, 178, 214, 267, 386, 409, 876
ਬੇਦੀ 91, 124, 162, 227, 417, 501, 502, 503, 656
ਬੁੱਧ ਸਿੰਘ 57, 107, 110, 113, 126, 163, 178, 182, 200, 329, 330, 595, 609, 610, 611, 728, 729, 730, 732, 733, 735, 865, 884, 886
ਬੂਟਾ ਸਿੰਘ 109, 185, 188, 214, 221, 227, 553
ਬਹਾਦਰ ਸਿੰਘ 139, 178, 200, 203, 267, 653
ਬਾਲਕ ਸਿੰਘ 39, 67, 75, 91, 97, 98, 105, 109, 171, 572, 574, 575, 589, 864, 866
ਬਾਮਫ਼ੀਲਡ 135, 136
ਬ੍ਰਹਮਾ ਸਿੰਘ 56, 112, 126, 140, 143, 146, 149, 228, 229, 244, 266, 322, 327, 423, 499, 519, 520, 521, 522, 523, 524, 525, 526, 527, 528, 530, 531, 532, 533, 534, 535, 538, 546, 547, 570, 574, 575, 578, 580, 585, 586, 588, 589, 591, 595, 633, 637, 748, 749, 755, 756, 757, 808, 872, 877
ਬੰਗਾਲ ਰੈਗੂਲੇਸ਼ਨ III 58, 60, 338, 770

ਬਿਲੀ ਸਿੰਘ 175
ਬਿਸ਼ਨ ਸਿੰਘ 315, 367, 400, 648, 653, 852, 859, 886
ਬਿਹੰਗਮ 328
ਬੈਜਨਾਥ 363
ਬਦਨ ਸਿੰਘ 233, 234, 235, 256, 269, 284, 285, 303, 312, 315, 318, 319, 380, 381, 444, 452
ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਜੇਲ੍ਹ 'ਚ 431
ਬਖ਼ਸ਼ੀਸ਼ ਸਿੰਘ 440
ਬੀ. ਗੋਲਕਨਾਥ 638, 639, 659
ਬੱਧਣ ਸਿੰਘ 541
ਬੀ.ਈ. ਬੈਕਨ, 797

**ਭ**

ਭਗਵਾਨ ਸਿੰਘ 101, 106, 109, 111, 113, 114, 163, 178, 184, 218, 227, 248, 256, 284, 285, 311, 312, 313, 318, 319, 320, 321, 358, 368, 370, 399, 440, 529, 541, 553, 652, 853, 859
ਭੈਣੀ 46, 48, 53, 55, 56, 57, 58, 59, 61, 67, 69, 72, 73, 80, 81, 82, 85, 87, 88, 90, 91, 93, 95, 97, 98, 99, 101, 102, 105, 115, 116, 117, 124, 125, 127, 133, 136, 142, 148, 149, 151, 160, 163, 166, 167, 168, 171, 184, 202, 203, 212, 214, 216, 217, 218, 219, 222, 225, 226, 228, 234, 235, 236, 248, 249, 253, 254, 262, 266, 268, 269, 274, 275, 276, 282, 283, 288, 302, 303, 307, 312, 314, 318, 322, 323, 324, 327, 328, 329, 330, 331, 357, 359, 360, 363, 364, 365, 367, 368, 369, 370, 373, 380, 381, 388, 401, 402, 403, 404, 405, 407, 409, 410, 413, 461, 469, 499, 500, 521, 522, 530, 531, 532, 541, 547, 548, 549, 551, 569, 573, 574, 575, 576, 584, 593, 594, 595, 609, 643, 851, 853, 854, 855, 856, 858, 864, 866, 871, 874, 882, 884, 892, 897
ਭੂਪ ਸਿੰਘ 107, 141, 178, 400, 542, 857, 859
ਭੈਣੀ ਆਲਾ ਦਾ ਨੰਬਰਦਾਰ ਲੱਖੂ 404

**ਮ**

ਮੇਜਰ ਪਰਕਿਨਜ਼ 92, 94, 96, 98, 101, 104, 108, 109, 139, 142
ਮੇਜਰ ਮਰਸਰ 68, 133, 143
ਮਸਤਾਨ ਸਿੰਘ 176, 177, 178, 179, 193, 218, 858
ਮੈਂਜ਼ੀਸ 70, 75, 76, 92, 93, 95, 98, 100, 101, 104, 106, 107, 108, 109, 112, 136, 140, 143, 144, 147, 181, 254, 265, 276, 280, 322, 325
ਮੈਕਐਂਡ੍ਰਿਯੂ 54, 68, 69, 71, 76, 106, 118, 119, 147, 190, 199, 221, 373, 398, 879

ਮੁੰਡਾ 257
ਮਲੂਕ ਸਿੰਘ 56, 102, 108, 109, 145, 150, 176, 178, 179, 203, 227, 266, 329, 330, 401, 423, 500, 538, 540, 542, 543, 546, 547, 576, 577, 580, 588, 630, 632, 633, 769, 770, 772, 788, 808, 810
ਮੌਲਵੀ ਰੱਜਬ 87
ਮਹਿਤਾਬ ਸਿੰਘ 95, 106, 110, 112, 114, 203, 313, 536, 537, 553, 603, 651, 857
ਮੀਆ ਸਿੰਘ 202, 203
ਮਹਿੰਦਰ ਸਿੰਘ 385
ਮੀਰ ਬਖ਼ਸ਼ 257
ਮਹਾਰਾਣੀ ਬਨਾਮ ਭਗਵਾਨ ਸਿੰਘ 313, 318, 320
ਮਾਯੋ 309, 391
ਮਾਨ ਸਿੰਘ 56, 176, 177, 179, 180, 208, 213, 228, 230, 244, 423, 529, 530, 538, 540, 546, 547, 551, 569, 570, 576, 580, 588, 595, 633, 635, 777, 778, 779, 782, 783, 804, 805, 806, 808, 810
ਮਰਗੁਈ 428, 828, 829, 830, 832, 833, 834, 835, 837, 838, 839, 840, 841, 842, 843, 844, 846, 847, 848, 849, 850, 856, 883, 887, 888, 889, 892
ਮੰਗਲ ਸਿੰਘ 53, 95, 105, 126, 137, 145, 147, 158, 160, 162, 163, 182, 193, 212, 217, 218, 226, 264, 266, 336, 357, 399, 410, 423, 440, 441, 530, 539, 545, 546, 547, 548, 549, 550, 551, 569, 570, 571, 572, 574, 576, 578, 579, 580, 581, 582, 586, 587, 591, 594, 595, 596, 634, 760, 808, 818, 851
ਮੱਘਰ ਸਿੰਘ 203
ਮਿਰਜ਼ਾ ਅਮੀਰ ਬੇਗ 255
ਮਿੱਲਰ 595, 604


**ਰ**


ਰੂੜ ਸਿੰਘ 56, 101, 107, 110, 225, 244, 267, 547, 550, 570, 573, 580, 583, 584, 589, 596, 631, 633, 769, 770, 772, 788, 808
ਰੂੜ ਸਿੰਘ ਦੀ ਗ੍ਰਿਫ਼ਤਾਰੀ 453
ਰਾਏਕੋਟ 42, 53, 54, 190, 191, 192, 193, 195, 215, 216, 217, 218, 219, 221, 222, 248, 251, 264, 266, 281, 282, 283, 284, 302, 306, 318, 331, 337, 364, 366, 367, 373, 374, 396, 398, 399, 411, 417, 444, 445, 446, 451, 456, 462, 474, 506, 549, 570, 574, 594, 655, 670, 713, 876, 879
ਰਾਮਜੱਸ 148
ਰਾਮਪੁਰ 235, 249, 302, 303, 305, 314, 402, 403, 404, 406, 666, 724
ਰੱਬੋ 249, 267, 284, 288, 303,

318, 382, 407, 408, 409

**ਲ**

ਲੈਫ਼. ਰਾਮਸੇ 106, 109

ਲੈਫ਼ਟੀਨੈਂਟ ਰਾਮਸੇ 70, 73, 75, 95, 106

ਲੁਧਿਆਣਾ 41, 43, 48, 53, 54, 56, 59, 67, 69, 73, 74, 79, 80, 81, 83, 84, 85, 88, 89, 90, 95, 97, 98, 101, 103, 104, 105, 106, 115, 116, 124, 127, 130, 131, 137, 139, 142, 143, 146, 148, 149, 150, 157, 163, 171, 181, 191, 193, 195, 196, 203, 220, 221, 223, 225, 230, 233, 234, 235, 236, 237, 238, 239, 240, 241, 242, 243, 244, 245, 247, 248, 249, 252, 253, 254, 255, 258, 259, 261, 263, 265, 267, 270, 271, 273, 274, 275, 276, 277, 278, 280, 284, 287, 288, 289, 290, 291, 292, 295, 298, 299, 301, 302, 303, 304, 305, 306, 307, 309, 311, 312, 313, 314, 322, 324, 325, 326, 327, 328, 332, 343, 344, 347, 348, 349, 350, 356, 358, 359, 360, 361, 362, 363, 365, 371, 372, 379, 380, 381, 386, 387, 388, 389, 392, 395, 399, 413, 414, 417, 420, 441, 444, 446, 447, 450, 451, 452, 453, 454, 460, 461, 462, 475, 476, 487, 500, 510, 517, 539, 544, 547, 549, 550, 551, 563, 572, 573, 578, 600, 606, 609, 620, 621, 622, 623, 632, 644, 647, 648, 659, 660, 681, 682, 692, 736, 749, 757, 763, 816, 858, 859, 864, 867, 869, 872, 873, 874, 876, 897

ਲਹਿਣਾ ਸਿੰਘ 55, 69, 141, 194, 195, 216, 217, 235, 236, 239, 248, 251, 260, 262, 264, 268, 272, 273, 283, 298, 305, 309, 313, 318, 324, 330, 359, 368, 369, 370, 380, 381, 386, 387, 399, 401, 407, 409, 527, 529, 549, 550, 583, 594, 652, 748, 749, 755, 756, 757, 876

ਲਾਲ ਸਿੰਘ 67, 75, 97, 103, 104, 106, 107, 113, 146, 179, 183, 194, 200, 203, 225, 230, 88

ਲੱਖਾ ਸਿੰਘ 8, 28, 56, 105, 110, 113, 115, 116, 117, 118, 119, 126, 136, 141, 145, 146, 147, 148, 191, 196, 225, 244, 254, 265, 315, 318, 324, 330, 357, 359, 363, 365, 368, 369, 370, 423, 523, 530, 532, 538, 543, 544, 545, 546, 547, 549, 550, 553, 569, 570,

573, 574, 575, 580, 584, 585, 586, 591, 633, 635, 637, 806, 816
ਲੋਹੜੀ 275, 282, 302, 307, 401, 402, 404, 408, 444, 461, 462, 548, 549, 551, 583, 588, 882
ਲਾਰਡ ਮਾਯੋ 391, 443, 460, 474, 476, 480, 705, 707
ਲਾਰਡ ਡਲਹੌਜ਼ੀ 867
ਲੱਖੂ 403

**ਵ**
ਵਰਿਆਮ ਸਿੰਘ 102, 108, 203, 267, 313, 329
ਵਿਸਕਾਊਂਟ ਕ੍ਰੈਨਬੌਰਨ 8, 89

**ਫ਼**
ਫ਼ਜ਼ਲ ਕਾਦਿਰ 136, 532
ਫ਼ਜ਼ਲ ਹੁਸੈਨ 123, 124, 166
ਫ਼ਿਰੋਜ਼ਪੁਰ 48, 68, 69, 73, 80, 94, 100, 102, 104, 108, 109, 120, 127, 146, 148, 149, 150, 151, 166, 167, 174, 175, 178, 181, 204, 208, 221, 223, 227, 228, 267, 329, 343, 358, 392, 395, 399, 404, 421, 435, 449, 454, 475, 537, 538, 539, 540, 541, 542, 572, 573, 576, 594, 600, 603, 623, 802, 810, 851, 854, 858, 869, 872
1846 ਦੀ ਕਸ਼ਮੀਰ ਸੰਧੀ 205, 209